੧ੴ ਸਤਿਗੁਰ ਪ੍ਰਸਾਦਿ॥

# ਸ੍ਰੀ ਕਲਗੀਧਰ ਚਮਤਕਾਰ

## [ਪੂਰਬਾਰਧ]

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

**Sri Kalgidhar Chamatkar (Vol.-I)**

*Bhai Sahib Bhai Vir Singh*

ISBN#978-93-80854-27-4

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

28ਵੀਂ ਐਡੀਸ਼ਨ, ਮਤੰਬਰ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

***Printer :***
Print Media
1331, Chok Sangatrashan,
Paharganj, New Delhi - 110055

ਮੁੱਲ : 300/- ਰੁਪਏ

# ਸ੍ਰੀ ਕਲਗੀਧਰ ਚਮਤਕਾਰ-I

## ਛਪਾਈ ਦਾ ਵੇਰਵਾ

| ਐਡੀਸ਼ਨ | | ਸੰ. ਗੁ. ਨਾ. ਸ. | ਈਸਵੀ |
|---|---|---|---|
| ਪਹਿਲੀ | (ਸਮੱਗ੍ਰ) | ਸਾਵਣ ੪੫੬ | ਅਗਸਤ, ੧੯੨੫ |
| ਦੂਜੀ | " | ਪੋਹ ੪੫੮ | ਦਸੰਬਰ, ੧੯੨੬ |
| ਤੀਜੀ | " | ਪੋਹ ੪੬੨ | ਦਸੰਬਰ, ੧੯੩੦ |
| ਚੌਥੀ | " | ਮੱਘਰ ੪੬੭ | ਨਵੰਬਰ, ੧੯੩੬ |
| ਪੰਜਵੀਂ | " | ਵੈਸਾਖ ੪੭੪ | ਅਪ੍ਰੈਲ, ੧੯੪੩ |
| ਛੇਵੀਂ | (ਪੂਰਬਾਰਧ) | ਭਾਦਰੋਂ ੪੭੭ | ਅਗਸਤ, ੧੯੪੬ |
| ਸਤਵੀਂ | " | ਹਾੜ ੪੮੨ | ਜੂਨ, ੧੯੫੧ |
| ਅੱਠਵੀਂ | " | ਭਾਦਰੋਂ ੪੮੪ | ਸਤੰਬਰ, ੧੯੫੩ |
| ਨੌਵੀਂ | " | ਫਗਣ ੪੯੦ | ਫਰਵਰੀ, ੧੯੫੯ |
| ਦਸਵੀਂ | " | ਵੈਸਾਖ ੪੯੪ | ਅਪ੍ਰੈਲ, ੧੯੬੩ |
| ਗਯਾਰਵੀਂ | " | ਵੈਸਾਖ ੪੯੮ | ਅਪ੍ਰੈਲ, ੧੯੬੭ |
| ਬਾਰ੍ਹਵੀਂ | " | ਜੇਠ ੫੦੧ | ਮਈ, ੧੯੭੦ |
| ਤੇਰ੍ਹਵੀਂ | " | ਕੱਤਕ ੫੦੫ | ਨਵੰਬਰ, ੧੯੭੪ |
| ਚੌਧ੍ਹਵੀਂ | " | ਵੈਸਾਖ ੫੧੦ | ਅਪ੍ਰੈਲ, ੧੯੭੯ |
| ਪੰਦਰਵੀਂ | " | ਪੋਹ ੫੧੬ | ਦਸੰਬਰ, ੧੯੮੫ |
| ਸੋਲ੍ਹਵੀਂ | " | ਅਸੂ ੫੨੩ | ਅਕਤੂਬਰ, ੧੯੯੧ |
| ਸਤਾਰਵੀਂ | " | ਮੱਘਰ ੫੨੪ | ਦਸੰਬਰ, ੧੯੯੨ |
| ਅਠਾਰਵੀਂ | " | ਮੱਘਰ ੫੨੭ | ਨਵੰਬਰ, ੧੯੯੫ |
| ਉੱਨੀਵੀਂ | " | ਚੇਤਰ ੫੨੮ | ਮਾਰਚ, ੧੯੯੭ |
| ਵੀਹਵੀਂ | " | ਹਾੜ ੫੩੦ | ਜੂਨ, ੧੯੯੯ |
| ਇਕੀਵੀਂ | " | ਭਾਦਰੋਂ ੫੩੨ | ਅਗਸਤ, ੨੦੦੧ |
| ਬਾਈਵੀਂ | " | ਮਾਘ ੫੩੫ | ਫਰਵਰੀ, ੨੦੦੪ |
| ਤੇਈਵੀਂ | " | ਭਾਦਰੋਂ ੫੩੬ | ਅਗਸਤ, ੨੦੦੪ |
| ਚੌਵੀਵੀਂ | " | ਚੇਤਰ ੫੩੭ | ਮਾਰਚ, ੨੦੦੫ |
| ਪਚੀਵੀਂ | " | ਜੇਠ ੫੩੯ | ਮਈ, ੨੦੦੭ |
| ਛੱਬੀਵੀਂ | " | ਮਾਘ ੫੩੯ | ਜਨਵਰੀ, ੨੦੦੯ |
| ਸਤਾਈਵੀਂ | " | ਭਾਦਰੋਂ ੫੩੯ | ਅਗਸਤ, ੨੦੧੦ |

# ਭੂਮਿਕਾ

ਗੁਰਸਿੱਖੀ ਦੀ ਰਹੁਰੀਤਿ ਅਤੇ ਉੱਚੀ ਹਿੰਮਤ, ਉੱਚੇ ਅਸ਼ੇ, ਉੱਚੇ ਦਿਲ-ਟਿਕਾਣੇ ਤੇ ਇਨ੍ਹਾਂ ਦੇ ਸਾਧਨ, ਬਾਣੀ ਦਾ ਪਾਠ, ਕੀਰਤਨ ਦਾ ਉਚਾਰ, ਨਾਮ ਦਾ ਅਭਜਾਸ, ਵਾਹਿਗੁਰੂ ਤੇ ਭਰੋਸਾ, ਗੁਰੂ ਵਜੂਦ ਨਾਲ ਪ੍ਰੇਮ, ਸਤਿਸੰਗ, ਕਹਿਣੀ ਬਹਿਣੀ ਰਹਿਣੀ ਦਾ ਪਿਆਰ, ਆਚਰਣ ਦੀ ਸੁੱਧੀ, ਇਹ ਉੱਚ ਜੀਵਨ ਹੈ ਜੋ ਦਸਾਂ ਸਤਿਗੁਰਾਂ ਨੇ ਜਗਤ ਨੂੰ ਸਿਖਾਇਆ। ਨਿਰਾ ਸਿਖਾਇਆ ਹੀ ਨਹੀਂ, ਆਪ ਕਰਕੇ, ਵਰਤਕੇ ਦੱਸਿਆ ਅਤੇ ਦੂਜਿਆਂ ਦੇ ਜੀਵਨਾਂ ਨੂੰ ਇਸ ਵਿਚ ਪਲਟਾ ਦੇ ਕੇ ਉਹੋ ਜਿਹਾ ਬਣਾਕੇ ਦੱਸਿਆ[੧]। ਇਸ ਤੋਂ ਵਧਕੇ ਜਿਨ੍ਹਾਂ ਦੇ ਜੀਵਨ ਐਸੇ ਬਣਾਏ, ਉਨ੍ਹਾਂ ਵਿਚ ਅੱਗੇ ਐਸੇ ਜੀਵਨ ਬਣਾ ਦੇਣ ਦੀ ਸਮਰੱਥਾ ਤੇ ਪ੍ਰਬੀਨਤਾ ਪਾਈ ਤੇ ਆਗਜਾ ਬਖਸ਼ੀ[੨]। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਰਬਾਰ ਸਾਹਿਬ ਰਚੇ, ਪਰ ਸਮੇਂ ਦੇ ਫੇਰਾਂ, ਰਾਜਸੀ ਮੁਸ਼ਕਲਾਂ ਵਿਚ ਮਿਹਨਤਾਂ ਤੇ ਤਸੀਹਿਆਂ ਦੇ ਸਾਹਮਣੇ ਫੇਰ ਰਾਜ, ਰਾਜਮਦ ਤੇ ਉਸ ਵਿਚ ਕੁਸੰਗ ਦੇ ਪਰਵੇਸ਼ ਤੇ ਫੇਰ ਐਸ਼੍ਵਰਜ ਵਿਨਾਸ਼ ਨੇ ਐਸੀ ਨੀਂਦਰੇ ਸੁਆਲਿਆ ਕਿ ਅੱਜ ਤੋਂ ਤ੍ਰੀਹ ਚਾਲ੍ਹੀ ਵਰ੍ਹੇ ਪਹਿਲੇ[੩] ਮੇਲਿਆਂ ਪਰ ਗੁਰਧਾਮਾਂ ਤੇ ਗਿਆਂ ਸਿੱਖੀ ਦੇ ਗਿਰਾਉ ਦੀ ਤਸਵੀਰ ਅੱਖਾਂ ਅਗੇ ਆਪੇ ਆ ਜਾਂਦੀ ਹੁੰਦਾ ਸੀ। ਉੱਚੇ ਜੀਵਨ ਘਟ ਗਏ ਸਨ ਤੇ ਪ੍ਰਚਾਰ ਉੱਕਾ ਬੰਦ ਸੀ। ਉੱਚ ਜੀਵਨ ਦਾ ਪ੍ਰਚਾਰ ਤਾਂ ਹੁੰਦਾ ਹੈ ਜੇ ਉੱਚ ਜੀਵਨ ਵਾਲੇ ਗੁਰਮੁਖ ਟਿਕਾਣਿਆਂ ਤੇ ਬੈਠੇ ਹੋਣ ਤੇ ਪ੍ਰਚਾਰ ਕਰਨ, ਇਸ ਦੀ ਥੁੜ ਵੇਲੇ ਫੇਰ ਉਸ ਉੱਚ ਜੀਵਨ ਦੇ ਨਕਸ਼ੇ ਅੱਖਾਂ ਅੱਗੇ ਆਉਣ ਤੇ ਕਰਨੀ ਕਣੀ ਵਾਲੇ ਗੁਰਸਿੱਖਾਂ ਦੇ ਪ੍ਰਸੰਗ ਅੱਖਾਂ ਅੱਗੇ ਫਿਰਨ ਤੇ ਕੁਛ ਸਤਿ ਦਾ ਸੰਗ ਹੋਵੇ।

ਹਾਂ, ਉਚੇ ਜ਼ੀਵਨ ਲਈ ਉਚੇ ਜੀਵਨ ਹੀ ਅੱਖਾਂ ਅਗੇ ਆਉਣ ਤਾਂ ਲਾਭ ਹੁੰਦਾ ਹੈ, ਪਰ ਜੇ ਇਹ ਕੁਛ ਘਟੇ ਤਾਂ ਫੇਰ ਉਚੇ ਜੀਵਨ ਜੀਕੂੰ ਬਸਰ ਹੋਏ ਹੂ-ਬ-ਹੂ ਉਨ੍ਹਾਂ ਦੀਆਂ ਮਾਨੋਂ ਜੀਉਂਦੀਆਂ ਤਸਵੀਰਾਂ ਅੱਖਾਂ ਅਗੇ ਆ ਜਾਣ, ਤਾਂ ਬੀ ਲਾਭ ਹੁੰਦਾ ਹੈ। ਨਿਰੇ ਸੰਮਤ, ਤ੍ਰੀਕਾਂ ਤੇ ਵਾਕਿਆਤਾਂ ਦੀਆਂ ਸੂਚੀ ਪੱਤ੍ਰਾਂ ਨਾਲ ਲੇਖਾ ਪੱਤਾ ਤਾਂ ਲੱਭਦਾ ਹੈ, ਪਰ ਜੀਵਨ ਰੁਮਕੇ ਰੌਆਂ ਨਹੀਂ ਮਾਰ ਉਠਦੇ। ਹਾਂ ਜੀਵਨ-ਲਹਿਰਾ ਤਾਂ ਵਲਵਲੇ ਵਿਚ ਆਉਂਦਾ ਹੈ ਜੇ:-

ਜ਼ਿੰਦਗੀਆਂ ਜੀਕੂੰ ਬਸਰ ਹੋਈਆਂ, ਤਿਵੇਂ ਹੂ-ਬ-ਹੂ ਹਿਲਦੀਆਂ ਜੁਲਦੀਆਂ, ਕੰਮ ਕਰਦੀਆਂ, ਸੁਖੀ ਦੁਖੀ ਹੁੰਦੀਆਂ, ਚੜ੍ਹਦੀਆਂ, ਫਿਸਲਦੀਆਂ, ਉੱਠਦੀਆਂ, ਹੰਭਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਕੰਬਦੀਆਂ, ਥਰਰਾਉਂਦੀਆਂ ਅੱਖਾਂ ਅੱਗੇ ਆਉਣ, ਸਾਹਿਬਾਂ ਦੀ ਮਿਹਰ ਦੇ ਚੋਜ ਨੈਣਾਂ ਦੇ ਸਾਹ੍ਮਣੇ ਫਿਰ ਜਾਣ, ਐਸ ਤਰ੍ਹਾਂ ਨਾਲ ਕਿ ਜਿਨ੍ਹਾਂ ਤੋਂ ਆਦਮੀ ਮੁਅੱਸਰ ਹੋਵੇ, ਦਿਲ ਦੇ ਛੌੜ ਕਟੀਜਣ, ਦਿਲ ਵਿਚ ਕੁਛ ਵੈਰਾਗ ਆਵੇ, ਆਪਣਾ ਆਪ ਉਸ ਦੇ ਚਾਨਣੇ ਵਿਚ ਦਿੱਸੇ, ਉਚੇ ਹੋਣ ਦਾ ਪ੍ਰੇਮ ਜਾਗੇ। ਇਸ ਜਾਗ ਨਾਲ ਜਗਜਾਸੂ ਉਠੇ, ਉਚ ਜੀਵਨ ਲਈ ਰਸਤਾ ਭਾਲੇ, ਤਾਂ ਉਥੋਂ ਹੀ ਸਿਖਿਆ ਤੇ ਰਸਤੇ ਟੁਰਨ ਦਾ ਤ੍ਰੀਕਾ ਮਿਲ ਪਵੇ। ਹਾਂ, ਇਸ ਪ੍ਰਕਾਰ ਦੇ ਜੀਵਨ ਸਮਾਚਾਰ ਉਸਦੀ ਜ਼ਿੰਦਗੀ ਅਮਲੀ ਰਸਤੇ ਟੋਰਨ ਪਰ ਕੁਛ ਰਹਿਬਰ ਹੋ ਖਲੋਵੇ। ਫੇਰ ਭਲਿਆਈ, ਉੱਦਮ, ਬਾਣੀ, ਕੀਰਤਨ, ਉਪਕਾਰ ਵਿਚ ਜਗਜਾਸੂ ਲਗ ਪਵੇ। ਨਾਮ ਦੇ ਰਸ ਰੰਗ ਲਈ ਗੁਰਸਿਖ, ਗੁਰਮੁਖ, ਕਹਿਣੀ ਰਹਿਣੀ ਵਾਲੇ ਸੁੱਚੇ ਸਤਿਸੰਗ ਦਾ ਚਾਉ ਉਪਜੇ; ਤਾਂ ਉਸ ਸਤਿਸੰਗ, ਜਿਸ ਦੀ ਮਹਿਮਾ ਸਾਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਉਸ ਦਾ ਲਾਭ ਤੇ ਵਜੂਦ, ਐਉਂ ਜੀਵਨਾਂ ਦੇ ਸੁਧਰਨ ਨਾਲ ਕਾਇਮ ਰਹੇ ਤੇ ਪਿਆਸੇ ਤ੍ਰਿਪਤ ਹੋਕੇ 'ਲੋਕ ਸੁਖੀ ਪ੍ਰਲੋਕ ਸੁਹੇਲੇ' ਹੁੰਦੇ ਰਹਿਣ।

ਅਸਲ ਵਿਚ ਇਹ ਪੁਸਤਕ ਇਤਿਹਾਸ ਮਾਤ੍ਰ ਨਹੀਂ, ਪਰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਤੇ ਦਸਾਂ ਗੁਰੂ ਸਾਹਿਬਾਂ ਦੀ ਸਿਖਜਾ ਦਾ ਇਤਿਹਾਸ ਦੀ ਬੋਲੀ ਵਿਚ ਅਨੁਵਾਦ ਹੈ।

ਪਿਛਲੇ ਪੰਝੀ ਤ੍ਰੀਹ ਵਰ੍ਹੇ ਗੁਰਪੁਰਬਾਂ ਅਤੇ ਹੋਰ ਮੌਕਿਆਂ ਤੇ ਗੁਰਮਤ ਅਨੁਕੂਲ ਬਸਰ ਹੋਏ ਜੀਵਨ ਲਿਖੇ

---

੧. ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ। (ਸੂਹੀ ਮਹਲਾ ੫)

੨. ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ। (ਗਉੜੀ ਵਾ: ਮ: ੪)

੩. ਯਾਨੀ ਤਕਰੀਬਨ ੧੮੮੫-੧੮੯੫ ਦੇ ਲਗ ਪਗ।

ਲਿਖੇ ਜਾਣ ਦਾ ਅਵਸਰ ਬਣਦਾ ਰਿਹਾ ਹੈ, ਜਿਨ੍ਹਾਂ ਵਿਚ ਗੁਰਬਾਣੀ ਦੀ ਤਸਵੀਰ ਦਿੱਸ ਪੈਂਦੀ ਹੈ। ਇਹ ਜੀਵਨ ਸਮੇਂ ਸਮੇਂ ਸਿਰ ਲਿਖੀਂਦੇ ਤੇ ਸੰਗਤਾਂ ਵਿਚ ਅਖ਼ਬਾਰ ਯਾ ਗੁਟਕਿਆਂ ਦੀ ਰਾਹੀਜ਼ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਦੇ ਰਹੇ। ਨਿੱਕੇ ਨਿੱਕੇ ਹੋਣ ਕਰਕੇ ਇਹ ਸਾਂਭੇ ਘੱਟ ਗਏ ਤੇ ਅਗੋਂ ਮਿਲਣੋਂ ਘਟਦੇ ਗਏ ਤੇ ਉਹ ਹਿੱਸਾ, ਜੋ ਖਾਲਸਾ ਟ੍ਰੈਕਟ ਸੁਸਾਇਟੀ ਨੇ ਛਾਪਿਆ ਸੀ ਉਹ ਬੀ ਮੁੜ ਮੁੜ ਤੇ ਛੇਤੀ ਛੇਤੀ ਨਾ ਛਪਣ ਕਰਕੇ ਗੁੰਮ ਹੁੰਦਾ ਗਿਆ। ਆਖ਼ਰ ਇਹ ਮੰਗ ਪੈਦਾ ਹੋਈ ਕਿ ਇਨ੍ਹਾਂ ਇਕ ਸੰਚੇ ਵਿਚ ਕੱਠਿਆਂ ਕਰ ਦਿੱਤਾ ਜਾਵੇ, ਜੋ ਇਹ ਸਾਹਿਤ ਗੁੰਮ ਨਾ ਹੋ ਜਾਵੇ। ਸੋ ਪਿਛਲੇ ਪੰਝੀ ਤ੍ਰੀਹ ਸਾਲਾਂ ਦੇ ਲਿਖੇ ਲੇਖ ਜੋ ਟ੍ਰੈਕਟ, ਅਖਬਾਰ ਖਾਲਸਾ ਸਮਾਚਾਰ ਵਿਚ ਯਾ ਹੋਰਵੇਂ ਛਪੇ ਸਨ, ਲਗ ਪਗ ਸਾਰਿਆਂ ਨੂੰ ਇਸ ਸੰਚਯ ਵਿਚ ਇਕੱਠਾ ਕੀਤਾ ਗਿਆ ਹੈ ਅਤੇ ਕਈ ਪ੍ਰਸੰਗ ਜੋ ਅਗੇ ਨਹੀਂ ਛਪੇ ਸਨ, ਨਵੇਂ ਲਿਖਕੇ ਪਾਏ ਗਏ ਹਨ।

ਪਰੰਤੂ ਇਕੱਠੇ ਕਰਨ ਵਿਚ ਇਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਿਲਸਲੇ ਵਿਚ ਕ੍ਰਮ ਵਾਰ ਅਗੇ ਪਿਛੇ ਕਰਕੇ ਮਾਨੋਂ ਉਨ੍ਹਾਂ ਦੇ ਜੀਵਨ ਦੀ ਪ੍ਰਸੰਗਲੀ ਵਿਚ ਪ੍ਰੋ ਦਿਤਾ ਹੈ; ਵਿਚ ਵਿਚ ਜਿਥੇ ਪ੍ਰਸੰਗ ਨਹੀਂ ਹਨ, ਸੰਖੇਪ ਸੂਚਨਾਂ ਪਾ ਦਿਤੀਆਂ ਹਨ। ਹੁਣ ਮਾਨੋਂ ਇਸ ਦਾ ਪਾਠ ਸ੍ਰੀ ਗੁਰੂ ਜੀ ਦੇ ਜੀਵਨ ਚਰਿੱਤ੍ਰ ਦਾ ਇਕ ਤਰ੍ਹਾਂ ਦਾ ਪਾਠ ਹੈ। ਉਂਵ ਇਹ ਉਨ੍ਹਾਂ ਦਾ ਜੀਵਨ ਚਰਿੱਤ੍ਰ ਨਹੀਂ ਪਰ ਕਿਉਂਕਿ ਪ੍ਰਸੰਗ ਉਨ੍ਹਾਂ ਦੇ ਸਿੱਖਾਂ ਦੇ ਹਨ ਤੇ ਸੰਬੰਧ ਉਨ੍ਹਾਂ ਨਾਲ ਹੈ, ਇਸ ਕਰਕੇ ਜੀਵਨ ਚਰਿੱਤ੍ਰ ਉਨ੍ਹਾਂ ਦਾ ਆਪਣਾ ਬਣ ਗਿਆ ਹੈ। ਇਸ ਪੁਸਤਕ ਦੇ ਦੋ ਹਿੱਸੇ ਹਨ, ਪਹਿਲੇ (ੳ) ਵਿਚ ਜੀਵਨ ਪ੍ਰਸੰਗ ਹਨ, ਦੂਸਰੇ (ਅ) ਵਿਚ ਉਨ੍ਹਾਂ ਦੇ ਪ੍ਰਭਾਵ, ਉਨ੍ਹਾਂ ਦੇ ਆਦਰਸ਼ ਤੇ ਕਮਾਲਾਂ ਤੇ ਕੋਈ ਕੋਈ ਵਯਾਖਯਾ ਹੈ। ਤੀਸਰੀ ਸ਼ੈ ਜੋ ਉਨ੍ਹਾਂ ਸੰਬੰਧੀ ਗੀਤਾਂ ਦੀ ਹੈ, ਉਹ ਕੁਛ ਤਾਂ ਪ੍ਰਸੰਗਾਂ ਵਿਚ ਯਾ ਮਗਰੋਂ ਆਏ ਹਨ। ਉਂਵ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਸਤਿਗੁਰਾਂ ਸੰਬੰਧੀ ਗੀਤਾਂ ਦੀ ਪੋਥੀ ਅਲੱਗ ਸੰਚਯ ਹੋ ਰਹੀ ਹੈ ਜੋ ਸਮੇਂ ਸਿਰ ਛਪੇਗੀ*।

ਨੋਟ-ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਪਹਿਲੇ ਛਪ ਚੁਕੇ ਟ੍ਰੈਕਟ, ਜੋ ਇਸ ਸੰਚਯ ਵਿਚ ਆਏ ਹਨ, ਸਾਰੇ ਕਰਤਾ ਦੀ ਆਪਣੀ ਕ੍ਰਿਤ ਹਨ। ਇਸ ਸੰਚਯ ਵਿਚ ਉਹ ਆਗਯਾ ਅਨੁਸਾਰ (ਧੰਨਵਾਦ ਸਹਿਤ) ਵਰਤੇ ਗਏ ਹਨ।

ਅੰਮ੍ਰਿਤਸਰ
ਸਾਵਣ ਸੰ: ਗੁ: ਨਾ: ਸਾ: ੪੫੬। ਅਗਸਤ ੧੯੨੫ ਈ:) } ਕਰਤਾ

ਨੋਟ ੧ ਇਹ ਤੀਸਰੀ ਐਡੀਸ਼ਨ ਹੈ, ਇਸ ਵਿਚ ੮ ਪ੍ਰਸੰਗ ਤੇ ੩ ਗੀਤ, ਜੋ ਮਗਰੋਂ ਤਿਆਰ ਹੋਏ, ਪਾਏ ਗਏ ਹਨ। (ਪੋਹ ਸੰਮਤ ਗੁ: ਨਾ: ਸਾ: ੪੬੨, ਦਸੰਬਰ ੧੯੩੦ ਈ:)

ਨੋਟ ੨-ਤੀਸਰੀ ਐਡੀਸ਼ਨ ਨਾਲੋਂ ਹੁਣ ਚੌਥੀ ਐਡੀਸ਼ਨ ਵਿਚ ੯ ਪ੍ਰਸੰਗ ਤੇ ਛੇ ਸਤ ਗੀਤ ਤੇ ਕਵਿਤਾਵਾਂ ਤੇ ਕੁਝ ਹੋਰ ਛੋਟੇ ਛੋਟੇ ਗੀਤ ਵਧਾਏ ਗਏ ਹਨ।

ਨੋਟ ੩-ਪੰਜਵੀਂ ਐਡੀਸ਼ਨ ਵਿਚ ਚੌਥੀ ਨਾਲੋਂ, ੧੫, ੧੬ ਪ੍ਰਸੰਗ ਤੇ ਛੇ ਸਤ ਗੀਤ, ਜੋ ਹੋਰ ਨਵੇਂ ਲਿਖੇ ਗਏ ਸਨ, ਸ਼ਾਮਲ ਕੀਤੇ ਗਏ ਹਨ ਤੇ ਦੋ ਇਕ ਪ੍ਰਸੰਗਾਂ ਨੂੰ ਨਵੇਂ ਪ੍ਰਸੰਗਾਂ ਨਾਲ ਕ੍ਰਮਬੱਧ ਕੀਤਾ ਗਿਆ ਹੈ। (ਅਪ੍ਰੈਲ ੧੯੪੩, ਸੰ: ਗੁ: ਨਾ: ਸਾ: ੪੭੪)

ਨੋਟ ੪-ਹੁਣ ਛੇਵੀਂ ਐਡੀਸ਼ਨ ਛਪਕੇ ਆਪ ਦੇ ਹੱਥਾਂ ਵਿਚ ਹੈ। ਕਾਗਜ਼ ਦੇ ਮਿਲਣ ਵਿਚ ਰੁਕਾਵਟਾਂ ਦੇ ਕਾਰਣ ਤੇ ਸੰਗਤਾਂ ਦੀ ਤੀਬਰ ਮੰਗ ਦੇ ਸਬਬ ਇਸ ਨੂੰ ਦੋ ਭਾਗਾਂ ਵਿਚ ਕਰ ਦਿਤਾ ਹੈ। ਪਹਿਲਾ ਭਾਗ ਪੂਰਬਾਰਧ ਇਹ ਹੈ। ਦੂਸਰਾ ਭਾਗ ਉਤ੍ਰਾਰਧ ਛਪ ਰਿਹਾ ਹੈ। (ਅਗਸਤ ੧੯੪੬)

ਨੋਟ ੫-ਅੱਠਵੀਂ ਐਡੀਸ਼ਨ ਛੇਵੀਂ ਦਾ ਹੀ ਉਤਾਰਾ ਹੈ ਜੋ ਫਿਰ ਦੋ ਹਿੱਸਿਆਂ ਵਿਚ ਹੀ ਰਖਿਆ ਜਾ ਰਿਹਾ ਹੈ।
(ਸਤੰਬਰ ੧੯੫੩, ਸੰਮਤ ਗੁ: ਨਾ: ਸਾ: ੪੮੪, ਭਾਦ੍ਰੋਂ ੨੦੧੦ ਬਿ:)

---

*ਇਹ ਪੋਥੀ ਛਪ ਚੁਕੀ ਹੈ, 'ਨਾਮ ਕੰਬਦੀ ਕਲਾਈ' ਹੈ। ਇਸ ਵਿਚ ੧੫੨ ਗੀਤ ਤੇ ਸਤ ਰੁਬਾਈਆਂ ਹਨ।

# ਤੇਈਵੀਂ ਐਡੀਸ਼ਨ-ਬਿਨਯ

ਪਹਲੀ ਤੋਂ ਪੰਜਵੀਂ ਐਡੀਸ਼ਨ ਤਕ ਇਹ ਪੁਸਤਕ ਸਮੱਗ੍ਰ ਰੂਪ ਵਿਚ ਸੀ। ਛੇਵੀਂ ਤੇ ਇਸ ਤੋਂ ਬਾਦ ਦੇ ਸਾਰੇ ਐਡੀਸ਼ਨ ਦੋ ਭਾਗਾਂ ਵਿਚ ਹਨ-ਪੂਰਬਾਰਧ (ਪਹਿਲਾ ਅੱਧ) ਤੇ ਉਤ੍ਰਾਰਧ (ਦੂਸਰਾ ਅੱਧ)। ਛੇਵੀਂ ਐਡੀਸ਼ਨ ਤੋਂ ਬਾਦ ਕਿਸੇ ਵੀ ਐਡੀਸ਼ਨ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਇਹ ਸਾਰੇ ਐਡੀਸ਼ਨ ਛੇਵੀਂ ਐਡੀਸ਼ਨ ਦਾ ਹੀ ਉਤਾਰਾ ਹਨ। ਇਹ ਜੋ ਪੁਸਤਕ ਹੁਣ ਆਪ ਦੇ ਹਥਾਂ ਵਿਚ ਹੈ, ਇਹ ਤੇਈਵੀਂ ਐਡੀਸ਼ਨ ਹੈ। ਇਹ ਐਡੀਸ਼ਨ ਕੰਪਪਿਯੂਟ੍ਰਾਈਜ਼ (Computerize) ਕਰਕੇ ਆਪ ਦੇ ਸਾਮਨੇ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਤਸਵੀਰਾਂ, ਜੋ ਕੁਛ ਕਾਰਨਾਂ ਕਰ ਕੇ ਕਾਫ਼ੀ ਦੇਰ ਤੋਂ ਨਹੀਂ ਛਾਪੀਆਂ ਜਾ ਰਹੀਆਂ ਸਨ, ਹੁਣ ਪੁਰਾਣੀਆਂ ਐਡੀਸ਼ਨਾਂ ਵਿਚੋਂ ਢੂੰਡ ਕੇ ਲਗਾ ਦਿਤੀਆਂ ਹਨ। ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਤ੍ਰੁੱਟੀਆਂ ਨਾ ਰਹਿਣ, ਪਰ ਫੇਰ ਵੀ ਅਸੀਂ ਭੁਲਣਹਾਰ ਹਾਂ। ਜੇਕਰ ਆਪ ਜੀ ਨੂੰ ਕੋਈ ਗਲਤੀ ਯਾ ਤ੍ਰੁੱਟੀ ਨਜ਼ਰ ਆਵੇ ਤਾਂ ਕ੍ਰਿਪਾ ਕਰਕੇ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ ਨੂੰ ਜ਼ਰੂਰ ਲਿਖਣਾ ਤਾ ਕਿ ਅਗਲੀਆਂ ਐਡੀਸ਼ਨਾਂ ਵਿਚ ਸੁਧਾਈ ਹੋ ਸਕੇ। ਭਾਈ ਵੀਰ ਸਿੰਘ ਸਾਹਿਤ ਸਦਨ ਆਪ ਜੀ ਦਾ ਬਹੁਤ ਧੰਨਵਾਦੀ ਹੋਵੇਗਾ :

ਭਾਦਰੋਂ, ਸੰ: ਗੁ: ਨਾ: ਸਾ, ੫੩੬
ਅਗਸਤ ੨੦੦੪ ਈ.

(ਡਾ: ਜਸਵੰਤ ਸਿੰਘ ਨੇਕੀ)
*ਆਨਰੇਰੀ ਜਨਰਲ ਸਕੱਤਰ*
ਭਾਈ ਵੀਰ ਸਿੰਘ ਸਾਹਿਤ ਸਦਨ

# ਸੂਚੀ ਪੱਤ੍ਰ ਸ੍ਰੀ ਕਲਗੀਧਰ ਚਮਤਕਾਰ (ਪੂਰਬਾਰਧ)


| ਗਿਣਤੀ | ਪ੍ਰਸੰਗ | ਪੰਨਾ | ਗਿਣਤੀ | ਪ੍ਰਸੰਗ | ਪੰਨਾ |
|---|---|---|---|---|---|
| | (ੳ) | | ੨੮. | ਹਾਇ ! ਨਾ ਤੋੜ। | ੨੯੦ |
| ੧. | ਹੇਮਕੁੰਟ ਤੋਂ ਸਚਖੰਡ। | ੧ | ੨੯. | ਭਾਈ ਫੇਰੂ ਸੱਚ ਦਾੜ੍ਹੀ। | ੩੦੪ |
| ੨. | ਸਚਖੰਡ ਤੋਂ ਮਾਤਲੋਕ। | ੧੪ | ੩੦. | ਬਜਰੂੜ ਦੀ ਸੋਧ। | ੩੦੫ |
| ੩. | ਭੀਖਨ ਸ਼ਾਹ ਫਕੀਰ। | ੨੫ | ੩੧. | ਕਲਗੀਆਂ ਵਾਲੇ ਦਾ ਹੁਕਮ (ਕਵਿਤਾ)। | ੩੦੬ |
| ੪. | ਮੇਰਾ ਬਾਲਾ ਪ੍ਰੀਤਮ। | ੨੮ | ੩੨. | ਲਾਹੌਰਾ ਸਿੰਘ ਦੀ ਸੋਧ। | ੩੦੭ |
| ੫. | ਗੁਰੂ ਜੀ ਦਾ ਪਹਿਲਾ ਸਫ਼ਰ। | ੪੫ | ੩੩. | ਭਾਈ ਹਰਵੰਤ ਸਿੰਘ। | ੩੦੯ |
| ੬. | ਕਿਸ਼ੋਰ ਕੌਤਕ। | ੫੪ | ੩੪. | ਪ੍ਰੀਤਮ ਜੀ। | ੩੧੬ |
| ੭. | ਰਾਜਾ ਰਤਨ ਰਾਇ। | ੭੬ | ੩੫. | ਬਾ: ਅਲਬੇਲ ਸਿੰਘ ਸ਼ਹੀਦ (ਕਵਿਤਾ)। | ੩੫੬ |
| ੮. | ਮੇਰਾ ਦੁੱਧ (ਬੁੱਧਣ ਸ਼ਾਹ)। | ੯੬ | ੩੬. | ਗੁਰੂ ਜੀ ਦੇ ਤ੍ਰੈ ਦਰਸ਼ਨ। | ੩੫੯ |
| ੯. | ਚੰਬੇ ਦੀ ਵਾੜੀ (ਕਵਿਤਾ)। | ੧੦੧ | ੩੭. | ਭਾਈ ਸੁਜਾਨ ਸਿੰਘ ਜੀ (ਕਵਿਤਾ)। | ੩੬੩ |
| ੧੦. | ਕਾਲਸੀ ਦਾ ਰਿਖੀ। | ੧੦੩ | ੩੮. | ਬੀਬੀ ਤਿਲੋਕ ਬਾਈ ਤੇ ਘੁੱਲੂਸ਼ਾਹ। | ੩੬੬ |
| ੧੧. | ਸ਼ੇਰ ਤੇ ਇਨਸਾਨ ਦੋਹਾਂ ਤੇ ਭਾਰੂ। | ੧੨੨ | ੩੯. | ਭਾਈ ਨਾਹਰ ਸਿੰਘ (ਕਵਿਤਾ) | ੩੭੬ |
| ੧੨. | ਜੁੱਧ ਭੰਗਾਣੀ। | ੧੨੭ | ੪੦. | ਬੀਬੀ ਗੁਰਕ੍ਰਿਪਾਲ ਕੌਰ। | ੩੭੮ |
| ੧੩. | ਭੰਗਾਣੀ ਦਰਸ਼ਨ (ਕਵਿਤਾ)। | ੧੪੦ | ੪੧. | ਭਾਈ ਦਿਲਬਾਗ ਸਿੰਘ। | ੩੮੫ |
| ੧੪. | ਬੁੱਧੂ ਸ਼ਾਹ ਦਾ ਸੰਤੋਖ (ਕਵਿਤਾ)। | ੧੪੨ | ੪੨. | ਪ੍ਰਸੰਗ ਭਾਈ ਜੈ ਸਿੰਘ। | ੩੯੦ |
| ੧੫. | ਰਾਇ ਪੁਰ ਦੀ ਰਾਣੀ। | ੧੪੩ | ੪੩. | ਬਨ ਯੁੱਧ। | ੩੯੧ |
| ੧੬. | ਆਨੰਦ ਪੁਰ ਪਰਵੇਸ਼। | ੧੬੦ | ੪੪. | ਬੀਬੀ ਸੁਘੜ ਬਾਈ। | ੪੦੨ |
| ੧੭. | ਨਾਦੌਣ ਯੁੱਧ। | ੧੬੯ | ੪੫. | ਕਾਜ਼ੀ ਸਲਾਰ ਦੀਨ। | ੪੩੨ |
| ੧੮. | ਖ਼ਾਨਜ਼ਾਦੇ ਦਾ ਹੱਲਾ ਤੇ ਭਾਜੜ। | ੧੮੬ | ੪੬. | ਮੁਹਣੇ ਮੁਹਣੇ ਦੂਲਾ ਸਿੰਘ ਜੀ। | ੪੪੫ |
| ੧੯. | ਹੁਸੈਨੀ ਯੁੱਧ। | ੧੯੦ | ੪੭. | ਸੇਵਾ ਵਿਹੂਣੇ ਹੱਥ। | ੪੪੮ |
| ੨੦. | ਮੋਹਿਨਾ-ਸੋਹਿਨਾ। | ੧੯੮ | ੪੮. | ਦੀਨਾ ਬੇਗ ਪੈਂਡੇ ਖਾਂ ਯੁੱਧ। | ੪੫੦ |
| ੨੧. | ਬੀਬੀ ਰੰਗ ਕੰਵਰ (ਕਵਿਤਾ)। | ੨੧੩ | ੪੯. | ਪ੍ਰਸੰਗ ਇਕ ਮਾਈ (ਕਵਿਤਾ)। | ੪੫੪ |
| ੨੨. | ਦਿਲਗੀਰ, ਦਿਲ-ਜ਼ੋਰ, ਦਿਲਸ਼ਾਦ। | ੨੧੬ | ੫੦. | ਕਰੀਮ ਖਾਂ ਉੱਪਾਰ। | ੪੫੫ |
| ੨੩. | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਹਾੜੀ ਰਾਜਿਆਂ ਨੂੰ ਉਪਦੇਸ਼। | ੨੩੩ | ੫੧. | ਬਚਿੱਤ੍ਰ ਸਿੰਘ। | ੪੬੭ |
| | | | ੫੨. | ਪ੍ਰਸੰਗ ਭਾਈ ਜੋਗਾ ਸਿੰਘ (ਕਵਿਤਾ)। | ੪੮੨ |
| ੨੪. | ਨੋਹ ਗ੍ਰਾਮ ਦੀ ਸੋਧ। | ੨੩੮ | ੫੩. | ਰੱਬ ਰਾਖਾ ਤੇਰਾ ਰੱਬ ਰਾਖਾ (ਕਵਿਤਾ)। | ੪੮੫ |
| ੨੫. | ਭਾਈ ਨੰਦ ਲਾਲ ਨਿਸਤਾਰਾ। | ੨੪੦ | ੫੪. | ਰਾਇ ਬਿਮਾਲੀ। | ੪੮੫ |
| ੨੬. | ਗੁਲਾਬੇ। | ੨੭੧ | ੫੫. | ਰਾਉ ਬਿਭੌਰ। | ੫੧੧ |
| ੨੭. | ਦੀਪ ਕੌਰ। | ੨੮੦ | ੫੬. | ਬਖਸ਼ਿੰਦ ਮਹਿਰਮ। | ੫੩੩ |

## ਗੀਤਾਂ ਦੀ ਸੂਚੀ


(ਅ)


| ਗੀਤ | ਰਚਨਾਂ ਦਾ ਸੰ:ਗੁ:ਨਾ:ਸਾ | ਪੰਨਾ |
|---|---|---|
| ਪਟਣ ਦੀ ਸੰਗਤ ਦਾ ਸੰਦੇਸ਼। | ੪੬੫ | ੪੪ |
| ਜਮਨਾ ਤੇ ਰਾਹੀ। | ੪੪੯ | ੧੦੨-ੳ |
| ਰਾਣੀ ਪੰਜਾਬ ਕੌਰ | ੪੬੧ | ੧੯੦ |
| ਇਕ ਅਰਜ਼ੋਈ। | ੪੬੯ | ੪੬੬ |
| ਪੀਲੀਆਂ ਪਰੀਆਂ। | ੪੯੯ | ੪੬੭ |


## ਤਤਕਰਾ ਤਸਵੀਰਾਂ ਦਾ


| | | |
|---|---|---|
| ੧. | ਗੁਰਦਵਾਰਾ ਸ੍ਰੀ ਹੇਮ ਕੁੰਟ ਸਾਹਿਬ (ਨਵੀਂ ਇਮਾਰਤ) | ਸਿਰੇ ਤੇ |
| ੨. | ਸਪਤ ਸ੍ਰਿੰਗ | ਪੰਨਾ ੧੨-ੳ |
| ੩. | ਨਕਸ਼ਾ ਉੱਤ੍ਰਾ ਖੰਡ | ਪੰਨਾ ੧੩ |
| ੪. | "ਮਾਂ" | ਪੰਨਾ ੩੫ ਦੇ ਸਾਮ੍ਹਣੇ |
| ੫. | "ਅਮੀਂ ਜੀ ਤੇ ਮੋਹਿਨਾ ਜੀ" | ਪੰਨਾ ੧੯੮ ਦੇ ਸਾਮ੍ਹਣੇ |
| ੬. | "ਵਿਦੈਗੀ" | ਪੰਨਾ ੩੧੬ ਦੇ ਸਾਮ੍ਹਣੇ |


(ਤਸਵੀਰਾਂ ਦੇ ਸਾਰੇ ਹਕ ਰਾਖਵੇਂ ਹਨ)



Hemkunt Gurdwara (15,120 feet above sea level) newly constructed by Hemkunt Sahib Management Trust during the Period 1968 to 1997.
Picture by Sondeep Shanker with Thanks to and permission from The National Institute of Panjab Studies.

ੴ ਵਾਹਿਗੁਰੂ ਜੀ ਕੀ ਫ਼ਤਹ॥

# ਸ੍ਰੀ ਕਲਗੀਧਰ ਚਮਤਕਾਰ

—ਪੂਰਖਾਰਧ—

## ੧. ਹੇਮਕੁੰਟ ਤੋਂ ਸੱਚ ਖੰਡ[1]।

੧.

**ਇਕ** ਟਿਕਾਣਾ ਹੈ 'ਹੇਮਕੁੰਟ-ਸਪਤ ਸ਼੍ਰਿੰਗ'। ਸਤ ਸ਼੍ਰਿੰਗ ਬੀ ਆਖਦੇ ਹਨ, ਸੈਂਕੜੇ ਚੋਟੀਆਂ, ਪਰ ਵਿਸ਼ੇਸ਼ ਹਨ ਸੱਤ, ਜੋ ਸ਼ੋਭ ਰਹੀਆਂ ਹਨ, ਸੱਤੇ ਹੀ ਬਰਫ਼ ਦੇ ਟਿਕਾਉ ਨਾਲ ਮਾਨੋਂ ਚਾਂਦੀ ਦੇ ਕਲਸ ਬਣ ਰਹੀਆਂ ਹਨ। ਅੰਮ੍ਰਿਤ ਵੇਲੇ ਦਾ ਚੰਦ੍ਰਮਾਂ ਲੋਪ ਹੋ ਰਿਹਾ ਹੈ, ਸਵੇਰਾ ਆ ਰਿਹਾ ਹੈ, ਪਹੁ ਫੁਟਾਲਾ ਹੋ ਗਿਆ ਹੈ, ਅਕਾਸ਼ ਅੱਜ ਨਿਰਮਲ ਹੈ ਪੂਰੇ ਵੱਲ ਲਾਲੀ ਫਿਰ ਗਈ ਹੈ, ਇਸ ਲਾਲੀ ਦਾ ਅਕਸ (ਹਿਮ) ਬਰਫ਼ ਦੀਆਂ ਚੋਟੀਆਂ ਤੇ ਪੈ ਰਿਹਾ ਹੈ। ਸੂਰਜ ਦੀ ਟਿੱਕੀ ਸਾਰੀ ਬਾਹਰ ਨਿਕਲ ਆਈ ਜੇ, ਹੁਣ ਉੱਚੀ ਹੋ ਆਈ ਜੇ, ਸੱਭੇ ਚੋਟੀਆਂ ਸੋਨੇ ਵਾਂਗ ਚਮਕ ਪਈਆਂ। ਉਧਰੋਂ ਸੂਰਜ ਦੇ ਸ਼ੁਆ, ਇਧਰੋਂ ਇਨ੍ਹਾਂ ਪਰ ਪੈਂਦੇ ਸੂਰਜ ਦੇ ਸ਼ੁਆਵਾਂ ਦਾ ਇਕ ਦੂਜੇ ਤੋਂ ਆਪਸ ਦੇ ਵਿਚ ਪਰਤਵਾਂ ਸ਼ਰਤਵਾਂ ਲਿਸ਼ਕਾਰ ਦੇ ਕੇ ਪੈਣਾ, ਇਕ ਦਰਸ਼ਨ ਹੈ ਜੋ ਸੋਨੇ ਦੀ ਚਮਕ ਦਾ ਨਜ਼ਾਰਾ ਅੱਖਾਂ ਅੱਗੇ ਬੰਨ੍ਹ ਦੇਂਦਾ ਹੈ।

ਬਰਫ਼ਾਨੀ ਚੋਟੀਆਂ ਦੇ ਹੇਠਾਂ ਵਿਚਕਾਹੇ ਜਿਹੇ ਇਕ ਨਿਵਾਣ ਹੈ, ਜੋ ਇਕ ਪੱਧਰਾ ਜਿਹਾ ਥਾਂਉਂ ਹੈ। ਇਸ ਥਾਂਉਂ ਦੇ ਵਿਚ ਇਕ ਪਾਣੀ ਦਾ ਡਲ ਹੈ! ਕਾਦਰ ਦੀਆਂ ਕੁਦਰਤਾਂ, ਬਰਫ਼ਾਂ ਦੇ ਘਰ ਵਿਚ ਤੱਕੋ ਕਿ ਪਾਣੀ ਦਾ ਡਲ ਖੜਾ ਹੈ, ਜਿਸ ਵਿਚੋਂ ਇਕ ਛੋਟੀ ਜੇਹੀ ਰੌ ਨਿਕਲ ਕੇ ਕਈ ਮੀਲ ਹੇਠਾਂ ਜਾ ਕੇ ਅਲਕਨੰਦਾ ਵਿਚ ਜਾ ਮਿਲਦੀ ਹੈ। ਅਚਰਜ ਵੇਖੋ ਬਰਫ਼ਾਂ ਦੇ ਘਰ ਵਿਚ ਇਸ ਡਲ ਦਾ ਪਾਣੀ ਖਲੋਤਾ ਨਹੀਂ, ਸਗੋਂ ਵਿਚੋਂ ਨਿਕਲ ਕੇ ਵਹਿੰਦਾ ਹੈ ਤੇ ਬਰਫ਼ ਜਿੰਨਾ ਠੰਢਾ ਬੀ ਨਹੀਂ! ਕੀ ਜਾਣੀਏਂ ਹੇਠਾਂ ਕੋਈ ਗਰਮ ਚਸ਼ਮਾ ਹੈ ਜੋ ਪਾਣੀ ਨੂੰ ਬਰਫ਼ ਨਾਲੋਂ ਕੁਛ ਨਿੱਘਾ ਰੱਖਦਾ ਹੈ। ਇਸ ਬਰਫਾਨੀ ਥਾਉਂ ਪਾਣੀ ਦੇ ਕਈ ਹੋਰ ਝਰਨੇ ਹਨ। ਇਥੇ ਗੁਫਾ ਦੇ ਬੀ ਕਈ ਟਿਕਾਣੇ ਜੇਹੇ ਹਨ। ਪੁਰਾਤਨ ਸਮਿਆਂ ਵਿਚ ਤਪ ਕਰਨ ਵਾਲੇ ਤਪੀ ਇਥੇ ਆ ਕੇ ਰਹਿੰਦੇ ਸਨ। ਇਸ ਥਾਉਂ ਤੇ ਪਈ ਬਰਫ਼ ਗਰਮੀ ਬਰਸਾਤ ਵਿਚ ਪੰਘਰ ਤੁਰਦੀ ਹੈ, ਨਾਨਾਂ ਤਰ੍ਹਾਂ ਦੇ ਫੁੱਲ ਖਿੜਦੇ ਹਨ। ਤਪੀ ਲੋਕ ਸਿਆਲੇ ਹੇਠਾਂ ਪੰਡੁਕੇਸ਼੍ਵਰ ਤੇ ਹੋਰ ਨੇੜੇ ਤੇੜੇ ਦੇ ਥਾਈਂ ਰਹਿੰਦੇ ਸਨ ਤੇ ਹੁਨਾਲ-ਬਰਸਾਤ ਇਸ ਵਾਦੀ ਵਿਚ ਤਪ ਕਰਦੇ ਹੁੰਦੇ ਸਨ। ਪਹਾੜੀਆਂ ਦੇ ਸ਼੍ਰਿੰਗਾਂ ਤੇ ਸਿਆਲ ਹੁਨਾਲ ਚੜ੍ਹਦੇ ਸੂਰਜ ਦੀ ਲਾਲੀ ਕੁਛ ਐਸੀ ਪਰਤਵੀਂ ਪੈਂਦੀ ਹੈ ਕਿ ਲਾਲੀ ਦਾ ਜਲਵਾ ਸਾਰੀਆਂ ਨੂੰ ਹੀ ਪ੍ਰੋ ਲੈਂਦਾ ਹੈ।

ਅਜ ਅਸੀਂ ਸੂਰਜ ਚੰਗੇ ਚੜ੍ਹ ਆਏ ਪਰ ਕੀ ਵੇਖਦੇ ਹਾਂ ਕਿ ਇਕ ਗੁਫਾ ਦੇ ਅੰਦਰ ਇਕ ਲੰਮੀ ਪਤਲੀ ਡੀਲ ਦੇ ਤਪੱਸ੍ਵੀ ਨੇਤ੍ਰ ਮੂੰਦ ਸਮਾਧੀ ਵਿਚ ਬੈਠੇ ਹਨ। ਸਰੀਰ ਉਪਰ ਨਾਮ ਮਾਤ੍ਰ ਮਾਸ ਹੈ, ਸੂਖਮ ਜੇਹਾ ਪਿੰਜਰ ਜਾਪਦਾ ਹੈ, ਉੱਪਰ ਪੋਚਾ ਮਾਤ੍ਰ ਤ੍ਵਚਾ ਹੈ, ਪਰ ਕ੍ਰਾਂਤੀ ਵਿਚ ਇਸ ਹਾਲਤ ਵਿਚ ਭੀ ਆਭਾ ਹੈ ਅਤੇ ਬਲ ਵਾਲਾ ਤੇਜ ਹੈ। ਬੜਾ ਉਗ੍ਰ ਤਪ ਕੀਤਾ ਹੈ। ਸੋਚ ਮੰਡਲ ਲੰਘ ਗਏ ਹਨ, ਲਿਵਲੀਨ ਰਹਿੰਦੇ ਹਨ, ਪਰ ਅਜੇ ਉਸ ਦੇ ਰੂਪ ਵਿਚ ਦ੍ਵੈ ਤੇ ਏਕ ਰੂਪ ਵਾਲੇ ਰੰਗ ਲੀਨ ਹੋਣਾ ਲੋਚਦੇ ਹਨ, ਜਿਸ ਨੇ ਆਪਣੇ ਅਰੂਪ ਰੂਪ ਵਿਚੋਂ ਉਹਨਾਂ ਨੂੰ ਰੂਪਵਾਨ

1. ਇਹ ਲੇਖ ਸੰ: ਗੁ: ਨਾ: ਸਾ: ੪੪੯ (੧੯੧੮ ਈ.-- ੧੯੭੫ ਬਿ:) ਦੇ ਗੁਰਪੁਰਬ ਪੋਹ ਸੁਦੀ ਸਪਤਮੀ ਪੁਰ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ।

ਕਰ ਕੇ ਪਹਿਲਾਂ ਬਖ਼ਸ਼ਿਸ਼ ਕਰ ਕੇ ਫਿਰ ਕਿਸੇ ਹੁਕਮੀ ਚੋਜ ਵਿਚ ਤਪ ਕਰਨ ਲਾਇਆ ਸੀ। ਦੋ ਖੋ ਅਸਮਾਨਾਂ ਦੀਆਂ ਹਵਾਵਾਂ ਦੇ ਅਬਖ਼ਰੇ ਜੁੜ ਜੁੜ ਕੇ ਫੇਰ ਇਕੱਠੇ ਹੋ ਰਹੇ ਹਨ, ਤੇ ਸੂਰਜ ਫੇਰ ਗੁੰਮ ਹੋ ਗਿਆ ਹੈ! ਪੱਥਰ, ਪਹਾੜ ਸਭ ਇਕਾਗ੍ਰ ਹਨ, ਆਵਾਜ਼ ਤਕ ਨਹੀਂ ਹੈ, ਉਧਰ ਤਪੱਸ੍ਵੀ ਜੀ ਦੀ ਸੁਰਤ ਚਲੀ ਜੇ-"ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥" ਰਸ ਰੰਗ ਦੇ ਦੇਸ਼ ਸੁਰਤ ਗਈ, ਆਨੰਦ ਘਰ ਪਹੁੰਚੀ, ਅੰਤ ਤੇ ਅਨੰਤ ਦੀ ਸਰਹੱਦ ਤੇ ਅੱਪੜੀ। ਅਗੇ ਕਈ ਵੇਰ ਅੱਪੜੀ ਸੀ ਪਰ ਅੱਜ ਅਨੰਤ ਵਿਚੋਂ ਕੋਈ ਹੁਲਾਰਾ ਵੱਜਾ, ਐਸਾ ਵੱਜਾ ਕਿ ਅੰਤ ਦੀ ਅਣੀ ਤੋਂ ਖਿੱਚ ਕੇ ਅਨੰਤ ਵਿਚ ਲੈ ਗਿਆ। ਹੁਣ ਕੋਈ ਕੀ ਥਹੁ ਦੱਸੇ ? ਅਨੰਤ ਦਾ ਥਹੁ ਅੰਤ ਵਾਲੀ ਜੀਭ ਨਾਲ ਦੱਸਣਾ ਤੇ ਅੰਤ ਵਾਲੇ ਕੰਨਾਂ ਨਾਲ ਸੁਣਨਾ ਤੇ ਅੰਤ ਵਾਲੇ ਮਨ ਨਾਲ ਸਮਝਣਾ ਕਰੜਾ ਸਾਰ ਹੈ, ਪਰ ਸਾਡੀ ਸਮਝ ਗੋਚਰਾ ਉਸ ਦਸ਼ਾ ਦਾ ਵਰਣਨ ਐਉਂ ਹੋ ਸਕਦਾ ਹੈ :-

ਜਾਣ ਵਾਲੇ ਮਹਾਂ ਪੁਰਖ ਜੀ ਨੂੰ ਇਹ ਤਜਰਬਾ ਹੋਇਆ :-ਕਿ ਅਨੰਤ ਕੋਈ ਨਿਰਜੀਉ ਤੇ ਜੜ੍ਹ ਬੇਅੰਤਤਾਈ ਨਹੀਂ ਪਰ ਸ੍ਵੈਭੰ (ਸੁਤੇ ਪ੍ਰਕਾਸ਼) ਚੇਤਨਤਾ ਹੈ; ਉਹ ਅਨੰਤ ਕੋਈ ਜਿੰਦ ਰਹਿਤ, ਨਾ ਮੁੱਕਣ ਵਾਲਾ ਸਮਾਂ ਨਹੀਂ, ਪਰ ਚੇਤਨ ਵਜੂਦ ਵਾਲਾ, ਹੋਂਦ ਵਾਲਾ ਮੂਰਤ-ਅਮੂਰਤ, ਅਕਾਲ ਮੂਰਿਤ ਹੈ, ਉਹ ਅਨੰਤ ਕੋਈ ਇਕ ਰਸ ਰਹਿਣ ਵਾਲੀ ਮੁਰਦਾ ਤੱਤਾਂ ਦੀ ਦਸ਼ਾ, ਯਾ ਅਦਸ਼ਾ ਨਹੀਂ, ਪਰ ਅਜੂਨੀ, ਅਨਾਦਿ ਅਨੰਤ ਚੇਤਨ ਸਰੂਪਤਾ ਤੇ ਆਨੰਦ ਸਰੂਪਤਾ ਹੈ। ਪਰ ਇਉਂ ਨਾ ਜਿਉਂ ਅਸੀਂ ਸਮਝਦੇ ਹਾਂ, ਐਉਂ ਜਿਉਂ ਅਸੀਂ ਨਹੀਂ ਸਮਝਦੇ, ਪਰ ਅਨੰਤ ਆਪ ਸਮਝਦਾ ਹੈ-ਨਿਰਵਿਕਾਰ, ਇਕ ਰਸ। ਉਸ ਵਿਚ ਗਈ ਸੁਰਤ ਨੂੰ ਮਾਨੋਂ ਅਚੰਭਾ ਹੋ ਰਿਹਾ ਹੈ ਕਿ ਪਾਰਬ੍ਰਹਮ ਪੂਰਨ ਬ੍ਰਹਮ ਵਿਚ ਉਸ ਦੀ ਹੋਂਦ, ਉਸ ਦੀ ਗਜਾਤ, ਉਸੇ ਦੇ ਆਨੰਦ ਤੇ ਪ੍ਰੇਮ ਤੋਂ ਸਿਵਾ ਕੁਛ ਹੋਰ ਖੇਡ ਬੀ ਵੱਸਦੀ ਹੈ; ਜਿਸ ਨਾਲ ਉਹ ਅੱਕ੍ਰੈ ਦਾ ਅੱਕ੍ਰੈ ਹੈ, ਪਰ ਫੇਰ ਸਰਬ ਕ੍ਰਿਆ ਉਸ ਤੋਂ ਹਨ। ਹਾਂ, ਨਿਰਅੰਗ ਹੈ, ਪਰ ਸਹੰਸਰ ਨੇਣਾਂ ਵਾਲਾ ਚੋਜੀ ਹੋ ਕੇ ਸਾਰੇ ਨੈਣਾਂ ਦੀ ਜੋਤਿ ਉਹ ਆਪ ਹੈ। ਅਲੇਪ ਹੈ, ਪਰ ਸਾਰਾ ਅਡੰਬਰ ਉਸ ਤੋਂ ਤੇ ਉਸ ਦੇ ਵਿਚ ਹੈ। ਆਪ ਦੇਖਦੇ ਹਨ ਕਿ ਅਨੰਤ ਵਿਚ ਇਹ ਕ੍ਰਿਸ਼ਮਾ ਹੈ, ਪਰ ਫੇਰ ਅਨੰਤ ਅਨੰਤ ਹੀ ਹੈ। ਉਹ ਅਨੰਤ ਅੰਤ ਵਿਚ ਨਹੀਂ ਆਉਂਦਾ। ਉਸ ਦੇ ਕਰਨੇ ਤੇ ਵੀਚਾਰ ਵੀ ਅਨੰਤਤਾਈ ਦੀ ਇਕ ਗਤੀ ਹਨ, ਕੋਈ ਕ੍ਰਿਸ਼ਮਾ ਹਨ ਜੋ ਸਾਡੇ ਵੀਚਾਰ ਤੋਂ ਪਰੇ ਹਨ[1]। ਇਸ ਕ੍ਰਿਸ਼ਮੇ ਦਾ ਨਾਮ 'ਹੁਕਮ' ਹੈ। ਉਸ ਵੇਲੇ 'ਪ੍ਰਤਾਪ ਜੋਤੀ'[2] ਜੀ ਨੂੰ ਮਾਨੋਂ ਇਹ ਖਜਾਲ ਆਇਆ ਕਿ ਧਰਤੀ ਦੇ ਦਾਨੇ ਅਨੰਤ ਦੀ ਹੱਦਬੰਦੀ ਕੀਕੂੰ ਕਰਿਆ ਕਰਦੇ ਹਨ ? ਆਪ ਹੱਦ ਵਾਲੇ ਹੋ ਕੇ ਬੇਹੱਦ ਦੇ ਕਰਨੇ ਤੇ ਵੀਚਾਰਾਂ ਨੂੰ ਆਪਣੇ ਕਰਨੇ ਤੇ ਵੀਚਾਰਾਂ ਦੇ ਤੁੱਲਜ ਕੀਕੂੰ ਮਿਥ ਲਿਆ ਕਰਦੇ ਹਨ ? ਇਹ ਜੋ ਆਪ ਅਨੰਤ ਹੈ ਇਸ ਦੇ ਕਰਨੇ ਤੇ ਵੀਚਾਰ ਭੀ ਅਨੰਤ ਹਨ! ਜਿਕੂੰ ਇਸ ਨੂੰ ਸਮਝਣਾ ਤੇ ਕਹਿਣਾ ਅਸੰਭਵ ਹੈ, ਤਿਵੇਂ ਇਸ ਦੇ ਕਰਨੇ ਤੇ ਵੀਚਾਰਾਂ ਨੂੰ ਕਹਿਣਾ ਤੇ ਸਮਝਣਾ ਅਸੰਭਵ ਹੈ। ਜੇ ਧਰਤੀ ਦੇ ਦਾਨੇ ਨੇੜੇ ਹੀ ਤੱਕਣ ਤਾਂ ਉਥੇ ਬੀ ਤਾਂ ਸਮੁੰਦਰ ਇਕ ਜਲ ਸਰੂਪ ਹੈ, ਪਰ ਉਸ ਸਮੁੰਦਰ ਵਿਚ ਵੀ ਧਰਤੀ ਵਾਂਗ ਦਰਯਾ ਚਲਦੇ ਹਨ। ਉਸ ਇਕੋ ਸਮੁੰਦਰ ਵਿਚ ਜੋ ਸਿਰ ਤੋਂ ਪੈਰਾਂ ਤਕ ਜਲ ਹੀ ਜਲ ਹੈ, ਉਸ ਵਿਚ ਅਨੇਕ ਤਰ੍ਹਾਂ ਦੇ ਰੌਅ ਚਲਦੇ ਹਨ, ਫਿਰ ਸਭ ਸਮੁੰਦਰ ਰੂਪ ਹੈ।[3] ਇਸੇ ਤਰ੍ਹਾਂ ਇਸ ਅਨੰਤ ਵਿਚ ਸਰਬ ਅਨੰਤ ਹੀ ਅਨੰਤ ਹੈ, ਪਰ ਦੇਖੋ ਵਿਚ ਇਕ ਖੇਲ 'ਹੁਕਮ' ਹੈ ਅਰ ਉਹ ਭੀ ਅਨੰਤ ਹੀ ਹੈ, ਆਪ ਸੱਚ ਹੈ ਤੇ ਆਪ ਦੇ ਕਰਨੇ ਤੇ ਬੀਚਾਰ ਵੀ ਸੱਤ ਰੂਪ ਹਨ[4]। 'ਸਰੂਪ' ਤੇ 'ਹੁਕਮ' ਦੁਇ ਅਕੱਥ ਹਨ [5]।

ਇਸ ਅਚੰਭੇ ਤੋਂ ਮਗਰੋਂ ਆਪ ਵੇਖਦੇ ਹਨ ਕਿ ਇਹ ਹੁਕਮ ਕਹਿ ਰਿਹਾ ਹੈ ਕਿ ਤੂੰ ਮਾਤ ਲੋਕ ਵਿਚ ਜਾਹ ਅਰ ਉੱਥੇ ਜਾ ਕੇ ਚੜ੍ਹਦੀ ਕਲਾ ਦਾ

1. ਸਚੇ ਤੇਰੇ ਕਰਣੇ ਸਰਬ ਬੀਚਾਰ॥ (ਵਾਰ ਆਸਾ ਮ: ੧)
2. ਭਾਵ ਤਪੱਸ੍ਵੀ ਜੀ ਨੂੰ
3. ਜਿਵੇਂ ਧਰਤੀ ਤੇ ਦਰਯਾ ਚਲਦੇ ਹਨ, ਤਿਵੇਂ ਸਮੁੰਦਰ ਵਿਚ੍ਹ ਬੀ ਦਰਯਾਵਾਂ ਹਾਰ ਰੌ ਚਲਦੇ ਹਨ। ਜੋ ਜਲ ਰੂਪ ਕਰਕੇ ਇਕ ਹਨ, ਪਰ ਵੱਖਰੇ ਵਗਦੇ ਦਿਸਦੇ ਹਨ।
4. ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ (ਵਾਰ ਆਸਾ ਮ: ੧)
5. ਹੁਕਮੁ ਨ ਕਹਿਆ ਜਾਈ॥ (ਜਪੁਜੀ)

ਬੰਦਾ ਸਿਰੇ ਚਾੜ੍ਹ। ਆਪ ਹੋ ਕੇ ਦੱਸ, ਦੱਸ ਕੇ ਸਿਖਾ, ਸਿਖਾ ਕੇ ਮੁਕੰਮਲ ਕਰ-'**ਖਾਲਸਾ**', ਜੋ ਚੜ੍ਹਦੀ ਕਲਾ ਦੇ ਆਦਰਸ਼ ਦਾ ਨਮੂਨਾ ਹੋਵੇ। ਜੋ ਮੈਂ ਇਨਸਾਨ ਨੂੰ ਬਣਾਇਆ ਸੀ-ਧਰਤੀ ਦਾ ਸਰਦਾਰ, ਸੋ ਉਹ ਝਵੀਂ ਖਾ ਰਿਹਾ ਹੈ, ਤੂੰ ਨਮੂਨਾ ਹੋ ਕੇ ਦੱਸ, ਗੁਰੂ ਹੋ ਕੇ ਸਿਖਾ, ਪਿਤਾ ਹੋ ਕੇ ਆਪਣੇ ਬਲ ਤੇ ਪਿਆਰ ਨਾਲ ਪਾਲ ਤਾਂ ਜੋ ਧਰਤੀ ਸੁਖੀ ਹੋਵੇ।

ਇਹ ਹੁਕਮ ਪਾ ਕੇ ਮਾਨੋਂ ਆਪ ਘਬਰਾਏ; ਜਨਮਾਂ ਤਪ ਕਰ ਕੇ ਮਹਾਂ ਕਾਲ ਅਕਾਲ ਦੀ ਅਰਾਧਨਾ ਕਰ ਕੇ ਅੱਜ ਅਕਾਲ, ਅਦੇਸ਼, ਅਨੰਤ, ਪੂਰਨ ਵਿਚ ਵਾਸਾ ਮਿਲਿਆ ਸੀ ਪਰ ਅੱਜ ਅਕਾਲ ਅਨੰਤ ਵਿਚੋਂ ਹੁਕਮ ਦਾ ਕ੍ਰਿਸ਼ਮਾਂ ਆਖਦਾ ਹੈ-ਮਾਤ ਲੋਕ ਜਾਓ ਤੇ ਕੰਮ ਕਰੋ-ਕੀਹ ? ਆਦਰਸ਼ਕ ਬੰਦੇ ਪੈਦਾ ਕਰੋ[1]-। ਹੈਂ! ਜਿਸ ਦੇ ਪੈਦਾ ਕਰਨ ਵਿਚ ਬੜੇ ਲੋਕ ਹੋ ਮੁੜੇ, ਉਹ ਮੈਂ ਕਰਾਂ ? ਪਰ ਮੈਂ ਕੀਕੁਰ ਕਰਾਂ ? ਹੈਂ....! ਪਰ ਹੁਕਮ ਉਲਟਨਾਂ ਭੀ ਪ੍ਰੇਮ ਨਹੀਂ, ਧਰਮ ਨਹੀਂ, ਸੰਭਵ ਨਹੀਂ ਤਾਂਤੇ ਇਥੋਂ ਹੀ ਇਹ ਮੰਗ ਮੰਗ ਲਈਏ। ਸੋ ਆਪ ਜੀ ਨੇ ਅਰਜ਼ ਕੀਤੀ, 'ਹੇ ਅਨੰਤ ! ਆਪ ਦਾ ਹੁਕਮ ਜਗਤ ਵਿਚ ਬਜਾ ਲਿਆਉਣ ਵਾਲਾ ਕੌਣ ਹਾਂ ਮੈਂ ? ਜੇ ਤੂੰ ਮੇਰੀ ਮੈਂ ਵਿਚ ਉਥੇ ਚਲ ਕੇ ਵੱਸੇਂ ਜੋ ਇਹ ਮਿਲਾਪ-ਜੋ ਅੱਜ ਹੋਇਆ ਹੈ-ਨਾ ਖੁੱਸੇ, ਮੈਂ ਵਿਚ ਤੂੰ ਤੇ ਤੂੰ ਵਿਚ ਮੈਂ ਰਹੇ; ਅਨੰਤ, ਜਿਸ ਵਿਚ ਮੇਰੀ ਇਸ ਵੇਲੇ ਰੀਮਤਾ ਹੈ, ਮੇਰੇ ਵਿਚ ਰਹੇ, ਜੁਦਾਈ ਨਾ ਪਵੇ ਤੇ ਇਹ ਅਨੰਤ ਮੇਰੇ ਹਰ ਹਾਲ ਸਹਾਈ ਹੋਵੇ ਤਾਂ ਹੁਕਮ ਦੀ ਕਮਾਈ ਵਿਚ ਤਪੀ ਤਿਆਰ ਹੈ।' ਹੁਕਮੀ ਨੇ ਪ੍ਰਕਾਸ਼ ਕੀਤਾ-'ਮੈਂ ਤੇਰੇ ਵਿਚ ਤੂੰ ਮੇਰੇ ਵਿਚ ਪਰਸਪਰ ਇਹ ਮੇਲ, ਇਹ ਏਕਤਾ ਸਦਾ ਸਥਿਰ ਹੈ, ਕਦੇ ਟੁੱਟ ਨਹੀਂ ਸਕਦੀ। ਜਗਤ ਵਿਚ ਮੈਂ ਤੇਰਾ ਸਹਾਈ; ਜੀਕੂੰ ਪਿਤਾ ਉੱਥੇ ਪੁੱਤ੍ਰ ਦਾ ਸਹਾਈ ਹੈ ਤਿੱਕੁਰ ਮੈਂ ਤੇਰਾ ਸਹਾਈ ਹੋਵਾਂਗਾ, ਹਾਂ ! ਤੇਰੇ ਕਰਮ ਮੇਰੇ, ਤੇਰੇ ਵਿਚ ਪਵਿਤ੍ਰਤਾ ਮੇਰੀ ਤੈਨੂੰ ਲੇਪ ਛੇਪ ਨਹੀਂ ਲੱਗੇਗਾ[2]। ਤੂੰ ਪੁੱਤ੍ਰ ਮੈਂ ਪਿਤਾ ਹੋਵਾਂਗਾ[3]।'

ਹੁਣ ਦੁਪਹਿਰ ਹੋ ਆਈ। ਬਰਫ਼ਾਨੀ ਹੇਮਕੁੰਟ ਦੀਆਂ ਚੋਟੀਆਂ ਉਪਰ ਸੂਰਜ ਨਿੱਘੀਆਂ ਨਿੱਘੀਆਂ ਕਿਰਨਾਂ ਅਜੇ ਭੇਜ ਰਿਹਾ ਸੀ ਕਿ ਤਪੱਸੀ ਜੀ ਦੇ ਨੈਣ ਖੁੱਲ੍ਹੇ। ਬਿਸਮਾਦ ਹੈ, ਅਦਭੁਤ ਹੈ ਪਰਮ ਅਦਭੁਤ ਹੈ, ਰਸ ਭਰੇ ਨੈਣਾਂ ਦੇ ਛਪਰ ਖੁੱਲ੍ਹਦੇ ਹਨ, ਡਿਗਦੇ ਹਨ। ਕਦੇ ਉਸ ਅਨੰਤ ਦੇ ਝਲਕੇ ਦੇ ਹੁਲਾਰੇ ਵੱਜਦੇ ਹਨ, ਕਦੇ ਬਾਹਰ ਦਿੱਸਦੇ ਨਜ਼ਾਰੇ ਦਾ ਵਿਸਮਾਦ ਤੇ ਸਿਫਤ ਸਲਾਹ ਦਾ ਝਰਨਾਟਾ ਛਿੜਦਾ ਹੈ। ਕਦੇ ਚੁਪ ਅਡੋਲਤਾ ਦਾ ਇਕ ਸੁਖਦਾਈ ਲਹਿਰਾ ਛਾਉਂਦਾ ਹੈ, ਤੇ ਹੁਣ ਕਿਸੇ ਵੇਲੇ ਠੰਢੀ ਸੀਤ ਤੇ ਨਿੱਕੀ ਨਿੱਕੀ ਰੁਮਕ ਰਹੀ ਪੌਣ ਦਾ ਸੀਤਲਤਾ ਲਾ ਦੇਣ ਵਾਲਾ ਝੋਕਾ ਜਿਹਾ ਭੀ ਸਰੀਰ ਨੂੰ ਭਾਸਦਾ ਹੈ। ਘੰਟਾ ਕੁ ਭਰ ਇਸ ਤਰ੍ਹਾਂ ਦੇ ਰੰਗ ਵਿਚ ਰਹਿ ਕੇ ਆਪ ਉੱਠੇ।

ਹੁਕਮ ਦਾ ਨਕਸ਼ਾ ਅੱਖਾਂ ਅੱਗੇ ਹੈ-ਮਹਾਂਕਾਲ ਅਕਾਲ ਦੇ ਉਗ੍ਰ ਤਪਾਂ ਦੇ ਮਗਰੋਂ ਅਨੰਤ ਦੀ ਪ੍ਰਾਪਤੀ ਤੇ ਅਨੰਤ ਵਿਚ ਬਿਸ੍ਰਾਮ ਦਾ ਸੰਕਲਪ ਸੀ ਪਰ 'ਹੁਕਮ' ਹਾਂ 'ਹੁਕਮ' ਆਖਦਾ ਹੈ :-ਹੇਮਕੁੰਟ ਦੀ ਏਕਾਂਤ ਬੀ ਨਹੀਂ -ਮਾਤਲੋਕ। ਮਾਤਲੋਕ ਦੇ ਬੀ ਔਖੇ ਥਾਂ ਜਾ ਕੇ ਕੰਮ ਕਰੋ, ਨਮੂਨੇ ਦਾ ਮਰਦ ਬਣਾਓ ਜੋ ਸੁਖ ਦਾਤਾ ਹੋਵੇ। ਜੀਓ ! ਤੱਕੀਏ ਤਾਂ ਸਹੀ ਮਾਤਲੋਕ ਵਿਚ ਕੀ ਹੈ, ਤੇ ਕਿੱਥੇ ਜਾਣਾ ਹੈ ? ਤਦ ਆਪ ਨੇ ਨਜ਼ਰ ਪਾਈ, ਕੀ ਦੇਖਦੇ ਹਨ ਕਿ ਹਿੰਦੁਸਤਾਨ ਹੈ, ਔਰੰਗਜ਼ੇਬ ਤਖ਼ਤ ਪਰ ਹੈ, ਪਰਜਾ ਹਿੰਦੂ ਮੁਸਲਮਾਨ ਅਨੇਕ ਮਤਾਂ ਮਤਾਂਤਰਾਂ ਦੀ ਹੈ, ਅੰਧਕਾਰ ਛਾ ਰਿਹਾ ਹੈ, ਆਮ ਵਿਦਿਆ ਦੇ ਦਰਵਾਜ਼ੇ ਬੰਦ ਹਨ, ਹਿੰਦੂਆਂ ਵਿਚ ਡਰ, ਵਹਿਮ, ਕਾਇਰਤਾ ਛਾ ਰਹੀ ਹੈ। ਮੁਸਲਮਾਨਾਂ ਵਿਚ ਧੱਕਾ, ਅਵਿੱਦਯਾ, ਭਰਮ, ਜ਼ੋਰ ਜ਼ੁਲਮ ਵਰਤ ਰਿਹਾ ਹੈ! ਦੀਨਦਾਰਾਂ ਤੇ ਪੰਡਤਾਂ ਵਿਚ ਝਗੜੇ, ਖਹਿ ਖਹਿ ਮਰਨਾਂ ਜ਼ੋਰਾਂ ਪਰ ਹੈ! ਸ੍ਰਿਸ਼ਟੀ ਕਮਜ਼ੋਰ ਤੇ ਨਿਤਾਣੀ ਹੈ। ਹਾਂ, ਪਰਜਾ ਦੁਖੀ ਹੈ, ਅਤਿ ਦੁਖੀ ਹੈ।

ਔਰੰਗਜ਼ੇਬ ਦਰਬਾਰ ਵਿਚ ਬੈਠਾ ਹੈ, ਪਿਉ ਨੂੰ ਕੈਦ ਪਾਯਾ ਹੈ! ਵੱਡੇ ਭਰਾ ਦਾਰਾ ਦਾ ਸਿਰ ਵੱਢ ਕੇ ਪੇਸ਼ ਹੁੰਦਾ ਹੈ। ਹੁਕਮ ਦੇਂਦਾ ਹੈ-ਖੂਬ, ਮੂੰਹ ਧੋ ਕੇ ਸਾਫ ਕਰੋ, ਫੇਰ ਪਛਾਣਦਾ ਹੈ ਕਿ ਹਾਂ ਠੀਕ ਦਾਰਾ ਹੈ। ਦਿਲ ਵਿਚ ਠੰਢ ਪੈਂਦੀ ਹੈ, ਫੇਰ ਅੱਖਾਂ ਵਿਚ ਹੰਝੂ ਭਰਦਾ ਹੈ, ਇਕ ਪਿਉ ਦੇ ਪੁਤ੍ਰ ਕੱਠੇ ਖੇਡੇ ਪਲੇ ਸੇ। ਵਾਹ ਪਾਤਸ਼ਾਹੀ। ਇਕ ਭਰਾ ਕਾਤਲ ਇਕ ਮਕਤੂਲ,

---

1. ਜਾਹਿ ਤਹਾਂ ਤੈਂ ਧਰਮ ਚਲਾਇ॥ ਕਬੁਧ ਕਰਨ ਤੇ ਲੋਕ ਹਟਾਇ॥
2. ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ॥
ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ॥੩੮॥
(ਸ: ਸਹ: ਮਹਲਾ ੫)
3. ਮੈਂ ਅਪਨਾ ਸੁਤ ਤੋਹਿ ਨਿਵਾਜਾ॥ (ਬਚਿ; ਨਾ:)

ਇਕ ਭਰਾ ਤਖਤ ਬੈਠੇ ਦੇ ਸਾਹਮਣੇ ਦੂਜੇ ਭਰਾ ਦਾ ਸਿਰ ਤਾਸ਼ ਵਿਚ ਪਿਆ ਹੈ[1]। 'ਰਾਜ ਪਿਆਰੇ ਰਾਜਿਆਂ ਵੀਰ ਦੁੱਪਰਿਆਰੇ।' ਜੀ ਹਾਂ ਔਰੰਗਜ਼ੇਬ ਨੇ ਫਤਹ ਪਾ ਲਈ, ਸਾਰੇ ਭਰਾ ਜ਼ੇਰ ਕਰ ਲਏ, ਪਾਤਸ਼ਾਹ ਹੋ ਗਿਆ। ਸ਼ੁਕਰਾਨੇ ਵਿਚ ਦਿੱਲੀ ਦੀ ਮਸਜਿਦ ਬਣੀ ਹੈ: ਜੀ ਹਾਂ, ਮਜ਼ਹਬ ਦਾ ਚੋਗਾ ਆਪਣੇ ਦਿਲ ਦੇ ਅਰ ਖ਼ਲਕਤ ਦੇ ਵਿਚਕਾਰ ਤਾਣ ਰਿਹਾ ਹੈ। ਉਸ ਕਾਮਯਾਬੀ ਲਈ ਜੋ ਆਪਣੀ ਬਦੀ ਨਾਲ ਉਸ ਨੂੰ ਹੋਈ ਹੈ, ਉਹ ਰੱਬ ਦਾ ਸ਼ੁਕਰ ਕਰ ਰਿਹਾ ਹੈ। ਓਧਰ ਭਰਾ ਤੇ ਰਿਸ਼ਤੇਦਾਰ ਕਤਲ ਕੀਤੇ ਜਾ ਰਹੇ ਹਨ, ਇਧਰ ਮਸਜਿਦ ਉਸਾਰੀ ਜਾ ਰਹੀ ਹੈ ਕਿ ਰੱਬ ਦਾ ਸ਼ੁਕਰੀਆ ਹੈ!!! ਹਿੰਦ ਦਾ ਪਾਤਸ਼ਾਹ ਫ਼ਕੀਰੀ ਲਿਬਾਸ ਵਿਚ ਮਸੀਤੇ ਆਉਂਦਾ ਤੇ ਇਮਾਮ ਦਾ ਕੰਮ ਕਰਦਾ ਹੈ; ਪਰ ਹਾਂ, ਇਕ ਪਾਸੇ ਉਸ ਦਾ ਹੱਥ ਦੁਆ ਵਿਚ ਖੁਦਾ ਵੱਲ ਉੱਠ ਰਿਹਾ ਹੈ, ਦੂਜੇ ਪਾਸੇ ਉਸ ਦਾ ਦੂਸਰਾ ਹੱਥ ਆਪਣੇ ਰਿਸ਼ਤੇਦਾਰਾਂ ਦੇ ਕਤਲਨਾਮਿਆਂ ਪਰ ਦਸਖਤ ਕਰ ਰਿਹਾ ਹੈ। ਇਹ ਰਿਆਕਾਰ ਪਾਤਸ਼ਾਹ ਬਾਜ਼ੇ ਬਾਜ਼ੇ ਦੰਭੀ ਫਕੀਰਾਂ ਦਾ ਚੰਗਾ ਸਾਥੀ ਬਣਦਾ ਹੈ[2]।

ਦਰਬਾਰ ਲੱਗਾ ਹੈ, ਸੁਲੇਮਾਨ ਔਰੰਗਜ਼ੇਬ ਦੇ ਪੇਸ਼ ਹੁੰਦਾ ਹੈ। ਅਰਜ਼ ਕਰਦਾ ਹੈ ਕਿ ਮੈਨੂੰ ਦਵਾਈਆਂ ਪਿਲਾ ਪਿਲਾ ਕੇ ਖੁਆਰ ਕਰਨ ਦੀ ਥਾਂ ਇਕ ਦਮ ਮਾਰ ਦਿੱਤਾ ਜਾਵੇ। ਸਭ ਦਰਬਾਰੀ ਰੋਂਦੇ ਹਨ, ਔਰੰਗਜ਼ੇਬ ਤਰਸ ਕਰਦਾ ਹੈ ਤੇ ਇਕਰਾਰ ਕਰਦਾ ਹੈ ਕਿ ਤੂੰ ਸਲਾਮਤ ਤੇ ਖੁਸ਼ਹਾਲ ਰਹੇਂਗਾ। ਦਰਬਾਰ ਵਿਚ ਇਕ ਪਰਦੇਸੀ 'ਬਰਨੀਅਰ' ਬੀ ਬੈਠਾ ਹੈ, ਉਸ ਦੇ ਸਾਹਮਣੇ ਬਚਨ ਹੁੰਦੇ ਹਨ, ਪਰ ਔਰੰਗਜ਼ੇਬ ਦਾ ਬਚਨ ਟੁੱਟਦਾ ਹੈ: ਸੁਲੇਮਾਨ, ਉਸ ਦਾ ਭਾਈ ਤੇ ਮੁਰਾਦ ਦਾ ਛੋਟਾ ਲੜਕਾ ਤ੍ਰੈਏ ਗਵਾਲਿਯਰ ਵਿਚ ਥੋੜੇ ਚਿਰ ਬਾਦ ਮਾਰੇ ਜਾਂਦੇ ਹਨ[3]।

ਔਰੰਗਜ਼ੇਬ ਨੂੰ ਸੂਕੜਾ ਚੜ੍ਹਦਾ ਹੈ ਕਿ ਭਾਵੇਂ ਮੇਰੇ ਭਰਾ ਮੁਰਾਦ ਨੇ ਜੁਰਮ ਕੋਈ ਨਹੀਂ ਕੀਤਾ, ਪਰ ਉਸ ਦਾ ਜੀਉਣਾ ਚੰਗਾ ਨਹੀਂ। ਇਕ ਆਦਮੀ

1. ਐਲਫਿਨਸਟਨ ਦਾ ਹਿੰਦ ਦਾ ਇਤਿਹਾਸ ਭਾਗ ੨, ਸਫਾ ੪੪੭।
2. ਡਊ ਦਾ ਇਤਿਹਾਸ ਜਿਲਦ ੩, ਸਫਾ ੩੫੫, ਦੇਖੋ 'ਲਾਲ ਰੁਖ' ਪੰਨਾ ੨੧੮ ਪਰ ਨੋਟ ਸਫਾ ੨ ਦਾ,
3. ਐਲਫਿਨਸਟਨ ਭਾਗ ੨, ਪੰਨਾ ੪੫੦।

ਗੁਜਰਾਤ ਤੋਂ ਮੰਗਵਾਇਆ ਜਾਂਦਾ ਹੈ, ਉਹ ਆ ਕੇ ਅਰਜ਼ੀ ਪਾਉਂਦਾ ਹੈ ਕਿ ਸ਼ਾਹਜ਼ਾਦਾ ਮੁਰਾਦ ਨੇ, ਜਦੋਂ ਉਹ ਗੁਜਰਾਤ ਦਾ ਸੂਬੇਦਾਰ ਸੀ, ਮੇਰੇ ਪਿਉ ਨੂੰ ਮਰਵਾ ਦਿੱਤਾ ਸੀ। ਤਦੋਂ ਨਾਮ-ਮਾਤਰ ਮੁਕੱਦਮਾ ਕਰ ਕੇ ਮੁਰਾਦ ਆਪਣੇ ਕੈਦਖਾਨੇ ਵਿਚ ਹੀ ਕਤਲ ਕਰਵਾ ਦਿੱਤਾ ਜਾਂਦਾ ਹੈ[1]:

ਔਰੰਗਜ਼ੇਬ ਦੇ ਹੁਕਮ ਨਾਲ ਹਿੰਦੂਆਂ ਤੇ ਜਜ਼ੀਆ ਲੱਗ ਰਿਹਾ ਹੈ। ਹੁਕਮ ਹੋ ਰਿਹਾ ਹੈ ਪ੍ਰਵਿਸ਼ਟੇ ਸੰਮਤ ਨਾ ਵਰਤਿਆ ਜਾਵੇ, ਇਹ ਸੂਰਜ ਉਪਾਸ਼ਕਾਂ ਦਾ ਤ੍ਰੀਕਾ ਹੈ ਸੋ ਚੰਦ੍ਰਮਾਂ ਵਾਲਾ ਸੰਮਤ ਸ਼ੁਰੂ ਹੋਇਆ, ਭਾਵੇਂ ਏਸ ਵਿਚ ਕਿੰਨੇ ਨੁਕਸ ਸਨ। ਬੁਤਪ੍ਰਸਤੀ ਦੇ ਤਿਉਹਾਰ ਹੁਕਮਨ ਬੰਦ ਕੀਤੇ ਹਨ, ਜਿਨ੍ਹਾਂ ਨੂੰ ਜ਼ਰਾ ਦਿਖਾਵੇ ਨਾਲ ਮਨਾਇਆ ਜਾਂਦਾ ਸੀ। ਹਿੰਦੂ ਦਿਹਾਰਾਂ ਪਰ ਮੇਲੇ ਬੰਦ ਕੀਤੇ ਗਏ ਹਨ,[2] ਸੜਕਾਂ ਦੇ ਮਹਿਸੂਲ ਵਧਾ ਦਿੱਤੇ, ਰਾਗ, ਨਾਚ, ਭੰਡ ਤੇ ਮਹਿਲਾਂ ਦੇ ਗਵੱਯੇ ਰਾਗੀ ਸਭ ਦੇ ਵਿਰੁੱਧ ਹੁਕਮ ਹੋ ਗਿਆ। ਕਵੀ ਤੇ ਜਤੋਸ਼ੀ ਮੌਕੂਫ ਕੀਤੇ ਗਏ, ਕਵਿਤਾ ਰਚਨੀ ਯਾ ਪੜ੍ਹਨੀ ਬੰਦ ਕੀਤੀ ਗਈ ਹੈ। ਇਤਿਹਾਸ ਲਿਖਣ ਦੀ ਮਨਾਹੀ ਕਰਾ ਦਿੱਤੀ ਹੈ। ਮੁਕੱਦਮੇ ਮੁਸਲਮਾਨੀ ਸ਼ਰ੍ਹਾ ਅਨੁਸਾਰ ਕਰੋ, ਇਸ ਤਰ੍ਹਾਂ ਦੇ ਹੁਕਮ ਦੇ ਰਿਹਾ ਹੈ। ਹਾਂ, ਔਰੰਗਜ਼ੇਬ ਫ਼ੁਰਮਾਨ ਜਾਰੀ ਕਰਾ ਰਿਹਾ ਹੈ ਕਿ ਹਿੰਦੂਆਂ ਨੂੰ ਸਰਕਾਰੀ ਅਹੁਦੇ ਨਾ ਦਿਓ, ਸਭ ਪਰ ਮੁਸਲਮਾਨ ਰਖੋ[3]।

ਔਰੰਗਜ਼ੇਬ ਮਸੀਤੇ ਜਾ ਰਿਹਾ ਹੈ, ਹਿੰਦੂ ਬਜ਼ਾਰਾਂ ਵਿਚ ਅਰਜ਼ ਕਰਨ ਲਈ ਖੜੇ ਹਨ ਕਿ ਜਜ਼ੀਆ ਮਾਫ ਕੀਤਾ ਜਾਵੇ। ਬਜ਼ਾਰ ਭਰੇ ਪਏ ਹਨ, ਰਸਤਾ ਨਹੀਂ, ਹੁਕਮ ਹੁੰਦਾ ਹੈ-ਕੂਚ!! ਹਾਥੀ ਅਰ ਘੋੜੇ ਦੌੜ ਪੈਂਦੇ ਹਨ ਤੇ ਖ਼ਲਕਤ ਨੂੰ ਕੁਚਲਦੇ ਲੰਘ ਜਾਂਦੇ ਹਨ[4]।

ਪਾਤਸ਼ਾਹ ਨੂੰ ਦੀਨ ਦਾ ਹਠ ਪੈ ਗਿਆ ਹੈ ਨਾ ਨਿਰਾ ਹਿੰਦੂਆਂ ਦੇ ਉਲਟ, ਸਗੋਂ ਸ਼ਈਆ ਮੁਸਲ-ਮਾਨਾਂ ਤੇ ਸੂਫ਼ੀਆਂ ਦੇ ਉਲਟ ਬੀ। ਕੋਮਲ ਉਨਰਾਂ

1. ਐਲਫਿਨਸਟਨ ਭਾਗ ੨, ਪੰਨਾ ੪੫੧, ਪਰ ਬਰਨੀਅਨ ਤੇ ਖਫੀ ਖ਼ਾਂ ਦਾ ਹਵਾਲਾ ਦੇ ਕੇ।
2. ਐਲਫਿਨਸਟਨ ਪੰਨਾ ੪੯੦, ੪੯੧, ੪੯੨, ੪੯੩।
3. ਐਲਫਿਨਸਟਨ ਪੰਨਾ ੪੯੦ ਤੋਂ ੪੯੩.
4. ਐਲਫਿਨਸਟਨ ਪੰਨਾ ੪੯੪।

ਦੀ ਤਬਾਹੀ ਲਈ ਪਾਤਸ਼ਾਹ ਨੇ ਲੱਠ ਫੜ ਲਈ ਹੈ ਅਰ ਵਿਦਯਾ ਦੇ ਆਮ ਪ੍ਰਚਾਰ ਦਾ ਕੋਈ ਵਸੀਲਾ ਨਹੀਂ। ਇਹ ਹੁੰਦਾ ਹੀ ਹੈ ਕਿ ਜਦ ਕੋਈ ਪਾਤਸ਼ਾਹ ਇਕ ਫਲ ਜਬਰਨ ਤੋੜੇ ਤਾਂ ਉਸਦੀ ਸੈਨਾ ਬਾਗਾਂ ਦੇ ਬਾਗ ਉਜਾੜ ਕੱਢਦੀ ਹੈ। ਜਦੋਂ ਪਾਤਸ਼ਾਹ ਨੇ ਹਿੰਦੂਆਂ ਦੇ ਵਡੇ ਵਡੇ ਮੰਦਰ ਗਿਰਾਕੇ ਮਸਜਿਦਾਂ ਬਣਾ ਦਿੱਤੀਆਂ ਤਦ ਮੁਖਿਆਂ ਤੇ ਛੋਟੇ ਅਫਸਰਾਂ ਦੇ ਇਲਾਕਿਆਂ ਵਿਚ ਵਰਤੇ ਅਨਜਾਯ ਦਾ ਅੰਦਾਜ਼ਾ ਕਿੱਕੁਣ ਹੋ ਸਕਦਾ ਹੈ ?

ਗੱਲ ਕੀ, ਇਸ ਤਰ੍ਹਾਂ ਜੋ ਕੁਛ ਬੀ ਦੇਸ਼ ਵਿਚ ਵਰਤ ਰਿਹਾ ਸੀ ਤੇ ਵਰਤਣ ਵਾਲਾ ਸੀ ਸਾਰਾ ਤਪੱਸ੍ਰੀ ਜੀ ਨੇ ਵੇਖ ਲਿਆ। ਇਨ੍ਹਾਂ ਨੇ ਤੱਕ ਲਿਆ ਕਿ ਇਕ ਪਾਸੇ ਤਾਂ ਤ੍ਰਿਸ਼ਨਾਲੂ ਮਨਾਂ ਨੂੰ ਭੈ, ਵੈਰ ਤੇ ਅਵਿਦਯਾ ਨੇ ਨਿਕਾਰੇ ਤੇ ਕਾਇਰ ਕਰ ਦਿੱਤਾ ਹੈ, ਦੂਜੇ ਪਾਸੇ ਤ੍ਰਿਸ਼ਨਾ ਨੇ ਲੋਕਾਂ ਨੂੰ ਨਿਰਦਈ ਤੇ ਧੱਕੇ ਖੋਰ ਬਣਾ ਦਿੱਤਾ ਹੈ। 'ਰੱਬ ਦਾ ਮਨੁੱਖ' ਯਾ ਬੰਦਾ, ਯਾ 'ਆਦਰਸ਼ਕ ਆਦਮੀ' ਕੋਈ ਦਿੱਸਦਾ ਹੀ ਨਹੀਂ। ਇਕ 'ਆਦਮੀ ਦਾ ਨਮੂਨਾ' ਯਾ ਵਾਹਿਗੁਰੂ ਵਾਂਛਤ ਨਮੂਨੇ ਦਾ ਆਦਮੀ ਯਾ ਐਸਾ 'ਨਮੂਨਾ' ਜੈਸਾ ਇਨਸਾਨ ਕਿ ਕਾਦਰ ਦੀ ਕੁਦਰਤ ਚਾਹੁੰਦੀ ਹੈ, ਬਣਾ ਦਿਖਾਉਣਾ ਇਹ ਮਹਾਂ ਕਠਨ ਕੰਮ ਤਪੱਸ੍ਰੀ ਜੀ ਨੇ ਆਪਣੇ ਅੱਗੇ ਡਿੱਠਾ। ਪਰਜਾ ਦੇ ਦਿਲਾਂ ਦਾ ਨਕਸ਼ਾ, ਕਮਜ਼ੋਰੀ, ਗਿਰਾਉ, ਪਾਤਸ਼ਾਹਾਂ ਦੇ ਦਿਲਾਂ ਦਾ ਨਕਸ਼ਾ, ਤੰਗ ਦਿਲੀ, ਸਖਤੀ, ਧੱਕਾ, ਭੈ ਦੇਣਾ ਤੇ ਮਲਨਾ ਭੁੰਜਣਾ, ਇਹ ਸਭ ਕੁਛ ਡਿੱਠਾ। ਆਪ ਸੋਚੀਂ ਪੈ ਗਏ ਕਿ ਅਨੰਤ ਦੀ ਪ੍ਰਾਪਤੀ ਪਰ ਸਾਡੇ ਹਿੱਸੇ ਕਿਤਨਾ ਕਠਨ ਕੰਮ ਆ ਗਿਆ ਹੈ। ਪਰ 'ਹੁਕਮ' ਦਾ ਉਤਸ਼ਾਹ ਆਪ ਨੂੰ ਤਜਾਰੇ ਵਿਚ ਲਾ ਰਿਹਾ ਹੈ, ਸੁਰਤ ਅਨੰਤ ਦੇ ਚਰਨਾਂ ਵਿਚ ਖੋਭ ਰਖੀ ਹੈ[1] ਤੇ ਬਲ ਦਾ ਤੇਜ ਜੋ ਆਪ ਵਿਚ ਹੈ, ਆਪ ਨੂੰ ਕਿਸੇ ਸੰਕੋਚ ਯਾ ਭੈ ਵਿਚ ਨਹੀਂ ਪਾ ਰਿਹਾ; ਇਹ ਹੈ ਹੁਕਮ ਵਿਚ ਹੁਓਮੈ ਤੋਂ ਅਤੀਤ-ਤਾਈ[2]।

1. ਚਿਤ ਨ ਭਇਓ ਹਮਰੋ ਆਵਨ ਕਹਿ॥ ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ॥ (ਬਚਿਤ੍ਰ ਨਾਟਕ)
2. ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੈ ਨ ਕੋਇ॥ (ਜਪੁਜੀ)

## ੨.

ਸੂਰਜ ਢਲ ਰਿਹਾ ਹੈ, ਪਾਣੀ ਦਾ ਡਲ-ਜੋ ਮੀਲ ਕੁ ਦੇ ਲਗ ਪਗ ਹੋਸੀ— ਦੇ ਲਾਗੇ ਇਕ ਪੱਧਰ ਤੇ ਸ਼ਿਲਾ ਹੈ, ਇਥੇ ਤਪੱਸ੍ਰੀ ਜੀ ਬੈਠੇ ਹਨ, ਹੋਰ ਤਪੱਸ੍ਰੀ ਆ ਰਹੇ ਹਨ, ਚੰਗਾ ਸਮਾਗਮ ਹੋ ਗਿਆ। ਇਹਨਾਂ ਵਿਚ ਇਕ ਜੋਗ ਨਾਥ ਜੀ ਆ ਕੇ ਬੈਠੇ ਸਨ; ਓਹ ਬੋਲੇ--

"ਹੇ ਬਖਸ਼ੇ ਤਪੱਸ੍ਰੀ ਜੀ ! ਅਸੀਂ ਸਾਰੇ ਇਥੇ ਆਪ ਨੂੰ ਆਪਣਾ ਸ਼ਿਰੋਮਣੀ ਮੰਨਦੇ ਹਾਂ, ਆਪ ਪਰ ਕੋਈ ਗ਼ੈਬੀ ਮਿਹਰ ਹੈ। ਆਪ ਸਮਦਰਸ਼ੀ ਹੋ, ਆਪ ਉੱਗ੍ਰ ਤਪੀ ਹੋ। ਮੈਂ ਅੱਜ ਆਪਣੀ ਸਮਾਧੀ ਵਿਚ ਡਿੱਠਾ ਹੈ ਕਿ ਆਪ ਕਿਸੇ ਭਾਰੇ ਪਰਮਪਦ ਨੂੰ ਪੁੱਜਕੇ ਫੇਰ ਮੋਹ ਮਾਯਾ ਵਿਚ ਆ ਗਏ ਹੋ, ਅਰ ਆਪ ਨੂੰ ਉਪਕਾਰ ਦੀ ਮਾਯਾ ਫੁਰ ਪਈ ਹੈ ਤੇ ਆਪ ਲੋਕ ਵਿਚ ਰਾਜਾ ਬਣਨਾ ਚਿਤਵ ਰਹੇ ਹੋ। ਅਸੀਂ ਆਪ ਦਾ ਸਤਿਕਾਰ ਕਰਦੇ ਹਾਂ, ਪਰ ਜੇ ਇਹ ਸੱਚ ਹੈ ਤਾਂ ਆਪ ਆਪਣੇ ਆਪ ਨੂੰ ਇਸ ਮਾਯਾ ਤੋਂ ਬਚਾ ਲਓ, ਮਾਯਾ ਬੜੀ ਜ਼ਬਰਦਸਤ ਹੈ, ਜੋ ਸਾਨੂੰ ਏਥੇ ਮਹਾਂ ਕਠਨ ਬਨਾਂ ਤੇ ਏਕਾਂਤ ਪਰਬਤਾਂ ਵਿਚ ਵੀ ਨਹੀਂ ਛੋੜਦੀ।"

ਬਖਸ਼ੇ ਤਪੱਸ੍ਰੀ ਜੀ[1] ਬੋਲੇ--ਹੇ ਜੋਗਨਾਥ ਜੀਉ ! ਮੈਂ ਪਰਮ ਬ੍ਰਹਮ, ਪੂਰਨ ਬ੍ਰਹਮ ਦਾ ਮਿਲਾਪ ਪਾਯਾ ਹੈ, ਪਰ ਮੈਂ ਡਿੱਠਾ ਹੈ ਕਿ ਉਹ ਵਜੂਦ ਤੇ ਹੁਕਮ ਹੈ, ਕੋਈ 'ਅਚਨਚੇਤ ਹੈ' ਨਹੀਂ ਹੈ। ਨਾ ਤਾਂ ਉਹ 'ਭੈ, ਭਰਮ ਵੈਰ' ਵਾਲਾ ਰੱਬ ਹੈ, ਨ ਉਹ ਇਕ ਅਹਿੱਲ ਤੇ ਜੜ੍ਹ 'ਹੋਂਦ' ਮਾਤ੍ਰ ਹੈ। ਉਹ ਹੈ ਤਾਂ ਅਨੰਤ ਪਰ ਉਸ ਦੀ ਆਪਣੀ ਦੇਸ਼ ਕਾਲ ਰਹਿਤ ਯਥਾਰਥਤਾ ਵਿਚ ਉਸੇ ਰੰਗ ਦਾ ਕੁਛ ਹੈ; ਇਸ ਨੂੰ ਮੈਂ 'ਹੁਕਮ' ਕਹਿ ਸਕਦਾ ਹਾਂ। ਉਹ ਤਾਂ ਮਹਾਂ ਸ਼ਕਤੀ ਹੈ, ਸਮਰੱਥਾ ਹੈ, ਕ੍ਰਿਪਾ ਹੈ, ਅਰ ਫੇਰ ਅਲੇਪਤਾ ਹੈ[2]। ਮੈਨੂੰ ਉਸ ਹੁਕਮ ਵਾਲੇ ਮਾਲਕ ਦੇ ਹੁਕਮ ਵਿਚੋਂ ਇਹ ਕੰਮ ਕਰਨੇ ਦੀ ਆਗਯਾ ਹੋਈ ਹੈ, ਜਿਸ ਅੱਗੇ ਮੈਂ ਅਦਬ, ਸਤਿਕਾਰ, ਲਾਡ, ਪਯਾਰ ਤੇ ਆਗਯਾਕਾਰੀ ਵਾਲੀ ਨਾਂਹ ਬੀ ਵਿਚਾਰੀ

1. ਆਪ ਨੂੰ ਇਸ ਤਪ ਸਮੇਂ 'ਦੁਸ਼ਟ ਦਮਨ' ਕਰਕੇ ਬੀ ਲਿਖਿਆ ਹੈ।
2. ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ (ਵਾਰ ਆਸਾ ਮ: ੧)

ਸੀ, ਮੇਰਾ ਚਿਤ ਉਸ ਅਨੰਤ ਦੇ ਰਸ ਨੂੰ ਛੱਡਣ ਦਾ ਬੀ ਨਹੀਂ ਹੈ ਕਿਉਂਕਿ ਉਸ ਸਰਬ ਸਮਰੱਥ ਹੁਕਮ ਨਾਲ ਮਰਜ਼ੀ ਦੀ ਸੁਰ ਇਕਸੁਰ ਕਰੀ ਰੱਖਣੀ ਹੀ ਧਰਮ ਹੈ। ਧਰਤੀ ਤੋਂ ਪਾਣੀ ਬੜੇ ਜੱਫਰ ਜਾਲ ਜਾਲ, ਸਫਰ ਕਰ ਕਰਕੇ ਸਮੁੰਦ੍ਰ ਵਿਚ ਪੁੱਜਾ, ਅੱਗੋਂ ਸਮੁੰਦ੍ਰ ਹੁਕਮ ਦੇਵੇ ਕਿ ਅਕਾਸ਼ਾਂ ਨੂੰ ਹਵਾੜ ਬਣਕੇ ਚੜ੍ਹ ਜਾਓ ਤੇ ਧਰਤੀ ਪਰ ਵਸੋ ਤੇ ਠੰਢ ਪਾਓ ਤਾਂ ਪਾਣੀ ਦਸੋ ਕੀਹ ਕਰੇ ? ਹੁਕਮ ਅੱਗੇ ਸੱਤਿ ਬਚਨ।

ਸੰਨਜਾਸ ਹਾਲ ਤਪੀ ਜੀ ਬੋਲੇ :-ਹੇ ਬਖਸ਼ੇ ਤਪੱਸ੍ਰੀ ਰਾਜ ਜੀ ! ਆਪ ਦਾ ਵਾਕ ਸਤਿ, ਮੰਨਣ ਯੋਗ ਹੈ, ਪਰ ਉਸ ਅਬਿਨਾਸ਼ ਨਿਰਵਿਕਾਰ ਵਿਚ ਇੱਛਾ ਨਹੀਂ ਹੋ ਸਕਦੀ, ਉਹ ਸਰਬ ਵਾਸ਼ਨਾ ਦਾ ਖਯਪਦ ਹੈ, ਇਹ ਆਪਨੂੰ ਮਾਯਾ ਨੇ ਟਪਲਾ ਦਿੱਤਾ ਹੋਣਾ ਹੈ।

ਬਖਸ਼ੇ ਤਪੀ ਜੀ-ਮੈਂ ਕੀ ਆਖਾਂ ? ਮੈਂ ਡਿੱਠਾ ਤੁਸਾਂ ਅਜੇ ਡਿੱਠਾ ਨਹੀਂ। ਜੋ 'ਵਾਸ਼ਨਾ' ਆਪ ਕਹਿੰਦੇ ਹੋ, ਠੀਕ, ਵਾਸ਼ਨਾ ਮਨ ਤੋਂ ਉਪਜਦੀਆਂ ਹਨ, ਪਰ 'ਅਨੰਤ' ਦਾ ਸਰੀਰ ਤੇ ਮਨ ਨਹੀਂ ਹੈ, ਉਥੇ ਉਹ ਵਾਸ਼ਨਾ ਨਹੀਂ, ਜਿਨ੍ਹਾਂ ਦੇ ਅਸੀਂ ਜਾਣੂ ਹਾਂ। ਉਸ ਅਨੰਤ ਵਿਚ ਜੋ 'ਹੁਕਮ' ਹੈ ਓਹ ਸਰੀਰ ਧਾਰੀਆਂ ਦੀ ਵਾਸ਼ਨਾ ਤੁੱਲ ਨਹੀਂ ਹੈ ਜੋ ਵਿਕਾਰ ਰੂਪ ਹਨ ਨਿਰਵਿਕਾਰ ਦੀ ਚੇਤਨਤਾ ਦੇ ਕ੍ਰਿਸ਼ਮੇ ਸਭੇ ਅਨੰਤ ਅਤੇ ਨਿਰਵਿਕਾਰ ਹਨ।

ਅਲਹਯਾਰ ਤਪੀ-ਉਸ ਹੁਕਮ ਦੀ ਕੁਛ ਵਿਆਖਿਆ ਕਰੋ।

ਬਖਸ਼ੇ ਤਪੱਸ੍ਰੀ ਜੀ-ਜੀਕੁਰ ਬ੍ਰਹਮ, ਰੱਬ, ਪਰਮੇਸ਼੍ਵਰ ਵਰਣਨ ਨਹੀਂ ਹੋ ਸਕਦਾ ਉਸੇ ਤਰ੍ਹਾਂ ਓਸ ਦਾ ਹੁਕਮ ਬੀ ਵਰਣਨ ਨਹੀਂ ਹੋ ਸਕਦਾ[1]।

ਬੋਧ ਮੁਨੀ ਜੀ-ਭੁਲੇਵਾ ਹੈ, ਜਦ ਨਿਰਵਾਣ ਹੋ ਗਿਆ ਉਥੇ ਕੋਈ ਫੁਰਨਾ ਮਾਤ੍ਰਾ ਨਹੀਂ, ਤਦ ਹੁਕਮ ਕੀ ?

ਬਖਸ਼ੇ ਤਪੀ ਜੀ-ਜਿਸਨੂੰ ਤੁਸੀਂ 'ਹੁਕਮ' ਆਖਦੇ ਹੋ, ਜੋ ਦੇਸ਼ ਕਾਲ ਤੇ ਹੱਦ ਵਾਲੇ ਮਨਾਂ ਵਿਚ ਉਪਜਦਾ ਹੈ, ਉਹ ਹੁਕਮ ਉਥੇ ਨਹੀਂ ਹੈ, ਠੀਕ ਹੈ : ਪ੍ਰੰਤੂ ਜੋ ਹੁਕਮ ਉਥੇ ਹੈ ਉਹ ਐਉਂ ਹੈ ਜਿਕੂੰ ਸਮੁੰਦਰ ਵਿਚ ਦਰਯਾ ਵਗਦੇ ਹੋਣ ਤੇ ਉਹ ਸਮੁੰਦਰ ਰੂਪ ਬੀ ਹੋਣ ਤਾਂ ਪਰਤੀ ਵਾਲੇ ਲਈ ਤਾਂ ਅਚੰਭਾ ਹੀ ਹੋਵੇ।

ਮੋਨਮੁਨੀ ਜੀ-ਜਦ ਹੈ ਹੀ ਕੁਛ ਨਹੀਂ ਤਾਂ ਫਿਰ ਕੀ ?

ਬਖਸ਼ੇ ਤਪੱਸ੍ਰੀ ਜੀ-ਜੇ ਹੈ ਹੀ ਕੁਛ ਨਹੀਂ ਤਾਂ ਤੁਸੀਂ ਆਪਣੇ ਖਯਾਲ ਵਿਚ 'ਹੈ ਨਹੀਂ' ਦਾ ਖਯਾਲ ਵਸਾਕੇ ਕਿਤਨਾ ਸਮਾਂ ਲਾ ਚੁਕੇ ਹੋ ਤੇ ਦੱਸੋ ਤੁਸੀਂ 'ਹੈ ਨਹੀਂ' ਹੋ ਗਏ ਹੋ ? ਤੁਸੀਂ 'ਹੋ'। 'ਹੈ' ਨਾ ਦੂਰ ਹੋਣ ਵਾਲਾ ਮਾਮਲਾ ਹੈ ਅਰ 'ਹੈ' ਜ਼ਰੂਰ ਹੈ। 'ਨਹੀਂ' ਤੋਂ 'ਹੈ' ਨਹੀਂ ਪਰ 'ਹੈ' ਤੋਂ 'ਹੈ' ਪ੍ਰਕਾਸ਼ਦੀ ਹੈ। ਇਸ 'ਹੈ' ਦੀ ਅਨੰਤਤਾਈ ਚੇਤਨ ਹੈ ਤੇ ਆਪਣੇ ਕਿਸੇ ਰੰਗ ਵਿਚ ਹੈ, ਜੋ ਮਨ ਬੁੱਧਿ ਤੋਂ ਪਰੇ ਹੈ।

ਬਈ ਸੱਜਣ ਜਨੋਂ ਇਕ ਗੱਲ ਵਿਚਾਰ ਲਵੋ ! ਇਹ ਜੋ ਮੈਂ ਹੁਕਮ ਦੀ ਗੱਲ ਦੱਸੀ ਹੈ, ਮੇਰੇ ਲਈ ਤਾਂ ਪੱਕ ਯਕੀਨੀ ਗੱਲ ਹੈ, ਕਿਸੇ ਸੰਸੇ ਭਰਮ ਦੀ ਓਸ ਵਿਚ ਥਾਂ ਨਹੀਂ, ਮੈਂ ਅੱਖੀਂ ਡਿੱਠਾ ਤੇ ਹੱਡੀਂ ਵਰਤਿਆ ਕਹਿ ਰਿਹਾ ਹਾਂ, ਅਰਥਾਤ ਪ੍ਰਤੱਖ ਅਨੁਭਵ ਕੀਤੀ ਗੱਲ ਦੱਸ ਰਿਹਾ ਹਾਂ, ਪ੍ਰੰਤੂ ਜੇਕਰ ਤੁਸਾਂ ਨੂੰ ਸੰਸੇ ਹਨ ਤਾਂ ਇਕ ਗੱਲ ਦੀ ਵਿਚਾਰ ਕਰ ਲਵੋ, ਮੈਨੂੰ ਕਿਸੇ ਪ੍ਰਕਾਰ ਦੀ ਤ੍ਰਿਸ਼ਨਾ ਨਹੀਂ ਫੁਰੀ, ਕੋਈ ਉਦਕਰਖਣ ਸ਼ਕਤੀ ਮੇਰੇ ਅੰਦਰਲੇ ਦੀ ਉਤਪੰਨ ਨਹੀਂ ਹੋਈ, ਚਿਤ ਬਿਲਕੁਲ ਨਿਵਿਰਤੀ ਵਿਚ ਹੈ, ਤਯਾਗ ਵਿਚ ਹੈ, ਆਪਣੇ ਅਨੰਤ ਜੀ ਦੇ ਇਕੋ ਮਿਲਾਪ-ਰਸ ਵਿਚ ਲੀਨ ਹੈ। ਦੂਜੀ ਗੱਲ ਮੇਰੇ ਕੰਮ ਹੈ, ਅਰਥਾਤ ਮੇਰੇ ਜਾਣੇ ਦਾ ਉਥੇ ਕੀ ਫਲ ਯਾ ਪ੍ਰਯੋਜਨ ਹੈ ? ਇਹ ਸੁਣ ਲਵੋ। ਮੈਂ ਉਥੇ ਜਾ ਕੇ ਕੋਈ ਮਾਲਕੀ, ਰਾਜ, ਵਡਿਆਈ ਆਪਣੇ ਲਈ ਪੈਦਾ ਨਹੀਂ ਕਰਨੀ, ਮੈਂ ਇਕ ਨਮੂਨੇ ਦਾ ਆਦਮੀ ਜਾਂ ਆਦਮੀ ਦਾ ਨਮੂਨਾ ਪੈਦਾ ਕਰਨਾ ਹੈ, ਜਿਸ ਤੋਂ 'ਇਨਸਾਨ' ਜਗਤ ਵਿਚ ਸੁਖੀ ਹੋਵੇ। ਤੀਜੇ ਮੈਨੂੰ ਇਹ ਵੀ ਦਿੱਸ ਰਿਹਾ ਹੈ ਕਿ ਸਰੀਰਕ ਨੁਕਤੇ ਤੋਂ ਖੇਦ ਹੀ ਖੇਦ ਮੇਰੇ ਉਦਾਲੇ ਆਉਣੇ ਹਨ! ਜਿਸ ਕਾਰਜ ਵਿਚ ਪਹਿਲਾਂ ਦੁਖ ਹੀ ਦੁਖ ਦਿੱਸ ਪੈਣ ਉਸ ਕਾਰਜ ਵਲ ਤ੍ਰਿਸ਼ਨਾ ਦੀ ਕਦੇ ਰੁਚੀ ਨਹੀਂ ਹੋ ਸਕਦੀ।

ਬ੍ਰਹਮ ਰਿਖੀ ਜੀ-ਹੇ ਪਰਮ ਪੂਜ ਜੀਓ ! ਮੈਂ ਅਕਸਰ ਵੇਰ ਬੇਨਤੀ ਕੀਤੀ ਹੈ ਕਿ ਤਿੰਨ ਕਾਲ ਜਗਤ ਹੋਇਆ ਹੀ ਨਹੀਂ, ਇਸ ਫੁਰਨੇ ਮਾਤ੍ਰ ਦੀ ਉਪਾਧੀ ਨੂੰ ਮਾਰੋ ਤੇ ਰਸ ਲਓ। ਕਾਹਦਾ ਜਗਤ

1. ਹੁਕਮੁ ਨ ਕਹਿਆ ਜਾਈ॥ (ਜਪੁਜੀ)

ਨੂੰ ਦੁਖ, ਕਾਹਦਾ ਸੁਖ, ਕੌਣ ਜ਼ਾਲਮ ਕੌਣ ਕਾਇਰ, ਕੌਣ ਬੀਰ, ਸਭ ਮਨੋ ਕਲਪਨਾ ਹੈ। ਇਹ ਕਲਪਨਾ ਹੀ ਦੁਖ ਰੂਪ ਹੈ, ਬੰਧਨ ਰੂਪ ਹੈ, ਇਹ ਫੁਰਨਾ ਹੀ ਬਜਾਧੀ ਰੂਪ ਹੈ, ਛੱਡੋ ਖਜਾਲ। ਕੋਈ 'ਹੁਕਮ' ਨਹੀਂ। ਕਾਹਨੂੰ ਇਸ ਪਰਮ ਬੀਤਰਾਗ ਦਸ਼ਾ ਨੂੰ ਛੱਡ ਕੇ ਮੁੜ ਜਗਤ ਜਾਲ ਵਿਚ ਪੈਰ ਧਰਦੇ ਹੋ ?

ਬਖਸ਼ੇ ਤਪੀ ਜੀ--ਵਿਚਾਰ ਕਰ ਲਓ, ਮੇਰਾ ਤੁਹਾਡਾ ਫੁਰਨਾ ਤਾਂ ਫੁਰਨਾ ਹੋ ਸਕਦਾ ਹੈ, ਪਰ ਹੁਕਮ ਫੁਰਨਾ ਨਹੀਂ ਹੈ; ਇਹ ਤਾਂ ਹੁਕਮੀ ਵਾਂਗੂ ਅਗੰਮ ਹੈ ਅਗੰਮ ਪਰ ਦਲੀਲ ਕੀ ? ਦਲੀਲ-ਸੋਚ-'ਵਿਚਾਰ' ਸਾਰੀ ਮਨਾਂ ਦੀ ਹੈ, ਮਨ ਦੇਸ਼ ਕਾਲ ਵਿਚ ਹੈ, ਮਨ ਹਦਬੰਦੀ ਵਿਚ ਹੈ, ਮਨ ਅੰਤ ਵਿਚ ਹੈ, ਇਸ ਦੀ ਪਰਖ ਤੇ ਕਸਵੱਟੀ ਅੰਤ ਵਾਲੇ ਮਾਮਲਿਆਂ ਦੀ ਕਿਸੇ ਹੱਦ ਤਕ ਟੋਹ ਮਾਤ੍ਰ ਹੋ ਸਕਦੀ ਹੈ, 'ਅਨੰਤ' ਪਰ ਇਹ ਹਾਵੀ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਕਿਸੇ ਤਰ੍ਹਾਂ ਆਪਣੀ ਅਨੰਤ ਵਿਚ ਪ੍ਰਾਪਤ ਹੋਈ ਸਾਖਜਾਤ-ਕਾਰਤਾ ਨੂੰ ਆਪ ਦੇ ਸਾਹਮਣੇ ਆਖਾਂ, ਪਰ ਆਖ ਨਹੀਂ ਸਕਦਾ। ਮੇਰੀ ਇਸ ਵੇਲੇ ਦੀ ਬੁੱਧੀ ਤੇ ਮਨ ਮੈਨੂੰ ਹੋੜ ਰਹੇ ਹਨ ਕਿ ਨਾ ਜਾਹ, ਮੇਰਾ ਚਿੱਤ ਜਾਣ ਨੂੰ ਹੈ ਨਹੀਂ[1], ਪਰ 'ਹੁਕਮ', ਮੈਂ ਕਿਵੇਂ ਕਹਾਂ ਕਿਹਾ ਨਹੀਂ ਜਾਂਦਾ, ਹੁਕਮ ਅਮਿਟ-ਅਮੁੜ-ਹੈ, ਤੇ ਸੱਤ ਹੈ।

ਸਾਰੇ ਬੋਲੇ : ਚੰਗਾ, ਸੂਰਜ ਅਸਤ ਦਾ ਵੇਲਾ ਹੋ ਆਇਆ ਹੈ, ਹੁਣ ਪਧਾਰੀਏ, ਫਿਰ ਵੀਚਾਰ ਸਹੀ। ਸਾਰੇ ਸਜਣ ਉਠੇ, ਨਮਸਕਾਰ ਕੀਤੀ ਤੇ ਆਪੋ ਆਪਣੀਆਂ ਗੁਫਾ ਆਦਿ ਵਿਚ ਚਲੇ ਗਏ। ਸਾਰੇ ਆਪ ਨੂੰ ਆਪਣਾ ਸ਼ਿਰੋਮਣੀ ਮੰਨਦੇ ਹਨ ਤੇ ਸਾਰੇ ਇਸ ਖਾਤ ਦੇ ਕਾਇਲ ਹਨ ਕਿ ਅਸੀਂ ਤਾਂ ਤਪ ਕਰ ਰਹੇ ਹਾਂ ਕਿ ਸਾਨੂੰ ਬਖਸ਼ਿਸ਼ ਦਾ ਦਰ ਮਿਲੇ, ਪਰ ਇਨ੍ਹਾਂ ਨੂੰ ਪਹਿਲੇ ਬਖਸ਼ਿਸ਼ ਹੋਈ ਤੇ ਫੇਰ ਤਪ ਇਨ੍ਹਾਂ ਦੇ ਸਪੁਰਦ ਹੋਇਆ ਸੀ। ਅੱਜ ਸਾਰੇ ਹੈਰਾਨ ਹੋ ਗਏ ਹਨ ਕਿ ਹੁਣ ਇਨ੍ਹਾਂ ਨੂੰ ਫੇਰ ਬਖਸ਼ਿਸ਼ ਹੋਈ ਸਾਖਜਾਤਕਾਰ ਹੋਇਆ, ਫੇਰ ਜਗਤ ਜਾਲ ਦੀ ਦੁਰਗਮ, ਮੁਸ਼ਕਲ ਯਾਤ੍ਰਾ ਇਹਨਾਂ ਦੇ ਸਪੁਰਦ ਹੋਈ।

---

1. ਚਿਤ ਨ ਭਯੋ ਹਮਰੋ ਆਵਨ ਕਹ॥
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ॥ (ਬਚਿ: ਨਾ:)

## ੩.

**ਜਿੱਥੇ** ਬਰਫ਼ਾਂ ਹੀ ਬਰਫ਼ਾਂ ਪਈਆਂ ਹਨ, ਉਥੇ ਨਾ ਸਰ੍ਹੋਂ ਫੁਲਣੀ ਹੈ, ਨਾ ਤੋਰੀਆਂ, ਨ ਸ਼ਗੂਫ਼ਾ ਖਿੜਨਾ ਹੈ, ਨਾ ਕਣਕਾਂ ਨਿੱਸਰਨੀਆਂ ਹਨ, ਕੀ ਪਤਾ ਕਿ ਬਸੰਤ ਨੇ ਪੈਰ ਪਾਏ ਹਨ ਕਿ ਅਜੇ ਸਿਆਲਾ ਹੀ ਪਾਸੇ ਭੰਨੀ ਜਾ ਰਿਹਾ ਹੈ। ਹੁਣ ਬਰਫ਼ ਨਹੀਂ ਪੈਂਦੀ; ਇਹ ਰੁਤ ਫਿਰੀ ਦੀ ਨਿਸ਼ਾਨੀ ਹੈ। ਜੇ ਪੰਘਾਰੇ ਪੈ ਗਏ, ਹੇਠਾਂ ਕਣਕਾਂ ਦੇ ਪੁੰਗਾਰੇ ਦਿੱਸ ਪੈਣਗੇ, ਕੋਈ ਸੇਊ ਆਦਿਕ ਬੂਟੇ ਵੀ ਸ਼ਗੂਫ਼ੇ ਛੱਡ ਦੇਣਗੇ, ਪਰ ਇਹ ਬੀ ਨੀਵਿਆਂ ਪਹਾੜਾਂ ਦੀਆਂ ਵਾਦੀਆਂ ਵਿਚ; ਉੱਚੇ ਪਹਾੜਾਂ ਦੀ ਤਾਂ ਗਤੀ ਹੀ ਹੋਰ ਹੈ। ਉੱਚੇ ਪਹਾੜਾਂ ਦੀਆਂ ਵਾਦੀਆਂ ਵਿਚ ਭਰ ਹੁਨਾਲੇ ਯਾ ਬਰਸਾਤੇ ਹੀ ਪਰਖਰੀ ਰੁਤ ਹੁੰਦੀ ਹੈ। ਹਾੜ ਸਾਵਣ ਤੇ ਭਾਦਰੋਂ ਹੀ ਉੱਚੀ ਥਾਂਈਂ ਜਾ ਸਕੀਦਾ ਹੈ। ਇਹ ਸਮਝੋ ਉਥੋਂ ਦੀ ਬਸੰਤ ਹੈ। ਸਪਤ ਸ਼੍ਰਿੰਗ ਦੀ ਬਰਫ਼ਾਨੀ ਧਰਤੀ ਸਾਵੀ ਸਾਵੀ ਹੋ ਗਈ ਹੈ, ਅਨੰਤ ਤਰ੍ਹਾਂ ਦੇ ਰੰਗਾਂ ਦੇ ਫੁੱਲ ਖਿੜ ਰਹੇ ਹਨ। ਅੱਜ ਧੁੱਪ ਖੂਬ ਚਮਕੀ ਹੈ, ਸਰਦੀ ਘਟੀ ਹੈ, ਸਾਰੇ ਸੱਜਨ ਉਸ ਤਪੋ ਭੂਮੀ ਤੇ ਫੇਰ ਇਕੱਠੇ ਹੋਏ; ਫਿਰ ਗੱਲ ਬਾਤ ਛਿੜੀ। ਇਕ ਤਪੀ ਜੀ ਬੋਲੇ :--

ਹੇ ਸ਼ਿਰੋਮਣੀ ਜੀ ! ਉਸ ਦਿਨ ਦੀ ਗੱਲ ਬਾਤ ਮਗਰੋਂ ਮੇਰਾ ਦਿਲ ਬਹੁਤ ਸੋਚ ਵਿਚਾਰ ਵਿਚ ਰਿਹਾ ਹੈ। ਰਾਤੀਂ ਇਕ ਸੁਪਨ, ਨਹੀਂ; ਇਕ ਹੋਰ ਤਰ੍ਹਾਂ ਦਾ ਝਲਕਾ ਵੱਜਾ। ਮੈਨੂੰ 'ਬੁੱਧ' ਜੀ ਮਹਾਰਾਜ ਦੇ ਦਰਸ਼ਨ ਹੋਏ। ਆਖਣ ਲੱਗੇ "ਤੁਸੀਂ ਬਖਸ਼ੇ ਤਪੀ ਜੀ ਨੂੰ ਰੋਕ ਨਾ ਪਾਓ; ਓਹ ਕੁਝ ਬੜੇ ਉੱਚੇ ਅਸਲੇ ਦੇ ਲੋਕ ਹਨ; ਅਰ ਉਹਨਾਂ ਨੇ ਜਾ ਕੇ ਇਕ ਬੜਾ ਭਾਰੀ ਲੋੜੀਂਦਾ ਕੰਮ ਕਰਨਾ ਹੈ। ਐਸੇ ਕੰਮ ਤ੍ਰਿਸ਼ਨਾ ਵਾਸ਼ਨਾ, ਫੁਰਨਿਆਂ ਦੇ ਨਹੀਂ ਹੁੰਦੇ। ਏਹ ਕਾਰਜ ਜਗਤ ਪ੍ਰਬੰਧ ਦੇ ਮਹਾਂ ਕਾਰਜ ਹਨ; ਜੋ ਜਗਤ ਦੇ ਕੇਂਦਰ ਤੋਂ, ਗਜਾਨ ਦੇ ਧੁਰੇ ਤੋਂ ਬ੍ਰਹਮੰਡ ਦੇ ਪ੍ਰਯੋਜਨਾਂ ਲਈ ਹੁੰਦੇ ਹਨ। ਉਹਨਾਂ ਦਾ ਅੰਤ ਅਰ ਫਲ 'ਨਿਵਿਰਤੀ ਮੂਲਕ' ਹੀ ਹੁੰਦਾ ਹੈ"। ਫਿਰ ਆਖਣ ਲੱਗੇ "ਅਸੀਂ ਬੀ ਜਗਤ ਵਿਚ ਗਏ ਸਾਂ, 'ਇਨਸਾਨੀਅਤ ਦਾ ਆਦਰਸ਼' ਅਸਾਂ ਬੀ ਕਾਇਮ ਕੀਤਾ; ਆਪ ਨਮੂਨਾ ਬਣੇ ਤੇ ਹੋਰ ਬਣਾਏ ਅਤੇ ਇਹ ਨਮੂਨਾ ਟੋਰ ਬੀ ਦਿੱਤਾ। ਇਸ ਨਮੂਨੇ ਵਿਚ ਇਕ ਤਾਂ ਚੇਤਨ ਕੇਂਦਰ ਨਾਲ ਸੁਰਤ ਦੀ

ਚੋਭ ਨਹੀਂ ਸੀ ਦੂਜੇ ਜਗ ਵਰਤਾਰੇ ਵਿਚ 'ਮਰਦਉ ਪਨੇ' ਦੀ ਅੰਸ਼ ਘੱਟ ਸੀ, ਇਸ ਕਰਕੇ ਸਹਿਜੇ ਸਹਿਜੇ ਕਮਜ਼ੋਰੀ ਤੇ ਗਿਰਾਉ ਇਸ ਨਾਲ ਰਲ ਮਿਲ ਗਏ; ਬੱਸ ਫੇਰ ਰਸਮਾਂ ਰੀਤਾਂ ਦਿਖਾਵੇ ਆ ਗਏ; ਹਿੰਦ ਵਿਚੋਂ ਇਹ ਮਤ, ਦੂਰ ਹੀ ਹੋ ਗਿਆ। ਹੋਰਨੀ ਥਾਂਈ ਕੋਮਲ ਉਨਰ ਅਰ ਉਥੋਂ ਦੇ ਪਹਿਲੇ ਮਰਦਊ ਆਦਰਸ਼ਾਂ ਨਾਲ ਰਲ ਮਿਲਕੇ ਸਾਡਾ ਮਤ ਹੁਣ ਤਕ ਥੋੜ੍ਹਾ ਬਹੁਤ ਚਲਦਾ ਰਿਹਾ ਹੈ। ਹੁਣ ਅਨੰਤ ਵਿਚੋਂ ਇਨ੍ਹਾਂ ਪ੍ਰਤੀ ਜਾਣੇ ਦਾ ਹੁਕਮ ਹੋ ਰਿਹਾ ਹੈ''। ਸੋ ਹੇ ਜੀਓ ! ਆਪ ਜ਼ਰੂਰ ਜਾਓ। ਬੁਧ ਜੀ ਆਖਦੇ ਸਨ ''ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਹੇਠਾਂ 'ਗੁਰੂ ਜੋਤਿ' ਜਗਤ ਵਿਚ ਜਾ ਕੇ ਆਦਰਸ਼ ਕਾਇਮ ਕਰ ਰਹੀ ਹੈ। ਤ੍ਰਿਸ਼ਨਾ ਤੋਂ ਰਹਤ ਮਰਦਊਪਨੇ ਵਿਚ ਰਹਿਕੇ ਇਨਸਾਨੀਅਤ ਦੇ ਨਮੂਨੇ ਦਾ ਮਰਦ ਬਣ ਰਿਹਾ ਹੈ ਤੇ ਵਧ ਫੈਲ ਰਿਹਾ ਹੈ। ਪਰੰਤੂ ਜਰਵਾਣੇ ਲੋਕ ਇਸ ਨਮੂਨੇ ਨੂੰ ਨਿਰਮੂਲ ਕਰਨ ਲਗੇ ਹਨ ? ਕਿਉਂ ਜੋ ਉਹਨਾਂ ਜ਼ਾਲਮਾ ਦਾ ਆਪਣਾ ਨਮੂਨਾ ਧੱਕੇ ਦਾ ਹੈ 'ਇਨਸਾਨੀਅਤ' ਨੂੰ ਭੈ ਹੇਠ ਦਬਾ ਕੇ ਕੁਚਲਦਾ ਹੈ। ਦੂਜੇ ਪਾਸੇ ਜੋ ਨਵਾਂ ਨਮੂਨਾ ਰੂਪਧਾਰੀ ਹੋਇਆ ਹੈ ਉਸ ਦੇ ਮਾਰੇ ਜਾਣ ਦਾ ਡਰ ਹੈ; ਉਸ ਵਿਚ 'ਨਿਰਭੈਤਾ' ਤਾਂ ਹੈ; ਕੁਛ ਪਾਣ ਮਰਦਊ ਦੀ ਹੋਰ ਚਾੜ੍ਹਨੀ ਹੈ। ਇਸ ਲਈ ਬਖਸ਼ੇ ਤਪੀ ਜੀ ਉਥੇ ਹੁਣ ਜਾਣਗੇ ਤਾਂ ਉਸ ਨਮੂਨੇ ਦੀ ਰਖਯਾ ਕਰਨਗੇ ਤੇ ਓਸ ਵਿਚ ਜੋ ਹੁਣ ਲੋੜ ਹੈ ਵਧਵੇਂ ਮਰਦਊਪਨੇ ਦੀ ਤੇ ਸ੍ਵੈਰੱਖਜਾ ਦੀ ਸੋ ਵਧਾਉਣਗੇ।''

ਜੋਗ ਰਾਜ ਜੀ-ਸੱਚ ਕਿਹਾ ਜੇ ! ਮੈਨੂੰ ਬੀ ਸਮਾਧੀ ਵਿਚ ਪ੍ਰਕਾਸ਼ ਹੋਇਆ ਹੈ, ਪਹਿਲਾਂ ਗੋਰਖ ਜੀ ਦੇ ਦਰਸ਼ਨ ਹੋਏ। ਕਹਿਣ ਲਗੇ 'ਜੋਗ ਦਾ ਆਦਰਸ਼ ਲੋਪ ਹੋ ਗਿਆ ਹੈ। ਜੋ ਕੁਛ ਪਾਂਤੰਜਲ ਜੀ ਨੇ ਆਦਰਸ਼ ਬੱਧਾ, ਉਸ ਦੇ ਨਮੂਨੇ ਦਾ ਆਦਮੀ ਭੀ ਨਹੀਂ ਮਿਲਦਾ--ਰਾਜ ਜੋਗੀ ! ਪੱਤ੍ਰੇ ਲੈਕੇ ਵਿਚਾਰ ਕਰਨੀ ਬਸ ਇੰਨਾ ਕੁਛ ਬਾਕੀ ਹੈ। ਉਹ ਆਦਰਸ਼ ਜਿਸਦਾ ਨਮੂਨਾ ਨਾ ਮਿਲੇ ਆਪਣੇ ਸ਼ਾਸਤ੍ਰ ਦੇ ਪ੍ਰਯੋਜਨ ਸਮੇਤ ਲੋਪ ਸਮਝੋ। ਨਿਰਾ ਹਠ ਜੋਗ ਬੀ ਹੁਣ ਘਟ ਗਿਆ ਹੈ। ਜੇ ਹੈ ਤਾਂ ਨਾਟਕਾਂ ਚੇਟਕਾਂ ਲਈ ਰਹਿ ਗਿਆ ਹੈ। ਜਗਤ ਚਾਲ ਖੀ ਹੋਰਵੇਂ ਹੋ ਰਹੀ ਹੈ, ਇਸ ਲਈ, ਕਿਸੇ ਭਾਰੇ 'ਨਮੂਨੇ' ਦੀ ਲੋੜ ਹੈ ਅਰ ਉਹ 'ਮਰਦ ਦਾ ਨਮੂਨਾ'। 'ਪੁਰਖ ਵਿਸ਼ੇਸ਼' ਜੀ ਦੀ ਮਰਜੀ ਹੈ ਕਿ ਬਖਸ਼ੇ ਤਪੱਸ੍ਵੀ ਜੀ ਜਾਕੇ ਬਚਾ ਲੈਣ ਜੋ ਗੁਰੂ ਨਾਨਕ ਜੀ ਨੇ ਕਾਇਮ ਕੀਤਾ ਹੈ। ਮੇਰੀ ਸੰਪ੍ਰਦਾ ਦੇ ਸਿਧ ਉਹਨਾਂ ਨਾਲ ਝਗੜੇ ਹਨ, ਪਰ ਗੁਰੂ ਨਾਨਕ ਨੇ ਸਭ ਪਰ ਫਤਹ ਪਾਕੇ ਸੱਚੇ 'ਮਰਦ ਦਾ ਨਮੂਨਾ' ਕਾਇਮ ਕਰਕੇ ਦਿਖਾ ਦਿੱਤਾ ਹੈ। ਅਰ ਅੱਠੇ ਮਹਾਂ ਪੁਰਖ ਇਹੋ ਕੰਮ ਕਰ ਚੁਕੇ ਹਨ, ਹੁਣ ਨੌਵੀਂ ਜੋਤਿ ਇਲਾਹੀ ਕੰਮ ਕਰ ਰਹੀ ਹੈ। ਹਰ ਜੋਤਿ ਨੇ ਅੱਡ ਅੱਡ ਹਾਲਤਾਂ ਤੇ ਮੁਸ਼ਕਲਾਂ ਵਿਚ ਉਸ ਨਮੂਨੇ ਦੀ ਕਾਇਮੀ ਮੁਮਕਿਨ (ਸੰਭਵ) ਕਰਕੇ ਦੱਸੀ ਹੈ ਅਜ ਕਲ ਨੌਵੀਂ ਜੋਤਿ ਅਤਿ ਮੁਸ਼ਕਲਾਂ ਵਿਚ ਕੰਮ ਕਰ ਰਹੀ ਹੈ ਤੇ ਦਸਮੇ ਹੁਣ ਏਹ ਮਹਾਂਬਲੀ ਓਹੋ ਰੂਪ, ਓਹੋ ਜੋਤਿ ਹੋਕੇ ਉਸ ਕੰਮ ਨੂੰ ਸਿਰੇ ਚਾੜ੍ਹਨ ਜਾਣਗੇ।'

ਫਿਰ ਮੈਂ ਪਾਤੰਜਲ ਤੇ ਕਪਲ ਮੁਨੀ ਦੇ ਦਰਸ਼ਨ ਪਾਏ; ਓਹ ਬੀ ਏਹੋ ਜੇਹੇ ਵਾਕ ਬੋਲਦੇ ਰਹੇ।

ਸੰਨਜਾਸ ਹਾਲ ਮੁਨੀ ਜੀ-ਅਸਚਰਜ ਹੈ ਸਜਣੋਂ! ਮੈਨੂੰ ਬੀ ਦਰਸ਼ਨ ਹੋਏ ਅਰ ਓਹ ਦਰਸ਼ਨ 'ਸ਼ਿਵ ਜੀ ਦੇ ਸਨ, ਆਖਣ ਲਗੇ ਨਾ ਰੋਕੋ ਦੁਸ਼ਟ ਦਮਨ ਜੀ ਨੂੰ ਓਹ ਹੁਕਮ ਵਿਚ ਮਹਾਨ ਕਾਰਜ ਕਰਨ ਚੱਲੇ ਹਨ। ਨਿਰਾ ਵੇਦਾਂਤ ਸੰਨਜਾਸ ਵਿਚ ਲੈ ਗਿਆ ਹੈ। ਪਰਜਾ ਮਹਾਂ ਪੁਰਖਾਂ ਤੋਂ ਖਾਲੀ ਹੋਕੇ ਦੁਖ ਪਾ ਰਹੀ ਹੈ। ਲੋੜ ਹੈ ਨਵੇਂ ਆਦਰਸ਼ਕ ਇਨਸਾਨ ਦੀ ਜੋ ਆਪ ਸਿਰੇ ਚਾੜ੍ਹਨਗੇ। ਫੇਰ ਵਿਸ਼ਨਦਾਸ ਜੀ ਬੋਲੇ--ਮੈਨੂੰ ਬੀ ਅਜ ਦਰਸ਼ਨ ਮਿਲੇ ਤੇ ਉਹ ਦਰਸ਼ਨ ਕ੍ਰਿਸ਼ਨ ਦੇਵ ਜੀ ਦੇ ਸਨ। ਆਖਣ ਲੱਗੇ ''ਤੁਸੀਂ ਆਪਣੇ ਕਲਜਾਨ ਅਰਥ ਤਪ ਕਰ ਰਹੇ ਹੋ, ਪਰੰਤੂ ਜਗਤ ਪ੍ਰਬੰਧ ਦੀ ਸੋਝੀ ਸੰਪੂਰਨ ਹੋ ਚੁਕੇ ਪਰਮਪਦ ਨੂੰ ਅੱਪੜੇ ਲੋਕਾਂ ਨੂੰ ਹੁੰਦੀ ਹੈ। ਆਪਣੇ ਆਪਣੇ ਵਕਤ ਜਗਤ ਵਿਚ ਉਪਰੋਂ ਮਹਾਂ ਪੁਰਖ ਜਾਕੇ ਕੰਮ ਕਰਦੇ ਹਨ, ਪਰ ਕੋਈ ਨਾ ਕੋਈ ਗੱਲ ਉਸ 'ਮਰਦ ਦੇ ਨਮੂਨੇ' ਵਿਚ ਕਸਰ ਦੀ ਪੈਕੇ ਗਿਰਾਉ ਕਰ ਦੇਂਦੀ ਹੈ। ਪ੍ਰਯੋਜਨ ਅਸਾਡੀ ਇਹ ਹੈ ਕਿ ਹਰ ਸ਼ੈ ਖਿੜੇ ਆਪਣੇ ਕਮਾਲ ਨੂੰ ਅੱਪੜੇ। ਇਨਸਾਨ ਇਸ ਵੇਲੇ ਜਗਤ ਵਿਚ ਆਪਣੇ ਕਮਾਲ ਤੇ ਨਹੀਂ ਹੈ। ਦੇਖੋ ਇਕ ਕੁਦਰਤੀ ਗੁਲਾਬ ਦਾ ਬੂਟਾ ਜਦ ਖੇੜੇ ਵਿਚ ਹੈ, ਤਾਂ ਇਹ ਉਸਦੇ ਕਮਾਲ ਦੀ ਦਸ਼ਾ ਹੈ, ਪਰ ਆਦਮੀ ਯਾ ਮਾਰ ਖਾ ਰਿਹਾ ਹੈ, ਯਾ ਮਾਰ ਦੇ ਰਿਹਾ

ਹੈ, ਅੰਗਮੀ ਖੇੜੇ ਵਿਚ ਲਹਿ ਲਹਾ-ਉਂਦਾ ਆਪਣੇ ਇਨਸਾਨੀ ਕਮਾਲ ਵਿਚ ਝੂਮਦਾ ਇਨਸਾਨ ਨਹੀਂ ਦਿੱਸਦਾ। ਅਸਾਂ ਇਸ ਕਰ ਕੇ ਗੀਤਾ ਵਿਚ ਸਾਂਖ (ਗਜਾਨ) ਤੇ ਯੋਗ ਦੇ ਝੇੜੇ ਮੇਟਕੇ ਇਕ ਨੁਕਤੇ ਤੇ ਯੋਗੀ ਦਾ ਆਦਰਸ਼ ਕਾਇਮ ਕੀਤਾ ਸੀ। ਅਰਜਨ ਨੂੰ ਨਮੂਨਾ ਬਣਾਇਆ, ਉਸ ਨੇ ਸਭ ਕੁਝ ਸਮਝਿਆ, ਪਰ 'ਮਰਦਊਪਨੇ' ਦੇ ਆਦਰਸ਼ਕ ਹਿੱਸੇ ਤੇ ਆ ਕੇ ਉਹ ਫਿਰ ਉਦਾਸੀ ਵਿਚ ਪੈ ਜਾਵੇ, 'ਤ੍ਰਿਸ਼ਨਾ ਰਹਤ 'ਮਰਦਊ' ਤੇ 'ਇਨਸਾਨੀਅਤ' ਦੇ ਆਦਰਸ਼ ਉੱਤੇ ਹੁਲਾਰਾ ਨਾ ਖਾਵੇ। ਅਖੀਰ ਅਸੀਂ ਖੱਤ੍ਰੀ ਧਰਮ ਦਾ ਉਛਾਲਾ ਦਿੱਤਾ ਤਾਂ ਚਮਕ ਉੱਠਿਆ, ਪਰ ਇਸ ਖੱਤ੍ਰੀ ਧਰਮ ਦੇ ਸੰਕਲਪ ਵਿਚ ਹਉਂ ਦੀ ਕਸਰ ਸੀ। ਇਸ ਨਾਲ ਉਸ ਦਾ ਗਿਰਾਉ, ਜਿਸ ਨੂੰ ਉਹ ਧਰਮ ਸਮਝ ਰਿਹਾ ਸੀ, ਹਟ ਗਿਆ, ਪਰ ਹਉਂ ਦੀ ਅੰਸ਼ ਹਉਂ ਹੀ ਹੈ। ਹਉਂ ਨਾ ਹੋਵੇ ਫੇਰ ਮਰਦਊ ਹੋਵੇ; ਮਰਦਊ ਹੋਵੇ ਫੇਰ ਇਨਸਾਨੀਅਤ ਹੋਵੇ, ਇਹ ਕਮਾਲ ਦਾ 'ਕਮਾਲ' ਤੇ ਇਸ ਦਾ ਨਮੂਨਾ ਅਸਲੀ ਜੀਵਨ ਦਾ ਨਮੂਨਾ 'ਚੜ੍ਹਦੀ ਕਲਾ ਦਾ ਆਦਰਸ਼' ਇਹ ਬਖਸ਼ੇ ਤਪੱਸ੍ਰੀ ਜੀ ਕਾਇਮ ਕਰਨ ਚੱਲੇ ਹਨ। ਇਨ੍ਹਾਂ ਨੂੰ ਰੋਕੋ ਨਹੀਂ , ਇਹ ਮਹਾਨ ਮਾਯਾ ਰਹਤ, ਹਉਂ ਅਤੀਤ, ਤ੍ਰਿਸ਼ਨਾਂ ਰਹਤ ਕਾਰਜ ਪਰ ਜਾ ਰਹੇ ਹਨ, ਸਾਥੋਂ ਰਹੀ ਥੁੜ ਪੂਰਨਗੇ।''

ਅਲਹਯਾਰ ਤਪੀ ਜੀ, ਜੋ ਥੋੜੇ ਚਿਰ ਤੋਂ ਆਏ ਵੱਖਰੇ ਇਕ ਟਿਕਾਣੇ ਤਪ ਕਰ ਰਹੇ ਸਨ, ਆ ਗਏ ਤੇ ਬੋਲੇ :-ਮਜਣੋ ! ਮੇਰੀ ਬੀ ਇਕ ਬੇਨਤੀ ਹੈ, ਰਾਤ ਮੈਨੂੰ ਅਰਸ਼ ਤੋਂ ਇਕ 'ਰੋਇਆ' ਉਤਰਿਆ ਹੈ, ਮੈਂ ਮੁਹੰਮਦ ਸਾਹਿਬ ਨੂੰ ਡਿੱਠਾ, ਆਪ ਆਖਣ ਲਗੇ-''ਤੁਸੀਂ ਸਾਰੇ ਅੱਲਾ ਦੀਆਂ ਹਿਕਮਤਾਂ ਵਿਚ ਦਖ਼ਲ ਦੇ ਰਹੇ ਹੋ। 'ਬਖ਼ਸ਼ੇ ਤਪੱਸ੍ਰੀ ਜੀ, ਤੁਸਾਂ ਵਾਂਗ ਇਨਸਾਨ ਤਪੱਸ੍ਰੀ ਨਹੀਂ ਹਨ, ਉਹ ਕਾਇਨਾਤ ਵਿਚ ਸਭ ਤੋਂ ਉੱਚੇ ਦਰਜੇ ਉੱਤੇ ਹਨ, ਉਹਨਾਂ ਦਾ ਤਪ ਕਰਨਾ ਕੋਈ ਰਮਜ਼ ਇਲਾਹੀ ਹੈ, ਹੁਣ ਜੋ ਉਹਨਾਂ ਨੂੰ 'ਹੁਕਮ' ਹੋਇਆ ਹੈ, ਉਹ ਉਹਨਾਂ ਦੀ ਖ੍ਵਾਹਿਸ਼ ਨਹੀਂ। ਉਹ ਹੁਕਮ ਹੈ ਅਜ਼ਲ ਦਾ, ਰਾਜ਼ ਹੈ ਅਜ਼ਲ ਦਾ, ਉਹਨਾਂ ਨੇ ਜਾ ਕੇ ਉਪਕਾਰ ਕਰਨਾ ਹੈ। ਅਸਾਂ ਨੇ ਮਜ਼੍ਹਬ ਵਿਚ ਵਹਿਮ ਵੇਖ ਕੇ, ਪੱਥਰਾਂ ਵਿਚ ਲੋਕਾਂ ਦਾ ਝੁਕਾਉ ਵੇਖ ਕੇ ਮਰਦਊ ਸਿਖਾਯਾ, ਉਹ ਪਾਣ ਵੱਧ ਚੜ੍ਹ ਗਈ, ਮਰਦਊ ਵਿਚ ਇਨਸਾਨੀਅਤ ਘਟ ਗਈ, ਤੈਮੂਰ ਤੇ ਮਹਮੂਦ ਵਰਗੇ ਸੱਫ਼ਾਕ ਪੈਦਾ ਹੋ ਗਏ, ਜੋ ਆਦਰਸ਼ ਤੋਂ ਇਤਨੇ ਦੂਰ ਸਨ ਜਿਤਨੇ ਕਿ ਕਾਇਰ ਦੂਰ ਹਨ। 'ਭੈ ਨਾ ਖਾਣਾ ਤੇ ਨਾ ਦੇਣਾ' ਇਹ ਹੈ ਕਮਾਲ। ਜਗਤ ਵਿਚ ਗੁਰੂ ਨਾਨਕ ਦੇਵ ਜੀ ਨੇ ਇਹ ਭੈ ਨਾ ਦੇਣ ਤੇ ਭੈ ਨਾ ਖਾਣ ਦਾ ਆਦਰਸ਼ ਬੰਨ੍ਹ ਦਿੱਤਾ ਹੈ। ਆਪ ਉਹਨਾਂ ਨੇ ਬਾਬਰ ਜੈਸੇ ਜਾਬਰ ਦਾ ਭੈ ਨਹੀਂ ਖਾਧਾ, ਅਰਬ, ਈਰਾਨ, ਰੂਮ ਵਿਚ ਜਾ ਕੇ ਉਲਮਾਵਾਂ ਤੇ ਜ਼ੋਰਦਾਰ ਫ਼ਕੀਰਾਂ ਨਾਲ ਨਿਰਭੈ ਬਹਿਸਾਂ ਕਰ ਕੇ ਫ਼ਤਹ ਪਾਈ ਹੈ ਤੇ ਅਗੋਂ ਪਿਆਰ ਨਾਲ ਰਮਤੇ ਲਾਇਆ ਹੈ, ਭੈ ਨਹੀਂ ਦਿੱਤਾ। ਹੁਣ ਅਫ਼ਸੋਸ ਹੈ ਕਿ ਉਸ ਖ਼ੂਬਸੂਰਤ ਨਮੂਨੇ ਦੇ ਆਦਮੀਆਂ ਨੂੰ ਔਰੰਗਜ਼ੇਬ ਤਬਾਹ ਕਰਨਾ ਚਾਹੁੰਦਾ ਹੈ। ਜੋ ਅਸਰ ਉਸ ਦੇ ਤੰਗ ਦਿਲ ਤੋਂ ਸ੍ਰਿਸ਼ਟੀ ਪਰ ਪੈ ਰਿਹਾ ਹੈ ਉਹ ਗਿਰਾਉ ਦਾ ਹੈ। ਸਾਡੇ ਬੀ ਉਹ ਪਸੰਦ ਨਹੀਂ। ਇਸ ਲਈ ਜ਼ਰੂਰੀ ਹੈ ਕਿ ਤ੍ਰਿਸ਼ਨਾਂ ਰਹਿਤ ਮਰਦਊ ਤੇ ਇਨਸਾਨੀਅਤ ਦਾ ਨਮੂਨਾ ਜਗਤ ਵਿਚ ਟੁਰੇ। ਸੋ ਉਸ ਕੰਮ ਪੁਰ ਦਾਤਾ ਜੀ ਜਾ ਰਹੇ ਹਨ, ਅੱਲਾ ਦੇ ਹੁਕਮ ਵਿਚ ਜਾ ਰਹੇ ਹਨ, ਉਹਨਾਂ ਨੂੰ ਰੋਕ ਨਾ ਪਾਓ।''

ਫਿਰ ਮੈਂ ਇਕ ਹੋਰ ਪਯੰਬਰ ਵੇਖੇ, ਉਹ ਓਹ ਸਨ ਜੋ ਸੂਲੀ ਚੜ੍ਹੇ ਸਨ, ਆਖਣ ਲਗੇ, ''ਮੈਂ ਦੁਨੀਆਂ ਵਿਚ ਇਨਸਾਨੀਅਤ ਸਿਖਾਈ ਤੇ ਕਾਇਮ ਕੀਤੀ ਤੇ ਮਤ ਦਿੱਤੀ ਕਿ ਤਲਵਾਰ ਨਾ ਚਲਾਓ ਜੋ ਤਲਵਾਰ ਨਾਲ ਵਾਰ ਕਰੇਗਾ, ਸੋ ਤਲਵਾਰ ਨਾਲ ਮਾਰਿਆ ਜਾਏਗਾ। ਪਰ ਇਸ ਦੁਨੀਆਂ ਦੀ ਹਾਲਤ ਐਸੀ ਹੈ ਕਿ ਜਦ ਮੇਰੇ ਉੱਤੇ ਹੀ ਆ ਬਣੀ ਤਾਂ ਮੈਨੂੰ ਬੀ ਆਖਣਾ ਪਿਆ ਕਿ ਤਲਵਾਰ ਖ਼ਰੀਦ ਲਿਆਓ, ਮੁਰਾਦ ਮਰਦਊ ਪਨੇ ਤੋਂ ਸੀ। ਇਹ ਕਸਰ ਹੈ ਜੋ ਮਰਦਊ ਪਨੇ ਤੋਂ ਖਾਲੀ ਇਨਸਾਨੀਅਤ ਵਿਚ ਰਹਿ ਜਾਂਦੀ ਹੈ। ਮਰਦਊ ਬਿਨਾਂ ਆਦਰਸ਼ ਸਿਰੇ ਨਹੀਂ ਚੜ੍ਹਦਾ, ਪਰ ਉਹ ਤ੍ਰਿਸ਼ਨਾਂ ਰਹਿਤ ਲੋੜੀਏ, ਨਹੀਂ ਤਾਂ ਮਰਦਊ ਜ਼ੁਲਮ ਵਿਚ ਬਦਲ ਜਾਂਦਾ ਹੈ। ਸ਼ੇਰ ਜੇ ਕਿਸੇ ਵਿਧਵਾ ਦੇ ਬੱਚੇ ਨੂੰ ਪਾੜ ਖਾਣ ਲੱਗਾ ਹੈ, ਤੁਸੀਂ ਬੱਚੇ ਤੇ ਦਇਆ ਕਰ ਕੇ ਸ਼ੇਰ ਨੂੰ ਰੋਕਦੇ ਹੋ, ਜੇ ਉਹ ਨਹੀਂ ਟਲਦਾ

ਤਾਂ ਉਸ ਨੂੰ ਤਲਵਾਰ ਨਾਲ ਰੋਕਦੇ ਹੋ ਤੇ ਬੱਚੇ ਦੀ ਜਾਨ ਖਚਾ ਦੇਂਦੇ ਹੋ ਤਾਂ ਇਹ ਮਰਦਊ ਤ੍ਰਿਸ਼ਨਾਂ ਰਹਿਤ ਮਰਦਊ ਹੈ : ਜੇ ਇਹ ਨਾ ਹੁੰਦਾ ਤਾਂ ਤੁਸੀਂ ਕਾਇਰ ਸਮਝੇ ਜਾਂਦੇ। ਤਲਵਾਰ ਜ਼ੁਲਮ ਦੀ ਢਾਲ ਬਣੇ, ਜ਼ਾਲਮ ਕਦੀ ਨਾ ਖਣੇ। ਪ੍ਰਯੋਜਨ ਇਹ ਹੈ ਕਿ ਜਗਤ ਵਿਚ ਪ੍ਰੇਮ ਰਾਜ ਕਾਇਮ ਹੋਵੇ; ਜ਼ੋਰ ਜ਼ੁਲਮ ਦੂਰ ਹੋਵੇ।"

ਫਿਰ ਆਪ ਆਖਣ ਲੱਗੇ ਕਿ "ਇਨ੍ਹਾਂ ਬਖਸ਼ੇ ਤਪੱਸ੍ਵੀ ਜੀ ਨੂੰ ਨਾ ਰੋਕੋ, ਜਾਣ ਦਿਓ, ਇਹ ਰੱਬੀ ਹੁਕਮ ਵਿਚ ਜਾ ਰਹੇ ਹਨ; ਇਹ ਹੁਕਮ ਦੇ ਸਭ ਤੋਂ ਵੱਡੇ ਬਜਾ ਲਿਆਉਣ ਵਾਲੇ ਹਨ :"

ਸੋਨ ਮੁਨੀ ਜੀ--ਬਈ ਖ਼ਫਾ ਨਾ ਹੋਣਾ, ਮੈਨੂੰ ਆਪਣੇ ਦੇਵ ਪੁਰ ਤਾਂ ਭਰੋਸਾ ਹੈ, ਪਰ ਮੇਰੇ ਖਯਾਲ ਵਿਚ 'ਅੰਤ' ਸੁੰਨ ਹੈ। ਮੈਨੂੰ ਅੱਜ ਆਪਣੇ ਅਵਧੂਤ ਮੁਨੀ ਜੀ ਦੇ ਦਰਸ਼ਨ ਹੋਏ, ਮੈਂ ਕਿਹਾ, "ਸਾਡੇ ਬਖਸ਼ੇ ਤਪੱਸ੍ਵੀ ਜੀ ਨੂੰ ਕੀ ਹੋ ਗਿਆ ਹੈ ?" ਉਹ ਬੋਲੇ "ਜੋ ਹੋਇਆ ਚੰਗਾ ਹੋਇਆ ਹੈ, ਨਿਰੀ ਦਇਆ ਤੇ ਨਿਰੀ ਅਹਿੰਸਾ ਦੀ ਸੋਚ ਇਕ ਧੁਰੇ ਦੀ ਪੱਕੀ ਬਾਤ ਤਾਂ ਹੈ, ਪਰ ਇਸ ਨਾਲ ਆਦਮੀ ਹੋਰ ਹੀ ਤਰ੍ਹਾਂ ਦੇ ਹੋ ਗਏ ਹਨ। ਆਦਮੀ ਵਿਚ ਇਕ ਭਾਰਾ ਨੁਕਸ ਹੈ ਕਿ ਜਿਸ ਪਾਸੇ ਦੀ ਮੱਤ ਦਿਓ, ਬੱਸ ਓਸੇ ਪਾਸੇ ਸਾਰਾ ਝੁਕ ਜਾਂਦਾ ਹੈ। ਸਭ ਪਾਸੇ ਤੋਂ ਇਕੋ ਜੇਹਾ ਨਹੀਂ ਉੱਠਦਾ। ਸੋ ਜੋ 'ਆਦਰਸ਼' ਜਗਤ ਵਿਚ ਹੁਣ ਸੁਖਦਾਈ ਹੈ, ਉਹ ਇਹੋ ਹੈ, ਜੋ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ; ਭੈ ਨਾ ਦਿਓ ਤੇ ਨਾ ਮੰਨੋ। ਹੁਣ ਉਸ ਆਦਰਸ਼ ਵਿਚ, ਵੈਤ੍ਰਿਸ਼ਨ ਰਹਿ ਕੇ ਹਉਂ ਰਹਿਤ ਮਰਦਊ ਅਤੇ 'ਲੋੜ ਪਈ ਤੇ ਤਲਵਾਰ ਨੂੰ ਢਾਲ ਬਣਾ ਕੇ, ਇਸ ਦੇ ਯੋਗ ਵਰਤਾਉ ਦਾ ਤ੍ਰੀਕਾ' ਬੀ ਦੱਸਣਾ ਹੈ, ਤਾਂਕਿ ਮਰਦ ਚੜ੍ਹਦੀਆਂ ਕਲਾਂ ਦਾ ਮਰਦ ਹੋਵੇ, ਉਹ ਕਾਮਲ ਹੋਵੇ। ਭੈ, ਭਰਮ, ਵਹਿਮ, ਖਯਾਲੀ ਧਰਮ, ਫਿਕਰਾਂ ਦੇ ਗੋਰਖ ਧੰਦੇ ਅਤੇ ਜਰਵਾਣਿਆਂ ਦੇ ਭੈ ਉਸ ਕਮਾਲ ਨੂੰ ਖਾ ਨਾ ਜਾਣ। ਨਿਰਭੈ, ਮਜ਼ਬੂਤ, ਖੇੜੇਵਾਲੀ, ਧਰਤੀ ਤੇ ਤੁਰਦੀ ਤੇ ਅਰਸ਼ਾਂ ਨਾਲ ਗੱਲਾਂ ਕਰਦੀ, ਪਰ ਪੂਰਨ ਇਨਸਾਨੀਅਤ ਵਾਲੀ ਸ਼ਖ਼ਸੀ ਅਤੇ ਕਾਮਲ ਮਰਦ ਦੀ ਸ਼ਖ਼ਸੀਅਤ ਹੈ। ਇਸ ਅਰਸ਼ੀ ਮਰਦ ਨੇ ਇਹ 'ਨਮੂਨੇ ਦਾ ਮਰਦ' ਬਣਾ ਕੇ ਦੱਸਣਾ ਹੈ ਤੇ ਹੋਰਨਾਂ ਨੂੰ ਬਨਾਉਣਾ ਹੈ। ਤੁਸਾਂ ਬੀ ਹੁਣ ਏਥੇ ਨਹੀਂ ਰਹਿਣਾ, ਇਨ੍ਹਾਂ ਦੇ ਨਾਲ ਜਾਣਾ ਹੈ ਅਰ ਤਾਬਿਆ ਕੰਮ ਕਰਨਾ ਹੈ। ਜਿਕੂੰ ਪਰਬਤਾਂ ਵਿਚ ਨਿਰਲੇਪ ਹੋ, ਇਸ ਤਰ੍ਹਾਂ ਖੰਡੇ ਖੜਕਦੇ ਵਿਚ ਉੱਚੇ ਤੇ ਅਲੇਪ ਰਹਿਣਾ ਹੈ। ਜਗਤ ਦੇ ਕੇਂਦ੍ਰ-'ਅਨੰਤ'-ਤੋਂ ਵਿਛੁੜਨਾ ਨਹੀਂ, ਕੇਂਦ੍ਰ ਹੈ, ਜ਼ਰੂਰ ਹੈ। ਕੇਂਦ੍ਰ ਸ਼ੂਨ ਨਹੀਂ, ਸ਼ੂਨ ਕੁਛ ਨਹੀਂ ਹੈ, ਕੇਂਦਰ ਹੈ, ਚੇਤਨ ਹੈ ਤੇ ਉਮਾਹ ਹੈ।"

ਬ੍ਰਹਮ ਰਿਖੀ ਜੀ--ਬਈ ਜਗਤ ਤ੍ਰੈਕਾਲ ਅਨ-ਹੋਇਆ ਜਾਣਕੇ ਫੁਰਨੇ ਦੀ ਉਪਾਧੀ ਮਾਤ੍ਰ ਦੂਰ ਕਰਨ ਲਈ ਅਸੀਂ ਇਥੇ ਤਪ ਕੀਤੇ 'ਨਾਮ ਰੂਪ' ਨੂੰ ਦੂਰ ਕਰਕੇ ਪਿਛੇ ਰਹੀ ਇਕ ਯਥਾਰਥਤਾਈ ਉਤੇ ਟਿਕਣ ਦੇ ਤਰਲੇ ਲਏ। ਅੱਜ ਸਾਨੂੰ ਬੀ ਵਯਾਸ ਜੀ ਦੇ, ਫੇਰ ਹੰਸ ਜੀ ਦੇ ਦਰਸ਼ਨ ਮਿਲੇ, ਫਿਰ ਯਾਗਵਲਕ ਜੀ, ਵਸ਼ਿਸ਼ਟ ਜੀ ਮਿਲੇ, ਫੇਰ ਮਰਿਯਾਦਾ ਵਾਲੇ ਰਾਮ ਜੀ, ਫੇਰ ਰਸੱਰਾਜ ਕ੍ਰਿਸ਼ਨ ਜੀ ਮਿਲੇ। ਫੇਰ ਦੱਤਾਤ੍ਰੇਯ ਮੈਤ੍ਰੇ ਜੀ ਮਿਲੇ। ਗੱਲ ਕੀ ਅਨੰਤ ਦਰਸ਼ਨ ਹੋਏ, ਸਭਨਾਂ ਦੀ ਸਿੱਖਯਾ ਦਾ ਸਾਰ ਇਹ ਸੀ "ਕਿ ਬਖਸ਼ੇ ਤਪੱਸ੍ਵੀ ਜੀ ਦੇ ਨਾਲ ਜਾਓ, ਰਣ ਤੱਤਿਆਂ ਵਿਚ ਤ੍ਰਿਸ਼ਨਾਂ ਰਹਿਤ ਰਹਿ ਕੇ ਦਿਖਾਓ ਕਿ ਜਗਤ ਤਿੰਨ ਕਾਲ ਮਿਥਿਆ ਹੈ, ਕਦੇ ਬਣਿਆਂ ਨਹੀ। ਜੇ ਲੂੰ ਪੱਟੇ ਦੀ ਪੀੜ ਵਿਆਕੁਲ ਕਰੇ ਤਦ ਕਾਹਦਾ ਮਿਥਿਆ।" ਮੁਨੀ ਯਾਗਵਲਕ ਤੇ ਮੱਨੂੰ ਤੇ ਵਯਾਸ ਜੀ ਨੇ ਮੈਨੂੰ ਕਿਹਾ ਹੈ ਕਿ "ਇਸ 'ਬਖਸ਼ੇ ਤਪੱਸ੍ਵੀ' ਜੀ ਦੇ ਤਪ ਨੂੰ ਵੇਖ ਕੇ ਨਹੀਂ ਭੁੱਲਣਾ ਕਿ ਜੀਵ ਹਨ, ਇਹ ਤੇ 'ਗੁਰੂ-ਜੋਤਿ' ਦੇ ਨਿਵਾਸ ਵਾਲਾ ਸਰੀਰ ਹੈ। ਪਰਮੇਸ਼ੁਰ ਨਿਰੰਕਾਰ ਹੈ, ਪਰ ਜਗਤ ਉਤਪਤੀ ਦੇ ਸਨਬੰਧ ਵਿਚ ਕਰਤਾਰ ਪਾਲਣਹਾਰ ਤੇ ਸਿਖਾਵਣਹਾਰ (ਗੁਰੂ) ਹੈ। ਉਸ 'ਗੁਰੂ'--ਰੂਪਤਾ ਦਾ ਨਿਵਾਸ ਇਸ ਬਖਸ਼ੇ ਤਪੀ ਜੀ ਵਿਚ ਹੈ, ਇਹ ਉਸ ਗੁਰੂ--ਜਯੋਤੀ ਦਾ ਅਵਤਾਰ ਹਨ, ਉਸ ਦਾ ਰੂਪ ਹਨ। ਇਹਨਾਂ ਨੇ ਜਗਤ ਵਿਚ 'ਚੜ੍ਹਦੀ ਕਲਾ' ਦਾ ਨਮੂਨਾ ਕਾਇਮ ਕਰਨਾ ਹੈ, ਅਰਥਾਤ ਹਉਮੈਂ ਨਾ ਹੋਵੇ, ਪਰ ਮੌਤ ਦਾ ਭੈ ਬੀ ਨਾ ਹੋਵੇ, ਮਰਦਊ ਹੋਵੇ, ਪਰ ਤ੍ਰਿਸ਼ਨਾ ਰਤੀ ਭਰ ਨਾ ਹੋਵੇ। ਸੱਚ ਦੀ ਖ਼ਾਤਰ ਅਭੈ ਪਦ

ਦੇ ਆਦਮੀ ਅਭਈ ਵਰਤੋਂ ਵਰਤ ਕੇ ਪਰਵਿਰਤੀ ਵਿਚ ਨਿਰ-ਵਿਰਤੀ ਤੇ ਟੁਰਨ 'ਨਾ ਭੈ ਦੇਣ ਨਾ ਭੈ ਖਾਣ', ਇਉਂ ਜਗਤ ਵਿਚ ਬੈਕੁੰਠ ਹੋ ਜਾਵੇ। ਐਸੇ ਬੰਦੇ ਫੇਰ ਜਗਤ ਵਿਚ ਖੇਦ ਨਹੀਂ ਪੈਦਾ ਕਰਨਗੇ।

"-ਸੱਚ-ਨਿਰਾ ਸੱਚ, ਬੋਲਣ ਮਾਤ੍ਰ ਨਹੀਂ ਸਰਵਥਾ ਸੱਚ ਪਰ ਟੁਰਨਾ ਸੱਚ ਹੈ, ਕਿਸੇ ਸ਼ੈ ਦਾ ਆਪਣੇ ਅਸਲੇ ਵਿਚ ਕਮਾਲ ਵਿਚ ਹੋਣਾ 'ਸੱਚ' ਹੈ। ਹੋਰ ਦਾ ਹੋਰ ਨਾ ਹੋ ਜਾਣਾ ਸੱਚ ਹੈ, ਸੱਚ ਪਰ ਟਿਕਾਉ ਸੱਚ ਹੈ। ਭੈ ਦੇਣ ਵਾਲਾ ਸੱਚ ਨੂੰ 'ਰੋਕ' ਪਾਉਂਦਾ ਹੈ, ਭੈ ਖਾਣ ਵਾਲਾ ਸੱਚ ਨੂੰ ਛੱਡ ਦੇਂਦਾ ਹੈ। ਨਮੂਨੇ ਦਾ ਮਰਦ ਉਹ ਹੈ ਜੋ ਨਾ ਭੈ ਖਾਵੇ, ਨਾ ਦੇਵੈ। ਪਰੰਤੂ ਜਗਤ ਵਿਚ ਹੁਣ ਇਹ ਨਮੂਨਾ ਕਾਇਮ ਕਰਨਾ ਹੈ ਕਿ ਨਿਰਭੈ ਬੰਦਾ, ਲੋੜ ਪਈ ਤੇ ਸ਼ਸਤ੍ਰ ਫੜ ਕੇ ਵੀ, ਮਰਕੇ ਤੇ ਮਾਰ ਕੇ ਵੀ ਅਭੈ ਪਦ ਤੇ ਖੜਾ ਰਹੇ ਤੇ ਭੇਦ ਇਹ ਹੈ ਕਿ ਅੰਦਰ ਤ੍ਰਿਸ਼ਨਾਂ ਨਾ ਹੋਵੇ। 'ਸੱਚ ਨੂੰ ਸੱਚ',-ਸੱਚ ਨੂੰ ਅਬਦਲ-ਰਖਣ ਲਈ, ਜੀਓ ਅਬਦਲ, ਸੱਚ ਦੀ ਖ਼ਾਤਰ ਭੈ ਨਾ ਖਾਣ ਵੇਲੇ ਸ਼ਸਤ੍ਰਾਂ ਤਕ ਨੌਬਤ ਜੇ ਆ ਪਵੇ ਤਾਂ ਅਭੈ ਬੰਦਾ ਨਿਰਭੈ ਹਾਲ ਵਿਚ ਵਰਤ ਰਿਹਾ ਹੋਵੇ। ਕਮਜ਼ੋਰੀ, ਕਾਇਰਤਾ ਰਸਤਾ ਨਾ ਰੋਕਣ, ਨਾ ਜ਼ੁਲਮ ਧੱਕਾ ਰਾਹ ਮਾਰਨ 'ਸੱਚ ਰਹੇ ਸੱਚਾ ਰਟੇ'। ਇਸ ਕਾਰਜ ਲਈ ਤਪੱਸ੍ਵੀ ਜੀ ਨੇ ਜਾਣਾ ਹੈ। ਜੋ ਰੱਬੀ ਰੌ ਗੁਰੂ ਨਾਨਕ ਜੀ ਨੇ ਹੁਕਮ ਵਿਚ ਚਲਾਈ ਹੈ ਸੋ ਕਮਾਲ ਹੈ, ਪਰ ਉਸ ਉਤੇ ਮੂਰਖ ਵਾਰ ਕਰ ਰਿਹਾ ਹੈ, ਉਸ ਦੀ ਰਖਿਆ ਤੇ ਪ੍ਰਚਾਰ ਲਈ ਇਨ੍ਹਾਂ ਨੇ ਜਾਣਾ ਹੈ ਤੇ ਗੁਰੂ ਨਾਨਕ ਵਾਲਾ ਕੰਮ ਵੀ ਸਾਰਾ ਉਵੇਂ ਹੀ ਕਰਨਾ ਹੈ।" ਸੋ ਮੇਰਾ ਤਾਂ ਉਸ ਵੇਲੇ ਦਾ ਭੈ ਤੇ ਸਤਿਕਾਰ ਨਾਲ ਮਨ ਭਰ ਰਿਹਾ ਹੈ। ਸਚਮੁੱਚ 'ਜਗਤ ਤ੍ਰੈ ਕਾਲ ਮਿਥਿਆ ਹੈ' ਪਰ ਜੇ ਵਰਤੋਂ ਵਿਚ ਵਰਤਦਿਆਂ, ਦੁਖ ਸੁਖ ਪਾਉਂਦਿਆਂ ਅੰਦਰਲਾ ਅਤੀਤ ਰਹੇ ਤਾਂ ਹੀ ਇਹ ਨਿਸਚਾ ਸਫਲ ਹੈ।

ਹੁਣ ਸਾਰਿਆਂ ਨੇ ਆਖਿਆ-ਹੇ ਤਪੱਸ੍ਵੀ ਜੀ ! ਆਪ ਜਾਓ। ਆਪ ਮਹਾਂ ਬਲੀ; ਪਰ ਵੈਤ੍ਰਿਸ਼ਨ[1] ਅਨੁਰਾਗ ਤੇ ਅਵਧੂਤ ਰੂਪ, ਰਸਾਲ ਤੇ ਫਿਰ ਰਮ

1. ਤ੍ਰਿਸ਼ਨਾਂ ਤੋਂ ਖਿਨਾਂ।

ਸੁਤੰਤ੍ਰ ਹੋ ! ਆਪ ਚਲੋ ਤੇ ਕ੍ਰਿਪਾ ਕਰ ਕੇ ਸਾਨੂੰ ਭੀ ਨਾਲ ਲੈ ਚਲੋ। ਅਸਾਂ ਜਿਵੇਂ ਏਕਾਂਤ ਤੇ ਬਰਫ਼ਾਂ ਵਿਚ ਆਪ ਦੇ ਨਾਲ ਸੁਤੰਤ੍ਰ ਮੌਜ ਮਾਣੀ ਹੈ, ਹੁਣ ਜਗਤ ਜਾਲ ਵਿਚ ਆਪ ਦੇ ਨਾਲ ਵਿਚਰਾਂਗੇ ਤੇ ਆਪ ਦਾ ਜਥਾ ਸ਼ਕਤ ਹੱਥ ਵਟਾਵਾਂਗੇ। ਇਕੱਲੇ ਇਥੇ ਅਸੀਂ ਹੁਣ ਕੀ ਕਰਾਂਗੇ ?

ਇਸ ਪਰ 'ਬਖ਼ਸ਼ੇ ਤਪੱਸ੍ਵੀ' ਜੀ ਬੋਲੇ:- ਸ਼ੁਕਰ ਹੈ ਕਿ ਆਪ ਸਾਹਿਬਾਂ ਦੇ ਸੰਸੇ ਨਿਵਿਰਤ ਹੋਏ। ਸ਼ੁਕਰ ਹੈ ਕਿ ਆਪ ਮੇਰੇ ਨਾਲ ਰਲੋਗੇ। ਮੇਰੇ ਲਈ ਅਨੰਤ ਵਾਹਿਗੁਰੂ ਦੀ 'ਹੋਂਦ' ਇਕ ਸਾਮਰਤਖ ਬਾਤ ਹੈ, ਤੇ ਇਸ ਕੇਂਦਰ ਤੇ ਵਸ ਰਿਹਾ ਮੈਂ ਸਦਾ ਸੁਖੀ ਹਾਂ, ਆਓ ਆਪ ਬੀ ਸਾਰੇ ਇਸੇ ਧ੍ਰਵੇ ਤੇ ਟੇਕ ਲੈ ਕੇ ਚਲੋ ਤੇ ਅਸੀਂ ਸਾਰੇ ਉਸ ਦਾ ਮਹਾਨ ਕਾਰਜ ਕਰੀਏ।

ਬ੍ਰਹਮ ਰਿਖੀ ਜੀ-ਆਪ ਹੁਣ ਇਥੋਂ ਜਗਤ ਨੂੰ ਚਲੋਗੇ ?

ਬ੍ਰਹਮ ਤਪੱਸ੍ਵੀ ਜੀ-ਨਹੀਂ ਜੀ, ਪਹਿਲੋਂ ਸੱਚਖੰਡ ਜਾਸਾਂ, ਉਥੋਂ ਪਿਤਾ ਤੋਂ, ਜੀਓ ! ਉਸ ਅਨੰਤ ਤੇ ਅਨਾਦਿ ਤੋਂ, ਉਸ ਦੇ ਹੁਕਮ ਦੁਆਰਾ ਜੋ ਕੁਝ ਪ੍ਰਾਪਤ ਹੋਵੇਗਾ ਲੜ ਬੰਨ੍ਹ ਕੇ ਟੁਰਾਂਗਾ। ਮੈਂ ਸੁਰਤ ਨੂੰ ਉਸ 'ਏਕੇ' ਦੇ ਚਰਨਾਂ ਨਾਲ ਬੰਨ੍ਹ ਕੇ ਟੁਰਨਾ ਹੈ। ਜਗਤ ਵਿਚ ਮਾਯਾ ਪ੍ਰਬਲ ਹੈ, ਲੋਭ ਲਹਿਰ ਨੀਝਰ ਬੱਝ ਰਹੀ ਹੈ ਤੇ ਸਰੀਰ ਗ਼ਰਕ ਰਹੇ ਹਨ, ਮੈਂ ਸੰਸਾਰ ਸਮੁੰਦਰ ਵਿਚ ਸੁਰਤ ਉੱਚੀ ਤੇ ਸਾਂਈਂ ਚਰਨਾਂ ਵਿਚ ਰੁੱਝੀ ਰੱਖ ਕੇ ਉਸ ਦੀ ਪ੍ਰੇਮ-ਖਿੱਚ ਵਿਚ ਆਪ ਰਹਿਕੇ ਕੰਮ ਕਰਨਾ ਹੈ। ਇਹ ਬਖ਼ਸ਼ਿਸ਼ ਹੋ ਗਈ ਹੈ, ਪਰ ਸੱਚਖੰਡ ਰਹਿਕੇ ਮਾਤ-ਲੋਕ ਜਾਣਾ ਹੈ, ਇਹ ਆਗਯਾ ਹੈ ਦਾਤਾ ਜੀਓ ਦੀ। ਸੋ ਮੈਂ ਅੱਜ ਜਾਵਾਂਗਾ ਤੇ ਆਪ ਨੇ ਹੁਣ ਅੱਜ ਤੋਂ 'ਹਰਿ ਕੀਰਤਿ' ਖਿਨਾਂ ਹੋਰ ਤਪ ਨਹੀਂ ਕਰਨਾ[1]। ਵਾਪਸ ਆਉਂਦੇ ਹੋਏ ਤੁਸਾਂ ਨੂੰ ਮੈਂ ਨਾਲ ਲੈ ਕੇ ਮਾਤਲੋਕ ਨੂੰ ਚੱਲਸਾਂ।

ਗੱਲ ਕੀ ਸਾਰਿਆਂ ਵਿਚ 'ਹਰਿ ਜਸ' ਭਰ ਗਿਆ, ਕੀਰਤਨ ਦਾ ਰਸਦਾਇਕ ਤਪ ਆ ਗਿਆ, ਸਿਫਤ ਸਲਾਹ ਵਿਚ ਭਰ ਕੇ ਸਭ ਨੇ ਤਪੱਸ੍ਵੀ ਜੀ ਨੂੰ ਮਾਨੋਂ ਹੇਮਕੁੰਟ ਤੋਂ ਸੱਚਖੰਡ ਵਲ ਤੋਰਿਆ।

1. ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮ॥
(ਸੋਰਠਿ ਮਹਲਾ ੫)

ਸੂਚਨਾ--੧. ਸ੍ਰੀ ਪੰਡਤ ਤਾਰਾ ਸਿੰਘ ਜੀ ਨਰੋਤਮ ਦੀ ਹੇਮਕੁੰਟ ਬਾਬਤ ਖੋਜ ਦਾ ਸਾਰ ਇਹ ਹੈ--"ਜਿਸ ਗੰਧਮਾਦਨ ਨਾਮ ਦੇ ਪਰਬਤ ਪਰ ਬਦਰੀ ਨਾਥ ਦਾ ਮੰਦਰ ਹੈ ਉਸ ਤੋਂ ਛੇ ਕੋਹ ਉਤਰਾਈ ਪਰ ਪੰਡੁਕੇਸ਼ਰ ਗ੍ਰਾਮ ਹੈ, ਜਿਥੇ ਰਾਜੇ ਪੰਡੂ ਨੇ ਯੋਗ ਮਾਰਗ ਦੀ ਸਾਧਨਾ ਸਾਧੀ ਸੀ। ਇਹ ਪ੍ਰਸੰਗ ਮਹਾਂ ਭਾਰਤ ਆਦਿ ਪਰਬ ਅਧਜਾਯ ੧੧੯ ਵਿਚ ਲਿਖਿਆ ਹੈ! ਏਥੇ ਮਹਾਂਦੇਵ ਦਾ ਮੰਦਰ ਤੇ 'ਪੰਡਕੇਸ਼ਰ' ਇਸ ਰਾਜੇ ਦੇ ਨਾਮ ਤੇ ਪਿੰਡ ਹੁਣ ਤਕ ਮੌਜੂਦ ਹੈ। ਬਦਰੀ ਨਾਥ ਦੇ ਯਾਤ੍ਰੀ ਪੰਡੁਕੇਸ਼ਰ ਤੋਂ ਹੀ ਬਦਰੀ ਨਾਥ ਨੂੰ ਜਾਂਦੇ ਹਨ। ਪੰਡੁਕੇਸ਼ਰ ਤੋਂ ਅੱਠ ਕੋਹ ਪਰ ਉਚਾਈ ਵਾਲੇ ਪਾਸੇ ਗੁਰੂ ਜੀ ਨੇ ਤਪ ਕੀਤਾ ਸੀ। ਉਥੇ ਸਪਤ ਸ੍ਰਿੰਗ-ਹੇਮਕੁੰਟ ਨਾਮੇ ਪਰਬਤ ਹੈ। ਇਸ ਦੇ ਵਿਚਕਾਰ ਇਕ ਸਰ ਹੈ, ਉਸ ਨੂੰ ਲੋਹਪਾਲ ਆਖਦੇ ਹਨ। ਇਸ ਦੇ ਪੱਛਮ ਵਲ ਦੁਸ਼ਟ ਦਮਨ ਤਪੱਸ੍ਵੀ ਜੀ ਦੇ ਤਪ ਕਰਨ ਦੀ ਜਗ੍ਹਾ ਹੁਣ ਤੱਕ ਦੱਸੀਦੀ ਹੈ। ਇਹ ਨਾਮ ਗੁਰੂ ਜੀ ਦੇ ਤਪ ਕਰਨ ਵੇਲੇ ਦਾ ਹੈ।"

ਸੂਚਨਾ--੨. ਇਕ 'ਹੇਮਕੁੰਟ' ਹੇਠ ਦੱਸੀਦਾ ਹੈ ਜੋ ਪਟਨੇ ਦੇ ਜ਼ਿਲੇ ਵਿਚ ਹੈ, ਜਿਸ ਨੂੰ ਰਤਨਾਗਿਰੀ ਕਹਿੰਦੇ ਹਨ। ਪਾਲੀ ਪੁਸਤਕਾਂ ਵਿਚ ਜੋ ਪੰਡਾਉ ਪਰਬਤ ਆਉਂਦਾ ਹੈ, ਉਹ ਇਹ ਰਤਨਾਗਿਰੀ ਹੀ ਹੈ।

ਸੂਚਨਾ--੩. ਦੱਖਣ ਵਿਚ ਗੁਦਾਵਰੀ ਕਿਨਾਰੇ ਜੋ ਪ੍ਰਸਿਧ ਸ਼ਹਿਰ ਨਾਸਕ ਹੈ ਇਥੋਂ ੨੨ ਕੁ ਮੀਲ ਤੇ ਸਤ ਚੋਟੀਆਂ ਦਾ ਪਹਾੜ ਹੈ, ਉਥੇ ਬੀ ਹੇਮਕੁੰਟ ਦੱਸੀਦਾ ਹੈ ਤੇ ਪਾਂਡਵਾਂ ਦੇ ਜਾਣ ਦਾ ਜ਼ਿਕਰ ਕਰਦੇ ਹਨ।

ਸੂਚਨਾ--੪. ਇਕ ਸੱਜਣ ਦਾ ਖਿਆਲ ਮਾਨ ਸਰੋਵਰ ਤੇ ਹੀ ਇਸ ਟਿਕਾਣੇ ਦੇ ਹੋਣ ਦਾ ਹੈ, 'ਹੇਮਕੁੰਟ' ਅਰਥਾਤ ਬਰਫ਼ ਦਾ ਪਹਾੜ ਕੈਲਾਸ਼ ਖਿਆਲ ਕਰਦੇ ਹਨ, ਕਿਉਂਕਿ ਇਸ ਨੂੰ ਉਧਰ 'ਕੈਂਗ--ਰਿੰਪਾਂਚੇ'--ਪਵਿਤ੍ਰ ਪਹਾੜ ਤੇ 'ਗੰਗੀ' (ਅਰਥਾਤ ਬਰਫ਼ ਦਾ ਪਹਾੜ) ਬੀ ਸੱਦਦੇ ਹਨ, ਇਸ ਦੇ ਲਾਗੇ ਸਤ ਚੋਟੀਆਂ ਬੀ ਗਿਣਦੇ ਹਨ :--

(ੳ) ਗੁਰਲਾ ਮਾਨਧਾਤਾ ਦੀ ਦੱਖਣ--ਦੱਖਣ--ਪੱਛਮ ਦੀ ਚੋਟੀ। (ਅ) ਗੁਰਲਾ ਮਾਨਧਾਤਾ ਦੀ ਦੱਖਣ--ਪੱਛਮ ਦੀ ਚੋਟੀ। (ੲ) South ੬੦°W ਬਰਫ਼ਾਨੀ ਚੋਟੀ ਜੋ ਦੱਖਣ ਵੰਨੇ ੬੦ ਡਿਗਰੀ ਪੱਛੋਂ ਨੂੰ ਹੈ। (ਸ) West-North-West ਪੱਛੋਂ ਰੁਖ ਨੂੰ ਪਛਮੋਤਰ ਵਲ ਨੂੰ ਹੈ। (ਹ) ਕੈਲਾਸ਼। (ਕ) (ਖ) ਦੋ ਚੋਟੀਆਂ ਵਾਲਾ ਪੁੰਡੀ ਉਤਰ ਵਾਲੇ ਪਾਸੇ ੨੦ ਡਿਗਰੀ ਪੱਛੋਂ ਰੁੱਖ ਨੂੰ।


ਸਿੱਧਾਂਤ--ਪਰੰਤੂ ਹੁਣ ਤੱਕ ਦੀ ਖੋਜ ਬੱਦਰੀ ਨਾਥ ਤੋਂ ਪੰਡੁਕੇਸ਼੍ਵਰ ਤੋਂ ਉਰੇ ਚੌਦਾਂ ਕੁ ਮੀਲ ਉਪਰ ਵਾਲੇ ਟਿਕਾਣੇ ਨੂੰ ਹੀ ਉਹ ਥਾਉਂ ਸਹੀ ਕਰਦੀ ਹੈ ਜਿਥੇ ਗੁਰੂ ਜੀ ਨੇ ਤਪ ਕੀਤਾ ਸੀ, ਕਿਉਂਕਿ ਪੰਡੁਰਾਜ ਨੇ ਜੋਗ ਪੰਡੁਕੇਸ਼੍ਵਰ ਯਾ ਇਸਦੇ ਲਾਗੇ ਕਮਾਯਾ ਹੈ, ਇਸ ਤੋਂ ਕੁਛ ਮੀਲ ਉਪਰ ਉਸਦੇ ਤਪ ਦਾ ਨਿਸ਼ਾਨ ਪਾਂਡੂਸ਼ਿਲਾ[1] ਹੈ। ਮਹਾਂਭਾਰਥ ਆਦਿ ਪਰਬ ਅਧਜਾਯ ੧੧੯ ਸ਼ਲੋਕ ੪੭-੫੦ ਵਿਚ ਜਿਥੇ ਗੰਧਮਾਦਨ ਪਰਬਤ ਹੇਮਕੁੰਟ ਸਪਤਸ੍ਰਿੰਗ ਦਾ ਪਤਾ ਦਿੱਤਾ ਹੈ ਸੋ ਟਿਕਾਣਾ ਇਹੋ ਹੈ ਤੇ 'ਪਾਂਡੂ ਸ਼ਿਲਾ' ਤੇ 'ਪੰਡਕੇਸ਼੍ਵਰ' ਪੰਡੂ ਦੇ ਨਾਮ ਦੇ ਟਿਕਾਣੇ ਬੀ ਏਥੇ ਹੀ ਹੁਣ ਤਕ ਹੈਨ। ਗੁਰੂ ਜੀ ਨੇ ਆਪ ਲਿਖਿਆ ਹੈ :--ਹੇਮਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਤ ਹੈ ਤਹਾਂ। ਸਪਤ ਸ੍ਰਿੰਗ ਤਿਹ ਨਾਮ ਕਹਾਵਾ। ਪੰਡੁ ਰਾਜ ਜਹਿ ਜੋਗ ਕਮਾਵਾ। (ਬ : ਨਾ :)

ਸੋ ਖੋਜ ਨਾਲ ਸਿੱਧ ਹੋਏ ਇਸ ਟਿਕਾਣੇ ਚਲੇ ਆ ਰਹੇ ਪੁਰਾਤਨ ਤਪ-ਸਥਾਨੀ ਥੜੇ ਉਪਰ ਯਾਦਗਾਰ ਮਾਤ੍ਰ ਇਕ ਛੋਟਾ ਜਿਹਾ, ੧੦ ਫੁੱਟ ਮੁਰੱਬਾ ਦਾ ਗੁਰਦੁਆਰਾ, ਉਸ ਦੇ ਅਗੇ ਤਿੰਨ ਫੁੱਟ ਬਰਾਂਡਾ ਅਕਤੂਬਰ ੧੯੩੯ ਵਿਚ ਗੁਰੂ ਬਖ਼ਸ਼ੀ ਪ੍ਰੇਰਨਾ ਨਾਲ ਕਾਇਮ ਹੋ ਗਿਆ ਤੇ ਨਿਸ਼ਾਨ ਸਾਹਿਬ ਝੂਲਾ ਦਿੱਤਾ ਗਿਆ ਸੀ, ਜੋ ਸਾਹਮਣੇ ਦਿੱਤੀ ਫੋਟੋ ਵਿਚ ਵਿਸ਼ਾਲ ਸਰੋਵਰ ਦੇ ਕਿਨਾਰੇ ਦਰਸ਼ਨ ਦੇ ਰਿਹਾ ਹੈ।[2]


ਜਿਸ ਪਹਾੜ ਸ਼ਰੇਣੀਆਂ--ਉਤ੍ਰਾਖੰਡ--ਵਿਚ ਹੇਮਕੁੰਟ ਸਪਤ ਸ੍ਰਿੰਗ ਦਾ ਟਿਕਾਣਾ ਹੈ, ਉਸ ਦਾ ਨਕਸ਼ਾ ਬੀ ਅਗਲੇ ਪੰਨੇ ਪਰ ਦਿੱਤਾ ਜਾਂਦਾ ਹੈ ਤਾਂ ਜੋ ਹੇਮਕੁੰਟ ਸਪਤ ਸ੍ਰਿੰਗ ਤਪੋ ਧਾਮ ਦੀ ਸਮਝ ਉਸ ਦੇ ਉਦਾਲੇ ਪੁਦਾਲੇ ਦੇ ਸੰਬੰਧ ਵਿਚ ਨਿਸ਼ਚਿਤ ਹੋ ਸਕੇ।

---

1. ਜ਼ੁਬਾਨੀ ਸੰਤ ਸੋਹਣ ਸਿੰਘ ਜੀ। 2. ਹੁਣ ਗੁਰੂ ਕਿਰਪਾ ਦਾ ਸਦਕਾ ਸਾਧ ਸੰਗਤ ਨੇ ਇਕ ਵਿਸ਼ਾਲ ਤੇ ਪ੍ਰਭਾਵਸ਼ਾਲੀ ਗੁਰਦੁਆਰਾ ਬਨਾ ਦਿੱਤਾ ਹੈ ਜਿਸ ਦੀ ਫੋਟੋ ਸ਼ੁਰੂ ਵਿਚ ਦੇ ਦਿੱਤੀ ਹੈ !



ਸਪਤ ਸ਼ਿੰਗ ਦੀਆਂ ਸਤ ਚੋਟੀਆਂ ਵਿਚੋਂ ਪੰਜਾਂ ਦੀ ਉਚਾਈ ਵੀ ਦਿਤੀ ਹੈ, ਸਾਵੇ ਰੰਗ ਵਾਲੀ ਥਾਂ 'ਹੇਮ ਕੁੰਟ' ਦਾ ਟਿਕਾਣਾ ਹੈ।




ਇਹ ਨਕਸ਼ਾ ਦੱਸਦਾ ਹੈ ਕਿ ਉੱਤ੍ਰਾ ਖੰਡ ਵਿਚ ਹੋਰਨਾ ਟਿਕਾਣਿਆ ਦੇ ਸੰਬੰਦ ਵਿਚ 'ਹੇਮ ਕੁੰਟ' ਸਪਤਸ੍ਰਿੰਗ ਕਿਸ ਟਿਕਾਣੇ ਹੈ।

All rights reserved

# ੨. ਸੱਚ ਖੰਡ ਤੋਂ ਮਾਤ ਲੋਕ[1]।

**ਕੀਰਤਨ** ਸੁਣਦਿਆਂ ਸੁਰਤ ਨੇ ਐਸੀ ਉਡਾਰੀ ਖਾਧੀ ਕਿ ਮਾਨੋਂ ਦੁਨੀਆਂ ਹੀ ਪਲਟ ਗਈ, ਕੀ ਦਿੱਸਦਾ ਹੈ ਕਿ ਇਕ ਡਾਢਾ ਹੀ ਅਚਰਜ ਸੁੰਦਰ ਸ਼ਹਿਰ ਹੈ, ਜਿਸ ਦੀ ਉਪਮਾਂ ਲਿਖਣੀ ਮਨੁੱਖ ਦੀ ਕਲਮ ਤੋਂ ਦੂਰ ਹੈ, ਕਿਉਂਕਿ ਇਸ ਦੀ ਉਸਾਰੀ ਐਸੇ ਪਦਾਰਥਾਂ ਨਾਲ ਹੋਈ ਹੋਈ ਹੈ ਕਿ ਜੋ ਮਨੁੱਖ ਦੀ ਸਮਝ ਅਰ ਅਕਲ ਤੋਂ ਦੂਰ ਹਨ। ਇਸ ਦੇ ਘਰ ਕਦੀ ਡਿਗਦੇ ਢਹਿੰਦੇ ਜਾਂ ਪੁਰਾਣੇ ਨਹੀਂ ਹੁੰਦੇ; ਦਿਨ ਰਾਤ ਦਾ ਉਥੇ ਵੇਰਵਾ ਨਹੀਂ, ਦੁਖ ਦਰਦ ਦਾ ਨਾਉਂ ਨਹੀਂ। 'ਬੇਗਮਪੁਰਾ'[2] ਇਸ ਸ਼ਹਿਰ ਦਾ ਨਾਉਂ ਹੈ। ਕੋਈ ਚੋਰ ਜੁਆਰੀਆ ਏਥੇ ਵੱਸਦਾ ਨਹੀਂ, ਕੋਈ ਚੌਕੀ ਪਹਿਰਾ ਸਿਪਾਹੀ ਨਹੀਂ ਹੈ। ਇਕ ਤੋਂ ਇਕ ਚੜ੍ਹਦੇ ਤੇ ਸੁੰਦਰ ਮਹਿਲ ਮਾੜੀਆਂ ਤੇ ਮੰਦਰ ਸਾਧੂ ਪੁਰਖ ਦੀ ਬ੍ਰਿਤੀ ਵਾਂਙੂ ਅਡੋਲ ਖੜੇ ਹਨ, ਫਿਰ ਏਹ ਮਕਾਨ ਐਸੇ ਹਨ ਕਿ ਜਿਸ ਵੇਲੇ ਖਿਆਲ ਕਰੋ ਤੇ ਜੇਹੋ ਜੇਹਾ ਖਿਆਲ ਕਰੋ ਓਹੋ ਜਿਹੇ ਉਸਰ ਜਾਂਦੇ ਹਨ। ਜਦ ਅਗਲਿਆਂ ਨੂੰ ਬਦਲਣ ਦਾ ਖਿਆਲ ਕਰੋ ਤਾਂ ਉਨ੍ਹਾਂ ਦੀ ਥਾਂਵੇ ਜਿਹੇ ਚਾਹੋ ਹੋਰ ਉਸਰ ਜਾਂਦੇ ਹਨ। ਇਹ ਮਕਾਨ ਇੱਟਾਂ ਪੱਥਰਾਂ ਦੇ ਨਹੀਂ, ਸਗੋਂ ਕਿਸੇ ਖਿਆਲ ਨਾਲੋਂ ਬੀ ਸੂਖਮ ਵਸਤੂ ਦੇ ਬਣੇ ਹੋਏ ਹਨ। ਇਨ੍ਹਾਂ ਘਰਾਂ ਵਿਚ ਰਹਿਣ ਵਾਲੇ ਸੁੰਦਰਤਾ ਤੇ ਚੰਗਯਾਈ ਦੀ ਮੂਰਤਿ ਹਨ, ਜਿਨ੍ਹਾਂ ਦੇ ਚਿਹਰਿਆਂ ਪਰ ਐਸਾ ਪ੍ਰਕਾਸ਼ ਹੈ ਕਿ ਜਿਹਾ ਸੂਰਜ ਦਾ ਬੀ ਨਹੀਂ ਹੁੰਦਾ। ਇਨ੍ਹਾਂ ਦੇ ਹਿਰਦੇ ਬਸੰਤ ਰੁਤ ਦੇ ਅਕਾਸ਼ ਵਾਂਙੂ ਨਿਰਮਲ, ਸੁਗੰਧਿਤ ਅਰ ਸ਼ੁੱਧ ਹਨ। ਇਨ੍ਹਾਂ ਦੇ ਦੁਆਲੇ ਪ੍ਰੇਮ[3] ਦੇ ਕਪੜੇ ਪਹਿਨੇ ਹੋਏ ਹਨ। ਕੋਈ ਪੁਰਖ ਨੰਗਾ ਨਹੀਂ ਦਿੱਸਦਾ। ਕਪੜੇ ਸਾਡੇ ਕਪੜਿਆਂ ਵਰਗੇ ਨਹੀਂ, ਪਰ ਕਿਸੇ ਪ੍ਰਕਾਸ਼ ਵਰਗੀ ਸ਼ੈ ਦੇ ਬਣੇ ਹੋਏ ਹਨ, ਜਿਨ੍ਹਾਂ ਦੇ ਰੰਗ ਅਜੀਬ ਤੇ ਐਤਨੀਆਂ ਵੰਨਾਂ ਦੇ ਹਨ ਕਿ ਧਰਤੀ ਉਤੇ ਕਦੇ ਉਤਨੇ ਰੰਗ ਡਿਠੇ ਹੀ ਨਹੀਂ, ਦਮਕ ਚਮਕ ਤੇ ਲਹਿਰਾਉ ਬੀ ਅਜੀਬ ਹੈ। ਰੋਟੀ ਦਾਲ ਭਾਜੀ ਦਾ ਏਥੇ ਮੁਸ਼ਕ ਭੀ ਨਹੀਂ। 'ਨਾਮ ਰਸ' ਤੇ ਕੀਰਤਨ ਨਾਮੇ[1] ਇਕ ਪਦਾਰਥ ਹੈ ਜੋ ਇਨ੍ਹਾਂ ਲੋਕਾਂ ਦਾ ਆਧਾਰ ਹੈ। ਜਗ੍ਹਾ ਜਗ੍ਹਾ ਐਸੇ ਸੁੰਦਰ ਫੁਹਾਰੇ ਅਨੋਖੇ ਫੁਲਵਾੜੀਆਂ ਵਿਚ ਸਜੇ ਹੋਏ ਛੁਟ ਰਹੇ ਹਨ, ਜਿਨ੍ਹਾਂ ਦਾ ਸੁਹਾਉ ਤੇ ਫਬਾਉ ਮਨ ਨੂੰ ਮੋਹੀ ਜਾਂਦਾ ਹੈ। ਪਰ ਏਹ ਫੁਹਾਰੇ, ਪਾਣੀ ਤੇ ਫੁੱਲ ਮਾੜੀ ਧਰਤੀ ਵਰਗੇ ਨਹੀਂ, ਕਿਸੇ ਅਨੋਖੀ ਸੂਖਮ ਸ਼ੈ ਦੇ ਹਨ, ਫੁਹਾਰੇ ਬਰਸਦੇ ਵੇਖ ਕੇ ਜੀ ਗਾਉਂ ਉਠਦਾ ਹੈ :-

> ਬਰਸੁ ਘਨਾ ਮੇਰਾ ਮਨੁ ਭੀਨਾ॥ ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ॥ ੧॥ (ਮਲਾਰ ਮਹਲਾ ੧)
>
> ਪੁਨਾ :- ਛੁਟਤ ਪਰਵਾਹ ਅਮਿਅ ਅਮਰਾਪਦ ਅੰਮ੍ਰਿਤ ਸਰੋਵਰ ਸਦ ਭਰਿਆ॥ ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ॥ ਤਿਨ ਭਉ ਨਿਵਾਰਿ ਅਨਭੈ ਪਦ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ॥ ਕਵਿਕਲ੍ਯ ਠਕੁਰ ਹਰਦਾਸ ਤਨੇ ਗੁਰਰਾਮਦਾਸ ਸਰ ਅਭਰ ਭਰੇ॥ ੨॥ (ਸਵ : ਮ : ੪ ਕੇ)

ਇਸ ਅਚਰਜ ਸ਼ਹਿਰ ਦੀ ਵਿਆਖਿਆ ਹੇਠ ਲਿਖੇ ਸ਼ਬਦਾਂ ਵਿਚ ਲਿਖੀ ਹੈ। ਯਥਾ :--

> ਸਹਜ ਸਿਫਤਿ ਭਗਤਿ ਤਤੁ ਗਿਆਨਾ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ॥ ਤਹਾ ਸੰਗਤਿ ਸਾਧ ਗੁਣ ਰਸੈ॥ ਅਨਭਉ ਨਗਰੁ ਤਹਾ ਸਦ ਵਸੈ॥ ੬॥ ਤਹ ਭਉ ਭਰਮਾ ਸੋਗੁ ਨ ਚਿੰਤਾ॥ ਆਵਣੁ ਜਾਵਣੁ ਮਿਰਤੁ ਨ ਹੋਤਾ॥ ਤਹ ਸਦਾ ਅਨੰਦ ਅਨਹਤ ਆਖਾਰੇ॥ ਭਗਤ ਵਸਹਿ ਕੀਰਤਨ ਆਧਾਰੇ॥ ੭॥ ਪਾਰਬ੍ਰਹਮ ਕਾ ਅੰਤੁ ਨ ਪਾਰੁ॥ ਕਉਣੁ ਕਰੈ ਤਾਕਾ ਬੀਚਾਰੁ॥ ਕਹੁ ਨਾਨਕ ਜਿਸ ਕਿਰਪਾ ਕਰੈ॥ ਨਿਹਚਲ ਥਾਨੁ ਸਾਧ ਸੰਗਿ ਤਰੈ॥ ੮॥ ੪॥ (ਗਉ : ਮ : ੫)

---

2. ਬੇਗਮ ਪੁਰਾ ਸਹਰ ਕੋ ਨਾਉ॥ (ਗਉ: ਰਵਿ:)

3. ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥ (ਗੂ: ਵਾਰ ਮਹਲਾ ੫

ਪੁਨਾ:--ਖੜਿ ਦਰਗਹ ਪੈਨਾਈਐ॥ ਸਿਰੀ ਮ: ੧)

1. ਭੋਜਨ ਭਾਉ ਕੀਰਤਨੁ ਆਧਾਰੁ॥ (ਗਮ: ਮ: ੫)

1. ਇਹ ਲੇਖ 'ਸਚਖੰਡ ਯਾਤ੍ਰਾ' ਦੇ ਨਾਮ ਹੇਠ ਸੰਮਤ ੪੩੦ ਗੁ: ਨਾ: ਸਾ: (੧੮੯੯-ਈ) ਗੁਰਪੁਰਬ ਸਪਤਮੀ ਪਰ ਟਰੈਕਟ ਦੀ ਸ਼ਕਲ ਵਿਚ ਪ੍ਰਕਾਸ਼ਿਆ ਸੀ।

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦਹੁ
ਨਹੀਂ ਤਿਹਿ ਠਾਉ॥ ਨਾਂ ਤਸਵੀਸ ਖਿਰਾਜੁ ਨ
ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ
॥੧॥ ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਸਾਹੀ॥ ਦੋਮ ਨ
ਸੇਮ ਏਕ ਸੋ ਆਹੀ॥ ਆਬਾਦਾਨੁ ਸਦਾ
ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ
ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ
ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ
ਹਮਾਰਾ॥੩॥੨॥ (ਗਉੜੀ ਰਵਿਦਾਸ ਜੀ)

ਬਨਸਪਤੀ ਬੀ ਏਥੇ ਅਚਰਜ ਹੈ; ਫੁਲ ਤੋੜ ਲਓ ਫੇਰ ਤੁਹਾਡੇ ਹਥ ਵਿਚ ਬੀ ਫੁਲ ਹੋਊ ਤੇ ਪਿਛੇ ਟਾਹਣੀ ਤੇ ਵੀ ਹੋਊ। ਕੋਈ ਸ਼ੈ ਇਥੇ ਮਰਦੀ ਨਹੀਂ, ਕਿਸੇ ਜਾਨ, ਜੀਵ, ਬਨਸਪਤੀ ਨੂੰ ਇਥੇ ਮੌਤ ਨਹੀਂ ਵਾਪਰਦੀ।

ਇਸ ਸ਼ਹਿਰ ਵਿਚ ਇਸ ਤੋਂ ਬੀ ਪਰੇ ਤੇ ਅਪਾਰ ਇਕ ਅਤਿ ਸੁੰਦਰ ਮਹੱਲ ਹੈ, ਜਿਸ ਦੀ ਇਮਾਰਤ ਐਸੇ ਦਿੱਬ ਜਵਾਹਰਾਤ ਨਾਲ ਬਣੀ ਹੋਈ ਹੈ ਕਿ ਜਿਨ੍ਹਾਂ ਦੀ ਸੁੰਦਰਤਾ ਅੱਖਾਂ ਝੱਲ ਨਹੀਂ ਸਕਦੀਆਂ ਅਰ ਸਿਰ ਤੋਂ ਪੈਰਾਂ ਤੀਕ ਸਭ ਹੀਰੇ[1] ਪੰਨੇ ਨਾਲੋਂ ਬੀ ਸੋਹਣੇ ਤੇ ਅਮੋਲਕ, ਪੱਥਰ ਵਰਗੇ ਪਰ ਸੂਖਮ ਰਤਨ ਲੱਗ ਰਹੇ ਹਨ ਅਰ ਕਾਰੀਗਰ ਦੀ ਅਭੁੱਲ ਅਕਲ ਨੇ ਇਸ ਨੂੰ ਐਸਾ ਸਜਾਇਆ ਅਰ ਫਬਾਉ ਦੇ ਕੇ ਰਚਿਆ ਹੈ ਕਿ ਦੇਖਦਿਆਂ ਹੀ ਅਕਲ ਅਚਰਜ[2] ਹੋ ਉੱਥੇ ਦੀ ਉੱਥੇ ਹੀ ਰਹਿ ਜਾਂਦੀ ਹੈ। ਇਸ ਦੇ ਅੰਦਰ ਐਸਾ ਪ੍ਰਕਾਸ਼[3] ਹੈ ਕਿ ਜੋ ਕੰਧਾਂ ਦੇ ਵਿਚ ਦੀ ਹੋ ਕੇ ਬਾਹਰ ਚਾਰ-ਚੁਫੇਰੇ ਰੰਗਾ ਰੰਗ ਦਾ ਚਾਨਣ ਦੇ ਰਿਹਾ ਹੈ, ਮਾਨੋ ਕੰਧਾਂ ਸ਼ੀਸ਼ੇ ਨਾਲੋਂ ਵੀ ਵਧੀਕ ਪਾਰ-ਦਰਸ਼ਕ[4] ਹਨ। ਪਾਸ ਗਿਆਂ ਕੰਧ ਵਿਚੋਂ ਐਸੀ ਸੁਗੰਧੀ ਆਉਂਦੀ ਹੈ ਕਿ ਜਿਸ ਦੇ ਅਸਰ ਨਾਲ ਮਾਨੋਂ ਬ੍ਰਿਤੀ ਦਸਮੇ ਦੁਆਰ ਚੜ੍ਹ ਜਾਂਦੀ ਹੈ, ਅਰ ਐਸਾ ਭਾਸਦਾ ਹੈ ਕਿ

1. ਹੀਰਾ ਹਾਥਿ ਚੜਿਆ ਨਿਰਮੋਲਕੁ॥ (ਕੇਦਾ: ਕਬੀਰ)
2. ਮਾਈ ਰੀ ਪੇਖਿ ਰਹੀ ਬਿਸਮਾਦ॥ (ਸਾਰ: ਮ: ੫)
3. ਰਤਨ ਕਮਲ ਕੋਠਰੀ। ਚਮਤਕਾਰ ਬੀਜੁਲਤਹੀ॥ (ਸੋ: ਨਾਮ:)
4. ਨਿਰਮਲ, ਜਿਸ ਦੇ ਦੁਸਾਖ ਪਾਰ ਦਿੱਸੇ।

ਜਿੱਕੁਰ ਸੂਰਜ ਦੀਆਂ ਕਿਰਨਾਂ ਚਾਰ ਚੁਫੇਰੇ ਪਸਰਕੇ ਅਨੇਕਾਂ ਪਰਤੀਆਂ ਨੂੰ ਪ੍ਰਕਾਸ਼, ਗਰਮੀ ਤੇ ਤੇਜ ਦਾ ਦਾਨ ਬਖਸ਼ਦੀਆਂ ਹਨ, ਅਰ ਜਿੰਦ ਵਾਲੇ ਜੀਵਾਂ ਦੀ ਉਤਪਤੀ ਤੇ ਵਾਧਾ ਕਰਦੀਆਂ ਹਨ, ਤਿੱਕੁਰ ਇਸ ਮਹਿਲ ਦੇ ਪ੍ਰਕਾਸ਼ ਦੀਆਂ ਕਿਰਨਾਂ ਬ੍ਰਹਮਾਂਡਾਂ ਵਿਚ ਫੈਲਕੇ ਸੂਰਜਾਂ ਨੂੰ ਗਰਮ, ਤੇਜ, ਜੀਵ ਸੱਤਾ, ਚੰਦਾ ਨੂੰ ਪ੍ਰਕਾਸ਼, ਸੀਤਲਤਾ, ਪ੍ਰਿਥਵੀਆਂ ਨੂੰ ਮੌਲਣ ਸ਼ਕਤੀ, ਜੀਵਾਂ ਨੂੰ ਜਿੰਦ ਪ੍ਰਤਿਪਾਲਨਾ ਅਰ ਆਤਮਿਕ ਜੀਵਾਂ ਨੂੰ ਆਤਮਿਕ ਸੱਤਾ ਪ੍ਰਦਾਨ ਕਰਦੀਆਂ ਹਨ। ਸਾਰੇ ਸੰਸਾਰ ਵਿਚ ਜੋ ਕੁਛ ਹੈ ਸਭ ਇਨ੍ਹਾਂ ਦੇ ਬਲ ਦੇ ਆਸਰੇ ਹੈ। ਇਸ ਮਹਿਲ[1] ਨੂੰ ਉਸ ਦੇਸ਼ ਦੇ ਲੋਕੀ 'ਸਰੂਪ' ਕਰਕੇ ਆਖਦੇ ਹਨ। ਇਸ ਮਹਿਲ ਦੀ ਠੀਕ ਉਪਮਾ ਇਸ ਸ਼ਬਦ ਵਿਚ ਹੈ :--

ਸੂਖ ਮਹਲ ਜਾਕੇ ਊਚ ਦੁਆਰੇ॥ ਤਾ ਮਹਿ
ਵਾਸਹਿ ਭਗਤ ਪਿਆਰੇ॥੧॥ ਸਹਜ ਕਥਾ
ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹੁ
ਡੀਠੀ॥੧॥ਰਹਾਉ॥ ਤਹ ਗੀਤ ਨਾਦ ਅਖਾਰੇ
ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚੁ
ਨਾਮ ਕੀ ਅੰਮ੍ਰਿਤ ਵਰਖਾ॥੩॥ ਗੁਹਜ ਕਥਾ
ਇਹ ਗੁਰ ਤੇ ਜਾਣੀ॥ ਨਾਨਕੁ ਬੋਲੈ ਹਰਿ ਹਰਿ
ਬਾਣੀ॥੪॥੬॥੧੨॥ (ਸੂਹੀ ਮਹਲਾ ੫)

ਐਸੇ ਸੁੰਦਰ ਮਹਿਲ ਨੂੰ ਦੇਖ ਕੇ ਇਸ ਦੇ ਅੰਦਰ ਜਾਣ ਨੂੰ ਦਿਲ ਕੀਤਾ, ਪਰ ਬੂਹੇ ਬੰਦ ਸਨ ਅਰ ਕੋਈ ਵਿਧਿ ਨਜ਼ਰ ਨਹੀਂ ਆਉਂਦੀ ਸੀ ਕਿ ਜਿਸ ਨਾਲ ਅੰਦਰ ਜਾਣ ਦੀ ਡੌਲ ਬਣੇ, ਪਰ ਥੋੜੇ ਚਿਰ ਮਗਰੋਂ ਇਕ ਬੜਾ ਦਿੱਖ ਜੋਤੀ ਪੁਰਸ਼, ਜਿਸ ਦੇ ਤੇਜ ਨਾਲ ਅੱਖਾਂ ਚੁੰਧਿਆਈਆਂ ਜਾਂਦੀਆਂ ਸਨ, ਬੂਹੇ ਦੇ ਅੱਗੇ ਅਤਿ ਪ੍ਰੇਮ ਅਰ ਨਿੰਮ੍ਰਤਾ ਨਾਲ ਹੱਥ ਜੋੜ ਖਲੋਤਾ ਮਨ ਨੂੰ ਮੋਹ ਲੈਣ ਵਾਲੀ ਸੁਰ ਵਿਚ ਗਾਉਂਦਾ ਪਿਆ ਦਿੱਸਿਆ :--

ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ
ਕੇਹਾ॥ ਆਠ ਪਹਰ ਜਿਤੁ ਤੁਧੁ ਧਿਆਈ
ਨਿਰਮਲ ਹੋਵੈ ਦੇਹਾ॥੧॥ ਮੇਰੇ ਰਾਮ ਹਉ
ਸੋ ਥਾਨੁ ਭਾਲਣ ਆਇਆ॥ ਖੋਜਤ ਖੋਜਤ

1. ਸਾਚੁ ਮਹਿਲਿ ਗੁਰਾਂ ਅਲਖੁ ਲਖਾਇਆ॥ ਨਿਹਚਲ ਮਹਲੁ ਨਹੀ ਛਾਇਆ ਮਾਇਆ॥ (ਗਉੜੀ ਮ: ੧)

ਭਇਆ ਸਾਧ ਸੰਗੁ ਤਿਨ੍ਹ ਸਰਣਾਈ ਪਾਇਆ॥੧॥ (ਸੂਹੀ ਮਹਲਾ ੫)

ਪੁਨ :- ਦਰਮਾਦੇ ਠਾਢੇ ਦਰਬਾਰਿ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ॥ ਦਰਸਨੁ ਦੀਜੈ ਖੋਲਿ ਕਿਵਾਰ॥ (ਬਿਲਾਵਲ ਕਬੀਰ)

ਇਸ ਮਹਤ ਪੁਰਖ ਦੀ ਬੇਨਤੀ ਨੇ ਅੱਖਾਂ ਵਿਚ ਜਲ ਭਰ ਦਿੱਤਾ ਅਰ ਐਸਾ ਪ੍ਰਵਾਹ ਚਲਾਇਆ ਕਿ ਮਾਨੋ ਸਾਵਣ ਦੀ ਝੜੀ ਲੱਗ ਗਈ। ਫਿਰ ਇਕ ਹਿਲੋਰਾ ਆਇਆ ਮਾਨੋਂ ਸੱਤੇ ਸੁਧਾਂ ਭੁੱਲ ਗਈਆਂ ਹਿਕੇ ਮੂਰਛਾ ਹੋ ਗਈ। ਇਸ ਸ਼ਹਿਰ ਵਿਚ ਕਿਸੇ ਪੁਰਖ ਦਾ ਪਰਛਾਵਾਂ ਨਹੀਂ ਡਿੱਠਾ ਸੀ, ਪਰ ਆਪਣਾ ਪਰਛਾਵਾਂ ਦੇਖ ਦੇਖਕੇ ਸ਼ਰਮ ਜਿਹੀ ਆ ਰਹੀ ਸੀ ਜਾਂ ਹੁਣ ਚੁਫੇਰੇ ਡਿੱਠਾ ਤਾਂ ਆਪਣਾ ਪਰਛਾਵਾਂ[1] ਬੀ ਉਸ ਪ੍ਰਕਾਸ਼ ਰੂਪ ਵਾਯੂ ਮੰਡਲ ਵਿਚ ਗੁੰਮ ਹੋ ਗਿਆ ਸੀ।

ਇੰਨੇ ਚਿਰ ਨੂੰ ਬੂਹਾ ਖੁਲ੍ਹਿਆ ਤੇ ਉਸ ਪ੍ਰੇਮੀ ਪੁਰਖ ਨੂੰ ਅੰਦਰ ਆਉਣ ਦੀ ਸੈਨਤ ਹੋਈ, ਪਰ ਉਸ ਧਰਮੀ ਮਹਾਤਮਾਂ ਨੇ ਖੱਬੇ ਹੱਥ ਨਾਲ ਸਾਡੀ ਉਂਗਲ ਫੜ ਲਈ ਅਰ ਆਪਣੇ ਨਾਲ ਹੀ ਅੰਦਰ ਲੈ ਗਿਆ। ਉਹ ਤਾਂ ਅੱਗੇ ਲੰਘਕੇ ਆਦਰ[2] ਦੀ ਥਾਉਂ ਤੇ ਬੈਠ ਗਿਆ ਤੇ ਸਾਡੀ ਦ੍ਰਿਸ਼ਟੀ ਐਸੀ ਚੁੰਧਿਆਈ ਕਿ ਅਸੀਂ ਬੂਹੇ ਦੇ ਨਾਲ ਹੀ ਕੰਧ ਦੀ ਮੂਰਤ ਵਾਂਙੂ ਕੰਧ ਨਾਲ ਲਗੇ ਖੜੇ ਰਹਿ ਗਏ। ਕੁਝ ਚਿਰ ਮਗਰੋਂ ਜਦ ਨਜ਼ਰ ਉਸ ਪ੍ਰਕਾਸ਼ ਵਿਚ ਕੰਮ ਕਰਨ ਲਗੀ, ਤਦ ਸਿਰ ਬੇਵਸਾ ਝੁਕ ਗਿਆ, ਅਰ ਇਹ ਸ਼ਬਦ ਮੂੰਹੋਂ ਨਿਕਲਿਆ :-

ਘਰ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥ ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥ ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥ ਤਾਰ ਘੋਰ ਬਾਜਿੰਤ੍ਰ ਤਹਿ ਸਾਚਿ ਤਖਤਿ ਸੁਲਤਾਨੁ॥ ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵਲਾਇ॥ ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥ ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥ ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥ ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥ ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾਕਾ ਦਾਸੁ॥੧॥ (ਮਲਾਰ ਵਾਰ ਮ : ੧-੨੭)

ਜਿਕੁਰ ਪੋਹ ਦੀ ਕਾਲੀ (ਹਨੇਰੀ) ਪਰ ਨਿਰਮਲ ਰਾਤ ਨੂੰ ਅਕਾਸ਼ ਵਿਚ ਕ੍ਰੋੜਾਂ ਤਾਰੇ ਡਲ੍ਹਕਦੇ ਦਿੱਸਦੇ ਹਨ, ਉਹਨਾਂ ਤਾਰਿਆਂ ਦੀ ਗਿਣਤੀ ਨਾਲੋਂ ਕ੍ਰੋੜਾਂ ਗੁਣਾਂ ਵਧੀਕ ਤਾਰੇ, ਜਿਨ੍ਹਾਂ ਦਾ ਪ੍ਰਕਾਸ਼ ਕ੍ਰੋੜਾਂ ਸੂਰਜਾਂ ਨਾਲੋਂ ਅਧਿਕ ਸੀ, ਉਸ ਮਹਿਲ ਦੀ ਛਤ ਨਾਲ ਜੋੜੇ ਹੋਏ ਐਸ ਤਰ੍ਹਾਂ ਪ੍ਰਤੀਤ ਹੁੰਦੇ ਸਨ ਕਿ ਮਾਨੋਂ ਕੜੀਆਂ ਦੀ ਥਾਂ ਇਹ ਅਭੌਤਕ[1] ਤਾਰੇ ਹੀ ਪਾਏ ਗਏ ਹਨ। ਇਸ ਦੀਆਂ ਕੰਧਾਂ ਐਸੀਆਂ ਚਮਕਦੀਆਂ ਸਨ, ਜਿਵੇਂ ਜੋਗੀ ਪੁਰਖ ਦਾ ਮਸਤਕ। ਫਰਸ਼ ਐਸਾ ਅਸਚਰਜ ਸੀ ਜਿੱਕੁਰ ਸਾਡੀ ਦੁਨੀਆਂ ਵਿਚ ਪੁੰਨਿਆਂ ਦੇ ਚੰਦ ਦੀ ਚਾਂਦਨੀ ਦਾ ਵਿਛਾਉਣਾ ਕਿਸੇ ਪਾਰੇ ਦੇ ਛੰਭਪੁਰ ਵਿਛਿਆ ਹੋਇਆ ਹੋਵੇ। ਹੋਰ ਜੋ ਜੋ ਪਦਾਰਥ ਇਥੇ ਡਿੱਠੇ ਸੋ ਐਸੇ ਅਨੋਖੇ ਸਨ ਕਿ ਨਾ ਕਦੀ ਧਰਤੀ ਪੁਰ ਡਿੱਠੇ ਅਰ ਨਾ ਸਾਡੀਆਂ ਬੋਲੀਆਂ ਵਿਚ ਉਹਨਾਂ ਦੇ ਨਾਉਂ ਹਨ, ਅਰ ਨਾ ਜੀਵ ਦੀ ਐਸੀ ਸਮਝ ਹੈ ਕਿ ਜਿਸ ਨਾਲ ਉਨ੍ਹਾਂ ਦੇ ਸਰੂਪ ਨੂੰ ਫੜ ਸਕੇ, ਨਾ ਸਾਡੀ ਬੋਲੀ ਵਿਚ ਐਸੇ ਪਦ ਹਨ ਕਿ ਉਨ੍ਹਾਂ ਵਿਚ ਵਰਣਨ ਹੋ ਸਕੇ। ਪਰ ਮਾਤਲੋਕ ਦੇ ਜੀਵਾਂ ਦੀ ਸਮਝ ਗੋਚਰਾ ਕਰਨੇ ਲਈ ਸਾਡੀ ਬੋਲੀ ਵਿਚ ਐਉਂ ਵਰਣਨ ਹੋ ਸਕਦਾ ਹੈ :

ਇਕ ਅਤਿ ਸੁੰਦਰ ਤਖ਼ਤ[2] ਜਗਮਗਾਉਂਦਾ ਵਿਛਿਆ ਹੋਇਆ ਸੀ, ਜਿਸ ਦੀ ਬਨਾਵਟ ਐਸੀ ਮਲੂਮ ਹੁੰਦੀ ਸੀ ਕਿ ਬਿਜਲੀ ਨਾਲੋਂ ਵਧੀਕ ਸੂਖਮ ਤੇ ਤੇਜ ਵਾਲੇ ਪਦਾਰਥਾਂ ਦਾ ਬਣਿਆਂ ਹੋਇਆ ਹੈ, ਇਸ ਦੇ ਉਤੇ ਇਕ ਜਯੋਤੀ ਸਰੂਪ ਬਿਰਾਜਮਾਨ ਹੈ, ਜਿਸ ਦੀ ਕੋਈ ਸੂਰਤ ਯਾ ਸ਼ਕਲ ਨਹੀਂ ਹੈ, ਬੈਠਾ ਤਖਤਪੁਰ ਹੈ, ਪਰ ਜਦ ਨੀਝ ਲਾਕੇ ਦੇਖੋ ਤਾਂ ਸਾਰੇ ਬ੍ਰਹਮੰਡਾਂ ਵਿਚ ਵਯਾਪਕ ਦਿੱਸਦਾ ਹੈ, ਅਰ ਵਣਾਂ ਤ੍ਰਿਣਾਂ

---

1. ਨਿਹਚਲ ਮਹਲੁ ਨਹੀਂ ਛਾਇਆ ਮਾਇਆ।। (ਗਉ:ਮ:੧)
2. ਰੇ ਰੇ ਦਰਗਹ ਕਹੈ ਨ ਕੋਊ।। ਆਉ ਬੈਠੁ ਆਦਰੁ ਸੁਭ ਦੇਊ।। (ਗਉੜੀ ਬਾ: ਅ: ੫-੧੦)

1. ਜੋ ਤੱਤਾਂ ਤੋਂ ਨ ਬਣਿਆ ਹੋਵੇ।
2. ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ।। (ਮਲਾ:ਵਾ:ਮ:੧ ਪੁਨਾ—ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ।। ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ।।੩।। (ਵਡ: ਮ: ੫)

ਪਰਬਤਾਂ[1] ਵਿਚ ਰਵਿਆ ਹੋਇਆ ਜਾਪਦਾ ਹੈ। ਸੂਖਮ ਐਸਾ ਹੈ ਕਿ ਕਰੜੇ ਤੋਂ ਕਰੜੇ ਪਦਾਰਥਾਂ ਵਿਚ ਗਤੀ ਰੱਖਦਾ ਹੈ। ਜਯੋਤੀ ਵਾਲਾ ਐਸਾ ਹੈ ਕਿ ਸਾਉਣ ਦੀਆਂ ਕ੍ਰੋੜਾਂ ਬਿਜਲੀਆਂ ਕੱਠੀਆਂ ਕੀਤੀਆਂ ਹੋਈਆਂ ਦਾ ਪ੍ਰਕਾਸ਼ ਉਸਦੇ ਸਾਮ੍ਹਣੇ ਗ੍ਰਹਣੇ ਹੋਏ ਚੰਦ੍ਰਮਾਂ ਨਾਲੋਂ ਬੀ ਮੈਲਾ ਮੈਲਾ ਭਾਸਦਾ ਹੈ। ਫਿਰ ਉਹ ਤੇਜ ਅਤਿ ਪਜਾਰਾ ਅਰ ਸੁਹਾਉਣਾ ਹੈ, ਅੱਖਾਂ ਨੂੰ ਠੰਢ, ਕਲੇਜੇ ਨੂੰ ਸੀਤਲਤਾ ਬਖਸ਼ਦਾ ਹੈ, ਅਰ ਚੁੰਬਕ ਪੱਥਰ ਵਾਂਙੂ ਹਰ ਚੀਜ਼ ਨੂੰ ਆਪਣੀ ਵੱਲ ਖਿੱਚਦਾ ਹੈ। ਉਸਦੇ ਦਰਸ਼ਨ[2] ਦਾ ਜੋ ਰਸ ਸੀ ਸੋ ਕਥਨ ਤੋਂ ਬਾਹਰ ਸੀ :-

'ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥' (ਗਉੜੀ ਕਬੀਰ)

ਇਸ ਤਖਤ ਦੇ ਅੱਗੇ ਚਾਰ ਚੁਫੇਰੇ ਚੰਦ ਦੇ ਹਾਲੇ ਵਾਂਙੂ ਅਤਿ ਮਨੋਹਰ ਘੇਰਾ ਪਾਕੇ ਅਨਗਿਣਤ ਜਯੋਤੀ ਮਯ ਰੂਪਾਂ ਵਾਲੇ ਬੈਠੇ ਸਨ। ਅਸੀਂ ਜਿੱਕੁਰ ਆਪਣੇ ਮਨ ਦਾ ਹਾਲ ਜੀਭ ਨਾਲ ਦੱਸਦੇ ਹਾਂ, ਫੇਰ ਬੀ ਦੂਜੇ ਦੀ ਸਮਝ ਵਿਚ ਘੱਟ ਆਉਂਦਾ ਹੈ ਤਿਵੇਂ ਉਨ੍ਹਾਂ ਦਾ ਹਾਲ ਨਹੀਂ। ਉਹਨਾਂ ਦੇ ਭਾਵ ਚਿਹਰਿਆਂ[3] ਪੁਰ ਪ੍ਰਗਟ ਸਨ, ਅਰ ਉਹ ਕੇਵਲ ਪ੍ਰੇਮ ਤੇ ਆਨੰਦ ਦੇ ਪੁਸਤਕ ਲਿਖੇ ਹੋਏ ਭਾਸਦੇ ਸਨ। ਇਹਨਾਂ ਮਹਾਤਮਾਂ ਦੇ ਸਰੂਪ ਦਿੱਸਦੇ ਤਾਂ ਸਨ, ਪਰ ਐਸੇ ਕੁਝ ਤਰਲ[4] ਰੂਪ ਸਨ ਕਿ ਜੋ ਹੱਥ ਨਾਲ ਛੋਹਿਆਂ ਸਥੂਲ ਚੀਜ਼ਾਂ ਵਾਂਙੂ ਨਹੀਂ ਸੀ ਜਾਪਦੇ ਅਰ ਨਾ ਕਿਸੇ ਤਰ੍ਹਾਂ ਭੌਤਕ[5] ਜਾਪਦੇ ਸਨ।

ਜਿਸ ਵੇਲੇ ਅੰਦਰ ਅੱਪੜੇ ਸਾਂ ਤਾਂ ਉਸ ਵੇਲੇ ਇਹ ਸਾਰੇ ਪਜਾਰੇ ਬੜੀ ਪਜਾਰੀ ਅਰ ਦੈਵੀ ਸੁਰ ਨਾਲ ਮਾਨੋਂ ਇਹ ਰਸੀਲਾ ਸ਼ਬਦ[6] ਗਾਉਂ ਰਹੇ ਸਨ। ਇਹ ਗਲੇ ਨਾਲ ਗਾਂਵਿਆਂ ਜਾਣ ਵਾਲਾ ਯਾ ਕੰਨਾਂ ਨਾਲ ਸੁਣਿਆਂ ਜਾਣ ਵਾਲਾ ਸੰਗੀਤ ਨਹੀਂ ਸੀ, ਪਰ ਕੋਈ ਅਜੀਬ ਰਸ ਰੂਪ ਨਜ਼ਾਰਾ ਸੀ, ਨਜ਼ਾਰਾ ਸੀ ਕਿ ਸੰਗੀਤ, ਕੀ ਕਿਹਾ ਜਾਵੇ :

ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ॥
ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ॥੧॥
ਰਹਾਉ॥ ਅਨਿਕ ਗਿਆਨ ਅਨਿਕ ਧਿਆਨ
ਅਨਿਕ ਜਾਪ ਜਾਪ ਤਾਪ॥ ਅਨਿਕ ਗੁਨਿਤ
ਧੁਨਿਤ ਲਲਿਤ ਅਨਿਕ ਧਾਰ ਮੁਨੀ॥੧॥
ਅਨਿਕ ਨਾਦ ਅਨਿਕ ਬਾਜ ਨਿਮਖ ਨਿਮਖ
ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ
ਜਮ ਸੁਨੀ॥ ਨਾਨਕ ਸੇਵ ਅਪਾਰ ਦੇਵ ਤਟਹ
ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ
ਸਗਲ ਫਲ ਪੁਨੀ॥੨॥ (ਭੈਰਉ ਮ: ੫)

ਜਦ ਇਹ ਸ਼ਬਦ ਸਮਾਪਤ ਹੋਇਆ ਤਦ ਗਹੁ ਕਰਕੇ ਕੀ ਡਿੱਠਾ ਕਿ ਉਸ ਤਖ਼ਤ ਦੇ ਅਗੇ ਇਕ ਹੋਰ ਪਜਾਰੀ ਮੂਰਤ ਨਿਰਾਕਾਰ ਰੰਗ ਵਿਚ ਰੱਤੀ ਹੋਈ ਬੈਠੀ ਹੈ। ਇਨ੍ਹਾਂ ਦਾ ਰੂਪ ਸਾਰੇ ਮਹਾਤਮਾ ਨਾਲੋਂ ਐਸ ਤਰ੍ਹਾਂ ਅਧਿਕ ਸੀ, ਜਿਸ ਤਰ੍ਹਾਂ ਸਜੇ ਹੋਏ ਜਾਂਵੀਆਂ ਵਿਚ ਲਾੜੇ ਦਾ ਰੂਪ ਸਭ ਤੋਂ ਅਧਿਕ ਹੁੰਦਾ ਹੈ ਅਰ ਅਨੋਖੀ ਝਲਕ ਦਿੰਦਾ ਹੈ। ਪ੍ਰੇਮ, ਸ਼ਰਧਾ, ਭਾਉ ਭਗਤੀ, ਪਰ-ਉਪਕਾਰ ਤੇ ਪੂਰਨ ਗਿਆਨ ਦੇ ਚਿੰਨ੍ਹ ਐਸੇ ਦਿਪਤ[1] ਸਨ ਜਿਵੇਂ ਸੂਰਜ ਦੇ ਪ੍ਰਕਾਸ਼ ਵਿਚ ਗਰਮੀ, ਰੌਸ਼ਨੀ ਤੇ ਸ਼ਕਤੀ, ਬਿਨਾ ਉਸ ਦੇ ਸਰੂਪ ਤੇ ਅੱਡ ਅੱਡ ਹੋਣ ਤੋਂ, ਇਕ ਰੂਪ ਵਿਚ ਮੌਜੂਦ ਹੁੰਦੀ ਹੈ। ਤਖ਼ਤ ਪੁਰ ਬੈਠੇ ਅਗਾਧ ਸਰੂਪ ਅਰ ਇਸ ਪਰਉਪਕਾਰ ਮੂਰਤ ਮਨਮੁਖ ਬੈਠੇ ਦਿੱਬਜ ਮੂਰਤੀ ਵਾਲੇ ਦੇ ਵਿਚਕਾਰ ਇਕ ਐਸੀ ਪ੍ਰੇਮ ਦੀ ਡੋਰੀ ਚਮਕਦੀ ਦਿੱਸਦੀ ਹੈ ਕਿ ਜੋ ਤਖ਼ਤ ਪੁਰ ਬੈਠੇ ਪ੍ਰੇਮ ਦੇ ਸੋਮੇ ਦੀ ਬਖ਼ਸ਼ਿਸ਼[2] ਅਰ

---

1. ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ॥ (ਗਉ: ਸੁਖ:)
2. ਉਇ ਸੁਖ ਕਾ ਸਿਉ ਬਰਨਿ ਸੁਨਾਵਤ॥ ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ॥੧॥ਰਹਾਉ॥ ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ॥ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ॥੧॥ (ਸਾਰ:ਮ:੫)
3. ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ॥ (ਡਖ:ਵਾ:ਮ:੫)

1. ਪ੍ਰਕਾਸ਼ਮਾਨ। 2. ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲ ਕਮਾਈ॥ (ਵਾ: ਭਾ: ਗੁਰ: ੧-੨੪)

4. ਸੂਖਮ। 5. ਤੱਤਾਂ ਦੇ ਬਣੇ ਹੋਏ।
6. ਪੰਚ ਸਬਦ ਤਹ ਪੂਰਨ ਨਾਦ॥ ਅਨਹਦ ਬਾਜੇ ਅਚਰਜ ਬਿਸਮਾਦ॥ ਕੇਲ ਕਰਹਿ ਸੰਤ ਹਰਿ ਲੋਗ॥ ਪਾਰਬ੍ਰਹਮ ਪੂਰਨ ਨਿਰਜੋਗ॥੧॥ ਸੂਖ ਸਹਜ ਆਨੰਦ ਭਵਨ॥ ਸਾਧ ਸੰਗਿ ਬੈਸਿ ਗੁਣ ਗਾਵਹ ਤਹ ਰੋਗ ਸੋਗ ਨਹੀਂ ਜਨਮ ਮਰਨ॥੧॥ਰਹਾਉ॥ ਊਹਾ ਸਿਮਰਹਿ ਕੇਵਲ ਨਾਮੁ॥ ਬਿਰਲੇ ਪਾਵਹਿ ਓਹੁ ਬਿਸ੍ਰਾਮੁ॥ ਭੋਜਨੁ ਭਾਉ ਕੀਰਤਨ ਆਧਾਰੁ॥ ਨਿਹਚਲ ਆਸਨੁ ਬੇਸੁਮਾਰੁ॥੨॥ ਡਿਗਿ ਨ ਡੋਲੈ ਕਤਹੂ ਨ ਧਾਵੈ॥ ਗੁਰਪ੍ਰਸਾਦਿ ਕੋ ਇਹੁ ਮਹਲੁ ਪਾਵੈ॥ ਭ੍ਰਮ ਭੈ ਮੋਹ ਨ ਮਾਇਆ ਜਾਲ॥ ਸੁੰਨ ਸਮਾਧਿ ਪ੍ਰਭੂ ਕਿਰਪਾਲ॥੩॥ ਤਾਕਾ ਅੰਤੁ ਨ ਪਾਰਾਵਾਰੁ॥ ਆਪੇ ਗੁਪਤੁ ਆਪੇ ਪਾਸਾਰੁ॥ (ਰਾਮ: ਮ: ੫)

ਸਾਹਮਣੇ ਬੈਠੇ ਦੀ ਉਮ ਨਿਰਵਿਕਾਰ ਅਵਸਥਾ ਤੋਂ ਬਣੀ ਹੈ, ਜੋ ਪੂਰਨ ਹਉਮੈਂ ਦੇ ਅਭਾਵ ਵਾਲੀ ਹੁੰਦੀ ਹੈ ਅਰ 'ਭੈ ਸੰਯੁਕਤ ਪ੍ਰੇਮ' ਤੇ 'ਭਾਉ ਸੰਯੁਕਤ ਗਿਆਨ' ਦੇ ਰੰਗ ਵਾਲੀ ਹੁੰਦੀ ਹੈ।

ਥੋੜੇ ਚਿਰ ਮਗਰੋਂ ਤਖ਼ਤ ਪੁਰ ਬੈਠੀ ਹੋਈ ਪਜਾਰੀ ਜਯੋਤੀਮਯ ਸੂਰਤ ਨੇ ਐਸਾ ਅਚਰਜ ਚਲਿਤ[1] ਦਿਖਾਇਆ, ਜਿਸ ਦਾ ਅਨੁਵਾਦ ਸਾਡੀ ਸਮਝ ਵਾਸਤੇ ਇਉਂ ਹੋ ਸਕਦਾ ਹੈ ਕਿ ਸਾਮ੍ਹਣੇ ਬੈਠੀ ਸੂਰਤ ਨੂੰ ਪਰਮ ਪ੍ਰਸੰਨਤਾ ਨਾਲ ਕਹਿੰਦੇ ਹਨ, "ਹੇ ਪਜਾਰੇ ! ਨੌਂ ਜਾਮੇ[2] ਧਾਰਕੇ ਅਰ ਅਨੇਕ ਕਸ਼ਟ ਸਹਾਰਕੇ ਜੋ ਉਪਕਾਰ ਤੈਂ ਦੁਖੀ ਸ੍ਰਿਸ਼ਟੀ ਪੁਰ ਕੀਤਾ ਹੈ ਮੇਰੀ ਪ੍ਰਸੰਨਤਾ ਦਾ ਕਾਰਣ ਹੋਇਆ ਹੈ। ਤੈਂ ਮੇਰਾ ਸਿਮਰਣ ਦ੍ਰਿੜਾਇਆ ਅਰ ਆਪਾ ਨਿਵਾਰੀ ਰੱਖਿਆ; ਤੈਂ ਅਚਰਜ ਸੇਵਾ ਕੀਤੀ ਹੈ।"

ਇਹ ਸੰਕਲਪ ਐਸੀ ਅਦਭੁਤ ਖ਼ੁਸ਼ੀ ਦਾ ਅਮਰ ਪੈਦਾ ਕਰਨ ਵਾਲਾ ਸੀ ਕਿ ਮਾਨੋਂ ਸਾਰੀ ਸਭਾ ਖ਼ੁਸ਼ੀ ਅਰ ਉਪਮਾ ਨਾਲ-ਜਲ ਨਾਲ ਭਰੇ ਹੋਏ ਸਮੁੰਦਰ ਵਿਚ ਹੋਰ ਜਲ ਦੇ ਪੈਕੇ ਨਾ ਉਛਲਨ ਵਾਂਗ-ਉਮੰਗ ਵਿਚ ਰੱਤੀ ਗਈ ਪਰ ਉਸ ਨਿੰਮ੍ਰਤਾ ਦੀ ਨਿਧਿ ਸਨਮੁਖ ਸਜੀ ਹੋਈ ਸੂਰਤ ਵਿਚੋਂ ਇਕ ਸੁਰੀਲੀ ਗੂੰਜ ਉਠੀ :-

ਮ: ੧॥ ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾ ਧਰਾ॥ ਅਮਤਿ ਏਕ ਦਿਗਰਿ ਕੁਈ॥ ਏਕ ਤੁਈ ਏਕੁ ਤੁਈ॥੨॥ਮ: ੧॥ ਨ ਦਾਦੇ ਦਿਹੰਦ ਆਦਮੀ॥ ਨ ਸਪਤ ਜੇਰ ਜਿਮੀ॥ ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥੩॥ ਮ:੧॥ ਨ ਸੂਰ ਸਸਿ ਮੰਡਲੋ॥ ਨ ਸਪਤ ਦੀਪ ਨਹ ਜਲੋ॥ ਅੰਨ ਪਉਣ ਥਿਰੁ ਨ ਕੁਈ॥ ਏਕ ਤੁਈ ਏਕ ਤਈ॥੪॥ਮ: ੧॥ ਨ ਰਿਜਕੁ ਦਸਤ ਆ ਕਸੇ॥ ਹਮਾ ਰਾ ਏਕੁ ਆਸ ਵਸੇ॥ ਅਸਤਿ ਏਕ ਦਿਗਰ ਕੁਈ॥ ਏਕੁ ਤੁਈ ਏਕੁ ਤੁਈ॥੫॥ਮ: ੧॥ਪਰੰਦ ਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥ ਦਿਹੰਦ ਸੁਈ॥ ਏਕ ਤੁਈ ਏਕੁ ਤੁਈ॥੬॥ ਮ: ੧॥ ਨਾਨਕ ਲਿਲਾਰਿ ਲਿਖਿਆ ਸੋਇ॥ ਮੇਟਿ ਨ ਸਾਕੈ ਕੋਇ॥ ਕਲਾ ਧਰੈ ਹਿਰੈ ਸੁਈ॥ ਏਕੁ ਤੁਈ ਏਕੁ ਤੁਈ॥੭॥

(ਮਾਝ ਵਾਰ ਮ: ੧-੧੩)

ਇਸ ਅਚਰਜ ਉਸਤੁਤੀ ਦੇ ਸ਼ਬਦ ਦੀ ਸਮਾਪਤੀ ਪੁਰ ਤਖਤ ਉਤੇ ਬਿਰਾਜਮਾਨ ਪ੍ਰੇਮ ਮੂਰਤੀ ਜੀ ਦੇ ਮਨਮੋਹਨ ਚਿਹਰੇ ਤੋਂ ਵੇਖਣ ਵਾਲਿਆਂ ਨੇ ਇਕ ਅਤਿ ਸੁੰਦਰ ਤਾਤਪਰਜ ਸਮਝਿਆ, ਜਿਸ ਨੂੰ ਸਾਡੀ ਸਮਝ ਗੋਚਰਾ ਕਰਨੇ ਲਈ ਸ੍ਰੀ ਮੁਖਵਾਕ ਨੇ ਪਿਛੋਂ ਇਸ ਪ੍ਰਕਾਰ ਵਰਣਨ ਕੀਤਾ ਸੀ :-

(ਅਕਾਲ ਪੁਰਖ ਬਾਚ : ਚੌਪਈ)

ਜਬ ਪਹਿਲੇ ਹਮ ਸ੍ਰਿਸਟਿ ਬਨਾਈ॥ ਦਈਤ ਰਚੇ ਦੁਸਟ ਦੁਖਦਾਈ॥ ਤੇ ਭੁਜਬਲ ਬਵਰੇ ਹ੍ਵੈ ਗਏ॥ ਪੂਜਤ ਪਰਮ ਪੁਰਖ ਰਹਿ ਗਏ॥੬॥ ਤੇ ਹਮ ਤਮਕ ਤਨਕ ਮੋ ਖਾਪੇ॥ ਤਿਨ ਕੀ ਠਉਰ ਦੇਵਤਾ ਥਾਪੇ॥ ਤੇ ਭੀ ਬਲਿ ਪੂਜਾ ਉਰਝਾਏ॥ ਆਪਨ ਹੀ ਪਰਮੇਸਰ ਕਹਾਏ॥੭॥ ਮਹਾਦੇਵ ਅਚੁਤ ਕਹਿਵਾਯੋ॥ ਬਿਸਨ ਆਪ ਹੀ ਕੋ ਠਹਿਰਾਯੋ॥ ਬ੍ਰਹਮਾ ਆਪ "ਪਾਰਬ੍ਰਹਮ" ਬਖਾਨਾ॥ 'ਪ੍ਰਭੁ' ਕੋ ਪ੍ਰਭੁ' ਨ ਕਿਨਹੂੰ ਜਾਨਾ॥੮॥ ਤਬ ਸਾਖੀ ਪ੍ਰਭ ਅਸਟ ਬਨਾਏ॥ ਸਾਖ ਨਮਿਤ ਦੈਬੇ ਠਹਿਰਾਏ॥ ਤੇ ਕਹੈਂ ਕਰੋ ਹਮਾਰੀ ਪੂਜਾ॥ ਹਮ ਬਿਨ ਅਵਰੁ ਨ ਠਾਕੁਰ ਦੂਜਾ ॥੯॥ ਪਰਮਤਤ ਕੋ ਜਿਨ ਨ ਪਛਾਨਾ॥ ਤਿਨ ਕਰ 'ਈਸਰ' ਤਿਨ ਕਹੁ ਮਾਨਾ॥ ਕੇਤੇ ਸੂਰ ਚੰਦ ਕਹੁ ਮਾਨੈ॥ ਅਗਨਿ ਹੋਤ੍ਰ ਕਈ ਪੌਨ ਪ੍ਰਮਾਨੈ॥੧੦॥ ਕਿਨਹੂੰ ਪ੍ਰਭੁ 'ਪਾਹਨ' ਪਹਿਚਾਨਾ॥ ਨ੍ਹਾਤਿ ਕਿਤੇ ਜਲ ਕਰਤ ਬਿਧਾਨਾ॥ ਕੇਤਿਕ ਕਰਮ ਕਰਤ ਡਰਪਾਨਾ॥ ਧਰਮ ਰਾਜ ਕੋ ਧਰਮ ਪਛਾਨਾ॥੧੧॥ ਜੇ ਪ੍ਰਭੁ ਸਾਖ ਨਮਿਤ ਠਹਰਾਏ॥ ਤੇ ਹਿਆਂ ਆਇ 'ਪ੍ਰਭੁ' ਕਹਵਾਏ॥ ਤਾਕੀ ਬਾਤ ਬਿਸਰ ਜਾਤੀ ਭੀ॥ ਆਪਨੀ ਅਪਨੀ ਪਰਤ ਸੋਭ ਭੀ॥੧੨॥ ਜਬ ਪ੍ਰਭੁ ਕੋ ਨ ਤਿਨੈ ਪਹਿਚਾਨਾ॥ ਤਬ ਹਰਿ ਇਨ ਮਨੁਛਨ ਠਹਰਾਨਾ॥ ਤੇ ਭੀ ਬਸਿ ਮਮਤਾ ਹੁਇ ਗਏ॥ 'ਪਰਮੇਸਰ' 'ਪਾਹਨ' ਠਹਰਏ॥੧੩॥ ਤਬਿ ਹਰਿ ਸਿਧ ਸਾਧ ਠਹਰਾਏ॥ ਤਿਨ ਭੀ ਪਰਮ

1. ਨਜ਼ਾਰਾ। 2. ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥ (ਰਾ: ਵਾ: ਸਤਾ ਬਲ:)। ਪੁਨਾ--(ਦਸਾਂ ਪਤਾਸ਼ਾਹੀਆਂ ਨੂੰ) ਭਿੰਨ ਭਿੰਨ ਸਭਹੂ ਕਰਿ ਜਾਨਾ॥ ਏਕ ਰੂਪ ਕਿਨਹੂ ਪਹਿਚਾਨਾ॥ ਜਿਨ ਜਾਨਾ ਤਿਨਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ। (ਬਚਿ: ਨ:)

ਪੁਰਖ ਨਹੀਂ ਪਾਏ॥ ਜੇ ਕੋਈ ਹੋਤ ਭਯੋ ਜਗ ਸਜਾਨਾ॥ ਤਿਨ ਤਿਨ ਅਪਨੋ ਪੰਥ ਚਲਾਨਾ॥੧੪॥ ਪਰਮ ਪੁਰਖ ਕਿਨਹੂੰ ਨਹਿ ਪਾਯੋ॥ ਬੈਰ ਬਾਦ ਹੰਕਾਰ ਬਢਾਯੋ॥ ਪੇਡ ਪਾਤ ਆਪਨ ਤੇ ਜਲੈ॥ ਪ੍ਰਭਕੈ ਪੰਥ ਨ ਕੋਊ ਚਲੈ॥੧੫॥ ਜਿਨਿ ਜਿਨਿ ਤਨਿਕ ਸਿਧ ਕੋ ਪਾਯੋ॥ ਤਿਨ ਤਿਨ ਅਪਨਾ ਰਾਹੁ ਚਲਾਯੋ॥ ਪਰਮੇਸਰ ਨ ਕਿਨਹੂੰ ਪਹਿਚਾਨਾ॥ ਮਮ ਉਚਾਰਤੇ ਭਯੋ ਦਿਵਾਨਾ॥੧੬॥ ਪਰਮਤੱਤ ਕਿਨਹੂ ਨ ਪਹਿਚਾਨਾ॥ ਆਪ ਆਪ ਭੀਤਰਿ ਉਰਝਾਨਾ॥ ਤਬ ਜੇ ਜੇ ਰਿਖਿ ਰਾਜ ਬਨਾਏ॥ ਤਿਨ ਆਪਨ ਪੁਨ ਸਿੰਮ੍ਰਿਤ ਚਲਾਏ॥੧੭॥ ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਜਾਗੀ॥ ਜਿਨ ਮਨ ਹਰਿ ਚਰਨਨ ਠਹਰਾਯੋ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ॥੧੮॥ ਬ੍ਰਹਮੈ ਚਾਰ ਹੀ ਬੇਦ ਬਨਾਏ॥ ਸਰਬ ਲੋਕ ਤਿਹ ਕਰਮ ਚਲਾਏ॥ ਜਿਨ ਕੀ ਲਿਵ ਹਰਿ ਚਰਨਨ ਲਾਗੀ॥ ਤੇ ਬੇਦਨ ਤੇ ਭਏ ਤਿਆਗੀ॥੧੯॥ ਜਿਨ ਮਤ ਬੇਦ ਕਤੇਬਨ ਤਿਆਗੀ॥ ਪਾਰਬ੍ਰਹਮ ਕੇ ਭਏ ਅਨੁਰਾਗੀ॥ ਤਿਨ ਕੇ ਗੂੜ ਮੱਤ ਜੇ ਚਲਹੀ॥ ਭਾਂਤਿ ਅਨੇਕ ਦੂਖਨ ਸੋ ਦਲਹੀ॥੨੦॥ ਜੇ ਜੇ ਸਹਿਤ ਜਾਤ ਸੰਦੇਹਿ॥ ਪ੍ਰਭ ਕੋ ਸੰਗ ਨ ਛੋਡਤ ਨੇਹ॥ ਤੇ ਤੇ ਪਰਮ ਪੁਰੀ ਕਹ ਜਾਹੀ॥ ਤਿਨ ਹਰਿ ਸਿਉਂ ਅੰਤਰੁ[1] ਕਛੂ ਨਾਹੀ॥੨੧॥ ਜੇ ਜੇ ਜੀਅ ਜਾਤ ਤੇ ਡਰੇ॥ ਪਰਮ ਪੁਰਖ ਤਜਿ ਤਿਨ ਮਗ ਪਰੇ॥ ਤੇ ਤੇ ਨਰਕ ਕੁੰਡ ਮੈ ਪਰਹੀ॥ ਬਾਰ ਬਾਰ ਜਗ ਮੋ ਬਪੁ ਧਰਹੀ॥੨੨॥ ਤਬ ਹਰਿ ਬਹੁਰ ਦੱਤ ਉਪਜਾਯੋ॥ ਤਿਨ ਭੀ ਅਪਨਾ ਪੰਥੁ ਚਲਾਯੋ॥ ਕਰ ਮੋ ਨਖ, ਸਿਰ ਜਟਾ ਸਵਾਰੀ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥੨੩॥ ਪੁਨ ਹਰਿ ਗੋਰਖ ਕੋ ਉਪਰਾਜਾ॥ ਸਿੱਖ ਕਰੇ ਤਿਨਹੂੰ ਬਡ ਰਾਜਾ। ਸ੍ਰਵਨ ਫਾਰਿ ਮੁੰਦ੍ਰਾ ਦੁਐ ਡਾਰੀ॥ ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ ॥੨੪॥ ਪੁਨ ਹਰਿ ਰਾਮਾਨੰਦ ਕੋ ਕਰਾ॥ ਭੇਸ ਬੈਰਾਗੀ ਕੋ ਜਿਨ ਧਰਾ॥ ਕੰਠੀ ਕੰਠ ਕਾਠ ਕੀ ਡਾਰੀ॥ ਪ੍ਰਭੰ ਕੀ ਕ੍ਰਿਆ ਨ ਕਛੂ ਬਿਚਾਰੀ ॥੨੫॥

1. ਵਿਥ। ਵਿਛੋੜਾ।

ਜੇ ਪ੍ਰਭ ਪਰਮ ਪੁਰਖ ਉਪਜਾਏ॥ ਤਿਨ ਤਿਨ ਅਪਨੇ ਰਾਹ ਚਲਾਏ॥ ਮਹਾਂਦੀਨ[1] ਤਬ ਪ੍ਰਭ ਉਪਰਾਜਾ॥ ਅਰਬ ਦੇਸ ਕੋ ਕੀਨੋ ਰਾਜਾ॥੨੬॥ ਤਿਨ ਭੀ ਏਕ ਪੰਥ ਉਪਰਾਜਾ॥ ਲਿੰਗ ਬਿਨਾ ਕੀਨੇ ਸਭ ਰਾਜਾ॥ ਸਭ ਤੇ ਅਪਨਾ ਨਾਮੁ[2] ਜਪਾਯੋ॥ ਸੱਤਿਨਾਮੁ ਕਾਹੂੰ ਨ ਦ੍ਰਿੜ੍ਹਾਯੋ॥ ਸਭ ਅਪਨੀ ਅਪਨੀ ਉਰਝਾਨਾ ਪਾਰਬ੍ਰਹਮ ਕਾਹੂੰ ਨ ਪਛਾਨਾ॥ (ਬ: ਨਾ: )

ਇਹ ਆਗਿਆ ਸੁਣਕੇ ਸੱਚੇ ਪ੍ਰੇਮ ਨਿਧਿ, ਅਤਿ ਕੋਮਲ, ਨਿੰਮ੍ਰਤਾ ਦੇ ਭੰਡਾਰ ਤੇ ਭਗਤੀ ਦੇ ਸਰੂਪਵਾਲੇ ਦੇ ਹ੍ਰਿਦੇ ਵਿਚੋਂ ਸੱਚੇ ਪ੍ਰੇਮ ਦੇ ਜੋਸ਼ ਨੇ ਇਸ ਉਸਤੁਤਿ ਦੇ ਭਾਵ ਦਾ ਇਕ ਦਿੱਵਯ ਰਾਗ ਉਚਰਵਾਇਆ:-

ਨਮੋ ਨਾਥ ਪੂਰੇ ਸਦਾ ਸਿੱਧ ਕਰਮੰ॥ ਅਛੇਦੀ ਅਭੇਦੀ ਸਦਾ ਏਕ ਧਰਮੰ॥ ਕਲੰਕੰ ਬਿਨਾ, ਨਿਹਕਲੰਕੀ ਸਰੂਪੇ॥ ਅਛੇਦੰ ਅਭੇਦੰ ਅਖੇਦੰ ਅਨੂਪੇ॥੧॥ ਨਮੋ ਲੋਕ ਲੋਕੇ, ਸੁਰੰ ਲੋਕ ਨਾਥੇ॥ ਸਦੈਵੰ ਸਦਾ ਸਰਬ ਸਾਥੰ ਅਨਾਥੇ॥ ਨਮੋ ਏਕ ਰੂਪੇ ਅਨੇਕੰ ਸਰੂਪੇ॥ ਸਦਾ ਸਰਬ ਸਾਹੰ ਸਦਾ ਸਰਬ ਭੂਪੇ॥੨॥ ਅਛੇਦੰ ਅਭੇਦੰ ਅਨਾਮੰ ਅਠਾਮੰ॥ ਸਦਾ ਸਰਬਦਾ ਸਿੱਧ ਦਾ ਬੁੱਧ ਧਾਮੰ॥ ਅਜੰਤ੍ਰੰ ਅਮੰਤ੍ਰੰ ਅਕੰਤ੍ਰੰ ਅਭਰਮੰ॥ ਅਖੇਦੰ ਅਭੇਦੰ ਅਛੇਦੰ ਅਕਰਮੰ॥੩॥ ਅਗਾਧੇ ਅਬਾਧੇ ਅਗੀਤੇ ਅਨੰਤੇ। ਅਲੇਖੰ ਅਭੇਖੰ ਅਭੂਤੰ ਅਗੀਤੰ॥ ਨ ਰੰਗੰ ਨ ਰੂਪੰ ਨ ਜਾਤੰ ਨ ਪਾਤੰ॥ ਨ ਸੱਤ੍ਰੰ ਨ ਮਿੱਤ੍ਰੰ ਨ ਪੁੱਤ੍ਰੰ ਨ ਮਾਤੰ॥੪॥ ਅਭੂਤੰ ਅਭੰਗੀ ਅਭਿੱਖੰ ਭਵਾਨੰ॥ ਪਰੇਯੰ ਪੁਨੀਤੰ ਪਵਿੱਤ੍ਰੰ ਪ੍ਰਧਾਨੰ॥ ਅਗੰਜੇ ਅਭੰਜੇ ਅਕਾਮੰ ਅਕਰਮੰ॥ ਅਨੰਤੇ ਬਿਅੰਤੇ ਅਭੂਮੇ ਅਭਰਮੰ॥੫॥ (ਗਿਆਨ ਪ੍ਰਬੋਧ)

ਇਸ ਦੇ ਮਗਰੋਂ ਉਸ ਤੇਜਮਈ ਤਖਤ ਉੱਤੇ ਉਸ ਅਦੁਤੀ ਤੇਜ ਪੁੰਜ, ਕਾਰਣਾਂ ਦੇ ਕਾਰਣ, ਪਰਮ ਸਰੂਪ; ਭਗਤ ਵੱਛਲ ਦੇਵ ਦੇ ਪਰਮ ਪਾਵਨ ਮੁਖਾਰਬਿੰਦ ਤੋਂ ਇਕ ਪਵਿੱਤ੍ਰ ਭਾਵ, ਆਪਣੇ ਸਨਮੁਖ ਬੈਠੇ ਪਿਆਰੇ ਅਨਿੰਨ ਭਗਤ ਦੇ ਪ੍ਰੇਮ ਨਾਲ ਪੂਰਤ ਹਿਰਦੇ ਨੂੰ ਹੋਰ ਬਿਅੰਤ ਪ੍ਰੇਮ ਨਾਲ ਪਰਿਪੂਰਤ ਕਰਨੇ ਲਈ ਪਜਾਰ ਵਿਚ ਸਨਿਗਧ ਹੋਇਆ ਹੋਇਆ ਪ੍ਰਗਟਿਆ, ਜਿਸ ਨੂੰ ਭਗਤ ਜੀ ਨੇ ਐਉਂ ਉਚਾਰਿਆ ਹੈ :-

1. ਮੁਹੰਮਦ। 2. ਮੈਂ ਰਸੂਲ ਹਾਂ।

ਦਾਸ ਅਨਿੰਨ ਮੇਰੋ ਨਿਜ ਰੂਪ॥ ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥੧॥ਰਹਾਉ॥ ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥ ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥੧॥ ਮੈ ਗੁਨਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥ ਨਾਮਦੇਵ ਜਾਕੇ ਜੀਅ ਐਸੀ ਤੈਸੋ ਤਾਕੈ ਪ੍ਰੇਮ ਪ੍ਰਗਾਸ॥੨॥੩॥

(ਸਾਰੰਗ: ਨਾਮ:)

ਸਾਰੀ ਸਭਾ ਦੇ ਪਵਿਤ੍ਰ ਸਿਰ ਨਿਉਂ ਗਏ ਅਰ ਸਭ ਨੇ ਵੱਡੇ ਅਦਬ ਨਾਲ ਨਮਸਕਾਰ ਕੀਤੀ। ਕੁਝ ਪਲਾਂ ਮਗਰੋਂ ਉਹ ਪਜਾਰਾ ਭਗਤ, ਜੋ ਭਗਤੀ ਦੇ ਤਾਰਾ ਮੰਡਲ ਵਿਚ ਚੰਦ ਵਾਂਙੂ ਛਬਿ ਦੇ ਰਿਹਾ ਸੀ, ਤਖਤ ਪੁਰ ਬੈਠੇ ਸੂਰਜ ਵਤ ਚਮਕਦੇ ਪ੍ਰਤਿਪਾਲਕ ਦੇ ਸਾਹਮਣੇ ਐਸ ਤਰ੍ਹਾਂ ਖੜਾ ਦਿੱਸਿਆ ਜਿੱਕੁਰ ਸਾਡੇ ਸੰਸਾਰੀ ਜੀਵਾਂ ਵਿਚ ਕੋਈ ਆਗਿਆਕਾਰੀ ਪੁਤ੍ਰ ਪਿਆਰੇ ਪਿਤਾ ਦੇ ਸਾਮ੍ਹਣੇ ਹੱਥ ਜੋੜਕੇ ਤੇ ਸਿਰ ਝੁਕਾ ਕੇ ਪਿਤਾ ਦੀ ਥਾਪੀ ਲੈਣ ਲਈ ਖੜੋ ਜਾਂਦਾ ਹੈ। ਇਸ ਪ੍ਰਕਾਰ ਦੀ ਦਸ਼ਾ ਵਿਚ ਹੋਕੇ ਉਸ ਸ਼ਿਰੋਮਣਿ ਮਹਾਨ ਆਤਮਾ ਨੇ ਪ੍ਰੇਮ ਮਈ ਨਿੰਮ੍ਰਤਾ ਨਾਲ ਇਸ ਭਾਵ ਦੀ ਪਵਿਤ੍ਰ ਬੇਨਤੀ ਕੀਤੀ :--

ਕਿਆ ਗੁਣ ਤੇਰੇ ਸਾਰਿ ਸਮ੍ਹਾਲੀ ਮੋਹਿ ਨਿਰਗੁਨ ਕੇ ਦਾਤਾ ਰੇ॥ ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡ ਸਭੁ ਥਾਰੇ॥੧॥ ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ॥੧॥ਰਹਾਉ॥ ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ॥ ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ॥੨॥ ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ॥ ਮਿਤਿ ਨਹੀਂ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ॥੩॥ ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥਿ ਦੇਇ ਨਿਸਤਾਰੇ॥੪॥੬॥ (ਸੂਹੀ ਮਹਲਾ ੫)

ਪਰ ਇਸ ਬੇਨਤੀ ਨੂੰ ਸ੍ਰੀ ਮਾਨ ਤੇਜ ਸਰੂਪ ਜੀ ਨੇ ਸਮਾਪਤ ਹੋਣ ਤੋਂ ਪਹਿਲੇ ਹੀ ਆਪਣੇ ਉਸ ਪਵਿਤ੍ਰ ਸ਼ਬਦ[1] ਨਾਲ, ਜਿਸ ਥੋਂ ਸੰਸਾਰ ਰਚਿਆ ਸੀ, ਇਹ ਵਰ ਬਖਸ਼ਿਆ :

ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥ ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧ ਕਰਨ ਤੇ ਲੋਕ ਹਟਾਇ॥੨੯॥ (ਬਚਿਤ੍ਰ ਨਾਟਕ)

ਇਹ ਨਿਯਮ, ਇਹ ਵਰ ਇਹ ਵਡਿਆਈ ਇਹ ਅਕਾਲ ਪੁਰਖ ਪ੍ਰਭੂ ਦੀ ਅਦੁੱਤੀ ਕ੍ਰਿਪਾਲਤਾ ਕੁਝ ਐਸੀ ਅਕਹਿ ਅਤੇ ਅਸ਼ਚਰਜਤਾ ਦੇ ਅਸਰ ਨਾਲ ਭਰੀ ਹੋਈ ਸੀ ਕਿ ਜਿਸ ਦਾ ਸਮਝਣਾ ਜੀਵ ਮਾਤ੍ਰ ਲਈ ਅਤਿ ਕਠਨ ਹੈ। ਉਸ ਤੇਜੱਸ੍ਵੀ ਤਖਤ ਪੁਰ ਬਿਰਾਜਮਾਨ ਤੇਜ ਤੇ ਪ੍ਰਤਾਪ ਦੇ ਪੁੰਜ, ਪਿਤਾ ਨਾਲੋਂ ਵਧੀਕ ਕ੍ਰਿਪਾਲ ਸਰੂਪ ਦਾ ਪ੍ਰਕਾਸ਼ ਪ੍ਰੇਮ ਦੀ ਲਹਿਰ ਨਾਲ ਝੂਮ ਝੁਮਾਉਂਦਾ ਆਪਣੇ ਸਾਹਮਣੇ ਬੈਠੇ ਤੇ ਨਿਵਾਜੇ ਹੋਏ ਪਜਾਰੇ ਭਗਤ ਤਕ ਐਕੁਰ ਪਸਰਿਆ ਕਿ ਦੁਹਾਂ ਦਾ ਰੂਪ ਏਕਤਾ ਦੇ ਰੰਗ ਵਿਚ ਰੰਗਿਆ ਗਿਆ। ਨਜ਼ਰ ਕੀ, ਡਾਢੀ ਡੂੰਘੀ ਸਾਹ ਵੱਟਕੇ ਲਾਈ ਹੋਈ ਨੀਝ ਬੀ ਫਰਕ ਕਰਨੋਂ ਆਤੁਰ ਹੋ ਗਈ, ਮਾਨੋਂ 'ਦ੍ਵੈ' ਤੇ ਏਕ ਰੂਪ ਹ੍ਵੈ ਗਯੋ'। ਇਸ ਮੇਲ ਦਾ ਰੂਪ[2] ਸਮਝਣਾ ਤਾ ਕਠਨ ਹੈ ਪਰ ਆਨੰਦ[3] ਦੀ ਸਮਝ ਲਈ ਅਗੇ ਲਿਖੇ ਸਬਦ ਦਾ ਭਾਵ ਸਹਾਇਤਾ ਕਰਦਾ ਹੈ :--

ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀਂ ਮਨ ਐਸੀ ਪ੍ਰੀਤਿ ਹਰੇ॥ ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ॥.... ਪੁਨ : ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ। ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ॥ ਮਨੁ ਲਾਲਹਿ ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ॥ ਪਿਰੁ ਅਪਣਾ ਪਾਇਆ ਰੰਗੁ ਲਾਲੁ ਬਣਾਇਆ ਅਤਿ ਮਿਲਿਓ ਮਿਤ੍ਰ ਚਿਰਾਣੇ॥

(ਆਸਾ ਮਹਲਾ ੫ ਛੰਤ)

ਇਸ ਅਚਰਜ ਪ੍ਰਾਪਤੀ, ਜਾਂ ਮੇਲ, ਅਥਵਾ ਆਤਮ

---

1. ਏਕ ਕਵਾਵੈ ਤੇ ਸਭਿ ਹੋਆ। (ਮਾਰੂ: ਮ: ੫॥) 2. ਓਤਿਪੋਤਿ ਮਿਲਿਓ ਭਗਤਨ ਕਉ ਜਨਮਿਉ ਪਰਦਾਲਾਹਿਓ॥੨॥ (ਕਾ:ਮ:੫)
3. ਮਗਨ ਭਇਓ ਪ੍ਰਿਅ ਪ੍ਰੇਮ ਸਿਉ ਸੂਧਨ ਸਿਮਰਤ ਅੰਗ॥ (ਚਉਬੋਲੇ ਮਹਲਾ ੫)

ਰਸ, ਜਾਂ ਬ੍ਰਹਮਾਨੰਦ ਦੀ ਅਦਭੁਤ ਦਸ਼ਾ ਵਿਚ-ਜੋ "ਮਾਈ ਰੀ ਪੇਖਿ ਰਹੀ ਬਿਸਮਾਦ।। ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾਕੇ ਸ੍ਵਾਦ" ਵਾਲੇ ਭਾਵ ਨੂੰ ਦੱਸਦੀ ਹੈ--ਉਸ ਅਨਿੰਨ ਅਦੁਤੀ ਕ੍ਰਿਪਾ ਪਾਤ੍ਰ ਦੇ ਪਵਿੱਤ੍ਰ ਤੇ ਦੈਵੀ ਮੁਖਾਰਬਿੰਦ ਨੇ ਫੇਰ ਬੀ ਬੇਨਤੀ ਹੀ ਕੀਤੀ, ਜਿਸ ਤੋਂ ਕਿ ਇਸ ਮੇਲ ਦੇ ਸਿੱਟੇ ਦਾ ਕੁਝ ਕੁਝ ਪਤਾ ਲਗਾ, ਕਿ ਏਕਤਾ[1] ਤਾਂ ਸੀ, ਪਰ ਕੁਝ ਕੁਝ ਡਾਢੀ ਅਚਰਜ[2] ਜਿਹੀ ਸੀ, ਉਹ ਬੇਨਤੀ ਜੋ ਮਹਾਂ ਪੁਰਖ ਨੇ ਕੀਤੀ ਇਹ ਸੀ :--

'ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ[3]'

'ਹੁਣ ਫੇਰ ਇਕ ਵੇਰੀ ਉਸ ਜਗਤਾਧਾਰ ਪ੍ਰੇਮ ਪੁੰਜ ਦੀ ਜਜੋਤਿ ਵਿੱਚੋਂ ਇਕ ਹੋਰ ਵਰਦਾਨ ਦਾ ਭਾਵ ਪ੍ਰਗਟਿਆ ਜੋ ਇਸ ਤਰ੍ਹਾਂ ਸਫੁਟ ਹੈ :-

"ਗਾਛਹੁ ਪੁਤ੍ਰੀ[4] ਰਾਜ ਕੁਆਰਿ।। ਨਾਮੁ ਭਣਹੁ ਸਚ ਦੋਤਿ ਸਵਾਰਿ।।"

ਪੁਨਾ:-[5] ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ॥ ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਰਤੇ॥੩੮॥ (ਸਲੋ: ਸਹ:)

ਜਦ ਇਹ ਵਰ ਪ੍ਰਾਪਤ ਹੋਇਆ ਤਦ ਸਾਰੀ ਸੰਤ ਮੰਡਲੀ ਨੇ ਹੱਥ ਜੋੜਕੇ ਪ੍ਰਾਰਥਨਾ ਸੰਯੁਕਤ ਇਸ ਭਾਵ ਦੀ ਅਸ਼ੀਰਵਾਦ ਮਾਨੋ ਗਾਇਨ ਕੀਤੀ :-

ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ॥ ਹਰ ਦਰਗਹ ਪੈਨਾਇਆ ਹਰਿ ਆਪ ਲਇਆ ਗਲਿ ਲਾਇ॥ ੯॥ (ਗਉ: ਮ:੪)

ਪੁਨਾ:- ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥ ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥੧॥ ਭਗਤਾ ਕੀ ਟੇਕ ਤੂੰ ਸੰਤਾਂ ਕੀ ਓਟ ਤੂੰ ਸਚਾ ਸਿਰਜਨਹਾਰਾ॥੧॥ ਰਹਾਉ॥ ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ॥ ਸਚੁ ਤੇਰੇ ਖਾਜੀਨਿਆਂ ਸਚੁ ਤੇਰਾ ਪਾਸਾਰਾ॥੨॥ ਤੇਰਾ ਰੂਪੁ ਅਗੀਮੁ ਹੈ ਅਨੂਪੁ ਤੇਰਾ ਦਰਸਾਰਾ॥ ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ॥੩॥ ਸਭੇ ਇਛਾ ਪੂਰੀਆਂ ਜਾ ਪਾਇਆ ਅਗਮ ਅਪਾਰਾ॥ ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ॥੪॥੧॥੪੭॥ (ਸੂਹੀ ਮ: ੫)

ਹੁਣ ਓਹ ਵੇਲਾ ਆਇਆ, ਜਿਸ ਨੂੰ ਸੰਸਾਰੀ ਵਿਛੋੜਾ ਆਖਦੇ ਹਨ, ਪਰ ਸੰਸਾਰੀਆਂ ਦੇ ਵਿਛੋੜੇ ਵਿਚ ਤਾਂ ਮੇਲ ਦਾ ਨਾਂ ਨਹੀਂ ਰਹਿੰਦਾ, ਪਰ ਇਹ ਵਿਛੋੜਾ ਕੁਛ ਦੈਵੀ ਢੰਗ ਦਾ ਹੈਸੀ। ਇਸ ਵਿਛੋੜੇ ਦੇ ਹੋ ਗਿਆਂ ਬੀ ਮੇਲ ਵਿਚ ਫਰਕ ਨਹੀਂ ਪੈਂਦਾ। ਸੁਰਤ ਦੂਰ ਨਹੀਂ ਹੁੰਦੀ। ਪ੍ਰਕ੍ਰਿਤੀ ਦੇ ਬਣੇ ਹੋਏ ਸਰੀਰ ਦਾ ਮਾਨੋਂ ਇਕ ਗਿਲਾਫ ਜਿਹਾ ਉਸ ਅਭੌਤਕ ਰੂਪ ਦੇ ਉੱਤੇ ਚੜ੍ਹ ਜਾਂਦਾ ਹੈ, ਪਰ ਉਹ ਮੇਲ ਵਿਚ ਫਰਕ ਨਹੀਂ ਪਾਉਂਦਾ! ਜਿੱਕੁਰ ਕਿਸੇ ਜਗਦੇ ਦੀਵੇ ਦੇ ਉਦਾਲੇ ਸ਼ੀਸ਼ੇ ਦਾ ਗ਼ਿਲਾਫ ਰਖ ਦੇਈਦਾ ਹੈ ਜਿਹੜਾ ਉਸਦੇ ਚਾਨਣੇ ਨੂੰ ਕਿਸੇ ਪ੍ਰਕਾਰ ਰੋਕਦਾ ਨਹੀਂ ਹੈ, ਪਰ ਹਾਂ ਇਕ ਪੜਦਾ ਜਿਹਾ ਜ਼ਰੂਰ ਲਾਟ ਦੇ ਦੁਆਲੇ ਹੋ ਜਾਂਦਾ ਹੈ। ਭਾਵੇਂ ਇਹ ਪੜਦਾ ਸਾਡੀ ਸਮਝ ਵਿਚ ਤਾਂ ਨਾਮ ਮਾਤ੍ਰ ਹੀ ਹੈ ਪਰ ਜਿਨ੍ਹਾਂ ਪ੍ਰੇਮੀਆਂ ਨੂੰ ਇਸ ਵਿਛੋੜੇ ਦਾ ਸੱਲ ਸਹਿਣਾ ਪੈਂਦਾ ਹੈ, ਉਹੀ ਇਸ ਦੀ ਪੀੜਾ ਨੂੰ ਠੀਕ ਸਮਝਦੇ ਹਨ! ਅਸਚਰਜ ਦੀ ਗੱਲ ਹੈ, ਕਿ ਨਾ ਤਾਂ ਮੇਲ ਵਿਚ ਫਰਕ ਆਉਣਾ, ਨਾ ਸਰੂਪ ਭੁੱਲਣਾ, ਨਾ ਪਜਾਰ ਘਟਣਾ, ਨਾ ਵਿੱਥ ਪੈਣੀ, ਫੇਰ ਵਿਛੋੜਾ ! ਪਰ ਇਸਦੀ ਯਥਾਰਥ ਸਮਝ ਉਖੇਰੀ ਹੈ, ਇਸ ਬਿਰਹੇ ਦੀ ਪੀੜਾ ਨੂੰ ਓਸੇ ਸੱਚੇ ਪ੍ਰੇਮ ਪੁਤਲੇ ਮਹਾਂ ਪੁਰਖ ਨੇ ਆਪ ਹੀ ਇਸ ਪ੍ਰਕਾਰ ਵਰਣਨ ਕੀਤਾ ਹੈ :-

ਤਿਨ ਪ੍ਰਭ ਜਬ ਆਇਸ ਮੁਹਿ ਦੀਆ॥ ਤਬ

1. ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰ: ਮ: ੫)

2. ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ॥ ਜੀਉ ਪੀਉ ਬੂਝਉ ਨਹੀਂ ਘਟ ਮਹਿ ਜੀਉ ਕਿ ਪੀਉ॥ ੨੩੬॥ (ਸਲੋਕ ਕਬੀਰ ਜੀ)

3. ਠਾਢ ਭਯੋ ਮੈਂ ਜੋਰਿ ਕਰ ਬਚਨ ਕਹਾ ਸਿਰ ਨਜਾਇ॥ ਪੰਥ ਚਲੈ ਤਬ ਜਗਤ ਮੈਂ ਜਬਤੁਮ ਕਰਹੁ ਸਹਾਇ॥੧॥੩੦॥

4. ਪੰਜਾਬੀ ਬੋਲੀ ਦੇ ਮੁਹਾਵਰੇ ਵਿਚ ਅਤਿ ਪਿਆਰ ਦੀ ਦਸ਼ਾ ਵਿਚ ਧੀ ਨੂੰ 'ਪੁਤ੍ਰ' ਤੇ 'ਬੱਚੂ' ਕਰਕੇ ਸਦਦੇ ਹਨ, ਅਰ ਪੁਤ੍ਰ ਨੂੰ "ਬਚੜੀ" ਤੇ 'ਬਚੂੰਗੜੀ' ਕਰਕੇ ਸਦਦੇ ਹਨ। ਪਹਿਲੇ 'ਮੈਂ ਅਪਨਾ ਸੁਤ' ਕਹਿਣ ਅਰ ਫੇਰ 'ਪੁਤ੍ਰੀ' ਕਹਿਣ ਤੋਂ ਭਾਵ ਇਸੇ ਪ੍ਰੇਮ ਨੂੰ ਸੂਚਤ ਕਰਨਾ ਹੈ, ਈਸ਼੍ਵਰ ਦੀ ਦਰਗਾਹ ਵਿਚ ਅਗੀਮ ਪ੍ਰੇਮ ਹੈ, ਜਿਸਨੂੰ ਮਨੁੱਖੀ ਸਮਝ ਗੋਚਰਾ ਕਰਨੇ ਲਈ ਪੁਲਿੰਗ ਯਾ ਇਸਤ੍ਰੀ ਲਿੰਗ ਸ਼ਬਦ ਵਰਤਣਾ ਪੈਂਦਾ ਹੈ! ਪੁਤ੍ਰੀ ਇਥੇ ਅਤਿ ਕੋਮਲ ਤੇ ਲਾਡ ਮਈ ਭਾਵ ਦਾ ਸੂਚਕ ਹੈ।

5. ਤੇਰੇ ਵਿਚ ਸਾਰਾ ਧਰਮ ਮੇਰਾ ਧਰਮ ਹੋਵੇਗਾ, ਤੇਰੇ ਵਿਚ ਸਾਰੀ ਪਵਿੱਤ੍ਰਤਾ ਮੇਰੀ ਪਵਿੱਤ੍ਰਤਾ ਹੋਵੇਗੀ, ਤੇਰੇ ਸਾਰੇ ਕਰਮ ਮੇਰੇ ਕਰਮ ਹੋਣਗੇ। ਹੇ ਨਾਨਕ ! ਤੈਨੂੰ ਕੋਈ ਲੇਪ ਛੇਪ ਨਹੀਂ ਹੋਵੇਗਾ: ਗੁਰੂ ਨਾਨਕ ਦੇਵ ਜੀ ਦੀ ਜੋਤਿ ਜੋ ਦਸ ਪਾਤਸ਼ਾਹੀਆਂ ਹੋ ਕੇ ਵਰਤੀ, ਇਹ ਵਰ ਲੈ ਕੇ ਜਗਤ ਵਿਚ ਆਈ ਸੀ।

ਹਮ ਜਨਮ ਕਲੂ ਮਹਿ ਲੀਆ॥ ੪॥ ਚਿਤ ਨ ਭਯੋ ਹਮਰੋ ਆਵਨ ਕਹਿ॥ ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ॥ ਜਿਉਂ ਤਿਉਂ ਪ੍ਰਭੁ ਹਮਕਉ ਸਮਝਾਯੋ॥ ਇਮ ਕਹਕੈ ਇਹ ਲੋਕ ਪਠਾਯੋ[1]॥ ੫॥

ਗੱਲ ਕੀ ਪਿਆਰੇ ਪਿਤਾ ਦੇ ਨਿਵਾਜੇ ਹੋਏ, ਹਉਮੈਂ ਦਾ ਪੂਰਣ ਅਭਾਵ ਕਰ ਚੁਕੇ ਹੋਏ, ਪਰ ਉਪਕਾਰ ਦੇ ਅਵਤਾਰ, ਸ੍ਰੀ ਦਿਬ ਸਰੂਪ ਮਹਾਤਮਾ ਆਗਿਆ ਅਨੁਸਾਰ ਆਨੰਦ ਰੂਪੀ ਮਹਲ ਵਿਚੋਂ ਨਗਰੀ ਵਿਚ ਆਏ। ਸਾਰੀ ਸੰਤ ਮੰਡਲੀ ਅਦਬ ਵਾਸਤੇ ਨਾਲ ਆਈ: ਕੀ ਦੇਖਦੇ ਹਾਂ, ਕਿ ਇਕ ਅਤਿ ਮਨੋਹਰ ਪੁਸ਼ਪ ਬਿਬਾਣ ਪਿਆ ਹੈ, ਜਿਸ ਦਾ ਨਾਮ 'ਹੁਕਮ' ਕਰਕੇ ਸੱਦਦੇ ਹਨ। ਇਸ ਵਿਚ ਇਹ ਸ਼ਕਤੀ ਹੈ ਕਿ ਆਤਮਕ ਸਰੀਰਾਂ ਨੂੰ ਵਿਚ ਬਿਠਾਕੇ ਬਿਨਾਂ ਕੁਛ ਵਕਤ ਖਰਚ ਕੀਤੇ ਦੇ ਫੁਰਨੇ ਹੁੰਦੇ ਸਾਰ ਹੀ ਫੁਰੀ ਹੋਈ ਜਗ੍ਹਾ ਤੇ ਪੁਚਾ ਦੇਂਦਾ ਹੈ। ਇਸ ਦੀ ਰਚਨਾ ਬੀ ਅਭੋਤਕ ਹੈ, ਇਸ ਦੇ ਚੁੱਕਣ ਵਾਲੇ ਚਾਰ ਦੇਵਤੇ ਪ੍ਰਕਾਸ਼ ਰੂਪ ਹਨ, ਜਿਨ੍ਹਾਂ ਨੂੰ ਸਬਰ, ਸ਼ੁਕਰ, ਭਾਣਾ ਤੇ ਰਜ਼ਾ ਕਰਕੇ ਸੱਦਦੇ ਹਨ!

ਜਾਂ ਉਹ ਦੈਵੀ ਮਹਾਤਮਾਂ, ਜੋ ਪਿਤਾ ਦਾ ਹੁਕਮ ਪਾਕੇ ਜਗਤ ਦੇ ਦੁਖ ਦੂਰ ਕਰਨ ਨਮਿਤ ਐਸੇ ਸੁਖ ਅਸਥਾਨ ਤੋਂ ਦੁਖਾਂ ਸੁਖਾਂ ਦੇ ਭਾਗੀ ਹੋਣ ਲਈ ਉਸ ਪੁਸ਼ਪ ਬਿਬਾਣ ਪਰ ਬਿਰਾਜਿਆ, ਤਦ ਸਾਰੇ ਮਹਾਤਮਾਂ ਨੇ ਜੋ ਸੰਸਾਰ ਦੇ ਆਰੰਭ ਤੋਂ ਅੱਜ ਤੀਕ ਹੋਏ ਸਨ, ਅਰ ਮਾਟੇ ਸੰਤਾਂ ਸਾਧਾਂ ਫਕੀਰਾਂ ਨੇ ਜੋ ਉਸ ਅਭੋਤਕ ਅਰ ਨਿਰਾਕਾਰ ਸ਼ਹਿਰ ਦੇ ਵਾਸੀ ਸਨ, ਬੜੇ ਪ੍ਰੇਮ ਨਾਲ ਸਿਰ ਨਿਵਾਇਆ, ਫਿਰ ਬੜੇ ਅਦਬ ਤੇ ਸ਼ਰਧਾ ਨਾਲ ਵਾਹਿਗੁਰੂ ਦੇ ਪ੍ਰੇਮ ਵਿਚ ਭਰੇ ਜਾਕੇ ਇਹ ਗਾਂਵਿਆਂ' [2]–

ਭਜਸਤੁਯੰ॥ ਭਜਸਤੁਯੰ॥ ਰਹਾਉ। ਅਗਾਧਿ ਬਿਆਧਿ ਨਾਸਨੰ॥ ਪਰੇਯ ਪਰਮ ਉਪਾਸਨੰ॥ ਤ੍ਰਿਕਾਲ ਲੋਕ ਮਾਨ ਹੈਂ॥ ਸਦੈਵ ਪੁਰਖ ਪਰਧਾਨ ਹੈਂ॥ ੬॥ ੧੪॥ ਥਤਸਤੁਯੰ ਥਤਸਤੁਯੰ॥ ਰਹਾਉ॥ ਕ੍ਰਿਪਾਲ ਦਿਆਲ ਕਰਮ ਹੈਂ॥ ਅਗੰਜ ਭੰਜਿ ਭਰਮ ਹੈਂ॥ ਤ੍ਰਿਲੋਕ ਲੋਕ ਪਾਲ ਹੈਂ॥ ਸਦੈਵ ਸਰਬ ਦਿਆਲ ਹੈਂ॥ ੭॥ ੧੫॥ ਜਪਸਤੁਯੰ॥ ਜਪਸਤੁਯੰ॥ ਰਹਾਉ॥ ਮਹਾਂਨ ਮੋਨਿ ਮਾਂਨ ਹੈਂ॥ ਪਰੇਵ ਪਰਮ ਪ੍ਰਧਾਨ ਹੈਂ॥ ਪੁਰਾਨ ਪ੍ਰੇਤ ਨਾਸਨੰ॥ ਸਦੇਵ ਸਰਬ ਪਾਸਨੰ ॥ ੮॥ ੧੬॥ ਪ੍ਰਚੰਡ ਅਖੰਡ ਮੰਡਲੀ॥ ਉਦੰਡ ਰਾਜ ਸੁੱਥਲੀ॥ ਜਗੰਤ ਜੋਤਿ ਜ੍ਵਾਲਕਾ॥ ਜਲੰਤ ਦੀਪ ਮਾਲਕਾ॥ ੯॥ ੧੭॥

(ਗਿਆਨ ਪ੍ਰਬੋਧ)

ਹੁਣ ਉਹ ਪੁਸ਼ਪ ਬਿਬਾਣ ਹੇਠਾਂ ਨੂੰ ਤੁਰਿਆ, ਕ੍ਰੋੜਾਂ ਦੇਵਤੇ, ਸੰਤ, ਮਹਾਤਮਾਂ, ਪੂਰਨ ਪੁਰਖ ਕਤਾਰਾਂ ਬੰਨ੍ਹੀ ਖੜੋਤੇ ਦੇਖਦੇ ਸਨ, ਸਭ ਦੇ ਹਿਰਦੇ ਸ਼ਰਧਾ ਤੇ ਅਦਬ ਨਾਲ ਭਰੇ ਹੋਏ ਸਨ, ਚਾਰ ਚੁਫੇਰਿਓਂ ਨਮਸਕਾਰਾਂ ਹੋ ਰਹੀਆਂ ਸਨ ਅਰ ਜੈ ਜੈ ਦੇ ਸ਼ਬਦ ਤੇ ਪੁਸ਼ਪਾਂ ਦੀ ਵਰਖਾ ਹੋ ਰਹੀ ਸੀ।

'ਜੈ ਦੇਵ ਸਬਦ ਪੁਕਾਰਹੀ॥ ਸਭ ਫੂਲਫੂਲਨ ਡਾਰਹੀ॥'

ਜਦ ਇਹ ਬਿਬਾਣ ਓਸ ਸ਼ਹਰ ਥੀਂ ਚਲਾ ਗਿਆ, ਤਦ ਦੇਵ ਸ੍ਰਿਸ਼ਟੀ ਦੇ ਲੋਕ ਆਪੋ ਵਿਚ ਗੱਲਾਂ ਕਰ ਰਹੇ ਸਨ; ਕਿ ਅਜ ਕੈਸਾ ਅਸਚਰਜ ਸਮਾਂ ਬੱਝਾ ਹੈ। ਦੇਖੋ ਦੁਨੀਆਂ ਵਿਚ ਜਾਕੇ ਕੋਈ ਮਹਾਤਮਾਂ 'ਅਹੰਤਾ' ਆਦਿ ਗੱਲਾਂ ਤੋਂ ਬਚਕੇ ਨਹੀਂ ਆਇਆ; ਜੋ ਜੋ ਗਿਆ ਸੋ ਪ੍ਰਕ੍ਰਿਤੀ ਦੇ ਸਰੀਰ ਹੋਣ ਕਰਕੇ ਯਾ ਤਾਂ ਕਰਤਾਰ ਨੂੰ ਵਿਸਾਰਕੇ ਆਪਣਾ ਆਪ ਪੂਜਾਉਣ ਲੱਗ ਪਿਆ, ਜਾਂ ਰੱਬ ਦੇ ਨਾਮ ਨਾਲ ਆਪਣਾ ਆਪ ਜਪਾਇਆ ਤੇ ਕਈਆਂ ਨੇ ਕੇਵਲ ਆਪ ਨੂੰ ਹੀ ਪੂਜਾਇਆ ਹੈ। ਪਰ ਇਹ ਸਰੂਪ ਅਤਿ ਹੀ ਪਵਿੱਤ੍ਰ ਤੇ ਦ੍ਰਿੜ੍ਹ ਵਿਸ਼ਵਾਸੀ ਨਿਕਲਿਆ ਹੈ ਕਿ ਜਿਸ ਨੇ ਸਾਈਂ ਨਾਲ ਅਭੇਦ ਹੁੰਦਿਆਂ ਹੋਇਆਂ ਨੌ ਜਾਮੇ ਧਾਰਕੇ ਦੋ ਸੌ ਵਰਹੇ ਸੰਸਾਰ ਦੇ ਤਿਲਕਾ ਦੇਣ ਵਾਲੇ ਮੈਦਾਨ ਵਿਚ ਧਰਮ ਦੀ ਧ੍ਵਜਾ ਝੁਲਾਈ ਅਰ ਹਰ ਵੇਲੇ ਆਪਣੇ ਆਪ ਦਾ ਅਭਾਵ[1] ਤੇ ਕਰਤਾਰ ਦੀ ਪੂਜਾ ਦੇ ਦ੍ਰਿੜ੍ਹਾਵਣ ਦਾ ਨਿਯਮ

---

1. ਇਸ ਤੋਂ ਅਗਲੇ ਪਾਠ ਲਈ ਦੇਖੋ ਪੰਨਾ ੧੮।

2. ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ।। ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ।। ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ।। ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ।। ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ।। ਅਨਾਥ ਨਾਥ ਦਇਆਲ ਨਾਨਕ ਸਾਧ ਸੰਗਤਿ ਮਿਲਿ ਉਧਾਰ।।੨।। ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕਭਾਤਿ।। ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ।। ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ। ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ। ਸਿਮ੍ਰਿਤ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ।। ਪਤਿਤ ਪਾਵਨ ਭਗਤ ਵਛਲ ਨਾਨਕ ਮਿਲੀਐ ਸੰਗਿ ਸਾਤਿ।।੩।। (ਆਸਾ ਮ: ੫)

1. ਹੋਂਦਾ ਫੜੀਅਗੁ ਨਾਨਕ ਜਾਣੁ।। ਨਾ ਹਉ ਨਾ ਮੈ ਜੂਨੀ ਪਾਣੁ।। (ਮਲਾਰ ਵਾਰ ਮ: ੧)

ਫੈਲਾਇਆ। ਜਿਤਨੀ ਸੋਭਾ ਕਰਤਾਰ ਦੇ ਹਜ਼ੂਰ ਇਨ੍ਹਾਂ ਨੂੰ ਹੋਵੇ ਥੋੜ੍ਹੀ ਹੈ, ਪੁੱਤਰ ਹੋਣ ਦੀ ਵਡਿਆਈ, ਜਿਸਦਾ ਤਾਤਪਰਯ ਐਸੀ ਸਮੀਪਤਾ ਹੈ, ਕਿ ਜਿਸ ਵਿਚ 'ਵਿਥ' ਨਾ ਹੋਵੇ, ਸਭ ਤੋਂ ਸਰੇਸ਼ਟ ਹੈ, ਜੋ ਇਨ੍ਹਾਂ ਦੇ ਸ੍ਵਰੂਪ ਵਿਚ ਘਟੀ ਹੈ। ਇਹ ਦਸਵਾਂ ਜਾਮਾ ਅਤਿ ਕਸ਼ਟਾਂ ਦੇ ਸਾਮ੍ਹਣੇ ਜਾ ਰਿਹਾ ਹੈ। ਸਭ ਪ੍ਰਕਾਰ ਦੇ ਸਰੀਰਕ ਔਖ ਏਸ ਜਾਮੇ ਦੇ ਸਾਮ੍ਹਣੇ ਬਲ ਧਾਰ ਕੇ ਆਉਣਗੇ, ਅਰ ਕਰੜੇ ਹੋ ਕੇ ਅੜਨਗੇ, ਪਰ ਛੇਕੜ ਟੁੱਟ ਜਾਣਗੇ ਅਰ ਸੰਸਾਰ ਵਿਚ ਨੌ ਜਾਮਿਆਂ ਵਿਖੇ ਹੋ ਕੇ ਤਿਆਰ ਕੀਤੇ ਹੋਏ ਬਗ਼ੀਚੇ ਦੀ ਰੱਖਯਾ ਕਰ ਕੇ ਉਸ ਨੂੰ ਅਟੱਲਤਾ ਦਾ ਦਾਨ ਬਖਸ਼ਦੇ ਹੋਏ ਅਡੋਲ ਰਹਿਣਗੇ।

ਇਸ ਵੇਲੇ ਬਹੁਤ ਸਾਰੇ ਮਹਾਤਮਾਂ ਜੋ ਪਹਿਲੇ ਨਵਾਂ ਜਾਮਿਆਂ ਦੇ ਨਾਲ ਸੰਸਾਰ ਵਿਚ ਵੇਲੇ ਸਵੇਲੇ ਜਾਂਦੇ ਤੇ ਸੇਵਾ ਕਰਦੇ ਰਹੇ ਸਨ ਹੁਣ ਬੀ ਪੁਸ਼ਪ ਖਿਬਾਣ ਦੇ ਨਾਲ ਨਾਲ ਗਏ। ਕਈ ਅੱਗੇ ਜਾ ਚੁਕੇ ਸਨ, ਅਰ ਕਈ ਪਿੱਛੋਂ ਬੀ ਗਏ, ਜਿਨ੍ਹਾਂ ਨੇ ਸੰਸਾਰ ਵਿਚ ਉਹਨਾਂ ਦੀ ਸੇਵਾ ਵਿਖੇ ਪਰਉਪਕਾਰ ਨਮਿਤ ਕਸ਼ਟ ਸਹਾਰਨੇ ਹਨ।

ਇਹ ਪੁਸ਼ਪ ਬਿਬਾਣ ਮਾਤਲੋਕ ਵਿਚ ਪਹੁੰਚ ਕੇ ਹੇਮਕੁੰਟ ਪਰਬਤ ਤੇ ਸਪਤਸ੍ਰਿੰਗ ਵਾਲੇ ਟਿਕਾਣੇ ਤੇ ਗਿਆ, ਉਥੋਂ ਦੇ ਮਹਾਤਮਾਂ ਲੋਕ ਬੜੇ ਅਦਬ ਤੇ ਪਜਾਰ ਨਾਲ ਡੰਡੌਤ ਕਰ ਕੇ ਨਾਲ ਹੋ ਟੁਰੇ। ਫਿਰ ਪੁਸ਼ਪ ਬਿਬਾਣ ਹਿੰਦੁਸਤਾਨ ਦੇਸ਼ ਦੇ ਪਟਨੇ ਨਾਮੇ ਸ਼ਹਿਰ ਵਿਚ ਪਹੁੰਚਾ। ਇਥੇ ਇਕ ਸੁੰਦਰ ਮੰਦਰ ਵਿਚ ਸ੍ਰੀ ਮਾਤਾ ਗੁਜਰੀ ਜੀ ਨਾਮ ਕਰਕੇ ਇਕ ਮਹਾਨ ਪਵਿੱਤ੍ਰ,[1] ਸਾਂਈਂ ਵਿਚ ਜੁੜੇ ਮਨ ਵਾਲੀ ਮਾਤਾ ਜੀ ਬਿਰਾਜਮਾਨ ਸੇ। ਆਪ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੁਪਤਨੀ ਜੀ ਸਨ, ਸ੍ਰੀ ਗੁਰੂ ਸਾਹਿਬ ਜੀ ਤਾਂ ਆਸਾਮ ਦੇਸ਼ ਨੂੰ ਗਏ ਹੋਏ ਸਨ, ਤੇ ਇਨ੍ਹਾਂ ਪਵਿਤ੍ਰਾਤਮਾ ਜੀ ਨੂੰ ਇਸ ਸ਼ਹਿਰ ਵਿਚ ਦੈਵੀ ਮਹਾਤਮਾਂ ਦੇ ਆਗਮਨ ਲਈ ਛੱਡ ਗਏ ਹੋਏ ਸਨ।

ਜਦੋਂ ਕਿ ਇਹ ਪੁਸ਼ਪ ਬਿਬਾਣ ਇਸ ਮਹਿਲ ਪਹੁੰਚਾ ਤਦੋਂ ਸੰਸਾਰ ਵਿਚ ਆਉਣ ਤੇ ਇਨ੍ਹਾਂ ਦੇ ਤੇਜ ਦਾ ਝਲਕਾ ਸਾਰੇ ਪਹੁੰਚ ਵਾਲੇ ਸੰਤ ਮਹਾਤਮਾਂ ਨੂੰ ਐਸਾ ਪਿਆ ਕਿ ਉਸ ਵੇਲੇ ਦੈਵੀ ਸ਼ਕਤੀਆਂ ਨਾਲ ਆਪਣੇ ਆਤਮਕ ਸਰੂਪਾਂ ਵਿਚ ਉਥੇ ਪਹੁੰਚੇ ਤੇ ਸਭ ਨੇ ਚਰਨਾਂ ਪੁਰ ਮੱਥਾ ਟੇਕਕੇ ਇਹ ਸਤੁਤੀ ਗਾਂਵੀਂ :--

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ
ਆਏ॥ ਜੀਅਦਾਨੁ ਦੇ ਭਗਤੀ ਲਾਇਨਿ ਹਰਿ
ਸਿਉ ਲੈਨਿ ਮਿਲਾਏ॥ ੨॥ (ਸੂਹੀ ਮ : ੫)

... ... ...

ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ
ਰਸਨਾ ਗੁਣ ਭਨਾ॥ (ਬਿਹਾ: ਮ: ੫)

ਇਸ ਪ੍ਰਕਾਰ ਮਨੋਹਰ ਸੁਰ ਵਿਚ ਸ਼ਬਦ ਗਾਉਂ ਕੇ ਪ੍ਰਸ਼ਨ ਕਰਨ ਲਗੇ ਕਿ ਆਪ ਦੇ ਸੰਸਾਰ ਵਿਚ ਆਉਣ ਦਾ ਕਾਰਣ ਕੀ ਹੋਇਆ ? ਆਪ ਦੇ ਤੇਜ ਨੂੰ ਧਰਤੀ ਝੱਲ ਨਹੀਂ ਸਕੀ, ਅਚੰਭਾ ਹੈ ਕਿ ਐਡਾ ਭਾਰੀ ਅਵਤਾਰ ਕਿਸ ਨਮਿੱਤ ਪ੍ਰਗਟਿਆ ਹੈ ? ਦਾਸ ਚਰਨ ਧੂੜ ਪ੍ਰਾਪਤ ਕਰਨ ਲਈ ਹਾਜ਼ਰ ਹੋਏ ਹਨ।

ਤਦ ਸ੍ਰੀ ਦੁਸ਼ਟਦਮਨ ਮਹਾਤਮਾਂ ਜੀ ਨੇ ਜੋ ਉੱਤਰ ਦਿੱਤਾ ਉਹ ਐਉਂ ਆਪਣਾ ਅਰਥ ਭਾਵ ਦੱਸਦਾ ਹੈ :-- (ਚੌਪਈ)

ਇਹ ਕਾਰਨਿ ਪ੍ਰਭੁ ਮੋਹਿ ਪਠਾਯੋ॥ ਤਬ ਮੈਂ
ਜਗਤ ਜਨਮੁ ਧਰਿ ਆਯੋ॥ ਜਿਮ ਤਿਨ ਕਹੀ
ਤਿਨੈ ਤਿਮ ਕਹਿਹੌਂ॥ ਅਉਰ ਕਿਸੂ ਤੇ ਬੈਰ
ਨ ਗਹਿਹੌਂ॥ ੩੧॥ ਜੋ ਹਮ ਕੋ ਪਰਮੇਸਰ
ਉਚਰਿਹੈਂ॥ ਤੇ ਸਭ ਨਰਕਿ ਕੁੰਡ ਮਹਿ ਪਰਿ
ਹੈਂ॥ ਮੋਕੋ ਦਾਸੁ ਤਵਨ ਕਾ ਜਾਨੋ॥ ਯਾ ਮੈ
ਭੇਦੁ ਨ ਰੰਚ ਪਛਾਨੋ॥ ੩੨॥ ਮੈ ਹੋ ਪਰਮ
ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ
ਤਮਾਸਾ॥ ਜੋ ਪ੍ਰਭ ਜਗਤਿ ਕਹਾ ਸੋ ਕਹਿਹੌਂ॥
ਮ੍ਰਿਤਲੋਕ ਤੇ ਮੋਨ ਨਾ ਗਹਿਹੌਂ॥ ੩੩॥

(ਨਰਾਜ ਛੰਦ)

ਕਹਿਯੋ ਪ੍ਰਭੂ ਸੁ ਭਾਖਿਹੌਂ॥ ਕਿਸੂ ਨ ਕਾਨਿਰਾਖਿ
ਹੌਂ॥ ਕਿਸੂ ਨ ਭੇਖ ਭੀਜ ਹੌਂ॥ ਅਲੇਖ ਬੀਜ
ਬੀਜ ਹੌਂ॥ ੩੪॥ ਪਖਾਣ ਪੂਜ ਹੌ ਨਹੀਂ॥ ਨ
ਭੇਖ ਭੀਜ ਹੌਂ ਕਹੀਂ॥ ਅਨੰਤ ਨਾਮੁ ਗਾਇ
ਹੌਂ॥ ਪਰਮ ਪੁਰਖ ਪਾਇ ਹੌਂ॥ ੩੫॥

(ਚੌਪਈ)

ਜਿਨ ਜਿਨ ਨਾਮੁ ਤਿਹਾਰੋ ਧਿਆਇਆ॥ ਦੂਖ
ਪਾਪ ਤਿਨ ਨਿਕਟਿ ਨ ਆਇਆ॥ ਜੇ ਜੇ
ਅਉਰ ਧਿਆਨ ਕੋ ਧਰਹੀ॥ ਬਹਿਸ ਬਹਿਸ
ਬਾਦਨਤੇ ਮਰਹੀ॥ ੪੧॥ ਹਮ ਇਹ ਕਾਜ ਜਗਤ
ਮੋ ਆਏ॥ ਧਰਮ ਹੇਤ ਗੁਰੁਦੇਵ ਪਠਾਏ॥

1. ਤਾਤ ਮਾਤ ਮੁਰ ਅਲਖ ਅਰਾਧਾ।। ਬਹੁ ਬਿਧਿ ਜੋਗ ਸਾਧਨਾ ਸਾਧਾ।। (ਬਚਿੱਤ੍ਰ ਨਾ:)

ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥ ੪੨॥ ਯਾਹੀ ਕਾਜ ਧਰਾ ਹਮ ਜਨਮੰ॥ ਸਮੁਝਿ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥ ੪੩॥ ਜੇ ਜੇ ਭਏ ਪਹਿਲਅਵਤਾਰਾ॥ ਆਪੁ ਆਪੁ ਤਿਨ ਜਾਪੁ ਉਚਾਰਾ॥ ਪ੍ਰਭ ਦੋਖੀ ਕੋਈ ਨ ਬਿਦਾਰਾ॥ ਧਰਮ ਕਰਮ ਕੋ ਰਾਹੁ ਨ ਡਾਰਾ॥ ੪੪॥ ਜੇ ਜੇ ਗਉਸ ਅੰਬੀਆ ਭਏ॥ 'ਮੈ' 'ਮੈ' ਕਰਤ ਜਗਤ ਤੇ ਗਏ॥ ਮਹਾ ਪੁਰਖੁ ਕਾਹੂ ਨ ਪਛਾਨਾ॥ ਕਰਮ ਧਰਮ ਕੋ ਕਛੂ ਨ ਜਾਨਾ॥ ੪੫॥ ਅਵਰਨ ਕੀ ਆਸਾ ਕਿਛੁ ਨਾਹੀ॥ ਏਕੈ ਆਸ ਧਰੇ ਮਨ ਮਾਹੀ॥ ਆਨ ਆਸ ਉਪਜਤ ਕਛੂ ਨਾਹੀ॥ ਵਾਕੀ ਆਸ ਧਰੋ ਮਨ ਮਾਹੀ॥ ੪੬॥...... ਇਹ ਕਾਰਨਿ ਪ੍ਰਭੁ ਹਮੈ ਬਨਾਯੋ॥ ਭੇਦੁ ਭਾਖਿ ਇਹ ਲੋਕ ਪਠਾਯੋ॥ ਜੋ ਤਿਨ ਕਹਾ ਸੁ ਸਭਨ ਉਚਰੋਂ॥ ਡਿੰਭ ਵਿੰਭ ਕਛੁ ਨੈਕੁ ਨ ਕਰੌਂ॥ ੫੦॥ ਸੁਆਂਗਨ ਮੈ ਪਰਮੇਸੁਰ ਨਾਹੀਂ॥ ਖੋਜ ਫਿਰੈ ਸਭ ਹੀ ਕੋ ਕਾਹੀ॥ ਅਪੁਨੋ ਮਨੁ ਕਰ ਮੋ ਜਿਹ ਆਨਾ॥ ਪਾਰਬ੍ਰਹਮ ਕੋ ਤਿਨੀ ਪਛਾਨਾ॥੫੫॥

(ਦੋਹਰਾ)

ਭੇਖ ਦਿਖਾਯੋ ਜਗਤ ਕੋ ਲੋਗਨ ਕੋ ਬਸਿ ਕੀਨ॥ ਅੰਤਿ ਕਾਲ ਕਾਤੀ ਕਟਯੋ ਬਾਸੁ ਨਰਕ ਮੋ ਲੀਨ॥ ੫੬॥ (ਕਬਿ ਬਾਚ॥ ਦੋਹਰਾ॥) ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ॥ ਜੋ ਤਿਹ ਪ੍ਰਭਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ॥ ੫੯॥

ਇਹ ਉੱਤਰ ਸੁਣ ਕੇ ਸਭ ਨੇ ਨਮਸਕਾਰ ਕੀਤੀ ਅਰ ਕਿਹਾ ਕਿ 'ਧੰਨ ਹੋ ਆਪ, ਧੰਨ !' ਅਰ ਡੰਡੌਤ ਕਰਕੇ ਸਭ ਆਪਣੇ ਆਤਮ ਸਰੂਪਾਂ ਵਿਚ ਮਾਨੋਂ ਵਿਦਾ ਹੋ ਗਏ। ਪਲ ਕੁ ਮਗਰੋਂ ਸਾਰੇ ਮੰਦਰ ਵਿਚ ਇਹ ਮੰਗਲ ਸਮਾਚਾਰ ਪ੍ਰਗਟ ਪਿਆ ਕਿ ਇਕ ਅਸਚਰਜ ਬਾਲਕ ਗੁਰੂ ਸਾਹਿਬਾਂ ਦੇ ਗ੍ਰਿਹ ਜਨਮਿਆਂ ਹੈ ਅਰ ਅਚੰਭੇ ਵਾਲੇ ਕੌਤਕ ਹੋਏ ਹਨ। ਪਹਿਲੇ ਤਾਂ ਐਸਾ ਪ੍ਰਕਾਸ਼ ਹੋਇਆ ਕਿ ਮਾਨੋਂ ਹਜ਼ਾਰਾਂ ਬਿਜਲੀਆਂ ਲਿਸ਼ਕਦੀਆਂ ਹਨ, ਫੇਰ ਸੁਰੀਲੀਆਂ ਤੇ ਦੈਵੀ ਸੁਰਾਂ ਵਿਚ ਸ਼ਬਦ ਸੁਣੇ ਗਏ ਅਰ ਜੈ ਜੈ ਸ਼ਬਦ ਹੋਇਆ, ਫੇਰ ਗੱਲਾਂ ਦੀ ਤੇ ਪ੍ਰਸੰਨਤਾ ਦੇ ਹਾਸੇ ਦੀ ਆਵਾਜ਼ ਆਈ, ਪਰ ਸਮਝ ਕੁਝ ਨਹੀਂ ਪਿਆ। ਬਾਲਕ ਦਾ ਰੂਪ ਚੰਦ ਨੂੰ ਮਾਤ ਕਰਦਾ ਹੈ, ਰੋਇਆ ਤਕ ਨਹੀਂ, ਹਸੂੰ ਹਸੂੰ ਪਿਆ ਕਰਦਾ ਹੈ, ਮਾਤਾ ਬੀ ਬੜੀ ਪ੍ਰਸੰਨ ਹੈ, ਸਗੋਂ ਉਹਨਾਂ ਨੂੰ ਤਾਂ ਕਈ ਦਿੱਬ ਦਰਸ਼ਨ ਬੀ ਹੋਏ ਹਨ, ਜਿਨ੍ਹਾਂ ਦਾ ਵੇਰਵਾ ਉਹ ਦੱਸ ਨਹੀਂ ਸਕਦੇ। ਇਸ ਪ੍ਰਕਾਰ ਦੇ ਮੰਗਲਾਚਾਰ ਦੀ ਖ਼ਬਰ ਸਾਰੇ ਧੁੰਮ ਗਈ।

ਹੁਣ ਅਸਾਂ ਬੀ ਘਰ ਮੁੜਨ ਵੱਲ ਰੁਖ ਕੀਤਾ ਤਾਂ ਚਾਰ ਚੁਫੇਰੇ ਹਨੇਰਾ ਘੁੱਪ ਛਾਇਆ ਹੋਇਆ ਸੀ ਅਰ ਹਥ ਪਸਾਰਿਆ ਲੱਭਦਾ ਨਹੀਂ ਸੀ, ਜੀ ਘਬਰਾ[1] ਗਿਆ। ਇਸ ਘਬਰਾ ਵਿਚ ਗੁਰੂ ਅੱਗੇ ਬੇਨਤੀ ਕੀਤੀ ਕਿ 'ਪਾਤਸ਼ਾਹ, ਕਿਰਪਾ ਕਰਕੇ ਆਪ ਰਸਤਾ ਦੱਸੋ !' ਇੰਨੇ ਵਿਚ ਇਕ ਚਾਨਣ ਦੀ ਧਾਰੀ ਦਿੱਸੀ, ਜਾਂ ਇਸ ਦੀ ਸੇਧ ਤੇ ਤੁਰੇ; ਤਾਂ ਆਸਾਮ ਦੇਸ਼ ਵਿਚ ਪਹੁੰਚੇ, ਜਿੱਥੇ ਸਾਧ ਸੰਗਤ ਦਾ ਦੀਵਾਨ ਲੱਗਾ ਹੋਇਆ ਸੀ, ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਸਮਾਧ ਸਥਿਤ ਹੋ ਰਹੇ ਸਨ; ਅਰ ਰਾਗੀ ਸਿੱਖ ਆਸਾ ਦੀ ਵਾਰ ਲਾ ਰਹੇ ਸਨ। ਇਸ ਵੇਲੇ ਗੁਰੂ ਸਾਹਿਬ ਜੀ ਹੱਸ ਪਏ, ਜਿਸ ਹਾਸੇ ਨੂੰ ਦੇਖਕੇ ਸਾਰੇ ਸਿੱਖ ਅਸਚਰਜ ਰਹਿ ਗਏ, ਅਰ ਇਕ ਪ੍ਰੇਮੀ ਨੇ ਐਸੀ ਨਿੰਮ੍ਰਤਾ ਨਾਲ ਹੱਥ ਜੋੜੇ ਕਿ ਜਿਸ ਤੋਂ ਗੁਰੂ ਸਾਹਿਬ ਜੀ ਸਮਝ ਗਏ ਕਿ ਇਹ ਸਾਡੇ ਹਾਸੇ ਦਾ ਕਾਰਣ ਪੁੱਛਦਾ ਹੈ। ਤਦ ਕਰੁਣਾਨਿਧਿ ਗੁਰੂ ਜੀ ਨੇ ਕਿਹਾ, "ਭਾਈ ਸਾਧ ਸੰਗਤ ਜੀ ! ਗੁਰੂ ਨਾਨਕ ਦੇਵ ਜੀ ਦੇ ਚਲਿਤ ਵਡੇ ਅਸਚਰਜ ਹਨ, ਹੁਣ ਸੰਸਾਰ ਦੀ ਰਖਯਾ ਕਰਨ ਲਈ ਦਸਮਾਂ ਜਾਮਾਂ ਪ੍ਰਗਟ ਹੋਇਆ ਹੈ।"

ਤਦ ਇਕ ਸਿਖ ਨੇ ਹੱਥ ਬੰਨ੍ਹ ਕੇ ਕਿਹਾ, "ਮਹਾਰਾਜ ! ਨਾਵਾਂ ਜਾਮਾਂ ਤਾਂ ਆਪ ਪ੍ਰਤੱਖ ਬੈਠੇ ਹੋ, ਫੇਰ ਦਸਵੇਂ ਜਾਮੇ ਦਾ ਕੀ ਤਾਤਪਰਜ ?

ਗੁਰੂ ਜੀ-ਸੱਚ ਹੈ, ਪਰ ਇਸ ਖੇਡ ਦੀ ਸਮਝ ਖੇਡਣ ਵਾਲੇ ਨੂੰ ਹੈ। ਹਾਂ : ਇੱਕੁਰ ਤੁਸੀਂ ਸਮਝ

---

1. ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ।। ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ।। ਖੋਜਉ ਤਾਕੇ ਚਰਣ ਕਹਹੁ ਕਤ ਪਾਈਐ।। ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ।।੧੩।। (ਫੁਨਹੇ ਮਹਲਾ ੫)

ਸਕਦੇ ਹੋ ਕਿ ਉਹ ਜੋਤਿ ਜੋ ਨੌਵਾਂ ਜਾਮਿਆਂ ਵਿਚ ਜਗਤ ਦਾ ਉਧਾਰ ਕਰਦੀ ਰਹੀ ਹੈ, ਅੱਜ ਰਾਤ ਉਸੇ ਜੋਤਿ ਨੂੰ ਦਸਮੇਂ ਜਾਮੇਂ ਵਿਚ ਪ੍ਰਵੇਸ਼ ਕਰਕੇ ਕੰਮ ਕਰਨੇ ਦੀ ਆਗਿਆ ਹੋਈ ਹੈ, ਅਰ ਜਾਮੇ ਦਾ ਅਉਤਾਰ ਅਜ ਹੋ ਗਿਆ ਹੈ।

ਇਕ ਸਿੱਖ-ਸੱਚੇ ਪਾਤਸ਼ਾਹ ! ਸਾਡੀ ਸਮਝ ਕੰਮ ਨਹੀਂ ਕਰਦੀ, ਕੀ ਆਪ ਸਾਨੂੰ ਛੱਡ ਜਾਓਗੇ ?

ਗੁਰੂ ਜੀ-ਨਹੀਂ ਭਈ, ਅਜੇ ਸਮਾਂ ਨਹੀਂ ਆਇਆ; ਪਰ ਜਦ ਅਸੀਂ ਇਹ ਜਾਮਾ ਤਿਆਗ ਦਿਆਂਗੇ, ਤਦ ਗੁਰੂ ਨਾਨਕ ਦੇਵ ਜੀ ਦੀ ਜੋਤਿ ਉਸ ਜਾਮੇ ਵਿਚ ਕੰਮ ਕਰੇਗੀ; ਜੋ ਪਟਨੇ ਵਿਚ ਅਵਤਾਰੀ ਹੋਇਆ ਹੈ।

ਇਕ ਸਿੱਖ-ਸਾਡੀ ਅਕਲ ਨੂੰਲੀ ਹੈ, ਮਹਾਰਾਜ ਆਪ ਦੀ ਜੋਤਿ ਹੋਰ ਜਾਮਾ ਵਟਾਏਗੀ ਤੇ ਜੋ ਜਾਮਾ ਅੱਜ ਪ੍ਰਗਟਇਆ ਹੈ, ਉਹ ਅਉਤਾਰ ਨਹੀਂ ?

ਗੁਰੂ ਜੀ-ਭਾਈ ਸਿੱਖੋ ! ਇਹ ਇਕ ਦੀਵੇ ਨਾਲੋਂ ਦੀਵੇ ਜਗਣ ਵਾਲੀ ਗੱਲ ਹੈ, ਉਹ ਜਾਮਾ ਬੀ ਅਉਤਾਰੀ ਹੈ ਅਰ ਗੁਰੂ ਨਾਨਕ ਦੀ ਜੋਤਿ ਥੋਂ ਖਾਲੀ ਬੀ ਨਹੀਂ, ਪਰ ਅਸੀਂ, ਅਜੇ ਇਸ ਰੂਪ ਨੂੰ ਛੱਡ ਕੇ ਉਸ ਵਿਚ ਪ੍ਰਵੇਸ਼ ਕੁਝ ਕਾਲ ਠਹਿਰਕੇ ਕਰਾਂਗੇ।

ਇਸ ਵੇਲੇ ਪੰਜ ਚਾਰ ਨਿਜ ਦੇ ਰਹਿਣ ਵਾਲੇ ਸਿੱਖ ਸੋਚ ਵਿਚ ਪੈ ਗਏ ਕਿ ਸਤਿਗੁਰ ਕਿਉਂ ਸਾਰੀ ਰਾਤ ਸਮਾਧਿ ਸਥਿਤ ਰਹੇ, ਆਸਣ ਤੋਂ ਉੱਠੇ ਹੀ ਨਹੀਂ, ਖ਼ਬਰੇ ਆਤਮਕ ਦੁਨੀਆਂ ਵਿਚ ਅੱਜ ਰਾਤ ਕੀ ਹੁੰਦਾ ਰਿਹਾ ਹੈ, ਇਨ੍ਹਾਂ ਦੀ ਲੀਲ੍ਹਾ ਨੂੰ ਇਹੋ ਹੀ ਜਾਣਨ[1]।

ਸਾਧ ਕੀ ਸੋਭਾ ਸਾਧ ਬਨਿ ਆਈ॥ (ਗਉੜੀ ਸੁਖ:)

ਫੇਰ ਇਕ ਸਿੱਖ ਨੇ ਸੋਚ ਸੋਚ ਕੇ ਕਿਹਾ--ਕੀ ਮਹਾਰਾਜ ਜੀ ਆਪਦੇ ਗ੍ਰਿਹ ਸਾਹਿਬਜ਼ਾਦੇ ਹੋਏ ਹਨ?

ਗੁਰੂ ਜੀ-ਹਾਂ, ਅਗੰਮੀ ਮਰਦ ਪ੍ਰਗਟਿਆ ਹੈ[2]।

## ੩. ਭੀਖਨ ਸ਼ਾਹ ਫਕੀਰ[3]।

**ਕਰਤਾਰ** ਦੇ ਰੰਗ, ਕਿੱਥੇ ਪੰਜਾਬ ਅਰ ਪੰਜਾਬ ਦਾ ਕੇਂਦ੍ਰ ਰਾਮਦਾਸ ਪੁਰਾ, ਅਰ ਇਸ ਦੇ ਪਾਸ ਦਾ ਪਿੰਡ ਗੁਰੂ ਕੀ ਰੌੜ, ਜਿੱਥੇ ਨੌਮੇਂ ਗੁਰੂ ਜੀ ਬਿਰਾਜ ਰਹੇ ਸਨ, ਕਿਥੇ ਵਾਹਿਗੁਰੂ ਦੇ ਗਜਾਨ ਨੂੰ ਪ੍ਰਕਾਸ਼ ਕਰਨ ਦਾ ਉੱਦਮ ਤੇ ਉਸ ਉਦੱਮ ਦਾ ਉਤਸ਼ਾਹ--

'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ'

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਸਾਮ ਦੇਸ਼ ਪ੍ਰਚਾਰ ਕਰਨ ਲਈ ਆਪਣੇ ਸੀਸ ਪਰ ਬਿਰਾਜਮਾਨ ਕਰਵਾਕੇ ਲੈ ਤੁਰਿਆ। ਇਸ ਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤਿਨਾਮ ਦਾ ਛੱਟਾ ਦਿੱਤਾ ਸੀ ਉਹ ਅੰਗੂਰੀ ਹੁਣ ਕੁਝ ਕਮਲਾਉਂਦੀ ਸੀ, ਜਿਸ ਨੂੰ ਹਰੀ ਭਰੀ ਕਰਨੇ ਨਮਿੱਤ ਸ੍ਰੀ ਗੁਰੂ ਜੀ ਤਿਆਰ ਹੋਏ। ਪੰਜਾਬ ਛੱਡਿਆ ਅਰ ਆਨੰਦ ਭਵਨ ਆਨੰਦ ਪੁਰ ਬੀ ਛੱਡਿਆ। ਗੁਰੂ ਤੇਗ ਬਹਾਦਰ ਸ੍ਰਿਸ਼ਟੀ ਦੀ ਚਾਦਰ ਪੂਰਬ ਰੁਖ਼ ਨੂੰ ਤੁਰ ਪਏ। ਥਾਂ ਥਾਂ ਧਰਮ ਉਪਦੇਸ਼ ਕਰਦੇ ਅਨੇਕ ਤੀਰਥੀਂ ਅੱਪੜਕੇ ਤੀਸਰੇ ਜਾਮੇ ਦੇ ਕੌਤਕ ਵਾਂਞੂ "ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।।" ਸ੍ਰਿਸ਼ਟੀ ਨੂੰ ਤਾਰਦੇ, ਭੈ ਭਰਮ ਵਿਚੋਂ ਕੱਢਕੇ ਸਤਿਨਾਮ ਦੇ ਪੁਲ ਪਰ ਚੜ੍ਹਾਉਂਦੇ, ਜੀਆ-ਦਾਨ ਨਾਮ ਦਾਨ, ਵਿਸਾਹ ਦਾਨ, ਭਰੋਸਾ ਦਾਨ, ਸਿਦਕ ਦਾਨ, ਅੰਨ ਦਾਨ, ਬਸਤ੍ਰ ਦਾਨ, ਮਿੱਠੇ ਬਚਨ ਦਾਨ, ਪ੍ਰੇਮ ਦਾਨ, ਦੇਂਦੇ ਤ੍ਰਿਬੇਣੀ ਪਹੁੰਚਕੇ ਓਸ ਥਾਂ ਦੇ ਵਾਸੀਆਂ ਨੂੰ ਸਚੀ ਤ੍ਰਿਬੇਣੀ ਦਾ ਮਾਰਗ ਦੱਸਿਆ :--

'ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥ ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥ (ਸਲੋਕ ਕਬੀਰ)

ਅਨੇਕਾਂ ਤ੍ਰਿਬੇਣੀ ਨਦੀ ਵਿਚ ਫਸਿਆਂ ਨੂੰ ਕੱਢਕੇ ਇਸ ਸਹਜ ਪਦ ਦੀ ਤ੍ਰਿਬੇਣੀ ਵਿਚ ਪੁਚਾਯਾ ਤੇ ਭਾਰੀ ਪੁੰਨ ਦਾਨ ਕੀਤੇ:--"ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥" (ਸੂਹੀ ਮ: ੫)

ਫੇਰ ਆਪ ਪਟਨੇ ਸ਼ਹਿਰ ਪਹੁੰਚੇ! ਚਾਚੇ ਫੱਗੂ

1. ਆਪੇ ਹਰਿ ਇਕ ਰੰਗ ਹੈ ਆਪੇ ਬਹੁ ਰੰਗੀ।। ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ। (ਤਿਲੰਗ ਮ: ੪
2. ਵਹ ਪ੍ਰਗਟਿਓ ਮਰਦ ਅਗੰਮੜਾ ਵਰਿਯਾਮ ਅਕੇਲਾ।। (ਭਾਈ ਗੁਰਦਾਸ ਦੂਜਾ)
3. ਖਾਲਸਾ ਸਮਾਚਾਰ ਦਾ ਸਿਰਲੇਖ ਸੰ: ਗੁ: ਨਾ: ਸਾ: ੪੩੭, ਦਸੰਬਰ, ੧੯੦੬ ਈ, ੧੯੬੩ ਬਿ ਪੋਹ ਸੁਦੀ ੭।

ਵਰਗੇ ਪਜਾਰੇ ਤੇ ਅਨੇਕਾਂ ਸਿਦਕੀ ਇਸ ਦੇਸ਼ ਵਿਚ ਵੱਸਦੇ ਸੇ, ਉਸ ਦੇਸ਼ ਨੂੰ ਕ੍ਰਿਤਾਰਥ ਕਰਦੇ ਹੋਏ ਪਟਨੇ ਠਹਿਰ ਗਏ।

ਇਸ ਦੇਸ਼ ਨੇ ਅੱਗੇ ਇਕ ਬੁੱਧੀਮਾਨ ਦਾ ਦਰਸ਼ਨ ਕੀਤਾ ਸੀ[1], ਜਿਸ ਨੇ ਨੇਕੀ ਦੇ ਚਸ਼ਮੇ[2] ਵਲੋਂ ਚੁਪ ਰੱਖਕੇ ਨਿਰੀ ਨੇਕੀ ਪ੍ਰਚਾਰੀ ਸੀ, ਸੋ ਲੋੜ ਸੀ ਕਿ ਧਰਤੀ ਦੀ ਉਹ ਭੁੱਖ, ਜੋ ਕਾਦਰ ਵਿਹੂਣੇ ਕੁਦਰਤ ਦੇ ਪ੍ਰੇਮੀਆਂ ਵਿਚ ਰਹਿੰਦੀ ਹੈ, ਪੂਰੀ ਹੋਵੇ। ਹੁਣ ਉਸ ਧਰਤੀ ਵਿਚ ਉਸ ਨੇ ਅਵਤਾਰ ਲੈਣਾ ਸੀ ਜੋ ਪੂਰਨ ਨੇਕੀ ਨੂੰ ਜਾਣਦਾ ਸੀ, ਪਰ ਜਿਥੋਂ ਨੇਕੀ ਨਿਕਲੀ ਹੈ ਉਸਦਾ ਬੀ ਪੱਕਾ ਸਿਞਾਣੂੰ ਸੀ। ਜੋ ਇਹ ਕਹਿਣ ਦੀ ਲੋੜ ਨਹੀਂ ਸੀ ਰੱਖਦਾ ਕਿ 'ਪਰਦੇ ਦੇ ਬਾਦ ਪਰਦਾ ਹੈ' ਸਗੋਂ ਜੋ ਇਹ ਕਹਿ ਸਕਦਾ ਸੀ ਕਿ :--

ਆਦਿ ਪੁਰਖ ਅਬਿਗਤ ਅਬਿਨਾਸੀ॥ ਲੋਕ ਚਤੁਰਦਸ ਜੋਤਿ ਪ੍ਰਕਾਸੀ॥ (ਅਕਾਲ ਉਸ:)

ਜਿਸ ਨੇ ਹੁਕਮ ਦਾ ਥਟੁ ਹੀ ਨਿਰਾ ਨਹੀਂ ਸੀ ਦੱਸਣਾ, ਪਰ ਹੁਕਮ ਦੇ ਮਾਲਕ ਕਰਤਾਰ ਦਾ ਬੀ ਪੂਰਨ ਗਿਆਨ ਦੇਕੇ ਇਹ ਦੱਸਣਾ ਸੀ :--

ਫੋਕਟ ਧਰਮ ਬਿਸਾਰ ਸਭੈ ਕਰਤਾਰ ਹੀ ਕੋ ਕਰਤਾ ਜੀਅ ਜਾਨਯੋ॥੧੨॥ (੩੩ ਸਵੈ:)

ਪੁਨ :--ਸਿੱਧ ਸੁਯੰਭੁ ਪ੍ਰਸਿੱਧ ਸਭੈ ਜਗ ਏਕ ਹੀ ਠਉਰ ਅਨੇਕ ਬਖਾਨੈ॥ ਰੇ ਮਨ ਰੰਕ ਕਲੰਕ ਬਿਨਾਹਰਿ ਤੈਕਿਹ ਕਾਰਨ ਤੇ ਨ ਪਛਾਨੇ॥ (੩੩ ਸਵੈ:)

ਹਾਂ, ਉਸ ਧਰਤੀ ਨੂੰ ਇਹ ਫਖ਼ਰ ਮਿਲਨਾ ਸੀ ਕਿ ਸੰਸਾਰ ਦਾ ਸਭ ਤੋਂ ਵੱਡਾ ਅਵਤਾਰ, ਸਭ ਤੋਂ ਵੱਡਾ ਮੁਕਤਿ ਦਾਤਾ, ਸਭ ਤੋਂ ਵੱਡਾ ਬੀਰ, ਸਭ ਤੋਂ ਵੱਡਾ ਸੁਤੰਤ੍ਰਤਾ ਦਾਤਾ, ਸਭ ਤੋਂ ਵੱਡਾ ਸੰਸਾਰ ਵਿਚ ਵਟਾਉ ਪੈਦਾ ਕਰਨੇ ਵਾਲਾ, ਗੁਰੂ ਅਵਤਾਰ, ਕਵੀ, ਵਿਦਵਾਨ, ਨੀਤੀਵੇਤਾ, ਸੈਨਾਪਤ, ਗ੍ਰਿਹਸਤੀ, ਸਾਧੂ, ਸਿੱਧ, ਤਜਾਗੀ, ਉਪਦੇਸ਼ ਦਾਤਾ, ਕਰਨੀ ਤੇ ਕਹਿਣੀ ਦਾ ਸੂਰਾ ਇਥੇ ਪ੍ਰਗਟ ਹੋਇਆ ਹੈ। ਏਸੇ ਨਮਿੱਤ ਪ੍ਰਕਾਸ਼ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਜੀ 'ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ' ਇਸ ਸਥਲ ਤੇ ਬਿਰਾਜਮਾਨ ਹੋ ਗਏ ਸਨ। ਕੁਛ ਸਮਾਂ ਰਹਿਕੇ ਪਰਿਵਾਰ ਨੂੰ ਏਥੇ ਛੱਡਕੇ ਆਪ ਆਸਾਮ ਚਲੇ ਗਏ ਹੋਏ ਸਨ।

1. ਬੁਧ ਜੀ। 2. ਰੱਬ ਜੀ।

ਇਥੇ ਹੀ ਸੰਮਤ ੧੭੨੩ ਬਿਕ੍ਰਮੀ ਦਾ ਭਾਗ ਭਰਿਆ ਪੋਹ ਦਾ ਮਹੀਨਾ ਆ ਗਿਆ, ਅੱਗੇ ਬੀ ਸੱਤ ਸਦੀਆਂ ਤੋਂ ਕਈ ਪੋਹ ਇਸ ਭਾਰਤ ਵਿਚ ਆ ਰਹੇ ਸੇ, ਪਰ ਜ਼ੁਲਮ ਦਾ ਕੱਕਰ ਸਦਾ ਹੀ ਪੈਂਦਾ ਰਿਹਾ ਅਰ ਏਹ ਸਤੀ ਹੋਈ ਭਾਰਤ ਭੂਮੀ ਪਿਆਰੇ ਦੇ ਪ੍ਰੇਮ ਵਿਚ ਮਾਨੋਂ ਐਉਂ ਪੁਕਾਰਦੀ ਰਹੀ :--

ਪੋਖਿ ਤੁਖਾਰੁ ਪੜੈ ਵਣੁ ਤਿਣੁ ਰਸੁ ਸੋਖੈ॥ ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥ ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ॥ ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥ ਦਰਸਨ ਦੇਹੁ ਦਇਆ ਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥ ਨਾਨਕ ਰੰਗ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥੧੪॥ (ਤੁਖਾ: ਮ: ੧)

ਪਰ ਹੁਣ ਕਿਹੋ ਜਿਹਾ ਪੋਹ ਆਯਾ ? ਦੁਖ ਹਰਨ ਵਾਲਾ, ਪਿਆਰੇ ਨੂੰ ਸੰਸਾਰ ਪਰ ਲੈ ਆਉਣ ਵਾਲਾ ਇਸ ਪੋਹ ਦੀ ਮਹਿਮਾ ਐਉਂ ਫਬ ਰਹੀ ਹੈ :--

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥ ਕਰੁ ਗਹਿ ਲੀਨੀ ਪਾਰਬ੍ਰਹਿਮ ਬਹੁੜਿ ਨ ਵਿਛੁੜੀ-ਆਹੁ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥ ਸਰਮ ਪਈ ਨਾਰਾਇਣੈ ਨਾਨਕ ਦਰ ਪਈਆਹੁ॥ ਪੋਖੁ ਸੁਹੰਦਾ ਸਰਬ ਸੁਖ ਜਿਸੁ ਬਖਸੇ ਵੇ ਪਰਵਾਹੁ॥੧੧॥ (ਮਾਝ ਮ: ੫)

ਐਸੇ ਪਿਆਰੇ ਪੋਹ ਦਾ ਜਿਸ ਵਿਚ "ਬਿਖਿਆ ਪੋਹਿ ਨ ਸਕਈ" ਦਾ ਬਾਨ੍ਹਣੂ ਬੰਨ੍ਹਣ ਵਾਲਾ ਤੇਜਸ੍ਵੀ ਮਹਾਰਾਜ ਪ੍ਰਗਟ ਹੋਇਆ ਇਕ ਦਿਹਾੜਾ ਆਇਆ ਜਿਸ ਦਿਨ ਸਪਤਮੀ ਥਿਤ ਸੀ। ਇਸ ਭਾਗ ਭਰੇ ਦਿਨ ਸਵਾ ਪਹਿਰ ਰਾਤ ਰਹਿੰਦੀ ਸ੍ਰੀ ਗੁਰੂ ਤੇਗ ਬਹਾਦਰ, ਧਰਮ ਦੀ ਚਾਦਰ, ਧਰਮ ਧੁਰੰਧਰ, ਪੂਰਨ ਗੁਰ ਅਵਤਾਰ ਜੀ ਦੇ ਗ੍ਰਿਹ-ਮਾਤਾ ਗੁਜਰੀ ਜੀ ਦੇ ਸੁਲੱਖਣੇ ਗ੍ਰਿਹ-ਸ੍ਰੀ ਕਲਗੀਧਰ ਜੀ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰੀ

ਹੋਏ[1]। ਮਹਾਂ ਪੁਰਖਾਂ ਦੇ ਅਵਤਾਰ ਧਰਤੀ ਤੇ ਉਧਾਰ ਨਮਿਤ ਹੋਇਆ ਕਰਦੇ ਹਨ, ਜਦ ਕਦੇ ਪ੍ਰਿਥਵੀ ਪਰ ਪਾਪ ਅਤਿ ਹੋ ਜਾਵੇ ਤਦ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ, ਪਰ ਐਤਕੀਂ ਤਾਂ ਪਰ-ਉਪਕਾਰੀਆਂ ਦੇ ਸਿਰਤਾਜ ਆ ਗਏ ਅਰ ਇੱਕੋ ਵਾਰੀ ਆ ਕੇ ਦਲੇ ਨਹੀਂ ਗਏ, ਦਸ ਜਾਮੇਂ ਧਾਰੇ। ਇਹ ਹੁਣ ਦਸਵਾਂ ਜਾਮਾਂ ਉਸੇ ਜਯੋਤੀ ਨੇ ਧਾਰਿਆ ਹੈ। ਆਤਮ ਸ੍ਰਿਸ਼ਟੀ ਵਿਚ ਆਤਮ ਪ੍ਰਕਾਸ਼ ਹੋਣੇ ਕੁਦਰਤੀ ਬਾਤ ਸੀ। ਸ੍ਰੀਰਕ ਸ੍ਰਿਸ਼ਟੀ ਵਿਚ ਕੋਈ ਰਾਜਾ, ਪਾਤਸ਼ਾਹ ਕਿਤੇ ਜਾਵੇ ਤਾਂ ਸਰੀਰਕ ਉਤਸ਼ਾਹ ਹੁੰਦੇ ਹਨ, ਜਿਨ੍ਹਾਂ ਨੂੰ ਕਰਨੇ ਵਾਲਾ ਸਰੀਰ ਵਿਚ ਲੁਕਿਆ ਬੈਠਾ ਮਨ ਹੁੰਦਾ ਹੈ ਤੇ ਮਨ ਨੂੰ ਸੱਤਜਾ ਆਤਮਾ ਦੇਂਦਾ ਹੈ। ਜਦ ਆਤਮ ਸ੍ਰਿਸ਼ਟੀ ਦੇ ਤੇਜੱਸ੍ਵੀ ਮਹਾਂ ਪੁਰਖ ਆਏ ਤਾਂ ਆਤਮ ਕੌਤਕ ਪ੍ਰਗਟ ਹੋਣੇ ਜ਼ਰੂਰੀ ਸੇ, ਤੇ ਆਤਮ ਰਸੀਆਂ ਪਰ ਇਸ ਦਾ ਅਸਰ ਹੋਣਾ ਭੀ ਕੁਦਰਤੀ ਬਾਤ ਸੀ। ਸੋ ਉਸ ਵੇਲੇ ਇਕ ਤਪੀ ਫਕੀਰ[2] ਨੇ ਇਸ ਪ੍ਰਕਾਸ਼ ਨੂੰ ਤੱਕ ਕੇ ਸੇਧ ਕੀਤੀ ਅਰ ਉਸੇ ਸੇਧ ਤੇ ਪਟਣੇ ਪਹੁੰਚਾ। ਸ੍ਰੀ ਗੁਰੂ ਜੀ ਦੇ ਦੁਆਰੇ ਜਾਕੇ ਨਵੇਂ ਆਏ ਦਾਤਾ ਜੀ ਦੇ ਦਰਸ਼ਨ ਵਾਸਤੇ ਅਰਜ਼ ਗੁਜ਼ਾਰੀ। ਅੱਗੇ ਆਤਮ ਰਸੀਆਂ ਦਾ ਇਸ ਘਰ ਆਉਣਾ ਤਾਂ ਐਉਂ ਕਦਰ ਪਾਉਣ ਵਾਲਾ ਸੀ ਜਿੱਕੂੰ ਸੋਨੇ ਚਾਂਦੀ ਦੇ ਵਪਾਰੀ ਸਰਾਫ ਦੇ ਘਰ ਆਦਰ ਪਾਉਂਦੇ ਹਨ; ਦੈਵੀ ਬਾਲਕ ਨੂੰ ਕੁੱਛੜ ਲੈ ਕੇ ਦਾਈ ਆਈ ਤੇ ਸਾਂਈਂ ਜੀ ਨੇ ਨਮਸਕਾਰ ਕਰਕੇ ਆਪਣਾ ਮੱਥਾ ਸਫਲ ਕੀਤਾ ਸਰੀਰ ਦੇ ਹੁੰਦਿਆਂ ਕਈ ਵੇਰ ਫਕੀਰਾਂ ਨੂੰ ਬੀ ਪਰਦੇ ਰਹਿੰਦੇ ਤੇ ਸੰਸੇ ਉਠਦੇ ਹਨ, ਹੁਣ ਫਕੀਰ ਸਾਂਈਂ ਦੇ ਜੀ ਵਿਚ ਸੰਸਾ ਉਠਿਆ, ਪ੍ਰੀਖਿਆ ਦਾ ਸ਼ੌਕ ਆਇਆ ਕਿ ਦੇਖੀਏ ਏਹ ਹਿੰਦੂ ਮਤ ਦੇ ਹੋਣਗੇ ਕਿ ਇਸਲਾਮ ਦੇ ? ਉਨ੍ਹਾਂ ਨੇ ਇਹ ਦੇਖਣ ਦੀ ਆਸ਼ਾ ਧਾਰ ਕੇ ਕਿ ਜੇ ਦੁੱਧ ਡੋਹਲਣਗੇ ਤਦ ਮੁਸਲਮਾਨ ਜੇ ਪਾਣੀ ਡੋਹਲਣਗੇ ਤਾਂ ਹਿੰਦੂ ਸਮਝਾਂਗੇ, ਦੋ ਕੁੱਜੀਆਂ ਲੀਤੀਆਂ। ਇਕ ਵਿਚ ਦੁੱਧ, ਦੂਈ ਵਿਚ ਪਾਣੀ ਪਾਕੇ ਦੈਵੀ ਬਾਲਕ ਜੀ ਦੇ ਅੱਗੇ ਕੀਤਾ। ਪਰ ਕੌਤਕਹਾਰ ਬਾਲਕ ਨੇ ਇਕ ਪੈਰ ਨਾਲ ਦੋਨੋਂ ਉਲਟਾ ਦਿੱਤੀਆਂ ਤਦ ਦੇਖੋ ਕਿ ਪਾਣੀ ਤੇ ਦੁੱਧ ਦੋਵੇਂ ਡੁੱਲ੍ਹ ਕੇ ਰਲ ਮਿਲ ਕੇ ਇਕ ਹੋ ਗਏ। ਪਰਤੱਖ ਉਪਦੇਸ਼ ਦੇ ਦਿੱਤਾ ਕਿ ਤਅੱਸਬ ਦੀ ਕੁੱਜੀ ਮੁਸਲਮਾਨਾਂ ਦੀ ਅਰ ਵਰਣਾਸ਼੍ਰਮ ਦੇ ਹਠ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ ਦੁੱਧ ਨੂੰ ਇਕ--ਖਾਲਸਾ--ਕਰ ਦਿਆਂਗੇ, ਜਲ ਦੁੱਧ ਦੀ ਪ੍ਰੀਤ ਮਸ਼ਹੂਰ ਹੈ। ਸ੍ਰੀ ਗੁਰਵਾਕ ਹੈ :---

'ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ
ਜਲ ਦੁਧ ਹੋਇ॥ ਆਵਟਣੁ ਆਪੇ ਖਵੈ ਦੁਧ
ਕਉ ਖਪਨਿ ਨ ਦੇਇ॥" (ਸਿਰੀ ਮ: ੧)

ਐਉਂ ਹਿੰਦੂ ਤੇ ਮੁਸਲਮਾਨ ਇਕ ਦੂਏ ਨਾਲ ਪਿਆਰ ਕਰਨਵਾਲੇ ਬਣਾਵਾਂਗਾ। ਦੁਧ ਅੱਗ ਤੇ ਧਰੋ ਤਾਂ ਪਾਣੀ ਸੜਦਾ ਹੈ, ਦੁਧ ਨੂੰ ਨਹੀਂ ਸੜਨ ਦੇਂਦਾ, ਦੁਧ ਅਪਣੇ ਪਿਆਰੇ ਦਾ ਦੁਖ ਦੇਖ ਕੇ ਉਛਲਦਾ ਤੇ ਆਪ ਅੱਗ ਤੇ ਪੈਕੇ ਉਸਨੂੰ ਬੁਝਾ ਦੇਂਦਾ ਹੈ, ਤੇ ਉਛਲਦੇ ਨੂੰ ਫੇਰ ਪਾਣੀ ਮਿਲ ਜਾਏ ਤਾਂ ਖੁਸ਼ ਹੋਕੇ ਮੁੜ ਜਾਂਦਾ ਹੈ। ਫ਼ਕੀਰ ਜੀ ਸਮਝ ਗਏ ਕਿ ਇਹ ਪ੍ਰੇਮ ਅਵਤਾਰ ਦੁਹਾਂ ਨੂੰ ਨਿੰਮ੍ਰਤਾ ਦੀ ਧਰਤੀ ਤੇ ਪਾ ਕੇ ਪ੍ਰੇਮ ਨਾਲ ਗੁਨ੍ਹੇਗਾ। ਇਹ ਤੱਕ ਕੇ ਉਸ ਦਾ ਪ੍ਰੇਮ ਹੋਰ ਉਮਗਿਆ ਕਿ ਸ਼ੁਕਰ ਹੈ ਇਸ ਦੁਖੀ ਸ੍ਰਿਸ਼ਟੀ ਦਾ ਪਾਰ ਉਤਾਰਾ ਹੋਵੇਗਾ। ਫਿਰ ਫਕੀਰ ਆਪਣੇ ਹੋਰ ਬੀ ਧੰਨ ਭਾਗ ਜਾਣਕੇ ਮੱਥਾ ਟੇਕਕੇ ਵਿਦਾ ਹੋਇਆ। ਫਕੀਰ ਦੀ ਆਯੂ ਹੋ ਚੁਕੀ ਸੀ, ਨਹੀਂ ਤਾਂ ਵੇਖਦਾ ਕਿ ਇਸ ਵਾਹਿਗੁਰੂ ਦੇ ਨਿਵਾਜੇ ਬਾਲਕ ਨੇ ਕਿਸ ਤਰ੍ਹਾਂ ਲੋਕਾਂ ਵਿਚੋਂ 'ਮੈਂ' ਕੱਢ ਕੇ ਸੀਸ ਭੇਟਾ ਲੀਤੇ ਅਰ ਕਿਸ ਤਰ੍ਹਾਂ 'ਅੰਮ੍ਰਿਤ' ਸਾਜ ਕੇ ਸ੍ਰਿਸ਼ਟੀ ਮਾਤ੍ਰ ਨੂੰ ਜੋੜਨ ਲਈ ਮਾਨੋ ਜੋੜਵਾਂ ਮਸਾਲਾ ਤਿਆਰ ਕਰ ਦਿਤਾ। ਕਿਸ ਤਰ੍ਹਾਂ ਹਿੰਦੂ ਸਿਖ ਹੋ ਗਏ, ਅਰ ਕਿਸ ਤਰ੍ਹਾਂ ਬੁੱਧੂ ਸ਼ਾਹ ਵਰਗੇ ਮੁਸਲਮਾਨ ਸਿੱਖੀ ਧਾਰਕੇ ਆਪਣੇ ਸਪੁੱਤ੍ਰ ਭੇਟ ਕਰ ਕੇ ਕ੍ਰਿਤ ਕ੍ਰਿਤ ਹੋਏ, ਕਿਸ ਤਰ੍ਹਾਂ ਅੰਮ੍ਰਿਤ ਦਾ ਦਰਵਾਜ਼ਾ ਪ੍ਰਾਣੀ ਮਾਤ੍ਰ ਲਈ ਖੁੱਲ੍ਹ ਗਿਆ, ਕਿਸ ਤਰ੍ਹਾਂ ਦੇਸ਼ ਨੂੰ ਸੁਤੰਤ੍ਰਤਾ ਮਿਲੀ, ਕਿਸ ਤਰ੍ਹਾਂ ਸੰਸਾਰ ਨੂੰ ਸੱਚਾ ਧਰਮ ਮਿਲਿਆ।

---

1. ਸ੍ਰੀ ਗੁਰੂ ਜੀ ਨੇ ਆਪਣੇ ਅਵਤਾਰ ਨੂੰ ਆਪਣੇ ਮੁਖਾਰ-ਬਿੰਦ ਥੀਂ ਐਉਂ ਵਰਣਨ ਕੀਤਾ ਹੈ:---
ਮੁਰ ਪਿਤ ਪੂਰਬ ਕੀਯਸਿ ਪਿਆਨਾ॥ ਭਾਂਤਿ ਭਾਂਤਿ ਕੇ ਤੀਰਥ ਨਾਲ੍ਹਾ॥ ਜਬ ਹੀ ਜਾਤਿ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥ ੧॥ ਤਹੀ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥ (ਬਚਿਤ੍ਰ ਨਾ:)

2. ਕੋਹੜਾਮ ਦਾ ਸ਼ਾਹ ਭੀਖ ਭੀਖਣਸ਼ਾਹ। ਇਹ ਆਪ ਠਸਕਾ ਪਿੰਡ ਰਹੇ ਹਨ, ਜੋ ਥਨੇਸਰ ਤਸੀਲ ਵਿਚ ਹੈ।

ਸੂਚਨਾ—ਇਸ ਤਰ੍ਹਾਂ ਪਟਨੇ ਵਿਚ ਸ੍ਰੀ ਦਸਮੇਂ ਗੁਰੂ ਜੀ ਦਾ ਅਵਤਾਰ ਹੋਇਆ। ਬਾਲਪਨੇ ਦੇ ਚੋਜ ਜੋ ਪਟਨੇ ਵਿਚ ਹੋਏ, ਉਹਨਾਂ ਦੀ ਵੰਨਗੀ ਮਾਤ੍ਰ 'ਮੇਰਾ ਬਾਲਾ ਪ੍ਰੀਤਮ' ਵਿਚ, ਅਗਲੇ ਪੰਨਿਆਂ ਪਰ ਦਰਸਾਈ ਹੈ।

# ੪. ਮੇਰਾ ਬਾਲਾ ਪ੍ਰੀਤਮ[1] ।

**ਅੱਜ** ਚੰਦ ਨਹੀਂ ਚੜ੍ਹਿਆ, ਪਰ ਚੰਦਾ ! ਸੁੰਦਰਤਾ ਨਿਰੀ ਤੇਰੀ ਹੀ ਤਾਂ ਮੁਥਾਜ ਨਹੀਂ ! ਸੁੰਦਰਤਾ ਇਕ ਇਲਾਹੀ ਜਲਵਾ ਹੈ। ਕਦੇ ਤੇਰੇ ਵਿਚੋਂ ਝਾਤੀਆਂ ਮਾਰਦੀ ਹੈ, ਕਦੇ ਵਹਿੰਦੇ ਪਾਣੀਆਂ ਵਿਚੋਂ ਝਾਕੇ ਦੇਂਦੀ ਹੈ, ਕਦੇ ਪਹਾੜਾਂ ਵਿੱਚੋਂ ਉੱਮਲ ਉੱਮਲ ਪੈਂਦੀ ਹੈ; ਕਦੇ ਬਨਸਪਤੀ ਵਿਚੋਂ ਮੌਲ ਉਠਦੀ ਹੈ, ਕਦੇ ਬਿਜਲੀ ਦੀ ਡਰਾਉਣੀ ਗੜਗੱਜ ਵਿਚੋਂ ਲਿਸ਼ਕਾਰਾ ਮਾਰ ਜਾਂਦੀ ਹੈ, ਕਦੇ ਸਮੁੰਦਰ ਦੀਆਂ ਲਹਿਰਾਂ ਵਿਚੋਂ ਤਰ ਆਉਂਦੀ ਹੈ, ਕਦੇ ਗਲੇ ਦੀਆਂ ਨਾਲੀਆਂ ਤੇ ਸਾਜਾਂ ਦੀਆਂ ਤਾਰਾਂ ਤੋਂ ਪ੍ਰਕਾਸ਼ ਪੈਂਦੀ ਹੈ, ਕਦੇ ਮੈਦਾਨ ਜੰਗ ਦੇ ਗੋਲਿਆਂ ਵਿਚੋਂ ਕੂਕ ਦੇ ਜਾਂਦੀ ਹੈ, ਕਦੇ ਸੰਗਮਰਮਰ, ਕਦੇ ਇੱਟ, ਚੂਨੇ, ਕਾਠ, ਲੋਹੇ ਵਿਚੋਂ ਪ੍ਰਗਟਦੀ ਹੈ, ਕਦੇ ਗੱਤੇ, ਕਾਗਤ, ਰੰਗ ਵਿਚੋਂ ਤੇ ਕਦੇ ਅੱਖਰ, ਵਾਕ ਦੇ ਭਾਵਾਂ ਵਿਚੋਂ ਪਈ ਦਰਸ਼ਨ ਦੇਂਦੀ ਹੈ, ਕਦੇ ਸੁੰਦਰੀਆਂ ਦੇ ਨੈਣਾਂ ਵਿਚੋਂ ਪਲਕਾਰੇ ਮਾਰਦੀ ਹੈ, ਕਦੇ ਸੁਹਣਿਆਂ ਮੁਛਹਿਰਿਆਂ ਤੇ ਬਾਂਕੀਆਂ ਨੁਹਾਰਾਂ ਵਿਚੋਂ ਫੁਟ ਫੁਟ ਨਿਕਲਦੀ ਹੈ। ਸੁੰਦਰਤਾ ! ਤੂੰ ਸਥੂਲ ਸ਼ੈ ਨਹੀਂ ਹੈਂ, ਪਰ ਸਥੂਲ ਟਿਕਾਣਿਆਂ ਤੋਂ ਜਲਵੇ ਖ਼ੂਬ ਮਾਰਦੀ ਹੈਂ। ਤੂੰ ਦੇਵੀ ਹੈਂ ਕਿ ਦੈਵ ਹੈਂ, ਤੂੰ ਆਪ ਹੈਂ ਕਿ ਆਪੇ ਦਾ ਪ੍ਰਕਾਸ਼ ਹੈਂ ? ਦੇਖ ਇਕ ਸਿਆਣਾ ਪਿਆ ਆਖਦਾ ਹੈ ਕਿ ਜੋ ਸ਼ੈ ਲਾਭਦਾਇਕ ਹੈ ਉਹੀ ਸੁੰਦਰ ਹੈ, ਪਰ ਤੇਰੇ ਰਸੀਏ ਜਾਣਦੇ ਹਨ ਕਿ ਤੂੰ ਕੋਈ ਅਰਸ਼ਾਂ ਦੀ ਦੇਵੀ ਹੈਂ, ਹਾਂ, ਕਿਸੇ ਇਕ ਦੀ ਕਿ ਬਹੁਤਿਆਂ ਦੀ ਲੋੜ ਪੂਰਕ ਵਸਤੁ ਭਲੀ ਹੈਂ, ਪਰ ਸੁੰਦਰਤਾ ਤਾਂ ਲੋੜਾਂ ਬੇਲੋੜਾਂ ਤੋਂ ਵੱਖਰੇ ਲਿਸ਼ਕਾਰੇ ਮਾਰਦੀ ਹੈ। ਹਾਂ ਸੁੰਦਰਤਾ ਲਾਭਦਾਯਕ ਤੋਂ ਵੀ ਵਧੀਕ ਲਾਭਦਾਯਕ ਹੈ। ਤੇਰੇ ਟਿਕਾਣੇ ਫਕੀਰਾਂ, ਕਵੀਸ਼ਰਾਂ, ਗਵੱਯਾਂ, ਚਿਤ੍ਰਕਾਰਾਂ ਤੇ ਸੰਗਤ੍ਰਾਸ਼ਾਂ ਦੇ ਮਨ ਮੰਦਰਾਂ ਵਿਚ ਹਨ। ਸੁੰਦਰਤਾ ਕੁਦਰਤ ਵਿਚ ਆਪੇ ਪਈ ਲਿਸ਼ਕਾਰੇ ਮਾਰਦੀ ਹੈ, ਪਰ ਕੋਮਲ ਉਨਰ ਵਾਲਿਆਂ ਦੇ ਦਿਲ ਬੀ ਨਿਆਰੀਏ ਵਾਂਙੂ ਜਗਤ ਦੇ ਰੇਤਿਆਂ ਵਿਚੋਂ ਕੱਢ ਦਿਖ਼ਾਲਦੇ ਹਨ, ਕਦੇ ਕਦੇ ਤੇਰਾ ਲਿਸ਼ਕਾਰਾ ਵੱਜਦਿਆਂ ਚਿੱਤ ਆਪਣੇ ਵਿਚ ਕੱਠਾ ਹੋਕੇ ਅਨੰਤ ਦੇ ਰਸ ਵਿਚ ਟੁੱਭੀ ਲਾ ਲੈਂਦਾ ਹੈ। ਤੂੰ ਵਹਿਮ ਦੀ ਸ਼ੈ ਨਹੀਂ, ਤੂੰ ਖ਼ਯਾਲ ਤੇ ਭਰਮ ਦੀ ਬਨਾਵਟ ਨਹੀਂ, ਤੂੰ ਪਾਰਲੇ ਦੇਸ਼ ਦਾ ਫਰਿਸ਼ਤਾ ਹੈਂ। ਇਸ ਸੰਸਾਰ ਤੋਂ ਅੱਗੇ ਜਿਨ੍ਹਾਂ ਨੂੰ ਕੁਝ ਨਹੀਂ ਦਿੱਸਦਾ, ਤੂੰ ਉਹਨਾਂ ਨੂੰ ਦੱਸਦੀ ਹੈਂ ਕਿ ਆਹ ਤੱਕੋ ਅੱਗੇ ਦਾ ਦਰਸ਼ਨ। ਲੋਕੀਂ ਸਮਝਦੇ ਹਨ ਕਿ ਸੁੰਦਰਤਾ ਜਿਨ੍ਹਾਂ ਪਦਾਰਥਾਂ ਯਾ ਸਥੂਲ ਸਾਮਾਨਾਂ ਤੋਂ ਝਲਕੇ ਮਾਰਦੀ ਹੈ, ਇਹ ਉਨ੍ਹਾਂ ਦਾ ਕੋਈ ਗੁਣ ਯਾ ਖਾਸੀਅਤ ਹੈ। ਕੋਈ ਸਮਝਦੇ ਹਨ ਕਿ ਕ੍ਰਮਵਾਰ ਇਕੱਤ੍ਰਤਾ ਤੋਂ ਸੁੰਦਰਤਾ ਪੈਦਾ ਹੁੰਦੀ ਹੈ, ਰੇਖਾਂ ਤੇ ਰੰਗਾਂ ਦੀ ਇਕਸੂਰਤਾ ਸੁੰਦਰਤਾ ਹੈ। ਬਾਜ਼ੇ ਸਮਝਦੇ ਹਨ ਕਿ ਸੁੰਦਰਤਾ ਕੇਵਲ ਆਪਣਾ ਭਾਵ ਮਾਤ੍ਰ ਹੈ। ਸੁੰਦਰਤਾ ਇਹ ਸਭ ਕੁਝ ਹੁੰਦੀ ਹੋਈ ਅਜੇ ਕੁਛ ਹੋਰ ਹੈ ਤੇ ਇਹ ਸਭ ਕੁਛ ਲੈਂਦੀ ਹੋਈ ਇਨ੍ਹਾਂ ਦੀ ਮੁਥਾਜ ਨਹੀਂ ਤੇ ਜੋ ਭੀ ਸੁੰਦਰਤਾ ਦੇ ਲੱਛਣ ਕਹੋ ਅਜੇ ਕੁਛ ਬਾਕੀ ਰਹਿ ਜਾਂਦਾ ਹੈ। ਸੁੰਦਰਤਾ ਰੂਪ ਵਾਲੇ ਸਮਾਨਾਂ ਯਾ ਸਥੂਲ ਆਸਰਿਆਂ ਤੇ ਖੇਡਦੀ ਦਿੱਸਦੀ ਹੈ, ਪਰ ਹੈ ਇਹ ਕਿਸੇ ਹੋਰ ਦੇਸ਼ ਦੀ ਦੇਵੀ ਇਸ ਦਾ ਅਸਰ ਜਦ ਵਜਦਾ ਹੈ ਤਦ ਰਸ ਪੈਂਦਾ ਹੈ, ਉਹ ਰਸ ਚਿੱਤ ਨੂੰ ਸੋਚਾਂ ਦੇ ਮੰਡਲ ਤੋਂ ਕੱਢ ਲੈਂਦਾ ਹੈ। ਇਕ ਵੇਰ ਰਸ ਵਿਚ ਲੀਨਤਾ ਐਸੀ ਕਰਦਾ ਹੈ ਕਿ ਸੋਚ ਵਿਚਾਰ, ਪ੍ਰਤੀਤੀ, ਖਿਆਲ ਸਭ ਗੁੰਮ ਹੋ ਜਾਂਦੇ ਹਨ, ਮਾਨੋ ਸਮਾਧੀ ਹੋ ਜਾਂਦੀ ਹੈ। ਭਾਵੇਂ ਬਿਜਲੀ ਦੇ ਲਿਸ਼ਕਾਰੇ ਵਾਂਗੂੰ ਇਹ ਛਿਨ ਦਾ ਹਜ਼ਾਰਵਾਂ ਹਿੱਸਾ ਠਹਿਰੇ ਪਰ ਅਸਰ ਇਹੋ ਪਾਉਂਦੀ ਹੈ। ਹਾਂ ਜੀ ਸੁੰਦਰਤਾ ਦਾ ਝਲਕਾ ਇਕ ਚਸੇ ਵਿਚ 'ਰਸਮੰਡਲ' ਦਾ ਹੁਲਾਰਾ ਦੇ ਜਾਂਦਾ ਹੈ। ਉਹ ਹੁਲਾਰਾ ਚਿਤ ਨੂੰ ਸਾਰੇ ਦਿੱਸਣ ਵਾਲੇ ਨਜ਼ਾਰੇ ਤੋਂ ਤਰੋੜਕੇ ਆਪਣੇ ਸਰੂਪ ਵਿਚ—ਦੇਖਣਹਾਰ ਨੂੰ ਦੇਖਣਹਾਰ ਵਿਚ-ਜੋੜ ਜਾਂਦਾ ਹੈ। ਉਹ ਅੱਖ ਫਰਕਣ ਜਿੰਨੇ ਚਿਰ ਵਿਚ ਉਸ ਰਸ ਦਾ ਝਲਕਾ ਮਾਰ ਜਾਂਦਾ ਹੈ ਜੋ ਅੱਖਾਂ, ਨੱਕ, ਕੰਨ, ਜੀਭ ਤੇ ਸਰੀਰ

1. ਇਹ ਲੇਖ ਸੰ: ਗੁ: ਨਾ: ਸਾ: ੪੪੫ (੧੯੧੪ ਈ:) ਦੇ ਗੁਰਪੁਰਬ ਪੋਹ ਸੁਦੀ ਸਪਤਮੀ ਪਰ ਟਰੈਕਟ ਦੀ ਸੂਰਤ ਵਿਚ ਸੰਗਤਾਂ ਵਿਚ ਪ੍ਰਕਾਸ਼ਿਆ ਸੀ।

ਦੇ ਰਸ ਤੋਂ ਵੱਖਰਾ ਰਸ ਹੈ, ਜੋ ਅੰਦਰਲੇ ਦੇਖਣਹਾਰ ਦੇ ਦੀਸਣਹਾਰ ਤੋਂ ਛੁਟਿਆ--ਆਪੇ ਵਿਚ ਆਇਆਂ ਖੁੱਲਦਾ ਹੈ ਤੇ ਦੱਸਦਾ ਹੈ ਕਿ ਦੇਖ:-

"ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ
ਭਾਵੈ ਤਿਸਹਿ ਪੀਆਈ॥" (ਕੇਦਾਰਾ ਕਬੀਰ)

ਘਰ ਦੇ ਅੰਦਰ ਬੈਠਿਆਂ ਬਜ਼ਾਰ ਵਿਚੋਂ ਸੁੰਦਰ ਧੁਨੀ ਵਾਜਿਆਂ ਤੂਤੀਆਂ ਦੀ ਆਉਂਦੀ ਹੈ। ਰਾਗ ਦੀ ਸੁੰਦਰਤਾ ਸਾਡੇ ਮਨ ਉਤੇ ਅਸਰ ਕਰਦੀ ਹੈ, ਮਨ ਅਪਣੇ ਵਿਚ ਕੱਠਾ ਹੋ ਜਾਂਦਾ ਹੈ, ਨੈਣ ਮੁੰਦ ਜਾਂਦੇ ਹਨ, ਰਸ ਆ ਜਾਂਦਾ ਹੈ। ਰਾਗ ਦੀ ਸੁੰਦਰਤਾ ਨੇ ਮਨ ਨੂੰ ਮਨ ਵਿਚ ਜੋੜ ਦਿਤਾ, ਬ੍ਰਿਤੀ ਚੜ੍ਹ ਗਈ, ਪਰ ਸਾਡਾ ਸੁਭਾਵ ਹੀ ਸਾਡਾ ਵੈਰੀ ਹੈ, ਜੋ ਦਿੱਸਣ ਵਾਲੇ ਪਦਾਰਥਾਂ ਦਾ ਅਤਿ ਪਿਆਰਾ ਹੋ ਚੁਕਾ ਹੈ। ਰਾਗ ਦੀ ਸੁੰਦਰਤਾ ਨੇ ਮਨ ਨੂੰ ਕੱਠਿਆਂ ਕੀਤਾ ਤੇ ਰਸ ਦੇਸ਼ ਵਿਚ ਸਿੱਟ ਦਿੱਤਾ ਸੀ ਪਰ ਉਸ ਰਸ ਨੂੰ ਛੱਡਕੇ ਬਾਹਰ ਭੱਜੀਦਾ ਹੈ, ਬਾਰੀਆਂ ਖੋਲ੍ਹ ਕੇ ਵਾਜੇ ਵਜਾਉਣ ਵਾਲਿਆਂ ਨੂੰ ਲੱਕੜ ਚੰਮ ਦੇ ਢੋਲਾਂ ਤੂਤੀਆਂ ਨੂੰ ਤੱਕੀਦਾ ਹੈ, ਤੇ ਇਸ ਤੱਕਣ ਵਿਚ ਦ੍ਰਿਸ਼ਟਮਾਨ ਵਿਚ ਲੱਗ ਜਾਈਦਾ ਹੈ। ਸੁੰਦਰਤਾ ਦੇ ਝਲਕੇ ਦਾ ਅਸਰ ਸੀ 'ਰਸ ਮੰਡਲਾਂ' ਵਿਚ ਲੈ ਜਾਣਾ, ਅੰਤਰਮੁਖ ਸੁਆਦ ਵਿਚ ਡੋਬਣਾ--ਉਹ ਗੁਆ ਲਈਦਾ ਹੈ। ਸੁੰਦਰਤਾ ਦੇ ਝਲਕਾਰੇ ਵਜਦੇ ਸਾਰ ਤ੍ਰਿਖੇ ਵੇਗ ਨਾਲ ਲੰਘ ਜਾਣ ਵਾਲਾ ਰਸ ਰੂਪ ਇਕ ਅਸਰ ਹੁੰਦਾ ਹੈ, ਉਹ ਆਪੇ ਨੂੰ ਜੋੜ ਜਾਂਦਾ ਹੈ, ਜੇ ਉਸਦਾ ਹੀ ਅਸੀਂ ਲਾਭ ਉਠਾਈਏ ਤਾਂ ਸਮਾਧੀ ਕਹੋ, ਲੀਨਤਾ ਕਹੋ, ਪਰਮ ਸੁਖ ਕਹੋ, ਪਾ ਲਈਏ। ਪਰ ਅਸੀਂ ਸੁੰਦਰਤਾ ਪ੍ਰਕਾਸ਼ਣ ਵਾਲੇ ਪਦਾਰਥਾਂ ਵੱਲ ਦੌੜਦੇ ਹਾਂ, ਜਿਥੇ ਸੁੰਦਰਤਾ ਵਸਦੀ ਦਿੱਸਦੀ ਹੈ, ਉਹਨਾਂ ਟਿਕਾਣਿਆਂ ਨੂੰ ਕਾਬੂ ਕਰਨ ਤੇ ਭੋਗਣ ਵਲ ਲਗਦੇ ਹਾਂ, ਸੋ ਐਸਾ ਕਰਨ ਵਿਚ ਦ੍ਰਿਸ਼ਟਮਾਨ ਵਿਚ ਵਧੀਕ ਫਸਦੇ ਹਾਂ ਦ੍ਰਿਸ਼ਟਮਾਨ ਬਿਨਸਦਾ ਹੈ, ਵਿਛੁੜਦਾ ਹੈ, ਬਦਲਦਾ ਹੈ ਤਦੋ ਦ੍ਰਿਸ਼ਟਮਾਨ ਦੇ ਪ੍ਰੇਮੀ ਨੂੰ ਸੁਖ ਦੀ ਥਾਂ ਦੁਖ ਹੁੰਦਾ ਹੈ। ਜੇ ਕਦੇ ਬੰਦੇ ਨੂੰ ਇਹ ਸਮਝ ਪੈ ਜਾਵੇ ਕਿ ਹਰ ਪ੍ਰਕਾਰ ਦੀ ਸੁੰਦਰਤਾ 'ਕਲਜਾਨਕਾਰੀ', ਤਾਕਤ ਹੈ, ਮੁਕਤੀ ਦਾਤਾ ਹੈ, ਰਸ ਦਾਤਾ ਹੈ, ਸੋਚ ਦੇ ਮੰਡਲ ਵਿਚੋਂ ਖਲਾਸੀ ਦੇਕੇ ਰਸ ਦੇ ਮੰਡਲ ਵਿਚ ਲੈ ਜਾਣ ਵਾਲੀ ਦੇਵੀ ਹੈ ਤਾਂ ਕਲਜਾਨ ਖੱਬੇ ਹੱਥ ਦੀ ਖੇਡ ਹੈ ਪਰ ਰਸੀਏ--ਨਾਮ ਰਸੀਏ--ਬਿਨਾਂ ਸੁੰਦਰਤਾ ਦਾ ਇਹ ਲਾਭ ਕੌਣ ਉਠਾਉਂਦਾ ਹੈ ? ਲੋਕੀਂ ਤਾਂ ਏਹ ਕਰਦੇ ਹਨ ਕਿ 'ਸੁੰਦਰਤਾ' ਡਿੱਠੀ 'ਸੁੰਦਰਾਂ' ਦੇ ਮਗਰ ਉਠ ਭੱਜੇ। 'ਸੁੰਦਰਾਂ' ਦੇ ਪ੍ਰਾਪਤ ਕਰਨ ਵਿਚ ਮਨ ਖਿੰਡ ਗਿਆ, ਪ੍ਰਾਪਤ ਕਰਕੇ ਭੋਗਾਂ ਵਿਚ ਲਾਇਆ। ਭੋਗਾਂ ਨਾਲ ਮਨ ਮੈਲਾ ਹੋ ਗਿਆ; ਖਿੰਡੇ ਤੇ ਸੈਲੇ ਮਨ ਨੇ ਸੁੰਦਰਤਾ ਬੀ ਵਲੂੰਧਰ ਦਿੱਤੀ। ਸੁੰਦਰਤਾ ਤਾਂ ਕੀ ਵਲੂੰਧਰੀ ਜਾਣੀ ਸੀ, ਉਹ ਤਿਲਕ ਗਈ, ਸੁੰਦਰ ਝਉਂ ਗਏ, ਮੈਲਾ ਤੇ ਖਿੰਡਿਆ ਮਨ 'ਬਲਹੀਨ ਤੇ ਦੁਖੀ' ਹੋ ਗਿਆ। ਜਿਸ ਸੁੰਦਰਤਾ ਦੇ ਝਲਕਾਰੇ ਨੇ ਇਕਾਗ੍ਰ ਤੇ ਨਿਰਮਲ ਕਰਨਾ ਸੀ, ਜਿਸ ਨਿਰਮਲਤਾ ਤੇ ਇਕਾਗ੍ਰਤਾ ਨੇ ਰਸਰੂਪ ਤੇ ਬਲਵਾਨ ਕਰਨਾ ਸੀ, ਉਹ ਸੁੰਦਰਤਾ, ਜਿਸ ਨੇ ਅੰਤਰਮੁਖ ਕਰਕੇ ਆਪੇ ਨੂੰ ਆਪੇ ਵਿਚ--ਦੇਖਣਹਾਰ ਨੂੰ ਦੇਖਣਹਾਰ ਵਿਚ--ਟਿਕਾਉਣਾ ਸੀ, ਜਿਸ ਨੇ ਸਰਬਾਧਾਰ ਦੇ ਮੰਡਲ--ਪਰਮ ਆਨੰਦ-ਵਿਚ ਪਹੁੰਚਾਉਣਾ ਸੀ; ਉਸੇ ਸੁੰਦਰਤਾ ਦਾ ਝਲਕਾ ਉਲਟੇ ਪਾਸੇ ਦ੍ਰਿਸ਼ਟਮਾਨ ਵਿਚ ਲੈ ਜਾਂਦਾ ਹੈ। ਹਾਂ ਹਾਂ, ਤ੍ਰਾਣ ਕਰਤਾ ਫਸਾਣ ਕਰਤਾ ਹੋ ਜਾਂਦਾ ਹੈ। ਪਰ ਇਹ ਸੁੰਦਰਤਾ ਦੇ ਜ਼ਿੰਮੇ ਨਹੀਂ, ਵਰਤਨਹਾਰੇ ਦੇ ਜ਼ਿੰਮੇ ਹੈ। ਵਰਤਨਹਾਰਾ ਕੀਹ ਕਰੇ ? ਉਸ ਦਾ ਸੁਭਾਵ ਇਹੋ ਹੋ ਚੁਕਾ ਹੈ। ਜਦ ਸੁੰਦਰ ਸ਼ੈ, ਯਾ ਸੁੰਦਰ ਜੀਵ ਡਿੱਠਾ, ਉਸ ਦੀ ਪ੍ਰਾਪਤੀ ਵਿਚ ਲਗ ਗਏ। ਇਹ ਸੁਭਾਵ ਕੀਕੂੰ ਬਦਲੇ ? ਸੁਭਾਵ ਦੀ ਬਦਲੀ ਕੇਵਲ ਸਤਿਸੰਗ ਨਾਲ ਹੈ। ਸਤਿਸੰਗ ਸੁਭਾਵ ਬਦਲਣ ਲਈ 'ਵੈਰਾਗ' ਤੇ 'ਹਜ਼ੂਰੀ' ਦਾ ਸਬਕ ਦੇਂਦਾ ਹੈ। ਸਾਂਈਂ ਦੀ ਹਜ਼ੂਰੀ ਵਿਚ ਰਹਿਣ ਦਾ ਪ੍ਰਯਤਨ ਨਿਰੰਕਾਰ ਹਜ਼ੂਰੀ-ਸੁੰਦਰਤਾ ਦਾ ਰਸੀਆ ਬਣਾ ਦੇਂਦਾ ਹੈ। ਹਾਂ ਜੀ ਜਿਥੇ ਜਿਥੇ ਸੁੰਦਰਤਾ ਹੈ ਇਸ ਮਨ ਨੂੰ ਉਸ ਦਾ ਨਿਰੋਲ ਪ੍ਰੇਮੀ ਬਣਾ ਦੇਂਦਾ ਹੈ, ਉਸ ਤੋਂ 'ਰਸ-ਆਨੰਦ' ਲੈਣ ਦੀ ਜਾਚ ਦੱਸ ਦੇਂਦਾ ਹੈ, ਜੋ ਇਹ ਹੈ ਕਿ ਸੁੰਦਰਤਾ ਦਾ ਪਹਿਲਾ ਲਿਸ਼ਕਾਰਾ ਮਨ ਨੂੰ ਮਨ ਵਿਚ ਜੋੜ ਕੇ ਆਪੇ ਦੇ ਰਸ ਵਿਚ ਲੀਨ ਕਰ ਦੇਂਦਾ ਹੈ। ਇਹ ਰਸ-ਲੀਨਤਾ ਤੀਸਰੇ ਸਤਿਗੁਰਾਂ ਦੀ ਦੱਸੀ ਲਿਵ ਦਾ ਮਾਰਗ ਹੈ।

ਇਹ ਸੁੰਦਰਤਾ ਦੇ ਲਿਸ਼ਕਾਰੇ ਨਹੀਂ, 'ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ' ਦੇ ਸੰਦੇਸੇ ਹਨ, ਉਸ ਦੇ ਨਿਉਤੇ ਹਨ, ਉਸ ਦੀਆਂ ਦਾਅਵਤਾਂ ਹਨ, ਉਸ ਦੇ ਪ੍ਰੇਮ ਬੁਲਾਵੇ ਹਨ; ਆਪਣੀ ਗੋਦ ਵਿਚ ਲੈ ਕੇ ਲਾਡ ਲਡਾਉਣ ਦੇ ਸੱਦੇ ਹਨ।

ਵਾਹਵਾ, ਚੰਦਹੀਨ ਰਾਤ ! ਅਸਾਂ ਅੱਜ ਤੇਰੇ ਵਿਚ ਸੁੰਦਰਤਾ ਤੱਕੀ ਹੈ। ਅੰਮ੍ਰਿਤ ਵੇਲਾ ਹੈ, ਨੀਂਦ ਨੇ ਆਖਿਆ : "ਜਾਓ ਹੁਣ ਜਾਗ ਦੀ ਗੋਦ ਖੇਲੋ"। ਭਾਵੇਂ, ਠੰਢ ਹੈ, ਪਰ ਧੁਰ ਛੱਤ ਤੇ ਗਿਆਂ, ਗੂੜ੍ਹੇ ਨੀਲੇ ਅਕਾਸ਼ ਵਿਚ ਕ੍ਰੋੜਾਂ ਤਾਰੇ ਡਲ੍ਹਕਾਂ ਮਾਰ ਰਹੇ ਹਨ। ਚਾਂਦਨੀ ਰਾਤ ਨੂੰ ਤਾਂ ਥੋੜੇ ਜਿਹੇ ਤਾਰੇ ਦਿੱਸਦੇ ਹਨ ਤੇ ਓਹ ਬੀ ਮੱਧਮ, ਪਰ ਅੱਜ ਤਾਂ ਲੱਖਾਂ ਹੀ ਪਏ ਦਿੱਸਦੇ ਹਨ ਤੇ ਪੂਰੀਆਂ ਲਿਸ਼ਕਾਂ ਮਾਰਦੇ ਹਨ। ਪੱਛੋਂ ਵਲੋਂ ਮੱਧਮ ਰੁਮਕੇ ਪੌਣ ਦੇ ਆ ਰਹੇ ਹਨ, ਤ੍ਰੇਲ ਪੈ ਰਹੀ ਹੈ 'ਭਿੰਨੀ ਰੈਨੜੀਐ ਚਾਮਕਨਿ ਤਾਰੇ' ਦਾ ਨਕਸ਼ਾ ਬੱਝ ਰਿਹਾ ਹੈ। ਰਾਤ ਤਾਂ ਚਾਂਦਨੀ ਹੀ ਸੀ, ਪਰ ਪੰਚਮੀ ਸੀ, ਚੰਦ ਸਵੀਂ ਸਾਂਝੇ ਹੀ ਦਿਦਾਰੇ ਦੇ, ਲੁਕਣ ਮੀਟੀ ਖੇਡ ਗਿਆ, ਪਰ ਸੁੰਦਰਤਾ ਨੇ ਅਕਾਸ਼ ਦੇ ਗੂੜ੍ਹੇ ਨੀਲ ਤੇ ਤਾਰਿਆਂ ਦੀ ਚਮਕੀਲੀ ਝਲਕ ਵਿਚ ਡੇਰੇ ਲਾ ਲਏ। ਹਨੇਰੇ ਨੇ ਤੇਜ ਵਾਲਿਆਂ ਦਾ ਤੇਜ ਚਮਕਾ ਦਿੱਤਾ। ਪੱਛੋਂ ਦੀ ਪੌਣ ਨੇ ਅੰਬਰ ਬਹੁਤ ਹੀ ਸਾਫ ਕਰ ਰਖਿਆ ਹੈ। ਹਰ ਸ਼ੈ ਦਾ ਰੁਖ਼ ਪੂਰਬ ਵੱਲ ਕਰ ਦਿੱਤਾ ਹੈ; ਸਾਡੀ ਪਿੱਠ ਵੀ ਆਪਣੀ ਵੱਲ ਫਿਰਾ ਲਈ ਤੇ ਮੂੰਹ ਪੂਰੇ ਵੱਲ ਕਰਾ ਦਿੱਤਾ। ਅਸੀਂ ਉੱਠਕੇ ਤਖਤਪੋਸ਼ ਤੇ ਬੈਠ ਗਏ, ਤੇ ਪੂਰੇ ਦੇ ਅਕਾਸ਼ਾਂ ਵੱਲ ਇਕ ਹੋਰ ਨਜ਼ਾਰੇ ਵੱਲ ਖਿੱਚੇ ਗਏ। ਚੰਦ ਨਹੀਂ, ਪਰ ਚੰਦ ਨਾਲੋਂ ਘੱਟ ਬੀ ਨਹੀਂ, ਇਕ ਤਾਰਾ ਚੜ੍ਹ ਰਿਹਾ ਹੈ, ਕੌਣ ਹੈ ! ਹਿੰਦੂਆਂ ਦਾ ਸ਼ੁੱਕ੍ਰ, ਮੁਸਲਮਾਨਾਂ ਦਾ ਜ਼ੁਹਰਾ; ਪੱਛਮੀਆਂ ਦਾ ਵੀਨਸ। ਜ਼ੁਹਰਾ ਤੇ ਵੀਨਸ ਵਾਲਿਆਂ ਤਾਂ ਬੜੇ ਸੁਆਦਲੇ ਕਿੱਸੇ ਪ੍ਰੇਮ ਦੇ ਇਸ ਨਾਮ ਨਾਲ ਜੋੜੇ ਹਨ, ਪਰ ਹਿੰਦੂਆਂ ਨੇ ਤਾਂ ਇਸ ਨੂੰ ਆਪਣੇ ਆਨੰਦਾਂ ਦਾ ਸੰਗੀ ਬਣਾ ਲਿਆ ਹੈ! ਜਦੋਂ ਸ਼ੁਕ੍ਰ ਨਾ ਚੜ੍ਹੇ ਕੋਈ ਵਿਆਹ ਨਾ ਹੋਵੇ, ਕੋਈ ਢੰਗ ਸੁਆਰਥ ਨਾ ਪਵੇ, ਸਭ ਖੁਸ਼ੀਆਂ ਦੇ ਕੰਮ ਇਸ ਮਿੱਤ੍ਰ ਦੇ ਵਿਛੋੜੇ ਵਿਚ ਬੰਦ। ਜਦੋਂ ਚੜ੍ਹੇ ਤਾਂ ਹਿੰਦੂ ਘਰਾਂ ਵਿਚ ਮੰਗਲ ਦੇ ਪੈਰ ਪੈਣ।

ਦੇਖ, ਅੱਜ ਇਹ ਖੁਸ਼ੀਆਂ ਨਾਲ ਵਿਆਹਿਆ ਸ਼ੁੱਕ੍ਰ ਸਾਨੂੰ ਬੀ ਖਿੱਚਣ ਲੱਗਾ ਤੇ ਪੂਰੇ ਵੱਲ ਧੂਹਣ ਲੱਗਾ ਹੈ! ਇਸ ਦੀਆਂ ਡ੍ਰਿਖੇ ਤੇਜ ਦੀਆਂ ਪਰ ਪਯਾਰੀਆਂ ਡਲ੍ਹਕਾਂ ਪੂਰੇ ਵੱਲ ਧ੍ਰੂ ਲਿਚੱਲੀਆਂ, ਅਸੀਂ ਮਾਨੋਂ ਸ਼ੁੱਕ੍ਰ ਵੱਲ ਉਠ ਟੁਰੇ। ਪਰ ਨਹੀਂ ਉੱਚੇ ਉੱਚੇ ਨਹੀਂ ਚੜ੍ਹੇ। ਪੂਰੇ ਵੱਲ ਟੁਰੇ, ਦੂਰ ਇਕ ਸੁੰਦਰ ਟਿਕਾਣੇ ਜਾ ਨਿਕਲੇ। ਗੰਗਾ ਦਾ ਰਮਣੀਕ ਕਿਨਾਰਾ ਹੈ; ਸਾਵਾ ਸਾਵਾ ਕਚਾਹ ਵਰਗਾ ਗੰਗਾ ਦੇ ਨਿਤਰੇ ਪਾਣੀ ਦਾ ਡਲ ਚੁੱਪ ਚਾਪ ਵਗ ਰਿਹਾ ਹੈ। ਮੀਲਾਂ ਦਾ ਪੇਹਨ ਹੈ, ਜਿਸ ਵਿਚ ਪਾਣੀ ਤੇ ਬਰੇਤਾ ਹੈ। ਇਕ ਕਿਨਾਰੇ ਲੰਮ ਸਲਮਾ ਨੱਗਰ ਵਸਦਾ ਹੈ। ਹਾਂ ਜੀ, ਉਹ ਨਗਰ ਵੱਸਦਾ ਹੈ ਜਿਸ ਨੂੰ ਸੰਸਾਰ ਦੇ ਇਕ ਮਹਾਨ ਪੁਰਖ ਦੇ ਅਵਤਾਰ ਦਾ ਫ਼ਖਰ ਹੈ। ਜਿਸ ਨੂੰ ਇਕ ਸਦਾਚਾਰ ਤੇ ਦੂਸਰੇ ਭਗਤੀ ਦੇ ਦੈਵ ਦੇ ਚਰਨਾ ਦੀ ਰਜ ਪ੍ਰਾਪਤ ਹੋਣ ਦੀ ਵਡਯਾਈ ਹੈ। ਦੇਖੋ ਅੰਮ੍ਰਿਤ ਵੇਲੇ ਹੀ ਦਰਯਾ ਦੇ ਇਕ ਪੱਕੇ ਘਾਟ ਪਰ ਪੌੜਾਂ ਉਤੇ ਕੁਸ਼ਾ ਦਾ ਆਸਣ ਵਿਛਾਈ ਪਸ਼ਮੀਨੇ ਦੀ ਚਾਦਰ ਦੀ ਬੁੱਕਲ ਮਾਰੀ ਇਕ ਸੂਰਤ ਬਿਰਾਜ ਰਹੀ ਹੈ। ਨੈਣ ਬੰਦ ਹਨ, ਪਰ ਦਿਲ ਦੇ ਦਰਵਾਜ਼ੇ ਖੁੱਲ੍ਹੇ ਹਨ, ਕੋਈ ਮੋਹਨੀ ਮੂਰਤ ਅੰਦਰ ਆ ਜਾ ਰਹੀ ਹੈ ਤੇ ਖੇਲਾਂ ਕਰ ਰਹੀ ਹੈ। ਆਪ, ਕਿਸੇ 'ਖਾਲਾ ਪ੍ਰੀਤਮ ਦੇ ਪ੍ਰੇਮ ਵਿਚ ਇਸ ਠੰਢ ਵਿਚ ਏਕਾਂਤ ਪਰ ਸੁਖਦਾਈ ਟਿਕਾਣੇ ਬੈਠ ਪ੍ਰੇਮ ਦਾ ਰਸ ਲੈ ਰਹੇ ਸਨ। ਅਰਸ਼ਾਂ ਤੋਂ ਨੂਰ ਵੱਸ ਰਿਹਾ ਹੈ, ਤਾਰੇ ਪ੍ਰਕਾਸ਼ ਦਾ ਮੀਂਹ ਵਸਾ ਰਹੇ ਹਨ, ਪਵਨ ਸੰਗੀਤ ਕਰ ਰਹੀ ਹੈ ਤੇ ਗਾ ਰਹੀ ਹੈ:-

> ਭਿੰਨੀ ਰੈਨੜੀਐ ਚਾਮਕਨਿ ਤਾਰੇ॥ ਜਾਗਹਿ ਸੰਤ
> ਜਨਾ ਮੇਰੇ ਰਾਮ ਪਿਆਰੇ॥ (ਆਸਾ ਛੰਤ ਮ:੫)

ਵਾਹ ਵਾਹ ਸੁਆਦ, ਰਾਤ ਦੀ ਏਕਾਂਤ ਤੇ ਚੁੱਪ ਦਾ ਸੁਆਦ, ਜਲ ਦੇ ਕਿਨਾਰੇ ਦਾ ਸੁਆਦ, ਮਿੱਠੀ ਪਵਨ ਦਾ ਸੁਆਦ, ਕੁਦਰਤੀ ਨਜ਼ਾਰੇ ਦਾ ਸੁਆਦ 'ਸੰਤ ਜਨਾ ਮੇਰੇ ਰਾਮ ਪਿਆਰੇ' ਨੂੰ ਕਿਸ ਮੌਜ ਵਿਚ ਹੁਲਾਰੇ ਦੇ ਰਿਹਾ ਹੈ :-

> ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ
> ਚਾਉ॥ ਤਿਨਾ ਦਰੀਆਵਾ ਸਿਉ ਦੋਸਤੀ
> ਮਨ ਮੁਖਿ ਸਚਾ ਨਾਉ॥ (ਵਾਰ ਮਾਝ ਮ: ੨)

ਪੂਰੇ ਵਲੋਂ ਹੁਣ ਹੋਰ ਚਾਨਣਾ ਆਉਣ ਲਗਾ, ਲਾਲੀ ਭਾਹ ਵੱਜ ਪਈ :-

> ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ
> ਤਰੰਗ॥ ਅਚਰਜ ਰੂਪ ਸੰਤਨ ਰਚੇ ਨਾਨਕ
> ਨਾਮਹਿ ਰੰਗ॥੧॥ (ਗਉੜੀ ਵਾਰ ਮਹਲਾ ੫)

ਸ਼ਹਿਰ ਵਲੋਂ ਇਕ ਦੰਪਤੀ ਆ ਰਹੇ ਹਨ, ਏਹ ਘਾਟ ਪਰ ਉਤਰੇ ਅਰ ਉਸ ਸਮਾਧਿ ਸਥਿਤ ਸੱਜਣ ਦੇ ਸਾਹਮਣੇ ਆ ਬੈਠੇ। ਕੁਛ ਇਲਾਚੀਆਂ ਅੱਗੇ ਧਰੀਆਂ, ਬੜੇ ਅਦਬ ਨਾਲ ਮੱਥਾ ਟੇਕਿਆ ਤੇ ਫੇਰ ਥੋੜੀ ਵਿੱਥ ਤੇ ਨਿੰਮ੍ਰਤਾ ਨਾਲ ਹੱਥ ਜੋੜਕੇ ਬੈਠ ਗਏ। ਕੁਛ ਚਿਰ ਪਿੱਛੋਂ ਸਮਾਧਿ ਸਥਿਤ ਸੱਜਣ ਨੇ ਨੈਣ ਖੁਲੇ, ਨੈਣ ਜੋ ਪ੍ਰੇਮ ਰੰਗ ਦੇ ਭਰੇ ਹੋਏ ਸੇ, ਉਹਨਾਂ ਦੁਹਾਂ ਤੇ ਆਪਣੀ ਪਯਾਰੀ ਨਜ਼ਰ ਪਾਉਂਦੇ ਹੀ ਦੋਹਾਂ ਨੂੰ ਮੋਹਿਤ ਕਰਕੇ ਫੇਰ ਚਰਨੀਂ ਨਿਵਾ ਗਏ। ਸਮਾਧੀ ਵਾਲੇ ਸੱਜਣ ਨੇ ਅਸ਼ੀਰਵਾਦ ਕਹੀ ਤੇ ਐਤਨੀ ਸਵੇਰੇ ਆਉਣ ਦਾ ਕਾਰਨ ਪੁਛਿਆ ਜਿਸਦਾ ਉਤਰ ਉਸ ਨਵੇਂ ਆਏ ਸੱਜਣ ਨੇ ਇਹ ਦਿੱਤਾ :- "ਹੇ ਭਗਵਾਨ ! ਆਪ ਰਾਜਾ ਹੋਣ ਕਰਕੇ ਸਤਿਕਾਰ ਯੋਗ ਹੋ ਅਰ ਬ੍ਰਾਹਮਣ ਹੋਣ ਕਰਕੇ ਪੂਜਯ ਹੋ ਤੇ ਈਸ਼੍ਵਰ ਪਰਾਇਣ ਹੋ ਜਾਣ ਕਰਕੇ ਪਿਆਰੇ ਹੋ ! ਮੈਂ ਅਤਿਥਿ ਹੋ ਕੇ ਆਪ ਦੇ ਦੁਆਰੇ ਆਇਆ ਹਾਂ।"

ਬ੍ਰਾਹਮਣ - ਆਪ ਵੀ ਰਾਜਾ ਹੋ, ਮੇਰੇ ਸਤਿਕਾਰ ਯੋਗ ਹੋ, ਐਸੇ ਵਾਕ ਨਾ ਕਹੀਏ।

ਨਵਾਂ ਆਯਾ--ਹੇ ਪੰਡਤਾਂ ਦੇ ਸ਼ਿਰੋਮਣੀ ! ਪੰਡਤ 'ਸ਼ਿਵਦੱਤ' ਜੀ ! ਆਪ ਪੂਜਯ ਹੋ, ਆਪ ਬ੍ਰਾਹਮਣ ਕੁਲ ਦੇ ਚੂੜਾਮਣੀ ਹੋ, ਮੈਂ ਛਤ੍ਰੀ ਹਾਂ, ਅਤਿਥੀ ਹੋ ਕੇ ਇਸ ਲਈ ਆਇਆਂ ਹਾਂ ਕਿ ਮੇਰੇ ਘਰ ਵੰਸ਼ ਨਹੀਂ ਹੈ, ਰਾਜਭਾਗ ਦੇ ਸਾਂਭਣੇ ਵਾਲਾ ਕੋਈ ਨਹੀਂ, ਆਪ ਦੀ ਅਸੀਸ ਕਰਕੇ ਅਨੇਕਾਂ ਦੇ ਘਰ ਸੰਤਾਨ ਹੋਈ ਹੈ, ਮੇਰੇ ਪਰ ਬੀ ਤ੍ਰੁਠੇ ਅਰ ਇਕ ਪੁਤ੍ਰ ਦਾਨ ਦਿਓ।

ਸ਼ਿਵਦੱਤ--ਰਾਜਾ ਫਤਹਚੰਦ ਮੈਣੀ ਜੀ ! ਆਪਦਾ ਆਉਣਾ ਮੇਰੇ ਸਿਰ ਮੱਥੇ ਉਤੇ ਹੈ, ਪਰ ਇਹ ਆਪ ਨੂੰ ਠੀਕ ਖ਼ਬਰ ਨਹੀਂ ਮਿਲੀ ਕਿ ਪੁਤ੍ਰਦਾਨ ਮੈਂ ਕੀਤੇ ਹਨ।

ਫਤਹ ਚੰਦ-ਸ੍ਰੀ ਜੀ ! ਫਲਦਾਰ ਬ੍ਰਿਛ ਨਿਉਂਦੇ ਹਨ, ਵੱਡੇ ਸਦਾ ਨਿੰਮ੍ਰਤਾ ਕਰਦੇ ਹਨ, ਪਰ ਸ਼੍ਰੀ ਜੀ ਜਿਸ ਤਰ੍ਹਾਂ ਜਗਤਾ ਸੇਠ ਅਰ ਅਨੇਕਾਂ ਹੋਰਨਾਂ ਪਰ ਤ੍ਰੁਠੇ ਹਨ, ਮੇਰੇ ਪਰ ਬੀ ਤ੍ਰੁੱਠ ਪੈਣ; ਕੇਵਲ ਇਕ ਪੁੱਤਰ ਦੀ ਯਾਚਨਾ ਹੈ ਅਰ ਇਸ ਲਈ ਮੈਂ ਆਪ ਦੀ ਸ਼ਰਣ ਆਇਆ ਹਾਂ।

ਸ਼ਿਵਦੱਤ--ਹੇ ਰਾਜਾ ! ਹੇ ਮੇਰੇ ਮਿੱਤ੍ਰ ! ਹੇ ਸਤਿਕਾਰ ਯੋਗ ਸੱਜਣ ! ਏਹ ਕੌਤਕ ਈਸ਼੍ਵਰ ਆਪ ਕਰ ਰਿਹਾ ਹੈ, ਇਹ ਜ਼ਾਹਰੀ ਕਲਾ ਉਸ ਦੀ ਵਰਤ ਰਹੀ ਹੈ, ਮੈਂ ਕੀ ਕਹਾਂ ? ਉਹ ਆਪ ਆਇਆ ਹੋਇਆ ਹੈ। ਆਪ ਚੋਜ ਕਰ ਰਿਹਾ ਹੈ।

ਫਤਹ ਚੰਦ - ਪਰ ਤੁਹਾਡੀ ਰਸਨਾ ਤੇ ਹੀ ਬੈਠਕੇ ਕਰਦਾ ਹੈ।

ਸ਼ਿਵਦੱਤ--ਆਪ ਸਰੀਰ ਧਾਰਕੇ ਕਰ ਰਿਹਾ ਹੈ, ਮੈਨੂੰ ਤਾਂ ਦਰਸ਼ਨਾਂ ਨਾਲ ਨਿਹਾਲ ਕਰ ਰਿਹਾ ਹੈ। ਸੱਚ ਜਾਣੋਂ ਮੈਂ ਟਾਲ ਨਹੀਂ ਰਿਹਾ, ਮੇਰਾ ਵਿਸ਼ਵਾਸ ਦ੍ਰਿੜ ਵਿਸ਼ਵਾਸ-ਇਹ ਹੈ ਕਿ ਆਤਮ ਮੰਡਲਾਂ ਦੀ ਉਹ ਜੋਤਿ ਜੋ ਕਦੇ ਗਿਲਾਨੀ ਭਈ ਤੇ ਸੰਸਾਰ ਰੱਖਯਾ ਨੂੰ ਆਇਆ ਕਰਦੀ ਹੈ, ਆਈ ਹੋਈ ਹੈ। ਮੈਂ ਪਤੀਏ ਲਏ ਹਨ, ਜੋ ਸੰਕਲਪ ਧਾਰੇ ਪੂਰੇ ਹੋਏ ਹਨ। ਜੇ ਮੈਂ ਇਸੇ ਕਿਨਾਰੇ ਇਹ ਸੋਚਕੇ ਬੈਠਾ ਹਾਂ ਕਿ ਰਾਮ ਰੂਪ ਹੋ ਕੇ ਦਿੱਸੇ ! ਤਾਂ ਉਸ ਦਿਨ ਰਾਮ ਰੂਪ ਹੀ ਹੋ ਦਿੱਸੇ। ਜੇ ਕ੍ਰਿਸ਼ਨ ਰੂਪ ਚਾਹਿਆ ਤਾਂ ਉਹੋ ਰੂਪ ਵਾਲੇ ਹੋ ਗਏ, ਜੇ ਬੁਧ ਭਗਵਾਨ ਦੀ ਸੂਰਤ ਚਾਹੀ ਤਾਂ ਉਹੋ ਧਾਰ ਆਏ, ਜੋ ਕਿਹਾ ਸੋ ਹੋ ਗਿਆ; ਆਪਣੇ ਆਪ ਉਹ ਜੋ ਸੈਨਤ ਮਾਰ ਗਏ ਸੋ ਕਰ ਗਏ, ਕਲੇਜਾ ਕੱਢ ਲਿਗਏ, ਮੈਂ ਹੁਣ ਅੱਠ ਪਹਿਰ ਉਨ੍ਹਾਂ ਦੀ ਸੁੰਦਰ ਮੂਰਤੀ ਦੀ ਛਬੀ ਵਿਚ ਮਗਨ ਹਾਂ, ਇਹੋ ਮੇਰੀ ਸਮਾਧੀ ਹੈ, ਇਹੋ ਮੇਰਾ ਤਪ ਹੈ! ਦੇਖ ਪੂਰੇ ਵਲੋਂ ਸੂਰਜ ਚੜ੍ਹ ਰਿਹਾ ਹੈ, ਪਰ ਸੂਰਜ ਦੀ ਨਵਯੋਬਨਾਂ ਟਿੱਕੀ ਉਤੇ ਮੇਰਾ '**ਬਾਲਾ ਪ੍ਰੀਤਮ**' ਜੀ ਤੀਰ ਕਮਾਨ ਖਿੱਚੀ ਖੜੇ ਹਨ। ਪਯਾਰੇ ਮਿੱਤ੍ਰ ! ਸ਼ਰਨ ਲਵੇਂ ਤਾਂ ਪੁੱਤ੍ਰ ਕੀ, ਲੋਕ ਪ੍ਰਲੋਕ ਮਿਲ ਜਾਏ।

ਇਹ ਕਹਿੰਦੇ ਪੰਡਤ ਜੀ ਦੇ ਨੈਣਾਂ ਵਿਚੋਂ ਨੀਰ ਵਹਿ ਤੁਰਿਆ, ਸਰੀਰ ਕੰਬ ਗਿਆ ਅਰ ਪਿਆਰੇ ਦੀ ਖਿੱਚ ਵਿਚ ਮਗਨ ਹੋ ਗਏ, ਚਿਰ ਮਗਰੋਂ ਨੈਣ ਖੁੱਲ੍ਹੇ।

ਫਤਹ ਚੰਦ---ਭਗਵਾਨ ਕ੍ਰਿਪਾ ਕਰੋ, ਫਿਰ ਇਸ ਦਾਸ ਤੇ ਦਾਸੀ ਨੂੰ ਉਹਨਾਂ ਦੇ ਚਰਨਾਂ ਕਮਲਾਂ ਪਰ ਲਿਟਾ ਦਿਓ !

ਸ਼ਿਵਦੱਤ--ਮਿੱਤ੍ਰ ਜੀ ! ਇਹ ਰਸਤੇ ਦੀ ਗੱਲ ਹੈ। ਤੁਸੀਂ ਆਪਣੇ ਘਰ ਬੈਠੋ, ਦਿਨ ਰਾਤ ਧਯਾਨ ਰੱਖੋ ਕਿ ਜਗਤ ਰੱਖਯਕ ਸੁਆਮੀ ਦੇ ਦਰਸ਼ਨ ਹੋਣ। ਕੇਵਲ ਧਯਾਨ ਕਰੋ, ਪ੍ਰੇਮ ਨਾਲ ਖਿਆਲ ਕਰੋ, ਚਿੱਤ ਦੀ ਲੋ ਲਾਓ, ਸਿੱਕ ਉਪਜੇ, ਪਯਾਰ ਮੌਲੇ, ਲੋਚ ਉਮਡੇ, ਫਿਰ ਮੇਰੇ ਚੋਜੀ ਗੋਬਿੰਦ, **ਮੇਰਾ ਬਾਲਾ ਪ੍ਰੀਤਮ,**

ਮੇਰੇ ਬਾਲ ਲੀਲਾ ਵਾਲੇ ਸਾਈਂ ਤੁਹਾਡੇ ਗ੍ਰਿਹ ਵਿਚ ਆਉਣਗੇ ਤੇ ਸਭ ਵਾਸ਼ਨਾ ਪੂਰਨ ਕਰ ਦੇਣਗੇ। ਪਰ ਦੇਖਣਾ, ਉਨ੍ਹਾਂ ਨੂੰ ਸੁੱਕੇ ਪਿੰਜਰ ਵਾਲਾ ਉਦਾਸੀਨ ਵੈਰਾਗ ਨਾਲ ਢਲ ਚੁੱਕਾ ਨਿਤਾਣਾ ਨਿਮਾਣਾ ਦੇਖਣ ਦੀ ਆਸਾ ਨ ਕਰਨੀ! ਉਹ ਆਤਮ ਮੰਡਲ ਦਾ ਸੁਆਮੀ ਹੈ, ਖੇੜੇਦਾਰ ਰੰਗ ਦਾ ਹੈ, ਹਸਮੂਰਤੀ ਹੈ, ਮਨਮੋਹਨ ਹੈ, ਰਸੀਆ ਹੈ, ਆਨੰਦ ਹੈ, ਆਨੰਦ ਕੰਦ ਹੈ, ਖੁਸ਼ੀ ਦਾ ਉਛਾਲੇਦਾਰ ਸਾਗਰ ਹੈ, ਉਮਾਹ ਦਾ ਸੁੱਭਰ ਭਰਿਆ ਸਰੋਵਰ ਹੈ, ਉਤਸਾਹ ਦੀ ਸਦਾ ਖਿੜੀ ਬਸੰਤ ਹੈ, ਖਿੱਚਦਾਰ ਹੈ, ਖਿੱਚਦਾ ਹੈ, ਧ੍ਰੂਹਦਾ ਹੈ, ਪਰ ਪਤਾ ਨਹੀਂ ਲੱਗਦਾ, ਤੱਕਦਾ ਹੈ, ਜਾਦੂ ਫੇਰਦਾ ਹੈ, ਹਸਦਾ ਹੈ, ਠੱਗਦਾ ਹੈ, ਬਚਨ ਕਰਦਾ ਹੈ, ਮੋਂਹਦਾ ਹੈ। ਅਨੁਰਾਗ ਅਵਤਾਰ ਹੈ; ਸਾਖਯਾਤ ਪ੍ਰੇਮ ਹੈ! ਦੇਖੇਂਗਾ, ਫੇਰ ਦੇਖ ਨਾ ਸਕੇਂਗਾ ਪਰ ਅੰਦਰਲੇ ਨੈਣ ਖੁੱਲ੍ਹ ਜਾਣਗੇ, ਫੇਰ ਦਿੱਬਯਤਾ ਦੇਖੇਂਗਾ।

ਏਹ ਵਾਕ ਸੁਣਦਿਆਂ ਸੁਣਦਿਆਂ ਇਸਤ੍ਰੀ ਪਤੀ ਦੁਹਾਂ ਦੇ ਕਲੇਜੇ ਵਿਚ ਇਕ ਖਿੱਚ ਪੈਦਾ ਹੋ ਗਈ, ਇਕ ਮੁਖ ਦੀ ਝਰਨਾਟ ਛਿੜੀ, ਇਕ ਰਸ ਦੀ ਲਹਿਰ ਲੰਘੀ, ਇਕ ਉਮਾਹੀ ਫਿਰੱਕਾ ਫਿਰ ਗਿਆ।

ਸ਼ਿਵਦੱਤ - ਜਾਓ, ਹੁਣ ਘਾਟ ਪਰ ਲੋਕ ਆ ਰਹੇ ਹਨ, ਤੁਹਾਨੂੰ ਦੋਹਾਂ ਨੂੰ ਇਸ ਤਰ੍ਹਾਂ ਦੇਖਕੇ ਵੀਚਾਰ ਕਰਨਗੇ। ਮੈਂ ਭਾਵੇਂ ਰਾਜਾ ਹਾਂ, ਪਰ ਬ੍ਰਾਹਮਣ ਹੋਣ ਕਰਕੇ ਤੇ ਸਦਾ ਤੋਂ ਠਾਕਰ ਪੂਜਾ ਇਥੇ ਕਰਨੇ ਕਰਕੇ ਦੰਦ ਕਥਾ ਵਿਚ ਨਹੀਂ ਆਯਾ ਹੋਯਾ।

ਫਤਹਚੰਦ—ਸਤਿ ਬਚਨ, ਭਗਵਾਨ ! ਠਾਕੁਰ ਪੂਜਾ ਆਪ ਨੇ ਇਸੇ ਕਾਰਨ ਤੇ ਤਯਾਗੀ ਜਾਪਦੀ ਹੈ !

ਸ਼ਿਵਦੱਤ - (ਨੈਣ ਭਰਕੇ) :-

"ਨਕਾਸ਼ਟੇ ਵਿਦਯਤੇ ਦੇਵੋ ਨੇ ਪਾਖਾਣੇਂ ਨਮ੍ਰਿਣਮਯੇ" (ਨਾ ਠਾਕੁਰ ਕਾਠ ਵਿਚ ਹੈ, ਨਾ ਪੱਥਰ ਵਿਚ ਤੇ ਨਾ ਮਿੱਟੀ ਵਿੱਚ)।

ਜੀਉਂਦਾ ਠਾਕੁਰ, ਜੀਵਤ ਸ਼ਕਤੀ ਵਾਲਾ ਠਾਕੁਰ ਆਪ ਠਾਕੁਰ ਸੱਚ ਮੁਚ ਦਾ ਠਾਕਰ ਆ ਗਿਆ ਹੈ, ਹੁਣ-"ਭਾਵੇਹਿ ਵਿਦਯਤੇ ਦੇਵਸ੍ਤਸਮਾਦ ਭਾਵੋਹਿ ਕਾਰਣਮ੍:"

ਹੁਣ ਤਾਂ ਮੇਰੀ ਸ਼ਰਧਾ ਵਿਚ ਮੇਰਾ ਠਾਕੁਰ ਵੱਸਦਾ ਹੈ, ਮੇਰੀ ਭਾਵਨਾ ਨੇ ਮੇਰੀ ਖਯਾਲੀ ਮੂਰਤ ਨਹੀ ਮਿਥ ਲਈ, ਸਗੋਂ ਮੇਰੀ ਭਾਵਨਾਂ, ਮੇਰੀ ਮਨਸ਼ਾ ਮੇਰੇ ਰਿਦੇ ਮੰਡਲ ਅੰਦਰ 'ਜੀਉਂਦਾ ਠਾਕੁਰ' ਆ ਵਸਿਆ ਹੈ। ਹੁਣ ਇਹ ਜੀਉਂਦਾ ਠਾਕੁਰ ਮੇਰਾ ਜੀਵਨ ਹੈ, ਜੀਵਨ ਠਾਕੁਰ ਹੈ, ਠਾਕੁਰ ਜੀਵਨ ਹੈ; ਜੀਉਂਦਾ ਹੈ, ਬੋਲਦਾ ਹੈ, ਪਯਾਰਦਾ ਹੈ। **'ਮੇਰਾ ਬਾਲਾ ਪ੍ਰੀਤਮ' 'ਮੇਰਾ ਬਾਲਾ ਪ੍ਰੀਤਮ'** ਕਹਿੰਦੇ ਕਹਿੰਦੇ ਪੰਡਤ ਦੇ ਨੈਣ ਬੰਦ ਹੋ ਗਏ ਤੇ ਜਲਧਾਰਾ ਵਹਿ ਟੁਰੀ। ਗੰਗਾ ਦੇ ਠੰਢੇ ਸੀਤ ਜਲ ਵਿਚ ਇਹ ਜੀਵਨ ਸੋਮੇ ਤੋਂ ਨਿਕਲੀਆਂ ਨਿੱਘੀਆਂ ਹੰਝਾਂ ਤ੍ਰੱਪ ਤ੍ਰੱਪ ਢੱਠੀਆਂ।

ਹੁਣ ਰਾਜਾ ਫਤਹਚੰਦ ਤੇ ਉਸਦੀ ਇਸਤ੍ਰੀ ਮੱਥਾ ਟੇਕ ਕੇ ਵਿਦਾ ਹੋ ਗਏ! ਸੂਰਜ ਦੀ ਟਿੱਕੀ ਉਚੀ ਹੋ ਆਈ। ਗੰਗਾ ਜਲ ਵਿਚ ਸੂਰਜ ਦੀਆਂ ਕਿਰਨਾਂ ਪੈ ਪੈ ਕੇ ਕਿਹਾ ਰੰਗ ਦੇ ਰਹੀਆਂ ਹਨ ? ਇਧਰ ਘਾਟ ਪਰ ਗਹਿਮਾ ਗਹਿਮ ਹੋ ਗਈ। ਇਸ਼ਨਾਨੀਆਂ, ਧਯਾਨੀਆਂ, ਠਾਕੁਰ ਪੂਜਕਾਂ ਦੀ ਭੀੜ ਲੱਗ ਰਹੀ ਹੈ, ਰੌਲਾ ਪੈ ਰਿਹਾ ਹੈ, ਸ਼ਿਵਦੱਤ ਬ੍ਰਾਹਮਣ ਦਾ ਇਸ ਰੌਲੇ ਵਿਚੋਂ ਬੀ ਉਠਣ ਨੂੰ ਚਿੱਤ ਨਹੀਂ ਕਰਦਾ। ਰੌਲੇ ਵਿਚ ਉਹ ਕਿਸੇ ਸ਼ਾਂਤੀ ਵਲ ਲੌ ਲਾ ਬੈਠਾ ਹੈ; ਭੀੜ ਵਿਚ ਉਹ ਕਿਸੇ ਤਾਂਘ ਵਿਚ ਹੈ। ਅਚਾਨਕ ਪਾਣੀ ਵਿਚ ਕਿਸੇ ਭਾਰੀ ਸ਼ੈ ਦੇ ਡਿੱਗਣ ਦੀ ਆਵਾਜ਼ ਆਈ ਅਰ ਗੰਗਾ ਦਾ ਪਾਣੀ ਇਸ ਤਰ੍ਹਾਂ ਉਛਲਿਆ ਕਿ ਜਿਸ ਤਰ੍ਹਾਂ ਕਰੜਾ ਭੁਚਾਲ ਆ ਜਾਂਦਾ ਹੈ। ਪਾਣੀ ਉਛਲਦਾ ਹੈ ਕਿ ਮਾਨੋਂ ਸ਼ਹੁ ਸਾਗਰ ਵਿਚ ਤੂਫਾਨ ਆ ਗਿਆ ਹੈ। ਛੱਲਾਂ ਦਾ ਉਛਾਲਾ ਨਦੀ ਦੇ ਵਿਚ ਵਿਚਹੀ ਨਹੀਂ ਕਿਨਾਰੇ ਤੇ ਮਾਨੋਂ 'ਫਾਗ ਮਚਿਓ ਰੀ ਹੋਰੀ' ਵਾਂਙੂ ਸਾਰੇ ਘਾਟ ਪਰ ਤਰਥੱਲ ਮਚਾ ਗਿਆ ਹੈ! ਸਭ ਕਰਮਕਾਂਡੀ ਬ੍ਰਾਹਮਚਾਰੀ ਭੱਜੇ ਜਾ ਰਹੇ ਹਨ। 'ਗੋਬਿੰਦ ਗੋਬਿੰਦ' ਦੀ ਸੱਦ ਸਭ ਦੇ ਮੂੰਹੋਂ ਆ ਰਹੀ ਹੈ। ਪਲੋ ਪਲੀ ਵਿਚ ਘਾਟ ਸਾਫ ਹੋ ਗਿਆ, ਸਾਰੀ ਭੀੜ ਨੱਸ ਭੱਜ ਗਈ। ਘਾਟ ਨਿਰਜਨ ਹੋਣ ਦੀ ਦੇਰ ਸੀ ਕਿ ਛੱਲਾਂ ਬੰਦ ਹੋ ਗਈਆਂ ਅਰ ਪਾਣੀ ਵਿਚੋਂ, ਪੂਰੇ ਵਲੋਂ ਸੂਰਜ ਦੀ ਟਿਕੀ ਅਤੇ ਸ਼ਿਵਦੱਤ ਦੇ ਤਰਸਦੇ ਨੈਣਾਂ ਦੇ ਵਿਚਕਾਰ ਅਰਸ਼ਾਂ ਕੁਰਸ਼ਾਂ ਦੇ ਨੂਰ ਦੀ ਜੋਤਿ ਆ ਖਲੋਤੀ ! ਪੰਡਤ ਜੀ ਚੁਫਾਲ ਡੰਡਵਤ ਵਿਚ ਪੈ ਗਏ ਤੇ ਮੋਹਨੀ ਮੂਰਤ ਜੋਤਿ ਨਿਰੰਜਨੀ ਨੇ ਪੈਰ ਦੇ ਪਿਆਰ ਭਰੇ ਠੁੱਡੇ ਨਾਲ ਸਿਰ ਨੂੰ ਛੋਹ ਕੇ ਕਿਹਾ - 'ਉਠੋ'।

ਚਰਨ ਛੋਹੇ ਕਿ ਸੁਖਸਾਗਰ ਛੁਹ ਗਿਆ। ਅਮੇਵੇਂ ਰਸ ਦੀ ਝਰਨਾਟ ਪੰਡਤ ਜੀ ਦੇ ਲੂੰ ਲੂੰ ਵਿਚੋਂ ਲੰਘ ਗਈ, ਉਠ ਕੇ ਗੋਡਿਆਂ ਭਾਰ ਅਦਬ ਨਾਲ ਹੋ

ਬੈਠੇ 'ਬਾਲਾ ਪ੍ਰੀਤਮ' 'ਮੇਰਾ ਬਾਲਾ ਪ੍ਰੀਤਮ' ਦਾ ਜਾਪ ਜਪ ਰਹੇ ਹਨ, ਤੱਕਦੇ ਹਨ ਤਾਂ ਇਕ ਸਜਿੰਦ ਤੇ ਇਕ ਨਜਿੰਦ ਦੋ ਸੂਰਜਾਂ ਦੇ ਝਲਕਾਰੇ ਵੱਜ ਕੇ ਨੈਣ ਮੁੰਦੇ ਜਾਂਦੇ ਹਨ।

ਬਾਲਾ ਪ੍ਰੀਤਮ ਜੀ — "ਪੰਡਤ ਜੀ ਦੇਖੋ ਠਾਕੁਰ ਦੇ ਸਾਰੇ ਪ੍ਰੇਮੀ ਨੱਸ ਗਏ। ਸੂਰਜ ਦੇ ਉਪਾਸਕ ਚਾਰ ਛਿੱਟ ਪਾਣੀ ਦਾ ਤਸੀਹਾ ਨਹੀਂ ਭੋਗ ਸਕੇ, ਬ੍ਰਹਮਚਾਰੀ ਸੰਧਯਾ ਤਰਪਣ ਵਿਚੇ ਤਯਾਗ ਕੇ ਉਠ ਭੱਜੇ, ਜੋ ਧੋਤੀ ਮਾਫਾ ਨਾ ਭਿੱਜ ਜਾਏ, ਸਮਾਧੀਆਂ ਵਾਲੇ ਪਾਣੀ ਦੇ ਖੜਕਾਰੇ ਨਾਲ ਉਥਾਨ ਹੋ ਗਏ। ਧਰਮ ਦਾ ਪਯਾਰ ਕਿਸ ਨਿਵਾਣ ਵਿਚ ਜਾ ਵੱਸਿਆ ਹੈ ? ਇਸ ਕਾਰਣ ਦੇਸ਼ ਦਾ ਕਲਯਾਨ ਨਹੀਂ ਹੋ ਰਿਹਾ, ਦੇਸ਼ ਮੁਰਦਾ ਹੋ ਗਿਆ ਹੈ, ਰਸਮ-ਪ੍ਰਸਤੀ ਬਾਕੀ ਹੈ। ਬੁਤ ਹੈ ਪਰ ਜਿੰਦ ਨਹੀਂ, ਕਲਬੂਤ ਹੈ ਪਰ ਰੂਹ ਨਹੀਂ, ਦੇਹ ਹੈ ਪਰ ਭਉਰ ਨਹੀਂ। ਪੰਡਤ ! ਤਯਾਗ ਕਰ, ਪਰ ਜੋ ਤਯਾਗੇਂ ਨਦੀ ਵਿਚ ਨਾ ਸਿੱਟ, ਲੋੜਵੰਦ ਨੂੰ ਦੇਹ। ਜੋਗ ਕਰ ਪਰ ਸੁੰਞ ਵਿਚ ਨਾ ਜੁੜ, ਸਾਂਈਂ ਨਾਲ ਜੁੜ। ਸੰਸਾਰ ਤੋਂ ਤ੍ਰੁਟ ਨਾ ਪਰ ਉਚਾ ਹੋ ਕੇ ਉਪਕਾਰ ਕਰ। ਭਜਨ ਕਰ ਪਰ ਗ੍ਰਿਹਸਤ ਨਾ ਛੋੜ! ਸਿਮਰਨ ਕਰ, ਪਰ ਕੰਮ ਨਾ ਛੱਡ। ਸਰੀਰ ਮਿਥਿਆ ਹੈ, ਜਾਣ ਕੇ ਆਲਸੀ ਨਾ ਹੋ, ਪਰ ਇਸ ਨੂੰ ਸਫਲ ਕਰ। ਆਤਮ ਸੱਤਯਾ ਹੈ; ਬਲ ਹੈ, ਸ਼ਕਤੀ ਹੈ, ਉਮਾਹ ਹੈ, ਰਸ ਹੈ, ਖਿੜਾਉ ਹੈ, ਜਿਥੇ ਇਹ ਹੈ ਓਥੇ ਸਾਂਈਂ ਹੈ"।

ਏਹ ਕਹਿੰਦੇ ਹੀ ਬਾਲਾ ਪ੍ਰੀਤਮ ਜੀ ਨੇ ਫੇਰ ਛਾਲ ਮਾਰੀ, ਮਗਰੋਂ ਪੰਜ ਦਸ ਹੋਰ ਹਮਜੋਲੀਆਂ ਨੇ ਛਾਲ ਮਾਰੀ। ਔਹ ਮਲਕੜੇ ਤਰਦੇ ਹਨ, ਗੋਰਾ ਗੋਰਾ ਸਰੀਰ ਪਯਾਰਾ ਪਯਾਰਾ ਸਰੀਰ, ਬਾਲਾ ਸਰੀਰ ਸਥਾਰ ਗੰਗਾ ਪਰ ਪਿਆ ਹੈ, ਗੰਗਾ ਦਾ ਵਹਾਉ ਮਲਕੜੇ ਪਰੇ ਨੂੰ ਲਿਜਾ ਰਿਹਾ ਹੈ ਤੇ ਪੰਡਤ ਜੀ ਖੜੇ ਤੱਕ ਰਹੇ ਹਨ, ਸਿਰ ਨਿਵਾ ਰਹੇ ਹਨ, ਹੱਸ ਰਹੇ ਹਨ, ਰੋ ਰਹੇ ਹਨ, ਖੀਵੇ ਹੋ ਰਹੇ ਹਨ :- "ਨਮੋ ਸੂਰਜ ਸੂਰਜੇ, ਨਮੋ ਚੰਦ੍ਰ ਚੰਦਰੇ" ਕਹਿ ਰਹੇ ਹਨ।

ਕੁਝ ਚਿਰ ਬਾਦ ਬਾਲਾ ਪ੍ਰੀਤਮ ਜੀ ਦੂਰ ਨਿਕਲ ਗਏ ਤੇ ਨਜ਼ਰਾਂ ਤੋਂ ਉਹਲੇ ਹੋ ਗਏ।

੨.

ਇਕ ਸੁੰਦਰ ਰਮਣੀਕ ਮਹਿਲ ਹੈ, ਭਾਂਤ ਭਾਂਤ ਦੀ ਸਜਾਵਟ ਹੈ, ਇਕ ਵਿਚਲੀ ਉਮਰ ਦੀ, ਪਰ ਸੁਥਰੀ ਨੁਹਾਰ ਵਾਲੀ, ਠਹਿਰੇ ਮਨ ਵਾਲੀ ਇਸਤ੍ਰੀ ਬੈਠੀ ਆਪੇ ਹੀ ਕਹਿ ਰਹੀ ਹੈ :-

'ਹੇ ਸ਼ਿਵਦੱਤ ਮਹਾਰਾਜ ਦੇ **ਬਾਲਾ ਪ੍ਰੀਤਮ ਜੀ** ! ਇਸ ਨਿਮਾਣੀ ਨੂੰ ਬੀ ਦਰਸ਼ਨ ਦਿਓ। ਹੇ ਜਗਤ ਨਾਥ! ਦਰਸ਼ਨ ਦਿਓ। ਹੇ ਧਰਾ ਭਾਰ ਹਰਨ ਆਏ ! ਦਰਸ਼ਨ ਦਿਓ। ਅਸੀਂ ਮਾੜੇ ਹਾਂ, ਹੇ ਚੰਗੇ ਪ੍ਰੀਤਮ ਜੀ ਸ਼ਿਵਦੱਤ ਮਹਾਰਾਜ ਦੇ ਸਦਕੇ ਹੀ ਦਰਸ਼ਨ ਦਿਓ। ਉਸ ਨੂੰ ਰੋਜ਼ ਨਿਹਾਲ ਕਰਦੇ ਹੋ ਕਦੇ ਅਸਾਂ ਨੂੰ ਬੀ ਠਾਰੋ। ਹੇ **ਬਾਲਾ ਪ੍ਰੀਤਮ ਜੀ** ! ਪੰਡਤ ਜੀ ਨੇ ਆਪ ਦਾ ਪਤਾ ਨਹੀਂ ਦਿੱਤਾ, ਟਿਕਾਣਾ ਨਹੀਂ ਦੱਸਿਆ, ਜੋ ਪੁੱਛ ਕੇ ਟੁਰਕੇ ਦਰ ਤੇ ਹਾਜ਼ਰ ਹੋਈਏ। ਇਹੋ ਰਸਤਾ ਦੱਸਿਆ ਗਿਆ ਹੈ ਕਿ ਘਰ ਬੈਠਕੇ ਧਜਾਵੋ, ਅੰਦਰ ਵੜਕੇ ਸਿਮਰਨ ਕਰੋ। ਇਹ ਖੇਚਲ ਤਦੇ ਹੀ ਪਏ ਦੇਨੇ ਹਾਂ। ਹੇ ਨਾਥ ! ਦਰਸ਼ਨ ਦਿਓ, ਰਸਤਾ ਹੀ ਸਿਮਰਨ ਮਿਲਿਆ ਹੈ, ਤਾਂ ਫੇਰਾ ਪਾਉਣ ਦੀ ਖੇਚਲ ਆਪ ਨੂੰ ਹੀ ਬਣਦੀ ਹੈ। ਬਖਸ਼ੋ ਹੇ ਸ਼ਿਵਦੱਤ ਮਹਾਰਾਜ ਦੇ **ਬਾਲਾ ਪ੍ਰੀਤਮ ਜੀ** ! ਦਰਸ਼ਨ ਦੀ ਖ਼ੈਰ ਪਾਓ'।

ਇੰਨੇ ਨੂੰ ਫਤਹ ਚੰਦ ਮੈਣੀ ਜੀ ਆ ਗਏ ਤੇ ਬੋਲੇ:-

ਪਜਾਰੀ ! 'ਬਾਲਾ ਪ੍ਰੀਤਮ ਜੀ' ਆਏ ?

ਰਾਣੀ--ਸੁਆਮੀ ਜੀ ! ਸਿਮਰਣ ਵਿਚ ਵੱਸਦੇ ਹਨ, ਧਿਆਨ ਵਿਚ ਫੇਰੇ ਪਾਉਂਦੇ ਹਨ, ਠਾਰਦੇ ਹਨ, ਤਾਰਦੇ ਹਨ, ਪਰ ਇਨ੍ਹਾਂ ਹੱਡ ਚੰਮ ਦੇ ਤਰਸਦੇ ਨੈਣਾਂ ਵਿਚ ਚਰਨ ਨਹੀਂ ਪਾਉਂਦੇ; ਇਸ ਮੜੋਲੀ ਦੇ ਨੇਤ੍ਰਾਂ ਵਿਚ ਡੇਰਾ ਨਹੀਂ ਲਾਉਂਦੇ। ਪਤੀ ਜੀ ! ਅਸੀਂ ਕੁਲੀਨ ਨਹੀਂ, ਉੱਚ ਬ੍ਰਾਹਮਣ ਨਹੀਂ, ਗਰੀਬ ਖੱਤ੍ਰੀ ਹਾਂ। ਪਤੀ ਜੀ ! ਅਸੀਂ ਜਪੀ ਤਪੀ ਨਹੀਂ, ਠਾਕੁਰ ਨਹੀਂ ਪੂਜੇ, ਸੇਵਾ ਨਹੀਂ ਕੀਤੀ, ਸ਼ਿਵਦੱਤ ਮਹਾਰਾਜ ਤਾਂ ਜਨਮ ਦੇ ਪੁਜਾਰੀ ਤੇ ਤਪੀਏ ਹਨ, ਅਸੀਂ ਮੰਦ-ਕਰਮੀ ਔਗੁਣੀ ਭਰਪੂਰ ਹਾਂ, ਸਾਡੇ ਉਤੇ ਤਾਂ ਇਹ ਬੀ ਮਿਹਰ ਹੋਈ ਹੈ ਕਿ ਅਸੀਂ ਸਿਮਰਿਆ ਕਰੀਏ ਤੇ ਪਿਆਰਿਆ ਕਰੀਏ। ਸ਼ੁਕਰ ਹੈ ਕਿ ਔਗੁਣੀ ਭਰਪੂਰ ਰਿਦੇ ਵਿਚ ਫੇਰਾ ਤਾਂ ਪਾਉਂਦੇ ਹਨ।

ਰਾਜਾ-ਪ੍ਰਿਯਾ ! ਅੱਜ ਮੇਰੇ ਚਿਤ ਆਈ ਕਿ ਅਸੀਂ ਕਾਮਨਾ ਕਰਕੇ ਯਾਦ ਕਰਦੇ ਹਾਂ, ਸਾਡੇ ਜੀ ਵਿਚ ਪੁਤ੍ਰ ਦੀ ਲਾਲਸਾ ਹੈ, ਇਸ ਪਿਛੇ ਸਿਮਰਦੇ ਹਾਂ, ਜੇ ਕਦੀ ਉਨ੍ਹਾਂ ਨੂੰ ਉਨ੍ਹਾਂ ਦੇ ਨਿਰੋਲ ਪ੍ਰੇਮ ਖ਼ਾਤਰ ਸਿਮਰੀਏ ਤਾਂ ਖਬਰੇ ਆ ਜਾਣ ! ਸ਼ਿਵਦੱਤ

ਜੀ ਮਹਾਰਾਜ ਕੱਲ ਆਖਦੇ ਸੇ ਕਿ ਕਾਮਨਾਂ ਤੇ ਗ਼ਰਜ਼ਾਂ ਵਾਲੇ ਰਿਦੇ ਨਿਰਮਲ ਨਹੀਂ ਹੁੰਦੇ।

ਰਾਣੀ--ਪਤੀ ਜੀ ! ਸੱਚ ਹੈ, ਅਸਾਂ ਪੁੱਤ੍ਰ ਨੂੰ ਕੀ ਕਰਨਾ ਹੈ ? ਪੁੱਤ੍ਰ ਕੀ ਕਰੇਗਾ ? ਕੀ ਸਾਰੇਗਾ? ਜੇ ਸ਼ਿਵਦੱਤ ਜੀ ਮਹਾਰਾਜ ਦੀ ਮਿਹਰ ਨਾਲ ਜਗਤ ਸੁਆਮੀ ਜੀ ਦੇ ਦਰਸ਼ਨ ਹੋ ਜਾਣ ਤਾਂ ਹੋਰ ਕੀ ਬਾਕੀ ਰਹਿ ਜਾਂਦਾ ਹੈ ?

ਰਾਜਾ--ਪ੍ਰਿਯਾ ! ਅਸੀਂ ਬੜੇ ਭਾਗਾਂ ਵਾਲੇ ਹਾਂ। ਉਸ ਸਮੇਂ ਜਨਮੇਂ ਹਾਂ, ਜਿਸ ਸਮੇਂ 'ਆਪਜੀ' ਮਨੁੱਖੀ ਦੇਹ ਧਾਰਕੇ ਸੰਸਾਰ ਉਧਾਰਨ ਖਾਤਰ ਆਏ ਹੋਏ ਹਨ; ਹਾਂ ਜਦੋਂ ਸ੍ਰੀ ਜੀ ਨੇ ਸਥੂਲ ਸਰੀਰ ਧਾਰਿਆ ਹੈ ਤੇ ਇਨ੍ਹਾਂ ਨੈਣਾਂ ਨਾਲ ਦਿੱਸਣ ਵਾਲਾ ਰੂਪ ਅੰਗੀਕਾਰ ਕੀਤਾ ਹੈ।

ਰਾਣੀ--ਸੁਆਮੀ ਜੀ ! ਸਚ ਮੁਚ ਅਸੀਂ ਵਡਭਾਗੇ ਸਮੇਂ ਆਏ ਹਾਂ। ਫਿਰ ਕਿਉਂ ਅਸੀਂ ਪੁੱਤ੍ਰ ਦੀ ਕਾਮਨਾ ਕਰੀਏ ? ਕਿਉਂ ਨਾ '**ਬਾਲਾ ਪ੍ਰੀਤਮ ਜੀ**' ਨੂੰ ਜੀਵਨ ਅਧਾਰ ਸਮਝਕੇ ਮਾਲਿਕ ਤੇ ਪਾਲਿਕ ਸਮਝਕੇ, ਆਪਦੇ ਜੀਵਨ ਦਾ ਸੋਮਾਂ ਸਮਝਕੇ, ਪ੍ਰਾਣਾਂ ਦੇ ਪ੍ਰਾਣ, ਜੀਵਨ ਦਾ ਜੀਵਨ ਸਮਝਕੇ ਸਿਮਰੀਏ ਤੇ ਪਿਆਰ ਕਰੀਏ।

ਰਾਜਾ--ਫੇਰ ਕੀਕੂੰ ਕਰੀਏ ?

ਰਾਣੀ--ਜਿਵੇਂ ਭਗਵਾਨ! ਆਪ ਜੀ ਦੀ ਆਗਯਾ।

ਰਾਜਾ--ਪੁੱਤ੍ਰ ਭਾਵਨਾ ਛੱਡੀਏ ! ਛੁੱਟਦੀ ਨਹੀਂ। ਦਿਲ ਦੀਆਂ ਲੱਗੀਆਂ, ਮਨ ਵਿਚ ਵਸਾਈਆਂ ਸੋਚਾਂ ਬੜੇ ਡੂੰਘੇ ਘਰ ਬਣਾ ਬੈਠਦੀਆਂ ਹਨ।

ਰਾਣੀ--ਵੈਰਾਗ ਇਨ੍ਹਾਂ ਨੂੰ ਹੀ ਕੱਢਣ ਦਾ ਡੰਡਾ ਹੈ ਨਾ।

ਰਾਜਾ--ਸੱਚ, ਕਿਥੇ ਹੈ ਰਾਜਾ ਦਸਰਥ, ਜੋ ਪੁੱਤ੍ਰ ਦੇ ਵਿਯੋਗ ਵਿਚ ਪ੍ਰਾਣ ਤਿਆਗ ਗਿਆ ? ਕਿੱਥੇ ਹੈ ਰਾਵਣ ਜੋ ਸਵਾ ਲੱਖ ਪੁੱਤ੍ਰ ਪੋਤ੍ਰੇ ਦਾ ਜਨਕ ਸੀ ? ਸਭ ਮਿਥਨ ਮੁਹਾਰਾ ਹੈ, ਕੂੜਾ ਪਸਾਰਾ ਹੈ।

ਰਾਣੀ--ਹਾਂ, ਪਰ ਪੁੱਤ੍ਰ 'ਪੂ' ਨਾਮੇ ਨਰਕ ਤੋਂ ਤ੍ਰਾਣ ਕਰਤਾ ਹੈ। ਪੁੱਤ੍ਰ ਹੀ ਹੋਵੇ ਤਾਂ 'ਪੂ' ਨਰਕ ਤੋਂ ਛੁਟਕਾਰਾ ਮਿਲੇਗਾ, ਕੀ ਕਰੀਏ ? ਹੇ ਪੁੱਤ੍ਰ ਲਾਲਸਾ ! ਕਿਵੇਂ ਸਾਡੇ ਅੰਦਰੋਂ ਦੂਰ ਹੋ, ਜੋ '**ਬਾਲਾ ਪ੍ਰੀਤਮ ਜੀ**' ਲਈ ਸਾਰੀ ਥਾਂ ਵਿਹਲੀ ਹੋਵੇ।

ਰਾਜਾ--ਨਰਕ ਦਾ ਹੁਣ ਫਿਕਰ ਕਿਉਂ ਕਰੀਏ ? ਨਰਕਾਂ ਤੋਂ '**ਬਾਲਾ ਪ੍ਰੀਤਮ**' ਤਾਰੇਗਾ, ਸਿੰਘ ਦੀ ਸ਼ਰਣ ਲੈ ਕੇ ਫੇਰ ਸ਼੍ਰਿਗਾਲਾਂ (ਗਿੱਦੜਾਂ) ਦਾ ਕੀ ਭੈ ?

ਰਾਣੀ (ਖੁਸ਼ ਹੋ ਕੇ)--ਠੀਕ ਹੈ, ਸੱਚ ਹੈ। ਲਓ ਮੇਰੀ ਪੁੱਤ੍ਰ ਕਾਮਨਾਂ ਤਾਂ ਟੁੱਟੀ ਜੇ।

ਰਾਜਾ--ਪਰ ਹੇ ਰਾਣੀਏ ! ਮਾਲ ਮਿਲਖ ਕੌਣ ਸਾਂਭੇਗਾ?

ਰਾਣੀ--ਜਦ ਨਰਕ ਭੈ ਗਿਆ ਤਾਂ ਮਾਲ ਮਿਲਖ ਦਾ ਅੰਦੇਸ਼ਾ ਬੀ ਨਾਲ ਜਾਵੇ। ਜੇ '**ਬਾਲਾ ਪ੍ਰੀਤਮ**' ਨਰਕਾਂ ਤੋਂ ਤਾਰੇਗਾ ਤਾਂ '**ਬਾਲਾ ਪ੍ਰੀਤਮ**' ਮਾਲ ਮਿਲਖ ਭੀ ਪਿਆ ਸਾਂਭੇਗਾ।

ਰਾਜਾ--ਹਾਂ ਰਾਣੀ! ਮਾਲ ਮਿਲਖ ਸਭ ਦਾਤ ਉਸੇ ਦੀ ਹੈ ਉਹ ਸ੍ਵਾਮੀ ਜੁ ਹੋਇਆ, ਉਹ ਦਾਤਾ ਜੁ ਹੋਯਾ।

ਰਾਣੀ--ਫੇਰ ਮਾਲ ਮਿਲਖ ਦਿੱਤੇ ਬੀ ਉਸੇ ਤੇ ਸਾਂਭੇ ਭੀ ਉਹੋ, ਅਸੀਂ ਵਿਚ ਮੈਂ ਮੇਰੀ ਫਸਾ ਕੇ ਕਾਸ ਨੂੰ ਪਏ ਦੁੱਖ ਪਾਈਏ, ਅਸੀਂ ਬੀ ਉਸੇ ਦੇ ਹੋਈਏ ਤੇ ਉਸ ਦੇ ਹੋਣ ਦਾ ਰਸ ਮਾਣੀਏਂ।

ਰਾਜਾ--ਠੀਕ ਹੈ ! ਹੇ ਪੁੱਤ੍ਰ ਕਾਮਨਾ ! ਹੇ ਹਿਰਦੇ ਵਿਚ ਰੜਕਦਾ ਕੰਟਕ ! ਵਿਦਾ ਹੋ, ਅੱਜ ਸਾਨੂੰ ਛੱਡ ਅਸਾਂ ਤੈਨੂੰ ਛੱਡਿਆ। ਅਸੀਂ ਹੋਈਏ, **ਬਾਲਾ ਪ੍ਰੀਤਮ** ਹੋਵੇ। ਸ਼ਿਵਦੱਤ ਜੀ ਮਹਾਰਾਜ ਦਾ '**ਬਾਲਾ ਪ੍ਰੀਤਮ**' ਸਾਡਾ '**ਬਾਲਾ ਪ੍ਰੀਤਮ**' ਹੋਵੇ, ਨਾ ਨਾ, ਅਸੀਂ ਉਸਦੇ ਹੋਈਏ, ਉਹ ਮਾਲਿਕ ਹੋਵੇ, ਅਸੀਂ ਚਰਨ ਚੁੰਮੀਏਂ।

ਰਾਣੀ--ਹੇ ਪੁਤ੍ਰ ਤ੍ਰਿਸ਼ਨਾ ! ਦੂਰ ਹੋ, ਹੇ ਪੁੱਤ੍ਰ ਵਾਸ਼ਨਾ ! ਦੂਰ ਹੋ, ਹੇ ਮਾਲ ਮਿਲਖ ਦੇ ਹਿਤ ! ਦੂਰ ਹੋ। ਹੇ ਸ਼ਿਵਦੱਤ ਜੀ ਮਹਾਰਾਜ ! ਸਾਡਾ ਮਨ ਧੋ ਦਿਓ, ਜੋ ਤੁਹਾਡੇ ਵਾਂਙ ਸੱਚੀ ਨਿਸ਼ਕਾਮ ਤੇ ਪਿਆਰ ਭਰੀ ਲਾਲਾਸਾ ਨਾਲ ਪ੍ਰੀਤਮ ਜੀ ਨੂੰ ਸਿਮਰੀਏ।

ਇਉਂ ਕਹਿੰਦਿਆਂ ਦੁਹਾਂ ਦੇ ਨੈਣ ਮੁੰਦ ਗਏ। ਨੈਣ ਬੰਦ ਹਨ, ਪਰ ਨੈਣਾਂ ਦੀ ਜੋਤਿ ਗੰਗਾ ਕਿਨਾਰੇ ਸ਼ਿਵਦੱਤ ਜੀ ਕੋਲ ਹੈ ! ਸ਼ਿਵਦੱਤ ਜੀ ਸੂਰਜ ਵੱਲ ਮੂੰਹ ਕਰਾਕੇ ਕਹਿੰਦੇ ਹਨ ਤੱਕੋ ਜੋਤਿ ਦੀ ਟਿੱਕੀ ਉਤੇ '**ਪ੍ਰੀਤਮ ਜੀ**' ਹਨ। ਦੋਵੇਂ ਤੱਕਦੇ ਹਨ ਤਾਂ ਕੀ ਦੇਖਦੇ ਹਨ, ਨੂਰਾਂ ਦੇ ਨੂਰ ਖੂੰਡੀ ਲਈ ਖੜੇ ਹਨ, ਅਰ ਬਾਲਕ ਖਿੱਦੂ ਸਿੱਟ ਰਹੇ ਹਨ ਤੇ ਆਪ ਖੇਲ ਰਹੇ ਹਨ। ਦਰਸ਼ਨ ਹੋਇਆ-

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ।
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ॥ ੧॥

(ਫੁਨਹੇ ਮ: ੫)



**BALA PREETAM**

ਕੈਸਾ ਸੁਆਦ ਆ ਰਿਹਾ ਹੈ, ਸੁਰਤ ਕੈਸੀ ਧਿਆਨ ਵਿਚ ਮਗਨ ਹੈ, ਮਨ ਕਿਸ ਤਰ੍ਹਾਂ ਦਰਸ਼ਨਾਂ ਵਿਚ ਸਮਾ ਗਿਆ ਹੈ, ਚਿਤ ਕਿਸ ਤਰ੍ਹਾਂ ਮਗਨਾਨੰਦ ਹੈ। ਵਿਹੜੇ ਵਿਚ ਖੜਾਕ ਹੋ ਰਹੇ ਹਨ, ਇਨ੍ਹਾਂ ਨੂੰ ਪਤਾ ਨਹੀਂ। ਵਿਹੜੇ ਵਿਚ ਟਟਾਕ ਟਟਾਕ ਖਿੱਦੂ ਨੂੰ ਖੂੰਡੀਆਂ ਵੱਜ ਰਹੀਆਂ ਹਨ, ਪਰ ਇਹ ਤ੍ਰਬ੍ਰਕ ਨਹੀਂ ਰਹੇ। ਵਿਹੜੇ ਵਿਚ ਮੁੰਡੇ ਖ਼ੂਬ ਰੌਲਾ ਪਾਉਂਦੇ ਹਨ ਪਰ ਇਨ੍ਹਾਂ ਦੇ ਨੇਤ੍ਰ ਖੁੱਲ੍ਹ ਨਹੀਂ ਰਹੇ। ਐਨਾ ਸ਼ੋਰ ਮਚਦਾ ਹੈ ਕਿ ਗੂੜ੍ਹੀ ਨੀਂਦ ਵਿਚੋਂ ਆਦਮੀ ਜਾਗ ਪਏ, ਪਰ ਇਨ੍ਹਾਂ ਦੇ ਸਰੀਰ ਨਿਸ਼ਚਲ ਤੇ ਅਡੋਲ ਬੈਠੇ ਹਨ। ਇਨ੍ਹਾਂ ਨੂੰ ਜੋਤਿ ਮੰਡਲ ਵਿਚ ਜਯੋਤੀ ਸਰੂਪ ਦਾ ਦਰਸ਼ਨ, ਉਸਦੇ ਕਉਤਕ ਤੇ ਚੋਜ ਆਪਦੇ ਵਿਚ ਖਿੱਚੀ ਬੈਠੇ ਹਨ।

ਹੁਣ ਦੇਖੋ, ਸੁੱਕੀ ਗੋਦ 'ਸੂਕੇ ਕਾਸਟ ਹਰਿਆ' ਹੁੰਦੇ ਹਨ, 'ਦੇਖੋ 'ਗੁਰਪ੍ਰਸਾਦ' ਹੁੰਦਾ ਹੈ, ਦੇਖੋ 'ਪਰਮ ਪਦ' ਮਿਲਦਾ ਹੈ, ਆਹ ਦੇਖੋ ਜੋ 'ਸਤਸੰਗਤਿ ਮਿਲੈ ਸੁ ਤਰਿਆ' ਦਾ ਖੇਲ ਵਰਤਦਾ ਹੈ ! ਹੇ ਖਤ੍ਰਾਣੀ ਮਾਈ, ਹੇ ਰਾਜ ਰਾਣੀ ਮੈਨਿਆਣੀ ! ਦੇਖ ਤੇਰੀ ਗੋਦ ਹਰੀ ਹੁੰਦੀ ਹੈ, ਦੇਖ ! ਜਗਤ ਰੱਖਜਕ ਦਾਤਾ, ਦੇਖ ! ਸ੍ਰਿਸ਼ਟੀ ਦਾ ਭਾਰ ਚਾਉਣ ਵਾਲਾ ਪੰਜ ਸੱਤ ਵਰ੍ਹੇ ਦਾ ਬਾਲਕ, ਬਾਲਕ ਨਹੀਂ ਸ੍ਰਿਸ਼ਟੀ ਦਾ ਪ੍ਰਤਿਪਾਲਕ ਆਇਆ ਹਈ। ਪਰ ਤੂੰ ਪਈ ਰਹੁ, ਧਿਆਨ ਮਗਨ ਟਿਕੀ ਰਹੁ, ਇਹ ਅੱਖਰਾ ਤੇ ਚੋਜੀ ਬਾਲਕਾ, ਸਾਂਈਂ ਦਾ ਆਪਣਾ ਪੁੱਤ ਤਾਂ ਅਜੇ ਚੋਜਾਂ ਵਿਚ ਹੀ ਮਗਨ ਹੈ। ਹੁਣ ਦੇਖੋ ਖੇਲ ਬੰਦ ਹੋ ਗਈ, ਚੋਜੀ ਗੋਬਿੰਦ ਕੀਕੂੰ ਮਲਕੜੇ ਅੰਦਰ ਆਇਆ ਹੈ, ਕੀਕੂੰ ਦਬੇ ਦਬੇ ਪੈਰ ਧਰਦਾ ਹੈ, ਕੀਕੂੰ ਗੋਦ ਵਿਚ ਸਹਿਜ ਨਾਲ ਬੈਠਦਾ ਹੈ, ਕੀਕੂੰ ਗਲੱਕੜੀ ਪਾ ਕੇ ਚਿਹਰੇ ਵਲ ਪਿਆਰ ਨਾਲ ਤੱਕ ਕੇ ਆਖਦਾ ਹੈ :-

"ਮਾਂ"

ਮਾਂ, "ਮਾਂ"

ਕਦੇ ਨਹੀਂ ਸੀ ਸੁਣਿਆਂ ਕਿਸੇ ਨੇ ਜੋ ਮੈਨਿਆਣੀ ਨੂੰ ਕਹੇ "ਮਾਂ"। ਹਾਂ ਧਿਆਨ ਮਗਨ ਕੰਨਾਂ ਵਿਚ ਸੱਦ ਪਈ "ਮਾਂ; ਥੱਲੇ ਲਹਿ ਗਈ, ਚਿੱਤ ਵਿਚ ਜਾ ਵੜੀ ਉਹ ਸੱਦ। ਜਿਮ ਮੰਡਲ ਧਿਆਨ ਲੱਗ ਰਿਹਾ ਸੀ, ਉਸ ਵਿਚ ਸਾਰੇ ਲਿਖਿਆ ਗਿਆ 'ਮਾਂ'। ਮਾਂ ਕਹਾਉਣ ਦੀ ਲਾਲਸਾ ਦਾ ਤਯਾਗ ਕਰ ਚੁਕੀ ਮੈਨਿਆਣੀ ਕੀ ਤੱਕਦੀ ਹੈ ਕਿ 'ਮਾਂ' 'ਮਾਂ' ਹੋ ਰਹੀ ਹੈ।

ਤ੍ਰਬ੍ਰਕੀ, ਨੈਣ ਖੁੱਲ੍ਹੇ; 'ਮਾਂ ਮਿੱਠਾ ਪਯਾਰਾ, ਧੀਮਾ, ਰਸਦਾਇਕ, ਖਿੰਚ ਭਰਿਆ ਪਦ 'ਮਾਂ' ਕੰਨਾਂ ਵਿਚ ਗੂੰਜ ਰਿਹਾ ਹੈ।

ਨੈਣ ਖੁੱਲ੍ਹੇ, ਚੰਗੀ ਤਰ੍ਹਾਂ ਖੁੱਲ੍ਹੇ, ਕੀ ਦੇਖਦੇ ਹਨ 'ਗੋਦੀ ਹਰੀ ਹੈ'। ਉਹ ਸੂਰਜ ਮੰਡਲ ਉਤੇ ਖੇਡਦੀ ਜੋਤਿ ਗੋਦੀ ਵਿਚ ਬੈਠੀ ਹੈ, ਗਲੱਕੜੀ ਪਾਈ ਹੈ, ਚਿਹਰਾ ਝੁਕਕੇ ਮਾਈ ਦੇ ਚਿਹਰੇ ਵੱਲ ਤੱਕ ਰਿਹਾ ਹੈ ਤੇ ਨੈਣ ਕਹਿ ਰਹੇ ਹਨ "ਮਾਂ"।

ਹਾਇ! ਸਿੱਕਦੀ ਤੇ ਲੋਂਹਦੀ ਮਾਂ! ਦੇਖ, ਜਨਮਾਂ ਦੀ ਸਿੱਕਦੀ ਨੂੰ ਪੁੱਤਰ ਮਿਲਿਆ, ਕਿਹੜਾ ਪੁੱਤਰ ਮਿਲਿਆ ? ਜਿਸ ਦੀ ਧੂੜੀ ਨੂੰ ਜੋਗੀ ਜਪੀ ਤੇ ਤਪੀ ਤਰਸਦੇ ਹਨ, ਦੇਖ ! ਤੈਨੂੰ ਕੀ ਪਿਆ ਆਖਦਾ ਹੈ:-

"ਮਾਂ"

'ਮਾਂ' ਇਕ ਅੱਖਰਾ ਪਦ ਕੀਹ ਸੀ ? ਮੈਨਿਆਣੀ ਸਾਰੀ ਸਦਕੇ ਹੋ ਗਈ। ਕਾਹਲੀ ਨਾਲ ਮੱਥਾ ਟੇਕਣਾ ਚਾਹੁੰਦੀ ਹੈ ਪਰ ਸਰਬ ਸਮਰੱਥ ਕਦ ਹਿੱਲਣ ਦੇਂਦਾ ਹੈ ? ਤੇ ਫੇਰ ਕਹਿੰਦਾ ਹੈ—"ਮਾਂ"

ਲੈ "ਮਾਂ" ਲੋਕਾਂ ਨੂੰ ਤਾਂ ਪੁੱਤ ਦੇਂਦਾ ਸੀ, ਤੈਨੂੰ ਤੇਰੇ ਨਿਸ਼ਕਾਮ ਪਿਆਰ ਦੇ ਬਦਲੇ ਆਪਾ ਦੇ ਰਿਹਾ ਹੇ, ਕਹਿ ਰਿਹਾ ਹੈ "ਤੂੰ ਮਾਂ ਤੇ ਮੈਂ ਪੁੱਤ"।

ਫਤਹ ਚੰਦ ਅੰਦਰ ਰਸ ਦੀ ਝਰਨਾਟ ਛਿੜੀ, ਅਰਸ਼ਾਂ ਤੇ ਖੇਡਦੀ ਜੋਤਿ ਵਿਹੜੇ ਵੜਦੀ ਦਿੱਸੀ ਨਹੀਂ, ਆਪਣੀ ਇਸਤ੍ਰੀ ਦੀ ਗੋਦੀ ਬੈਠਦੀ ਦਿੱਸੀ, ਤੇ ਆਵਾਜ਼ ਆਈ "ਮਾਂ"।

ਕੌਣ ਹੈ ਜੋ ਮੇਰੀ ਨਿਪੁੱਤੀ ਇਸਤ੍ਰੀ ਨੂੰ ਆਖਦਾ ਹੈ "ਮਾਂ" ? ਓ ਭਈ ਰਾਜਾ ! ਚੰਗੀ ਤਰ੍ਹਾਂ ਵੇਖ, ਇਹ ਕੌਣ ਹੈ ? ਇਹ ਉਹ ਹੈ ਜੋ:—"ਜੇਵਡੁ ਆਪਿ ਤੇਵਡ ਤੇਰੀ ਦਾਤਿ" ਕਰ ਸਕਦਾ ਹੈ। ਮੰਗੋ ਪੁੱਤ, ਵਾਕਬ ਨਹੀਂ। ਵਾਸ਼ਨਾ ਤਿਆਗੋ, ਆਪੇ ਪੁੱਤ।

ਰਾਜਾ ਦੇ ਨੈਣ ਖੁੱਲ੍ਹੇ, ਆਹਾ ! ਇਸਤ੍ਰੀ ਦੀ ਗੋਦ ਹਰੀ ਹੋ ਗਈ। ਜੋਤਿ ਦਾ ਪੁੰਜ, ਸੱਚੇ ਸਾਂਈਂ ਦਾ ਬਾਲਕਾ, ਨੂਰ ਦਾ ਬੁੱਕਾ, ਪ੍ਰਕਾਸ਼ ਦਾ ਪੁਤਲਾ; ਕਿਸ ਪਿਆਰ ਨਾਲ ਬੈਠਾ ਹੈ; ਕਿਸ ਤਰ੍ਹਾਂ ਮਾਤ੍ਰੀ ਪ੍ਰੇਮ ਵਿਚ ਮਗਨ ਹੈ, ਅਰ ਮਾਤਾ ਕੀਕੂੰ ਪ੍ਰੇਮ ਵਿਚ ਮਗਨ

ਹੈ। ਹਾਂ ਰਾਜਾ! 'ਬਾਲਾ ਪ੍ਰੀਤਮ' ਇਹੋ ਹੈ।

ਰਾਜਾ ਦੇ ਚਿਤ ਵਿਚੋਂ ਸ਼ਿਵਦੱਤ ਦੇ ਵਾਕ ਲੰਘੇ ਕਿ "ਆਪੇ ਆਵੇਗਾ, ਤੂੰ ਸਿਮਰਰਿਆ ਕਰ" ਸਚ ਮੁਚ ਆ ਗਿਆ ਹੈ। ਰਾਜਾ ਹੁਣ ਛੇਤੀ ਨਾਲ ਮੱਥਾ ਟੇਕਣ ਲੱਗਾ। ਪਰ ਦੇਖੋ, ਉਸ ਫੌਜਾਂ ਦੇ ਬਣਨ ਵਾਲੇ ਜਰਨੈਲ ਨੇ ਕਿਸ ਫੁਰਤੀ ਨਾਲ, ਕਿਸ ਬਲ ਨਾਲ ਗਲਵੱਕੜੀ ਪਾਈ ਹੈ ਕਿ ਹਿੱਲਣ ਨਹੀਂ ਦਿੱਤਾ, ਕਿਸ ਤਰ੍ਹਾਂ ਨੈਣਾਂ ਵਿਚ ਨੈਣ ਗੱਡ ਕੇ ਕਿਹਾ ਹੈ "ਮਾਂ"। ਫਤਹ ਚੰਦ ਵਿਚ ਕੋਈ ਤਾਬ ਨਾ ਰਹੀ, ਰਸ ਰੂਪ ਹੋ ਕੇ ਆਤਮਾਨੰਦ ਵਿਚ ਲਿਵਲੀਨ ਹੋ ਗਿਆ, ਇਸ ਦਰਸ਼ਨ ਨੂੰ ਮਗਨ ਬੈਠੀ ਮਾਂ ਤੱਕ ਰਹੀ ਹੈ, ਓਸ ਦੇ ਕੰਨ ਗੂੰਜ ਰਹੇ ਹਨ; ਅੰਦਰੋਂ 'ਮਾਂ' ਦੀ ਸੱਦ ਆਉਂਦੀ ਹੈ।

ਕਿਤਨਾ ਕਾਲ ਇਸ ਆਤਮ ਰੰਗ ਵਿਚ ਬੀਤ ਗਿਆ, ਬੂਹੇ ਵਿਚ ਖਿਲਾੜੀ ਸਖੇ ਖੜੇ ਹਨ, ਸਭ ਚੁੱਪ ਪੱਥਰ ਦੀਆਂ ਮੂਰਤਾਂ ਹਨ, ਇਤਨੇ ਨੂੰ ਸ਼ਿਵਦੱਤ ਜੀ ਆ ਗਏ ਤੇ ਬੜੇ ਗਦ ਗਦ ਕੰਠ ਵਿਚ ਬੋਲੇ--

"ਤੂੰਹੀ, ਤੂੰਹੀ, ਤੂੰਹੀ ਤੂੰਹੀ, ਤੂੰਹੀ ਤੂੰਹੀ"

'ਬਾਲਾ ਪ੍ਰੀਤਮ ਜੀ ਉੱਠ ਖੜੇ ਹੋਏ', ਨਜ਼ਰ ਅਕਾਸ਼ਾਂ ਵਿਚ ਗੱਡੀ ਤੇ ਸ਼ਿਵਦੱਤ ਦੀ ਧੂਨੀ ਵਿਚ ਮਹਾਂਧੂਨੀ ਰਲਾਈ :---

"ਤੂੰਹੀ' ਤੂੰਹੀ, ਤੂੰਹੀ ਤੂੰਹੀ, ਤੂੰਹੀ, ਤੂੰਹੀ"

'ਤੂੰਹੀ' 'ਤੂੰਹੀ' ਦਾ ਰੰਗ ਬੱਝ ਗਿਆ। ਇਕ ਅਕਾਲ ਦੀ ਉਪਾਸਨਾ ਦਾ ਨਕਸ਼ਾ ਜੰਮ ਗਿਆ, ਕਮਰਾ ਸੀ ਕਿ ਸੱਚੀ ਅਲੂਹੀਅਤ[1] ਦਾ ਮੰਡਲ ਹੋ ਗਿਆ।

ਇਸ ਆਰਾਧਨਾ ਦੇ ਮਗਰੋਂ 'ਬਾਲਾ ਪ੍ਰੀਤਮ ਜੀ' ਆਪਣੇ ਬਾਲ ਸੁਭਾਵ ਵਿਚ ਆ ਗਏ। "ਮਾਂ ! ਭੁੱਖ ਲੱਗੀ ਏ, ਕੁਛ ਖਾਣ ਨੂੰ ਦੇਹ"।

ਮੈਣਿਆਣੀ ਨੇ ਆਦਮੀ ਭਜਾਯਾ ਕਿ ਬਜ਼ਾਰੋਂ ਤਾਜ਼ੀ ਮਠਿਆਈ ਲਿਆ, ਪਰ ਚੋਜੀ ਪਿਆਰੇ ਬੋਲੇ :--

"ਤਲੇ ਹੋਏ ਛੋਲੇ ਤੇ ਦੁੱਧ ਦੀ ਪੂਰੀ ਖਾਸਾਂ, ਹਾਂ; ਅੰਦਰ ਪਏ ਛੋਲੇ ਤੇ ਪੂਰੀ ਖਾਸਾਂ"।

ਸਚਮੁਚ ਏਹ ਦੋਵੇਂ ਪਦਾਰਥ ਅੰਦਰ ਹੁਣੇ ਹੀ ਤਿਆਰ ਕਰ ਕੇ ਰਸੋਇਣ ਨ ਰੱਖੇ ਸੇ। ਰਾਣੀ ਭੱਜੀ ਗਈ, ਲਿਆਈ, ਅੱਗੇ ਧਰੇ। ਚੋਜੀ ਜੀ ਨੇ ਕੁਛ ਸ਼ਿਵਦੱਤ ਨੂੰ ਦਿਤੇ, ਫੇਰ ਅਪਣੇ ਸਾਥੀਆਂ ਨੂੰ ਦਿਤੇ ਫੇਰ ਰਾਜਾ ਰਾਣੀ ਨੂੰ ਦਿਤੇ, ਫੇਰ ਆਪ ਖਾਧੇ। ਵਿਹੜੇ ਵਿਚ ਭੱਜ ਗਏ; ਦੋ ਘੰਟੇ ਖ਼ੂਬ ਖਿਦੋ ਖੂੰਡੀ ਖੇਡੀ, ਖੇਡਦੇ ਖੇਡਦੇ ਸਵੇਰ ਦੀ, ਸੁਹਣਿਆਂ ਮੋਤੀਆਂ ਵਾਂਙ ਚਮਕਦੀ ਤ੍ਰੇਲ ਵਾਂਙੂ ਖਿਸਕੰਤ ਹੋ ਗਏ।

1. ਰੱਬੀ ਰੰਗ, ਦੈਵੀ ਪ੍ਰਭਾਵ।

੩.

**ਪਾਟਲੀ** ਪੁੱਤਰ, ਹਾਂ ਜੀ, ਪੁਰਾਤਣ ਪਾਟਲੀ ਪੁੱਤਰ, (ਯੂਨਾਨੀਆਂ ਦਾ ਪਾਲੀ ਬੋਥਰਾ) ਤੇ ਫੇਰ ਪਟਨਾ ਤੇ ਅੱਜ ਕੱਲ ਬੀ ਪਟਨਾ ਕੇਡੇ ਭਾਗਾਂ ਵਾਲਾ ਪਟਨਾ ਹੈ। ਇਸ ਪਟਨੇ ਵਿਚ ਇਕ ਸੁੰਦਰ ਘਰ ਹੈ, ਜਗਤ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੁਪਤਨੀ, ਸਾਡੀ ਮਾਤਾ ਗੁਜਰੀ ਜੀ, ਅੰਦਰ ਬੈਠੀ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਹੀ ਹੈ ਕਿ ਮਾਮਾ ਕ੍ਰਿਪਾਲ ਚੰਦ ਆਯਾ, ਗਹਿਣੇ, ਕਪੜੇ, ਰੁਪਏ, ਰੇਸ਼ਮ ਮਠਿਆਈਆਂ ਅੱਗੇ ਧਰ ਕੇ ਆਖਦਾ ਹੈ: ਲਓ ਬੇਬੇ ਜੀ !

ਬੇਬੇ--ਕਿੱਥੋਂ ਲਿਆਏ ਹੋ ? ਵੀਰ ਜੀ !

ਮਾਤਾ--ਬੇਬੇ ! ਸਾਹਿਬਜ਼ਾਦੇ ਜੀ ਅੱਜ ਫਤਹ ਚੰਦ ਰਾਜਾ ਦੇ ਘਰ ਜਾ ਖੇਡੇ, ਉਹ ਆਤਮ ਰੰਗ ਰਮਾਯਾ ਕਿ ਸੱਚ ਖੰਡ ਬਣਾ ਦਿੱਤਾ। ਮੈਣਿਆਣੀ ਨੂੰ "ਮਾਂ" ਆਖ ਕੇ ਤਾਰ ਆਏ ਹਨ। ਬੇਬੇ ! ਕਦੇ ਸਾਥੋਂ ਭੁੱਲ ਨਾ ਹੋਵੇ, ਇਹ ਬਾਲਕਾ ਨਹੀਂ, (ਹੌਲੇ ਜੇਹੇ) 'ਆਪ' ਹੈ, ਖੇਡਾਂ ਵੱਲ ਤੱਕਕੇ ਨਹੀਂ ਭੁੱਲਣਾ, ਚੋਜਾਂ ਵੱਲ ਨਹੀਂ ਜਾਣਾ। ਇਹ ਤਾਂ ਇਹਨਾਂ ਦੀ ਮੌਜ ਹੈ...ਆਤਮ ਹੁਲਾਰਾ ਇਤਨਾ ਹੈ ਕਿ ਸਮਾ ਨਹੀਂ ਸਕਦਾ।

ਬੇਬੇ—ਵੀਰ ਜੀ! ਇਸੇ ਕਰਕੇ ਮੈਂ ਕਦੇ ਕੁਛ ਨਹੀਂ ਕਿਹਾ, ਚਾਹੇ ਕੁਛ ਕਰਨ। ਜੇ ਇਨ੍ਹਾਂ ਗੁਲੇਲਾਂ ਮਾਰ ਕੇ ਘੜੇ ਭੰਨੇ ਤਾਂ ਮੈਂ ਗਾਗਰਾਂ ਲੈ ਦਿੱਤੀਆਂ। ਜੇ ਇਨ੍ਹਾਂ ਤੀਰ ਮਾਰ ਕੇ ਵਿੰਨ੍ਹੀਆਂ ਤਾਂ ਅੱਜ ਸਵੇਰੇ ਖੂਹ ਨੂੰ ਸ੍ਰਾਪ ਦੇ ਦਿੱਤਾ ਹੈ ਕਿ ਤੂੰ ਖਾਰਾ ਹੋ ਜਾਹ[1] ਕੋਈ ਪਾਣੀ ਭਰਨ ਨਾ ਆਵੇ, ਪਰ ਲਾਲ ਜੀ ਨੂੰ ਕੁਛ ਨਹੀਂ ਕਿਹਾ।

ਮਾਮਾ--ਚੰਗਾ, ਸਿਆਣੇ ਹੋ, ਜਿਨ੍ਹਾਂ ਦੇ ਘੜੇ ਭੱਜੇ ਉਨ੍ਹਾਂ ਦੇ ਮੰਦ ਕਰਮ ਭੱਜੇ, ਜਿਨ੍ਹਾਂ ਦੀਆਂ ਗਾਗਰਾਂ ਛਿਦੀਆਂ ਉਨ੍ਹਾਂ ਦੇ ਪਾਪ ਛਿੱਜੇ। ਜਿਸ ਜਿਸ ਨਾਲ ਪਯਾਰ ਕਰਨ, ਜਿਸ ਜਿਸ ਨਾਲ ਅੱਖੜਖਾਨੀ ਕਰਨ, ਉਹੋ ਭਾਗਾਂ ਵਾਲਾ ਹੈ, ਉਸ ਉਸ ਨੂੰ ਇਨ੍ਹਾਂ ਤਾਰਨਾ ਹੈ, ਇਨ੍ਹਾਂ ਦਾ ਕੋਈ ਚੋਜ ਮਤਲਬ ਤੋਂ ਖਾਲੀ ਨਹੀਂ।

1. ਇਹ ਖੂਹ ਮੰਦਰ ਦੇ ਵਿਚ ਹੈ, ਪਹਿਲੋਂ ਮਿਠਾ ਸੀ ਤਦ ਤੋਂ ਖਾਰਾ ਹੈ।

ਭਲਾ ਦੇਖੋ; ਰਾਜਾ ਸ਼ਿਵਦੱਤ ਭਾਰੀ ਪੰਡਤ, ਤੇਜਸ੍ਵੀ ਚੇਲਿਆਂ ਵਾਲਾ, ਰਾਜ ਵਾਲਾ ਇਸ ਤਰ੍ਹਾਂ ਦਾ ਇਨ੍ਹਾਂ ਦਾ ਭਗਤ ਹੋਇਆ ਹੈ ਕਿ ਈਸ੍ਵਰ ਭਾਵਨਾ ਧਾਰਦਾ ਹੈ, ਜਾਨ ਮੰਗਣ ਤਾਂ ਹਾਜ਼ਰ ਕਰਦਾ ਹੈ। ਉਸਦੇ ਕਰਮ ਧਰਮ ਸਾਰੇ ਇਨ੍ਹਾਂ ਦੇ ਧਿਆਨ ਵਿਚ ਆ ਸਮਾਪਤ ਹੋਏ ਹਨ। ਖ਼ਬਰੇ ਕੀਹਾ ਕੀਤਾ ਨੇ ? ਉਹ ਸਾਖਜਾਤ ਜਾਗਦੀ ਜੋਤਿ ਸਮਝਦਾ ਹੈ। ਜਗਤ ਸੇਠ, ਰਲਾ ਸੇਠ, ਮਾਧੋ ਸੇਠ ਹੋਰ ਕਿਤਨਿਆਂ ਦੇ ਘਰ ਇਨ੍ਹਾਂ ਦੇ ਟੁਰੇ ਜਾਂਦੇ ਮਖ਼ੌਲ ਭਰੇ ਵਾਕਾਂ ਤੋਂ ਪੁੱਤ੍ਰ ਹੋਏ ਹਨ। ਕਿਤਨੇ ਰੋਗੀ ਰਾਜ਼ੀ ਹੋ ਚੁਕੇ ਹਨ। ਕੱਲ ਇਕ ਕੋੜ੍ਹੀ ਨੂੰ ਘਾਟ ਤੋਂ ਧੱਕਾ ਦੇ ਕੇ ਗੰਗਾ ਵਿਚ ਮਾਰਿਆ, ਨਿਕਲਿਆ ਤਾਂ ਨਵਾਂ ਨਰੋਇਆ ਸੀ। ਜੇ ਅਜ਼ਮਤਾਂ ਵੱਲ ਤੱਕੋ ਤਾਂ ਸਾਖਜਾਤ, ਤੇ ਜੇ ਘਾਟਾਂ ਪਰ ਪਾਣੀ ਉਛਾਲਦੇ, ਖਿੱਦੋ ਖੇਡਦੇ, ਗਾਗਰਾਂ ਵਿੰਨ੍ਹਦੇ, ਖੇਡਾਂ ਕਰਦੇ ਤੱਕੋ ਤਾਂ ਅਚਰਜ ਆਉਂਦਾ ਹੈ। ਬੇਬੇ ਜੀ ! ਅਰਦਾਸ ਕਰੋ !

ਇੰਨੇ ਨੂੰ ਧੰਮ ਧੰਮ ਕਰਦੀ ਆਵਾਜ਼ ਆਈ। ਤੀਰ ਕਮਾਣ ਤਾਣੀ ਅੱਗੇ ਅੱਗੇ ਕਦਮ ਰੱਖਦੇ ਲਾਲ ਜੀ ਆ ਰਹੇ ਹਨ, ਮਗਰ ਸੌ ਮੁੰਡਾ ਇਕ ਕਦਮ ਸਫ ਬੰਨ੍ਹ ਕੇ ਇਨ੍ਹਾਂ ਦੇ ਹੁਕਮ ਦੇ ਵਾਕਾਂ ਅਨੁਸਾਰ ਕਦਮ ਪੱਟਦਾ ਕਦਮ ਬਦਲਦਾ ਆ ਰਿਹਾ ਹੈ, ਮਾਨੋ ਸੈਨਾਪਤੀ ਜੀ ਫੌਜ ਨੂੰ ਕਵੈਦ ਕਰਾਉਂਦੇ ਆ ਰਹੇ ਹਨ, ਆਉਂਦੇ ਹੀ ਬੋਲੇ :--

"ਜੀਓ ! ਲਿਆਓ ਮਿਠਾਈ, ਰੋਟੀ ਫੌਜਾਂ ਨੂੰ ਖੁਆਈਏ"। ਮਾਂ ਨੇ ਉਠ ਕੇ ਗਲ ਨਾਲ ਲਾਯਾ, ਮੱਥਾ ਚੁੰਮਿਆਂ, ਪਿਆਰ ਦਿੱਤਾ ਤੇ ਕਿਹਾ--ਲਾਲ ਜੀ! ਲੰਗਰ ਤਿਆਰ ਹੈ, ਅੱਜ ਬੜਾ ਚਿਰ ਲਾਯਾ?

ਸਾਹਿਬਜ਼ਾਦੇ-ਮਾਂ ਜੀ! ਅੱਜ ਹੋਰ ਮਾਂ ਬਣਾਈ ਹੈ।

ਮਾਂ--ਦੋ ਮਾਵਾਂ ਦੇ ਇਕ ਪੁਤ੍ਰ ਕੀਕੂੰ ਬਣੋਗੇ ?

ਸਾਹਿਬ--ਜੀਕੂੰ ਦੋ ਅੱਖਾਂ ਵਿਚ ਇਕ ਨਜ਼ਰ।

ਮਾਂ--ਪਰ ਤੁਸੀਂ ਇਕ ਦੋਹਾਂ ਦੀ ਗੋਦ ਕੀਕੂੰ ਖੇਲੋਗੇ?

ਸਾਹਿਬਜ਼ਾਦੇ--ਜੀਕੂੰ ਦੋ ਸਰੋਵਰਾਂ ਵਿਚ ਇਕੋ ਚੰਦ ਇਕੋ ਸਮੇਂ ਖੇਲਦਾ ਹੈ।

ਮਾਂ--ਦੋ ਮਾਵਾਂ ਕੀਕੂੰ ਤਾਰੋਗੇ ?

ਸਾਹਿਬਜ਼ਾਦੇ--ਨਾਮ ਪੁੱਤ ਸਭ ਮਾਵਾਂ ਦੀ ਗੋਦ ਖੇਲੇਗਾ, 'ਗੁਰਬਾਣੀ ਧੀ' ਸਭ ਮਾਵਾਂ ਦੀ ਗੋਦੀ ਖੇਲੇਗੀ। ਸਭ ਸਪੁੱਤੇ ਹੋ ਕੇ ਤਰਨਗੇ। ਨਾਮ ਪੁੱਤ ਨਾ ਮਰੇਗਾ; ਨਾ ਗੋਦ ਸੱਖਣੀ ਕਰੇਗਾ। ਨਾਲ ਰਹੇਗਾ ਤੇ ਤਾਰੇਗਾ।

ਮਾਂ--ਕੋਈ ਵੱਧ ਘੱਟ ਬੀ ?

ਸਾਹਿਬਜ਼ਾਦੇ--"ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦਮਾ"। (ਮਾਰੂ ਵਾਰ ਡਖ: ਮ: ੫)

ਹੁਣ ਰੋਟੀ ਛੇਤੀ ਦਿਓ ਨਾ ਭੁੱਖ ਲਗੀ ਏ।

ਬਸ ਪੰਗਤ ਲਗ ਗਈ। ਲਾਂਗਰੀ ਪ੍ਰਸ਼ਾਦ ਲੈ ਆਏ। ਸੌ ਹੀ ਮੁੰਡੇ ਨੂੰ ਚੋਜੀ ਜੀ ਆਪ ਛਕਾਉਂਦੇ ਤੇ ਖੁਸ਼ ਹੁੰਦੇ ਰਹੇ। ਫੇਰ ਸਾਰਿਆਂ ਨੂੰ ਵਿਦਾ ਕੀਤਾ। ਜਦ ਸਭ ਚਲੇ ਗਏ ਤਾਂ ਮਾਂ ਪੁੱਤ ਇਕੱਲੇ ਹੋ ਬੈਠੇ।

ਮਾਤਾ--ਲਾਲ ਜੀ ! ਕਿਸੇ ਦੀ ਨਜ਼ਰ ਨਾ ਲੱਗ ਜਾਏ ਤੁਸੀਂ ਬੜੇ ਦੰਦ-ਕਥਾ ਵਿਚ ਆਉਂਦੇ ਜੇ।

ਸਾਹਿਬਜ਼ਾਦੇ--ਮਾਂ ਜੀ ! ਹਾਲੇ ਤਾਂ ਲੋਕਾਂ ਨੂੰ ਮੇਰੀ ਨਜ਼ਰ ਪਈ ਲਗਦੀ ਏ, ਜਿਹਨੂੰ ਲਗਦੀ ਏ ਪਿਆ 'ਗੁਰੂ ਨਾਨਕ' ਸਿਮਰਦਾ ਹੈ। ਗੁਰ ਨਾਨਕਦਿਆਂ ਪਰ ਕੌਣ ਬਲੀ ਹੈ? ਬਾਬੇ ਦੇ ਸਭ ਤੋਂ ਉੱਚੇ ਸੁੱਚੇ ਹਨ।

ਮਾਤਾ--ਤੁਰਕ ਦਾ ਰਾਜ ਹੈ ਕੋਈ ਖੁਣਸ ਨਾ ਕਰੇ।

ਸਾਹਿਬਜ਼ਾਦੇ--ਤੁਰਕਰਾਜ ਜ਼ੁਲਮ ਦਾ ਹੈ, ਜ਼ੁਲਮ ਮੇਟ ਦਿਆਂਗੇ।

ਮਾਤਾ--ਕੀਕੂੰ ?

ਸਾਹਿਬਜ਼ਾਦੇ--ਤਲਵਾਰ ਨਾਲ, ਸੀਸ ਨਾਲ।

ਮਾਤਾ ਤ੍ਰਬ੍ਹਕ ਗਈ, ਡਰ ਗਈ, ਸਹਿਮ ਗਈ ਤੇ ਚੁਪ ਕਰ ਗਈ। ਸੋਚੀ--ਇਹ ਅਜ਼ਮਤ ਵਾਲਾ ਘਰ ਹੈ, ਤੇ ਬੇਪਰਵਾਹੀ ਦਾ ਦਰ ਹੈ, ਖਬਰੇ ਜੋ ਮੂੰਹੋਂ ਕੱਢਿਆ ਨੇ ਇਸ ਦਾ ਕੀਹ ਭਾਵ ਹੈ। ਇਹ ਤਾਂ ਜੋ ਕਹਿਣਗੇ ਪੱਥਰ ਲੀਕ ਹੈ। ਤਦ ਮਾਤਾ ਨੇ ਗੱਲ ਭੁਲਾਈ ਤੇ ਪੁੱਛਿਆ--"ਲਾਲ ਜੀ ! ਮੈਨਿਆਣੀ ਤੇ ਮੈਣੀ ਜੀ ਨੂੰ ਵਰ ਦਾਨ ਨਾ ਦਿੱਤਾ ?"

ਸਾਹਿਬਜ਼ਾਦੇ--ਦੋਵੇਂ ਨਿਸ਼ਕਾਮ ਭਗਤ ਹੋ ਗਏ, ਗੁਰ ਨਾਨਕ ਦਾ ਘਰ ਕਾਮਨਾਂ ਵਾਲੇ ਨੂੰ ਇੱਛਾਂ ਪੂਰਣਤਾ ਦੇਂਦਾ ਹੈ, ਪਰ ਨਿਸ਼ਕਾਮ ਭਗਤਾਂ ਨੂੰ ਆਪਣੇ ਵਿਚ ਵਾਸਾ ਦੇਂਦਾ ਹੈ, ਸੋ ਉਨ੍ਹਾਂ ਨੂੰ ਅਪਣਾ ਲਿਆ ਹੈ। ਹਾਂ ਗੁਰੂ ਕੇ ਸਰੂਪ ਵਿਚ ਵਾਸਾ ਦਿੱਤਾ ਹੈ।

ਇਸ ਵੇਲੇ ਸੰਝ ਹੋ ਗਈ ਸੀ, ਤਾਰੇ ਚੜ੍ਹ ਪਏ ਸੇ। ਸਾਹਿਬਜ਼ਾਦੇ ਇਹ ਕਹਿੰਦੇ ਅਚਾਨਕ ਉਛਲੇ ਪਲੰਘ ਤੋਂ ਛਾਲ ਮਾਰੀ, ਐਸੀ ਛੂਟ ਕੀਤੀ ਕਿ ਜਾਂਦੇ ਨਹੀਂ ਦਿੱਸੇ। ਇਕ ਬ੍ਰਹਮਚਾਰੀ, ਸ੍ਵਯੰ ਪਾਕੀ ਦੇ ਘਰ ਜਾ ਖੜੋਤੇ, 'ਮੋਨ ਭਇਓ ਕਰ ਪਾਤੀ ਰਹਿਓ' ਕਹਿੰਦੇ

ਅਰ ਉਸ ਦਾ ਕਲੇਜਾ ਪ੍ਰੇਮ ਨਾਲ ਚੀਰ ਕੇ ਭੱਜਕੇ ਮੈਣੀ ਦੇ ਘਰ ਜਾ ਵੜੇ।

ਇਸ ਤਰ੍ਹਾਂ ਇਲਾਹੀ ਜੋਤਿ ਆਪਣੇ ਬਾਲਕ ਸਰੀਰ ਵਿਚ ਪ੍ਰੇਮ, ਉਪਕਾਰ ਤੇ ਨੇਕੀ ਦੇ ਚੋਜ ਕਰਦੀ ਸੀ। ਮੈਣੀ ਜੀ ਦੀ ਆਤਮ ਦਸ਼ਾ ਹੁਣ ਬੜੀ ਆਰੂਢ ਹੋ ਗਈ। ਆਪ ਜੀ ਨੂੰ ਵੀ ਉਹ ਪਿਆਰ ਪਿਆ ਕਿ ਹਰ ਰੋਜ਼ ਲੌਢੇ ਪਹਿਰ ਉਨ੍ਹਾਂ ਦੇ ਚਲੇ ਜਾਣਾ, ਵਿਹੜੇ ਵਿਚ ਖੇਲਣਾ, ਘਰ ਵਿਚਲੇ ਬਾਗ ਵਿਚ ਜਾਕੇ ਚੋਜ ਕਰਨੇ, ਬੂਟੇ ਪੱਟਣੇ, ਲਾਉਣੇ, ਕਲਮਾਂ ਕਰਨੀਆਂ। ਸ੍ਰੀ ਜੀ ਦੇ ਹੱਥਾਂ ਦਾ ਲਾਯਾ ਇਕ ਕਰੌਂਦੇ ਦਾ ਬੂਟਾ ਅਜੇ ਤੱਕ ਉਸ ਬਾਗ ਵਿਚ ਹੈ, ਜੋ ਬਾਰਾਂ ਹੀ ਮਹੀਨੇ ਫਲਦਾ ਰਹਿੰਦਾ ਹੈ। ਕਹਿੰਦੇ ਹਨ ਹੋਰ ਕਿਤੇ ਬਾਰਾਂ ਮਾਸੀ ਕਰੌਂਦਾ ਦੇਖਣ ਵਿਚ ਨਹੀਂ ਆਇਆ।

ਸੰਝ ਤੱਕ ਤਾਂ ਖੇਲਦੇ ਫੇਰ ਤਲੇ ਹੋਏ ਛੋਲੇ ਤੇ ਪੂਰੀ ਰੋਜ਼ ਇਨ੍ਹਾਂ ਦੇ ਘਰ ਛਕਦੇ, ਜੋ ਰੋਜ਼ ਇਨ੍ਹਾਂ ਦੇ ਘਰ **'ਬਾਲਾ ਪ੍ਰੀਤਮ ਜੀ'** ਵਾਸਤੇ ਤਿਆਰ ਰਹਿੰਦੇ। ਆਪਣੇ ਸਾਥੀ ਸਖਿਆਂ ਨੂੰ ਇਹੋ ਪ੍ਰਸ਼ਾਦ ਦੇਂਦੇ। ਉਨ੍ਹਾਂ ਨੂੰ ਵਿਦਾ ਕਰਕੇ ਸਾਰੇ ਦਿਨ ਦੇ ਖਿਲਾੜੀ ਪ੍ਰੀਤਮ ਮੈਣਿਆਣੀ ਤੇ ਮੈਣੀ ਜੀ ਪਾਸ ਜਾ ਬੈਠਦੇ, ਉਸ ਵੇਲੇ ਅਚਰਜ ਆਤਮਰਸ ਛਾਉਂਦਾ ਤੇ ਸ਼ਿਵਦੱਤ ਬੀ ਅਕਸਰ ਉਥੇ ਹੀ ਆ ਜਾਂਦਾ। ਚਾਰ ਘੜੀ ਰਾਤ ਗਈ ਤੱਕ ਕਦੇ ਚੁੱਪ ਬੈਠੇ ਰਹਿੰਦੇ, ਕਦੇ ਜਦ ਉਚਰਦੇ ਤਾਂ ਉਹ ਵਾਕ ਕਰਦੇ ਕਿ ਸਭ ਦੀ ਸਮਾਧੀ ਹੋ ਜਾਂਦੀ। ਕਦੇ ਅੱਖਾਂ ਮੀਟਕੇ ਬੈਠਦੇ, ਪਰ ਨਾਲ ਹੀ ਸਭਨਾਂ ਦੇ ਮਨ ਅਨੰਦ ਵਿਚ ਲੀਨ ਹੋ ਜਾਂਦੇ। ਕਦੇ ਕਿਸੇ ਦਿਨ ਐਸਾ ਤੇਜ ਤੇ ਚਮਤਕਾਰ ਦਾ ਰੂਪ ਲੈ ਕੇ ਬੈਠਦੇ ਕਿ ਤੇਜ ਝੱਲਿਆ ਨਾ ਜਾਂਦਾ, ਉਹ ਜਲਾਲ ਦਾ ਮੀਂਹ ਵੱਸਦਾ ਕਿ ਤ੍ਰੈਏ ਪ੍ਰੇਮੀ ਇਕ ਤਰ੍ਹਾਂ ਦੇ ਦੈਵੀ ਭੈ ਨਾਲ ਭਰਕੇ ਆਤਮਰਸ ਵਿਚ ਜੁੜ ਜਾਂਦੇ। ਕਦੇ ਐਸੀ ਮੋਹਨੀ ਮੂਰਤ ਬਣਾਉਂਦੇ ਤੇ ਇਸ ਤਰ੍ਹਾਂ ਦੀਆਂ ਰਸ ਭਰੀਆਂ ਕਨੱਖੀਆਂ ਨਾਲ ਤੱਕਦੇ ਕਿ ਉਨ੍ਹਾਂ ਦੇ ਨੂਰੀ ਚਿਹਰੇ ਦਾ ਜਮਾਲ[1] ਸਭ ਨੂੰ ਮੋਹਿਤ ਕਰਕੇ ਮੂਰਛਿਤ ਕਰ ਦੇਂਦਾ। ਕਦੇ ਗੁਰਬਾਣੀ ਪੜ੍ਹਦੇ, ਕਦੇ ਗੁਰੂ ਸ਼ਬਦ ਗਾਉਂਦੇ। ਗਾਉਂਦੇ ਕੀ ਜੋ ਉਡਦੇ ਪੰਛੀ ਲੰਘਦੇ ਤਾਂ ਮਸਤ ਹੋ ਜਾਂਦੇ ! ਇਸ ਤਰ੍ਹਾਂ ਉਸ ਘਰ ਵਿਚ ਉਹ ਰਸ ਛਾਵੇ, ਉਹ ਰੰਗ ਬੱਝੇ ਕਿ ਜਿਸਦਾ ਕਹਿਣਾ ਕਠਨ ਹੈ। ਇਸ ਤਰ੍ਹਾਂ ਦਾ ਸਤਿਸੰਗ ਮੰਡਲ ਖਣਿਆਂ ਕਿ ਮਹਿਮਾ ਕਹੀ ਨ ਜਾਵੇ। ਓਧਰ ਮਾਤਾ ਜੀ ਉਡੀਕਾਂ ਵਿਚ ਓਦਰ ਪਿਆ ਕਰਨ, ਮਾਮਾ ਜੀ ਤੇ ਕਦੇ ਹੋਰ ਇਤਬਾਰੀ ਘਰ ਦੇ ਆਦਮੀ ਜਾਂ ਸਨਬੰਧੀ ਲੈਣ ਆਯਾ ਕਰਨ, ਤਦ ਕਿਤੇ ਘਰ ਜਾਯਾ ਕਰਨ। ਘਰ ਵਿਚ ਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸੰਝ ਨੂੰ ਸੋਦਰ ਰਹਿਰਾਸ ਦਾ ਦਰਬਾਰ ਲੱਗਿਆ ਕਰਦਾ ਸੀ, ਜਦ ਤਕ ਸਾਹਿਬਜ਼ਾਦੇ ਦਾ ਦੀਵਾਨ ਵਿਚ ਨਾ ਆਉਣ ਪਾਠ ਕੀਕੂੰ ਹੋਵੇ ? ਸੋ ਦੀਵਾਨ ਲੱਗ ਜਾਯਾ ਕਰੇ, ਤੇ ਉਡੀਕ ਪਈਂ ਹੋਇਆ ਕਰੇ। ਅਕਸਰ ਚਾਰ ਘੜੀ ਰਾਤ ਗਈ ਪਰ ਆਪ ਆਯਾ ਕਰਨ ਤਾਂ ਮੈਣੀ ਤੇ ਪੰਡਤ ਜੀ ਨਾਲ ਆਯਾ ਕਰਨ ਤਦ ਰਹੁਰਾਸ ਦਾ ਪਾਠ ਹੋਇਆ ਕਰੇ; ਮਗਰੋਂ ਪ੍ਰਸ਼ਾਦ ਵਰਤੀਵੇ। ਇਨ੍ਹਾਂ ਦਿਨਾਂ ਦੇ ਇਸ ਪਰਵਾਹ ਦਾ ਇਹ ਅਸਰ ਪਿਆ ਕਿ ਹੁਣ ਤੱਕ ਸ੍ਰੀ ਪਟਨੇ ਸਾਹਿਬ ਦੇ ਗੁਰਦੁਆਰੇ ਵਿਚ ਰਹੁਰਾਸ ਦਾ ਪਾਠ ਚਾਰ ਘੜੀ ਰਾਤ ਗਈ ਤੇ ਹੁੰਦਾ ਹੈ। ਆਪਦੇ ਬਾਲਪਣੇ ਦੇ ਚੋਜਾਂ ਦਾ ਘਰ ਘਰ ਚਰਚਾ ਸੀ, ਘਰ ਘਰ ਕੋਈ ਨਾ ਕੋਈ ਸੁਖ ਯਾ ਵਰਦਾਨ ਪਹੁੰਚਾ ਸੀ। ਸੰਝ ਸਵੇਰੇ ਦੇ ਦੀਵਾਨ ਸਾਹਿਬਜ਼ਾਦੇ ਜੀ ਦੀਆਂ ਇਨ੍ਹਾਂ ਮਿਹਰਾਂ ਕਰਕੇ ਪ੍ਰੇਮੀਆਂ ਦੇ ਬਹੁਤ ਕਰਕੇ ਭਰ ਭਰ ਲਗਦੇ। ਬਾਲਕ ਵਰੇਸ ਵਿਚ ਹੀ ਪਟਣੇ ਪੁਰੀ ਦੇ ਪ੍ਰੀਤਮ ਹੋ ਗਏ। ਸ਼ਿਵਦੱਤ ਦੇ ਡੂੰਘੇ ਪ੍ਰੇਮ ਅਰ **'ਬਾਲਾ ਪ੍ਰੀਤਮ'** ਕਰਕੇ ਯਾਦ ਤੇ ਜ਼ਿਕਰ ਕਰਨ ਕਰਕੇ ਅਕਸਰ ਥਾਂਈਂ ਨਾਮ **'ਬਾਲਾ ਪ੍ਰੀਤਮ'** ਹੀ ਪੈ ਗਿਆ। ਭਾਵੇਂ ਆਪ ਦੀਆਂ ਖੇਲਾਂ ਤੇ ਕੌਤਕਾਂ ਤੋਂ ਕਈ ਲੋਕਾਂ ਨੂੰ ਕੁਛ ਚੱਕਰ ਲਗਦੇ, ਪਰ ਐਸਾ ਕੋਈ ਨਹੀਂ ਸੀ ਜਿਸ ਨਾਲ ਆਪ ਨੇ ਕੋਈ ਚੋਜੀ ਅੱਖੜਖਾਂਦ ਕੀਤੀ ਹੈ ਤੇ ਫੇਰ ਉਸ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਕੋਈ ਸੁਖ ਨਾ ਦਿੱਤਾ ਹੋਵੇ। ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਦੋ ਸਿਰਕਰਦੇ ਮੁਸਲਮਾਨ ਸੇ, ਸੋ ਭੀ ਪ੍ਰੇਮੀ ਹੋ ਗਏ। ਇਨ੍ਹਾਂ ਦੇ ਅਰਦਾਸ ਕਰਾਏ ਬਾਗ ਤੇ ਇਕ ਪਿੰਡ ਹੁਣ ਤਕ ਗੁਰਦੁਆਰੇ ਦੀ ਮਲਕੀਅਤ ਹਨ। ਇਨ੍ਹਾਂ ਦੋਹਾਂ ਨੂੰ ਵਾਹਿਗੁਰੂ ਵੰਨੇ ਲਾਯਾ ਗੁਰੂ ਤੇਗ ਬਹਾਦਰ ਜੀ ਨੇ ਸੀ, ਪਰ **'ਬਾਲਾ ਪ੍ਰੀਤਮ'** ਜੀ ਦੇ ਸਤਿਸੰਗ ਨਾਲ ਇਹ ਨੌ ਨਿਹਾਲ ਆਤਮ ਜੀਵਨ ਵਿਚ ਪਲ ਨਿਕਲੇ ਤੇ ਸੱਚੇ ਗੁਰਮੁਖ ਬਣ ਗਏ ਸੇ।

ਇਸ ਸਾਰੇ ਮੰਡਲ ਵਿਚ ਸਭ ਤੋਂ ਵਧੀਕ ਪ੍ਰੇਮ ਮੈਣੀ

1. ਮਿੱਠੀ ਸੁੰਦਰਤਾ।

ਤੇ ਮੈਣਿਆਣੀ ਨਾਲ ਸੀ, ਜਿਨ੍ਹਾਂ ਦੇ ਆਪ (ਸ੍ਰਿਸ਼ਟੀ ਦੇ ਪਿਤਾ ਚੋਜੀ ਪਿਆਰੇ) ਪੁੱਤ ਜਾ ਬਣੇ ਸੇ। ਹਿੰਦੂਆਂ ਦੇ ਖਿਆਲ ਵਿਚ ਪੁਤ੍ਰ 'ਪੂ' ਨਰਕ ਤੋਂ ਤਾਰਦਾ ਹੈ, ਏਥੇ ਸਤਿਗੁਰੂ ਨ ਇਨ੍ਹਾਂ ਨੂੰ ਸਾਰੇ ਨਕਰਾਂ, ਸਾਰੀ ਚੁਰਾਸੀ ਤੇ ਸਾਰੇ ਭਵ ਸਾਗਰ ਤੋਂ ਜੀਉਂਦੇ ਜੀ ਤਾਰ ਦਿੱਤਾ-ਠਾਕੁਰ ਹਮਰਾ ਸਦ ਬੋਲੰਤਾ।।

ਸਰਬ ਜੀਆ ਕਉ ਪ੍ਰਭੁ ਦਾਨ ਦੇਤਾ।।

ਪ੍ਰੇਮ ਦੀ ਇਹ ਅਵਧੀ ਸੀ ਕਿ ਕਦੇ ਇਕ ਦਿਨ ਨਾਗਾ ਨਹੀਂ ਪਿਆ ਕਿ ਦੰਪਤੀ ਜੀ ਨੂੰ ਜਾਗਤ ਜੋਤਿ ਦੇ ਦਰਸ਼ਨ ਨਹੀਂ ਹੋਏ। ਜੇ ਲੌਢੇ ਪਹਿਰ ਦਰਸ਼ਨ-ਅਮਲ ਦੇ ਵੇਲੇ ਆਪ ਨਹੀਂ ਪਹੁੰਚੇ, ਤਾਂ ਲੋਕ ਲਾਜ, ਕੁਲ ਕਾਣ, ਰਾਜਸੀ ਸ਼ਰਮ ਛੱਡ ਕੇ ਮੈਣੀ ਤੇ ਵਹੁਟੀ ਗੁਰ ਗ੍ਰਿਹ ਨੂੰ ਆਪ ਤੁਰ ਪੈਂਦੇ ਤੇ ਟੋਲਦੇ ਫਿਰਦੇ ਕਿ ਕਿੱਥੇ ਹਨ ? ਪਰ ਐਸੇ ਸਮੇਂ ਬਹੁਤ ਹੀ ਘੱਟ ਆਏ ਕਿ ਸਾਹਿਬਜ਼ਾਦੇ ਜੀ ਨੇ ਇਨ੍ਹਾਂ ਨੂੰ ਆਪਣੀ ਖੋਜ ਵਿਚ ਪਾਇਆ ਹੋਵੇ। ਆਪ ਪਹੁੰਚਣਾ, ਆਪ ਜਾਣਾ, ਆਪ ਮਿਹਰ ਕਰਨੀ! ਹਰ ਕਿਸੇ ਨਾਲ ਕੋਈ ਨਾ ਕੋਈ ਕੌਤਕ ਹਾਸੇ ਖੇਲ ਦਾ ਹੋਇਆ ਹੋਊ, ਪਰ ਇਨ੍ਹਾਂ ਤੇ ਕੋਮਲਤਾ ਭਰੀ ਮਿਹਰ ਹੀ ਵਸਦੀ ਰਹੀ! ਨਰਮ ਤੋਂ ਨਰਮ, ਕੋਮਲ ਤੋਂ ਕੋਮਲ ਹਿਰਦੇ ਵਾਲੇ ਪੁਤ੍ਰ ਆਪਣੇ ਮਾਪਿਆਂ ਲਈ ਉਹ ਪ੍ਰੀਤ ਅੰਦਰ ਨਹੀਂ ਰੱਖਦੇ ਜੋ ਆਪ ਦੇ ਵਿਚ ਮੈਣੀ ਤੇ ਮੈਣਿਆਣੀ ਜੀ ਲਈ ਸੀ। ਸ਼ਿਵਦੱਤ ਨਾਲ ਬੀ ਅਪਾਰ ਪ੍ਰੇਮ ਸੀ। ਪਹਿਲੇ ਪਹਿਲ ਤਾਂ ਸ਼ਿਵਦੱਤ ਡੋਲਦਾ ਰਿਹਾ ਹੈ, ਪਰ ਜਦ ਉਸਦੀਆਂ ਸਾਰੀਆਂ ਕਾਮਨਾਂ ਪੂਰਨ ਹੋਈਆਂ ਤੇ ਹਰ ਅਜ਼ਮਤ ਸੱਚੀ ਨਿਕਲੀ, ਫੇਰ ਤਾਂ ਉਹ ਭੌਰੇ ਤੋਂ ਘੱਟ ਪ੍ਰੇਮੀ ਨਹੀਂ ਸੀ ਰਿਹਾ। ਦੋ ਪਹਿਰ ਤੜਕੇ ਤੋਂ ਗੰਗਾ ਕਿਨਾਰੇ ਧਯਾਨ ਵਿਚ ਬੈਠਣਾ ਤੇ ਕਈ ਵੇਰ ਸਾਖਯਾਤ ਦਰਸ਼ਨ ਉਥੇ ਹੋਣੇ। ਸ਼ਾਮਾਂ ਨੂੰ ਰਾਜੇ ਫਤਹ ਚੰਦ ਦੇ ਘਰ ਸਤਿਸੰਗ ਵਿਚ ਸ਼ਾਮਲ ਹੋਣਾ। ਫੇਰ ਦੀਵਾਨ ਵਿਚ ਨਾਲ ਆ ਕੇ ਰਹੁਰਾਸ ਮਗਰੋਂ ਲੰਗਰ ਦਾ ਪ੍ਰਸ਼ਾਦ ਲੈ ਕੇ ਘਰ ਜਾਣਾ। ਅਕਸਰ ਸੰਨਿਆਸੀਆਂ ਤੇ ਕੁਲੀਨ ਬ੍ਰਾਹਮਣਾਂ ਵਿਚ ਦੰਦ ਕਥਾ ਟੁਰੀ, ਪਰ ਸ਼ਿਵਦੱਤ ਨੇ ਕੱਖ ਪਰਵਾਹ ਨਹੀਂ ਕੀਤੀ! ਜੋ ਕੋਈ ਆਯਾ, ਉਸ ਨੂੰ ਇਹ ਸਿੱਧ ਕਰਕੇ ਦੱਸਿਆ ਕਿ ਜਗਤ ਦਾ ਭਾਰ ਹਰਨ ਹਿਤ 'ਆਪ' ਆਏ ਹਨ।

ਇਸ ਪ੍ਰਕਾਰ ਖੇਲ, ਕੁਵੈਦ, ਬਾਲ-ਲੜਾਈਆਂ ਦੇ ਰੰਗ, ਉਪਕਾਰ, ਨੇਕੀ, ਭਜਨ ਸਿਮਰਨ ਤੇ ਜੀਆਦਾਨ ਦੇ ਚੋਜਾਂ ਵਿਚ ਆਪ ਦੀ ਬਾਲ ਲੀਲ੍ਹਾ ਪਟਣੇ ਵਿਚ ਵਰਤਦੀ ਰਹੀ।

੪.

**ਹੁਣ** ਆਪ ਦਾ ਜੀ ਕਦੇ ਕਦੇ ਪਿਆਰੇ ਪਿਤਾ ਜੀ ਦੇ ਦਰਸ਼ਨ ਲਈ ਉਦਾਸ ਰਹਿਣ ਲੱਗਾ। ਕਦੇ ਕਦੇ ਐਸਾ ਬਿਰਹ ਕਰਿਆ ਕਰਨ ਕਿ ਮਾਨੋਂ ਸੁਣਨ ਵਾਲੇ ਪੱਥਰ ਬੀ ਪੰਘਰ ਜਾਣ। ਇਸ ਦਸ਼ਾ ਪਰ ਸਾਰੇ ਪਰਵਾਰ ਨੇ ਸ੍ਰੀ ਗੁਰੂ ਜੀ ਦੀ ਆਗਿਆ ਮੰਗ ਘੱਲੀ। ਆਗਿਆ ਆ ਜਾਣੇ ਪਰ ਆਨੰਦਪੁਰ ਦੀ ਤਿਆਰੀ ਹੋਈ। ਇਸ ਤਿਆਰੀ ਦਾ ਜੋ ਅਸਰ ਸੰਗਤ ਪਰ ਹੋਣਾ ਸੀ, ਉਹ ਵਰਣਨ ਕਰ ਸਕਣਾ ਕਠਨ ਹੈ। ਸਭਨਾਂ ਤੇ ਕਰੁਣਾ ਰਸ ਛਾ ਗਿਆ, ਬਿਰਹ ਦੀ ਕਾਤੀ ਫਿਰਨ ਲੱਗੀ, ਵਿਯੋਗ ਦਾ ਦਰਸ਼ਨ ਕਲੇਜੇ ਚੀਰਨ ਲੱਗਾ। ਪ੍ਰੇਮੀਆਂ ਦੇ ਨੈਣ ਭਰ ਭਰ ਆਉਂਦੇ ਹਨ, ਛਮ ਛਮ ਡੁਲ੍ਹਦੇ ਹਨ, ਹਾਹੁਕੇ ਤੇ ਤਰਲੇ ਬੇਨਤੀਆਂ ਦਾ ਰੂਪ ਲੈ ਲੈ ਕਦੇ ਮਾਤਾ ਜੀ, ਕਦੇ ਮਤੀ ਦਾਸ ਤੇ ਕਦੇ ਮਾਮਾ ਕ੍ਰਿਪਾਲ ਚੰਦ ਜੀ ਦੇ ਚਰਣਾਂ ਤੇ ਡਿੱਗਦੇ ਹਨ। ਬਿਨੈ ਕਰਦੇ ਹਨ :- ਖਖਸ਼ੋ ! ਸਦਾ ਏਥੇ ਵੱਸੋ! ਜੋ ਸੇਵਾ ਕਹੋ ਤਨ, ਮਨ, ਧਨ ਸਭ ਹਾਜ਼ਰ ਹਨ। ਪਰ ਸਾਰੇ ਆਖਦੇ ਹਨ ਕਿ ਸਾਹਿਬਜ਼ਾਦੇ ਜੀ ਦੀ ਮੌਜ ਹੈ ਅਰ ਸਤਿਗੁਰ ਜੀ ਦੀ ਆਗਿਆ ਹੈ। ਜਦ ਇਹ ਬਿਨੈ ਸ੍ਰੀ "**ਬਾਲਾ ਪ੍ਰੀਤਮ**' ਜੀ ਪਾਸ ਹੁੰਦੀ ਤਾਂ ਉਹ ਖੇਲਾਰੀ ਲੱਗਣ ਵਾਲੇ ਬਾਲਕ, ਆਪਣੇ ਚੋਜਾਂ ਤੋਂ ਅੱਖੜਖਾਂਦ ਮਲੂਮ ਹੋਣ ਵਾਲੇ ਬੱਚੇ, ਪੂਰਨ ਪਰਮਾਨੰਦੀ ਅਡੋਲ ਰੂਪ ਵਿਚ ਆ ਕੇ ਆਖਦੇ :-

"ਮੈਂ ਸਦਾ ਤੁਸਾਡੇ ਨਾਲ ਹਾਂ, ਮੈਂ ਅੰਤਰ ਆਤਮੇ ਤੁਸਾਡੇ ਨਾਲ ਇਕ ਜੋਤਿ ਹਾਂ। ਤੁਸੀਂ ਮੇਰੇ ਨਾਲ ਲਗ ਚੁਕੇ ਹੋ, ਤੁਸੀਂ ਪੇਉਂਦ ਹੋ ਚੁਕੇ ਹੋ। ਮੇਰਾ ਆਨੰਦੀ ਰਸ ਤੁਸਾਡੇ ਵਿਚ ਹਰਦਮ ਜਾਂਦਾ ਹੈ। ਸਰੀਰੀ ਵਿਛੋੜੇ ਆਤਮਾਂ ਨੂੰ ਵਿਛੋੜ ਨਹੀਂ ਸਕਦੇ, ਮੇਰੇ ਸਰੀਰ ਨੇ ਮੈਨੂੰ ਮੇਰੇ ਪ੍ਰੀਤਮ ਪ੍ਰਭੂ ਤੋਂ ਨਹੀਂ ਵਿਛੋੜਿਆ। ਤੁਸਾਨੂੰ ਇਹ ਵਿਛੋੜਾ ਮੇਰੇ ਤੋਂ ਜੁਦਾ ਨਹੀਂ ਕਰੇਗਾ। ਤੁਸੀਂ ਮੇਰੇ, ਮੈਂ ਤੁਸਾਡਾ ਹਾਂ। ਤੁਸੀਂ ਆਤਮ ਰੌ ਵਿਚ ਬ੍ਰਹਮੰਡ ਦੇ ਕੇਂਦ੍ਰ ਵਾਹਿਗੁਰੂ ਨਾਲ ਜੁੜੇ ਹੋ, ਤੁਸਾਨੂੰ ਜੁਦਾਈ ਕਿੱਥੇ ਹੈ ?"

ਇਸ ਤਰ੍ਹਾਂ ਉਪਦੇਸ਼ ਅਰ ਰਸ ਭਰੇ, ਕ੍ਰਿਪਾਕਟਾਖਜ ਲੋਕਾਂ ਨੂੰ ਧੀਰਜ ਤੇ ਸੁਖ ਦੇ ਦੇਂਦੇ ਪਰ ਘਰੀਂ ਜਾਕੇ ਫੇਰ ਵਿਯੋਗ ਦਾ ਖਿਆਲ ਪੀੜਤ ਕਰ ਦੇਂਦਾ। ਕਈ ਦਿਨ ਤਾਂ ਇਹੋ ਰੰਗ ਰਹੇ, ਜਿੱਥੇ ਸਮਾਗਮ ਬਣਦਾ ਇਕ ਬਿਰਹ ਦਾ ਨਕਸ਼ਾ ਬੱਝ ਜਾਂਦਾ। ਕਈ ਵੇਰ ਇਸ ਪ੍ਰੇਮ ਦੀ ਕਾਂਗ ਵਿਚ ਆਪ ਬੀ ਨੈਣ ਮੁੰਦਕੇ ਛਮਾਛਮ ਦੇ ਰੰਗ ਵਿਚ ਆ ਜਾਂਦੇ। ਸੱਚਾ ਪਿਆਰ, ਸਤਿਸੰਗ ਦਾ ਸੱਚਾ ਪਿਆਰ ਇਹੀ ਆਤਮ ਆਧਾਰ ਹੈ, ਇਹੀ ਆਤਮ ਰਸ ਹੈ, ਇਹੀ ਮੁਕਤੀ; ਇਹੀ ਪ੍ਰੇਮ, ਪ੍ਰਭੂ ਦਾ ਵਿਦਤ ਸਰੂਪ ਹੈ। ਪਰ ਆਪ ਨੇ ਗੁਰ ਗਾਦੀ ਤੇ ਬਿਰਾਜਣਾ ਹੈ, ਉਹ ਗੁਰੂਤਾ ਰੰਗ ਆਪਨੂੰ ਸਦਾ ਉਚੇਰੇ ਲੈ ਜਾਂਦਾ ਹੈ। ਹੁਣ ਹੀ ਆਪ 'ਦਾਤਾ ਪਦ' ਵਿਚ ਖੜੇ ਐਸਾ ਪ੍ਰੇਮ ਤੇ ਧੀਰਜ ਭਰਿਆ ਉਪਦੇਸ਼ ਕਰਦੇ ਜਾਂ ਪ੍ਰਭਾਵ ਪਾਉਂਦੇ ਕਿ ਸਾਰਿਆਂ ਦੇ ਮਨ ਆਤਮ ਰੰਗ ਵਿਚ ਆਕੇ ਟਿਕ ਜਾਂਦੇ। ਪਰ ਹਾਇ ! ਪ੍ਰੇਮ ਦੀਆਂ ਲੱਗੀਆਂ, ਸੱਚੇ ਪ੍ਰੇਮ ਦੀਆਂ ਲੱਗੀਆਂ, ਆਤਮ ਪ੍ਰੇਮ ਦੀਆਂ ਲੱਗੀਆਂ ! ਸਥੂਲ ਦਰਸ਼ਨਾਂ ਦੀ ਸਿੱਕ ਨੂੰ ਮੁੜ ਮੁੜ ਲੈ ਆਉਂਦੀਆਂ ਹਨ।

ਇਸ ਪ੍ਰਕਾਰ ਵਿਯੋਗ ਭਰੀਆਂ ਸੰਗਤਾਂ ਦੇ ਪ੍ਰੇਮ ਮੰਡਲ ਵਿਚੋਂ, ਪ੍ਰੇਮ ਦੇ ਸੁਖਾਉਂਦੇ ਬੰਦੀਖਾਨੇ[1] ਵਿਚੋਂ ਜਿਸ ਮਹਾਨ ਕਾਰਜ ਲਈ ਆਏ ਸੇ ਆਪਣੇ ਸੱਚੇ ਪਿਤਾ ਦੇ ਹੁਕਮ ਵਿਚ ਕੰਮ ਕਰਨ ਦਾ ਵਕਤ ਨੇੜੇ ਆਯਾ ਜਾਣਕੇ 'ਬਾਲਾ ਪ੍ਰੀਤਮ' ਜੀ ਦਸ ਬਰਸ ਦੀ ਵਰੇਸ ਦੇ ਲਗ ਪਗ ਦੇ ਮੁਨੀ, ਯੋਗੀ, ਸੰਨਯਾਸੀ, ਰਸੀਏ, ਤਾਰਕ, ਰੱਖਜਕ, ਅਵਤਾਰ ਪੂਰਨ ਪਦ ਦੇ ਮਾਲਕ ਜੀ ਦੇ ਟੁਰਨ ਦਾ ਦਿਨ ਆ ਗਿਆ। ਉਸ ਵੇਲੇ ਦੀ ਮੈਣਿਆਣੀ ਤੇ ਮੈਣੀ ਜੀ ਦੀ ਰੁਦਨ ਮਈ ਬੇਨਤੀ ਤੇ ਬਿਰਹ ਸੱਲੇ ਦਿਲ ਦਾ ਇਹ ਨਕਸ਼ਾ ਹੈ :-

"ਲੜ ਨਾ ਛੁਡਾ ਸਿਧਾਵੋ, ਸਾਡੇ ਸਿਰਾਂ ਦੇ ਸਾਂਈਂ!
ਚਰਨਾਂ ਤੋਂ ਨਾ ਵਿਛੋੜੋ, ਡੂੰਘੀ ਹੈ ਪ੍ਰੀਤ ਪਾਈ।
ਭੌਰਾ ਬਣਾਕੇ ਸਾਨੂੰ, ਮੁਖ ਕਿਉਂ ਲੁਕਾਉਂਦੇ ਹੋ,
ਨਿਹੁ ਲਾਕੇ ਹਾਇਪ੍ਰੀਤਮ ! ਛਿਪਦੇ ਹੋ ਹੁਣ ਕਿਦਾਈਂ ?
ਡੇਰਾ ਲਗਾਕੇ ਅੰਦਰ ਮੰਦਰ ਬਣਾਕੇ ਦਿਲ ਨੂੰ
ਸੁੰਞਾਂ ਏ ਛੱਡ ਕੇ ਤੇ ਜਾਂਦੇ ਹੋ ਕਿਉਂ ਗੁਸਾਈਂ
ਬਣ ਜਿੰਦ ਦੀ ਏ ਜਿੰਦੇ ਹੁਣ ਜਾਂਵਦੇ ਨਹੀਂ ਹੋ
ਜਿੰਦ ਕੱਢ ਲੈ ਚਲੇ ਹੋ ਨਿਰ-ਜਿੰਦ ਛੱਡ ਸਾਂਈਂ
ਤਨ ਜਿੰਦ ਬਿਨ ਨ ਜੀਵੇ, ਜਿੰਦ ਆਪ ਬਿਨ ਨ ਰਹਿੰਦੀ;
ਵਿਛੁੜਨ ਜੋ ਆਪਦਾ ਹੈ, ਦੂਹਰੀ ਹੈ ਮੌਤ ਆਈ।
ਹੋਏ ਜੋ ਆਪ 'ਜੋਗੇ' ਹੋਏ ਹੁਣ 'ਆਪ ਦੇ' ਹਾਂ;
ਆਪਣੇ ਨੂੰ ਹਾਇ ਪ੍ਰੀਤਮ ! ਸੁੱਟੋ ਨ ਵਿਚ ਜੁਦਾਈ;
ਤੇਰੇ ਹਾਂ, ਹਾਇ ! ਤੇਰੇ, ਤੇਰੇ ਸਦਾ ਦੇ ਤੇਰੇ,
ਸਾਡੀ ਏ 'ਮੇਰਿ ਮੈਂ' ਦੀ ਆਪੇ ਖਰੀਦ ਪਾਈ!
ਅਪਨੀ ਨ ਰਾਸ ਸਾਡੇ ਪੱਲੇ ਰਹੀ ਹੈ ਕੋਈ,
ਦਿੱਤੀ ਜੁ ਦਾਤ ਤੂੰ ਹੈ ਉਸ ਨੂੰ ਨ ਟੂਣ ਲੁਕਾਈਂ!
ਜਾਵੋ ਨਾ ਹਾਇ ਜਾਵੋ, ਵੱਸੋ ਸਦਾ ਏ ਨੈਣਾਂ;
ਦਿੱਸੋ ਸਦਾ ਦਿਖਾਵੋ, ਦਰਸ਼ਨ ਸਦਾ ਗੁਸਾਈਂ !
ਔਗੁਣ ਜੇ ਤੱਕ ਤੁੱਠੇ, ਐਬਾਂ ਤੋਂ ਜੇ ਚਲੇ ਹੋ,
ਤੁੱਠੇ ਜਦੋਂ ਸੇ ਪਜਾਰੇ ! ਔਗੁਣ ਸੇ ਤਦ ਸਵਾਈ।
ਦੇਖੇ ਨ ਐਬ ਤਦ ਤੂੰ, ਕਰਮਾਂ ਨੂੰ ਨਾ ਤਕਾਇਆ,
ਅਪਣੇ ਬਿਰਦ ਦੇ ਸਦਕੇ ਤੁੱਠੇ ਸੇ ਆਪ ਸਾਂਈਂ।
ਤੁੱਠੇ ਰਹੋ ਤਿਵੇਂ ਹੀ ਪਜਾਰੇ ਸਦਾ ਪਿਆਰੇ !
ਜਾਵੋ ਨ ਦੂਰ ਜਾਵੋ ਚਰਨੀਂ ਲਵੋ ਵਸਾਈ।
ਅਪਣੇ ਬਿਰਦ ਦੇ ਸਦਕੇ ਅਪਨੀ ਹੀ ਤੱਕ ਵਡਾਈ
ਜਾਵੋ ਨ ਹਾਇ ਜਾਵੋ ! ਸ਼ਰਨੀ ਲਵੋ ਸਮਾਈ।"

ਇਸ ਵੈਰਾਗ ਪਰ ਸ੍ਰੀ ਗੁਰੂ ਜੀ ਤੇ ਬੀ ਕਰੁਣਾਰਸ ਛਾ ਗਿਆ, ਆਪਦੇ ਫੁਲ ਕਟੋਰੀਆਂ ਵਰਗੇ ਨੈਣ ਜਲ ਭਰ ਲਿਆਏ ਅਰ ਕਿਤਨਾ ਕਾਲ ਕਰੁਣਾ ਰਸ ਛਾਏ ਰਹੇ! ਪਰ ਜਦ ਹੁਕਮ ਵੀਚਾਰ ਕੇ ਟੁਰੇ ਤਾਂ ਰਾਣੀ ਰਾਜਾ ਦਾ ਕਾਲਜਾ ਟੁੱਟ ਗਿਆ, ਧੜਮ ਕਰਕੇ ਢੱਠੇ ਅਰ ਮੂਰਛਿਤ ਹੋ ਗਏ। ਤਦ ਸਤਿਗੁਰ ਜੀ ਨੇ ਦੋਹਾਂ ਨੂੰ ਆਤਮ ਬਲ ਨਾਲ ਸੁਰਜੀਤ ਕੀਤਾ ਅਰ ਸਰੂਪ ਵਿਚ ਇਸਥਿਤੀ ਬਖਸ਼ੀ, ਅਰ ਫੇਰ ਵਰ ਦਿੱਤੇ।

ਪਰ ਸਾਰੇ ਵਰ ਤੇ ਉਪਦੇਸ਼ ਲੈਕੇ ਮੈਣਿਆਣੀ ਨੇ ਕਿਹਾ: ਹੇ ਮੁਕਤੀ ਦਾਤਾ, ਹੇ ਤ੍ਰਾਣ ਕਰਤਾ, ਹੇ ਰਖਜਕ, ਹੇ ਗੁਸਾਈਂ ! ਮੈਂ ਅਭਾਗ ਤੇ ਨਿਪੁੱਤੀ ਨੂੰ 'ਮਾਂ' ਕਹਿਕੇ ਸੁਭਾਗ ਤੇ ਸਪੁਤੀ ਕਰਨ ਵਾਲੇ ਦਇਆ ਸਮੁੰਦਰ ! ਇਨ੍ਹਾਂ ਸਥੂਲ ਨੇਤ੍ਰਾਂ ਨਾਲ ਆਪ ਦੇ ਦਰਸ਼ਨ ਦੀ ਸਿੱਕ ਕਿੱਕੁਰ ਤਸੱਲੀ ਪਾਇਆ ਕਰੇਗੀ ? ਗਿਆਨ ਅਰ ਸਿਮਰਨ, ਧਿਆਨ ਅਰ ਰਸ ਆਪਦੀ ਅਪਾਰ ਬਖਸ਼ਿਸ਼ ਹੈ, ਪਰ ਦਰਸ਼ਨ ਬਿਨ ਕਿਸ ਤਰ੍ਹਾਂ ਕਟੇਗੀ ?' ਚੋਜੀ, ਪਰ ਦਾਨੇ ਪ੍ਰੀਤਮ ਜੀ ਬਾਲਾ ਪਰ ਸਭ ਤੋਂ ਉੱਚੇ ਤੇ ਵਡੇ ਪ੍ਰੀਤਮ ਜੀ ਨੇ ਆਖਿਆ, "ਇਹ ਕਟਾਰ ਤੇ ਤਲਵਾਰ ਹੈ, ਇਹ ਪੋਸ਼ਾਕ ਹੈ, ਜਦ ਸਥੂਲ ਦਰਸ਼ਨ

1. ਪ੍ਰੇਮ ਬੰਧਨਿ ਭ੍ਰਮ ਬਾਂਧੇ।। (ਸੋਰ: ਰਵਿ।

ਨੂੰ ਜੀ ਚਾਹੇ, ਇਨ੍ਹਾਂ ਨੂੰ ਤੱਕੋ, ਮੇਰੇ ਸਰੂਪ ਦਾ ਝਲਕਾ ਵੱਜੇਗਾ। ਜਦੋਂ ਪਿਆਰ ਨੂੰ ਚਿਤ ਕਰੇ, ਚਣੇ ਤਲਕੇ ਤੇ ਦੋਧੀ ਪੂਰੀਆਂ ਬਣਾਕੇ ਮੇਰੇ ਨਾਮ ਰੰਗ ਵਿਚ ਲਾਏ ਸਖਿਆਂ ਨੂੰ ਖੁਲਾਯਾ ਕਰੋਗੇ ਤਦ ਮੈਂ ਪਾਯਾ ਕਰਾਂਗਾ ਤੇ ਤੁਹਾਨੂੰ ਮੇਰੇ ਦਰਸ਼ਨ ਹੋਇਆ ਕਰਨਗੇ।"[1]

ਨਵਾਬ ਰਹੀਮ ਖਾਨ ਨੇ ਜਦ ਦਰਸ਼ਨਾਂ ਦੀ ਮੰਗ ਮੰਗੀ ਤਾਂ ਹੁਕਮ ਹੋਇਆ ਕਿ ਤੈਨੂੰ ਜਾਪ ਸਾਹਿਬ ਦੇ ਪਾਠ ਦੇ ਸਮੇਂ ਦਰਸ਼ਨ ਹੋਇਆ ਕਰੇਗਾ। ਜੈਤੇ ਭਗਤ ਦੀ ਨਾਮ, ਅਵਸਥਾ ਪਰਪੱਕ ਸੀ; ਉਸ ਨੇ ਬੀ ਦਰਸ਼ਨ ਦਾਨ ਮੰਗਿਆ, ਹੁਕਮ ਹੋਇਆ ਪਾਠ ਵੇਲੇ ਝਲਕਾ ਵੱਜਸੀ। ਸ਼ਿਵਦੱਤ ਬ੍ਰਾਹਮਣ ਪ੍ਰੇਮ ਕੁੱਠਾ ਬੇਜ਼ੁਬਾਨ ਸਿਰ ਨਿਹੁੜਾਏ ਖੜਾ ਸੀ : ਮਨ ਹੀ ਮਨ ਮੰਗ ਮੰਗ ਰਿਹਾ ਸੀ। ਹੱਸਕੇ, '**ਬਾਲਾ ਪ੍ਰੀਤਮ ਜੀ**' ਨੇ ਆਪਣੇ ਸੱਚੇ, ਸੁੱਚੇ ਤੇ ਉੱਚੇ ਪ੍ਰੇਮੀ ਨੂੰ ਕਿਹਾ, ਸਵੇਰ ਦੇ ਗੰਗਾ ਕਿਨਾਰੇ ਮਾਨਸਕ ਪੂਜਾ ਸਮੇਂ ਤੈਨੂੰ ਪ੍ਰਤੱਖ ਦਰਸ਼ਨ ਹੋਇਆ ਕਰਨਗੇ। ਜਗਤ ਸੇਠ ਨੂੰ ਮੁਕਤੀ ਭੁਗਤੀ ਦਾ ਵਰਦਾਨ ਦਿੱਤਾ। ਇਸ ਨੇ ਬਿਨੈ ਕੀਤੀ ਕਿ ਹਰ ਥਾਂ ਹਰ ਸ਼ਹਿਰ ਮੇਰੀਆਂ ਦੁਕਾਨਾਂ ਹਨ, ਆਪ ਦੀ ਸੇਵਾ ਲਈ ਮੇਰੇ ਕਾਮੇਂ ਹਾਜ਼ਰ ਹੋਣਗੇ, ਚਿੱਠੀਆਂ ਘੱਲ ਦਿਆਂ ? ਆਪ ਨੇ ਕਿਹਾ : ਮੇਰੇ ਪਾਸ ਧੁਰ ਦੀ ਚਿੱਠੀ ਹੈ ਜਿਸ ਨੂੰ ਹਰ ਕਿਸੇ ਨੇ ਸਕਾਰਨਾ[2] ਹੈ; ਪਰ ਸੇਠ ਨੇ ਤਦ ਬੀ ਹਰ ਟਿਕਾਣੇ ਹੁਕਮ ਘੱਲ ਦਿੱਤੇ ਕਿ ਸ੍ਰੀ ਜੀ ਦੀ ਸਭ ਥਾਂ ਸੇਵਾ ਹੋਵੇ। ਫੇਰ ਸਾਰੀ ਸੰਗਤ ਵਲੋਂ ਬਿਨੈ ਹੋਈ। ਆਪ ਨੇ ਆਗਿਆ ਕੀਤੀ, "ਜੋ ਅੰਮ੍ਰਿਤ ਵੇਲੇ ਦੀਵਾਨ ਵਿਚ ਹਾਜ਼ਰ ਹੋਵੇਗਾ, ਵਾਰ ਸੁਣੇਗਾ, ਉਸ ਨੂੰ ਅਸੀਂ ਪੰਘੂੜਾ ਝੂਟਦੇ ਮੰਦਰ ਦੇ ਵਿਚ ਦਿੱਸਾਂਗੇ"[3],

ਗੱਲ ਕੀ ਇਸ ਪ੍ਰਕਾਰ ਵਰ ਦਾਨ ਦੇਂਦੇ, ਉਪਦੇਸ਼ ਕਰਦੇ ਆਪ ਟੁਰੇ, ਸਾਰੀ ਸੰਗਤ ਦਾਨਾਪੁਰ ਤੱਕ ਨਾਲ ਆਈ। ਇਥੇ ਇਕ ਗ਼ਰੀਬ ਪ੍ਰੇਮਣ ਮਾਈ ਨੇ ਸਾਰੀ ਸੰਗਤ ਦੀ ਸੇਵਾ ਕੀਤੀ, ਇਕ ਮਿੱਟੀ ਦੀ ਹਾਂਡੀ ਵਿਚ ਸ੍ਰੀ ਗੁਰੂ ਜੀ ਲਈ ਖਿਚੜੀ ਬਣਾਕੇ ਛਕਾਈ। ਉਸ ਗ਼ਰੀਬ ਪ੍ਰੇਮਣ ਨੇ ਆਪਣਾ ਮਕਾਨ ਧਰਮਸਾਲ ਬਣਾਯਾ, ਹੁਣ ਤੋੜੀ ਉਸ ਧਰਮਸਾਲ ਦਾ 'ਹਾਂਡੀ ਵਾਲੀ ਸੰਗਤ' ਨਾਉਂ ਪੈਂਦਾ ਹੈ ਅਰ ਹਾਂਡੀ ਯਾਦਗਾਰ ਪਈ ਹੈ[1]। ਗੱਲ ਕੀ ਦਾਨਾ ਪੁਰ ਤੋਂ ਆਪ ਨੇ ਸੰਗਤ ਨੂੰ ਬੜੇ ਜਤਨਾਂ ਨਾਲ ਮੋੜਿਆ ਤੇ ਅਗਾਂਹ ਨੂੰ ਤੁਰੇ।

ਰਾਜਾ ਫਤਹ ਚੰਦ ਤੇ ਰਾਣੀ ਨੇ ਘਰ ਆਕੇ ਉਸ ਕਮਰੇ ਨੂੰ; ਜਿੱਥੇ ਸ੍ਰੀ ਜੀ ਆ ਕੇ ਬੈਠਦੇ, ਖਿਰਾਜਦੇ, ਸਤਿਸੰਗ ਕਰਦੇ ਹੁੰਦੇ ਸੇ ਮੰਦਰ ਦੀ ਸ਼ਕਲ ਵਿਚ ਪਲਟ ਦਿੱਤਾ ਅਰ ਕ੍ਰਿਪਾਨ ਤੇ ਕਟਾਰ ਤੇ ਪੁਸ਼ਾਕ ਸਥਾਪਨ ਕੀਤੀ। ਦੋ ਵੇਲੇ ਕੀਰਤਨ ਕਰਦੇ ਤੇ ਪੂਰੀ ਛੋਲਿਆਂ ਦਾ ਪ੍ਰਸ਼ਾਦ ਵਰਤਾਉਂਦੇ। ਸ਼ਿਵਦੱਤ, ਪ੍ਰੇਮੀ ਸ਼ਿਵਦੱਤ ਸਾਯੰਕਾਲ ਨੂੰ ਰੋਜ਼ ਇਸ ਮੰਦਰ ਵਿਚ ਆ ਕੇ ਸਤਿਸੰਗ ਵਿਚ ਹਿਸਾ ਲੈਂਦਾ।

੫.

**ਸਮਾਂ** ਬੀਤਦਾ ਗਿਆ, ਸਮੇਂ ਦੇ ਰੰਗ ਬਦਲਦੇ ਗਏ। ਬਾਰਾਂ ਤੋਂ ਬੀ ਵਧੀਕ ਵਰ੍ਹੇ ਲੰਘ ਗਏ, ਮੈਣਿਆਣੀ ਮਾਂ ਨੂੰ ਪਿਆਰੇ ਪੁਤ੍ਰ, ਦੈਵੀ ਪੁਤ੍ਰ, ਆਪੇ ਆਕੇ ਤਾਰਣਹਾਰ ਪੁਤ੍ਰ ਦੇ ਨਾਲ ਉਹ ਰਸ ਰੰਗ ਦੇਖਿਆਂ ਜੁੱਗ ਲੰਘ ਗਿਆ। ਆਤਮ ਅਵਸਥਾ ਅਰੂਢ ਹੈ, ਨਾਮ ਸਿਮਰਣ ਦਾ ਰੰਗ ਸਵਾਇਆ ਹੈ, ਭਗਤੀ ਵਾਧੇ ਤੇ ਹੈ, ਟਿਕਾਉ ਤੇ ਪ੍ਰੇਮ ਉੱਚਾ ਹੈ, ਦਰਸ਼ਨ ਬੀ ਰੋਜ਼ ਹੁੰਦੇ ਹਨ, ਧਿਆਨ ਵਿਚ **ਬਾਲਾ** ਪ੍ਰੀਤਮ ਜੀ ਦਾ ਹੀ ਨਿਵਾਸ ਹੈ। ਹਾਂ ਹੁਣ ਤਾਂ **ਬਾਲਾ ਪ੍ਰੀਤਮ** ਜੀ 'ਗੁਰੂ ਪ੍ਰੀਤਮ ਜੀ' ਹੋ ਗਏ ਹਨ ਐਡੇ ਉੱਚੇ ਰਿਦੇ ਵਾਲਿਆਂ ਨੂੰ, ਹਾਂ ਜਿਨ੍ਹਾਂ ਨੂੰ ਪ੍ਰੇਮ ਨੇ ਉੱਚਾ ਕੀਤਾ, ਪ੍ਰੇਮ ਧੂਹ ਰਿਹਾ ਹੈ। ਪ੍ਰੇਮ ਹੀ ਤਾਂ ਜਿੰਦ ਹੈ, ਪ੍ਰੇਮ ਹੀ ਆਧਾਰ ਹੈ, ਦਰਸ਼ਨਾਂ ਦੀ

---

1. ਰਾਜੇ ਨੇ ਘਰ ਨੂੰ ਧਰਮਸਾਲ ਬਣਾਯਾ ਤੇ ਏਹ ਸਾਮਾਨ ਸਥਾਪਨ ਕੀਤੇ। ਟਿਕਾਣੇ ਦਾ ਨਾਮ ਅੱਜ ਤੱਕ ਮੈਣੀ ਸੰਗਤ ਹੈ।
2. ਹੁੰਡੀ ਦੇ ਰੁਪੈ ਅਦਾ ਕਰਨ ਨੂੰ ਸਕਾਰਨਾ ਕਹਿੰਦੇ ਹਨ।
3. ਗੁਰੂ ਜੀ ਦਾ ਪੰਘੂੜਾ ਹੁਣ ਤੱਕ ਉਥੇ ਪਿਆ ਹੈ।

---

1. ਹਾਂਡੀ ਮਿੱਟੀ ਵਾਲੜੀ ਉਹ ਮਿੱਟੀ ਹਾਂਡੀ,
ਹਾਂਡੀ ਖਿਚੜੀ ਰਿੰਨ੍ਹਣੀ ਉਹ ਖਿਚੜੀ ਹਾਂਡੀ,
ਹਾਂਡੀ ਖਿਚੜੀ ਦੇਂਵਦੀ ਵਿਚ ਸੰਗਤ ਹਾਂਡੀ,
ਬਾਲਾ ਪ੍ਰੀਤਮ ਪਿਆਰੜੇ ਉਹ ਡਿੱਠੀ ਹਾਂਡੀ,
ਖਿਚੜੀ ਖਾਧੀ ਕੱਢਕੇ ਉਸ ਵਿਚੋਂ ਹਾਂਡੀ।
ਧੰਨ ਮਾਈ ਪਰਧਾਨੀਏ ਜਿਨ੍ਹ ਰਿੱਧੀ ਹਾਂਡੀ,
ਬਾਲਾ ਪ੍ਰੀਤਮ ਟੁਰ ਗਏ ਘਰ ਰਹਿ ਗਈ ਹਾਂਡੀ,
ਖਿਚੜੀ ਨਿੱਤ ਪਕਾਂਵਦੀ ਵਿਚ ਉੱਸੇ ਹਾਂਡੀ।
ਧਿਆਨ ਧਰ ਦੇਂਵਦੀ ਗੁਰ ਅੱਗੇ ਹਾਂਡੀ
ਦੇਖੋ ਸਤਿਗੁਰ ਖਾ ਰਹੇ ਹਥ ਲਾ ਉਸ ਹਾਂਡੀ।
ਮਾਈ ਕਾਰਨ ਬਣ ਗਈ ਉਹ ਬੇੜੀ ਹਾਂਡੀ!
ਹਾਂਡੀ ਤੋਂ ਸੰਗਤ ਬਣੀ ਹੁਣ 'ਸੰਗਤ ਹਾਂਡੀ'।

ਸਿੱਕ ਵੱਧ ਤੋਂ ਵੱਧ ਹੋ ਰਹੀ, ਜੀਉ ਉੱਮਲਦਾ ਹੈ, ਰੋਕਦੇ ਹਨ, ਪਰ ਰੁਕਦਾ ਨਹੀਂ—

ਮਾਏ ! ਮੇਰੀਆਂ ਕਉਣ ਕਤੇ ਹੁਣ ਪੂਣੀਆਂ
ਸੁਧ ਬਿਸਰੀ ਤੇ ਮਤਿ ਮਗਨਾਈ ਪ੍ਰੀਤਮ ਪ੍ਰੇਮ
ਝੰਝੂਣੀਆਂ ! ਨਿਹੁੰ ਲੱਗਾ ਲਗ ਵਧਦਾ ਮਾਏ!
ਬਿਨ ਪ੍ਰੀਤਮ ਗੱਲਾਂ ਊਣੀਆਂ। ਫੇਰੂ ਜੀਂਵੰਦਿਆਂ
ਨੇਹੁੰ ਵਿਸਰੇ ਨਾਹੀਂ ਮੋਇਆਂ ਬੀ ਦੂਣ ਚਊਣੀਆਂ।

(ਕਾਨੜਾ ਫੇਰੂ ਜੀ)

ਨੇਹੁੰ ਲੱਗਾ ਵਧਦਾ ਹੈ, ਵਧਦਾ ਅਰ ਵਧਦਾ ਹੈ ਮੌਤ ਬੀ ਨਹੀਂ ਘਟਾ ਸਕਦੀ। ਗਿਆਨ ਧਿਆਨ ਵਿਚ, ਵੈਰਾਗ ਵਿਚ, ਪ੍ਰੇਮ ਦੀ ਕਾਂਗ ਨੂੰ ਹੁਲਾਰੇ ਲੈਣ ਵੀਚਾਰ ਨਾਲ ਹੱਦ ਬੰਨੇ ਵਿਚ ਰਖਦਿਆਂ ਬਾਰਾਂ ਚੌਦਾ ਬਰਸ ਬੀਤ ਗਏ, ਆਖ਼ਰ ਫਤਹਚੰਦ ਰਾਜਾ ਤੇ ਰਾਣੀ ਟੁਰ ਪਏ। ਆਨੰਦਪੁਰ ਦੀ ਸੇਧ ਕੀਤੀ। ਸੰਗਤ ਬੀ ਮਗਰੇ ਆਈ। ਉਹ ਨੇਹੁੰ ਲਾਉਣ ਵਾਲਾ, ਉਹ **ਬਾਲਾ ਪ੍ਰੀਤਮ** ਦੀ ਦੱਸ ਪਾਉਣ ਵਾਲਾ, ਰਾਜਾ ਬ੍ਰਾਹਮਣ ਸ਼ਿਵਦੱਤ ਹੁਣ ਬੁੱਢਾ ਸ਼ਿਵਦੱਤ, ਦਾਨਾ ਪੁਰ ਆ ਮਿਲਿਆ! ਆਖਣ ਲੱਗਾ: 'ਫਤਹ ਚੰਦਾ ! ਓ ਮੇਰੇ ਦਿਲ ਦਿਆ ਮਹਿਰਮਾਂ ! ਇਸ ਬੁੱਢੇ ਵਾਰੇ ਮੈਨੂੰ ਕਿਉਂ ਵਿਸਾਰ ਟੁਰਿਆ ਹੈਂ ? ਲੈ ਚੱਲ ਉਸ ਪ੍ਰੀਤਮ ਦੇ ਦੇਸ਼। ਮੇਰੇ ਹੱਡ ਬੁੱਢੇ ਹਨ, ਮਾਸ ਢਲਕਦਾ ਹੈ, ਆਸੰਙ ਨਹੀਂ ਪਰ ਨੇਹੁੰ ਨੌਬਾਲਾ ਹੈ। ਓ ਮੇਰੇ ਸੰਗੀਆ ! ਮੇਰੀਆਂ ਲੱਗੀਆਂ ਦੇ ਜਾਣੂਆਂ, ਓ ਨੈਣਾਂ ਵਾਲਿਆ ਪਿਆਰਿਆ, ਮੈਨੂੰ ਨਾਲ ਨਿਬਾਹਵੋ, ਇਕ ਵੇਰ ਕਲਗੀਆਂ ਵਾਲੇ ਦੇ ਦੀਦਾਰ ਕਰਾਵੋ ਤੇ ਫੇਰ ਉਸਦੀ ਚਰਨਧੂੜੀ ਵਿਚ, ਮੇਰੀ ਧੂੜੀ ਰਲਾ ਦੇਵੋ,

"ਮੈਂਡੀ ਦੇਹ ਨਿਮਾਣੀ ਲਾਲ ਵੋ :-
ਮੈਨੂੰ ਦੇਸ਼ ਆਪਣੇ ਸੱਦਕੇ, ਵੋ ਪ੍ਰੀਤਮ ਪਾਸ ਬਹਾਲ
ਵੋ ! ਇਕ ਵੇਰੀ ਤੱਕੀਂ ਅੱਖੀਓਂ ਮੈਨੂੰ ਤਕ ਤਕ
ਕਰੀਂ ਨਿਹਾਲ ਵੋ। ਦੇਹੁੰ ਪੁੰਨੇ ਮੇਰੇ ਪ੍ਰੀਤਮਾ ! ਕੁਈ
ਦਮ ਦਾ ਬਾਕੀ ਹਾਲ ਵੋ ! ਇਸ ਚਰਖੇ ਨੂੰ ਘੁਣ
ਖਾ ਗਿਆ, ਸਿਰ ਲੋਂਦਾ ਦਿਸਦਾ ਕਾਲ ਵੋ। ਕਰ
ਮਿਹਰ ਪੁਰਾਣੇ ਦਾਸ ਤੇ ਇਹ ਬਿਰਦ ਆਪਣਾ
ਪਾਲ ਵੋ ! ਕਰ ਕਲਗੀ ਵਾਲੇ ਮਿਹਰ ਤੂੰ, ਦਰ
ਢੱਠਾ ਦਾਸ ਸੰਭਾਲ ਵੋ !"

ਸ਼ਿਵਦੱਤ ਦੇ ਬਿਰਹ ਨੇ ਮੈਣੀ ਦਾ ਕਲੇਜਾ ਵਿੰਨ੍ਹ ਦਿੱਤਾ, ਮੈਣੀ ਨੂੰ ਕੋਈ ਉਜ਼ਰ ਨਹੀਂ ਸੀ, ਦੇਹ ਜਰਜਰੀ ਦੇਖਕੇ, ਪਰਵਾਰ ਉਸਦੇ ਦਾ ਭੈ ਤੱਕ ਕੇ ਕਿ ਰਸਤੇ ਵਿਚ ਸਰੀਰ ਨਾ ਛੁਟ ਜਾਏ, ਮੈਣੀ ਇਕੱਲਾ ਆ ਗਿਆ ਸੀ। ਪਰ ਪ੍ਰੀਤਮ ਦਾ ਸੱਚਾ ਪ੍ਰੇਮੀ ਸ਼ਿਵਦੱਤ ਇਹ ਕਦ ਜ਼ਰ ਸਕਦਾ ਸੀ ਕਿ ਅਜੇ ਸਾਸ ਹੋਣ ਤੇ ਪ੍ਰੀਤਮ ਜੀ ਦੇ ਦਰਸ਼ਨ ਦੀ ਆਸ ਹੋਵੇ ਤਾਂ ਨਿਰਾਸ ਹੋਕੇ ਘਰ ਬਹਿ ਜਾਵੇ ? ਫਤਹ ਚੰਦ ਨੇ ਚਰਨ ਛੂਹ ਕੇ ਕਿਹਾ, "ਮੈਨੂੰ 'ਦਰ ਦਰਸ਼ਨ' ਦੀ ਪ੍ਰੀਤ ਲਾਉਣ ਵਾਲਿਆ ! ਜੇ ਇਸ ਦੇਹ ਦੇ ਹੁੰਦਿਆਂ ਮੈਂ ਨਿਕਾਰੇ ਨੂੰ ਇਹ ਵਡਿਆਈ ਮਿਲੇ ਕਿ ਤੈਨੂੰ ਪ੍ਰੀਤਮ ਦੇ ਦਰਸ਼ਨ ਹੋ ਜਾਣ ਤਾਂ ਮੇਰਾ ਹੱਡ ਚੰਮ ਸਫਲ ਹੋ ਜਾਵੇ। ਤੂੰ ਚੱਲ, ਤੂੰ ਮੇਰਾ ਸਰਦਾਰ ਮੈਂ ਤੇਰਾ ਨਫ਼ਰ ਹੋਵਾਂਗਾ।" ਇਸ ਪ੍ਰਕਾਰ ਦਿਲਾਸਾ ਦੇਇ ਪਰਵਾਰ ਤੋਂ ਛੁੱਟੀ ਦਿਵਾ, ਸ਼ਿਵਦੱਤ-ਪ੍ਰੇਮੀ ਸ਼ਿਵਦੱਤ ਜੀ, **ਬਾਲਾ ਪ੍ਰੀਤਮ** ਦੇ ਪਿਆਰੇ ਸ਼ਿਵਦੱਤ—ਜੀ ਨੂੰ ਫਤਹ ਚੰਦ ਨਾਲ ਲੈ ਟੁਰੇ! ਪਾਲਕੀ ਵਿਚ ਆਪਦੀ ਸਵਾਰੀ ਕਰਾਈ। ਹਾਇ ਸ਼ਿਵਦੱਤ ! ਤੇਰੇ ਰਿਦੇ ਦਾ ਅਦਬ ਕੈਸਾ ਉੱਚਾ ਹੈ ? ਸ਼ਿਵਦੱਤ ਆਖਦਾ ਹੈ "ਪਾਪੀ ਸਰੀਰਾ ! ਕਿਸ ਵੇਲੇ ਹਾਰ ਦਿੱਤੀ ਆ ? ਮੈਂ ਪ੍ਰੇਮ ਦੇ ਦੇਸ਼ ਚਲਿਆ ਹਾਂ, ਜੇ ਤੂੰ ਹਾਰ ਨਾ ਦਿੰਦਾ ਤੇ ਐਉਂ ਜਾਂਦਾ :--

ਪੈਰੀਂ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ॥

ਪਰ ਤੂੰ ਹਾਰ ਦਿੱਤੀ ਮੈਂ ਬੇ ਅਦਬ ਟੋਕੇ ਜਾ ਰਿਹਾ ਹਾਂ।"

ਮੈਣਿਆਣੀ—ਹੇ ਸਾਡੇ ਸਿੱਖੀ ਮੰਡਲ ਦੇ ਚਮਕਦੇ ਨੂਰ ! ਐਉਂ ਨਾ ਕਹੁ, ਧੰਨ ਇਹ ਸਰੀਰ ਹੈ ਜਿਸਦੇ ਹੁੰਦੇ ਹੁੰਦੇ ਫੇਰ ਦਰਸ਼ਨ ਹੋਣ ਲੱਗੇ ਹਨ। ਹੇ ਵੱਡੇ ! ਖਿਮਾਂ ਕਰਨੀ।

ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥ (ਭੈਰਉ ਕਬੀਰ)

ਹੁਕਮ ਹੈ। ਹੇ ਸਤਿਕਾਰ ਯੋਗ ! ਆਪ ਦੀ ਅਪਾਰ ਪ੍ਰੀਤਿ ਦੇ ਬਲਿਹਾਰ ਹਾਂ।

ਗੱਲ ਕੀ ਪਿਆਰ ਵਿਚ ਪ੍ਰੋਤੇ ਸਾਰੇ ਪ੍ਰੇਮੀ ਟੁਰੇ ਜਾ ਰਹੇ ਹਨ। ਕਿਥੇ ਬਿਹਾਰ ਦੇਸ਼ ਦਾ ਪਟਨਾ, ਕਿਥੇ ਮੈਨਦੁਆਬ ਦਾ ਆਨੰਦਪੁਰ। ਘੋੜਿਆਂ, ਡੋਲਿਆਂ ਦੇ ਸਫਰ, ਪਰ ਪ੍ਰੇਮ ਪੁੱਛਦਾ ਨਹੀਂ; ਬੁੱਢੇ ਜੁਆਨ, ਨੱਢੇ; ਨਹੀਂ ਦੇਖਦਾ, ਸੁਖ ਦੁਖ ਨਹੀਂ ਪਛਾਣਦਾ, ਖਿੱਚੀ ਲਈ ਜਾਂਦਾ ਹੈ। ਖਿੱਚ ਦੇ ਨਿਯਮ ਨੂੰ ਸਿਵਾ ਖਿੱਚ ਦੇ ਹੋਰ ਨਾਲ ਕੀ ਵਾਸਤਾ ? ਉਹ ਖਿੱਚਦਾ ਹੈ ਤੇ ਖਿੱਚੀ ਲਿਜਾਂਦਾ ਹੈ ਖਿੱਚ ਦੇ ਕੇਂਦਰ ਵੱਲ। ਹੈ ਤਾਂ ਖਿੱਚ 'ਧੂਹ' ਪਰ ਏਸ ਭਾਗ ਸੁਲੱਖੀ ਖਿੱਚ

ਹੈ ਤਾਂ ਖਿੱਚ 'ਧ੍ਰੂਹ' ਪਰ ਏਸ ਭਾਗ ਸੁਲੱਖੀ ਖਿੱਚ ਵਿਚ ਹੀ ਪ੍ਰਾਪਤੀ ਹੈ।

ਸਨੇ ਸਨੇ ਸਫਰ ਕਰਦੇ ਚੜ੍ਹਦੇ ਪੋਹ ਸ੍ਰੀ ਆਨੰਦ ਪੁਰ ਆ ਗਏ। ਕਲਗੀਆਂ ਵਾਲੇ ਨੂੰ ਪਤਾ ਹੈ ਕਿ ਸੋਲਾਂ ਦਰਸ਼ਨਾਂ ਦਾ ਵੇਤਾ ਸ਼ਿਵਦੱਤ ਮੇਰਾ ਡੂੰਘਾ ਪ੍ਰੇਮੀ ਆ ਰਿਹਾ ਹੈ। ਮੇਰੇ ਸਤਿਕਾਰ ਯੋਗ ਪੂਰਨ ਪਦ ਦੇ ਪ੍ਰੇਮੀ ਮੈਣੀ ਜੀ ਆ ਰਹੇ ਹਨ।

ਦੇਖੋ ਸਾਰੇ ਆਪਣੇ ਆਪ ਵਿਚ ਸਿੱਖ ਹਨ। ਮੈਣਿਆਣੀ ਤੇ ਮੈਣੀ ਪੂਰੇ ਅਦਬ ਭਰੇ ਪੂਰੇ ਸਿੱਖੀ ਭਾਵ ਵਿਚ ਆ ਰਹੇ ਹਨ। ਪੁਤ ਦਾ ਮਾਣ ਨਾਲ ਨਹੀਂ ਲਿਆ ਰਹੇ! ਸ਼ਿਵਦੱਤ ਵਿਚਾਰਾ ਅਤੀ ਦੀਨ ਤੇ ਨਿੰਮ੍ਰਤਾ ਤੇ ਪਿਆਰ ਵਿਚ ਆ ਰਿਹਾ ਹੈ ਅਰ ਚਾਹੁੰਦਾ ਹੈ ਕਿ ਚਰਨਾਂ ਵਿਚ ਸਮਾਵਾਂ, ਪਰ ਸ੍ਰੀ ਗੁਰੂ ਜੀ ਬਿਰਦ ਦੇ ਪੱਕੇ, ਨੇਮ ਦੇ ਸੱਚੇ, ਅੱਗੋਂ ਹੋ ਟੁਰੇ। ਰੋਪੜ ਤਕ ਘੋੜੇ ਦੜ੍ਹਕੇ ਅੱਗੋਂ ਆ ਮਿਲੇ।

ਸ਼ਿਵਦੱਤ ਦੀ ਪਾਲਕੀ ਕਹਾਰ ਚਾਈ ਲਿਜਾਂਦੇ ਹਨ, ਮਲਕੜੇ ਜਿਹੇ ਮਗਰੋਂ ਦੀ ਆ ਕੇ ਕਹਾਰਾਂ ਨੂੰ ਖੜੋਣ ਦੀ ਸੈਨਤ ਕਰਦੇ ਹਨ ਤੇ ਪਾਸ ਆਕੇ ਕਹਿੰਦੇ ਹਨ, 'ਬਾਬਾ ਜੀ ਝਾਤ'।

ਆਹਾ ! ਇਸ ਕਰਾਮਾਤੀ ਵਾਕ, ਜੀਆ ਦਾਨ ਵਾਲੇ ਵਾਕ, ਸੱਦ ਇਲਾਹੀ ਦੇ ਵਾਕ ਨੇ ਬਿਰਧ ਸ਼ਿਵਦੱਤ ਨੂੰ ਹਿਲਾਕੇ ਖੁਸ਼ੀ ਨਾਲ ਉਛਾਲਾ ਦਿੱਤਾ, ਤੱਕੇ ਕਿ ਪ੍ਰੀਤਮ, **ਬਾਲਾ ਪ੍ਰੀਤਮ**, ਹੁਣ ਕਲਗੀਆਂ ਵਾਲਾ ਪ੍ਰੀਤਮੁ "ਝਾਤ" ਆਖ ਰਿਹਾ ਹੈ! ਮਨੁਖ ਤੇ ਭਰ ਗਭਰੂ ਜੁਆਨ ਹੋਕੇ ਬੀ ਮੈਨੂੰ ਬਾਲ ਲੀਲ੍ਹਾ ਦੇ ਚੋਜਾਂ ਨਾਲ ਬੁਲਾ ਰਿਹਾ ਹੈ। ਖੁਸ਼ੀ ਦੇ ਉਛਾਲੇ ਨਾਲ ਜਿਉਂ ਉਛਲਿਆ ਪੀਨਸ ਤੋਂ ਬਾਹਰ ਆ ਪਿਆ ਪਰ ਸਾਰੀ ਪਟੇਬਾਜ਼ੀ ਦੇ ਉਸਤਾਦ, ਸਤਿਗੁਰੂ ਨੇ ਕੁੱਛੜ ਵਿਚ ਬੋਚ ਲਿਆ। ਕਲੇਜੇ ਨਾਲ ਲਾ ਕੇ ਆਖਿਆ, ਧੰਨ ਸਿੱਖੀ ! ਧੰਨ ਸਿੱਖੀ! ! ਧੰਨ ਸਿੱਖੀ! ! !

ਸ਼ਿਵਦੱਤ ਵੈਰਾਗ ਨਾਲ ਤਾਂ ਦ੍ਰਵ ਗਿਆ, ਪਰ ਪ੍ਰੇਮ ਨਾਲ ਉਮਾਹ ਗਿਆ, ਪਿਆਰੇ ਦਰਸ਼ਨ ਨਾਲ ਨਿਹਾਲ ਹੋ ਗਿਆ ਤੇ ਚੁੰਬਕ-ਸਰੀਰ ਨਾਲ ਲਗਦੇ ਸਾਰ ਮਾਨੋਂ ਨਵੀਂ ਜੁਆਨੀ ਵਿਚ ਆ ਗਿਆ। ਸਤਿਗੁਰ ਨੇ ਘੁੱਟ ਘੁੱਟਕੇ ਪਿਆਰ ਕੀਤਾ : ਗਲੇ ਲਾਇਆ ਤੇ ਫੇਰ ਫੇਰ ਪਿਆਰਿਆ।

ਦੇਖ ਓਏ ਪ੍ਰੇਮ ਤੋਂ ਭੁੱਲੇ ਪਾਠਕ ਮਿੱਤ੍ਰ ! ਆਪਣੇ ਸਤਿਗੁਰੂ ਦੇ ਪ੍ਰੇਮ ਦਾ ਦਰਸ਼ਨ। ਬੁੱਢਾ ਠੁਕ ਕੁੜ ਭੱਜ ਰਹੀ ਹੈ, ਦੇਹਿ ਦ੍ਰਖਤ ਦੇ ਮੁੱਢ ਵਾਂਗ ਝੁਰੀਦਾਰ ਹੋ ਰਹੀ ਹੈ, ਮਾਸ ਢਿਲਕ ਰਿਹਾ ਹੈ, ਹੱਡੀਆਂ ਦੀ ਮੁਠ ਹੋ ਰਿਹਾ ਹੈ, ਕੋਈ ਸੁੰਦਰਤਾ ਬਾਕੀ ਨਹੀਂ; ਤੂੰ ਦੇਖੇਂ ਤਾਂ ਹੱਥ ਨਾ ਲਾਏਂ, ਪਰ ਤੇਰਾ ਗੁਰੂ ਉਸ ਵਿਚ ਆਤਮ ਸੁੰਦਰਤਾ ਤੱਕ ਰਿਹਾ ਹੈ, ਇਲਾਹੀ ਸੁੰਦਰਤਾ ਨੂੰ ਤੱਕ ਕੇ ਮਸਤ ਹੋ ਰਿਹਾ ਹੈ, ਸਰੀਰ ਵਿਚਲੇ ਪੰਛੀ ਦੀ ਸੁੰਦਰਤਾ ਤੇ ਮੋਹਤ ਹੋ ਕੇ ਜਰਜਰੇ ਪਿੰਜਰੇ ਨੂੰ ਬੀ ਗਲ ਨਾਲ ਲਾ ਕੇ ਪਿਆਰ ਕਰ ਰਿਹਾ ਹੈ। ਧੰਨ ਕਲਗੀਆਂ ਵਾਲਾ ਗੁਰੂ ਹੈ !

ਜਦ ਪਿਆਰ ਦਾ ਮਿਲਾਪ ਹੋ ਚੁਕਾ ਤਾਂ ਸ੍ਰੀ ਗੁਰੂ ਜੀ ਨੇ ਸ਼ਿਵਦੱਤ ਨੂੰ ਪੀਨਸ ਵਿਚ ਸਹਿਜ ਨਾਲ ਬਹਾਲਿਆ ਤੇ ਪਿੱਛੇ ਦੀ ਸੁਰਤ ਕੀਤੀ। ਸੰਗ ਵਿਚ ਸੁਧ ਪਹੁੰਚ ਗਈ ਸੀ, ਮੈਣੀ ਤੇ ਮੈਣਿਆਣੀ ਘੋੜੇ ਤੇ ਡੋਲੇ ਤੋਂ ਉਤਰ ਕੇ ਪੈਦਲ ਭਜੇ ਆ ਰਹੇ ਹਨ, ਚਿਹਰੇ ਖੁਸ਼ੀ ਨਾਲ ਚਮਕਦੇ ਹਨ, ਲਾਲੀ ਫੁੱਟ ਫੁੱਟ ਪੈਂਦੀ ਹੈ, ਮਾਨੋਂ ਲਹੂ ਚੋਂਦਾ ਹੈ। ਆਉਂਦੇ ਸਾਰ ਚਰਨਾਂ ਤੇ ਢੱਠੇ ਪਰ '**ਮਾਂ**', ਆਖਣ ਵਾਲੇ ਮਰਿਯਾਦਾ ਪੁਰਸ਼ੋਤਮ ਮਹਾਂਪੁਰਖ ਨੇ ਧਰਤੀ ਪੈਣੋਂ ਪਹਿਲੇ ਸਿਰ ਸੰਭਾਲਕੇ ਫੇਰ ਉਸ ਵੇਗ ਵਾਲੀ ਸੱਦ ਵਿਚ ਕਿਹਾ "**ਮਾਂ**", ਹਾਂ ਜੀ

"ਮਾਂ"

"ਮਾਂ" ਕਹਿਣਾ ਕੀ ਸੀ, ਵਾਯੂ ਮੰਡਲ ਨੂੰ ਆਨੰਦ ਤੇ ਪ੍ਰੇਮ ਨਾਲ ਭਰ ਦੇਣਾ ਸੀ। ਦੋਵੇਂ ਮਾਨੋਂ ਮੂਰਛਿਤ ਹੋ ਗਏ, ਰਸ ਵਿਚ ਆਪੇ ਤੋਂ ਉੱਚੇ ਹੋ ਟੁਰੇ। ਦੈਵੀ ਪੁਤ੍ਰ ਖੜਾ ਹੈ ਤੇ ਕਹਿ ਰਿਹਾ ਹੈ :-

"ਅੰਮੀ ! ਪਿਆਰ ਇਲਾਹੀ"

ਇਸ ਸੰਗਮ ਨੂੰ ਕੀਕੂੰ ਕਹੀਏ ? ਵਰਿਹਾਂ ਦੀ ਸਿੱਕ, ਖਿੱਚ ਤੇ ਧ੍ਰਿਕ ਦੇ ਬਾਦ ਦਾ ਮੇਲਾ-ਸਤਿਗੁਰੂ ਦਾ ਅੱਗੋਂ ਆਕੇ ਮਿਲਨਾਂ, ਦਾਸ ਨਿਵਾਜਣ ਦਾ ਬਿਰਦ, ਪ੍ਰੇਮ ਦੀ ਅਵਧੀ, ਸਾਤ੍ਵਕ ਭਾਵ ਛਾ ਗਏ। ਸਾਰੀ ਸੰਗਤ ਡੰਡੌਤ ਵਿਚ ਪੈ ਗਈ। ਘੰਟਾ ਭਰ ਪਤਾ ਨਹੀਂ ਰਿਹਾ ਕਿ ਸਮਾਂ ਕਿਥੇ ਬੀਤ ਰਿਹਾ ਹੈ। ਫੇਰ ਸਤਿਗੁਰ ਨੇ ਕਲਾ ਵਰਤਾਈ, ਸਭ ਨੂੰ ਸੁਰਜੀਤ ਕੀਤਾ, ਇਕ ਇਕ ਨੂੰ ਮਿਲੇ, ਸੁੱਖਾਂ ਪੁੱਛੀਆਂ ਪਿਆਰ ਕੀਤੇ, ਇਸ ਤੋਂ ਅੱਧ ਮੀਲ ਅੱਗੇ ਚੋਜੀ ਜੀ ਵਲੋਂ ਡੇਰਾ ਲੱਗ ਰਿਹਾ ਸੀ, ਲੰਗਰ ਹੋ ਰਹੇ ਸੇ, ਉਥੇ ਸਭ ਦਾ ਨਿਵਾਸ ਕਰਾਯਾ।

ਸ਼ਿਵਦੱਤ ਹੁਣ "ਸਤਿਗੁਰੂ ਜੀ" ਕਰ ਕੇ ਸੱਦਦਾ

ਵਿਚੋਂ 'ਬਾਲਾ ਪ੍ਰੀਤਮ' ਇਸ ਪ੍ਰੇਮ ਨਾਲ ਨਿਕਲਦਾ ਰਿਹਾ ਹੈ ਕਿ ਸਾਨੂੰ ਸੁਆਦ ਨਹੀਂ ਭੁੱਲਦਾ ਤੂੰ ਬਿਰਧ ਹੈਂ, ਵੱਡਾ ਹੈਂ, ਸਾਡਾ ਆਦਿ ਪ੍ਰੇਮੀ ਤੇ ਸਤਿਕਾਰ ਯੋਗ ਹੈਂ ਤੂੰ ਸਾਨੂੰ ਸਦਾ 'ਬਾਲਾ ਪ੍ਰੀਤਮ' ਸੱਦਣਾ ਹੈ। ਇਸ ਵਿਚ ਜੋ ਸਾਨੂੰ ਰਸ ਹੈ ਸੋ ਅਸੀਂ ਤਜਾਗਣ ਨੂੰ ਤਿਆਰ ਨਹੀਂ"। ਦਾਸ ਨਿਵਾਜਣ ਤੇ ਪ੍ਰੇਮ ਦੇ ਚੋਜਾਂ ਨੂੰ ਤੱਕ ਤੱਕ ਕੇ ਸ਼ਿਵਦੱਤ ਖ਼ੁਸ਼ ਹੁੰਦਾ ਹੈ; ਜਾਮੇਂ ਨਹੀਂ ਮੇਉਂਦਾ ਆਖਦਾ ਹੈ : "ਫਤਹ ਚੰਦਾ ! ਤੂੰ ਸਦਾ ਖ਼ੁਸ਼ ਥੀਵੇਂ, ਮੈਨੂੰ ਇਹ ਸੁਭਾਗ ਦਿਨ ਦਿਖਾਏ। ਪਰ ਹੇ ਜਗਤ ਦੇ ਮਾਲਕਾ ਮੇਰੇ 'ਬਾਲਾ ਪ੍ਰੀਤਮ' ! ਹੁਣ ਚਰਨੀਂ ਸਮਾ ਲਈਂ "ਜੋ ਮੁੜ ਬ੍ਰਿਹੋਂ ਵਾਲੇ ਦੇਸ਼ ਨ ਜਾਵਾਂ।" ਹੱਸ ਕੇ ਕਲਗੀਆਂ ਵਾਲੇ ਬੋਲੇ :-

"ਜੈਸੀ ਮਨਸਾ ਤੈਸੀ ਦਸਾ[1]॥"

ਫੇਰ ਆਨੰਦਪੁਰ ਪਹੁੰਚੇ। ਸਪਤਮੀ ਦਾ ਗੁਰਪੁਰਬ ਨੇੜੇ ਸੀ, ਸਾਰੇ ਇਸ ਸਮਾਗਮ ਪਰ ਧਾਕੇ ਆਏ ਸੇ। ਪ੍ਰੀਤਮ ਦੀ ਵਰ੍ਹੇ ਗੰਢ ਦੇ ਦਰਸ਼ਨਾਂ ਦੇ ਉਮਾਹ ਸੇ ਸਾਰਿਆਂ ਨੇ ਰੰਗ ਮਾਣੇ, ਦਰਸ਼ਨ ਕੀਤੇ, ਸੁਖ ਪਾਏ। ਇਹ ਕੌਤਕ ੧੭੪੬ ਬਿਕ੍ਰਮੀ[2] ਦੇ ਲਗਪਗ ਦੇ ਹਨ।

ਸਾਰਿਆਂ ਨੂੰ ਯਥਾ ਯੋਗ ਦਾਤਾਂ ਮਿਲੀਆਂ। ਫਤਹ ਚੰਦ ਨੂੰ ਗੁਰੂ ਜੀ ਨੇ ਇਕ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਦੀ ਆਪਣੇ ਦਸਖਤ ਕਰ ਕੇ ਦਿੱਤੀ ਤੇ ਕਿਹਾ-ਇਹ ਵਿਦਤ ਸਤਿਗੁਰੂ ਹੈ। ਸਾਰੀ ਸਿੱਖੀ ਨੇ ਇਸਦੇ ਲੜ ਲਗਣਾ ਹੈ। ਤੁਸੀ ਦੇਸ਼ ਜਾਕੇ ਹੁਣ ਤੋਂ ਹੀ ਇਸ ਸਰੂਪ ਵਿਚ ਮੈਨੂੰ ਤੱਕਿਆ ਕਰੋ, ਮੇਰੀ ਜੋਤਿ ਨੂੰ ਇਸ ਵਿਚ ਮਿਲਿਆ ਕਰੋ, ਇਸਦੀ ਬਾਣੀ ਵਿਚ ਮੇਰੇ ਨਾਲ ਗੱਲਾਂ ਕਰਿਆ ਕਰੋ ਜੋ ਇਹ ਕਹੇ ਮੇਰਾ ਉਪਦੇਸ਼ ਜਾਣਿਆਂ ਕਰੋ, ਮੇਰੀ ਸੇਵਾ ਇਸ ਦੀ ਸੇਵਾ ਵਿਚ ਸਾਧ ਸੰਗਤ ਦੀ ਸੇਵਾ ਸਮੇਤ ਜਾਣਿਆਂ ਕਰੋ।

ਇਸ ਪ੍ਰਕਾਰ ਦਾਤਾਂ ਕਰਦੇ ਗੁਰਸਪਤਮਿ ਦੇ ਰੰਗ ਬੀਤੇ। ਹੁਣ ਫੇਰ ਬਿਰਹੋਂ ਦੇ ਦਿਨ ਆਏ, ਸਭ ਦੇਸ਼ਾਂ ਦੀਆਂ ਸੰਗਤਾਂ ਵਿਦਾ ਹੋਈਆਂ। ਇਟਾ ਸੰਗਤ ਸਭ ਤੋਂ ਪਿਛੋਂ ਟੁਰੀ, ਰੋਪੜ ਤੱਕ ਸਤਿਗੁਰ ਆਪਣੇ ਨਿਵਾਜੇ ਮਾਪਿਆਂ ਨੂੰ ਟੋਰਨ ਆਏ। ਸ਼ਿਵਦੱਤ ਤਾਂ ਸਦਾ ਲਈ ਸਤਿਗੁਰ ਦੇ ਚਰਨੀਂ ਸਮਾ ਗਿਆ ਉਸ ਦੀ ਉਮਰਾ ਦੀ ਅਭਿਲਾਖਾ ਪੂਰੀ ਹੋਈ। ਬਾਕੀ ਸੰਗਤ ਫਤਹ ਚੰਦ ਦੀ ਜਥੇਦਾਰੀ ਵਿਚ ਵਾਪਸ ਟੁਰ ਗਈ। ਬਿਰਹ ਵਿਯੋਗ ਵਿਚ ਭਰੇ, ਪਰ ਆਤਮ ਰਸ ਦੇ ਰਸੀਏ, ਜੀਉਂਦੇ ਪ੍ਰੇਮੀ ਸਨੇ ਸਨੇ ਪਟਨੇ ਪਹੁੰਚੇ !

ਫਤਹਚੰਦ ਨੇ ਆਪਣੇ ਘਰਬਾਰ ਨੂੰ ਢਾਹਕੇ ਗੁਰੂ ਮੰਦਰ ਬਣਾ ਦਿੱਤਾ ਫੇਰ ਪਦਾਰਥ ਦਾ ਲੰਗਰ ਜਾਰੀ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਓਥੇ ਅਸਥਾਪਨ ਕੀਤਾ। ਸਾਰੀ ਉਮਰ 'ਗੁਰੂ-ਪੂਜਾ' ਕਰਦਾ, ਉਪਦੇਸ਼ ਸੁਣਦਾ, ਸ੍ਰਿਸ਼ਟੀ ਨੂੰ ਤਾਰਦਾ ਰਿਹਾ। ਹੁਣ ਤਕ ਗੁਰਦਵਾਰਾ ਹੈ, ਏਕਾਦਸ਼ੀ ਨੂੰ ਸ੍ਰੀ ਗੁਰੂ ਜੀ ਦਾ ਦਰਸ਼ਨ ਹੁੰਦਾ ਹੈ, ਭੋਗ ਉਸੇ ਤਰ੍ਹਾਂ ਲਗਦਾ ਹੈ, ਨਾਮ 'ਮੈਣੀ ਸੰਗਤ' ਪੈਂਦਾ ਹੈ, ਕਿਉਂਕਿ ਫਤਹ ਚੰਦ ਮੈਣੀ ਖੱਤਰੀ ਸੀ[1]।

**ਗੀਤ--** ਜਿਸ ਵਿਚ ਪਟਨੇ ਤੋਂ ਵਿਦੈਗੀ ਸਮੇਂ ਸੰਗਤ ਦਾ ਪ੍ਰੇਮ ਅੰਕਤ ਹੈ।

ਸੰਗਤ-
ਸੋਹਣੇ ਕਲਗੀ ਵਾਲਿਆ ! ਏਥੋਂ ਨਹੀਂ ਜਾਣਾ,
ਸਾਥੋਂ ਮੰਨਿਆਂ ਨ ਜਾਵੇ ਏ ਭਾਣਾਂ।੧.
ਸਾਡੀ ਜਿੰਦ ਤੁਸੀਂ ਜਾਨ,
ਸਾਡੇ ਪ੍ਰਾਨ ਦੇ ਹੋ ਪ੍ਰਾਨ,
ਅਸਾਂ ਜੀਵਨ ਤੁਸਾਂ ਬਿਨ ਕਿੰਵ ਪਾਣਾਂ ? ੨.
ਗੁਰੂ ਜੀ--ਆਯਾ ਪਿਤਾ ਦਾ ਸੰਦੇਸ਼;
ਛੇਤੀ ਟੁਰ ਆਓ ਦੇਸ਼,
ਮੰਨ ਅਸਾਂ ਨੇ ਹੁਕਮ ਹੁਣ ਟੁਰ ਜਾਣਾ। ੩.
ਸੰਗਤ--ਮਾਤਾ ਗੁਜਰੀ ਦੇ ਲਾਲ !
ਸਾਨੂੰ ਲੈ ਚੱਲੋ ਨਾਲ
ਸਾਨੂੰ ਵਿਛੁੜ ਤੁਸਾਂ ਤੋਂ ਸੁਖ ਨਹੀਂ ਆਣਾ। ੪.
ਗੁਰੂ ਜੀ--ਹੋਸਾਂ ਸਦਾ ਮੈ ਸਹਾਇ;
ਰਹਿਸਾਂ ਅੰਗ ਸੰਗ ਆਇ,
ਸੰਗਤਾਂ ਦੇ ਵਿਚ ਮੈਂ ਸਦਾ ਰਹਾਣਾ। ੫.

---

1. ਕੁਝ ਸਮਾਂ ਮਗਰੋਂ ਸ਼ਿਵਦੱਤ ਜੀ ਆਨੰਦਪੁਰ ਗੁਰੂਗੋਦੀ-ਹਾਂ ਅਪਣੇ ਬਾਲਾ ਪ੍ਰੀਤਮ ਦੀ ਗੋਦੀ--ਵਿਚ ਸਿਰ ਰਖੇ ਸਮਾਏ। ਬਾਲਾ ਪ੍ਰੀਤਮ ਦੀ ਹੱਥੀਂ ਹੀ ਸਸਕਾਰ ਤੇ ਫੁੱਲ ਸਤਲੁਜ ਭੇਟ ਕੀਤੇ ਗਏ। 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ'। 2. ਤ੍ਵਾ: ਖਾ:।

1. ਭਾਈ ਗਜਾਨ ਸਿੰਘ ਜੀ ਲਿਖਦੇ ਹਨ ਕਿ ੧੯੨੯ ਬਿਕ੍ਰਮੀ ਵਿਚ ਅਸੀਂ ਗੁਰਦੁਆਰੇ ਦੀ ਹਾਲਤ ਮਸਤਾਨੀ ਡਿੱਠੀ, ਛੇ ਮਹੀਨੇ ਓਥੇ ਰਹੇ। ਸੰਤ ਈਸ਼ਰ ਸਿੰਘ ਜੀ ਆ ਕੇ ਟਿਕੇ ਕੋਸ਼ਿਸ਼ ਹੋਈ ਫੇਰ ਪਦਾਰਥ ਕਠਾ ਹੋ ਕੇ ਗੁਰਦੁਆਰੇ ਦੀ ਸੇਵਾ ਹੋਈ। ਹੁਣ ਬੜਾ ਸੁੰਦਰ ਤੇ ਰੌਣਕਦਾਰ ਗੁਰਦੁਆਰਾ ਬਣ ਗਿਆ ਹੈ।

ਸੂਚਨਾ—ਅਸਾਂ ਪਿਛੇ ਗੁਰੂ ਜੀ ਦੀ ਪਟਨੇ ਤੋਂ ਵਿਦੈਗੀ ਤੇ ਉਹਨਾਂ ਦੇ ਦਾਨਾ ਪੁਰ ਅੱਪੜਨ ਤਕ ਦਾ ਹਾਲ ਦਿਤਾ ਸੀ। ਹੁਣ ਉਸ ਤੋਂ ਅਗੇਂ ਦੇ ਸਫਰ ਦਾ ਹਾਲ ਅਗਲੇ ਪ੍ਰਸੰਗ ਵਿਚ ਆਉਂਦਾ ਹੈ :-

# ੫. ਗੁਰੂ ਜੀ ਦਾ ਪਹਿਲਾ ਸਫਰ[1]।

(ਛੋਟਾ ਮਿਰਜ਼ਾ ਪੁਰ)

**ਉਧਰ** ਸਤਿਗੁਰੂ ਜੀ ਵਹੀਰ ਸਮੇਤ ਦਾਨਾਪੁਰ ਤੋਂ ਆਰੇ, ਡਮਰੇ ਤੇ ਬਕਸਰ ਆਦਿ ਟਿਕਾਣਿਆਂ ਵਿਚ ਉਤਰਦੇ ਛੋਟੇ ਮਿਰਜ਼ਾਪੁਰ ਅੱਪੜੇ। ਹਰ ਥਾਵੇਂ ਸਿੱਖੀ ਮੌਜੂਦ ਸੀ, ਹਰ ਥਾਂ ਜਗਤ ਸੇਠ ਦੇ ਸੇਵਕ ਆਦਰ ਲਈ ਹਾਜ਼ਰ ਸੇ। ਹਰ ਥਾਂ ਦੀਵਾਨ ਸਜਾਉਂਦੇ, ਕਥਾ ਕੀਰਤਨ ਉਪਦੇਸ਼ ਹੁੰਦੇ ਗਏ। ਇਸ ਮਿਰਜ਼ਾਪੁਰ ਵਿਚ ਗੁਰ ਸਿੱਖੀ ਚੋਖੀ ਹੈ ਸੀ। ਸੰਗਤਾਂ ਵਿਚ ਖੜਾ ਉਮਾਹ ਹੋਇਆ; ਇਤਨਾ ਕਿ ਤ੍ਰੈ ਦਿਨ ਸੰਗਤ ਨੇ ਉਥੋਂ ਅਗੇ ਨਹੀਂ ਤੁਰਨ ਦਿਤਾ। ਸਤਿਸੰਗ ਦੇ ਦੀਵਾਨ ਸਜਦੇ ਰਹੇ। ਮਾਮਾ ਕ੍ਰਿਪਾਲ ਚੰਦ ਜੀ ਸੰਗਤਾਂ ਦੀ ਕਲਜਾਨ ਵਾਸਤੇ ਕਥਾ ਕੀਰਤਨ ਸਤਿਸੰਗ ਦਾ ਸਾਮਾਨ ਪੂਰਾ ਕਰਦੇ ਰਹੇ। ਸਾਹਿਬਜ਼ਾਦੇ ਜੀ ਬੀ ਆਪਣੇ ਅਲੌਕਿਕ ਦਰਸ਼ਨਾਂ ਨਾਲ ਤੇ ਕਿਸੇ ਕਿਸੇ ਵੇਲੇ ਚਮਤਕਾਰੀ ਬਚਨਾਂ ਨਾਲ ਸਭ ਨੂੰ ਨਿਹਾਲ ਕਰਦੇ ਰਹੇ[2]।

(ਕਾਂਸ਼ੀ)

**ਚੌਥੇ** ਦਿਨ ਇਥੋਂ ਕੂਚ ਕਰਕੇ ਗੰਗਾ ਪਾਰ ਹੋ ਕਾਂਸ਼ੀ ਜਾ ਪਹੁੰਚੇ। ਕਾਂਸ਼ੀ ਵਿਚ ਗੁਰੂ ਨੌਵੇਂ ਪਾਤਿਸ਼ਾਹ ਦੇ ਟਿਕਾਣੇ ਦਾ ਅਸਥਾਨ ਮੌਜੂਦ ਸੀ, ਉਥੇ ਜਾ ਨਿਵਾਸ ਕੀਤਾ। ਕਾਂਸ਼ੀ ਵਿਚ ਆਦਿ ਪਾਤਿਸ਼ਾਹੀ ਦੇ ਵੇਲੇ ਤੋਂ ਸਿੱਖੀ ਸੀ। ਭਾਈ ਗੁਰਦਾਸ ਜੀ ਏਥੇ ਕਿਤਨਾ ਚਿਰ ਰਹੇ ਸਨ। ਤਦ ਤੋਂ ਹੁਣ ਤਾਈਂ ਨਗਰੀ ਤੇ ਇਲਾਕੇ ਵਿਚ ਚੰਗਾ ਪ੍ਰਚਾਰ ਵਧਿਆ ਸੀ। ਸੰਗਤਾਂ ਸ੍ਰੀ ਜੀ ਦਾ ਆਗਮਨ ਸੁਣਕੇ ਸ਼ਹਿਰੋਂ ਦੂਰ ਅਗੇ ਲੈਣ ਆਈਆਂ ਸਨ ਤੇ ਬੜੇ ਆਦਰ ਨਾਲ ਡੇਰੇ ਵਿਚ ਆਰਾਮ ਦੇ ਸਾਮਾਨ ਕਰ ਰਖੇ ਸਨ। ਬੜੇ ਚਾਉ ਮੰਗਲਾਚਾਰ ਨਾਲ ਉਤਾਰਾ ਦਿਤਾ, ਭੇਟਾਂ ਅਰਪੀਆਂ ਤੇ ਦਰਸ਼ਨ ਸਤਿਸੰਗ ਦੇ ਲਾਭ ਉਠਾਏ। ਰਾਤ ਲੰਗਰ ਹੋਇਆ। ਸੰਗਤਾਂ ਮੇਲੇ ਦੀ ਤਰ੍ਹਾਂ ਜੁੜ ਰਹੀਆਂ ਸਨ। ਸਭ ਖਾ ਪੀ ਕੇ ਸੁੱਤੇ। ਅਗਲੇ ਦਿਨ ਦੀਵਾਨ ਦੇ ਮਗਰੋਂ ਪ੍ਰਸ਼ਾਦ ਪਾਣੀ ਤੋਂ ਵਿਹਲੇ ਹੋ ਸ਼ਹਿਰ ਦੀ ਸੰਗਤ ਗੁਰੂ ਜੀ ਨੂੰ ਸ਼ਹਿਰ ਦੀ ਸੈਰ ਤੇ ਪੁਰਾਤਨ ਅਸਥਾਨ ਵਿਖਾਉਣ ਲਈ ਬੜੇ ਸਨਮਾਨ ਤੇ ਮਾਨ ਨਾਲ ਲੈ ਟੁਰੀ। ਗਲ ਕੀ ਬਹੁਤ ਕੁਲਾਹਲ ਤੇ ਚਾਉ ਮੰਗਲ ਉਸ ਸਮੇਂ ਨਗਰੀ ਵਿਚ ਹੋਇਆ।

ਅਗਲੇ ਦਿਨ ਸ਼ਹਿਰ ਦੇ ਗ਼ਰੀਬ ਤੇ ਲੋੜਵੰਦ ਲੋਕੀਂ ਆਏ ਤੇ ਦਾਨ ਦੇ ਯਾਚਕ ਹੋਏ। ਉਦਾਰ ਦਾਤੇ ਨੇ ਸਭ ਦੇ ਝੋਲੇ ਦਾਨ ਨਾਲ ਭਰੇ। ਫੇਰ ਜੌਨਪੁਰ ਦੇ ਇਲਾਕੇ ਦਾ ਮਸੰਦ ਭਾਈ ਗੁਰਬਖਸ਼ ਸੰਗਤ ਤੇ ਮਾਯਾ ਸਣੇ ਆਗਿਆ ਤੇ ਦਰਸ਼ਨ ਕਰਕੇ ਨਿਹਾਲ ਹੋਇਆ। ਉਧਰ ਸ਼ਹਿਰ ਦੀ ਸੰਗਤ ਨੇ ਇਹ ਦੇਖਕੇ ਕਿ ਸਦਾ ਦੇ ਦਾਤੇ ਨੇ ਦਾਨ ਬਹੁਤ ਕੁਛ ਕਰ ਦਿਤਾ ਹੈ ਹੋਰ ਮਾਯਾ ਲਿਆ ਭੇਟ ਚੜ੍ਹਾਈ। ਸੁਜਸ ਸੁਣਕੇ ਤੀਸਰੇ ਪਹਿਰ ਸ਼ਹਿਰ ਦੇ ਵਿਦਜਾ ਧੁਰੰਧਰ ਬ੍ਰਾਹਮਣ ਦਰਸ਼ਨਾਂ ਨੂੰ ਆਏ। ਛੋਟੀ ਬਯ ਪਰ ਚਿਹਰੇ ਤੇ ਅਲੌਕਿਕ ਨੂਰ ਦੇਖਕੇ ਪ੍ਰਸੰਨ ਹੋਏ। ਪਰ ਸ਼ੰਕਾ ਫੁਰੀ ਕਿ ਕਿਆ ਇਸ ਆਰਬਲਾ ਵਿਚ ਕੋਈ ਚਿੰਨ੍ਹ ਅਵਤਾਰਾਂ ਦੇ ਬੀ ਹਨ, ਜੈਸੇ ਕਿ ਸੁਣਦੇ ਸਾਂ ? ਇਸ ਕਰਕੇ ਵਿਦਜਾਵਾਨਾਂ ਨੇ ਇਕ ਚਤੁਰ ਪ੍ਰਸ਼ਨ ਕਰ ਦਿੱਤਾ ਕਿ ਸਾਹਿਬ ਜੀ ਆਪ ਦਾ ਘਰਾਣਾ ਗੁਰੂ ਨਾਨਕ ਦੇਵ ਜੀ ਤੋਂ ਖੱਤ੍ਰੀ ਘਰਾਣਾ ਟੁਰਿਆ ਆ ਰਿਹਾ ਹੈ; ਦਾਨ ਦੇ ਧਾਨ ਦਾ ਅਧਿਕਾਰ ਬ੍ਰਾਹਮਣ ਨੂੰ ਹੈ ਖੱਤਰੀ ਨੂੰ ਨਹੀਂ, ਆਪ ਇਹ ਦਾਨ, ਪੂਜਾ ਦਾ ਧਨ ਕਿਉਂ ਅੰਗੀਕਾਰ ਕਰਦੇ ਹੋ[3] ? ਮਾਮਾ ਜੀ ਕੁਛ ਬੋਲਿਆ ਚਾਹੁੰਦੇ ਸਨ ਕਿ ਦੈਵੀ ਬਾਲਕੇ ਜੀ ਆਪ ਬੋਲ ਪਏ—ਪੰਡਤ ਜੀਓ ! ਕਿਸੇ ਸ਼ਿਵ ਵਿਸ਼ਨੂੰ ਦੇਵੀ ਆਦਿ ਮੂਰਤੀ ਤੇ ਚੜ੍ਹਿਆ ਧਾਨ ਬ੍ਰਾਹਮਣ ਪੁਜਾਰੀ ਲੈਂਦੇ ਹਨ। ਸਾਡੇ ਘਰ ਵਿਚ ਮੂਰਤੀ ਪੂਜਾ ਹੈ ਹੀ ਨਹੀਂ ਜੋ ਲੋਕ ਸਾਨੂੰ ਦੇਂਦੇ ਹਨ ਓਹ ਉਨ੍ਹਾਂ ਦਾ ਪ੍ਰੇਮ ਉਛਾਹ ਹੈ, ਇਹ ਕਿਸੇ ਭੈ ਲਾਲਚ ਵਿਚ ਦਿੱਤਾ ਦਾਨ ਨਹੀਂ। ਰਾਜਾ ਜਿਵੇਂ ਹਾਲਾ ਲੈ ਕੇ ਪਰਜਾ ਪਾਲਦਾ ਹੈ ਸਾਡੇ ਵਡੇ ਧਨ ਨੂੰ ਸੰਗਤਾਂ ਦੇ

1. ਇਹ ਪ੍ਰਸੰਗ ਗੁਰਪੁਰਬ ਸਪਤਮੀ ਸੰ: ਗੁ: ਨਾ: ਸਾ: ੪੭੫ (੧੯੪੪) ਨੂੰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।
2. ਇਥੇ ਗੁਰੂ ਨੌਵੇਂ ਪਾਤਸ਼ਾਹ ਜੀ ਠਹਿਰੇ ਸਨ, ਗੁਰਦੁਆਰਾ ਹੈ : 3. ਤਵਾਰੀਖ ਖਾਲਸਾ।

ਲੰਗਰ, ਗਰੀਬਾਂ ਦੇ ਦੁਖ ਹਰਨ ਤੇ ਹੋਰ ਪ੍ਰੋਪਕਾਰੀ ਕਾਰਜਾਂ ਤੇ ਲਾਉਂਦੇ ਰਹੇ ਹਨ, ਇਥੋਂ ਤਾਈਂ ਕਿ ਕਈ ਵੇਰ ਰਾਤ ਨੂੰ ਭਾਂਡੇ ਧੋਕੇ ਮੂਧੇ ਮਰਵਾ ਦੇਂਦੇ ਸਨ ਤੇ ਸਵੇਰ ਜੋਗਾ ਤਿਲਮਾਤ੍ਰ ਨਹੀਂ ਸਨ ਰਖਦੇ। ਜੇ ਰਖਿਆ ਤਾਂ ਸੰਗਤਾਂ ਦੇ ਸੁਖ ਲਈ, ਉਪਕਾਰ ਲਈ। ਪਾਣੀ ਦੀ ਤੰਗੀ ਵਾਲੇ ਥਾਂਈਂ ਖੂਹ ਲੁਆਏ, ਤਲਾ ਲੁਆਏ, ਬਾਵਲੀਆਂ ਬਣਾਈਆਂ। ਨਗਰੀਆਂ ਵਸਾਕੇ ਹਜ਼ਾਰਾਂ ਲੋੜਵੰਦਾਂ ਦੇ ਰੁਜ਼ਗਾਰ ਟੋਰੇ। ਅੰਤ ਸਾਡੇ ਬਾਬਾ ਜੀ ਨੇ ਉਸ ਮਾਯਾ ਨਾਲ ਫੌਜ ਰੱਖਕੇ ਉਸ ਤੁਰਕ ਨੂੰ ਚਾਰ ਵੇਰੀ ਹਾਰ ਦਿੱਤੀ, ਜਿਸਦੇ ਸਾਹਮਣੇ ਕੋਈ ਤੱਕ ਨਹੀਂ ਸੀ ਸਕਦਾ। ਸਾਡਾ ਲੈਣਾ ਬ੍ਰਿਛਦੇ ਜਲ ਲੈਣ ਵਾਂਙ ਹੈ ਜੋ ਫਿਕਾ ਜਲ ਲੈ ਕੇ ਸ੍ਰਿਸ਼ਟੀ ਨੂੰ ਮਧੁਰ ਫਲ 'ਦਾਨ' ਦੇਂਦਾ ਹੈ। ਗੁਰਮੁਖਾਂ ਨੂੰ ਸਤਿਗੁਰੂ ਧਰਮ, ਅਰਥ, ਕਾਮ, ਮੋਖ ਚਾਰ ਪਦਾਰਥ ਦੇਂਦੇ ਰਹੇ ਹਨ। ਆਪ ਨੂੰ ਪਤਾ ਹੈ ਸਾਡੇ ਪਿਤਾਮਾਂ ਨੇ ਧਰਮ ਰਖਜਾ ਹੇਤ ਅਤਿ ਕਸ਼ਟਾਂ ਵਿਚ ਆਪਨਾ ਪਾਵਨ ਤਨ ਦੇਕੇ ਸ਼ਹਾਦਤ ਪਾਈ ਹੈ ਤੇ ਆਏ ਧਨ ਨਾਲ ਅਪਣੀ ਜਾਨ ਬਚਾਉਣ ਦਾ ਹੀਲਾ ਨਹੀਂ ਕੀਤਾ, ਪਰ ਉਸ ਧਨ ਨਾਲ ਅੰਮ੍ਰਿਤ ਸਰੋਵਰ ਲਈ ਖੂਹ, ਤਰਨਤਾਰਨ ਸਰੋਵਰ ਨਗਰੀ ਕਰਤਾਰਪੁਰ ਆਦਿ ਅਨੇਕ ਸਥਾਨ ਪ੍ਰਜਾ ਦੇ ਸੁਖ ਦੇ ਬਣਾਏ।

ਇਕ ਪੰਡਤ ਨੇ ਕਿਹਾ--ਆਪ ਸਤਿ ਫੁਰਮਾ ਰਹੇ ਹੋ, ਆਪ ਦੇ ਬਜ਼ੁਰਗਾਂ ਨੇ ਧਰਮ ਰਖਜਾ ਲਈ ਬੜਾ ਕੁਛ ਕੀਤਾ ਤੇ ਕਰ ਰਹੇ ਹੋ ਪਰ ਆਪ ਨੇ ਜੋ ਧਰਮ, ਅਰਥ, ਕਾਮ, ਮੋਖ ਚਾਰ ਪਦਾਰਥ ਗਿਣੇ ਹਨ ਇਨ੍ਹਾਂ ਵਿਚੋਂ ਤ੍ਰੈ ਤਾਂ ਜੋ ਕੋਈ ਦੇਵੇ ਤੇ ਲੇਵੇ ਤਾਂ ਦਿੱਸ ਪੈਂਦੇ ਹਨ ਪਰ ਮੁਕਤਿ ਤਾਂ ਮਰਕੇ ਮਿਲਦੀ ਹੈ, ਉਹ ਕਉਣ ਆਕੇ ਸਾਖ ਭਰਦਾ ਹੈ ਕਿ ਸਾਨੂੰ ਮਿਲਦੀ ਹੈ! ਸਾਹਿਬਜ਼ਾਦੇ ਜੀ ਬੋਲੇ: ਜੇ ਨਿਰੀ ਮਰਕੇ ਮਿਲੇ ਜੀਉਂਦਿਆਂ ਨਾ ਦਿੱਸ ਪਵੇ ਉਹ ਕਾਹਦੀ ਮੁਕਤੀ ਹੈ ? ਦੇਹ ਹੁੰਦਿਆਂ ਹੀ ਜਦ ਭਗਤੀ ਪ੍ਰਾਪਤੀ ਹੈ ਤੇ ਬ੍ਰਹਮ ਗਿਆਨ ਉਦੈ ਹੁੰਦਾ ਹੈ, ਮੁਕਤੀ ਦਿੱਸ ਪੈਂਦੀ ਹੈ। ਇਸੇ ਦਾ ਨਾਮ ਅਸਲ ਮੁਕਤੀ ਹੈ। ਸਾਡੇ ਵਡੇ 'ਈਤ ਊਤ ਜਨ ਸਦਾ ਸੁਹੇਲੇ' ਕਰਦੇ ਰਹੇ ਤੇ ਕਰ ਰਹੇ ਹਨ।

ਇਹ ਉੱਤਰ ਸੁਣਕੇ ਪੰਡਤਾਂ ਸਾਰਿਆਂ ਦੇ ਸਿਰ ਝੁਕ ਗਏ। ਇਕ ਨੇ ਕਿਹਾ:- 'ਖਿਮਾਂ ਕਰਨੀ ਆਪ ਦੀ ਇਹ ਉਮਰ ਤੇ ਉਹ ਮਹਿਮਾ ਜੋ ਕੱਲ ਹੋਈ ਹੈ ਦੇਖ ਸੁਣਕੇ ਸਾਨੂੰ ਸੰਸਾ ਸੀ ਕਿ ਲੋਕ ਬੜਾ ਜਸ ਕਰ ਰਹੇ ਹਨ ਇਥੇ ਕੋਈ ਅਸਲੀਅਤ ਬੀ ਹੈ ਕਿ ਨਹੀਂ, ਇਸ ਲਈ ਅਸੀਂ ਆਏ ਸਾਂ ਕਿ ਪ੍ਰੀਖਿਆ ਕਰਕੇ ਤਸੱਲੀ ਪਾਈਏ। ਆਪ ਜਾਣਦੇ ਹੋ: ਪੜ੍ਹਿਆ ਹੋਇਆ ਮਨ ਸੰਸੇ ਦੇ ਘਰ ਖੇਡਦਾ ਹੈ ਤੇ ਪਰਖਕੇ ਤਸੱਲੀ ਪਕੜਦਾ, ਨਿਸਚੇ ਦੇ ਘਰ ਆਉਂਦਾ ਹੈ। ਇਹ ਵਿਦਜਾ ਦਾ ਅਵਗੁਣ ਹੈ (ਸਾਰੇ ਹੱਸ ਪਏ)।

ਸਾਹਿਬਜ਼ਾਦੇ--ਪੰਡਤ ਜੀ ਇਕ ਵਿਚਾਰ ਰਹਿ ਗਈ ਹੈ। ਆਪ ਸਭ ਬ੍ਰਾਹਮਣ ਹੋ ਆਪ ਨੂੰ ਪੂਜਜ ਸਮਝਦੇ ਹੋ ਪਰ ਸਾਰੇ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੇ ਪੂਜਕ ਹੋ, ਤੇ ਉਹ ਖਜਤ੍ਰੀ ਸਨ। ਅਸੀਂ ਤਾਂ ਜਾਤ ਪਾਤ ਦੇ ਵਖੇਵਿਆਂ ਵਾਲੇ ਨਹੀਂ ਪਰ ਤੁਸੀਂ ਅਪਣੀ ਬ੍ਰਾਹਮਣ ਉੱਤਮਤਾ ਵਿਚ ਤੱਕ ਲਓ ਕਿ ਖਜਤ੍ਰੀਆਂ ਦੀ ਪੂਜਾ ਕਰਦੇ ਰਹੇ ਹੋ ਤੇ ਕਰ ਰਹੇ ਹੋ। ਸੋ ਵਾਹਿਗੁਰੂ ਦੇ ਘੱਲੇ ਤੇ ਖਾਸ ਕੰਮ ਕਰਨ ਆਏ ਸਾਡੇ ਵਡਿਆਂ ਨੂੰ ਅਵਤਾਰ ਸਮਝੋ, ਪੂਜੋ ਤੇ ਸੁਖ ਲਓ। ਜਾਤਿ ਅਭਿਮਾਨ ਨਾਲ ਆਪਣੇ ਧਰਮ ਤੋਂ ਹੀ ਦੂਰੀ ਹੋ ਜਾਏਗੀ।

ਇਸ ਪਰ ਬ੍ਰਾਹਮਣ ਪਹਿਲਾਂ ਕਾਇਲ ਹੋਏ ਸਨ, ਹੁਣ ਨਿੰਮ੍ਰਤਾ ਵਿਚ ਆ ਗਏ ਤੇ ਸਭ ਨੇ ਨਮਸਕਾਰ ਕੀਤੀ। ਉਸਤਤ ਕੀਤੀ ਤੇ ਮੰਨਿਆ ਕਿ ਆਪ ਨੂੰ ਪਰਮੇਸ਼੍ਵਰ ਨੇ ਸਾਡੀ ਰਖਜਾ ਲਈ ਅਵਤਾਰ ਦੇ ਕੇ ਘੱਲਿਆ ਹੈ, ਧੰਨ ਹੋ[1]।

(ਪ੍ਰਯਾਗ)[2]।

ਇਸ ਪ੍ਰਕਾਰ ਕਾਂਸ਼ੀ ਵਿਚ ਆਪਦੇ ਧਰਮ ਧੁਰੰਧਰ ਤੇ ਅਵਤਾਰ ਹੋਣ ਦੀ ਕਥਾ ਘਰ ਘਰ ਫੈਲ ਗਈ।

---

1. ਕਾਂਸ਼ੀ ਵਿਚ ਗੁਰਧਾਮ ਹਨ :--੧. ਵਡੀ ਸੰਗਤ, ਜਿਥੇ ਨੌਵੇਂ ਗੁਰੂ ਸਾਹਿਬ ਤੇ ਹੁਣ ਸਾਹਿਬਜ਼ਾਦੇ ਜੀ ਠਹਿਰੇ ਸਨ। ਨੌਵੇਂ ਗੁਰੂ ਜੀ ਦਾ ਚੋਲਾ ਏਥੇ ਪਿਆ ਹੈ ਤੇ ਨੌਵੇਂ ਤੇ ਦਸਵੇਂ ਗੁਰੂ ਜੀ ਦੇ ਜੋੜੇ ਪਏ ਹਨ। ੨. ਛੋਟੀ ਸੰਗਤ ਨੌਵੇਂ ਗੁਰੂ ਜੀ ਦੇ ਟਿਕਣ ਦਾ ਸਥਾਨ। ੩. ਗੰਗਾ ਪਾਰ ਮਿਰਜ਼ਾ ਪੁਰ ਵਿਚ ਗੁਰੂ ਕਾ ਬਾਗ ਹੈ। ਸਾਹਿਬਜ਼ਾਦੇ ਜੀ ਪ੍ਰਯਾਗ ਜਾਂਦੇ ਏਥੇ ਟਿਕੇ ਹਨ। ੪. ਗੁਰੂ ਨਾਨਕ ਦੇਵ ਜੀ ਦੇ ਟਿਕਣ ਦਾ ਬੀ ਟਿਕਾਣਾ ਹੈ।

2. ਸੂ: ਪ੍ਰ: ਵਿਚ ਕਾਂਸ਼ੀ ਤੋਂ ਅਜੁੱਧਜਾ ਪਹੁੰਚਣਾ ਲਿਖਿਆ ਹੈ। ਤਵਾ: ਖਾ: ਵਿਚ ਕਾਂਸ਼ੀ ਤੋਂ ਪ੍ਰਯਾਗ ਹੋ ਕੇ ਫਿਰ ਅਯੁਧਜਾ ਪਹੁੰਚਣਾ ਲਿਖਿਆ ਹੈ।

ਦਸ ਦਿਨ ਤੱਕ ਏਥੇ ਆਪ ਟਿਕੇ ਰਹੇ, ਸਤਿਸੰਗ ਹੁੰਦੇ ਰਹੇ। ਇਥੋਂ ਸੰਕਲਪ ਪ੍ਰਯਾਗ ਹੋ ਕੇ ਚਲਣ ਦਾ ਹੋ ਗਿਆ। ਫੇਰ ਗੰਗਾ ਪਾਰ ਹੋ ਵਡੇ 'ਮਿਰਜ਼ਾ ਪੁਰ'[1] ਹੁੰਦੇ ਹੋਏ ਸਨੇ ਸਨੇ ਪ੍ਰਯਾਗ ਜਾ ਪਹੁੰਚੇ। ਏਥੇ ਵੀ ਉਸ ਅਸਥਾਨ ਜਾ ਠਹਿਰੇ ਜਿਥੇ ਕਿ ਨੌਵੇਂ ਗੁਰੂ ਜੀ ਜਾਂਦੀ ਵੇਰ ਠਹਿਰੇ ਸਨ। ਸ਼ਹਿਰ ਦੇ ਲੋਕ ਬੜੇ ਪਿਆਰ ਨਾਲ ਦਰਸ਼ਨ ਮੇਲਿਆਂ ਨੂੰ ਆਏ ਤੇ ਖ਼ੂਬ ਰੌਣਕ ਲਗ ਗਈ। ਆਸਾ ਦੀ ਵਾਰ, ਸੋਦਰ ਦੇ ਦੀਵਾਨ ਲਗਦੇ, ਕਥਾ ਕੀਰਤਨ ਹੁੰਦੇ ਤੇ ਸਤਿਨਾਮ ਦਾ ਉਪਦੇਸ਼ ਟੁਰਦਾ ਰਿਹਾ। ਪੰਜ ਦਿਨ ਏਥੇ ਨਿਵਾਸ ਰਿਹਾ[2], ਫੇਰ ਅਯੁੱਧਜਾ ਵੱਲ ਨੂੰ ਕੂਚ ਹੋ ਗਿਆ।

(ਅਯੁੱਧਜਾ)

**ਪ੍ਰਯਾਗ** ਤੋਂ ਟੁਰਕੇ ਰਸਤੇ ਵਿਚ ਅਨੇਕ ਥਾਂਈਂ ਠਹਿਰਦੇ, ਪ੍ਰਚਾਰ ਕਰਦੇ, ਅੰਤ ਅਯੁੱਧਜਾ ਆ ਪਹੁੰਚੇ ਜਿਥੇ ਹੁਣ ਗੁਰਦੁਆਰ ਹੈ, ਓਥੇ ਆ ਡੇਰਾ ਕੀਤਾ। ਏਥੇ ਵੀ ਦੋ ਤ੍ਰੈ ਦਿਨ ਰਹੇ, ਸੰਗਤਾਂ ਵਿਚ ਸਤਿ ਧਰਮ ਦਾ ਪ੍ਰਚਾਰ ਕੀਤਾ। ਪੁਰਾਤਨ ਟਿਕਾਣੇ ਗੁਪਤਾਰਘਾਟ ਆਦਿ ਸਥਾਨ ਦੇਖੇ। ਅਤਿਥੀਆਂ ਨੂੰ ਦਾਨ ਦਿੱਤੇ।

(ਗੁਰ ਨਾਨਕ ਮਤਾ)

**ਅਯੁੱਧਜਾ** ਤੋਂ ਟੁਰਕੇ ਆਪ ਗੁਰੂ ਨਾਨਕ ਦੇਵ ਜੀ ਦੇ ਪਵਿੱਤ੍ਰ ਕੀਤੇ ਅਸਥਾਨ-ਗੁਰੂ ਨਾਨਕ ਮਤੇ ਆਏ। ਏਸੇ ਅਸਥਾਨ ਨੂੰ ਜਦ ਜੋਗੀਆਂ ਨੇ ਗੁਰਸਿੱਖਾਂ ਤੋਂ ਖੋਹ ਲਿਆ ਸੀ, ਤਾਂ ਛੇਵੇਂ ਗੁਰੂ ਜੀ ਨੇ ਪੰਜਾਬ ਤੋਂ ਆ ਕੇ ਮੁੜ ਸਿੱਖਾਂ ਨੂੰ ਕਬਜ਼ਾ ਦਿਵਾਇਆ ਸੀ। ਇਸ ਦੂਹਰੀ ਖਿੱਚ ਨੇ ਆਪਦਾ ਡੇਰਾ ਇਥੇ ਕਰਵਾਇਆ।

(ਪੀਲੀ ਭੀਤ। ਦੇਵ ਨਗਰ)

**ਇਥੋਂ** ਤੁਰਕੇ ਆਪ ਪੀਲੀ ਭੀਤ ਆਏ। ਏਥੇ ਆਉਣੇ ਤੇ ਲਿਆਉਣੇ ਦਾ ਕਾਰਨ ਇਕ ਇਧਰ ਦਾ ਮੁਖੀਆ ਸ਼ਮਸ਼ੇਰ ਬਹਾਦਰ ਸੀ, ਜਿਸ ਦੇ ਦਾਦਾ ਬਾਜ਼ ਬਹਾਦਰ ਨੂੰ ਛੇਵੇਂ ਗੁਰੂ ਜੀ ਨੇ ਸਿੱਖੀ ਦਾਨ ਕੀਤੀ ਸੀ। ਇਸ ਪ੍ਰੇਮੀ ਨੇ ਪੰਜ ਦਿਨ ਆਪ ਨੂੰ ਪਾਸ ਰਖਿਆ ਤੇ ਫਿਰ ਬੜੇ ਸਨਮਾਨ ਨਾਲ ਵਿਦਾ ਕੀਤਾ। ਹੁਣ ਆਪ ਨੂੰ ਖਿੱਚ ਹੋਈ ਭਾਈ ਬਿਧੀਚੰਦ ਦੀ ਸਮਾਧ ਦੇ ਦਰਸ਼ਨਾਂ ਦੀ, ਜਿਸਦੀ ਬਹਾਦਰੀ ਦੀ ਕਥਾ ਆਪ ਨੇ ਮਾਤਾ ਜੀ ਤੋਂ ਸੁਣੀ ਹੋਈ ਸੀ ਕਿ ਛੇਵੇਂ ਗੁਰਾਂ ਦੇ ਵੇਲੇ ਉਸਨੇ ਕਿਤਨੀ ਸੇਵਾ ਕੀਤੀ। ਸੋ ਆਪ ਹੁਣ ਦੇਵ ਨਗਰ ਆਏ। ਇਥੇ ਬੀਰ ਬਹਾਦਰ ਦੀ ਆਖਰੀ ਅਰਾਮਗ਼ਾਹ ਦੇਖੀ; ਦੀਵਾਨ ਸਜਾਏ, ਸਤਿਨਾਮ ਦਾ ਪੱਲੂ ਫੇਰਿਆ: ਏਥੇ ਬੇਨਵਾ ਫ਼ਕੀਰਾਂ ਦਾ ਡੇਰਾ ਸੀ, ਜੋ ਗੁਰੂ ਘਰ ਨੂੰ ਸਨਮਾਨ ਨਾਲ ਦੇਖਦੇ ਸਨ। ਏਹ ਸੁੰਦਰ ਸ਼ਾਹ ਦੇ ਚੇਲੇ ਸਨ। ਇਨ੍ਹਾਂ ਨੇ ਬੜਾ ਆਦਰ ਕੀਤਾ ਤੇ ਹਰ ਤਰ੍ਹਾਂ ਸਨਮਾਨ ਦਿੱਤਾ।

(ਲਖਨਊ)

**ਏਥੋਂ** ਟੁਰਕੇ ਆਪ ਲਖਨਊ ਆਏ। ਇਥੇ ਭਗਤ ਭਗਵਾਨ ਨੇ ਆਪ ਜੀ ਨੂੰ ਆਪਣੇ ਪਾਸ ਉਤਾਰਿਆ ਤੇ ਬਹੁਤ ਪਿਆਰ ਸਨਮਾਨ ਕੀਤਾ। ਲਿਖਿਆ ਹੈ ਕਿ ਸਾਹਿਬਜ਼ਾਦੇ ਜੀ ਨੇ ਉਨ੍ਹਾਂ ਨੂੰ ਇਕ ਤਲਵਾਰ ਬਖਸ਼ੀ ਜੋ ਉਨ੍ਹਾਂ ਦੀ ਪੂਜਾ ਵਿਚ ਹੁਣ ਤਕ ਹੈ। ਇਥੋਂ ਟੁਰਕੇ ਬਠੂਰ ਵਸਤੀ ਦੇ ਪਾਸ ਬ੍ਰਹਮਾਵਰਤ ਤੀਰਥ ਪਰ ਜਾ ਠਹਿਰੇ।

ਏਥੇ ਵਸਦੇ ਸਾਧੂ ਤੇ ਤਪੱਸ੍ਵੀਆਂ ਨੇ ਆ ਦਰਸ਼ਨ ਕੀਤੇ ਤੇ ਵਾਰਤਾਲਾਪ ਕਰਕੇ ਚਰਨਾਂ ਤੇ ਸੀਸ ਧਰਕੇ ਨਮਸਕਾਰ ਕੀਤੀ।

(ਮਥਰਾ)

**ਇਥੋਂ** ਵਿਦਾ ਹੋ ਕੇ ਚੰਦੌਸੀ, ਖੁਰਜੇ ਹੁੰਦੇ ਹੋਏ ਮਥਰਾ ਆ ਗਏ। ਬ੍ਰਿਜਲਾਲ ਚੋਬੇ ਨੇ ਆਪਦਾ ਬਹੁਤ ਸਨਮਾਨ ਕੀਤਾ ਤੇ ਇਥੋਂ ਟੁਰਕੇ ਬਿੰਦ੍ਰਾਬਨ ਦੇਖਦੇ ਹੋਏ ਕਈ ਥਾਈਂ ਠਹਿਰਦੇ; ਦਾਨ ਦੇਂਦੇ ਸਤਿਨਾਮ ਦੀ ਵਰਖਾ ਦੇ ਦੀਵਾਨ ਸਜਾਉਂਦੇ ਹਰਦੁਆਰ[1] ਆ ਗਏ। ਕਨਖਲ ਪੰਜ ਦਿਨ ਤੀਸਰੀ ਪਾਤਸ਼ਾਹੀ ਦੇ ਗੁਰਦੁਆਰੇ ਵਾਲੇ ਟਿਕਾਣੇ ਟਿਕੇ, ਦਾਨ ਦਿੱਤੇ ਤੇ ਸਤਿਸੰਗ ਦੇ ਦੀਵਾਨ ਸਜਾਏ। ਫਿਰ ਸਾਂਤਲ ਸਰ ਭਗਵਾਨ ਪੁਰ ਹੁੰਦੇ ਬੂੜੀਏ ਆਏ ਤੇ ਦੀਪਲੇ ਪਿੰਡ ਦੇ ਪਾਸ ਕੁੰਡ ਪਾਸ ਡੇਰਾ ਕੀਤਾ। ਏਥੇ ਆਰਾਮ ਕਰਕੇ ਅਗੇ ਟੁਰੇ ਤੇ

---

1. ਏਥੇ ਬੀ ਗੁਰਧਾਮ ਹੈ।

2. ਇਸ ਗੁਰਦੁਆਰੇ ਨਾਲ ਇਕ ਪਿੰਡ ਮਾਫ਼ੀ ਤੇ ਕੁਛਕੁ ਰਸਦਾਂ ਰੋਜ਼ਾਨਾ ਲੱਗੀਆਂ ਹੋਈਆਂ ਦੱਸੀਦੀਆਂ ਹਨ।

1. ਸੂਰਜ ਪ੍ਰਕਾਸ਼ ਵਿਚ ਅਯੁੱਧਿਆ ਤੋਂ ਸਿੱਧਾ ਹਰਿਦਵਾਰ ਆ ਜਾਣਾ ਲਿਖਿਆ ਹੈ। ਤਵਾ: ਖਾ: ਵਿਚ ਅਯੁਧਯਾ ਤੋਂ ਪੀਲੀ ਭੀਤ, ਦੇਵ ਨਗਰ, ਲਖਨਊ, ਬ੍ਰਹਮਾਵਰਤ, ਮਥਰਾ, ਬਿੰਦਰਾਬਨ ਆਦਿ ਥਾਈਂ ਹੁੰਦੇ ਹੋਏ ਹਰਦੁਆਰ ਅੱਪੜੇ ਲਿਖਿਆ ਹੈ।

"ਲਖਨੌਰ[1]" ਆ ਡੇਰਾ ਕੀਤਾ। ਇਹ ਥਾਂ ਅੰਬਾਲੇ ਦੇ ਪਰਗਨੇ ਵਿਚ ਹੈ ਸੀ। ਏਥੇ ਜੇਠਾ ਨਾਮੇ ਇਕ ਗੁਰੂ ਦਾ ਮਸੰਦ ਰਹਿੰਦਾ ਸੀ। ਇਸ ਨੂੰ ਆਗਿਆ ਗੁਰੂ ਤੇਗ ਬਹਾਦਰ ਜੀ ਦੀ ਆਈ ਸੀ ਕਿ ਸਾਹਿਬਜ਼ਾਦੇ ਜੀ ਤੇ ਸੰਗਤ ਨੂੰ ਹਾਲੇ ਲਖਨੌਰ ਅਟਕਾ ਲਵੇ। ਇਸ ਪ੍ਰੇਮੀ ਭਾਈ ਜੇਠੇ ਨੇ ਆਪ ਦੇ ਟਿਕਾਉ ਦਾ ਆਦਰ ਸਨਮਾਨ ਭਰਿਆ ਪ੍ਰਬੰਧ ਕੀਤਾ ਤੇ ਮਾਤਾ ਜੀ ਤੇ ਸਾਰੇ ਸੰਗ ਦੇ ਆਰਾਮ ਦੇ ਬਾਨ੍ਹਣੂ ਬੰਨ੍ਹ ਦਿੱਤੇ। ਇਥੇ ਸਾਰੇ ਘਰ ਵਾਂਙੂ ਟਿਕ ਗਏ। ਨਗਰੀ ਦੇ ਸਿੱਖ ਆਲੇ ਦੁਆਲੇ ਦੇ ਗਿਰਾਵਾਂ ਦੇ ਸਿਖ ਸ਼ਰਧਾ ਭਗਤੀ ਨਾਲ ਦਰਸ਼ਨਾਂ ਨੂੰ ਆਉਣ ਲੱਗ ਪਏ। ਸੰਝ ਤੇ ਅੰਮ੍ਰਿਤ ਵੇਲੇ ਦੀਵਾਨ ਸੱਜਣ ਲੱਗ ਪਏ। ਸਾਰਾ ਦਿਨ ਗਹਿਮਾਂ ਗਹਿਮ ਰਹੇ। ਸਾਹਿਬ ਜੀਉ ਘੋੜ ਅਸਵਾਰੀ ਕਰਨ, ਬਾਲਕ ਕੱਠੇ ਕਰਕੇ ਖੇਲਾਂ ਖੇਲਨ, ਤੀਰ ਅੰਦਾਜ਼ੀਆਂ ਆਦਿ ਪਰਚੇ ਪਰਚਾਉਣ। ਇਸ ਥਾਂ ਤੇ ਖੂਹ ਖਾਰੇ ਸਨ। ਲੋਕਾਂ ਦੀ ਖੇਚਲ ਦੇਖਕੇ ਇਕ ਦਿਨ ਮਾਤਾ ਗੁਜਰੀ ਜੀ ਨੇ ਫਿਰਦੇ ਤੁਰਦੇ ਇਕ ਥਾਂਵੇਂ ਖੂਹ ਪੁਟਣ ਦੀ ਆਗਿਆ ਕੀਤੀ ਤਾਂ ਹੇਠੋਂ ਵਡੇ ਪੁਰਾਤਨ ਸਮਿਆਂ ਦਾ ਦਬਿਆ੍ ਇਕ ਖੂਹ ਨਿਕਲਿਆ। ਇਸ ਨੂੰ ਮਿੱਟੀ ਤੋਂ ਸਾਫ਼ ਕੀਤਾ ਤਾਂ ਜਲ ਮਿਠਾ ਨਿਕਲਿਆ। ਇਹ ਖੂਹ ਹੁਣ ਤਕ ਮਾਤਾ ਜੀ ਦਾ ਖੂਹ ਸਦਵਾਉਂਦਾ ਹੈ; ਇਸਦੇ ਪੁਟਣ ਪੁਟਾਉਣ ਦਾ ਖਰਚ ਵੀ ਮਾਤਾ ਜੀ ਨੇ ਹੀ ਕੀਤਾ ਸੀ।

ਲਖਨੌਰ ਦੇ ਨੇੜੇ ਹੀ ਉਸ ਸ਼ਾਹ ਭੀਖ ਦਾ ਨਿਵਾਸ ਸੀ ਜੋ ਪਟਣੇ ਸਾਹਿਬਜ਼ਾਦੇ ਜੀ ਦਾ ਦਰਸ਼ਨ ਕਰਨ ਗਿਆ ਸੀ। ਇਹ ਕਦੇ ਕੁਹੜਾਮ, ਕਦੇ ਸਿਆਣੇ ਪਿੰਡ ਰਹਿੰਦਾ ਸੀ। ਠਸਕਾ ਨਾਮ ਦਾ ਇਕ ਪਿੰਡ ਇਸ ਨੂੰ ਜਾਗੀਰ ਮਿਲਿਆ ਹੋਇਆ ਸੀ। ਇਹ ਸ਼ਾਹ ਭੀਖ ਫੇਰ ਦਰਸ਼ਨ ਕਰਨ ਲਖਨੌਰ ਆਇਆ[1]।

ਇਸਨੇ ਆਪਣੇ ਮੁਰੀਦਾਂ ਦੇ ਨਾਲ ਹੁੰਦਿਆਂ ਖੇਲ ਰਹੇ ਸਾਹਿਬ ਗੋਬਿੰਦ ਸਿੰਘ ਜੀ ਨੂੰ ਮੱਥਾ ਟੇਕਿਆ, ਚਰਨ ਚੁੰਮੇ। ਫੇਰ ਪਿਆਰ ਸਨਮਾਨ ਦੇ ਵਾਕ ਕਰਦਿਆਂ ਆਖਣ ਲੱਗਾ: ਸ੍ਰੀ ਜੀਓ; ਆਪ ਬਾਲ ਹੋ; ਪਰ ਪੀਰਾਂ ਦੇ ਪੀਰ ਹੋ ਤੇ ਜਗਤ ਦੇ ਨਾਥ ਹੋ, ਮੈਂ ਆਪ ਨੂੰ ਸਿਆਣਦਾ ਹਾਂ ਤੇ ਆਪ ਨੇ ਜੋ ਕੁਛ ਕਰਨਾ ਹੈ; ਉਸਦੀ ਗਜਾਤ ਖੁਦਾ ਨੇ ਮੈਨੂੰ ਦਿੱਤੀ ਹੈ, ਅਸੀਸ ਦਿਓ ਕਿ ਮੇਰਾ ਟੁਕੜਾ ਟੁਰਿਆ ਰਹੇ। ਆਪ ਹੱਸ ਪਏ ਤੇ ਕਹਿਣ ਲੱਗੇ :-

"ਚਿਰੰਕਾਲ ਰਹਿ ਦੇਗ ਤੁਮਾਰੀ।
ਜੋ ਤੇਰੇ ਟੁਕੜੇ ਕੋ ਖੋਵਹਿ।
ਖੋਯੋ ਜਾਇ ਸੁ ਨਹਿੰ ਥਿਰ ਹੋਵਹਿ।"

ਲਿਖਿਆ ਹੈ ਉਸ ਦਾ ਲੰਗਰ ਹੁਣ ਤਕ ਚਲਦਾ ਹੈ। ਯਥਾ :-

ਕਵਿ ਸੰਤੋਖ ਸਿੰਘ ਕਰਤ ਉਚਾਰੇ; ਤਿਸਕੋ

---

1. ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਦੋਂ ਲਖਨੌਰ ਦੇ ਨੇੜੇ ਅੱਪੜੇ ਤਾਂ ਨੌਵੇਂ ਗੁਰੂ ਜੀ ਦਾ ਸੰਦੇਸ਼ ਆਇਆ ਕਿ ਅਸੀਂ ਸਰੀਰ ਤਿਆਗਣ ਦਿੱਲੀ ਚੱਲੇ ਹਾਂ, ਤੁਸੀਂ ਲਖਨੌਰ ਠਹਿਰਨਾ, ਆਨੰਦ ਪੁਰ ਅਜੇ ਨਾ ਜਾਣਾ, ਜਦੋਂ ਸੰਦੇਸ਼ ਆਵੇ ਤਾਂ ਜਾਣਾ। ਕੁਛ ਸਮੇਂ ਬਾਦ ਆਪ ਜਦ ਤੁਰਕੇਸ਼ ਦੀ ਬੰਦੀ ਵਿਚ ਪੈ ਗਏ, ਤਾਂ ਆਨੰਦਪੁਰ ਜਾਣ ਦੀ ਆਗਿਆ ਆਈ, ਤਾਂ ਗਏ। ਉਧਰ ਦਿੱਲੀ ਵਿਚ ਭਾਣਾ ਵਰਤ ਗਿਆ ਤੇ ਸੀਸ ਆਨੰਦਪੁਰ ਸਾਹਿਬਜ਼ਾਦੇ ਜੀ ਪਾਸ ਪੁੱਜਾ। ਜੀਵਤ ਦਰਸ਼ਨ ਨਹੀਂ ਹੋਏ, ਪਰ ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਲਖਨੌਰ ਤੋਂ ਆਨੰਦਪੁਰ ਗੁਰੂ ਤੇਗ ਬਹਾਦਰ ਜੀ ਦੇ ਹੁੰਦਿਆਂ ਪਹੁੰਚੇ। ਦੋ ਤ੍ਰੈ ਵਰਸ ਪਿਤਾ ਪੁਤਰ ਇਕੱਠੇ ਰਹੇ। ਭਾਣਾ ਵਰਤਣ ਦਾ ਸਮਾਂ ਮਗਰੋਂ ਆਇਆ। ਦਸਮ ਪਾਤਸ਼ਾਹ ਜੀ ਦੇ ਆਪਣੇ ਵਾਕਾਂ ਤੋਂ ਬੀ ਆਨੰਦ ਪੁਰ ਪਿਤਾ ਜੀ ਪਾਸ ਪਹੁੰਚਣ ਤੇ ਉਹਨਾਂ ਦੀ ਪਿਆਰ ਛਾਇਆ ਹੇਠ ਸਮਾਂ ਬਿਤੀਤ ਹੋਣ ਦਾ ਬਹੁ ਪੈਂਦਾ ਹੈ; ਜੈਸਾ ਕਿ ਵਾਕ ਹੈ :-

ਮਦ੍ਰ ਦੇਸ (ਪੰਜਾਬ) ਹਮ ਕੋ ਲੇ ਆਏ।
ਭਾਂਤਿ ਭਾਂਤਿ ਦਾਈਅਨਿ ਦੁਲਰਾਏ।
ਕੀਨੀ ਅਨਿਕ ਭਾਂਤਿ ਤਨ ਰੱਛਾ।
ਦੀਨੀ ਭਾਂਤਿ ਭਾਂਤਿ ਕੀ ਸਿੱਛਾ।
ਜਬ ਹਮ ਧਰਮ ਕਰਮ ਮੋ ਆਏ।
ਦੇਵ ਲੋਕ ਤਬ ਪਿਤਾ ਸਿਧਾਏ।
(ਬਚਿ: ਨਾਟਕ)

ਇਸ ਕਰਕੇ ਇਥੇ ਆਪ ਦੇ ਆਨੰਦਪੁਰ ਪਿਤਾ ਜੀ ਪਾਸ ਪਹੁੰਚਣੇ ਵਾਲਾ ਪ੍ਰਸੰਗ ਵਧੇਰੇ ਠੀਕ ਸਮਝਕੇ ਲਿਖਿਆ ਹੈ।

1. ਸੂਰਜ ਪ੍ਰ: ਵਿਚ ਦੋ ਵੇਰ ਆਇਆ ਲਿਖਿਆ ਹੈ। ਇਕ ਪਟਣੇ ਇਕ ਲਖਨੌਰ। ਤਵਾ: ਖਾ: ਨੇ ਪਟਣੇ ਵਾਲਾ ਆਉਣਾ ਏਥੇ ਦਿਤਾ ਹੈ।

ਗ੍ਰਾਮ ਸੁ ਨਿਕਟ ਹਮਾਰੇ। ਚਹੁੰਦਿਸ਼ ਸਿੰਘਨ ਰਾਜ ਬਡੇਰਾ। ਠਸਕਾ ਗ੍ਰਾਮ ਬੀਚ ਹਮ ਹੇਰਾ॥ ੪੨॥ ਸ਼ਾਹ ਭੀਖ ਕੇ ਰਹੇ ਫਕੀਰ। ਦੇਤ ਦੇਗ ਜੋ ਆਵੈ ਤੀਰ। ਸਿੰਘ ਭੂਪ ਨਹਿੰ ਛੀਨਜੋਂ ਕਾਹੂੰ। ਰਹਜੋ ਤਿਨਹੂੰ ਢਿਗ ਸਭਹਿਨ ਮਾਹੂ॥ ੪੩॥ (ਗੁ: ਪ੍ਰ: ਸੂ: ੪੪੩੯)

ਜਦੋਂ ਭੀਖ ਵਾਪਸ ਮੁੜਿਆ ਤਾਂ ਚੇਲਿਆ ਤਰਕ ਕੀਤੀ ਕਿ ਹਿੰਦੂ ਬੱਚੇ ਨੂੰ ਕਿਉਂ ਸਜਦਾ ਕੀਤਾ। ਭੀਖ ਨੇ ਕਿਹਾ : ਇਹ ਅੱਲਾ ਦਾ ਮੁਕੱਰਬ ਘਲਿਆ ਆਇਆ ਹੈ, ਹਿੰਦੂ ਮੁਸਲਮਾਨ ਨੂੰ ਇਕ ਰਾਹ ਟੋਰੇਗਾ। ਇਹ ਦਰਗਾਹ ਦੇ ਮਾਲਕ ਦਾ ਆਪਣਾ ਨੂਰ ਹੈ। ਜਦ ਏਹ ਆਏ ਸੇ ਤਾਂ ਮਰਾਕਬੇ ਵਿਚ ਜਲਵਾ ਡਿੱਠਾ ਤੇ ਦਰਸ਼ਨ ਨੂੰ ਗਿਆ ਸੀ। ਤਦ ਉਹ ਮੁਰੀਦ ਖੁਸ਼ ਹੋ ਗਏ।

ਸਾਹਿਬ ਜੀਓ ਹੁਣ ਅਬਲਕ ਘੋੜੇ ਤੇ ਚੜ੍ਹ ਕੇ ਇਧਰ ਉਧਰ ਦੂਰ ਤਕ ਫਿਰ ਨਿਕਲਦੇ। ਇਕ ਦਿਨ ਭੁਸਥਲੇ ਦੇ ਥੇਹ ਤੇ ਪਹੁੰਚ ਪਏ। ਉਥੇ ਲੂਖੀ ਪਿੰਡ ਦੇ ਰਾਜਪੂਤ[1] ਆਏ ਹੋਏ ਸੇ। ਇਨ੍ਹਾਂ ਆਪਣੇ ਪੀਰ ਤੋਂ ਦੈਵੀ ਬਾਲਕੇ ਦੀ ਮਹਿਮਾ ਸੁਣੀ ਹੋਈ ਸੀ, ਇਨ੍ਹਾਂ ਨੇ ਆ ਕੇ ਸਲਾਮ ਕੀਤੀ। ਕੁਛ ਤੀਰਾਂ ਦੀ ਤੇ ਇਕ ਸ਼ਿਕਰੇ ਦੀ ਭੇਟਾ ਕੀਤੀ, ਆਪ ਨੇ ਅਸੀਸ ਦਿੱਤੀ: 'ਆਬਾਦ ਰਹੋ'। ਇਹ ਲੋਕ ਵੱਸਦੇ ਰਹੇ। ਇਸ ਅਸੀਸ ਦੀ ਸਿੱਖ ਸਰਦਾਰਾਂ ਨੇ ਇੱਜ਼ਤ ਕੀਤੀ ਤੇ ਇਨ੍ਹਾਂ ਦੀ ਜਾਗੀਰ ਜ਼ਬਤ ਨਹੀਂ ਸੀ ਕੀਤੀ। ਫਿਰਦੇ ਟੁਰਦੇ ਆਪ ਮਰਦੋ; ਭਾਂਣੋ ਖੇੜੀ, ਸੂਲਰ ਆਦਿ ਪਿੰਡੀਂ ਫੇਰੇ ਮਾਰਦੇ ਰਹੇ; ਜਿਥੇ ਕਿ ਯਾਦਗਾਰੀ ਗੁਰਦੁਆਰੇ ਹੈਨ। ਨਨਹੇੜੀ ਪਿੰਡ ਦਾ ਵਾਸੀ ਮਸੰਦ ਘੋਗਾ ਆਪ ਨੂੰ ਪਿੰਡ ਲੈ ਗਿਆ। ਉਥੇ ਜਾ ਕੇ ਆਪ ਨੂੰ ਕਿਸੇ ਨੇ ਉਸ ਦੇ ਆਚਰਨ ਵਿਚ ਗਿਰਾਉ ਦੀ ਗੱਲ ਦੱਸੀ ਤਾਂ ਆਪ ਉਸ ਨੂੰ 'ਕਪਟ ਦਾ ਸੋਘਾ' ਆਖਕੇ ਟੁਰ ਆਏ। ਉਸ ਦੇ ਘਰ ਦਾ ਪਾਣੀ ਵੀ ਨਾ ਪੀਤਾ ਤੇ ਜਿਥੇ ਕਿ ਹੁਣ ਅੰਬਾਲਾ ਤਹਿਸੀਲ ਹੈ ਆ ਕੇ ਆਰਾਮ ਕੀਤਾ !

ਇਥੇ ਹੀ ਆਪ ਇਸ ਤਰ੍ਹਾਂ ਵਿਚਰਦੇ ਸਨ ਕਿ ਇਕ ਦਿਨ ਖ਼ੂਬ ਖੇਲ ਮਚ ਰਹੀ ਸੀ। ਲਖਨੌਰ ਦੇ ਬਾਲ ਆਪ ਨਾਲ ਦੋ ਹਿੱਸੇ ਹੋ ਹਲਾਸ਼ੇਰੀ ਕਰ ਰਹੇ ਸਨ ਕਿ ਇਕ ਪੀਰ ਕੋਲੋਂ ਦੀ ਲੰਘ ਪਿਆ। ਇਸ ਦਾ ਨਾਉਂ ਆਰਫਦੀਨ ਸੀ[1] ਤੇ ਪਾਲਕੀ ਤੇ ਸਵਾਰ ਸੀ, ਨਾਲ ਮੁਰੀਦ ਵੀ ਸਨ। ਇਸ ਦਾ ਪ੍ਰਸੰਗ ਇਸ ਪ੍ਰਕਾਰ ਹੈ :-

ਬਾਲ ਉਮਰ ਵਿਚ ਦਸਮੇਂ ਗੁਰ ਜੀ ਆਨੰਦ ਪੁਰ ਨੂੰ ਜਾਂਦੇ। ਵਿਚ ਲਖਨੌਰ ਰਹੇ ਕੁਛ ਚਿਰ ਤਕ ਅਰਸ਼ੀ ਜੋਤਿ ਜਗਾਂਦੇ। ਇੱਕ ਦਿਹਾੜੇ ਨਾਲ ਬਾਲਕਾਂ ਖੇਲ ਰਹੇ ਸਨ ਦਾਤੇ। ਆਰਫਦੀਨ ਪੀਰ ਨੇ ਪਾਸੋਂ ਲੰਘਦਜਾਂ ਆਪ ਸਿਞਾਤੇ। ਸੀ ਅਸਵਾਰ ਪਾਲਕੀ ਅੰਦਰ, ਚੇਲਿਆਂ ਨੇ ਜੋ ਚਾਈ। ਭੀੜ ਮੁਰੀਦਾਂ ਦੀ ਸੀ ਨਾਲੇ, ਮਗਰ ਮਗਰ ਚਲਿ ਜਾਈ। ਸਤਿਗੁਰ ਨੂਰ ਇਲਾਹੀ ਮੱਥਾ ਚਿਹਰਾ ਰੱਖੀ ਛਾਯਾ, ਜਦੋਂ ਦੇਖਿਆ ਪੀਰ ਤਦੋਂ ਹੀ ਉਤਰ ਹਿਠਾਹਾਂ ਆਇਆ। ਜਾ ਨੇੜੇ ਚਰਨਾਂ ਤੇ ਢੱਠਾ ਸਿਜਦਾ ਝੁਕ ਝੁਕ ਕੀਤਾ। ਉਸਤੁਤਿ ਕਹੀ 'ਵਾਹ ਵਾਹ' ਉਚਰੀ, ਜਨਮ ਸਫਲ ਕਰ ਲੀਤਾ। ਹੱਥ ਜੋੜ ਫਿਰ ਲੈ ਗਜਾ ਲਾਂਭੇ, ਬਿਨਤੀ ਮੁਖੋਂ ਅਲਾਈ। ਗੱਲਬਾਤ ਕਰ ਸਹਿਜੇ ਕੋਈ, ਫਿਰ ਲੈ ਲਈ ਵਿਦਾਈ। ਜਿਥੋਂ ਤੀਕ ਗੁਰੂ ਜੀ ਦਿੱਸੇ, ਪੈਦਲ ਰਾਹ ਉਹ ਟੁਰਿਆ, ਚੜ੍ਹਿਆ ਨਹੀਂ ਪਾਲਕੀ ਉਤੇ ਐਸਾ ਅਦਬ ਉਸ ਕਰਿਆ। ਜਦੋਂ ਟਿਕਾਣੇ ਘਰ ਜਾ ਬੈਠਾ, ਤਦੋਂ ਮੁਰੀਦਾਂ ਕਹਿਆ—

'ਤੁਸੀਂ ਝੁਕੇ ਨਾ-ਮੁਸਲਿਮ ਅੱਗੇ ਭੇਤ ਅਸੀਂ ਨਾਂ ਲਹਿਆ। ਭਾਰੇ ਪੀਰ ਤੁਸੀਂ ਰਬ ਵਾਲੇ, ਸ਼ਰ੍ਹਾ ਸ਼ਰੀਅਤ ਵਾਲੇ। ਕਿਉਂ ਸਜਦਾ ਬਾਲਕ ਨੂੰ ਕੀਤਾ ? ਦੱਸੋ ਕਰੋ ਸੁਖਾਲੇ।' ਆਰਫਦੀਨ ਬੋਲਿਆ ਸਹਿਜੇ, ਵਿੱਚ ਅਦਬ ਭਰ ਆਯਾ। 'ਸਚਾ ਬਚਨ ਸੁਣੋਂ ਬਈ ਲੋਕੋ ! ਦੇਖਜਾ ਦਿਆਂ ਸੁਣਾਯਾ। 'ਕਦੇ ਕਦੇ ਜਦ ਚੜ੍ਹਾਂ

---

1. ਸੂਰਜ ਪ੍ਰਕਾਸ਼ ਵਿਚ ਇਨ੍ਹਾਂ ਨੂੰ ਰੰਘੜ ਲਿਖਿਆ ਹੈ ਜੋ ਆ ਕੇ ਮਿਲੇ ਸੇ।

1. ਸੂਰਜ ਪ੍ਰਕਾਸ਼ ਵਿਚ ਏਥੇ ਭੀਖ ਦਾ ਹੀ ਮਿਲਣਾ ਲਿਖਿਆ ਹੈ। ਪਰ ਤਵਾਰੀਖ਼ ਖਾਲਸਾ ਨੇ ਭੀਖ ਤੇ ਆਰਫਦੀਨ ਦੋ ਫਕੀਰਾਂ ਦਾ ਮਿਲਣਾ ਤੇ ਸਜਦੇ ਕਰਨੇ ਤੇ ਮਹਾਂ ਜਯੋਤੀ ਮੰਨਣਾ ਲਿਖਿਆ ਹੈ।

ਮੁਕਬੇ, ਵਿੱਚ ਸਮਾਧੀ ਜਾਵਾਂ, 'ਵਿਚ ਦਰਗਾਹ ਜਦੋਂ ਮੈਂ ਜਾਵਾਂ, ਜਾ ਕੇ ਕੀਹ ਤਕਾਵਾਂ:-
'ਏਹੋ ਬਾਲ, ਜੋਤਿ ਦਾ ਜਾਮਾ ਜਗਮਗ ਰੂਪ ਨੂਰਾਨੀ। 'ਸੁੰਦਰਤਾ ਜਿਸ ਦੇ ਪਗ ਚੁੰਮੇਂ; ਨੂਰੋ ਨੂਰ ਰੂਹਾਨੀ! 'ਸਭ ਤੋਂ ਉੱਚਾ, ਸਭ ਤੋਂ ਵਡਾ, ਸਭ ਤੋਂ ਨੂਰ ਜਲਾਲੀ। 'ਸਭ ਝੁਕਦੇ ਹਨ ਇਸ ਦੇ ਅੱਗੇ, ਇਸ ਦੀ ਚਾਲ ਨਿਰਾਲੀ। 'ਅੱਲਾ ਵਿੱਚ ਫਨਾ ਦਾ ਦਰਜਾ ਮੇਰੀ ਪਹੁੰਚ ਉਰੇ ਥੇ। 'ਉਥੋਂ ਤੱਕ ਦੇਖਿਆ ਇਸ ਨੂੰ, ਅੱਜ ਡਿੱਠਾ ਮੈਂ ਇਥੇ! 'ਓਥੋਂ ਏ ਏਥੇ ਹੈ ਆਯਾ ਅੱਲਾ ਆਪ ਪਠਾਯਾ। 'ਕੁਫਰ ਜ਼ੁਲਮ ਦੇ ਪਾਪ ਮੇਟਸੀ ਏਸ ਲਈ ਹੈ ਆਯਾ।
'ਮੈਂ ਅੱਲਾ ਦੇ ਦਰ ਤੇ ਏਹੋ ਸਭ ਤੋਂ ਉੱਚਾ ਡਿੱਠਾ! 'ਅੱਜ ਸਿਵਾਤਾ ਖਾਕੀ ਜਾਮੇ, ਰੰਗ ਜਮਾਲੀ ਮਿੱਠਾ। 'ਸਜਦਾ ਏਸ ਲਈ ਮੈਂ ਕੀਤਾ, ਤੁਸੀਂ ਅਦਬ ਵਿਚ ਆਓ! 'ਸ਼ੱਕ ਕਰੋ ਤਾਂ ਕਾਫਰ ਹੋਸੋ ਲਜਾ ਇਮਾਨ ਸੁਖ ਪਾਓ। 'ਅੱਲਾ ਕਰਨੇ ਅੱਲਾ ਜਾਣੇ, ਸਾਨੂੰ ਚਹੀਏ ਝੁਕਣਾ।
'ਹੁਕਮ ਓਸ ਦੇ ਅੱਗੇ ਝੁਕਣਾ, ਸੱਚ ਕਹਿਣੋਂ ਨਾ ਰੁਕਣਾ।' ਤਦੋਂ ਮੁਰੀਦਾਂ ਸੀਸ ਨਿਵਾਯਾ, ਪੀਰ ਕਿਹਾ ਸਿਰ ਧਰਿਆ। ਛੱਡ ਤਅੱਸਬ ਸੱਚ ਪਛਾਤਾ, ਝੂਠਾ ਹਠ ਨਾ ਕਰਿਆ।

ਇਸ ਤਰ੍ਹਾਂ ਲਖਨੌਰ ਵਿਚ ਵੀ ਸਾਧੂਆਂ, ਫਕੀਰਾਂ ਪੀਰਾਂ, ਪੰਡਤਾਂ, ਧਨੀਆਂ; ਆਮ ਲੋਕਾਂ, ਗਰੀਬਾਂ ਵਿਚ ਸਾਹਿਬ ਜੀ ਦਾ ਪਰਚਾ ਪੈ ਗਿਆ ਤੇ ਦੋ ਵੇਲੇ ਦੇ ਦੀਵਾਨਾਂ ਦਾ ਸ਼ਬਦ ਸੋਹਿਲੇ ਦਾ ਪ੍ਰਚਾਰ ਤਾਰਨਹਾਰ ਹੋ ਗਿਆ। ਹੁਣ ਜਦ ਆਨੰਦਪੁਰ ਤੋਂ ਸੱਦਾ ਆਗਿਆ ਤਾਂ ਏਥੋਂ ਦੀ ਸੰਗਤ ਨੇ ਬੜੀ ਬਿਹਬਲਤਾ ਨਾਲ ਸਾਹਿਬਜ਼ਾਦੇ ਜੀ ਨੂੰ ਟੋਰਿਆ। ਤੁਰਨ ਵੇਲੇ ਪ੍ਰੇਮ ਦੇ ਨਜ਼ਾਰੇ ਅਦਭੁਤ ਸਨ। ਦੂਰ ਤਕ ਸੰਗਤਾਂ ਛੋੜਨ ਆਈਆਂ। ਇਥੋਂ ਆਪ ਅਬਲਕ ਘੋੜੇ ਤੇ ਸਵਾਰ ਹੋ ਕੇ ਟੁਰੇ।

(ਰੋਪੜ)

**ਲਖਨੌਰ** ਤੋਂ ਟੁਰਦੇ ਕਈ ਥਾਂਈਂ ਟਿਕਦੇ ਰੋਪੜ ਪਹੁੰਚੇ। ਪਰ ਦੋ ਤ੍ਰੈ ਥਾਂਵਾਂ ਦੇ ਨਾਉਂ ਜਿਥੇ ਟਿਕੇ ਲਿਖੇ ਹਨ, ਇਹ ਹਨ:-ਪਹਿਲਾਂ ਰਾਣੋ ਮਾਜਰੇ ਡੇਰੇ ਕਰਨ ਦਾ ਪਤਾ ਚਲਦਾ ਹੈ। ਇਥੇ ਇਕ ਦਿਨ ਕਯਾਮ ਕਰ ਕੇ ਟੁਰ ਪਏ। ਫੇਰ ਪਤਾ ਨੰਦਪੁਰ ਕਲੌੜ ਡੇਰਾ ਕਰਨੇ ਦਾ ਚਲਦਾ ਹੈ, ਏਥੇ ਗੁਰਦੁਆਰਾ ਹੈ[1]! ਇਸ ਤਰ੍ਹਾਂ ਕਯਾਮ ਕਰਦੇ ਰੋਪੜ ਜਾ ਉਤਰੇ, ਏਥੇ ਇਕ ਦੋ ਦਿਨ ਕਿਆਮ ਕੀਤਾ। ਮੌਲਾਸ਼ਾਹ ਨਾਮੇ ਇਕ ਪੀਰ ਏਥੇ ਰਹਿੰਦਾ ਸੀ, ਇਸ ਨੇ ਆ ਦਰਸ਼ਨ ਕੀਤੇ ਤੇ ਪੂਰੇ ਅਦਬ ਨਾਲ ਸਜਦਾ ਕੀਤਾ। ਸਾਹਿਬਜ਼ਾਦੇ ਨੇ ਇਸਦੀ ਸ਼ਕਲ ਸੂਰਤ ਸਫਾ ਦੇਖਕੇ ਤੇ ਪ੍ਰੇਮ ਤੱਕ ਕੇ ਪੁੱਛਿਆ: 'ਸਾਂਈਂ ਜੀ ਤੁਸੀਂ ਕਿਵ ਮੱਥਾ ਆ ਟੇਕਿਆ?' ਪੀਰ ਨੇ ਕਿਹਾ: 'ਮੈਂ ਆਪ ਦੇ ਪਿਤਾ ਗੁਰੂ ਦਾ ਮੁਰੀਦ ਹਾਂ'। ਆਪ ਬੋਲੇ: 'ਕਿਵੇਂ ਬਣੇ ਸਾਓ?' ਪੀਰ ਨੇ ਕਿਹਾ ਕਿ "ਜਦੋਂ ਆਪ ਦੇ ਪਿਤਾ ਜੀ, ਗੁਰੂ ਤੇਗ ਬਹਾਦਰ ਜੀ, ਆਨੰਦਪੁਰ ਵਸਾ ਰਹੇ ਸਨ, ਤਦੋਂ ਮੈਂ ਫਿਰਦਾ ਤੁਰਦਾ ਉਥੋਂ ਦੀ ਲੰਘਿਆ। ਹੈਰਾਨ ਹੋ ਕੇ ਮੈਂ ਪਤਾ ਕੀਤਾ ਕਿ ਮਕਾਨ ਕਿਸਦੇ ਬਣ ਰਹੇ ਹਨ। ਕਿਸੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਦੇ ਗੱਦੀ ਨਸ਼ੀਨ ਗੁਰੂ ਤੇਗ ਬਹਾਦਰ ਜੀ ਦੇ। ਤਦ ਮੈਂ ਹੋਰ ਹਰਿਆਨ ਹੋ ਕੇ ਪੁੱਛਿਆ ਕਿ ਗੁਰੂ ਜੀ ਲਈ ਆਹ ਇਕ ਮਕਾਨ ਕਾਫੀ ਨਹੀਂ? ਇਹ ਦੂਜੇ ਪਾਸੇ ਵਡੇ ਵਡੇ ਮਕਾਨ ਕੋਠੇ ਕਾਹਦੇ ਲਈ ਹਨ? ਇਨ੍ਹਾਂ ਦੇ ਬਜ਼ੁਰਗਾਂ ਦਾ ਤਾਂ ਵਾਕ ਹੈ "ਜਿਨੀ ਚਲਣੁ ਜਾਣਿਆ ਸੋ ਕਿਉ ਕਰਹਿ ਵਿਥਾਰ॥ ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ॥"

"ਤਦ ਇਕ ਸਿੱਖ ਨੇ ਕਿਹਾ--'ਸੰਗਤਾਂ ਲਈ'। ਮੈਂ ਹੋਰ ਹਰਿਆਨ ਹੋਇਆ ਕਿ ਇਹ ਤਾਂ ਬਕਾਲੇ ਭੋਰੇ ਵਿਚ ਤਪ ਕਰਦੇ ਹੁੰਦੇ ਸਨ, ਗੁਰੂ ਗੱਦੀ ਲੈਂਦੇ ਨਹੀਂ ਸਨ, ਮਸਾਂ ਸੰਗਤਾਂ ਨੇ ਮਨਾਏ ਸਨ, ਬਾਣੀ ਵੈਰਾਗ ਮਈ ਰਚਦੇ ਹਨ, ਏਹ ਕਿਵੇਂ ਅਡੰਬਰ ਕਰਨ ਲਗ ਪਏ ਹਨ ? ਫੇਰ ਮੇਰਾ ਚਿੱਤ ਕੀਤਾ ਕਿ ਮੈਂ ਦਰਸ਼ਨ ਤਾਂ ਕਰ ਚੱਲਾਂ। ਜਾਂ ਮੈਂ ਗਿਆ ਤਾਂ ਆਖਰ ਮੈਂ ਰਿਆਜ਼ਤ ਵਾਲਾ ਬੰਦਾ ਸਾਂ, ਉਹਨਾਂ ਦੇ ਚਿਹਰੇ ਤੇ ਰੱਬੀ ਨੂਰ ਨੂੰ ਮੈਂ ਸਿਆਣ ਲਿਆ ਤੇ ਅਦਬ ਨਾਲ ਸਲਾਮ ਕਰਕੇ ਬਹਿ ਰਿਆ। ਆਪ ਨੇ ਮੈਨੂੰ ਪਿਆਰ ਕੀਤਾ, ਪ੍ਰਸ਼ਾਦ ਦਾ ਵੇਲਾ ਸੀ, ਪ੍ਰਸ਼ਾਦ ਛਕਾਇਆ।

1. ਆਖਦੇ ਇਹ ਬੀ ਹਨ ਕਿ ਗੁਰਦੁਆਰਾ ਨੌਵੇਂ ਪਾਤਸ਼ਾਹ ਦੇ ਵਕਤ ਤੋਂ ਹੈਸੀ।

ਫੇਰ ਆਖਣ ਲੱਗੇ : 'ਪੀਰ ਜੀ, ਹੁਣ ਆਰਾਮ ਕਰ ਲਓ।' ਮੈਂ ਸਾਉਣ ਲਗਾ ਵਿਚਾਰੀਂ ਪੈ ਗਿਆ, ਵਿਚਾਰਾਂ ਵਿਚ ਹੀ ਨੀਂਦ ਪੈ ਗਈ ਤਾਂ ਮੈਂ ਬਹਿਸ਼ਤਾਂ ਡਿੱਠੀਆਂ, ਇਕ ਬੰਦਾ ਬਹੁਤ ਸੁਖੀ ਦੇਖਕੇ ਮੈਂ ਪੁੱਛਿਆ: ਭਲੇ ਲੋਕ ! ਤੇਰੀ ਨੁਹਾਰ ਡਾਢੀ ਤ੍ਰਿੱਖੀ ਦਿੱਸਦੀ ਹੈ ਤੂੰ ਇਥੇ ਕਿਵੇਂ ਆ ਗਿਓਂ। ਉਹ ਕਹਿਣ ਲੱਗਾ 'ਪੀਰ ਜੀ ਮੈਂ ਸ਼ੇਰ ਦੀ ਜੂਨੀ ਸਾਂ। ਇਕ ਦਿਨ ਮੀਂਹ ਲੱਥਾ, ਗੜੇ ਪਏ, ਠੱਕੇ ਦੀ ਵਗੀ ਪੌਣ। ਮੈਂ ਸਾਂ ਬਾਹਰ ਸ਼ਿਕਾਰ ਚੜ੍ਹਿਆ, ਮਸਾਂ ਮਸਾਂ ਅਪਣੇ ਘੁਰੇ ਪੁੱਜਾ ਘੁਰਾ ਮੇਰਾ ਬਹੁਤ ਵੱਡਾ ਸੀ, ਤੇ ਦੁਵੱਲੀ ਛੱਡ ਮੈਂ ਉਸ ਵਿਚ ਤਿਵੱਲੀ ਰਾਹ ਰੱਖੇ ਹੋਏ ਸਨ। ਜਾਂ ਮੈਂ ਪਹੁੰਚਾ ਤਾਂ ਮਨੁੱਖਾਂ ਦੀ ਅਵਾਜ਼ ਆਈ। ਮੈਂ ਸਮਝ ਗਿਆ ਕਿ ਅਤਿ ਪਾਲੇ ਦੇ ਕਾਰਨ ਰਾਹਗੁਜ਼ਾਰ ਮੁਸਾਫਰਾਂ ਨੇ ਇਥੇ ਆਸਰਾ ਲਿਆ ਹੈ। ਤਦ ਪੀਰ ਜੀ ! ਮੈਨੂੰ ਮਨੁੱਖ ਜਾਮੇ ਦੀ ਮੱਤ ਫੁਰ ਪਈ ਕਿ ਮੈਂ ਅੰਦਰ ਨਾ ਜਾਵਾਂ, ਨਹੀਂ ਤਾਂ ਸਾਰੇ ਡਰਕੇ ਭੱਜ ਜਾਣਗੇ ਤੇ ਪਾਲੇ ਮਰਨਗੇ ਅਤੇ ਜੇ ਨਾ ਜਾਵਾਂ ਤਾਂ ਏਹ ਸੁਖੀ ਰਹਿਣਗੇ। ਸੋ ਭਲੇ ਲੋਕ ਆਖਦੇ ਹਨ ਕਿ ਸੁਖ ਦੇਣਾ ਸੁਖ ਲੈਣ ਨਾਲੋਂ ਉੱਤਮ ਹੈ; ਇਹ ਵਿਚਾਰਕੇ ਮੈਂ ਕੁਛ ਵਿੱਥ ਤੇ ਜਾਕੇ ਬਹਿ ਗਿਆ। ਪਾਲੇ ਦੀ ਅਤਿ ਕਰਕੇ ਮੈਂ ਸੁੰਨ ਹੋ ਗਿਆ ਤੇ ਉਸੇ ਸੁੰਨਤਾ ਵਿਚ ਦੇਹੀ ਛੁਟ ਗਈ। ਉਸ ਸ਼ੁਭ ਉਪਕਾਰ ਬਦਲੇ ਆਪਾ ਵਾਰ ਦੇਣ ਕਰਕੇ ਮੈਨੂੰ ਇਹ ਸੁਖ ਮਿਲਿਆ ਹੈ।' ਲਓ ਮੇਰੇ ਸਾਹਿਬ ਦੇ ਲਾਲ ਜੀਓ, ਮੇਰੀ ਜਾਗ ਖੁਲ੍ਹ ਗਈ। ਪਤਾ ਨਹੀਂ ਕਿ ਇਹ ਸੁਪਨਾ ਸੱਚ ਹੀ ਸੀ, ਕਿ ਆਪ ਦੇ ਪਿਤਾ ਨੇ ਮੈਨੂੰ ਇਕ ਅਖਜਾਨਕ ਵਿਖਾਕੇ ਸੁਮਤ ਬਖਸ਼ੀ, ਯਾ ਮੇਰੇ ਭਾਗਾਂ ਨੇ ਮੇਰੇ ਹੀ ਸੰਸਿਆਂ ਦੀ ਮੇਰੇ ਅੰਦਰੋਂ ਹੀ ਨਵਿਰਤੀ ਕੀਤੀ, ਪਰ ਮੈਨੂੰ ਸਮਝ ਪੈ ਗਈ ਕਿ ਗੁਰੂ ਸਾਹਿਬ ਪਰ-ਉਪਕਾਰ ਲਈ, ਸੰਗਤਾਂ ਦੇ ਸੁਖ ਲਈ ਮੰਦਰ ਬਣਵਾ ਰਹੇ ਹਨ। ਇਨ੍ਹਾਂ ਅੰਦਰ ਤਾਂ ਰੱਬ ਜੀ ਦਾ ਪ੍ਰੇਮ ਹੀ ਪ੍ਰੇਮ ਹੈ, ਹੋਰ ਕੁਛ ਨਹੀਂ। ਜਗਤ ਤੋਂ ਉਪਰਾਮ ਹਨ, ਪਰ ਗੁਰੂ ਨਾਨਕ ਦੇ ਹੋਣ ਕਰਕੇ ਗ੍ਰਿਹਸਤ ਵਿਚ ਹਨ, ਪਰ ਗ੍ਰਿਹਸਤ ਉਦਾਸ ਹਨ। ਗ੍ਰਿਹਸਤ ਵਿਚ ਹੋਣ ਕਰਕੇ ਪਰਉਪਕਾਰ ਇਨ੍ਹਾਂ ਦਾ ਕਿਤਾ ਹੈ।"

"ਫੇਰ ਮੈਂ ਉਠਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਤੁਰਿਆ ਤਾਂ ਕੁਝ ਬਾਲਕ ਇੱਟਾਂ ਨਾਲ ਖੇਲਦੇ ਦੇਖੇ। ਇਨ੍ਹਾਂ ਨੇ ਇੱਟਾਂ ਦੇ ਕਿਲ੍ਹੇ ਕੋਟ ਬਣਾਏ, ਰੇਤ ਦੇ ਥੇਹ ਲਾਏ ਤੇ ਕਈ ਖੇਲ ਰਚੇ, ਫੇਰ ਝੱਟ ਸਭ ਕੁਝ ਢਾਹਕੇ ਘਰਾਂ ਨੂੰ ਟੁਰ ਪਏ। ਇਥੋਂ ਬੀ ਮੈਨੂੰ ਸਮਝ ਪਈ ਕਿ ਇਹ ਖੇਲ ਭੀ ਮੇਰੇ ਭਲੇ ਲਈ ਦਿਖਾਇਆ ਗਿਆ ਹੈ। ਇਨ੍ਹਾਂ ਦੀ ਬ੍ਰਿਤੀ ਵਿਚ ਪਕੜ ਨਹੀਂ ਹੈ। ਇਨ੍ਹਾਂ ਬਾਲਾਂ ਵਾਂਙੂ ਇਨ੍ਹਾਂ ਦਾ ਅਡੰਬਰ ਇਕ ਖੇਲ ਮਾਤ੍ਰ ਹੈ। ਆਪਣੇ ਸਿੱਖਾਂ ਦੇ ਪਦਾਰਥ ਮੰਦਰ ਬਣਾਕੇ ਸਫਲੇ ਕਰ ਰਹੇ ਹਨ ਕਿ ਸਾਧੂ ਸੰਤ ਅਤਿਥੀ ਗਰੀਬ ਆ ਕੇ ਟਿਕਣ ਤਾਂ ਕਿ ਉਨ੍ਹਾਂ ਦਾ, ਜਿਨ੍ਹਾਂ ਦਾ ਪਦਾਰਥ ਆਪ ਲਗਾ ਰਹੇ ਹਨ, ਭਲਾ ਹੋਵੇ। ਇਸ ਤਰ੍ਹਾਂ ਮੈਂ ਨਿਰਸੰਸੇ ਹੋ ਗਿਆ। ਫਿਰ ਜਾ ਆਪ ਦੀ ਚਰਨੀਂ ਲੱਗਾ। ਆਪ ਜੀ ਨੇ ਬਹੁਤ ਮਿਹਰ ਕੀਤੀ। ਐਸੇ ਵਾਕ ਕਹੇ ਕਿ ਮੇਰੇ ਕਪਾਟ ਖੁੱਲ੍ਹ ਗਏ। ਮੈਂ ਬੜੇ ਜ਼ੁਹਦ ਕੀਤੇ ਸਨ, ਜ਼ਿਕਰ ਵਿਚ ਬੀ ਸਾਂ, ਪਰ ਮੇਰੇ ਨਾਮ ਵਿਚ ਰਸ ਨਹੀਂ ਸੀ ਪੈਂਦਾ। ਟਿਕਦਾ ਬੀ ਸਾਂ ਕੁਛ ਬਣਦਾ ਭੀ ਭਾਸਦਾ ਸੀ ਪਰ ਰਸ ਰੂਪ ਨਹੀਂ ਸਾਂ ਹੁੰਦਾ। ਆਪ ਦੇ ਪਿਤਾ ਜੀ ਦੀ ਕ੍ਰਿਪਾ ਨਾਲ ਮੈਂ ਰਸ ਰੂਪ ਹੋ ਗਿਆ, ਤਾਂ ਮੈਂ ਆਪਣੇ ਦੀਨ ਮਜ਼ਬ ਦੀ ਸ਼ਰਮ ਛੋੜਕੇ ਤੇ ਸ਼ਰਈਆਂ ਤੋਂ ਨਿਰਭੈ ਹੋ ਕੇ ਚਰਨੀਂ ਪੈ ਗਿਆ ਤੇ ਆਪ ਨੂੰ ਸੁੱਚਾ ਮੁਰਸ਼ਿਦ[1] ਮੰਨ ਕੇ ਟੁਰਿਆ। ਤਦ ਤੋਂ ਮੈਂ ਨਾਮ ਸਿਮਰਦਾ ਹਾਂ, ਆਪ ਸੁਖੀ ਹਾਂ, ਲੋਕਾਂ ਦਾ ਭਲਾ ਵੀ ਕਰਦਾ ਹਾਂ, ਜਿਥੇ ਲੋੜ ਦੇਖਦਾ ਹਾਂ ਧਰਮਸਾਲਾਂ ਸਰਾਵਾਂ ਬਣਵਾ ਦੇਂਦਾ ਹਾਂ।"

"ਇਹ ਹੈ ਮੇਰੇ ਦਾਤਾ ਦੇ ਲਾਲ ਜੀਓ ! ਮੇਰਾ ਕਿੱਸਾ ਤੇ ਮੇਰਾ ਆਪ ਜੀ ਦੇ ਨਾਲ ਰਿਸ਼ਤਾ, ਜਿਸ ਕਰਕੇ ਕਦਮ-ਬੋਸੀ ਲਈ ਹਾਜ਼ਰ ਹੋਇਆ ਹਾਂ।" ਸਾਹਿਬਜ਼ਾਦੇ ਜੀ ਸੁਣਕੇ ਬੜੇ ਖੁਸ਼ ਹੋਏ ਤੇ ਆਖਣ ਲਗੇ 'ਸੁਰਤ ਸਾਂਈਂ ਵਿਚ ਨਾ ਪ੍ਰੋਤੀ ਰਹੇ ਤਾਂ ਸੱਖਣਾ[2] ਸੁਰਤ ਪ੍ਰੋ ਹੋ ਜਾਵੇ ਤਾਂ ਭਰਿਆ।' ਭਰੇ ਨੂੰ ਸਾਂਈਂ ਬਾਹਰ ਬੀ ਦਿੱਸਦਾ ਹੈ ਤੇ ਸਰਬਤ ਦੇ ਭਲੇ ਵਿਚ ਸਾਂਈਂ ਨੂੰ ਪਜਾਰ ਕਰਦਾ ਹੈ। ਸਾਹਿਬਜ਼ਾਦੇ ਜੀ ਦੀ ਇੱਡੀ ਗੂੜ੍ਹੀ ਤੇ ਇੱਡੀ ਗੁਰੂ ਨਾਨਕ ਦੇ ਮਤ ਦੀ

---

1. ਤਵਾਰੀਖ ਖਾਲਸਾ।

2. 'ਬਚਪਨ ਤੋਂ ਹੀ ਗੁਰੂ ਜੀ ਦੀ ਸੁਰਤ ਸਾਈਂ ਵਿਚ ਪ੍ਰੋਤੀ ਹੋਈ ਸੀ' ਦਾ ਪਤਾ ਗੁਰੂ ਜੀ ਨੇ ਆਪ ਦਿੱਤਾ ਹੈ:--ਚੁਭੀ ਰਹੀ ਸੁਤ ਪ੍ਰਭ ਚਰਨਨ ਮਹਿਂ। ਭਾਵ ਮੈਂ ਪ੍ਰਭੂ ਤੋਂ ਜਗਤ ਵਿਚ ਆ ਗਿਆ ਸਾਂ; ਪਰ ਸੁਰਤ ਉਨ੍ਹਾਂ ਦੇ ਚਰਨਾਂ ਵਿਚ ਚੁਭੀ ਰਹੀ।

ਸਿੱਧਾਂਤ ਆਤਮਿਕ ਗਲ ਥੋੜੇ ਅੱਖਰਾਂ ਵਿਚ ਸੁਣਕੇ ਪ੍ਰੇਮ ਨਾਲ ਭਰਕੇ ਚਰਨੀ ਪੈ ਗਿਆ ਤੇ ਆਖਿਓਸੁ, "ਪੂਰੇ ਕਾ ਕੀਆ ਸਭ ਕਿਛੁ ਪੂਰਾ।। ਧੰਨ ਹੋ, ਧੰਨ ਹੋ, ਉਮਰਾ ਦੇ ਵੱਸ ਕੀ ਹੈ ? ਸਾਂਈਂ ਦੇ ਖੇਲ ਹਨ, ਜਿਸਨੂੰ ਪੂਰਾ ਬਣਾਏ।"

ਇਸ ਤਰ੍ਹਾਂ ਦੇ ਕੌਤਕ ਕਰਦੇ ਵੇਖਦੇ ਆਪ ਹੁਣ ਰੋਪੜ ਤੋਂ ਟੁਰ ਪਏ ਤੇ ਕੀਰਤਪੁਰ ਆਏ। ਇਥੇ ਆਉਣ ਤੋਂ ਪਹਿਲਾਂ ਖਬਰਾਂ ਪੁਜ ਗਈਆਂ ਸਨ ਕਿ ਸ੍ਰੀ ਗੁਰੂ ਤੇਗ ਬਹਾਦਰ ਨੰਦਨ ਆ ਰਹੇ ਹਨ। ਆਪ ਜੀ ਦੀ ਸੁੰਦਰਤਾ, ਸਚਾਈ, ਸ਼ਹਿਜ਼ੋਰੀ, ਸਖ਼ਾਵਤ, ਸੁਹਿਰਦਤਾ, ਸ੍ਵਰੂਪ ਸਥਿਤੀ ਤੇ ਸਰਬ ਗੁਣ ਸੰਪੰਨਤਾ ਦੀ ਇਸ ਛੋਟੀ ਉਮਰ ਵਿਚ ਮਸ਼ਾਹੂਰੀ ਏਥੇ ਵੀ ਪੁੱਜ ਚੁਕੀ ਹੋਈ ਸੀ। ਸ਼ਰੀਕੇ ਵਿਚ ਪਹਿਲੋਂ ਪਹਿਲ ਗੁਰੂ ਤੇਗ ਬਹਾਦਰ ਜੀ ਨਾਲ ਪਿਆਰ ਹੋਇਆ, ਫਿਰ ਕੁਛਕੁ ਸ਼ਰੀਕਾ-ਬ੍ਰਿਤੀ ਆਈ ਸੀ, ਉਹ ਵੀ ਹੁਣ ਸ਼ਮਨ ਹੋ ਚੁਕੀ ਸੀ। ਪੁਰਾਣੇ ਸਮੇਂ ਬੀਤ ਚੁਕੇ ਸੇ; ਹੁਣ ਤਾਂ ਦੋਹਾਂ ਹੀ ਕੁਲਾਂ ਦੇ ਗੁਰੂ ਵੰਸ਼ੀ, ਬਾਬੇ ਬੁੱਢੇ ਕੇ, ਸਾਰੀ ਸੰਗਤ ਤੇ, ਸਾਰੇ ਮਸੰਦ ਗੁਰੂ ਤੇਗ ਬਹਾਦਰ ਜੀ ਦੀ ਚਰਨ ਸ਼ਰਨ ਸੇਵਾ ਕਰ ਰਹੇ ਸੇ। ਇਥੇ ਕੀਰਤਪੁਰ ਵਿਚ ਹੀ ਗੁਰੂ ਪਰਿਵਾਰ ਤੇ ਸੰਗਤ ਵਿਚ ਚਾਉ ਭਰ ਰਿਹਾ ਸੀ ਸਾਹਿਬਜ਼ਾਦੇ ਜੀ ਦੇ ਦਰਸ਼ਨਾਂ ਦਾ। ਸੋ ਸੰਗਤ ਤੇ ਸੂਰਜਮਲ ਦੇ ਪੋਤੇ ਆਦਿ ਪਰਿਵਾਰ ਦੇ ਵਡੇ ਛੋਟੇ ਦੂਰ ਤਕ ਅੱਗੋਂ ਲੈਣ ਵਾਸਤੇ ਆਏ। ਸ਼ਬਦ ਬਾਣੀ ਕੀਰਤਨ ਕਰਦੇ ਬਹੁਤ ਆਦਰ ਪਜਾਰ ਨਾਲ ਸ਼ਹਿਰ ਲੈ ਗਏ। ਸੁਹਣੇ ਥਾਂ ਉਤਾਰਾ ਦਿੱਤਾ। ਮਾਈਆਂ ਨੂੰ ਮਿਲਕੇ ਪਰਿਵਾਰ ਦੀਆਂ ਮਾਈਆਂ ਪ੍ਰਸੰਨ ਹੋਈਆਂ, ਮਾਤਾ ਨਾਨਕੀ ਜੀ ਨੇ ਪੂਰਬ ਦੀਆਂ ਸੁਗਾਤਾਂ ਤਾਂ ਸਾਰੇ ਪਰਿਵਾਰ ਵਿਚ ਵੰਡੀਆਂ। ਪਰਸਪਰ ਦੋਹਾਂ ਪਰਿਵਾਰਾਂ ਦੇ ਮੇਲ ਜੋਲ ਬੜੇ ਆਨੰਦ ਮਈ ਹੋਏ। ਅਗਲੇ ਦਿਨ ਸਾਹਿਬਜ਼ਾਦੇ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਸਥਾਨ ਦੀ ਯਾਤ੍ਰਾ ਕੀਤੀ ਫੇਰ ਬਾਬੇ ਗੁਰਦਿਤੇ ਦੇ ਅਸਥਾਨ ਦੀ ਯਾਤ੍ਰਾ ਕੀਤੀ। ਫੇਰ ਗੁਰੂ ਹਰਿਰਾਇ ਸਾਹਿਬ ਜੀ ਦੇ ਬਾਗ਼ ਦਾ ਸੈਲਾ ਕੀਤਾ। ਉਪਰੰਤ ਗੁਰੂ ਹਰਿਕ੍ਰਿਸ਼ਨ ਜੀ ਦਾ ਨਿਵਾਸ ਅਸਥਾਨ ਵੇਖਿਆ; ਮਾਤਾ ਕ੍ਰਿਸ਼ਨ ਕੌਰ ਜੀ ਨੇ ਬਹੁਤ ਆਦਰ ਕੀਤਾ। ਦਰਸ਼ਨ ਕਰਕੇ ਉਸ ਵਿਯੋਗਨੀ ਮਾਤਾ ਨੂੰ ਆਪਣੇ ਸਪੁਤ੍ਰ ਗੁਰੂ ਦੇ ਮਾਨੋ ਦਰਸ਼ਨ ਹੋਏ। ਉਸ ਤਰ੍ਹਾਂ ਦੇ ਚਾਉ ਨਾਲ ਭਰਕੇ ਸਾਹਿਬਾਂ ਨੂੰ ਪ੍ਰੇਮ ਅਥਰੂਆਂ ਨਾਲ ਆਦਰ ਦਿੱਤੋਸੁ। ਕੜਾਹ ਪ੍ਰਸ਼ਾਦ ਸਾਰੇ ਗੁਰਦੁਆਰਿਆਂ ਵਿਚ ਕਰਵਾਏ ਤੇ ਸਾਰੀ ਨਗਰੀ ਵਿਚ ਵੰਡੇ। ਘਰ ਘਰ ਉਤਸ਼ਾਹ ਮੰਗਲਾਚਾਰ ਹੋਇਆ।

ਸਵੇਰੇ ਸੰਝਾਂ ਨੂੰ ਦੀਵਾਨ ਸਜੇ ਤੇ ਨੇੜੇ ਨੇੜੇ ਦੇ ਗਿਰਾਵਾਂ ਦੇ ਲੋਕਾਂ ਨੇ ਆਕੇ ਦਰਸ਼ਨ ਕਰਕੇ ਸੁਖ ਪਾਇਆ। ਇਕ ਦਿਨ ਠਹਿਰਕੇ ਫਰ ਵਿਦੈਗੀ ਲੀਤੀ। ਉਧਰ ਅਨੰਦ ਪੁਰ ਤੋਂ ਕੁਛ ਮੁਖੀ ਸਿੱਖ ਤੇ ਮਸੰਦ ਸਾਹਿਬਜ਼ਾਦੇ ਜੀ ਨੂੰ ਲੈਣ ਵਾਸਤੇ ਕੀਰਤਪੁਰ ਆ ਪਹੁੰਚੇ। ਚਰਨਾਂ ਕਵਲਾਂ ਵਿਚ ਹਾਜ਼ਰ ਹੋ ਕੇ ਸਭ ਨੇ ਪ੍ਰਸ਼ਾਦ ਭੇਟ ਨਜ਼ਰ ਅਗੇ ਧਰੀ ਤੇ ਮੱਥੇ ਟੇਕੇ। ਫਿਰ ਆਦਰ ਨਾਲ ਲੈ ਕੇ ਅਨੰਦ ਪੁਰ ਨੂੰ ਟੁਰ ਪਏ। ਕੀਰਤ ਪੁਰ ਪਰਿਵਾਰ ਤੇ ਵਾਸੀਆਂ ਨੇ ਬੜੇ ਸੁਖਾਂ ਨਾਲ ਅਗੇ ਤਾਈਂ ਨਾਲ ਜਾ ਕੇ ਸਨਮਾਨ ਨਾਲ ਟੋਰਿਆ। ਟੁਰਦੇ ਸਾਹਿਬਜ਼ਾਦੇ ਸੂਰਜ ਮਲ ਦੇ ਪੋਤਰਿਆਂ ਨੂੰ ਹਸਦੇ ਹਸਦੇ ਕਹਿ ਗਏ ਤੁਸਾਂ ਜੀ ਨੇ ਅਨੰਦਪੁਰ ਮੇਰੇ ਪਾਸ ਆ ਕੇ ਰਹਿਣਾ ਹੈ। ਉਹਨਾਂ ਨੇ ਬੀ ਪਿਆਰ ਤੇ ਚਾਉ ਨਾਲ ਸਤਿ ਬਚਨ ਆਖਿਆ।

(ਅਨੰਦਪੁਰ)

**ਕੀਰਤਪੁਰ** ਤੋਂ ਚਲਕੇ ਅਨੰਦ ਪੁਰ ਆਏ। ਜਦੋਂ ਨਵੀਂ ਨਗਰੀ ਨੇੜੇ ਰਹਿ ਗਈ ਤਾਂ ਅਨੰਦ ਪੁਰ ਦੀ ਸਿਖ ਸੰਗਤ ਕੀਰਤਨ ਕਰਦੀ ਅੱਗੋਂ ਸੁਆਗਤ ਲਈ ਆ ਮਿਲੀ। ਇਧਰੋਂ ਵੀ ਸੰਗਤ ਗੁਰੂ ਤੇਗ ਬਹਾਦਰ ਜੀ ਦੇ ਸਨਮਾਨ ਵਿਚ ਸ਼ਬਦ ਪੜ੍ਹਦੀ ਪੈਦਲ ਹੋ ਲਈ ਸੀ। ਦੁਇ ਸੰਗਤਾਂ ਅਤਿ ਪ੍ਰੇਮ ਨਾਲ ਮਿਲੀਆਂ। ਅਨੰਦ ਪੁਰ ਤੋਂ ਆਇਆਂ ਸਭਨਾਂ ਨੇ ਵਾਰੋ ਵਾਰੀ ਸਾਹਿਬਜ਼ਾਦੇ ਜੀ ਦੀਆਂ ਜੁਹਾਰਾਂ ਕੀਤੀਆਂ ਤੇ ਅਸ਼ੀਰਵਾਦਾਂ ਲਈਆਂ, ਫੇਰ ਮਿਲਕੇ ਦੁਇ ਸੰਗਤਾਂ ਇਕ ਹੋ ਕੇ ਅਨੰਦਪੁਰ ਅੱਪੜੀਆਂ। ਨਗਰੀ ਦੇ ਬਜ਼ਾਰ ਸੰਗਤਾਂ ਨਾਲ ਕੋਠੇ ਤੇ ਮੰਡਪ ਨਰ ਨਾਰੀਆਂ ਨਾਲ ਭਰੇ ਪਏ ਸਨ। ਜਿਉਂ ਜਿਉਂ ਆਪ ਜੀ ਅੱਗੇ ਵਧੇ; ਫੁਲਾਂ ਦੀਆਂ ਵਰਖਾਂ ਤੇ ਗੁਲਾਬਾਂ ਦੇ ਤਿਣਕਾਉ ਹੋਏ।

(ਮੇਲ)

**ਗੁਰਦੁਆਰੇ** ਪੁੱਜੇ ਤਾਂ ਸ੍ਰੀ ਗੁਰੂ ਜੀ ਮਰਿਯਾਦਾ ਦੇ ਪੱਕੇ ਦਾਤਾ ਜੀ ਨੇ ਬਾਹਰ ਆ ਕੇ ਅਪਣੀ ਮਾਤਾ ਜੀ

ਦੇ ਅੱਗੇ ਨਮਸਕਾਰ ਕੀਤੀ ਤੇ ਉਨ੍ਹਾਂ ਦੀ ਅਸ਼ੀਰਵਾਦ ਲਈ। ਫੇਰ ਸਾਹਿਬਜ਼ਾਦੇ ਜੀ ਨੇ ਪਿਤਾ ਜੀ ਦੇ ਚਰਨਾ ਤੇ ਸਿਰ ਧਰ ਦਿੱਤਾ। ਗੁਰੂ ਜੀ ਨੇ ਚਾਕੇ ਛਾਤੀ ਨਾਲ ਲਾ ਲਿਆ। ਸਾਹਿਬਜ਼ਾਦੇ ਜੀ ਪਿਆਰ ਨਾਲ ਬਿਹਬਲ ਹੋ ਕੇ ਪਿਤਾ ਜੀ ਨੂੰ ਚੰਬੜ ਗਏ। ਜੋਤਿ ਨੂੰ ਜੋਤਿ ਮਿਲੀ ਪ੍ਰਕਾਸ਼ ਨੂੰ ਪ੍ਰਕਾਸ਼ ਮਿਲਿਆ। ਸਮੁੰਦਰ ਸਾਗਰ ਨੂੰ ਮਿਲਿਆ। ਦੋ ਤੋਂ ਮਾਨੋਂ ਇਕ ਰੂਪ ਹੋ ਗਏ। ਦੁਇ ਸੁਰਤਾਂ ਵਾਹਿਗੁਰੂ ਵਿਚ ਚੁਭੀਆਂ ਰਹਿਣ ਵਾਲੀਆਂ ਆਪੇ ਵਿਚ ਇਕ ਹੋ ਕੇ ਖੁਭੀਆਂ ਰਹੀਆਂ ਅਨੰਤ ਵਿਚ, ਚੁਪ ਵਿਚ ਪਿਆਰ ਲੀਨਤਾ ਹੋ ਗਈ। ਇਸ ਪਿਆਰ ਲੀਨਤਾਈ ਦਾ ਪ੍ਰਭਾਵ ਬਾਹਰ ਵੀ ਪਿਆ। ਸਾਰੀ ਸੰਗਤ ਵਿਚ ਇਕ ਸੁੰਨ-ਮਸੁੰਨ ਛਾ ਗਈ, ਨੈਣ ਮੁੰਦ ਹੋ ਗਏ, ਮਨ ਪਿਰਮ ਰਸ ਚਖਦੇ ਟਿਕ ਗਏ, ਸੁਰਤਾਂ ਸੁਰਤਿਆਂ ਦਾ ਰੰਗ ਲੈ ਕੇ ਅਨੰਦ ਵੱਲ ਝੁਕ ਗਈਆਂ, ਅੰਦਰੈ ਅੰਦਰ ਖੁਭ ਗਈਆਂ, ਜਦੋਂ ਅਨੰਤ ਦੇ ਹੁਲਾਰੇ ਨਾਲ ਪਿਤਾ ਪੁੱਤ੍ਰ ਦੇ ਨੈਣ ਖੁੱਲ੍ਹੇ, ਜੱਫੀਆਂ ਢਿੱਲੀਆਂ ਹੋਈਆਂ ਤਾਂ ਸਭ ਦੇ ਨੈਣ ਖੁੱਲ੍ਹੇ, ਪਿਤਾ-ਪੁਤਰ-ਸੰਗਮ ਪਰ ਫੁੱਲਾਂ ਦੀ ਵਰਖਾ ਪਹਿਲੋਂ ਤਾਂ ਗੁਰੂ ਜਾਣੇ ਅਰਸ਼ਾਂ ਤੋਂ ਗੁਪਤੋ-ਗੁਪਤੀ ਹੁੰਦੀ ਰਹੀ, ਹੁਣ ਦੀਸਣਹਾਰ ਪ੍ਰੇਮ ਮੰਡਲ ਵਿਚ ਪ੍ਰੇਮੀਆਂ ਦੇ ਹੱਥੋਂ ਖੂਬ ਫੂਲ ਬਰਖਾ ਹੋਈ। ਹਾਂ ਸਦਾ ਹੁੰਦੀ ਰਹੇ ਇਹ ਪੁਸ਼ਪ ਵਰਖਾ ਇਸ ਆਤਮ ਮੇਲ ਪਰ, ਇਸ ਦੋਂਹ ਤੋਂ ਇਕ ਰੂਪ ਹੋ ਜਾਣੇ ਪਰ ਮੁਹਣੀਆਂ ਸਾਈਂ ਰੰਗ ਰੱਤੀਆਂ ਸੁਰਤਾਂ ਉਪਰ ਸਦਾ ਹੁੰਦੀ ਰਹੇ ਫੂਲ ਬਰਖਾ ਤੇ ਠਾਰਦੀ ਰਹੇ ਦੇਖਣਹਾਰਾਂ ਨੂੰ।

ਫਿਰ ਗੁਰੂ ਜੀ ਸਹਜ ਨਾਲ ਅੰਦਰ ਨੂੰ ਮੁੜੇ ਤੇ ਆਪਣੇ ਸਿੰਘਾਸਨ ਪਰ ਜਾ ਬਿਰਾਜੇ। ਬਾਂਹ ਨੂੰ ਚੰਬੜੇ ਲਾਲ ਜੀ ਨਾਲ ਨਾਲ ਅੰਦਰ ਗਏ। ਸਿੰਘਾਸਨ ਤੇ ਬੈਠਕੇ ਆਪ ਜੀ ਨੇ ਸਾਹਿਬਜ਼ਾਦੇ ਜੀ ਨੂੰ ਗੋਦ ਵਿਚ ਬਿਠਾ ਲਿਆ। ਦੁਹਾਂ ਪਵਿੱਤ੍ਰ ਸੀਨਿਆਂ ਵਿਚ ਅਨੰਤ ਬੈਠਾ ਹੈ। ਦੁਇ ਸੁਰਤਾਂ ਅਨੰਤ ਵਿਚ ਤਦਰੂਪ ਹਨ-

ਐਸੀਆਂ ਸੁਰਤਾਂ ਵਾਲੇ ਦੁਇ ਸਰੀਰ ਇਕ ਹੋਏ ਬੈਠੇ ਹਨ। ਮਾਨੋ ਪਾਰਬ੍ਰਹਮ ਪਰਮੇਸ਼ੁਰ ਦੀ 'ਪ੍ਰਿਯ ਸਰੂਪਤਾ ਨ ਦੋ ਰੂਪ ਧਾਰਕੇ ਫਿਰ ਮਿਲਕੇ ਇਕ ਅਨੋਖੀ ਇਕਰੂਪਤਾ ਧਾਰਨ ਕਰ ਰਖੀ ਹੈ। ਬ੍ਰਹਮ ਦਾ ਸਰੂਪ ਹੈ ਅਸਤਿ ਭਾਂਤਿ ਪ੍ਰੇਯ। ਪ੍ਰੇਯ ਦਾ ਅਰਥ ਹੈ ਪ੍ਰੇਮ। ਇਨ੍ਹਾਂ ਤਿੰਨਾਂ ਲੱਛਣਾ ਦੇ ਨਾਲ ਦਾਤਾ ਗੁਰੂ ਨਾਨਕ ਸਿਫਤ ਸਲਾਹ ਦਾ ਮਾਰਗ ਟੋਰਣ ਵਾਲੇ ਨੇ ਚੌਥੀ ਲੱਖਣਾ ਰਲਾਈ ਹੈ 'ਸੁਹਾਣ' ਅਰਥਾਤ ਸੁੰਦਰਤਾ ਸੋ 'ਪ੍ਰਿਯ ਸਰੂਪਤਾ' ਦੀ ਏਕਤਾ ਆਪਣੇ ਆਪ ਨੂੰ ਅਚਰਜ ਸੁੰਦਰਤਾ ਵਿਚ ਲਖਾ ਰਹੀ ਹੈ। ਦੋਹਾਂ ਜਜੋਤੀ ਸਰੂਪਾਂ ਦੀ ਅੰਤ੍ਰੀਵ ਗਤੀ ਅਸਤਿ, ਭਾਂਤਿ, ਪ੍ਰੇਯ ਵਿਚ ਲੀਨ ਹੈ; ਪਰ ਸਰੀਰ ਧਾਰੀ ਹੋਣ ਕਰਕੇ ਸਰੀਰ ਦੀ ਏਕਤਾ ਵਿਚ ਉਹ ਅੰਤ੍ਰੀਵ ਏਕਤਾ ਆਪਣੇ ਆਪ ਨੂੰ ਸੁੰਦਰਤਾ ਦੇ ਰੂਪ ਵਿਚ ਦਰਸਾ ਰਹੀ ਹੈ, ਸਤਿ, ਸੁਹਾਣ (ਮਨਿ=) ਚਿੰਦ...(ਚਾਉ=) ਅਨੰਦ ਰੂਪ ਇਸ ਵੇਲੇ ਪ੍ਰਤੱਖ ਨੈਣਾਂ ਨੂੰ ਪ੍ਰਤਖ ਹੋ ਕੇ ਦੇਸ਼ ਕਾਲ ਵਿਚ ਦੀਦਾਰ ਦੇ ਰਿਹਾ ਹੈ। ਦੀਦਾਰੇ ਕਰਨਹਾਰ ਦੇਖ ਦੇਖ ਕੇ ਨਿਹਾਲ ਹੋ ਰਹੇ ਹਨ। 'ਸੁਹਾਣ ਦਰਸ਼ਨ' ਅਕਹਿ, ਅਦਭੁਤਤਾ ਵਾਲਾ ਹੈ, ਜੋ ਦੇਖਣਹਾਰਾਂ ਦੀਆਂ ਸੁਰਤਾਂ ਨੂੰ ਅਨੰਤ ਦੀ ਛੁਹ ਲਾਕੇ ਅਨੰਦ ਵਿਚ ਰਸਮਯ ਕਰਕੇ ਰਸ ਵਿਚ ਲੀਨਤਾ ਦੇ ਰਿਹਾ ਹੈ। ਇਹ ਦਰਸ਼ਨ, ਇਹ ਧੰਨ ਮੂਰਤੀ ਦਰਸ਼ਨ ਧਿਆਨ ਪ੍ਰੇਮੀਆਂ ਦੇ ਨੈਣਾਂ ਵਿਚ ਆ ਵਸੇ, ਹਿਰਦੇ ਵਿਚ ਉਤਰ ਜਾਏ ਤੇ ਲੈ ਜਾਏ ਅਗੰਮ ਅਨੰਤ ਦੇ ਦੇਸ਼-

> ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਕੈ ਭਿੰਨ ਕਰਿ
> ਬਲਿਰਾਮ ਜੀਉ॥ ਬਿਸਮੁ ਪੇਖੈ ਬਿਸਮੁ ਸੁਣੀਐ
> ਬਿਸਮਾਦੁ ਨਦਰੀ ਆਇਆ॥ (ਸੂਹੀ ਮ: ੫)

ਸੂਚਨਾ—ਆਨੰਦ ਪੁਰ ਵਿਚ ਸੰਗਤਾਂ ਦੇ ਪਿਆਰ, ਆਪ ਦਾ ਉਤਸ਼ਾਹ, ਮਿਹਰਾਂ, ਨੌਵੇਂ ਸਤਿਗੁਰਾਂ ਦਾ ਦਿੱਲੀ ਵਿਚ ਸੀਸ ਦੇਣ ਦਾ ਭਾਰੀ ਸਾਕਾ ਬੜੇ ਵੱਡੇ ਪ੍ਰਸੰਗ ਹਨ। ਪਿੱਛੋਂ ਆਪ ਗੁਰਗੱਦੀ ਤੇ ਬਿਰਾਜੇ। ਗੁਰੂ ਪ੍ਰਗਟ ਹੋਏ। ਪਿਛਲੀ ਨਵਾਂ ਗੁਰਾਂ ਵਾਲੀ ਨਿਤ ਕ੍ਰਿਆ ਜਾਰੀ ਕਰ ਦਿੱਤੀ। ਸ਼ਸਤ੍ਰ ਵਿਦਯਾ ਤੇ ਹੋਰ ਸਾਮਾਨ ਛੇਵੇਂ ਸਤਿਗੁਰਾਂ ਵਾਂਗੂ ਆਰੰਭ ਦਿੱਤੇ ਤੇ ਇਕ ਅਲੌਕਿਕ ਠਾਠ ਬੰਨ੍ਹ ਦਿੱਤਾ। ਤਦੋਂ ਦੇ ਹਾਲਾਤ ਬੜੇ ਵਿਸਥਾਰ ਵਾਲੇ ਹਨ; ਪਰ ਇਸ ਸਮੇਂ ਦੇ ਕੌਤਕ ਦੇ ਨਕਸ਼ੇ ਦਾ ਕੁਛ ਗਿਆਨ ਅਗਲੇ ਦੋ ਪ੍ਰਸੰਗਾਂ 'ਕਿਸ਼ੋਰ ਕੌਤਕ' ਤੇ 'ਰਾਜਾ ਰਤਨਰਾਇ' ਤੋਂ ਪ੍ਰਕਾਸ਼ਦਾ ਹੈ।

# ੬. ਕਿਸ਼ੋਰ-ਕੌਤਕ[1]।

੧.

**ਸਿਆਲੇ** ਦੀ ਠੰਢੀ ਤੇ ਕੱਕਰੀ ਨਾਲੇ ਦਿਲ ਨੂੰ ਬੀ ਸਰਦ ਕਰਨ ਵਾਲੀ ਤੇ ਉਦਾਸੀਆਂ ਭਰੀ ਠੰਢ ਲੰਘ ਚੁਕੀ ਹੈ। ਬਸੰਤ ਖਿੜ ਰਿਹਾ ਹੈ। ਹਵਾਵਾਂ ਹੁਣ ਹੱਡ ਨਹੀਂ ਕੁੜਕਾਂਦੀਆਂ, ਮਿੱਠੀਆਂ ਲਗਦੀਆਂ ਹਨ। ਧੁੱਪਾਂ ਅਜੇ ਅੱਕਲਕਾਂਦ ਨਹੀਂ ਕਰਦੀਆਂ ਸੁਹਾਵੀਆਂ ਲੱਗਦੀਆਂ ਹਨ। ਅੰਮ੍ਰਿਤ ਵੇਲਾ ਹੈ, ਪਹੁ ਫੁਟਾਲਾ ਹੋਣ ਵਾਲਾ ਹੈ, ਸਤਲੁਜ ਨਦੀ ਦਾ ਕਿਨਾਰਾ ਹੈ ਪੂਰਬ ਦੇ ਪਾਸੇ ਦਾ। ਕੋਈ ਸੁਹਾਵਣੀ ਮੂਰਤ ਪੂਰੇ ਵੱਲ ਮੂੰਹ ਤੇ ਨਦੀ ਵਲ ਪਿੱਠ ਕੀਤੀ ਇਸ ਕਿਨਾਰੇ ਨੈਣ ਮੁੰਦੇ ਬਿਰਾਜ ਰਹੀ ਹੈ। ਥੋੜੀ ਵਿੱਥ ਤੇ ਕੁਝ ਹੋਰ ਸਜਣ ਬੈਠੇ ਹਨ, ਪਹਿਲੇ ਤਾਂ ਇਨ੍ਹਾਂ ਦੇ ਨੈਣ ਵੀ ਬੰਦ ਸਨ, ਪਰ ਫੇਰ ਜਦ ਸੂਰਜ ਨੇ ਅੱਖ ਝਮਕੀ ਤੇ ਧਰਤੀ ਤੇ ਨਜ਼ਰ ਪਾਈ ਤਾਂ ਇਨ੍ਹਾਂ ਦੇ ਨੈਣ ਬੀ ਖੁੱਲ੍ਹੇ, ਚੁਫੇਰੇ ਤੱਕਿਓ ਨੇ, ਸੀਸ ਨਿਵਾਇਓ ਨੇ ਫੇਰ ਮਲਕੜੇ ਜੇਹੇ ਨੇੜੇ ਵਾਰ ਆ ਬੈਠੇ। ਕੁਛ ਚਿਰ ਮਗਰੋਂ ਪਹਿਲੀ ਸੁਹਣੀ ਸੂਰਤ ਨੇ ਨੈਣ ਖੁਹਲੇ, ਨੇੜੇ ਬੈਠੇ ਸੱਜਣਾ ਵੱਲ ਤੱਕੇ; ਮੁਸਕ੍ਰਾਏ ਪਰਸਪਰ ਸੀਸ ਝੁਕੇ, ਤਦ ਵਾਰਤਾ— ਲਾਪ ਐਉਂ ਛਿੜੀ—

ਸਾਹਿਬ ਚੰਦ (ਸੁਹਣੀ ਸੂਰਤ ਵੱਲ ਤੱਕਕੇ)— ਭਾਈ ਹਰਦਿੱਤਾ ਜੀ ! ਵਾਹਿਗੁਰੂ ਦੇ ਭਾਣੇ ਆਪ ਦੇ ਪਿਆਰੇ ਵੀਰ ਭਾਈ ਗੁਰਦਿੱਤਾ ਜੀ ਬੀ ਭਾਣਾ ਵਰਤਾ ਗਏ, ਗੁਰੂ ਘਰ ਦੇ ਕੇਡੇ ਪ੍ਰੇਮੀ ਸਨ ? ਜੈਸੀ ਉਨ੍ਹਾਂ ਦੀ ਨਿਭੀ ਸਾਂਈਂ ਹਰ ਸਿੱਖ ਦੀ ਨਿਭਾਵੇ!

ਨੰਦ ਚੰਦ--ਭਾਈ ਹਰਦਿੱਤਾ ਜੀ ! ਕੀ ਕਹੀਏ ? ਗੁਰੂ ਘਰ ਹੀ ਇਸ ਵੇਲੇ ਪ੍ਰਜਾ ਦੀ ਓਟ ਹੈ, ਹੋਰ ਤਾਂ ਚਾਰ ਕੂੰਟ ਅੰਧੇਰਾ ਹੈ ਤੇ ਅੰਧੇਰਗਰਦੀ ਮਚ ਰਹੀ ਹੈ ਜੈਸੇ ਅਪੂਰਬ ਸਾਡੇ ਸਤਿਗੁਰੂ ਹਨ ਵੈਸੇ ਅਨੋਖੇ ਕਰਨੀਆਂ ਵਾਲੇ ਸਿੱਖ: ਗੁਰੂ ਤੇਗ ਬਹਾਦਰ ਜੀ ਵਰਗੀ ਕਰਨੀ ਕਿਸ ਨੇ ਕਰਨੀ ਹੈ, ਫੇਰ ਜੇਹੇ ਓਹ ਆਪ ਕਰਨੀ ਦੇ ਸੂਰਜ ਤੇਹੇ ਉਨ੍ਹਾਂ ਦੇ ਰੋਸ਼ਨ ਕੀਤੇ ਚੰਦ ਸਰੀਖੇ ਸਿਖ; ਧੰਨ ਭਾਈ ਗੁਰਦਿੱਤਾ ਤੇ ਧੰਨ ਭਾਈ ਮਤੀ ਦਾਸ, ਜਿਨ੍ਹਾਂ ਨੇ ਬੀਰਤਾ ਨਾਲ ਆਰੇ ਦਾ ਕਸ਼ਟ ਝੱਲਿਆ ਤੇ ਦਿਆਲਾ ਜੀ ਨੇ ਸਰੀਰ ਦੇ ਅਸਹਿ ਕਸ਼ਟ ਉਬਲਦੀ ਦੇਗ ਵਿਚ ਸਹਾਰੇ, ਜਾਨਾ ਤੇ ਖੇਡ ਗਏ, ਪਰ ਧਰਮ ਨਾ ਹਾਰਿਆ। ਆਪ ਦੇ ਵਡੇ ਭਾਈ ਗੁਰਦਿੱਤਾ ਜੀ ਨਾਮ ਦੇ ਰਸੀਏ, ਸਤਿਗੁਰਾਂ ਦੇ ਪ੍ਰੇਮੀ ਉਸ ਜ਼ਾਲਮ ਦੀ ਕੈਦ ਤੋਂ ਉਸੇ ਦਿਨ ਛੁਟਕਾਰਾ ਬੀ ਪਾ ਗਏ, ਪਰ ਵਾਹਵਾ ਪ੍ਰੇਮ ! ਕੀਕੂੰ ਆਪਣਾ ਸਰੀਰ ਪਿਆਰੇ ਬਿਨ ਰੱਖਣਾ ਦਿਲ ਦੀ ਮਰਮੀ ਪ੍ਰੀਤ ਨੇ ਨਾ ਝੱਲਿਆ। ਸੁਣਿਆਂ ਹੈ ਜੋ ਉਧਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਾਕਾ ਵਰਤਿਆ, ਇਧਰ ਆਪ ਨੇ ਆਕੇ ਚੋਲਾ ਛੱਡ ਦਿੱਤਾ ਹੈ, ਕਿਵੇਂ ਹੋਈ ਸੀ ਵਾਰਤਾ ?

ਭਾਈ ਹਰਦਿੱਤਾ—ਜਿਸ ਸਿਖ ਨੇ ਉਹਨਾਂ ਦਾ ਸੰਸਕਾਰ ਕੀਤਾ ਹੈ ਉਨ੍ਹਾਂ ਦਾ ਅੰਤਮ ਸੰਦੇਸ ਸਾਡੇ ਪਾਸ ਰਮਦਾਸਪੁਰੇ ਪੁਚਾਇਆ ਹੈ, ਇਉਂ ਦੱਸਿਆ ਹੈ ਕਿ ਸਤਿਗੁਰੂ ਤੇਗ ਬਹਾਦਰ ਜੀ ਨੇ ਗੁਰਦਿੱਤਾ ਜੀ ਨੂੰ ਕਹਿ ਦਿੱਤਾ ਸੀ ਕਿ ਤੈਨੂੰ ਕੈਦ ਤੋਂ ਛੁਟਕਾਰਾ ਮਿਲ ਜਾਏਗਾ; ਆਪਣੇ ਨਾਮ ਰੰਗ ਵਿਚ ਸਾਵਧਾਨ ਰਹਿਣਾ। ਪਰ ਉਨ੍ਹਾਂ ਨੇ ਬਿੰਨੈ ਕਰ ਦਿੱਤੀ ਸੀ ਕਿ ਪਾਤਸ਼ਾਹ ! ਆਪਦੇ ਨਾਮ ਰੰਗ ਦਾ ਰੰਗਿਆ ਇਹ ਮਨ ਭਾਣਾ ਵਰਤਾਉਣ ਮਗਰੋਂ ਬਿਰਹੋਂ ਪੀੜਾ ਨਹੀਂ ਝੱਲ ਸਕੇਗਾ। ਹਜ਼ੂਰ ਦੇ ਚਰਨਾਂ ਵਿਚ ਹੀ ਅੱਪੜੇਗਾ। ਸੋਈਓ ਗੱਲ ਹੋਈ, ਜਿਸ ਵੇਲੇ (ਮੱਘਰ ਸੁਦੀ ਪੰਚਮੀ ਸੰਮਤ ੧੭੩੨ ਬਿ) ਦੁਪਹਿਰ ਮਗਰੋਂ ਦਿੱਲੀ ਵਿਚ ਸ੍ਰੀ ਗੁਰੂ ਜੀ ਦਾ ਸੀਸ ਤਨ ਤੋਂ ਜੁਦਾ ਹੋ ਗਿਆ ਤਾਂ ਤੁਰਕ ਬੰਦੀਖਾਨੇ ਵਾਲਿਆਂ ਭਾਈ ਗੁਰਦਿੱਤੇ ਨੂੰ ਰਿਹਾ ਕਰ ਦਿੱਤਾ। ਭਾਈ ਸਾਹਿਬ ਉਥੋਂ ਟੁਰਕੇ ਮਜਨੂੰ ਦੇ ਟਿੱਲੇ, ਗੁਰੂ ਨਾਨਕ ਦੇ ਦੁਆਰੇ, ਆਏ ਤਾਂ ਅਰਦਾਸਾ ਸੋਧ ਕੇ ਜਮਨਾ ਪਾਰ ਹੋ ਗਏ। ਜਿੱਥੇ ਕਿ ਭਾਈ ਬੁੱਢਾ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜਿਆਂ ਨੂੰ ਚਾਰਿਆ ਕਰਦੇ ਸਨ, ਓਥੇ ਜਾ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ, ਅਰਦਾਸਾ ਸੋਧਿਆ

1. ਇਹ ਲੇਖ ਸੰ: ਗੁ: ਸਾ: ੪੫੮ (੧੯੨੭ ਈ.) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸੂਰਤ ਵਿਚ ਸੰਗਤਾ ਵਿਚ ਪ੍ਰਕਾਸ਼ਿਆ ਸੀ।

ਤੇ ਸਤਿਗੁਰੂ ਜੀ ਦੀ ਲਿਵ ਵਿਚ ਲੇਟ ਗਏ। ਉਹਨਾਂ ਦੀ ਪਰਮ ਪ੍ਰੇਮੀ ਤੇ ਅਭਿਆਸੀ ਆਤਮਾ ਨੇ ਦਸਮ ਦੁਆਰੇ ਦੇ ਰਸਤਿਓਂ ਸਰੀਰ ਤੋਂ ਉਡਾਰੀ ਮਾਰੀ। ਨੇੜੇ ਦੇ ਇਕ ਸਿਖ ਨੇ, ਜੋ ਉਸ ਵੇਲੇ ਪਾਸ ਸੀ, ਸਸਕਾਰ ਕੀਤਾ ਤੇ ਟਿੱਕੇ ਦਾ ਸਮਾਨ ਤੇ ਸੰਦੇਸਾ ਸਾਨੂੰ ਪੁਚਾਇਆ।

ਸਾਹਿਬ ਚੰਦ—ਧੰਨ ਸਿੱਖੀ! ਧੰਨ ਪ੍ਰੇਮ!! ਧੰਨ।
ਨੰਦ ਚੰਦ—ਜਿਸੁ ਪਿਆਰੇ ਸਿਉ ਨੇਹੁ ਤਿਸੁ
ਆਗੈ ਮਰਿ ਚਲੀਐ॥ ਧ੍ਰਿਗੁ ਜੀਵਣ ਸੰਸਾਰਿ
ਤਾਕੈ ਪਾਛੈ ਜੀਵਣਾ॥੨॥

(ਵਾਰ ਸਿਰੀ: ਮਹਲਾ ੨)

ਸਾਹਿਬ ਚੰਦ—ਸਤਿਗੁਰੂ ਤੇਗ ਬਹਾਦਰ ਜੀ ਦਾ ਸੀਸ ਤਾਂ ਇਕ ਗੁਰੂ ਦਾ ਪਿਆਰਾ ਆਨੰਦਪੁਰ ਲੈ ਆਇਆ, ਪਰ ਸਰੀਰ ਦੀ ਸਾਖੀ ਹੋਰ ਅਦਭੁਤ ਹੈ।

ਹਰਦਿੱਤਾ—ਜੀ ! ਇੰਵ ਸੁਣਿਆਂ ਹੈ ਕਿ ਜਿਸ ਵੇਲੇ ਸੱਯਦ-ਆਦਮ ਜ਼ੱਲਾਦ ਨੇ ਤਲਵਾਰ ਚਲਾਈ ਹੈ, ਸੀਸ ਧੜ ਤੋਂ ਜੁਦਾ ਹੋ ਕੇ ਧਰਤੀ ਤੇ ਨਹੀਂ ਢੱਠਾ, ਉਸ ਵੇਲੇ ਜੋ ਭੀੜ ਸ਼ਹਿਰ ਦੇ ਲੋਕਾਂ ਦੀ ਤੇ ਦੁਖੀ ਦਿਲਾਂ ਦੀ ਝੁਕ ਰਹੀ ਸੀ ਉਹਨਾਂ ਵਿਚ ਦੋ ਗੁਰੂ ਕੇ ਪਿਆਰੇ ਜੈਤਾ ਤੇ ਊਦਾ ਮੁਸਲਮਾਨੀ ਵੇਸ ਕਰਕੇ ਏਸ ਨੀਯਤ ਨਾਲ ਗਏ ਹੋਏ ਸਨ ਕਿ ਸਤਿਗੁਰੂ ਜੀ ਦਾ ਸੀਸ ਜਿਵੇਂ ਬਣ ਪਵੇ ਲੈ ਕੇ ਉਡ ਪਈਏ।

ਸਾਹਿਬ:—ਹਾਂ ਜੀ, ਓਹ ਜੋ ਸਤਿਗੁਰੂ ਦੇ ਗ਼ਰੀਬ ਨਿਵਾਜ ਬਿਰਦ ਨੇ ਨੀਚ ਜਾਤਿ ਤੋਂ ਊਚ ਕਰਕੇ ਸਿੱਖੀ ਨਾਲ ਸੁਹਾਵੇ ਕੀਤੇ ਹੋਏ ਸਨ ? ਓਹੀ ?

ਹਰਦਿੱਤਾ ਜੀ—ਜੀ ਹਾਂ, ਸੋ ਭਾਣਾ ਐਸਾ ਵਰਤਿਆ ਕਿ ਸੀਸ ਤੇ ਤਲਵਾਰ ਚੱਲਣ ਵੇਲੇ ਸਖਤ ਹਨੇਰੀ ਝੁੱਲੀ, ਅੰਧਕਾਰ ਛਾ ਗਿਆ, ਐਸਾ ਕਿ ਦਿਨ ਵੇਲੇ ਤਾਰੇ ਦਿੱਸੇ, ਭੁਚਾਲ ਆਇਆ ਤੇ ਸਾਰੇ ਸ਼ਹਿਰ ਤੇ ਸਹਿਮ ਤੇ ਭੈ ਛਾ ਗਿਆ[1]। ਉਸ ਵੇਲੇ ਦੀ ਹਫ਼ਲਾ ਤਫ਼ਲੀ ਤੇ ਆਪੋ ਧਾਪੀ ਵਿਚ ਭਾਈ ਜੈਤਾ ਸ੍ਰੀ ਗੁਰੂ ਜੀ ਦੇ ਸੀਸ ਨੂੰ ਸੰਭਾਲ, ਵਲ੍ਹੇਟ ਇਕ ਪੰਡ ਜੇਹੀ ਬਣਾ, ਸੀਸ ਤੇ ਚਾ ਦਿੱਲੀ ਤੋਂ ਨਿਕਲ ਗਿਆ। ਕਾਤਲ ਤੇ ਲੋਕੀਂ ਤਾਂ ਹਫ਼ਲਾ ਤਫ਼ਲੀ ਵਿਚ ਸਨ, ਹੋਣਹਾਰ ਚਾਂਦਨੀ ਚੌਂਕ ਕੁਤਵਾਲੀ ਵਿਚ ਵਰਤੀ ਸੀ। ਭਾਈ ਊਦਾ ਮੁਸਲਮਾਨ ਭੇਸ ਵਿਚ ਨੇੜੇ ਤੇੜੇ ਤਾਕ ਵਿਚ ਫਿਰਦਾ ਰਿਹਾ ਕਿ ਜੇ ਕੋਈ ਵਿਧਿ ਬਣੇ ਤਾਂ ਧੜ ਵੀ ਲੈ ਚੱਲਾਂ। ਲੌਢੇ ਕੁ ਪਹਿਰ ਸ਼ਹਿਰ ਵਿਚ ਜਾਂ ਫੇਰ ਧੁੱਪ ਨਿਕਲੀ ਤਾਂ ਢੰਡੋਰਾ ਫਿਰਿਆ ਕਿ ਗੁਰੂ ਜੀ ਦਾ ਸਰੀਰ ਜੋ ਕੋਈ ਸਿੱਖ ਚਾਹੇ ਆ ਕੇ ਲੈ ਜਾਵੇ। ਅਸਲ ਵਿਚ ਇਹ ਚਾਲ ਸੀ ਕਿ ਜੋ ਕੋਈ ਆਵੇ ਉਸ ਨੂੰ ਫੜ ਕੇ ਸੂਹ ਕੱਢਾਂਗੇ ਕਿ ਐਡਾ ਦਲੇਰ ਕੌਣ ਸੀ ਜੋ ਅਹਿਦੀਆਂ ਦੇ ਪਾਸ ਹੁੰਦਿਆਂ ਸੀਸ ਲੈ ਕੇ ਨਿਕਲ ਗਿਆ ਹੈ। ਪਰ ਸ਼ਹਿਰ ਦੇ ਹਿੰਦੂਆਂ ਤਾਂ ਕੀ, ਸਿਖਾਂ ਵਿਚੋਂ ਬੀ ਕੋਈ ਨਾ ਆਇਆ। ਸ਼ਾਮਾਂ ਵੇਲੇ ਇਕ ਲੁਬਾਣਾ ਸਿਖ ਜਿਸਨੂੰ ਵਣਜਾਰਾ ਬੀ ਆਖਦੇ ਹਨ, ਕਿਲ੍ਹੇ ਵਿਚ ਕਲੀ ਸਿੱਟ ਕੇ ਖਾਲੀ ਗੱਡੇ ਲੈ ਕੇ ਨਿਕਲਿਆ ਤਾਂ ਭਾਈ ਊਦੇ ਨੇ ਜਾ ਉਸ ਨੂੰ ਕਿਹਾ ਕਿ ਜੀਵਨ ਸਫਲ ਕਰਨ ਦਾ ਅਵਸਰ ਹੈ, ਕ੍ਰਿਤਾਰਥ ਹੋ ਲੈ। ਸੋ ਸਲਾਹ ਗੁੰਦਕੇ ਲੱਖੀ ਵਣਜਾਰੇ ਨੇ ਗਡੇ ਚਾਂਦਨੀ ਚੌਂਕ ਵੱਲ ਪਾ ਦਿੱਤੇ, ਖਾੜ ਪਾੜ ਤੇ ਕਲੀ ਦੇ ਉੱਡਣ ਨੇ ਪਹਿਰੇਦਾਰਾਂ ਨੂੰ ਨੱਕ ਮੂੰਹ ਅਗੇ ਕਪੜਾ ਦੇ ਰਤਾ ਪਰੇ ਕੀਤਾ। ਗੱਡੇ ਧਸ ਧਸ ਕੇ ਉਸੇ ਪਾਸੇ ਉਲਰ ਜਾਂਦੇ ਸੇ। ਲਿਖਿਆ ਹੈ ਕਿ ਕਈ ਸੌ ਗੱਡਾ ਜਾ ਰਿਹਾ ਸੀ। ਜਿਸ ਵੇਲੇ ਦਾਉ ਲਗ ਗਿਆ, ਦੋਹਾਂ ਨੇ ਹੀਲਾ ਤੇ ਹਿੰਮਤ ਕਰਕੇ ਧੜ ਗੱਡੇ ਤੇ ਰੱਖ ਲਿਆ, ਇਸ ਨੂੰ ਕੱਜ ਲੀਤਾ ਫੇਰ ਹਿਕਮਤ ਕਰਕੇ ਇਸ ਨੂੰ ਅੱਗੇ ਕੱਢ ਲਿਆ। ਏਥੋਂ ਤ੍ਰੈ ਕੁ ਮੀਲ ਤੇ ਰਕਾਬ ਗੰਜ ਕੋਲ ਵਣਜਾਰਿਆਂ ਦਾ ਛਪਰੀਆਂ ਦਾ ਗਿਰਾਂ ਸੀ, ਇਥੇ ਪੁਜਦੇ ਸਾਰ ਇਕ ਛੱਪਰੀ ਵਿਚ ਲੱਕੜਾਂ ਕਾਠ ਸਿੱਟ, ਸਰੀਰ ਉਤੇ ਧਰ, ਅਰਦਾਸਾ ਸੋਧ, ਅੱਗ ਲਗਾ ਦਿੱਤੀ। ਅੱਗ ਫੈਲ ਗਈ ਅਰ ਸਾਰੇ ਪਿੰਡ ਵਿਚ ਫਿਰ ਨਿਕਲੀ।

ਧੜ ਦੇ ਗੁੰਮ ਹੋ ਜਾਣ ਮਗਰੋਂ ਹਫ਼ਲਾ ਤਫ਼ਲੀ ਫਿਰ ਪੈ ਗਈ, ਦੂਰ ਦੂਰ ਤੱਕ ਸਿਪਾਹੀ ਤਲਾਸ਼ੀ ਵਿਚ ਨਿਕਲੇ, ਜਿਨ੍ਹਾਂ ਉਤੇ ਸਿੱਖ ਹੋਣ ਦਾ ਸ਼ੁਬਾ ਸੀ, ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਹੋਣੀ ਆਰੰਭ ਹੋਈ। ਇਕ ਦਿਲਚਲਾ ਕੁਤਵਾਲ ਸਵਾਰ ਹੋ ਕੇ ਰਕਾਬਗੰਜ ਲੱਖੀ ਦੇ ਮਗਰੇ ਪੁੱਜਾ। ਅਗੇ ਕੀ ਦੇਖੇ ਕਿ ਗੱਡੇ ਤਾਂ ਅਜੇ ਓਹਨਾਂ ਸਾਰੇ ਖੋਹਲੇ ਬੀ ਨਹੀਂ; ਪਿੰਡ ਨੂੰ ਅੱਗ ਲੱਗ ਰਹੀ ਹੈ ਤੇ ਸਾਰੇ ਅੱਗ ਖੁਝਾ ਰਹੇ ਹਨ। ਤਦ ਉਸਦਾ ਸ਼ੁਬ੍ਹਾ ਬੀ ਦੂਰ ਹੋ ਗਿਆ,

1. ਮੁਸਲਮਾਨਾਂ ਨੇ ਸਤਿਗੁਰੂ ਜੀ ਦੇ ਹਾਲ ਇਸ ਤਰ੍ਹਾਂ ਤਅੱਸਬ ਨਾਲ ਲਿਖੇ ਹਨ ਕਿ ਮੈਕਾਲਫ ਵਰਗੇ ਬਦੇਸੀ ਨੇ ਬੀ ਉਹਨਾਂ ਦੇ ਸੱਚਾ ਹੋਣੋਂ ਨਾਂਹ ਕੀਤੀ ਹੈ, ਪਰੰਤੂ ਮਹੀਤ ਆਜ਼ਮ ਤੇ ਸੈਰੁਲ-ਮੁਤਾਖਰੀਨ ਨੇ ਇਹ ਗੱਲ ਮੰਨੀ ਸੀ ਕਿ ਹਿੰਦੂ ਰਖਜਾ ਬਦਲੇ ਔਰੰਗਜ਼ੇਬ ਨੇ ਗੁਰੂ ਨਵਮ ਜੀ ਨੂੰ ਕਤਲ ਕਰਾਇਆ, ਤੇ ਜਿਸ ਵੇਲੇ ਓਹ ਕਤਲ ਹੋਏ ਐਧੇਰਾ ਛਾਇਆ, ਤਾਰੇ ਦਿੱਸੇ, ਐਧੇਰੀ ਵਗੀ ਆਦਿ। (ਖਾਲਸਾ ਤਵਾਰੀਖ)

ਪਰ ਫਿਰ ਵੀ ਗੱਡਿਆਂ ਵਿਚ ਸਰਸਰੀ ਨਜ਼ਰ ਮਾਰਕੇ ਪੂਰੀ ਤਸੱਲੀ ਕਰਕੇ ਮੁੜ ਗਿਆ ਕਿ ਇਨ੍ਹਾਂ ਨੇ ਨਹੀਂ ਆਂਦਾ। ਜਦ ਅਹਦੀਏ ਟੁਰ ਗਏ ਤਦ ਲੁਬਾਣੇ, ਜੋ ਦਿਖਾਵੇ ਮਾਤ੍ਰ ਦਾ ਯਤਨ ਅੱਗ ਬੁਝਾਉਣ ਦਾ ਕਰ ਰਹੇ ਸੀ, ਓਹ ਛੱਡ ਕੇ ਧੜ ਵਾਲੇ ਥਾਂ ਹੋਰ ਬਾਲਣ ਪਾਉਣ ਲਗ ਗਏ। ਐਉਂ "ਧੰਨ ਸਿੱਖੀ ! ਧੰਨ ਗੁਰ ਸਿੱਖੀ" ਨੇ ਆਪਣੇ ਅਰਸ਼ੀ ਦਾਤੇ—ਉਨ੍ਹਾਂ ਲਈ ਸਰੀਰ ਵਾਰ ਗਏ ਪਿਆਰੇ ਦਾ ਸਰੀਰ ਦ੍ਵੈਖੀਆਂ ਦੇ ਹੱਥੋਂ ਬਚਾਕੇ ਸਸਕਾਰ ਕੀਤਾ।

ਸਾਹਿਬ ਚੰਦ—ਸਿਦਕ ਏਸੇ ਦਾ ਨਾਉਂ ਹੈ, ਦਿਲ ਦਾ ਪਿਆਰ ਇਹੋ ਸ਼ੈ ਹੈ, ਔਰੰਗਜ਼ੇਬ ਮੂਰਖ ਹੈ ਜੋ ਦਿਲ ਵਾਲਿਆਂ ਨੂੰ ਬੀ ਛੇੜ ਦਿੱਤਾ ਸੂ। ਮੁਰਦਾ ਮਨ ਲੋਕ ਤਾਂ ਮਰ ਜਾਂਦੇ ਹਨ, ਪਰ ਲੱਗੀਆਂ ਵਾਲੇ ਦਿਲ ਸਰੀਰ ਤੋਂ ਪਹਿਲੇ ਹੀ ਉਪ੍ਰਾਮ ਹੁੰਦੇ ਹਨ। ਉਨ੍ਹਾਂ ਦੇ ਦਿਲ ਨੂੰ ਕਿਹੜੀ ਤਾਕਤ ਭੰਨ ਸਕਦੀ ਹੈ ? ਪ੍ਰੇਮ ਸੂਰ ਦੀਆਂ ਰੌਸ਼ਨ ਕਿਰਨਾਂ ਜਦ ਦਿਲਾਂ ਵਿਚ ਦਮਕ ਉਠਦੀਆਂ ਹਨ ਤਾਂ ਉਹ ਹੀਰਾ ਕਣੀਆਂ ਹੋ ਅਮਰ ਚਾਨਣ ਰੇਖਾ ਬਣ ਜਾਂਦੀਆਂ ਹਨ, ਕੌਣ ਉਨ੍ਹਾਂ ਨੂੰ ਮੇਟ ਸਕਦਾ ਹੈ ? ਜੀਉਂਦਿਆਂ ਨੂੰ ਮਾਰਨ ਦਾ ਜਤਨ ਆਪਣੀ ਮੌਤ ਨੂੰ ਸੰਦੇਸੇ ਘੱਲਣੇ ਹਨ। ਪਰ ਰਾਜ ਮਦ ਬੁਰੀ ਬਲਾ ਹੈ, ਕੌਣ ਹੈ ਜੋ ਪ੍ਰਭੁਤਾ ਪਾਕੇ ਹੋਸ਼ ਨੂੰ ਟਿਕਾਣੇ ਰੱਖਦਾ ਹੈ ਤੇ ਵਿਚਾਰ ਨੂੰ ਉਡਣੋਂ ਰੋਕ ਬਹਾਉਂਦਾ ਹੈ ? ਕੋਈ ਵਿਰਲਾ ਵਡਭਾਗੀ। ਵੀਰਾ ! ਭਾਵੇਂ ਦਿੱਲੀ ਵਿਚ ਸਿੱਖ ਥੋੜੇ ਹਨ ਅਤੇ ਜੋ ਹਨ, ਓਹ ਦਬਕ ਗਏ ਤੇ ਕੁਸਕੇ ਨਹੀਂ, ਪਰ ਦੇਖ ਲੈ ਏਹ ਲੱਖੀ ਤੇ ਜੈਤਾ ਤੇ ਊਦਾ ਏਹ ਤ੍ਰੈ ਸਿੱਖ ਕਿਸ ਚੋਟੀ ਦੇ ਮਰਦ ਨਿਕਲੇ ਹਨ ? ਬੱਸ ਇਕ ਹੋਵੇ ਮਰਦ ਤਾਂ ਕਹੀਦਾ ਹੈ: ਮਰਦ ਦੀ ਬੱਧੀ ਖੜੀ ਹੈ, ਏਥੇ ਤਾਂ ਤ੍ਰੈ ਨਿਕਲੇ!

ਨੰਦ ਚੰਦ—ਸੱਚ ਹੈ ਪਰ ਸੁਆਦ ਆ ਜਾਂਦਾ ਜੇ ਦਿੱਲੀ ਵਿਚੋਂ ਨਿਤਰਦੇ ਸੁਹਣੇ ਹੋਰ ਤੇ ਇਕ ਉਸ ਪਿਆਰੀ ਜੋਤਿ ਉਤੇ ਆ ਕੇ ਸ਼ਹੀਦ ਹੁੰਦੇ ਸੈਂਕੜੇ ਪਰਵਾਨੇ; ਹਾਂ, ਸੁਆਦ ਆ ਜਾਂਦਾ, ਜਾਨ ਭਰ ਜਾਂਦੀ ਮਰ ਮਿਟੀ ਪਰਜਾ ਵਿਚ।

ਸਾਹਿਬ ਚੰਦ—ਜੇਰਾ ਕਰੋ ! ਜਾਨ ਭਰ ਦਿੱਤੀ ਹੈ ਉਸ ਸੀਸ ਤੇ ਖੇਡਣ ਵਾਲੇ ਸੁਹਣਿਆਂ ਦੇ ਸਿਰਤਾਜ ਗੁਰੂ ਤੇਗ ਬਹਾਦਰ ਨੇ, ਹੁਣ ਜਾਗ ਆ ਗਈ ਸਮਝੋ। ਜਾਗ ਤਾਂ ਆ ਗਈ ਜਦੋਂ ਸੁਲਤਾਨਪੁਰ ਤੋਂ ਟੁਰੇ ਗੁਰੂ ਬਾਬਾ ਨਾਨਕ ਜੀ, ਹਾਂ ਜਾਗ ਆ ਗਈ ਜਦ ਜਾਨ ਤੇ ਖੇਡ ਗਏ ਸ਼ਾਂਤੀ ਦੇ ਸਰੋਵਰ ਗੁਰੂ ਅਰਜਨ ਦੇਵ ਜੀ, ਹਾਂ ਜਾਗ ਆ ਗਈ ਜਦੋਂ ਖੰਡਾ ਖੜਕਾ ਦਿੱਤਾ ਖੜਗਧਾਰੀ ਗੁਰੂ ਹਰਿਗੋਬਿੰਦ ਸਾਹਿਬ ਨੇ। ਤੇ ਹਾਂ ਹੁਣ ਨਜ਼ਰ ਟਿਕਾਓ ਇਸ ਪਿਆਰੇ ਕਿਸ਼ੋਰ ਗੁਰੂ ਤੇ, ਇਸ ਨਵੀਂ ਨਵੀਂ ਹਰੀ ਹਰੀ, ਊਦੀ ਊਦੀ, ਤ੍ਰਿੱਖੀ ਤ੍ਰਿੱਖੀ 'ਗੁਰੂ ਕੂੰਬਲੀ' ਤੇ ਨੈਣ ਲਾਓ, ਮੈਨੂੰ ਤਾਂ ਏਹ ਦਿੱਸਦਾ ਹੈ ਕਿ ਜਾਨ ਪਾ ਦਿੱਤੀ ਹੈ ਗੁਰੂ ਤੇਗ਼ ਬਹਾਦਰ ਨੇ, ਤੇ ਜਾਨ ਦਾ ਅਲਾਂਬਾ ਬਾਲ ਦੇਣਾ ਹੈ ਏਸ ਕਿਸ਼ੋਰ ਅਵਸਥਾ ਵਿਚ ਖੇਡ ਰਹੇ ਰੱਬੀ ਨੂਰ ਨੇ।

ਇੰਨੇ ਨੂੰ ਆ ਗਏ ਮੁਲਤਾਨ ਦੇ ਇਲਾਕੇ ਦੇ ਮਸੰਦ ਦੁਲੀਚ ਚੰਦ ਜਿਨ੍ਹਾਂ ਨੂੰ ਲੋਕੀਂ ਦੁਲਚਾ ਆਖਦੇ ਹੁੰਦੇ ਸਨ। ਓਹਨਾਂ ਨੇ ਭੀ ਹਰਦਿੱਤਾ ਜੀ ਨਾਲ ਭਾਈ ਗੁਰਦਿੱਤੇ ਜੀ ਦੇ ਗੁਰੂ ਵਿਯੋਗ ਵਿਚ ਚੋਲਾ ਛੱਡ ਦੇਣ ਪਰ ਪਰਚਾਉਣੀ ਕੀਤੀ ਤੇ ਸਾਰੀ ਗਲਬਾਤ, ਜਿਹੜੀ ਹੋ ਚੁਕੀ ਸੀ, ਸੰਖੇਪ ਜੇਹੀ ਮੁੜ ਕੇ ਸੁਣੀ ਤੇ ਫੇਰ ਸਾਹਿਬ ਚੰਦ ਨੇ ਕਿਹਾ :-

ਤੁਸੀਂ ਕਹਿ ਰਹੇ ਸੇ ਮੁਰਦਾ ਹੋ ਚੁਕੀ ਪਰਜਾ ਵਿਚ ਜਾਨ ਭਰਨ ਦੀ ਗੱਲ। ਦੇਖੋ ਮਤੀਦਾਸ ਜੀ ਵੈਰੀ ਦੇ ਆਰੇ ਨਾਲ ਚੀਰੇ ਗਏ, ਸੀ ਨਾ ਕੀਤੀ, ਸਿੱਖੀ ਸ੍ਵਾਸਾਂ ਪ੍ਰਯੰਤ ਨਿਭੀ ! ਭਾਈ ਦਿਆਲਾ ਮੁਸ਼ਕਾਂ ਬੰਨ ਕੇ ਉਬਲਦੀ ਦੇਗ ਵਿਚ ਪਾਏ ਗਏ, ਪਰ ਹਾਂ, ਧਰਮੋਂ ਨ ਡੋਲੇ, ਹੌਲ ਨਾ ਖਾਧਾ, ਗਏ ਕਸ਼ਟਾਂ ਦੇ ਮੂੰਹ ਤੇ ਮੌਤ ਦੇ ਦੁਆਰ ਸਿਦਕਾਂ ਨਾਲ ਸਿਹਰੇ ਬੰਨ੍ਹ ਕੇ, ਜਿਵੇਂ ਜਾਵੇ ਕੋਈ ਲਾੜਾ ਲਾੜੀ ਪਰਨਾਉਣ : ਵਾਹ ਭਾਈ ਦਿਆਲਾ ! ਗੁਰੂ ਸਾਹਿਬ ਜੀ ਦਾ ਸਾਕਾ ਤੇ ਇਨ੍ਹਾਂ ਦੋਹਾਂ ਪੂਜਨੀਕ ਸਿੱਖਾਂ ਦੀ ਸ਼ਹਾਦਤ ਜੋ ਲੋਕਾਂ ਨੇ ਦੇਖੀ; ਜੋ ਹਜ਼ਾਰਾਂ ਦੇ ਸਾਹਮਣੇ ਵਰਤੀ, ਦੇਸ਼ ਵਿਚ ਧੁੰਮ ਗਈ ਤੇ ਜਾਨ ਪਾ ਗਈ। ਪਰ ਤੱਕੋ ਭਾਈ ਗੁਰਦਿੱਤੇ ਦਾ ਪ੍ਰੇਮ, ਬਿਨਾਂ ਕਸ਼ਟ ਤੇ ਮਜਬੂਰੀ ਦੇ ਤੇ ਬਿਨਾਂ ਕਿਸੇ ਦੇ ਦੇਖੇ ਦੇ, ਅਲੱਗ ਉਜਾੜ ਵਿਚ ਜਾ ਸਰਪ ਕੁੰਜ ਵਾਂਙੂ ਸਰੀਰ ਛੋੜ ਦਿੱਤਾ : ਇਹ ਪ੍ਰੇਮ, ਇਹ ਪਿਆਰੇ ਦੀ ਜੁਦਾਈ ਨਾ ਝੱਲ ਸਕਣ ਵਾਲਾ ਪ੍ਰੇਮ ਸਿੱਖੀ ਮੰਡਲ ਵਿਚ ਪਿਆਰ ਤੇ ਆਪਾਵਾਰ ਦੀ ਰੂਹ ਫੂਕ ਗਿਆ ਹੈ।

ਦੁਲਚਾ—ਤੁਸੀਂ ਸਤਿਕਾਰ ਯੋਗ ਹੋ, ਗੁਰੂ ਨਾਨਕ

ਦਾ ਘਰ ਸਭ ਤੋਂ ਵੱਡਾ ਹੈ, ਸਤਿਗੁਰਾਂ ਦੀ ਕਰਣੀ ਨੂੰ ਕੌਣ ਪੁਜਦਾ ਹੈ ? ਸਿੱਖਾਂ ਦੇ ਕਾਰਨਾਮੇ ਅਦੁਤੀ ਹਨ। ਪਰ ਇੰਨੀ ਗੱਲ ਦੱਸੋ ਕਿ ਭਾਈ ਗੁਰਦਿੱਤਾ ਜੀ ਦਾ ਸਰੀਰ ਤਿਆਗਣਾ ਆਤਮਘਾਤ ਨਹੀਂ ? ਆਤਮਘਾਤ ਗੁਰੂ ਘਰ ਵਿਚ ਨਹੀਂ ਸਿਖਾਇਆ ਗਿਆ। ਤੁਸੀਂ ਭਾਈ ਹਰਦਿੱਤਾ ਜੀ ! ਇਸਨੂੰ ਮੇਰੀ ਗੁਸਤਾਖੀ ਨਾ ਸਮਝਣੀ, ਮੈਂ ਇਕ ਗੱਲ ਸਮਝਣ ਵਾਸਤੇ ਆਖਿਆ ਹੈ, ਨਹੀਂ ਤਾਂ ਮੈਂ ਭਾਈ ਗੁਰਦਿੱਤਾ ਜੀ ਦੀ ਆਪ ਸਲਾਹੁਤ ਕਰਨ ਵਾਲਾ ਹਾਂ।

ਹਰਦਿੱਤਾ ਜੀ--ਸੱਜਣਾ ! ਤੂੰ ਮਸੰਦ ਹੈਂ, ਸੰਗਤ ਵਿਚ ਸਨਮਾਨ ਯੋਗ ਹੈਂ, ਮੈਂ ਤੈਨੂੰ ਕੀ ਦੱਸਾਂ ? ਆਤਮਘਾਤ ਹੁੰਦਾ ਹੈ ਗੁੱਸੇ, ਕ੍ਰੋਧ, ਨਿਰਾਸਾ, ਦਿਲਗੀਰੀ, ਸਰੀਰ ਤੇ ਮਨ ਦੀ ਅੱਤਿ ਹਾਰ ਵੇਲੇ ਕਿਸੇ ਸਰੀਰਕ ਤਰੀਕੇ ਨਾਲ ਸਰੀਰ ਨੂੰ ਭੰਨ ਸਿੱਟਣਾ ਕਿ ਦੁੱਖ ਝੱਲ ਨਹੀਂ ਹੁੰਦਾ ਸਰੀਰ ਦੀ ਹੀ ਪਿੱਟੀ ਮੁਕਾਓ। ਭਾਈ ਗੁਰਦਿੱਤਾ ਜੀ ਨੂੰ ਗੁੱਸਾ, ਰੰਜ, ਕ੍ਰੋਧ, ਨਿਰਾਸਾ ਕੋਈ ਨਹੀਂ ਸੀ। ਕੈਦੋਂ ਛੁਟ ਆਏ, ਸ਼ਹੀਦ ਹੋਣੋ ਬੱਚ ਗਏ, ਘਰ ਉਨ੍ਹਾਂ ਦੇ ਰਾਜ ਹੈ, ਪਦਾਰਥ ਹੈ, ਫੌਜ ਹੈ, ਸਿੱਖੀ ਹੈ, ਖਜ਼ਾਨਾ ਹੈ, ਪਰਿਵਾਰ ਹੈ, ਅਸੀਂ ਸਾਰੇ ਦਾਸ ਹਾਂ, ਫੇਰ ਓਹ ਆਪਣੇ ਪ੍ਰੀਤਮ ਦਾ ਵਿਯੋਗ ਨਹੀਂ ਝੱਲਦੇ, ਉਨ੍ਹਾਂ ਦੇ ਪ੍ਰੇਮ ਵਿਚ ਨਾਲ ਟੁਰਦੇ ਹਨ, ਕਿੱਡਾ ਉੱਚਾ ਭਾਵ ਹੈ ? ਫੇਰ ਉਹ ਛੁਰੀ ਨਹੀਂ ਮਾਰ ਮਰਦੇ, ਕੁਛ ਖਾ ਨਹੀਂ ਮਰਦੇ। ਜਮਨਾ ਪਾਰ ਜਾਂਦੇ ਹਨ, ਉਸ ਵਿਚ ਛਾਲ ਮਾਰ ਨਹੀ ਮਰਦੇ, ਏਕਾਂਤ ਸੁਥਰੇ ਥਾਂ ਬੈਠ ਪ੍ਰਾਣ ਦਸਮ ਦੁਆਰ ਚੜ੍ਹਾ, ਪਿਆਰੇ ਦੇ ਧਿਆਨ ਮਗਨ ਹੋ--ਬਿਰਹਚੋਟ--ਨਾਲ ਸਰੀਰ ਤਿਆਗਦੇ ਹਨ। ਇਹ ਕੌਣ ਕਰ ਸਕਦਾ ਹੈ ? ਕੇਵਲ ਉਹ, ਜਿਸ ਦਾ ਪ੍ਰੇਮ ਹੱਦ ਬੰਨੇ ਟੱਪ ਚੁਕਾ ਹੈ, ਜਿਸਨੂੰ ਪਿਆਰੇ ਦਾ ਵਿਯੋਗ ਹੀ ਬਿਰਹੋਂ ਦੀ ਚੋਟ ਮਾਰਦਾ ਹੈ ਤੇ--ਬਿਰਹ ਚੋਟ--ਹੀ ਪ੍ਰਾਣਾਂਤ ਕਰ ਦੇਂਦੀ ਹੈ। ਇਸ ਨੂੰ ਨਾਮਹਿਰਮ ਹਿਰਦੇ ਤਾਂ ਕੀ ਪ੍ਰੇਮੀ ਹਿਰਦੇ ਬੀ ਤਾਂ ਸਮਝ ਸਕਦੇ ਹਨ, ਜਦ ਪ੍ਰੇਮ ਦੀ ਅਵਧੀ ਨੂੰ ਅਨੁਭਵ ਕਰ ਲੈਣ ਤਾਂ। ਕੇਵਲ ਅੰਦਰਲੇ ਬਿਰਹੋਂ ਦੀ ਤੀਖਣਤਾ ਵਿਚ ਪ੍ਰਾਣਾਂ ਦਾ ਸੀਸ ਨੂੰ ਚੜ੍ਹ ਸਰੀਰੋਂ ਨਿਕਲ ਜਾਣਾ ਇਹ ਹਰ ਕਿਸੇ ਦੇ ਕਰਨ ਦੀ ਗੱਲ ਹੈ ? ਪ੍ਰੇਮ ਦੀ ਅਵਧੀ ਤੇ ਅਭਯਾਸ ਦੀ ਪ੍ਰਪੱਕਤਾ ਨੇ ਦਸਮ ਦੁਆਰ ਤੋਂ ਰਾਹ ਲਿਆ ਪਰਲੋਕ ਦਾ। ਇਹ ਆਤਮਘਾਤ ਨਹੀਂ, ਇਹ ਤਾਂ--'ਲਾਗੀ ਹੋਇ ਸੁ ਜਾਨੈ ਪੀਰ।। ਰਾਮ ਭਗਤਿ ਅਨੀਆਲੇ ਤੀਰ।।' ਕੀ ਮੈਨੂੰ ਸਤਿਗੁਰ ਨਾਲ ਪ੍ਰੇਮ ਨਹੀਂ, ਕੀ ਮੈਨੂੰ ਉਨ੍ਹਾਂ ਦੇ ਵਿਛੋੜੇ ਦਾ ਸੱਲ ਨਹੀਂ? ਮੈਂ ਸੱਚ ਕਹਿੰਦਾ ਹਾਂ, ਮੈਂ ਕਈ ਦਿਨ ਅੰਨ ਨਹੀਂ ਖਾ ਸਕਿਆ, ਪਰ ਮੈਂ ਮਰਿਆ ਨਹੀਂ। ਮੈਂ ਚਾਹੁੰਦਾ ਸਾਂ, ਹੁਣ ਚਾਹੁੰਦਾ ਹਾਂ ਕਿ ਭਰਾ ਦੇ ਮਗਰੇ ਸਤਿਗੁਰਾਂ ਦੇ ਚਰਨਾਂ ਵਿਚ ਪੁਜਾਂ, ਪਰ ਮੇਰੇ ਪ੍ਰੇਮ ਵਿਚ ਓਹ ਤੀਖਣਤਾ ਨਹੀਂ ਜੋ ਵੱਡੇ ਵੀਰ ਜੀ ਦੇ ਪ੍ਰੇਮ ਵਿੰਨ੍ਹੇ ਕਲੇਜੇ ਵਿਚ ਸੀ।

ਸਾਹਿਬ ਚੰਦ--ਸੱਚ ਹੈ, (ਨੈਣ ਭਰਕੇ) ਜੀਉਂਦਾ ਹੀ ਰਿਹਾ ਇਹ ਪਾਪੀ ਸਰੀਰ ਸਤਿਗੁਰ ਤੇਗ ਬਹਾਦਰ ਪਿਆਰੇ ਦੇ ਖੇਦ ਤੇ ਸਾਕੇ ਸੁਣਕੇ, ਦੇਹ ਨਾ ਛੱਡ ਗਏ ਏਹ ਪ੍ਰਾਣ, ਪਾਪੀ ਸਰੀਰ ਵਿਚ ਹੀ ਰਹੇ। ਬਿਰਹ ਚੋਟ ਨਾਲ ਮਰਨਾ ਕੋਈ ਬਨਾਵਟੀ ਬਹਾਨੇ ਯਾ ਨਿਰਾਸਾ ਦੀ ਗੱਲ ਨਹੀਂ, ਉਹ ਬੇਵਸੀ ਖੇਡ ਹੈ। "ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ।।"

ਸਭਨਾਂ ਦੇ ਨੈਣ ਭਰ ਆਏ ਤੇ ਚੁਪ ਛਾ ਗਈ।

ਦੁਲਚਾ--ਮੇਰੇ ਸਤਿਕਾਰ ਯੋਗ ਸਜਣੋਂ ! ਪ੍ਰੇਮ ਤੇ ਸਿਖੀ, ਪ੍ਰਚਾਰ ਤੇ ਜੀਵਨ ਜੋ ਕੁੱਛ ਹੈ ਸਤਿਗੁਰ ਦੇ ਵਜੂਦ ਨਾਲ ਹੈ, ਅਸੀਂ ਲੱਖ ਹੋਵੀਏ ਕਿਸ ਗਿਣਤੀ ਵਿਚ ? ਜੇ ਹੁਣ ਗੋਬਿੰਦ, ਕਿਧਰੇ ਸਤਿਗੁਰੂ ਗੋਬਿੰਦ, ਪਿਆਰੇ ਜੀ ਦਾ ਵਜੂਦ ਹੈ ਤਾਂ ਸਾਰੀ ਸਿਖੀ ਤਿਲਕ ਦੇਣ ਆ ਰਹੀ ਹੈ। ਮੇਰਾ ਮੂੰਹ ਸੜੇ--ਜੇ ਆਪ ਦਾ ਸਰੀਰ ਹੈ ਤਾਂ ਹੀ ਸਭ ਕੁਛ ਹੈ, ਨਹੀਂ ਤਾਂ ਅਸੀਂ ਕੀਹ ਹਾਂ ? ਲਾੜੇ ਬਿਨ ਜੰਞ ਕੀਹ ?

ਹਰਦਿੱਤਾ ਜੀ (ਘਬਰਾਕੇ)--ਫੇਰ...।

ਦੁਲਚਾ--ਸਤਿਗਰ ਦੇ ਘਰ ਦਾ ਔਰੰਗੇ ਨਾਲ ਹੁਣ ਮੁਕਾਬਲਾ ਛਿੜ ਪਿਆ ਹੈ; ਇਸਨੂੰ ਕਿਵੇਂ ਸੰਭਾਲ ਲਵੋ, ਸਿਆਣੇ ਹੋ, ਵਿਖਾਂਦ ਮਿਟ ਜਾਏ ਤਾਂ ਚੰਗੀ ਹੈ।

ਸਾਹਿਬ--ਠੀਕ ਹੈ ਪਰ ਕੌਣ ਮੇਟੇ ? ਕਿਵੇਂ ਮੇਟੇ?

ਦੁਲਚਾ--ਕੋਈ ਰਾਹ ਕੱਢੋ, ਸਿਆਣੇ ਹੋ; ਦਾਨੇ ਹੋ।

ਨੰਦ ਚੰਦ--ਇਕੋ ਹੀ ਰਾਹ ਹੈ, ਜੋ ਔਰੰਗੇ ਦੇ ਚੱਲ ਪੈਰੀਂ ਪਓ; ਦੀਨ ਕਬੂਲ ਲਓ, ਜਗੀਰਾਂ ਲਓ, ਜੁੱਗਾਂ ਜੀਓ। ਸਿਵਾ ਸ਼ਰਣ ਲੈਣ ਦੇ ਪਤਿਤ ਹੋਣ ਦੇ ਜਰਵਾਣੇ ਨਾਲ ਬੀ ਕਦੇ ਬਣੀ ਹੈ ?

ਦੁਲਚਾ (ਨੈਣ ਭਰਕੇ, ਪੂੰਝਕੇ)--ਸੁਹਣਿਓ! ਇਕ ਨਿੱਕੀ ਜੇਹੀ ਦਸ ਵਰਹੇ ਦੀ ਜਿੰਦੜੀ ਸਾਡੇ ਪਾਸ

ਹੈ, ਇਸੇ ਨਾਲ ਸਾਰੇ ਜੀਂਦੇ ਹਾਂ, ਇਹ ਜੇ....ਸੁਖ ਹੋਵੇ ਤਾਂ ਕੀ ਰਹੇਗਾ ? ਇਸ ਦੀ ਖ਼ੈਰ ਮਨਾਓ ਕਿਵੇਂ ਸ਼ਾਹ ਨੂੰ ਰੀਝਾਓ ਜੋ ਅੱਗੋਂ ਸੁਖ ਵਰਤੇ ਮੈਂ ਭਲਾ ਲੋਚਦਾ ਹਾਂ।

ਹਰਦਿੱਤਾ ਜੀ—ਤੁਸੀਂ ਪੁਰਾਣੇ ਸੇਵਕ ਹੋ ਭਲਾ ਕਿਉਂ ਨਾ ਲੋਚੋ ? ਪਰ ਕੋਈ ਨਵੀਂ ਗੱਲ ਨਹੀਂ। ਪੰਜਵੇਂ ਪਾਤਸ਼ਾਹ ਦੇ ਸਾਕੇ ਮਗਰੋਂ ਛੇਵੇਂ ਦਾਤਾ ਜੀ ਨੇ ਈਨ ਨਾ ਮੰਨੀ, ਸ਼ਰਣ ਨਾ ਲਈ, ਖੰਡਾ ਖੜਕਾਇਆ। ਹੁਣ ਏਸ ਦਸਮੇਂ ਜਾਮੇ ਦੇ ਲੱਛਣ ਓਹੋ ਦਾਦਾ—ਗੁਰੂ ਵਰਗੇ ਦਿੱਸ ਰਹੇ ਹਨ। ਸਾਡੀ ਜਾਚੇ ਤਾਂ ਫੇਰ ਖੰਡਾ ਖੜਕੇਗਾ, ਦੁੱਖ ਕਸ਼ਟ ਤੇ ਸ਼ਹੀਦੀਆਂ ਆਉਣਗੀਆਂ, ਪਰ ਅੰਤ ਸੱਚ ਜਿੱਤੇਗਾ, ਤੁਰਕ ਮਰੇਗਾ, ਜੜ ਨਾ ਮੇਖ। ਗੁਰੂ ਕਿਆਂ ਦਾ ਉੱਦਮ ਸੁਫਲ ਹੋਵੇਗਾ।

ਦੁਲਚਾ—ਇਸੇ ਗੱਲੇ ਤਾਂ ਮੈਂ ਕੰਬਦਾ ਹਾਂ, ਭਲਾ ਜਦੋਂ ਸਤਿਗੁਰ ਜੁਆਨ ਹੋ ਜਾਵੇ ਜੋ ਚਾਹੇ ਸੋ ਕਰੇ, ਅਜੇ ਤਾਂ ਬਾਲਕਾ ਹੈ, ਮਾਮਾ ਕ੍ਰਿਪਾਲ ਚੰਦ ਵਡੇ ਹਨ, ਤੁਸੀਂ ਬੁੱਢੇ ਕੇ ਦੇ ਘਰਾਣੇ ਦੇ ਵੱਡੇ ਹੋ। ਬਾਲ ਅਵਸਥਾ, ਹਾਂ ਕਿਸ਼ੋਰ ਅਵਸਥਾ ਵਿਚ ਤਾਂ ਤੁਸੀਂ ਸ਼ਾਂਤੀ ਸੁਲਹ ਠੰਢੇ ਪਾਸੇ ਪਾਓ ਤੇ ਚੁਪਚਾਪ ਹੋ ਜਾਓ। ਦੁਸ਼ਮਨ ਨੂੰ ਸਾੜਾ ਨਾ ਦਿਓ ਜੀਕੂੰ ਹੁਣ ਤਿਲਕ ਦੀ ਰਸਮ ਵਾਸਤੇ ਸਾਰਾ ਜਹਾਨ ਟੁੱਟ ਕੇ ਆ ਰਿਹਾ ਹੈ, ਕੀ ਲੋੜ ਹੈ ? ਚੁਪਾਤੇ ਕਰ ਲਓ। ਔਰੰਗਾ ਆਖੇਗਾ ਵੇਖੋ ਕੇਡੇ ਕਰੜੇ ਹਨ, ਉਧਰ ਤਾਂ ਮੈਂ ਇਨ੍ਹਾਂ ਦੇ ਆਗੂ ਨੂੰ ਕਤਲ ਕਰਦਾ ਹਾਂ, ਚੋਟੀ ਦੇ ਸਿੱਖਾਂ ਨੂੰ ਚੀਰਦਾ ਤੇ ਉਬਾਲਦਾ ਹਾਂ ਇਧਰ ਏਹ ਨਿਰਭੈ ਅੱਗੇ ਤੋਂ ਵੱਧ ਕੱਠੇ ਹੁੰਦੇ, ਰੌਣਕਾਂ ਕਰਦੇ ਹਨ। ਗੁਰੂ ਅਜੇ ਕਿਸ਼ੋਰ[1] ਹੈ, ਕੱਲ ਪਿਤਾ ਸਾਕਾ ਵਰਤਾ ਰਹੇ ਹਨ, ਅੱਜ ਉਹ ਤੀਰ ਚਲਾਉਂਦਾ ਤੇ ਆਏ ਸਿਖਾਂ ਤੋਂ ਕਟਾਰਾਂ ਕਮਾਨਾਂ ਤੇ ਖੰਜਰਾਂ ਦੇ ਪਤੇ ਪੁੱਛਦਾ ਹੈ। ਇਸ ਤਰ੍ਹਾਂ ਹੋਰ ਸਖਤੀ ਆਵੇਗੀ, ਅੱਗੇ ਅਸਾਂ ਕੀ ਕੀਤਾ ਹੈ ਤੇ ਹੁਣ ਕੀ ਕਰ ਲਵਾਂਗੇ ? ਠੀਕ; ਪਾਤਸ਼ਾਹਾਂ ਦੇ ਰਾਜ ਪਾਪਾਂ ਨਾਲ ਨਸ਼ਟ ਹੁੰਦੇ ਹਨ, ਪਰ ਚਿਰ ਕਿੰਨਾ ਕੁ ਲਗਦਾ ਹੈ ? ਸੋ ਕੋਈ ਬਿਧਿ ਸ਼ਾਂਤੀ ਦੀ ਕੱਢੋ।

1. ਦਸ ਯਾਰਾਂ ਵਰ੍ਹੇ ਤੋਂ ੧੫ ਵਰ੍ਹੇ ਦੀ ਉਮਰਾ ਨੂੰ ਕਿਸ਼ੋਰ ਅਵਸਥਾ ਆਖਦੇ ਹਨ।

ਸਾਹਿਬ ਚੰਦ—ਦੁਲਚਾ ਜੀ ! ਗੁੱਸੇ ਨਾ ਹੋਵਿਓ, ਤੁਸੀਂ ਗੁਰਸਿੱਖੀ ਨੂੰ ਕਿਹੜੇ ਪਾਸੇ ਲੈ ਟੁਰੇ ਹੋ ? ਇਹ ਅਕਾਲ ਪੁਰਖ ਦਾ ਆਪਣਾ ਸਿੱਖੀ ਪੰਥ ਹੈ, ਦਸੋ ਗੁਰੂ ਸਾਹਿਬ ਉਸ ਦੇ ਘੱਲੇ ਆਏ ਹਨ, ਹੁਕਮ ਨਾਲ ਜੁੜੇ ਹਨ, ਇਹਨਾਂ ਦੇ ਸਿਰ ਤੇ ਉਸ ਦਾ ਹੱਥ ਹੈ। ਦੇਖੋ ਗੁਰੂ ਹਰਿਕ੍ਰਿਸ਼ਨ ਜੀ ਦੀ ਕੀ ਉਮਰਾ ਸੀ, ਉਹਨਾਂ ਨੇ ਈਨ ਮੰਨੀ ਸੀ ? ਫੇਰ ਤੱਕੋ ਜੋ ਕੁਛ ਕਰ ਗਏ ਕਮਾਲ ਹੈ ਕਿ ਨਹੀਂ ? ਫੇਰ ਵੇਖੋ, ਇਹ ਉਮਰਾ ਤੇ ਗੁਰੂ ਤੇਗ ਬਹਾਦਰ ਜੀ ਦੀ ਚੋਣ ! ਹੈ ਕਿ ਨਾ ਪਾਰਦਰਸ਼ਕ ਨਜ਼ਰ ਤੇ ਰੱਬੀ ਮਾਮਲਾ। ਧੰਨ ਗੁਰੂ ਹਰਿਕ੍ਰਿਸ਼ਨ। ਡਰੋ ਨਾ, ਇਹ ਦਾਤਾ ਜਿਸਦੇ ਤਿਲਕ ਲਈ ਕੱਠੇ ਹੋ ਰਹੇ ਹਾਂ, ਉਹੋ ਅਰਸ਼ੀ ਜੋਤਿ ਹੈ; ਜੋ ਕਰੇਗਾ ਠੀਕ ਕਰੇਗਾ; ਅਸਾਂ ਸਿੱਖੀ ਸਿਦਕ ਨਾਲ ਗਰਦਨ ਝੁਕਾਉਣੀ ਹੈ।....ਜੋ ਅਗਨਿ ਕਿ ਛੇਵੇਂ ਗੁਰਾਂ ਨੇ ਸਾਡੇ ਅੰਦਰ ਬਾਲ ਦਿੱਤੀ ਹੈ ਉਸ ਨਹੀਂ ਬੁਝਣਾ। ਹਾਂ ਅਸਾਂ ਹੁਣ 'ਆਨ ਸ਼ਾਨ' ਵਿਚ ਰਹਿਣਾ ਹੈ! ਗ਼ੈਰਤ ਨਹੀਂ ਗੁਵਾਣੀ, ਅਣਖ ਨਹੀਂ ਮਾਰਨੀ, ਮਰਦ ਹੋਕੇ ਮਰਦਊਪਨੇ ਵਿਚ ਜੀਊਕੇ, ਸਾਂਈ ਦਾ ਨਾਮ ਸਿਮਰਕੇ ਮੁਕੰਮਲ ਆਦਮੀ ਬਣਨਾ ਹੈ। ਇਸ ਚਿੰਣਗ ਨੇ ਅੱਗ ਹੋਕੇ ਸੀਨੇ ਬਸੀਨੇ ਮਘਣਾ ਤੇ ਬਲਨਾ ਹੈ। ਤੁਸੀਂ ਔਰੰਗੇ ਤੋਂ ਦੱਬਦੇ ਹੋ, ਮੇਰਾ ਚਿਤ ਕਰਦਾ ਹੈ ਟੋਟੇ ਹੋ ਕੇ ਮਰਾਂ, ਸਰਬੰਸ ਰੁੜ੍ਹ ਜਾਏ; ਪਰ ਹਾਰ ਨਾ ਮੰਨਾਂ। ਕਾਸ਼ ! ਮੈਨੂੰ ਸਿਦਕ ਮਿਲੇ; ਕਾਸ਼ ! ਮੇਰੇ ਤੇ ਰਹਿਮਤ ਬਰਸੇ, ਕਾਸ਼ ਮੈਂ ਮਤੀਦਾਸ ਵਾਂਙੂ ਚੀਰਿਆ ਜਾਵਾਂ। ਜਿਉਂ ਜਿਉਂ ਕਸ਼ਟ ਪੈਂਦਾ ਹੈ, ਮਨ ਤਕੜਾ ਹੁੰਦਾ ਹੈ। ਕੀ, ਤੁਸਾਂ ਧਰਮ ਨੂੰ ਜ਼ਾਲਮ ਦੇ ਜ਼ੁਲਮ ਤੋਂ ਮੁਤੰਤਰ ਨਹੀਂ ਕਰਨਾ ? ਕੀ ਤੁਸਾਂ ਦੇਸ ਨੂੰ, ਪਰਜਾ ਨੂੰ ਅਨਜਾਈਆਂ ਤੋਂ ਛੁਟਕਾਰਾ ਨਹੀਂ ਦੇਣਾ? ਜੇ ਦੇਣਾ ਹੈ ਤਾਂ ਸੀਸ ਤਲੀ ਤੇ।

ਦੁਲਚਾ—ਸੁਹਣੇ ਵੀਰ ਜੀਓ ! ਤੁਸਾਂ ਵਰਗੇ ਤਾਂ ਜੁੱਗਾਂ ਜੀਉਣ, ਪਰ ਮੇਰੇ ਵਰਗੇ ਮਰਨ ਲੜ ਕੇ; ਹਾਂ, ਭੇਟਾ ਦੇਣ ਲਈ ਮੇਰੇ ਵਰਗੇ ਨਿਕਾਰੇ ਦਿਓ। ਮੈਂ ਕਹਿੰਦਾ ਤਾਂ ਇਹ ਪਿਆ ਹਾਂ ਕਿ ਸਾਡਾ ਸਤਿਗੁਰ ਕਿਸ਼ੋਰ ਉਮਰਾ ਵਿਚ ਹੈ, ਉਹ ਅਜੇ ਅਜਾਤ ਵਿਹਾਰ[1] ਹੈ, ਉਸ ਦਾ ਸੁਹਣਾ ਤੇ ਲੋੜੀਂਦਾ ਸਰੀਰ ਬਚਾਓ, ਜ਼ਾਲਮ ਦੇ ਜ਼ੁਲਮ ਤੋਂ ਰੱਖਿਆ

1. ਨਾਬਾਲਗ।

ਕਰੋ, ਉਹ ਹੈ ਤਾਂ ਸਭ ਕੁਛ ਹੈ।

ਹਰਦਿੱਤਾ ਜੀ—ਮੇਰਾ ਮੂੰਹ ਛੋਟਾ ਗੱਲ ਵੱਡੀ ਹੈ, ਪਰ ਸਾਹਿਬ ਬੁੱਢਾ ਜੀ ਦੀ ਵੰਸ਼ ਹੋਣ ਕਰਕੇ ਮੈਨੂੰ ਅਧਿਕਾਰ ਹੈ ਕਿ ਪਿਆਰੇ ਸਤਿਗੁਰੂ ਦੇ ਲਾਡ ਤੇ ਨਖ਼ਰੇ ਵਿਚ ਤੁਹਾਨੂੰ ਪਿਆਰ ਨਾਲ ਝਿੜਕ ਬੀ ਲਵਾਂ, ਚਾਹੋ ਤਸੀਂ ਮੈਥੋਂ ਵਡੇ ਬੀ ਹੋਵੋ! ਸੱਜਣਾ! ਦੱਸ ਖਾਂ ਕਿੰਨੇ ਵਰ੍ਹੇ ਦਾ ਸੀ ਅਕਬਰ ਜਦੋਂ ਹਿੰਦ ਦੇ ਰਾਜ ਦਾ ਬੋਝ ਉਸਦੇ ਸਿਰ ਤੇ ਪਿਆ ? ਕੁਛ ਕਰ ਖਾਂ ਚੇਤਾ।

ਦੂਲਚਾ—ਹੋਸੀ ਤੇਰਾਂ ਕੁ ਵਰ੍ਹੇ ਦਾ, ਪਰ ਉਸ ਨੇ ਰਾਜ ਸੰਭਾਲਿਆ ਸੀ ?

ਹਰਦਿੱਤਾ ਜੀ—ਰਾਜ ਗੱਦੀ ਤੇ ਉਸ ਵੇਲੇ ਬੈਠ ਗਿਆ ਤੇ ਉਸ ਦੇ ਪਿਤਾ ਦੇ ਸੈਨਾਪਤ ਬਹਿਰਾਮ ਨੇ ਰਾਜ ਸੰਭਾਲਿਆ, ਪਰ ਕੀਹ ੧੩ ਵਰ੍ਹੇ ਦੀ ਉਮਰ ਵਿਚ ਅਕਬਰ ਉਸ ਤਰ੍ਹਾਂ ਦਾ ਸੀ ਜਿਸ ਤਰ੍ਹਾਂ ੧੩ ਵਰ੍ਹੇ ਦੇ ਹਜ਼ਾਰਾਂ ਮੁੰਡੇ ਹੁਣ ਟੁਰ ਫਿਰ ਰਹੇ ਹਨ ਕਿ ਕੁਛ ਫਰਕ ਸੀ ?

ਦੂਲਚਾ—ਕੀਹ ਫਰਕ ਸੀ ?

ਹਰਦਿੱਤਾ ਜੀ—ਜ਼ਿਮੀਂ ਤੇ ਅਸਮਾਨ ਦਾ। ਇਕੋ ਗੱਲ ਸੁਣ ਲੈ। ਜਦੋਂ ਹਮਾਯੂੰ ਮਰ ਗਿਆ ਹੈ, ਬਹਿਰਾਮ ਪੰਜਾਬ ਵਿਚ ਸੈਨਾਪਤ ਸੀ, ਥੋੜੇ ਚਿਰ ਬਾਦ ਜਦ 'ਹੇਮੂੰ' ਸੁਲਤਾਨ ਆਦਿਲਸ਼ਾਹ ਵਲੋਂ ਭਾਰੀ ਲਸ਼ਕਰ ਲੈਕੇ ਚੜ੍ਹਿਆ ਤੇ ਬਹਾਦਰੀ ਨਾਲ ਲੜਦਾ ਅੱਖ ਵਿਚ ਤੀਰ ਖਾ ਜ਼ਖਮੀ ਹੋ ਢੱਠਾ, ਤਦ ਗ੍ਰਿਫ਼ਤਾਰ ਹੋਕੇ ਅਕਬਰ ਦੇ ਦਰਬਾਰ ਵਿਚ ਆਇਆ। ਬਹਿਰਾਮ ਨੇ ਅਕਬਰ ਨੂੰ ਆਖਿਆ ਕਿ ਇਸ ਕਾਫਰ ਨੂੰ ਖੰਜਰ ਨਾਲ ਜ਼ਖਮੀ ਕਰ ਤੇ ਫੇਰ ਇਹ ਕਤਲ ਹੋਵੇ ਤੇ ਤੂੰ ਐਸੇ ਦੁਸ਼ਟ ਦਾ ਨਾਸ ਕਰਕੇ ਗਾਜ਼ੀ ਬਣੇਂ। ਉਸ ਵੇਲੇ ਅਕਬਰ ਨੇ ਕਿਹਾ ਕਿ ਕੈਦੀ ਵੈਰੀ ਨੂੰ ਮਾਰਨਾ ਮੇਰੀ ਬਹਾਦਰੀ ਦੇ ਬਰਖਿਲਾਫ ਹੈ। ਸੋਚ ਲੈ ੧੩ ਵਰ੍ਹੇ ਦਾ ਮੁੰਡਾ ਸਾਈ, ਜਿਸਦੇ ਦਿਲ ਵਿਚ ਬੀਰਤਾ ਦਾ ਇਹ ਆਦਰਸ਼ ਸੀ। ਫੇਰ ਜਿਸ ਬਹਿਰਾਮ ਦੀ ਸੂਰਬੀਰਤਾ ਪਰ ਕਿਸੇ ਨੂੰ ਹਰਫ ਨਹੀਂ ਉਹ ਜਦੋਂ ਹੰਕਾਰੀ ਹੋਇਆ ਹੈ ਤੇ ਅਕਬਰ ਨੇ ਜਦੋਂ ਉਸ ਸੂਰਮੇ ਨੂੰ ਕੌਡੀ ਦਾ ਕਰ ਦਿਤਾ ਤੇ ਰਾਜ ਸਾਰਾ ਸਿੱਧਾ ਆਪ ਸੰਭਾਲਿਆ, ਤਦ ਅਕਬਰ ਸਤਾਰਾਂ ਵਰ੍ਹੇ ਦਾ ਸੀ। ਦੂਲਚਾ ਜੀ ! ਪੰਜੇ ਉਂਗਲਾਂ ਬਰੱਬਰ ਨਹੀਂ, ਸਾਰੇ ਇਨਸਾਨ ਇਕੋ ਜੇਹੇ ਨਹੀਂ, ਨੱਕ ਮੂੰਹ ਕੰਨ ਤਾਂ ਸਭ ਦੇ ਇਕੋ ਗਿਣਤੀ ਦੇ ਹਨ, ਪਰ ਅੰਦਰਲੀ ਲਿਆਕਤ ਅੱਡ ਅੱਡ ਹੈ। ਫੇਰ ਸੋਚੋ ਦੁਨੀਆਂ ਵਿਚ ਕਈ ਪੁਰਖ ਕਲਾਵਾਨ[1] ਜੰਮਦੇ ਹਨ। ਦਿਮਾਗੀ ਲਿਆਕਤ ਤੇ ਸਮਝ ਦੀ ਇਸ ਕੁਦਰਤੋਂ ਮਿਲੀ ਕਲਾ ਨਾਲ ਹੀ ਜ਼ਿਮੀਂ ਅਸਮਾਨ ਦਾ ਫਰਕ ਪੈ ਜਾਂਦਾ ਹੈ, ਪਰ ਜਿੱਥੇ 'ਰੂਹਾਨੀ ਕਲਾ' ਨਾਲ ਹੋਵੇ ਓਥੇ ਹੋਰ ਹੀ ਗੱਲ ਹੋ ਜਾਂਦੀ ਹੈ। ਮੈਂ ਅਚਰਜ ਡਿੱਠਾ ਹੈ ਕਿ ਜਦੋਂ ਦੁਨਿਆਵੀ ਮੰਜ਼ਲਾਂ ਵਿਚ, ਬੱਚੇ ਅਨੋਖੇ ਕੰਮ ਕਰਨ ਤਾਂ ਲੋਕ ਹੈਰਾਨ ਨਹੀਂ ਹੁੰਦੇ, ਤਵਾਰੀਖਾਂ ਵਾਲੇ ਫ਼ਖ਼ਰਾਂ ਨਾਲ ਲਿਖਦੇ ਹਨ, ਪਰ ਜਦ ਰੂਹਾਨੀ ਮੰਡਲ ਵਿਚ ਰੂਹਾਨੀ ਕਲਾਵਾਨ ਬੱਚੇ ਕੋਈ ਅਲੌਕਿਕ ਕੰਮ ਕਰਨ ਤਾਂ ਲੋਕੀ ਕੈਰੀਆਂ ਅੱਖਾਂ ਨਾਲ ਵੇਖਦੇ ਤੇ ਸੰਸੇ ਵਾਲੇ ਦਿਲ ਨਾਲ ਤੋਲਦੇ ਹਨ। ਹਾਂ ਮੁਅੱਰਖਾਂ ਨੂੰ ਲਿਖਣ ਵੇਲੇ ਸੰਨੋ ਪੈ ਜਾਂਦੀ ਹੈ ਤੇ ਤੁਸੀਂ ਆਪ ਭਰੋਸੇਵਾਨ ਹੋ ਕੇ ਛੇਵੇਂ, ਸੱਤਵੇਂ, ਅੱਠਵੇਂ, ਨੌਵੇਂ ਗੁਰਾਂ ਦੇ ਕੌਤਕ ਤੱਕਕੇ ਘਬਰਾ ਰਹੇ ਹੋ। ਉੱਚਾ ਉੱਠ ਸਜਣਾ ! ਗੁਰੂ ਦੀ ਜੋਤਿ ਜਗਤ ਦੇ ਸਾਹਿਬੇ ਲਿਆਕਤ ਲੋਕਾਂ ਤੋਂ, ਕਲਾਵਾਨਾਂ ਤੋਂ, ਉਚੇਰੀ ਸ਼ੈ ਹੈ। ਗੁਰੂ ਤੇਗ ਬਹਾਦਰ ਜੀ ਨੇ ਜੋ ਕੈਦਖਾਨੇ ਵਿਚੋਂ ਸੁਨੇਹਾ ਤੇ ਤਿਲਕ ਦਾ ਸਾਮਾਨ ਘੱਲਿਆ ਹੈ ਕਿ ਗੁਰਤਾ ਦੀ ਗਾਦੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਸਾਂ ਦਿਤੀ ਹੈ, ਇਹ ਕਾਫੀ ਹੈ ਸਮਝਣ ਲਈ ਕਿ ਜੋ ਕੁਛ ਨੌਂ ਗੁਰੂ ਹੋਏ ਹਨ ਓਹੋ ਕੁਛ ਏਹ ਹੋਣਗੇ ਤੇ ਹਨ। ਸੰਸਾ ਕਿਉਂ ਤੇ ਵਹਿਮ ਕਿਉਂ ? ਕੌਣ ਜੰਮਿਆ ਹੈ ਸੂਰਜ ਨੂੰ ਹਨੇਰਾ ਕਰਨ ਵਾਲਾ ? ਬੱਦਲ ਆਏ, ਅਣਗਿਣਤ ਵੇਰ ਆਏ, ਗੱਜੇ, ਗੜ੍ਹਕੇ, ਸੂਰਜ ਅੱਗੇ ਤਣ ਖਲੋਤੇ, ਪਰ ਆਖਰ ਪਾਟੇ, ਉੱਡੇ, ਹੇਠਾਂ ਡਿੱਗੇ, ਸੂਰਜ ਅਖੰਡ ਰਿਹਾ। ਗੁਰੂ ਜਯੋਤੀ ਅਮਰੀ ਸ਼ੈ ਹੈ ! ਭਰੋਸਾ ਬੰਨ੍ਹ, ਔਰੰਗਾਂ ਤੇ ਉਸ ਦਾ ਰਾਜ ਲੋਪ ਹੋ ਜਾਣਗੇ, ਗੁਰੂ ਸਾਹਿਬਾਂ ਦਾ ਉੱਦਮ ਸਫਲ ਹੋਵੇਗਾ : ਸਿੱਖੀ ਸਦਾ ਟੁਰੇਗੀ। ਅਗਲੀ ਗੱਲ ਵਰਤੀ ਹੀ ਸੋਚ ਲੈ। ਗੁਰੂ ਪੰਚਮ ਜੀ ਦੇ ਸਾਕੇ ਵੇਲੇ ਛੇਵੇਂ ਸਤਿ-ਗੁਰ ਛੋਟੀ ਉਮਰਾ ਵਿਚ ਸਨ, ਫੇਰ ਵੇਖ ਲੈ ਸ਼ਾਹੀ ਫੌਜਾਂ ਨਾਲ ਲੜਦੇ ਦੇਸ਼ ਦੇ ਵਿਚ ਹੀ ਗਜਦੇ ਰਹੇ।

ਦੂਲਚਾ—ਚੰਗਾ ਵਾਹ ਵਾਹ, ਮੈਂ ਆਪ ਸੇਵਕ ਹਾਂ, ਮੈਂ ਭਲੇ ਲਈ ਦੂਰੰਦੇਸ਼ੀ ਦੀ ਗਲ ਆਖੀ ਹੈ।

1. Genius

ਹਰਦਿੱਤਾ ਜੀ—ਸੱਜਣਾ ਦੂਰੰਦੇਸੀ ਬੜੀ ਕੀਮਤੀ ਸ਼ੈ ਹੈ, ਪਰ ਇਨ੍ਹਾਂ ਦਸਾਂ ਸਤਿਗੁਰਾਂ ਦਾ ਵਜੂਦ ਰੂਹਾਨੀ ਕਲਾ ਵਾਲਾ ਵਜੂਦ ਹੈ, ਅਰ ਰੂਹਾਨੀ ਕਲਾਵਾਨ ਹੈ, ਅਰ ਸਭ ਤੋਂ ਉੱਚੇ ਰੂਹਾਨੀਆਂ ਤੋਂ ਬੀ ਉੱਚਾ ਹੈ:-

"ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ
ਕਲ ਰਾਖੀ ਮੇਰੀ।" (ਸੂਹੀ ਮਹਲਾ ੫)

ਇਨ੍ਹਾਂ ਦੀ ਸੇਵਾ ਇਨ੍ਹਾਂ ਦੇ ਹੁਕਮ ਵਿਚ ਟੁਰਨਾ ਇਹ ਦੂਰਅੰਦੇਸ਼ੀ ਹੈ। ਦੁਨੀਆਂ ਦੇ ਲੋਕ ਇਨ੍ਹਾਂ ਨੂੰ ਨਹੀਂ ਸਮਝ ਸਕਦੇ, ਪਰ ਸਾਨੂੰ ਮਰਮੀਆਂ ਨੂੰ, ਰਾਜ਼-ਦਾਨਾਂ ਨੂੰ, ਨਿਕਟਵਰਤੀਆਂ ਨੂੰ ਸੋਝੀ ਚਾਹੀਏ। ਹਰ ਕੋਈ ਦੂਸਰੇ ਨੂੰ ਆਪਣੇ ਤੋਂ ਹਿਸਾਬ ਕਰਕੇ ਕੁਝ ਓਹੋ ਜਿਹਾ (ਆਪਣੇ ਵਰਗਾ) ਸਮਝਦਾ ਹੈ, ਪਰ ਕਲਾਵਾਨ ਐਉਂ ਨਹੀਂ ਪਰਖੀਂਦਾ।

ਦੁਲਚਾ—ਸੱਜਣ ਜੀਉ ! ਮੇਰੀ ਤਾਂ ਏਨੀ ਬੇਨਤੀ ਹੈ, ਕੋਈ ਸਿਆਣਾ ਸਰੀਰ ਬਾਪੋ ਜੋ ਬਚਪਨ ਦੇ ਦਿਹਾੜੇ ਸਤਿਗੁਰ ਦੇ ਓਹ ਕਾਜ ਸੰਭਾਲੇ ਤੇ ਐਸੀ ਰਵਸ਼ ਰੱਖੇ ਜੋ ਪਾਤਸ਼ਾਹ ਦਾ ਗੁੱਸਾ ਸ਼ਮਨ ਹੋ ਜਾਏ ਤੇ ਸਾਰੇ ਬਚੇ ਰਹੀਏ।

ਹਰਦਿੱਤਾ ਜੀ—ਓ ਸੱਜਣਾ ! ਤੂੰ ਕਿੱਥੇ ? ਸਰੋਵਰ ਵਿਚ ਰਹਿਕੇ ਕਮਲ ਦੀ ਸਾਰ ਨਹੀਂ ਪਾਈ। ਮੈਂ ਦਾਸ ਹਾਂ, ਪਰ ਸਤਿਗੁਰ ਦੇ ਲਾਡ ਵਿਚ, ਫਖਰ ਵਿਚ ਤੇ ਨਖਰੇ ਨਾਲ ਆਖਦਾ ਹਾਂ—ਔਰੰਗਾ ਖਪ ਖਪ ਮਰੇਗਾ, ਗੁਰੂ ਘਰ ਅਡੋਲ ਰਹੇਗਾ। ਜੋ ਗੁਰੂ ਕਰੇਗਾ ਸੋ ਠੀਕ ਨਿਕਲੇਗਾ, ਚਾਹੇ ਕਦੋਂ ਨਿਕਲੇ। ਬਾਕੀ ਰਿਹਾ ਪ੍ਰਬੰਧ ਮਾਮਾ ਕ੍ਰਿਪਾਲ ਚੰਦ ਜੀ ਤੋਂ ਵੱਧ ਕੌਣ ਸਿਆਣਾ ਹੈ ? ਸਾਰਾ ਰਾਜ ਕਾਜ ਸੰਭਾਲੀ ਬੈਠੇ ਹਨ, ਸਾਰਾ ਪ੍ਰਬੰਧ ਸੁਹਣਾ ਟੁਰ ਰਿਹਾ ਹੈ। ਦੋਵੇਂ ਮਾਤਾ ਜੀ, ਮਾਤਾ ਨਾਨਕੀ (ਦਾਦੀ ਜੀ) ਤੇ ਮਾਤਾ ਗੁਜਰੀ (ਮਾਂ) ਜੀ ਆਪ ਦਾਨੇ ਹਨ, ਸਭ ਤਰ੍ਹਾਂ ਰੱਖਿਆ, ਸੰਭਾਲ ਕਰ ਰਹੇ ਹਨ। ਸਾਰੇ ਮਰਮੀ ਹਨ, ਮਹਿਰਮ ਹਨ। ਇਹ ਵੇਖ ਲੈ ਕਿ ਮਾਮਾ ਬੀ ਤੇ ਮਾਵਾਂ ਬੀ ਉਸ ਤੇਰੇ ਦੱਸੇ ਬੱਚੇ ਦਾ ਸਭ ਕੁਛ ਸੁਆਰਦੇ ਤੇ ਉਸਦੇ ਹਾਸੇ ਖੇਡੇ ਮੂੰਹੋਂ ਨਿਕਲੇ ਬਚਨਾਂ ਤੇ ਪਹਿਰਾ ਦੇਂਦੇ ਹਨ। ਜ਼ਰੂਰੀ ਤੋਂ ਜ਼ਰੂਰੀ ਮਾਮਲੇ ਵਿਚ ਜੋ ਉਸ ਰੱਬ ਦੇ ਬਾਲਕੇ ਦੇ ਮੂੰਹੋਂ ਨਿਕਲ ਜਾਂਦਾ ਹੈ 'ਇੰਞ ਕਰੋ' ਤਾਂ ਸਾਰੇ ਉਹੋ ਕੁਛ ਕਰਦੇ ਹਨ। ਉਹ ਜਾਣਦੇ ਹਨ ਕਿ ਇਸ ਕਿਸ਼ੋਰ ਅਵਸਥਾ ਦੇ ਸਰੀਰ ਵਿਚ ਜੋਤਿ ਤਾਂ ਗੁਰੂ ਨਾਨਕ ਦੀ ਹੈ ਨਾ। ਓਹ ਸਰੀਰ ਵਲ ਨਹੀਂ, ਪਰ ਜੋਤਿ ਵਲ ਤੱਕਦੇ ਹਨ। ਜੋਤਿ ਵਲ ਤਕ ਮਿੱਤ੍ਰਾ (ਕੁਛ ਸੁਣਕੇ ਤੇ ਕੰਨ ਲਾਕੇ) ਹੈਂ ! ਔਹ ਕੀ ਸੱਦ ਹੈ... ? ਹਾਂ, ਤੱਕ ਵਿਰੇਸ ਨਿੱਕੀ ਹੈ, ਠੀਕ ! ਪਰ ਦੇਖ ਅੰਮ੍ਰਿਤ ਵੇਲੇ ਪਿਤਾ ਪਿਤਾਮਾ ਵਾਂਙੂ ਉੱਠ ਬੈਠਦੇ ਹਨ, ਸਮੇਂ ਸਿਰ ਦੀਵਾਨ ਵਿਚ ਔਪੜਦੇ ਹਨ, ਸੰਗਤਾਂ ਨਾਲ ਮਿੱਠੇ ਮਿੱਠੇ ਵਾਕ ਕਰਕੇ ਠੰਢ ਪਾ ਜਾਂਦੇ ਹਨ। ਕਿਤੇ ਹੋਣ, ਕਿਸੇ ਰੰਗ ਹੋਣ, ਰਹੁਰਾਸ ਵੇਲੇ ਔਪੜ ਜਾਂਦੇ ਹਨ। ਸਤਿਗੁਰ ਨਾਨਕ ਦੇਵ ਜੀ ਦੀ ਬਾਲ ਵਰੇਸ ਵਾਂਙੂ ਇਲਾਹੀ ਖਿੱਚਾਂ ਖਾਂਦੇ ਹਨ, ਸੱਦੜੇ ਦੇਂਦੇ, ਰੱਬੀ ਕੂਕਾਂ ਕੂਕ ਉਠਦੇ ਹਨ, ਨੈਣ ਜੋੜ ਇਲਾਹੀ ਰੰਗ ਮਗਨਾਰ ਹੋ ਹੋ ਜਾਂਦੇ ਹਨ: ਹੈਂ...(ਤ੍ਰਬਕ ਕੇ) ਫੇਰ ਓਹੋ, ਬਈ ਧਿਆਨ ਕਰੋ, ਔਹ ਤੱਕੋ ਇਲਾਹੀ ਸੱਦੜਾ ਸੁਣੋ ! ਔਹ ਦੇਖੋ ਕਿਸ਼ੋਰ ਗੁਰੂ ਜੀ ਦੀ ਧੁਨਿ ਆ ਰਹੀ ਹੈ-

ਸਭਿ ਸੰਜਮ ਰਹੇ ਸਿਆਣਪਾ॥ ਮੇਰਾ ਪ੍ਰਭੁ
ਸਭੁ ਕਿਛੁ ਜਾਣਦਾ॥ ਪ੍ਰਗਟ ਪ੍ਰਤਾਪੁ ਵਰਤਾਇਓ
ਸਭੁ ਲੋਕੁ ਕਰੈ ਜੈਕਾਰੁ ਜੀਉ॥੧੭॥

ਫੇਰ ਚੁਪ ਹੋ ਗਈ। ਫੇਰ ਸੱਦ ਉਠੀ:-

ਮੇਰੇ ਗੁਣ ਅਵਗਨ ਨ ਬੀਚਾਰਿਆ॥ ਪ੍ਰਭਿ
ਅਪਨਾ ਬਿਰਦੁ ਸਮਾਰਿਆ॥ ਕੰਠਿ ਲਾਇਕੈ
ਰਖਿਓਨੁ ਲਗੈ ਨ ਤਤੀ ਵਾਉ ਜੀਉ॥੧੮॥

ਫੇਰ ਚੁਪਚਾਪ ਹੋ ਗਈ, ਫੇਰ ਸੱਦ ਉਠੀ ਤੇ ਨੇੜੇ ਹੋ ਗਈ—

ਤੇਰੀਆਂ ਸਦਾ ਸਦਾ ਚੰਗਿਆਈਆਂ॥ ਮੈ ਰਾਤਿ
ਦਿਹੈ ਵਡਿਆਈਆਂ॥ ਅਣਮੰਗਿਆ ਦਾਨੁ ਦੇਵਣਾ
ਕਹੁ ਨਾਨਕ ਸਚੁ ਸਮਾਲਿਜੀਉ॥੨੪॥

(ਸ੍ਰੀ ਰਾ: ਮ: ੧)

ਇੰਨੇ ਨੂੰ ਸਾਂਈਂ ਦੇ ਰੰਗ ਰੱਤੀ, ਮਿੱਠੇ ਮਿੱਠੇ ਪਿਆਰ ਵਿਚ ਭਰੀ, ਸ਼ੁਕਰ ਸ਼ੁਕਰ ਦਾ ਮੀਂਹ ਵਸਾਉਂਦੀ ਕਿਸ਼ੋਰ ਗੁਰੂ ਜੀ ਦੀ ਮੂਰਤੀ ਆ ਖੜੀ ਹੋਈ। 'ਤੇਰੀਆਂ ਸਦਾ ਸਦਾ ਚੰਗਿਆਈਆਂ' ਦੀ ਧੁਨਿ ਬਾਰ ਬਾਰ ਨਿੱਕੀ ਨਿੱਕੀ, ਮਿੱਠੀ ਮਿੱਠੀ ਧੁਨਿ ਵਿਚ ਅਲਾਪੀ ਜਾ ਰਹੀ ਹੈ, ਨੈਣ ਅਕਾਸ਼ਾਂ ਵਲ ਖਿੱਚ ਰਹੇ ਹਨ।

ਸਾਰੇ ਸਰੀਰਾਂ ਨ ਉਠਕੇ ਨਮਸਕਾਰ ਕੀਤੀ, ਉਸ ਬਾਲ ਵਰੇਸ—ਕਿਸ਼ੋਰ ਅਵਸਥਾ—ਸਾਂਈਂ ਦੇ ਲਾਡਲੇ ਦੇ ਮੂੰਹੋਂ ਧੁਨਕਾਰ ਉੱਠੀ-

ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ !

ਸਾਰਿਆਂ ਦੀਆਂ ਨਜ਼ਰਾਂ ਸੁਰ ਹੋਏ ਸਾਜ਼ ਵਾਂਙੂ 'ਧੰਨ ਗੁਰੂ ਨਾਨਕ' ਦੇ ਸੰਗੀਤ ਵਿਚ ਥਰਰਾ ਉੱਠੀਆਂ।

ਅਧੀ ਘੜੀ ਇਹੋ ਕੀਰਤਨ, ਇਹੋ ਇਲਾਹੀ ਰੰਗ ਦਾ ਨਾਦ ਬੱਝਾ ਰਿਹਾ, ਨੈਣ ਮੁੰਦ ਗਏ ਤੇ ਇਸੇ ਰਸ ਮਗਨ ਹੋ ਗਏ, ਮਾਨੋਂ ਸਤਿਗੁਰ ਨਾਨਕ ਅਰਸਾਂ ਵਿਚ ਖੜੇ ਹਨ ਅਰ ਮਿਹਰਾਂ ਦਾ ਮੀਂਹ ਵਸਾ ਰਹੇ ਹਨ ਤੇ ਇਹ ਸਾਰੇ ਉਸ ਨਾਲ ਨਿਹਾਲ ਹੋ ਰਹੇ ਹਨ। ਇਸੇ ਰੰਗ ਨੈਣ ਮੁੰਦ ਗਏ, ਧਿਆਨ ਮਗਨਾਰ ਹੁੰਦੇ ਗਏ...। ਜਦ ਨੈਣ ਖੁੱਲ੍ਹੇ ਤਾਂ ਠੰਢਾ ਸੁਆਦ ਵਰਤ ਰਿਹਾ ਸੀ, ਹਾਂ ਦੁਲਚੇ ਵਰਗੇ ਪੱਕੇ ਦੁਨੀਆਂਦਾਰ ਬਣਿਕ ਬ੍ਰਿਤੀ ਵਾਲੇ ਨੇ ਬੀ ਇਕ ਵਾਰ ਤਾਂ ਰੂਹ ਦੇ ਟਿਕਾਉ ਦਾ ਠੌਂਕਾ ਲੈ ਲੀਤਾ, ਪਰੰਤੂ ਹੁਣ ਉਹ ਮੋਹਿਨੀ ਕਿਸ਼ੋਰ ਮੂਰਤੀ ਗੁੰਮ ਹੋ ਚੁਕੀ ਸੀ, ਪਤਾ ਨਹੀਂ ਪਉਣ ਵਿਚ ਵਿਆਪੀ ਲਪਟ ਵਾਂਙੂ ਕਿਧਰ ਉਡਾਰ ਹੋ ਗਈ ਸੀ।

ਭਾਈ ਹਰਦਿੱਤਾ ਜੀ ਦੇ ਰਮੀਏ ਗਲੇ ਦੀ ਸੁਰ ਨੇ ਹੁਣ ਇਕ ਗਮਕਾਰ ਖਾਧਾ ਤੇ ਇਕ ਡਾਢੀ ਮਿੱਠੀ ਤੇ ਕੰਪਵੀਂ ਸੁਰ ਵਿਚ ਇਹ ਕੀਰਤਨ ਉਚਾਰ ਹੋਯਾ:--

ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥ ੧੭॥ ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥ ਨਿਹਤੇ ਪੰਜਿ ਜੁਆਨ ਮੈਂ ਗੁਰ ਥਾਪੀ ਦਿਤੀ ਕੰਡਿ ਜੀਉ॥ ੧੮॥ ਸਭ ਇਕਠੇ ਹੋਇ ਆਇਆ॥ ਘਰਿ ਜਾਸਨਿ ਵਾਟ ਵਟਾਇਆ॥ ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥ ੧੯॥ ਤੂੰ ਵਰਨਾ ਚਿਹਨਾ ਬਾਹਰਾ॥ ਹਰਿ ਦਿਸਹਿ ਹਾਜਰ ਜਾਹਰਾ॥ ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ॥ ੨੦॥ ਮੈ ਜੁਗਿ ਜੁਗਿ ਦਯੈ ਸੇਵੜੀ॥ ਗੁਰ ਕਟੀ ਮਿਹਡੀ ਜੇਵੜੀ। ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ॥ ੨੧॥

(ਸਿਰੀ ਰਾਗੁ ਮ: ੫)

੨.

**ਹਿੰਦੁਸਤਾਨ** ਸਦੀਆਂ ਦੀ ਮਾਰ ਖਾਂਦਾ ਅਪਣੀ ਸੁਰਤ ਵੀ ਗੁਆ ਬੈਠਾ ਸੀ, ਪੱਛਮੋਤ੍ਰੋਂ ਜੋ ਜਰਵਾਣਾ ਆਇਆ ਜ਼ੁਲਮ ਤੇ ਸਖਤੀਆਂ ਕਰਕੇ ਮਾਲਕ ਬਣ ਬੈਠਾ। ਸਮਾਂ ਪਾ ਕੇ ਉਹ ਨਿਤਾਣਾ ਹੋ ਗਿਆ, ਹੋਰ ਬਿਦੇਸ਼ੀ ਆਇਆ, ਉਹ ਮਾਲਕ ਬਣ ਬੈਠਾ। ਦੇਸ਼ ਵਾਸੀਆਂ ਨੂੰ ਜਿਨ੍ਹਾਂ ਦੇ ਘਰ ਬਾਰ ਭੂਈਂ, ਮਾਲ, ਮਿਲਖ ਇਥੇ: ਜਿਨ੍ਹਾਂ ਦੇ ਖੂਨ ਇਥੋਂ ਦੀ ਮਿੱਟੀ ਦੇ ਬਣੇ, ਜਿਨ੍ਹਾਂ ਦੇ ਬਜ਼ੁਰਗਾਂ ਦੀਆਂ ਯਾਦਗਾਰਾਂ ਇਸ ਮੰਡਲ ਵਿਚ ਗੂੰਜ ਰਹੀਆਂ, ਜਿਨ੍ਹਾਂ ਦੇ ਧਰਮ ਮੰਦਰ, ਪਿਆਰ ਮੰਦਰ ਪਵਿੱਤ੍ਰ ਥਾਨ ਇਥੇ, ਜਿਨਾਂ ਦੇ ਦਿਮਾਗ ਨੇ ਇਹ ਥਾਂ ਧਰਤੀ ਵਿਚੋਂ ਉੱਚਾ ਸੁੱਚਾ--ਭਾਰਤ ਵਰਸ਼--ਮੰਨ ਰੱਖਜਾ ਸੀ, ਜਿਨ੍ਹਾਂ ਨੇ ਫ਼ਿਲੂਸਫ਼ਾ ਦੇ ਭੇਤ ਖੋਲ੍ਹ ਲਏ ਸਨ ਉਨ੍ਹਾਂ ਨੂੰ ਐਉਂ ਆ ਕੇ ਵਹਿਸ਼ੀ ਤਾਕਤ ਨਾਲ ਕੁੱਟਿਆ ਕਿ ਜਿਵੇਂ ਰੂੰ ਪਿੰਜੀਦੀ ਹੈ। ਦੇਸ਼ ਵਾਸੀ ਨਿੱਤ ਮਾਰਾਂ ਖਾਂਦੇ, ਦੁਬੇਲ ਹੁੰਦੇ ਐਉਂ ਫੁਟੇ ਸਨ ਕਿ ਜੋ ਜਰਵਾਨਾ ਆਇਆ ਉਸ ਦੇ ਗੋਲੇ ਬਣ ਗਏ; ਉਸੇ ਦਾ ਵੇਸ ਧਾਰ ਲਿਆ, ਉਸੇ ਦੀ ਰਹਿਤੇ ਬਹਿਤੇ ਹੋ ਗਏ। ਜੋ ਉਹ ਹਲਾਲ ਖਾਂਦਾ ਹੈ ਤਾਂ ਇਨ੍ਹਾਂ ਝਟਕਾ ਛੱਡ ਦਿੱਤਾ, ਜੇ ਉਹ 'ਵੀਰ ਸ਼ੁਕਰ' ਨੂੰ ਮਨਾਉਂਦਾ ਹੈ ਤਾਂ ਇਹ ਵੀ ਵੀਰ ਸ਼ੁਕਰ ਨੂੰ ਸ਼ਰੀਣੀਆਂ ਵੰਡ ਤੁਰੇ। ਜੇ ਉਹ ਰੋਜ਼ੇ ਰਖਕੇ ਸਿਹਰਗੀ ਖਾਂਦਾ ਹੈ ਤਾਂ ਇਹ ਬੀ ਆਪਣੇ ਵਰਤਾਂ ਦੀਆਂ ਸਿਹਰਗੀਆਂ ਖਾਣ ਲੱਗੇ। ਜਦ ਪੁਰਾਣਾਂ ਜ਼ਾਲਮ ਮਰਿਆ, ਨਵਾਂ ਆਇਆ ਤਾਂ ਮੁਹਰਾਂ ਦੇ ਥਾਲ ਲੈ ਮਿਲੇ, ਚਰਨ ਫੜ ਲਏ ਤੇ ਚਾਕਰੀ ਮੰਗੀ। ਦੇਸ਼ ਕੀ ਹੈ, ਦੇਸ਼ ਦਾ ਕੀ ਕਰਨਾ ਹੈ, ਅਣਖ ਆਨ, ਇੱਜ਼ਤ ਦੀ ਮੌਤ ਕੋਈ ਸ਼ੈ ਹੈ, ਕੋਈ ਨਹੀਂ ਸੀ ਵੀਚਾਰਦਾ, ਸਭ ਭਾਵ ਮੁੱਕ ਚੁਕੇ ਸਨ। ਰਾਜੇ ਰਾਣੇ, ਗਰਦਨ ਫਿਰਾਜ਼ ਰਾਜਪੂਤ ਤੇ ਭੂਪਤਿ ਧੀਆਂ ਦੇ ਡੋਲੇ ਲੈ ਮਿਲੇ, ਗ਼ੈਰਤ ਗ਼ਰਦ ਵਿਚ ਮਿਟ ਚੁਕੀ ਸੀ। ਹਿੰਦੀ ਯਾ ਹਿੰਦੂ, ਜਿਨ੍ਹਾਂ ਦਾ ਇਹ ਦੇਸ਼ ਸਦੀਆਂ ਤੋਂ ਵਤਨ ਸੀ, ਇਕ ਮੁਰਦਿਆਂ ਦੀ ਗਿਣਤੀ ਦਾ ਢੇਰ, ਬਨ ਵਿਚੋਂ ਕੱਟੇ ਪਏ ਮੋਹੜਿਆਂ ਵਾਂਙੂ ਪਿਆ ਸੀ:--

ਕਈ ਢੇਰ ਲੱਗੇ ਲੱਕੜੀ, ਨਾ ਤੁੱਲ ਸਕਦੇ ਤੱਕੜੀ,
ਜਿਉਂ ਸੈਲ ਪਏ ਮੁਰਦੇ, ਜਿੰਦ-ਨਿਘ ਨਹੀਂ ਰਾਈ।

ਹਾਂ, 'ਸਤਿਗੁਰ' ਬਿਜਲੀ ਆਕੇ ਕੜਕ ਪਈ:-
ਆ ਕੜਕ ਪਈ ਬਿਜਲੀ, ਛੁਹ ਲੱਗ ਗਈ ਰੰਗਲੀ,
ਭਾ ਚਮਕ ਪਈ ਨੂਰੀ, ਬਲ ਜਿੰਦ ਉਠ ਸ੍ਵਾਈ!

ਹਾਂ, 'ਸਤਿਗੁਰ ਜੋਤੀ' ਇਸ 'ਆਰਯਾਵਰਤ' ਇਸ ਭਾਰਤ ਵਰਸ਼ ਵਿਚ ਆ ਚਮਕੀ, ਜਿਸ ਨੇ ਮੁਰਦਿਹਾਨ ਤੇ ਸੜ੍ਹਾਂਦ ਵਿਚ ਅੱਗ ਦਾ ਭਬਾਕਾ ਲਾ

ਦਿੱਤਾ। ਦਿਲਾਂ ਉਤੇ ਹਨੇਰਾ ਛਾ ਰਿਹਾ ਸੀ, ਕੋਈ ਰਾਹ ਨਹੀਂ ਸੀ। ਦੁੱਖ ਬੀ ਗ਼ੁਲਾਮੀ ਦਾ ਸੀ, ਹਾਵੇ ਗ਼ੁਲਾਮੀ ਦੇ ਭਰਦੇ ਮਨ, ਦੁੱਖਾਂ ਨੂੰ ਦੁਖ ਤਾਂ ਸਮਝਦੇ ਸਨ, ਪਰ ਇਹ ਅਹਿਸਾਸ (ਪ੍ਰਤੀਤੀ) ਕਿ ਇਹ 'ਦੁੱਖ ਪੀੜਾ' ਗੁਲਾਮੀ ਦੀ ਹੈ, ਖੁਲ੍ਹ ਦੇ ਖੁਹਾ ਬਹਿਣ ਦੀ ਹੈ, ਹਾਂ, ਇਹ ਪ੍ਰਤੀਤੀ ਮਰ ਚੁਕੀ ਸੀ, ਦਿਲਾਂ ਤੇ ਛਾ ਰਿਹਾ ਸੀ ਅੰਧਕਾਰ:--

ਅੰਧਕਾਰ ਅਵਿੱਦਜਾ ਦਾ, ਅੰਧਕਾਰ ਗ਼ੁਲਾਮੀ ਦਾ, ਅੰਧਕਾਰ ਦੁੱਖਾਂ ਦਾ, ਅੰਧਕਾਰ ਖ਼ੁਦਗਰਜ਼ੀ ਦਾ, ਅੰਧਕਾਰ ਪਿੰਜਰੇ ਪਏ ਬਟੇਰਿਆਂ ਦਾ, ਹਾਂ ਖੁਲ੍ਹ ਨੂੰ ਭੁੱਲਕੇ ਪਿੰਜਰੇ ਵਿਚ ਪੈ ਕੇ ਵੀ ਖਾਨਾਂ ਜੰਗੀ ਦਾ ਅੰਧਕਾਰ।

ਹਾਂ, ਰਾਤ ਅੰਨ੍ਹੇਰਾ ਏ, ਜਿਨ ਘੇਰ ਲਈ ਧਰਤੀ,
ਪੈ ਰਹੀ ਉਦਾਸੀ ਏ, ਛਾ ਰਹੀ ਏ ਉਦਰਾਈ।

ਹੁਣ ਗੁਰ ਜੋਤਿ ਵੱਲ ਤੱਕੋ:--

ਬਣ ਸੂਰਜ ਆਏ ਹੋ, 'ਛੁਹ-ਚਾਨਣ' ਲਿਆਏ ਹੋ,
ਇਕ 'ਚਾਨਣ—ਧੱਕਾ ਹੋ, ਆ 'ਨੂਰ—ਚਮਕ' ਲਾਈ।
ਹਾਂ, ਮੌਤ ਮਰਾਈ ਜੇ, ਜਿੰਦ ਨੂਰ ਵਸਾਇਆ ਜੇ,
ਇਕ ਪਲਕ ਨਾ ਲੱਗੀ ਏ, ਹਾਂ, ਇਹੋ ਬਿਰਦ ਸਾਈਂ!

ਹਾਂ ਗੁਰੂ ਤੇਗ ਬਹਾਦਰ ਜੀ ਦਾ ਸਾਕਾ ਮੁਰਦੇ ਖ਼ਿਰਮਨਾਂ ਵਿਚ ਬਿਜਲੀ ਦਾ ਕੜਾਕਾ ਆ ਪਿਆ। ਦਿਲ ਝੰਜੂਣੇ ਗਏ। ਇਕ 'ਚਾਨਣ ਮੁਨਾਰਾ' ਨੀਲੇ ਸਮੁੰਦਰਾਂ ਵਿਚ ਖੜਾ ਹੋ ਕਾਲੇ ਹੋਏ ਅਸਮਾਨਾਂ ਵਿਚ ਚਮਕ ਪਿਆ। ਜਾਨ-ਸਰੀਰ--ਇਕ ਖੇਡਣ ਵਾਸਤੇ ਸ਼ੈ ਹੈ, ਜੋ ਅਸੂਲ ਤੋਂ, ਧਰਮ ਤੋਂ, ਸੱਚ ਤੋਂ ਕੁਰਬਾਨ ਕਰੀਦੀ ਹੈ। ਆਨ, ਬਾਨ, ਸ਼ਾਨ, ਅਸੂਲ ਕਾਇਮ ਰਖੀਦਾ ਹੈ। ਜਿੰਨਾ ਪਵਿੱਤ੍ਰ ਸਰੀਰ, ਜਿੰਨਾ ਵਧੀਕ ਪਵਿੱਤ੍ਰ-ਮਨ, ਉਨ੍ਹਾਂ ਹੀ ਕੁਰਬਾਨੀ ਦਾ ਡੂੰਘਾ ਅਸਰ। ਹਾਂ, ਸਾਰੇ ਦੇਸ਼ ਵਿਚ ਜਾਗ੍ਰਤ ਦਾ ਨੂਰ ਲਾ ਕੇ ਸਿੱਖੀ ਮੰਡਲ ਵਿਚ ਅਲਾਂਬਾ—ਨੂਰ ਦਾ ਅਲਾਂਬਾ, ਅੱਗੇ ਬਲ ਰਹੇ ਅਲਾਂਬੇ ਨੂੰ ਦਹਚੰਦ ਲਾਉਣ ਦਾ ਅਲਾਂਬਾ—ਬਾਲ ਗਏ। ਆਪ ਦਾ ਸੀਸ ਇਕ ਸਿੱਖ ਦਿੱਲੀ ਤੋਂ ਲੈ ਕੇ ਅਨੰਦਪੁਰ ਅਪੜਾਉਂਦਾ ਹੈ। ਦਿੱਲੀ ਰਾਜਧਾਨੀ ਹੈ, ਔਰੰਗੇ ਵਰਗਾ ਜ਼ਬਰਦਸਤ ਪਾਤਸ਼ਾਹ ਆਪ ਬੈਠਾ ਹੈ। ਓਸ ਦੇ ਤਪ ਤੇਜ, ਜ਼ੁਲਮ ਤੋਂ ਪੱਥਰ ਬੀ ਕੰਬ ਰਹੇ ਹਨ, ਰਾਜੇ ਰਾਣੇ ਭੇਡਾਂ ਵਾਂਙੂ ਸਿਰ ਸੱਟੀ ਪਏ ਹਨ। ਉਸ ਦੇ ਭੈ ਤੋਂ ਅਭੈ ਹੋ ਕੇ ਸਰੇ ਬਾਜ਼ਾਰ ਦਿੱਲੀ ਦੇ ਚਾਂਦਨੀ ਚੌਂਕ ਵਿਚੋਂ ਸੀਸ ਚਾ ਕੇ ਇਕ ਸਿੱਖ ਅਨੰਦਪੁਰ ਅਪੜਾਉਣ ਦਾ ਹੀਆ ਕਰਦਾ ਹੈ। ਇਹ ਸੀ ਜਾਨ, ਜੋ ਗੁਰ ਜਯੋਤੀ ਭਰ ਰਹੀ ਸੀ, ਇਹ ਸੀ ਆਪੇ ਉਤੋਂ ਖੇਡ ਜਾਣ ਦਾ ਮਾਦਾ ਜੋ ਦਿਲਾਂ ਵਿਚ ਭਰਿਆ ਜਾ ਰਿਹਾ ਸੀ। ਜੋ ਮਰ ਮਿੱਟੀ ਪਰਜਾ ਵਿਚੋਂ ਦਿੱਲੀਓਂ ਸੀਸ ਲੈ ਟੁਰਦਾ ਹੈ, ਅਰ ਸਾਰਾ ਰਾਹ ਟੁਰਕੇ ਅਨੰਦਪੁਰ ਅਪੜਦਾ ਹੈ ਇਕ ਸਿੱਖ ! ਹੈ ਨਾ ਹੀਆ ! ਹੈ ਨਾ ਹਿੰਮਤ ! ਹੈ ਨਾ ਪਿਆਰ ਤੇ ਆਨ ! ਗੈਰਤ ਇਸੇ ਦਾ ਨਾਮ ਹੈ। ਇਸ ਇਕ ਆਦਮੀ ਦਾ ਨਿੱਤਰਨਾ ਨਬਜ਼ ਹੈ ਓਸ ਵੇਲੇ ਦੀ ਦਿਲ--ਧਾਪ ਦੀ, ਜੋ ਖੜੋ ਚੁਕੇ ਦਿਲਾਂ ਵਿਚ ਗੁਰ ਜੋਤਿ ਨੇ ਰੁਮਕਾ ਦਿੱਤੀ ਸੀ। ਹਾਂ, ਇਕ ਨਹੀਂ ਦੂਜਾ ਸਿੱਖ ਫੇਰ ਹੀਆ ਕਰਦਾ ਹੈ, ਤੀਆ ਉਸ ਦੇ ਨਾਲ ਰਲਦਾ ਹੈ, ਓਸੇ ਥਾਉਂ ਪਹਿਰਿਆਂ ਦੇ ਵਿਚੋਂ ਪਵਿਤ੍ਰ ਧੜ ਚਾ ਲੈਂਦੇ ਹਨ ਤੇ ਅਪਣੇ ਘਰਾਂ ਵਿਚ ਰੱਖ ਘਰ-ਬਾਰ ਨਾਲ ਫੂਕ ਦਿੰਦੇ ਹਨ। ਇਹ ਹੈ ਹੀਆ, ਦਲੇਰੀ, ਕੁਰਬਾਨੀ, ਖ਼ਤਰੇ ਵਿਚ ਪੈਣ ਦੀ ਨਿਰਭੈਤਾ; ਮਰ ਮਿਟੀਆਂ, ਗ਼ੁਲਾਮੀ ਨਾਲ ਦਬੇਲ ਹੋ ਚੁਕੀਆਂ ਕੌਮਾਂ ਵਿਚ ਜਾਨ ਭਰ ਦੇਣੀ ਬੜਾ ਕਠਨ ਹੁਨਰ ਹੈ, ਪਰ ਸੀਸ ਦੇ ਕੇ ਸਤਿਗੁਰ ਜਯੋਤੀ ਨੇ--ਫਿਰ ਦੂਸਰੀ ਵੇਰ ਸੀਸ ਦੇ ਕੇ--ਅਭੈਤਾ ਦੀ ਵਿਦਿਆ ਸਿਖਾ ਦਿੱਤੀ ਹੈ। ਮਰਨੇ ਤੋਂ ਅਭੈ ਹੋ ਕੇ, ਅੰਦਰਲੇ ਉਚੇ ਜੀਵਨ ਵਿਚ ਜੀਉ ਕੇ ਸੱਚ ਧਰਮ ਪਰ ਸਦਕੇ ਹੋਣ ਲਈ ਸਨਿਆਸ ਧਾਰਨ ਕਰਨਾ ਸਿਖਾ ਦਿੱਤਾ ਹੈ!

ਸੀਸ ਸਸਕਾਰ ਹੋ ਚੁਕਾ ਹੈ ਅਨੰਦਪੁਰ ਵਿਚ। ਦਿੱਲੀ, ਜਿਥੇ ਸਾਕਾ ਵਰਤਿਆ, ਉਥੇ ਉਸੇ ਚਾਂਦਨੀ ਚੌਂਕ ਵਿਚ ਸੀਸ ਗੰਜ ਨਾਮੇ ਗੁਰਦੁਆਰਾ ਖੜਾ ਹੈ। ਇਹ ਮੰਦਿਰ ਪਹਿਲਾਂ ਸਰਦਾਰ ਬਘੇਲ ਸਿੰਘ ਨੇ ਬਨਵਾਇਆ[1] ਸਾਕੇ ਦੇ ਵੇਲੇ ਦੇ ਬੁੱਢੇ ਪੁਰਸ਼ਾਂ ਤੋਂ ਨਿਸ਼ਾਨ ਸਹੀ ਕਰਵਾਕੇ! ਮੁਸਲਮਾਨਾਂ ਨੇ ਫੇਰ ਗੁਰਦੁਆਰਾ ਢਾਹ ਦਿੱਤਾ। ਲਾਗੇ ਮਸੀਤ ਬਣਾਈ, ਪਰ ਫੇਰ ਗ਼ਦਰ ਮਗਰੋਂ ਜੀਂਦ ਦੇ ਰਾਜੇ ਨੇ ਸਰਕਾਰ ਤੋਂ ਥਾਂ ਲੈ ਕੇ ਗੁਰਦੁਆਰਾ ਬਨਾਇਆ[2]। ਇਸ ਸਮੇਂ ਨਵਾਂ ਆਲੀਸ਼ਾਨ ਗੁਰਦੁਆਰਾ ਖਾਲਸੇ ਨੇ ਬਨਾਯਾ ਹੈ।

1. ਸੰਮਤ ੧੮੪੭ ਬਿ: ਵਿਚ।
2. ਸੰਮਤ ੧੯੧੪ ਬਿ: ਰਾਜਾ ਸਰੂਪ ਸਿੰਘ ਵਾਲੀਏ ਜੀਂਦ ਨੇ। ਰਾਜੇ ਨੇ ਜਾਗੀਰ ਵੀ ਨਾਲ ਲਾਈ ਸੀ।

ਰਕਾਬਗੰਜ ਬੀ ਸਰਦਾਰ ਬਘੇਲਸਿੰਘ ਨੇ ਬਨਵਾਯਾ ਸੀ। ਸਰੀਰ ਸਸਕਾਰ ਹੋਣ ਵਾਲੇ ਥਾਂ ਸਰੀਰ ਦੀ ਵਿਭੂਤੀ ਦੱਬੀ ਹੋਈ, ਉਤੇ ਨਿਸ਼ਾਨ ਮਾਤ੍ਰ ਥੜਾ; ਸਸਕਾਰ ਕਰਨ ਵਾਲੇ ਵੀਰਾਂ ਨੇ ਬਣਾ ਛੋੜਿਆ ਸੀ। ੧੭੬੪ ਬਿ: ਦੇ ਲਗਪਗ, ਜਦ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਗਏ, ਤਾਂ ਮੰਜੀ ਸਾਹਿਬ ਬਣਵਾਈ। ਮਗਰੋਂ ੧੮੪੭ ਬਿ: ਵਿਚ ਸ੍ਰਦਾਰ ਬਘੇਲ ਸਿੰਘ ਨੇ ਗੁਰਦਵਾਰਾ ਬਣਾਇਆ ਜੋ ਹੁਣ ਖੜਾ ਹੈ।[1] ਸੀਸ ਦੇ ਸਸਕਾਰ ਦਾ ਗੁਰਦਵਾਰਾ ਆਨੰਦਪੁਰ ਸਾਹਿਬ ਵਿਚ ਹੈ।

ਸਤਿਗੁਰੂ ਜੀ ਦੇ ਟਿਕਾਣੇ ਸ੍ਰੀ ਗੁਰੂ ਜੀ ਦੇ ਪਿਆਰੇ ਪੁਤ੍ਰ ਤੇ ਸਿਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਏ। ਇਸ ਵੇਲੇ ਆਪ ਕਿਸ਼ੋਰ ਅਵਸਥਾ ਵਿਚ ਕਦਮ ਰਖ ਰਹੇ ਸਨ, ਦਸਵਾਂ ਬਰਸ ਸੀ, ਪਰ ਰੂਹ ਪਤਾ ਨਹੀਂ ਕਿਸ ਉਚੇ ਘਰਾਂ ਤੋਂ ਆਈ ਹੈ। ਦਾਨੇ ਲੋਕ ਆਖਦੇ ਹਨ, ਹਾਂ, ਪੂਰਬ, ਪੱਛਮ, ਉੱਤਰ, ਦੱਖਣ ਸਭ ਪਾਸਿਆਂ ਦੇ ਸਿਆਣੇ ਮੰਨਦੇ ਹਨ ਕਿ 'ਕਲਾਵਾਨ' ਪੁਰਖ ਆਮ ਮਨੁੱਖਾਂ ਤੋਂ ਨਿਰਾਲੇ ਹੁੰਦੇ ਹਨ, ਪਰ ਅਰਸ਼ੀ ਜੋਤਿ ਤੋਂ ਆਯਾ ਨੂਰ ਕਲਾਵਾਨ ਤੋਂ ਉੱਚਾ ਪ੍ਰਕਾਸ਼ ਹੁੰਦਾ ਹੈ। ਦੇਖੋ ਸਾਹਿਬਜ਼ਾਦੇ ਜੀ ਦੇ ਦਸ ਹੀ ਵਰ੍ਹੇ ਦੀ ਉਮਰਾ ਦੇ ਕੌਤਕ ਅਚਰਜ ਹਨ। ਨਿਕੇ ਜੇਹੇ ਪਤਲੇ, ਲੰਮੇ ਸਰੀਰ ਵਿਚ ਨਾ ਸਮਾ ਸਕਣ ਵਾਲਾ ਕੋਈ ਆਤਮਪ੍ਰਕਾਸ਼ ਹੈ। ਪਟਣੇ ਦੇ ਹਿੰਦੂ ਮੁਸਲਮਾਨ ਮੰਨ ਚੁਕੇ ਹੁਣ ਆਨੰਦਪੁਰ ਦੇ ਮੰਨਦੇ ਹਨ, ਹਾਂ, ਅੱਜ ਢਾਈ ਸੌ ਵਰ੍ਹਾ ਮਗਰੋਂ (ਇਹ ਲੇਖ ੧੯੨੭ ਈ. ਵਿਚ ਲਿਖਿਆ ਗਯਾ ਸੀ।) ਉਹਨਾਂ ਦੇ ਜੀਵਨ ਪੜ੍ਹ ਪੜ੍ਹ ਕੇ ਜਗਤ ਉਨ੍ਹਾਂ ਦੀ ਸ਼ਕਤੀ ਨੂੰ ਮੰਨਦਾ ਹੈ।

ਨੌਵੇਂ ਸਤਿਗੁਰਾਂ ਦੇ ਸੀਸ ਦਾ ਸਸਕਾਰ ਆਨੰਦਪੁਰ ਹੋ ਚੁਕਾ, ਦਸਤਾਰਬੰਦੀ ਹੋ ਚੁਕੀ ਹੈ। ਜੋ ਜੋ ਆਏ ਪਿਆਰ ਭਰੇ ਨੈਣ ਵਹਾਉਂਦੇ ਆਏ, ਦਿਲ ਪਾੜਪਾੜ ਅੱਗੇ ਧਰਦੇ ਆਏ, ਪਰ ਗੁਰੂ ਜਜੋਤੀ ਵਾਲੇ ਬਾਲਕੇ ਨੇ ਇਹੋ ਆਖਿਆ: "ਤਕੜੇ ਹੋਵੋ, ਓਹ ਤਾਂ ਦੁਸ਼ਟਰਾਜ ਦੇ ਸਿਰ ਠੀਕਰਾ ਫੋੜਕੇ ਅਰਸ਼ਾਂ ਨੂੰ ਗਏ ਤੇ ਦੇਸ਼ ਵਿਚ ਜਾਨ ਭਰ ਗਏ ਹਨ; ਹੁਣ ਤੁਸੀਂ ਸਭ ਤਿਆਰ ਹੋਵੋ। ਹੁਣ ਉਨ੍ਹਾਂ ਦਾ ਸ਼ੋਕ ਨਾ ਕਰੋ, ਸ਼ੁਕਰ ਕਰੋ ਤੇ ਟੁਰੋ ਪੂਰਨਿਆਂ ਤੇ, ਜੋ ਓਹ ਵਾਹ ਗਏ ਹਨ।" ਇਸ ਤਰ੍ਹਾਂ ਸੰਗਤਾਂ ਹੈਰਾਨ ਹਨ, ਪੀੜਤ ਹਨ, ਪਰ ਦਬਕੀਆਂ ਨਹੀਂ, ਕਿਸੇ ਨੂੰ ਭੈ ਨਹੀਂ ਆਇਆ, ਵਹੀਰਾਂ ਬੰਨ੍ਹ ਕੇ ਆਏ ਹਨ; ਖ਼ੁਫ਼ੀਆ ਮੁਖ਼ਬਰਾਂ ਤੋਂ ਚੁਗਲ-ਖੋਰਾਂ ਤੋਂ ਨਹੀਂ ਡਰੇ। ਅਮੀਰ, ਗ਼ਰੀਬ, ਪਤਵੰਤੇ, ਜਗੀਰਦਾਰ ਤੇ ਰਿਆਸਤੀ ਸਭ ਅੱਪੜੇ ਹਨ, ਇਹ ਜਿੰਦੜੀ ਰੁਮਕ ਪਈ ਦੇ ਸਬੂਤ ਹਨ। ਛੇਵੇਂ ਸਤਿਗੁਰ ਨੇ ਸਰੀਰ ਦੀ ਨਿਰਭੈਤਾ ਸਿਖਾਈ ਸੀ: "ਜਦ ਲੋੜ ਪਵੇ, ਭਾਣਾ ਆ ਵਰਤੇ; ਸਰੀਰ ਦੀ ਲੋੜ ਪਵੇ ਤਾਂ ਦੇ ਦਿਓ।" ਦੇਖੋ ਸਿਖਾਂ ਵਿਚ ਅਭੈਤਾ ਕਿਤਨੀ ਹੈ। ਜ਼ਾਲਮ ਤੋਂ ਜ਼ਾਲਮ ਪਾਤਸ਼ਾਹ ਤੋਂ ਬੀ ਅਭੈ ਆਨੰਦਪੁਰ ਆ ਰਹੇ ਹਨ। ਦਸਤਾਰ-ਬੰਦੀ ਹੋ ਚੁਕੀ, ਰੱਬੀ ਬਾਲਕੇ ਨੇ ਗੁਰੁਤਾ ਦਾ ਕੰਮ ਸੰਭਾਲਿਆ; ਗੁਰੁਤਾ ਦਾ ਕੰਮ ਕੀ ਹੈ ? ਪਿਆਰੇ ਵਾਹਿਗੁਰੂ ਦੇ ਪਿਆਰ ਦੀ ਖਿੱਚ ਖਾਂਦੇ ਰਹਿਣਾ; ਸੁਰਤ ਦਾ ਚਰਨਾਂ ਕਮਲਾਂ ਵਿਚ ਖੁਭੇ ਰਹਿਣਾ; ਮਨ ਦੇ ਖੇੜੇ ਤੇ ਚੜ੍ਹਦੀਆਂ ਕਲਾਂ ਵਿਚ ਟਿਕੇ ਰਹਿਣਾ, ਕਿਸੇ ਵੇਲੇ ਚਮਕ ਪੈਣਾ ਤੇ ਇਹ ਛੁਹ ਹੋਰਨਾਂ ਨੂੰ ਲਾ ਦੇਣੀ--ਨੂਰ ਦੀ ਛੁਹ, ਹਨੇਰੇ ਨੂੰ ਅੱਗ ਦੇ ਅਲਾਂਬੇ ਦੀ ਛੁਹ। ਮਾਨੋਂ ਚਮਕਣਾ, ਬਲਣਾ, ਜੀਉਣਾ ਤੇ ਲਕੜਾਂ ਦੇ ਢੇਰ ਨੂੰ ਚਮਕਾਉਣਾ, ਬਾਲਣਾ; ਜਿਵਾ ਦੇਣਾ ਸਭ ਕੌਤਕ ਦਿਖਾਲਦੇ ਤੇ ਸਿਖਾਲਦੇ ਹਨ। ਹਾਂ, ਜਗਤ ਦੇਖਦਾ ਹੈ ਕਿ ਕਿਸ਼ੋਰ ਗੁਰੂ ਜੀ ਕਦੇ ਤਾਂ ਡੁਲ੍ਹ ਡੁਲ੍ਹ ਪੈ ਰਹੇ ਹਨ, ਕਦੇ ਕਿਸੇ ਗੁਰਸ਼ਬਦ ਦੀ ਇਲਾਹੀ ਸੱਦ ਐਉਂ ਗਲੇ ਤੋਂ ਉਠਦੀ ਹੈ ਕਿ ਸੁਣਨ ਵਾਲੇ ਦ੍ਰਵ ਦ੍ਰਵ ਕੇ ਨੀਰ ਨੈਣਾਂ ਵਿਚ ਠੱਲ੍ਹ ਨਹੀਂ ਸਕਦੇ। ਦੂਜੇ ਪਾਸੇ ਘੋੜੇ ਦੀ ਸਵਾਰੀ, ਤੀਰ ਚਲਾਉਣ ਦੀ ਵਰਜ਼ਿਸ਼ ਹੁੰਦੀ ਹੈ। ਤ੍ਰਿਖਾ ਰੁਖ਼ ਜੰਗੀ ਸਾਮਾਨਾਂ ਵੱਲ ਹੈ। ਇਧਰ ਮਾਮਾ ਕ੍ਰਿਪਾਲ ਚੰਦ ਜੀ ਸਾਰਾ ਪ੍ਰਬੰਧ ਸਮ੍ਹਾਲਦੇ ਹਨ, ਜੋ ਕਿਸੇ ਦਾਨੇ, ਨੇਕ, ਰੱਬ ਦੇ ਭੈ ਵਾਲੇ ਦਾ ਕੰਮ ਹੈ ਸੋ ਸਾਰਾ ਨਿਭਾਂਵਦੇ ਹਨ। ਹੋਰ ਪਿਆਰੇ ਸਤਿਗੁਰਾਂ ਦੇ ਵੇਲੇ ਦੇ ਕਾਰਦਾਰ ਉਸੇ ਤਰ੍ਹਾਂ ਸੇਵਾ; ਕੰਮ ਕਾਜ ਕਰਦੇ ਹਨ। ਹੁਣ ਮਾਤਾ ਜੀ ਤੇ ਮਾਮਾ ਜੀ ਦੇ ਮਸ਼ਵਰੇ ਨਾਲ ਗੁਰਗਦੀ ਤੇ ਬਿਰਾਜਣ ਦਾ ਦਿਨ ਫੱਗਣ ਦੇ ਪਹਿਲੇ ਪੱਖ ਦੀ ਪੰਚਮੀ ਮੁਕੱਰਰ ਹੋਯਾ ਸੀ[1]। ਦੇਸ਼ ਦੇਸ਼ ਸੰਦੇਸੇ ਅੱਪੜ ਗਏ ਕਿ ਗੁਰ ਨਾਨਕ ਗਾਦੀ ਦੇ ਦਸਮੇਂ ਜਾਮੇਂ ਨੇ ਹੁਣ ਗੁਰ ਜਜੋਤੀ ਦਾ ਨੂਰ ਚਮਕਾਉਣਾ ਹੈ ਟਿੱਕੇ ਦਾ ਦਿਨ ਫਗਣ ਦੀ ਪੰਚਮੀ ਹੈ।

ਦਿਨ ਨੇੜੇ ਆ ਰਿਹਾ ਹੈ; ਸੰਗਤਾਂ ਦੂਰ ਦੂਰ ਤੋਂ ਆ ਰਹੀਆਂ ਹਨ। ਭਾਈ ਬੁੱਢਾ ਜੀ ਦਾ ਪਰਵਾਰ

1. ਦੇਖੋ ਪੰਨਾ ੬੮ ਦਾ ਫੁਟ ਨੋਟ

1. ਖਾਲਸਾ ਤਵਾਰੀਖ ਵਾਲੇ ਵੈਸਾਖੀ ਦਾ ਦਿਨ ਲਿਖਦੇ ਹਨ।

ਕੇ ਦੰਡੌਤ ਕੀਤੀ, ਫੇਰ ਸੰਗਤ ਵਲ ਮੂੰਹ ਕਰ ਕੇ ਅਵਾਜ਼ਾ ਦਿੱਤਾ :-

ਸੱਚਾ ਪਾਤਸ਼ਾਹ, ਦਸਵਾਂ ਗੁਰੂ, ਹਾਜ਼ਰਾ ਹਜ਼ੂਰ,
ਜ਼ਾਹਰਾ ਜ਼ਹੂਰ ਜਰਮਗ ਜੋਤਿ,
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ !

ਇਸ ਵੇਲੇ ਫੇਰ ਸ਼ਦਿਯਾਨੇ ਵੱਜੇ ਤੇ ਜੈ ਜੈ ਕਾਰ ਨਾਲ ਅਕਾਸ਼ ਗੂੰਜ ਉਠਿਆ। ਇਹ ਮਰਿਯਾਦਾ ਪੰਜ ਪੈਸੇ ਨਲੀਏਰ ਅੱਗੇ ਧਰ ਪ੍ਰਕਰਮਾਂ ਕਰ ਮੱਥਾ ਟੇਕ ਕੇ ਗੁਰਿਆਈ ਦੇਣ ਦੀ ਆਦਿ ਪਾਤਸ਼ਾਹੀ ਤੋਂ ਅੱਜ ਤੱਕ ਜਾਰੀ ਸੀ। ਜੋ ਸਤਿਗੁਰ ਆਪ ਕਰਦੇ ਸੇ। ਉਹ ਸਤਿਗੁਰ ਦੀ ਆਗਜਾ ਵਿਚ ਭਾਈ ਬੁੱਢੇ ਕਿਆਂ ਨੇ ਕੀਤੀ! ਮੱਥੇ ਤੇ ਤਿਲਕ ਦੇਣਾ ਇਹ ਮਰਿਯਾਦਾ 'ਆਦਿ ਸਤਿਗੁਰਾਂ ਦੇ ਗੁਰੂ ਅੰਗਦ ਦੇਵ ਜੀ ਨੂੰ ਗਦੀ ਦੇਣ ਦੇ ਸਮੇਂ ਤੋਂ ਅਜ ਤਕ ਭਾਈ ਬੁੱਢਾ ਤੇ ਉਹਨਾਂ ਦੀ ਵੰਸ਼ ਦਾ ਮੁਖੀਆ ਕਰਦਾ ਆਇਆ ਸੀ, ਤਿਵੇਂ ਅਜ ਹੋਈ। ਤਿਲਕ ਤੇ ਗੁਰਿਆਈ ਮਿਲ ਚੁਕਣ ਮਗਰੋਂ ਦੀ ਮਰਿਯਾਦਾ ਦਸਤਾਰ ਤੇ ਨਜ਼ਰਾਂ ਦੀ ਹੁੰਦੀ ਸੀ ਜੋ ਸਭ ਤੋਂ ਮੁਹਰੇ ਭਾਈ ਬੁੱਢੇ ਕੇ ਕਰਦੇ ਸਨ, ਉਸ ਮੂਜਬ :

ਕੋਰ ਦਾਰ ਚਹੂੰ ਓਰਨ ਚੀਰੇ। ਜਰੇ ਬਿਕੀਮਤ ਜਿਸ ਮਹਿ ਹੀਰੇ॥੨॥ ਜ਼ਬਰ ਜ਼ੇਬ ਜੁਤਿ ਜਗਮਗ ਕਾਰੀ। ਜਿਗਾ ਦਈ ਸਿਰ ਬੰਧਿ ਉਦਾਰੀ। ਜੜੇ ਜਵਾਹਰ ਜਾਗਤਿ ਜੋਤੀ। ਉੱਜਲ ਗੋਲ ਪੋਇ ਖਿਚ ਮੋਤੀ॥੩॥ ਕਲਗੀ ਚਾਰ ਉਤੰਗਹਿ ਕਰੀ। ਸਤਿਗੁਰ ਸੀਸ ਧਰੀ ਬਿਧਿ ਖਰੀ। ਬਹੁ ਮੋਲਾ ਇਕ ਦੀਨਸਿ ਬਾਜ਼। ਕਰ ਬਿਠਾਇ ਦੇਖਯੋ ਮਹਾਰਾਜ॥੪॥ (ਸੂ: ਪ੍ਰ: ਰੁਤ: ੧ ਅੰਸ਼ੂ ੬)

ਇਕ ਕਲਗੀ ਤੇ ਜਿਗਾ ਹੀਰਿਆਂ ਪੰਨਿਆਂ ਦੀ ਜੜਤ ਵਾਲੀ, ਇਕ ਦਸਤਾਰ ਸਮੇਤ ਪੇਸ਼ ਕੀਤੀ ਤੇ ਸੀਸ ਤੇ ਤ੍ਰੈਏ ਸ਼ੈਆਂ ਸਜਾ ਦਿੱਤੀਆਂ। ਇਕ ਦੁਸ਼ਾਲਾ, ਮੋਤੀਆਂ ਦੀ ਮਾਲਾ, ਇਕ ਕਮਾਨ, ਇਕ ਤਲਵਾਰ ਇਕ ਚਾਂਦੀ ਦੇ ਸਾਜ਼ ਦਾ ਘੋੜਾ, ਇਕ ਬਾਜ਼, ਪੰਜ ਮੁਹਰਾ ਅਰਪਨ ਕੀਤੀਆਂ[1]।

ਔਰੰਗਜ਼ੇਬ ਨੌਵੇਂ ਸਤਿਗੁਰਾਂ ਨੂੰ ਕਤਲ ਕਰਦਾ ਹੈ ਕਿ ਮੇਰਾ ਭੈ ਬੈਠੇ, ਲੋਕੀ ਡਰਨ ਤੇ ਜ਼ਬਰਦਸਤੀ ਮੁਲਕ ਮੁਸਲਮਾਨ ਕਰ ਲਵਾਂ, ਜੇ ਮੈਂ ਗੁਰੂ ਤੇਗ ਬਹਾਦਰ ਨੂੰ ਮਾਰ ਲਿਆ ਫੇਰ ਕੌਣ ਕੁਸਕੂ ? ਪਰ ਏਥੇ ਸਿੱਖਾਂ ਪੁਰ ਉਹ ਨਿਰਭੈਤਾ ਵੱਸ ਰਹੀ ਹੈ ਕਿ ਨੌਵੇਂ ਸਤਿਗੁਰ ਦੇ ਸਾਕੇ ਤੋਂ ਹੋਰ ਨਿਰਭੈ ਹੁੰਦੇ ਹਨ। ਅਪਣੇ ਸਤਿਗੁਰ ਜੀ ਦਾ ਤਿਲਕ ਪੂਰੀ ਰਾਜਸੀ ਤਖਤ ਨਸ਼ੀਨੀ ਦਾ ਠਾਠ ਬਾਠਦਾ ਕਰਦੇ ਹਨ, ਇਥੋਂ ਤਾਈਂ ਕਿ ਕਲਗੀ ਜਿਗਾ ਬੀ ਗੱਦੀ ਤੇ ਬਿਠਾ ਕੇ ਲਾਉਂਦੇ ਹਨ, ਸ਼ਸਤ੍ਰ ਘੋੜੇ ਤੇ ਬਾਜ਼ ਅਰਪਦੇ ਹਨ! ਸਿੱਖ ਭੈ ਦਿੰਦੇ ਨਹੀਂ, ਪਰ ਭੈ ਮੰਨਦੇ ਬੀ ਨਹੀਂ। ਤ੍ਰੈ ਚਾਰ ਮਹੀਨੇ ਹੋਏ ਕਿ ਨੌਵੇਂ ਗੁਰੂ ਜੀ ਸ਼ਹੀਦ ਹੁੰਦੇ ਹਨ, ਪਰ ਅਜ ਉਸੇ ਨੌਵੇਂ ਗੁਰੂ ਦੇ ਸਿਖ ਉਨ੍ਹਾਂ ਦੇ ਸਿਖਾਏ ਉੱਜਲ ਮਤ ਵਾਲੇ ਆਨ ਸ਼ਾਨ, ਗ਼ੈਰਤ ਤੇ ਅਣਖ ਵਾਲੇ ਅਭੈ ਬੰਦੇ ਉਨ੍ਹਾਂ ਦੇ ਥਾਪੇ ਅਸੂਲ,—'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ' ਮੂਜਬ ਨਿਰਭੈ ਤੇ ਜਿਉਂਦੀ ਜਾਗਦੀ ਸੁਰਤਿ ਵਾਲੇ ਗੁਰ ਗਾਦੀ ਦੀ ਮਰਿਯਾਦਾ ਕਰਦੇ ਹਨ।

ਭਾਈ ਬੁੱਢੇ ਕੇ ਦੇ ਘਰ ਦੀ ਰਸਮ ਹੋਣ ਮਗਰੋਂ ਬੇਦੀ, ਤ੍ਰੇਹਣ, ਭੱਲੇ ਗੁਰੂਵੰਸ਼ ਦੇ ਵਡਕਿਆਂ ਦੀਆਂ ਭੇਟਾਂ ਪੇਸ਼ ਹੋਈਆਂ, ਫੇਰ ਮਾਮਾ ਕ੍ਰਿਪਾਲ ਤੇ ਹੋਰ ਸੰਬੰਧੀਆਂ, ਮਸੰਦਾਂ, ਸੰਗਤਾਂ, ਸਿੱਖਾਂ ਵਲੋਂ ਭੇਟਾ ਅਰਪਣ ਹੋਈਆਂ। ਮੇਵੜਾ ਹਰ ਇਕ ਦੀ ਅਰਦਾਸ ਕਰਦਾ ਸੀ, ਮੁਸ਼ਨੀ ਲਿਖਦੇ ਸਨ, ਤੇ ਮਾਮਾ ਜੀ ਤੇ ਸੇਵਕ ਸੰਭਾਲਦੇ ਸਨ। ਸੁਗਾਤਾਂ ਤੇ ਭੇਟਾਂ ਦੇ ਅੰਬਾਰ ਲਗ ਗਏ। ਇਸਤੋਂ ਮਗਰੋਂ ਫੇਰ ਰਾਗੀਆਂ ਨੇ ਸ਼ਬਦ ਪੜ੍ਹਿਆ, ਅਰਦਾਸਾ ਸੋਧਿਆ ਗਿਆ ਤੇ ਕੜਾਹ ਪ੍ਰਸ਼ਾਦ ਵਰਤਿਆ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਅੱਜ ਸੰਗਤਾਂ ਵਿਚ ਵਰਤਿਆ। ਤਵਾਰੀਖ ਖਾਲਸਾ ਵਾਲੇ ਲਿਖਦੇ ਹਨ ਕਿ ਪੰਜ ਹਜ਼ਾਰ ਦਾ ਕੜਾਹ ਪ੍ਰਸ਼ਾਦ ਵਰਤਿਆ, ਇਸਤੋਂ ਅੰਦਾਜ਼ਾ ਹੋ ਸਕਦਾ ਹੈ ਕਿ ਕਿੰਨੀ ਕੁ ਸੰਗਤ ਆਈ ਹੋਊ।

ਫਿਰ ਰਾਗੀਆਂ ਰਬਾਬੀਆਂ ਨੂੰ ਸ਼ਬਦ ਭੇਟ ਅਰਦਾਸਾ ਮਿਲਿਆ, ਢਾਢੀਆਂ ਤੇ ਹੋਰ ਕੀਰਤਨੀਆਂ, ਪਾਠਕਾਂ ਨੂੰ ਬਖ਼ਸ਼ੀਸ਼ਾਂ ਹੋਈਆਂ। ਫੇਰ ਸਤਿਗੁਰ ਨੇ ਪੰਥ ਵਿਚ ਦੇ ਮੁਖੀਆਂ, ਨਾਮ ਰਸੀਆਂ, ਗੁਰ ਅੰਸ਼ਾਂ, ਸੰਤਾਂ, ਸਾਧੂਆਂ, ਮਸੰਦਾਂ ਨੂੰ ਯੋਗ ਸਨਮਾਨ ਦਿੱਤੇ! ਪਹਿਰ ਭਰ ਇਸ ਤਰ੍ਹਾਂ ਸਫਲ ਹੋਇਆ, ਕਵੀ

1. ਇਹ ਤਵਾਰੀਖ ਖਾਲਸਾ ਦਾ ਲੇਖ ਹੈ। ਜੀਵਨ ਬਾਬਾ ਬੁੱਢਾ ਵਿਚ ਲਿਖਿਆ ਹੈ ਕਿ ਪੰਜ ਘੋੜੇ, ਇਕ ਬਾਜ਼, ਪੰਜ ਸੌ ਮੋਹਰ ਤੇ ਇਕ ਪੁਸ਼ਾਕਾ।

ਸੰਤੋਖ ਸਿੰਘ ਜੀ ਨੇ ਉਸ ਵੇਲੇ ਦਾ ਰੂਪਕ ਬੱਧਾ ਹੈ:-

ਕਲਗੀ ਰਹੀ ਬਿਰਾਜ ਉਤੰਗਾ। ਦਮਕਤ ਮੁਕਤਾ ਹੀਰਨ ਸੰਗਾ। ਚਮਰ ਢੁਰਤਿ ਸੁਠ ਬਾਰੰਬਾਰਾ॥ ਉੱਜਲ ਹੰਸ ਮਨਿੰਦ ਉਦਾਰਾ॥ ੧੩॥ ਦਰਸਹਿੰ ਸੋਭਾ ਖਰੇ ਕਿਤੇਕ। ਬੈਠਿ ਬਿਲੋਕਤਿ ਸਿੱਖ ਅਨੇਕ। ਸਭਿ ਕੇ ਦ੍ਰਿਗ ਇਕ ਟਕ ਲਗਿ ਐਸੇ। ਗਨ ਚਕੋਰ ਸਤਿ ਕੇ ਦਿਸ਼ ਜੈਸੇ॥ ੧੪॥ ਮਨ ਬਰਬਸਹੀ ਸਰਬ ਚੁਰਾਏ। ਜਨ ਸੂਰਜ ਮੁਖ ਕਮਲ ਖਿਰਾਏ। ਏਕ ਜਾਮਲੌ ਥਿਰ ਤਹਿੰ ਭਏ। ਸਭਿਨਿ ਮਨੋਰਥ ਪੂਰਨ ਕਏ॥ ੧੫॥

ਫੇਰ ਦੀਵਾਨ ਤੋਂ ਟੁਰਕੇ ਬਾਹਰ ਆਏ, ਹਰੇਕ ਨੂੰ ਅਸੀਸ ਦਿੰਦੇ, ਹੱਥ ਚਾਕੇ ਅਸ਼ੀਰਬਾਦ ਦਾ ਇਸ਼ਾਰਾ ਕਰਦੇ ਮਹਿਲੀਂ ਆਏ। ਪਹਿਲੇ ਦਾਦੀ ਜੀ ਤੇ ਫੇਰ ਮਾਤਾ ਜੀ ਨੂੰ ਸੀਸ ਨਿਵਾਕੇ ਮਿਲੇ। ਕੁਛ ਚਿਰ ਮਗਰੋਂ ਲੰਗਰ ਵਰਤਣਾ ਸ਼ੁਰੂ ਹੋਇਆ। ਪਹਿਲਾ ਥਾਲ ਸਤਿਗੁਰ ਜੀ ਦੇ ਅੱਗੇ ਆਯਾ, ਦੂਜੇ ਪਾਸੇ ਸੰਗਤਾਂ ਵਿਚ ਵਰਤੀਣ ਲੱਗਾ। ਦੁਪਹਿਰ ਦਾ ਇਹ ਵੇਲਾ ਸੀ, ਹੁਣ ਤੋਂ ਲੈ ਕੇ ਸਵਾ ਪਹਿਰ ਰਾਤ ਗਈ ਤੱਕ ਲੰਗਰ ਵਰਤਦਾ ਰਿਹਾ ਸੀ। ਇਸ ਤੋਂ ਭੀ ਕੁਛ ਅੰਦਾਜ਼ਾ ਸਿਖ ਸੰਗਤ ਦੀ ਗੇਣਤੀ ਦਾ ਲੱਗਦਾ ਹੈ। ਇਸ ਗੇਣਤੀ ਤੋਂ ਉਸ ਨਿਰਭੈਤਾ ਦੀ-ਔਰੰਗੇ ਦੇ ਜ਼ੁਲਮ ਤੋਂ ਸਿੱਖਾਂ ਦੇ ਅਭੈ ਹੋਣ ਦੀ—ਜਾਂਚ ਹੋ ਜਾਂਦੀ ਹੈ। ਪਰ ਜ਼ਾਲਮ ਪਾਤਸ਼ਾਹ ਤੇ ਹੈਂਕੜ ਵਾਲੇ ਇਨਸਾਨ ਆਪਣੇ ਐਸ਼੍ਵਰਜ ਤੇ ਪ੍ਰਤਾਪ ਦੇ ਮਦ ਵਿਚ ਕਦੇ ਸਮਝਿਆ ਨਹੀਂ ਕਰਦੇ ਕਿ ਕੀਕੂੰ ਉਹਨਾਂ ਦੇ ਅਮਲ ਓਹਨਾਂ ਦੀ ਨੀਂਹ ਖੋਖਲੀ ਕਰਦੇ ਹਨ।

ਹੁਣ ਮੁਖੀਏ ਮੱਜਣ ਮਸੰਦ ਤੇ ਸੰਗਤਾਂ ਵਿਦਾ ਹੋਣ ਲਗੀਆਂ। ਸਭਨਾਂ ਜੋਗ ਉਨ੍ਹਾਂ ਦੇ ਅਧਿਕਾਰ ਮੂਜਬ ਮਾਮਾ ਜੀ ਪ੍ਰਸ਼ਾਦ ਦੇਂਦੇ ਸਿਰਪਾਉ ਦਿਵਾਉਂਦੇ ਤੇ ਸਤਿਗੁਰ ਜੀ ਦੇ ਬਿਹਸਦੇ ਮੁਖ ਤੇ ਖਿੜੇ ਮੱਥੇ ਤੋਂ ਇਲਾਹੀ ਰੰਗ ਲੈ ਕੇ ਵਿਦਾ ਹੁੰਦੇ। ਜਿਵੇਂ ਜਿਵੇਂ ਲੋਕੀਂ ਟੁਰਦੇ ਤਿਵੇਂ ਤਿਵੇਂ ਪਿਛੇ ਰਹਿ ਗਏ, ਮਗਰੋਂ ਟੁਰੇ, ਦੂਰੋਂ ਦੂਰੋਂ ਸੁਣਕੇ ਸਿਖ ਸੰਗਤਾਂ ਹੋਰ ਆਉਣ ਲਗੇ। ਹਰ ਦਿਨ ਨਵੇਂ ਸਿਖ, ਨਵੀਆਂ ਸੰਗਤਾਂ, ਦੂਰੋਂ ਦੂਰੋਂ ਅੱਪੜਨ। ਐਉਂ ਗੁਰੂਦੁਆਰੇ ਓਹੋ ਰੌਣਕ, ਓਹੋ ਠਾਠ, ਓਹੋ ਮਰਿਯਾਦਾ ਤੇ ਰੌਣਕਾਂ ਦੇ ਰੰਗ ਲੱਗੇ ਰਹੇ ਤੇ ਲਗੇ ਰਹੇ, ਜੋ ਨੌਵੇਂ ਸਤਿਗੁਰਾਂ ਦੇ ਵੇਲੇ ਸਨ।

ਆਨੰਦਪੁਰ ਦੀ ਨਗਰੀ ਰਾਜੇ ਬਿਲਾਸਪੁਰ ਦੇ ਰਾਜ ਵਿਚ ਸੀ। ਉਸ ਨੂੰ ਜਦ ਗੁਰੂ ਜੀ ਦੇ ਤਿਲਕ ਦੀਆਂ ਖ਼ਬਰਾਂ ਪੁਜੀਆਂ ਤਾਂ ਆਪਣੇ ਮੰਤ੍ਰੀ ਨੂੰ ਬੁਲਾ ਕੇ ਗੁਪਤ ਅਸਥਾਨ ਬੈਠਕੇ ਪੁੱਛਣ ਲੱਗਾ:—'ਮੰਤ੍ਰੀ ! ਸੁਣਿਆ ਹੈ ਕਿ ਸਾਡੇ ਰਾਜ ਵਿਚ ਇਕ ਰਾਜ ਤਿਲਕ ਹੋਇਆ ਹੈ ਕਿ ਐਸਾ ਕਦੇ ਸਾਡੇ ਬੀ ਨਹੀਂ ਹੋਇਆ। ਇਤਨੀ ਪਰਜਾ ਇਸ ਦੇਸ਼ ਦੀ ਕਦੇ ਸਾਡੇ ਵੀ ਨਹੀਂ ਆਈ, ਕੀ ਇਹ ਖ਼ਬਰਾਂ ਦਿੱਲੀ-ਪਤਿ ਨੂੰ ਨਾ ਅੱਪੜਨਗੀਆਂ ? ਅਤੇ ਜਿਸ ਔਰੰਗੇ ਨੇ ਦੇਸ਼ ਕੰਬਾ ਰੱਖਿਆ ਹੈ, ਜਿਸਨੇ ਉਨ੍ਹਾਂ ਦੇ ਪਿਤਾ ਨੂੰ ਕਤਲ ਕਰਾ ਦਿੱਤਾ ਹੈ, ਕੀ ਉਹ ਸਾਨੂੰ ਨਾ ਪੁੱਛੇਗਾ ਕਿ ਤੁਸਾਂ ਆਪਣੇ ਰਾਜ ਵਿਚ ਕਿਉਂ ਐਸਾ ਹੋਣ ਦਿੱਤਾ ਹੈ ?" ਮੰਤ੍ਰੀ ਨੇ ਹੱਥ ਜੋੜਕੇ ਕਿਹਾ: "ਰਾਜਾ ! ਮੈਨੂੰ ਸਾਰੇ ਹਾਲ ਦਾ ਪਤਾ ਹੈ ਮੈਂ ਆਪਣੇ ਪੁੱਤ੍ਰ ਨੂੰ ਭੇਸ ਵਟਾਕੇ ਓਥੇ ਘੱਲਿਆ ਸੀ ਕਿ ਮੈਨੂੰ ਠੀਕ ਠੀਕ ਸੁਧ ਮਿਲ ਜਾਏ, ਸੋ ਉਹ ਅੱਖੀ ਦੇਖਕੇ ਖ਼ਬਰਾਂ ਲਿਆਇਆ ਹੈ। ਹੇ ਰਾਜਨ ! ਉਹ ਗੱਦੀ ਗੁਰੂ ਨਾਨਕ ਦੀ ਹੈ, ਜਿਸ ਦੇ ਸਿਖ ਸੰਗਲਾਦੀਪ ਤੱਕ ਦੱਖਣ ਵਲ, ਆਸਾਮ ਤਕ ਪੂਰਬਲੇ ਪਾਸੇ, ਬਲਖ ਬੁਖਾਰਾ ਤੱਕ ਪੱਛਮ ਦੇ ਪਾਸੇ ਤੇ ਲੱਦਾਖ ਤਿੱਬਤ ਤੱਕ ਉੱਤਰ ਵਲ ਫੈਲੇ ਪਏ ਹਨ। ਉਨ੍ਹਾਂ ਦੀ ਗੱਦੀ ਦੇ ਤਿਲਕ ਵੇਲੇ ਭੀੜ ਹੋਣੀ ਹੀ ਸੀ, ਓਹ ਦੀਨ ਦੇ ਪੂਜ ਜੁ ਹੋਏ। ਬਾਕੀ ਰਹੀ ਉਨ੍ਹਾਂ ਦੀ ਸੁਰਤਿ, ਓਹ ਨਿਰਭੈ ਹਨ। ਔਰੰਗੇ ਨੇ ਨੌਵੇਂ ਗੁਰੂ ਕਤਲ ਕੀਤੇ ਹਨ ਤੇ ਸਿੱਖ ਵਧੇਰੇ ਦਲੇਰ ਹੋ ਕੇ ਆਏ ਹਨ, ਦਬੇ ਨਹੀਂ। ਇਸ ਤੇ ਮੈਂ ਵਿਚਾਰਿਆ ਹੈ ਕਿ ਅਸੀਂ ਇਨ੍ਹਾਂ ਨੂੰ ਛੇੜ ਕੇ ਗਲ ਨਾ ਪਾਈਏ, ਜਿਵੇਂ ਔਰੰਗੇ ਨੇ ਨੌਵੇਂ ਗੁਰਾਂ ਨਾਲ ਕੀਤੀ ਹੈ, ਆਪੇ ਜੇ ਇਹ ਵਧੇ ਤਾਂ ਆਪੇ ਸਮਝ ਲਏਗਾ। ਦਸਮਾਂ ਗੁਰੂ ਅਜੇ ਬੱਚਾ ਹੈ, ਦੇਖੋ ਕੀ ਨਿਕਲਦਾ ਹੈ, ਉਮਰਾ ਬੀ ਖ਼ਬਰੇ ਕਿੰਨੀ ਕੁ ਹੈ। ਜੇ ਸਾਥੋਂ ਔਰੰਗਾ ਪੁੱਛੇਗਾ ਤਾਂ ਅਸੀਂ ਕਹਾਂਗੇ ਕਿ ਹਜ਼ੂਰ ਵਲੋਂ ਕੋਈ ਹੁਕਮ ਆਇਆ ਨਹੀਂ ਸੀ, ਇਸ ਕਰਕੇ ਆਪ ਦੀ ਰਾਜਨੈਤਕ ਚਾਲ ਦਾ ਪਤਾ ਨਾ ਹੋਣ ਕਰਕੇ ਅਸਾਂ ਆਪੂੰ ਕੁਛ ਨਹੀਂ ਕੀਤਾ। ਇਸ ਕਰਕੇ ਹੇ ਰਾਜਨ! ਮੈਂ ਆਪ ਵਲੋਂ ਦਸਤਾਰ ਨਹੀਂ ਭੇਜੀ ਕਿ ਅਸੀਂ ਆਪਣੀ ਉਪਰਾਮਤਾ ਉਸ ਵੇਲੇ ਦੱਸ ਸਕਾਂਗੇ।" ਇਹ ਸੁਣਕੇ ਰਾਜਾ ਨੂੰ ਤਸੱਲੀ ਹੋ ਗਈ।

ਇਧਰ ਸਤਿਗੁਰ ਜੀ ਦੇ ਦੁਆਲੇ ਦਿਨੋਂ ਦਿਨ ਰੌਣਕ ਵੱਧ ਰਹੀ ਸੀ, ਸਿਖ ਸੇਵਕ ਦੂਰੋਂ ਦੂਰੋਂ ਆਉਂਦੇ। ਜੋ ਸੰਗਤਾਂ ਨਿਤਪ੍ਰਤ ਆਉਂਦੀਆਂ ਸਨ ਉਨ੍ਹਾਂ ਵਿਚ ਦਿੱਲੀ ਤੋਂ ਲੁਬਾਣਿਆਂ ਜਾਂ ਵਣਜਾਰਿਆਂ ਦੀ ਇਕ ਸੰਗਤ ਆਈ। ਇਨ੍ਹਾਂ ਵਿਚ ਭਾਈ ਲੱਖੀ ਵਣਜਾਰਾ ਵੀ ਸੀ। ਜਦੋਂ ਦੀਵਾਨ ਵਿਚ ਸ੍ਰੀ ਆਸਾ ਦੀ ਵਾਰ ਦੀ ਭੋਗ ਪੈ ਗਿਆ, ਸੰਗਤਾਂ ਵਲੋਂ ਭੇਟਾ ਪੇਸ਼ ਹੋ ਚੁਕੀਆਂ ਤਾਂ "ਕਿਸ਼ੋਰ ਮੂਰਤੀ" ਜੀ ਨੇ ਲੱਖੀ ਨੂੰ ਪੁੱਛਿਆ, "ਸਿਖਾ ! ਤੂੰ ਕਿਵੇਂ ਸਤਿਗੁਰੂ ਜੀ ਦੀ ਦੇਹਿ ਸੰਭਾਲੀ ਤੇ ਸਸਕਾਰ ਕੀਤਾ ?" ਲੱਖੀ ਨੇ ਸਾਰਾ ਹਾਲ ਕਹਿ ਸੁਣਾਇਆ। ਕੀਕੁਣ ਊਦਾ ਉਸ ਨੂੰ ਮਿਲਿਆ, ਕੀਕੁਣ ਉਹ ਆਪਣੇ ਗੱਡਿਆਂ ਦਾ ਵਹੀਰ ਲਈ ਆ ਰਿਹਾ ਸੀ, ਕੀਕੁਣ ਊਦੇ ਨੇ ਉਸ ਨੂੰ ਸੇਵਾ ਲਈ ਪ੍ਰੇਰਿਆ ਤੇ ਕੀਕੁਣ ਹਨੇਰੀ ਗਰਦ ਤੇ ਉਸਦੇ ਅਪਣੇ ਗੱਡਿਆਂ ਤੋਂ ਕਲੀ ਦਾ ਗੁਬਾਰਾ ਉਡਦਾ ਸੀ। ਜਦੋਂ ਉਹ ਚਾਂਦਨੀ ਚੌਂਕ ਵਲੋਂ ਹੋ ਲੰਘੇ ਤੇ ਪਵਿੱਤ੍ਰ ਸ਼ਰੀਰ ਰਕਾਬ ਗੰਜ ਲੈ ਗਏ ਤੇ ਜਾ ਆਪਣੇ ਛੱਪਰਾਂ ਵਿਚ ਚਿਤਾ ਬਣਾਕੇ ਅੱਗ ਲਾ ਪਵਿੱਤ੍ਰ ਦੇਹੀ ਦਾ ਸਸਕਾਰ ਕੀਤਾ। ਇਸ ਹਾਲ ਨੂੰ ਜੋ ਅੱਗੇ ਸਭ ਸੁਣ ਚੁਕੇ ਸੇ, ਪਰ ਹੁਣ ਮੁੜ ਸੇਵਾ ਕਰਨ ਵਾਲੇ ਦੇ ਮੂੰਹੋਂ ਸੁਣਕੇ ਸਾਰੇ ਕਰੁਣਾ ਰਸ ਨਾਲ ਭਰ ਰਹੇ ਸੇ, ਕਿ 'ਕਿਸ਼ੋਰ ਮੂਰਤੀ' ਨੇ ਪੁੱਛਿਆ, "ਲੱਖੀ ! ਦਿੱਲੀ ਵਿਚ ਕਈ ਸਿੱਖ ਸਨ, ਕੋਈ ਹੋਰ ਨਾ ਨਿਤਰਿਆ ?" ਲੱਖੀ ਨੇ ਕਿਹਾ, "ਮਹਾਰਾਜ ! ਦਿੱਲੀ ਵਿਚ ਨਿੱਤ ਨਵੇਂ ਉਪੱਦ੍ਰਵ ਹੁੰਦੇ ਰਹਿੰਦੇ ਹਨ, ਪਰਜਾ ਸਹਿਮੀ ਰਹਿੰਦੀ ਹੈ, ਪਾਤਸ਼ਾਹ ਦਾ ਤ੍ਰਾਸ ਬੜਾ ਹੈ; ਸਿੱਖ ਥੋੜੇ ਹਨ ਤੇ ਗ਼ਰੀਬ ਹਨ, ਡਰ ਬਿਠਾਉਣ ਲਈ ਕਈ ਸਿੱਖਾਂ ਨੂੰ ਤਸੀਹੇ ਪਹੁੰਚੇ ਬੀ ਹਨ, ਇਸ ਕਰਕੇ ਕੋਈ ਹੌਸਲਾ ਕਰਕੇ ਨਹੀਂ ਸੀ ਨਿੱਤਰਦਾ ਤੇ ਮੈਂ ਬੀ ਪਾਤਸ਼ਾਹ ! ਆਪ ਦੀ ਸਹਾਇਤਾ ਨਾਲ ਹੀ ਸੇਵਾ ਕਰ ਗੁਜ਼ਰਿਆ। ਸਿੱਖ ਦੁਖੀ ਸਾਰੇ ਹਨ, ਪਰ ਭੈ ਵਿਚ ਡੋਲ ਗਏ ਹਨ।" ਤਦ ਸਤਿਗੁਰ ਜੀ ਨੇ ਬਚਨ ਬੋਲੇ, ਜੋ ਕਵੀ ਸੰਤੋਖ ਸਿੰਘ ਜੀ ਨੇ ਐਉਂ ਦੱਸੇ ਹਨ:-

ਇਸ ਬਿਧਿ ਕੋ ਅਖਿ ਪੰਥ ਬਨਾਵੋਂ॥ ਸਕਲ
ਜਗਤ ਮਹਿਂ ਬਹੁ ਬਿਦਤਾਵੋਂ॥ ੮॥ ਲਾਖੋਂ ਜਗ
ਕੇ ਨਰ ਇਕ ਥਾਇਂ॥ ਤਿਨ ਮਹਿਂ ਮਿਲੇ ਏਕ
ਸਿਖ ਜਾਇ॥ ਸਭ ਮਹਿ ਪ੍ਰਿਥਕ ਪਛਾਨਜੋ ਪਰੈ।
ਰਲੈ ਨ ਕਜੋਹੂੰ ਕੈਮਿਹੂੰ ਕਰੈ॥ ੯॥ ਜਥਾ ਬਕਨ
ਮਹਿਂ ਹੰਸ ਨ ਛਪੈ। ਗ੍ਰਿਝਨ ਬਿਖੈ ਮੋਰ ਜਿਮ
ਦਿਪੈ। ਜਿਉਂ ਖਰ ਗਨ ਮਹਿਂ ਬਲੀ ਤੁਰੰਗ।
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ।

(ਸੂ: ਪ੍ਰ: ਰੁਤ ੧-ਅੰਸੂ ੭)

ਇਹ ਅਚਾਨਕ ਨਿਕਲੇ ਵਾਕ ਸੁਣਕੇ ਸੰਗਤ ਅਚਰਜ ਰਹਿ ਗਈ। ਫੇਰ ਸਿਖ ਨੇ ਦੱਸਿਆ ਕਿ ਮੈਂ ਤ੍ਰਾਮੇ ਦੀਆਂ ਗਾਗਰਾਂ ਵਿਚ ਵਿਭੂਤੀ ਪਾਕੇ ਓਥੇ ਹੀ ਦਬਾ ਆਇਆ ਹਾਂ। ਸਤਿਗੁਰਾਂ ਨੇ ਕਿਹਾ: ਉਥੇ ਹਾਲੇ ਥੜਾ ਬਣਾ ਦਿਓ ਤੇ ਨਿਸ਼ਾਨ ਕਾਇਮ ਕਰ ਦਿਓ, ਸਾਡਾ ਸਿਖ ਕਦੇ ਇਕ ਆਵੇਗਾ ਜੋ ਮੰਦਰ ਬਣਾ ਦੇਵੇਗਾ[1]।

ਇਸ ਅਵਸਥਾ ਵਿਚ ਹੀ ਸਤਿਗੁਰੂ ਜੀ ਨੂੰ ਘੋੜੇ ਦੀ ਅਸਵਾਰੀ ਤੇ ਧਨੁਖ ਬਾਣ ਦਾ ਬੜਾ ਸ਼ੌਕ ਸੀ। ਨਿੱਕੇ ਤੀਰ, ਨਿੱਕੇ ਕਮਾਨ, ਕਮਾਨਾਂ ਤੇ ਗੁਲੇਲਾਂ ਦੀਆਂ ਖੇਡਾਂ ਪਟਣੇ ਤੋਂ ਅਭਿਆਸ ਕਰਦੇ ਆਏ ਸੇ। ਘੋੜੇ ਤੇ ਚੜ੍ਹਨਾ ਭੀ ਪਿਤਾ ਜੀ ਦੇ ਵੇਲੇ ਸਿੱਖ ਚੁਕੇ ਸੇ। ਹੁਣ ਕੁਦਰਤ ਦਾ ਰੰਗ ਦੇਖੋ ! ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਵਿਚ ਅਡੋਲ ਤੇ ਅਚੱਲ ਬੈਠਦੇ ਕਈ ਵੇਰ ਕੀਤਰਨ ਦੇ ਪ੍ਰਭਾਵ ਵਿਚ ਨੈਣ ਵੀ ਭਰ ਆਉਂਦੇ, ਭੋਗ ਪਏ ਤੇ ਸੰਗਤਾਂ ਨਾਲ ਗੱਲ ਬਾਤ ਸੁਹਣੀ ਕਰਦੇ, ਅਰਦਾਸਾਂ ਸੁਣਕੇ ਮਿਹਰਾਂ ਬੀ ਕਰਦੇ, ਉੱਠਕੇ ਘਰ ਜਾ ਪ੍ਰਸ਼ਾਦ ਛਕ ਦੁਪਹਿਰੇ ਧਨੁਖ ਬਾਣ ਦੇ ਰੰਗ ਵੇਖਦੇ, ਲਾਹੌਰ ਤੋਂ ਆਪਣੇ ਮੇਲ ਦੇ ਖਾਸ ਤੀਰ ਮੰਗਾਉਂਦੇ। ਬੀਬੀ ਵੀਰੋ ਦੇ ਬੇਟੇ, ਸੂਰਜ ਮਲ ਦੇ ਪੋਤਰੇ, ਹੋਰ ਹਮਜੋਲੀ ਤੇ ਵਡੇ ਸਾਕ ਸੰਬੰਧੀ, ਜੋ ਜੋ ਤੀਰੰਦਾਜ਼ੀ, ਘੋੜ ਸਵਾਰੀ ਤੇ ਬੰਦੂਕ ਚਲਾਉਣ ਵਿਚ ਸਿਆਣੇ ਸਨ, ਪਾਸ ਰੱਖ ਲਏ। ਦੁਪਹਿਰੇ ਇਨ੍ਹਾਂ ਦੇ ਅਭਿਆਸ ਵੇਖਦੇ, ਆਪ ਤੀਰ ਚਲਾਉਂਦੇ, ਦੂਰ ਦੂਰ ਨਿਸ਼ਾਨੇ ਫੁੰਡਦੇ, ਉਨ੍ਹਾਂ ਤੋਂ ਬੰਦੂਕਾਂ ਚਲਵਾਕੇ ਨਿਸ਼ਾਨੇ ਤੇ ਗੋਲੀ ਵੱਜਦੀ ਤੱਕ ਕੇ ਖ਼ੁਸ਼ ਹੁੰਦੇ। ਲੌਢੇ ਪਹਿਰ ਆਪ ਸ਼ਿਕਾਰ ਨੂੰ ਜਾਂਦੇ, ਸ਼ਿਕਾਰ ਵੇਖਦੇ, ਘੋੜ ਦੌੜਾਂ ਕਰਵਾਉਂਦੇ, ਸਭ ਤਰ੍ਹਾਂ ਦੇ ਹਥਿਆਰ ਤੱਕਕੇ ਖ਼ੁਸ਼ ਹੁੰਦੇ। ਸਿਖ ਭੀ ਸੁਹਣੇ ਸੁਹਣੇ ਹਥਿਆਰ ਭੇਟਾ

---

1. ਕੱਚਾ ਥੜਾ ਲਖੀ ਬਣਾਇਆ, ਪੱਕਾ ਗੁਰੂ ਜੀ ਨੇ ਆਪ ਤੇ ਸਰਦਾਰ ਬਘੇਲ ਸਿੰਘ ਜੀ ਨੇ ਮੰਦਰ ਬਣਾਇਆ ਸੀ। ਗਿਰਾਂ ਰਕਾਬ ਗੰਜ ਹੁਣ ਨਹੀਂ ਹੈ, ਪਰ ਗੁਰਦੁਆਰੇ ਦਾ ਨਾਮ ਇਹੋ ਪ੍ਰਸਿੱਧ ਹੈ। ੧੯੭੨ ਈ ਵਿਚ ਪਹਲਾ ਢਾਹ ਕੇ ਸੰਗਮਰਮਰ ਦਾ ਗੁਰਦੁਆਰਾ ਬਨਿਆਂ ਤੇ ਕਮੇਟੀ ਦੇ ੯-੧-੧੯੭੩ ਈ ਦੇ ਮੱਤੇ ਮੁਤਾਬਿਕ ਮੁਖੀ ਸੇਵਕਾਂ ਨੂੰ ਸਿਰੋਪਾਉ ਦਿਤੇ ਗਏ।

ਲਿਆਉਂਦੇ। ਸੰਧਿਆ ਹੋਈ ਤੇ ਸੋਦਰ ਰਹਿਰਾਸ ਦੇ ਦੀਵਾਨ ਵਿਚ ਜ਼ਰੂਰ ਪਹੁੰਚਦੇ ਅਰ ਪਾਠ ਬੜੇ ਅਡੋਲ ਹੋ ਕੇ ਸੁਣਦੇ। ਕਦੇ ਕਦੇ ਭੋਗ ਪਏ ਤੇ ਅਚਰਜ ਗੱਲਾਂ ਵੀ ਕਰਦੇ। ਕਦੇ, ਹੱਸਦੇ, ਖੇਲਦੇ, ਖਿੜਦੇ ਖਿੜਦੇ ਹੱਥ ਨਾ ਆਉਂਦੇ, ਪਰ ਕਦੇ ਐਸੇ ਵੈਰਾਗ ਵਿਚ ਆ ਕੇ ਕੋਈ ਸ਼ਬਦ ਗਾ ਉਠਦੇ ਕਿ ਸਾਰੇ ਜਗਤ ਤੇ ਉਪਰਾਮਤਾ ਦਾ ਪ੍ਰਭਾਉ ਛਾ ਜਾਦਾ।

ਗੁਰ ਪ੍ਰਤਾਪ ਸੂਰਜ ਅਨੁਸਾਰ ਸੰ: ੧੭੩੪ਬਿ: ਦੇ ਹਾੜ ਦੀ ੨੩ ਪਰਵਿਸ਼ਟੇ ਨੂੰ ਸਤਿਗੁਰ ਜੀ ਦਾ ਲਾਹੌਰ ਦੇ ਪ੍ਰੇਮੀ ਖੱਤਰੀ ਭਿਖੀਏ ਦੀ ਕਾਕੀ ਜੀਤੋ ਜੀ ਨਾਲ ਵਿਵਾਹ ਹੋਇਆ। ਆਨੰਦ ਪੁਰ ਤੋਂ ਕੁਛ ਮੀਲਾਂ ਤੇ ਨਵਾਂ ਨਗਰ ਲਾਹੌਰ ਰਚਿਆ ਗਿਆ। ਭਿੱਖੀਆ ਪਰਵਾਰ ਸਮੇਤ ਉਥੇ ਆ ਗਿਆ ਤੇ ਵਿਵਾਹ ਦੀ ਮਰਿਯਾਦਾ ਓਥੇ ਹੋਈ; ਪਰ-ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਲਾਹੌਰ ਦੇ ਭਿੱਖੀਏ ਜਾਤ ਦੇ ਖੱਤ੍ਰੀ ਹਰਜਸ ਰਾਇ ਦੀ ਸਪੁਤ੍ਰੀ ਨਾਲ ੧੫ ਜੇਠ ਸੰਮਤ ੧੭੩੦ ਬਿ: ਨੂੰ ਗੁਰੂ ਜੀ ਦਾ ਵਿਵਾਹ ਗੁਰੂ ਤੇਗ ਬਹਾਦਰ ਜੀ ਨੇ ਆਪ ਰਚਾਇਆ ਤੇ ਆਨੰਦਪੁਰ ਕੋਲ ਲਾਹੌਰ ਰਚਕੇ ਓਥੇ ਮਰਿਯਾਦਾ ਕੀਤੀ।

### ੩.

**ਹਾਕਮ** ਮੁਲਤਾਨ ਕਚਹਿਰੀ ਲਾਈ ਬੈਠਾ ਹੈ, ਅਹਿਲਕਾਰ ਪਾਸ ਬੈਠੇ ਹਨ, ਮੁਨਸ਼ੀ ਬਸਤੇ ਅੱਗੇ ਰੱਖ ਕੇ ਕਲਮਾਂ ਫੜੀ ਕੰਮ ਕਰ ਰਹੇ ਹਨ। ਇਕ ਮੁਕੱਦਮਾ ਪੇਸ਼ ਹੈ। ਇਕ ਰੂਪੇ ਨਾਮ ਦਾ ਆਦਮੀ ਕੜੀ ਬੇੜੀ ਵਿਚ ਬੱਧਾ ਖੜਾ ਹੈ ਤੇ ਉਗਾਹੀਆਂ ਭੁਗਤ ਰਹੀਆਂ ਹਨ। ਦੇਰ ਤੱਕ ਉਗਾਹ ਭੁਗਤੇ; ਛੇਕੜ ਹਾਕਮ ਨੇ ਕੈਰੀਆਂ ਅਖਾਂ ਕਰਕੇ ਆਖਿਆ, "ਰੂਪੇ ! ਲੋੜ ਤਾਂ ਨਹੀਂ ਕਿ ਤੈਨੂੰ ਕੋਈ ਕੁਛ ਪੁੱਛੇ, ਐਸ ਵੇਲੇ ਚਾਹੀਦਾ ਹੈ ਕਿ ਤੈਨੂੰ ਮੁਲਤਾਨ ਦੇ ਚੌਂਕ ਵਿਚ ਕੁੱਤਿਆਂ ਤੋਂ ਪੜਵਾ ਦਿਆਂ, ਪਰ ਫੇਰ ਭੀ ਨਿਆਂ ਦਾ ਪੱਖ ਪੂਰਾ ਕਰ ਲਵਾਂ; ਦੱਸ ਤੂੰ ਜੋ ਹੁਣ ਤਕ ਚੁਪ ਹੈਂ, ਦਸ ਇਸ ਭਾਰੀ ਤੇ ਪੱਕੀ ਉਗਾਹੀ ਦੇ ਸਾਹਮਣੇ ਤੂੰ ਬੀ ਕੁਛ ਆਖਣਾ ਹੈ ? (ਕਾਜ਼ੀ ਵਲ ਤਕ ਕੇ) ਕਿਉਂ ਕਾਜ਼ੀ ਸਾਹਿਬ ?"

ਕਾਜ਼ੀ—ਹਾਂ ਜੀ, ਅਦਲ ਦੇ ਪਹਿਲੂ ਤੋਂ ਪੁੱਛ ਲਓ ਮੇਰਾ ਫਤਵਾ ਤਾਂ ਲਿਖਿਆ ਹੀ ਪਿਆ ਹੈ, ਸੁਨਾਉਣਾ ਹੀ ਬਾਕੀ ਹੈ।

ਰੂਪਾ—ਮੈਂ ਬੇਕਸੂਰ ਹਾਂ, ਇਸ ਪਾਪ ਤੋਂ ਉੱਕਾ ਅਗਜਾਤ ਹਾਂ ਤੇ ਮੈਂ ਇਹ ਬਚਨ ਸੱਤ ਕਹਿ ਰਿਹਾ ਹਾਂ।

ਹਾਕਮ—ਤੇਰਾ ਨਿਰਾ ਆਖਣਾ ਕੁਛ ਅਰਥ ਨਹੀਂ ਰਖਦਾ, ਕੋਈ ਸਬੂਤ ਦੇਹ। ਜੇ ਤੂੰ ਸੱਚਾ ਹੁੰਦਾ ਤਾਂ ਇੰਨੇ ਉਗਾਹਾਂ ਤੋਂ, ਕੁਛ ਪੁੱਛਦਾ, ਕਿਧਰੇ ਤੂੰ ਆਪਣੀ ਖਰੀਅਤ ਦੀ ਕੋਈ ਅੱਕਰ ਕੱਢਦਾ। ਸਜ਼ਾ ਤਾਂ ਮੈਂ ਦੇਣੀ ਹੀ ਹੈ ਤੂੰ ਸਚ ਕਹਿ ਦੇਵੇਂ ਤਾਂ ਮੈਨੂੰ ਹੋਰ ਤਸਲੀ ਹੋ ਜਾਵੇ। ਹੁਣ ਛਿਪਾਉ ਤੇ ਝੂਠ ਦਾ ਕੀ ਲਾਭ ?

ਰੂਪੇ ਨੇ ਅਕਾਸ਼ਾਂ ਵਲ ਨਜ਼ਰ ਚਾਈ, ਨੈਣ ਮੁੰਦ ਲਏ, ਫੇਰ ਕੁਛ ਚਿਰ ਬਾਦ ਖੁਹਲੇ ਤੇ ਆਖਿਆ,- 'ਮੈਂ ਸਚ ਕਿਹਾ ਹੈ ਕਿ ਮੈਂ ਬੇਕਸੂਰ ਹਾਂ, ਮੇਰੇ ਪਾਸ ਸਿਵਾ ਇਸ ਦੇ ਹੋਰ ਕੁਛ ਨਹੀਂ ਹੈ, ਆਪ ਸਜ਼ਾ ਦਿਓ, ਮੇਰੇ ਸਿਰ ਲੰਘ ਜਾਵੇਗੀ। ਮਰਨਾ ਹੈ ਆਖਰ ਇਕ ਦਿਨ, ਕਿਸੇ ਦੁੱਖ, ਰੋਗ, ਮੁਸੀਬਤ ਨਾਲ ਮਰਨਾ ਹੈ, ਚਲੋ ਏਸੇ ਤਰ੍ਹਾਂ ਸਹੀ, ਪਰ ਮੈਂ ਬੇਗੁਨਾਹ ਹਾਂ। ਇਸ ਗੱਲ ਦਾ ਆਪ ਨੂੰ ਖਲਕਤ ਨੂੰ ਕਦੇ ਪਤਾ ਲਗ ਜਾਏਗਾ; ਮੇਰੇ ਗੁਰੂ ਦਾ ਵਾਕ ਹੈ—'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।।' ਮੈਂ ਸੱਚਾ ਹਾਂ, ਓੜਕ ਮੇਰਾ ਸਚ ਪ੍ਰਗਟ ਹੋਵੇਗਾ। ਜੇ ਨਾ ਬੀ ਹੋਵੇਗਾ, ਤਾਂ 'ਓੜਕ ਮੇਰਾ ਨਿਬੇੜਾ ਤਾਂ ਮੇਰੇ ਵਾਹਿਗੁਰੂ ਦੇ ਹਥ ਹੈ, ਉਸ ਦੇ ਦਰਬਾਰ ਮੈਂ ਸਚਾ ਥੀਵਾਂਗਾ।'

ਹਾਕਮ (ਅਚਰਜ ਹੋਕੇ)—ਰੂਪੇ ! ਤੂੰ ਗੁਰੂ ਨਾਨਕ ਦਾ ਸਿਖ ਹੈਂ ? ਠੀਕ ਕਹੁ !;

ਰੂਪਾ—ਸਰਕਾਰ ! ਏਸੇ ਕੁਤਵਾਲ ਤੋਂ ਪੁੱਛ ਲਓ, ਆਪਣੇ ਅਮਲੇ ਤੋਂ ਪਤਾ ਕਰ ਲਓ!

ਇਸ ਪਰ ਸਾਰਿਆਂ ਨੇ ਆਖਿਆ ਕਿ "ਹਾਂ ਜੀ ਇਹ ਸਿਖ ਹੈ[1]" ਇਹ ਸੁਣਕੇ ਹਾਕਮ ਕਲਮ ਧਰ ਕੇ ਬੈਠ ਗਿਆ ਤੇ ਬੋਲਿਆ : ਇਹ ਹੋ ਨਹੀਂ ਸਕਦਾ ਕਿ ਬਾਬਾ ਨਾਨਕ ਦਾ ਸਿੱਖ ਝੂਠ ਬੋਲੇ, ਇਹ ਹੋ ਨਹੀਂ ਸਕਦਾ ਕਿ ਬਾਬਾ ਨਾਨਕ ਦਾ ਸਿਖ ਐਸਾ ਸਫਾਕੀ ਦਾ ਕੰਮ ਕਰੇ, ਮੇਰਾ ਸਾਰੀ ਉਮਰ ਦਾ ਤਜਰਬਾ ਹੈ : ਸਿਖ ਕਦੇ ਝੂਠ ਨਹੀਂ ਬੋਲਦਾ।

ਕਾਜ਼ੀ—ਠੀਕ ਫੁਰਮਾ ਰਹੇ ਹੋ, ਪਰ ਦੇਖੋ ਪੰਜੇ ਉਂਗਲਾਂ ਬਰਾਬਰ ਨਹੀਂ।

ਕੁਤਵਾਲ—ਮੈਂ ਭੀ ਹੈਰਾਨ ਹਾਂ ਪਰ ਕਰਾਂ ਕੀ ? ਮੈਂ ਆਪ ਪਕੜਿਆ ਹੈ ਤੇ ਸਬੂਤ ਆਪ ਦੇ ਪੇਸ਼ ਹਨ।

1. ਤਵਾ : ਖਾ: ਨੂੰ ਭੁਲੇਖਾ ਹੈ ਕਿ ਇਹ ਰੂਪਾ ਧਾੜਵੀ ਸੀ।

ਹਾਕਮ--ਠੀਕ ਹੈ ਪਰ (ਰੂਪੇ ਵਲ ਤੱਕ ਕੇ) ਰੂਪਿਆ ! ਤੂੰ ਬਾਬਾ ਨਾਨਕ ਦੀ ਕਸਮ ਖਾਕੇ ਕਹੁ ਖਾਂ ਸੱਚ ਕੀ ਹੈ ?

ਰੂਪਾ—ਮੈਂ ਸੱਚ ਆਖਦਾ ਹਾਂ ਕਿ ਮੈਂ ਬੇਗੁਨਾਹ ਹਾਂ ! ਕਸਮ ਮੈਂ ਖਾ ਨਹੀਂ ਸਕਦਾ। ਮੈਂ ਸਿਖ ਹਾਂ, ਸਿਰ ਕਸਮਾਂ ਦੇ ਕਸਮ ਇਹੋ ਹੈ ਕਿ ਮੈਂ ਬਹੈਸੀਅਤ ਸਿਖ ਆਖਦਾ ਹਾਂ ਕਿ ਮੈਂ ਬੇਗੁਨਾਹ ਹਾਂ।

ਹਾਕਮ—ਸ਼ਾਬਾਸ਼ ! ਤੇਰੇ ਵਾਕ ਸਿਖਾਂ ਵਾਲੇ ਹਨ, ਸਿਖ ਸਦਾ ਇਸੇ ਤਰ੍ਹਾਂ ਬੋਲਦੇ ਹਨ, ਪਰ ਦੱਸ ਕਿ ਮੈਂ ਐਤਨੇ ਭਾਰੀ ਸਬੂਤ ਸ਼ਹਾਦਤਾਂ ਦੇ ਸਾਮ੍ਹਣੇ ਕੀ ਕਰਾਂ ? ਮੈਂ ਅਜ ਤਕ ਸਿੱਖ ਝੂਠ ਬੋਲਦਾ ਨਹੀਂ ਫੜਿਆ, ਤੈਨੂੰ ਝੂਠਾ ਸਮਝਣੋਂ ਝਕਦਾ ਹਾਂ, ਪਰ ਕਰਾਂ ਕੀ ?

ਕੁਤਵਾਲ—ਜੋ ਮਿਸਲ ਆਖਦੀ ਹੈ, ਆਪਨੂੰ ਤਾਂ ਉਸੇ ਪਾਸੇ ਟੁਰਨਾ ਹੋਊ ਮਜਬੂਰੀ ਹੈ, ਤੁਸੀਂ ਕੀਹ ਕਰੋ,

ਹਾਕਮ—ਠੀਕ ਹੈ, ਪਰ ਮੈਂ ਲਕੀਰ ਦਾ ਫਕੀਰ ਨਹੀਂ। ਆਈਨ ਤੇ ਕਾਨੂੰਨ ਬਣਾਈਦੇ ਹਨ ਕਿ ਇਨਸਾਫ ਵਿਚ ਇਮਦਾਦ ਹੋਵੇ, ਸਚ ਲੱਭੇ, ਅਦਲ ਹੱਥ ਆਵੇ, ਨਾ ਕਿ 'ਇਨਸਾਫ' ਛਿੱਕੇ ਤੇ ਰਹਿ ਜਾਵੇ ਤੇ 'ਆਈਨ' 'ਇਨਸਾਫ' ਦੀ ਥਾਂ ਮੱਲ ਲਵੇ ਤੇ ਨਤੀਜਾ ਬੇਅਦਲੀ ਹੋਵੇ।

ਕੁਤ:--ਖਜਾ ਹੈ, ਪਰ ਇਹ ਧਨਾਢ ਆਦਮੀ ਹੈ, ਇਸ ਪਾਸ ਸਬੂਤ ਸ਼ਹਾਦਤ ਨਹੀਂ ?

ਹਾਕਮ--ਰੂਪੇ ! ਤੇਰੇ ਪਾਸ ਕੋਈ ਸਬੂਤ ਨਹੀਂ ? ਕੋਈ ਤੇਰੀ ਹਾਮੀ ਭਰਨ ਵਾਲਾ ਨਹੀਂ ?

ਰੂਪਾ--ਜੇ ਲੋਕੀਂ ਨਿਰਭੈ ਹੋਣ, ਜੇ ਸੱਚ ਬੋਲਣ ਨਾਲ ਫਾਹੀਆਂ ਨਾ ਪੈਣ ਤਾਂ ਕਿਉਂ ਨਹੀਂ, ਮੇਰੇ ਉਗਾਹ ਭੀ ਬਹੁਤ ਆ ਜਾਣ। ਪਰ ਉਹ ਤਾਂ ਦਬ ਕੇ ਬੈਠੇ ਹਨ ਕਿ ਜੇ ਸੱਚ ਬੋਲਿਆ, ਜੋ ਇਸ ਵੇਲੇ ਕਿਸੇ ਇਕ ਤਾਕਤਵਰ ਆਦਮੀ ਨੂੰ ਮੰਨਜ਼ੂਰ ਨਹੀਂ, ਤਾਂ ਪਰਸੋਂ ਉਨ੍ਹਾਂ ਤੇ ਦੋਸ਼ ਲਾ ਕੇ ਕਾਜ਼ੀ ਪਾਸ ਸ਼ਿਕਾਇਤ ਚਲੀ ਜਾਵੇਗੀ ਕਿ ਇਸਨੇ ਹਜ਼ਰਤ ਦੀ ਸ਼ਾਨ ਵਿਚ ਮਾੜੀ ਗੱਲ ਕਹੀ ਹੈ, ਇਸ ਨੂੰ ਮਾਰਿਆ ਜਾਵੇ, ਜਾਂ ਦੀਨ ਵਿਚ ਸ਼ਾਮਲ ਕੀਤਾ ਜਾਵੇ, ਫੇਰ ਤੁਸੀਂ ਹੀ ਫੁਰਮਾਓ ਕੌਣ ਕਿਸੇ ਦੀ ਖਾਤਰ ਆਪੇ ਨੂੰ ਸੰਕਟ ਵਿਚ ਪਾ ਲਵੇ?

ਇਸ ਵਾਕ ਪਰ ਕੁਤਵਾਲ ਨੇ ਬੁੱਲ੍ਹ ਟੁੱਕੇ ਤੇ ਕਾਜ਼ੀ ਨੇ ਕਸੀਸ ਵੱਟੀ, ਹਾਕਮ ਨੇ ਦੋਇ ਗੱਲਾਂ ਤਕੀਆਂ, ਫਿਰ ਇਨ੍ਹੀਂ ਸੋਚੀਂ ਪੈ ਗਿਆ: ਰੂਪਾ ਬੜਾ ਅਮੀਰ ਆਦਮੀ ਹੈ, ਇਸ ਨੇ ਧਾੜਾ ਕਿਉਂ ਮਾਰਨਾ ਸੀ ? ਸਿੱਖ ਹੈ, ਜਾਨ ਪਰ ਆ ਬਣੀ ਹੈ; ਫਿਰ ਵੀ ਕਸਮ ਨਹੀਂ ਖਾਂਦਾ, ਆਪਣੇ ਸਚ ਤੇ ਕੈਸੀ ਪੱਕੀ ਟੇਕ ਧਾਰੀ ਖੜਾ ਹੈ, ਉਧਰ ਸਬੂਤ ਕਮਾਹੱਕਾ(ਪੂਰੇ ਪੂਰੇ) ਹਨ।

ਹਾਕਮ(ਰੂਪੇ ਨੂੰ)--ਰੂਪਿਆ ! ਨਿਰੀਆਂ ਗਲਾਂ ਨਾਲ ਤਾਂ ਨਹੀਂ ਕੁਛ ਬਣਦਾ, ਕੋਈ ਪੱਕੀ ਟੋਹ ਟੇਕ ਅਪਣੀ ਅਸਮਤ(ਬੇਗੁਨਾਹੀ) ਦੀ ਪੇਸ਼ ਕਰ।

ਰੂਪਾ—'ਤੇਰੇ ਦਰ ਕਦੇ ਨਾ ਆਉਣਾ, ਜੇ ਆਉਣਾ ਪਵੇ ਤਾਂ ਕਦੇ ਝੂਠ ਨਾ ਬੋਲਣਾ। ਆਪਣੇ ਪਰਾਏ ਜਦ ਡਰ ਹੇਠ ਆ ਨਾ ਬਹੁੜਨ ਤਾਂ ਆਪਣੇ ਸਤਿਗੁਰ ਦੇ ਦਰਬਾਰ ਕੂਕ ਕਰਨੀ ਇਹਾ ਸਿੱਖੀ ਹੈ; ਮੈਂ ਕਰ ਚੁੱਕਾ ਹਾਂ; ਹੋਰ ਤੇਰੇ ਅਗੇ ਇਕ ਰਹਿਮ ਲਈ ਪੁਕਾਰ ਹੈ, ਜੇ ਮਾਰਨਾ ਹਈ ਤਾਂ ਕਿਸੇ ਸੌਖੀ ਮੌਤੇ ਤਾਂ ਮਾਰ। ਮਰਨਾ ਹੈ, ਸਤਿਗੁਰਾਂ ਮਰਨਾ ਸਿਖਾਇਆ ਹੈ, ਸਰੀਰਾਂ ਨਾਲ ਸਾਡੇ ਮੋਹ ਨਹੀਂ, ਸੱਚ ਨਾਲ ਮੋਹ ਹਨ, ਈਹਾ ਸਿੱਖੀ ਹੈ, ਹੋਰ ਕੇ ਆਖਾਂ ?'

ਇਸ ਵੇਲੇ ਇਕ ਸਾਂਢਣੀਸਵਾਰ ਆਇਆ, ਛੇਤੀ ਅੰਦਰ ਆਇਆ ਤੇ ਇਕ ਰੁੱਕਾ ਹਾਕਮ ਦੇ ਹੱਥ ਦਿੱਤਾ। ਇਹ ਰੁੱਕਾ ਤੁਲੰਬੇ ਦੇ ਕੋਤਵਾਲ ਦਾ ਸੀ।

ਇਹ ਕੋਤਵਾਲ ਪੜ੍ਹਿਆ ਹੋਇਆ ਸੀ, ਪਰ ਥੋੜ੍ਹਾ। ਥਾਣੇਦਾਰ ਸੀ; ਪਰ ਬੜਾ ਤਕੜਾ ਤੇ ਹਿੰਮਤੀ; ਮੁਸਲਮਾਨ ਸੀ, ਪਰ ਸੱਚਮੁੱਚ ਦਾ ਦੀਨਦਾਰ ਸੀ। ਇਸ ਦਾ ਰੁੱਕਾ ਪੜ੍ਹ ਕੇ ਹਾਕਮ ਨੇ ਕਾਜ਼ੀ ਦੇ ਹੱਥ ਦੇ ਦਿਤਾ। ਕਾਜ਼ੀ ਦਾ ਰੰਗ ਪੜ੍ਹਦੇ ਪੜ੍ਹਦੇ ਨੀਲਾ ਪੈ ਗਿਆ। ਕੁਤਵਾਲ ਨੇ ਕਿਹਾ, ਕਾਜ਼ੀ ਸਾਹਿਬ ! ਜੇ ਪੋਸ਼ੀਦਾ ਅਮਰ ਨਹੀਂ ਤਾਂ ਸੁਣਾ ਦਿਓ। ਕਾਜ਼ੀ ਸਾਹਿਬ ਨੇ ਵਾਚਿਆ, ਜਿਸ ਦਾ ਅਰਥ ਸੀ,

"ਮੈਂ ਅਜ ਖੜੀ ਖ਼ਰਾਬੀ ਮਗਰੋਂ ਇਕ ਡਾਕੂਆਂ ਦਾ ਟੋਲਾ ਫੜਿਆ ਹੈ ਕਿ ਜਿਨ੍ਹਾਂ ਦੇ ਸਰਦਾਰ ਦਾ ਨਾਮ ਰੂਪਾ ਹੈ, ਇਨ੍ਹਾਂ ਦੇ ਜ਼ਿਮੀਦੋਜ਼ ਘੁਰੇ ਵਿਚੋਂ ਕਮ-ਅਜ਼-ਕਮ ਬੀਸ ਡਾਕਿਆਂ ਦਾ ਮਾਲ ਬਰਾਮਦ ਹੋਇਆ ਹੈ। ਮੈਨੂੰ ਇਕ ਨੇਕ ਅਮਲ ਅਹਿਦੀਏ ਨੇ ਦਸਿਆ ਹੈ ਕਿ ਮੁਲਤਾਨ ਵਿਚ ਇਕ ਰੂਪਾ ਗ੍ਰਿਫ਼ਤਾਰ ਹੈ ਡਕੈਤੀ ਵਿਚ। ਇਸ ਤਾਇਫੇ ਦਾ ਸਰਦਾਰ ਦਸਦਾ ਹੈ ਕਿ ਉਹ ਰੂਪਾ ਬੇਗੁਨਾਹ ਹੈ, ਉਹ ਡਾਕਾ ਬੀ ਇਸ ਰੂਪੇ ਧਾੜਵੀ ਨੇ, ਜੋ ਮੈਂ ਫੜਿਆ ਹੈ, ਮਾਰਿਆ ਸੀ; ਮਾਲ ਬੀ ਉਸ ਡਾਕੇ ਦਾ ਬਹੁਤ ਸਾਰਾ ਬਰਾਮਦ ਹੋ

ਗਿਆ ਹੈ, ਉਸ ਰੂਪੇ ਦੇ ਮੁਕੱਦਮੇ ਦਾ ਤਾ-ਹਾਲ ਜੁਨਾਬ ਫੈਸਲਾ ਨਾ ਫੁਰਮਾਓ; ਮੈਂ ਇਹ ਮੁਲਜ਼ਮ ਜਲਦੀ ਘੱਲਾਂਗਾ।"

ਇਹ ਸੁਣਕੇ ਰੂਪੇ ਦੇ ਨੈਣ ਬੰਦ ਹੋ ਗਏ ਤੇ ਮੱਧਮ ਆਵਾਜ਼ ਆਈ:-

ਧੰਨਗੁਰੂ ਨਾਨਕ, ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ !

ਬੰਦੀ ਛੋੜ ਦਾਤਾ ਹਰਿਗੋਬਿੰਦ! ਤੂੰ ਧੰਨ! ਸਾਹਿਬ ਦਸਮੇਂ ਪਾਤਸ਼ਾਹ! ਮੇਰੇ ਸਾਂਈਂ! ਤੂੰ ਧੰਨ!

ਕੁਤਵਾਲ ਦਾ ਰੰਗ ਸੁਣਦਿਆਂ ਫਿੱਕਾ ਹੋ ਗਿਆ ਚਿੱਟਾ ਫਟਕ, ਫੇਰ ਪੀਲਾ ਵਸਾਰ।

ਹਾਕਮ--ਫੁਰਮਾਈਏ ਕੁਤਵਾਲ ਸਾਹਿਬ ?

ਕੁਤਵਾਲ--ਮੇਰੇ ਖ਼ਿਆਲ ਵਿਚ ਤਾਂ ਹਾਕਮ ਤੁਲੰਬਾ ਨੂੰ ਭੁਲੇਖਾ ਲੱਗਾ ਹੈ; ਆਪ ਦਰਿਆਫਤ ਕਰ ਲਵੋ, ਤਸੱਲੀ ਹੋ ਜਾਏ।

ਹਾਕਮ--ਜੇ ਸੱਚ ਨਿਕਲ ਆਇਆ, ਫੇਰ ਆਪ ਦੀ ਇਸ.....।

ਕੁਤਵਾਲ(ਗੱਲ ਟੁਕ ਕੇ)--ਮੈਨੂੰ ਉਮੈਦ ਨਹੀਂ, ਪਰ ਖ਼ੈਰ ! ਗਲਤੀ ਭੀ ਇਨਸਾਨ ਤੋਂ ਹੀ ਹੁੰਦੀ ਹੈ ਐਸਾ ਹੋ ਜਾਂਦਾ ਹੈ। ਕੋਈ ਬੇਈਮਾਨੀ ਥੋੜ੍ਹੀ ਹੈ ? (ਕਾਜ਼ੀ ਵਲ ਤੱਕ ਕੇ) ਕਿਉਂ ਕਾਜ਼ੀ ਸਾਹਿਬ ?

ਕਾਜ਼ੀ--ਜੀ ਹਾਂ, ਇਨਸਾਨ ਦੀ ਬੁਨਿਆਦ ਹੀ ਗਲਤੀ ਹੈ, ਕਰੇ ਆਪਣੇ ਵਲੋਂ ਠੀਕ, ਗਲਤੀ ਅੱਲਾ ਦੇ ਜ਼ਿੰਮੇ।

ਰੂਪਾ--ਅੱਲਾ ਦੇ ਜ਼ਿੰਮੇ ਸਦਾ ਸੱਚ, ਸਾਡੀਆਂ ਗਲਤੀਆਂ ਅੱਲਾ ਮਾਫ਼ ਕਰੇ।

ਹਾਕਮ--ਰੂਪੇ ! ਜੇ ਮੈਂ ਤੈਨੂੰ ਆਜ਼ਾਦ ਕਰ ਦਿਆਂ ਤਾਂ ਫੇਰ ਤੂੰ ਆਪੇ ਉਸ ਦਿਨ ਹਾਜ਼ਰ ਹੋਵੇਂਗਾ?

ਰੂਪਾ--ਜੀ ਹੋ ਜਾਵਾਂਗਾ, ਜੁਨਾਬ !

ਕੁਤਵਾਲ--ਤਦ ਤਕ ਹਵਾਲੇ ਹਵਾਲਾਤ ਰਹੇ ! ਖਬਰੇ ਉਸ ਦਿਨ ਨਾ ਆਵੇ, ਮਫ਼ਰੂਰ ਹੋ ਜਾਵੇ।

ਹਾਕਮ(ਰੂਪੇ ਵਲ)--ਕੀ ਮੈਂ ਗੁਰੂ ਨਾਨਕ ਦੇ ਸਿਖ ਦੇ ਬਚਨ ਤੇ ਭਰੋਸਾ ਕਰ ਸਕਦਾ ਹਾਂ, ਤੂੰ ਕਿਤੇ ਨੱਸੇਂ ਭਜੇਂਗਾ ਤਾਂ ਨਹੀਂ ?

ਰੂਪਾ--ਪੱਕਾ ਭਰੋਸਾ ਕਰ ਸਕਦੇ ਹੋ।

ਕੁਤ:-ਜੇ ਹਵਾਲਾਤ ਵਿਚ ਰਹੇ ਤਾਂ ਕੀ ਹਰਜ ਹੈ ?

ਹਾਕਮ--ਇਹ ਬੇਕਸੂਰ ਹੈ, ਆਪ ਦੇ ਸਬੂਤ ਸੱਚੇ ਨਹੀਂ, ਮੁਕੱਦਮਾ ਵੱਡਾ ਨਾ ਹੋਣ ਕਰਕੇ ਜੇ ਆਪ ਹੀ ਮੁਕਾ ਛਡਦੇ ਤਾਂ ਇਹ ਬੇਗੁਨਾਹ ਮਾਰਿਆ ਗਿਆ ਸੀ, ਪਰ ਹੁਣ ਦੂਸਰੇ ਮੁਕੱਦਮੇ ਦੀ ਪੇਸ਼ੀ ਤਕ ਇਹ ਕਿਉਂ ਕੈਦ ਰਹੇ ? ਇਹ ਸਿੱਖ ਹੈ, ਜੇ ਫਾਹੇ ਵੀ ਮਿਲਣਾ ਹੋਸੀ ਤਾਂ ਇਕਰਾਰ ਕਰ ਕੇ ਅੱਪੜ ਪਏਗਾ, ਆਜ਼ਾਦ ਕਰੋ ਗ਼ਰੀਬ ਨੂੰ, ਬਹੁਤ ਤਸੀਹਾ ਭੋਗ ਚੁਕਾ ਹੈ।

ਸੋ ਰੂਪੇ ਹੁਰੀਂ ਆਜ਼ਾਦ ਹੋਕੇ ਅੱਜ ਘਰ ਆਏ। ਜੋ ਖ਼ੁਸ਼ੀ ਉਸਦੇ ਘਰ ਹੋਈ ਉਸਨੂੰ ਕੌਣ ਵਰਣਨ ਕਰੇ ? ਪਰ ਉਸ ਦੇ ਦਿਲ ਦੇ ਸਿਦਕ ਨੇ ਜੋ ਅੱਜ ਉਛਾਲਾ ਖਾਧਾ ਹੈ ਉਸ ਦਾ ਰਸ ਉਸੇ ਨੇ ਮਾਣਿਆਂ ਹੈ! ਆਖੇ 'ਮੇਰਾ ਸਤਿਗੁਰੂ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ !'

ਰੂਪਾ ਬੇਗੁਨਾਹ ਸੀ, ਕੁਤਵਾਲ ਨੇ ਖ਼ਾਰ ਨਾਲ ਇਸ ਨੂੰ ਫਾਹਿਆ ਸੀ, ਕਾਜ਼ੀ ਨੂੰ ਖ਼ਾਰ ਸੀ ਕਿ ਉਸਦੇ ਸਤਿਸੰਗ ਕਰਕੇ ਲੋਕੀਂ ਦੂਜੇ ਹਿੰਦੂਆਂ ਨੂੰ ਭੀ ਦੀਨ ਵਿਚ ਪੈਣੋਂ ਰੋਕ ਲੈਂਦੇ ਸੀ।

ਦਸਵੇਂ ਦਿਨ ਰੂਪਾ-ਭਾਈ ਰੂਪਾ--ਫੇਰ ਅਦਾਲਤ ਵਿਚ ਗਿਆ। ਧਾੜਵੀ ਰੂਪਾ ਪੇਸ਼ ਸੀ, ਉਸ ਦਾ ਟੋਲਾ ਵੀ ਪੇਸ਼ ਸੀ, ਮਾਮਲੇ ਤੇ ਸਬੂਤ ਹਾਜ਼ਰ ਸਨ, ਹਾਕਮ ਨੇ ਸਾਰੇ ਦਿਨ ਦੇ ਕਜ਼ੀਏ ਮਗਰੋਂ ਧਾੜਵੀ ਰੂਪੇ ਦੇ ਸਾਥੀਆਂ ਨੂੰ ਦੋਸ਼ੀ ਕੀਤਾ ਤੇ ਭਾਈ ਰੂਪੇ ਨੂੰ--ਜੋ ਗੁਰੂ ਕਾ ਸਿੱਖ ਸੀ--ਸੁਰਖ਼ਰੋਈ ਨਾਲ ਬਰੀ ਕੀਤਾ।

ਰੂਪਾ ਖੁਸ਼ੀ ਖੁਸ਼ੀ ਘਰ ਆਇਆ। ਸ਼ੁਕਰ ਸ਼ੁਕਰ ਵਿਚ ਖੁਸ਼ੀ ਖੁਸ਼ੀ, ਹਾਂ, ਇਸ ਲਈ ਕਿ ਹੁਣ ਆਨੰਦ ਪੁਰ ਜਾਏਗਾ, ਪਰ ਅੱਗੇ ਇਸਤ੍ਰੀ ਬੀਮਾਰ ਸੀ। ਤਿਲਕ ਵੇਲੇ, ਗੁਰ ਗਦੀ ਬਿਰਾਜਣ ਵੇਲੇ, ਤਖਤ ਨਸ਼ੀਨੀ ਵੇਲੇ ਬੀ ਆਨੰਦ ਪੁਰ ਨਹੀਂ ਪੁੱਜ ਸਕਿਆ ਸੀ, ਹੁਣ ਦੀਪ ਮਾਲਾ ਦੇ ਸਮਾਗਮ ਤੇ ਪਹੁੰਚਣ ਦਾ ਸੰਕਲਪ ਸੀ ਕਿ ਕਿਸ਼ੋਰ ਮੂਰਤੀ ਜੀ ਦੇ, ਬੰਦੀ ਛੋੜ ਦੇ ਪੋਤਾ ਜੀ ਦੇ, ਅਪਣੇ ਕਿਸ਼ੋਰ ਸਾਂਈਂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਵੇ ਪਰ ਕੁਦਰਤ ਨੇ ਜਾਣੋਂ ਰੋਕ ਲਿਆ। ਮੁਲਤਾਨ ਦਾ ਮਸੰਦ ਦੁਲਚਾ ਆਨੰਦ ਪੁਰ ਜਾਣ ਨੂੰ ਤਿਆਰ ਸੀ। ਰੂਪਾ ਉਸ ਦੇ ਘਰ ਪੁੱਜਾ ਤੇ ਜਾ ਕੇ ਉਸ ਦੇ ਅੱਗੇ ਸੌ ਮੋਤੀ ਸੁੱਚੇ ਦਸਤਾਰ ਲਈ, ੫੦ ਮੋਹਰਾਂ, ਇਕ ਜੋੜੀ ਕੜੇ ਜੜਾਊ, ਇਕ ਖੰਜਰ ਜੜਾਊ, ਇਕ ਪੁਸ਼ਾਕ ਰੇਸ਼ਮੀ ਦਰਿਆਈ ਦੀ ਦੋ ਪੁਸ਼ਾਕੇ ਮਾਤਾ ਜੀਆਂ ਵਾਸਤੇ ਪੱਟ ਦੇ, ਤੇ ਹੋਰ ਪਦਾਰਥ

ਧਰਕੇ ਆਖਿਆ ਕਿ ਇਹ ਭੇਟਾ ਅੱਗੇ ਧਰਕੇ ਰੋ ਕੇ ਆਖੀਂ: ਗੁਰੂ ਨਾਨਕ ਦਾ ਘਰ ਸਭ ਤੋਂ ਵੱਡਾ ਹੈ, ਦਾਤਾ! ਤੂੰ ਧੰਨ ਹੈਂ ! ਜਿਸਨੇ ਮੇਰੀ ਸ਼ਰਮ ਰੱਖੀ ! ਤੂੰ ਧੰਨ ਹੈਂ ! ਕ੍ਰਿਪਾਲ ਹੋ, ਹੁਣ ਇਨ੍ਹਾਂ ਸੱਧਰਾਂਦੇ ਨੈਣਾ ਨੂੰ ਦਰਸ਼ਨ ਦੇਹ। ਮੈਂ ਸ਼ਰਮਿੰਦਾ ਹਾਂ, ਬੇਮੁਖ ਹਾਂ, ਕਿ ਨੌਵੇਂ ਸਤਿਗੁਰਾਂ ਦੇ ਸਾਕੇ ਵੇਲੇ ਨਾ ਪੁੱਜਾ, ਆਪ ਦੇ ਤਖਤ ਬਹਿਣ ਵੇਲੇ ਨਾ ਅੱਪੜਿਆ, ਹੁਣ ਮੌਤ ਅਪਜਸਦੇ ਮੂੰਹੋਂ ਛੁਟਕੇ ਤਿਆਰ ਹੋਇਆ ਹਵਾਇਆ ਫੇਰ ਰਹਿ ਗਿਆ, ਦਾਤਾ ! ਮਿਹਰ ਕਰ, ਅਰ ਦਰਸ਼ਨ ਬਖ਼ਸ਼।

੪.

ਦੂਲਚਾ ਆਨੰਦਪੁਰ ਅੱਪੜ ਗਿਆ ਸੀ, ਨਾਲ ਸੰਗਤ ਬੀ ਆਈ ਸੀ, ਸਾਰੇ ਪੇਸ਼ ਹੋ ਚੁਕੇ ਸੇ। ਸਤਿਗੁਰਾਂ ਦੇ ਅੱਗੇ 'ਨਾ ਆ ਸਕੇ ਸਿੱਖਾਂ' ਦੀਆਂ ਕਾਰਾਂ ਭੇਟਾਂ ਪੇਸ਼ ਹੋਈਆਂ, ਮੇਵੜੇ ਅਰਦਾਸ ਕੀਤੀ, ਖ਼ਜ਼ਾਨੇ ਦਾਖ਼ਲ ਹੋ ਗਈਆਂ, ਗੱਲ ਮੁੱਕ ਗਈ। ਦੀਪਮਾਲਾ ਦਾ ਦਰਸ਼ਨ ਮੇਲਾ ਹੋ ਚੁਕਾ।

ਇਕ ਦਿਨ ਭਾਈ ਹਰਦਿੱਤਾ ਜੀ ਤੇ ਦੂਲਚੇ ਦੇ ਫੇਰ ਏਕਾਂਤ ਮੇਲੇ ਹੋਏ ਤੇ ਬਚਨ ਬਿਲਾਸ ਚੱਲ ਪਏ। ਹਰਦਿੱਤਾ ਕਹਿ ਰਿਹਾ ਸੀ ਕਿ ਦਸਮੇਂ ਸਤਿਗੁਰ ਜੀ ਗੁਰੂ ਹਰਿਗੋਬਿੰਦ ਜੀ ਦੇ ਤ੍ਰੀਕੇ ਤੇ ਚੱਲ ਰਹੇ ਹਨ। ਕਿੰਨੀ ਨਿੱਕੀ ਆਰਬਲਾ ਹੈ, ਤੇ ਸ਼ਸਤ੍ਰਾਂ ਤੇ ਜੰਗੀ ਸਾਮਾਨਾਂ ਨਾਲ ਕਿੰਨਾ ਪਿਆਰ ਹੈ। ਦੂਲਚਾ ਕਹਿੰਦਾ ਸੀ ਕਿ ਔਰੰਗਜ਼ੇਬ ਦੇ ਵੈਰ ਨੂੰ ਰਗੜ ਨਹੀਂ ਦੇਣੀ ਚਾਹੀਏ। ਹਰਦਿੱਤਾ ਕਹਿ ਰਿਹਾ ਸੀ ਕਿ ਸਤਿਗੁਰੂ ਭੁੱਲ ਨਹੀਂ ਕਰਦੇ, ਤੁਸੀਂ ਉਨ੍ਹਾਂ ਨੂੰ ਕਿਉਂ ਮਾਮੂਲੀ ਬੱਚਾ ਸਮਝਦੇ ਹੋ। ਦੂਲਚਾ ਜੀਓ ! ਤੁਸੀਂ ਗ਼ਲਤੀ ਤੇ ਹੋ ਕਿ ਸਾਰੇ ਮਨੁੱਖ ਇਕੋ ਜਿਹੇ ਹਨ ਤੇ ਇਕੋ ਕਿਸਮ ਦੇ ਜੀਵ ਹਨ, ਉਂਝ ਮਨੁੱਖ ਮਾਤ੍ਰ ਮਾਨਸ ਦੀ ਜਾਤ ਇਕੋ ਹਨ, ਪਰੰਤੂ ਹਰੇਕ ਦੇ ਅੰਦਰਲੇ ਦੀ ਤਾਕਤ; ਲਿਆਕਤ ਪ੍ਰਬੀਨਤਾ ਅੱਡ ਅੱਡ ਹੈ, ਹਰੇਕ ਦੇ ਦਿਲ ਦਿਮਾਗ਼ ਅੱਡ ਅੱਡ ਤਾਕਤਾਂ ਰੱਖਦੇ ਹਨ। ਸੋ ਵਡਿਆਈ ਛੁਟਿਆਈ ਦਾ ਬੀਜ ਅੰਦਰ ਹੈ। ਫੇਰ ਕੋਈ ਇਨਸਾਨ ਕਲਾਧਾਰੀ ਹੁੰਦਾ ਹੈ; ਉਹ ਪੁਰਖ ਦੂਸਰਿਆਂ ਸਿਆਣਿਆਂ ਨਾਲੋਂ ਸੁਤੇ ਸਿੱਧ ਤੇ ਵਧੇਰੇ ਪ੍ਰਬੀਨ ਹੁੰਦਾ ਹੈ। ਕਲਾਧਾਰੀ ਇਕ ਜੀਉਂਦੀ ਤਾਕਤ ਹੈ, ਮਨੁੱਖਾਂ ਵਿਚ ਮਨੁੱਖ ਤੋਂ ਉਚੇਰੀ ਸ਼੍ਰੇਣੀ ਦਾ ਮਣਕਾ ਹੈ, ਉਹ ਬਲਦਾ ਭਬਾਕਾ ਹੈ, ਜੀਵਨ ਅਲਾਂਬਾ ਹੈ।

ਦੂਲਚਾ—ਕੀ ਸਤਿਗੁਰੂ ਕਲਾਧਾਰੀ ਹਨ ?

ਹਰਦਿੱਤਾ—ਮੈਂ ਇਹ ਕਹਿਣਾ ਬੇਅਦਬੀ ਸਮਝਦਾ ਹਾਂ; ਕਿਉਂਕਿ ਕਲਾਧਾਰੀ ਉਨ੍ਹਾਂ ਦੇ ਅੱਗੇ ਨੀਵੀਂ ਸ਼੍ਰੇਣੀ ਹੈ, ਓਹ ਉਹਨਾਂ ਵਿਚੋਂ ਬੀ ਉੱਚੀ ਸ਼ੈ ਹਨ।

ਦੂਲਚਾ—ਕਰਾਮਾਤੀ ਹਨ ?

ਹਰਦਿੱਤਾ—ਕਰਾਮਾਤ ਕੋਈ ਵੱਡੀ ਗਲ ਨਹੀਂ ਪਰ ਕਈ ਨਿੱਕੇ ਮਨਾਂ ਨੂੰ ਭਰੋਸਾ ਆਉਂਦਾ ਹੀ ਕਰਾਮਾਤ ਤੋਂ ਹੈ। ਦੇਖ ਅਗਲੇ ਦਿਨ ਸਗਿਰਾਂ ਤ੍ਰੈ ਬਰਛੇ ਮਾਰ ਕੇ ਤ੍ਰੈ ਸੂੰਮ ਪਾਣੀ ਦੇ ਖੁਹਲੇ ਹਨ, ਇਸ ਅਚਰਜ ਕਾਰਜ ਪਰ ਹਜ਼ਾਰਾਂ ਜੀਵਾਂ ਦਾ ਸੰਸਾ ਨਵਿਰਤ ਹੋ ਗਿਆ, ਸਭ ਨੇ ਮੰਨ ਲਿਆ ਕਿ ਇਸ ਕਿਸ਼ੋਰ ਅਵਸਥਾ ਵਿਚ ਜੋਤਿ ਗੁਰੂ ਨਾਨਕ ਦੀ ਹੈ। ਫੇਰ ਇਕ ਦਿਨ ਇਕ ਆਦਮੀ ਬਜ਼ਾਰ ਵਿਚ ਰੋਂਦਾ ਪਿਆ ਸੀ ਕਿ ਮੇਰੀ ਥੈਲੀ ਚੋਰ ਚੁਰਾ ਲੈ ਗਿਆ ਹੈ। ਸਤਿਗੁਰਾਂ ਪਾਸ ਪੁੱਜਾ ਕਿ ਆਪਦੇ ਘਰ ਆਇਆਂ ਬੀ ਚੋਰ ਪੈਂਦੇ ਹਨ, ਤਦ ਆਪ ਨੇ ਚੋਰ ਦਾ ਘਰ ਤੇ ਉਸਦੀ ਤਾਕੀ ਵਿਚ ਪਈ ਥੈਲੀ ਦਾ ਪਤਾ ਦੇਕੇ ਆਦਮੀ ਟੋਰੇ। ਠੀਕ ਉਥੋਂ ਹੀ ਸਭ ਕੁਛ ਨਿਕਲਿਆ। ਇਹ ਨਿਸ਼ਾਨੀਆਂ ਦਿਲਾਂ ਨੂੰ ਈਮਾਨ ਬਨ੍ਹਾਂਦੀਆਂ ਹਨ। ਇਹ ਸੁਣਕੇ ਦੂਲਚੇ ਦਾ ਰੰਗ ਕੁਛ ਫਿਰਿਆ, ਕੁਛ ਘਬਰਾ ਜਿਹਾ ਆਇਆ, ਪਰ ਫੇਰ ਸੰਭਲਕੇ ਕਹਿਣ ਲਗਾ, ਉਮਰ ਬੜੀ ਛੋਟੀ ਹੈ, ਸਮਾਧੀ-ਧਿਆਨ ਜੋਗ ਵਿਚ ਜੁੜਨਾ—ਪਾਰ-ਦਰਸ਼ਕ ਦ੍ਰਿਸ਼ਟੀ ਦਾ ਹੋਣਾ, ਇਸ ਉਮਰੇ ਕਿੰਵ ?

ਹਰਦਿੱਤਾ ਜੀ—ਦੂਲਚਿਆ ! ਤੂੰ ਕਿੱਥੇ ਚਲਾ ਗਿਆ, ਇਨ੍ਹਾਂ ਨੂੰ ਹਠਯੋਗੀ ਕਿ ਰਾਜਯੋਗੀ ਸਮਝਦਾ ਹੈਂ ? ਗੁਰੂ ਨਾਨਕ ਦਾ ਘਰ ਤੂੰ ਕਰਾਮਾਤਾਂ ਯਾ ਹਠਾਂ ਨਾਲ ਕਰਾਮਾਤਾਂ ਕਰਦਾ ਸਮਝਿਆ ਹੈ ? ਇਹ ਤਾਂ ਕੋਈ ਅਗੰਮੀ ਘਰ ਹੈ ਇਥੇ ਰੂਹਾਨੀ ਤਾਕਤ ਅਗੰਮੀ ਹੈ। ਦੇਖ ! ਕਰਾਮਾਤ, ਸਭ ਤੋਂ ਵਡੀ ਕਰਾਮਾਤ, ਇਹ ਹੈ ਕਿ ਕਦੇ ਕਿਤੇ ਕਲਾਧਾਰੀ ਦੇ ਬਾਦ ਕਲਾਧਾਰੀ ਨਹੀਂ ਆਇਆ, ਕਿਤੇ ਆਇਆ ਹੋਊ ਤਾਂ ਇਕ, ਹੱਦ ਦੋ। ਇਥੇ ਦੇਖ ਗੁਰੂ ਨਾਨਕ ਦੇਵ ਤੋਂ ਲੈ ਦਸਮੇਂ ਜਾਮੇਂ ਤਕ ਇਕ ਤੋਂ ਬਾਦ ਦੂਆ ਰੂਹਾਨੀ ਕਲਾ ਦਾ ਕਲਾਵਾਨ, ਹਾਂ, ਕਲਾਵਾਨਾਂ ਦਾ ਸਰਦਾਰ ਆਯਾ ਹੈ। ਸੋਚ ਕੇ ਦੇਖ ਕਿ ਕਿਸ ਤੋਂ ਕਿਹੜਾ ਘੱਟ ਸੀ ? ਇਹ ਰੱਬੀ ਕਰਾਮਾਤ ਹੈ, ਨਵਾਂ ਰਾਹ ਨਵਾ ਮਾਰਗ। ਮੋਏ ਜਿਵਾ

ਦਿੱਤੇ ਹਨ, ਰੂਹਾਂ ਭਰ ਦਿੱਤੀਆਂ ਹਨ, ਨਾਮ ਮਨਾਂ ਵਿਚ ਪ੍ਰੋ ਦਿੱਤੇ ਹਨ, ਵਾਹਿਗੁਰੂ ਜੀ ਦੀ ਮਾਨੋ ਮੂਰਤ ਦਿਲਾਂ ਉਤੇ ਖਿੱਚ ਦਿੱਤੀ ਹੈ, ਇਹ ਹੈ ਕਰਾਮਾਤ। ਦੇਖ ! ਕੀਹ ਉਮਰ ਹੈ, ਕੀਕੂੰ ਭਜਨ ਬੰਦਗੀ ਹੈ, ਕੀਕੂੰ ਨਾਮ ਦਾਨ ਦਿੰਦੇ ਹਨ, ਨਾਮ ਦਿੰਦੇ ਹਨ ਤਾਂ ਅੰਦਰ ਪੁੜਦਾ ਹੈ। ਅਜੇ ਇਸ ਦੀਪਮਾਲਾ ਦੀ ਗੱਲ ਹੈ ਕਿ ਇਕ ਬੈਰਾਗੀ ਸਾਧੂ ਨੇ ਸਤਿਗੁਰੂ ਜੀ ਨੂੰ ਕਿਹਾ, "ਮੈਂ ਦੂਰੋਂ ਆਸ ਕਰਕੇ ਆਇਆ ਸੀ, ਮੈਂ ਸਾਧ ਹੋਇਆ, ਮੈਨੂੰ ਸਾਂਈਂ ਨਹੀਂ ਲੱਝਾ, ਮੈਂ ਸੁਣਿਆਂ ਗੁਰੂ ਨਾਨਕ ਦੇ ਦਰ ਰੱਬ ਲੱਝਦਾ ਹੈ, ਹੇ ਉਸ ਗੱਦੀ ਦੇ ਮਾਲਕਾ ! ਮੈਂ ਤੇ ਰਹਿਮ ਕਰ, ਮੈਨੂੰ ਬੀ ਕੋਈ ਕਣੀ ਦਾਨ ਕਰ"। ਦੇਖੋ ਦੁਲਚਾ ਜੀ ! ਮੈਂ ਪਾਸ ਖੜਾ ਸਾਂ, ਸਤਿਗੁਰ ਉਸਨੂੰ ਕਹਿਣ ਲੱਗੇ : "ਓਏ ਸਾਧ ਰਾਮ ! ਤਕ ਮੇਰੀ ਵੱਲ, ਹੱਛੂ ਤਰ੍ਹਾਂ ਤੱਕ ! ਤੱਕਿਆ ਈ ? ਕਹੁ ਵਾਹਿਗੁਰੂ !"

ਉਸ ਨੇ ਕਹਿਆ ਵਾਹਿਗੁਰੂ ! ਮੇਰੇ ਦੇਖਦੇ ਨੈਣ ਮੁੰਦਕੇ ਖੜਾ ਰਿਹਾ, ਫੇਰ ਚਰਨਾਂ ਤੇ ਢੈ ਪਿਆ, ਰੋ ਪਿਆ, ਫੇਰ ਬੋਲ ਪਿਆ; "ਕਦੇ ਨਹੀਂ ਸੀ ਡਿੱਠਾ: ਇਹ ਰਸ, ਇਹ ਸੁਆਦ। ਨਾਮ ਮੈਂ ਜਪਿਆ ਹੈ, ਪਰ ਗੱਲ੍ਹਾਂ, ਮੂੰਹ, ਸਿਰ ਥੱਕ ਵੈਂਦਾ ਸੀ। ਇਹ ਨਾਮ ਹੈ ਰਸ ਵਾਲਾ, ਸੁਆਦ ਵਾਲਾ, ਨਾਮ ਹੈ ਕਿ ਨਾਮ ਵਾਲਾ ਆਪ ਹੈ" !

ਦੁਲਚਿਆ ! ਇਹ ਹੈ ਕਰਾਮਾਤ[1]।

ਦੁਲਚਾ (ਝਿਜਕ ਕੇ)--ਪਰ ਇਸ....ਕਿਸ਼ੋਰ ਅਵਸਥਾ ਵਿਚ ਕਿਵ ?

ਹਰਦਿੱਤਾ--ਦਸਾਂ ਜਾਮਿਆਂ ਵਿਚ ਜੋਤਿ ਇਕੋ ਨੇ ਕੰਮ ਕੀਤਾ ਹੈ; ਉਸ ਜੋਤਿ ਨੂੰ ਸਰੀਰ ਦੇ ਵੱਡੇ ਛੋਟੇ ਹੋਣ ਦਾ ਕੁਛ ਫਰਕ ਨਹੀਂ। ਉਹ ਜੋਤਿ ਕੋਈ ਅਗੰਮੀ ਸ਼ੈ ਹੈ। ਵਾਹਿਗੁਰੂ-ਗੁਰੂ ਹੈ, ਉਸ ਦੀ 'ਗੁਰੂ ਜਜੋਤੀ' ਮੇਰੀ ਜਾਚੇ ਉਹੋ 'ਜਜੋਤੀ' ਹੈ ਜੋ ਗੁਰੂ ਨਾਨਕ ਵਿਚ ਕੰਮ ਕਰਦੀ ਦਸਾਂ ਵਿਚ ਆਈ ਹੈ, ਪਰ ਦੁਲਚੇ ਮਿੱਤਰਾ ! ਮੈਨੂੰ ਡਰ ਹੈ, ਤੇਰੇ ਅੰਦਰ ਕੋਈ ਹੋਰ ਮੋਹ ਹੈ, ਸਤਿਗੁਰ ਦੇ ਪ੍ਰੇਮ ਤੋਂ ਕੋਈ ਨੀਵਾਂ ਮੋਹ, ਉਹ ਤੈਨੂੰ ਠੁਹੰਕਰ ਲਾ ਰਿਹਾ ਹੈ, ਕਿਸੇ ਵੇਲੇ ਵੱਡੀ ਸੱਟ ਮਾਰੇਗਾ।

1. ਸਤਿਨਾਮ ਬਿਨ ਬਾਦਰ ਛਾਈ।। (ਵਾ:ਭਾ:ਗੁ) ਪੁਨਾ:ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਹੀਂ।। (ਵ:ਭਾ:ਗੁ:) ਪੁਨਾ:-ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸ ਦਾਤਿ।। (ਸੋਰ:ਵਾ:ਮ:੩-੨੦)

ਤਕੜਾ ਹੋ ਮਿੱਤ੍ਰਾ ! ਗੁੱਸੇ ਨਾ ਹੋਵੀਂ, ਮੈਂ ਪਿਆਰ ਨਾਲ ਕਹਿ ਰਿਹਾ ਹਾਂ।

ਦੁਲਚਾ--ਐਡੀ ਐਡੀ ਦੂਰੋਂ ਆਉਂਦੇ ਹਾਂ, ਜੋ ਲਿਆਉਂਦੇ ਹਾਂ ਅੱਗੇ ਧਰਦੇ ਹਾਂ, ਹਾਕਮਾਂ ਤੋਂ ਡਰਦੇ ਨਹੀਂ, ਉਮਰਾ ਵਲ ਤੱਕਦੇ ਨਹੀਂ; ਉਸੇ ਤਰ੍ਹਾਂ ਚਾਕਰ ਹਾਂ, ਜਿਵੇਂ ਪਹਿਲਿਆਂ ਦੇ ਸਾਂ, ਅਜੇ ਸੁਹਣਿਆਂ ! ਸਾਨੂੰ ਠੋਕਰਾਂ ਦੇਂਦਾ ਹੈਂ ਤੇ ਡਰਾਵੇ ਦੱਸਦਾ ਹੈਂ? ਚੰਗਾ!

ਹਰਦਿੱਤਾ--ਵੀਰਾ ! ਮੈਂ ਦਾਹ ਨਾਲ ਨਹੀਂ ਕਿਹਾ, ਪਿਆਰ ਨਾਲ ਕਿਹਾ ਹੈ। ਤੁਸਾਂ ਨੂੰ ਕਿਉਂ 'ਕਿੰਤੂ' ਫੁਰਦੇ ਹਨ। ਸਿਖੀ ਤਾਂ ਪਿਆਰ ਦਾ ਨਾਉਂ ਹੈ, ਸਿਖੀ ਸਿਦਕ ਨੂੰ ਆਖਦੇ ਹਨ। ਫੇਰ ਸਾਡਾ ਸਤਿਗੁਰ ਜ਼ਾਹਰ ਹੈ ਹਾਜ਼ਰ ਹੈ। ਨੌ ਜਾਮੇਂ ਅਸਾਂ ਤੇ ਸਾਡੇ ਵਡਿਆਂ ਨੇ ਤੱਕੇ ਹਨ, ਮੇਰੇ ਆਪਣੇ ਵਡੇ ਅਜ਼ਮਤ ਵਾਲੇ ਹੋਏ ਹਨ, ਪਰ ਸਾਰੇ ਇਸ ਦਰ ਦੇ ਦਾਸ ਤੇ ਪਿਆਰਾਂ ਵਾਲੇ ਰਹੇ ਹਨ! ਤੁਸਾਨੂੰ ਪਤਾ ਹੈ ਕਿ ਮੇਰੇ ਵਡੇ ਭਰਾ ਨੇ ਨੌਵੇਂ ਗੁਰਾਂ ਤੋਂ ਵਿਛੁੜਕੇ ਜੀਉਣਾ ਪਸੰਦ ਨਹੀਂ ਸੀ ਕੀਤਾ। ਮੇਰੀਆਂ ਆਸਾਂ ਤਾਂ ਇਹ ਹਨ ਕਿ ਇਸ ਮੂਰਤੀ ਨੇ, ਜਿਸ ਨੂੰ ਮੈਂ ਸਦਾ ਇਕ ਰਸ ਜਾਗਦੀ ਜੋਤਿ ਸਮਝਦਾ ਹਾਂ, ਦੇਸ਼ ਦਾ ਭਾਰ ਹਰਨਾ ਹੈ। ਸਫੁਟ ਲੱਛਣ ਹੈਨ ਕਿ ਏਹ ਦੇਸ਼ ਦਾ ਰਾਜ ਦੁਖ ਭੀ ਦੂਰ ਕਰਨਗੇ, ਮੁਗ਼ਲਾਂ ਦਾ ਤੇਜ ਬੜਾ ਹੈ, ਪਰ ਤੇਜ ਹਿਰ ਚਲਿਆ ਹੈ ਦੁਪਹਿਰ ਲੰਘ ਗਈ ਹੈ, ਸੂਰਜ ਢਾਲੇ ਪੈ ਗਿਆ ਹੈ; ਚਾਹੇ ਦੁਪਹਿਰ ਮਗਰੋਂ ਉਂਵ ਢਲਿਆ ਪ੍ਰਤੀਤ ਨਹੀਂ ਦੇਂਦਾ। ਜ਼ੁਲਮ ਅਤਿ ਦਾ ਹੈ, ਜੋ ਜ਼ਾਲਮ ਦੇ ਆਪਣੇ ਪੈਰ ਕੁਹਾੜਾ ਹੈ। ਗੁਰੂ ਜੀ ਦਾ ਸਾਕਾ ਉਨ੍ਹਾਂ ਦੇ ਤਪ ਤੇਜ ਨੂੰ ਮੁਕਾ ਗਿਆ ਹੈ, ਹੁਣ ਵਡਾ ਬ੍ਰਿਛ ਡਿਗਦਿਆਂ, ਸੁਕਦਿਆਂ ਕੁਛ ਸਮਾਂ ਤਾਂ ਲੈਂਦਾ ਹੀ ਹੈ ਨਾ। ਇਹ ਕੁਮਾਰ ਮੂਰਤੀ : ਮੇਰੀ ਆਸ ਹੈ, ਇਸ ਜ਼ੁਲਮ ਭਰੇ ਰਾਜ ਦੀ ਨੀਂਹ ਨਿਆਂ ਦੇ ਪਾਣੀਆਂ ਵਿਚ ਗਾਲੇਗੀ। ਅਗੋਂ ਭਾਈ ਅੰਤਰਜਾਮੀ ਕੌਣ ਹੈ ?

ਦੁਲਚਾ--ਤੁਸੀਂ ਹੀ ਕਹਿੰਦੇ ਹੋ ਕਿ ਕਿਸ਼ੋਰ ਮੂਰਤੀ ਅੰਤਰਜਾਮੀ ਹਨ!

ਹਰਦਿੱਤਾ (ਗੰਭੀਰ ਹੋ ਕੇ)--ਇਹ ਤਾਂ ਡੰਕੇ ਦੀ ਚੋਟ ਆਖਦਾ ਹਾਂ, ਢੋਲ ਵਜਾ ਕੇ ਆਖਦਾ ਹਾਂ ਕਿ ਮੇਰੇ ਸਤਿਗੁਰੂ ਅੰਤਰਜਾਮੀ ਹਨ, ਮੇਰੇ ਸਤਿਗੁਰੂ ਸਦਾ ਵਾਹਿਗੁਰੂ ਨਾਲ ਅੰਤਰ ਆਤਮੇ ਜੁੜੇਂ ਹਨ, ਉਨ੍ਹਾਂ

ਵਿਚ ਸਦਾ ਵਾਹਿਗੁਰੂ ਜੀ ਦੀ ਜੋਤਿ ਦੇ 'ਬਲ ਤੇ ਬੁੱਧੀ' ਲਹਿਰੇ ਮਾਰਦੇ ਹਨ, ਓਹ ਹਨ ਜੋ ਓਹ ਹਨ, ਓਹ ਪੂਰਨ ਹਨ ਤੇ ਪੂਰਨ ਦੇ ਹਨ। ਅੰਤਰਜਾਮੀ ਕਹਿਣਾ ਕੋਈ ਬੜੀ ਵਡਿਆਈ ਦੇਣੀ ਨਹੀਂ, ਓਹ ਤਾਂ ਸਾਰੀ ਪਰਮੇਸ਼ੁਰਤਾਈ, ਰੂਹਾਨੀਅਤ, ਅਲੂਹੀਅਤ ਨਾਲ ਸਰਸ਼ਾਰ ਭਰਪੂਰ ਲਹਿ ਲਹਿ ਕਰ ਰਹੇ, 'ਗੁਰ ਨਾਨਕ ਦੇਵ ਗੋਵਿੰਦ ਰੂਪ' ਹਨ : ਇਸ ਵਿਚ ਫ਼ਖ਼ਰ ਹੈ, ਸੁਖ ਹੈ, ਇਹ ਸੱਚ ਹੈ ਤੇ ਸੁਖਦਾਈ ਸੱਚ ਹੈ। ਤੂੰ ਬੀ ਇਸੇ ਦਰ ਦਾ ਹੈਂ, ਤੂੰ ਬੀ ਇਹੋ ਜਾਣਦਾ ਹੋਸੇਂ, ਮੇਰੇ ਮਤੇ ਪਰਤਾਵੇ ਪਿਆ ਲੈਂਦਾ ਹੋਵੇਂ, ਹੈਂ ?

ਦੂਲਚਾ ਹੱਸ ਕੇ ਉਠ ਗਿਆ।

ਅਗਲੇ ਦਿਨ ਜਦ ਆਸਾ ਦੀ ਵਾਰ ਦਾ ਭੋਗ ਪੈ ਚੁਕਾ, ਕੜਾਹ ਪ੍ਰਸ਼ਾਦ ਵਰਤੀਜ ਚੁਕਾ, ਤਾਂ 'ਕਿਸ਼ੋਰ ਮੂਰਤੀ' ਜੀ ਅੱਖਾਂ ਮੀਟੇ ਹੋਏ ਸਨ। ਅੱਜ ਨਵੀਂ ਸੰਗਤ ਕੋਈ ਨਹੀਂ ਸੀ ਆਈ ਹੋਈ, ਅਗਲੀਆਂ ਸੰਗਤਾਂ ਨਾਲ ਹੀ ਦੀਵਾਨ ਗਹਗਟ ਭਰ ਰਿਹਾ ਸੀ। ਅਚਾਨਕ ਸਤਿਗੁਰ ਜੀ ਨੇ ਨੈਣ ਖੁਹਲੇ ਤੇ ਬੋਲੇ: ਦੂਲਚਾ ਕਿਥੇ ਹੈ ?

ਦੂਲਚਾ ਹੱਥ ਜੋੜਕੇ ਆ ਖਲੋਤਾ। ਆਪ ਨੇ ਆਖਿਆ : ਭਾਈ! ਤੂੰ ਮੇਰੇ ਜੋਗਾ ਕੀਹ ਲਿਆਇਆ ਹੈਂ ?

ਦੂਲਚਾ-ਪਾਤਸ਼ਾਹ ! ਜੋ ਕੁਛ ਲਿਆਇਆ ਸਾਂ ਉਸ ਦਿਨ ਆਪ ਦੇ ਚਰਨਾਂ ਵਿਚ ਅਰਪ ਦਿੱਤਾ ਸੀ।

ਸਤਿਗੁਰ-ਤੂੰ ਆਪ ਕੀਹ ਆਂਦਾ ਹੈ ?

ਦੂਲਚਾ--ਜੋ ਤਿਲ ਫੁਲ ਸਰਿਆ ਅਰਪ ਦਿੱਤਾ ਸੀ।

ਸਤਿਗੁਰ-ਕਿਸੇ ਪਿਆਰੇ, ਪਿਆਰਾਂ ਵਾਲੇ ਦੀ ਦਿੱਤੀ ਕੋਈ ਅਮਾਨ ?

ਦੂਲਚਾ-ਸਭ ਆਪ ਜੋਗ ਅਰਪ ਦਿੱਤੀ ਸੀ।

ਸਤਿਗੁਰ-ਕੋਈ ਭੁੱਲੀ ਭਟਕੀ ਰਹਿ ਗਈ ਹੋਵੇ, ਚੇਤੇ ਕਰ ਲੈ, ਦੇਖ ਮੇਰੇ ਹੱਥ ਬੁੱਟੇ ਹਨ।

ਦੂਲਚਾ-ਮੈਂ ਤਾਂ ਸਭ ਕੁਛ ਦੇ ਚੁਕਾ ਹਾਂ। ਆਪ ਚੋਜ ਕਰਦੇ ਹੋ, ਬਾਲ ਅਵਸਥਾ ਦਾ ਚੋਜ ਮੇਰੇ ਨਾਲ ? ਆਪਦਾ ਬਾਲਕਪਣੇ ਦਾ ਚੋਜ, ਮੇਰੀ ਇੱਜ਼ਤ....

ਸਤਿਗੁਰ-ਹਾਂ, ਦੂਲਚਿਆ! ਤੇਰੀ ਇੱਜ਼ਤ ਤੇ ਮੇਰਾ ਚੋਜ। ਚੋਜ ਵੇਖ ਉਸ ਸੂਰੇ ਗੁਰੂ ਤੇਗ਼ ਬਹਾਦਰ ਦਾ! ਇਹ ਕਹਿੰਦੇ ਹੀ ਉਛਲਕੇ ਉਸਦੀ ਪੱਗ ਲਾਹ ਸੁਟੀ।

ਸਿੱਖ ਸੇਵਕ ਦੂਲਚੇ ਦੇ ਇਸ ਨਾ-ਮੁਨਾਸਬ ਦਲੇਰੀ ਵਾਲੇ ਉੱਤਰਾਂ ਤੋਂ ਚੌਕੰਨੇ ਹੋਏ ਹੀ ਸਨ ਕਿ 'ਕਿਸ਼ੋਰ ਕੌਤਕ' ਇਹ ਵਰਤ ਗਿਆ। ਪੱਗ ਲੱਥੀ ਤਾਂ ਵਿਚੋਂ ਸਤਿਗੁਰ ਦੇ ਮੇਚੇ ਦੇ ਛੋਟੇ ਜੇਹੇ ਬਣੇ ਜੜਾਊ ਕੜਿਆਂ ਦੀ ਜੋੜੀ ਢੱਠੀ। ਇਹ ਇਕ ਸਿੱਖ ਨੇ ਚੁੱਕ ਕੇ ਆਪ ਦੇ ਅੱਗੇ ਧਰੇ, ਜਿੱਥੇ ਕਿ ਗੱਦੀ ਤੇ ਆਪ ਸ਼ਾਂਤਿ ਚਿਤ ਖੜ੍ਹਦੇ ਚੰਦ ਦੀ ਮੁਸਕ੍ਰਾਹਟ ਨਾਲ ਜਾ ਬੈਠੇ ਸੇ। ਦੂਲਚੇ ਨੇ ਉਹ ਲੱਥੀ ਪੱਗ ਚਾਈ ਤੇ ਚਰਨਾਂ ਤੇ ਜਾ ਧਰੀ ਤੇ ਮੱਥਾ ਟੇਕ ਕੇ ਕਿਹਾ : ਮੈਂ ਭੁੱਲਾ ਹਾਂ, ਬਖਸ਼ ਲੈ, ਮੈਂ ਕਿਸੇ ਮਾਨ ਤੇ ਮਦ ਵਿਚ ਲਹਿ ਗਿਆ ਸਾਂ। ਮੈਂ ਜਾਤਾ ਸੀ ਕਿ ਮੈਂ ਮਾਇਆ ਕੱਠੀ ਕਰਕੇ ਦੇਂਦਾ ਹਾਂ, ਮੈਂ ਚੰਗਾ ਤੇ ਉੱਚਾ ਹਾਂ। ਮੈਂ ਜਾਤਾ ਸੀ ਤੁਸੀਂ ਉਮਰਾ ਕਰਕੇ ਛੋਟੇ ਹੋ। ਮੈਨੂੰ ਕੱਲ ਇਕ ਸਿੱਖ ਨੇ ਮੱਤ ਦਿੱਤੀ ਸੀ ਕਿ ਤੂੰ ਸੰਭਲ, ਠੁਹਕਰ ਖਾਏਂਗਾ, ਮੈਂ ਨਾ ਸਮਝਿਆ, ਅਜ ਠੁਹਕਰ ਖਾਧੀ। ਮੈਂ ਮਾਇਆ ਧਾਰੀ ਅੰਨ੍ਹਾ ਬੋਲਾ ਹਾਂ ਪਰ ਹੇ ਦਿਆਲੂ ਮੂਰਤੀ! ਹੇ ਪਰਤੱਖ ਗੁਰੂ ਨਾਨਕ! ਮੈਨੂੰ ਬਖਸ਼ ਲੈ !

ਇਸ ਵੇਲੇ ਭਾਈ ਹਰਦਿੱਤਾ ਜੀ ਦਾ ਕੋਮਲ ਮਨ ਦ੍ਰਵ ਗਿਆ, ਹੱਥ ਜੋੜ ਖੜੋਤਾ 'ਪਾਤਸ਼ਾਹ ਬਖਸ਼ੋ !'

ਕਿਸ਼ੋਰ ਮੂਰਤੀ ਬੋਲੇ : ਗੁਰ ਨਾਨਕ ਦਾ ਘਰ ਸਦਾ ਬਖਸ਼ੰਦ ਹੈ ! ਇਸ ਦਰ ਮਾਇਆ ਦੀ ਭੁੱਖ ਨਹੀਂ ਸਭ ਲੁਟਾ ਦਿਓ ਤੇ ਭਾਂਡੇ ਮੂਧੇ ਮਾਰ ਦਿਓ। ਗੁਰ ਨਾਨਕ ਦੀ ਟੇਕ ਵਾਹਿਗੁਰੂ ਹੈ, ਪਰ ਪ੍ਰੇਮੀਆਂ ਦੇ ਪ੍ਰੇਮ ਨੂੰ ਤੱਕੋ ! ਆਖੋ ਭਾਈ ਹਰਦਿੱਤਾ ਜੀ ! ਦੂਲਚੇ ਨੂੰ ਆਖੋ ਬਖ਼ਸ਼ਿਆ ਪਰ ਉਹ ਪ੍ਰੇਮ ਸੁਣਾ ਦੇਵੇ ਉਹ ਦਰਦ ਸੁਣਾ ਦੇਵੇ, ਉਹ ਪੁਕਾਰ ਸੁਣਾ ਦੇਵੇ ਜੋ ਮੈਂ ਹੁਣੇ ਸੁਣੀ ਹੈ,--ਕੜਿਆਂ ਵਾਲੇ ਦੀ ਕਥਾ।

ਤਦ ਦੂਲਚੇ ਨੇ ਉੱਠ ਕੇ ਭਾਈ ਰੂਪੇ ਦੀ--ਉਸ ਧਨੀ ਸੇਠ ਦੀ, ਜੋ ਚੋਰਾਂ ਵਾਙੂ ਬੱਧਾ ਗਿਆ ਸੀ, ਕਥਾ ਸੁਣਾਈ ਉਸਦੀ ਗੁਰ ਨਾਨਕ ਦੇ ਦਰ ਪੁਕਾਰ ਦੀ ਕਥਾ ਸੁਣਾਈ। ਉਸ ਦੀ ਅਦਾਲਤ ਵਿਚ ਗੁਰਸਿੱਖੀ ਦੀ, ਸਿਦਕ ਦੀ ਕਥਾ ਸੁਣਾਈ, ਉਸ ਦੇ ਸੱਚ ਦੀ ਕਥਾ ਸੁਣਾਈ ਤੇ ਉਸਦੇ ਬੱਧੇ ਛੁਟਣ ਦੀ, ਅੰਗਮੋਂ ਸਹਾਇਤਾ ਅੱਪੜਨ ਦੀ, ਗੁਰ ਨਾਨਕ ਦੇ ਦਰੋਂ ਸੁਰਖ਼ਰੂਈ ਤੇ ਬੰਧਨ ਕਟੀਣ ਦੀ ਕਥਾ ਸੁਣਾਈ। ਫੇਰ ਦੂਲਚੇ ਨੇ ਉਹ ਪ੍ਰੇਮ--ਸੰਦੇਸਾ, ਜੋ ਉਸ ਨੇ ਦਿੱਤਾ ਸੀ, ਉਹ ਸੁਣਾਇਆ ਤੇ ਆਪ ਮੰਨਿਆਂ ਕਿ ਰੂਪੇ ਦੇ ਪਦਾਰਥ ਦੀ ਸੁੰਦਰਤਾ ਨੇ ਮੈਨੂੰ ਮੋਹ ਲਿਆ ਸੀ। ਮੈਂ ਉਸ ਵਿਚੋਂ ਅਠਵੰਜਾ ਵਧੀਆ ਮੋਤੀ ਤੇ ੨੯ ਮੋਹਰਾਂ ਤਾਂ ਘਰ

ਹੀ ਰੱਖ ਆਇਆ ਸਾਂ ਤੇ ਕੜਿਆਂ ਦੀ ਜੋੜੀ ਤੇ ਮੇਰਾ ਮਨ ਏਥੇ ਆ ਕੇ ਭਰਮ ਗਿਆ ਸੀ ਜੋ ਪੱਗ ਵਿਚ ਰੱਖੀ ਫਿਰਦਾ ਸਾਂ। ਮੈਂ ਸਤਿਗੁਰ ਨੂੰ ਬਾਲ ਜਾਤਾ ਸੀ, ਮੈਂ ਮਾਇਆ ਨੂੰ ਮੋਹ ਕੀਤਾ ਸੀ, ਮੇਰਾ ਭਰੋਸਾ ਡੋਲ ਚੁਕਾ ਸੀ। ਮੈਂ ਅਪਰਾਧੀ ਹਾਂ, ਪਰ ਸ਼ੁਕਰ ਹੈ ਕਿ ਇਸੇ ਜਗ੍ਹਾ ਤੇ ਇਸੇ ਦਰਗਾਹ ਮੇਰਾ ਪਾਜ ਉੱਘੜ ਗਿਆ ਹੈ, ਹੁਣ ਮੈਨੂੰ ਸਾਂਈਆਂ ਜੀਓ ! ਅੱਗੇ ਤੋਂ ਬਚਾ ਲਓ।

ਕਿਸ਼ੋਰ ਸਤਿਗੁਰੂ ਜੀ—ਮਾਇਆ ਮੋਹਣੀ ਹੈ, ਮਾਇਆ ਮੋਹਣੀ ਹੈ, ਦੁਲਚਿਆ ! ਇਸ ਨੂੰ ਸਫਲ ਕਰੋ ਸ਼ਸਤ੍ਰਾਂ ਤੇ। ਦੇਸ਼ ਵਿਚ ਪੀੜਾ ਹੈ, ਪ੍ਰਜਾ ਦੁਖੀ ਹੈ। ਜਾਓ ਬਖਸ਼ਿਆ। ਹਰਦਿੱਤਾ ਜੀ ! ਪਿਆਰੇ ਜੀ ! ਦੁਲਚੇ ਦਾ ਅਵਗੁਣ ਕੋਈ ਨਾ ਚਿਤਾਰੇ, ਨਾ ਫਿਟਕਾਰੇ ਇਹ ਬਖਸ਼ਿਆ। ਮਾਇਆ ਮਾੜੀ ਨਹੀਂ, ਮਾਇਆ ਦਾ ਮੋਹ ਮਾੜਾ ਹੈ। ਹਾਂ ਰੂਪਾ ਚੰਗਾ ਹੈ, ਰੂਪਾ ਗੁਰੂ ਨਾਨਕ ਦਾ ਸਿਖ ਹੈ। 'ਧੰਨ ਗੁਰੂ ਨਾਨਕ !' ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ ਕਹਿੰਦੇ ਸਤਿਗੁਰ ਕਿੰਨਾ ਚਿਰ ਧੁਨਿ ਵਿਚ ਮਗਨ ਰਹੇ। ਦੀਵਾਨ ਸਾਰਾ ਇਸੇ ਧੁਨਿ ਵਿਚ ਮਗਨ ਹੋ ਗਿਆ। ਫਿਰ ਕਿਸ਼ੋਰ ਮੂਰਤੀ ਦੇ ਨੈਣ ਖੁੱਲ੍ਹੇ ਤੇ ਉੱਤਰ ਦੀ ਠੰਢੀ ਠੰਢੀ ਹਵਾ ਵਾਂਙੂ ਸਹਿਜੇ ਰੁਮਕਦੇ ਸ਼ਾਂਤੀ ਦੀਆਂ ਲਪੇਟਾਂ ਦੇਂਦੇ ਮਾਤਾ ਜੀ ਪਾਸ ਚਲੇ ਗਏ।

ਇਧਰ ਇਸ ਤਰ੍ਹਾਂ ਦੇ ਕੌਤਕ ਵਰਤਦੇ ਸਨ, ਉਧਰ ਸਤਿਗੁਰ ਜੀ ਦੇ ਖੇਲਕੂਦ, ਸ਼ਿਕਾਰ, ਤੀਰੰਦਾਜ਼ੀ ਦੇ ਕੌਤਕ ਅਚਰਜ ਸੇ। ਸ਼ਿਕਾਰ ਬੀ ਜਾਂਦੇ, ਸ਼ਸਤ੍ਰਾਂ ਦਾ ਅਭਿਆਸ ਬੀ ਕਰਦੇ, ਮਾਮਾ ਜੀ ਤੇ ਮਾਤਾ ਜੀ ਨੇ ਜੋ ਸੰਸਾਰਕ ਧਿਆਨ ਕਰਕੇ ਵਿਦਯਾ ਦਾ ਪ੍ਰਬੰਧ ਕਰ ਰਖਿਆ ਸੀ, ਸੋ ਬੀ ਆਖਾ ਨਾ ਮੋੜਦੇ, ਪਰ ਉਨ੍ਹਾਂ ਦੇ ਖਿਆਲ ਤੇ ਸਹਿਸੁਭਾ ਨਿਕਲੇ ਆਤਮਵਾਕ ਯਾ ਕਦੇ ਕਦੇ ਰਬੀ ਪਿਆਰ ਦੇ ਉਚਾਰੇ ਵਲਵਲੇ ਸੰਸਾਰੀ ਵਿਦਯਾ ਪੜ੍ਹਾਉਣ ਵਾਲੇ ਨੂੰ ਹੈਰਾਨ ਕਰ ਦਿੰਦੇ।

ਪਟਨੇ ਸਾਹਿਬ ਵਿਚ ਜੋ ਜਲ ਕ੍ਰੀੜਾ ਦਾ ਸ਼ੌਕ ਸੀ, ਇਥੇ ਆਕੇ ਸਗੋਂ ਵਧਿਆ। ਕਈ ਵੇਰ ਆਪ ਨੇ ਦਰਿਯਾ ਵਿਚ ਜਾ ਊਧਮ ਮਚਾਏ। ਆਪਣੇ ਸਾਥੀ ਸੰਗੀ ਤੇ ਖੇਲਾਂ ਦੇ ਸਖੇ ਨਾਲ ਲੈ, ਦੋ ਧੜੇ ਬਣਾ, ਜਲ ਵਿਚ ਪਾਣੀ ਉਛਾਲਣ ਦਾ ਜੰਗ ਜਾ ਮਚਾਉਂਦੇ। ਇਕ ਵੇਰੀ ਕਹਿੰਦੇ ਹਨ ਕਿ ਇਕ ਜਥੇ ਦੇ ਆਪ ਮੋਹਰੀ ਸਨ ਤੇ ਦੂਏ ਦਾ ਮੋਹਰੀ ਗੁਲਾਬ ਰਾਇ ਨੂੰ ਬਣਾਇਆ। ਦਰਿਯਾ ਵਿਚ ਖੇਡਦੇ ਇਕ ਦੂਜੇ ਨੂੰ ਭਜਾਉਂਦੇ ਐਸੇ ਭਾਰੂ ਹੋਏ ਕਿ ਗੁਲਾਬ ਰਾਇ ਭੱਜ ਗਿਆ ਤੇ ਬਾਹਰ ਆ ਛੇਤੀ ਨਾਲ ਗੁਰੂ ਜੀ ਦੀ ਪੱਗ ਚੁਕ ਸਿਰ ਤੇ ਧਰਕੇ ਦੌੜਿਆ। ਕਿਸੇ ਦੇ ਦੱਸਣ ਨਾਲ ਜਦ ਲਾਹੁਣ ਲੱਗਾ ਤਾਂ ਸਤਿਗੁਰਾਂ ਨੇ ਕਿਹਾ, ਰਹਿਣ ਦੇ ਹੁਣ ਨਾ ਲਾਹ, ਕਦੇ ਤੂੰ ਬੀ ਕੁਛ ਸਮਾਂ ਅਗੁਵਾਨੀ ਕਰੇਂਗਾ, ਪਰ ਇਸ ਪੱਗ ਵਾਲੇ ਸਿਰ ਵਿਚ ਮਦ ਨਾ ਵਾੜੀਂ[1]- ਮਦ ਆਇਆ ਤਾਂ ਗਿਆ।

ਇਕ ਦਿਨ ਕਿਸ਼ੋਰ ਮੂਰਤੀ ਦੇ ਕੰਨਾਂ ਵਿਚ ਇਕ ਡਾਢੀ ਦਰਦ ਭਰੀ ਆਵਾਜ਼ ਕਿਸੇ ਮਾਈ ਦੇ ਰੁਦਨ ਦੀ ਆਈ। ਬੜੇ ਨਰਮ ਦਿਲ ਹੋ ਕੇ ਪਾਸ ਗਏ ਤਾਂ ਉਹ ਰੋ ਰਹੀ ਸੀ ਤੇ ਉਸ ਦੇ ਅੱਗੇ ਉਸ ਦਾ ਪੁੱਤਰ ਪਿਆ ਸੀ। ਆਪ ਦਾ ਦਿਲ ਡਾਢਾ ਦ੍ਰਵਿਆ ਤੇ ਕਹਿਣ ਲੱਗੇ : ਮਾਈ ! ਕਿਉਂ ਰੋਂਦੀ ਹੈਂ ? ਉਸ ਨੇ ਕਿਹਾ : ਸਦਾ ਜੀਓ ਪਾਤਸ਼ਾਹ ! ਆਹ ਮੇਰਾ ਪੁੱਤ੍ਰ ਹੈ ਇਕੋ ਇਕ, ਹੁਣੇ ਚੰਗਾ ਭਲਾ ਸੀ, ਹੁਣੇ ਲੇਟ ਗਿਆ ਹੈ, ਤੇ ਦੇਖੋ ਬੋਲਦਾ ਨਹੀਂ, ਹਿੱਲਦਾ ਨਹੀਂ, ਸਾਹ ਨਹੀਂ ਲੈਂਦਾ। ਸਤਿਗੁਰ ਉਸੇ ਨਰਮ ਦਿਲੀ ਵਿਚ ਸਹਿਸੁਭਾ ਬੋਲੇ : ਸਾਹ ਤਾਂ ਆਉਂਦਾ ਹੈ, ਦੇਖੋ ਅੱਖਾਂ ਝਮਕਦਾ ਹੈ, ਆਹ ਦੇਖ; ਮਾਈ ! ਇਹ ਤਾਂ ਜੀਉਂਦਾ ਹੈ। ਇਹ ਕੌਤਕ ਤੱਕ ਕੇ ਲੋਕ ਅਚਰਜ ਹੋ ਗਏ। ਸਿੱਖਾਂ ਜਾਤਾ : ਉਹੋ ਗੁਰੂ ਅਮਰਦਾਸ ਵਾਲੀ ਦਇਆ ਇਨ੍ਹਾਂ ਵਿਚ ਹੈ, ਉਹੋ ਉਪਕਾਰੀ ਸਮਰੱਥਾ ਇਨ੍ਹਾਂ ਵਿਚ ਹੈ:

"ਮਿਰਤਕ ਕਉ ਜੀਵਾਲਨਹਾਰ॥ ਭੂਖੇ ਕਉ ਦੇਵਤ ਅਧਾਰ॥" (ਸੁਖਮਨੀ)

ਹੁਣ ਆਪ ਦੀ ਵਰੇਸ ਵਧ ਰਹੀ ਸੀ ਤੇਰ੍ਹਵੇਂ ਚੌਧਵੇਂ ਵਰ੍ਹੇ ਵਿਚ ਪਰਵੇਸ਼ ਹੋ ਰਿਹਾ ਸੀ। ਜੰਗੀ ਸ਼ੌਕ ਤ੍ਰਿੱਖਾ ਹੋ ਰਿਹਾ ਸੀ ਤੇ ਸ਼ਿਕਾਰ ਵਿਚ ਆਪ ਤਕੜੇ ਨਿਸ਼ਾਨਚੀ

---

1. ਆਖਦੇ ਹਨ ਕਿ ਜਦੋਂ ਸਤਿਗੁਰ ਜੀ ਦੱਖਣ ਚਲੇ ਗਏ ਤੇ ਆਨੰਦਪੁਰ ਗੁਰਧਾਮਾਂ ਦੀ ਸੇਵਾ ਭਾਈ ਗੁਰਬਖਸ਼ ਉਦਾਸੀ ਸੰਤ ਨੂੰ ਸੌਂਪ ਗਏ ਸਨ, ਸਮਾਂ ਪਾ ਗੁਲਾਬ ਰਾਇ ਨੇ ਆਨੰਦਪੁਰ ਤੇ ਕਬਜ਼ਾ ਕੀਤਾ। ਸੇਵਾ ਤੇ ਕਾਰਦਾਰੀ ਦੇ ਨਾਲ ਆਪ ਨੇ ਗੁਰੂ ਕਲਗੀਧਰ ਤੁਲ ਗੁਰੂ ਹੋਣ ਦਾ ਦਾਵਾ ਬੀ ਕੀਤਾ, ਸਤਿਗੁਰ ਦੇ ਥਾਪੇ ਉਦਾਸੀ ਸੰਤ ਨੇ ਸਮਝਾਇਆ, ਪਰ ਉਸ ਨੇ ਨਾ ਮੰਨਿਆ। ਇਸ ਦਾਹਵੇ ਦਾ ਪੰਥ ਵਿਚ ਸਿੱਕਾ ਨਾ ਟੁਰਿਆ ਤੇ ਅੰਤ ਉਸ ਤੋਂ ਮਗਰੋਂ ਉਨ੍ਹਾਂ ਦੀ ਔਲਾਦ ਨਿਰਵੰਸ਼ ਹੋ ਕੇ ਜਗਤ ਤੋਂ ਟੁਰ ਗਏ।

ਹੋ ਗਏ। ਤੀਰੰਦਾਜ਼ੀ ਦੇ ਨਾਲ ਹੁਣ ਬੰਦੂਕ ਬੀ ਚਲਾਉਂਦੇ ਸਨ, ਨਿਸ਼ਾਨਾ ਅਜੀਬ ਬੈਠਦਾ ਸੀ। ਸਿੱਖਾਂ ਦੇ ਦਿਲਾਂ ਦੇ ਪ੍ਰੇਮ ਐਸੇ ਸਨ ਕਿ ਜਿੱਧਰ ਉਨ੍ਹਾਂ ਦਾ ਰੁਖ਼ ਸੀ, ਉਹੀ ਸੇਵਾ ਕਰਦੇ ਸਨ। ਕਾਬਲ ਵਿਚੋਂ ਇਕ ਸ਼ਾਮਿਯਾਨਾ ਦੋ ਕੁ ਲੱਖ ਦੇ ਖਰਚ ਤੋਂ ਤਿਆਰ ਹੋਕੇ ਦਿੱਲੀ ਪਹੁੰਚਾ, ਪਰ ਦਿੱਲੀ ਦੇ ਸਿੱਖਾਂ ਵਿਚ ਇਹ ਚਾਉ ਆਇਆ ਕਿ ਮਾਂਡੇ ਪਾਤਸ਼ਾਹ ਲਈ; ਜੋ ਰੂਹ ਦੇ ਦੇਸ਼ ਦਾ ਸੱਚਾ ਪਾਤਸ਼ਾਹ ਹੈ, ਇਸ ਤੋਂ ਭੀ ਸੁੰਦਰ ਡੇਰਾ ਬਣਨਾ ਚਾਹੀਏ;

ਅਫਗਾਨਿਸਤਾਨ ਦੀ ਸੰਗਤ ਨੇ ਉਸ ਤੋਂ ਭੀ ਅਧਿਕ ਸੁਹਣਾ ਡੇਰਾ ਤਿਆਰ ਕਰਵਾਇਆ, ਢਾਈ ਕ੍ਰੈ ਲੱਖ ਰੁਪਿਆ ਇਸ ਪਰ ਖਰਚ ਆਇਆ, ਜ਼ਰੀ ਬਾਦਲੇ ਦਾ ਕੰਮ ਤੇ ਵਿਚ ਜੜਤਾਂ ਜਵਾਹਰਾਤ ਦੀਆਂ। ਕਾਬਲ ਦਾ ਇਕ ਧਨੀ ਸਿਖ, ਜਿਸ ਦਾ ਨਾਮ ਦੁਨੀਚੰਦ ਸੀ, ਇਸ ਨੇ ਇਹ ਤੰਬੂ ਆਪਣੇ ਖਰਚ ਤੇ ਬਨਵਾਇਆ ਸੀ, ਪਰੰਤੂ ਸਿਖਾਂ ਨੇ ਵੀ ਚੋਖੀ ਮਾਇਆ ਇਸ ਤੇ ਲਾਈ ਸੀ। ਇਸ ਤੰਬੂ ਦੀ ਤਿਆਰੀ ਦਾ ਪ੍ਰਬੰਧ ਭਾਈ ਦਿਆਲ ਦਾਸ ਕਾਬਲ ਦੇ ਮਸੰਦ ਦੇ ਸਪੁਰਦ ਰਿਹਾ। ਸੰਮਤ ੧੭੩੬ ਯਾ ੩੭ ਬਿ: ਵਿਚ ਇਹ ਤੰਬੂ ਆਨੰਦਪੁਰ ਆ ਕੇ ਤਨਿਆ। ਇਸ ਦੀ ਖ਼ੂਬਸੂਰਤੀ ਤੇ ਉੱਤਮਤਾ ਦੇਖ ਕੇ ਸੰਗਤਾਂ ਦੰਗ ਰਹਿ ਗਈਆਂ।

ਏਹ ਨਮੂਨੇ ਤੇ ਵੰਨਗੀਆਂ ਹਨ ਜੋ ਟਾਂਵੀਆਂ ਟਾਂਵੀਆਂ ਸਮੇਂ ਦੀ ਹੱਦ ਟੱਪਕੇ ਯਾਦ ਰਹਿ ਗਈਆਂ ਹਨ ਕਿ ਕੀਕੂੰ ਸਿਖ ਸਤਿਗੁਰਾਂ ਨੂੰ ਪਿਆਰ ਕਰਦੇ ਸਨ, ਕੀਕੂੰ ਸਾਈਂ ਨਾਲ ਜੁੜੇ ਰਹਿੰਦੇ ਸਨ ਅਰ ਕੀਕੂੰ ਮਦ ਭਰੇ ਔਰਗਜ਼ੇਬ ਦੇ ਰਾਜ ਵਿਚ ਖੁੱਲ੍ਹ ਤੇ ਸੁਤੰਤ੍ਰਤਾ ਵਾਲੇ ਬੰਦੇ ਪੈਦਾ ਹੋ ਰਹੇ ਸਨ।

# ੭. ਰਾਜਾ ਰਤਨ ਰਾਇ[1]।

੧.

"ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ
ਨ ਪਵੈ ਕਿਵੈ।" (ਆਸਾ ਮ: ੪)

ਇਕ ਚੜ੍ਹਦੀ ਜਵਾਨੀ ਦੇ ਰਾਜ ਕੁਮਾਰ, ਸਵੇਰ ਸਾਰ ਸ਼ੀਸ਼ੇ ਦੇ ਸਾਹਮਣੇ ਖੜੇ ਕੇਸਾਂ ਨੂੰ ਕੰਘਾ ਕਰਕੇ ਬਣਾ ਸਵਾਰ ਰਹੇ ਸਨ ਕਿ ਅਚਾਨਕ ਉਨ੍ਹਾਂ ਦੀ ਨਜ਼ਰ ਆਪਣੇ ਮੱਥੇ ਦੇ ਸਿਰੇ ਤੇ ਪਈ ਤਾਂ ਕੇਸਾਂ ਦੇ ਕੋਲਵਾਰ ਇਕ ਦਾਗ਼ ਜੇਹਾ ਨਜ਼ਰ ਪਿਆ ਜੋ ਕੋਈ ਅੱਖਰ ਭਾਸੇ, ਪਰ ਸਿਆਣ ਨਾ ਹੋਵੇ ਕਿ ਕੀ ਹੈ। ਰਾਜ ਕੁਮਾਰ ਨੇ ਸਮਝਿਆ ਕਿ ਨਿੱਕੇ ਹੁੰਦਿਆਂ ਕਿਤੇ ਸੱਟ ਲੱਗੀ ਹੋਵੇ ਮਤੇ ਅਕੇ ਕੋਈ ਫਿੰਮਣੀ ਨਿਸ਼ਾਨ ਛੱਡ ਗਈ ਹੋਵੇ, ਪਰ ਇਹ ਦਾਗ਼ ਨਹੀਂ ਜਾਪਦਾ, ਕੁਛ ਹੋਰਵੇਂ ਲੱਗਦਾ ਹੈ। ਇਉਂ ਸੋਚਦਿਆਂ ਉਸਦੀ ਹਰਿਆਨੀ ਵਧਦੀ ਗਈ, ਪਰ ਨਾਲ ਹੀ ਪੱਕਾ ਪਤਾ ਕਰਨੇ ਦੀ ਇੱਛਾ ਬੀ ਵਧਦੀ ਗਈ। ਛੇਕੜ ਉਸ ਨੂੰ ਸੋਚ ਫੁਰੀ ਕਿ ਚਾਹੇ ਇਹ ਸੱਟ ਹੈ ਚਾਹੇ ਫਿੰਮਣੀ ਦਾ ਦਾਗ਼, ਚਾਹੇ ਕੁਛ ਹੋਰ, ਮੇਰੀ ਮਾਤਾ ਜੀ ਨੂੰ ਜ਼ਰੂਰ ਪਤਾ ਹੋਊ ਕਿ ਇਹ ਕੀ ਹੈ ਤੇ ਕਿਵੇਂ ਹੈ ? ਇਹ ਸੋਚ ਉਹ ਪੱਗ ਬੰਨ੍ਹਕੇ ਆਪਣੀ ਮਾਤਾ ਜੀ ਕੋਲ ਗਿਆ। ਉਹ ਅੱਗੇ ਹੱਥ ਜੋੜੇ, ਨੈਣ ਮੀਟੇ ਧਿਆਨ ਵਿਚ ਬੈਠੀ ਸੀ। ਥੋੜ੍ਹੀ ਦੇਰ ਰਾਜਕੁਮਾਰ ਬੈਠਾ ਉਡੀਕਦਾ ਰਿਹਾ, ਜਦੋਂ ਮਾਂ ਦੀ ਅੱਖ ਖੁੱਲ੍ਹੀ ਤਾਂ ਇਸ ਨੇ ਅੱਗੇ ਹੋਕੇ ਮੱਥਾ ਟੇਕਿਆ। ਮਾਂ ਨੇ ਛਾਤੀ ਨਾਲ ਲਾਇਆ, ਮੱਥਾ ਚੁੰਮਿਆ ਤੇ ਸਿਰ ਤੇ ਪਿਆਰ ਦਿੱਤਾ। ਉਸ ਵੇਲੇ ਰਾਜਕੁਮਾਰ ਨੇ ਸਿਰ ਤੋਂ ਪੱਗ ਲਾਹ ਕੇ ਮਾਂ ਨੂੰ ਕਿਹਾ 'ਅੰਮਾਂ ਜੀ ! ਇਹ ਮੇਰੇ ਸੀਸ ਤੇ ਕਾਹਦਾ ਨਿਸ਼ਾਨ ਹੈ ?' ਮਾਂ ਨੇ ਨਿਸ਼ਾਨ ਵੱਲ ਡਿੱਠਾ, ਸੀਸ ਝੁਕਾਇਆ, ਨੈਣ ਬੰਦ ਹੋ ਗਏ ਤੇ ਦੋ ਚਾਰ ਬੂੰਦਾਂ ਅੱਥਰੂਆਂ ਦੀਆਂ ਨੈਣਾਂ ਤੋਂ ਵਰ੍ਹੀਆਂ। ਇਹ ਦੇਖਕੇ ਰਾਜਕੁਮਾਰ ਘਬਰਾਇਆ ਕਿ ਮਤੇ ਮੈਂ ਆਪਣੀ ਮਾਂ ਨੂੰ ਉਦਾਸ ਨਾ ਕਰ ਬੈਠਾ ਹੋਵਾਂ। ਕਾਹਲਾ ਹੋ ਕੇ ਕਹਿਣ ਲੱਗਾ : 'ਅੰਮਾਂ ਜੀ ਮੈਂ ਕੋਈ ਬੇਅਦਬੀ ਕੀਤੀ ਹੈ ਜੋ ਆਪ ਰੁੰਨੇ ਹੋ ?" ਮਾਂ ਦੀਆਂ ਅੱਖਾਂ ਖੁਲ੍ਹੀਆਂ; ਅੱਥਰੂ ਅਜੇ ਭਰ ਰਹੇ ਸਨ, ਬੱਚੇ ਵੱਲ ਤੱਕੀ ਤੇ ਹੱਥ ਨਾਲ "ਨਹੀਂ" ਦਾ ਇਸ਼ਾਰਾ ਕੀਤਾ। ਚਾਹੁੰਦੀ ਸੀ ਕਿ ਬੋਲਾਂ, ਪਰ ਕੰਠ ਅੰਦਰੋਂ ਭਰ ਆਇਆ ਤੇ ਗਦਗਦ ਹੋ ਰਿਹਾ ਸੀ, ਇਸ ਕਰ ਕੇ ਬੋਲ ਨਾ ਸਕੀ। ਹੁਣ ਲਾਡਲੇ ਦੁਲਾਰੇ ਨੇ ਮਾਂ ਨੂੰ ਫੇਰ ਆਖਿਆ-"ਅੰਮਾਂ ਜੀ! ਉਦਾਸ ਨਾ ਹੋਵੇ।

1. ਇਹ ਪ੍ਰਸੰਗ ਗੁਰਪੁਰਬ ਸਪਤਮੀ ਸੰ: ਗੁ: ਨਾ: ਸਾਹਿਬ ੪੫੫ (੧੯੨੩ ਈ) ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਜੇ ਤੁਸੀਂ ਦੱਸਣਾ ਨਹੀਂ ਚਾਹੁੰਦੇ ਤਾਂ ਮੈਂ ਨਹੀਂ ਪੁੱਛਦਾ, ਪਰ ਤੁਸੀਂ ਖੁਸ਼ ਹੋਵੋ।" ਇਸ ਤਰ੍ਹਾਂ ਕੁਛ ਚਿਰ ਚੁਪ ਰਹਿਣ ਮਗਰੋਂ ਮਾਂ ਦਾ ਦਿਲ ਬੋਲਣ ਵਾਲੇ ਰੁਖ਼ ਵਿਚ ਆ ਗਿਆ ਤੇ ਬੋਲੀ :

"ਲਾਲ ਜੀਓ ! ਇਹ ਨਿਸ਼ਾਨ ਸੱਟ ਯਾ ਫਿੰਮਣੀ ਦਾ ਨਹੀਂ ਹੈ, ਇਹ ਤੁਸਾਡੀ ਜਨਮ ਕਥਾ ਹੈ ਅਰ ਇਸ ਨਿਸ਼ਾਨ ਵਿਚ ਤੁਹਾਡੀ ਤੇ ਮੇਰੀ ਕਲਿਆਨ ਲੁਕੀ ਪਈ ਹੈ"।

ਇਹ ਸੁਣਕੇ ਨੌਜਵਾਨ ਸ਼ਾਹਜ਼ਾਦੇ ਨੂੰ ਵਧੇਰੇ ਸ਼ੌਕ ਜਾਗ ਪਿਆ ਕਿ ਕਿਵੇਂ ਮੈਂ ਇਸ ਨਿਸ਼ਾਨ ਦੇ ਭੇਤ ਨੂੰ ਜਾਣਾ, ਕਾਹਲਾ ਹੋ ਕੇ ਆਖਣ ਲੱਗਾ : "ਅੰਮਾਂ ਜੀ ! ਫੇਰ ਮੈਨੂੰ ਦੱਸੋ ?" ਮਾਂ ਬੋਲੀ : 'ਲਾਲ ਜੀ! ਇਸਦੇ ਜਾਣ ਲਿਆਂ ਇਹ ਜ਼ਰੂਰੀ ਹੈ ਕਿ ਤੁਸਾਂ ਦੇ ਅੰਦਰ ਭਗਤੀ ਦਾ ਭਾਉ ਤੇ ਪ੍ਰੇਮ ਜਾਗੇ ਤੇ ਰਬ ਚਾਹੇ ਤਾਂ ਜਾਗੇਗਾ।ਪਰ ਆਪਣੇ ਆਪ ਨੂੰ ਤਿਆਰ ਕਰ ਲਓ। ਤੁਸੀਂ ਜੁਬਾ ਅਵਸਥਾ ਵਿਚ ਹੋ, ਰੁਖ਼ ਖੇਲ ਤਮਾਸ਼ੇ ਵਲ ਹੈ, ਅਰ ਛੋਟੀ ਉਮਰੇ ਰਾਜਗੱਦੀ ਤੇ ਬਿਰਾਜੇ ਹੋ, ਕੋਈ ਬਾਹਰਮੁਖ ਬ੍ਰਿਤੀ ਦਾ ਕੰਮ ਤਾਂ ਇਸ ਵੇਲੇ ਤੁਸਾਨੂੰ ਨਹੀਂ ਹੈ ? ਇਹ ਭੇਤ ਆਪਣੇ ਆਪ ਅਦਬ ਦੀ ਲੋੜ ਰਖਦਾ ਹੈ। ਤੁਸਾਡੇ ਪਿਤਾ ਜੀ ਅਜ ਜੀਉਂਦੇ ਹੁੰਦੇ ਤਾਂ ਓਹ ਆਪ ਤੁਸਾਨੂੰ ਦਸਦੇ ਤੇ ਇਹ ਮਹਾਨ ਪਵਿੱਤ੍ਰ ਤੇ ਡਾਢਾ ਔਖਾ ਕੰਮ ਮੈਂ ਤ੍ਰੀਮਤ ਅਜ ਕਰਨ ਲਈ ਨਾ ਹੁੰਦੀ, ਪਰ ਸਿਰਜਣਹਾਰ ਨੂੰ ਜਿਵੇਂ ਭਾਉਂਦਾ ਹੈ, ਤਿਵੇਂ ਹੁੰਦਾ ਹੈ।"

ਰਾਜਕੁਮਾਰ—ਅੰਮਾਂ ਜੀ ! ਕਦੇ ਮੈਂ ਕੋਈ ਗਲ ਤੁਸਾਡੀ ਉਦਾਸੀ ਦੀ ਕੀਤੀ ਹੈ ? (ਨੈਣ ਭਰ ਕੇ) ਤੁਸੀਂ ਮੇਰੇ ਪਿਆਰੇ ਅੰਮੀ ਜੀ ਹੋ, ਤੁਸੀਂ ਮੇਰੇ ਬੜੇ ਬੀਬੇ ਬੀਬੇ ਅੰਮੀ ਜੀਓ ! ਸੋਚੀਂ ਨਾ ਪਵੋ, ਮੈਂ ਉਹੀ ਕੁਛ ਕਰਾਂਗਾ ਜੋ ਪਿਤਾ ਜੀ ਦੀ ਆਗਿਆ 'ਮੇਰੇ ਲਈ' ਤੁਸਾਂ ਪਾਸ ਹੋਵੇ, ਮੈਂ ਉਹੀ ਕਰਾਂਗਾ ਜੋ ਤੁਸੀਂ ਪ੍ਰਸੰਨ ਹੋ ਕੇ ਚਾਹੋਗੇ ਕਿ ਮੈਂ ਕਰਾਂ।

ਮਾਂ—ਸੁਣੋ ਫੇਰ ਲਾਲ ਜੀਓ ! ਤੁਸੀਂ ਸਾਡੇ ਘਰ ਸਾਡੀ ਵੱਡੀ ਉਮਰਾ ਵਿਚ ਸਾਂਈਂ ਦੇ ਘੱਲੇ ਆਏ ਹੋ। ਅਜ ਬਹੁਤ ਬਰਸ ਬੀਤੇ ਹਨ ਤਾਂ ਕਾਮ ਰੂਪ ਦੇ ਦੇਸ਼ ਨੂੰ ਫਤਹ ਕਰਨ ਵਾਸਤੇ ਅਕਬਰ ਨੇ ਰਾਜਾ ਮਾਨ ਸਿੰਘ ਨੂੰ ਘੱਲਿਆ ਸੀ, ਜੋ ਇਸਨੂੰ ਫਤਹ ਕਰਕੇ ਗਿਆ ਫੇਰ ਔਰੰਗਜ਼ੇਬ ਨੇ ਮੀਰ ਜੁਮਲਾ ਆਪਣੇ ਸੈਨਾਪਤ ਨੂੰ ਰੁਝਿਆ ਰਖਣ ਲਈ ਕਾਮ ਰੂਪ ਘੱਲਿਆ, ਜੋ ਇਹ ਦੇਸ ਸੁਤੰਤ੍ਰ ਹੋ ਰਿਹਾ ਹੈ; ਇਸ ਨੂੰ ਫਤਹ ਕਰੇ। ਮੀਰ ਜੁਮਲਾ ਪਹਿਲਾਂ ਤਾਂ ਜਿੱਤਿਆ, ਫੇਰ ਬਰਸਾਤ ਉਤਰ ਪੈਣ ਤੇ ਵਬਾ ਪੈਣ ਕਰਕੇ ਅਤਿ ਦੁਖੀ ਹੋਇਆ, ਲਸ਼ਕਰ ਤਬਾਹ ਹੋ ਗਿਆ ਤੇ ਢਾਕੇ ਪਹੁੰਚ ਕੇ ਮਰ ਗਿਆ। ਹੁਣ ਉਸਤੋਂ ਮਗਰੋਂ ਔਰੰਗਜ਼ੇਬ ਨੇ ਫੇਰ ਰਾਜਾ ਰਾਮ ਸਿੰਘ[1] ਰਾਜਪੂਤ ਨੂੰ ਘੱਲਿਆ ਜਿਸ ਨਾਲ ਕਾਮਰੂਪ ਦੇ ਰਾਜਾ-ਪ੍ਰਣਪਾਲ-ਦਾ ਮੁਠ ਭੇੜ ਹੋਣਾ ਸੀ ਕਿ ਕਾਮ ਰੂਪੀਆਂ ਨੇ ਬ੍ਰਹਮਪੁਤ੍ਰ ਨਦੀ ਦਾ ਪਾਣੀ ਤੋੜ ਕੇ ਵੈਰੀ ਦੇ ਦਲ ਵਲ ਘਲ ਦਿਤਾ ਤੇ ਉਨ੍ਹਾਂ ਦਾ ਬਹੁਤ ਨੁਕਸਾਨ ਕੀਤਾ।

ਇਸ ਵੇਲੇ ਲਾਲ ਜੀਉ ! ਅਦਬ ਵਿਚ ਹੋ ਜਾਓ ਤੇ ਦੂਸਰੀ ਕਥਾ ਸੁਣੋ :--ਜਗਤ ਵਿਚ ਮਲੇਛਤਾਈ ਤੇ ਪਾਪ ਵਧ ਗਿਆ ਹੈ, ਮਾਲਕ ਅਰਸ਼ਾਂ ਦੇ ਨੇ ਆਪਣੀ ਇਕ ਜੋਤਿ ਦਰਗਾਹੋਂ ਘੱਲੀ ਜੋ ਜਗਤ ਦੀ ਰਖਿਆ ਕਰੇ ਤੇ ਜਗਤ ਨੂੰ ਰਬ ਜੀ ਨਾਲ ਮਿਲਾਵੇ। ਉਸ ਜੋਤਿ ਦਾ ਨਾਉਂ--ਬੇਟਾ ਜੀ ! 'ਗੁਰੂ ਨਾਨਕ' ਹੋਯਾ। (ਇਹ ਕਹਿ ਮਾਈ ਦਾ ਚਿਹਰਾ ਲਾਲ ਹੋ ਗਿਆ ਤੇ ਸਿਰ ਜ਼ਿਮੀਂ ਤੇ ਜਾ ਲੱਗਾ, ਜਾਂ ਸਿਰ ਉਠਿਆ ਤਾਂ ਦੋ ਤ੍ਰੈ ਟੇਪੇ ਮੋਤੀਆਂ ਦੇ ਗੱਲ੍ਹਾਂ ਤੇ ਢਹ ਰਹੇ ਸਨ। ਰਾਜਕੁਮਾਰ ਬੀ ਹੁਣ ਬੜੇ ਅਦਬ ਵਿਚ ਸੀ)। ਹਾਂ ਲਾਲ ਜੀ ! ਉਹ ਜੋਤਿ ਦੇਸ਼ ਪੰਜਾਬ ਵਿਚ ਪ੍ਰਗਟ ਹੋਈ, ਜਿਥੇ ਕਿ ਮਲੇਛਾਂ ਨੇ ਬੜੇ ਭਾਰੇ ਉੱਪਦਰ ਖਲੇਰ ਰਖੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਦੁਨੀਆਂ ਵਿਚ ਲਗਪਗ ਫਿਰ ਕੇ ਸਤਿਨਾਮ ਦਾ ਛਤ੍ਰ ਝੁਲਾਇਆ ਤੇ ਜੀਵਾਂ ਦੇ ਵਾਹਿਗੁਰੂ ਜੀ ਨਾਲ ਮੇਲ ਕਰਾਏ।

ਰਾਜਕੁਮਾਰ (ਕਾਹਲਾ ਹੋ ਕੇ)--ਅੰਮਾਂ ਜੀ ! ਆਪ ਹੁਣ ਕਿਥੇ ਹਨ ?

ਮਾਤਾ—ਬੇਟਾ ਜੀ ! ਆਪ ਤਾਂ ਆਪਣੇ ਦੈਵੀ ਕੰਮ ਕਰਕੇ ਸਾਂਈਂ ਦੇ ਦੇਸ਼ ਚਲੇ ਗਏ, ਪਰ ਆਪਣੀ ਜਗ੍ਹਾ ਜੋਤਿ ਜਗਾ ਗਏ ਹਨ। ਉਨ੍ਹਾਂ ਦੇ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਹੋਏ ਉਨ੍ਹਾਂ ਦਾ ਹੀ ਰੂਪ, ਉਨ੍ਹਾਂ ਦੀਹੀ ਜੋਤਿ ! ਆਪ ਬੀ ਇਸ ਮੋਏ ਮੁਰਦੇ ਸੰਸਾਰ ਵਿਚ ਜੀਅ ਦਾਨ ਦੇਂਦੇ, ਆਪਣੀ ਥਾਂ ਗੁਰੂ ਅਮਰਦਾਸ ਜੀ ਦੇ ਸਰੂਪ ਵਿਚ ਆਪਣੀ ਜੋਤਿ ਜਗਾ ਕੇ ਹਰੀ ਦੇ ਦੇਸ਼ ਚਲੇ ਗਏ; ਇਸ ਤਰ੍ਹਾਂ ਲਾਲ ਜੀ ਗੁਰੂ ਨਾਨਕ

---

1. ਟਾਡਸ ਰਾਜਸਥਾਨ।

ਦੇਵ ਜੀ ਤੋਂ ਮਗਰੋਂ ਅੱਠ ਗੁਰੂ ਸਾਹਿਬ ਹੋਏ। ਫੇਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇਵ ਮੂਰਤੀ ਹੋਏ। ਪਹਿਲੇ ਅੱਠ ਸਤਿਗੁਰਾਂ ਦੇ ਤਾਂ ਅਸਾਂ ਨਾਮ, ਕਰਨੀਆਂ ਤੇ ਜਸ ਹੀ ਸੁਣੇ ਹਨ; ਪਰ ਸੁਭਾਗ ਹਨ ਏਹ ਅੱਖਾਂ, ਜਿਨ੍ਹਾਂ ਨੌਵੀਂ ਜੋਤਿ ਦੇ ਸਾਖਯਾਤ ਦਰਸ਼ਨ ਕੀਤੇ।

ਰਾਜਕੁਮਾਰ (ਚਾਉ ਵਿਚ ਕਾਹਲਾ ਹੋਕੇ)—ਕਦੋਂ ? ਅੰਮਾ ਜੀ ਕਦੋਂ ? ਦਸੋ ਨਾ ਕਦੋਂ ?

ਮਾਤਾ—ਲਾਲ ਜੀਉ ! ਓਦੋਂ ਜਦੋਂ ਅਜੇ ਤੁਸੀਂ ਇਸ ਜਗਤ ਵਿਚ ਨਹੀਂ ਸੇ ਆਏ।

ਰਾਜਕੁਮਾਰ—ਤੁਸੀਂ ਗਏ ਮਾਓ ਦਰਸ਼ਨ ਕਰਨ ?

ਮਾਤਾ—ਨਹੀਂ ਲਾਲ ਜੀ ! ਸ੍ਰੀ ਗੁਰੂ ਜੀ ਆਪ ਆਏ ਸੇ ਦੇਸ਼ ਆਸਾਮ ਨੂੰ ਤਾਰਨ! ਆਦਿ ਗੁਰੂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਬੀ ਸਾਡੇ ਦੇਸ਼ ਆਏ ਸੇ, ਸਾਰਾ ਕਾਮਰੂਪ ਆਸਾਮ ਫਿਰੇ ਸੇ, ਧੁਬੜੀ ਵਿਚ ਬੀ ਉਹਨਾਂ ਦੀ ਯਾਦ ਦਾ ਗੁਰਦੁਆਰਾ ਹੈ। ਜਿਸ ਤਰ੍ਹਾਂ ਸਾਨੂੰ ਤਾਰਨ ਗੁਰੂ ਨਾਨਕ ਦੇਵ ਜੀ ਆਏ ਸੇ, ਉਸੀ ਤਰ੍ਹਾਂ ਨੌਵੇਂ ਸਤਿਗੁਰ—ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ—ਆਏ ਸੇ।

ਰਾਜਕੁਮਾਰ—ਤੁਸਾਂ ਦਰਸ਼ਨ ਕੀਤੇ ਸੇ ਤੁਸਾਂ ਆਪ ? ਹੈਂ ਅੰਮੀਂ ਜੀ !

ਮਾਤਾ—ਜੀਉ, ਲਾਲ ਜੀ ! ਇਨ੍ਹਾਂ ਅਖਾਂ ਨਾਲ ਜਿਨ੍ਹਾਂ ਨਾਲ ਇਸ ਵੇਲੇ ਲਾਲ ਜੀ ਨੂੰ ਵੇਖ ਰਹੀ ਹਾਂ। ਲਓ ਲਾਲ ਜੀ ! ਹੁਣ ਪਹਿਲੀ ਗੱਲ ਯਾਦ ਕਰੋ ਰਾਜਾ ਰਾਮਸਿੰਘ ਦੇ ਹਮਲੇ ਵਾਲੀ ਜਦੋਂ ਉਹ ਫੌਜਾਂ ਲੈਕੇ ਕਾਮਰੂਪ ਤੇ ਆ ਪਿਆ; ਤਦੋਂ ਸਤਿਗੁਰੂ ਜੀ ਨੇ ਆਪ ਵਿਚ ਪੈਕੇ ਕਾਮਰੂਪ ਦੇ ਰਾਜਾ ਤੇ ਰਾਮ ਸਿੰਘ ਦੀ ਸੁਲਹ ਕਰਾ ਦਿੱਤੀ ਤੇ ਸਾਰੇ ਖ਼ੂਨਖ਼ਰਾਬੇ ਲੁੱਟਾਂ ਤੇ ਕਤਲਾਮਾਂ ਤੋਂ ਸ੍ਰਿਸ਼ਟੀ ਦੀ ਰਖਯਾ ਕਰ ਦਿੱਤੀ।

ਰਾਜਕੁਮਾਰ—ਗੁਰੂ ਜੀ ਦਾ ਡੇਰਾ ਤਦੋਂ ਕਿੱਥੇ ਸੀ, ਸਾਡੇ ਇਲਾਕੇ ਵਿਚ ?

ਮਾਤਾ—ਸ੍ਰੀ ਗੁਰੂ ਜੀ ਤਦੋਂ ਆਪ ਢਾਕੇ ਵਿਚ ਜੋਤਿ ਜਗਾ ਰਹੇ ਸਨ। ਢਾਕੇ ਤੋਂ ਮਥਰਾ ਪੁਰ ਗਏ ਤੇ ਫੇਰ ਰੰਗਾ ਮਾਟੀ ਬ੍ਰਹਮ ਪੁੱਤ੍ਰ ਦੇ ਕਿਨਾਰ ਜਾ ਡੇਰੇ ਲਾਏ। ਪਰ ਸੁਲਹ ਵੇਲੇ ਦਰਿਆ ਪਾਰ ਹੋ ਕਾਮ ਰੂਪ ਦੇ ਰਾਜਾ ਤੇ ਰਾਮ ਸਿੰਘ ਦੀ ਸੁਲਹ ਕਰਾਈ ਸੀ। ਧੁਬੜੀ ਵਿਚ ਗੁਰ ਨਾਨਕ ਦੇਵ ਜੀ ਦੇ ਪਵਿੱਤ੍ਰ ਕੀਤੇ ਟਿਕਾਣੇ ਗੁਰੂ ਜੀ ਨੇ ਇਕ ਉੱਚਾ ਟਿੱਬਾ ਬਣਵਾਇਆ ਸੀ ਤੇ ਕਈ ਸਿਖ ਓਥੇ ਛੋੜ ਗਏ ਜੋ ਧਰਮ ਦਾ ਪ੍ਰਚਾਰ ਕਰਦੇ ਹਨ।

ਇਹ ਮਹਾਨ ਕੰਮ ਕਰਕੇ ਗੁਰੂ ਜੀ ਫੇਰ ਉਰਾਰ ਆ ਗਏ ਤੇ ਆਪਣਾ ਧਰਮ ਪ੍ਰਚਾਰ ਦਾ ਕੰਮ ਕਰਨ ਲਗ ਪਏ, ਤਦੋਂ ਤੇਰੇ ਪਿਤਾ ਜੀ ਨੇ ਉਹਨਾਂ ਦਾ ਯਸ਼ ਸੁਣਿਆਂ ਤੇ ਸਾਨੂੰ ਸਾਰਿਆਂ ਨੂੰ ਨਾਲ ਲੈ ਕੇ ਦਰਸ਼ਨ ਕਰਨ ਗਏ[1]। ਅਸੀਂ ਸਾਰੇ ਗੁਰ ਨਾਨਕ ਦੇਵ ਜੀ ਦੇ ਵੇਲੇ ਤੋਂ ਗੁਰੂ ਘਰ ਦੇ ਸਿੱਖ ਸਾਂ, ਪਰ ਬਹੁਤ ਕੁਛ ਭੁੱਲ ਚੁੱਕਾ ਸੀ। ਕਾਮ ਰੂਪ ਦੇਸ਼ ਦੇ ਸਭ ਤੋਂ ਵਡੇ ਜਾਦੂਗਰ ਨੂਰ ਸ਼ਾਹ ਨੂੰ ਜਦੋਂ ਗੁਰੂ ਨਾਨਕ ਨੇ ਜਿੱਤਿਆ ਤੇ ਉਸਦੇ ਕੁਫ਼ਰਗੜ੍ਹ ਨੂੰ ਤੋੜਕੇ ਉਸ ਨੂੰ ਸਿਖ ਬਣਾਯਾ ਤਦੋਂ ਸਾਰੇ ਆਸਾਮ ਵਿਚ ਘਰ ਘਰ ਗੁਰੂ ਨਾਨਕ ਦਾ ਡੰਕਾ ਵੱਜ ਗਿਆ ਸੀ। ਸੋ ਆਸਾਮ ਨੂੰ 'ਗੁਰੂ ਨਾਨਕ' ਇਸ ਨਾਮ ਦੀ ਸਰੋਤ, ਟੇਕ ਤੇ ਸਤਿਕਾਰ ਤਾਂ ਹੈ ਹੀ ਸੀ, ਇਹ ਸੁਣ ਕੇ ਕਿ ਨੌਵੇਂ ਸਤਿਗੁਰੂ-ਨਾਨਕ ਆਏ ਹਨ, ਸਾਰਾ ਦੇਸ਼ ਦਰਸ਼ਨਾਂ ਨੂੰ ਜਾਣ ਲੱਗ ਪਿਆ। ਪਰ ਸਾਲਾਹ ਇਸ ਉੱਚੇ ਘਰ ਨੂੰ, ਜੋ ਗਿਆ ਆਪਣੀ ਮਨੋਕਾਮਨਾ ਪੂਰਨ ਕਰਾ ਕੇ ਆਇਆ। ਅਸੀਂ ਬੀ ਗਏ, ਦਰਸ਼ਨ ਕੀਤੇ। ਦਰਸ਼ਨ ਕੀਹ ਸਨ ? ਇਕ ਮਹਾਨ ਪਿਆਰੀ, ਮਿਠੀ, ਠੰਢੀ, ਰਸਦਾਤੀ ਲਹਿਰ ਸਾਰੇ ਸਰੀਰ ਵਿਚ ਦਰਸ਼ਨ ਕਰਦੇ ਸਾਰ ਫਿਰ ਗਈ। ਐਉਂ ਜਾਪੇ ਜਿਵੇਂ ਆਪਣੇ ਹਨ, ਸੁਆਦ ਆਵੇ, ਕਲੇਜਾ ਠਰੇ, ਸਰੀਰ ਹਲਕਾ ਫੁੱਲ ਹੁੰਦਾ ਜਾਵੇ, ਅੱਖਾਂ ਵਿਚ ਖੇੜਾ ਭਰਦਾ ਜਾਵੇ ਅੰਦਰ ਇਕ ਉਚਿਆਣ ਤੇ ਚਾਉ ਚੜ੍ਹੇ। ਥੋੜੇ ਚਿਰ ਪਿਛੋਂ ਜੀਭਾਂ ਆਪੇ 'ਵਾਹਿਗੁਰੂ' 'ਵਾਹਿਗੁਰੂ' ਕਰਨ ਲਗ ਪਈਆਂ। ਕਦੇ ਜਾਪੇ ਸਾਡੇ ਕੰਨ ਸ੍ਰੀ 'ਵਾਹਿਗੁਰੂ' ਸੁਣ ਰਹੇ ਹਨ; ਕਦੇ ਜਾਪੇ ਸਾਡੀ ਜੀਭ ਜਪ ਰਹੀ ਹੈ।

ਰਾਜਕੁਮਾਰ—ਅੰਮਾਂ ਜੀ ! ਇਹ ਵਾਹਿਗੁਰੂ ਕੀ ਗੱਲ ਹੈ ?

ਮਾਤਾ—ਇਹ ਪਰਮ ਪਿਤਾ ਸ੍ਰੀ ਅਕਾਲ ਪੁਰਖ ਜੀਉ ਦਾ ਨਾਮ ਹੈ, ਗੁਰੂ ਘਰ ਦਾ ਮੰਤ੍ਰ ਹੈ। ਸੋ ਜਦੋਂ ਲਾਲ ਜੀ ! ਤੁਸਾਡੇ ਪਿਤਾ ਜੀ ਨੇ ਇਹ ਪਰਤੱਖ ਕਰਾਮਾਤ ਵੇਖੀ ਤਾਂ ਚਰਨੀ ਢਹਿ ਪਏ ਤੇ ਉਹਨਾਂ ਤੋਂ ਸਿੱਖੀ ਦਾਨ ਮੰਗਿਆ। ਸ੍ਰੀ ਗੁਰੂ ਜੀ ਮਿਹਰ ਕੀਤੀ, ਸਾਨੂੰ ਸਾਰਿਆਂ

1. ਰਾਜਾ ਰਾਮ ਰਾਇ ਨੌਵੇਂ ਸਤਿਗੁਰਾਂ ਨੂੰ ਧੁਬੜੀ ਮਿਲਿਆ ਸਹੀ ਹੁੰਦਾ ਹੈ।

ਨੂੰ ਨਾਮ ਦਾਨ ਬਖ਼ਸ਼ਿਆ: ਵਾਹਿਗੁਰੂ ਜੀ ਦੀ ਗੋਦੀ ਪਾਇਆ, ਅਸੀਂ ਸਿੱਖ ਹੋਏ। ਇਕ ਦਿਨ ਤੁਹਾਡੇ ਪਿਤਾ ਜੀ ਨੂੰ ਉਦਾਸ ਵੇਖਕੇ ਸ੍ਰੀ ਗੁਰੂ ਜੀ ਨੇ ਪੁੱਛਿਆ ਕਿ "ਰਾਜਾ ਉਦਾਸ ਕਿਉਂ ਹੈਂ ?" ਉਹਨਾਂ ਨੇ ਕਿਹਾ, "ਸੱਚੇ ਪਾਤਸ਼ਾਹ ! ਉਮਰਾ ਹੁਣ ਵੱਡੀ ਹੋ ਰਹੀ ਹੈ ਤੇ ਘਰ ਬੇਟਾ ਨਹੀਂ ਹੈ, ਰਾਜ ਗੱਦੀ ਹੋਣ ਕਰਕੇ ਕਦੇ ਚਿੰਤਾ ਆ ਜਾਂਦੀ ਹੈ ਕਿ ਮੈਂ ਦੇਸ਼ ਦਾ ਰਾਜਾ ਹਾਂ, ਇਸ ਮੇਰੇ ਰਾਜ ਨੂੰ ਕੌਣ ਸੰਭਾਲੇਗਾ ? ਪਰਜਾ ਦੀ ਰੱਖਿਆ ਕੌਣ ਕਰੇਗਾ ? ਅਗੇ ਤਾਂ ਇਹ ਦਿਲਗੀਰੀ ਖਹਿੜਾ ਹੀ ਨਹੀਂ ਛੋੜਦੀ ਸੀ, ਪਰ ਜਦ ਦੇ ਆਪ ਜੀ ਦੇ ਚਰਨ ਕਮਲ ਪਰਸੇ ਹਨ, ਚਿੱਤ ਸੁਖੀ ਹੈ। ਕਦੇ ਕਦੇ ਕਿਸੇ ਵੇਲੇ ਚੇਤਾ ਆ ਜਾਂਦਾ ਹੈ, ਤਾਂ ਦੁਚਿਤਾਈ ਪੈ ਜਾਂਦੀ ਹੈ, ਕਦੇ ਚਿਤ ਕਰਦਾ ਹੈ, ਮੈਨੂੰ ਕੀਹ ? ਮੈਨੂੰ ਸਾਰਾ ਸੁਖ ਮਿਲ ਗਿਆ ਹੈ, ਮੈਂ ਭਜਨ ਕਰਾਂ, ਜਗਤ ਦਾ ਮਾਲਕ ਪਰਜਾ ਦੀ ਰਖਿਆ ਆਪ ਕਰਦਾ ਹੈ, ਆਪੇ ਕਰੇਗਾ। ਕਦੇ ਚਿੱਤ ਕਰਦਾ ਹੈ ਕਿ ਸ੍ਰੀ ਜੀਉ ਸਭ ਦਾਤਾਂ ਦੇ ਦਾਤੇ ਹਨ, ਇਹ ਦਾਤ ਮੈਂ ਬੀ ਮੰਗ ਲਵਾਂ।

ਇਸ ਵੇਲੇ ਲਾਲ ਜੀ ! ਸ੍ਰੀ ਗੁਰੂ ਜੀ ਆਪਣੇ ਹੱਥ ਦੀ ਛਾਪ ਨਾਲ ਖੇਡ ਰਹੇ ਸਨ। ਛਾਪ ਉਂਗਲ ਤੋਂ ਲਾਹ ਕੇ ਹੱਥ ਵਿਚ ਫੜੀ ਸੀ ਤੇ ਹੱਥਾਂ ਵਿਚ ਇਧਰ ਉਧਰ ਕਰ ਰਹੇ ਸਨ ਤੇ ਗੱਲ ਆਪਦੇ ਪਿਤਾ ਜੀ ਦੀ ਸੁਣ ਰਹੇ ਸਨ। ਅੱਖਾਂ ਕੁਛ ਮਸਤਾਨੀਆਂ ਜੇਹੀਆਂ ਮਿਚਦੀਆਂ ਖੁਲ੍ਹਦੀਆਂ ਡਾਢਾ ਸੁਆਦਲਾ ਪ੍ਰਭਾਉ ਪਾ ਰਹੀਆਂ ਸਨ। ਸਤਿਗੁਰ ਜੀ ਅਗੇ ਹੁਣ ਜ਼ਰਾ ਖੁਲ੍ਹਕੇ ਆਪ ਦੇ ਪਿਤਾ ਜੀ ਨੇ ਬਿਨੈ ਕੀਤੀ ਕਿ "ਜੇ ਆਪ ਮਿਹਰ ਕਰੋ ਇਕ ਬਾਲਕਾ ਹੋ ਜਾਏ ਤਾਂ ਗੁਰ ਨਾਨਕ ਦੇ ਘਰੋਂ ਲੋਕ ਪਰਲੋਕ ਦੋਵੇਂ ਸੰਵਰ ਜਾਣ।" ਇਹ ਕਹਿ ਰਾਜਾ ਸ੍ਰੀ ਜੀ ਦੇ ਚਰਨਾਂ ਤੇ ਢਹਿ ਪਿਆ। ਆਪ ਨੇ ਉਸੇ ਰੰਗ ਵਿਚ ਛਾਪ ਨਾਲ, ਜਿਸ ਨਾਲ ਕਿ ਖੇਲਦੇ ਸਨ, ਆਪ ਦੇ ਪਿਤਾ ਦੇ ਮੱਥੇ ਉਤੇ ਇਕ ਠੁਹਕਰ ਦਿੱਤੀ ਤੇ ਕਿਹਾ, "ਰਾਜਾ ! ਗੁਰੂ ਨਾਨਕ ਦੇ ਦਰੋਂ ਇਕ ਬਾਲਕਾ ਆਵੇਗਾ, ਉਸਦੇ ਸਿਰ ਤੇ ਕੇਸ ਹੋਣਗੇ ਲੰਮੇ; ਜੋ ਸਦਾ ਰਹਿਣਗੇ। ਉਸ ਦੇ ਸੀਸ ਤੇ ਇਸ ਸਾਡੀ ਛਾਪ ਦਾ ਚਿੰਨ੍ਹ ਹੋਵੇਗਾ, ਤਾਂਕਿ ਤੈਨੂੰ ਭਰੋਸਾ ਰਹੇ ਕਿ ਇਹ ਠੀਕ ਗੁਰੂ ਨਾਨਕ ਦੇ ਦਰੋਂ ਆਇਆ ਹੈ"। ਸੋ ਲਾਲ ਜੀ ! ਉਨ੍ਹਾਂ ਦੇ ਬਚਨ ਪੂਰੇ ਹੋਏ। ਠੀਕ ਉਸ ਦਿਨ ਤੋਂ ਵਰ੍ਹਾ ਮਗਰੋਂ ਤੁਸਾਂ ਜਨਮ ਲੀਤਾ ਤੇ ਸਾਰਾ ਪਰਵਾਰ ਇਹ ਦੇਖਕੇ ਅਚਰਜ ਰਹਿ ਗਿਆ ਕਿ ਤੁਹਾਡੇ ਸੀਸ ਪਰ ਨਾ ਨਿਰਾ ਮੁਹਰ ਦਾ ਚਿੰਨ੍ਹ ਹੈ, ਪਰ ਉਸ ਮੁਹਰ ਵਿਚ ਜੋ ਗੁਰਮੁਖੀ ਅੱਖਰਾਂ ਦਾ '੧ਓ' ਸੀ; ਉਹ '੧ਓ' ਦਾ ਨਿਸ਼ਾਨ ਛਾਪ ਦੀ ਨਿਸ਼ਾਨੀ ਦੇ ਅੰਦਰ ਲੱਭਦਾ ਹੈ। ਸੋ ਬਰਖ਼ੁਰਦਾਰ ! ਤੂੰ ਸਤਿਗੁਰਾਂ ਦੇ ਵਾਕ ਮੂਜਬ ਉਹਨਾਂ ਦਾ ਸੱਦਿਆ ਉਨ੍ਹਾਂ ਦਾ ਬਖ਼ਸ਼ਿਆ ਗੁਰੂ ਨਾਨਕ ਦੇ ਦਰੋਂ ਆਇਆ ਹੈਂ, ਇਹ ਚਿੰਨ੍ਹ ਕਲਜੁਗ ਦੇ ਤਾਰਨਹਾਰ ਰਬੀ ਅਵਤਾਰ ਜੀ ਦੀ ਮੋਹਰ-ਨਿਸ਼ਾਨੀ ਹੈ।

ਰਾਜਕੁਮਾਰ ਹੁਣ ਸੁਣਦਾ ਸੁਣਦਾ ਅਚਰਜ ਵਿਚ ਲਹਿਰਾ ਰਿਹਾ ਸੀ, ਕਿ ਉਸਦੇ ਨੈਣਾਂ ਵਿਚੋਂ ਬੀ ਇਕ ਮੋਤੀ ਢਰਿਆ, ਬੜਾ ਲੰਮਾ ਸਾਹ ਲੀਤਾ ਤੇ ਕਹਿਣ ਲਗਾ, "ਅੰਮਾਂ ! ਕੀ ਕਿਵੇਂ ਮੈਂ ਭੀ ਉਨ੍ਹਾਂ ਦਾਤਿਆਂ ਦੇ ਦਰਸ਼ਨ ਕਰ ਸਕਦਾ ਹਾਂ ?"

ਹੁਣ ਅੰਮਾਂ ਨੇ ਬੜਾ ਲੰਮਾ ਸਾਹ ਲਿਆ ਤੇ ਰੋ ਪਈ। ਗਲਾ ਰੁਕ ਗਿਆ ਤੇ ਕਿੰਨਾਂ ਚਿਰ ਬਿਹਬਲਤਾ ਵਿਚ ਬੋਲ ਨਾ ਸਕੀ। ਫੇਰ ਦਿਲ ਇਕੱਠਾ ਕਰਕੇ ਬੋਲੀ "ਲਾਲ ਜੀ ! ਉਹਨਾਂ ਨੇ ਪਰਉਪਕਾਰ, ਨਾਮ ਦਾਨ ਦੇਂਦਿਆਂ ਉਸ ਜ਼ੁਲਮ ਨੂੰ ਵੇਖਕ ਜੋ ਔਰੰਗਾ ਸਾਰੇ ਦੇਸ਼ ਤੇ ਕਰ ਰਿਹਾ ਸੀ, ਜੀ ਵਿਚ ਬੜਾ ਤਰਸ ਖਾਧਾ। ਔਰੰਗੇ ਨੇ ਇਹ ਤੱਕਕੇ ਕਿ ਗੁਰੂ ਤੇਗ ਬਹਾਦਰ ਜੀ ਦਾ ਸਤਿਕਾਰ, ਪਿਆਰ ਸਾਰੇ ਦੇਸ਼ ਵਿਚ ਅਮਿੱਤ ਹੈ, ਖੁਣਸ ਖਾਧੀ, ਕਈ ਸਮੇਂ ਰੰਜ ਫਟਨ ਦੇ ਆਏ, ਪਰ ਅੰਤ ਜਦ ਧੱਕੋਧੱਕੀ ਧਰਮ ਖੋਹਣ ਦੀ ਅਤਿ ਹੋਈ ਤਾਂ ਸ੍ਰੀ ਗੁਰੂ ਜੀ ਨੇ ਉਸ ਨੂੰ ਸੁਨੇਹਾ ਘੱਲਿਆ ਕਿ ਧਰਮ ਵਿਚ ਪਰਜਾ ਨੂੰ ਸੁਤੰਤਰ ਰਹਿਣ ਦਿਓ। ਉਧਰ ਕਸ਼ਮੀਰ ਆਦਿਕ ਥਾਵਾਂ ਦੇ ਸੂਬਿਆਂ ਨੇ ਲਿਖਿਆ ਕਿ ਜਿਨ੍ਹਾਂ ਲੋਕਾਂ ਨੂੰ ਗੁਰ ਨਾਨਕ ਦੀ ਸਿਖੀ ਪ੍ਰਾਪਤ ਹੈ ਤੇ ਗੁਰੂ ਤੇਗ ਬਹਾਦਰ ਦੇ ਮੰਨਣ ਵਾਲੇ ਹਨ, ਓਹ ਧਰਮ ਨਹੀਂ ਹਾਰਦੇ, ਹੋਰਨਾਂ ਨੂੰ ਰੋਕਦੇ ਹਨ, ਅਰ ਬੜਾ ਵਿਘਨ ਪਾਉਂਦੇ ਹਨ। ਜੇ ਕਦੇ ਗੁਰੂ ਤੇਗ ਬਹਾਦਰ ਜੀ ਨੂੰ ਹੀ ਮੁਸਲਮਾਨ ਕਰ ਲਓ, ਤਦ ਸਾਰਾ ਦੇਸ਼ ਇਕ ਝਲਕਾਰੇ ਨਾਲ ਮੁਹੰਮਦੀ ਹੋ ਜਾਇਗਾ। ਸੋ ਉਸ ਨੇ ਗੁਰੂ ਜੀ ਨੂੰ ਸੱਦ ਘੱਲਿਆ, ਪਰ ਜਦੋਂ ਜ਼ੋਰ ਲਾਯਾ ਤਾਂ ਉਨ੍ਹਾਂ ਨੂੰ ਅਹਿੱਲ ਪਾਇਆ, ਇਸ ਲਈ ਉਹਨਾਂ ਦੇ ਪਵਿੱਤ੍ਰ ਸਰੀਰ ਤੋਂ ਉਹਨਾਂ ਦਾ ਰੱਬੀ

ਰੰਗ ਵਾਲਾ ਸੀਸ ਉਸ ਨੇ ਜੁਦਾ ਕਰਵਾ ਦਿਤਾ।

ਰਾਜਕੁਮਾਰ (ਨੈਣ ਭਰਕੇ)—ਹੈਂ ਹੈਂ ਐਮਾਂ ਜੀਂ, ਹੈਂ !

ਦੁਵੱਲੀ ਚੁੱਪ ਛਾ ਗਈ, ਨੈਣ ਬੰਦ ਹੋ ਗਏ ਤੇ ਮੋਤੀਆਂ ਦੀ ਲੜੀ ਨੈਣਾਂ ਤੋਂ ਢਰਨ ਲੱਗ ਪਈ।

ਕੁਛ ਵਕਤ ਮਗਰੋਂ ਐਮਾਂ ਬੋਲੀ—ਲਾਲ ਜੀਉ !

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ-
ਉਪਕਾਰੀ ਆਏ।। ਜੀਅ ਦਾਨੁ ਦੇ ਭਗਤੀ
ਲਾਇਨਿ ਹਰਿ ਸਿਉ ਲੈਨਿ ਮਿਲਾਏ॥ (ਸੂਹੀ ਮ: ੫)

ਓਹ ਦਾਤੇ ਤਾਂ ਜੀਅ ਦਾਨ ਦੇਣ ਲਈ ਆਉਂਦੇ ਹਨ, ਜਨਮ ਮਰਨ ਅਸਾਂ ਕਰਮਾਂ ਵਿਚ ਬੰਨ੍ਹਿਆਂ ਪਾਪੀਆਂ ਲਈ ਹੈ। ਸੋ ਓਹ ਖੇਲ ਗਏ, ਜਿਵੇਂ 'ਜੀਵਨ-ਖੇਲ' ਖੇਲਦੇ ਸੇ; ਤਿਵੇਂ ਖੇਲ ਗਏ, ਆਪਣੇ ਸੀਸ ਉਤੇ।

ਰਾਜਕੁਮਾਰ—ਐਮਾਂ ਜੀ ! ਮੈਂ ਬੜਾ ਅਭਾਗ ਹਾਂ।

ਐਮਾਂ—ਗੁਰੂ ਕਾ ਸਿੱਖ, ਕਦੇ ਅਭਾਗ ਨਹੀਂ, ਤੂੰ ਗੁਰੂ ਕਾ ਸਿੱਖ ਹੈਂ, ਫੇਰ ਕਿਉਂ ਅਭ੍ਾਗ ਹੈਂ ?

ਰਾਜਕੁਮਾਰ—ਕਿਵੇਂ ?

ਐਮਾਂ—ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗਾਦੀ ਉਤੇ ਉਹਨਾਂ ਦੇ ਪਰਮ ਪਿਆਰੇ ਪੁੱਤਰ ਇਸ ਵੇਲੇ ਜੋਤਿ ਜਗਾ ਰਹੇ ਹਨ।

ਰਾਜਕੁਮਾਰ ਖੜਾ ਖੁਸ਼ ਹੋਇਆ:—ਹੈਂ ! ਉਹਨਾਂ ਦਾਤਿਆਂ ਦੀ ਗੱਦੀ ਹਰੀ ਹੈ ਅਰ ਉਹਨਾਂ ਵਰਗੇ ਰਬੀ ਜੋਤਿ ਵਾਲੇ ਉਹਨਾਂ ਦੀ ਗਾਦੀ ਤੇ ਖ਼ੁਦ ਉਹਨਾਂ ਦੇ ਪੁੱਤ੍ਰ ਹੈਨ ?

ਐਮਾਂ ਬੋਲੀ :—ਲਾਲ ਜੀ ! ਉਹੋ ਜੋਤਿ, ਉਹੋ ਰੂਪ, ਉਹੋ ਰੰਗ, ਓਹੋ ਕੰਮ, ਸਾਖ਼ਿਆਤ ਆਪ ਗੁਰੂ ਤੇਗ ਬਹਾਦਰ ਜੀ ਹਨ। ਲਾਲ ਜੀ ! ਇਸ ਬਲੀ ਘਰਾਣੇ ਵਿਚ ਜੋ ਗੁਰੂ ਗਾਦੀ ਤੇ ਬੈਠਦਾ ਹੈ; ਕਿਸੇ ਰੱਬੀ ਭੇਤ ਨਾਲ ਗੁਰੂ ਨਾਨਕ ਜੀ ਦੀ ਜੋਤਿ ਉਹਨਾਂ ਵਿਚ ਵਰਤ ਜਾਂਦੀ ਹੈ। ਹਰ ਗੁਰੂ ਐਉਂ ਜਾਪਦਾ ਹੈ ਕਿ ਉਹੋ ਗੁਰੂ ਨਾਨਕ ਆਪ ਸਾਖਿਆਤ ਬੈਠਾ ਹੈ, ਕੇਵਲ ਕਾਇਆਂ ਪਲਟਾ ਆਇਆ ਹੈ।

ਰਾਜਕੁਮਾਰ—ਐਮਾਂ ਜੀ ! ਧਰਤੀ ਦੇ ਕਿਸ ਟਿਕਾਣੇ ਜੋਤਿ ਜਗ ਰਹੀ ਹੈ ?

ਐਮਾਂ—ਪੰਜਾਬ ਦੇਸ਼, ਸਤਲੁਜ ਨਦੀ ਦਾ ਕਿਨਾਰਾ ਹਿਮਾਲੀਆ ਦੀਆਂ ਕੰਧੀਆਂ, ਸ਼ਿਵਾਲਕ ਦੀਆਂ ਟਿਬੀਆਂ 'ਆਨੰਦਪੁਰ' ਨਾਮੇ ਨਗਰੀ ਵਿਚ।

ਰਾਜਕੁਮਾਰ—ਹੈ ਤਾਂ ਦੂਰ, ਪਰ ਦੂਰ ਨਹੀਂ, ਜੇ ਤੁਸੀਂ ਆਗਿਆ ਦਿਓ ਤਾਂ ਉੱਦਮ ਕਰਾਂ, ਦਰਸ਼ਨ ਕਰਾਂ, ਚਰਨ ਕਮਲ ਪਰਸਾਂ, ਜਿਵੇਂ ਤੁਸੀਂ ਨਾਮ ਪ੍ਰਾਪਤ ਹੋਏ ਹੋ ਹੋਵਾਂ, ਤੁਸੀਂ ਤਰੇ ਹੋ, ਮੈਂ ਵੀ ਤਰਾਂ। ਐਮਾਂ ਜੀ ! ਪਿਤਾ ਜੀ ਨਾਮ ਪ੍ਰਾਪਤ ਹੋ ਕੇ ਬਹੁੰ ਸੁਖੀ ਜਗਤ ਤੋਂ ਗਏ ਸਨ ?

ਐਮਾਂ—ਜੀਉ ਲਾਲ ਜੀ ! ਉਨ੍ਹਾਂ ਦੇ ਅੰਤ ਸਮੇਂ ਕਈ ਜੋਗੀ ਸੰਨਿਆਸੀ ਕਹਿੰਦੇ ਸਨ ਕਿ ਐਸਾ ਅੰਤ ਕਿਸੇ ਮਹਾਂ ਤਪੱਸ੍ਰੀ ਜੋਗੀ-ਰਾਜ ਦਾ ਨਹੀਂ ਹੁੰਦਾ। ਇਹ ਲਾਲ ਜੀ ! ਸਭ ਸਤਿਗੁਰ ਜੀ ਦੀ ਮਿਹਰ ਦਾ ਸਦਕਾ ਤੇ 'ਨਾਮ' ਦਾ ਪ੍ਰਤਾਪ ਸੀ।

ਰਾਜਕੁਮਾਰ—ਐਮਾਂ ਜੀ ! ਤੁਸੀਂ, ਜੇ ਮੈਂ ਪੰਜਾਬ ਚੱਲਾਂ, ਤਾਂ ਨਾਲ ਚਲੋਗੇ ?

ਐਮਾਂ—ਇਸ ਤੋਂ ਉਤਮ ਅਵਸਰ ਮੇਰੇ ਲਈ ਇਸ ਢਲਦੀ ਅਵਸਥਾ ਵਿਚ ਕਿਹੜਾ ਹੈ ਕਿ ਮੇਰਾ ਸਰਵਣ ਪੁੱਤਰ ਮੈਨੂੰ 'ਮੇਰੇ ਜਗਜੀਵਨ ਗੁਰੂ' ਦੇ ਦਰਸ਼ਨ ਕਰਾਵੇ।

ਮਾਂ ਦੀ 'ਹਾਂ' ਤੋਂ ਰਾਜਕੁਮਾਰ ਨੂੰ ਇੰਨੀ ਖੁਸ਼ੀ ਹੋਈ ਕਿ ਉਹ ਖੁਸ਼ੀ ਨੂੰ ਛੁਪਾਉਣ ਲਈ 'ਚੰਗਾ ਚੰਗਾ' ਕਹਿਕੇ ਮਾਂ ਨੂੰ ਮੱਥਾ ਟੇਕ ਕੇ ਛੇਤੀ ਨਾਲ ਚਲਾ ਗਿਆ।

ਮਾਂ ਨੇ ਉਸੇ ਵੇਲੇ ਉੱਠਕੇ ਗਲ ਪੱਲਾ ਪਾਇਆ ਤੇ ਡਾਢੇ ਪਿਆਰ ਵਿਚ ਜੁੜਕੇ ਅਰਦਾਸਾ ਸੋਧਿਆ। ਦਸਾਂ ਪਾਤਸ਼ਾਹੀਆਂ ਦੇ ਨਾਮ ਲਏ, ਧਿਆਨ ਆਪਣੇ ਡਿੱਠੇ ਦਾਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਚ ਜੋੜਿਆ ਤੇ ਬਿਨੈ ਕੀਤੀ ਕਿ "ਹੇ ਦੀਨਾ ਬੰਧੂ ! ਆਪ ਨੇ ਮਿਹਰ ਕੀਤੀ ਜੋ ਪੁੱਤਰ ਦਿੱਤਾ ਤੇ ਮਿਹਰ ਕੀਤੀ ਜੋ ਨਾਮ ਦਿੱਤਾ, ਹੁਣ ਹੋਰ ਮਿਹਰ ਕੀਤੀ ਜੋ ਪੁੱਤ੍ਰ ਵਿਚ ਸਤਿਸੰਗ ਤੇ ਆਪਣੇ ਪਿਆਰ ਦੀ ਰਿਜ਼ਮ ਪਾ ਦਿੱਤੀ, ਮੈਂ ਸੁਭਾਗੀ ਹੋ ਗਈ ਜੋ ਮੇਰੀ ਉਲਾਦ ਮੇਰੀ ਕਾਮਨਾ ਮੁਜਬ ਆਪ ਦੀ ਨਿਰੋਲ ਮਿਹਰ ਨਾਲ ਆਪ ਦੇ ਚਰਨਾਂ ਦੀ ਸ਼ਰਧਾਲੂ ਉਠੀ। ਹੇ ਦਾਤਾ ! ਇਹ ਮਿਹਰ ਹੈ, ਨਿਰੋਲ ਮਿਹਰ ਹੈ।"

ਇਸ ਅਰਦਾਸ ਵਿਚ ਹੀ ਉਸਨੂੰ ਆਪਣੇ ਪ੍ਰਾਣ ਪਤੀ ਜੀ ਯਾਦ ਆਏ। ਉਹਨਾਂ ਦੀ ਅੰਤਮ ਭਾਵਨੀ ਯਾਦ ਆਈ ਜੋ ਉਨ੍ਹਾਂ ਨੇ ਰਾਣੀ ਨੂੰ ਕਹੀ ਸੀ ਕਿ "ਦੇਖਣਾ ਗੁਰੂ ਨਾਨਕ ਦਾ ਦਰ ਨਾ ਛੋੜਨਾ, ਦੇਖਣਾ ਪੁੱਤਰ ਨੂੰ ਗੁਰੂ ਨਾਨਕ ਦੇ ਦਰ ਦਾ ਪ੍ਰੇਮੀ ਬਨਾਉਣਾ, ਐਸਾ ਨਾ ਹੋਵੇ ਕਿ ਮੇਰਾ ਪੁੱਤ੍ਰ ਕਿਸੇ ਕੁਸੰਗੇ ਬੈਠੇ।

ਮੈਂ ਟੁਰ ਚਲਿਆ ਹਾਂ, ਪੁੱਤ ਅਜੇ ਸੱਤ ਬਰਸ ਦਾ ਬੱਚਾ ਹੈ, ਹੁਣ ਇਸਨੂੰ ਸਤਿਗੁਰ ਦੇ ਰਸਤੇ ਟੋਰਨ ਦਾ ਜ਼ਿੰਮਾ ਤੁਸਾਂ ਦਾ ਹੈ''। ਇਹ ਸਭ ਕੁਛ ਯਾਦ ਆ ਕੇ ਰਾਣੀ ਸ਼ੁਕਰ ਵਿਚ ਹੋ ਪਈ ਤੇ ਆਖਣ ਲੱਗੀ: "ਹੇ ਮੇਰੇ ਸਿਰ ਦੇ ਸਾਂਈਂ ਜੀ ! ਆਪ ਦਾ ਲਾਲ ਗੁਰ-ਚਰਨਾਂ ਦਾ ਪ੍ਰੇਮੀ ਹੋ ਗਿਆ ਹੈ, ਮੇਰੇ ਸਿਰ ਪਰ ਆਪਦਾ ਪਰਿਆ ਫਰਜ਼ ਗੁਰੂ ਨੇ ਅੱਜ ਆਪ ਪੂਰਨ ਕਰ ਦਿੱਤਾ ਹੈ''।

੨.

"ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ[1]"

ਰਾਜਕੁਮਾਰ ਦੇ ਚਾਵਾਂ ਭਰੇ ਚਿੱਤ ਨੂੰ ਆਪਣੀ ਹੀ ਮਾਂ ਦੇ ਹੱਥੋਂ ਇਕ ਚੋਭ ਲੱਗ ਗਈ। ਚਾਉ ਕੁਛ ਘਟ ਗਿਆ, ਉਹ ਚਾਉ ਜੋ ਜੁਆਨੀ ਦੇ ਹੁਲਾਰੇ ਦਾ ਬੇਪਰਵਾਹੀ ਦਾ ਹੁੰਦਾ ਹੈ ਉਸ ਦੀ ਥਾਂਉਂ ਇਕ ਰੁਖ਼ ਨੇ ਮੱਲੀ। ਮਨ ਨੇ ਇਕ ਰੁਖ਼ ਫੜ ਲਿਆ। ਇਕ ਨੁਕਤਾ ਪੈਦਾ ਹੋ ਗਿਆ, ਜਿਸ ਵੱਲ ਮਨ ਨੂੰ ਇਕ ਖਿੱਚ ਜੇਹੀ ਲੱਗ ਗਈ। ਇਸ ਨੁਕਤੇ ਦਾ ਰੂਪ ਰੰਗ ਤਾਂ ਕੋਈ ਨਾ ਬੱਝਾ, ਪਰ ਇਹ ਨੁਕਤਾ ਤੇ ਇਸ ਵੱਲ ਇਕ ਰੁਖ਼ ਇਹ ਅੰਦਰ ਥਾਂ ਫੜ ਗਿਆ, ਇਸ ਰੁਖ਼ ਨੇ ਇਕ ਦਿਸ਼ਾ ਬੀ ਫੜੀ, ਉੱਤਰ ਪੱਛੋਂ ਵਲ ਨੂੰ ਇਹ ਰੁਖ਼ ਬੱਝਾ ਤੇ ਉਸੇ ਸਿੰਮਤ[2] ਵਲ ਕਿਤੇ ਦੂਰ ਇਕ ਨੁਕਤਾ; ਜਿਸ ਵਲ ਮਨ ਉੱਮਲ ਇਕ ਉਮਾਹ, ਉਸ ਰੁਖ਼, ਇਹ ਚਾਉ ਵਾਲੇ ਸੁਆਦ ਨਾਲ ਮਨ ਭਰ ਜਾਵੇ। ਇਹ ਚਾਉ ਤਿਆਰੀ ਦੇ ਸਾਮਾਨਾਂ ਵਲ ਲਗਾਵੇ ਕਿ ਕਿਵੇਂ ਟੁਰਾਂ ? ਕਿਵੇਂ ਪਹੁੰਚਾਂ ? ਕਿਵੇਂ ਹਾਜ਼ਰ ਹੋਵਾਂ ? ਭਾਵੇਂ ਮੈਂ ਆਪ ਰਾਜਾ ਆਪਣੇ ਦੇਸ਼ ਦਾ ਆਪ ਗੱਦੀ ਨਸ਼ੀਨ ਹਾਂ, ਪਰੰਤੂ ਓਥੇ ਰਾਜਿਆਂ ਦੀ ਕੀ ਪਰਵਾਹ ਹੈ ਕਿ ਜਿਥੇ ਪੂਰਨ ਵੈਰਾਗ ਤੇ ਆਤਮ ਦਾਨ ਦੇਣ ਦਾ ਇਲਾਹੀ ਤਖ਼ਤ ਵਿਛ ਰਿਹਾ ਹੈ। ਜਿਨ੍ਹਾਂ ਨੇ ਸੀਸ ਦਿਤੇ ਤੇ ਸੀ ਨਾ ਕੀਤੀ, ਜਿਨ੍ਹਾਂ ਸ਼ਹਿਨਸ਼ਾਹ ਦੇ ਅੱਗੇ ਸਿਰਰ ਨਾ ਦਿੱਤੇ, ਪਰ ਸਿਰ ਦੇ ਦਿੱਤੇ, ਉਨ੍ਹਾਂ ਲਾਉਬਾਲੀਆਂ ਦੀ ਦਰਗਾਹੇ ਕੀ ਪਰਵਾਹ ਹੈ ਕਿਸੇ ਦੇ ਰਾਜਾ ਹੋਣ ਦੀ ਤੇ ਕੀ ਘ੍ਰਿਣਾ ਹੈ ਕਿਸੇ ਦੇ ਗ਼ਰੀਬ ਹੋਣ ਦੀ ? ਇਹ ਸੋਚ ਕੁਝ ਐਸੀ ਚੁਭੇ ਕਿ ਕਈ ਵੇਰ ਨੈਣਾਂ ਵਿਚ ਤਰੌਤ ਆ ਕੇ ਮੋਤੀ ਢਹਿ ਪੈਣ ਕਿ ਮੇਰੇ ਮਨ ਨਾਲ ਪਿਆਰੇ ਗਏ ਦਾਤਾ ਜੀ ਕਦੇ ਮੈਨੂੰ ਬੀ ਪਿਆਰ ਨਾਲ ਤੱਕਣਗੇ ? ਕਦੇ ਮੇਰੇ ਤੇ ਬੀ ਮਿਹਰ ਹੋਵੇਗੀ ਜਿਵੇਂ ਕਦੀ ਹੋਈ ਸੀ ਮੇਰੇ ਪਿਤਾ ਉਤੇ ? ਮੈਂ ਕੀ ਅਮਲ ਕਰਾਂ ? ਮੈਂ ਕੀ ਤਿਆਰੀ ਕਰਾਂ, ਜੋ ਦਰ ਪੁੱਜਕੇ ਦਰ ਕਬੂਲ ਪਵਾਂ ? ਉਸ ਦਰ ਜਿੱਥੇ ਮੇਰੇ ਜਿਹੇ ਰਾਜੇ ਐਉਂ ਸੁਆਲੀ ਹਨ ਜਿਵੇਂ ਮੇਰੇ ਦਰ ਮੇਰੀ ਪਰਜਾ ਆ ਸੁਆਲੀ ਹੁੰਦੀ ਹੈ; ਉਸ ਦਰ; ਜਿਸ ਦਰ ਮਿਹਰ ਹੁੰਦੀ ਹੈ ਉਹਨਾਂ ਉਤੇ ਜਿਨ੍ਹਾਂ ਉਤੇ ਆਪ ਰੀਝਦੇ ਹਨ, ਇਹ ਪਤਾ ਨਹੀਂ ਕਿਕੂੰ ਤੇ ਕਿਤ ਗੁਣ ? ਇਸ ਤਰ੍ਹਾਂ ਦੀਆਂ ਸੋਚਾਂ ਹਨ ਜੋ ਰਾਜਾ ਨੂੰ ਦਿਲਗੀਰ ਕਰਦੀਆਂ ਹਨ। ਇਹ ਦਿਲਗੀਰੀ ਨਹੀਂ, ਇਹ ਉਸ 'ਪ੍ਰੇਮ-ਕਣੀ' ਦੀ ਚੋਭ ਦੀਆਂ ਮਰਮੀ ਕਸਕਾਂ ਹਨ ਜੋ ਮਾਂ ਨੇ ਆਪਣੇ ਪੁੱਤ ਦੇ ਦਿਲ ਅਪਣੇ ਹੱਥੀਂ ਜਾਣ ਬੁੱਝਕੇ ਚੋਭੀ ਹੈ। ਹਾਂ, ਇਕ ਮਾਂ ਹੋਰ ਹੋਈ ਹੈ ਮੈਨਾਂਵੰਤੀ ਜਿਸਨੇ ਅਪਣੇ ਪੁੱਤ੍ਰ-ਗੋਪੀਚੰਦ—ਨੂੰ ਕਲੇਜੇ ਵਿਚ ਕੁਛ ਚੋਭਿਆ ਸੀ। ਉਹ 'ਵੈਰਾਗ-ਅਣੀ' ਸੀ ਜਿਸਨੇ ਰਾਜਾ ਨੂੰ ਰਾਜ ਤੋਂ ਉਦਾਸ ਕਰ, ਹੱਥ ਠੂਠਾ ਦੇ, ਗਲੀ ਗਲੀ ਰੁਲਾਇਆ ਤੇ ਕੰਨ ਪੜਵਾ ਜੋਗੀ ਬਣਾ ਦਰ ਦਰ ਫਿਰਾਇਆ ਸੀ। ਰੁਲ ਗਈ ਰਾਣੀ ਮੈਨਾਵੰਤੀ ਪੁਤ੍ਰ ਵਿਜੋਗ ਵਿਚ ਹਾਹੁਕੇ ਭਰਦੀ, ਤੇ ਢਹਿ ਮੋਈਆਂ ਮਹਿਲਾਂ ਤੋਂ ਗੋਪੀਚੰਦ ਦੀਆਂ ਰਾਣੀਆਂ, ਉੱਜੜ ਗਿਆ ਰਾਜ ਤੇ ਦੁਖ ਮੋਈ ਪਰਜਾ, ਜਿਸ ਦਾ ਛੈਲ ਰਾਜਾ ਫਕੀਰ ਹੋ ਗਿਆ। ਫਿਰ ਬੀ ਉਸ ਮੈਨਾਂਵੰਤੀ ਦਾ ਸੁਪਨਾ ਨਾ ਬਰ ਆਇਆ ਕਿ 'ਜੋਗ' ਲੈਕੇ ਪੁਤ੍ਰ ਦੀ ਸੁਹਣੀ ਕਾਇਆਂ ਸਦਾ ਥਿਰ ਕੰਚਨ ਦੀ ਹੋ ਜਾਏਗੀ ਤੇ ਕਦੇ ਨਾ ਮਰੇਗੀ। ਨਾ ਉਸ ਦੀ ਮਿੱਟੀ ਦੀ ਮੜੋਲੀ-ਰਾਜਾ ਦੀ ਦੇਹ—ਅਮਰ ਹੋਈ, ਨਾ ਰਾਜਾ ਦਾ ਰਾਜ ਰਿਹਾ, ਰਹਿ ਗਈ ਪੱਲੇ 'ਦਰ ਪਿੰਨਣੀ' ਤੇ ਹਠ ਯੋਗ ਦੀ ਕਰੜੀ ਘਾਲ ਵੈਰਾਗ ਤੇ ਤਪ[1]। ਹਾਂ, ਐਉਂ ਹੀ ਦੇਸ਼ ਹੋ ਗਿਆ ਸੀ ਨਿਤਾਣਾ, ਸੁਹਣਿਆਂ ਕਲਾਵਾਨਾਂ ਦੇ ਦੁਨੀਆਂ ਤੋਂ ਗਮਰੁੱਠ ਹੋ ਕੇ ਲਾਂਭੇ ਚਲੇ ਜਾਣ ਕਰਕੇ, ਪਰ ਏਥੇ ਮਾਂ ਕਲਾਵਾਨ ਹੈ ਕਿਸੇ ਹੋਰ ਹੁਨਰ ਦੀ। ਪੁੱਤਰ ਨੂੰ ਨਹੀਂ ਮੁ ਲਾਈ ਸੁੱਕੇ ਵੈਰਾਗ ਦੀ ਨਸ਼ਤਰ, ਪਰ ਪੋੜਿਆਸੂ ਉਸ ਦੇ ਕਾਲਜੇ ਮਿੱਠਾ ਮਿੱਠਾ, ਭਿੰਨਾਂ ਭਿੰਨਾਂ ਪਿਆਰ ਦਾ ਤੀਰ, ਰੁਖ ਦਿੱਤਾ ਸੂ ਉਸਦੇ ਮਨ ਨੂੰ ਕਿਸੇ ਜੀਉਂਦੇ ਨੁਕਤੇ ਵੱਲ, ਜਿਸ ਉਤੇ ਟਿਕੇ ਉਸ ਦਾ ਧਿਆਨ,

1. ਆਸਾ ਮਹਲਾ ੪।
2. ਪਾਸੇ।

1. ਗੋਪੀ ਚੰਦ ਦੇ ਤਪ ਦੀ ਗੁਫਾ ਆਬੂ ਤੋਂ ਤ੍ਰੈ ਚਾਰ ਮੀਲ ਤੇ ਅਚਲ ਗੜ੍ਹ ਦੀ ਟੀਸੀ ਦੇ ਹੇਠਾਂ ਵਾਰ ਹੈ।

ਜੋ 'ਧਿਆਨ-ਟਿਕਣ' ਨਾਲ ਜਾਗ ਉੱਠਣ ਅੰਦਰ ਦੀਆਂ ਸਾਰੀਆਂ ਸੁੱਤੀਆਂ ਕਲਾਂ, ਸ਼ਕਤੀਆਂ ਤੇ ਖ਼ੂਬੀਆਂ। ਉਹ ਪੁਤ੍ਰ--ਜੋ ਖ਼ਤਰਾ ਹੈ ਕਿ ਜੁਆਨੀ ਚੜ੍ਹੇ ਪੈ ਜਾਵੇ ਕੁਸੰਗ ਵਿਚ ਤੇ ਗੁਆ ਬੈਠੇ ਰਾਜਭਾਗ; ਉਹ ਬਚ ਜਾਵੇ ਜੋਬਨ ਦੀਆਂ 'ਕਿਨਾਰੇ- ਤੋੜ' ਕਾਂਗਾਂ ਤੋਂ ਤੇ ਹੋ ਜਾਵੇ ਚਲਾਊ ਦੇ ਤੀਰਾਂ ਦਾ 'ਸੋ ਸੁਰਤਾਨੁ[1] ਜੁ ਦੁਇ ਸਰ ਤਾਨੈ'[2]। ਉਹ ਹੈ ਸੁਲਤਾਨ (ਰਾਜਾ) ਜੋ ਦੋ ਤੀਰ ਚਲਾ ਸਕੇ--ਇਕ ਤੀਰ ਪਰਜਾ ਦੇ ਦੋਖੀਆਂ ਦੀ ਛਾਤੀ ਵਿੰਨ੍ਹਣ ਵਾਲਾ ਦੂਸਰਾ ਤੀਰ ਮਨਾਂ ਤੇ ਛਾ ਰਹੇ ਹਨੇਰੇ ਦੀ ਛਾਤੀ ਨੂੰ ਚੀਰ ਕੇ ਰੂਹ ਦੇ ਨੂਰ ਨੂੰ ਪ੍ਰਗਟ ਕਰ ਲੈਣ ਵਾਲ। ਹਾਂ, ਇਹ ਮਾਂ ਪੁਤ੍ਰ ਨੂੰ ਚੋਭ ਚੁਕੀ ਹੈ ਤੀਰ ਪ੍ਰੇਮ ਦਾ "ਅਣੀਆਲੇ ਅਣੀਆ ਰਾਮ ਰਾਜੇ।। ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ"। ਇਸ ਤੀਰ ਨੇ ਪੁਤ ਨੂੰ ਸਪੁਤ ਕਰਨਾ ਹੈ। ਤਰੇਗਾ ਆਪ, ਤਾਰੇਗਾ ਹੋਰਨਾਂ। ਹਾਂ, ਇਹ ਪੁਤ ਨਹੀਂ ਰੁਲੇਗਾ ਦਰ ਦਰ, ਪਰ ਬਹੇਗਾ ਪਿਉ ਦੇ ਤਖ਼ਤ ਉਤੇ ਡੇ ਕਰੇਗਾ ਰਾਜ ਬੀ ਤੇ ਜੋਗ ਬੀ। ਹਾਂ, ਹੁਣ ਬੰਨ੍ਹ ਦਿਤਾ ਸੂ ਪੁੱਤ੍ਰ ਦਾ ਮਨ ਨਿਸ਼ਾਨੇ ਦੇ ਨੁਕਤੇ ਉਤੇ ਤੇ ਮਾਂ ਪਈ ਅਸੀਸ ਦਿੰਦੀ ਹੈ:-

"ਤੂੰ ਗੁਰਪ੍ਰਸਾਦਿ ਕਰ ਰਾਜ ਜੋਗੁ।"

ਇਹ ਦੂਸਰੀ ਮਾਂ ਹੈ, ਜਿਸ ਨੇ ਪੁਤ੍ਰ ਦੇ ਕਲੇਜੇ ਵੈਰਾਗ ਦਾ ਤੀਰ ਮਾਰਿਆ ਹੈ, ਪਰ ਇਹ ਪਰਜਾ ਪਾਲਣ ਦੇ ਫਰਜ਼ ਤੋਂ ਖੁਹਾ[3] ਦੇਣ ਵਾਲਾ ਵੈਰਾਗ ਨਹੀਂ, ਇਹ ਵੈਰਾਗ 'ਵੈਰਾਗ-ਅਨੰਦੀ' ਹੈ। ਇਹ ਵੈਰਾਗ 'ਰਸ-ਵੈਰਾਗ' ਹੈ, ਜਿਸ ਨੂੰ ਪਾ ਕੇ ਮਾਂ ਦਾ ਵਿੰਨ੍ਹਿਆਂ ਪੁਤ੍ਰ ਹੁਣ ਰੋਂਦਾ ਹੈ, ਪਰ ਕੀ ਰੋਂਦਾ ਹੈ:-

"ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ
ਨੈਣ ਰਸਿ ਭਿੰਨੇ।।" (ਆਸਾ ਮਹਲਾ ੪)

ਮਨ ਬੈਰਾਗਿਆ ਗਿਆ, ਪਰ ਇਸ ਵੈਰਾਗ ਨੇ ਨੈਣਾਂ ਨੂੰ 'ਰਸ-ਭਿੰਨੇ' ਕਰ ਦਿੱਤਾ ਹੈ, ਦਿਲਗੀਰੀ, ਉਦਾਸੀ, ਢਹਿੰਦੀਆਂ ਕਲਾਂ, ਗਮਰੁਠਤਾਈ ਵਿਚ ਨਹੀਂ ਲੈ ਗਿਆ। ਹਾਂ, ਮਾਂ ਦੀ ਹੀ 'ਪ੍ਰੇਮ-ਬਾਣੀ' ਨੇ ਇਸ ਦਾ ਮਨ ਮਾਰਿਆ ਹੈ, ਪਰ ਬੇਨਿਸ਼ਾਨੇ ਨਹੀਂ ਸੁੱਟਿਆ, ਪ੍ਰੇਮ ਦਾ ਤੀਰ ਸੁਘੜ ਕਰਦਾ ਹੈ:

"ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮਰਾਜੇ" (ਆਸਾ ਮਹਲਾ ੪)

ਸੋ ਰਾਜਾ ਹੁਣ ਪ੍ਰੇਮ-ਪ੍ਰਵੇਧਿਆ ਹੈ, ਪ੍ਰੇਮ ਇਕ 'ਜੀਉਂਦੇ-ਨਿਸ਼ਾਨੇ' ਦਾ ਹੈ: ਰੁਖ਼ ਹੈ ਅੰਦਰੋਂ ਉਸ ਨਿਸ਼ਾਨੇ ਵੱਲ ਤੇ ਹਰ ਵੇਲੇ ਲਗਨ ਹੈ, ਲਗਨ ਹੈ ਪਿਆਰ ਤੇ 'ਦਰਸ਼ਨ-ਤਾਂਘ' ਦੀ। ਹਾਂ ਵੈਰਾਗ ਹੈ, ਤੇ ਮਰਮੀ ਚੋਭਾਂ, ਪਰ ਨਾਲ ਚਾਉ ਹੈ ਦਰਸ਼ਨ ਦਾ, ਆਸ ਹੈ ਪ੍ਰਾਪਤੀ ਦੀ, ਲਗਨ ਹੈ ਅੱਪੜਨ ਦੀ ਤੇ ਉਮਾਹ ਆਉਂਦਾ ਹੈ ਪਿਆਰੇ ਨੂੰ ਰਿਝਾਵਣ ਦਾ ਐਉਂ ਹੈ ਵੈਰਾਗ ਤੇ ਐਉਂ ਹੈ ਰਸ। ਗੁਰਮਤਿ ਦੇ ਪ੍ਰੇਮ ਵਿਚ 'ਰਸ-ਵੈਰਾਗ' ਹੁੰਦਾ ਹੈ। ਰਸ ਹੈ, ਜੋ ਪਿਆਰਾ ਲਗਦਾ ਹੈ ਪ੍ਰੀਤਮ, ਰਸ ਹੈ; ਕਿਉਂਕਿ ਮਿਠਾਸ ਆਉਂਦੀ ਹੈ ਪ੍ਰੀਤਮ ਦੇ ਸੁਆਦ ਦੀ। ਪਰ 'ਆਪ' ਤੇ 'ਆਪਣਾ' ਸਾਰਾ ਕੁਛ ਪਿਆਰੇ ਉਤੋਂ ਸਦਕੇ ਕਰਕੇ ਜੀ ਖੁਸ਼ ਹੁੰਦਾ ਹੈ, ਦੇ ਕੇ ਰਸ ਚੜ੍ਹਦਾ ਹੈ। ਇਹ ਜੋ ਦੇਣ ਦਾ, ਸਦਕੇ ਕਰਨ ਦਾ, ਸਦਕੇ ਹੋਣ ਦਾ ਭਾਵ ਹੈ, ਇਹ ਅਸਲ ਵੈਰਾਗ ਹੈ, ਸਿਰ ਵੈਰਾਗਾਂ ਦੇ ਇਹ ਵੈਰਾਗ ਹੈ। ਸੋ ਪ੍ਰੇਮ ਕੀ ਹੈ? ਦਾਤੇ ਦਾ ਪ੍ਰੇਮ ਕੀਹ ਹੈ? 'ਰਸ ਵੈਰਾਗ'।

"ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ
ਪੁਰਖੁ ਰਸਿਕ ਬੈਰਾਗੀ।।" (ਗਉੜੀ ਮਹਲਾ ੫)

ਹਾਂ ਜੀ, ਮਾਂ ਨੇ ਪੁਤ ਦਾ ਕਾਲਜਾ ਵਿੰਨ੍ਹ ਘੱਤਿਆ ਹੈ, ਪਰ ਦੇਖੋ 'ਸੁਰਣ-ਮਤੀ' ਮਾਤਾ 'ਮੈਨਾਵੰਤੀ' ਤੋਂ ਸਿਆਣੀ ਮਾਤਾ ਹੈ ਜਗਤ ਤੋਂ ਉਦਾਸੀ ਦਾ, ਖੁਸ਼ਕ ਵੈਰਾਗ ਦਾ ਤੀਰ ਨਹੀਂ ਸੂ ਮਾਰਿਆ ਪਰ 'ਰਸ-ਵੈਰਾਗ' ਦਾ ਤੀਰ ਮਾਰ ਕੇ ਵਿੰਨ੍ਹਿਆਂ ਸੂ ! ਹਾਂ ਖਿੱਚ ਵਿਚ ਪਾਇਆ ਸੂ ਗੁਰੂ ਨਾਨਕ ਦੀ ਜੋ 'ਰਸਿਕ-ਬੈਰਾਗੀ' ਹੈ।

ਰਾਜਾ ਹੁਣ ਕੀ ਕਰ ਰਿਹਾ ਹੈ ? ਪਿਆਰੇ ਲਈ ਸੁਗਾਤਾਂ ਭਾਲਦਾ ਹੈ। ਆਸਾਮ ਹਾਥੀਆਂ ਦਾ ਦੇਸ਼ ਹੈ ਸੋ ਲੱਭਾ ਸੂ ਇਕ ਮਕਨਾ ਹਾਥੀ, ਕਾਲਾ ਧੂਤ, ਪਰ ਜਿਸਦਾ ਮੱਥਾ ਚਿੱਟਾ ਹੈ ਚਿੱਟਾ ਹਾਥੀ ਦੰਦ ਵਾਂਙੂ। ਇਹ ਚਿੱਟਾ ਮੱਥਾ ਸਿਰ ਉਤੋ ਚਿੱਟੀ ਲਕੀਰ ਲੈ ਪਿੱਠ ਤੋਂ ਹੁੰਦਾ ਪੂਛ ਤੱਕ ਇਹੋ ਚਿੱਟੀ ਲਕੀਰ ਲੈ ਗਿਆ ਹੈ, ਇਸ ਚਿਟਾਸ ਦੀਆਂ ਨਿੱਕੀਆਂ ਨਿੱਕੀਆਂ ਧਾਰੀਆਂ ਲੱਤਾਂ ਵੱਲ ਗਈਆਂ ਹਨ ਮਾਨੋਂ ਇਕ ਕੈਲਾਸ਼ ਪਰਬਤ ਦਾ ਨਮੂਨਾ ਹੈ। ਪ੍ਰੇਮ ਨੇ ਬਰਫ਼ਾਂ ਪੰਘਾਰ ਦਿੱਤੀਆਂ ਹਨ ਤੇ ਉਸਦੇ ਮੱਥੇ ਉੱਤੇ ਮਾਨ ਸਰੋਵਰ ਬਣ ਗਿਆ ਹੈ ਤੇ ਚਾਰ ਚੁਫੇਰੇ ਨਦੀਆਂ ਵਹਿ ਟੁਰੀਆਂ ਹਨ।

1. ਸੁਲਤਾਨ, ਰਾਜਾ। 2. ਦੋ ਤੀਰ ਖਿੱਚੇ।
3. ਖੁੰਝਾ ਦੇਣ ਵਾਲਾ, ਗੁਆ ਦੇਣ ਵਾਲਾ।

ਹਨ। ਹਾਥੀ ਆਪਣੀ ਕਿਸਮ ਦਾ ਆਪ ਹੈ, ਹੋਰ ਨਹੀਂ ਲੱਭਦਾ ਇਸ ਦੇ ਨਾਲ ਦਾ। ਰਾਜੇ ਦੇ ਮਨ ਉਮਾਹ ਹੈ ਕਿ ਇਸਤੇ ਚੜ੍ਹਨਗੇ ਮੇਰੇ ਮਨ ਦੇ ਰਾਜੇ, ਮੈਂ ਦੇਖਾਂਗਾ ਤੇ ਅਪਣੇ ਧੰਨ ਭਾਗ ਸਮਝਾਂਗਾ। ਚਾਉ ਹੈ ਰਾਜੇ ਨੂੰ ਇਸ ਦਰਸ਼ਨ ਦੇ ਦੇਖਣ ਦਾ। ਅਪਨੀ ਉਮਰ ਉਮੰਗਾਂ ਵਾਲੀ ਹੈ, ਜਵਾਨੀ ਹੈ। ਰਾਜੇ ਨੂੰ ਨਹੀਂ ਚਾਉ ਫੁਰਿਆ ਇਹ ਕਿ ਮੈਂ ਚੜ੍ਹਾਂ ਏਸ ਹਾਥੀ ਉਤੇ ਤੇ ਮੇਰੀ ਪਰਜਾ ਵੇਖੇ ਤੇ ਖੁਸ਼ ਹੋਵੇ ਕਿ ਸਾਡਾ ਰਾਜਾ ਹੈ ਤੇ ਫੇਰ ਮੈਂ ਖੁਸ਼ ਹੋਵਾਂ ਤੇ ਖਿੜਾਂ ਕਿ ਮੈਂ ਕੇਡਾ ਰਾਜਾ ਹਾਂ। ਇਸ ਫੁਰਨੇ ਦਾ ਨਾਂ ਫੁਰਨਾ, ਇਸ ਚਾਉ ਦਾ ਨਾਂ ਚੜ੍ਹਨਾ ਇਹ ਹੈ ਵੈਰਾਗ ਜੋ ਬੇਮਲੂਮ ਬਿਨਾਂ ਪੀੜ ਕੀਤੇ ਵੜ ਗਿਆ ਹੈ ਰਾਜੇ ਦੇ ਅੰਦਰ। ਇਹ ਰੋਣ ਦਿਲਗੀਰੀ ਉਦਾਸੀ ਦੀ 'ਮਨ-ਢਾਹ' ਅਸਰ ਵਾਲਾ ਵੈਰਾਗ ਨਹੀਂ। ਇਹ ਵੈਰਾਗ ਨੀਂਹ ਵਾਂਙੂ ਹੇਠਾਂ ਬੇਮਲੂੰਮਾ ਹੈ, ਇਸ ਦੇ ਉਤੇ ਉਸਰ ਰਿਹਾ ਹੈ ਉਹ ਚਾਉ ਦਾ ਮੰਦਰ ਜੋ ਪ੍ਰਗਟ ਹੋ ਰਿਹਾ ਹੈ ਇਸ ਆਸ ਦੇ ਰੂਪ ਵਿਚ ਕਿ ਕੇਡੀ ਸੁਲੱਖਣੀ ਹੋਵੇਗੀ ਉਹ ਘੜੀ, ਜਦੋਂ ਮੈਂ ਤੱਕਦਾ ਹੋਵਾਂਗਾ ਇਨ੍ਹਾਂ ਨੈਣਾਂ ਨਾਲ, ਇਸ ਦੇ ਉਤੇ ਚੜ੍ਹੇ ਹੋਣਗੇ ਮੇਰੇ ਸਾਹਿਬ ਤੇ ਮੇਰਾ ਲੂੰ ਲੂੰ ਖਿੜ ਰਿਹਾ ਹੋਵੇਗਾ ਉਸ ਸੁਭਾਗ ਦਰਸ਼ਨ ਨਾਲ। ਇਸ ਚਾਉ ਵਿਚ ਹਾਥੀ ਦੀ ਪਾਲਣਾ ਹੋ ਰਹੀ ਹੈ। ਹੌਦਾ, ਅੰਮਾਰੀ ਝੋਲ, ਮੋਤਸਰੀਆਂ ਬਣ ਰਹੀਆਂ ਹਨ। ਹਾਥੀ ਦੇ ਸ਼ਿੰਗਾਰ ਵਾਸਤੇ। ਉਧਰ ਕਾਰੀਗਰ ਲਗੇ ਹਨ ਹਾਥੀ ਨੂੰ ਸਿਖਾਉਣ ਵਿਚ। ਹਾਥੀ ਮਿਸ਼ਾਲ ਬਲਦੀ ਚੁੱਕ ਕੇ ਚਾਨਣਾ ਕਰਨਾ ਸਿਖ ਗਿਆ ਹੈ। ਤੀਰ ਚਲਾਓ ਤਾਂ ਜਾ ਕੇ ਸੁੰਡ ਨਾਲ ਚੁਕ ਲਿਆਉਂਦਾ ਹੈ। ਚੌਰ ਸੁੰਡ ਵਿਚ ਦੇ ਦਿਓ ਤਾਂ ਅੱਗੇ ਖੜੇ ਦੇ ਸਿਰ ਚੌਰ ਕਰਦਾ ਹੈ। ਫਿਰ ਪਤਾ ਲੱਗਾ ਕਿ ਮੇਰੇ ਦਾਤੇ, ਮੇਰੇ ਆਦਰਸ਼ਕ ਦਾਤੇ ਸ਼ਸਤ੍ਰਾਂ ਤੇ ਖੁਸ਼ ਹੁੰਦੇ ਹਨ, ਤਦ ਰਾਜਾ ਨੇ ਇਕ ਸ਼ਸਤ੍ਰ ਬਣਵਾਇਆ, ਪੰਜ-ਕਲਾ ਇਸਦਾ ਨਾਮ ਸੀ। ਗਾਤ੍ਰੇ ਵਿਚ-ਲੱਗਾ ਛੋਟੀ ਕ੍ਰਿਪਾਨ ਭਾਸਦਾ ਸੀ, ਕਲਾ ਦੱਬਿਆਂ ਨਿੱਕਾ ਤਮਾਂਚਾ-ਯਾ ਨਿੱਕੀ ਬੰਦੂਕ ਕੁਛ ਕੁ ਐਦਾਂ ਦਾ ਜਿਕੂੰ ਅੱਜ ਕਲ ਪਿਸਤੌਲ ਹੈ, ਬਣ ਜਾਂਦਾ ਸੀ। ਫੇਰ ਨਿੱਕਾ ਗੁਰਜ, ਫੇਰ ਕਟਾਰ ਹੋ ਜਾਂਦਾ ਸੀ। ਫਿਰ ਰਾਜਾ ਨੇ ਇਕ ਚੰਨਣ ਦੀ ਚੌਕੀ ਬਣਵਾਈ, ਇਸ ਵਿਚ ਇਸ ਤਰ੍ਹਾਂ ਦੀ ਕਲਾ ਰੱਖੀ: ਇਕ ਥਾਂ ਦੱਬਿਆਂ ਚੌਜਪੜ ਵਿਛ ਜਾਵੇ ਤੇ ਪੁੱਤਲੀਆਂ ਚਾਰ ਪਾਸੇ ਖੇਡਣ ਨੂੰ ਆ ਬੈਠਣ। ਇਸੀ ਤਰ੍ਹਾਂ ਇਕ ਕੀਮਤੀ ਕਟੋਰਾ ਬਣਵਾਇਆ। ਪੰਜ ਘੋੜੇ ਬੜੇ ਫੁਰਤੀਲੇ ਲੱਭੇ। ਬੰਦੂਕਾਂ ਤੇ ਹੋਰ ਸ਼ਸਤ੍ਰ ਘੜਵਾਏ : ਢਾਕੇ ਤੋਂ ਮਲਮਲ ਤੇ ਰੇਸ਼ਮ, ਜਿਗਾ, ਕਲਗੀ, ਮੋਤੀਆਂ ਦੇ ਹਾਰ ਤੇ ਅਨੇਕਾਂ ਸਾਮਾਨ ਤਿਆਰ ਕਰਵਾਏ। ਇਨ੍ਹਾਂ ਸਾਰੀਆਂ ਤਿਆਰੀਆਂ ਵਿਚ ਸਭ ਤੋਂ ਪਹਿਲੀ ਗੱਲ ਜੋ ਰਾਜਾ ਨੇ ਕੀਤੀ ਉਹ ਇਹ ਸੀ ਕਿ ਮੰਤ੍ਰੀਆਂ ਨਾਲ ਸਲਾਹ ਕਰਕੇ ਰਾਜ ਦਾ ਪ੍ਰਬੰਧ ਉਹਨਾਂ ਦੇ ਸਪੁਰਦ ਕੀਤਾ। ਮੰਤ੍ਰੀ ਪੁਰਾਣੇ ਸੇ ਅਰ ਸਾਰੇ ਗੁਰੂ ਤੇਗ ਬਹਾਦਰ ਜੀ ਤੋਂ ਮੰਤ੍ਰ ਲੈ ਚੁਕੇ ਸੇ। ਸਾਰਿਆਂ ਨੇ ਧੰਨ ਭਾਗ ਜਾਣੇ ਕਿ ਰਾਜਾ ਅਪਣੇ ਪਿਤਾ ਦੇ ਰਾਹੇ ਟੁਰਨ ਲੱਗਾ ਹੈ ਅਰ ਪਿਤਾ ਦੀ ਇੱਛਾ ਪੂਰਨ ਕਰਨ ਲੱਗਾ ਹੈ, ਮਤਿਸੰਗੀ ਹੋ ਜਾਏਗਾ ਤਾਂ ਪਰਜਾ ਦੇ ਧੰਨ ਭਾਗ, ਰਾਜ ਧਰਮ ਨਾਲ ਕਰੇਗਾ।

ਰਾਜਾ ਨੇ ਮਾਈ ਨਾਲ ਸਲਾਹ ਕਰਕੇ ਵੱਡੇ ਮੰਤ੍ਰੀ ਨੂੰ ਬੀ ਨਾਲ ਲੈ ਜਾਣ ਦੀ ਠਹਿਰਾਈ। ਬਾਕੀ ਦੇ ਮੰਤ੍ਰੀ ਦੀਵਾਨ ਤੇ ਉਹਦੇ ਦਾਰਾਂ ਦੇ ਸਿਰ ਰਾਜ-ਪ੍ਰਬੰਧ ਰੱਖਕੇ ਤਿਆਰੀ ਦੇ ਦਿਨਾਂ ਵਿਚ ਵੇਖ ਲਿਆ ਕਿ ਮੇਰੇ ਪ੍ਰੇਮ ਨਾਲ ਵਿੰਨੇ ਜਾਣੇ ਤੇ ਬੀ ਮੇਰੇ ਅਹਿਲਕਾਰਾਂ ਦੇ ਪ੍ਰਬੰਧ ਨਾਲ ਮੇਰੀ ਪਰਜਾ ਸੁਖੀ ਹੈ ਤੇ ਸੁਖੀ ਰਹੇਗੀ। ਇਹ ਪ੍ਰਬੰਧ ਕਰਕੇ ਰਾਜਾ ਨੇ ਕਿਤਨਾ ਸਮਾਂ ਤੁਹਫੇ ਤੇ ਸੁਗਾਤਾਂ ਦੀ ਤਿਆਰੀ ਤੇ ਲਗਾਇਆ। ਮਨ ਦੀ ਦਸ਼ਾ ਪ੍ਰੇਮ ਵਾਲੀ ਵਧੇਰੇ ਹੁੰਦੀ ਗਈ। ਰਾਜ ਤੇ ਜੁਆਨੀ ਤੇ ਉੱਤੋਂ ਸੁਰਣਮਤੀ ਮਾਤਾ ਸਿਆਣੀ, ਪ੍ਰੇਮ ਨੇ ਡਾਢਾ ਅਰੋਗ ਤੇ ਸੁਖ ਵਾਲਾ ਰਸਤਾ ਫੜੀ ਰੱਖਿਆ। ਚਾਉ ਤੇ ਵੈਰਾਗ, ਖਿੱਚ ਤੇ ਸ਼ੁਕਰ ਅਦਬ ਤੇ ਉਛਾਲਾ ਡਾਢੇ ਮਿਲਵੇ ਟੁਰਦੇ ਰਹੇ।

ਪਰ 'ਪ੍ਰੇਮ' 'ਪ੍ਰੇਮ' ਹੈ, ਕਈ ਵੇਰ ਕਾਂਗਾਂ ਵਾਂਙੂ ਚੜ੍ਹ ਆਵੇ ਤਾਂ ਉੱਛਲ ਪਵੇ ਤੇ ਰਾਜਾ ਵੈਰਾਗ ਕਰੇ। ਸਿਆਣੀ ਮਾਂ ਨੇ ਪੁੱਤ੍ਰ ਨੂੰ ਅਪਣਾ ਉਹ ਭੇਤ ਬੀ ਦੱਸਿਆ ਜੋ ਉਸਨੂੰ ਪਤਾ ਨਹੀਂ ਸੀ। ਇਕ ਸੁੰਦਰ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘਰ ਵਿਚ ਸੀ ਜਿਸਦਾ ਪਾਠ ਮਾਤਾ ਅਪਣੇ ਏਕਾਂਤ ਸਮੇਂ ਕਰਦੀ ਹੁੰਦੀ ਸੀ। ਸੁਘੜ ਮਾਂ ਨੇ ਪੁਤ੍ਰ ਨੂੰ ਦੱਸਕੇ ਗੁਰਬਾਣੀ ਵਿਚ ਲਾ ਲਿਆ ਸੀ।

ਗੁਰਬਾਣੀ ਦੇ ਪਾਠ ਨੇ ਪ੍ਰੇਮ ਨੂੰ ਬੜਾ ਵਧਾਇਆ, ਪਰ ਨੇਕ ਮਾਂ ਨੇ ਐਸੇ ਰਾਹੇ ਟੋਰਿਆ ਤੇ ਐਸੀ ਸੁਮਤਿ ਵਿਚ ਰੱਖਿਆ ਕਿ ਬੱਚੇ ਉੱਤੇ—'ਪਰਵਾਣ

ਗਿਹਸਤ ਉਦਾਸ' ਦਾ ਹੀ ਅਸਰ ਪਿਆ।

ਇਕ ਦਿਨ ਰਾਜਕੁਮਾਰ ਸਾਰੀ ਤਿਆਰੀ ਕਰ ਚੁੱਕਣ ਮਗਰੋਂ ਆਪਣੀ ਮਾਤਾ ਪਾਸ ਆਇਆ। ਨੈਣ ਭਰੇ ਹੋਏ ਸਨ, ਪਰ ਗੱਲ੍ਹਾਂ ਲਾਲ ਸੂਹੀਆਂ ਸਨ। ਆਇਆ ਤੇ ਆਖਣ ਲੱਗਾ: "ਗੁਰਬਾਣੀ ਆਖਦੀ ਹੈ 'ਹਉਂ' ਦੂਰ ਕਰ ਤੇ ਮੈਂ ਜੋ ਕੁਝ ਅਪਣੇ ਸੁਹਣੇ ਸਤਿਗੁਰ ਲਈ ਤਿਆਰ ਕਰਵਾਇਆ ਹੈ ਤੇ ਚਾਉ ਵਿਚ ਕਰਵਾਇਆ ਹੈ, ਇਹ ਚਾਉ ਅੰਮੀਏ ! ਰਜੋਗੁਣੀ ਹੈ। ਪੰਡਿਤ ਜੀ ਆਖਦੇ ਸਨ, ਸਾਰੇ ਚਾਉ ਰਜੋਗੁਣੀ ਹੁੰਦੇ ਹਨ ਤੇ ਰਜੋਗੁਣ ਹਉਂ ਹੈ, ਤੇ ਹਉਂ ਨੀਵੀਂ ਦਸ਼ਾ ਹੈ। ਗੁਰਬਾਣੀ ਬੀ ਕਹਿੰਦੀ ਹੈ ਕਿ ਤਿੰਨਾਂ ਗੁਣਾਂ ਤੋਂ ਲੰਘ ਤੇ ਚੌਥੇ ਪਦ ਵਿਚ ਆ। ਸੋ ਅੰਮਾਂ ! ਮੇਰੀਆਂ ਰਜੋਗੁਣ ਵਿਚ ਤਿਆਰ ਕੀਤੀਆਂ ਭੇਟਾਂ ਵੇਖਕੇ ਉਹਨਾਂ ਅੰਤਰਯਾਮੀਆਂ ਨੇ ਜੇ ਕਬੂਲੀਆਂ ਨਾ ਤੇ ਮੈਨੂੰ ਪਰੇ ਧੱਕ ਦਿੱਤਾ ਤਾਂ ਮੈਂ ਕੀਹ ਕਰਾਂਗਾ ? ਤੁਸੀਂ ਆਖਦੇ ਹੋ ਉਸ ਦਰ ਰਾਜਾ ਤੇ ਘਾਹੀ ਬਰਾਬਰ ਹੈ।" ਇਹ ਕਹਿੰਦਿਆਂ ਰਾਜੇ ਦੇ ਨੈਣ ਭਰਨ ਲੱਗੇ, ਪਰ ਉਹ ਬੁਲ੍ਹ ਟੁੱਕੇ ਜੋ ਅਥਰੂ ਰੁਕ ਜਾਣ; ਐਉਂ ਲਾਲ ਹੋ ਹੋ ਜਾਵੇ, ਗਲਾ ਰੁਕ ਰੁਕ ਜਾਵੇ ਤੇ ਫੇਰ ਦੰਦਾਂ ਵਿਚ ਜੀਭ ਦੇ ਕੇ ਦਬਾਵੇ, ਪਰ ਨੈਣਾਂ ਦਾ ਭਰ ਭਰ ਆਉਣਾ ਅੰਮਾਂ ਤੋਂ ਨਾ ਛਿਪ ਸਕੇ।

ਇਹ ਦੇਖਕੇ ਮਾਂ ਬੋਲੀ:-ਪੁਤ੍ਰ ! ਸੁਣ, ਤੇਰੇ ਪਿਤਾ ਜੀ ਜਿੰਨਾ ਚਿਰ ਦਰਸ਼ਨ ਪਰਸ ਕੇ ਜੀਵੇ, ਸਤਿਸੰਗ ਵਿਚ ਰਹੇ। ਪੰਜ ਚੋਣਵੇਂ ਸਿਖ ਉਹਨਾਂ ਨੇ ਅਪਣੇ ਸਤਿਸੰਗ ਲਈ ਸਤਿਗੁਰਾਂ ਤੋਂ ਅਪਣੇ ਪਾਸ ਰਖ ਲਏ ਸੇ, ਜੋ ਸਾਨੂੰ ਸਿਖ ਬਣਾਕੇ ਸਾਰੀ ਸਿੱਖਯਾ ਵਿਚ ਜਾਣੂੰ ਕਰਕੇ ਅਰ ਸਾਡੇ ਵਿਚ 'ਨਾਮ-ਰਸ' ਦੀ ਪਕਿਆਈ ਤੱਕ ਕੇ ਫੇਰ ਟੁਰੇ ਸਨ। ਜੋ ਕੁਛ 'ਗੁਰੂ-ਮਿਹਰ' ਤੇ ਸਤਿਸੰਗ ਨਾਲ ਸਾਨੂੰ ਲੱਭਾ ਉਸ ਦਾ ਸਾਰਾ ਵਿਚਾਰ ਇਹ ਹੈ ਕਿ ਜੋ ਉਮਾਹ ਤੁਸਾਂ ਦੇ ਅੰਦਰ ਹੈ, ਇਹ ਪੁੰਨਜ-ਰੂਪ ਹੈ, ਇਹ ਤੁਸੀਂ ਕੋਈ ਆਪਣੇ ਸੁਖਾਂ ਲਈ ਨਹੀਂ ਕਰ ਰਹੇ ਪਰ ਜਿਸ ਪ੍ਰੀਤਮ ਦੇ ਪ੍ਰੇਮੀ ਹੋ, ਉਸ ਦੀ ਪ੍ਰਸੰਨਤਾਈ ਵਾਸਤੇ ਕਰ ਰਹੇ ਹੋ। ਜੋ ਉਮਾਹ ਆਪਣੇ ਲਈ ਨਾ ਹੋਵੇ ਪਰ ਵਾਹਿਗੁਰੂ ਜਾਂ ਉਸ ਵਾਹਿਗੁਰੂ ਦੇ ਪ੍ਰੀਤਮ ਲਈ ਹੋਵੇ, ਉਹ ਉਮਾਹ 'ਮਿਹਰ' ਹੈ। ਪੁਤ੍ਰ ! ਉਮਾਹ ਸਾਂਈਂ ਦਰੋਂ ਆਇਆ ਹੈ, ਇਹੀ ਪ੍ਰੇਮ ਦਾ ਉਛਾਲਾ ਹੈ। ਪ੍ਰੇਮ ਵਿਚ ਅਪਣੀ ਪਕੜ ਨਹੀਂ ਹੁੰਦੀ ਚਾਹੋ ਪ੍ਰੇਮ ਦੀ ਬਾਹਰਲੀ ਸੂਰਤ ਪਕੜ ਵਾਂਙੂ ਭਾਸਦੀ ਹੈ। ਪ੍ਰੇਮ ਅਸਲ ਵਿਚ ਵੈਰਾਗ ਹੁੰਦਾ ਹੈ। ਲਾਲ ਜੀਓ ! ਪੰਡਿਤ ਪੜ੍ਹੇ ਹੋਏ ਹੁੰਦੇ ਹਨ, ਇਨ੍ਹਾਂ ਨੇ ਕੋਈ ਭਜਨ ਬੰਦਗੀ ਨਹੀਂ ਕੀਤੀ ਹੁੰਦੀ, ਇਹ ਨਾਮ ਦੇ ਰਸੀਏ ਨਹੀਂ ਹੁੰਦੇ। ਇਨ੍ਹਾਂ ਦਾ ਮਨ ਵਿਦਿਆ ਦੀ ਸਾਣ ਤੇ ਚੜ੍ਹਕੇ ਤ੍ਰਿਖਾ ਹੋਇਆ ਹੋਇਆ ਸਮਝਦਾਰ ਤੇ ਚਤੁਰ ਹੁੰਦਾ ਹੈ, ਪਰ ਇਨ੍ਹਾਂ ਦੇ ਮਨ ਤੋਂ ਮਾਨ ਦਾ ਪਰਦਾ ਫਟਕੇ ਇਨ੍ਹਾਂ ਨੂੰ ਕਦੇ ਅਨੁਭਵ ਨਹੀਂ ਹੋਇਆ ਹੁੰਦਾ। ਏਹ ਸਮਝਦੇ ਹਨ ਪਰ ਪ੍ਰਤੀਤ ਨਹੀਂ ਕਰਦੇ। ਏਹ ਜਾਣਦੇ ਹਨ, ਪਰ ਇਨ੍ਹਾਂ ਦੇ ਅੰਦਰ ਘਟਦੀ ਨਹੀਂ। ਏਹ ਗਿਣਦੇ ਹਨ ਪਰ ਭਾਵ ਤੋਂ ਸੱਖਣੇ ਹੁੰਦੇ ਹਨ। ਜਿਵੇਂ ਲੂਣ ਦੀ ਵਿਥਿਆ ਅਲੂਣੇ ਦੇਸ਼ ਦਾ ਪੰਡਤ ਪੋਥੀਆਂ ਤੋਂ ਪੜ੍ਹਕੇ ਦੱਸ ਤਾਂ ਸਕਦਾ ਹੈ, ਪਰ ਜੇ ਉਸਨੇ ਲੂਣ ਚੱਖਿਆ ਨਹੀਂ, ਜਾਂ ਕਦੇ ਉਸ ਦੇ ਫੱਟਾਂ ਉਤੇ ਲੂਣ ਦੀ ਮੁੱਠ ਪਈ ਨਹੀਂ, ਤਾਂ ਉਸ ਦੇ ਲੂਣ ਦੇ ਗਿਆਨ ਦੀ ਜੋ ਦਸ਼ਾ ਹੈ, ਉਹ ਖੁਸ਼ਕ ਗਿਆਨ ਮਾਤ੍ਰ ਹੈ। ਓਹੋ ਪਰਮਾਰਥ ਦੇ ਪੰਡਿਤ ਦੀ ਦਸ਼ਾ ਹੈ। ਜਿਸ ਨੂੰ ਪੰਡਿਤ ਰਜੋਗੁਣ ਦੀ ਦਸ਼ਾ ਆਖਦਾ ਹੈ, ਉਸ ਵਿਚ ਸੁਰਤ ਵਾਹਿਗੁਰੂ ਦੇ ਰਸਤੇ ਤੋਂ ਭੁੱਲ ਵਿਚ ਹੁੰਦੀ ਹੈ। ਜੋ ਵਾਹਿਗੁਰੂ ਜੀ ਦੀ ਯਾਦ ਵਿਚ ਨਹੀਂ ਜਾਗਿਆ, ਜਿਸ ਨੂੰ ਵਾਹਿਗੁਰੂ, ਗੁਰੂ, ਗੁਰਮੁਖ ਦੀ ਖਿੱਚ ਨਹੀਂ ਲੱਗੀ, ਜਿਸ ਦੇ ਅੰਦਰ ਪਿਆਰ ਦੀ ਰੌ ਨਹੀਂ ਫਿਰੀ, ਬੇਟਾ ਜੀਓ ! ਉਸਦੇ ਚਾਉ ਰਜੋਗੁਣੀ ਹਨ। ਪੰਡਿਤ ਠੀਕ ਹੈ, ਪਰ ਜਿਥੇ ਪ੍ਰੇਮ ਦੀਆਂ ਕਣੀਆਂ ਵੱਸ ਪਈਆਂ, ਜਿੱਥੇ ਮਨ ਵਿਚ ਪਿਆਰੇ ਦੀ ਯਾਦ ਆ ਗਈ, ਜਿੱਥੇ 'ਦਰਸ਼ਨ-ਤਾਂਘ' ਬਿਹਬਲ ਕਰਦੀ ਹੈ; ਜਿੱਥੇ ਆਪ ਨੂੰ ਪਜਾਰੇ ਲਗਦੇ ਸਾਮਾਨਾਂ ਨੂੰ ਆਪ ਭੁੰਚਣ ਭੋਗਣ ਤੇ ਜੀ ਨਹੀਂ ਕਰਦਾ, ਪਰ ਪਿਆਰੇ ਦੇ ਅਰਪਨ ਕਰਕੇ ਆਪਾ ਸੁਖੀ ਹੁੰਦਾ ਹੈ, ਓਥੇ ਤਾਂ ਤਜਾਗ ਕੰਮ ਕਰ ਰਿਹਾ ਹੈ। ਉਥੇ ਤਾਂ ਪਿਆਰੇ ਦੀ ਸੇਵਾ ਵਿਚ ਜੋ ਚਾਉ ਹੈ ਉਹ ਰੋਜਗੁਣ ਨਹੀਂ, ਉਹ ਬੰਧਨ ਨਹੀਂ, ਉਹ ਅੰਨ੍ਹੇਰਾ ਨਹੀਂ ਉਹ ਤਾਂ ਅਰਸ਼ਾਂ ਦਾ ਦੂਤ ਆਯਾ ਹੈ, ਜੋ ਰਹਿਬਰੀ ਕਰਕੇ ਸਾਨੂੰ ਪਿਆਰੇ ਦੇ ਦੇਸ਼ ਲੈ ਜਾਏਗਾ। ਉਹ ਤਾਂ 'ਚਾਉ-ਬੈਰਾਗੀਆ' ਕਹੀਦਾ ਹੈ :- "ਮਨਿ ਚਾਉ ਭਇਆ-ਬੈਰਾਗੀਆ..."

(ਸੂਹੀ ਮ: ੪ ਲਾਂਵਾਂ)

ਬੇਟਾ ਜੀਓ ! ਇਹ ਜੋ ਚਾਉ ਬੈਰਾਗੀਆ ਹੈ ਇਹੋ ਹੈ ਜਿਸਦੀ ਸਾਰ ਨਾ ਹੋਣ ਕਰਕੇ ਕੱਚਿਆਂ ਨੇ ਰਾਜਿਆਂ ਦੇ ਰਾਜ ਛੁਡਾਏ, ਗ੍ਰਿਹਸਤੀਆਂ ਦੇ ਗ੍ਰਿਹਸਤ ਛੁਡਾਏ, ਚੰਗਿਆਂ ਨੂੰ ਜੰਗਲੀਂ ਟੋਰਿਆ, ਘਰਾਂ, ਘਰਾਂ ਦੇ ਦੀਵੇ ਬੁਝਾਏ ਤੇ ਪ੍ਰਜਾ ਨੂੰ ਦੁਖੀ ਕੀਤਾ। ...ਹਾਂ, ਇਕ ਹੋਰ ਲਾਲ ਜੀ ! ਗੱਲ ਸਮਝੋ :

ਤੁਹਾਨੂੰ ਚੇਤੇ ਹੈ, ਇਕ ਦਿਨ ਹਕੀਮ ਜੀ ਕਹਿੰਦੇ ਸਨ ਕਿ ਸਰੀਰ ਜੇ ਅਰੋਗ ਹੋਵੇ ਤਾਂ ਇਸਦਾ ਸੁਭਾਵ (ਮਿਜ਼ਾਜ) ਗਰਮ ਤਰ ਹੁੰਦਾ ਹੈ ਤੇ ਅਪਣੇ ਕਵਿਰਾਜ (ਵੈਦ ਜੀ) ਬੀ ਆਖਦੇ ਸੀ ਕਿ ਠੀਕ ਹੈ, ਤਿਵੇਂ ਮੈਨੂੰ ਗੁਰੂ ਜੀ ਦੇ ਸਿੱਖ ਨੇ ਦਸਿਆ ਸੀ ਕਿ ਮਨੁੱਖ ਦਾ ਮਨ ਜੋ ਮਨੁੱਖਤਾਈ ਤੋਂ ਨਾ ਨੀਵਾਂ ਜਾਵੇ ਨਾ ਉੱਚਾ, ਅਪਣੇ ਆਪ ਵਿਚ ਹੋਵੇ, ਪਰ ਹੋਵੇ ਅਰੋਗ, ਤਾਂ ਸ਼ੁਧ ਰਜੋਗੁਣ[1] ਵਿਚ ਹੁੰਦਾ ਹੈ, ਜੇ ਨੀਵਾਂ ਜਾਵੇ ਤਾਂ ਤਮੋ ਜੇ ਉੱਚਾ ਉਠੇ ਤਾਂ ਸਤੋ, ਜੇ ਲਿਵਲੀਨ ਹੋ ਜਾਵੇ ਤਾਂ ਗੁਣਾਂ ਤੋਂ ਉਤੇ ਤੇ ਪਰੇ ਹੁੰਦਾ ਹੈ, ਸੋ ਰਜੋਗੁਣ ਅਪਣੇ ਆਪ ਵਿਚ ਮਾੜੀ ਸ਼ੈ ਨਹੀਂ, ਤਮੋਂ ਤੋਂ ਚੰਗੀ ਹੈ, ਸਤੋ ਤੋਂ ਨੀਵੀਂ ਹੈ। ਰਜੋਗੁਣੀ ਸੁਭਾਵ ਵਾਲੇ ਤਮੋਗੁਣੀਆਂ ਨਾਲੋਂ ਸਾਂਈਂ ਦੇ ਰਸਤੇ ਛੇਤੀ ਸਾਧੇ ਜਾਂਦੇ ਹਨ। ਰਬ ਦੇ ਪਿਆਰੇ ਜੋ ਜਗਤ ਨੂੰ ਤਾਰਦੇ ਹਨ, ਉਹ ਰਜੋਗੁਣੀਆਂ ਨੂੰ ਸੌਖਿਆਂ ਤਾਰਦੇ ਹਨ। ਤਮੋਗੁਣੀਆਂ ਤੇ ਮਿਹਨਤ ਬਹੁਤ ਕਰਨੀ ਪੈਂਦੀ ਹੈ। ਸੋ ਗੁਰੂ ਤੋਂ ਮੰਗੋ ਕਿ ਉਹ ਸਾਨੂੰ ਤਿੰਨ ਗੁਣਾਂ ਤੋਂ ਅਤੀਤ ਕਰਕੇ ਸਾਂਈਂ ਦੇ ਸਰੂਪ ਵਿਚ ਛੋਹ ਤੇ ਨਿਵਾਸ ਬਖਸ਼ੇ ਪਰ ਜੇ ਅਸਾਂ ਹੇਠ ਬੀ ਉਤਰਨਾ ਹੈ ਤਾਂ ਤਮੋਗੁਣ ਕਦੇ ਨਾ ਵਾਪਰੇ। ਰਜੋਗੁਣ ਸਾਡਾ ਸਭ ਤੋਂ ਹੇਠਲਾ ਡੰਡਾ ਹੋਵੇ, ਇਸਤੋਂ ਥਲੇ ਕਦੇ ਨਾ ਜਾਈਏ। ਪਰ ਪੁੱਤ੍ਰ ! ਪੰਡਿਤ ਨੂੰ ਇਸ ਗਲ ਦੀ ਸੋਝੀ ਨਹੀਂ, ਉਸਦੇ ਹੱਡੀਂ ਕਦੇ ਨਹੀਂ ਕੁਛ ਵਾਪਰਿਆ, ਇਸ ਕਰਕੇ ਜੋ ਪੜ੍ਹਿਆ ਹੈ ਸੋ ਬੋਲਦਾ ਹੈ, ਜਦੋਂ ਗੁੜ੍ਹੇਗਾ ਤਦੋਂ ਕੋਈ ਗੱਲ ਹੱਡ ਵਾਪਰੀ ਬੀ ਦੱਸ ਸਕੇਗਾ।

ਲਾਲ ਜੀਓ ! ਗੁਰਮੁਖ, ਗੁਰੂ, ਪਰਮੇਸ਼ੁਰ ਜੀ ਦੇ ਪਿਆਰ ਵਿਚ ਜਿੰਨਾ ਅਸੀਂ ਕਾਮਨਾ ਰਹਿਤ ਹੋਵਾਂਗੇ ਉਤਨਾ ਅਸੀਂ ਗੁਣਾਂ ਤੋਂ ਉੱਚੇ ਹੋਵਾਂਗੇ। ਤੁਹਾਡੇ ਚਿਤ ਵਿਚ ਸਤਿਗੁਰ ਦਾ ਪਿਆਰ ਤੇ ਸਤਿਗੁਰ ਦੇ ਪਿਆਰੇ ਲਗਣ ਕਰਕੇ ਉਹਨਾਂ ਦੇ ਦਰਸ਼ਨ ਤੇ ਉਨ੍ਹਾਂ ਨੂੰ ਪ੍ਰਸੰਨ ਕਰਨ ਦੀ ਇੱਛਾ ਹੈ; ਅਜੇ ਤਕ ਮੇਰੀ ਜਾਚੇ ਕੋਈ ਜਗਤ ਦੇ ਸੁਖ ਦੀ ਕਾਮਨਾ ਨਹੀਂ ਹੈ। ਇਹ ਇਕ ਹੋਰ ਨਿਸ਼ਾਨੀ ਹੈ ਤੁਸਾਡੇ ਮਨ ਦੇ ਰਜੋਗੁਣ ਤੋਂ ਉੱਚੇ ਹੋਣ ਦੀ। ਸਾਨੂੰ ਚਾਹੀਦਾ ਹੈ ਕਿ ਅਸੀਂ ਪੰਡਿਤਾਂ ਦੇ ਨਿਰੇ ਲੇਖਿਆਂ ਵਿਚ ਪੈਣ ਵਾਂਙੂ ਪਰਮਾਰਥ ਦੇ ਲੇਖੇ ਮਾਤ੍ਰ ਵਿਚ ਨਾ ਰਹਿ ਜਾਈਏ, ਪਰ ਪਿਆਰ ਦੇ ਰਸਤੇ ਤੇ ਪਿਆਰ ਦੇ ਅਸੂਲਾਂ ਤੇ ਟੁਰੀਏ। ਜੇ ਸਾਡਾ ਚਿਤ ਸੱਚੇ ਦਾਤੇ ਦੇ ਪਿਆਰ ਵਿਚ ਖਿੜਦਾ ਹੈ ਤੇ ਪਿਆਰ ਬਸ ਪਿਆਰ ਦੀ ਖ਼ਾਤਰ ਹੈ ਤਾਂ ਨਿਸ਼ਚੇ ਜਾਣੋਂ ਅਸੀਂ ਅਰੋਗ ਹਾਂ ਤੇ ਠੀਕ ਰਸਤੇ ਤੁਰ ਰਹੇ ਹਾਂ। ਜੇ ਕੁਛ ਬਨਾਵਟ ਹੈ, ਕਾਮਨਾਂ ਹੈ ਤਾਂ ਇਹ ਕਸਰ ਹੈ, ਇਸ ਕਸਰ ਨੂੰ ਉਡਾ ਦਿਓ, ਇਸ ਤੇ ਮਿਹਨਤ ਕਰੋ। ਪੰਡਿਤਾਂ ਦੇ ਲੇਖੇ ਗੇਣਤੀਆਂ ਵਿਚ ਨਾ ਪਓ, ਇਹ ਨਿਰੇ 'ਜਾਣਨ' ਮਾਤ੍ਰ ਦੇ ਜਾਣੂ ਹਨ, ਓਹ ਅਨੁਭਵ (ਜਿਵੇਂ ਅਸਲ ਵਿਚ ਹੈ) ਦੇ ਜਾਣੂ ਨਹੀਂ ਹਨ। ਜਾਣਨਹਾਰਾਂ ਦੀਆਂ ਗੱਲਾਂ ਪੜ੍ਹਕੇ ਓਹ ਕਥਾ ਕਰਦੇ ਹਨ, ਜਿਵੇਂ ਕੋਈ ਅਪਾਹਜ ਪੜ੍ਹੇ ਹੋਏ ਸੂਰਮਿਆਂ ਦੀ ਕਥਾ ਸੁਣਾਉਂਦੇ ਹਨ, ਓਹ ਆਪ ਸੂਰਮੇ ਨਹੀਂ ਓਹ ਕਦੇ ਰਣ ਨਹੀਂ ਚੜ੍ਹੇ ਹੁੰਦੇ।

ਰਾਜਾ--ਅੰਮਾਂ ਜੀ ! ਮੇਰੇ ਅੰਦਰ ਮਨੋਕਾਮਨਾ ਹੈ। ਮੈਂ ਕਦੇ ਕਦੇ ਤਾਂ ਨਿਰੇ ਪਿਆਰ ਵਿਚ ਖਿਹਬਲ ਹੁੰਦਾ ਹਾਂ, ਪਰ ਕਦੇ ਮੈਨੂੰ ਮੌਤ ਦਾ ਡਰ ਲਗਦਾ ਹੈ, ਮੌਤ ਮਗਰੋਂ ਦੇ ਹਾਲ ਉਦਾਸ ਕਰਦੇ ਹਨ, ਤਦੋਂ ਫੁਰਨਾ ਫੁਰਦਾ ਹੈ ਕਿ ਮੈਂ ਛੇਤੀ ਗੁਰੂ ਜੀ ਨੂੰ ਮਿਲਾਂ, ਉਹਨਾਂ ਨੂੰ ਰਿਝਾਵਾਂ, ਉਹ ਤ੍ਰੁੱਠਣ ਤੇ ਮੈਨੂੰ ਜਨਮ ਮਰਨ ਤੋਂ ਛੁਡਾ ਕੇ ਅਮਰ ਕਰ ਦੇਣ। ਇਹ ਆਪਣੇ ਆਪ ਦੀ ਕਾਮਨਾ ਹੈ, ਤਾਂਤੇ ਪੰਡਤ ਤੇ ਤੁਸੀਂ ਦੋਵੇਂ ਠੀਕ ਹੋ, ਮੈਂ ਗ਼ਰਜ਼ੀ ਤੇ ਕਾਮਨਾ ਵਾਲੀ ਪ੍ਰੀਤ ਕਰ ਰਿਹਾ ਹਾਂ। ਇਹ ਤਾਂ ਮਾਂ ਜੀ ਕਸਰ ਪੈ ਗਈ ਹੈ ਕੁਛ ਇਸ ਦਾ ਬੀ ਦਾਰੂ ?

ਇਹ ਕਹਿ ਫੇਰ ਨੈਣ ਭਰ ਆਏ, ਪਰ ਓਸੇ ਤਰ੍ਹਾਂ ਉਸ ਦੇ ਬੁਲ੍ਹਾਂ ਨੇ ਘੁੱਟ ਖਾਧੀ ਤੇ ਚਿਹਰਾ ਲਾਲ ਹੋ ਕੇ ਰਹਿ ਗਿਆ।

---

1. ਸੁਰਣਮਤੀ ਪੁਤ੍ਰ ਨੂੰ ਏਥੇ ਰਜੋਗੁਣ ਦੇ ਓਹ ਛਾਣੇ ਪੁਣੇ ਦਾਰਸ਼ਨਿਕ ਅਰਥ ਨਹੀਂ ਦੱਸ ਰਹੀ ਜੋ ਇਸਦੇ ਆਦਿ ਕਰਤਾ ਨੇ ਇਸ ਵਿਚ ਰਖੇ ਸਨ। ਉਹ ਇਨਸਾਨ ਦੇ ਦਿਲ ਦੀ ਸਹਿ ਸੁਭਾਉ ਤੇ 'ਚਾਉ ਵਾਲੀ ਦਸ਼ਾ' ਨੂੰ ਲੈ ਰਹੀ ਹੈ। ਆਮ ਤੌਰ ਤੇ ਪੜ੍ਹਿਆਂ ਤੇ ਸਾਧਾਰਨ ਲੋਕਾਂ ਦੀ ਬੋਲ ਚਾਲ ਵਿਚ ਬੀ ਰਜੋਗੁਣ ਤੋਂ ਇਸ ਪ੍ਰਕਾਰ ਦੀ ਮੁਰਾਦ ਹੁੰਦੀ ਹੈ।

ਐਮਾਂ (ਮੁਸਕ੍ਰਾ ਕੇ)--ਲਾਲ ! ਇਹੋ ਕਾਮਨਾ ਅਸਲ 'ਅ-ਕਾਮਨਾ' ਹੈ। ਇਹੋ ਗ਼ਰਜ਼ ਅਸਲ 'ਬੇਗਰਜ਼ੀ' ਹੈ। ਆਪਣੇ ਆਤਮਾ ਦੀ ਇਸ ਮਾਇਆ ਜਾਲ ਤੋਂ ਕਲਿਆਨ ਦੀ ਇੱਛਾ ਕਰਨੀ ਅਸਲ ਨਿਸ਼ਕਾਮ ਭਾਵਨੀ ਹੈ। ਭਾਵਨੀ ਤਾਂ ਇਹ ਹੈ, ਪਰ ਨਿਸ਼ਕਾਮ ਭਾਵਨੀ ਹੈ।

ਸਾਡਾ ਆਤਮਾ ਉਸ ਮਾਲਕ ਦੀ ਦਾਤ ਤੇ ਅੰਸ਼ ਹੈ ਇਸ ਨੂੰ 'ਸਾਂਈਂ-ਚਰਣ' ਪਹੁੰਚਾਉਣਾ, ਇਸ ਨੂੰ ਫਸੌਤੀ ਤੋਂ ਕੱਢਣਾ, ਇਹ ਰਜੋਗੁਣ ਨਹੀਂ ਹੈ, ਇਹ ਅੰਧਕਾਰ ਨਹੀਂ ਹੈ, ਇਹ ਖ਼ੁਦਗ਼ਰਜ਼ੀ ਨਹੀਂ ਹੈ, ਇਹ ਭੁਲੇਖਾ ਨਹੀਂ ਖਾਣਾ, ਇਹ ਤਾਂ ਅੰਧਕਾਕ ਦੀ ਨੀਂਦਰ ਦਾ ਖੁੱਲ੍ਹਣਾ ਹੈ। ਇਹ ਤਾਂ ਜਾਗ੍ਰਤ ਹੈ ਜੋ ਮਾਇਆ ਵਿਚ ਸੁੱਤੇ ਮਨ ਨੂੰ ਮਿਹਰ ਨਾਲ ਆਉਂਦੀ ਹੈ।

ਰਾਜਾ--ਫੇਰ ਕੀਹ ਐਮਾਂ ਜੀ ! ਮੇਰਾ ਪਿਆਰ ਤੇ ਮੇਰਾ ਚਾਉ ਠੀਕ ਹਨ ?

ਅੰਮਾਂ--ਇਹ ਜੋ ਕੁਛ ਹੈ, ਉਸ ਮਾਲਕ ਦੀ ਮਿਹਰ ਹੈ। ਰੱਬ ਤ੍ਰੁਠਦਾ ਹੈ ਤਾਂ ਸਤਿਗੁਰਾਂ ਦੇ ਚਰਣਾਂ ਨਾਲ ਭਾਉਣੀ ਲਾਉਂਦਾ ਹੈ[1]।

੩.

"ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ
ਚਾਤ੍ਰਿਕ ਬੂੰਦ ਜਿਵੇਂ॥" (ਆਸਾ ਮ: ੪)

**ਇਸ** ਤਰ੍ਹਾਂ ਦੇ ਵਾਰਤਾਲਾਪ ਕਈ ਹੋਏ, ਫਿਰ ਕੁਛ ਦਿਨ ਮਗਰੋਂ ਰਾਜਾ ਜੀ ਪੰਜਾਬ ਵੰਨੇ ਟੁਰ ਪਏ। ਟੁਰਨ ਦੀ ਤਿਆਰੀ ਐਉਂ ਹੋਈ :--

ਰਤਨ ਰਾਇ ਨੇ ਆਪਣੇ ਰਾਜ ਦਾ ਕੰਮ ਮੰਤ੍ਰੀਆਂ ਨੂੰ ਸੰਭਾਲ ਦਿੱਤਾ। ਦੀਵਾਨ ਤੇ ਹੋਰ ਮੰਤ੍ਰੀ ਪਿੱਛੇ ਰਹੇ। ਮੁੱਖ ਮੰਤ੍ਰੀ ਤੇ ਕੁਛ ਮੁਸਾਹਿਬ ਨਾਲ ਲਏ। ਮਾਤਾ ਜੀ ਤੇ ਕੁਛ ਗੋਲੀਆਂ ਨਾਲ ਲਈਆਂ। ਰਾਖੀ ਵਾਸਤੇ ਕੁਛ ਫੌਜ ਨਾਲ ਲਈ। ਮਾਤਾ ਵਾਸਤੇ ਪਾਲਕੀ, ਆਪਣੇ ਲਈ ਘੋੜੇ ਤੇ ਸਤਿਗੁਰਾਂ ਲਈ ਤਿਆਰ ਕਰਵਾਈਆਂ ਭੇਟਾਂ 'ਸੁਗਾਤਾਂ' ਦਾ ਠੀਕ ਪ੍ਰਬੰਧ ਕਰਕੇ ਆਸਾਮ ਤੋਂ ਕੂਚ ਬੋਲ ਦਿੱਤਾ। ਚਿਤ ਵਿਚ ਚਾਉ ਹੈ ਕਿ ਅਰਸ਼ੀ ਦਾਤੇ--ਅਪਣੇ ਆਪ ਦੇ ਪ੍ਰੀਤਮ--ਜੀ ਦੇ ਦਰਸ਼ਨ ਨੂੰ ਚੱਲਿਆ ਹਾਂ। ਖਿੱਚ ਵਜਦੀ ਹੈ ਪਿਆਰ ਦੀ, ਕਲੇਜਾ ਆ ਜਾਂਦਾ ਹੈ ਮੁੱਠ ਵਿਚ, ਅਭਿਲਾਖਾ ਉੱਠਦੀ ਹੈ ਕਿ 'ਕਦੋਂ ਆਉਸੀ ਉਹ ਸੁਭਾਗ ਸਮਾਂ ਜਦੋਂ ਇਹ ਮੱਥਾ ਚਰਣਾਂ ਕਮਲਾਂ ਨੂੰ ਪਰਸੇਗਾ। ਹਾਏ ! ਇਸ ਮੇਰੇ ਉਮਗਦੇ ਮੱਥੇ ਵਿੱਚ ਕਿਤਨੇ ਨਮਸਕਾਰ ਉੱਛਲ ਰਹੇ ਹਨ, ਕਦੇ ਏਹ ਚਰਣਾਂ ਦੀ ਛੁਹ ਪ੍ਰਾਪਤ ਕਰਨਗੇ। ਮੇਰੇ ਕੰਨਾਂ ਵਿਚ ਉਮਾਹ ਦੇ ਚਾਤ੍ਰਿਕ ਚੁੰਝਾਂ ਖੁਹਲੀ ਬੈਠੇ ਹਨ ਕਦੋਂ ਗੁਰਵਾਕ ਦੇ ਸੁਆਂਤੀ ਟੇਪੇ ਆਕੇ ਪੈਣਗੇ। ਮੇਰਿਆਂ ਇਨ੍ਹਾਂ ਨੈਣਾਂ ਵਿਚ ਦਰਸ਼ਨਾਂ ਦੀਆਂ ਸਿੱਕਾਂ ਤੜਪ ਰਹੀਆਂ ਹਨ ਕਦੋਂ ਮੋਹਨੀ ਮੂਰਤੀ ਦੇ ਦਿਦਾਰੇ ਆ ਏਨਾਂ ਨੂੰ ਠੰਢਾਂ ਪਾਉਣਗੇ।'

ਇਸ ਤਰ੍ਹਾਂ ਰਾਜਾ ਦੇ ਦਿਮਾਗ ਵਿਚ ਇਕ ਨਿਸ਼ਾਨਾ ਹੈ ਤੇ ਉੱਧਰ ਨੂੰ ਰੁਖ਼ ਹੈ ਮਨ ਦਾ। ਉਸ ਰੁਖ਼ ਵਿਚ ਪ੍ਰੇਮ ਦੇ ਉਛਾਲੇ ਆਉਂਦੇ ਹਨ, ਖਿੱਚਾਂ ਵਜਦੀਆਂ ਹਨ ਚਾਉ ਚੜ੍ਹਦੇ ਹਨ, ਵੈਰਾਗ ਉਠਦੇ ਹਨ। ਕਦੇ ਬੇਨਤੀਆਂ ਤੇ ਕਦੇ ਸ਼ੁਕਰਾਨੇ ਆ ਸ਼ਦਿਯਾਨੇ ਵਜਾਉਂਦੇ ਹਨ। ਰਾਤ ਸੌਣ ਤੋਂ ਪਹਿਲਾਂ ਅੰਮਾਂ ਕੋਈ 'ਗੁਰੂ-ਜਸ' ਸੁਣਾਉਂਦੀ ਹੈ, ਕਿਸੇ ਗੁਰਸਿੱਖ ਦੀ ਵਾਰਤਾ ਕੰਨੀ ਪਾਉਂਦੀ ਹੈ। ਰਾਜੇ ਦਾ 'ਹੰਸ-ਮਨ' ਉੱਜਲ ਕੀਰਤੀ ਦੇ ਮੋਤੀਆਂ ਦੀ ਚੋਗ ਚੁਗਦਾ ਹੈ। ਜੇ ਰਾਤ ਅੰਮੀ 'ਗੁਰੂ-ਜਸ' ਨਹੀਂ ਸੁਣਾਉਂਦੀ ਤਾਂ ਰਾਜੇ ਨੂੰ ਨੀਂਦ ਉਖੜਵੀਂ ਪੈਂਦੀ ਹੈ। ਅੰਮ੍ਰਿਤ ਵੇਲੇ ਉਠਦਾ ਹੈ, ਗੁਰੂ ਗੁਰੂ ਕਰਦਾ ਹੈ, ਫੇਰ ਬਾਣੀ ਪੜ੍ਹਦਾ ਹੈ। ਸਫਰ ਦੀ ਕੂਚ ਤੋਂ ਪਹਿਲਾਂ ਅੱਗੋਂ ਦੇ ਪਤੇ ਕੱਠੇ ਕਰ ਲੈਂਦਾ ਹੈ ਕਿ ਅਮਕੇ ਗਿਰਾਂ ਫਲਾਣੇ ਟਿਕਾਣੇ ਕੋਈ ਗੁਰਸਿੱਖ ਰਹਿੰਦਾ ਹੈ, ਕੋਈ ਗੁਰੂ ਦਾ ਅਸਥਾਨ ਗੁਰੂ ਦੀ ਯਾਦਗਾਰ ਹੈ, ਜਿਥੇ ਕੋਈ ਸਤਿਗੁਰ ਦਾ ਸਵਾਰਿਆ ਮਿਲੇਗਾ ਕੋਈ ਸੋਹਣੀ ਗੱਲ ਸੁਨਾਏਗਾ, ਤਨ ਮਨ ਠਾਰੇਗਾ। ਜਿਥੇ ਕਿਤੇ ਕੋਈ ਐਸਾ ਟਿਕਾਣਾ ਆ ਜਾਂਦਾ ਹੈ ਓਥੇ ਸਾਰੇ ਪ੍ਰੇਮੀ ਸ਼ਰਧਾ ਧਰ ਕੜਾਹ ਪ੍ਰਸ਼ਾਦ ਚੜ੍ਹਾਉਂਦੇ, ਕੀਰਤਨ ਸੁਣਦੇ, ਪਿਆਰ ਦਾ ਸੁਖ ਸੁਆਦ ਲੈਂਦੇ, ਫੇਰ ਅੱਗੇ ਨੂੰ ਟੁਰਦੇ ਹਨ। ਇਸ ਤਰ੍ਹਾਂ ਕਰਦੇ ਹਰ ਦਿਨ ਸਫਰ ਮੁਕਾਉਂਦੇ ਪਟਣੇ ਸਾਹਿਬ ਪਹੁੰਚੇ। ਜਿਸ ਟਿਕਾਣੇ ਸਤਿਗੁਰੂ ਪ੍ਰਗਟੇ ਸਨ ਤੇ ਬਾਲਪਨੇ ਵਿਚ ਰਹਿ ਗਏ ਸਨ। ਉਥੇ ਅੱਪੜੇ, ਦਰਸ਼ਨ ਕੀਤੇ, ਧੂੜੀ ਮਸਤਕ ਛੋਹੇ, ਮਸਤਕ ਸਫਲ ਹੋਏ। ਸੰਗਤ ਸਾਰੀ ਆ ਜੁੜੀ। ਸਾਰੇ ਸਿੱਖ ਰਾਜਾ ਤੇ ਮਾਤਾ ਦਾ ਪ੍ਰੇਮ ਦੇਖਕੇ ਪ੍ਰਸੰਨ ਹੋਏ। ਰਤਨ ਰਾਇ ਨੇ ਸਿੱਖਾਂ ਤੋਂ ਸਤਿਗੁਰ ਜੀ ਦੀ

1. ਗੁਰੂ ਦੁਆਰੈ ਲਾਇ ਭਾਵਨੀ...(ਆਨੰਦ)

ਬਾਲਲੀਲਾ ਦੇ ਸਾਰੇ ਕੌਤਕ ਸੁਣੇ ਚਾਉ ਤੇ ਪਿਆਰ ਧਰ ਧਰ ਸਤਿਗੁਰਾਂ ਦੇ ਤਾਰਿਆਂ ਪਿਆਰਿਆਂ ਦੇ ਦਰਸ਼ਨ ਕੀਤੇ। ਉਨ੍ਹਾਂ ਦੇ ਮੂੰਹੋਂ ਉਹਨਾਂ ਨਾਲ ਵਰਤੇ ਹਾਲ, ਹੋਈਆਂ ਮਿਹਰਾਂ ਦੇ ਸਮਾਚਾਰ ਸੁਣ ਸੁਣ ਚਾਉ ਹੋਰ ਵਧਿਆ। ਇਤਨਾ ਚਾਉ ਚੜ੍ਹਿਆ ਕਿ ਦਸ ਦਿਨ ਇਥੇ ਡੇਰਾ ਰੱਖਿਆ। ਜਿਨ੍ਹਾਂ ਘਾਟਾਂ ਤੇ ਸਤਿਗੁਰ ਜੀ ਜਲਕ੍ਰੀੜਾ ਕਰਦੇ ਹੁੰਦੇ ਸੇ ਉਥੇ ਜਾ ਕੇ ਟੁੱਭੇ ਲਾਏ। ਸਤਿਗੁਰ ਦੇ ਤੀਰਾਂ ਨਾਲ ਵਿੰਨ੍ਹੀਆਂ...ਗਾਗਰਾਂ ਤੱਕੀਆਂ। ਤੁਰਨ ਲੱਗਿਆਂ ਉਸ ਮੰਦਰ ਦੀ ਪਕਿਆਈ ਲਈ, ਜਿੱਥੇ ਅਰਸ਼ੀ ਦਾਤੇ ਨੇ ਅਵਤਾਰ ਧਾਰਿਆ ਸੀ, ਕੁਛ ਮਾਇਆ ਭੇਟਾ ਕਰਕੇ ਅੱਗੇ ਕੂਚ ਕੀਤੀ। ਇਸ ਤਰ੍ਹਾਂ ਸਾਰੇ ਰਾਹ ਗੁਰਧਾਮ ਪਰਸਦੇ ਜਮਨਾ ਪਾਰ ਆ ਉਤਰੇ, ਜਿਥੋਂ ਕਿ ਪੰਜਾਬ ਦਾ ਮਾਨੋਂ ਮੁੱਢ ਹੋ ਜਾਂਦਾ ਹੈ।

ਇਸ ਤਰ੍ਹਾਂ ਟੁਰਦਿਆਂ ਸਨੇ ਸਨੇ ਸਤਲੁਜ ਦੀ ਠੰਢੀ ਧਾਰਾ ਦੇ ਦਰਸ਼ਨ ਹੋਏ, ਫੇਰ ਆਨੰਦਪੁਰ ਨੇੜੇ ਆ ਗਿਆ। ਠੰਢੀਆਂ ਛਾਵਾਂ ਦਿੱਸੀਆਂ ਇਕ ਸੁਹਾਵੇ ਥਾਂ ਤੰਬੂ ਲਾ ਕੇ ਡੇਰੇ ਲਾ ਦਿੱਤੇ। ਉਧਰ ਸਤਿਗੁਰ ਜੀ ਦੇ ਪਾਸ ਖ਼ਬਰ ਪਹੁੰਚੀ ਕਿ ਗੁਰੂ ਘਰ ਦਾ ਸਿੱਖ ਆਸਾਮ ਦਾ ਰਾਜਾ ਆਇਆ ਹੈ। ਸਤਿਗੁਰੂ ਜੀ ਦੀ ਅਵਸਥਾ ਭੀ ਇਸ ਵੇਲੇ ਚੜ੍ਹਦੀ ਜਵਾਨੀ ਦੀ ਸੀ। ਰੱਬੀ ਰੌ, ਜੋ ਧੁਰੋਂ ਉਨ੍ਹਾਂ ਦੇ ਲੂੰ ਲੂੰ ਵਿਚ ਤੇ ਅੰਗ ਅੰਗ ਵਿਚ ਫਰਕਦੀ ਸੀ, ਉਸ ਜਵਾਨੀ ਦੇ ਲਹਿਰਾਉ ਨੂੰ ਅਚਰਜ ਰੰਗ ਦੀ ਦੈਵੀ ਸੁੰਦਰਤਾ ਚੜ੍ਹਾ ਰਹੀ ਸੀ, ਜੋ 'ਜਗਜਾਸੂ ਮਨਾਂ' ਨੂੰ ਮੋਹ ਲੈਂਦੀ ਸੀ ਤੇ ਆਪ ਦਾ 'ਦਾਤਾ ਮਨ' ਜਗਤ ਨਿਸਤਾਰਨ ਦੇ ਉਛਾਲਾਂ ਵਿਚ ਰਹਿੰਦਾ ਸੀ।

ਰਾਜੇ ਦਾ ਆਉਣਾ ਸੁਣ ਕੇ ਦਾਤਾ ਜੀ ਨੇ ਦਾਸ ਘੱਲੇ ਤੇ ਆਗਿਆ ਕੀਤੀ ਕਿ "ਰਾਜਾ ਗੁਰੂ ਘਰ ਦਾ ਪ੍ਰਾਹੁਣਾ ਆਇਆ ਹੈ, ਉਸਦੇ ਉਤਾਰਨ ਲਈ ਜਗ੍ਹਾ, ਅਹਾਰ ਲਈ ਅੰਨ ਜਲ, ਲਸ਼ਕਰ ਲਈ ਰਸਦ, ਘੋੜੇ ਆਦਿਕਾਂ ਲਈ ਘਾਹ ਦਾਣਾ ਸਾਮਾਨ ਸਾਰਾ ਕੁਝ ਅੱਪੜੇ ਅਰ ਪ੍ਰਾਹੁਣਾਚਾਰੀ ਦਾ ਸਾਰਾ ਸਾਮਾਨ ਪੂਰਾ ਕੀਤਾ ਜਾਵੇ।" ਮਾਮਾ ਕ੍ਰਿਪਾਲ ਚੰਦ ਜੀ ਨੇ ਆਪਣੀ ਨਿਗ੍ਹਾਨੀ ਵਿਚ ਸਾਰੀ ਖ਼ਾਤਰ ਸਿਰੇ ਚੜ੍ਹਾਈ ਅਰ ਆਪ ਜਾ ਕੇ ਸਤਿਕਾਰ ਕੀਤਾ, ਗੁਰੂ ਘਰ ਦੀ ਸਾਰੀ ਰਹੁ ਰੀਤਿ ਸਮਝਾਈ। ਰਾਜੇ ਦਾ ਸਾਰਾ ਡੇਰਾ ਸਤਿਗੁਰੂ ਜੀ ਦੇ ਕਾਰਦਾਰਾਂ ਵੱਲੋਂ ਹੋਏ ਪਿਆਰ ਨਾਲ ਬੜਾ ਪ੍ਰਸੰਨ ਹੋਇਆ। ਰਾਤ ਸੁਖ ਨਾਲ ਗੁਜ਼ਾਰੀ। ਅੰਮ੍ਰਿਤ ਵੇਲੇ ਮੰਤ੍ਰੀ ਨੇ ਆਪ ਹਾਜ਼ਰ ਹੋ ਕੇ ਮਾਮਾ ਜੀ ਪਾਸ ਦਰਸ਼ਨਾਂ ਲਈ ਬੇਨਤੀ ਕੀਤੀ। ਉਨ੍ਹਾਂ ਨੇ ਸ੍ਰੀ ਗੁਰੂ ਜੀ ਦੇ ਪਾਸ ਬਿਨੈ ਪਹੁੰਚਾਈ। ਚੋਜੀ ਪਾਤਸ਼ਾਹ ਨੇ ਆਗਿਆ ਕੀਤੀ ਕਿ ਤੀਸਰੇ ਪਹਿਰ ਦੇ ਦੀਵਾਨ ਵਿਚ ਮਿਲਾਂਗੇ।

ਇਹ ਖ਼ਬਰ ਸੁਣਕੇ ਰਾਜੇ ਦਾ ਚਿਤ ਪ੍ਰਸੰਨ ਹੋਯਾ, ਕਲੇਜਾ ਖ਼ੁਸ਼ੀ ਨਾਲ ਉਛਲਿਆ ਕਿ ਅੱਜ ਅਪਣੇ ਦਾਤਾ ਜੀ ਦੇ ਦਰਸ਼ਨ ਹੋਣਗੇ। ਉਹ ਸਿਦਕ ਦੀ ਘੜੀ ਆ ਗਈ ਜਿਸ ਲਈ ਮੁਦਤਾਂ ਤੋਂ ਉਡੀਕ ਹੋ ਰਹੀ ਸੀ, ਉਹ ਸਮਾਂ ਨੇੜੇ ਆ ਗਿਆ ਜਿਸ ਲਈ ਚਿੱਤ ਚਿਰਾਂ ਤੋਂ ਚੌਂਪ ਵਿਚ ਲਗ ਰਿਹਾ ਸੀ। 'ਦਰਸ਼ਨ ਹੋਣਗੇ ਅਰ ਅੱਜ ਹੋਣਗੇ' ਇਹ ਸੰਦੇਸਾ 'ਜੀਵਨ-ਰਸ-ਦਾਤ ਦੇਣ' ਦਾ ਅਸਰ ਰੱਖਦਾ ਹੈ, ਇਸ ਨੂੰ ਉਹੀ ਹਿਰਦੇ ਸਮਝ ਸਕਦੇ ਹਨ, ਜਿਨ੍ਹਾਂ ਦੇ ਮਨ ਵਿਚ ਕਦੇ ਸ੍ਰੀ ਪ੍ਰੇਮ ਰਾਜ ਜੀ ਨੇ ਚਰਨ ਪਾ ਕੇ ਸਾਰੇ ਅੰਦਰਲੇ ਨੂੰ ਵਲੂੰਧਰਿਆ ਹੋਵੇ। ਪਿਆਰਾਂ ਦੀ ਆਸ ਪੁਗਾਉਣ ਵਾਲੇ ਇਸ ਸੰਦੇਸੇ ਦੀ ਕਦਰ ਕਲੇਜੇ ਵਿੰਨ੍ਹਿਆਂ ਨੂੰ ਹੀ ਮਲੂੰਮ ਹੁੰਦੀ ਹੈ।

ਅੰਮਾਂ ਅਜ ਦੇਖ ਰਹੀ ਹੈ ਕਿ ਮੇਰੇ ਪੁੱਤਰ ਦੀ ਇਕ ਮੁਰਾਦ ਪੁੰਨੀ ਹੈ, ਪਰ ਮੇਰੀਆਂ ਦੋ! ਪੁੱਤਰ ਨੇ ਤਾਂ ਸਾਹਿਬਾਂ ਦੇ ਦਰਸ਼ਨ ਕਰਕੇ ਕ੍ਰਿਤ ਕ੍ਰਿਤ ਹੋਣਾ ਹੈ ਤੇ ਮੈਂ ਸਤਿਗੁਰਾਂ ਦਿਆਂ ਚਰਣਾਂ ਤੋਂ ਨੁਛਾਵਰ ਹੁੰਦਿਆਂ ਦੂਸਰਾ ਸੁਖ ਇਹ ਦੇਖ ਕੇ ਮਾਨਣਾ ਹੈ ਕਿ ਸਤਿਗੁਰਾਂ ਦੀ ਬਖਸ਼ਿਸ਼ ਇਹ ਬੇਟਾ, ਸਤਿਗੁਰ ਚਰਣ ਕਮਲਾਂ ਦਾ ਹੀ ਭੌਰਾ ਹੋ ਗੁੰਜਾਰਿਆ ਹੈ ਤੇ ਮਿਹਰ ਨੂੰ ਪ੍ਰਾਪਤ ਹੋਇਆ ਹੈ। ਹਾਂ, ਮਾਵਾਂ ਦਾ ਦਿਲ ਅਪਣੇ ਸੁਖ ਤੋਂ ਅਪਣੀ ਔਲਾਦ ਦਾ ਸੁਖ ਵੇਖ ਕੇ ਵਧੇਰੇ ਸੁਖੀ ਹੁੰਦਾ ਹੈ। ਅੰਮਾਂ ਵੇਖ ਰਹੀ ਹੈ ਕਿ ਪੁੱਤ੍ਰ 'ਅੱਜ ਤੀਸਰੇ ਪਹਿਰ ਦਰਸ਼ਨਾਂ ਦੀ ਦਾਤ ਮਿਲੇਗੀ' ਦੀ ਖ਼ਬਰ ਸੁਣਕੇ ਕਿਸ ਚਾਉ ਤੇ ਪ੍ਰੇਮ ਵਿਚ ਆਇਆ ਹੈ ! ਇਕ ਪਾਸੇ ਹਾਥੀ ਨੂੰ ਇਸ਼ਨਾਨ ਕਰਾਇਆ ਜਾ ਰਿਹਾ, ਇਕ ਪਾਸੇ ਘੋੜੇ ਤਿਆਰ ਹੋ ਰਹੇ ਹਨ। ਰਾਜਾ ਆਪ ਘੜੀ ਘੜੀ ਡੇਰੇ ਤੋਂ ਆ ਕੇ ਤੱਕਦਾ ਹੈ। ਕਿ ਠੀਕ ਤਿਆਰੀ ਹੋ ਰਹੀ ਹੈ ਕਿ ਨਹੀਂ। ਤੀਸਰੇ ਪਹਿਰ ਤੱਕ ਹਾਥੀ ਸਜ ਗਿਆ, ਸੋਨੇ ਦੀ ਜ਼ਰੀ ਵਾਲੀ ਝੋਲ, ਮੱਥੇ ਤੇ ਜ਼ਰੀ ਤੇ ਮੋਤਸਰੀਆਂ

ਦੀ ਝਾਲਰ, ਦੰਦਾਂ ਪਰ ਸੋਨੇ ਦੇ ਬੰਦ, ਪੈਰਾਂ ਵਿਚ ਚਾਂਦੀ ਦੀਆਂ ਪੰਜੇਬਾਂ ਆਦਿ ਸਾਰੇ ਸ਼ਿੰਗਾਰ ਵਿਚ ਸਜਾਇਆ ਜਾਕੇ ਖੜਾ ਝੂੰਮ ਰਿਹਾ ਹੈ! ਪਾਸ ਪੰਜ ਘੋੜੇ, ਕਾਠੀਆਂ ਤੇ ਗਹਿਣਿਆਂ ਨਾਲ ਸਜੇ, ਇਸ ਤਰ੍ਹਾਂ ਮਦ ਭਰੇ ਖੜੇ ਸਨ ਕਿ ਉਤੇ ਮੱਖੀ ਨਹੀਂ ਬੈਠਣ ਦੇਂਦੇ। ਇਸ ਤਰ੍ਹਾਂ ਹੋਰ ਸਾਮਾਨ ਟੁਰਨ ਲਈ ਸਜ ਗਏ! ਠੀਕ ਇਸ ਵੇਲੇ ਅੰਮਾਂ ਜੀ--ਰਾਣੀ ਸੂਰਣਮਤੀ--ਨੇ ਆਪਣੇ ਪੁੱਤਰ ਰਤਨਾਰਾਇ ਨੂੰ ਅੰਦਰ ਸੱਦ ਘੱਲਿਆ ਤੇ ਆਖਿਆ "ਲਾਲ ਜੀ ! ਵੇਖੋ ਤੁਹਾਡੀਆਂ ਸੁਗਾਤਾਂ ਕਿਤਨੀਆਂ ਸੁੰਦਰ ਤੇ ਅਮੋਲਕ ਹਨ ? ਖੁਸ਼ ਹੋਵੋ ਕਿ ਵਾਹਿਗੁਰੂ ਨੇ ਇਸ ਜੋਗ ਕੀਤਾ ਕਿ ਦਾਤੇ ਦੇ ਚਰਨਾਂ ਵਿਚ ਇਹ ਕੁਝ ਭੇਟ ਕਰ ਸਕੋ, ਪਰ ਲਾਲ ਜੀਉ ! ਮਾਇਆ ਬੜੀ ਬਚਿੱਤਰ ਹੈ ਅਰ ਬੜੇ ਨਾਜ਼ਕ ਵੇਲਿਆਂ ਤੇ ਆ ਪੈਂਦੀ ਹੈ। ਪੰਡਤ ਨੇ ਜੋ ਕੁਛ ਕਿਹਾ ਸੀ ਉਸ ਸਾਵਧਾਨਤਾ ਦੀ ਇਸ ਵੇਲੇ ਲੋੜ ਹੈ। ਦੇਖਣਾ ਇਹ ਸੰਕਲਪ ਨਾ ਅੰਦਰੋਂ ਲੰਘੇ ਕਿ 'ਮੈਂ ਸੁਹਣੇ ਤੁਹਫੇ ਲੈ ਕੇ ਚਲਿਆ ਹਾਂ, ਇਹ ਫੁਰਨਾ ਮਾਇਆ ਦਾ ਪੈਣਾ ਹੋਵੇਗਾ ! ਇਹ ਭਾਉ ਧਾਰਕੇ ਟੁਰਨਾ ਕਿ ਮੇਰੇ ਜਿਹੇ ਰਾਜਮਦ ਵਿਚ ਜੰਮੇਪਲੇ ਅਨ-ਅਧਿਕਾਰੀ ਤੇ ਕਿਤਨੀ ਮਿਹਰ ਹੋਈ ਹੈ ਕਿ ਦਰਸ਼ਨ ਦੀ ਦਾਤ ਮਿਲਣ ਲੱਗੀ ਹੈ ? ਅੰਦਰ ਆਤਮੇ ਅਰਦਾਸ ਵਿਚ ਰਹੋ ਕਿ ਤੁਹਾਡੀ ਨਿਮਾਣੀ ਭੇਟ ਸਤਿਗੁਰ ਦੇ ਦਰ ਪਰਵਾਨ ਹੋਵੇ। ਜੋ ਕੁਛ ਲੈ ਚੱਲੇ ਹੋ ਭੇਟ ਹੈ, ਭੇਟ ਬੀ ਅਪਣੇ ਵਲੋਂ ਨਹੀਂ ਸਭ ਕੁਛ ਗੁਰੂ ਕਾ ਹੈ, ਸਾਡਾ ਕੁਛ ਨਹੀਂ, ਅਸੀਂ ਬੀ ਗੁਰੂ ਕੇ ਹਾਂ। ਜਿਵੇਂ ਬਾਗ਼ ਦਾ ਮਾਲੀ ਮਾਲਕ ਦੇ ਬਾਗ਼ ਵਿਚ ਸੈਰ ਕਰਨ ਆਏ ਮਾਲਕ ਦੇ ਅੱਗੇ ਓਸੇ ਦੇ ਬਾਗ਼ ਵਿਚੋਂ ਦੋ ਫੁਲ ਤੋੜਕੇ ਭੇਟਾ ਕਰਦਾ ਹੈ। ਮਾਲਕ ਮਾਲੀ ਦੇ ਇਸ ਆਦਰ ਨਾਲ ਖੁਸ਼ ਹੋ ਜਾਂਦਾ ਹੈ, ਤਿਵੇਂ ਦਾਤੇ ਦੇ ਦਿੱਤੇ ਵਿਚੋਂ ਤੁੱਛ ਭੇਟਾ ਅੱਗੇ ਧਰਕੇ ਅਸਾਂ ਖਿੜਨਾਂ ਹੈ ਤੇ ਦਾਤੇ ਨੇ ਆਪਣੀ ਵਸਤੂ ਲੈ ਕੇ ਸਾਡੇ ਭਾਉ ਤੇ ਨਿਮਾਣਪੁਣੇ ਤੇ ਰੀਝ ਪੈਣਾ ਹੈ। ਸੋ ਇਹ ਸ਼ਰਧਾ, ਇਹ ਚਾਉ, ਜੋ ਸਤਿਗੁਰੂ ਦੀ ਮਿਹਰ ਨਾਲ ਤੁਹਾਨੂੰ ਪ੍ਰਾਪਤ ਹੈ, ਸੰਭਾਲੀ ਰੱਖਣਾ, ਇਹੋ ਭਾਉ ਅੰਦਰ ਰਹੇ, ਹੋਰ ਭਾਉ ਨ ਆਵੇ। ਦੂਜਾ ਭਾਉ ਨੇੜੇ ਨਾ ਆਵੇ"। ਅੰਮਾਂ ਇਸ ਤਰ੍ਹਾਂ ਦਾ ਉਪਦੇਸ਼ ਕਰਦੀ ਗਈ। ਰਾਜਾ ਅੱਗੋਂ ਬੋਲਿਆ ਨਹੀਂ, ਸਿਰ ਨੀਵਾਂ ਪਾ ਕੇ ਸੁਣਦਾ ਰਿਹਾ ਤੇ ਨੈਣਾਂ ਵਿਚ ਅੰਦਰੋਂ ਮੋਤੀ ਕੋਈ ਡਲ੍ਹਕ ਡਲ੍ਹਕ ਕਰਦੇ ਚੜ੍ਹ ਚੜ੍ਹਕੇ ਔਂਦੇ ਰਹੇ। ਜਦ ਮਾਂ ਕਹਿ ਚੁਕੀ ਤਾਂ ਰਾਜਾ ਦੇ ਰੁਕ ਰਹੇ ਗਲੇ ਵਿਚ 'ਅ...ਰ...ਦਾ...ਸ', ਬਸ ਇੰਨੇ ਖਿੜਕਵੇਂ ਅੱਖਰ ਨਿਕਲੇ! ਤਦ ਸਿਆਣੀ ਮਾਂ ਨੇ ਉੱਠਕੇ ਗਲ ਪੱਲਾ ਪਾ ਕੇ ਅਰਦਾਸ ਕੀਤੀ:-

"ਹੇ ਅਰਸ਼ਾਂ ਦੇ ਮਾਲਕ ਵਾਹਿਗੁਰੂ ! ਤੇਰੇ ਬਖਸ਼ੇ ਨੈਣ ਬਾਹਰਮੁਖੀ ਰੁਖ਼ ਵਾਲੇ ਹੋਣ ਕਰਕੇ ਤੈਨੂੰ ਨਹੀਂ ਦੇਖ ਸਕੇ, ਪਰਤਕੇ ਅੰਦਰਵਾਰ ਕਰਕੇ ਤੇਰੇ ਰੂਪ ਰੰਗ ਰੇਖ ਤੋਂ ਨਿਆਰੇ ਰੂਪ ਵੇਖ ਸਕਣ ਦੀ ਜਾਚ ਅਸਾਂ ਨੀਵੇਂ ਜੀਵਾਂ ਨੂੰ ਨਹੀਂ ਆਈ। ਤੂੰ ਦਰ ਢੱਠਿਆਂ ਮੋਟੀ ਨਜ਼ਰ ਵਾਲਿਆਂ, ਬਾਹਰ ਮੁਖੀ ਦ੍ਰਿਸ਼ਟੀ ਵਾਲਿਆਂ--ਨੂੰ ਅੱਗੇ ਦਰਸ਼ਨ ਬਖ਼ਸ਼ੇ। ਹਾਂ, ਅਪਣੇ ਨਿਵਾਜੇ ਸਤਿਗੁਰ ਦੇ ਰੂਪ ਵਿਚ ਸਾਨੂੰ ਪਰਤੱਖ ਦਿੱਸੇ ਸਾਓ, ਜਿਨ੍ਹਾਂ ਦੀ ਨਜ਼ਰ ਕਿ ਆਪਦੇ ਪ੍ਰਕਾਸ਼ ਵਿਚ ਰਚ ਰਹੀ ਸੀ। ਜੀਓ ਜੀ ! ਸਾਨੂੰ ਸਾਡੇ ਮੰਡਲ ਵਿਚ ਤੁਸੀਂ ਆਪ ਆ ਕੇ ਮਿਲੇ ਸੇ, ਸਾਡੇ ਜਿਹੇ ਹੋ ਕੇ ਸਾਨੂੰ ਅਗੰਮੀ ਰੂਪ ਦੇ ਝਲਕਾਰੇ ਮਾਰੇ ਸੇ। ਹੇ ਦਾਤੇ ! ਤੇਰੇ ਤਦੋਂ ਦੇ ਤਾਰੇ ਅਸੀਂ ਫੇਰ ਫੇਰ ਤਾਂਘਦੇ ਰਹੇ, ਇਹ ਲੋਭੀ ਮਨ ਤੇਰੇ ਮੁੜ ਉਸ ਦੀਦਾਰੇ ਨੂੰ ਰੀਝਦਾ ਰਿਹਾ, ਫੇਰ ਫੇਰ ਰੀਝਦਾ ਰਿਹਾ, ਤੂੰ ਧੰਨ ਹੈਂ ਕਿ ਫੇਰ ਉਹ ਅਵਸਰ ਆਂਦਾ, ਫੇਰ ਉਹ ਸਮਾਂ ਬਣਾਇਆ ਕਿ ਇਨ੍ਹਾਂ ਸਿਕਦਿਆਂ, ਤੜਫਦਿਆਂ, ਸੱਧਰਾਂਦਿਆਂ ਨੈਣਾਂ ਨੂੰ ਆਪ ਦੇ ਦਿਦਾਰੇ ਗੁਰੂ ਰੂਪ ਹੋ ਕੇ ਹੋਣ, ਮੁੜ ਆਪ ਦੇ ਰੂਪ ਦੇ ਪਿਆਰੇ ਝਲਕਾਰੇ ਸਤਿਗੁਰ ਦੇ ਦਰਸ਼ਨਾਂ ਵਿਚੋਂ ਸਾਡੇ ਨੈਣਾਂ ਵਿਚ ਪੈਣ ਜੋ ਅਸੀਂ ਸਫਲ ਹੋਵੀਏ ! ਮਿਹਰ ਕਰ ਤੇਰੇ ਦਰਸ਼ਨ ਵਿਚ ਸਮਾਈਏ। ਤੂੰ ਹੋਵੇਂ ਅਸੀਂ ਨਾ ਹੋਵੀਏ। ਤੂੰਹੀ ਤੂੰਹੀਂ ਹੋਵੇਂ। ਹੇ ਦਾਤੇ ਏਨ੍ਹਾਂ ਨੈਣਾਂ ਨਾਲ ਜੋ ਦਿੱਸਣ ਲੱਗੇ ਹੋ, ਡਾਢੀ ਮਿਹਰ ਹੈ, ਪਰ ਤੁਸੀਂ ਹੀ ਦਿੱਸੀਓ, ਤੁਸੀਂ ਹੀ ਦਿੱਸੀਓ। ਅਸੀਂ ਨਿਮਾਣੇ ਹਾਂ, ਭੁੱਲਣਹਾਰ ਹਾਂ। ਆਪਣੇ ਬਖਸ਼ੇ ਲਾਲ ਨੂੰ ਏਨੀ ਨੇੜ੍ਹੀ ਦਿੱਸੀਓ, ਅੰਮ੍ਰਿਤ ਰੂਪ ਹੋ ਦਿੱਸੀਓ। ਪਰ ਹੇ ਦਾਤੇ ! ਜਿਸ ਮਿਹਰ ਨਾਲ ਦਿਦਾਰੇ ਬਖਸ਼ਣ ਲੱਗੇ ਹੋ, ਅੰਦਰਲੇ ਨੇਤ੍ਰ ਲਾਲ ਦੇ ਖੁਹਲ ਦੇਵੋ, ਜੋ ਤੁਸਾਡੇ ਸਰੂਪ ਦੀ ਪਛਾਣ ਫੇਰ ਨਾ ਭੁੱਲੇ। ਤੁੱਠੇ ਹੋ ਤੁੱਠੇ ਰਹਿਣਾ, ਦੇਣ ਲੱਗੇ ਹੋ, ਦੇਂਦੇ ਰਹਿਣਾ। 'ਦਰ-ਢੱਠਨੀ' ਬਖਸ਼ੀ ਰਖਣੀ। ਅਪਣਾਇਆ ਨੇ, ਹੁਣ ਅਪਣਾਈ ਰੱਖਣਾ। ਅਸਾਂ ਵਿਚ ਤਾਣ ਨਹੀਂ, ਤਾਣ ਦੀ ਸਾਨੂੰ ਬਾਣ ਨਹੀਂ। ਤੁਸਾਂ

ਤੁਲਾਧਾਰ ਦੇਈ ਰੱਖਣਾ। ਬਖਸ਼ਣਾ, ਹੇ ਬਖਸ਼ਿੰਦ ਜੀ ! ਦਰ ਢੱਠਿਆਂ ਨੂੰ ਤੁਸਾਂ ਆਪ ਬਖਸ਼ੀ ਰੱਖਣਾ।"

ਇਸ ਤਰ੍ਹਾਂ ਦਾ ਅਰਦਾਸਾ ਅੰਮਾਂ ਕਰਦੀ ਰਹੀ, ਨੈਣਾਂ ਤੋਂ ਮੋਤੀ ਕਿਰਦੇ ਰਹੇ, ਚਿਹਰਾ ਸੰਗ ਮਰਮਰ ਵਾਂਙ ਰੱਬੀ ਸੁਫ਼ੈਦੀ ਨਾਲ ਲਸ ਲਸ ਕਰਦਾ ਰਿਹਾ। ਨੈਣ ਮੁੰਦੇ ਸਨ ਪਰ ਕਿਸੇ ਡਾਢੀ ਲੀਨਤਾ ਦਾ ਪਤਾ ਦਿੰਦੇ ਸਨ। 'ਪਿਰ ਰਤਿਅੜੇ ਮੈਡੇ ਲੋਇਣ' ਛਮ ਛਮ ਵੱਸਦੇ ਰਹੇ।

ਹੁਣ ਟੁਰਨ ਦਾ ਵੇਲਾ ਆ ਗਿਆ। ਰਤਨ ਰਾਇ ਨੇ ਮਾਂ ਦੇ ਪੈਰਾਂ ਤੇ ਸੀਸ ਧਰਿਆ, ਪਰ ਮਾਂ ਨੇ ਛੇਤੀ ਨਾਲ ਬੋਚ ਕੇ ਛਾਤੀ ਨਾਲ ਲਾਇਆ ਤੇ ਆਖਿਆ, 'ਪੁੱਤਰ ! ਹੁਣ ਮਸਤਕ ਸਤਿਗੁਰ ਦੇ ਚਰਨੀ ਲੱਗਣਾ ਹੈ; ਇਸ ਨੂੰ ਹੋਰਥੇ ਨਾ ਲਾਓ'। ਰਤਨ ਰਾਇ ਇਸ ਵੇਲੇ ਡਾਢੇ ਉੱਚੇ ਪਿਆਰ ਵਿਚ ਸੀ, ਉਸ ਦੇ ਅੰਦਰ ਸ਼ੁਕਰ ਉੱਛਲ ਰਿਹਾ ਸੀ ਕਿ ਜੋ ਕੁਛ ਮੈਨੂੰ ਹੁਣ ਪ੍ਰਾਪਤ ਹੋਣ ਲੱਗਾ ਹੈ, ਇਹ ਸਭ ਇਸ ਮਾਂ ਦਾ ਪ੍ਰਤਾਪ ਹੈ, ਚਰਨੀਂ ਲੱਗਾਂ। ਮਾਵਾਂ ਪੁਤਾਂ ਨੂੰ ਸਤਿਸੰਗ ਤੋਂ ਵਰਜਦੀਆਂ ਹਨ; ਇਹ ਧੰਨਜ ਮਾਂ ਹੈ ਜਿਸ ਨੇ ਮੈਨੂੰ ਵਾਹਿਗੁਰੂ ਦੇ ਰਸਤੇ ਲਾਇਆ ਹੈ ਤੇ ਸੁਮੱਤਾਂ ਦੇ ਕੇ ਮਦਾ ਭੁੱਲ ਕਰਨੋਂ ਬਚਾਇਆ ਹੈ। ਸੋ ਇਸ ਤਰ੍ਹਾਂ ਕੁਛ ਚਿਰ ਬਾਦ ਮਾਤਾ ਤੇ ਪੁਤ੍ਰ ਪ੍ਰੇਮ ਭਰੇ ਦਿਲ ਨਾਲ ਟੁਰਨ ਦੀ ਤਿਆਰੀ ਕਰਨ ਲੱਗੇ। ਇੰਨੇ ਨੂੰ ਦਾਸ ਸੁਧ ਲੈ ਆਇਆ ਕਿ 'ਦੀਵਾਨ ਸਜ ਰਿਹਾ ਹੈ ਤੇ ਮਹਾਰਾਜ ਜੀ ਸ਼ੋਭ ਰਹੇ ਹਨ।' ਰਾਜਾ ਜੀ ਹੁਣ ਵਜ਼ੀਰ ਤੇ ਮੁਸਾਹਿਬਾਂ ਸਮੇਤ ਟੁਰੇ ਅਰ ਸਨੇ ਸਨੇ ਉਸ ਦੁਆਰ ਅੱਪੜ ਗਏ, ਜੋ ਦਰ ਕਿ ਜੋਗੀ ਤਪੀ ਨੂੰ ਨਹੀਂ ਲੱਭਦਾ, ਦਰ ਤੇ ਪਹੁੰਚ ਦਲ੍ਹੀਜ ਤੇ ਮੱਥਾ ਟੇਕਿਆ। ਬੁੱਲ੍ਹ ਰਾਜਾ ਦੇ ਘੁੱਟੇ ਜਾ ਰਹੇ ਸੇ, ਨੈਣ ਭਰ ਰਹੇ ਸੇ। ਸ਼ਰਧਾ ਤੇ ਭਾਉ ਕੜ ਪਾਟਕੇ ਨਿਕਲਣਾ ਚਾਹੁੰਦਾ ਸੀ, ਪਰ ਆਪੇ ਤੇ ਕਾਬੂ ਦੇ ਸੁਭਾਅ ਵਾਲੇ ਰਾਜਾ ਜੀ ਗਦਗਦ ਕੰਠ ਤੇ ਪ੍ਰੇਮ ਭਰੇ ਨੈਣੀ ਅੰਦਰ ਵੜੇ, ਡਿਉਢੀ ਲੰਘਕੇ ਫੇਰ ਸੀਸ ਨਿਵਾਇਆ। ਦੂਰ ਤੋਂ ਗੁਰੂ-ਮੂਰਤਿ ਦਿੱਸ ਆਈ, ਉਹ ਸੁੰਦਰਤਾ ਦਿਸ ਆਈ ਜੋ ਕਦੇ ਨਾ ਸੀ ਡਿੱਠੀ, ਉਹ ਝਲਕਾ ਵੱਜਾ ਕਿ ਹੁਣ ਆਪੇ ਤੇ ਕਾਬੂ ਦੀਆਂ ਤਣਾਵਾਂ ਟੁੱਟ ਗਈਆਂ। ਛੇਤੀ ਨਾਲ ਵਧਕੇ ਚਰਨਾਂ ਤੇ ਜਾ ਢੱਠਾ। ਪਰ ਕੀਹ ਪਤਾ ਸੀ ਕਿ ਇਨ੍ਹਾਂ ਚਰਨਾਂ ਦੀ ਛੁਹ ਕੀਹ ਚੀਜ਼ ਹੈ ? ਜਿਉਂ ਹੀ ਕਿ ਮੱਥਾ ਚਰਨਾਂ ਕਮਲਾਂ ਨੂੰ ਛੁਹਿਆ ਬਿਜਲੀ ਦੀ ਰੌ ਦੀਆਂ ਝਰਨਾਟਾਂ ਵਾਂਙੂ ਰਾਜੇ ਦੇ ਸਾਰੇ ਸਰੀਰ ਵਿਚ ਝਰਨਾਟਾਂ ਫਿਰ ਗਈਆਂ। ਸਾਰਾ ਸਰੀਰ ਕੰਬ ਗਿਆ ਅਰ ਇਕ ਤਲਿਸਮ ਜਿਹੇ ਦੇ ਥਰਾਵ ਵਾਂਙ ਥਰਰਾਕੇ ਅੰਦਰਲੇ ਦੀ ਕਾਯਾਂ ਪਲਟ ਹੋ ਗਈ। ਇਕ ਅੰਦਰ ਸੁਹਾਉ ਛਾ ਗਿਆ, ਉੱਜਲਤਾ ਤੇ ਸਫਾਈ ਆ ਗਈ, ਇਕ ਉਚਿਆਣ ਦੀ ਪ੍ਰਤੀਤੀ (ਮਲੂੰਮੀ) ਹੋ ਭਾਸੀ ਕਿ ਆਪਾ ਨ੍ਹਾਤਾ ਧੋਤਾ ਕਿਸੇ ਸੁਆਦ ਰੰਗ ਰੱਤਾ ਹੋਰ ਦਾ ਹੋਰ ਹੋ ਗਿਆ। ਸਰੀਰ ਹਲਕਾ ਫੁਲ ਮਾਨੋਂ ਨਾਲ ਹੈ ਹੀ ਨਹੀਂ; ਸੁਆਦ ਰੂਪ, ਆਪਾ ਹੀ ਆਪਾ ਰਹਿ ਗਿਆ ਹੈ। ਕੁਛ ਐਸੀ ਛਿਨ ਲੰਘੀ ਕਿ ਮਾਨੋਂ ਪਤਾ ਨਹੀਂ ਕਿ 'ਕਿੱਥੇ ਹਾਂ' 'ਹਾਂ, ਕਿ ਨਹੀਂ', 'ਕਉਣ ਹਾਂ ਤੇ ਨਹੀਂ'। ਫੇਰ ਜੇ 'ਹਾਂ' ਭਾਸੀ ਹੈ, ਤਾਂ ਸੁਆਦ ਹੀ ਸੁਆਦ ਹੈ। ਜੇ ਹੋਸ਼ ਪਰਤੀ ਹੈ ਤਾਂ ਮੈਂ ਹਲਕਾ ਫੁੱਲ ਹਾਂ, ਸੁਖੀ ਹਾਂ, ਸੁਆਦ ਵਿਚ ਹਾਂ, ਉਸ ਸੁਆਦ ਵਿਚ ਹਾਂ ਜੋ ਅੱਗੇ ਕਦੇ ਡਿੱਠਾ ਨਹੀਂ ਸੀ, ਚੱਖਿਆ ਨਹੀਂ ਸੀ, ਮਾਣਿਆ ਨਹੀਂ ਸੀ। ਇਸ ਤਰ੍ਹਾਂ ਦੀ ਇਹ ਲਿਪਟ ਸੀ ਅੰਦਰਲੇ ਨੂੰ ਕਿ ਚਰਨਾਂ ਤੋਂ ਉੱਠਣ ਨੂੰ ਜੀ ਨਹੀਂ। ਇਕ ਵੇਰ 'ਲਿਪਟਿਆ-ਮਨ' ਹੁਣ ਇਸ ਲਿਪਟ ਨੂੰ ਛੱਡਣ ਲਈ ਤਿਆਰ ਨਹੀਂ ! ਪਤਾ ਨਹੀਂ ਕਿੰਨਾ ਚਿਰ ਇਸ 'ਆਪਾ-ਰਸ-ਲੀਨਤਾ' ਵਿਚ ਲੰਘਿਆ ਕਿ ਹੁਣ ਰਾਜਾ ਨੂੰ ਸਤਿਗੁਰ ਦਾ ਸ਼ੁਭ ਹੱਥ ਸੀਸ ਉਤੇ ਫਿਰਦਾ, ਠੰਢਾਂ ਪਾ ਰਿਹਾ ਤੇ ਝਰਨਾਟਾਂ ਛੇੜ ਰਿਹਾ ਭਾਸਿਆ। ਨਾਲ ਇਕ ਥਰਕਦੀ ਆਵਾਜ਼ ਚਾਂਦੀ ਦੀ ਤਾਰ ਵਾਂਙੂ ਥਰਾਉਂਦੀ ਕੰਨੀਂ ਪਈ:-

ਉਠਹੁ ਰਾਜਾ, ਲੋਕ ਪ੍ਰਲੋਕ ਸੁਧਰ ਗਏ ! ਉਠਹੁ ਸਿੱਖਾ ਕਲਜਾਨ ! ਉਠਹੁ ਰਤਨ ਰਾਇ, ਨਿਹਾਲ !

ਹੁਕਮ ਸੁਣਕੇ ਰਾਜਾ ਨਾ ਛੱਡੇ ਜਾਣ ਵਾਲੇ ਪਜਾਰੇ ਚਰਨਾਂ ਨੂੰ ਛੱਡ ਉੱਠ ਬੈਠਾ ਕੁਛ ਚਿਰ ਇਸੇ ਸੁਆਦ ਵਿਚ ਮਗਨ ਰਿਹਾ। ਫੇਰ ਨੈਣ ਖੁੱਲ੍ਹੇ ਸਤਿਗੁਰ ਜੀ ਵੰਨੇ ਤੱਕਿਆ, ਨੈਣ ਝੁਕ ਗਏ। ਫੇਰ ਤੱਕਿਆ ਫੇਰ ਝੁਕੇ; ਇਸ ਤਰ੍ਹਾਂ ਸਹਿਜੇ ਸਹਿਜੇ ਸਾਵਧਾਨ ਹੋਯਾ ਤਾਂ ਸਤਿਗੁਰਾਂ ਨੇ ਸੁਖ ਸਾਂਦ ਪੁੱਛੀ। ਰਾਜੇ ਨੇ ਅਦਬ ਨਾਲ ਉੱਤਰ ਬਿਨੈ ਕੀਤੇ। ਫੇਰ ਮੰਤ੍ਰੀ ਨੇ ਵੱਡੇ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਸਾਮ ਜਾਣ ਦੀ ਕਥਾ ਕਹਿ ਸੁਣਾਈ। ਫੇਰ ਰਤਨ ਰਾਇ

ਦੇ ਪਿਤਾ ਰਾਜਾ ਰਾਮ ਰਾਇ[1] ਦੇ ਗੁਰਸਿਖ ਹੋਣ ਤੇ ਪੁੱਤਰ ਲਈ ਬੇਨਤੀ ਕਰਨ ਦੀ ਸਾਖੀ ਸੁਣਾਈ। ਸਨੇ ਸਨੇ ਉਹ ਭੇਟਾਂ ਪੇਸ਼ ਕੀਤੀਆਂ ਜੋ ਰਾਜੇ ਨੇ ਬੜੇ ਚਾਉ ਨਾਲ ਤਿਆਰ ਕਰਾ ਕੇ ਆਂਦੀਆਂ ਸਨ। ਜ਼ਰੀ ਬਾਦਲੇ, ਮਲਮਲਾਂ, ਰੇਸ਼ਮੀ ਥਾਨ, ਗਹਿਣੇ, ਸ਼ਸਤ੍ਰ, ਕਟੋਰਾ, ਚੌਕੀ, ਪੰਚ ਕਲਾ ਆਦਿ ਸਾਰੇ ਅੱਗੇ ਵਿਛਾ ਰੱਖੇ, ਹਾਥੀ ਤੇ ਘੋੜੇ ਸ਼ਿੰਗਾਰੇ ਹੋਏ ਤੇ ਜ਼ਰੀ ਬਾਦਲੇ ਨਾਲ ਸਜੇ ਹੋਏ ਦੀਵਾਨ ਤੋਂ ਬਾਹਰ ਖੜੇ ਸਨ। ਮੰਤ੍ਰੀ ਨੇ ਸਾਰੇ ਹਾਲ ਰਾਜਾ ਦੇ ਪ੍ਰੇਮ ਭਾਵਨਾ ਨਾਲ ਭੇਟਾ ਤਿਆਰ ਕਰਨ ਦੇ ਸੁਣਾਏ। ਸ੍ਰੀ ਸਤਿਗੁਰੂ ਜੀ ਬੜੇ ਗਹੁ ਨਾਲ ਸੁਣਦੇ ਤੇ ਗੱਲਾਂ ਕਰਦੇ ਰਹੇ। ਛੇ ਘੜੀਆਂ ਇਸ ਤਰ੍ਹਾਂ ਬੀਤ ਗਈਆਂ, ਘੋੜਿਆਂ ਤੇ ਹਾਥੀ ਦੇ ਗੁਣ ਸੁਣਾਏ ਗਏ; ਚੌਕੀ ਤੇ ਪੰਚਕਲਾ ਦੇ ਹਾਲ ਤੇ ਗੁਣ ਦੱਸੇ ਗਏ। ਇਨ੍ਹਾਂ ਤੋਂ ਪ੍ਰਸੰਗ ਬਦਲਕੇ ਮੁੜ ਮਾਤਾ ਮੂਰਨਮਤੀ ਜੀ ਦੇ ਇਸ ਪੁੱਤ ਨੂੰ ਪਾਲਣ ਤੇ ਗੁਰਸਿੱਖੀ ਵਿਚ ਪ੍ਰੇਮੀ ਕਰਨ ਦੀ ਵਾਰਤਾ ਸੁਣਾਈ। ਕਿਵੇਂ ਮਾਤਾ ਆਪਣੇ ਪਤੀ ਗੁਜ਼ਰ ਜਾਣ ਮਗਰੋਂ ਆਪ ਰਾਜ ਭਾਗ ਨੂੰ ਸੰਭਾਲਦੀ ਰਹੀ, ਕਿਵੇਂ ਭਜਨ, ਬੰਦਗੀ, ਦਾਨ ਤੇ ਉਪਕਾਰ ਵਿਚ ਤਕੜੀ ਰਹੀ ਤੇ ਕਿਵੇਂ ਆਪਣੇ ਪੁੱਤ੍ਰ ਨੂੰ ਪ੍ਰੇਮੀ ਬਣਾ ਲਿਆ ਤੇ ਨੇਕ; ਦਾਨੀ; ਪ੍ਰਜਾ ਪਾਲਿਕ ਅਤੇ ਪਰਮੇਸ਼ਰ ਜੀ ਦਾ ਪਿਆਰਾ ਬਣਾਇਆ। ਇਹ ਵਾਰਤਾ ਸੁਣਕੇ ਸਤਿਗੁਰੂ ਜੀ ਨੇ ਮਾਈ ਬਾਬਤ ਪੁੱਛਿਆ ਤਾਂ ਮੰਤ੍ਰੀ ਨੇ ਕਿਹਾ ਕਿ ਸ੍ਰੀ ਜੀ ਤੋਂ ਆਗਿਆ ਨਾ ਲੈਣ ਕਰਕੇ ਉਹ ਉਡੀਕ ਵਿਚ ਡੇਰੇ ਹੀ ਸਧਰਾ ਰਹੇ ਹਨ। ਤਤਛਿਨ ਸਤਿਗੁਰਾਂ ਨੇ ਆਗਿਆ ਬਖਸ਼ੀ ਤਾਂ ਮਾਈ ਆ ਗਈ। ਜਿਨ੍ਹਾਂ ਨੇਤ੍ਰਾਂ ਨੇ 'ਪਿਤਾ-ਗੁਰੂ' ਜੀ ਦੀ ਮੋਹਿਨੀ ਮੂਰਤਿ ਦੇ ਦਰਸ਼ਨ ਕੀਤੇ ਹੋਏ ਸਨ, ਹੁਣ ਉਹੋ ਜੋਤਿ ਉਨ੍ਹਾਂ ਦੇ ਆਤਮਜ ਵਿਚ ਵੇਖਕੇ ਮਾਈ ਉਸ ਸਰੂਰ ਵਿਚ ਆਈ ਕਿ ਜਿਸ ਵਿਚ ਆਤਮਾਂ ਤੋਂ ਮਾਇਆ ਦੀ ਕਾਈ ਲਥਿਆਂ ਆਤਮਾ ਸਹਿਜ ਵਿਚ ਆ ਕੇ ਝੂਮਦੀ ਹੈ। ਇਸ ਝੂਮ ਵਿਚ ਮਾਈ ਨੇ ਜਗਤ ਆਧਾਰ ਦੇ ਚਰਣਾਂ ਕਮਲਾਂ ਤੇ ਸੀਸ ਧਰਿਆ। ਮਾਤਾ ਨੂੰ ਤਾਂ ਇਕ ਝੂਟਾ 'ਆਤਮ ਲਯਤਾ' ਦਾ ਆਉਣਾ ਹੀ ਸੀ, ਆਪੇ ਨੇ ਥਰਾਕੇ 'ਅਨ-ਆਪੇ' ਤੋਂ ਉਛਲਕੇ ਉਚਿਆਂ ਹੋ ਲਹਿਰਾਉਣਾ ਹੀ ਸੀ ਤੇ ਆਨੰਦ ਆਨੰਦ ਵਿਚ ਬੇਖ਼ਬਰ ਪਰ ਖਬਰਾਂ ਦੇ ਸਾਰੇ ਸਰੋਵਰ ਵਿਚ ਗ਼ੋਤਾ ਲਾਉਣਾ ਹੀ ਸੀ, ਪਰ ਦੇਖੋ 'ਉਸਦੇ ਆਤਮਾ ਵਿਚ ਪੁੜੇ 'ਵਾਹਿਗੁਰੂ ਦੀ ਛੁਹ ਦੇ ਰਸ' ਨੇ ਜੋ ਨੌਵੇਂ ਸਗੁਰਾਂ ਦੇ ਜੀਅਦਾਨ ਦੇਣ ਦੀ ਛਿਨ ਤੋਂ ਅਜ ਤਕ ਨਾਮ ਆਸਰੇ ਪਲਦਾ ਤੇ ਸਿਰੇ ਚੜ੍ਹਦਾ ਰਿਹਾ, ਹਾਂ ਉਸ ਰਸ ਨੇ-ਕਲਗੀਧਰ ਜੀ ਤੇ ਅਸਰ ਕੀਤਾ। ਉਹਨਾਂ ਦੇ ਆਪੇ ਨੇ 'ਮਾਈ ਦੇ ਮਸਤਕ ਦੀ ਚਰਣਾਂ ਨਾਲ' ਛੁਹ ਤੋਂ ਉਸ ਵਿਚ ਆਤਮ ਰਸ ਦੇ ਨਿਵਾਸ ਦਾ ਪਤਾ ਪ੍ਰਤੀਤ ਕੀਤਾ ਤੇ ਬੋਲੇ : "ਮਾਈ ਨਿਹਾਲ! ਲੋਕ ਪ੍ਰਲੋਕ ਤਰੇ। ਸੂਰਨਮਤੀ ਆਤਮ ਸ੍ਰਣ ਹੈ।" ਫੇਰ ਵਰਦਾਨ ਦਿੱਤਾ :-

"ਮਾਈ ਤੇਰਾ ਬਹੁਰ ਫੇਰਾ ਇਸ ਜਗ ਵਿਚ ਨਹੀਂ, ਸਦਾ ਰਹੋ, ਸਦਾ ਰਹੋ ਸੱਚੇ ਦੇ ਦੇਸ਼।"

ਮਾਤਾ ਦੀ ਇਹ ਆਤਮ ਅਰੂੜ੍ਹਤਾ ਇਕ ਸਿੱਖੀ ਦੇ ਗੁਲਜ਼ਾਰ ਦਾ ਅਚਰਜ ਕੌਤਕ ਸੀ ਕਿ ਕਿਵੇਂ 'ਰਾਜ-ਅਖਾੜਿਆ' ਵਿਚ ਬੀ ਗੁਰੂ ਜੋਤਿ ਨੇ ਸੱਚਾ ਜੀਵਨ ਉੱਚਾ ਜੀਵਨ-ਦਾਨ ਕਰਕੇ 'ਜੀਅ-ਦਾਨ' ਬਖਸ਼ੇ ਸੇ। ਮਾਤਾ ਜੀ ਦੀ ਬਖਸ਼ਿਸ਼ ਦੇ ਮਗਰੋਂ ਰਾਜਾ ਨੇ ਬੇਨਤੀ ਕੀਤੀ, "ਸਚੇ ਪਾਤਸ਼ਾਹ ! ਇਸ ਦਰ ਦੇ ਕੀਟ ਨੂੰ ਸਿੱਖੀ ਦਾਨ ਬਖਸ਼ਣ ਦੀ ਮਿਹਰ ਹੋਵੇ।" ਸਤਿਗੁਰੂ ਜੀ ਨੇ ਕਿਹਾ "ਨਿਹਾਲ"।

੪.

"ਗੁਰੂ ਨਾਨਕੁ ਤੂਠਾ ਮੇਰੇ ਪਿਆਰੇ ਮੇਲੇ ਹਰੇ"

(ਆ: ਮ: ੪)

**ਦਰਸ਼ਨ** ਕਰਕੇ—ਹਾਂ, ਉਸ ਪ੍ਰੀਤਮ ਨੂੰ, ਜਿਸ ਨੂੰ ਕਦੇ ਸੁਣਿਆਂ ਸੀ ਤੇ ਜਿਸਦੇ ਰਸਤੇ ਰਾਜਾ ਤੁਰਿਆ ਸੀ, ਜੀਉ ਹਾਂ; ਜਿਸ ਦੇ ਸੁਹਣੇ ਰਾਹੀਂ ਕਦੇ ਤੁਰਿਆ ਸੀ, ਉਸ ਨੂੰ ਰਾਜੇ ਨੇ ਅੱਜ ਡਿੱਠਾ ਸੀ, ਸਦਕੇ ਉਸ ਸੁਹਣੀ ਸੂਰਤ, ਮੋਹਿਨੀ ਮੂਰਤਿ ਦੇ ਜਿਸ ਨੂੰ ਅੱਜ ਡਿੱਠਾ ਸੀ, ਹਾਂ, ਉਸ ਦਾ ਦਰਸ਼ਨ ਕਰਕੇ—ਰਾਜਾ ਆਪਣੇ ਡੇਰੇ ਗਿਆ। ਕਿਸ ਰੰਗ ਵਿਚ ਹੈ ਰਾਜਾ ਹੁਣ ?—ਬੋਲਦਾ ਘਟ ਹੈ, ਮੂੰਹ ਬੰਦ ਹੈ, ਦੰਦ ਜੁੜੇ ਹਨ। ਨੈਣਾਂ ਵਿਚ ਇਕ ਅਨੋਖਾ ਪ੍ਰਭਾਉ ਹੈ, ਮਸਤਕ

---

1. ਜੋ ਔਰੰਗੇ ਦਾ ਉਹਦੇਦਾਰ ਕਾਮ ਰੂਪ ਫਤਹਿ ਕਰਨ ਗਿਆ ਸੀ, ਉਸ ਦਾ ਨਾਮ ਬੀ ਰਾਜਾ ਰਾਮ ਸਿੰਘ ਸੀ ਤੇ ਆਸਾਮ ਦਾ ਰਾਜਾ, ਜੋ 'ਰਤਨ ਰਾਇ' ਦਾ ਪਿਤਾ ਸੀ, ਜਿਸ ਨੇ ਸਤਿਗੁਰਾਂ ਤੋਂ ਸਿਖੀ ਪਾਈ ਸੀ, ਉਸ ਦਾ ਨਾਮ ਬੀ ਰਾਜਾ ਰਾਮ ਯਾ ਰਾਮ ਰਾਇ ਸੀ। ਇਸ ਤੋਂ ਭੁਲੇਵਾ ਲਗ ਗਿਆ ਜਾਪਦਾ ਹੈ ਤੇ ਕਵਿ ਸੰਤੋਖ ਸਿੰਘ ਜੀ ਨੇ ਰਾਜਾ ਰਾਮ ਸਿੰਘ ਰਾਜਪੂਤ ਨੂੰ ਬਿਸ਼ਨ ਸਿੰਘ ਕਰਕੇ ਲਿਖਿਆ ਹੈ।

ਵਿਚ ਚਮਕ ਹੈ। ਲੂੰਆਂ ਵਿਚ ਠੰਢ ਹੈ, ਮਾਨੋਂ ਕਦੇ ਇਹ ਰੋਮ ਕੂਪ ਬੰਦ ਸੇ, ਅਜ ਸਾਰੇ ਖੁੱਲ੍ਹ ਗਏ ਹਨ। ਮਨ ਐਉਂ ਪ੍ਰਤੀਤ ਕਰਦਾ ਹੈ, ਜਿਵੇਂ ਹੁਣੇ ਜਾਗਿਆ ਹੈ। ਇਕ ਜਾਗ੍ਰਤ ਦੀ ਪ੍ਰਤੀਤੀ (ਮਲੂੰਮੀ) ਅੰਦਰ ਆ ਗਈ ਹੈ ਇਸ ਮਲੂੰਮੀ ਵਿਚ ਇਕ ਤਰੌਤ, ਤਾਜ਼ਗੀ, ਇਕ ਸਾਵਧਾਨਤਾ ਹੈ। ਹਾਂ ਜੀ, ਹੁਣੇ ਜਾਗਿਆ ਹਾਂ, ਐਉਂ ਪ੍ਰਤੀਤ ਦੇਵੇ। ਤਨ ਦਾ ਤੋਲ ਘਟ ਗਿਆ ਸਹੀ ਹੁੰਦਾ ਹੈ--ਹਲਕਾ ਫੁੱਲ ਹੈ, ਤਨ ਬਦਨ ਤੇ ਇਸ ਤਰ੍ਹਾਂ ਦਾ ਪ੍ਰਭਾਉ ਛਾ ਰਿਹਾ ਹੈ ਜਿਸ ਤਰ੍ਹਾਂ ਦਾ ਉਪਰ ਕਿਹਾ ਹੈ। ਮਾਂ ਸਿਆਣਦੀ ਹੈ ਕਿ ਜਾਗਦੀ ਜੀਉਂਦੀ ਗੁਰੂ ਜਜੋਤੀ ਪੁਤ੍ਰ ਦੇ ਅੰਦਰ ਆਪਣੀ ਛੁਹ ਲਾ ਗਈ ਹੈ ਤੇ ਪੁਤ੍ਰ ਹੁਣ ਜੀਵਿਆਂ ਵਿਚ ਹੋ ਗਿਆ। ਇਉਂ ਉਹ ਆਪ ਜੀਵੀ ਹੋਈ ਮਾਂ ਪੁਤ੍ਰ ਦੀ ਹਾਲਤ ਨੂੰ ਸਮਝਦੀ ਹੈ। ਘਰ ਜਾ ਕੇ ਹੁਣ ਕੋਈ ਗੱਲ ਨਹੀਂ ਛੇੜੀ, ਕੋਈ ਗੁਰੂ ਯਸ਼ ਨਹੀਂ ਸੁਣਾਇਆ, ਸਗੋਂ ਇਹ ਯਤਨ ਕੀਤਾ ਕਿ ਰਾਜਾ ਭੋਜਨ ਛਕੇ ਤੇ ਸਉਂ ਜਾਵੇ, ਕਿਸੇ ਨਾਲ ਗੱਲੀਂ ਨਾ ਰੁੱਝੇ ਤੇ ਕਿਸੇ ਫ਼ਿਕਰ ਕਿ ਕੰਮ ਕਿ ਰੁਝੇਵੇਂ ਦੀ ਗੱਲ ਨੂੰ ਨਾ ਸੁਣੇ। ਪ੍ਰਸ਼ਾਦ ਛਕੇ ਤੇ ਸਵੇਂ ਤੇ ਸਵੇਰੇ ਫੇਰ 'ਗੁਰ ਚਰਣਾਂ' ਨੂੰ ਪ੍ਰਾਪਤ ਹੋਵੇ। ਇਸ ਅਰਸੇ ਵਿਚ ਕੋਈ ਰਤਾ ਜ਼ਿੰਨੀ ਵੀ ਵਿੱਥਵਾਲੀ ਗਲ ਉਸਦੇ ਕੰਨੀ ਨੈਣੀ ਪ੍ਰਵੇਸ਼ ਨਾ ਕਰੇ। ਸੋ ਰਾਜਾ ਜੀ ਪ੍ਰਸਾਦ ਪਾ ਕੇ ਸੌਂ ਗਏ। ਸੁੱਤੇ ਪਏ ਦੇ ਪਾਸ ਮਾਤਾ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ, ਫੇਰ ਚੌਥੀ ਪਾਤਸ਼ਾਹੀ ਦੇ ਛੱਕੇ ਪੜ੍ਹੇ ਤੇ ਫੇਰ ਤੀਸਰੇ ਸਤਿਗੁਰਾਂ ਦਾ ਆਨੰਦ ਸਾਹਿਬ ਸਾਰਾ ਪੜ੍ਹਿਆ। ਫੇਰ ਆਪ ਸੌਂ ਗਈ। ਅੰਮ੍ਰਿਤ ਵੇਲੇ ਉੱਠੀ ਆਪਣੇ ਨਿਤਨੇਮ ਤੋਂ ਵੱਖਰਾ, ਅੱਜ ਪੁੱਤ ਦੇ ਕੋਲ ਬੈਠ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਰਹਾ ਬੰਨ੍ਹ ਕੇ ਕੀਤਾ। ਐਸਾ ਮਿਠੀ ਮਿਠੀ ਧੁਨਿ ਵਿਚ ਬੱਝਵਾਂ ਤੇ ਰਸੀਲਾ ਪਾਠ ਕੀਤਾ ਕਿ ਮਾਨੋਂ ਉਸ ਕਮਰੇ ਵਿਚ ਵਾਹਿਗੁਰੂ ਦੇ ਦੇਸ਼ ਦਾ ਮਧੁਰ ਮਧੁਰ ਕੀਰਤਨ ਹੋ ਰਿਹਾ ਹੈ। ਜਦ ਭੋਗ ਪਾ ਚੁੱਕੀ ਤਾਂ ਲਾਲ ਜੀ ਦੇ ਨੈਣ ਖੁੱਲੇ, ਨੈਣ ਖੁੱਲ੍ਹਣ ਤੋਂ ਪਹਿਲੀ ਆਵਾਜ਼ ਉਸ ਐਮਾਂ ਦੇ ਲਾਡਲੇ ਦੇ ਮੁਖੜੇ ਤੋਂ ਆਈ:- ਵਾਹਿਗੁਰੂ।

ਐਸੀ ਮਿੱਠੀ ਤੇ ਰਸ ਭਰੀ ਕਿ ਮਾਂ ਨੂੰ ਸੁਆਦ ਆ ਗਿਆ। ਆਪਣਾ ਲਾਇਆ ਪ੍ਰੇਮ ਦਾ ਬੂਟਾ ਪੁਤ੍ਰ ਦੇ ਦਿਲ ਵਿਚ ਮੌਲਦਾ ਵੇਖ ਮਾਂ ਠਰ ਗਈ। ਪੁਤ੍ਰ ਨੂੰ, ਸ਼ੁਕਰ ਹੈ, ਆਤਮ ਰਸ ਆਇਆ ਹੈ। ਇਸ ਰਸ ਦੇ ਆਸਰੇ ਹੁਣ ਇਹ ਕੂੜੇ ਰਸਾਂ ਵਿਚ ਨਹੀਂ ਫਸੇਗਾ- ਇਹ ਜਗਤ ਦੇ ਲੋਕਾਂ ਵਾਂਗੂ ਬੇਨਿਸ਼ਾਨੇ (ਇਕ ਨਿਸ਼ਾਨੇ ਤੇ ਸੇਧ ਬੰਨ੍ਹੇ ਬਿਨ), ਬਰੁਖੇ (ਉਸ ਨਿਸ਼ਾਨੇ ਉੱਤੇ ਮਨ ਦੀ ਸੇਧ ਬੰਨ੍ਹੇ ਬਿਨਾਂ) ਤੇ ਬੇਥਵੇ ਹਾਲ ਸਰੀਰਕ ਖੁਸ਼ੀਆਂ ਟੋਲਦਾ ਭੁੱਲੇਗਾ ਨਹੀਂ।

ਮਨੁੱਖ ਦਾ ਆਮ ਹਾਲ ਤਾਂ ਇਹ ਹੈ ਕਿ ਅੱਜ ਇਕ ਗਲ ਨੂੰ ਪਿਆਰ ਕੀਤਾ, ਉਸ ਨੂੰ ਮਨ ਦਾ ਮੁਦਆ (ਮੁਰਾਦ) ਬਨਾਇਆ; ਉਸ ਦੀ ਪ੍ਰਾਪਤੀ ਲਈ ਸਾਰਾ ਬਲ ਲਾਇਆ, ਕੱਲ ਉਸ ਨੂੰ ਪ੍ਰਾਪਤ ਕੀਤਾ, ਭੋਗਿਆ, ਵਰਤਿਆ, ਪਰਸੋਂ ਉਸ ਤੋਂ ਰੱਜਿਹਾਣ ਹੋ ਗਈ ਤੇ ਤਰਸੋਂ ਉਸਨੂੰ ਛੱਡਿਆ। ਹੁਣ ਫੇਰ ਨਵੀਂ ਟੋਲ ਦੇ ਮਗਰ ਲਗ ਪਿਆ, ਫੇਰ ਉਹੋ ਕੁਝ--ਯਤਨ, ਪ੍ਰਾਪਤੀ, ਭੋਗ ਤੇ ਰਜਿਹਾਣ। ਫੇਰ ਨਵੀਂ ਟੋਲ। ਇਉਂ ਕਰਦਿਆਂ ਉਮਰਾ ਬੀਤ ਗਈ। ਅੰਤ ਵੇਲੇ ਸਿਵਾ ਹਾਂਡ, ਥਕਾਨ, ਅਕੇਵੇਂ ਤੇ ਉਦਾਸੀ ਦੇ ਕੁਝ ਨਾ ਪੱਲੇ ਪਿਆ। ਐਮਾਂ ਸੋਚਦੀ ਹੈ ਕਿ ਇਸ ਕੱਟੀ ਹੋਈ ਗੁਡੀ ਦੀ ਦਸ਼ਾ ਵਾਂਙੂ, ਜਿਸ ਵਿਚ ਜਗਤ ਗੁਆਚਦਾ ਹੈ, ਹੁਣ ਮੇਰਾ ਲਾਲ ਨਹੀਂ ਗੁਆਚੇਗਾ। ਇਸ ਨੂੰ ਇਕ ਨਿਸ਼ਾਨਾ, ਇਕ ਟਿਕਾਣਾ ਇਕ ਧ੍ਰਵਾ ਲੱਭ ਗਿਆ ਹੈ। ਇਉਂ ਸੋਚਦੀ ਤੇ ਸ਼ੁਕਰ ਕਰਦੀ ਨੇ ਬੱਚੇ ਨੂੰ ਉਠਾਇਆ। ਇਸ਼ਨਾਨ ਕਰਕੇ ਰਾਜਾ ਜੀ ਤਿਆਰ ਹੋਏ, ਬਸਤ੍ਰ ਸ਼ਸਤਰ ਲਗਾਏ ਤੇ ਵਜ਼ੀਰਾਂ ਨੂੰ ਨਾਲ ਲੈ ਕੇ ਗੁਰੂ ਦਰਬਾਰ ਅੱਪੜੇ। ਅੱਗੇ ਸ੍ਰੀ ਗੁਰੂ ਜੀ ਧਿਆਨ ਮਗਨ ਬਿਰਾਜ ਰਹੇ ਸੇ, ਐਉਂ ਜਾਪਦਾ ਸੀ ਕਿ ਧਿਆਨ ਨੇ ਆਪ ਮੂਰਤਿ ਧਾਰੀ ਹੈ। ਰਾਜਾ ਰਤਾ ਕੁ ਵਿੱਥ ਤੋਂ ਮੱਥਾ ਟੇਕਕੇ ਬੈਠ ਗਿਆ। ਰਾਗੀ ਸਿੰਘ ਇਸ ਵੇਲੇ ਰਾਮਕਲੀ ਦਾ ਮਿੱਠਾ ਮਿੱਠਾ ਅਲਾਪ ਕਰ ਰਹੇ ਸੇ, ਦੀਵਾਨ ਵਿਚ ਚੁਪ ਛਾ ਰਹੀ ਸੀ। ਅਲਾਪ ਬੀ ਡਾਢਾ ਮਿੱਠਾ ਤੇ ਬੈਠਵੀਂ ਲਯ ਦਾ ਸੀ, ਜੋੜੀ ਵਾਲਾ ਬੀ ਐਡੇ ਹੱਥ ਨਰਮ ਲਾਉਂਦਾ ਸੀ ਕਿ ਉਹ ਬੀ ਕੋਈ ਸਤਾਰ ਵਰਗਾ ਸਾਜ਼ ਵੱਜਦਾ ਮਲੂੰਮ ਦਿੰਦੀ ਸੀ, ਜੋੜੀ ਦੀ ਟੁੰਕਾਰ ਨਹੀਂ ਸੀ ਭਾਸਦੀ। ਰਾਗੀ ਸਿੰਘ ਰਸੀਏ ਸੇ : ਓਹ ਸਮਝ ਰਹੇ ਸੇ ਕਿ ਸਤਿਗੁਰ ਇਸ ਵੇਲੇ ਕਿਸ ਘਰ ਹਨ। ਉਹ ਬੀ ਆਪਣੇ ਸੰਗੀਤ ਨੂੰ ਅਤਿ ਕੋਮਲ ਰਸੀਲਾ ਤੇ ਮਧੁਰ ਬਣਾ ਰਹੇ ਸੇ। ਇੰਨਾ ਹੀਆ ਨਹੀਂ ਸੀ ਕਰਦੇ ਕਿ ਗਲੇ ਤੋਂ ਕੁਛ ਕਹਿਣ ਯਾ ਸਾਜ਼ਾਂ

ਨੂੰ ਰਤਾ ਤਿੱਖਾ ਕਰਨ। ਸਾਜ਼ਾਂ ਦਾ ਕੋਮਲ ਅਲਾਪ ਮਾਨੋਂ ਸੁਰਾਂ ਦਾ ਇਕ ਪਾਣੀਆਂ ਦੀਆਂ ਚੁਪ ਚਾਪ ਲਹਿਰਾਂ ਦਾ ਨਾਚ ਹੋ ਰਿਹਾ ਸੀ, ਜੋ ਕੰਨਾਂ ਤੇ ਪੈਕੇ ਆਪੇ ਨੂੰ ਆਪੇ ਦੇ ਦੇਸ਼ ਲੈ ਜਾ ਰਿਹਾ ਸੀ। ਜਿਤਨਾ ਚਿਰ ਸਤਿਗੁਰਾਂ ਨੈਣ ਨਹੀਂ ਖੁਹਲੇ, ਰਸੀਏ ਰਾਗੀ ਸਿੰਘਾਂ ਨੇ ਆਪਣੇ ਰਾਗ ਨੂੰ ਬੀ ਮਾਨੋਂ ਧਿਆਨ ਮਗਨਾਰ ਰਸਤੇ ਟੋਰੀ ਰੱਖਿਆ। ਜਿਵੇਂ ਉੱਚੇ ਪਰਬਤਾਂ ਉਤੇ ਰੂੰ ਦੇ ਗੋਹੜਿਆਂ ਵਾਂਗ ਬਰਫ਼ ਮਲਕੜੇ ਪੈਂਦੀ ਹੈ ਐਉਂ ਇਨ੍ਹਾਂ ਦਾ ਅਲਾਪ ਕੰਨਾਂ ਤੇ ਮਲਕੜੇ ਮਲਕੜੇ ਪੈਂਦਾ ਸੀ।

ਉਧਰ ਸੂਰਜ ਨੇ ਲਾਸ ਛੱਡੀ, ਇਧਰ ਸਤਿਗੁਰਾਂ ਦੇ ਨੈਣ ਖੁਹਲੇ, ਉਧਰ ਰਾਗੀ ਸਿੰਘਾਂ ਨੇ ਬੀ ਬਿਲਾਵਲ ਦੀ ਇਕ ਸੁਰ ਤਾਰ ਵਾਲੀ ਧਾਰਨਾਂ ਛੇੜ ਦਿੱਤੀ, ਇਧਰ ਸੰਗਤ ਦੇ ਬੀ ਨੈਣ ਖੁੱਲ੍ਹ ਗਏ। ਸਾਰੇ ਦੀਵਾਨ ਵਿਚ ਇਕ ਰਸ, ਇਕ ਪ੍ਰਭਾਵ ਅਚਰਜ ਬੱਝਵੇਂ ਰੰਗ ਦਾ ਛਾ ਰਿਹਾ ਸੀ ਕਿ ਹੁਣ ਇਕ ਹੋਰ ਆਨੰਦ ਹੁਲਾਰੇ ਵਾਲਾ ਸਰੂਰੀ ਰਸ ਛਾ ਗਿਆ। ਸਨੇ ਸਨੇ ਵਾਰ ਦਾ ਭੋਗ ਪਿਆ, ਦਿਨ ਬੀ ਹੁਣ ਵਧ ਆਯਾ।

ਅੱਜ ਦੀਵਾਨ ਇਕ ਘਾਸ ਵਾਲੇ ਖੁਲ੍ਹੇ ਮੈਦਾਨ ਵਿਚ ਸੀ। ਭੋਗ ਪੈਣ ਮਗਰੋਂ ਅਰਦਾਸੇ ਤੇ ਸੰਗਤਾਂ ਦੇ ਮੇਲ ਹੋ ਕੇ ਕੜਾਹ ਪ੍ਰਸ਼ਾਦ ਵਰਤ ਕੇ ਸ੍ਰੀ ਗੁਰੂ ਜੀ ਰਾਜੇ ਵਲ ਤੱਕੇ। ਰਾਜੇ ਦੇ ਤੁਹਫੇ ਹੁਣ ਮੰਗਵਾਏ ਗਏ; ਇਕ ਇਕ ਕਰਕੇ ਸਭ ਚੀਜ ਖੁੱਹਲੀ ਗਈ ਤੇ ਉਸ ਦੀ ਸਾਰੀ ਗੱਲ ਬਾਤ ਸਮਝਾਈ ਗਈ। ਜਿਵੇਂ ਪੰਜ ਕਲਾ ਸ਼ਸਤ੍ਰ ਜਦ ਖੁਹਲਿਆ ਤਾਂ ਰਾਜੇ ਨੇ ਉਸ ਦੇ ਪੰਜੇ ਰੂਪ ਖਦਲ ਬਦਲਕੇ ਦਿਖਲਾਏ। ਚੌਂਕੀ ਦੀ ਕਲਾ ਦਖਾ ਕੇ ਚਉਪੜ ਨਿਕਲਦਾ ਤੇ ਪੁਤਲੀਆਂ ਖੇਡਣ ਬੈਠ ਗਈਆਂ ਦਿਸ ਆਈਆਂ। ਹੋਰ ਕਲਾ ਦੱਬੀ ਤਾਂ ਉਹ ਬੈਠਣੇ ਦਾ ਤਖਤ ਬਣ ਗਿਆ। ਇਸ ਤਰ੍ਹਾਂ ਉਨ੍ਹਾਂ ਘੋੜਿਆਂ ਦੇ ਕਰਤਬ ਦਿਖਾਏ ਗਏ, ਫੇਰ ਹੋਰ ਸ਼ਸਤ੍ਰ ਤੇ ਜੰਗੀ ਸਾਮਾਨ। ਅੰਤ ਹਾਥੀ ਦੇ ਦਰਸ਼ਨ ਹੋਏ, ਉਸਨੇ ਸੁੰਡ ਵਿਚ ਮਿਸ਼ਾਲ ਫੜ ਕੇ ਰੋਸ਼ਨੀ ਕਰਨ ਦਾ ਕਰਤਬ ਦਸਿਆ, ਫੇਰ ਚਲਾਏ ਹੋਏ ਤੀਰ ਚੁਣ ਚੁਣ ਕੇ ਲੈ ਆਇਆ, ਫੇਰ ਚੌਰ ਸੁੰਡ ਵਿਚ ਲੈ ਕੇ ਹਾਥੀ ਨੇ ਝੁਲਾ ਦਿਖਾਇਆ। ਸਤਿਗੁਰਾਂ ਨੇ ਇਹ ਦੇਖਕੇ ਹਾਥੀ ਨੂੰ ਪਿਆਰ ਦਿੱਤਾ। ਇਸ ਵੇਲੇ ਹਾਥੀ ਨੇ ਸੁੰਡ ਨਾਲ ਜੁੱਤੀ ਚੁੱਕ ਕੇ ਸਤਿਗੁਰਾਂ ਦੇ ਅੱਗੇ ਕਰ ਦਿਤੀ। ਇਸ ਤਰਾਂ ਦੇ ਕਉਤਕ ਦੇਖ ਕੇ ਸਤਿਗੁਰਾਂ ਨੇ ਪ੍ਰਸੰਨ ਹੋ ਹਾਥੀ ਦਾ ਨਾਮ 'ਪ੍ਰਸਾਦੀ' ਧਰਿਆ। ਹੁਕਮ ਦਿੱਤਾ ਕਿ "ਇਸ ਨੂੰ ਗਜਸ਼ਾਲ ਵਿਚ ਲੈ ਜਾਓ ਤੇ ਇਕ ਖਾਸ ਮਹਾਵਤ ਇਸ ਦੀ ਸੇਵਾ ਤੇ ਲਾਇਆ ਜਾਵੇ ਜੋ ਰਾਜਾ ਜੀ ਦੇ ਮਹਾਵਤ ਤੋਂ ਇਸ ਦੀ ਜਾਚ ਸਿਖ ਲਵੇ।"

ਫਿਰ ਕ੍ਰਿਪਾਲ ਸਤਿਗੁਰ ਜੀ ਬੈਠ ਗਏ, ਦਾਸਾਂ ਨੇ ਸਭ ਵਸਤੁ ਸੰਭਾਲ ਲਈ ਤੇ ਕੁਛ ਏਕਾਂਤ ਹੋ ਗਈ।। ਇਸ ਵੇਲੇ ਨਿਜਾਨੰਦ ਵਿਚ ਕਿਤਨਾ ਚਿਰ ਸਤਿਗੁਰ ਬੈਠੇ ਰਹੇ। ਫੇਰ ਨੈਣ ਖੁਹਲੇ ਤੇ ਬੋਲੇ, "ਰਤਨਰਾਇ ! ਪਿਤਾ ਜੀ ਦੀ ਅਸੀਸ ਤੋਂ ਤੁਸੀਂ ਜਗਤ ਵਿਚ ਆਏ ਹੋ, ਤੁਸੀਂ ਆਪਣੇ ਪਿਛੇ ਵਿਚ ਸਿਖ ਹੋ, ਗੁਰ ਨਾਨਕ ਦੇ ਦਰੋਂ ਪਿਤਾ ਜੀ ਨੇ ਆਪ ਨੂੰ ਸੱਦ ਕੇ ਰਾਜਾ ਨੂੰ ਦਾਨ ਦਿੱਤਾ, ਹੁਣ ਫੇਰ ਸਿੱਖੀ ਨੂੰ ਪ੍ਰਾਪਤ ਹੁੰਦੇ ਹੋ" ਇਹ ਕਹਿਕੇ ਉਸ ਨੂੰ ਗੁਰਸਿੱਖੀ ਦਾ ਸੰਸਕਾਰ ਕੀਤਾ ਡਾਢੇ ਪਿਆਰ ਨਾਲ ਤੱਕੇ ਤੇ ਆਖਿਆ :-

"ਵਾਹਿਗੁਰੂ"

ਇਹ ਕਹਿਣਾ ਸੀ ਕਿ ਰਾਜਾ ਦੇ ਲੂੰਆਂ ਵਿਚੋਂ ਇਕ ਝਰਨਾਟ 'ਵਾਹਿਗੁਰੂ' ਦੀ ਨਿਕਲੀ। ਉਸ ਦੇ ਮਨ ਨਾਮ ਦਾ ਨਿਵਾਸ ਹੋਇਆ। ਰਾਜਾ ਨਾਮਧ੍ਰੀਕ—ਨਾਮ ਦੇ ਧਾਰਨ ਕਰਨ ਵਾਲਾ—ਹੋ ਗਿਆ।

ਨਾਮ ਤਾਂ ਰਾਜਾ ਜਾਣਦਾ ਸੀ। ਜਿਵੇਂ ਤੀਰ ਤਾਂ ਸਭ ਕੋਈ ਵੇਖਦਾ ਹੈ, ਹੱਥ ਵਿਚ ਫੜਿਆ ਕਿ ਭੱਥੇ ਵਿਚ ਪਿਆ, ਪਰ ਉਹ ਤੀਰ ਕਿਸੇ ਵਿਰਲੇ ਡਿੱਠਾ ਹੈ ਜੋ ਕਮਾਨ ਤੇ ਚੜ੍ਹ ਕੇ ਕਿਸੇ ਜ਼ੋਰਾਵਰ ਹੱਥ ਤੋਂ ਚਲਾਇਆ ਜਾ ਕੇ ਕਲੇਜੇ ਵਿਚ ਆ ਵੱਜੇ।

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ
ਜੁ ਬਾਹਿਆ ਏਕ॥ ਲਾਗਤ ਹੀ ਭੁਇ ਮਿਲਿ
ਗਇਆ ਪਰਿਆ ਕਲੇਜੇ ਛੇਕੁ॥੧੫੭॥ (ਸ: ਕਬੀਰ)

ਰਾਜਾ ਜਿਸ ਰੰਗ ਵਿਚ ਪਹਿਲੀ ਰਾਤ ਗਿਆ ਸੀ, ਜਿਸ ਰੰਗ ਵਿਚ ਉਸਦੀ ਸੋਨੇ ਵਰਗੀ ਸ਼ੁੱਧ ਬੁਧੀ ਵਾਲੀ ਮਾਤਾ ਨੇ ਉਸਨੂੰ ਪੰਘੂੜਾ ਝੁਟਵਾਇਆ ਸੀ, ਉਸ ਰੰਗ ਉੱਤੇ ਚੜ੍ਹ ਗਿਆ ਨਾਮ ਦਾ ਆਖਰੀ ਰੰਗ, ਨਾ ਕੇਵਲ ਨਾਮ ਹਿਰਦੇ ਵਿਚ ਬੈਠ ਗਿਆ, ਸਗੋਂ ਰਾਜਾ ਅੰਦਰ ਪ੍ਰਤੀਤ ਕਰਦਾ ਹੈ ਕਿ ਉਸ ਦੀ ਜੀਭ ਤੇ ਲੂੰ ਸਾਰੇ ਨਾਮ ਦੇ ਸੋਮੇ ਹੋ ਗਏ ਹਨ। ਅਸਮਾਨਾਂ ਵਲ, ਜ਼ਿਮੀਂ ਵਲ, ਬ੍ਰਿਛਾਂ ਵਲ

ਤੱਕਦਾ ਹੈ ਤਾਂ ਨਾਮ ਦੀਆਂ ਲਹਿਰਾਂ ਦੇ ਕਈ ਅਚਰਜ ਕਉਤਕ ਦਿੱਸਦੇ ਹਨ, ਸਾਰੇ ਮਾਨੋਂ ਨਾਮ ਸਿਮਰਣਹਾਰ ਜੀਭਾ ਹੋ ਰਹੇ ਹਨ :-

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ (ਜਪੁਜੀ-੩੨)

ਹਾਂ ਜੀ, ਇਹ ਦਸ਼ਾ ਹੋ ਗਈ। ਦੇਖੋ ਸਤਿਗੁਰ ਦਾਤੇ ਨੇ ਮਿਹਰ ਕੀਤੀ। 'ਨਾਨਕ ਲੇਖੈ ਇਕ ਗਲ' ਦੱਸ ਦਿੱਤੀ।

"ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥" (ਜਪੁਜੀ)

ਹੁਣ ਰਾਜੇ ਨੂੰ 'ਸੋ' ਨਾ ਵਿਸਰੇਗਾ!

ਰਾਜਾ ਦੇ ਮਨ ਵਿਚ ਹੁਣ ਇਕ ਟੇਕ ਟਿਕ ਗਈ ਤੇ ਇਕ ਉਚਿਆਈ ਆ ਗਈ। ਉਨਮਨ ਹੋ ਗਿਆ। ਜਾਗ੍ਰਤ ਜੋ ਆਈ ਸੀ, ਉਸ ਵਿਚ ਇਕ ਰਸ ਭਰ ਗਿਆ। ਮਨ ਵਿਚ ਸੁਆਦ, ਜੀਭ ਤੇ ਸੁਆਦ, ਲੂੰ ਲੂੰ ਵਿਚ ਸੁਆਦ-ਇਹ ਸੀ ਪੂਰੇ ਤੀਰੰਦਾਜ਼ ਦੇ ਧਨੁਖ ਦਾ ਚਲਿਆ ਤੀਰ :--

ਵਹਿਗੁਰੂ ਨਿਜ ਮੰਤ੍ਰ ਦ੍ਰਿੜਾਇਓ।
ਭੋਗ ਮੋਖਦਾ ਭਲੇ ਬਤਾਇਓ। (ਸੂ: ਪ੍ਰ:)

ਹੁਣ ਰਾਜਾ ਰਹਿ ਪਿਆ ਆਨੰਦ ਪੁਰ। ਆਇਆ ਸੀ ਆਨੰਦਪੁਰ, ਪਰ ਆਨੰਦ ਹੁਣ ਉਸਦੇ ਅੰਦਰ ਲੰਘ ਗਿਆ ਨਾਮ ਰਸ ਹੋਕੇ। ਸਰੀਰ ਤੇ ਮਨ ਵਿਚ ਇਕ ਹੋਰ ਤਾਕਤ ਫਿਰ ਆਈ, ਚੜ੍ਹਦੀਆਂ ਕਲਾਂ ਦਾ ਰੰਗ ਜੰਮ ਗਿਆ ਆਨੰਦ ਮਈ :-

"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥" (ਅਨੰਦ)

ਇਹ ਸਤਿਗੁਰੂ ਨੂੰ ਪਾ ਲੈਣ ਤੇ ਨਾਮ ਪ੍ਰਾਪਤ ਹੋਣ ਦਾ ਲੱਛਣ ਹੈ।

ਆਖਦੇ ਹਨ ਕਿ ਰਾਜਾ ਦੀਪਮਾਲਾ ਤੇ ਆਨੰਦਪੁਰ ਅੱਪੜਿਆ ਸੀ ਤੇ ਪੰਜ ਮਹੀਨੇ ਇੱਥੇ ਰਿਹਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਸੁਣਨੀ, ਪ੍ਰਸ਼ਾਦਿ ਛਕ ਆਰਾਮ ਕਰਕੇ ਕਈ ਵੇਰ ਸੁਰਣਮਤੀ ਦੇ ਨਾਲ ਮਹਿਲਾਂ ਵਿਖੇ ਜਾ ਸਤਿਗੁਰੂ ਜੀ ਦੇ ਦਰਸ਼ਨ ਕਰਨੇ ! ਬ੍ਰਿਧ ਮਾਤਾ ਗੁਜਰੀ ਜੀ ਦੇ ਪਵਿਤ੍ਰ ਵਾਕ ਸੁਣਨੇ। ਜਦੋਂ ਸਤਿਗੁਰੂ ਜੀ ਸ਼ਿਕਾਰ ਖੇਡਣ ਜਾਣ ਤਾਂ ਰਾਜੇ ਨੂੰ ਨਾਲ ਲੈ ਜਾਣ, ਕਈ ਵੇਰ ਜੰਗਲਾਂ ਵਿਚ ਹਾਥੀ ਦੇ ਕਰਤਬਾਂ ਦੇ ਖੇਲ ਤਮਾਸ਼ੇ ਹੋਣ, ਸ੍ਰੀ ਗੁਰੂ ਜੀ ਤੇ ਰਾਜਾ ਦੋਵੇਂ ਜੁਬਾ ਅਵਸਥਾ ਵਿਚ ਸੇ ਤੇ ਰਾਜ ਸਾਜ ਬਹਾਦਰੀ ਦੇ ਸਾਮਾਨ ਦੁਵੱਲੀ ਸੇ ਸੋ ਪੰਜ ਮਹੀਨੇ ਪਰਸਪਰ ਬੜਾ ਆਨੰਦ ਖਣਿਆ ਰਿਹਾ। ਕਈ ਵੇਰ ਸਤਲੁਜ ਵਿਚ ਇਸ਼ਨਾਨ ਕੱਠੇ ਗਏ ਤੇ ਜਲ ਦੀਆਂ ਤਾਰੀਆਂ ਤੇ ਸਾਰੀਆਂ ਖੇਡਾਂ ਵਿਚ ਲੱਗੇ ਰਹੇ; ਕਦੇ ਦੂਰ ਦੂਰ ਪੈਦਲ ਸ਼ਿਕਾਰ ਦੇ ਮਗਰ, ਕਦੇ ਪ੍ਰਸਾਦੀ ਹਾਥੀ ਤੇ ਸੈਰਾਂ। ਪਰ ਇਕ ਬੜੀ ਭਾਰੀ ਖੁਸ਼ੀ ਰਹੀ, ਜਿਉਂ ਜਿਉਂ ਸਤਿਗੁਰ ਨੇ ਪਿਆਰ ਕੀਤਾ, ਜਿਉਂ ਜਿਉਂ ਰਾਜੇ ਨਾਲ ਖੁੱਲ੍ਹੇ ਵ੍ਰਤੇ ਤੇ ਉਮ ਨਾਲ ਬਰੱਬਰੀ ਦਾ ਵਰਤਾਉ ਕੀਤਾ--ਮਾਨੋ ਸਿਖ ਨਹੀਂ, ਪਰ ਸਖਾ ਹੈ ਤੇ ਬਾਲ ਸਖਾਈ ਮਿਤ੍ਰ ਹੈ--ਤਿਵੇਂ ਤਿਵੇਂ ਰਾਜੇ ਦਾ ਭਾਉ, ਪ੍ਰੇਮ ਤੇ ਅਦਬ ਵਧਿਆ। ਆਦਮੀ ਦੇ ਮਨ ਦਾ ਕੁਦਰਤੀ ਖਾਸਾ ਇਹ ਹੈ ਕਿ ਜਿਉਂ ਜਿਉਂ ਉਸਨੂੰ ਖਰੋਖਰੀ ਦਾ ਪਿਆਰ ਮਿਲੇ, ਜਿਉਂ ਜਿਉਂ ਖੁੱਲ੍ਹ ਮਿਲੇ, ਤਿਉਂ ਤਿਉਂ ਮਨ ਅਦਬ ਲਿਹਾਜ਼ ਵਿਚ ਘਟਦਾ ਹੈ, ਨਾਵਾਜਬ ਲਾਭ ਉਠਾਉਂਦਾ ਹੌਲੇ ਹੌਲੇ ਐਨਾਂ ਸਿਰੇ ਚੜ੍ਹਦਾ ਹੈ ਕਿ ਸੰਭਾਲਣਾ ਕਠਨ ਹੋ ਜਾਂਦਾ ਹੈ, ਪਰ ਕੋਈ ਵਿਰਲਾ ਸੁਪਾਤ੍ਰ ਐਸਾ ਹੁੰਦਾ ਹੈ ਕਿ ਜਿਉਂ ਜਿਉਂ ਪਿਆਰ ਮਿਲੇ, ਤਿਉਂ ਤਿਉਂ ਕਦਰ ਤੇ ਅਦਬ ਵਿਚ ਵਧੇ। ਪਿਆਰ ਉਨ੍ਹਾਂ ਦੇ ਅੰਦਰ ਪਿਆਰ ਤੇ ਕਦਰ ਉਤਪਤ ਕਰਦਾ ਹੈ। ਕੁਪਾਤ੍ਰਾਂ ਦੇ ਅੰਦਰ ਪਿਆਰ ਨਿਜ ਦੇ ਲਾਭ ਦਾ ਭਾਵ ਪੈਦਾ ਕਰਦਾ ਹੈ, ਅੰਦਰ ਤ੍ਰਿਸ਼ਨਾਂ ਦੀ ਜਲਨ ਜੋ ਹੋਈ। ਪਰ ਸੁਪਾਤ੍ਰ ਦੇ ਅੰਦਰ ਪ੍ਰੇਮ ਹੁੰਦਾ ਹੈ, ਉਹ ਆਖਦਾ ਹੈ, 'ਹੈਂ! ਮੇਰੇ ਜਿਹੇ ਮਾੜੇ ਨਾਲ ਐਨਾਂ ਪਿਆਰ ਹੁੰਦਾ ਹੈ?' ਉਹ ਇਹ ਸੋਚਕੇ ਕਦਰ ਕਰਦਾ ਹੈ ਤੇ ਅਦਬ ਵਿਚ ਵਧਦਾ ਹੈ। ਇਹੋ ਕਾਰਣ ਹੈ ਕਿ ਦਾਤੇ ਲੋਕ, ਜਿੰਨਾਂ ਕੋਈ ਪਿਆਰ ਕਰੇ ਉੱਨਾ ਲਾਭ ਦਾਨ ਕਰਦੇ ਹਨ। ਆਪੂੰ ਡੁੱਲ੍ਹਵਾਂ ਪਿਆਰ ਸੁਪਾਤ੍ਰ ਬਿਨਾਂ ਨਹੀਂ ਕਰਦੇ। ਸੁਪਾਤ੍ਰ ਪਿਆਰ ਨੂੰ ਜਰਦਾ ਹੈ, ਕੁਪਾਤ੍ਰ ਬਹੁਤੇ ਪਿਆਰ ਨਾਲ ਵਿਗੜਦਾ ਹੈ।

ਸੁਵਰਣਮਤੀ ਨੂੰ ਜਿਉਂ ਜਿਉਂ ਪੁਤ੍ਰ ਨਾਲ ਸਤਿਗੁਰ ਦਾ ਪ੍ਰੇਮ ਵਧਦਾ ਦਿੱਸੇ ਤੇ ਵਰਤਾਉ ਸਖਿਆਂ ਵਾਂਙੂ ਖੁੱਲ੍ਹ ਦਾ ਹੁੰਦਾ ਨਜ਼ਰੀਂ ਪਵੇ ਉਹ ਦਿਲਗੀਰ ਹੋ ਹੋ ਜਾਵੇ ਤੇ ਅਰਦਾਸਾਂ ਕਰੇ : 'ਹੇ ਦਾਤਾ ! ਅਸੀਂ ਤੇਰੇ ਪਿਆਰ ਦੀ ਸਾਰ ਤੋਂ ਅਣਜਾਣ ਹਾਂ, ਇਤਨੇ ਪਿਆਰ

ਦੇ ਲਾਯਕ ਨਹੀਂ ਹਾਂ, ਉੱਨਾਂ ਦੇਹ ਜਿੰਨਾਂ ਪਚਾ ਸਕੀਏ, ਉੱਨਾਂ ਨਾ ਦੇਹ ਕਿ ਅਸੀਂ ਜਰ ਨਾ ਸਕੀਏ। ਪਰ ਸਤਿਗੁਰ ਪਾਤ੍ਰ ਕੁਪਾਤ੍ਰ ਪਛਾਣਦਾ ਹੈ। ਮਾਈ ਦੀ ਜਰਣ ਸ਼ਕਤੀ ਤੇ ਰਾਜਾ ਦੀ ਜੀਉਰਣ ਸਤਜਾ ਨੂੰ ਜਾਣਦਾ ਹੈ, ਤਾਂ ਹੀ ਤ੍ਰੁੱਠਦਾ ਪਿਆ ਹੈ। ਦੋਹਾਂ ਨੇ ਝਾਲ ਝੱਲੀ ਤੇ ਮਿਹਰ ਜਰੀ।

ਹੁਣ ਤੁਰਨ ਦਾ ਸਮਾਂ ਆਇਆ, ਕਈ ਵੇਰ ਤਿਆਰੀ ਕਰਕੇ ਦਿਨ ਮਿਥ ਕੇ ਵੇਲੇ ਸਿਰ ਰਾਜਾ ਦੇ ਮਨ ਨੂੰ ਐਸੀ ਖਿੱਚ ਪਵੇ ਕਿ ਟੁਰਨ ਦੀ ਤਾਰੀਖ਼ ਬਦਲ ਦੇਵੇ।

ਅਧਿਕ ਪ੍ਰੇਮ ਤੇ ਨ੍ਰਿਪ ਨਹਿੰ ਚਹੈ।
ਹੁਇ ਕਰ ਤਿਆਰੀ ਬਹੁਰ ਪੁਨ ਰਹੈ (ਸੂ: ਪ੍ਰ:)

ਹਾਂ, ਕਈ ਵੇਰ ਤਿਆਰੀ ਹੋਈ ਤੇ ਸਤਿਗੁਰ ਨੇ ਬੀ ਆਪਣੀਆਂ ਪ੍ਰੇਮ ਤਣਾਵਾਂ ਨਾਲ ਤੇ ਮੁਖਾਂਰਬਿੰਦ ਦੇ ਰਸੀਲੇ ਬਚਨਾਂ ਨਾਲ ਅਟਕਾ ਲਿਆ ਕਿ ਚਲੋ ਦਸ ਦਿਨ ਹੋਰ ਠਹਿਰੋ, ਅਜ ਕੀਹ ਜਾਣਾ ਹੈ। ਸੋ ਕਦੇ ਸਤਿਗੁਰ ਦੀ ਮਿਹਰ ਤੇ ਕਦੇ ਆਪਣੇ ਪ੍ਰੇਮ ਨੇ ਰਾਜਾ ਨੂੰ ਤੁਰਨੋਂ ਅਟਕਾਇਆ, ਪਰ ਪੰਜ ਮਹੀਨੇ ਬਾਦ ਓੜਕ ਟੁਰਨਾਂ ਬਿਦ ਗਿਆ। ਜੋਗ ਸੰਨਿਆਸ ਨਹੀਂ ਸੀ ਕਿ ਰਾਜ ਭਾਗ ਤੋਂ ਕੱਟੀ ਗੁੱਡੀ ਵਾਂਗ ਕੱਟਿਆ ਜਾ ਕੇ ਹੇਠਾਂ ਕਿਤੇ ਤਪਾਂ ਵਿਚ ਪਿਆ ਤੱਪਦਾ। ਮਾਰਗ ਪ੍ਰੇਮ ਦਾ ਹੈ, ਭਗਤੀ ਦਾ ਹੈ, ਵਾਹਿਗੁਰੂ ਨਾਲ ਨਿਹੁੰ ਦੀ ਰੀਢ ਪੱਕੇ, ਨਿਹੁੰ ਲਗਾਤਾਰੀ ਹੋਵੇ, ਗਾਫਲ ਤਾਈ, ਭੁੱਲ, ਵਿਸਰੇਵਾਂ ਨਾ ਪਵੇ। ਫੇਰ ਕੀਹ ਤਜਾਗ ਤੇ ਕੀ ਗ੍ਰਿਹਸਤ, ਕੀ ਘਰ ਤੇ ਕੀ ਬਾਹਰ, ਕੀਹ ਰਾਜ ਗੱਦੀ ਤੇ ਕੀਹ ਬਨ ਦਾ ਮੱਠ, ਕੀਹ ਮਾਯਾ ਵਿਚ ਲੇਟਣਾ ਤੇ ਕੀਹ ਟੁੱਕਰ ਮੰਗ ਖਾਣੇ, ਸਭ ਦਸ਼ਾ ਹਨ ਸਰੀਰ ਦੀਆਂ, ਤੇ ਕਉਤਕ ਹਨ ਪਰਾਰਬਧ ਦੇ। ਗਉਣ ਗੱਲਾਂ ਹਨ ਸਾਰੀਆਂ, ਮੁੱਖ ਗੱਲ ਹੈ ਸਾਂਈਂ ਨਾਲ ਨਿਹੁੰ, ਰੱਬ ਨਾਲ ਜੋੜ, ਮਨ ਦਾ ਰੁਖ਼ ਉਸ ਜਗਤ ਦੇ ਕੇਂਦ੍ਰ; ਜਗਤ ਦੇ ਆਧਾਰ ਜਗਤ ਦੇ ਮੂਲ ਨਾਲ ਹਰ ਵੇਲੇ ਮੇਲ ਦਾ ਰਹਿਣਾ, ਸਦਾ ਉਸਦੀ ਛੁਹ ਵਿਚ ਵੱਸਣਾ, ਜਿਸ ਦੀ ਛੁਹ ਤੋਂ ਛੁਟੇ, ਜਿਸ ਦੇ ਸਨਬੰਧ ਤੋਂ ਵਿਛੁੜੇ ਅਸੀਂ ਸੋਮੇ ਤੋਂ ਵਿਛੁੜੇ ਜਲ ਦੇ ਛੱਪੜ ਵਾਂਗੂ ਤ੍ਰੁੱਕ ਉਠਦੇ ਹਾਂ, ਸਦਾ ਰਹਿਣਾ ਉਸਦੀ ਚਰਣ ਸ਼ਰਣ, ਜਿਸ ਤੋਂ ਵਿੱਖ ਤੇ ਰਹਿਣਾ ਸਾਡੀ ਆਤਮਕ ਮੌਤ ਹੈ।

"ਤੇ ਨਰ ਕਾਲ ਫਾਸ ਤੇ ਬਾਚੇ
ਜੋ ਹਰਿ ਸਰਣ ਸਿਧਾਏ॥" (ਪਾ: ੧੦)

ਹਰੀ (ਵਾਹਿਗੁਰੂ) ਦੇ ਅੰਦਰਲੇ ਲਗਾਤਾਰੀ ਲਗਾਉ ਲੱਗੇ ਤੋਂ ਬਿਨਾਂ ਮਨ 'ਮਨ ਦੇ ਮੰਡਲ' ਵਿਚ ਹੈ ਤੇ 'ਦੁਖ' ਇਸ ਦਾ ਫਿਰ ਭੋਗ ਹਨ ਯਾ ਦੁਖ ਇਸ ਨੂੰ ਭੋਗਦੇ ਹਨ, ਕਿਉਂਕਿ ਮਨ ਦੀ ਆਪਣੀ ਸੱਤਜਾ ਥੋੜ੍ਹੀ ਹੈ। ਅੰਦਰੋਂ ਲਗਨ ਲਗੀ ਰਹੇ ਮੂਲ ਨਾਲ; ਤਦ ਸੱਤਜਾ ਰਹਿੰਦੀ ਹੈ ਅੰਦਰ 'ਸਰਬ ਸਮਰੱਥ' ਦੀ ਉਹ ਦੁਖਾਂ ਦੇ ਨਾਸ਼ ਕਰਨ ਨੂੰ ਹੈ ਸਮਰੱਥ, ਤਾਂ ਹੀ ਫੁਰਮਾਯਾ ਹੈ :-

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ
ਵਿਸਾਰਣਾ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ
ਸਭਿ ਸਵਾਰਣਾ॥ ਸਭਨਾ ਗਲਾ ਸਮਰਥੁ
ਸੁਆਮੀ ਸੋ ਕਿਉ ਮਨਹੁ ਵਿਸਾਰੇ॥ (ਅਨੰਦ)

ਹਾਂ ਭਾਈ ਸਭਨਾਂ ਗੱਲਾਂ ਵਿਚ ਸਮਰੱਥ ਨੂੰ ਕਿਉਂ ਤੂੰ ਮਨੋਂ ਵਿਸਾਰੇਂ ? ਜੇ ਤੂੰ ਨਾ ਵਿਸਾਰੇਂ ਤੇ ਸਦਾ ਅੰਦਰੋਂ ਉਸਦੇ ਨਾਲ ਲਗਾ ਰਹੇਂ ਤਾਂ ਓਹ ਤੇਰੇ ਦੁਖ ਦੂਰ ਕਰੇਗਾ, ਕਿਉਂਕਿ ਇਕ ਤਾਂ ਉਸਦਾ ਬਿਰਦ ਹੈ ਕਿ ਆਪਣੇ ਨਾਲ ਲੱਗਿਆਂ ਦਾ ਅੰਗੀਕਾਰ ਕਰਦਾ ਹੈ, ਸ਼ਰਨਪਾਲ ਹੈ, ਪ੍ਰਤਿਪਾਲ ਹੈ। ਦੂਸਰੇ ਉਸ ਦਾ ਸੁਭਾਵ ਹੈ ਦੁਖ ਦੂਰ ਕਰਨੇ, ਉਹ ਆਪ ਹੈ ਸੁਖਾਂ ਦਾ ਮਾਨੋਂ ਅੱਗ ਦਾ ਅਲਾਂਬਾ, ਸੋ ਜਿਵੇਂ ਅੱਗ ਦੇ ਨੇੜੇ ਗਿਆਂ ਸੀਤ, ਪਾਲਾ, ਕਾਂਬਾ ਦੂਰ ਕਰਨਾ ਅੱਗ ਦਾ ਸੁਭਾਉ ਹੈ ਤਿਵੇਂ ਉਸਦਾ ਸੁਭਾਉ ਹੈ ਦੁਖ ਦਾ ਪਾਲਾ ਦੂਰ ਕਰ ਦੇਣਾ। ਤੀਸਰੇ ਉਹ ਸਰਬ ਸਮਰੱਥ ਹੈ, ਜੋ ਮੰਗੋ ਸੋ ਦੇਣ ਦੀ ਸੱਤਜਾ, ਤਾਕਤ, ਬਲ ਰਖਦਾ ਹੈ, ਜੋ ਚਾਹੋ ਉਸ ਦੇ ਵੱਸ ਵਿਚ ਹੈ। ਚੌਥੇ : ਜੇਹੀ ਸੰਗਤ ਕਰੋ ਤੇਹਾ ਫਲ ਲਗਦਾ ਹੈ। ਸਾਂਈਂ ਸਰਬ ਸਮਰੱਥ ਹੈ, ਤੁਹਾਡਾ ਮਨ ਉਸ ਨਾਲ ਲੱਗਾ ਸਮਰੱਥਾ ਵਾਲਾ ਹੋ ਜਾਵੇਗਾ। ਤਾਂਤੇ-

'ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥'

ਸੋ ਰਾਜਾ ਨੂੰ ਇਹ 'ਸਦਾ ਰਹੁ ਹਰਿ ਨਾਲੇ' ਦੀ ਦਾਤ ਪ੍ਰਾਪਤ ਹੋ ਗਈ ਹੈ। ਉਸ ਦੇ ਮਨ ਦੀ ਦਸ਼ਾ ਯਾ ਅਵਸਥਾ ਹੁਣ ਸਰਬ ਸਮਰੱਥਾ ਵਾਲੇ ਨਾਲ ਲਗੇ ਰਹਿਣ ਵਾਲੀ ਹੋ ਗਈ ਹੈ। ਰਾਜ ਵਿਚ ਰਹੇ ਕਿ ਦਰ ਦਰ ਮੰਗੇ, ਉਸ ਲਈ ਕੋਈ ਗੱਲ ਵਿਸ਼ੇਸ਼ਤਾ

ਨਹੀਂ ਰੱਖਦੀ। ਰਾਜ ਛੱਡਕੇ ਮੰਗਤੇ ਬਣਨਾ ਜਗਤ ਵਿਚ ਅਚਰਜ ਪੈਦਾ ਕਰਗਾ; ਪਰ ਉਸਨੂੰ ਲਾਭ ਨਹੀਂ ਉਸਨੂੰ ਮਹਾਂ ਪਵਿੱਤ੍ਰ ਤੇ ਪ੍ਰਯੋਜਨੀਯ ਹਾਲਤ 'ਸਦਾ ਰਹੁ ਹਰਿ ਨਾਲੇ' ਦੀ ਲੱਭ ਚੁਕੀ ਹੈ। ਇਹੋ ਸੀ ਗੱਲ ਇਹੋ ਸੀ ਲੋੜ, ਇਹੋ ਸੀ ਮਨੁੱਖਾ ਜੀਵਨ ਦਾ ਸੁਫਲ। ਜਦ ਸੁਫਲ ਲੱਭ ਗਿਆ ਹੈ ਤਾਂ ਹੁਣ ਨਿਰਬਾਹ ਸਰੀਰ ਦਾ ਬਾਕੀ ਹੈ ਕਿਉਂ ਨਾ ਹੁਣ ਨਿਰਬਾਹ ਕਰੋ, ਜਿੱਥੇ ਸਾਂਈਂ ਨੇ ਰਖਿਆ ਹੈ, ਕਿਉਂ ਨਾ ਰਹੋ ਇਸ ਹਾਲਤ ਵਿਚ-੧. ਨਾਨਕ ਨਾਮ ੨. ਚੜ੍ਹਦੀ ਕਲਾ ੩. ਤੇਰੇ ਭਾਣੇ ਸਰਬੱਤ ਦਾ ਭਲਾ।

ਨਾਮ ਪ੍ਰਾਪਤ ਹੋ ਚੁੱਕਾ ਹੈ, 'ਸਦਾ ਰਹੁ ਹਰਿਨਾਲੇ' ਹੋ ਚੁੱਕਾ ਹੈ, ਜੋ ਜੀਵ ਦਾ ਸਾਈਂ ਨਾਲ ਸਨਬੰਧ ਹੈ ਉਹ ਲੱਭ ਗਿਆ ਹੈ। ਇਕ ਗੱਲ ਮੁੱਕੀ-'ਨਾਨਕ 'ਨਾਮ'। ਹੁਣ ਨਾਮ ਕਰਕੇ, ਮਨ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ, ਇਹ ਹਾਲਤ ਆਪੇ ਦੇ ਸੰਵਰਣ ਦੀ ਹੋ ਗਈ; ਇਹ ਮੁੱਕਾ ਦੂਸਰਾ ਕੰਮ-'ਚੜ੍ਹਦੀ ਕਲਾ।' ਹੁਣ ਸਾਂਈਂ ਚਿੱਤ ਹੈ ਤੇ ਚਿੱਤ ਚੜ੍ਹਦੀ ਕਲਾ ਵਿਚ ਹੈ, ਉਹ ਜੇ ਲੋਕਾਂ ਵਲ ਤੱਕੂ ਤਾਂ ਚਿਤਵੂ 'ਸਰਬੱਤ ਦਾ ਭਲਾ', ਇਹ ਹੋ ਗਿਆ ਤੀਸਰਾ ਕੰਮ।

'ਰੱਬ ਨਾਲ' 'ਆਪੇ ਨਾਲ' 'ਜਗਤ ਨਾਲ' ਤ੍ਰੈ ਹੀ ਮਨੁੱਖ ਦੇ ਸਨਬੰਧ ਹਨ, ਚੌਥਾ ਕੋਈ ਨਹੀਂ।

੧. ਸਾਂਈਂ ਨਾਲ ਹੋ ਗਿਆ 'ਸਦਾ ਰਹੁ ਹਰਿ ਨਾਲੇ' ਦਾ ਸਨਬੰਧ; ੨. ਆਪਾ ਗਿਆ 'ਚੜ੍ਹਦੀਆਂ ਕਲਾਂ' ਵਿਚ, ੩. ਜਗਤ ਦਾ ਚਿਤਵਦਾ ਹੈ 'ਸਦਾ ਭਲਾ'। ਜੋ ਸਭ ਦਾ ਭਲਾ ਚਿਤਵੇਗਾ ਉਹ ਕਰੇਗਾ ਬੀ, ਕਰੇਗਾ ਪਰ ਉਸਦੇ ਭਾਣੇ ਵਿਚ, ਹੁਕਮ ਵਿਚ ਰਹਿਕੇ। ਮਨੁੱਖ ਜਨਮ ਸਫਲ ਹੋ ਗਿਆ। ਸੋ ਰਾਜਾ ਹੁਣ ਕਿਉਂ ਕੰਨ ਪੜਾਵੇ ? ਕਿਉਂ ਰੁਲੇ ਦਰ ਦਰ ? ਸਰਬੱਤ ਦਾ ਭਲਾ ਕਰੇ ਤਖਤ ਉਤੇ ਬੈਠਕੇ। ਆਪਣੇ ਨਿਰਲੋਭ ਤੇ ਜਾਗੇ ਮਨ ਨਾਲ ਰਾਜ ਕਰੇ ਜੋ ਪਰਜਾ ਸੁਖੀ ਵੱਸੇ। ਕੰਮ ਕਠਨ ਹੈ ਪਰ ਜਦ ਅੰਦਰ ਜਾਗ ਪਿਆ ਹੈ ਤਾਂ ਤ੍ਰੈਏ ਕੰਮ ਕਰਨੇ ਹਨ, ਦੋ ਤਾਂ ਨਾਲ ਨਾਲ ਹੋ ਰਹੇ ਹਨ, ਤੀਸਰਾ ਕਰੇ ਰਾਜਗੱਦੀ ਤੇ ਬੈਠਕੇ।

ਰਾਜੇ ਨੇ ਹੁਣ ਆਪਣੇ ਦੇਸ਼ ਜਾਣਾ ਹੈ, ਇਹ ਸਤਿਗੁਰ ਦੀ ਸਿੱਖਜਾ ਹੈ। ਇਹੋ ਸਿੱਖੀ ਮਾਰਗ ਹੈ ਕਿ "ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ।।" (ਮਾਰੂ ਸੋਲ ਮਹਲਾ ੪)

ਅੰਤ ਟੁਰਨ ਦਾ ਦਿਨ ਆਇਆ। ਮਾਂ ਤੇ ਪੁਤ ਪਹਿਲਾਂ ਮਹਿਲਾਂ ਵਿਚ ਗਏ। ਮਾਤਾ ਗੁਜਰੀ ਜੀ ਦੇ ਚਰਣ ਪਰਸੇ, ਉਨ੍ਹਾਂ ਨੇ ਡਾਢੇ ਸਤਿਕਾਰ ਤੇ ਅੰਦਰਲੀ ਮਿਹਰ ਨਾਲ ਵਿਦਾ ਕੀਤਾ। ਫੇਰ ਮਿਲੇ ਸ੍ਰੀ ਸਤਿਗੁਰੂ ਜੀ ਨੂੰ ਤੇ ਚਰਣਾਂ ਨੂੰ ਹੰਝੂਆਂ ਨਾਲ ਧੋ ਧੋ ਕੇ ਆਪਾ ਸਫਲ ਕੀਤਾ। ਹਾਥੀ ਘੋੜੇ ਪੇਸ਼ ਕਰਨ ਦੀ ਥਾਂ ਆਪਾ ਅਰਪਣਾ ਸੀ, ਓਹ ਬੀ ਹੋ ਚੁੱਕਾ ਹੈ। ਹੁਣ ਏਹ ਖਾਰੇ ਪਾਣੀ ਦੇ ਟੇਪੇ ਹਨ; ਜੋ ਆਪਾ ਅੰਦਰੋਂ ਰੂਪ ਧਾਰ ਧਾਰ ਕੇ ਬਾਹਰ ਆਉਂਦਾ ਤੇ ਦਿੱਸ ਦਿੱਸ ਕੇ ਭੇਟ ਹੋ ਰਿਹਾ ਹੈ। ਹਾਂ, ਇਹੀ ਇਕ ਭੇਟ ਹੈ, ਜੋ ਆਪੇ ਪਈ ਭੇਟ ਹੁੰਦੀ ਹੈ। ਐਉਂ ਵਿਦਾ ਹੋਏ ਸਤਿਗੁਰ ਜੀ ਤੋਂ ਸਤਿਗੁਰ ਦੇ ਘਰੋਂ।

ਫੇਰ ਟੁਰਨ ਦੇ ਵੇਲੇ ਦੀਵਾਨ ਵਿਚ ਹਾਜ਼ਰ ਹੋਏ, ਓਹੋ ਵੈਰਾਗ, ਓਹੋ ਪ੍ਰੇਮ। ਸਤਿਗੁਰ ਰਾਜਾ ਨੂੰ ਗਲ ਲਾ ਲਾ ਕੇ ਪਿਆਰ ਦੇ ਦੇ ਮਿਲੇ। ਮਾਮਾ ਜੀ ਨੇ ਕੁਛ ਦੁਸ਼ਾਲੇ ਕੁਛ ਜ਼ਰੀ ਦੇ ਸਾਮਾਨ ਤੇ ਸਸ਼ਤ੍ਰ ਪ੍ਰਸਾਦ ਲਿਆ ਕੇ ਅੱਗੇ ਧਰੇ ਜੋ ਸਤਿਗੁਰ ਜੀ ਨੇ ਬਖਸ਼ ਕੇ ਨਿਹਾਲ ਕੀਤਾ। ਇਕ ਨਿਤਨੇਮ ਦਾ ਗੁਟਕਾ ਬਖਸ਼ਿਆ। ਆਪਣੇ ਦਸਤੂਰ ਤੇ ਤਰੀਕਿਆਂ ਦੇ ਉਲਟ ਗੁਰੂ ਜੀ ਰਾਜਾ ਨੂੰ ਵਿਦਾ ਕਰਨ ਵੇਲੇ ਪਿਆਰ ਦੀ ਬੇਸੁਧੀ ਵਿਚ ਕੁਛ ਕਦਮ ਟੁਰੇ, ਪਰ ਰਾਜਾ ਨੇ ਚਰਣ ਫੜ ਲਏ ਤੇ ਬਿਨੈ ਕੀਤੀ:-

ਸਭਿ ਬਿਧਿ ਤੇ ਮੁਝ ਕਿਯੋ ਨਿਹਾਲ।
ਹਲਤ ਭਲੇ, ਲਿਹੁ ਪਲਤ ਸੰਭਾਲ। (ਸੂ:ਪ੍ਰ:)

ਇਹ ਕਹਿਕੇ ਅਗੋਂ :-

ਕਹਯੋ ਨ ਜਾਇ ਗਰੋ ਭਰਿ ਗਯੋ। ਚਰਨ
ਕਮਲ ਪਰ ਸਿਰ ਧਰਿ ਦਯੋ। 'ਦ੍ਰਿਗ-ਜਲ'
ਸੰਗ ਪਖਾਰਨ ਕਰੇ। ਗੁਰ ਧੀਰਜ ਦੀਨਸਿ
ਮੁਦ ਭਰੇ। 'ਭਗਤ' 'ਗਜਾਨ' 'ਗੁਰ ਸਿੱਖੀ'
ਸਾਥ। ਬਖਸ਼ਿਸ਼ ਕਰੀ ਤਬਹਿ ਗੁਰ ਨਾਥ।
ਜਨਨੀ ਸਹਤ ਸਚਿਵ ਗਨ ਸਭੈ। ਕਰਿ ਕਰਿ
ਨਮੋ ਪਿਆਨੇ ਤਬੈ। ਨੀਠ ਨੀਠ ਕਰ ਬਿਛਰਯੋ
ਰਾਜਾ। ਚਢਿ ਕਰਿ ਚਲਯੋ ਸਮੇਤ ਸਮਾਜਾ।
(ਸੂ: ਪ੍ਰ:)

ਚਲੇ ਜਾ ਰਹੇ ਹਨ ਰਾਜਾ ਤੇ ਅੰਮਾਂ ਰਾਣੀ। ਰਾਣੀ ਪੀਨਸ ਵਿਚ ਬੈਠੀ ਸਹਿਜੇ ਸਹਿਜੇ ਗਾ ਰਹੀ ਸੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰੇਮ ਭਰੇ ਛੰਤ। ਗਾਉਂਦੀ ਤੇ ਗਦਗਦ ਹੁੰਦੀ ਹੈ, ਨਿੱਕੀ ਨਿੱਕੀ ਰਸ ਭਿੰਨੜੀ ਹੈ

ਸੁਰ ਛਿੜਦੀ ਹੈ, ਨੈਣ ਭਰ ਭਰ ਆਉਂਦੇ ਹਨ, ਰਾਜ ਦੁਲਾਰਾ ਨਾਲ ਪੈਦਲ ਹੋ ਗਿਆ ਹੈ, ਛੰਤ ਸੁਣਦਾ ਹੈ ਤੇ ਗਦ ਗਦ ਹੋ ਜਾਂਦਾ ਹੈ :-

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥ ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ॥ ਰੰਗ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ॥ ਗੁਰੁ ਨਾਨਕ ਤੁਠਾ ਮੇਰੇ ਪਿਆਰੇ ਮੇਲੇ ਹਰੇ॥ ੧॥ ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ॥ ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ॥ ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ॥ ਭਾਗਮਣੀ ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿਧਾਰੇ॥ ੨॥ ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥ ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ॥ ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ॥ ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥ ੩॥ ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥ ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥ ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ॥ ਗੁਰੁ ਨਾਨਕ ਦੇਖਿ ਵਿਗਸੀ ਮੇਰੇ ਪਿਆਰੇ ਜਿਉਂ ਮਾਤ ਸੁਤੇ॥ ੪॥ ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ॥ ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ॥ ਸਭਿ ਆਸਾ ਹਰਿ ਪੂਰੀਆਂ ਮੇਰੇ ਪਿਆਰੇ ਮਨਿ ਚਿੰਦਿਅੜਾ ਫਲੁ ਪਾਇਆ॥ ਹਰਿ ਤੁਠੜਾ ਮੇਰੇ ਪਿਆਰੇ ਜਨੁ ਨਾਨਕੁ ਨਾਮਿ ਸਮਾਇਆ॥ ੫॥ ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ॥ ਕਿਉਂ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ॥ ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ॥ ਗੁਰੁ ਨਾਨਕੁ ਪਾਇਆ ਮੇਰੇ ਪਿਆਰੇ ਧੁਰਿ ਮਸਤਕਿ ਲੇਖੁਸਾ॥ ੬॥ ੧੪॥ ੨੧॥

(ਆਸਾ ਮ: ੪ ਛੰਤ ਘਰੁ ੫)

ਸੂਚਨਾ—ਰਾਜੇ ਭੀਮ ਚੰਦ ਦੇ ਖੜੇ ਕੀਤੇ ਬਖੇੜੇ, ਗੁਰੂ ਜੀ ਦਾ ਉਹਨਾਂ ਲੋਕਾਂ ਨੂੰ ਦੇਸ਼ ਦੀ ਕਲਿਆਨ ਲਈ ਪ੍ਰੇਰਨਾ, ਉਹਨਾਂ ਦੇ ਹੀਲੇ ਟਵਾਲੇ, ਇਸ ਪ੍ਰਕਾਰ ਰਤਨ ਰਾਇ ਦੇ ਜਾਣ ਮਗਰੋਂ ਆਨੰਦਪੁਰ ਵਿਚ ਕਈ ਘਟਨਾਂ ਹੋਈਆਂ ਜਿਨ੍ਹਾਂ ਤੋਂ ਆਨੰਦਪੁਰ ਦਾ ਨਿਵਾਸ ਕੁਛ ਵੀਚਾਰ ਗੋਚਰਾ ਹੋ ਰਿਹਾ ਸੀ। ਉਧਰ ਨਾਹਨ ਦਾ ਰਾਜਾ ਗੜ੍ਹਵਾਲੀਏ ਫਤਹਸ਼ਾਹ ਦੇ ਹੱਥੋਂ ਕੁਛ ਇਲਾਕਾ ਖੁਹਾਕੇ ਦੁਖੀ ਹੋ ਰਿਹਾ ਸੀ। ਜਮਨਾਂ ਤੋਂ ਪਾਰ ਦੂਣ ਵਿਚ ਰਾਮ ਰਾਇ ਜੀ ਦਾ ਪ੍ਰਤਾਪ ਅਧਿਕ ਸੀ ਤੇ ਉਹ ਮਸੰਦਾਂ ਦੇ ਘੇਰੇ ਵਿਚ ਆਪਣੀ ਹਾਲਤ ਦੁਖੀ ਬਣਾ ਰਹੇ ਸੇ। ਕਈ ਇਕ ਸਾਧੂ ਤਪੱਸ੍ਰੀ ਸ੍ਰੀ ਗੁਰੂ ਜੀ ਦੀ ਬਰਕਤ ਨਾਲ ਆਪਣੇ ਤਪਾਂ ਦੀ ਪੂਰਨਤਾ ਤੇ ਮੁਕਤੀ ਪ੍ਰਾਪਤੀ ਲਈ ਤੜਫ ਰਹੇ ਸੇ, ਇਤਯਾਦਿਕ ਗੱਲਾਂ ਨੇ ਪ੍ਰੇਰਕੇ ਸ੍ਰੀ ਜੀ ਨੂੰ ਨਾਹਨ ਦੇਸ਼ ਵਲ ਟੋਰਿਆ। ਇਸ ਸਫ਼ਰ ਵਿਚ ਕਈ ਕੌਤਕ ਵਰਤੇ, ਪਰ ਇਨ੍ਹਾਂ ਦਿਨਾਂ ਵਿਚ ਸਫਰ ਆਰੰਭਣ ਤੋਂ ਪਹਿਲਾਂ ਇਕ ਪ੍ਰੇਮ ਪੁਗਾਉਣ ਦੀ ਵਾਰਤਾ ਵਰਤੀ ਸੋ ਅਗਲੇ ਪ੍ਰਸੰਗ ਵਿਚ ਹੈ। ਕੀਰਤਪੁਰ ਵਿਚ ਇਕ ਫਕੀਰ ਸੀ ਬੁੱਢਣਸ਼ਾਹ ਨਾਮੇ, ਇਸ ਨੂੰ ਗੁਰੂ ਨਾਨਕ ਦੇਵ ਜੀ ਨੇ ਤਾਰਿਆ ਸੀ ਤੇ ਫੇਰ ਛੇਵੇਂ ਜਾਮੇ ਮਿਲੇ ਸੇ ਤੇ ਹੁਣ ਦਸਮੇਂ ਜਾਮੇ ਮਿਲਦੇ ਹਨ :-

## ੮. ਮੇਰਾ ਦੁੱਧ[1] (ਬੁੱਢਣ ਸ਼ਾਹ)

(ਕਲਗੀਆਂ ਵਾਲਾ ਸ੍ਰੀ ਗੁਰੂ ਨਾਨਕ)

**ਸਮਾਂ** ਟੁਰਿਆ ਹੀ ਰਹਿੰਦਾ ਹੈ, ਸੋ ਟੁਰਿਆ ਹੀ ਗਿਆ, ਅੱਧੀ ਸਦੀ ਲਗ ਪਗ ਹੋਰ ਬੀਤ ਗਈ। ਖੜਗਾਂ ਵਾਲੇ ਗੁਰ ਨਾਨਕ ਜੀ ਹੁਣ ਦਸਵੇਂ ਜਾਮੇਂ ਆ ਗਏ। ਕੀਰਤਪੁਰ ਕੋਲੋਂ ਲੰਘ ਗਏ, ਅਗੇਰੇ ਚਲੇ ਗਏ, ਜਾ ਪਹਾੜੀਆਂ ਦੂਨਾਂ ਵਿਚ ਆਨੰਦ ਖੇੜਿਆ, ਜਿਥੇ ਆਨੰਦਪੁਰ ਨੌਵੇਂ ਸਤਿਗੁਰ ਦਾ ਵਸਾਇਆ ਵੱਸ ਰਿਹਾ ਸੀ।

ਦਿਲ ਤਾਂ ਦਸੀਂ ਜਾਮੀਂ ਨਿਰੰਤਰ ਰੱਬੀ ਸੀ, ਤੇ ਵਿਸਮਾਦ, ਇਲਾਹੀ ਤੇਜ, ਸਦਾ ਰੂਹਾਨੀ ਰੰਗ ਦਾ ਅੰਦਰ ਖੇੜਾ ਸੀ, ਹੱਥ ਵਿਚ ਮਾਲਾ, ਲੱਕ ਨਾਲ ਖੜਗ ਸੀ ਤੇ ਹੁਣ ਸੀਸ ਉਤੇ ਕਲਗ਼ੀ ਆ ਲੱਗੀ।

1. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੬ (੧੯੧੪ ਈ.) ਦੇ ਗੁਰਪੁਰਬ ਪੁੰਨਮ ਪਰ ਪ੍ਰਕਾਸ਼ਿਆ ਸੀ। ਇਸ ਦੇ ਤਿੰਨ ਭਾਗ ਹਨ— ਪਹਿਲਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਰਤਿਆ ਜੋ ਸ੍ਰੀ ਗੁਰੂ ਨਾਨਕ ਚਮਤਕਾਰ ਵਿਖੇ ਦਿੱਤਾ ਗਿਆ ਹੈ: ਦੂਜਾ ਭਾਗ ਸ੍ਰੀ ਹਰਿਗੋਬਿੰਦ ਜੀ ਦੇ ਸਮੇਂ ਵਰਤਿਆ ਜੋ ਅਸ਼ਟ ਗੁਰ ਚਮਤਕਾਰ (ਭਾਗ-੩) ਵਿਚ ਹੈ ਤੇ ਤੀਜਾ ਦਸਮ ਪਾਤਸ਼ਾਹ ਜੀ ਦੇ ਸਮੇਂ, ਜੋ ਏਥੇ ਦਿੱਤਾ ਗਿਆ ਹੈ।

ਅਰਥਾਤ ਸ਼ਾਂਤਿ, ਉਤਸ਼ਾਹ, ਚੜ੍ਹਦੀਆਂ ਕਲਾਂ ਦਾ ਇਕੱਠਾ ਪ੍ਰਕਾਸ਼ ਹੋ ਗਿਆ। ਸ਼ਾਂਤਿ ਰੂਪ ਪੰਥ ਵਿਚ ਦੀਨ ਰੱਖਜਾ ਹਿਤ ਬੀਰ ਰਸ ਆਇਆ ਸੀ, ਪਰ ਬੀਰ ਰਸ ਵਿਚ ਰਹਿੰਦਿਆਂ ਕਾਂਪ ਨਾ ਖਾਣੇ ਲਈ ਸੁਰਤ ਨੇ ਚੜ੍ਹਦੀਆਂ ਕਲਾਂ (ਹਉਂ ਰਹਿਤ ਖੇੜੇ) ਦਾ ਰੰਗ ਪਕੜਿਆ ਸੀ।

ਜਦੋਂ ਆਨੰਦਪੁਰ ਤੋਂ ਨਾਹਨ ਜਾਣ ਦੀ ਤਿਆਰੀ ਹੋ ਰਹੀ ਸੀ, ਉਹਨਾਂ ਦਿਨਾਂ ਵਿਚ ਇਕ ਦਿਨ ਸਵੇਰ ਸਾਰ ਦਸਵੇਂ ਸਤਿਗੁਰ ਨਾਨਕ ਜੀ ਸਤਲੁਜ ਦੇ ਕਿਨਾਰੇ ਅੰਮ੍ਰਿਤ ਵੇਲੇ ਤੋਂ ਬੈਠੇ ਸੇ, ਇਕਾਂਤ ਸੀ ਤੇ ਆਪ ਇਕੱਲੇ ਸੇ; ਨੈਣ, ਇਲਾਹੀ ਜਲਵੇ ਵਾਲੇ ਨੈਣ, ਬੰਦ ਹੋ ਗਏ, ਡੇਢ ਪੌਣੇ ਦੋ ਸੌ ਵਰ੍ਹੇ ਦਾ ਪਿਛਲਾ ਸਮਾਂ ਅੰਦਰੋਂ ਖੁੱਲ੍ਹੇ ਨੈਣਾਂ ਦੇ ਅੱਗੇ ਵਿਛ ਗਿਆ। ਬਿਰਦ ਬਾਣੇ ਦਾ ਹੁਲਾਸ ਆਇਆ, ਜੰਗਲ ਵਿਚ ਤਦੋਂ ਦਾ ਬੁੱਢਾ ਫਕੀਰ, ਹਠੀਆ ਤਪੀਆ, ਨਿਰਾਸ ਤੇ ਦੁਖੀ ਡਿੱਠਾ ਪਛਾਣਿਆਂ, 'ਹਾਂ' ਇਸ ਨੂੰ ਇਸ ਉਦਾਸ ਦਸ਼ਾ ਵਿਚ ਪਿਆਰ ਕੀਤਾ ਸੀ, ਗੇਣਤੀਆਂ ਵਿਚੋਂ ਕੱਢ, ਹਿਸਾਬਾਂ ਤੋਂ ਚੱਕ, ਸੋਚਾਂ ਤੋਂ ਉੱਚਾ ਕਰ ਵਾਹਿਗੁਰੂ ਦੀ ਸਦਾ ਹਜ਼ੂਰੀ ਦੇ ਚਬੂਤਰੇ ਤੇ ਚਾੜ੍ਹਿਆ ਸੀ, ਖੀਵਾ ਕੀਤਾ ਸੀ, ਬੇਖੁਦੀਆਂ ਦੀ ਪੀਂਘ ਝੁਟਾਈ ਸੀ ਤੇ ਆਖਿਆ ਸੀ– "ਦੁੱਧ ਛੇਵੇਂ ਜਾਮੇਂ ਪੀਆਂਗੇ" ਤੇ ਛੇਵੇਂ ਜਾਮੇਂ ਆਪਣਾ ਲਾਇਆ ਬੂਟਾ ਪਾਲਿਆ ਹੋਇਆ ਤੱਕਿਆ ਸੀ, ਦੁੱਧ ਪੀਤਾ ਸੀ, ਤੇ ਆਖਿਆ ਸੀ, "ਫੇਰ ਪੀਆਂਗੇ, ਬਈ ਫੇਰ ਪੀਆਂਗੇ"। ਉਹ ਪਿਆਰਾ ਹੁਣ ਪੱਕਾ ਫਲ ਹੈ, ਬ੍ਰਿਧ ਉਮਰਾ ਨਾਲ ਢੁੱਕ ਖੜੋਤਾ ਹੈ, ਪਰ ਫਲ ਤਰੋਤਾਜ਼ਾ ਰਸ ਭਰਿਆ ਪਾਤਸ਼ਾਹੀ ਮਹਿਲਾਂ ਲਈ ਤਿਆਰ ਹੈ[1]।

ਜਿਵੇਂ ਪਹਿਲੇ ਜਾਮੇਂ ਲਾਇਆ ਸੀ, ਤੇ ਛੇਵੇਂ ਜਾਮੇਂ ਪਾਲਿਆ ਸੀ, ਤਿਵੇਂ ਹੁਣ ਬਿਨ ਕਾਂਪ ਖਾਧੇ ਪੱਕ ਗਏ ਫਲ ਨੂੰ ਆਪਣੇ ਪਾਲਕ ਵਾਹਿਗੁਰੂ ਦੀ ਭੇਟ ਕਰੀਏ, ਬਿਰਦ ਦੀ ਲਾਜ ਪਾਲੀਏ।

ਕਦੇ ਨਾ ਭੁੱਲਣ ਵਾਲੇ ਤੇ ਯਾਦਾਂ ਦੇ ਸਾਂਈਂ ਸਤਿਗੁਰ ਜੀ ਆਪਣੇ ਪਿਆਰੇ ਨੂੰ ਚਿਤਾਰਕੇ ਉਥੋਂ ਹੀ ਤਿਆਰੇ ਕਰਕੇ ਫਕੀਰ ਸਾਂਈ ਵੱਲ ਟੁਰ ਪਏ।

1. ਕਬੀਰ ਫਲ ਲਾਗੇ ਫਲਨਿ ਪਾਕਨ ਲਾਗੇ ਆਂਬ॥ ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥੧੩੪॥ (ਸਲੋਕ ਕਬੀਰ)

ਬੁੱਢਣ ਸ਼ਾਹ ਨੇ ਅੱਜ ਲਿਵਲੀਨਤਾ ਤੋਂ ਅੱਖ ਖੋਹਲੀ ਤਾਂ ਉੱਪਰ ਦੇ ਦਾਉ ਨੂੰ ਤੱਕਿਆ, ਪਿਆਰ ਦੇ ਹੁਲਾਰੇ ਵਿਚ ਆ ਕੇ ਆਖਿਓਸੁ—"ਵਿਸਮਾਦ ਹੀ ਵਿਸਮਾਦ ਹੈ। ਆਪਣੇ ਆਪ ਵਿਚ ਕਿਹਾ ਹੀ ਸੁਖ ਹੈ, ਅਚਰਜ ਮੌਜ ਹੈ, ਵਾਹ ਵਾਹ ! ਵਾਹ ਵਾਹ ! ਨਿਰੀ ਵਾਹ ਵਾਹ ? ਹੇ ਵਾਹ ਵਾਹ ! ਤੂੰ ਵਾਹ ਵਾਹ ? ਤੈਨੂੰ ਵਾਹ ਵਾਹ ਇਹ ਵਾਹ ਵਾਹ 'ਗੁਰ' ਹੈ ਜਿਨ ਲੇਖਿਓਂ ਕੱਢ ਵਿਸਮਾਦ ਚਾੜ੍ਹਿਆ, ਜਿਨ ਸੋਚੋਂ ਕੱਢ ਰਸ ਵਿਚ ਪਾਯਾ, ਜਿਨ ਫਿਕਰੋਂ ਚੱਕ ਆਨੰਦ ਵਿਚ ਪੁਚਾਇਆ, ਜਿਨ ਅਕਲੋਂ ਉਛਾਲ ਸਿੱਧਿ[1] ਵਿਚ ਸੱਟਿਆ, ਇਹ ਵਾਹਿਗੁਰੂ ਹੈ। ਹੇ ਵਾਹ ਵਾਹ ਗੁਰੂ ! ਹੇ ਵਾਹਿਗੁਰੂ ! ਵਾਹਿਗੁਰੂ ਤੂੰ ਧੰਨ ਹੈਂ, ਧੰਨ ਹੈਂ ! ਤੇਰੇ ਦਿਤੇ ਰਸ ਮਾਣਕੇ 'ਵਾਹ ਵਾਹ' ਤੇ ਹੇ ਗੁਰੂ ਦਾਤੇ ਤੂੰ 'ਵਾਹ ਵਾਹ ਤੂੰ ਵਾਹਿਗੁਰੂ' ਇਹੋ ਤੇਰਾ ਨਾਮ ਹੈ। ਜਦੋਂ ਮਨ ਨੂੰ ਉਸ ਰਸ ਦਾ ਹਿੱਸਾ ਲੱਭਦਾ ਹੈ ਜੋ ਇਸ ਦੇ ਦੇਸੋਂ ਉਚੇਰਾ ਹੈ ਤਾਂ ਜੀਕੂੰ ਰਸ ਦਾ ਨਾਮ 'ਵਿਸਮਾਦ' ਰਖਦਾ ਹੈ ਤਿਕੂੰ ਤੇਰਾ ਨਾਮ 'ਵਾਹਿਗੁਰੂ' ਰੱਖਦਾ ਹੈ। ਹੇ ਵਾਹਵਾ ਦੇ ਰੰਗ 'ਵਿਸਮਾਦ' ਵਿਚ ਲੈ ਜਾਣ ਵਾਲੇ ਦਾਤੇ ! ਤੇਰਾ ਦਿਤਾ ਪਾਕੇ ਤੈਨੂੰ ਮਿਲਣ ਨੂੰ ਜੀ ਕਰਦਾ ਹੈ। ਤੂੰ ਆ ਜਾਹ ਤੇ ਕਿਸੇ ਦੇ ਸਦਕੇ ਆ ਜਾਹ। ਤੇਰੇ ਬਖਸ਼ੇ ਸੁਤੰਤ੍ਰ ਰਸ ਨਾਲੋਂ, ਤੂੰ ਆਪ ਆ ਜਾਹ ਤੇ ਦਰਸ਼ਨ ਦਾ ਰਸ ਦੇ ਜਾਹ। ਮੁਕਤੀ.....ਮੈਂ ਮੁਕਤਿ ਨਾ ਹੋਵਾਂ, ਹਾਇ ! ਮੈਂ ਰਸ ਤੋਂ ਬੀ ਉਚਾਟ ਹੋ ਤੈਨੂੰ ਲੋਚਦਾ ਹਾਂ, ਹੇ ਰਸ ਦਾਤੇ ! ਤੂੰ ਆਪ ਆ, ਤੇ ਮੇਰੀ ਅੱਖੀਂ ਸਮਾਂ। ਮੈਂ ਹੋਵਾਂ, ਇਹ ਸਰੀਰ ਹੋਵੇ, ਤੇਰੇ ਸਰੀਰ ਵਾਲੇ ਚਰਨ ਹੋਣ, ਮੈਂ ਧੋਵਾਂ, ਨੈਨਾਂ ਦੇ ਨੀਰ ਨਾਲ, ਅੱਖੀਂ ਲਾਵਾਂ, ਕਲੇਜੇ ਲਾਵਾਂ,....ਹੇ ਉੱਚੇ ਦਾਤੇ ! ਆ ਅਰ ਇਨ੍ਹਾਂ ਮਿਟਦੇ ਜਾਂਦੇ ਨੇਤ੍ਰਾਂ ਵਿਚ ਲੰਘ ਜਾਹ! ਆ ਜਾਹ ਪ੍ਰੀਤਮ ! ਪ੍ਰਾਣ ਜੀਉ! ਆ ਜਾਹ। ਮੈਂ ਸੱਭੋ ਸੁਖ ਪਾਏ ਤੇ ਤੇਰੇ ਦਿਤੇ ਪਾਏ, ਪਰ ਹੇ ਸੁਖਦਾਤੇ ! ਤੂੰ ਆਪ ਆ ਅਰ ਆਕੇ ਪ੍ਰਤੱਖ ਦਰਸ ਦਾ ਸੁਖ ਦਿਖਾ ਤੇ ਚਰਨੀਂ ਲਾ। ਸੁਰਤ ਨੂੰ ਆਪਣੀ ਸੁਰਤ ਵਿਚ ਸਮਾਇਆ ਹਈ, ਸਰੀਰ ਨੂੰ

1. ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥੧॥ (ਗਉ: ਕਬੀਰ)
ਪੁਨਾ:—ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ (ਜਪੁਜੀ)

ਖੀ ਚਰਨਾਂ ਵਿਚ ਸਮਾ ਲੈ; ਸਰੀਰ ਨੂੰ ਵੀ ਦਰਸ਼ਨ ਦੀ ਖ਼ੈਰ ਪਾ। ...ਮੇਰਾ ਦਿਲ ਫੇਰ ਨਿਆਣਾ ਹੋ ਗਿਆ ਹਈ। ਮੈਨੂੰ ਮੁਕਤੀ ਦੀ ਲੋੜ ਨਹੀਓਂ, ਅੱਜ ਤਾਂ ਰਸ ਦੀ ਬੀ ਲੋੜ ਚੁਕਾ ਦਿਤੀ ਏ ਇਸ ਲੋਂਹਦੇ ਮਨ ਨੇ; ਆ ਦਰਸ ਦਿਖਾ। ਆ ਤੇ ਆਪਣੇ ਕੋਮਲ ਚਰਨ, ਦਿੱਸਦੇ ਚਰਨ, ਹੱਥਾਂ ਨਾਲ, ਮੇਰੇ ਬੁੱਢੇ ਮਾਸ ਦੇ ਹੱਥਾਂ ਨਾਲ ਫੜੇ ਜਾਣ ਵਾਲੇ ਚਰਨ, ਮੇਰੇ ਨੈਣਾਂ ਤੇ ਰੱਖ ਮੇਰੇ ਸੀਨੇ ਨਾਲ ਲਾ। ਇਹ ਤ੍ਰਬ੍ਰਕਦਾ ਦਿਲ ਸੁਹਣੇ ਸੁਹਣੇ ਚਰਨਾਂ ਦੀ ਠੰਢ ਨੂੰ ਮੰਗਦਾ ਹੈ, ਇਹ ਤ੍ਰਬ੍ਰਕਦਾ ਮਥਾ ਚਰਨਾ ਦੀ ਛੁਹ ਨੂੰ ਤਰਸਦਾ ਹੈ। ਮੈਨੂੰ ਸਰੀਰਧਾਰੀ ਨੂੰ ਸਰੀਰ ਦੇ ਦਰਸ਼ਨ ਦੇਹ। ਹੇ ਅਰੂਪ ਤੇ ਅਰੀਮ! ਮੈਂ ਅਰੂਪ ਤੇ ਅਰੀਮ ਨਹੀਂ, ਮੈਂ ਮਨੁੱਖ ਹਾਂ ਤੇ ਮਨੁਖੀ ਵਲਵਲੇ ਵਾਲਾ ਹਾਂ, ਮਨੁਖੀ ਪਿਆਰ ਵਿਚ ਆਖਦਾ ਹਾਂ; ਮੇਰੀ ਖਾਤਰ ਮਨੁਖ ਹੋ ਕੇ ਆ। ਮੌਲਾ, ਮੇਰੇ ਮੌਲਾ ! ਆਦਮੀ ਬਣ ਕੇ ਆ। ਸੇਲ੍ਹੀਆਂ ਵਾਲਿਆ! ਖੜਗਾਂ ਵਾਲਿਆ ! ਕਲਗੀਆਂ ਵਾਲਾ ਰੂਪ ਦਿਖਾ, ਆ ਚਰਨੀਂ ਲਾ ਤੇ ਅਪਣਾ ਅਪਨਾਅ। ਬੁੱਢੇ ਦੀ ਮਤ ਨਹੀਂ ਹੁੰਦੀ। ਮੈਂ ਅਰਸ਼ਾਂ ਦੇ ਸੁਖ ਮੁਕਤੀ ਦੇ ਰਸ, ਬੁਢੇ ਤੇ ਸੱਤ੍ਰੇ ਬਹੱਤ੍ਰੇ ਨੇ ਛੱਡੇ। ਮੈਨੂੰ ਚਰਨਾਂ ਦਾ ਸੁਖ ਦੇਹ, ਦਰਸ਼ਨਾਂ ਦੀ ਖੈਰ ਪਾ। ਆ ਦਾਤਿਆ ਦੇਹ ਧਾਰੀ ਹੋ ਕੇ ਆ। ਸਮੇਂ ਪਲਟ ਚੁਕੇ ਹਨ, ਰੰਗ ਕਈ ਆਏ, ਕਈ ਗਏ, ਨਦੀ ਵਿਚ ਸੈਂਕੜੇ ਵੇਰ ਨਵੇਂ ਪਾਣੀ ਆਏ ਚੜ੍ਹੇ ਤੇ ਵਹਿ ਗਏ, ਬਹਾਰਾਂ ਕਈ ਖਿੜੀਆਂ ਤੇ ਝੜੀਆਂ, ਮੈਂ ਪੁਰਾਣੇ ਬੋੜ੍ਹ ਵਾਂਙੂ ਬਾਹੀਂ ਅੱਡ ਅੱਡ ਮਿਲਣ ਦੀ ਤਾਂਘ ਵਿਚ ਖੜਾ ਹਾਂ, ਆ ਹੇ ਅਰੂਪ ਤੋਂ ਰੂਪਵਾਨ ਹੋਣ ਵਾਲੇ ! ਰੂਪ ਦਾ ਝਲਕਾ ਦੇਹ।....ਦਾਤੇ ! ਮੈਂ ਉੱਥੇ ਰਵ੍ਹਾਂ ਜਿੱਥੇ ਤੂੰ ਰਵ੍ਹੇਂ। ਤੂੰ ਦੇਹ ਧਾਰੇਂ ਮੈਂ ਸੇਵਾ ਕਰਾਂ, ਮੈਨੂੰ ਨਾਲੇ ਰੱਖ[1]। ਮੈਂ ਦੇਹ ਵਾਲਾ ਅੱਖਾਂ ਮੀਟ ਕੇ ਅਰਸ਼ੀ ਸੁਖਾਂ ਨੂੰ ਕੀ ਕਰਾਂ? ਮੈਨੂੰ ਆ ਕੇ ਮਿਲ ਤੇ ਚਰਨੀਂ ਲਾ।"

ਇਸ ਤਰ੍ਹਾਂ ਭਗਤੀ ਪਿਆਰ ਦੇ ਅਕਹਿ ਤੇ ਅਤਿ ਉੱਚੇ ਭਾਵ ਵਿਚ ਬੁੱਢਣਸ਼ਾਹ ਦਾਤੇ ਦੇ ਚਰਨਾਂ ਨੂੰ ਤੜਫ ਰਿਹਾ ਸੀ ਕਿ ਅਚਾਨਕ ਚਾਨਣਾ ਹੋ ਗਿਆ। ਫਕੀਰ ਨੂੰ ਤੜਕੇ ਦੇ ਹਨੇਰੇ ਵਿਚ ਭਾਰੀ ਲਿਸ਼ਕਾਰ ਵੱਜਾ, ਐਸਾ ਤੇਜ ਕਿ ਝੱਲਿਆ ਨਾ ਜਾਵੇ, ਅੱਖਾਂ ਤੱਕ ਤੱਕ ਕੇ ਪੌਣ ਨੂੰ ਸੁੰਘ ਸੁੰਘ ਕੇ ਆਖਦਾ ਹੈ:-

ਹਾਂ, ਪੌਣ ਪਿਆਰੇ ਨਾਨਕ ਨਿਰੰਕਾਰੀ ਦੀ ਖੁਸ਼ਬੋ ਵਾਲੀ ਹੋ ਗਈ ਹੈ, ਉਸਦੇ ਪਵਿਤ੍ਰ ਸਰੀਰ ਦੀ ਲਪਟ ਲਿਆ ਰਹੀ ਹੈ। ਆਕਾਸ਼ ਵਿਚ ਉਸਦੇ ਨੂਰੀ ਸਰੀਰ ਦਾ ਚਾਨਣਾ ਹੈ। ਨਦੀ ਵਲੋਂ ਮਲਜਾਗਰ ਦੀ ਠੰਢੀ ਸੁਗੰਧਿ ਆਉਂਦੀ ਹੈ....ਉੱਪਰੋਂ ਆ ਰਹੇ ਹਨ। ਜੀ ਆਏ, ਆਵੋ ਤੇ ਚਰਨੀਂ ਲਾਵੋ। ਇੰਨੇ ਨੂੰ ਮਰਦਾਨੇ ਦਾ ਝਾਉਲਾ ਵੱਜਾ, ਸਾਹਮਣੇ ਆ ਬੈਠਾ, ਰਬਾਬ ਛਿੜੀ, ਬਨ ਇਲਾਹੀ ਰਾਗ ਨਾਲ ਭਰ ਗਿਆ :-

'ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਣਿ ਸੁਨਣਿ ਨ ਧੀਜਏ॥ ਨਾਨਕਾ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ॥੨॥ ਸਖੀਹੋ ਸਹੇਲੜੀਹੋ ਮੇਰਾ ਪਿਰੁ ਵਣਜਾਰਾ ਰਾਮ॥ ਹਰਨਾਮੋ ਵਣੰਜੜਿਆ ਰਸਿ ਮੋਲਿ ਅਪਾਰਾ ਰਾਮ॥ ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈ ਤਾ ਮੁੰਧ ਭਲੀ॥ ਇਕਿ ਸੰਗਿ ਹਰਿਕੈ ਕਰਹਿ ਰਲੀਆ ਹਉ ਪੁਕਾਰੀ ਦਰ ਖਲੀ॥ ਕਰਣ ਕਾਰਣ ਸਮਰਥ ਸ੍ਰੀ ਧਰ ਆਪਿ ਕਾਰਜ ਸਾਰਏ॥ ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ॥੩॥ (ਆਸਾ ਛੰਤ ਮ : ੧-੧)

ਇਸ ਸ਼ਬਦ ਨੇ ਹੋਰ ਹੀ ਰੰਗ ਬੰਨ੍ਹਿਆ। ਬਿਰਧ ਪ੍ਰੇਮੀ ਦਾ ਕਲੇਜਾ ਪਾਟ ਪਿਆ ਕਿ ਕਦ ਦਰਸ਼ਨ ਹੋਣ, ਸਤਲੁਜ ਨਦੀ ਵਾਂਙ ਹਜ਼ਾਰ ਧਾਰ ਹੋ ਵਹਿ ਤੁਰਿਆ ਕਿ ਕਦ ਪ੍ਰੀਤਮ ਦਿਸ ਆਵੇ। ਇੰਨੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਸਚਮੁੱਚ ਦਿੱਸ ਪਏ। ਦੇਖ ਜਿਸ ਸਰੀਰ ਦੀਆਂ ਲੱਤਾਂ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ੍ਹਿ।। ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ।।" ਵਾਂਙ-ਨਿਰਬਲ ਸਨ, ਕੀਕੂੰ ਸਿਰ ਚਰਨਾਂ ਤੇ ਜਾ ਢੱਠਾ ਹੈ, ਤੇ ਕੀਕੂੰ ਸਰੀਰ ਪਿਆਰੇ ਦੇ ਅੰਕ ਸਮਾ ਗਿਆ ਹੈ ? ਹਾਂ ਜੀ ਪ੍ਰੀਤਮ ਦੇ ਚਰਨਾਂ ਕਮਲਾਂ ਦੇ ਭਵਰੇ ਕੀਕੂੰ ਲਿਪਟ ਰਹੇ ਹਨ ਪ੍ਰੀਤਮ ਨੂੰ? ਕੀਕੂੰ ਬ੍ਰਿਧ ਦਾ ਸੀਸ ਨਿਆਣੇ ਦੇ ਸੀਸ ਵਾਂਙੂ ਪਿਆਰੇ ਦੇ ਤਨ ਲੱਗਾ ਪਿਆਰਿਆ ਜਾ ਰਿਹਾ ਹੈ। ਕੀਕੂੰ ਪਿਆਰੇ ਦੇ ਮੇਲ ਵਿਚ ਮਿਲ ਰਿਹਾ ਹੈ। ਉੱਚੇ ਆਤਮ ਸੁਖਾਂ ਨੂੰ ਤਾਂ ਗਿਆਨੀਆਂ ਨੇ ਦੱਸਿਆ ਹੈ, ਪਰ ਇਸ 'ਗੁਰ ਸਿੱਖ ਗੁਰ ਪ੍ਰੀਤ ਹੈ' ਨੂੰ ਕੌਣ ਦਰਸਾਏ ? ਰਸੀਏ ਨੂੰ ਰਸ ਮਾਣਨ ਦਾ ਬੀ ਚੇਤਾ ਨਹੀਂ। ਖਿੱਚ ਤੇ ਧਾਈ, ਹਾਂ, ਖਿੱਚ, ਪਿਆਰ ਤੇ ਛਿੱਕਵੇ ਪਿਆਰ

---

1. ਜਹ ਅਬਿਗਤੁ ਭਗਤੁ ਤਹ ਆਪਿ॥ ਤਹ ਪਸਰੈ ਪਾਸਾਰੁ ਸੰਤ ਪਰਤਾਪਿ॥ (ਗਉ: ਸੁਖਮਨੀ-੨੧)

ਨੇ ਪ੍ਰੀਤਮ ਮਿਲਾਇਆ, ਪ੍ਰੀਤਮ ਦੇ ਚਰਨੀਂ ਲੱਗੇ, ਪ੍ਰੀਤਮ ਦੇ ਹੋ ਗਏ ਕਿ ਸਮਾ ਗਏ ਕਿ ਰਹਿ ਗਏ, ਕੁਝ ਪਤਾ ਨਹੀਂ, ਇਹ ਪ੍ਰੀਤ--ਤਾਰ ਹੈ, ਇਹ ਪ੍ਰੀਤ ਹੈ। ਇਹ ਮੁਕਤੋ ਅਮੁਕਤ ਹੈ, ਮੁਕਤੋਂ ਪਰੇ ਦੀ ਪ੍ਰੀਤਿ ਹੈ। ਇਹ ਖਬਰੇ ਕੀ ਹੈ, ਅਕਹਿ ਹੈ। ਸਿਖ ਹੀ ਗੁਰੂ ਵਿਚ ਨਹੀਂ ਸਮਾ ਰਿਹਾ, ਗੁਰੂ ਨੂੰ ਬੀ ਪਿਆਰ ਨੇ ਬੰਨ੍ਹਕੇ ਆਪਣਾ ਕਰ ਲਿਆ ਹੈ, ਸਿਖ--ਪਜਾਰ ਵਿਚ ਮਗਨਾ ਲਿਆ ਹੈ! ਸਾਰੇ ਸੰਸਾਰ ਦੇ ਗਿਆਨ ਵਾਲੇ ਨੂੰ ਹੁਣ ਹੋਰ ਕੋਈ ਪਤਾ ਨਹੀਂ, ਸਿਖ ਦੀ ਗੁਰੂ ਪਿਆਰ ਵਿਚ ਨਿਮਗਨਤਾ ਹੈ। ਨਿਮਗਨਤਾ ਵਿਚ ਕਾਲ ਦੀ ਚਾਲ ਗੁੰਮ ਹੈ। ਹਾਂ ਬਾਹਰ ਜੋ ਕਾਲ ਦੀ ਚਾਲ ਜਾਰੀ ਹੈ, ਦਿੱਸਦੀ ਹੈ ਕਿ ਕਿਤਨਾ ਹੀ ਕਾਲ ਲੰਘ ਗਿਆ ਹੈ; ਹੁਣ ਚੋਜੀ ਪਿਆਰੇ ਨੇ ਕੰਨ ਵਿਚ ਆਵਾਜ਼ ਦਿੱਤੀ:-

### "ਮੇਰਾ ਦੁੱਧ"

ਹਾਂ ਜੀ ! ਹੁਣ ਸਿਖ ਦੀ ਹੋਸ਼ ਪਰਤੀ, ਸਿਖ ਨੇ ਨੈਣ ਖੁਹਲੇ। ਸੇਲ੍ਹੀਆਂ ਵਾਲੇ ਦੀ ਗੋਦ ਵਿਚ ਸਿਰ ਸੱਟਿਆ ਸੀ ਚੁੱਕਿਆ ਤਾਂ ਕਲਗੀਆਂ ਵਾਲੇ ਦੀ ਗੋਦ ਵਿਚ[1]। ਉਹ ਅਨੂਪਮ ਚਿਹਰਾ ਜੋ ਸੇਲ੍ਹੀਆਂ ਨਾਲ ਮੋਂਹਦਾ ਸੀ, ਹੁਣ ਕਲਗੀਆਂ ਨਾਲ ਮਨ ਭਰਦਾ ਹੈ। ਧੰਨ ਤੇਰੇ ਚੋਜ ਹਨ ਤੇਰੇ ਰੰਗ ਅਪਾਰ ਹਨ, ਰੂਪ ਸਾਰੇ ਤੇਰੇ ਹਨ, ਉਮਰਾਂ ਸਭ ਤੇਰੀਆਂ ਹਨ। ਹੇ ਸੁਹਣਿਆਂ, ਹੇ ਸੁੰਦਰ ! ਤੂੰ ਧੰਨ ਹੈਂ ! ਨਵੇਂ ਰੂਪ, ਨਵੇਂ ਰੰਗ ਨੇ ਇਕ ਨਵੀਂ ਮਸਤੀ ਵਿਚ ਸਿਖ ਮਗਨ ਕੀਤਾ, ਅੱਖਾਂ ਦੇ ਛੱਪਰ ਭਰ ਭਰ ਕੇ, ਝੁਕ ਝੁਕ ਕੇ ਫੇਰ ਮੁੰਦ ਗਏ। ਓਹ ਸਿਰ ਫਿਰ ਗੋਦ ਵਿਚ ਜਾ ਪਿਆ ਹੈ ਤੇ ਪਿਆਰੇ ਦੇ ਮੇਲ ਵਿਚ ਫੇਰ ਹਾਂ, ਦੋਹਾਂ ਬਾਹਾਂ ਨਾਲ ਘੁਟਕੇ "ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ" ਫੇਰ ਗੁਰ-ਪ੍ਰੀਤ ਵਿਚ ਸਿਖ ਲੀਨ ਹੋ ਗਿਆ। ਪ੍ਰੀਤਮ ਨੇ ਜੋ ਕਿਹਾ ਸੀ ਸਿਖ ਤੋਂ ਸੁਣਿਆਂ ਹੀ ਨਹੀਂ ਗਿਆ; ਜਿਸਦੇ ਨਾਲ ਅਤੁੱਟ ਪਿਆਰ ਹੈ ਉਹ ਦੁੱਧ ਪਿਆ ਮੰਗਦਾ ਹੈ ਪਰ ਸਿਖ ਨੂੰ--ਮੇਲ ਵਿਚ, ਗੁਰ ਸੰਗਮ ਵਿਚ ਕੁਛ ਯਾਦ ਨਹੀਂ। ਚੁੰਬਕ ਉੱਡ ਉੱਡਕੇ ਪ੍ਰੀਤਮ ਨੂੰ ਚੰਬੜ ਰਿਹਾ ਹੈ। ਹੁਣ ਯਾਦ ਸ਼ਕਤੀ ਭੀ ਅਯਾਦ ਹੋ ਗਈ ਹੈ। ਚਿਤਹਿ ਚਿਤ ਸਮਾ ਰਿਹਾ ਹੈ। ਕੈਸਾ ਪਿਆਰਾਂ ਵਾਲਾ ਲੀਨ ਕਰ ਲੈਣ ਵਾਲਾ, 'ਗੁਰ ਸਿਖ-ਸੰਧਿ' ਦਾ ਦਰਸ਼ਨ ਹੈ। ਗੁਰੂ 'ਸਿਖ ਰਸ' ਲੀਨ ਹੈ, ਸਿਖ 'ਗੁਰੂ-ਰਸ' ਲੀਨ ਹੈ। ਕੁਛ ਚਿਰ ਬਾਦ ਸਦਾ ਜਾਗਤੀ ਜੋਤਿ ਸਤਿਗੁਰ ਨੇ ਫਿਰ ਕਿਹਾ,—

### "ਮੈਂ ਭੁੱਖਾ ਹਾਂ"

ਹੇ ਤ੍ਰਿਲੋਕੀ ਦੇ ਪਾਲਕ ! ਹੇ ਗੋਪਾਲ ! ਹੇ ਧਰਾਨਾਥ ! ਹੇ 'ਵਿਚਿ ਉਪਾਏ ਸਾਇਰਾ ਤਿਨਾ ਭੀ ਸਾਰ ਕਰੇਇ' ਵਾਲੇ ਦਾਤੇ, ਹੇ ਤੂੰ ਦਾਤਾ, ਹੇ ਵਿਸ੍ਵੰਭਰ ! ਏਹ ਤੇਰੇ ਕੀ ਚੋਜ ਹਨ, ਤੂੰ ਭੁਖਾ ਹੈਂ ? ਹੇ ਤੂੰ ਸਦਾ ਰੱਜੇ ! ਸਦਾ ਅਘਾਏ "ਪ੍ਰੀਤ-ਪਿੜ" ਦੇ ਰਸੀਏ ਖਿਲਾਰੀ ! ਹੇ ਠਾਕੁਰ, ਹੇ 'ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ !' ਤੂੰ ਭੁਖਾ ਹੈਂ ? ਹਾਂ ਸਤਿਗੁਰ ਆਖਦਾ ਹੈਂ ਮੈਂ ਭੁਖਾ ਹਾਂ ਫੇਰ ਆਖਦਾ ਹੈਂ-"**ਮੇਰਾ ਦੁਧ**" ?"

'**ਮੇਰਾ ਦੁਧ**' ਸੁਣ ਕੇ ਸਿਖ ਕੰਬ ਕੇ ਉਠਦਾ ਹੈ, ਕੀ ਦੇਖਦਾ ਹੈ, ਸਿਰ ਕਲਗੀਆਂ ਵਾਲੇ ਦੀ ਗੋਦ ਵਿਚ ਧਰਿਆ ਸੀ, ਪਰ ਚੁਕਿਆ ਸੇਲ੍ਹੀਆਂ ਵਾਲੇ ਦੀ ਗੋਦ ਵਿਚੋਂ ਹੈ। ਪ੍ਰੀਤਮ ਤਾਂ ਉਹ ਹੈ, ਸਿਖ ਕਦ ਭੁਲਦਾ ਹੈ। ਹੁਣ ਤਾਂ ਸਿਖ ਨੇ ਸਹੀ ਸਿਞਾਤਾ ਹੈ, ਕਿੰਨੇ ਰੂਪ ਬਦਲ ਖੂਬ ਪਛਾਤਾ ਹੈ। ਮਨ ਭਵਰਾ ਹੈ, ਨੀਲੇ, ਲਾਲ, ਗੁਲਾਬੀ ਰੰਗਾਂ ਵਿਚ ਨਹੀਂ ਭੁਲਦਾ, ਹਰ ਰੰਗ ਵਿਚ ਕਵਲ ਨੂੰ ਪਛਾਣਦਾ ਹੈ। ਇਸੇ ਮਸਤੀ ਵਿਚ ਫੇਰ ਆਵਾਜ਼ ਆਈ:- "**ਮੇਰਾ ਦੁਧ**"

ਫਕੀਰ ਉਠਿਆ, ਪੈਰ ਨਹੀਂ ਟੁਰਦੇ, ਨੈਣ ਪਿਆਰੇ ਤੋਂ ਪਰੇ ਨਹੀਂ ਜਾਂਦੇ, ਮੁੜ ਮੁੜ ਕੇ ਤੱਕਦੇ ਹਨ, ਫੇਰ ਕਲਗੀਆਂ ਵਾਲਾ ਝਲਕਾ ਵੱਜਾ, ਫੇਰ ਧੂਹ ਪਈ, ਫੇਰ ਸਿਰ ਢੱਠਾ ਤੇ ਗੋਦ ਵਿਚ, ਫੇਰ 'ਗੁਰ-ਸੰਗਮ ਵਿਚ' ਸਿਖ ਲੀਨ ਤੇ ਗੁਰੂ ਨੂੰ ਦੁਧ ਦੇਣ ਦੀ ਸੁਧ ਨਹੀਂ ਰਹੀ, ਐਸੀ ਲੀਨਤਾ ਛਾਈ ਕਿ ਬੱਸ ਪੁਛੋ ਨਾਂ! ਜੀ ਹਾਂ-

1. ਸਤਿਗੁਰ ਨਾਨਕ ਦੇਉ ਹੈ ਪਰਮੇਸਰ ਸੋਈ॥ ਗੁਰ ਅੰਗਦ ਗੁਰੂ ਅੰਗ ਤੇ ਜੋਤੀ ਜੋਤ ਸਮੋਈ॥ ਅਮਰਾ ਪਦ ਗੁਰੂ ਅੰਗਦਹੁ ਹੋਇ ਜਾਣ ਜਣੋਈ॥ ਗੁਰ ਅਮਰਹੁ ਗੁਰ ਰਾਮਦਾਸ ਅੰਮ੍ਰਿਤ ਰਸ ਭੋਈ॥ ਰਾਮਦਾਸਹੁ ਅਰਜੁਨ ਗੁਰੂ ਗੁਰ ਸਬਦ ਸਥੋਈ॥ ਹਰਿਗੋਵਿੰਦ ਗੁਰ ਅਰਜਨਹੁ ਗੁਰੁਗੋਵਿੰਦ ਹੋਈ॥ ਗੁਰਮੁਖ ਸੁਖ ਫਲ ਪਿਰਮ ਰਸੁ ਸਤਿਸੰਗ ਅਲੋਈ॥ ਗੁਰਗੋਬਿੰਦਹੁ ਬਾਹਿਰਾ ਦੂਜਾ ਨਾਹੀ ਕੋਈ॥੨੦॥ (ਵਾਰ ਭਾ: ਗੁ: ੩੮)

ਸ੍ਰੀ ਨਾਨਕ ਅੰਗਦ ਕਰਿ ਮਾਨਾ॥ ਅੰਗਦ ਅਮਰਦਾਸ ਪਹਿਚਾਨਾ॥ ਅਮਰਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ ਨਹਿ ਪਾਯੋ॥੯॥ ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥ ਜਿਨ ਜਾਨਾ ਤਿਨਹੀ ਸਿਧਿ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥੧੦॥ (ਬਚਿਤ੍ਰ ਨਾਟਕ)

"ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ
ਅਤਿ ਪ੍ਰੇਮ ਕੈ ਪਰਸਪਰ ਬਿਸਮ ਸਥਾਨ ਹੈ।
ਦ੍ਰਿਸਟਿ ਦਰਸ ਕੈ, ਦਰਸ ਕੈ ਦ੍ਰਿਸ਼ਟਿ
ਹਰੀ, ਹੇਰਤ ਹਿਰਾਤ ਸੁਧਿ ਰਹਤ ਨ
ਧਿਆਨ ਹੈ।। ਸਬਦ ਕੈ ਸੁਰਤਿ, ਸੁਰਤਿ ਕੈ
ਸਬਦ ਹਰੇ, ਕਹਤ ਸੁਨਤ ਗਤਿ ਰਹਿਤ ਨ
ਗਿਆਨ ਹੈ। ਅਸਨ ਬਸਨ ਤਨ ਮਨ
ਬਿਸਿਮਰਨ ਹੋਇ ਦੇਹ ਕੈ ਬਿਦੇਹ ਉਨਮਤ
ਮਧੁ ਪਾਨ ਹੈ।। ੨੯।।" (ਕ : ਭਾ : ਗੁ :)

....ਕੁਛ ਸਮੇਂ ਮਗਰੋਂ ਹੁਣ ਫੇਰ ਆਵਾਜ਼ ਆਈ,

"ਮੇਰਾ ਦੁੱਧ ?"

ਤ੍ਰਬ੍ਹਕਕੇ ਸਿਖ ਜੀ ਉਠੇ, ਸੰਭਲੇ, ਕਦਮ ਦਾਣ ਲਗੇ ਕਿ ਫੇਰ ਚਿਹਰਾ ਤੱਕਿਆ, ਕਲਗੀ ਦੀ ਲਿਸ਼ਕਾਰ ਵੱਜੀ, ਫੇਰ ਮਗਨ ਹੋ ਗੋਦ ਵਿਚ ਹੀ ਢਹਿ ਪਏ।

ਹੇ ਕਲਗੀਆਂ ਵਾਲੇ ਪ੍ਰੀਤਮ ! ਹੁਣ ਸਿਖ ਤੋਂ ਇਕ ਕਦਮ ਦਾ ਵਿਛੁੜਨ ਨਹੀਂ ਹੁੰਦਾ, ਹੁਣ ਅਪਣੀ ਸਦਾ ਹਰੀ ਗੋਦ ਵਿਚ ਇਹ ਬੂਟਾ ਸਮਾ ਲੈ, ਇਹ ਸਿਖ ਹੁਣ ਚਿਹਰੇ ਤੱਕਣ ਦੀ ਤਾਬ ਬੀ ਨਹੀਂ ਰੱਖਦਾ। ਬਿਰਦ ਬਾਨਿਆਂ ਵਾਲਿਆ ! ਰੱਖ ਲੈ, ਹੁਣ ਨਾ ਵਿਛੋੜ ਅਰ ਆਪਣੇ ਹੀ ਸਦਕੇ ਨਾ ਵਿਛੋੜ।

"ਅਚਰਜ ਨੋ ਆਚਰਜੁ ਹੈ ਅਚਰਜੁ ਹੋਵੰਦਾ।।
ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਰਹੰਦਾ।।
ਹੈਰਾਣੈ ਹੈਰਾਣੁ ਹੈ ਹੈਰਾਣੁ ਕਰੰਦਾ।। ਅਬਿਗਤਹੁੰ
ਅਬਿਗਤੀ ਹੈ ਨਹਿਂ ਅਲਖੁ ਲਖੰਦਾ।। ਅਕਥਹੁੰ
ਅਕੱਥ ਅਲੇਖ ਹੈ, ਨਿਤ ਨੇਤਿ ਸੁਣੰਦਾ।।
ਗੁਰਮੁਖ ਸੁਖ ਫਲ ਪਿਰਮ ਰਸ ਵਾਹੁ ਵਾਹੁ
ਚਵੰਦਾ।। ੧੮।।" (ਵਾ : ਭਾ : ਗੁਰਦਾਸ-੩੮)

ਸਤਿਗੁਰੂ ਨੇ ਫੇਰ ਕਿਹਾ:- "ਮੇਰਾ ਦੁੱਧ?"

ਹੁਣ ਹੋਰ ਖੇਲ ਵਰਤੀ। ਪ੍ਰਿਯ ਰਸ ਪ੍ਰੋਤੀ ਸੁਰਤ ਨੇ ਪਰਤਾ ਖਾਧਾ, ਹਾਂ, ਉਸੇ ਦਾਤੇ ਦੀ ਸੱਦ ਨਾਲ ਪਰਤਾ ਖਾਧਾ :-

ਲੋਚਨ ਅਨੂਪ ਰੂਪ ਦੇਖਿ ਮੁਰਛਾਤ ਭਏ, ਸੋਈ
ਮੁਖਿ ਬਹਿਰਿਓ ਬਿਲੋਕਿ ਧਜਾਨ ਧਾਰਿ ਹੈ।
ਅੰਮ੍ਰਿਤ ਬਚਨ ਸੁਨਿ ਸ੍ਰਵਨ ਬਿਮੋਹੇ ਆਲੀ !
ਤਾਹੀ ਮੁਖ ਬੈਨ ਸੁਨ ਸੁਰਤ ਸਮਾਰਿ ਹੈ। ਜਾ
ਪੈ ਬੇਨਤੀ ਬਖਾਨਿ ਜਿਹਬਾ ਥਕਤ ਭਈ, ਤਾਹੀ
ਕੇ ਬੁਲਾਏ ਪੁਨ ਬੇਨਤੀ ਉਚਾਰਿ ਹੈ। ਜੈਸੇ ਮਦ
ਪੀਏ ਗਜਾਨ ਧਜਾਨ ਬਿਸਰਨ ਹੋਇ ਤਾਹੀ
ਮਦ ਅਚਵਤ ਚੇਤਨ ਪ੍ਰਕਾਰ ਹੈ।। ੬੬੬।।[1]

ਬਾਬਾ ਬੁੱਢਣ ਜੀ ਹੁਣ ਉੱਠੇ ਤਾਂ ਬੱਕਰੀ ਪਾਸ ਆਈ ਖੜੀ ਹੈ, ਅਰ ਕੁਦਰਤ ਦੇ ਰੰਗ, ਪ੍ਰੇਮ ਦੇ ਤ੍ਰੰਗ ਤੱਕੋ, ਛੰਨਾਂ ਬੀ ਪਾਸ ਪਿਆ ਹੈ। ਮਸਤਾਨੇ ਰੰਗ ਸਿਖ ਨੇ ਉਠ ਕੇ ਦੁੱਧ ਚੋਇਆ। ਪਤਾ ਨਹੀਂ ਚੋਇਆ ਕਿ ਆਪ ਚੋ ਹੋ ਗਿਆ। ਸਿਖ ਨੇ ਇੰਨਾ ਡਿੱਠਾ ਹੈ ਕਿ ਕਟੋਰਾ ਉਛਲਣ ਲੱਗਾ ਹੈ, ਕਟੋਰਾ ਉੱਛਲ ਪਿਆ ਹੈ, ਲਬਾ ਲਬ ਹੋ ਡੁਲ੍ਹ ਡੁਲ੍ਹ ਪੈ ਰਿਹਾ ਹੈ! ਸਿਖ ਦੇ ਹੱਥ ਹਨ, ਵਿਚ ਛੰਨਾ ਹੈ, ਗੁਰੂ ਦੇ ਗੁਲਾਬ ਨਾਲੋਂ ਕੋਮਲ ਤੇ ਸੁਹਣੇ ਬੁਲ੍ਹ ਹਨ ਜੋ ਛੰਨੇ ਨੂੰ ਲੱਗ ਰਹੇ ਹਨ।[2] ਏਸੇ ਧਿਆਨ ਯੋਗ 'ਗੁਰ-ਸਿਖ-ਸੰਧਿ' ਮੂਰਤੀ ਦੇ ਦਰਸ਼ਨ ਹੋ ਰਹੇ ਹਨ, ਇਸੇ ਰੰਗ ਵਿਚ ਸਿਖ ਤੇ ਗੁਰੂ ਪਿਰਮ ਰਸਾਂ ਵਿਚ ਮਸਤ ਅਲਮਸਤ ਹਨ।

ਇਸੇ ਰੰਗ ਦੇ ਅਨੂਪਮ ਝਾਕੇ ਕੀਰਤਪੁਰ ਹਨ, ਕੀਰਤ ਪੁਰੇ ਵਿਚ 'ਗੁਰਸਿੱਖ-ਸੰਧਿ' ਦਾ ਇਹੋ ਦਰਸ਼ਨ ਹੈ। 'ਮੇਰਾ ਦੁੱਧ' 'ਮੇਰਾ ਦੁੱਖ' ਦਾ ਪਿਆਰਾਂ ਵਾਲਾ ਨਕਸ਼ਾ ਹੈ। ਕਲਮ ਨਾਲ ਕੌਣ ਨਕਸ਼ਾ ਖਿੱਚੇ? ਕੌਣ ਮੂਰਤ ਉਤਾਰੇ? ਹਾਂ, ਅਰਸ਼ਾਂ ਤੇ ਇਸ ਪ੍ਰੇਮ ਦਾ ਨਕਸ਼ਾ ਉਤਰ ਰਿਹਾ ਹੈ। ਉਥੇ ਅਕਸ ਪੈ ਰਿਹਾ ਤੇ ਮੂਰਤ ਬਣ ਰਹੀ ਹੈ!

ਸਦਾ ਜੀਓ! ਸਿੱਖ! ਗੁਰੂ-ਪ੍ਰੀਤ ਵਿਚ ਗੁਰੂ ਨਾਲ ਪੇਉਂਦ ਹੋ ਗਏ ਸਿਖ! ਗੁਰੂ ਨੌਨਿਹਾਲ ਦੀ ਡਾਲੀ ਬਣ ਗਏ ਸਿਖ! ਸਦਾ ਝੂਲੋ, ਸਦਾ ਝੂਮੋ; ਸਦਾ ਫੂਲੋ, ਸਦਾ ਪ੍ਰਫੁਲਤ ਰਹੋ, ਸਦਾ ਲਪਟਾਂ ਦਿਓ, ਸਦਾ ਖਿੜੋ; ਵਾਹ ਵਾਹ 'ਮੇਰਾ ਦੁਧ' ਦਾ ਨਕਸ਼ਾ! ਵਾਹ ਪੀਣ ਹਾਰੇ ਪ੍ਰੀਤਮ! ਵਾਹ ਪਿਲਾਉਣ ਹਾਰੇ ਸਦਕੇ ਹੋ ਚੁਕੇ ਪ੍ਰੇਮੀ! ਪੀਓ ਤੇ ਪਿਲਾਓ। ਕੋਈ ਘੁੱਟ; ਕਤਰਾ ਕੋਈ ਬੂੰਦ, ਕੋਈ ਤੁਪਕਾ, ਕੋਈ ਟੇਪਾ, ਕੋਈ ਛਿੱਟ, ਕੋਈ ਕਣੀ, ਕੋਈ ਕਣੀ ਦੀ ਕਣੀ।

ਅਸਾਂ ਗ੍ਰੀਬਾਂ ਵੱਲ ਬੀ।

ਹੇ ਸਿਖ! ਗੁਰੂ ਦੇ ਸਿਰ ਦੇ ਸਦਕੇ, ਹੇ ਸਿਖ ਗੁਰੂ ਦੇ ਚਰਨਾਂ ਦੇ ਸਦਕੇ! ਕੋਈ ਇਕ ਕਿਣਕੇ ਦੀ ਕਣੀ।

ਅਸਾਂ ਅਨਾਥਾਂ ਨੂੰ ਬੀ....।

ਇਸ ਪ੍ਰੇਮ ਮੂਰਤਿ ਦੇ ਸਦਕੇ, ਇਸ ਪ੍ਰੀਤ ਦਰਸ਼ਨ

1. ਕਬਿਤ ਭਾਈ ਗੁਰਦਾਸ, ਦੂਸਰਾ ਸਰੰਧ। 2. ਲਬਾਬਲ ਕੁਨੋ ਦਮ ਬਦਮ ਨੋਸ਼ ਕੁਨ: ਗ਼ਮੇ ਹਰ ਦੋ ਆਲਮ ਫਰਾਮੋਸ਼ ਕੁਨ।। (ਪਾ: ੧੦)

ਦੇ ਸਦਕੇ ! ਹਾਂ ਕੋਈ ਇਕ ਬੂੰਦ ਦੀ ਬੂੰਦ, ਕੋਈ ਨਿਕੜੀ ਜੇਹੀ ਅੰਮ੍ਰਿਤ ਬੂੰਦ ਸੁਹਾਵਣੀ ਅਸਾਂ ਅਞਾਣਿਆਂ ਨੂੰ ਬੀ ਦਾਨ ਹੋ ਜਾਏ, ਤੇਰੇ ਦਰ ਦੇ ਸੁਆਲੀ ਹਾਂ, ਦੇਹ ਇਕ ਬੂੰਦ ਇਸ ਪਿਆਰ ਭਰੇ ਛੰਨੇ ਵਿਚੋਂ ਪ੍ਰੇਮ ਪਿਆਲੇ ਵਿਚੋਂ ਇਕ ਬੂੰਦ ਦਾਤ ਮਿਲ ਜਾਏ, ਮੰਗਤੇ ਨੂੰ ਖੈਰ ਪੈ ਜਾਏ, ਗੁਸਤਾਖ ਮੰਗਤੇ ਹਾਂ, ਤੇਰੇ ਪ੍ਰੇਮ ਰੰਗ ਦੇ ਬੱਝੇ ਨਕਸ਼ੇ ਵਿਚ ਮੰਗ ਦੀ ਅਵਾਜ਼ ਕੰਨੀ ਪਾ ਰਹੇ ਹਾਂ, ਮੂਰਖ ਭਿਖਾਰੀ ਹਾਂ, ਪਰ ਦਾਤਾ ਸੁਆਲੀ ਕੀ ਤੇ ਅਕਲਾਂ ਕੀ ? ਹਾਂ ਦਾਤਾ ! ਪਾ ਦੇਹ ਖ਼ੈਰ, ਸਦਕੇ ਬਿਰਦ ਬਾਣੇ ਦੇ, ਦੇਹ ਦਾਤ, ਤੇਰਾ ਪ੍ਰੇਮ ਰਾਜ ਜੁਗ ਜੁਗ ਸਲਾਮਤ ਰਹੇ, ਦੇਹ ਇਕ ਤੁਪਕਾ ਅਸਾਂ ਨੂੰ ਬੀ ਦੇਹ, ਹਾਂ—

### ਬੂੰਦ

ਦੇਹ ਇਕ ਬੂੰਦ ਸੁਰਾਹੀਓਂ ਸਾਨੂੰ
ਇੱਕੋ ਹੀ ਦੇਹ ਸਾਂਈਂ !
ਅੱਧੀ, ਅੱਧ—ਪਚੱਧੀ ਦੇ ਦੇ
ਨਿੱਕੀ ਹੋਰ ਗੁਸਾਈਂ !
ਇੱਕ ਵੇਰ ਇੱਕ ਕਣੀ ਦਿਵਾ ਦੇਹ,
ਸੂਫੀ[1] ਅਸੀਂ ਨ ਰਹੀਏ !
ਇੱਕ ਵੇਰ ਦਰ ਖਲਿਆਂ ਤਾਂਈਂ;
ਸਾਂਈ! ਸੁਆਦ ਚਖਾਈਂ।

ਸੂਚਨਾਂ—ਬੁੱਢਣ ਸ਼ਾਹ ਨੂੰ ਤਾਰਦੇ ਸ੍ਰੀ ਗੁਰੂ ਜੀ ਸਿਰਮੌਰ ਦੀ ਦੂਨ ਨੂੰ ਹੋ ਟੁਰੇ ਤੇ ਸਹਿਜੇ ਸਹਿਜੇ ਸਫਰ ਕਰਦੇ ਜਗਤ ਨੂੰ ਤਾਰਦੇ ਨਾਹਨ ਦੇ ਰਾਜ ਵਿਚ ਆ ਪਹੁੰਚੇ। ਇਧਰ ਨਾਹਨ ਸਿਰਮੌਰ ਦੀ ਦੂਨ ਹੈ, ਜਿਸ ਵਿਚ ਗੁਰੂ ਜੀ ਜਾ ਟਿਕੇ ਤੇ ਜਮਨਾ ਕਿਨਾਰੇ ਇਕ ਕੱਚਾ ਕਿਲ੍ਹਾ, ਮੰਦਰ ਤੇ ਰਹਿਣ ਦਾ ਥਾਂ ਬਣਵਾਯਾ। ਮੰਦਰ ਤਾਂ ਹੁਣ ਹੈ, ਕਿਲ੍ਹਾ ਨਹੀਂ ਹੈ, ਟਿਕਾਣਾ ਅਤਿ ਰਮਣੀਕ ਹੈ, ਪਰ ਸਿੱਖਾਂ ਨੇ ਇਸਨੂੰ ਰੌਣਕ ਨਹੀਂ ਦਿੱਤੀ। ਇਸ ਟਿਕਾਣੇ ਸ੍ਰੀ ਗੁਰੂ ਜੀ ਬੜੇ ਖ਼ੁਸ਼ ਰਹੇ ਹਨ, ਕਵਿਤਾ ਦਾ ਰੰਗ ਇਥੇ ਚੋਖਾ ਖੁਲ੍ਹਦਾ ਰਿਹਾ ਹੈ ਤੇ ਹੋਰ ਅਨੇਕ ਚੋਜ ਹੋਏ। ਇਸ ਟਿਕਾਣੇ ਜਗਤ ਉਧਾਰ ਦੇ ਕਾਰਜ ਦਾ ਵੰਨਗੀ ਮਾਤ੍ਰ ਦਰਸ਼ਨ ਅਗਲਿਆਂ ਪ੍ਰਸੰਗਾਂ ਤੋਂ ਹੋ ਜਾਂਦਾ ਹੈ।

## ੯. ਚੰਬੇ ਦੀ ਵਾੜੀ[2]

ਸਤਿਗੁਰ ਕਲਗੀਆਂ ਵਾਲੇ ਨਾਹਨ ਆਏ, ਨਾਹਨ ਤੋਂ ਸਾਰੇ ਬਨੀਂ ਫਿਰ ਜਮਨਾਂ ਕਿਨਾਰੇ ਆਏ। ਇਹ ਥਾਂ ਪਸੰਦ ਕੀਤੀ ਤੇ ਕਿਸੇ ਰਮਣੀਕ ਥਾਂਵੇਂ ਪੈਰ ਟਿਕਾਏ। ਇਥੇ ਰਹਿਣ ਦਾ ਥਾਂਉਂ ਬਣਵਾ ਲਿਆ ਤੇ

1. ਮਤਵਾਲੇ ਅਮਲੀ ਹੁਏ ਪੀ ਪੀ ਚੜ੍ਹੇ ਸਹਿਜ ਘਰ ਜਾਏ। ਸੂਫੀ ਮਾਰਨ ਟੱਕਰਾਂ ਪੂਜ ਨਿਵਾਜੇ ਸੀਸ ਨਿਵਾਏ॥ ੮॥ (ਵਾ:ਭ:ਗੁ:੩੯)
2. ਇਹ ਲੇਖ ਸੰ: ਗੁ: ਸਾ: ੪੫੨ (੧੯੨੧-ਈ) ਦੇ ਗੁਰਪੁਰਬ ਸਪਤਮੀ ਸਮੇਂ ਖਾ: ਸਮਾ: ਵਿਖੇ ਪ੍ਰਕਾਸ਼ਿਆ ਸੀ।

ਜਗ੍ਹਾ ਦਾ ਨਾਮ ਪੈ ਗਆ 'ਪਾਉਂਟਾ'[1]। ਜਿਸ ਦਿਨ ਇਸ ਸੁਹਾਵੀ ਜੂਹ ਵਿਚ ਸਤਿਗੁਰ ਜੀ ਪਹਿਲਾਂ ਆਏ ਸਨ, ਤਦੋਂ ਇਕ ਪਾਸੇ ਇਕ ਵਾੜਾ ਤੇ ਕੁਟੀਆ ਸੀ। ਆਪ ਇਸ ਗ੍ਰੀਬ ਦੀ ਕੁਟੀਆ ਜਾ ਟਿਕੇ। ਜੋ ਥਾਉਂ ਤੰਬੂ, ਖੈਮੇਂ, ਕਨਾਤਾਂ ਨਾਲ ਸਜ ਰਿਹਾ ਸੀ ਉਥੇ ਨਹੀਂ ਗਏ, ਸਿੱਧੇ ਇਸ ਗ੍ਰੀਬਣੀ ਦੀ ਕੁਟੀਆ ਵਿਚ ਗਏ। ਇਹ ਜਮਨਾਂ ਦੇ ਕਿਨਾਰੇ ਸੀ, ਦੁਆਲੇ ਚੰਬੇ ਦੀ ਵਾੜੀ ਗਹਗਟ ਫੁਲ ਰਹੀ ਸੀ, ਵਿਚਾਲੇ ਕੁਟੀਆ ਸੀ, ਇਕ ਪਾਸੇ ਗਊਆਂ ਲਈ ਛੱਪਰ ਸੀ। ਇਹ ਮਾਈ ਕਿਸ਼ਨਾ ਤੇ ਇਸ ਦਾ ਪਤੀ ਗੁਪਾਲ ਸ੍ਰੀ ਗੁਰੂ ਹਰਿ ਕ੍ਰਿਸ਼ਨਾ ਜੀ ਦੇ ਵੇਲੇ ਸਿਖ ਬਣੇ ਸਨ, ਸਢੌਰੇ ਦੇ ਰਹਿਣ ਵਾਲੇ ਸੇ, ਫੇਰ ਇਥੇ ਆ ਟਿਕੇ ਤੇ ਭਜਨ ਕਰਦੇ ਰਹੇ[2]। ਗੋਪਾਲ ਸੌ ਬਰਸ ਦੇ ਹੋ ਕੇ ਚਲ ਬਸੇ ਤੇ ਕਿਸ਼ਨਾ ੯੦ ਬਰਸ ਦੀ ਭਜਨ ਕਰਦੀ ਸਤਿਗੁਰ ਦੇ ਦੀਦਾਰਾਂ ਦੀ ਚਾਹਵਾਨ ਸੀ। ਜਿਸ ਦਿਨ ਸਤਿਗੁਰ ਮਨ ਦੀ ਖਿੱਚ ਦੇ ਖਿੱਚੇ ਨੰਦ ਚੰਦ ਸਮੇਤ ਇਸ ਬ੍ਰਿਧਾ ਦੇ ਘਰ ਗਏ ਅਗੇ ਇਸ ਨੇ ਵਾੜੀ ਦੀ ਖੁਸ਼ਬੂ ਹੀ ਭੇਟਾ ਧਰੀ ਤੇ ਵਾੜੀ ਅਰਪਨ ਕੀਤੀ, ਜਿਸ ਨੂੰ ਸਤਿਗੁਰਾਂ ਨੇ ਰਮਣੀਕ ਬਾਗ਼ ਬਣਾਇਆ ਸੀ। ਹੇਠ ਲਿਖੇ ਗੀਤ ਵਿਚ ਇਸ ਬ੍ਰਿਧ ਪ੍ਰੇਮਣ ਦਾ ਦਿਲੀ ਉਤਸ਼ਾਹ ਅੰਕਿਤ ਹੈ :--

> ਜਮਨਾ ਕਿਨਾਰੇ ਮੇਰੀ ਚੰਬੇ ਦੀ ਵਾੜੀ ਕਲ਼ਗੀਆਂ ਵਾਲਾ ਆਇਆ। ਢੋਕ ਨਿਮਾਣੀ ਮੇਰੇ ਸਤਿਗੁਰ ਸੂਰੇ; ਭਾਗ ਆ ਆਪੇ ਲਾਇਆ। ਚੰਬੇ ਦੀ ਵਾੜੀ ਮੇਰੀ ਮਹਿਕ ਮਚਾਈ ਚੋਜੀ ਗੁਰੂ ਚਲ ਆਇਆ। ਤਖਤ ਰੁਪਹਿਰੀ ਮੇਰੀ ਚੰਬੇ ਦੀ ਵਾੜੀ ਸਤਿਗੁਰ ਆਣ ਸੁਹਾਇਆ। ਦੀਨ ਦੁਨੀਆ ਦਾ ਵਾਲੀ ਪਿਆਰਾ ਕਲ਼ਗੀਆਂ ਵਾਲਾ ਆਇਆ। ਚੰਬੇ ਦੀ ਵਾੜੀ ਨੂੰ ਚੰਦ ਚੜ੍ਹੇ ਨੀ ਭਾਗ ਗੁਰਾਂ ਆ ਲਾਇਆ। ਮੁਸ਼ਕ ਉਠੀ ਮੇਰੀ ਚੰਬੇ ਦੀ ਵਾੜੀ ਜੰਗਲ ਲਪਟ ਬਹਾਇਆ[3] ਚੰਬੇ ਦੀ ਵਾੜੀ ਮੇਰੀ ਜਮਨਾ ਨੇ ਪਾਲੀ ਸਤਿਗੁਰ ਵੇਖਣ ਆਇਆ। ਕਲ਼ਗੀਆਂ ਵਾਲੇ ਨੇ ਦੇਸ਼ ਫਿਰੰਦਿਆਂ ਇਥੇ ਆ ਪਾਉਂ ਟਿਕਾਇਆ; ਚੰਬੇ ਦੀ ਵਾੜੀ ਮੇਰੀ ਨਗਰੀ ਬਣੇਗੀ ਪਾਉਂ ਗੁਰਾਂ ਨੇ ਟਿਕਾਇਆ। ਧੰਨ ਗੁਰੂ ਮੇਰਾ ਕਲ਼ਗੀਆਂ ਵਾਲਾ ਜੰਗਲ ਆ ਆਪ ਵਸਾਇਆ। ਚੰਬੇ ਦੀ ਵਾੜੀ ਮੇਰਾ ਸਤਿਗੁਰ ਬੈਠਾ ਸੂਰਜ ਦਰਸ ਨੂੰ ਆਇਆ, ਚਰਣ ਚੁੰਮਣ ਗੁਰੁ ਜਮਨਾਂ ਜੇ ਆਈ ਆਪਾ ਚਾ ਸਫਲ ਕਰਾਇਆ, ਪੈਰ ਧਰੇ ਜਿਥੇ ਕਲ਼ਗੀਆਂ ਵਾਲਾ ਓਹੀਓ ਹੀ ਥਾਨ ਸੁਹਾਇਆ। ਚੰਬੇ ਦੀ ਬੂਟੀ ਮੇਰੀ ਮੁਸ਼ਕ ਮਚਾਈ ਸਤਿਗੁਰ ਮਾਣਨ ਆਇਆ, ਏਹੋ ਲਪਟ ਇਕ ਗੁਰੂ ਕਬੂਲੇ ਚੰਬੇ ਜੁ ਮਹਿਕ ਮਚਾਇਆ, ਭੇਟਾ ਨ ਹੋਰ ਕੋਈ ਮੈਂ ਪੱਲੇ, ਕਰਕੇ ਗੁਰੂ ਜੀ ਦਾਇਆ ! ਭੇਟਾ ਕਬੂਲੋ ਇਹ ਵਾੜੀ ਨਿਮਾਣੀ ਜਿਥੇ ਆ ਪਾਉਂ ਟਿਕਾਇਆ। ਚੰਬੇ ਦੀ ਵਾੜੀ ਮੇਰਾ ਸਤਿਗੁਰ ਆਇਆ ਸੰਗਤਾਂ ਨਾਲ ਲਿਆਇਆ। ਕੀਰਤਨ ਨਾਦ ਇਲਾਹੀ ਜੇ ਲਜਾਯਾ ਹੰਸਾ ਦੀ ਡਾਰ ਲਿਆਇਆ। ਗੂੰਜ ਉਠੇ ਮੇਰੇ ਬਨ, ਤਟ, ਬੇਲੇ ਜੰਗਲ ਨੇ ਮੰਗਲ ਗਾਇਆ। ਗਹਿਮਾ ਤੇ ਗਹਿਮ ਮਚੀ ਜੇ ਸਾਰੇ ਸਤਿਗੁਰ ਰੰਗ ਜਮਾਇਆ। ਧੰਨ ਗੁਰੂ ਮੇਰਾ ਕਲ਼ਗੀਆਂ ਵਾਲਾ ਵਾੜੀ ਨੂੰ ਭਾਗ ਆ ਲਾਇਆ। ਨੀਵੇਂ ਨਿਵਾਜੇ ਮੇਰਾ ਕਲਗੀਆਂ ਵਾਲਾ ਢੋਕ ਕੰਗਾਲਾਂ ਦੀ ਆਇਆ, ਚੰਬੇ ਦੀ ਵਾੜੀ ਸੁਭਾਗੀ ਜੇ ਹੋਈ ਕਲ਼ਗੀਆਂ ਵਾਲਾ ਆਇਆ, 'ਬੇਲੀ-ਗਰੀਬਾਂ' ਮੇਰਾ ਕਲ਼ਗੀਆਂ ਵਾਲਾ ਅੱਜ ਅਸਾਡੇ ਆਇਆ। ਆਓ ਲੋਕੋ ਮੇਰੀ ਚੰਬੇ ਦੀ ਵਾੜੀ ਦਰਸ ਕਰੋ ਗੁਰ ਆਇਆ, ਕਲ਼ਗੀਆਂ ਵਾਲਾ ਆਇਆ ਜੇ ਲੋਕੋ ! ਘਰ, ਬਨ, ਬਾਗ਼ ਸੁਹਾਇਆ।

---

1. ਬਨੀ ਪਹਾੜੀਂ ਫਿਰਦਿਆਂ ਜ਼ਿਥੇ ਆਕੇ ਟਿਕਾਏ ਪਾਉਂ ਸੋ ਪਾਉਂਟਾ; 2. ਇਸ ਇਲਾਕੇ ਸਿੱਖਾਂ ਦੇ ਘਰ ਕਈ ਥਾਂਈਂ ਅਜੇ ਤਕ ਬੀ ਹਨ, ਪਾਉਂਟੇ ਸਾਹਿਬ ਬੀ ਸਿੱਖ ਹਨ। ਭੰਗਾਣੀ ਬੀ ਸਿਖ ਵੱਸਦੇ ਹਨ। 3. ਜੰਗਲ ਮਹਿਕ ਗਿਆ।

## ਗੀਤ-ਜਮਨਾਂ ਤੇ ਰਾਹੀ।[1]

### ਗੁਰੂ ਜੀ ਦੇ ਜਮਨਾ ਕਿਨਾਰੇ ਆਗਮਨ ਤੇ ਜਮਨਾਂ ਦੀ ਖ਼ੁਸ਼ੀ
### (ਰਾਗ-ਜੋਗ। ਤਾਰ-ਚੰਚਲ ਧਮਾਰ)

ਰਾਹੀ-

ਜਮਨਾ ਨੀ ਤੂੰ ਸੁਹਣੀਏਂ ਜਮਨਾ ! ਤੇਰੀ ਨੈਂ ਵਿਚ ਸ਼ੋਖ ਹੁਲਾਰੇ।
ਉਮੰਡ ਉਮੰਡ ਤੂੰ ਤੁਰਨੀਏਂ ਜਮਨਾ ! ਤੇਰੇ ਤੌਰ ਬਦਲ ਗਏ ਸਾਰੇ।
ਪੈਰ ਟਿਕਾਵੇਂ ਤੂੰ ਹੇਠ ਨ ਜਮਨਾ, ਤੇਰਾ ਜੋਬਨ ਠਾਠਾਂ ਮਾਰੇ।
ਭਾਗ ਮੁਲੱਖੀ ਤੂੰ ਜਮਨਾ ਦਿਸੀਵੇਂ, ਕਿਵੇਂ ਕੱਪਰ ਪੈਣ ਕਰਾਰੇ ?

ਜਮਨਾ-

ਰਾਹੀਆ ਵੇ ! ਤੂੰ ਸੋਹਣਿਆਂ ਰਾਹੀਆ! ਤੇਰੇ ਲਗਦੇ ਬੈਨ ਪਿਆਰੇ!
ਰਾਹੀਆ ਵੇ ! ਤੂੰ ਅਰਜ਼ ਸੁਣੀਵੀਂ, ਤੇਰੇ ਨੈਣ ਚਮਕਦੇ ਤਾਰੇ!
ਅਰਸ਼ ਕੁਰਸ਼ ਦਾ ਨੂਰ ਵੇ ਰਾਹੀਆ ! ਜ਼ਿਦੇ ਭੈ ਵਿਚ ਮੰਡਲ ਸਾਰੇ;
ਨੂਰ ਜ਼ਿਦੇ ਤੋਂ ਸੂਰਜ ਚਮਕੇ, ਜਿਸ ਤੋਂ ਰੌਸ਼ਨ ਚੰਦ ਤੇ ਤਾਰੇ-
ਮਾਣੇ ਉਹ ਆਣ ਨਿਮਾਣੀ ਨੂੰ ਏਥੇ, ਮੇਰੇ ਉਛਲੇ ਨੀ ਅੱਜ ਕਿਨਾਰੇ।
ਮੰਗਲ ਖੁਸ਼ੀਆਂ ਦੇ ਚਾਉ ਵੇ ਰਾਹੀਆ! ਮੈਨੂੰ ਬਣਦੇ ਨੀ ਚੋਜ ਮਲ੍ਹਾਰੇ।
ਦੁਆਰੇ ਆਇ ਪਿਯ ਵਿਛੁੜੇ ਨ ਰਾਹੀਆ, ਹਾਂ ਵਿਛੁੜੇ ਨ ਆਯਾ ਦੁਆਰੇ।
ਧੋਣ ਤੋਂ ਜਿਸਦੇ ਏ ਬਿਜਲੀ ਬਣੀ ਹੈ, ਜਿਸਦੇ ਤੇਜ ਤੋਂ ਤੇਜ਼ ਪਸਾਰੇ।
ਨੈਣਾਂ ਤੋਂ ਜਿਸਦੇ ਏ ਜਾਗੇ ਨੀ ਨੈਣਾਂ, ਅਜ ਆਵੇਗਾ ਮੇਰੇ ਕਿਨਾਰੇ।
ਏਥੇ ਟਿਕਾਵੇਗਾ ਪੈਰਾਂ ਵੇ ਰਾਹੀਆ ! ਜਿਸ ਫੇਰਜਾਂ ਫਿਰਦੇ ਨੇ ਸਾਰੇ।
ਪੌਂਟਾ ਰਚੇਗਾ ਥਾਉਂ ਵੇ ਰਾਹੀਆ ! ਏਥੇ ਚੋਜ ਕਰੇਗਾ ਨਜਾਰੇ।

1. ਇਹ ਗੀਤ ਸੰ: ਗੁ: ਨਾ: ਸਾ: ੪੪੯ (੧੯੧੮-ਈ) ਦੇ ਗੁਰਪੁਰਬ ਸਪਤਮੀ ਤੇ ਪ੍ਰਕਾਸ਼ਿਆ ਸੀ।

# ਸਿਰ ਭੇਟਾ ਚਾ ਧਰੀਏ !

*ਵਿਖਮ ਪਦ–*

ਦਰਸ਼ਨ ਚਲ ਅਨੰਦਪੁਰ ਕਰੀਏ :–

ਚਲੋ ਸਹੀਓ ਆਨੰਦਪੁਰ ਚਲੀਏ ਦਰਸ਼ਨ ਕਰ ਕਰ ਠਰੀਏ।
ਝਿਮਣੀਆਂ ਦੇ ਝਾੜੂ ਕਰਕੇ ਥਾਂ ਥਾਂ ਪਏ ਸੰਬਰੀਏ।
ਚਰਨ ਛੋਹ ਵਰੁਸਾਇਆ ਕਿਣਕਾ ਕਿਣਕਿਆਂ ਵਿੱਚ ਢੂੰਡਰੀਏ।
ਕਰ ਸੁਰਮਾਂ ਅੱਖੀਂ ਵਿਚ ਪਾਈਏ ਦਿਲ ਅੰਧੇਰਾ ਹਰੀਏ।
ਇਸ ਰੌਸ਼ਨ ਦਿਲ ਨਾਲ ਸਖੀ! ਗੁਰ ਗੋਬਿੰਦ ਸਿੰਘ ਸਿਮਰੀਏ।
ਸਿਮਰ ਸਿਮਰ ਸੁਾਮੀ ਗੁਰ ਅਪਨਾ ਨੈਂ ਸਮਿਆਂ ਦੀ ਤਰੀਏ।
ਦਰਸ ਸੁਹਾਵੇ ਸੈ ਵਰ੍ਹਿਆਂ ਦੇ ਕਲਗੀਧਰ ਦੇ ਕਰੀਏ।
ਖਿਚ ਸ਼ਮਸ਼ੇਰ ਖੜੇ ਦੇ ਅੱਗੇ ਸਿਰ ਭੇਟਾ ਚਾ ਧਰੀਏ।
ਅੰਮ੍ਰਿਤ ਦਾਤ ਮਿਲੇ ਦਾਤੇ ਤੋਂ ਖਿੜਖਿੜ ਘੁਟ ਘੁਟ ਭਰੀਏ।
ਜੀਵਾਲੇ ਤਾਂ ਜੀਉ ਜੀਉ ਪਈਏ ਮਾਰੇ ਹਸ ਹਸ ਮਰੀਏ।
ਮਰ ਕੇ ਅਮਰ, ਅਮਰ ਹੋ ਸੇਵਾ ਕਰੀਏ, ਹਉਂ ਤੋਂ ਡਰੀਏ।
ਸੇਵਕ ਤੋਂ ਪਦ ਮਿਲੇ ਪੁਤਰ ਪਦ ਭੀ ਸੇਵਾ ਨੂੰ ਵਰੀਏ।
ਸੇਵਾ ਕਰੀਏ, ਨਾਮ ਸਿਮਰੀਏ, ਹਉਂ ਹਰੀਏ, ਭਵ ਤਰੀਏ।
ਕਲਗੀਧਰ ਦੀ ਛੁਹ ਪਾਰਸ ਲਭ ਕੰਚਨ ਕਾਯਾਂ ਕਰੀਏ।
ਕੰਚਨ ਕਾਯਾਂ ਕਾਲ ਨ ਗ੍ਰਾਸੇ ਵਾਹ ਵਾ ਸਦਾ ਉਚਰੀਏ।

# ੧੦. ਕਾਲਸੀ ਦਾ ਰਿਖੀ[1]।

੧.

**ਰਾਜਾ** ਮੇਦਨੀ ਪ੍ਰਕਾਸ਼ ਨਾਹਨ ਦਾ ਰਾਜਾ ਆਪਣੇ ਆਰਾਮ ਕਮਰੇ ਬੈਠਾ ਸੀ ਕਿ ਵਜ਼ੀਰ ਹਰਜੀ ਆ ਗਿਆ ਤੇ ਦੋਹਾਂ ਦੀ ਗੱਲ ਬਾਤ ਐਉਂ ਛਿੜੀ :-

ਰਾਜਾ--ਕੋਈ ਨਵੀਂ ਖ਼ਬਰ ? ਹਰਜੀ !

ਵਜ਼ੀਰ--ਮਹਾਰਾਜ ! ਖ਼ਬਰਾਂ ਭਲੀਆਂ ਨਹੀਂ, ਫਤਹ ਸ਼ਾਹ ਦੀ ਧੀ ਦਾ ਸਾਕ ਭੀਮ ਚੰਦ ਦੇ ਲੜਕੇ ਨਾਲ ਹੋ ਗਿਆ ਹੈ।

ਰਾਜਾ--ਹੋ ਗਿਆ ? ਦਿੱਸਦਾ ਹੀ ਸੀ, (ਅਸਮਾਨਾਂ ਵਲ ਤੱਕ ਕੇ ਠੰਢਾ ਸਾਹ ਲੈਕੇ) ਅੱਗੇ ਤਾਂ ਪੁੱਤ੍ਰ ਦੀ ਅਣਹੋਂਦ ਖਾਵਲਿਆਂ ਕਰਦੀ ਸੀ ਤੇ ਹੁਣ ਰਾਜ ਕਾਜ ਦਾ ਭੀ ਸੰਸਾ ਪੈ ਗਿਆ ਹੈ।

ਹਰਜੀ--ਮੈਂ ਬੀ ਡਾਢਾ ਫਿਕਰ ਖਾਧਾ ਹੈ ਕਿ ਅਗੇ ਹੀ ਫਤਹ ਸ਼ਾਹ ਜੀਉਣ ਨਹੀਂ ਸੀ ਦੇਂਦਾ ਤੇ ਹੁਣ ਤਾਂ ਉਹ ਹੋਰ ਭਾਰੂ ਹੋ ਗਿਆ।

ਰਾਜਾ--ਫੇਰ ਕੋਈ ਤਦਬੀਰ ?

ਵਜ਼ੀਰ--ਇਨਸਾਨੀ ਤਦਬੀਰ ਤਾਂ ਅਜੇ ਕੋਈ ਨਹੀਂ ਸੁੱਝੀ ਕੋਈ ਰੱਬੀ ਮਦਦ ਮਿਲੇ ਤਾਂ ਵੱਖਰੀ ਗੱਲ ਹੈ।

ਰਾਜਾ--ਰੱਬੀ ਮਦਦ ਦੇਵੀ ਦੇਵਤੇ ਦੀ ਤਾਂ ਕੁਛ ਸਾਰਦੀ ਨਹੀਂ, ਪੁੱਤ੍ਰ ਨਮਿੱਤ ਸਾਰਿਆਂ ਦੀ ਪੂਜਾ ਪ੍ਰਤਿਸ਼ਠਾ, ਪਾਠ ਪੂਜਾ, ਜੱਗ ਕਰਕੇ ਵੇਖ ਚੁਕੇ ਹਾਂ ਕੋਈ ਨਹੀਂ ਪੁੱਕਰਦਾ। ਤੇ ਜਾਂ ਜਿਵੇਂ ਕੋਈ ਆਖਦੇ ਹਨ : ਦੇਵਤਾ ਹੈ ਹੀ ਨਹੀਂ, ਭਰਮ ਹੀ ਹੈ। ਬਾਕੀ ਰਹੀ ਪੀਰ ਫਕੀਰ ਕਿਸੇ ਦੀ ਮਦਦ, ਸਢੌਰੇ ਬੁੱਧੂ ਸ਼ਾਹ ਸੁਣੀਂਦਾ ਹੈ, ਜੋ ਮੁਸਲਮਾਨ ਹੈ, ਤੇ ਦੂਨਾਂ ਵਿਚ ਰਾਮ ਰਾਇ ਸੁਣੀਂਦਾ ਹੈ ਜਿਸ ਦੀਆਂ ਕਰਾਮਾਤਾਂ ਅੱਗੇ ਔਰੰਗਜ਼ੇਬ ਬੀ ਝੁਕਿਆ ਹੈ, ਸੋ ਉਹ ਸਾਡੇ ਵੈਰੀ ਫਤਹਸ਼ਾਹ ਦਾ ਮਿੱਤ੍ਰ ਤੇ ਪੂਜਜ ਹੈ। ਸੋ ਅਸਾਂ ਲਈ ਸਭ ਰਸਤੇ ਬੰਦ ਹਨ, ਹੁਣ ਤਾਂ ਇੱਕੋ ਸੁੱਝਦੀ ਹੈ ਕਿ ਹੋਰ ਫੌਜ ਭਰਤੀ ਕਰੀਏ ਤੇ ਜੰਗ ਲਈ ਤਿਆਰ ਰਹੀਏ, ਜਦ ਸਮਾਂ ਆ ਬਣੇ, ਮੈਦਾਨ ਵਿਚ ਸਨਮੁਖ ਜੂਝਦੇ ਲੜ ਮਰੀਏ। ਲੋਕ ਤਾਂ ਜਾਣਾ ਹੈ, ਪਰਲੋਕ ਵਿਚ ਤਾਂ ਸ੍ਵਰਗ ਮਿਲੇ।

ਵਜ਼ੀਰ-ਜੰਗ ਲਈ ਤਿਆਰ ਰਹਿਣਾ ਸਦਾ ਸੁਖਦਾਈ ਹੈ, ਸਗੋਂ ਐਸੇ ਸਮੇਂ ਤਾਂ ਹਰ ਛਿਨ ਸਨੱਧਬੱਧ ਰਹਿਣਾ ਹੀ ਰਾਜਨੀਤੀ ਹੈ। ਮੈਦਾਨ ਵਿਚ ਸਨਮੁਖ ਜੂਝਕੇ ਮਰਨਾ ਬੀ ਬੀਰਾਂ ਦਾ ਧਰਮ ਹੈ ਪਰ ਉਦਾਸੀ ਤੇ ਨਿਰਾਸਤਾ ਨਹੀਂ ਚਾਹੀਏ, ਕੁਛ ਹੋਰ ਬੀ ਕਰੀਏ।

ਰਾਜਾ--ਕੀ ਕੁਛ ?

ਵਜ਼ੀਰ--ਸਾਡੇ ਰਾਜ ਦੀ ਸਰਹੱਦ ਵਿਚ ਜਮਨਾਂ ਕਿਨਾਰੇ ਇਕ ਬੜਾ ਬ੍ਰਿਧ ਬ੍ਰਾਹਮਣ ਤਪ ਕਰ ਰਿਹਾ ਹੈ: ਕਿਉਂ ਨਾ ਉਸ ਦੀ ਸਹਾਇਤਾ ਲਈਏ। ਮੇਰੀ ਜਾਚ ਉਹ ਜੋਗੀ ਹੈ ਅਰ ਸਿੱਧੀਆਂ ਦਾ ਮਾਲਕ ਹੈ, ਨਿਰਜਨ ਬਨ ਵਿਚ ਰਹਿੰਦਾ ਹੈ, ਦਿਨ ਰਾਤ ਤਪ ਵਿਚ ਲੀਨ ਹੈ, ਕਿਸੇ ਨਾਲ ਸੰਬੰਧ ਨਹੀਂ। ਇਕ ਚੇਲਾ ਸੇਵਾ ਕਰਦਾ ਹੈ। ਦੂਧਾਧਾਰੀ ਹੈ। ਦੋ ਚਾਰ ਗਾਈਆਂ ਹਨ ਜੋ ਬਨ ਵਿਚ ਚਰ ਲੈਂਦੀਆਂ ਹਨ ਤੇ ਮਹਾਤਮਾਂ ਨੂੰ ਦੁੱਧ ਦੇ ਛਡਦੀਆਂ ਹਨ, ਉਸ ਦੀ ਅਸੀਸ ਜ਼ਰੂਰ ਕੋਈ ਸਹਾਇਤਾ ਕਰੇਗੀ, ਇਧਰ ਆਪਣੀ ਸੈਨਾ ਹੋਰ ਵਧਾਉਣੀ ਚਾਹੀਏ। ਮਾਤਾ ਜੀ ਨੂੰ ਆਪ ਮਨਾਓ ਕਿ ਹੁਣ ਸਮਾਂ ਆ ਗਿਆ ਹੈ ਕਿ ਉਹ ਵਡੇ ਪੁਰਾਤਨ ਖਜ਼ਾਨੇ ਦੀਆਂ ਕੁੰਜੀਆਂ ਆਪ ਨੂੰ ਦੇ ਦੇਣ, ਜੋ ਔਕੜਾਂ ਵਾਸਤੇ, ਪਿਛਲੇ ਰਾਜੇ ਸੰਭਾਲਕੇ ਜਮ੍ਹਾਂ ਕਰ ਗਏ ਹਨ। ਇਸ ਤੋਂ ਉਪਰ ਔਕੜ ਦਾ ਸਮਾਂ ਹੋਰ ਕਿਹੜਾ ਹੈ।

ਰਾਜਾ--ਹੈ ਠੀਕ, ਪਰ ਤ੍ਰੀਮਤਾਂ ਤੇ ਫੇਰ ਬਿਰਧ, ਘੱਟ ਹੀ ਆਖੇ ਲਗਦੀਆਂ ਹਨ। ਅੱਛਾ ਵੇਖੀਏ ਜਤਨ ਹੀ ਕਰਨਾ ਹੈ, ਕਰਦੇ ਹਾਂ, ਮਾਂ ਹੈ, ਮੰਨ ਜਾਵੇਗੀ। ਹਾਂ ਹਾਂ, ਮੰਤ੍ਰੀ ! ਫੇਰ ਬ੍ਰਾਹਮਣ ਵਲ ਕਦੋਂ ?

ਮੰਤ੍ਰੀ--ਤੁਸੀਂ ਅੱਜ ਮਾਤਾ ਜੀ ਨਾਲ ਗੱਲ ਬਾਤ ਕਰੋ; ਮੈਂ ਬਖਸ਼ੀ ਜੀ ਨਾਲ ਫੌਜ ਵਧਾਉਣ ਤੇ ਸਾਮਾਨ ਜੰਗ ਵਧੇਰੇ ਕਰਨ ਦੀ ਤਜਵੀਜ਼ ਕਰਦਾ ਹਾਂ। ਉਸ ਵੱਲ ਕੱਲ ਤੜਕੇ ਟੁਰ ਪਈਏ। ਸ਼ਿਕਾਰ ਦੇ ਬਹਾਨੇ ਚੱਲਾਂਗੇ ਤੇ ਫੇਰ ਸ਼ਿਕਾਰ ਵਿਚ ਹੀ ਉਸ ਨੂੰ ਮਿਲਣੇ ਦਾ ਅਵਕਾਸ਼ ਕੱਢ ਲਵਾਂਗੇ। ਦੱਸਕੇ ਜਾਣਾ ਠੀਕ ਨਹੀਂ।

ਰਾਜਾ-ਕਿੱਥੇ ਕੁ ?

1. ਇਹ ਪ੍ਰਸੰਗ ਗੁਰਪੁਰਬ ਸਪਤਮੀ ਗੁ: ਨਾ: ਸਾ: ੪੫੨ (੧੯੨੧-ਈ) ਪਰ ਟਰੈਕਟ ਦੀ ਸੂਰਤ ਵਿਖੇ ਪ੍ਰਕਾਸ਼ਿਆ ਸੀ।

ਮੰਤ੍ਰੀ--ਕੋਈ ੨੫ ਯਾ ੨੬ ਕੋਹ ਪਰ ਸਾਡੇ ਸ਼ਹਿਰ ਤੋਂ ਪੂਰਬ ਉੱਤਰ ਵੱਲ ਜਮਨਾ ਕਿਨਾਰੇ ਕਾਲਸੀ ਪਿੰਡ ਹੈ ਉਹ ਕੁਛ ਚੜ੍ਹਾਈ ਚੜ੍ਹਕੇ। ਉਸੇ ਤੋਂ ਕੋਹ ਡੇਢ ਕੋਹ ਕੁ ਉਰੇ ਵਾਰ, ਪਰ ਸਾਡੇ ਪਾਸੇ ਦੇ ਕਿਨਾਰੇ ਤੇ; ਜਿੱਥੇ ਕੁ ਪਹਾੜੀ ਨਦੀ ਟੈਂਸਾ ਜਮਨਾ ਦਾ ਸੰਗਮ ਹੈ, ਓਥੇ ਕੁ ਵਾਰ ਕੁਛ ਪੱਧਰ ਜੇਹੀ ਹੈ ਥੋੜੀ ਓਥੇ ਬਨ ਵਿਚ ਇਕ ਕੁਟੀ ਹੈ ਤੇ ਗਿਰਦੇ ਛਾਪਿਆਂ ਦਾ ਬੜਾ ਤਕੜਾ ਵਾੜਾ ਹੈ ਵਿਚ ਬੜਾ ਖੁਲ੍ਹਾ ਵਿਹੜਾ ਹੈ।

ਰਾਜਾ--ਠੀਕ ! ਬਹੁਤ ਦੂਰ ਨਹੀਂ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਕੇ ਰਾਜਾ ਤੋਂ ਵਜ਼ੀਰ ਜੀ ਵਿਦਾ ਹੋਏ ਤੇ ਬਖਸ਼ੀਖਾਨੇ ਜਾਕੇ ਆਪਣੀ ਰਿਆਸਤ ਦੀ ਰੱਖਿਆ ਦੇ ਵਧੇਰੇ ਸਾਮਾਨ ਦੀ ਡੌਲ ਡੌਲਦੇ ਰਹੇ। ਉਧਰ ਰਾਜਾ ਜੀ ਨੇ ਆਪਣੀ ਮਾਤਾ ਨਾਲ ਜਤਨ ਲਾ ਕੇ ਪੁਰਾਣੇ ਭੰਡਾਰੇ ਵਿਚੋਂ ਚੋਖੀ ਮਾਇਆ ਰਿਆਸਤ ਦੀ ਰੱਖਿਆ ਦੀ ਨਵੀਂ ਤਜਵੀਜ਼ ਪਰ ਖਰਚ ਲਈ ਕੱਢ ਲੈਣ ਦੀ ਗੱਲ ਮਨਾ ਲਈ।

੨.

**ਅਗਲੇ** ਦਿਨ ਰਾਜਾ ਮੇਦਨੀ ਪ੍ਰਕਾਸ਼ ਸ਼ਿਕਾਰ ਚੜ੍ਹਿਆ, ਨਾਲੇ ਵਜ਼ੀਰ ਤੇ ਕੁਛ ਸਿਪਾਹੀ ਚੜ੍ਹੇ। ਰਸਤੇ ਵਿਚ ਬਖਸ਼ੀ ਨਾਲ ਨਵੀਆਂ ਤਜਵੀਜ਼ਾ ਤੇ ਬਹਿਸ ਤੇ ਵਿਚਾਰ ਹੁੰਦੀ ਗਈ। ਵਜ਼ੀਰ ਨੇ ਡੇਰਾ ਉਸ ਟਿਕਾਣੇ ਤੋਂ ਕੋਹ ਕੁ ਦੀ ਵਿੱਥ ਉੱਤੇ ਉਰੇ ਲਵਾਯਾ। ਲੌਢਾ ਪਹਿਰ ਹੋਯਾ ਤਾਂ ਰਾਜਾ ਤੇ ਵਜ਼ੀਰ ਘੋੜੇ ਚੜ੍ਹ ਸੈਰ ਨੂੰ ਨਿਕਲੇ ਤੇ ਸਨੇ ਸਨੇ ਬ੍ਰਾਹਮਣ ਦੀ ਕੁਟੀ ਪਾਸ ਜਾ ਨਿਕਲੇ। ਰਾਜਾ ਉਰੇ ਠਹਿਰ ਗਿਆ ਤੇ ਵਜ਼ੀਰ ਘੋੜਾ ਬ੍ਰਿਛ ਨਾਲ ਬੰਨ੍ਹਕੇ ਅੰਦਰ ਗਿਆ, ਬ੍ਰਾਹਮਣ ਜੀ ਉਸ ਵੇਲੇ ਵਾੜੇ ਦੇ ਵਿਹੜੇ ਵਿਚ ਇਕ ਪੱਥਰ ਦੀ ਸ਼ਿਲਾ ਤੇ ਘਾਸ ਦੀ ਸਫ ਵਿਛਾਈ ਬੈਠੇ ਸਨ। ਉਮਰਾ ਕੋਈ ਸੌ ਬਰਸ ਤੋਂ ਉੱਪਰ ਦੀ ਸੀ, ਸਰੀਰ ਬੱਸ ਹੱਡੀਆਂ ਜਾਪਦਾ ਸੀ, ਮਾਸ ਤਾਂ ਵਿਚੋਂ ਗੁੰਮ ਹੀ ਲੱਭਦਾ ਸੀ, ਪਰ ਚਿਹਰੇ ਪਰ ਆਭਾ ਚੰਗੀ ਸੀ। ਪਿੱਠ ਵਿਚ ਸਿੱਧਾਪਨ ਨਹੀਂ ਸੀ, ਕੁੱਬ ਜਿਹਾ ਪੈ ਰਿਹਾ ਸੀ ਤੇ ਨਿਰਬਲਤਾਈ ਦੇ ਪੂਰੇ ਡੇਰੇ ਜੰਮੇ ਹੋਏ ਦਿੱਸਦੇ ਸਨ।

ਵਜ਼ੀਰ ਨੇ ਅੱਗੇ ਵਧਕੇ ਪ੍ਰਣਾਮ ਕੀਤੀ, ਬ੍ਰਾਹਮਣ ਨੇ ਪਛਾਣਿਆਂ, ਅਸ਼ੀਰਬਾਦ ਦਿਤੀ ਤੇ ਕਿਹਾ "ਆਓ ਬੈਠੋ"। ਵਜ਼ੀਰ ਨੇ ਬਿਨੈ ਕੀਤੀ ਕਿ "ਬਾਹਰ ਰਾਜਾ ਜੀ ਹਨ, ਆਗਯਾ ਹੋਵੇ ਤਾਂ ਆ ਜਾਣ ?" ਇਹ ਸੁਣਕੇ ਬ੍ਰਾਹਮਣ ਕੰਬਦਾ ਕੰਬਦਾ ਉੱਠਣ ਲੱਗਾ ਤੇ ਬੋਲਿਆ "ਸ੍ਰੀ ਕ੍ਰਿਸ਼ਨ ਜੀ ਦਾ ਵਾਕ ਹੈ: 'ਮਨੁੱਖਾਂ ਵਿਚ ਮੈਂ ਰਾਜਾ ਹਾਂ' ਅਹੋ ਭਾਗ ! ਰਾਜੇ ਹੀ ਹੋ ਕੇ ਆਓ; ਆਓ ਸਹੀ"। ਪਰ ਵਜ਼ੀਰ ਨੇ ਬਾਂਹ ਫੜਕੇ ਬਹਾਲ ਦਿਤਾ ਤੇ ਕਿਹਾ "ਆਪ ਬਿਰਾਜੀਏ, ਰਾਜਾ ਜੀ ਆਪ ਆ ਜਾਣਗੇ। ਉਹ ਆਪਦੇ ਦੁਆਰੇ ਰਾਜਾ ਹੋ ਕੇ ਨਹੀਂ ਆਏ, ਆਸ਼ੀਰਬਾਦ ਵਾਸਤੇ ਆਏ ਹਨ, ਆਪ ਧਰਮ ਮੂਰਤੀ ਹੋ, ਬੜੇ ਹੋ।"

ਇਹ ਕਹਿਕੇ ਬਾਹਰ ਗਿਆ ਤੇ ਰਾਜਾ ਨੂੰ ਨਾਲ ਲੈ ਕੇ ਅੰਦਰ ਆ ਗਿਆ। ਦੋਹਾਂ ਨੇ ਦੂਰੋਂ ਹੀ ਸੀਸ ਨਿਵਾਇਆ ਤੇ ਬੁਢੇ, ਪਰ ਅੰਦਰਲੇ ਸਾਹਸ ਵਾਲੇ ਬ੍ਰਾਹਮਣ ਨੇ ਕਿਹਾ: "ਅਹੋ ਭਾਗ:, ਧੰਨਜ ਭਾਗਜ ! ਰਾਜਾ ਹੀ ਹੋ ਕੇ ਆਓ, ਜੀ ਆਇਆਂ ਨੂੰ !"

ਥੋੜਾ ਚਿਰ ਆਪੋ ਵਿਚ ਆਦਰ ਸਤਿਕਾਰ ਕੁਸ਼ਲ ਆਨੰਦ ਪੁਛਕੇ ਮਤਲਬ ਦੀ ਗੱਲਬਾਤ ਛਿੜ ਪਈ। ਬ੍ਰਾਹਮਣ ਨੇ ਸਾਰੀ ਗੱਲ ਸੁਣਕੇ ਕਿਹਾ "ਹੇ ਰਾਜਨ ! ਮੈਂ ਇਸ ਰਾਜ ਵਿਚ ਬੈਠ ਕੇ ਤਪ ਕੀਤਾ ਹੈ, ਤੇਰੀ ਰਾਜ ਹਾਨੀ ਮੈਂ ਨਹੀਂ ਵੇਖ ਸਕਦਾ! ਭਗਵਾਨ ਕ੍ਰਿਪਾ ਕਰੇ ਤੇ ਰਾਜ ਅਟੱਲ ਹੋਵੇ। ਪਰ ਸੰਸਾਰ ਵਿਚ ਫਤਹ ਸ਼ਾਹ ਤੇ ਭੀਮ ਚੰਦ ਦੋ ਰਲੇ ਹੋਏ ਤੇਰੇ ਤੇ ਭਾਰੂ ਹਨ ਤੇ ਸਿੱਧੀ ਮੰਡਲ ਵਿਚ ਰਾਮ ਰਾਏ ਜੋਗੀ ਹੈ, ਸਿੱਧੀਆਂ ਵਿਭੂਤੀਆਂ ਤੇ ਉਸ ਦਾ ਪੂਰਨ ਵਸੀਕਾਰ ਹੈ। ਮੈਂ ਗਰੀਬ ਤਾਂ 'ਦਰਸ਼ਨ' ਦੀ ਆਸ ਵਿਚ ਬੁੱਢਾ ਹੋ ਗਿਆ ਹਾਂ, ਵਿਭੂਤੀਆਂ ਤੋਂ ਮੇਰੇ ਗੁਰੂ ਨੇ ਮੈਨੂੰ ਹੋੜਿਆ ਸੀ ਤੇ ਮੈਂ ਆਪ ਬੀ ਇਸ ਪਾਸੇ ਰੁਚੀ ਨਾ ਕੀਤੀ। ਸਾਰਾ ਬਲ ਇਸੇ ਗੱਲ ਵੱਲ ਲਗਾ ਕਿ ਪ੍ਰਤੱਖ ਭਾਵੇ ਅੰਤਰਆਤਮੇ ਦਰਸ਼ਨ ਪਾਵਾਂ, ਚਾਹੇ ਦਰਸ਼ਨ ਦੇਖਾਂ ਚਾਹੇ ਦਰਸ਼ਨ ਸਮਾਵਾਂ; ਪਰ ਮੇਟੀ ਆਸ ਨਹੀਂ ਪੁੱਗੀ" (ਇਹ ਕਹਿ ਨੈਣ ਭਰ ਆਏ)।

ਵਜ਼ੀਰ—ਖਿਮਾਂ ਕਰਨੀ, ਅਸਾਂ ਆਪ ਦੇ ਕੇਵਲ 'ਬ੍ਰਹਮ-ਦਰਸ਼ਨ' ਨਮਿੱਤ ਲਗ ਰਹੇ ਸਮੇਂ ਵਿਚ ਵਿਘਨ ਪਾਯਾ ਹੈ। ਅਸੀਂ ਲੋੜਵੰਦ ਲੋਕ ਹਾਂ, ਬਿਰਥਾਵੰਤ ਅਪਣੇ ਲਈ ਕਾਹਲਾ ਹੁੰਦਾ ਹੈ।

ਬ੍ਰਾਹਮਣ--ਕਿਵੇਂ ਆਖੋ। ਰਾਜਾ ਪ੍ਰਜਾ ਦਾ ਰਖਵਾਲਾ ਹੈ, ਰਾਜ ਵਿਚ ਵਸਦਿਆਂ ਰਾਜ ਦੀ ਰੱਖਿਆ ਸਭ ਦਾ ਧਰਮ ਹੈ। ਮੈਂ ਇਸ ਰਾਜ ਵਿਚ ਸੁਖ ਪਾਇਆ

ਹੈ, ਆਪ ਦਾ ਆਉਣਾ ਵਿਘਨਕਾਰੀ ਨਹੀਂ ਹੈ। ਭਗਵਾਨ ਸਹਾਇਤਾ ਕਰੇ, ਮੇਰੀ ਅਸ਼ੀਰਵਾਦ ਹੈ, ਪਰ ਹਾਂ.....!

ਇਹ ਕਹਿਕੇ ਬੁੱਢੇ ਦਾ ਚਿਹਰਾ ਦਮਕ ਆਇਆ, ਢਿਲਕਦੇ ਮਾਸ ਦੀਆਂ ਝੁਰੀਆਂ ਵਿਚ ਇਕ ਚਾਨਣ ਜਿਹਾ ਫੇਰਾ ਪਾ ਗਿਆ, ਸਿਰ ਹਿਲਾਵੇ ਤੇ ਅੱਖਾਂ ਮੀਟ ਮੀਟ ਜਾਵੇ, ਜਿਨ੍ਹਾਂ ਅੱਖਾਂ ਵਿਚ ਕਿ ਹੁਣ ਇਕ ਦਮਕ ਆ ਗਈ ਸੀ। ਫੇਰ ਨੈਣ ਭਰ ਆਏ ਤੇ ਫੇਰ ਕੁਛ ਚਿਰ ਚੁਪ ਰਹਿਕੇ ਬੋਲਿਆ: "ਰਾਜਨ ! ਇਹ ਕਲੂਕਾਲ ਹੈ ਤੇ ਕਲੂ ਦੇ ਬੀ ਤ੍ਰੈ ਪੈਰ ਖਿੱਸੇ ਹਨ, ਇਸ ਵੇਲੇ ਇਕ ਭਾਰੀ ਅਵਤਾਰ ਦਾ ਆਗਮ ਹੈ, ਹਾਂ, ਉਹ ਆਇਆ ਹੈ ਤੇ ਵਿਚਰ ਰਿਹਾ ਹੈ, ਪਰ ਮੈਨੂੰ ਪਤਾ ਨਹੀਂ, ਜੇ ਕਦਾਪਿ ਤੂੰ ਉਸ ਦੇ ਦਰਸ਼ਨ ਕਰੇਂ ਤਾਂ ਨਿਸਚੇ ਕਲਿਆਨ ਹੋਵੇ"।

ਰਾਜਾ--ਬਿਨਾਂ ਪਤੇ ਕੀਕੂੰ ਪਾਈਏ ?

ਬ੍ਰਾਹਮਣ--ਹੇ ਰਾਜਨ ! ਮੈਨੂੰ ਉਂਞ ਥਹੁ ਕੋਈ ਨਹੀਂ ਮੈਂ ਪਹਿਲੀ ਉਮਰੇ ਮੂਰਤੀ ਦਾ ਧਿਆਨ ਧਰਦਾ ਰਿਹਾ ਹਾਂ। ਫੇਰ ਮੈਨੂੰ ਰਾਹ ਪਾਉਣ ਵਾਲਾ ਮਿਲਿਆ ਮੈਂ ਉਸ ਦੇ ਧਿਆਨ ਮਗਨ ਰਿਹਾ, ਉਸ ਨੇ ਮੈਨੂੰ ਫੇਰ ਚਤੁਰਭੁਜ ਮੂਰਤੀ ਦੇ ਧਿਆਨ ਵਿਚ ਲਾਇਆ। ਮੇਰੀ ਆਰਬਲਾ ਤਾਂ ਇਸੇ ਤਰ੍ਹਾਂ ਗੁਜ਼ਰੀ। ਸਿੱਕ ਇਹ ਰਹੀ ਕਿ ਜੋ ਮੂਰਤੀ ਮੈਂ ਆਪਣੇ ਖਿਆਲ ਵਿਖੇ ਬੰਨ੍ਹਦਾ ਹਾਂ ਉਹ ਕਦੇ ਜੀਉਂਦੀ ਹੋ ਕੇ ਮਿਲੇ, ਚਾਹੋ ਮਨੁਖਾਂ ਵਾਂਙ, ਚਾਹੋ ਕਿਸੇ ਆਤਮ ਤਰੀਕੇ ਵਿਚ, ਪਰ ਆਸ ਨਾ ਪੁੱਗੀ। ਹੁਣ ਕੁਛ ਦਿਨ ਹੋਏ ਤਾਂ ਮੈਂ ਬੈਠੇ ਬੈਠੇ ਇਕ ਸੁਪਨ ਡਿੱਠਾ, ਇਕ ਕੋਈ ਦਿੱਵਜ ਮੂਰਤੀ ਹੈ, ਉਨ੍ਹਾਂ ਮੈਨੂੰ ਆਖਿਆ ਕਿਉਂ ਮੂਰਤਾਂ ਬੰਨ੍ਹ ਬੰਨ੍ਹਕੇ ਖਪਦਾ ਹੈਂ। ਮਨੁਖ ਰੂਪ ਵਿਚ ਜਗਤ ਪਰ ਆਏ ਹੋਏ ਹਨ ਤੇ ਜਗਤ ਦੇ ਰਖਜਕ ਹੋ ਰਹੇ ਹਨ। ਜੁਧ ਜੰਗ ਰਚਾਉਣ ਦੇ ਆਹਰਾਂ ਵਿਚ ਹਨ, ਜੋਧੇ ਤੇ ਰਜੋਗੁਣੀ ਦਿੱਸਦੇ ਹਨ; ਪਰ ਹੈਨ ਧੁਰੋਂ, ਆਪ, ਅਵਤਾਰ ਤੇ ਜਗਤ ਰਖਜਕ। ਹੇ ਰਾਜਨ ! ਜੇ ਮੈਂ ਵੇਖਾਂ ਤਾਂ ਪਛਾਣ ਲਵਾਂ, ਉਨ੍ਹਾਂ ਦੀ ਨਵ ਉਮਰਾ ਹੈ। ਦਿੱਵਜ ਮੂਰਤੀ ਹੈ, ਪ੍ਰਕਾਸ਼ ਹੈ, ਰਸ ਹੈ, ਪਰ ਸ਼ਸਤ੍ਰਧਾਰੀ ਹਨ ਤੇ ਠਾਠ ਰਾਜਸੀ ਹੈ।

ਰਾਜਾ--ਨਾਮ ?

ਬ੍ਰਾਹਮਣ--ਇਹ ਪਤਾ ਨਹੀਂ, ਮੈਨੂੰ ਉਸ ਦਿਨ ਤੋਂ ਇਹੀ ਝਾਉਲਾ ਪੈਂਦਾ ਹੈ ਤੇ ਰੋਜ਼ ਪੈਂਦਾ ਹੈ! ਮੈਂ ਤਾਂ ਇਕ ਦਿਨ ਬੀ ਇੱਥੇ ਪਾਣੀ ਨਾ ਪੀਂਦਾ, ਢੂੰਡਣ ਤੁਰ ਪੈਂਦਾ, ਪਰ ਮੇਰੀਆਂ ਜੰਘਾਂ ਵਿਚ ਤਾਕਤ ਨਹੀਂ, ਬਾਲਕਾ ਮੋਢੇ ਲਾ ਖੜਦਾ ਹੈ ਜਾਂ ਬਹੁਤੀ ਵੇਰੀ ਚਾ ਖੜਦਾ ਹੈ ਤਾਂ ਇੱਥੇ ਨਦੀ ਤਾਂਈਂ ਜਾ ਕੇ ਇਸ਼ਨਾਨ ਕਰਦਾ ਹਾਂ। ਜੇ ਮੇਰੇ ਵਿਚ ਤਾਕਤ ਹੁੰਦੀ ਤਾਂ ਮੈਂ ਕਦੇ ਚਉ ਕਰਕੇ ਨਾ ਬੈਠਦਾ ? ਮੇਰੀ ਆਸ ਪੂਰੀ ਹੋਈ ਹੈ ਤਾਂ ਮੇਰੇ ਵਿਚ ਆਸੰਙ ਨਹੀਂ ਰਹੀ। ਹੁਣ ਮੇਰੇ ਪਾਸ ਕੇਵਲ ਮਨ ਦੀ ਆਰਾਧਨਾ ਹੈ, ਜੋ ਕਿਵੇਂ ਨੈਣ ਬੰਦ ਹੋਣ ਤੋਂ ਪਹਿਲਾਂ ਦਰਸ਼ਨ ਪਾ ਲਵਾਂ ਤੇ ਉਹ ਕੁਛ ਅਨੁਭਵ ਕਰ ਲਵਾਂ ਜਿਸ ਨੂੰ 'ਪਰਮਾਨੰਦ, ਪਰਮ ਰਸ' ਆਖਦੇ ਹਨ, ਤੇ ਜੋ ਕੇਵਲ ਮਿਲਾਪ ਨਾਲ, ਦਰਸ਼ਨ ਨਾਲ ਹੀ ਪ੍ਰਾਪਤ ਹੁੰਦਾ ਹੈ। ਰਾਜਾ ! ਤੇਰੇ ਪਾਸ ਬਲ ਹੈ; ਪਦਾਰਥ ਹੈ, ਤੂੰ ਖੋਜ ਕਰ। ਜੇ ਲੱਭ ਲਵੇਂ ਤਾਂ ਤੇਰਾ ਵੀ ਕਾਰਜ ਸਵਰੇ ਤੇ ਦੇਖੋ, (ਠਹਿਰਕੇ) ਅਹੋ ਭਾਗ ! ਮੇਰੇ ਬੀ ਭਾਗ ਜਾਗ ਪੈਣ। ਕੀ ਜਾਣੀਏ ਭਗਵੰਤ ਜੀ ਨੇ ਤੁਹਾਨੂੰ ਪ੍ਰੇਰਕੇ ਆਂਦਾ ਹੋਵੇ ਜੋ ਮੈਂ ਪਤਾ ਦਿਆਂ ਤੇ ਤੁਸੀਂ ਟੋਲ ਕਰੋ, ਲੱਭ ਕੇ ਲੈ ਆਓ, ਜਾਂ ਇਸ ਬੁੱਢੇ ਬ੍ਰਾਹਮਣ ਨੂੰ ਪਾਲਕੀ ਪਾ ਉਸ ਦੇ ਚਰਨ ਕਮਲਾਂ ਦੇ ਵਿਚ ਚੱਲ ਸੁੱਟੋ ਜੋ ਇਹ ਬੀ ਪਰਮ ਪਰਮਾਰਥ ਪਾ ਲਵੇ: 'ਮੰਗਤ ਜਨ' ਜੁ ਹੋਇਆ।

ਬ੍ਰਾਹਮਣ ਦੀ ਇਹ ਪਿਆਰ ਭਰੀ ਤੇ ਸੱਧਰ ਸਿੱਕ ਵਾਲੀ ਆਸਾ, ਪਰ ਉਂਞ 'ਨਿਰਾਸਾ ਵਾਲੀ ਆਸਾ' ਦੀ ਦਸ਼ਾ ਪਰ ਰਾਜਾ ਵਜ਼ੀਰ ਦੋਵੇਂ ਦ੍ਰਵ ਗਏ ਤੇ ਵਧੇਰੇ ਸ਼ੌਕ ਵਿਚ ਹੋ ਕੇ ਪੁੱਛਣ ਲੱਗੇ, ਕੋਈ ਅਤਾ ਪਤਾ ਦੇਵੋ ?

ਬ੍ਰਾਹਮਣ--ਅੱਸੀ ਸਾਲ ਦੇ ਤਪ ਬਾਦ ਧਿਆਨ ਤੇ ਤਿਆਗ ਵਿਰਾਗ ਦੇ ਜੀਵਨ ਵਿਚ ਰਹਿ ਕੇ ਆਹ ਝਾਉਲਾ ਹੀ ਪਿਆ ਹੈ, ਹੋਰ ਕੀ ਦੱਸਾਂ ? ਨਵਉਮਰਾ ਹਨ, ਸੁੰਦਰ ਹਨ, ਨੈਣ ਹਰਨਾਂ ਵਾਂਙ ਹਨ, ਬਾਹਾਂ ਗੋਡਿਆਂ ਤੱਕ ਪਲਮਦੀਆਂ ਹਨ; ਸਰੀਰ ਲੰਮੇਰਾ ਤੇ ਪਤਲਾ ਜਿਹਾ ਹੈ, ਤੇਜ ਹੈ ਅਝੱਲ, ਸ਼ਸਤ੍ਰਧਾਰੀ ਹਨ, ਰਜੋ ਸਾਮਾਨ ਹੈ, ਹੈਨ ਪੂਰਨ, ਪੂਰਨ। ਧੁਰੋਂ ਆਏ ਸੱਦੇ ਆਏ ਸਾਡੇ, ਘੱਲੇ ਆਏ ਜੋਤਿ ਨਿਰਬਾਨ ਦੇ, ਆਪ ਹਨ ਪੂਰਨ ਅਵਤਾਰ।

ਇਹ ਸੁਣਕੇ ਰਾਜੇ ਵਜ਼ੀਰ ਦੀਆਂ ਆਪੋ ਵਿਚ ਅੱਖਾਂ ਲੜੀਆਂ, ਕੋਈ ਸੈਨਤਾਂ ਹੋਈਆਂ।

ਰਾਜਾ--ਉਹ ਕਹਿਲੂਰ ਵਾਲੇ ਟਿਕਾਣੇ ਤਾਂ ਨਹੀਂ

ਭੀਮੇਂ ਦੇ ਸ਼ੱਤਰੂ ?

ਬ੍ਰਾਹਮਣ--ਸ਼ੁੱਤ੍ਰ ? ਓਹ ਨਹੀਂ ਸ਼ੁੱਤ੍ਰ, ਉਹ ਸਭ ਦੇ ਪਿਆਰੇ, ਸਭ ਦੇ ਪ੍ਰੇਮੀ, ਸ਼ੱਤ੍ਰੂਆਂ ਨੂੰ ਅਵਤਾਰ ਸ਼ਤ੍ਰੂ ਲਗਦਾ ਹੈ। ਆਪਣੇ ਕਰਮ ਸ਼ਤ੍ਰੂ ਹੁੰਦੇ ਹਨ, ਆਪੇ ਕੀਤੇ ਆਪੇ ਪਾਏ। ਧੁਰੋਂ ਆਇਆ ਨਿਰਾ ਪ੍ਰੇਮ ਹੁੰਦਾ ਹੈ।

ਰਾਜਾ--ਮਹਾਰਾਜ ! ਭਲਾ ਅਵਤਾਰ ਆਵੇ ਤਾਂ ਆਪ ਵਰਗੀ ਬ੍ਰਹਮਦੇਹੀ ਵਿਚ ਆਵੇ, ਸ਼ਸਤ੍ਰਧਾਰੀਆਂ ਵਿਚ ਬ੍ਰਹਮਜੋਤੀ ਕਿਵੇਂ ?

ਬ੍ਰਾਹਮਣ (ਠੰਢਾ ਸਾਹ ਲੈ ਕੇ)--ਬਈ ਮੋਟੀ ਗਲ ਹੈ, ਰਾਮ ਜੀ ਖੱਤ੍ਰੀ ਸ਼ਸਤ੍ਰਧਾਰੀ, ਕ੍ਰਿਸ਼ਨ ਜੀ ਖੱਤ੍ਰੀ ਸ਼ਸਤ੍ਰਧਾਰੀ। ਖਬਰੇ ਅਵਤਾਰ ਕਿਉਂ ਇਸ ਰੂਪ ਵਿਚ ਆਉਂਦਾ ਹੈ ? ਹੋਰ ਸੁਣੋਂ, ਸਾਡੇ ਬ੍ਰਾਹਮਣਾਂ ਪਾਸ ਤਾਂ ਕਰਮ ਕਾਂਡ ਹੈ, ਅਸਾਂ ਤਾਂ ਵੇਦ ਦੀਆਂ ਰਿਚਾਂ ਗਾਉਂਦੇ ਯੱਗ ਹੀ ਕਰਦੇ ਕਰਾਉਂਦੇ ਰਹੇ, ਇਹ ਬ੍ਰਹਮ ਵਿਦਿਆ ਤਦੋਂ ਬੀ ਖਜਤ੍ਰੀ ਮਹਾਰਾਜਿਆਂ ਪਰ ਉਤਰਦੀ ਰਹੀ। ਰਾਮ ਤੇ ਉਤਰੀ, ਅਸਾਂ ਵੇਦ ਪਾਠੀ ਰਾਵਣ ਬਣਕੇ ਵੈਰ ਹੀ ਕੀਤਾ।

ਤੁਸੀਂ ਸੰਸਕ੍ਰਿਤ ਪੜ੍ਹੇ ਨਹੀਂ ਭਾਈ ! ਆਦਿ ਸਮਿਆਂ ਵਿਚ ਜੋ ਅਸਲ ਬ੍ਰਹਮਵਿਦਿਆ ਸੀ ਸੋ ਗੁੱਝੀ ਰਹੀ, ਅਸੀਂ ਤਾਂ ਕਰਮਕਾਂਡੀ ਰਹੇ। ਗੁਹਯ ਵਿਦਿਆ ਬ੍ਰਹਮ ਵਿਦਿਆ, ਰਮ ਵਿਦਿਆ, ਵੇਖੋ ਨਾ ਬਈ, ਸਾਡੇ ਵੱਡਿਆਂ ਨੂੰ ਭਿਣਕ ਪਈ ਕਿ ਖੱਤ੍ਰੀਆਂ ਪਾਸ ਹੈ, ਇਹ ਨਾਲੇ ਰਾਜ ਕਰਦੇ ਹਨ ਨਾਲੇ ਜੀਵਨ ਮੁਕਤੀ ਦੀ ਮੌਜ ਮਾਣਦੇ ਹਨ। ਫੇਰ ਵੇਖੋ ਨਾ ! ਸਾਡੇ ਵੱਡਿਆਂ ਨੇ ਇਨ੍ਹਾਂ ਖਜਤ੍ਰੀਆਂ ਮਹਾਰਾਜਿਆਂ ਦੇ ਦੁਆਰੇ ਜਗਜਾਸਾ ਧਾਰਕੇ ਇਹ ਵਿਦਯਾ ਸਿੱਖੀ ! ਤੁਸਾਂ ਸੁਣਿਆਂ ਹੋਊ ਸੁਕਦੇਵ ਬ੍ਰਾਹਮਣ ਜੀ ਨੇ ਰਾਜਾ ਜਨਕ ਦੇ-ਜੋ ਖਜਤ੍ਰੀ ਸਨ--ਦੁਆਰੇ ਜਾ ਕੇ ਇਹ ਵਿਦਯਾ ਲਈ ਸੀ।

ਫੇਰ ਵੇਖੋ ਪੰਜ ਬ੍ਰਾਹਮਣ ਉਦਾਲਕ ਅਰੁਣੀ[1] ਪਾਸ ਵੈਸ਼ਵਾਨਰ ਆਤਮਾਂ ਦੀ ਵਿਦਯਾ ਵਾਸਤੇ ਗਏ। ਉਦਾਲਕ ਅਪਣੀ ਸਮਰਥਾ ਤੇ ਸੰਸਾ ਦੱਸਦਾ ਹੈ, ਫੇਰ ਉਹ ਅਸ਼੍ਵਪਤੀ ਕੈਕੇਯ ਪਾਸ ਜਾਂਦੇ ਹਨ, ਉਥੋਂ ਉਨ੍ਹਾਂ ਨੂੰ ਬ੍ਰਹਮ ਵਿਦਯਾ ਪ੍ਰਾਪਤ ਹੁੰਦੀ ਹੈ। ਪਰ ਕੈਕੇਯ ਉਨ੍ਹਾਂ ਨੂੰ ਉਨ੍ਹਾਂ ਦੀ ਪਹਿਲੀ ਵਿਦਯਾ ਸਾਬਤ ਕਰ ਦੇਂਦਾ ਹੈ ਕਿ ਅਗਯਾਨ ਮਈ ਹੈਸੀ[2]। ਫੇਰ

1. ਛੰਦ: ੫.੧੧.੨੪। 2. ਬ੍ਰਿਹ: ੨. ੧ ਤੇ ਕੌਸ਼ੀ ੪

ਵੇਖੋ ਕਾਂਸ਼ੀ ਦੇ ਰਾਜਾ ਅਜਾਤਸ਼ਤ੍ਰੂ ਨੂੰ ਗਾਰਗੇ ਬਲਾਕੀ ਬ੍ਰਹਮ ਦੀਆਂ ੧੨ ਵਯਾਖਯਾ ਸੁਣਾਉਂਦਾ ਹੈ, ਪਰ ਰਾਜਾ, ਜੋ ਖੱਤ੍ਰੀ ਹੈ, ਉਸ ਬ੍ਰਾਹਮਣ ਨੂੰ ਸਾਬਤ ਕਰ ਦੇਂਦਾ ਹੈ ਕਿ ਉਹ ਭੁੱਲ ਤੇ ਹੈ। ਫੇਰ ਆਪ ਬ੍ਰਹਮ ਦਾ ਦਰੁਸਤ ਨਿਰੂਪਣ ਕਰਦਾ ਹੈ ਤੇ ਉਸ ਵੇਲੇ ਆਖ ਬੀ ਦੇਂਦਾ ਹੈ ਕਿ ਦੇਖ ! ਮੈਂ ਖਯਤ੍ਰੀ ਹਾਂ ਅਰ ਬ੍ਰਾਹਮਣ ਨੂੰ ਬ੍ਰਹਮ ਵਿਦਯਾ ਦੇਣ ਲੱਗਾ ਹਾਂ[1]। ਇਹ ਸਪੱਸ਼ਟ ਦੱਸਿਆ ਹੈ ਕਿ ਬ੍ਰਹਮ (ਆਤਮਾ) ਦੀ ਵਿਦਯਾ ਰਾਜਾ ਪਾਸ ਹੈ ਜੋ ਖਯਤ੍ਰੀ ਹੈ, ਅਰ ਬ੍ਰਾਹਮਣ ਪਾਸ ਨਹੀਂ ਹੈ। ਫਿਰ ਵੇਖੋ ਰਾਜਾ ਪਰਿਵਾਹਿਨ ਜੈਵਲੀ ਨੇ, ਜੋ ਖਯਤ੍ਰੀ ਰਜੋਗੁਣੀ ਕੰਮ ਵਾਲਾ ਸੀ, ਦੋ ਬ੍ਰਾਹਮਣਾਂ ਨੂੰ ਆਕਾਸ਼ ਨਿਰੂਪਣ ਕੀਤਾ ਹੈ ਜਿਸ ਵਿਦਯਾ ਦੀ ਉਨ੍ਹਾਂ ਨੂੰ ਖ਼ਬਰ ਨਹੀਂ ਸੀ[2]। ਇਸ ਤੋਂ ਪਹਿਲਾਂ ਅਤਿ ਧਨਵਾਨ ਨਾਮੇ ਖੱਤ੍ਰੀ ਨੇ ਉਦਰਸ਼ਾਂਡਲਯ ਬ੍ਰਾਹਮਣ ਨੂੰ ਇਹ ਵਿਦਯਾ ਦਿੱਤੀ ਸੀ। ਫੇਰ ਨਾਰਦ ਨੂੰ--ਜੋ ਬੜਾ ਬ੍ਰਾਹਮਣ ਤੇ ਪ੍ਰਸਿੱਧ ਰਿਖੀ ਸੀ--ਸਨਤ ਕੁਮਾਰ ਨੇ, ਜੋ ਯੁੱਧ ਦਾ ਦੇਵਤਾ ਹੈ, ਬ੍ਰਹਮ ਵਿਦਯਾ ਸੁਣਾਈ[3]। ਬ੍ਰਾਹਮਣ ਅਰੁਣੀ ਨੂੰ ਰਾਜਾ ਪਰਿਵਾਹਨ ਜੈਵਲੀ ਨੇ ਜਦ ਸਿੱਖਯਾ ਦਿੱਤੀ ਤਾਂ ਰਾਜਾ ਬ੍ਰਾਹਮਣ ਨੂੰ ਆਖਦਾ ਹੈ : ਹੇ ਗੌਤਮ ! ਜਿਸ ਤਰ੍ਹਾਂ ਤੂੰ ਮੈਨੂੰ ਆਖਿਆ ਹੈ ਕਿ ਇਹ ਵਿਦਯਾ ਅੱਜ ਤੱਕ ਬ੍ਰਾਹਮਣਾ ਵਿਚ ਪ੍ਰਚੁਰ ਨਹੀਂ ਹੈ, ਇਸ ਕਰਕੇ ਤ੍ਰੈ ਲੋਕਾਂ ਦਾ ਰਾਜ ਤੇ ਜੰਗ ਕਰਨੇ ਵਾਲੀ ਜਾਤੀ ਪਾਸ ਹੀ ਰਿਹਾ ਹੈ[4]। ਇਹੋ ਗਲ ਹੋਰ ਥਾਉਂ ਐਉਂ ਲਿਖੀ ਹੈ: 'ਇਸੇ ਤਰ੍ਹਾਂ ਨਿਸ਼ਚੇ ਹੈ ਕਿ ਅੱਜ ਦੇ ਦਿਨ ਤੱਕ ਇਹ ਵਿਦਯਾ (ਬ੍ਰਹਮ ਵਿਦਯਾ) ਕਿਸੇ ਬ੍ਰਾਹਮਣਾਂ ਦੇ ਹੱਥ ਨਹੀਂ ਸੀ ਆਈ[5]। ਗੀਤਾ ਜੋ ਸਰਬ ਸ਼ਾਸਤ੍ਰਾਂ ਦਾ ਤੱਤ ਤੇ ਵੇਦ ਦਾ ਦਰਜਾ ਰਖਦੀ ਹੈ ਜੰਗ ਕਰਨ ਵਾਲੇ ਕ੍ਰਿਸ਼ਨ ਦੇਵ ਨੇ ਮੈਦਾਨ ਜੰਗ ਵਿਚ ਜੰਗ ਕਰ ਰਹੇ ਅਰਜਨ ਨੂੰ ਉਪਦੇਸ਼ੀ ਸੀ ਤੇ ਮਹਾਂਭਾਰਤ ਦੇ ਬ੍ਰਾਹਮਣ ਲਿਖਾਰੀ ਨੇ ਅਪਣੇ ਪੁਸਤਕ ਵਿਚ ਲਿਖੀ ਸੀ। ਸੋ ਹੇ ਰਾਜਾ ! ਇਹ ਗੱਲਾਂ ਧਰਮ ਪੁਸਤਕਾਂ ਵਿਚ ਨਿਰੂਪਣ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਜੰਗ ਕਰਨ ਵਾਲੇ ਰਜੋਗੁਣੀ ਕਸਾਮ ਵਾਲੇ ਮਨੁੱਖ ਯਾ ਦੇਵਤਾ ਖਯਤ੍ਰੀ ਰਾਜੇ ਮਹਾਰਾਜੇ ਇਸ ਬ੍ਰਹਮ ਵਿੱਦਯਾ

1. ਕੌਸ਼ੀ: ੧੬। 2. ਛੰਦ: ੧ ੮ ੯. 3. ਛੰਦ: ੭। 4. ਛੰਦ: ੫.੩.੭। 5. ਬ੍ਰਿਹ: ੬.੨.੮।

ਦੇ ਗਜਾਤਾ ਤੇ ਰਸੀਏ ਤੇ ਬ੍ਰਾਹਮਣਾਂ ਨੂੰ ਦਾਤੇ ਹੋਏ ਹਨ। ਭਾਵੇਂ ਮੂਲ ਵਿਚ ਇਹ ਅਕਾਸ਼ ਬਾਣੀ ਖਜਤ੍ਰੀ ਨੂੰ ਹੋਈ ਹੋਵੇ ਕਿ ਬ੍ਰਾਹਮਣ ਨੂੰ, ਪਰ ਧਰਮ ਪੁਸਤਕ ਦਸਦੇ ਹਨ ਕਿ ਖਜਤ੍ਰੀ ਇਸ ਵਿੱਦਜਾ ਦੇ ਆਗੂ ਸਨ। ਇਸ ਵਿੱਦਜਾ ਦਾ ਨਾਉਂ ਅਕਸਰ ਉਪਨਿਖ਼ਦ ਕਰਕੇ ਆਯਾ ਹੈ। ਭਾਵੇਂ ਇਸ ਪਦ ਦੇ ਕਈ ਅਰਥ ਹਨ ਪਰ ਪੁਰਾਣੇ ਲੇਖਕ ਉਪਨਿਖ਼ਦ ਨੂੰ ਰਹੱਸਜ ਆਖਦੇ ਹਨ, ਜਿਸ ਦਾ ਅਰਥ ਹੈ: ਭੇਤ ਦੀ ਗੱਲ, ਗੁਹਜ ਗੱਲ। ਚੂੰਕਿ ਦੱਸੀ ਅਧਿਕਾਰੀ ਨੂੰ ਕੇਵਲ ਜਾਂਦੀ ਸੀ ਤੇ ਅਨਅਧਿਕਾਰੀਆਂ ਨੂੰ ਦੱਸਣਾ ਮਨ੍ਹੇ ਸੀ, ਇਹ ਗੁਹਜ ਗੱਲ ਹੀ ਰਹੀ[1] ਜੋ ਜਾਨਣਹਾਰੇ ਆਪਣੇ ਪੁੱਤ੍ਰ ਤੇ ਪੂਰਨ ਵਿਸ਼ਵਾਸ਼ ਯੋਗ ਚੇਲਿਆਂ ਨੂੰ ਦੇਂਦੇ ਲਿਖੇ ਹਨ। ਸੋ ਰਾਜਾ ਬ੍ਰਹਮ ਦਾ ਗਜਾਨ ਤੇ ਬ੍ਰਹਮ ਦਾ ਪ੍ਰਕਾਸ਼ ਰਜੋ ਰੰਗ ਵਾਲਾ ਸਰੀਰ ਲੈ ਕੇ ਉਸ ਦਾ ਪ੍ਰਕਾਸ਼ਣਾ ਅਚਰਜ ਗੱਲ ਨਹੀਂ। ਤੂੰ ਹਿੰਦੂ ਹੈਂ, ਵੇਦ ਸ਼ਾਸਤ੍ਰ ਤੇ ਭਰੋਸਾ ਰੱਖਦਾ ਹੈਂ, ਸੋ ਇਹ ਭਰਮ ਨਾ ਕਰ ਕਿ ਅਵਤਾਰ ਆਇਆ ਹੈ ਤਾਂ ਸ਼ਸਤ੍ਰਧਾਰੀ ਕਿਉਂ ਹੈ ? ਹੋਰ ਸੁਣ ! ਮੈਨੂੰ ਦੱਸਿਆ ਗਿਆ ਹੈ ਕਿ ਇ ਅਵਤਾਰ ਪਿਛਲੇ ਸਾਰਿਆਂ ਤੋਂ ਵੱਡਾ ਹੈ, ਵਜ਼ਨਦਾਰ ਹੈ, ਭਾਰਾ ਹੈ, ਉਨ੍ਹਾਂ ਦਾ ਗੁਰੂ ਹੈ, ਸਰੇਸ਼ਟ ਹੈ।

ਬ੍ਰਾਹਮਣ ਤਪੀ ਦੇ ਮੂੰਹੋਂ 'ਗੁਰੂ' ਸਹਿਸੁਭਾ 'ਵਡੇ' ਦੇ ਅਰਥ ਵਿਚ ਨਿਕਲਿਆ ਸੀ ਕਿ ਰਾਜੇ ਵਜ਼ੀਰ ਦੋਹਾਂ ਦੇ ਮਨ ਤੇ ਫੇਰ ਉਹੋ ਇਸ਼ਾਰਾ ਵੱਜ ਰਿਹਾ ਕਿ ਉਸ ਨੂੰ ਸਾਰੇ 'ਗੁਰੂ' ਆਖਦੇ ਹਨ, ਤੇ ਇਸ ਨੂੰ ਉਂਞ ਕੱਖ ਪਤਾ ਨਹੀਂ, ਪਰ ਪਤੇ ਉਹੋ ਦੇਂਦਾ ਹੈ ਤੇ ਹੁਣ ਅੱਖਰ ਬੀ ਸ਼ੁੱਧ ਬੋਲ ਗਿਆ ਹੈ।

ਬ੍ਰਾਹਮਣ-ਸੋ ਬਈ ਜਾਓ ਢੂੰਡੋ ਮਿਲੇ ਤਾਂ ਮੈਨੂੰ ਬੀ ਬੁੱਢੇ ਠੇਰੇ ਨੂੰ ਯਾਦ ਰੱਖਣਾ, ਦਰਸ਼ਨ ਕਰਾ ਦੇਣੇ। ਭਗਵਾਨ ਤੁਹਾਡੀ ਮਨੋਂ ਕਾਮਨਾ ਪੂਰੀ ਕਰੇ।

ਵਜ਼ੀਰ—ਰਿਖੀ ਜੀ ! ਭਲਾ ਅਵਤਾਰ ਦੇ ਕੇਸ ਭੀ ਹੁੰਦੇ ਹਨ ?

ਬ੍ਰਾਹਮਣ—ਕੇਸ ਤਾਂ ਸਾਰੇ ਰਿਖੀ ਤੇ ਅਵਤਾਰ ਰੱਖਦੇ ਸੇ, ਵੇਦ ਵਿਚ ਤਾਂ ਪਰਮੇਸ਼ਰ ਨੂੰ ਲੰਮੇ ਕੇਸਾਂ ਤੇ ਸੁਹਣੇ ਦਾਹੜੇ ਵਾਲਾ ਲਿਖਿਆ ਹੈ। ਬੁੱਧ ਜੀ ਦੇ ਸਮੇਂ ਤੱਕ ਉਨ੍ਹਾਂ ਸਮੇਤ ਸਭ ਕੇਸ਼ਧਾਰੀ ਸਨ, ਇਹ ਕੇਸ ਨਾ ਰੱਖਣ ਦੀ ਕੁਰੀਤੀ ਮਗਰੋਂ ਤੁਰੀ ਸੀ।

ਵਜ਼ੀਰ (ਰਾਜੇ ਵੱਲ ਸੈਨਤ ਕਰਕੇ ਹੌਲੇ ਜਿਹੇ)--ਕੇਸਾਂ ਦਾ ਬੀ ਪਤਾ ਚਲਦਾ ਹੈ।

ਬ੍ਰਾਹਮਣ--ਅਵਤਾਰ ਦੇ ਨਾਲ ਸਦਾ ਸਖਾ ਗਣ ਆਉਂਦੇ ਹਨ। ਉਸਦੇ ਨਾਲ ਜਿਹੜੇ ਆਏ ਹਨ ਉਹ ਬੀ ਕੇਸਾਂ ਵਾਲੇ ਹੋਣੇ ਹਨ, ਮੈਂ ਝਉਲਾ ਬੀ ਡਿੱਠਾ ਹੈ।

ਰਾਜਾ--ਹੱਛਾ ਜੀ, ਜਿਧਰ ਸਾਡਾ ਅਨੁਮਾਨ ਚੱਲ ਰਿਹਾ ਹੈ, ਆਪ ਤਾਂ ਕੇਸ਼ਾ ਵਾਲਾ ਹੈ, ਪਰ ਸਾਖੀ ਸਾਰੇ ਕੇਸ਼ਾਂ ਵਾਲੇ ਨਹੀਂ।

ਬ੍ਰਾਹਮਣ--ਨਹੀਂ ਤਾਂ ਹੋ ਜਾਣਗੇ, ਝਾਉਲਾ ਇਹ ਸੀ ਕਿ ਉਹ ਸਤਿਜੁਗੀ ਕੰਮ ਕਰੇਗਾ ਤੇ ਫੇਰ ਮੈਂ ਡਿੱਠਾ ਹੈ ਕਿ ਉਹ ਇਕ ਹੈ, ਪਰ ਇਕ ਰੂਪੀਆ ਨਹੀਂ, ਦਸ ਰੂਪ ਉਸਦੇ ਝਲਕਾਰੇ ਹਨ, ਦਸੇ ਅਨੂਪਮ ਕੇਸ਼ ਸ਼ਮਸ਼੍ਰੂ (ਕੇਸ ਦਾੜ੍ਹੇ) ਵਾਲੇ ਹਨ।

ਹੁਣ ਦੋਹਾਂ ਦਾ ਹੋਰ ਰੁਖ ਉਸ ਪਾਸੇ ਵਧਿਆ, ਇਸ ਦਸ ਰੂਪ ਵਾਲੀ ਗੱਲ ਨੇ ਹੋਰ ਪਤਾ ਲਾ ਦਿੱਤਾ।

ਰਾਜਾ--ਰਿਖੀ ਜੀ ! ਅਸਾਂ ਅਨੁਮਾਨ ਧਾਰ ਲਿਆ ਹੈ, ਹੁਣ ਜਾਂਦੇ ਹਾਂ ਤੇ ਜਤਨ ਕਰਦੇ ਹਾਂ। ਜੇ ਥਹੁ ਪੈ ਗਿਆ ਤਾਂ ਆਪਣੀ ਪੀੜਾ ਬੀ ਕਹਾਂਗੇ ਤੇ ਜਤਨ ਕਰਾਂਗੇ ਕਿ ਉਹ ਇਥੇ ਆਉਣ, ਫੇਰ ਪਛਾਣ ਤੁਸਾਂ ਕਰ ਲੈਣੀ।

ਬ੍ਰਾਹਮਣ--ਉਮਰਾ ਦੇ ਧਜਾਨ ਤੇ ਹੁਣ ਦੇ ਪੈਂਦੇ ਝਾਂਵਲਿਆਂ ਨੇ ਮੇਰੇ ਅੰਦਰ ਐਸੀ ਕੋਈ ਸੂੰਹ ਲਾਈ ਹੈ ਕਿ ਜੇ ਦਰਸ਼ਨ ਹੋਣ ਤਾਂ ਮੈਂ ਪਛਾਣ ਲਵਾਂਗਾ। ਅਵਤਾਰ ਬੀ ਕਦੇ ਗੁੱਝਾ ਰਹਿੰਦਾ ਹੈ ? ਪਰ ਹਾਂ ਜੋ ਅੱਖ ਤ੍ਰਿਸ਼ਨਾ ਨਾਲ ਮੈਲੀ ਹੈ ਉਸਨੂੰ ਪੜਦਾ ਹੈ, ਉਹ ਤਾਂ ਅਵਤਾਰਾਂ ਨਾਲ ਜੰਗ ਰਚਾਉਂਦੇ ਰਹੇ ਹਨ, ਨਹੀਂ ਤਾਂ ਰਾਵਣ ਕਿਉਂ ਭੁੱਲ ਕਰਦਾ।

ਰਜਾ-ਕੀ ਇਹ ਰਾਮ ਕ੍ਰਿਸ਼ਨ ਦਾ ਅਉਤਾਰ ਹਨ ?

ਬ੍ਰਾਹਮਣ—ਇਹ ਮੈਨੂੰ ਝਾਉਲਾ ਨਹੀਂ ਪਿਆ, ਇਹ ਸੱਦ ਸੁਣੀਦੀ ਸੀ ਕਿ ਉਹਨਾਂ ਤੋਂ ਭਾਰੀ ਹੈ। 'ਗੁਰੂ ਅਵਤਾਰ' ਮੈਂ ਸੁਣਿਆ ਸੀ, ਮੈਂ ਲੋਕਾਂ ਤੋਂ ਨਹੀਂ, ਪਰ ਮੈਂ ਆਪਣੇ ਧਿਆਨ ਵਿਚ ਸੁਣਿਆ ਸੀ।

ਰਾਜਾ—ਹੇ ਰਿਖੀ ! ਕੀ ਉਹ ਅਵਤਾਰ ਰਾਮ ਰਾਇ ਤੋਂ ਸਿੱਧੀਆਂ ਵਿਚ ਭਾਰੂ ਹੋਵੇਗਾ ? ਕੀ ਉਸਦੀ ਅਸੀਮ ਕਰਕੇ ਮੇਰੇ ਸ਼ੱਤ੍ਰੂ ਦਬ ਜਾਣਗੇ ? ਕੀ ਉਸਦੀ ਅਸ਼ੀਰਵਾਦ ਨਾਲ ਮੇਰੇ ਪੁੱਤ੍ਰ ਹੋ ਜਾਏਗਾ।

---

1. ਧਾਤੁ—ਖਦ੍=ਨੇੜੇ ਬੈਠਣ ਨੂੰ ਆਖਦੇ ਹਨ। ਉਪ + ਨਿ + ਖਦ੍ = ਨੇੜੇ ਬੈਠਕੇ ਪਾਈ ਜਾਣ ਵਾਲੀ ਸਿਖਜਾ।

ਬ੍ਰਾਹਮਣ--ਹੇ ਰਾਜਾ ! ਅਵਤਾਰ ਜੋਗੀਆਂ ਵਾਂਙੂ ਸੰਜਮ[1] ਸਿੱਧ ਕਰਕੇ ਜਤਨ ਨਾਲ ਧ੍ਯਾਨ ਬੰਨ੍ਹਕੇ ਕਰਾਮਾਤ ਨਹੀਂ ਕਰਦੇ, ਉਨ੍ਹਾਂ ਦਾ ਵਾਕ ਸੁਤੇ ਸਿੱਧ ਸਿਰੇ ਚੜ੍ਹਦਾ ਹੈ। ਉਹ ਜਨਮ ਤੋਂ ਸਿੱਧ ਹੁੰਦੇ ਹਨ ਤੇ ਉਹਨਾਂ ਦੀ ਵਾਕ ਸੱਤਾ ਸਫਲ ਹੁੰਦੀ ਹੈ, ਜੋ ਉਹ ਮੂੰਹੋਂ ਕੱਢਦੇ ਹਨ ਤੇ ਚਿਤੋਂ ਚਾਹੁੰਦੇ ਹਨ ਹੋ ਜਾਂਦਾ ਹੈ। ਜੇ ਕਹੋ ਕਰਾਮਾਤ ਕਰੋ ਤਾਂ ਉਹ ਸਗੋਂ ਨਹੀਂ ਕਰਦੇ, ਪਰਮੇਸ਼ਰ ਦੀ ਇੱਛਾ ਵਿਚ ਆਪਣੀ ਇੱਛਾ ਰਖਦੇ ਹਨ, ਪਰ ਸਹਿਜ ਸੁਭਾ ਜੋ ਉਹਨਾਂ ਦੇ ਮੂੰਹੋਂ ਨਿਕਲੇ ਹੋ ਜਾਂਦਾ ਹੈ। ਰਾਮਰਾਇ, ਹਾਂ ਮੈਂ ਜਾਣਦਾ ਹਾਂ; ਇਕ ਵਾਰੀ ਪਾਰਲੇ ਪਿੰਡ ਆਏ, ਇਧਰ ਬੀ ਆਏ ਸੇ, ਮੈਂ ਵੇਖੇ ਸੇ, ਹਾਂ ਉਹ ਵਿਭੂਤੀਆਂ ਦੇ ਵਸੀਕਾਰ ਵਾਲੇ ਸਿੱਧ ਜੋਗੀ ਹਨ, ਪਰ ਉਹ ਜੋ ਮੈਂ ਤੁਸਾਂ ਨੂੰ ਦੱਸੇ ਹਨ, ਧੁਰੋਂ ਆਏ ਅਵਤਾਰ ਹਨ। ਉਹ ਕਰਾਮਾਤ ਨਹੀਂ ਕਰਦੇ, ਨਾ ਦਿਖਾਉਂਦੇ ਹਨ, ਪਰ ਉਨ੍ਹਾਂ ਤੋਂ ਆਪ੍ਰੋ ਜੋ ਕੁਛ ਸਹਿਜ ਸੁਭਾ ਹੁੰਦਾ ਹੈ ਕਰਾਮਾਤਾਂ ਤੋਂ ਵੱਧ ਹੁੰਦਾ ਹੈ। ਹੰਕਾਰ ਹੀ ਹੈ ਨਾ ਰਾਜਾ ! ਪਰ ਉਨ੍ਹਾਂ ਵਿਚ ਨਹੀਂ ਹੁੰਦਾ, ਉਨ੍ਹਾਂ ਵਿਚ ਸ਼ੁੱਧ ਕਲਾ ਹੁੰਦੀ ਹੈ ! ਦੂਜਿਆਂ ਹਮਾਤੜਾਂ ਤਪੀਆਂ ਵਿਚ ਹੰਕਾਰ ਤੇ ਇਕਾਗ੍ਰਤਾ ਤੋਂ ਉਪਜੀਆਂ ਰਿੱਧੀਆਂ ਸਿੱਧੀਆਂ ਹੁੰਦੀਆਂ ਹਨ। ਧਿਆਨ ਹੀ ਹੈ ਨਾ ਰਾਜਾ, ਜਿੱਥੇ ਲਾਇਆ ਲੱਗ ਗਿਆ, ਜਿੱਥੇ ਲੱਗ ਗਿਆ ਉਥੇ ਸਿੱਧੀ ਹੋ ਗਈ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਦੇ ਇਸ ਸਿਧਾਂਤ ਤੇ ਅੱਪੜੇ ਕਿ 'ਜੇ ਰਿਖੀ ਜੀਦੇ ਝਾਉਲੇ ਦਰੁਸਤ ਹਨ, ਤਾਂ ਉਹ ਅਨੰਦਪੁਰ ਵਾਲੇ ਗੁਰੂ ਜੀ ਅਵਤਾਰ ਹਨ, ਅਤੇ ਪਤੇ ਸਾਰੇ ਮਿਲਦੇ ਹਨ' ਤੇ ਜੇ ਨਹੀਂ ਬੀ ਤਾਂ ਬੀ ਸਾਨੂੰ ਰਸਤਾ ਮਿਲ ਗਿਆ ਹੈ ! ਉਹ ਸ਼ਸਤ੍ਰਧਾਰੀ ਹਨ, ਸੂਰਬੀਰ ਹਨ, ਉਹਨਾਂ ਦੇ ਬੀਰਾਂ ਦੀ ਬਹਾਦਰੀ ਦੀ ਧਾਕ ਹੈ ਜੇ ਸਾਡੇ ਮਿਤ੍ਰ ਹੋ ਜਾਣ ਤਾਂ ਪਾਸਾ ਜ਼ਰੂਰੀ ਭਾਰੀ ਹੋ ਜਾਏਗਾ। ਜਿਸ ਗੱਦੀ ਦਾ ਰਾਮ ਰਾਇ ਹੈ ਉਸੇ ਗੱਦੀ ਦੇ ਖ਼ੁਦ ਇਹ ਮਾਲਕ ਹਨ। ਇਹਨਾਂ ਦੇ ਪਿੱਛੇ ਮਾਝਾ, ਮਾਲਵਾ, ਦੜਪ, ਨੱਕਾ, ਧੰਨੀ, ਪੋਠੋਹਾਰ; ਉਧਰ ਸਿੰਧ ਤੇ ਇਧਰ ਦੱਖਣ ਤਕ ਐਸ਼੍ਵਰਜ ਹੈ, ਉਹਨਾਂ ਨੂੰ ਆਪਣੇ ਰਾਜ ਵਿਚ ਲੈ ਆਈਏ, ਇਹ ਚਾਲ ਜ਼ਰੂਰ ਸੁਹਣੀ ਹੈ ਜੋ ਅੱਜ ਰਿਖੀ ਜੀ ਦੇ ਦਰਸ਼ਨ ਤੋਂ ਸੁੱਝੀ ਹੈ।

1. ਧਾਰਨਾ, ਧ੍ਯਾਨ, ਸਮਾਧੀ, ਜੋਗ ਦੇ ਤ੍ਰੈ ਅੰਤ੍ਰੀਵ ਅੰਗ।

ਤ.

**ਨਾਹਨ** ਪਹੁੰਚਕੇ ਰਾਜਾ ਨੇ ਆਪਣੇ ਇਕ ਛੋਟੇ ਮੰਤ੍ਰੀ ਸੋਭੂ ਨੂੰ ਕਈ ਨਜ਼ਰਾਨੇ ਗੁਰਾਂ ਲਈ ਦੇ ਕੇ ਚੁਪ ਕੀਤੇ ਆਨੰਦਪੁਰ ਵਲ ਤੋਰ ਦਿੱਤਾ। ਜਿੱਥੇ ਅੱਪੜਕੇ ਵਜ਼ੀਰ ਨੇ ਯਥਾ ਯੋਗ ਆਦਰ ਉਤਾਰਾ ਆਰਾਮ ਪਾਇਆ। ਵਜ਼ੀਰ ਦੀ ਮਰਜ਼ੀ ਆਪਣਾ ਸੰਦੇਸਾ ਗੁਪਤ ਦੇਣ ਦੀ ਸੀ, ਪਰ ਨਿਰਭੈ ਸਤਿਗੁਰ ਜੀ ਨੇ ਅਗਲੇ ਦਿਨ ਲੱਗੇ ਦੀਵਾਨ ਵਿਚ ਪੜ੍ਹਕਾ ਲਈ ਤੇ ਆਪ ਸੁਣੀ ਅਰ ਸਾਰੇ ਦਰਬਾਰ ਨੇ ਸੁਣੀ। ਵਜ਼ੀਰ ਨੂੰ ਅਗਲੇ ਦਿਨ ਜਵਾਬ ਦੇਣ ਲਈ ਆਖਿਆ ਗਿਆ ਤੇ ਸਤਿਗੁਰੂ ਜੀ ਨੇ ਮਾਮੇ ਕ੍ਰਿਪਾਲ ਚੰਦ, ਮੁਣਸ਼ੀ ਸਾਹਿਬ ਚੰਦ ਤੇ ਹੋਰ ਨਿਕਟਵਰਤੀਆਂ ਨਾਲ ਸਲਾਹ ਮਸ਼ਵਰਾ ਗਿਣਿਆਂ। ਮਾਤਾ ਜੀ ਤੋਂ ਸਲਾਹ ਪੁੱਛੀ, ਸਾਰਿਆਂ ਦੀ ਮਰਜ਼ੀ ਏਹੋ ਬਣੀ ਕਿ ਚੱਲਣਾ ਹੀ ਠੀਕ ਹੈ। ਸਲਾਹਗੀਰ ਤੇ ਮਸ਼ਵਰਾ ਦੇਣ ਵਾਲੇ ਤਾਂ ਇਸ ਨੁਕਤੇ ਤੋਂ ਟੁਰਨਾ ਚਾਹੁੰਦੇ ਸਨ ਕਿ ਭੀਮ ਚੰਦ ਨਾਲ ਜੰਗ ਛਿੜਨ ਵਾਲਾ ਹੈ, ਚਲੇ ਗਿਆਂ ਉਹ ਟਲ ਜਾਏਗਾ। ਪਰ ਗੁਰੂ ਜੀ ਕੋਈ ਅਗੰਮ ਦੀ ਧੂਹ ਖਾ ਰਹੇ ਸਨ, ਜਿਸਨੂੰ ਉਨ੍ਹਾਂ ਦਾ ਬਿਰਦ ਹੀ ਪਛਾਣਦਾ ਸੀ। ਉਹਨਾਂ ਨੂੰ ਕੋਈ ਦਿਲੀ ਤੜਪ ਝਰਨਾਟਾਂ ਦੇ ਰਹੀ ਦੀ ਝਰਨ ਛਿੜਦੀ ਸੀ, ਕਿਸੇ ਪਿਆਰ ਵਲਵਲੇ ਦੀ ਖਿੱਚ ਪੈਂਦੀ ਸੀ। ਸੋ ਸਭ ਤਰ੍ਹਾਂ ਸਭ ਪਾਸਿਆਂ ਤੋਂ ਸਲਾਹ ਪੱਕੀ ਠਹਿਰ ਗਈ। ਮੌਸਮ ਬੀ ਹੁਣ ਹੱਛਾ ਸੀ, ਬਰਸਾਤ ਹੋ ਹਟੀ ਸੀ ਤੇ ਉੱਚੀਆਂ ਦੂਣਾਂ ਵਿਚ ਇਹ ਰੁਤ ਟਿਕਵੀਂ ਹੁੰਦੀ ਹੈ। ਗੁਰੂ ਜੀ ਨੇ ਅੱਸੂ ਦੇ ਮਹੀਨੇ ਸੰਮਤ ੧੭੪੧ ਬਿ: ਵਿਚ ਕੂਚ ਕਰ ਦਿਤਾ। ੫੦੦ ਸੰਨੱਧਬੱਧ ਜੁਆਨ ਨਾਲ ਲੀਤਾ, ਬਾਕੀ ਦੀ ਸੈਨਾਂ ਆਨੰਦਪੁਰ ਦੀ ਰਾਖੀ ਵਾਸਤੇ ਰੱਖੀ। ਮਾਤਾ ਗੁਜਰੀ ਜੀ ਤੇ ਮਹਿਲ ਵੀ ਨਾਲ ਟੁਰੇ, ਹੋਰ ਪਿਆਰੇ ਤੇ ਦਿਲੀ ਸੇਵਕ ਬੀ ਨਾਲ ਚੱਲੇ। ਪਹਿਲੇ ਕੀਰਤਪੁਰ ਆਏ, ਗੁਰੂ ਹਰਿਗੋਬਿੰਦ ਸਾਹਿਬ ਦੇ ਦੇਹੁਰੇ ਕੜਾਹ ਪ੍ਰਸ਼ਾਦ ਕਰਾਇਆ ਤੇ ਰੋਪੜ ਵਲ ਕੂਚ ਕੀਤਾ। ਵਜ਼ੀਰ ਸਿਰੋਪਾਉ ਤੇ ਮੁਨਾਸਬ ਜਵਾਬ ਲੈ ਕੇ ਅੱਗੇ ਵਿਦਾ ਹੋ ਗਿਆ ਜੋ ਰਾਜੇ ਨੂੰ ਖ਼ੁਸ਼ਖ਼ਬਰੀ ਸੁਣਾਵੇ ਤੇ ਅਗੁਵਾਨੀ ਦੀ ਤਿਆਰੀ ਹੋ ਜਾਵੇ। ਇਧਰੋਂ ਸਤਿਗੁਰੂ ਜੀ ਵੀ ਛੇਤੀ

ਹੀ ਅੱਪੜ ਪਏ। 'ਆਏ' ਸੁਣਕੇ ਮੇਦਨੀ ਪ੍ਰਕਾਸ਼ ਅੱਗੋਂ ਲੈਣ ਵਾਸਤੇ ਆਇਆ। ਆਪ ਦੇ ਨਾਲ ਰਿਆਸਤ ਦੇ ਅਹੁਦੇਦਾਰ ਸ਼ਹਿਰੋਂ ਅੱਗੇ ਲੈਣ ਵਾਸਤੇ ਵਧੇ। ਦਰਸ਼ਨ ਜਦ ਹੋਏ ਤਦ ਰਾਜੇ ਨੇ ਦਰਬਾਰੀਆਂ ਸਮੇਤ ਚਰਨਾਂ ਤੇ ਸੀਸ ਧਰਿਆ, ਅਸੀਸ ਲੈ ਕੇ ਪ੍ਰਸੰਨ ਹੋਇਆ ਤੇ ਰਕਾਬ ਦੇ ਨਾਲ ਨਾਲ ਚੱਲਕੇ ਅਪਣੇ ਨਗਰ ਲੈ ਆਇਆ। ਨਗਰ ਦੇ ਦਰਵਾਜ਼ੇ ਅੱਗੇ ਸ਼ਹਿਰ ਦੇ ਸਾਧੂ, ਬ੍ਰਾਹਮਣ, ਪੁਜਾਰੀ, ਚੌਧਰੀ ਤੇ ਵੱਡੇ ਵਪਾਰੀ ਸਭ ਖੜੇ ਸਨ। ਵਡੇ ਪ੍ਰੋਹਤ ਨੇ ਆਪ ਦੀ ਆਰਤੀ ਉਤਾਰੀ ਤੇ ਸਭ ਨੇ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਜਾਣਕੇ ਆਦਰ ਸਤਿਕਾਰ ਚਰਨ ਬੰਦਨਾਂ ਕਰਕੇ ਸ਼ਹਿਰ ਵਿਚ ਪ੍ਰਵੇਸ਼ ਕਰਾਇਆ, ਤੇ ਉਸ ਥਾਂ ਤੇ ਡੇਰਾ ਕਰਾਇਆ ਜਿਥੇ ਹੁਣ ਗੁਰਦਵਾਰਾ ਮੌਜੂਦ ਹੈ।

ਸਤਿਗੁਰੂ ਜੀ ਦੇ ਨਾਹਨ ਆਵਣ ਦੀ ਤੇ ਰਾਜਾ ਦੀ ਇਸ ਪ੍ਰਕਾਰ ਦੀ ਸ਼ਰਧਾ ਵਾਲੀ ਖ਼ਾਤਰਦਾਰੀ ਤੇ ਨਗਰ ਨਿਵਾਸੀਆਂ ਦੀ ਪਰਜਾ ਸਤਿਕਾਰ ਦੀ ਖ਼ਬਰ ਜਮਨਾਂ ਦੇ ਉਰਾਰ ਪਾਰ ਦੂਣ ਵਿਚ ਐਉਂ ਧੁੰਮੀ ਜੀਕੂੰ ਦੂਣਾਂ, ਵਾਦੀਆਂ ਵਿਚ ਉੱਚੀ ਆਵਾਜ਼ ਗੂੰਜਦੀ ਹੈ। ਰਾਮ ਰਾਇ ਜੀ ਨੂੰ ਬੀ ਇਹ ਖ਼ਬਰ ਅੱਪੜੀ। ਉਸ ਨੇ ਫਤਹ ਸ਼ਾਹ, ਸ੍ਰੀ ਨਗਰ ਦੇ ਰਾਜੇ, ਨੂੰ ਕਹਿ ਘੱਲਿਆ ਕਿ ਭਾਈ ਹੁਣ ਉਸ ਗੱਦੀ ਦੇ ਮਾਲਕ ਆ ਗਏ ਹਨ ਜਿਸ ਗੱਦੀ ਦਾ ਮੈਂ ਇਕ ਸੇਵਕ ਹਾਂ। ਚਾਹੇ ਮੇਰਾ ਵਿਰੋਧ ਰਿਹਾ ਹੈ; ਪਰ ਸੱਚ ਸੱਚ ਹੈ ਤੇ ਸੱਚ ਇਹ ਹੈ ਕਿ ਓਹ ਚਸ਼ਮੇ ਸਮਾਨ ਅਗੰਮੀ ਤਾਕਤ ਵਾਲੇ ਹਨ ਤੇਂ ਮੈਂ ਸਰ ਦੀ ਤਰ੍ਹਾਂ ਉਸ ਚਸ਼ਮੇ ਦੇ ਜਲ ਦਾਨ ਨਾਲ ਜਲ ਵਾਲਾ ਹੋਇਆ ਹਾਂ। ਸੋ ਹੁਣ ਮੈਂ ਕੋਈ ਆਤਮ ਬਲ ਯਾ ਸਰੀਰਕ ਬਲ ਰਾਜੇ ਮੇਦਨੀ ਪ੍ਰਕਾਸ਼ ਦੇ ਵਿਰੁਧ ਨਹੀਂ ਲਗਾ ਸਕਾਂਗਾ। ਦੂਸਰੇ ਤੂੰ ਮੇਰਾ ਹਿਤੂ ਹੈਂ, ਮੈਂ ਤੈਨੂੰ ਮੱਤ ਦਿਆਂਗਾ ਕਿ ਹੁਣ ਵਿਰੋਧ ਛੱਡ ਦੇਹ ਤੇ ਜਿਤਨਾ ਇਲਾਕਾ ਤੂੰ ਜਬਰੀ ਰਾਜੇ ਨਾਹਨ ਦਾ ਮਾਰ ਲਿਆ ਹੈ ਉਹ ਮੋੜ ਦੇਹ, ਨਹੀਂ ਤਾਂ ਉਹ ਤੈਨੂੰ ਛੱਡਣਾ ਪਵੇਗਾ, ਕਿਉਂਕਿ ਦੂਜੇ ਪਾਸੇ ਓਹ ਆ ਗਏ ਹਨ, ਜਿਨ੍ਹਾਂ ਦਾ ਬਿਰਦ ਦੀਨਬੰਧੂ ਤੇ ਸ਼ਰਨਾਗਤਾਂ ਨੂੰ ਪਾਲਣ ਵਾਲਾ ਹੈ। ਰਾਜਾ ਫਤਹਸ਼ਾਹ ਬੀ ਸੁਣ ਚੁਕਾ ਸੀ ਕਿ ਗੁਰੂ ਮਹਾਰਾਜ ਜੀ ਸੈਨਾਂ ਸਮੇਤ ਨਾਹਨ ਆ ਗਏ ਹਨ, ਤੇ ਉਹਨਾਂ ਦੇ ਐਸ਼੍ਵਰਜ ਦੀਆਂ ਧੁੰਮਾਂ ਸੁਣ ਚੁਕਾ ਸੀ, ਰਾਮਰਾਇ ਦਾ ਸੰਦੇਸਾ ਬੀ ਸੁਣਿਆਂ। ਇਹ ਬੀ ਜਾਣਦਾ ਸੀ ਕਿ ਮੇਰਾ ਸਾਰਾ ਇਲਾਕਾ, ਸਗੋਂ ਟੇਹਰੀ ਦਾ ਖਾਸ ਇਲਾਕਾ ਬੀ ਸਾਰੇ ਰਾਮ ਰਾਏ ਦੇ ਮਗਰ ਹਨ, ਜੇ ਰਾਮ ਰਾਇ ਜੀ ਦੀ ਰਾਇ ਬਦਲੀ ਤਾਂ ਮੇਰੀ ਪਰਜਾ ਵਿਚ ਤੇ ਆਂਢ ਗੁਆਂਢ ਵਿਚ ਸੁਖ ਨਹੀਂ ਵਰਤੇਗਾ। ਸੋ ਉਸ ਨੇ ਮੇਦਨੀ ਪ੍ਰਕਾਸ਼ ਦੇ ਜਬਰੀ ਦੱਬੇ ਹੋਏ ਇਲਾਕੇ ਨੂੰ ਛੱਡ ਦਿੱਤਾ। ਮੇਦਨੀ ਪ੍ਰਕਾਸ਼ ਇਹ ਪ੍ਰਤੱਖ ਕਰਾਮਾਤ ਵੇਖਕੇ ਤੇ ਆਪਣੇ ਨਾ ਕੇਵਲ ਗਏ ਇਲਾਕੇ ਦੀ ਮੋੜੀ ਨੇ, ਬਲਕਿ ਰਾਜ ਸਾਜ ਸਾਰੇ ਹੀ ਚਲੇ ਜਾਣ ਦੇ ਭੈ ਦੀ ਨਵਿਰਤੀ ਨੇ ਹੋਰ ਖੁਸ਼ੀ ਦਿੱਤੀ ਤੇ ਸਤਿਗੁਰੂ ਜੀ ਦੀ ਸੇਵਾ ਹੋਰ ਚਾਉ ਨਾਲ ਕਰਨ ਲੱਗਾ। ਫਤੇਸ਼ਾਹ ਵਲੋਂ ਬੀ ਗੁਰੂ ਜੀ ਦੇ ਹਜ਼ੂਰ ਇਕ ਏਲਚੀ ਆਇਆ ਤੇ ਕੁਛ ਨਜ਼ਰਾਨਾ ਲਿਆਇਆ, ਤੇ ਇਕ ਹਿਤ ਦੀ ਪਤ੍ਰਕਾ ਲਿਆਇਆ, ਜਿਸ ਵਿਚ ਆਪਣੇ ਮਨ ਦੀ ਸ਼ੁੱਧ ਭਾਵਨਾ ਤੇ ਗੁਰੂ ਜੀ ਨਾਲ ਪਿਆਰ ਦਾ ਇਕਰਾਰ ਸੀ। ਇਸ ਏਲਚੀ ਦੇ ਆਦਰ ਨਾਲ ਵਿਦਾ ਹੋਣ ਮਗਰੋਂ ਸਤਿਗੁਰੂ ਜੀ ਨੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਫਤੇਸ਼ਾਹ ਪਾਸ ਘੱਲਿਆ। ਮਾਮਾ ਜੀ ਨੇ ਰਾਜਾ ਜੀ ਨੂੰ ਗੁਰੂ ਜੀ ਦਾ ਆਸ਼ਾ ਬਹੁਤ ਅੱਛੀ ਤਰ੍ਹਾਂ ਸਮਝਾਇਆ ਕਿ ਉਹ ਰਾਜਿਆਂ ਦਾ ਪਰਸਪਰ ਲੜਨਾ ਪਸੰਦ ਨਹੀਂ ਕਰਦੇ, ਤੁਹਾਡਾ ਮਿਲ ਬੈਠਣਾ ਤੇ ਮਿਲ ਵਰਤਣਾ ਦੇਸ਼ ਤੇ ਪਰਜਾ ਲਈ ਸੁਤੰਤ੍ਰਤਾ ਦਾ ਹੁਕਮ ਰਖਦਾ ਹੈ। ਤੁਸੀਂ ਦੇਸ਼ ਵਿਚ ਕਈ ਹਜ਼ਾਰ ਐਸੇ ਹੋ ਜੋ ਰਾਜੇ ਮਹਾਰਾਜੇ ਰਾਣੇ ਤੇ ਰਾਉ ਸਦਾਉਂਦੇ ਹੋ, ਸ਼ਸਤ੍ਰ ਤੇ ਸੈਨਾ ਰੱਖਦੇ ਹੋ, ਨਾ ਮਿਲ ਬੈਠਣ ਕਰਕੇ ਆਪੋ ਵਿਚ ਫਟੇ ਪਏ ਹੋ ਤੇ ਸਾਰੇ ਗ਼ੁਲਾਮੀ ਵਿਚ ਪਏ ਟਕੇ ਭਰਦੇ ਹੋ। ਕਿਉਂ ਤੁਸੀਂ ਪਿਆਰ ਨਾਲ ਨਾ ਰਹੋ ਜੋ ਸਭ ਦਾ ਬਲ ਵਧੇ ਤੇ ਸਾਂਝਾ ਬਲ ਸਾਰੇ ਦੇਸ਼ ਨੂੰ ਸੁਤੰਤ੍ਰ ਕਰੇ। ਇਸ ਉਪਦੇਸ਼ ਨਾਲ ਫਤੇਸ਼ਾਹ ਗੁਰੂ ਜੀ ਦਾ ਪ੍ਰੇਮੀ ਹੋ ਗਿਆ। ਉਧਰ ਮੇਦਨੀ ਪ੍ਰਕਾਸ਼ ਨੂੰ ਗੁਰਾਂ ਨੇ ਤਿਆਰ ਕਰ ਰਖਿਆ ਸੀ, ਜਦੋਂ ਫਤੇਸ਼ਾਹ ਆਪਦੇ ਦਰਸ਼ਨਾਂ ਨੂੰ ਆਯਾ ਤਾਂ ਮੇਲਣਹਾਰ ਸਤਿਗੁਰੂ ਜੀ ਨੇ ਮਾਮਾ ਜੀ ਨੂੰ ਵਿਚ ਪਵਾਕੇ ਸੁਲ੍ਹਾ ਕਰਾ ਦਿੱਤੀ। ਦੋਵੇਂ ਆਪੋ ਵਿਚ ਮਿੱਤ੍ਰ ਬਣ ਗਏ ਤੇ ਦੋਵੇਂ ਆਪਣੀ ਵਧੀ ਤਾਕਤ ਵੇਖ ਕੇ ਸਤਿਗੁਰੂ ਜੀ ਦੀ ਸੇਵਾ ਕਰਨ ਲਗ ਪਏ।

ਰਾਜੇ ਮੇਦਨੀ ਪ੍ਰਕਾਸ਼ ਨੇ ਹੁਣ ਸਤਿਗੁਰਾਂ ਦਾ ਨਿਵਾਸ ਪੱਕੀ ਤਰ੍ਹਾਂ ਆਪਣੇ ਦੇਸ਼ ਚਾਹਿਆ ਤੇ ਡੇਰਾ ਪੱਕਾ ਲਾਉਣ ਵਾਸਤੇ ਸ਼ੇਰ ਸ਼ਿਕਾਰ ਕਰਦਾ ਸੁਹਣੇ ਸੁਹਣੇ ਟਿਕਾਣੇ ਦਿਖਾਉਣ ਲੱਗ ਪਿਆ। ਇਕ ਦਿਨ ਸੈਰ ਕਰਦੇ ਸਤਿਗੁਰੂ ਜੀ ਨੇ ਜਮਨਾ ਦੇ ਕਿਨਾਰੇ ਇਕ ਥਾਂ ਪਸੰਦ ਕੀਤੀ ਜੋ ਅਤਿ ਰਮਣੀਕ ਸੀ। ਇਸ ਜਗ੍ਹਾ ਸਤਿਗੁਰੂ ਜੀ ਦੇ ਨਿਵਾਸ ਵਾਸਤੇ ਇਕ ਮਕਾਨ ਤੇ ਸੰਗਤਾਂ ਵਾਸਤੇ ਡੇਰੇ ਤੇ ਇਕ ਰਖਿਆ ਵਾਸਤੇ ਕੋਟ ਦੀ ਸ਼ਕਲ ਦਾ ਕਿਲ੍ਹਾ ਰਚਣੇ ਦੀ ਸਲਾਹ ਹੋਈ। ਰਾਜੇ ਮੇਦਨੀ ਪ੍ਰਕਾਸ਼ ਨੇ ਇਸ ਕਾਰਜ ਲਈ ਆਪਣੇ ਦੇਸ਼ ਦੇ ਰਾਜ ਮਜੂਰ ਲਾ ਦਿੱਤੇ ਤੇ ਇਮਾਰਤਾਂ ਬਣਨ ਲਗ ਪਈਆਂ ਅਰ ਸਤਿਗੁਰੂ ਜੀ ਹੁਣ ਆਪਣੀ ਫੌਜ ਤੇ ਸੰਗਤ ਦਾ ਡੇਰਾ ਇਥੇ ਲੈ ਆਏ। ਏਸ ਟਿਕਾਣੇ ਦਾ ਨਾਉਂ ਸ੍ਰੀ ਜੀ ਨੇ 'ਪਾਉਂਟਾ' ਰਖਿਆ। ਮੱਘਰ ਦੇ ਮਹੀਨੇ ਸੰਗਰਾਂਦ ਨੂੰ ਇਸ ਦੀ ਨੀਂਹ ਧਰੀ, ਜੋ ਗੁਰਦੁਆਰਾ ਹੁਣ ਤੱਕ ਹੈ ਤੇ ਬਾਕੀ ਨਿਸ਼ਾਨ ਕੁਛ ਕੁਛ ਮਿਲਦੇ ਹਨ। ਇਹ ਥਾਂਉਂ ਬੜਾ ਰਮਣੀਕ ਹੋਣ ਦੇ ਸਿਵਾ ਟਿਕਾਣੇ ਦੀ ਬੀ ਬਹੁਤ ਉੱਤਮ ਸੀ। ਹੇਠੋਂ ਦੇਸ਼ ਦੀ ਤੇ ਡੇਹਰੇ ਦੀ ਸੜਕ ਇਥੇ ਹੀ ਆ ਢੁਕਦੀਆਂ ਹਨ। ਇਧਰ ਇਮਾਰਤਾਂ ਜਾਰੀ ਸਨ, ਉਧਰ ਦੇਸ਼ ਦੇਸ਼ ਦੀਆਂ ਸੰਗਤਾਂ ਇਹ ਸੁਣਕੇ ਕਿ ਗੁਰੂ ਜੀ ਇਥੇ ਜਾ ਟਿਕੇ ਹਨ, ਉਮਡ ਆਈਆਂ। ਕਥਾ ਕੀਰਤਨ ਆਸਾ ਦੀ ਵਾਰ ਦੇ ਦੀਵਾਨ ਸਜਦੇ, ਸੂਰਮੇ ਫੌਜੀ ਖੇਲਾਂ ਕਵੈਦਾਂ ਦੇ ਰੰਗ ਜਮਾਉਂਦੇ, ਕਵੀ ਜਨ ਕਵੀ ਸਮਾਜ ਲਗਾਉਂਦੇ ਹਨ, ਜੰਗਲ ਵਿਚ ਮੰਗਲ ਹੋ ਗਿਆ। ਦੂਰ ਦੂਰ ਤੱਕ ਡੇਰੇ ਤੰਬੂ ਕੱਖ ਫੂਸ ਦੇ ਛੱਪਰ, ਸ਼ਾਮਿਆਨੇ, ਖ਼ੈਮੇ ਸਜ ਗਏ। ਸਿਖੀ ਉਪਦੇਸ਼ ਪ੍ਰਚਾਰ ਆਨੰਦ ਦੇ ਪ੍ਰਵਾਹ ਟੁਰ ਪਏ। ਸਤਿਗੁਰੂ ਜੀ ਜਮਨਾਂ ਵਿਚ ਇਸ਼ਨਾਨ, ਤਾਰੀਆਂ, ਖੇਲਾਂ, ਜੰਗਲ ਵਿਚ ਸ਼ਿਕਾਰ, ਕਸਰਤਾਂ, ਸ਼ੇਰਾਂ ਦਾ ਮਾਰਨਾ ਤੇ ਸਿਖਾਂ ਨੂੰ ਤਿਆਰ ਬਰਤਿਆਰ ਕਰਨਾ ਅਚਰਜ ਰੰਗ ਲਾ ਦਿਤੇ। ਕਲਗੀਧਰ ਜੀ ਦੇ 'ਮਾਨੁੱਖ-ਨਾਟ' ਦੇ ਜੀਵਨ ਵਿਚ ਪਾਉਂਟੇ ਦੇ ਇਹ ਦਿਨ ਜਿਸ ਰੰਗ ਦੇ ਗੁਜ਼ਰੇ ਹਨ ਉਹ ਬੜੇ ਹੀ ਸੁਆਦਲੇ ਗੁਜ਼ਰੇ ਹਨ। ਕਵਿਤਾ ਬੀ ਆਪ ਨੇ ਬਹੁਤ ਇਥੇ ਜਮਨਾਂ ਕਿਨਾਰੇ ਉਚਾਰਣ ਕੀਤੀ ਹੈ। ਚੋਣਵੇਂ ਸੂਰਮੇਂ, ਕਵੀ ਤੇ ਵਿਦਵਾਨ ਬੀ ਇਥੇ ਹੀ ਇਕੱਠੇ ਕੀਤੇ ਹਨ। ਸਿਲਹਖਾਨਾ ਵੀ ਬਣਾਇਆ[1]। ਅੱਸੂ ਵਿਚ ਸਤਿਗੁਰੂ ਜੀ ਆਏ ਤੇ ਮੱਘਰ ਵਿਚ ਇਥੇ ਐਉਂ ਜਾਪਦਾ ਸੀ ਕਿ ਆਨੰਦ ਪੁਰ ਏਹੋ ਹੈ ਤੇ ਸਦਾ ਤੋਂ ਭਾਗ ਇਥੇ ਹੀ ਲਗ ਰਹੇ ਹਨ। ਆਪ ਵਾਸਤੇ ਜੋ ਮੰਦਰ ਕਿਲ੍ਹੇ ਦੀ ਡੌਲ ਦਾ ਬਣ ਰਿਹਾ ਸੀ, ਸੋ ਇਸ ਤ੍ਰਿਖੀ ਚਾਲ ਨਾਲ ਬਣ ਰਿਹਾ ਸੀ ਕਿ ਪੋਹ ਵਿਚ ਆਪ ਦੇ ਪੁਰਬ ਦਿਨ ਪਰ ਇਸ ਵਿਚ ਪ੍ਰਵੇਸ਼ ਦਾ ਖਿਆਲ ਬੀ ਪੱਕ ਰਿਹਾ ਸੀ। ਨੇੜੇ ਦੇ ਸਾਧੂ ਮਹਾਤਮਾਂ ਬੀ ਆ ਰਹੇ ਸਨ, ਜੀਆਦਾਨ ਤੇ ਜੀਆਂ ਦੇ ਉਧਾਰ ਦਾ ਆਤਮਿਕ ਵਪਾਰ ਬੀ ਬੜੇ ਜੋਬਨਾਂ ਪੁਰ ਸੀ।

ਇਕ ਦਿਨ ਸਵੇਰ ਸਾਰ ਸਤਿਗੁਰ ਜੀ ਉਠੇ ਤਾਂ ਕੁਛ ਕਾਹਲੇ ਜਾਪਦੇ ਸਨ। ਪੋਹ ਹੁਣ ਵਧ ਆਇਆ ਸੀ, ਸਰਦੀ ਬੀ ਵਧ ਰਹੀ ਸੀ। ਭਾਵੇਂ ਅਜੇ ਪਹਾੜਾਂ ਤੇ ਬਰਫ਼ ਨਹੀਂ ਸੀ ਤੇ ਪਾਲਾ ਚਮਕਿਆ ਨਹੀਂ ਸੀ, ਪਰ ਅੱਗੇ ਤੋਂ ਪਾਲਾ ਵਧੀਕ ਸੀ। ਅਜ ਸਵੇਰੇ ਗੁਰੂ ਜੀ ਬਿਸਤਰੇ ਵਿਚੋਂ ਚਿਰਕੇ ਉਠੇ, ਦੀਵਾਨ ਵਿਚ ਬੀ ਚਿਰਕੇ ਅੱਪੜੇ ਸੀ, ਬਹੁਤ ਪਾਲੇ ਦੀ ਆਵਾਜ਼ ਦੇ ਰਹੇ ਸਨ ਤੇ ਕਹਿ ਰਹੇ ਸਨ "ਬੜਾ ਪਾਲਾ ਲਗਦਾ ਹੈ, ਹੱਡ ਕੜਕਦੇ ਹਨ।" ਕਦੇ ਕਦੇ ਕਹਿ ਜਾਂਦੇ ਸਨ "ਉਮਰ ਵਡੇਰੀ ਹੋ ਗਈ ਹੈ"। ਸਿਖ ਆਪ ਦੇ ਇਸ ਚੋਜ ਨੂੰ ਸਮਝ ਨਹੀਂ ਰਹੇ ਸਨ ਪਰ ਕਿਸੇ ਨਵੇਂ ਕੌਤਕ ਦੀ ਉਡੀਕ ਜ਼ਰੂਰ ਲਗ ਪਈ ਸੀ, ਕਿ ਆਪ ਨੇ ਦੀਵਾਨ ਤੋਂ ਉਠਦੇ ਸਾਰ ਵਜ਼ੀਰ ਨੂੰ ਨਾਹਣ ਤੋਂ ਬੁਲਾਵਾ ਘੱਲਿਆ ਤੇ ਆਏ ਨੂੰ ਆਖਿਆ :-- ਰਾਜੇ ਨੂੰ ਆਖੋ ਪੰਜ ਛੇ ਦਿਨਾਂ ਲਈ ਸਾਡੇ ਨਾਲ ਸ਼ਿਕਾਰ ਪਰ ਚੱਲੇ, ਪਹਾੜ ਵਲ ਨੂੰ ਚੱਲਣਾ ਹੈ ਤੇ ਅਠ ਕਹਾਰ, ਇਕ ਪੀਨਸ ਭੀ ਨਾਲ ਲੈ ਚੱਲਣੀ ਹੈ।

੪.

ਜਮਨਾ ਉਪਰਲੀ ਪਰਬਤ ਧਾਰਾ ਤੋਂ ਨਿਕਲਦੀ ਹੈ, ਇਸ ਦੇ ਸੋਮੇ ਨੂੰ ਜਮਨੋਤ੍ਰੀ ਆਖਦੇ ਹਨ ਪਰ ਇਹ ਉਥੋਂ ਤੁਰਕੇ ਅਜਬ ਚੱਕਰ, ਗੇੜ ਖਾਂਦੀ ਪਰਬਤਾਂ ਦੀਆਂ ਖੱਡਾਂ ਵਿਚੋਂ ਲੰਘਦੀ ਅਖੀਰ ਦੂਣ ਵਿਚ ਆ ਨਿਕਲਦੀ ਹੈ। ਜਿਸ ਟਿਕਾਣੇ ਇਹ ਪਰਬਤਾਂ ਤੋਂ ਬਾਹਰ ਆਉਂਦੀ ਹੈ ਉਹ ਅੱਜ ਕਲ ਦੇ ਮਸੂਰੀ

1. ਉਸ ਸਿਲਹਖਾਨੇ ਦੇ ਕਾਰੀਗਰਾਂ ਦੇ ਵੰਸ਼ ਦੇ ਲੋਕ ਏਥੇ ਜਮਨਾਂ ਦੇ ਉਰਾਰ ਪਾਰ ਅਜੇ ਤਕ ਮਿਲਦੇ ਹਨ।

ਕਹਿਲਾਉਣ ਵਾਲੇ ਪਹਾੜਾਂ ਤੋਂ ਪੰਦਰਾਂ ਕੁ ਮੀਲ ਪੱਛੋਂ ਨੂੰ ਹੈ। ਉਸ ਟਿਕਾਣੇ ਇਧਰ ਦੇ ਪਹਾੜਾਂ ਵਿਚੋਂ ਤਾਂ ਇਹ ਕਾਲਿੰਦਰੀ (ਜਮਨਾ) ਦੀ ਸੁਹਣੀ ਸਾਫ ਨਿਰਮਲ ਧਾਰ ਨਿਕਲਦੀ ਹੈ ਤੇ ਉੱਤਰ ਰੁਖ ਤੋਂ ਇਕ ਹੋਰ ਇਹੋ ਜਿਹੀ ਨਦੀ ਟੌਂਸ ਨਾਮ ਦੀ ਆਉਂਦੀ ਹੈ[1]। ਦੋਹਾਂ ਦਾ ਇਕ ਥਾਵੇਂ ਸੰਗਮ ਹੋ ਜਾਂਦਾ ਹੈ। ਟੌਂਸ ਤਾਂ ਆਪਣਾ ਨਾਮ ਇਥੇ ਸਮਾਪਤ ਕਰਦੀ ਹੈ ਤੇ ਜਮਨਾ ਵਿਚ ਮਿਲਕੇ ਜਮਨਾ ਦਾ ਰੂਪ ਹੋ ਕੇ ਤੁਰ ਪੈਂਦੀ ਹੈ। ਇਥੇ ਇਹ ਧਾਰਾ ਛੋਟੀਆਂ ਛੋਟੀਆਂ ਪਹਾੜੀਆਂ ਟਿੱਬੀਆਂ ਦੇ ਚਰਣਾਂ ਦੇ ਨਾਲ ਨਾਲ ਜਾਂਦੀ ਪਾਉਂਟੇ ਤੋਂ ਲੰਘ ਫੈਜ਼ਾਬਾਦ ਕੋਲ ਖੁਲ੍ਹੇ ਮੈਦਾਨਾਂ ਵਿਚ ਜਾ ਵੜਦੀ ਹੈ।

ਜਿਸ ਜਗ੍ਹਾ ਜਮਨਾ ਤੇ ਟੌਂਸ ਨਦੀ ਦਾ ਅਸਾਂ ਸੰਗਮ ਦੱਸਿਆ ਹੈ ਉਸ ਤੋਂ ਉਪਰ ਕੋਹਿ ਕੁ ਪਰੇ ਚਕ੍ਰਾਤੇ ਵਲੋਂ ਆ ਰਹੀ ਨਦੀ ਦੇ ਕਿਨਾਰੇ ਇਕ ਨਗਰ ਹੈ, ਉਸਨੂੰ ਕਾਲਸੀ ਆਖਦੇ ਹਨ। ਇਹ ਸੰਗਮ ਵਾਲੀ ਜਗ੍ਹਾ ਬੜੀ ਸੁੰਦਰ ਹੈ, ਉੱਚੇ ਖੜੇ ਪਹਾੜਾਂ ਵਿਚੋਂ ਨਿਰਮਲ ਸੋਤਾਂ ਦਾ ਮੇਲ ਅਚਰਜ ਝਾਕਾ ਹੈ। ਇਸ ਥਾਉਂ ਹੁਣ ਪੁਲ ਬਣਵਾਇਆ ਗਿਆ ਹੈ। ਚਕਰਾਤੇ ਪਹਾੜ ਦੀ ਸੜਕ ਇਸ ਪੁਲ ਤੋਂ ਗੁਜ਼ਰਦੀ ਹੈ, ਇਥੋਂ ਸਹਾਰਨਪੁਰ ੫੨ ਮੀਲ ਹੈ ਤੇ ਚਕਰਾਤਾ ੨੫ ਮੀਲ ਹੈ। ਕਦੇ ਇਥੇ ਰਾਜਾ ਅਸ਼ੋਕ ਦਾ ਲੱਕੜੀ ਦਾ ਪੁਲ ਸੀ। ਬੁਧ ਮਤ ਦੇ ਰਿਖੀਆਂ ਦੇ ਮਠ ਅਰ ਤਪ ਅਸਥਾਨ ਇਥੇ ਸਨ, ਤਦੋਂ ਇਹ ਟਿਕਾਣਾ ਬੜਾ ਰੌਣਕਦਾਰ ਸੀ। ਇਥੋਂ ਹੀ ਉਹ ਸੜਕ ਜਾਂਦੀ ਸੀ ਜੋ ਪਹਾੜਾਂ ਦੇ ਪੈਰਾਂ ਦੇ ਲਾਗੇ ਹੋਤੀ ਮਰਦਾਨ ਪਾਸ ਸ਼ਾਹਬਾਜ਼ ਗੜ੍ਹੀ ਕੋਲ ਜਾ ਨਿਕਲੀ ਹੈ। ਇਹ ਹੀ ਸ਼ਾਹ ਰਾਹ ਸੀ, ਕਿਉਂਕਿ ਪਹਾੜਾਂ ਦੇ ਪੈਰਾਂ ਵਿਚ ਨਦੀਆਂ ਦੇ ਪ੍ਰਵਾਹ ਛੋਟੇ ਹੋਣ ਕਰਕੇ ਰਾਜਿਆਂ ਦੀਆਂ ਸੈਨਾ ਦੇ ਦਲਾਂ ਨੂੰ ਪਾਰ ਕਰਨ ਦੀ ਖੇਚਲ ਘੱਟ ਹੁੰਦੀ ਸੀ। ਇਸ ਕਰਕੇ ਫੌਜਾਂ ਅਕਸਰ ਏਧਰੋਂ ਲੰਘਦੀਆਂ ਸਨ। ਇਸੇ ਥਾਉਂ ਇਕ ਨਿਸ਼ਾਨ ਰਾਜੇ ਅਸ਼ੋਕ ਬੋਧੀ ਦਾ ਹੁਣ ਤਕ ਮੌਜੂਦ ਹੈ। ਨਦੀ ਦੇ ਕਿਨਾਰੇ ਤੇ ਨੇੜੇ ਪੁਲ ਤੋਂ ਉੱਪਰਲੇ ਪਾਸੇ ਇਕ ਚਿਟਾਨ ਖੜਾ ਹੈ, ਜਿਸ ਪਰ ਅਸ਼ੋਕ ਦਾ ਹੁਕਮਨਾਮਾ ਲਿਖਿਆ ਹੈ। ਇਸ ਚਿਟਾਨ ਪਰ 'ਪੁਰਾਣੀਆਂ ਇਮਾਰਤਾਂ ਦੇ ਯਾਦਗਾਰਾਂ ਦੇ ਰੱਖਯਕ ਮਹਿਕਮੇ' ਨੇ ਇਕ ਗੁੰਬਜ਼ ਬਣਾਕੇ ਜੰਗਲੇ ਦਾਰ ਦਰਵਾਜ਼ੇ ਲਗਾ ਦਿੱਤੇ ਹੈਨ। ਇਸੇ ਤਰ੍ਹਾਂ ਦਾ, ਪਰ ਇਸਤੋਂ ਛੋਟਾ ਚਟਾਨ ਰਾਜੇ ਅਸ਼ੋਕ ਦੇ ਹੁਕਮ ਦੇ ਕੁਤਬੇ ਵਾਲਾ ਹੋਤੀ ਮਰਦਾਨ ਦੇ ਨੇੜੇ ਸ਼ਾਹਬਾਜ਼ ਗੜ੍ਹੀ ਦੇ ਪਾਸ ਪਿਆ ਹੈ। ਸੋ ਕਿਸੇ ਸਮੇਂ ਇਹ ਉੱਪਰਲੇ ਟਿਕਾਣੇ ਸ਼ਾਹੀ ਸੜਕ ਦੇ ਜ਼ਰੂਰੀ ਟਿਕਾਣੇ ਸਨ, ਪਰ ਹੁਣ ਓਹ ਮੰਦਰ, ਮਠ, ਟੋਪੇ ਗੁੰਮ ਹਨ, ਹਾਂ ਕੁਦਰਤੀ ਜਲਵਾ, ਜੋ ਇਨ੍ਹਾਂ ਥਾਵਾਂ ਨੂੰ ਰਮਣੀਕ ਬਣਾਉਂਦਾ ਹੈ ਉਹ ਉਸੇ ਤਰ੍ਹਾਂ ਸੁਹਣੀਆਂ ਦਮਕਾਂ ਦੇ ਰਿਹਾ ਹੈ। ਇਸੇ ਇਕਾਂਤ ਸੁਤੰਤ੍ਰਤਾ, ਸਵਛਤਾ, ਜਲ ਦੀ ਨਿਰਮਲਤਾ, ਬਨ ਦੀ ਸਬਜ਼ੀ ਤੇ ਸੁਹਾਉ ਨੇ ਰਿਖੀ ਬ੍ਰਾਹਮਣ ਜੀ ਨੂੰ ਇਥੇ ਟਿਕਾ ਛੱਡਿਆ ਸੀ। ਅਸੀਂ ਪਿੱਛੇ ਦੱਸ ਆਏ ਹਾਂ ਕਿ ਰਾਜਾ ਤੇ ਵਜ਼ੀਰ ਇਥੇ ਇਸ ਬ੍ਰਾਹਮਣ ਨੂੰ ਮਿਲਣ ਗਏ ਸਨ। ਏਹ ਤਪੀ ਬ੍ਰਾਹਮਣ ਜੀ ਆਪਣੀ ਕੁਟੀ ਵਿਚ ਕੁਦਰਤ ਨਾਲ ਗੱਲਾਂ ਕਰਦੇ ਦਿਨ ਬਿਤਾਉਂਦੇ ਸਨ, ਦੁੱਧ ਪੀ ਛਡਦੇ ਸਨ ਤੇ ਕੋਈ ਰਾਹ ਤਕਦੇ ਰਹਿੰਦੇ ਸਨ। ਆਪ ਬ੍ਰਹਮ ਦਾ ਖਿਆਲ ਜਾਣਦੇ ਸਨ, ਰਸਤਾ 'ਧਿਆਨ' ਸਮਝਦੇ ਸਨ, 'ਤਿਆਗ ਦੇ ਪੂਰੇ, 'ਤਪ ਹਠ' ਦੇ ਤਕੜੇ ਸਨ। ਤ੍ਰਿਸ਼ਨਾ ਨਹੀਂ ਸੀ, ਸੀ ਤਾਂ ਦਰਸ਼ਨ ਦੀ ਭੁੱਖ ਸੀ। ਕਦੇ ਕਦੇ ਆਪ ਖਿਆਲ ਕਰਦੇ ਸੀ ਕਿ ਮੈਂ ਪਿਆਰ ਕਰਦਾ ਹਾਂ, ਪਰ ਅੱਗੋਂ ਪਿਆਰ ਨਹੀਂ ਹੁੰਦਾ, ਪਰ ਫੇਰ ਆਪਣੇ ਅੰਦਰ ਕੁਛ ਖੁਸ਼ਕਪਨ ਵੇਖਕੇ ਨਿਰਾਸ ਹੋ ਜਾਂਦੇ ਸਨ, ਰਸ ਮਹਾਂ ਰਸ ਦਾ ਥਹੁ ਨਹੀਂ ਸੀ ਪੈਂਦਾ, ਦਰਸ਼ਨ ਨਹੀਂ ਸਨ ਹੁੰਦੇ, ਨਾ ਲੀਨ ਕਰ ਲੈਣ ਵਾਲੇ ਨਾ ਲੀਨ ਹੋਕੇ ਵਿਚੇ ਰੱਖ ਲੈਣ ਵਾਲੇ। ਹੁਣ ਕੁਛ ਸਮੇਂ ਤੋਂ ਕੋਈ ਝਾਉਲੇ ਪੈਂਦੇ ਸਨ, ਕੋਈ ਸੱਦ ਆਉਂਦੀ ਸੀ, ਜ਼ਿਸਦਾ ਹਾਲ ਅਸੀਂ ਪਿਛੇ ਪੜ੍ਹ ਆਏ ਹਾਂ ਕਿ ਰਾਜਾ ਜੀ ਤੇ ਵਜ਼ੀਰ ਨੂੰ ਆਪ ਨੇ ਦੱਸਿਆ ਸੀ। ਰਾਜਾ ਵਜ਼ੀਰ ਤਾਂ ਆਪਣਾ ਕਾਰਜ ਸਾਰ ਚੁਕੇ ਸੀ, ਉਨ੍ਹਾਂ ਦੀ ਤ੍ਰੇਹ, ਜੋ ਆਪਣੀ ਤਬਾਹੀ ਦੇ ਭੈ ਤੋਂ ਉਪਜੀ ਸੀ, ਭੈ ਮਿਟਣ ਨਾਲ ਮਿਟ ਗਈ ਸੀ। ਉਨ੍ਹਾਂ ਦੀ ਯਾਦ ਵਿਚੋਂ ਰਿਖੀ ਜੀ ਦੀ ਉਤਕੰਠਾ ਭੁੱਲ ਚੁਕੀ ਸੀ। ਹਾਂ ਮਨੁੱਖ ਭੁੱਲਦਾ ਹੈ। ਠੀਕ ਲੋੜ ਵੇਲੇ ਇਨਸਾਨ ਦਾ ਚੇਤਾ 'ਸਾਣ' ਤੇ ਚੜ੍ਹ ਜਾਂਦਾ ਹੈ, ਪਰ ਲੋੜ ਲੰਘ ਗਈ ਤੇ ਖੁੰਢਾ ਪੈ ਜਾਂਦਾ ਹੈ। ਰਾਜਾ ਨੂੰ ਆਪਣਾ ਬਚਨ

1. ਹੇਠਾਂ ਬੀ ਇਕ ਹੋਰ ਨਦੀ ਦਾ ਨਾਮ ਟੌਂਸ ਹੈ।

ਯਾਦ ਹੀ ਨਹੀਂ, ਰਿਖੀ ਦਾ ਸੁਨੇਹਾ ਚੇਤੇ ਹੀ ਨਹੀਂ। ਰਾਜਾ ਨੂੰ ਰਿਖੀ ਦਾ ਦੱਸਿਆ 'ਗੁਰ-ਅਵਤਾਰ' ਤਾਂ ਲੱਭ ਪਿਆ ਸੀ, ਰਾਜਸੀ ਲੋੜ ਸਰ ਆਈ ਸੀ, ਉਨ੍ਹਾਂ ਨੂੰ ਗੁਰੂ ਜੀ ਤਾਕਤਵਰ, ਸ਼ਕਤੀਵਾਨ ਪੂਜਨੀਕ ਭੀ ਦਿੱਸ ਪਏ ਸੇ, ਨਿਸ਼ਚੇ ਭੀ ਕਰ ਲਿਆ ਸੀ ਕਿ ਆਪ ਅਵਤਾਰ ਹਨ, ਜਿੰਨੇ ਜੋਧੇ ਤੇ ਬਲੀ ਦਿੱਸਦੇ ਹਨ ਉੱਨੇ ਕੋਮਲ ਤੇ ਦਜਾਲੂ ਬੀ ਹਨ, ਖੁੱਲੇ ਦਿਲ ਵਾਲੇ ਬੀ ਹਨ, ਪਿਆਰ ਅਗੇ ਝਰਨਾਟ ਖਾਂਦੇ ਤੇ ਪਿਆਰ ਦੀ ਝਰਨਾਟ ਛੇੜਦੇ ਹਨ, ਜਗਤ ਦਾ ਹਨ੍ਹੇਰਾ ਹਟਾਉਂਦੇ ਹਨ, ਮਾਰਗ ਪਾਉਂਦੇ ਹਨ, ਮੁਰਦੇ ਦਿਲਾਂ ਨੂੰ ਜਿਵਾਉਂਦੇ ਹਨ। ਹਾਂ ਜੀ, ਹਨ ਤਾਂ ਇਹ ਰੱਖ ਦੇ ਘੱਲੇ ਰੱਬੀ ਨੂਰ, ਰੱਬੀ ਰੌ ਤੇ ਰੱਬੀ ਝਰਨਾਟਾਂ ਲਾ ਦੇਣ ਵਾਲੇ, ਪਰ ਇਹ ਸਭ ਕੁਝ ਝਲਕਾਰੇ ਮਾਤ੍ਰ ਸਮਝਿਆ ਤੇ ਲੰਘ ਗਿਆ ਸੀ। ਉਨ੍ਹਾਂ ਨੂੰ ਤਾਂ ਸਹਾਯਕ ਤਾਕਤ ਦੀ ਲੋੜ ਸੀ ਸੋ ਮਿਲ ਗਈ ਸੀ। ਸੱਚ ਹੈ, ਦੁਨੀਆਂ ਤਾਂ ਸਰੀਰਕ ਚਾਹੇ ਮਾਨਸਕ ਸ਼ਕਤੀ ਦੀ ਲੋੜਵੰਦ ਹੈ ਮਿਲ ਪਈ ਤੇ ਰੱਜ ਗਏ, ਆਤਮਕ ਖੇਡ ਤਾਂ ਉਹ ਨੈਣ ਦੇਖਦੇ ਹਨ ਜੋ ਤ੍ਰਿਸ਼ਨਾਲੂ ਨਾ ਹੋਣ, ਯਾ ਪਿਆਰ ਦੇ ਕੁੱਠੇ ਹੋਣ, ਯਾ ਜਿਨ੍ਹਾਂ ਨੂੰ ਰਬ ਖੁਹਲੇ ! 'ਮਾਪਿਰੀ' ਦੀ ਪਛਾਣ ਤੇ ਟਿਕਣ ਵਾਲੇ ਨੈਣ ਹੋਰ ਹੀ ਹਨ। ਸੋ ਰਾਜੇ ਤੇ ਵਜ਼ੀਰ ਦੇ ਦਿਮਾਗ ਨੂੰ ਸੁਤੇ ਹੀ ਉਪਕਾਰੀ ਖਿੱਚ ਕੋਈ ਬਾਕੀ ਨਹੀਂ ਸੀ ਕਿ ਜਿਸ ਨਾਲ ਰਿਖੀ ਚੇਤੇ ਆਉਂਦਾ, ਆਪਣੀ ਲੋੜ ਪੂਰੀ ਹੋ ਗਈ ਸੀ, ਭੁੱਲ ਗਏ ਸੇ। ਪਰ ਹਾਏ ਲੱਗੀਆਂ ! ਜਿਸ ਦੀ ਸੌ ਤੋਂ ਉੱਤੇ ਆਰਬਲਾ ਹੋਵੇ, ਜਿਸ ਨੇ ਸਾਰੀ ਉਮਰ ਮੋਹ ਮਾਯਾ ਤਿਆਗ ਕੇ ਗਹਬਰ ਬਨ ਤੇ ਨਦੀ ਦੇ ਕੰਢੇ ਮਚੀ ਮੁਚੀ ਦੇ ਤਪ ਤੇ ਸਾਧਨ ਵਿਚ ਗੁਜ਼ਾਰੀ ਹੋਵੇ, ਜਿਸਨੂੰ ਹੁਣ ਕੋਈ ਝਾਂਵਲਾ ਪਿਆ ਹੋਵੇ, ਕੋਈ ਸੁਖ ਸੁਪਨ ਆਇਆ ਹੋਵੇ ਉਸ ਦੀ ਤਾਂਘ ਕਿੰਨੀ ਤ੍ਰਿੱਖੀ ਹੋਵੇਗੀ। ਸੱਚ ਹੈ, ਗ੍ਰਿਹਸਤ ਵਿਚ ਗ੍ਰਸੇ ਲੋਕੀ ਤਿਆਗ ਨੂੰ ਮਖ਼ੌਲ ਤਾਂ ਕਰ ਲੈਂਦੇ ਹਨ, ਸਤਿਗੁਰ ਦੇ 'ਗ੍ਰਿਹਸਤ ਉਦਾਸ' ਆਦਰਸ਼ ਅੱਗੇ ਏਸ ਲਈ ਤਿਆਗ ਦੀ ਲੋੜ ਹੈ ਬੀ ਨਹੀਂ, ਪਰ ਗ੍ਰਿਹਸਤ ਵਿਚ ਮੋਹ ਮਾਇਆ ਵਿਚ ਤੇ ਮੈਂ ਮੇਰੀ ਵਿਚ ਫਸੇ ਗ੍ਰਸੇ ਲੰਪਟ ਲੋਕ ਜ਼ਰਾ ਤਿਆਗ ਕਰਕੇ ਵੇਖਣ ਤਾਂ ਸਹੀ ਕਿ ਤਿਆਗ ਕੀ ਅਰਥ ਰਖਦਾ ਹੈ, ਤੇ ਸੱਚਾ ਤਿਆਗ ਕਿੰਨਾ ਕੁ ਕਠਨ ਹੈ ?

ਰਾਜਾ ਭੁੱਲ ਚੁਕਾ ਸੀ, ਵਜ਼ੀਰ ਨੂੰ ਚੇਤਾ ਵਿਸਰ ਚੁਕਾ ਸੀ, ਪਰ ਰਿਖੀ ਨੂੰ, ਜੋ ਰੁੱਖੜਾ ਨਦੀ ਕਿਨਾਰ ਬੈਠਾ ਮੌਤ ਦੀ ਢਾਹ ਦੇ ਦਿਨ ਗਿਣ ਰਿਹਾ ਸੀ, ਡਾਢੀ ਉਤਕੰਠਾ (ਤਾਂਘ) ਲਗ ਰਹੀ ਸੀ। ਰਿਖੀ ਸੋਚਦਾ ਸੀ, 'ਰਾਜਾ ਭੁੱਲ ਗਿਆ, ਮਤਲਬ ਸਾਰਕੇ ਵਿਸਾਰੇ ਪੈ ਗਿਆ ? ਕਿ, ਉਸ ਦੀ ਖੋਜ ਤੇ ਟੋਹ ਟਿਕਾਣਾ ਜੋ ਬੰਨ੍ਹਦਾ ਸੀ ਖੰਡਤ ਨਿਕਲੀ ? ਕਿ ਰਾਜਾ ਅਜੇ ਆਪ ਢੂੰਡ ਵਿਚ ਹੈ ! ਭਗਵਾਨ ਜਾਣੇ ਕੀ ਵਰਤੀ !' ਰਿਖੀ ਉਜਾੜ ਵਿਚ ਵਸੋਂ ਤੋਂ ਦੂਰ ਬੈਠਾ ਹੈ, ਕੌਣ ਪਤਾ ਦੇਵੇ ? ਗੁਆਲਾ ਇਕ ਮੁੰਡਾ ਹੈ ਜੋ ਸੇਵਾ ਕਰਦਾ ਹੈ, ਸੋ ਕਦੇ ਬਨ ਗਿਆ ਕਦੇ ਹੋਰ ਕੰਮੀਂ ਰੁੱਝਾ। ਰਿਖੀ ਕਦੇ ਖਿਆਲ ਕਰੇ, 'ਹੇ ਭਗਵਾਨ ! ਮੈਂ ਬਿਰਧ ਹੋ ਗਿਆ ਹਾਂ, ਸਰੀਰ ਦੇ ਰਸ ਅੰਦਰੋਂ ਸੁੱਕ ਰਹੇ ਹਨ, ਮੇਰਾ ਮਗ਼ਜ਼ ਵੀ ਕੁਰਾੜਾ ਹੋ ਰਿਹਾ ਹੈ, ਕੀ ਜਾਣਾ ਜਿਸ ਨੂੰ ਮੈਂ ਝਾਂਵਲਾ ਆਖਦਾ ਹਾਂ, ਉਹ ਅਸਲੀ ਇਸ਼ਾਰਾ ਕੋਈ ਨਹੀਂ ਸੀ, ਇਕ ਦਿਮਾਗ਼ ਦੀ ਕਸਰ ਸੀ ਨਿਰਾ ਝਾਂਵਲਾ, ਪਰਛਾਵਾਂ, ਭੁਲੇਵਾਂ ਹੀ ਸੀ, ਮੈਂ ਐਵੇਂ ਅੰਤ ਸਮੇਂ ਪਿਆ ਸ਼ੁਦਾ ਦੇ ਪੈਰ ਚੁੰਮਦਾ ਹਾਂ'। ਪਰ ਫੇਰ ਅੰਦਰੋਂ ਇਕ ਆਵਾਜ਼ ਆਵੇ ਕਿ 'ਨਹੀਂ ਮੇਰਾ ਝਾਂਵਲਾ ਝਲਕਾ ਹੈ ਕਿਸੇ ਸੱਚ ਦਾ, ਕਿਸੇ ਦਿਵਜਤਾ ਦਾ, ਜਿਸ ਦਾ ਅਸਲੀ ਰੰਗ, ਅਸਲੀ ਰੂਪ ਦੇਖਣ ਦੀ ਤਾਬ ਮੇਰੇ ਪਾਸ ਨਹੀਂ ਹੈ। ਅਹੋ ਦੈਵ ! ਕਿਆ ਦੈਵ ਬੀ ਹਾਸੇ ਕਰਦਾ ਹੈ ? ਹੇ ਸਿਰਜਣਹਾਰ ਵਿਸ਼ੰਭਰ ! ਆਪਣੇ ਬੁਢੇ ਸੇਵਕ ਨਾਲ ਅੰਤ ਸਮੇਂ ਕੋਈ ਪਿਆਰ ਕਰ, ਕੋਈ ਢਾਰਸ ਦੇਹ ਜੋ 'ਚਿੱਤ-ਟਿਕਾਣੇ' ਕਰਕੇ ਟੁਰਾਂ, 'ਨਿਸ਼ਚਿੰਤ' ਹੋ ਕੇ ਮਰਾਂ।' ਇਸ ਤਰ੍ਹਾਂ ਦੇ ਹਾਵੇ ਕਰਕੇ--ਰੋ ਪਵੇ, ਉਸਦੇ ਹੰਝੂ ਦੇਖਕੇ ਬਾਲਕਾ ਕਈ ਵੇਰ ਪੁੱਛੇ : "ਮਹਾਰਾਜ ! ਆਪ ਨੂੰ ਕੋਈ ਮੈਥੋਂ ਦੁਖ ਹੋਇਆ ਹੈ ਕਿ ਆਪ ਰੋ ਪੈਂਦੇ ਹੋ ?" ਉਸਦੇ ਭੋਲੇਪਨ ਤੇ ਤਰਸ ਖਾ ਕੇ ਰਿਖੀ ਜੀ ਪਿਆਰ ਦੇ ਕੇ ਦਿਲਾਸਾ ਦਿਆ ਕਰਨ : "ਬੱਚਾ ! ਨਹੀਂ ਮੇਰੇ ਅੰਦਰ ਕੋਈ ਅਗੰਮੋਂ ਲੱਗ ਪਈ ਹੈ ਜਿਸ ਤਰ੍ਹਾਂ ਕੋਈ ਜੁਆਨੀ ਦੇ ਵੇਗ ਵਿਚ ਪਿਆਰ ਦੇ ਹੱਥ ਵਿਚ ਰੁੜ੍ਹਦਾ ਹੈ, ਮੈਂ ਕਿਸੇ ਅਣਡਿੱਠੇ ਪਿਆਰ ਵਿਚ ਬੁੱਢਾ ਹੋਕੇ ਰੁੜ੍ਹਦਾ ਪਿਆ ਹਾਂ, ਤੂੰ ਚਿੰਤਾ ਨ ਕਰ।"

ਕਦੇ ਬੁੱਢਾ ਤ੍ਰਬ੍ਰਕ ਉਠਿਆ ਕਰੇ ਤੇ 'ਔਹ ਆਏ'

ਕਹਿ ਦਿਆ ਕਰੇ, ਪਰ ਉਹ ਕਿਸੇ ਪੱਥਰ ਗਿਰਨ ਦੀ, ਕਿਸੇ ਬਨ ਪਸ਼ੂ ਦੀ ਆਹਟ ਨਿਕਲੇ। ਕਦੇ ਉਸ ਨੂੰ ਉਹ ਸੱਦ ਸੁਣੀਵੇ ਜੋ ਉਸਨੇ ਜੁੜੇ ਧਯਾਨ ਵਿਚ ਸੁਣੀ ਸੀ, ਕਦੇ ਉਹ ਸੁਪਨ ਦਿਨ ਦੀਵੀਂ ਆ ਜਾਵੇ, ਕਦੇ ਫੇਰ ਨਿਰਾਸ਼ਾ ਆਵੇ, ਕਦੇ ਉਤਕੰਠਾ ਤਿੱਖੀ ਹੋ ਕੇ ਨਿਰਬਲ ਕਰ ਸੁੱਟੇ, ਗਿਆਨ ਧਿਆਨ ਪੜ੍ਹੇ ਸੁਣੇ ਸਭ ਵਿਸਰ ਜਾਣ, ਮੌਤ ਤੋਂ ਭੈ ਆਵੇ ਕਿ ਕੀ ਮੈਂ ਬਿਨ ਦੇਖੇ ਟੁਰ ਜਾਸਾਂ ? ਇਸ ਤਰ੍ਹਾਂ ਦੇ ਸੁਰਤਿ ਦੇ ਟਿਕਾਉ ਤੇ ਹਿਲਾਉ ਵਿਚ ਇਕ ਅਡੋਲਤਾ ਆਵੇ, ਫਿਰ ਇਕ ਕਮਜ਼ੋਰੀ ਧਾ ਜਾਵੇ, ਜਿਸ ਨਾਲ ਕੁਛ ਸੁਖ ਤੇ ਠੰਢ ਜਾਪੇ, ਪਰ ਨਿਰਬਲਤਾਈ ਕਈ ਵੇਰ ਨਿਢਾਲ ਕਰ ਦੇਵੇ। ਇਕ ਦਿਨ ਉਦਾਸ ਹੋਕੇ ਰਿਖੀ ਨੇ ਬਾਲਕੇ ਨੂੰ ਕਿਹਾ : "ਬੇਟਾ ! ਮੇਰੇ ਸਰੀਰ ਦਾ ਪਤਾ ਨਹੀਂ, ਆਰਬਲਾ ਪੂਰੀ ਹੋ ਗਈ ਹੈ, ਕਿਸੇ ਵੇਲੇ ਚੱਲ ਬਸਣਾ ਹੈ। ਤੂੰ, ਜਦ ਮੈਂ ਮਰ ਜਾਵਾਂ, ਮੇਰੇ ਸਰੀਰ ਨੂੰ ਜਮਨਾ ਦੇ ਵੇਗ ਵਿਚ ਪ੍ਰਵਾਹ ਕਰ ਦੇਵੀਂ। ਏਹ ਗਾਂਈਆਂ ਲੈ ਕੇ ਆਪਣੇ ਪਿੰਡ ਚਲਾ ਜਾਵੀਂ। ਕਦੇ ਤੂੰ ਸੁਣੇਂ ਕਿ ਕੋਈ ਅਵਤਾਰ ਪ੍ਰਗਟ ਹੋਇਆ ਹੈ ਤਾਂ ਉਸਦੇ ਚਰਨਾਂ ਵਿਚ ਜਾ ਕੇ ਮੇਰਾ ਇਹ ਸੁਨੇਹਾ ਦੇ ਦੇਈਂ ਕਿ-ਇਕ ਸਿਕਦਾ ਤਪੀਆ ਜਮਨਾਂ ਤਟ, ਦਰਸ਼ਨਾਂ ਦੀਆਂ ਲੋਚਨਾਂ ਵਿਚ ਟੁਰ ਗਿਆ ਹੈ। ਉਸ ਦੇ ਗੋਡੇ ਗਿੱਟੇ ਟੁਰਦੇ ਨਹੀਂ ਸਨ ਜੋ ਆਪ ਲੱਭਦਾ, ਉਸਦੇ ਪਾਸ ਧਨ ਨਹੀਂ ਸੀ ਜੋ ਟੋਲ ਕਰਾਉਂਦਾ, ਉਸ ਦੇ ਪਾਸ ਮਨੁੱਖ ਨਹੀਂ ਸਨ ਜੋ ਸੂੰਹਾਂ ਕੱਢਦਾ। ਉਸ ਨੂੰ ਝਾਉਲਾ ਪੈਂਦਾ ਸੀ, ਸੱਦ ਸੁਣਾਈ ਦੇਂਦੀ ਸੀ, ਉਹ ਤੜਪਦਾ ਸੀ ਤੇ ਸਿਕਦਾ ਸੀ, ਲੁੱਛਦਾ ਸੀ ਤੇ ਸਧਰਾਂਦਾ ਸੀ ਪਰ ਅੱਪੜ ਨਹੀਂ ਸੀ ਸਕਦਾ। ਐਉਂ ਲੋਂਹਦਾ ਲੋਂਹਦਾ, ਰਾਹ ਤਕਾਂਦਾ ਤਕਾਂਦਾ ਆਸਾਂ ਭਰਿਆ ਟੁਰ ਗਿਆ ਹੈ, ਉਸ ਦੀ ਬਾਹੁੜੀ ਕਰਨੀ-"।

ਬਾਲਕਾ ਸੁਣਦਾ, ਉਦਾਸ ਹੁੰਦਾ ਤੇ ਰੋ ਪੈਂਦਾ ਸੀ, ਪਰ ਰਿਖੀ ਜੀ ਦੇ ਹੁਕਮ ਦਾ ਬੱਧਾ ਐਨਾ ਸੀ ਕਿ ਸਾਰੇ ਅੱਖਰ ਯਾਦ ਕਰਦਾ ਤੇ ਪਕਾਉਂਦਾ ਰਹਿੰਦਾ ਸੀ, ਫੇਰ ਉਨ੍ਹਾਂ ਨੂੰ ਸੁਣਾਉਂਦਾ ਸੀ ਕਿ ਮਤੇਂ ਮੈਂ ਕੁਛ ਵਿਚੋਂ ਭੁੱਲ ਨਾ ਜਾਵਾਂ। ਕਦੇ ਬਾਲਕਾ ਆਪ ਉਦਾਸ ਹੋ ਜਾਂਦਾ ਸੀ, ਰੋ ਪੈਂਦਾ ਸੀ ਤੇ ਕਹਿ ਦੇਂਦਾ ਸੀ "ਰਿਖੀ ਜੀ! ਮੈਂ ਕੀ ਕਰਸਾਂ?" ਤਾਂ ਰਿਖੀ ਜੀ ਆਖਦੇ ਸੇ "ਤੂੰ ਉਹਨਾਂ ਦੀ ਟੋਲ ਕਰੀਂ। ਮੇਰੇ ਭਾਗ ਤਾਂ ਨਹੀਂ। ਪਰ ਖ਼ਬਰੇ ਤੇਰੇ ਹੋਣ ਤੇ ਜਦੋਂ ਤੂੰ ਮੇਰਾ ਉਨ੍ਹਾਂ ਨੂੰ ਸੁਨੇਹਾ ਦੇਵੇਂ ਤਾਂ ਤੇਰੇ ਤੇ ਤ੍ਰੁਠ ਪੈਣ।" ਬਾਲਕਾ ਪੁੱਛੇ; "ਜੀ ਕੋਈ ਪਤਾ ਦਿਓ ਤਾਂ ਮੈਂ ਹੁਣ ਜਾ ਕੇ ਰਾਤੀਂ ਸੁੱਤੇ ਪਏ ਚਾ ਲਿਆਵਾਂ, ਮੰਜੇ ਸਮੇਤ ਲੈ ਆਵਾਂ।" ਰਿਖੀ ਜੀ ਹੱਸ ਪੈਣ ਤੇ ਆਖਣ: 'ਐਉਂ ਨਾ ਕਹੁ ਓਹ ਰੱਬੀ ਰੌ ਵਾਲੇ ਰੱਬ ਰੂਪ ਹਨ।' ਬਾਲਕਾ ਕਹੇ: "ਫੇਰ ਆਪੇ ਆਉਂਦੇ ਕਿਉਂ ਨਹੀਂ?" ਰਿਖੀ ਕਹੇ: "ਮੇਰੇ ਕਰਮ ! ਮੇਰੇ ਭਾਗ! !" ਫੇਰ ਬਾਲਕਾ ਨਿਸ਼ਾਨੀਆਂ ਪੁੱਛਣ ਲੱਗਾ ਤਾਂ ਆਪ ਨੇ ਦੱਸਿਆ:- "ਲੰਮੇ ਹਨ, ਪਤਲੇ ਹਨ, ਡਾਢੇ ਤਕੜੇ ਹਨ, ਉਮਰਾ ਵਿਚ ਚੜ੍ਹਦੀ ਜਵਾਨੀ ਦੇ ਕੁਮਾਰ ਹਨ,ਸ਼ਸਤ੍ਰਧਾਰੀ ਹਨ, ਕੇਸਾਂ ਵਾਲੇ ਹਨ, ਸੁਹਣੀ ਨਿੱਕੀ ਨਿੱਕੀ ਕੁੰਡਿਆਲੀ ਦਾੜ੍ਹੀ ਨਿਕਲ ਰਹੀ ਹੈ, ਤੇਜ ਵਾਲੇ ਹਨ, ਜਥੇ ਵਾਲੇ ਹਨ, ਪਿਆਰ ਵਾਲੇ ਮਿੱਠੇ ਮਿੱਠੇ ਰਸ ਭਿੰਨੜੇ ਹਨ।" ਬਾਲਕਾ ਕਹੇ "ਮੈਂ ਐਨੀਆਂ ਗੱਲਾਂ ਕਿਥੋਂ ਪਰਖਾਂਗਾ?" ਤਾਂ ਰਿਖੀ ਨੇ ਕਿਹਾ: "ਉਨ੍ਹਾਂ ਦੇ ਹਥ ਜਦ ਪਲਮਦੇ ਹਨ ਤਾਂ ਉਹਨਾਂ ਦੇ ਗੋਡਿਆਂ ਤਕ ਜਾਂਦੇ ਹਨ।" ਇਸ ਨਿਸ਼ਾਨੀ ਤੇ ਬਾਲਕਾ ਖੁਸ਼ ਹੋਇਆ ਤੇ ਉਠਕੇ ਆਪਣੇ ਹੱਥ ਲੰਮੇ ਕਰਕੇ ਵੇਖੇ; ਰਿਖੀ ਦੇ ਹੱਥ ਲੰਮੇ ਕਰਕੇ ਵੇਖੇ, ਹੁਣ ਤਸੱਲੀ ਆ ਗਈ ਕਿ ਪਰਖ ਲਵਾਂਗਾ। ਕਹਿਣ ਲੱਗਾ "ਰਿਖੀ ਜੀ ! ਹੋਰ ਕਿਸੇ ਦੀਆਂ ਬਾਹਾਂ ਇੰਨੀਆਂ ਲੰਮੀਆਂ ਨਹੀਂ ਹੁੰਦੀਆਂ?" ਰਿਖੀ ਨੇ ਕਿਹਾ, "ਕਿਸੇ ਦੀਆਂ ਨਹੀਂ।" ਬਾਲਕੇ ਕਿਹਾ, "ਭਲਾ ਮੇਰੇ ਆਖੇ ਤੇ ਉਹ ਪਲਮਾ ਦੇਣਗੇ?" ਇਸ ਭੋਲੇਪਣ ਤੇ ਰਿਖੀ ਹੱਸ ਪਿਆ ਤੇ ਕਹਿਣ ਲੱਗਾ, "ਤੂੰ ਨਾਲ ਨਾਲ ਰਹੀਂ: 'ਚੇਚਾ, ਕੁਝ ਨਾ ਆਖੀਂ। ਜਦੋਂ ਕਦੇ ਬਾਹਾਂ ਆਪੇ ਪਲਮ ਪੈਣ ਤੇ ਤੂੰ ਨਿਸ਼ਚੇ ਹੋ ਜਾਵੇਂ ਤਾਂ ਪੈਰੀਂ ਪੈ ਕੇ ਖਿਮਾਂ ਮੰਗਕੇ ਮੇਰਾ ਸੁਨੇਹਾ ਦੇ ਦੇਈਂ"। ਬਾਲਕੇ ਕਿਹਾ: "ਕੋਈ ਨਾਮ ਬੀ ਹੈ?" ਰਿਖੀ ਕਿਹਾ "ਨਾਮ ਤਾਂ ਹੋਊ, ਮੈਨੂੰ ਪਤਾ ਨਹੀਂ, ਪਰ ਲੋਕੀ ਉਸ ਨੂੰ ਵਡਾ ਅਵਤਾਰ ਕਿ 'ਗੁਰ ਅਵਤਾਰ' ਆਖਦੇ ਹੋਸਨ।" ਬਾਲਕਾ ਸੋਚੀਂ ਪੈਕੇ 'ਗੁਰ' 'ਗੁਰ' 'ਗੁਰ' ਹਛਾ 'ਗੁਰ'। ਬਾਲਕ-"ਭਲਾ ਜੇ ਮੈਨੂੰ ਹੁਣੇ ਟੋਰ ਦਿਓ ਤੇ ਮੈਂ ਹੇਠਾਂ ਜਾ ਕੇ ਪੁੱਛਾਂ ਦਸਾਂ, ਭਲਾ ਜੇ ਪਤਾ ਲਗ ਜਾਵੇ ਤਾਂ ਤੁਸੀਂ ਦਰਸ਼ਨ ਪਾ ਲਓ। ਪਰ ਹਾਂ, ਜੇ ਮੈਂ ਜਾਵਾਂ ਤਾਂ ਤੁਸਾਨੂੰ ਇਸ਼ਨਾਨ ਕੌਣ

ਕਰਾਵੇ ? ਤੁਸਾਨੂੰ ਦੁਧ ਕੌਣ ਚੋ ਦੇਵੇ ? ਗਊਆਂ ਨੂੰ ਕੌਣ ਚਾਰੇ, ਬੰਨ੍ਹੇ ਤੇ ਖੋਹਲੇ ? ਹਾਂ, ਭਲਾ ਜੀ ਕੀ ਕਰਾਂ ? ਕੁਝ ਨਹੀਂ ਸੁਝਦੀ, ਜੇ ਮੇਰਾ ਕੋਈ ਭਰਾ ਹੁੰਦਾ ਤਾਂ ਉਸਨੂੰ ਤੁਸਾਂ ਕੋਲ ਛੱਡ ਜਾਂਦਾ ਤੇ ਆਪ ਭਾਲਣ ਟੁਰ ਜਾਂਦਾ। ਪਰ ਹੱਛਾ, ਹੁਣ ਮੈਂ ਦੁਪਹਿਰੇ ਦੋ ਘੜੀਆਂ ਦੂਰ ਨੇੜੇ ਜਾਇਆ ਕਰਾਂਗਾ। ਜੇ ਕੋਈ ਬੰਦਾ ਮੇਰੇ ਆਖੇ ਲਗ ਜਾਏ ਮਹੀਨਾ ਦਸ ਦਿਨ ਤੁਸਾਂ ਪਾਸ ਠਹਿਰੇ ਤਾਂ ਮੈਂ ਹੇਠਾਂ ਵੀ ਭਾਲਣ ਚਲਾ ਜਾਵਾਂ"। ਰਿਖੀ ਨੇ ਕਿਹਾ: "ਬੱਚਾ ਚਾਂਦਿਆ ! ਖੁਢਿਆਂ ਠੇਰਿਆਂ ਹੱਥ ਗੋਡੇ ਕਮਜ਼ੋਰਾਂ ਦੇ ਪਾਸ ਕਉਣ ਠਹਿਰੇਗਾ ? ਜਿਥੋਂ ਕੁਛ ਲੱਭਣਾ ਨਹੀਂ ਉਨ੍ਹਾਂ ਦੀ ਸੇਵਾ ਕਉਣ ਕਰੇਗਾ ? ਤੂੰ ਹੋਰ ਕੁਛ ਨਾ ਕਰ, ਦੋ ਚਾਰ ਕੋਹ ਦੁਪਹਿਰੇ ਹੇਠਾਂ ਨੂੰ ਜਾਇਆ ਕਰ ਤੇ ਆਏ ਗਏ ਰਾਹ ਖਹਿੜੇ ਮਿਲਦੇ ਤੋਂ ਪੁੱਛਿਆ ਕਰ: 'ਕੋਈ ਅਵਤਾਰ ਪ੍ਰਗਟ ਤਾਂ ਨਹੀਂ ਹੋਇਆ, ਕੋਈ ਸਾਧ ਸੰਤ ਮਹਾਤਮਾ ਮੁਸ਼ਕਿਆ ਤਾਂ ਨਹੀਂ ?' ਜੇ ਕੋਈ ਸੂੰਹ ਲੱਗੇ ਤਾਂ ਆ ਦੱਸਿਆ ਕਰ" ਬਾਲਕਾ, ਜੋ ਬੜੀ ਚਿੰਤਾ ਵਿਚ ਸੀ, ਹੁਣ ਕੁਝ ਖਿੜ ਆਇਆ; ਦੋ ਗੱਲਾਂ ਉਸ ਨੂੰ ਚੰਗੀਆਂ ਲੱਭ ਗਈਆਂ, ਇਕ ਪਤੇ ਪੁੱਛਣ ਦੀ ਤੇ ਇਕ ਬਾਹਾਂ ਪਛਾਨਣ ਦੀ।

### ੫.

**ਬਾਲਕੇ** ਚਾਂਦੋ ਨੇ ਹੁਣ ਰੋਜ਼ ਦਾ ਕੰਮ ਹੋਰ ਤਰ੍ਹਾਂ ਕਰਨਾ ਆਰੰਭ ਕਰ ਦਿੱਤਾ। ਸਵੇਰੇ ਰਿਖੀ ਜੀ ਨੂੰ ਇਸ਼ਨਾਨ ਪਾਣੀ ਕਰਾ, ਧੁੱਪੇ ਤਖ਼ਤਪੋਸ਼ ਡਾਹ ਮ੍ਰਿਗਛਾਲਾ ਤੇ ਬਿਠਾ, ਕੰਬਲੀ ਦੇ ਕੇ ਗਊਆਂ ਦੇ ਗੋਹੇ ਕੰਡੇ ਦੀ ਸੰਭਾਲ ਤੋਂ ਵਿਹਲਾ ਹੋ ਕੇ ਦੁੱਧ ਚੋ ਕੇ ਰਿਖੀ ਜੀ ਨੂੰ ਪਿਲਾਕੇ ਆਪ ਨ੍ਹਾ ਧੋ ਦੁੱਧ ਪੀ ਕੇ ਗਊਆਂ ਲੈ ਕੇ ਬਨਾਂ ਵਿਚ ਛੇੜਨ ਨਾ ਜਾਣਾ, ਜੀਕੂੰ ਕਿ ਅਗੇ ਜਾਇਆ ਕਰਦਾ ਸੀ, ਹੁਣ ਗਊਆਂ ਕੁੱਲੀਆਂ ਤੋਂ ਕੱਢ ਵਾੜੇ ਵਿਚ ਖੁੱਲੇ ਥਾਂ ਬੰਨ੍ਹਕੇ ਘਾਹ ਵੱਢਣ ਚਲੇ ਜਾਣਾ। ਕੁਛ ਘਾਹ ਬਰਸਾਤ ਤੋਂ ਮਗਰੋਂ ਸੁਕਾ ਕੇ ਸਾਂਭ ਰੱਖਿਆ ਸੀ, ਸੋ ਪੰਜ ਸੱਤ ਘੜੀਆਂ ਵਿਚ ਗਊਆਂ ਦੇ ਖਾਣ ਜੋਗਾ ਪੱਠਾ ਪਾ ਕੇ ਆਪ ਟੁਰ ਜਾਣਾ। ਕਦੇ ਤਾਂ ਉੱਪਰ ਗਿਰਾਂ ਵਿਚ ਫੇਰਾ ਮਾਰਨਾ, ਹਰ ਆਦਮੀ ਦੀਆਂ ਬਾਹਾਂ ਦੇਖਣੀਆਂ ਕਿ ਜਦ ਪਲਮਦੀਆਂ ਹਨ ਗੋਡਿਆਂ ਤਕ ਜਾਂਦੀਆਂ ਹਨ ਕਿ ਨਹੀਂ, ਕਦੇ ਹੇਠਾਂ ਦੇ ਪਿੰਡਾਂ ਵੱਲ ਜਾ ਫੇਰਾ ਮਾਰਨਾ। ਫਿਰ ਕਦੇ ਕਿਸੇ ਤੋਂ ਪੁੱਛਿਆ ਬੀ ਕਰੇ: "ਕੋਈ ਅਵਤਾਰ ਪਰਗਟ ਤਾਂ ਨਹੀਂ ਹੋਯਾ ?" ਗਿਰਾਵਾਂ ਤੋਂ ਨਿਰਾਸ ਹੋ ਕੇ ਹੁਣ ਦੋ ਚਾਰ ਪੰਜ ਕੋਹ ਤਕ ਬੀ ਕਦੇ ਜਮਨਾਂ ਦੇ ਏਸ ਕਿਨਾਰੇ ਕਦੇ ਓਸ ਕਿਨਾਰੇ, ਕਦੇ ਸੜਕ ਤੇ ਕਦੇ ਐਵੇਂ ਫੇਰੇ ਮਾਰਿਆ ਕਰੇ। ਕੰਮ ਉਹੋ, ਜੋ ਮਿਲੇ ਉਸ ਦੀਆਂ ਬਾਹਵਾਂ ਤੱਕਣੀਆਂ; ਕਦੇ ਕਿਸੇ ਦੀਆਂ ਬਾਹਵਾਂ ਤੇ ਸ਼ੱਕ ਪਏ ਤਾਂ ਕਿੰਨਾ ਕਿੰਨਾ ਚਿਰ ਉਡੀਕਦੇ ਖੜੇ ਰਹਿਣਾ ਕਿ ਕਦ ਬਾਹਾਂ ਆਪੇ ਪਲਮਣ ਤਾਂ ਮੈਂ ਸਹੀ ਕਰਾਂ ਕਿ ਗੋਡਿਆਂ ਤਕ ਜਾਂਦੀਆਂ ਹਨ ਕਿ ਨਹੀਂ ? ਐਸੇ ਵੇਲੇ ਇਹ ਬਾਲਕਾ, ਜੋ ਅੱਗੇ ਹੀ ਅਤਿ ਸਿੱਧਾ ਸੀ, ਬਾਉਲਾ ਜਿਹਾ ਦਿੱਸਣ ਲੱਗ ਪਿਆ ਕਰੇ। ਪਹਿਲੋਂ ਇਹ ਗਿਰਾਵਾਂ ਸੜਕਾਂ ਵਲ ਘੱਟ ਜਾਇਆ ਕਰਦਾ ਸੀ, ਬਨ ਵਿਚ ਹੀ ਇਸ ਦਾ ਵਕਤ ਲੰਘ ਜਾਂਦਾ ਸੀ, ਪਰ ਹੁਣ ਇਸਦੀ ਝੱਲਿਆਂ ਵਾਲੀ ਫੇਰੀ ਟੋਰੀ ਨੂੰ ਦੂਰ ਦੂਰ ਦੀ ਵੱਸੋਂ ਦੇ ਲੋਕੀਂ ਅਚਰਜਤਾ ਨਾਲ ਵੇਖਿਆ ਕਰਨ ਤੇ ਇਸਦੀ ਪੁੱਛ ਤੇ ਹਰਿਆਨ ਹੋਇਆ ਕਰਨ।

ਚਾਂਦੋ ਨੇ ਕੁਛ ਦਿਨ ਆਪਣੇ ਸੁਆਮੀ ਦੀ ਇਸ ਇੱਛਾ ਪੂਰਨ ਹਿਤ ਇਸ ਤਰ੍ਹਾਂ ਅਵਾਰਾ ਫਿਰ ਫਿਰ ਗੁਜ਼ਾਰੇ, ਪਰ ਕੋਈ ਸੂੰਹ ਨਾ ਪਈ। ਰਿਖੀ ਜੀ ਹੁਣ ਕਮਜ਼ੋਰ ਹੋ ਰਹੇ ਸਨ, ਪਾਲਾ ਹੱਡ ਕੜਕਾਂਦਾ ਸੀ, ਕੰਬਲੀਆਂ ਤੇ ਮ੍ਰਿਗਛਾਲਾ ਤਾਂ ਸਨ ਪਰ ਨਿਤਾਣੇ ਨੂੰ ਪਾਲਾ ਲਗਦਾ ਬੀ ਬਹੁਤ ਹੈ। ਅਖੀਰ ਘਟਦਿਆਂ ਘਟਦਿਆਂ ਉਹ ਦਿਨ ਆ ਗਿਆ ਕਿ ਰਿਖੀ ਜੀ ਸਵੇਰੇ ਇਸ਼ਨਾਨ ਨਾ ਕਰ ਸਕੇ, ਨਾ ਉੱਠ ਸਕੇ, ਲੰਮੇ ਪਏ ਹੀ ਚਾਂਦੋ ਨੂੰ ਬੋਲੇ:- "ਬੱਚਾ ! ਮੇਰਾ ਵੇਲਾ ਆ ਗਿਆ ਜਾਪਦਾ ਹੈ, ਦੇਖ, ਮੇਰੇ ਹੱਥ ਤੇ ਪੈਰ ਠੰਢੇ ਹਨ: ਬੀਬਾ ਪੁੱਤਰ ! ਮੇਰੇ ਮਗਰੋਂ ਤੂੰ ਮੇਰਾ ਕੰਮ ਜ਼ਰੂਰ ਹੀ ਕਰਨਾ ਹੈ।" ਚਾਂਦੋ ਨੇ ਅੱਗੋਂ ਹੋ ਕੇ ਹੱਥ ਪੈਰ ਵੇਖੇ ਤਾਂ ਸੱਚਮੁਚ ਠੰਢੇ ਸਨ, ਠੰਢੇ ਵੇਖਕੇ ਇਕ ਸਰਦੀ ਦੀ ਲਹਿਰ ਉਹਦੇ ਅੰਦਰ ਫਿਰ ਗਈ, ਉਦਾਸੀ ਤੇ ਨਿਰਾਸਤਾ ਦਾ ਇਕ ਚੱਕਰ ਆਇਆ। ਦੋ ਬਰਸ ਹੋਏ ਤਾਂ ਚਾਂਦੋ ਦੀ ਮਾਂ ਮਰ ਗਈ ਸੀ, ਉਸਦੇ ਬੀ ਹੱਥ ਪੈਰ ਠੰਢੇ ਹੋਏ ਸਨ, ਉਹ ਸਮਾਂ ਮਾਂ ਦੇ ਅੰਤਲੇ ਸੁਆਸਾਂ ਦਾ ਤੇ ਸਦਾ ਦੇ ਵਿਛੋੜੇ ਦਾ ਅੱਖਾਂ ਅੱਗੇ ਫਿਰ ਪਿਆ। ਮਾਂ ਇਸ ਦੀ ਕਾਲਸੀ ਦੇ ਗਿਰਾਂ ਵਿਚ ਰਹਿੰਦੀ ਸੀ ਤੇ ਪੀਹਣਾ ਕਰਕੇ ਪੇਟ

ਭਰਦੀ ਸੀ, ਚੰਗੀ ਬੁੱਢੀ ਤੇ ਨਿਰਖਲ ਸੀ, ਪਰ ਆਖਰ ਚਾਂਦੋ ਦੀ ਅੰਦਰ ਸੀ, ਚਾਂਦੋ ਦਾ ਜਗਤ ਦੋ ਹੀ ਤੂ ਮੁੱਕ ਜਾਂਦਾ ਸੀ, ਇਕ ਮਾਂ ਇਕ ਇਨ੍ਹਾਂ ਅਪਰਸ ਮਹਾਤਮਾ ਰਿਖੀ ਜੀ ਉਤੇ। ਅੱਜ ਵਿਚਾਰੇ ਨੂੰ ਜਗਤ ਤੋਂ ਆਪਣੇ ਬਾਕੀ ਰਹੇ ਇਕੋ ਇਕ ਮਿੱਤ੍ਰ ਦੇ ਵਿਛੁੜਨ ਦਾ ਦਿਨ ਆ ਗਿਆ! ਚੱਕਰ ਖਾ ਕੇ ਚਾਂਦੋ ਬਾਹਰ ਆਯਾ, ਹੰਝੂ ਆਏ ਜੋ ਉਸਨੇ ਘਸੁੰਨੀਆਂ ਦੇ ਦੇ ਪੂੰਝੇ। ਫੇਰ ਅੱਗ ਬਾਲਕੇ ਅੰਗੀਠਾ ਮਘਾ ਕੇ ਅੰਦਰ ਲੈ ਆਇਆ, ਕੰਬਲ ਇਕ ਦੋ ਹੋਰ ਵਲ੍ਹੇਟ ਦਿੱਤੇ ਤੇ ਬਾਹਰ ਟਿੱਲੇ ਤੇ ਚੜ੍ਹ ਚੜ੍ਹ ਵੇਖੇ ਮਤਾਂ ਹੁਣੇ ਹੀ ਆ ਜਾਣ! ਫੇਰ ਆਵੇ ਤਾਂ ਹੱਥ ਪੈਰ ਵੇਖ ਜਾਵੇ, ਅਖ਼ੀਰ ਦਿਨ ਸੱਤ ਅੱਠ ਘੜੀਆਂ ਗਿਆ ਤਾਂ ਰਿਖੀ ਜੀ ਹੁਣ ਬੋਲਣੋਂ ਤੇ ਹੱਥ ਪੈਰ ਹਿਲਾਉਣੋਂ ਰਹਿ ਗਏ। ਜਦ ਚਾਂਦੋਂ ਨੇ ਡਿੱਠਾ ਕਿ ਉਨ੍ਹਾਂ ਦੇ ਹੱਥ ਪੈਰ ਹੁਣ ਗੋਡਿਆਂ ਤੇ ਅਰਕਾਂ ਤੱਕ ਠੰਢੇ ਹੋ ਗਏ ਹਨ ਤਾਂ ਇਕ ਜਾਂਗਲੀ ਚੀਕ ਉਮਦੀ ਆ ਮੁਹਾਰੀ ਨਿਕਲੀ, ਤ੍ਰਬ੍ਰਕਕੇ ਰਿਖੀ ਜੀ ਦੇ ਨੈਣ ਖੁਲ ਗਏ ਤੇ ਧੀਮੇਂ ਜਿਹੇ ਬੋਲੇ: **'ਆ ਗਏ''**। ਚਾਂਦੋ ਨੇ ''ਆ ਗਏ'' ਸੁਣਿਆ, ਰਿਖੀ ਜੀ ਦੇ ਨੈਣ ਬੰਦ ਹੋ ਗਏ, ਪਰ ਚਾਂਦੋ ਦੇ ਕੰਨਾਂ ਨੇ ਫੇਰ ਸੁਣਿਆ **''ਆ ਗਏ''**। ਚਾਂਦੋ ਤ੍ਰਬ੍ਰਕ ਕੇ ਬਾਹਰ ਆਇਆ, ਉਸ ਫੇਰ ਸੁਣਿਆਂ **''ਆ ਗਏ''**; ਫੇਰ ਇਕ ਆਵਾਜ਼ **''ਆ ਗਏ''** ਦੀ ਚਾਂਦੋ ਦੇ ਮੂੰਹੋਂ ਆਪਣਿਓਂ ਬੀ ਨਿਕਲੀ ਜੋ ਪੱਥਰਾਂ ਨਾਲ ਟਕਰਾਰਕੇ ਵੱਡੇ ਹੋ ਕੇ ਵਾਪਸ ਆਈ: **''ਆ ਗਏ''**। ਹੁਣ ਚਾਂਦੋ ਜਮਨਾ ਦੇ ਪੱਛਮੀ ਕਿਨਾਰੇ ਤੋਂ ਪੱਛੋਂ ਨੂੰ ਵਾਹੋਦਾਹੀ ਬਨਾਂ ਨੂੰ ਭੱਜਾ ਗਿਆ, ਐਧਰ ਉਧਰ ਤੱਕਿਆ ਕਿਸੇ ਪੱਥਰ ਨਾਲ ਪਾਣੀ ਟਕਰਾਉਣ ਦੇ ਸਿਵਾ ਕੋਈ ਆਹਟ ਨਾ ਆਈ। ਵਹਿਸ਼ਤ ਜਿਹੀ ਹੇਨ ਚਾਂਦੋ ਨੇ ਚਾਰ ਚੁਫੇਰੇ ਤੱਕਿਆ ਤੇ ਫੇਰ ਉੱਠ ਨੱਠਾ। ਕੋਈ ਥੋੜ੍ਹੀ ਵਾਟ ਤੇ ਆਦਮੀਆਂ ਦੇ ਬੋਲ ਚਾਲ ਦੀ ਆਵਾਜ਼ ਆਈ। ਅੱਗੇ ਵਧਿਆ ਤਾਂ ਇਕ ਪੱਧਰੇ ਥਾਂ ਕੁਛ ਘੋੜੇ ਬੱਧੇ ਹੋਏ ਸਨ, ਜਿਨ੍ਹਾਂ ਨੂੰ ਪਾਣੀ ਪਿਲਾਇਆ ਜਾ ਰਿਹਾ ਸੀ ਤੇ ਪਰੇ ਕਈ ਮਨੁੱਖ ਸਨ, ਕੋਈ ਰੋਟੀ ਪਕਾ ਰਿਹਾ ਸੀ, ਦੋ ਆਦਮੀ ਘਾਹ ਤੇ ਸ਼ਤਰੰਜੀ ਵਿਛਾਈ ਚੌਪੜ ਖੇਲ ਰਹੇ ਸਨ, ਇਹੋ ਜਿਹੇ ਚਿਹਰੇ ਉਸਨੇ ਕਦੇ ਨਾ ਸੀ ਡਿੱਠੇ। ਉਨ੍ਹਾਂ ਵਿਚੋਂ ਇਕ ਦੇ ਚਿਹਰੇ ਤੇ ਕੋਈ ਐਸੀ ਪ੍ਰਭਾ ਤੇ ਤੇਜ ਪ੍ਰਤਾਪ ਡਿੱਠਾ ਕਿ ਉਸ ਨੂੰ ਸ਼ਕ ਪੈ ਗਿਆ ਕਿ ਖ਼ਬਰੇ ਇਹੋ ਹੈ, ਪਰ ਉਹ ਹੁਣ ਮੁੜ ਮੁੜ ਬਾਂਹਾਂ ਵੱਲ ਤੱਕੇ ਤੇ ਓਹ ਬੈਠੇ ਖੇਡ ਰਹੇ ਸਨ। ਇਹ ਆਗਿਆ ਉਸ ਨੂੰ ਰਿਖੀ ਜੀ ਦੀ ਹੈ ਨਹੀਂ ਸੀ ਕਿ ਵਧਕੇ ਕਹਿ ਦੇਵੇ ਕਿ ਮੈਨੂੰ ਬਾਂਹ ਲੰਮੀ ਕਰਕੇ ਦਿਖਾਓ। ਇੰਨੇ ਨੂੰ ਇਕ ਬੰਦੂਕਚੀ ਅੱਗੇ ਵਧਿਆ ਤੇ ਚਾਂਦੋ ਨੂੰ ਕਹਿਣ ਲੱਗਾ: ਪਰੇ ਹੋ ਜਾਹ, ਇਥੇ ਨਾ ਖੜੋ। ਇਹ ਚਾਂਦੋ ਲਈ ਨਵੀਂ ਗੱਲ ਸੀ, ਉਸ ਨੇ ਕਦੇ ਨਹੀਂ ਸੀ ਸੁਣਿਆ ਕਿ ਕੋਈ ਕਿਸੇ ਖੜੋਤੇ ਨੂੰ ਪਰੇ ਹਟਾਵੇ। ਹਟ ਤਾਂ ਗਿਆ, ਪਰ ਨਜ਼ਰ ਉੱਥੇ ਹੀ ਰਹੀ, ਨਜ਼ਰ ਬੱਝਦੀ ਬੱਝਦੀ ਬੱਝ ਗਈ ਉੱਧਰ ਨੂੰ; ਪਲ ਪਲ ਮਗਰੋਂ ਉਸ ਖਿਲਾੜੀ ਵੱਲ ਤਕੇ! ਇੰਨੇ ਨੂੰ, ਬਾਜ਼ੀ ਮੁੱਕ ਗਈ ਤੇ ਉਹ ਉਠ ਖੜਾ ਹੋਇਆ, ਹਥ ਪਲਮੇਂ ਪਰ ਪੱਟਾਂ ਤੇ ਹੀ ਮੁੱਕ ਗਏ; ਚਾਂਦੋ, ਗ਼ਰੀਬ ਚਾਂਦੋ ਦਾ ਮਾਨੋਂ ਸਰਬੰਸ ਰੁੜ੍ਹ ਗਿਆ! ਹੁਣ ਨਿਰਾਸਾ, ਅਤਿ ਨਿਰਾਸਾ ਵਿਚ ਉਸ ਨੂੰ ਹੋਸ਼ ਆਈ ਕਿ ਰਿਖੀ ਜੀ ਗ਼ਰੀਬ ਮੇਰੀ ਮਾਂ ਵਾਂਗੂ ਮਰ ਗਏ ਹੋਣਗੇ, ਕੀ ਜਾਣੀਏਂ ਉਸ ਵਾਂਙੂ ਚਾਨਣਾ ਚਾਨਣਾ ਮੰਗਦੇ ਹੋਣ, ਮੈਂ ਕੋਲ ਹੁੰਦਾ ਤਾਂ ਦੀਵਾ ਜਾਂ ਅੱਗ ਤਾਂ ਬਾਲ ਦੇਂਦਾ। ਮੈਂ ਕਿਉਂ ਆ ਗਿਆ? ਇਹ ਕਹਿੰਦਿਆਂ ਚਾਂਦੋ ਨੂੰ ਇਕ ਹਨੇਰੇ ਦਾ ਚਕਰ ਆ ਗਿਆ ਤੇ ਫੇਰ ਇਕ ਜਾਂਗਲੀ ਚੀਕ ਨਿਕਲੀ **''ਆ ਗਏ''**, ਤੇ ਫੇਰ ਪਛੋਂ ਨੂੰ ਹੋ ਕੇ ਖਿਲਾੜੀਆਂ ਤੋਂ ਵਿਥ ਕਰਕੇ ਅਗੇ ਵਧਿਆ। ਇਸ ਵੇਲੇ ਕੁਛ ਸਵਾਰ ਦੱਖਣ ਪੱਛੋਂ ਦੀ ਰੁਖ਼ੋਂ ਆ ਰਹੇ ਸਨ। ਚਾਰ ਸਵਾਰ ਰਤਾ ਪਿਛੇ ਸਨ, ਇਕ ਅਗੇਰੇ ਸੀ। ਚਾਂਦੋ ਪਿੱਛੇ ਪਰਤਣ ਲੱਗਾ ਸੀ, ਉਸ ਦੇ ਖਿਆਲ ਰਿਖੀ ਜੀ ਦੇ ਮਾਂ ਵਰਗੇ ਆਖ਼ਰੀ ਹਟਕੋਰਿਆਂ ਵਲ ਪੈ ਰਹੇ ਸਨ, ਕਦਮ ਪਿਛੇਰੇ ਜਾ ਰਿਹਾ ਸੀ ਤੇ ਨਜ਼ਰ ਅਗੇਰੇ ਜਾ ਰਹੀ ਸੀ। ਸਵਾਰ ਨੇੜੇ ਨੇੜੇ ਹੁੰਦੇ ਗਏ, ਚਾਂਦੋ ਦੇ ਕਦਮ ਠਿਠੰਬਰ ਗਏ, ਅਗਲੇ ਸਵਾਰ ਤੇ ਨਜ਼ਰ ਪਈ ਤਾਂ ਕਦਮ ਨੱਠ ਪਏ ਤੇ ਦੋਹਾਂ ਹੱਥਾਂ ਤੋਂ ਗਿੱਧਾ ਜਿਹਾ ਵੱਜ ਗਿਆ, **''ਆ ਗਏ ਆ ਗਏ''** ਦੀ ਸੱਦ ਸੰਗੀਤ ਦੀ ਲਹਿਰ ਵਾਂਙ ਆ ਮੁਹਾਰੀ ਚਾਂਦੋ ਦੇ ਮੂੰਹ ਤੋਂ ਨਿਕਲੀ, ਪਰ ਪਲ ਮਗਰੋਂ ਫੇਰ ਕਾਲਾ ਜਿਹਾ ਬੱਦਲ ਉਸ ਦੇ ਭਰਵੱਟੇ ਤੇ ਫਿਰ ਗਿਆ, ਠਿਠੰਬਰ ਗਿਆ, ਸੋਚੀਂ ਪੈ ਗਿਆ; ਖ਼ਬਰੇ ਕੌਣ ਹਨ? ਮੈਂ ਅਜੇ ਬਾਹਾਂ ਤੱਕੀਆਂ ਨਹੀਂ; ਖਬਰੇ ਇਹ

ਬੀ ਆਖਣਗੇ, 'ਪਰੇ ਹਟ ਜਾ', ਆਪ ਹੀ ਪਰੇ ਹਟ ਜਾਵਾਂ। ਰਤਾ ਕੁ ਪਰੇ ਹੋ ਕੇ ਨੀਝ ਪਰੋ ਬੈਠਾ, ਇੰਨੇ ਨੂੰ ਓਹ ਆ ਪਹੁੰਚੇ, ਅੱਗੇ ਵਧ ਗਏ: ਘੋੜੇ ਤੋਂ ਉਤਰੇ ਤੇ ਅਗਲੇ ਬੈਠਿਆਂ ਨੇ ਉੱਠ ਕੇ ਸ਼ਤਰੰਜੀ ਉਤੇ ਗੱਦੀ ਜਿਹੀ ਵਿਛਾ ਕੇ ਆਦਰ ਨਾਲ ਸਿਰ ਨਿਵਾ ਕੇ ਬਿਠਾ ਲਿਆ। ਚਾਂਦੋਂ ਵੀ ਮਗਰੇ ਆ ਰਿਹਾ ਸੀ, ਆ ਖੜਾ ਹੋ ਗਿਆ ਤੇ ਬਾਹਾਂ ਵੱਲ ਤੱਕੇ, ਨਜ਼ਰ ਨਾਲ ਅੰਦਾਜ਼ਾ ਲਾਵੇ ਕਦੇ ਆਪਣਾ ਮੋਢਾ ਤੇ ਮੋਢੇ ਤੋਂ ਬਾਹਾਂ ਦਾ ਲਮਾਣ ਤੱਕੇ, ਕਦੇ ਉਨ੍ਹਾਂ ਦੇ ਮੋਢੇ ਤੋਂ ਬਾਹਾਂ ਦਾ ਲਮਾਣ ਤੱਕੇ, ਕਦੇ ਬੇਮਲੂਮਾਂ ਜਿਹਾ ਕੁਦ ਪਵੇ, ਕਦੇ ਫੇਰ ਨਿਰਾਸਤਾਈ ਦੀ ਘਟਾ ਉਸ ਦੇ ਭਰਵੱਟਿਆਂ ਵਿਚ ਵੱਟ ਪਾ ਜਾਵੇ, ਕਦੇ ਕਦਮ ਪਰੇ ਹਟ ਜਾਵੇ ਕਿ ਮਤਾਂ ਕੋਈ ਆਖ ਦੇਵੇ ਕਿ 'ਪਰੇ ਹੋ ਜਾਹ', ਤੇ ਕਦੇ ਅਤਿ ਚਿੰਤਾ ਵਿਚ ਪੈ ਕੇ ਬਾਹਾਂ ਉਲਾਰ ਕੇ ਧੌਣ ਸੱਟਕੇ ਪਿੱਛੇ ਟੁਰ ਪਵੇ; 'ਰਿਖੀ ਜੀ ਹਟਕੋਰੇ ਲੈਂਦੇ ਹੋਣਗੇ, ਚੱਲਾਂ ਚੱਲ ਕੇ ਚਾਨਣ ਕਰਾਂ, ਮਤਾਂ ਉਹ ਕੂਕਦੇ ਪਏ ਹੋਣ: 'ਚਾਨਣਾ ਚਾਨਣਾਂ, ਹਾਇ ਹਨੇਰਾ ਹਾਇ ਹਨੇਰਾ। ਪਰ ਫੇਰ ਕੋਈ ਖਿੱਚ ਖਾ ਕੇ ਘਰ ਨੂੰ ਟੁਰਦਾ ਕਦਮ ਪਿਛੇ ਮੁੜ ਪਵੇ ਤੇ ਦਿਲ ਹੀ ਦਿਲ ਵਿਚ ਆਖੇ: 'ਹਾਏ ਕਦੋਂ ਉੱਠਣਗੇ। ਕਿਵੇਂ ਉੱਠਣ। ਮੈਨੂੰ ਹੁਕਮ ਨਹੀਂ ਜੁ ਜਾ ਆਖਾਂ ਖੜੋ ਜਾਓ ਜੀ, ਮੈਂ ਬਾਂਹ ਤੱਕਣੀ ਹੈ'। ਇੰਨੇ ਨੂੰ ਕਿਸੇ ਨੇ ਆ ਕੇ ਉਨ੍ਹਾਂ ਨੂੰ ਕਿਹਾ ਕਿ ਜਲ ਤਿਆਰ ਹੈ। ਆਪ ਉਠੇ ਤੇ ਹੱਥ ਧੋਣ ਲੱਗ ਪਏ। ਚਾਂਦੋ ਦੀ ਤਾਂਘ ਚਾਂਦੋ ਨੂੰ ਹੁਣ ਬੁਤ ਬਣਾ ਰਹੀ ਹੈ। ਨੈਣ ਬਾਹਾਂ ਤੇ ਗੱਡ ਰਹੇ ਹਨ, ਮੂੰਹ ਖੁਲ੍ਹਦਾ ਤੇ ਗੋਲ ਹੁੰਦਾ ਜਾਂਦਾ ਹੈ। ਦੋਵੇਂ ਹੱਥ ਹੇਠੋਂ ਉਠਦੇ ਕੁਛ ਗੁਲਿਆਈ ਤੇ ਸਹਿਜੇ ਸਹਿਜੇ ਉੱਚੇ ਆ ਰਹੇ ਹਨ ਗਲ੍ਹਾਂ ਤੋਂ ਕੁਛ ਵਿੱਥ ਤੇ ਆ ਕੇ ਖੜੋ ਗਏ ਹਨ, ਹੇਠੋਂ ਹੁਣ ਅੱਡੀਆਂ ਰਤਾ ਰਤਾ ਉਚਾਵੀਆਂ ਹੋ ਰਹੀਆਂ ਹਨ, ਨੈਣ ਨਹੀਂ ਝਮਕਦੇ, ਸਾਰੀ ਸਰੀਰ ਦੀ ਉਲਾਰ ਉਲ੍ਹਰਵੀਂ ਹੋ ਰਹੀ, ਦਮ ਧੀਮਾ, ਮਾਨੋ ਆ ਹੀ ਨਹੀਂ ਰਿਹਾ। ਉਧਰ ਹੱਥ ਧੋਤੇ ਗਏ, ਖੜੇ ਹੀ ਖੜੇ ਮੂੰਹ ਧੋਤਾ ਗਿਆ; ਪਰਨਾ ਆਇਆ, ਮੂੰਹ ਪੂੰਝਿਆ ਗਿਆ, ਅਜੇ ਹੱਥ ਪਲਮੇ ਨਹੀਂ ਚਾਂਦੋ ਉਸੇ ਤਰ੍ਹਾਂ ਤਾਂਘ ਉਮੈਦ ਦਾ ਰੂਪ ਬੁਤ ਬਣਿਆਂ ਖੜਾ ਹੈ ਕਿ ਐਨੇ ਨੂੰ ਹੱਥ ਪਲਮ ਗਏ। ਉਹ ! ਹੈਂ ! ਹੱਥ ਸਚਮੁਚ ਗੋਡਿਆਂ ਤੱਕ ਜਾ ਅੱਪੜੇ। ਚਾਂਦੋ ਦੀ ਇਕ ਦਮ ਜਾਂਗਲੀ ਚੀਕ ਨਿਕਲੀ 'ਆ ਗਏ' ਤੇ ਦੋ ਚਾਰ ਭੁਆਟਣੀਆਂ ਵਿਚ ਤ੍ਰੁੱਪ ਪਿਆ ਤੇ ਹੱਥਾਂ ਤੋਂ ਗਿੱਧਾ ਵੱਜ ਗਿਆ। ਹੁਣ ਚਾਂਦੋ ਨੂੰ ਚੇਤਾ ਭੁਲ ਚੁੱਕਾ ਸੀ ਕਿ ਰਿਖੀ ਨੇ ਕੀਹ ਕਿਹਾ ਸੀ ਤੇ ਰਿਖੀ ਕਿਸ ਹਾਲ ਹੋਊ। ਅਹਿਲਾਦ ਅੰਦਰ ਆਇਆ ਬੇਵੱਸਾ ਅੱਗੇ ਵੱਧ ਪਿਆ, ਡਰ, ਭੈ ਸੰਸਾ 'ਪਰੇ ਹਟੋ' ਦਾ ਬੀ ਕੋਈ ਨਾ ਰਿਹਾ। ਅੱਗੇ ਵਧਿਆ। ਇਕ ਪਿਆਰ, ਇਕ ਅਹਿਲਾਦ, ਇਕ ਨਿਮਕੀਨੀ ਚਿਹਰੇ ਤੇ ਸੀ, ਅੱਗੇ ਵਧਿਆ ਤੇ ਗੋਡੇ ਟੇਕ ਕੇ ਆਪ ਦਾ ਸੱਜਾ ਹੱਥ ਚੰਗੀ ਤਰ੍ਹਾਂ ਫੜਕੇ ਉਹਨਾਂ ਦੇ ਗੋਡੇ ਨਾਲ ਲਾ ਕੇ, ਰਤਾ ਖਿੱਚਕੇ ਫਿਰ ਨਾਲ ਲਾ ਕੇ, ਮਾਨੋਂ ਮਿਣਕੇ, ਵੇਖਕੇ ਬੋਲਿਆ 'ਠੀਕ ਹੈ ਜੀ ਠੀਕ ਹੈ'। ਫੇਰ ਧੌਣ ਉੱਚੀ ਕਰਕੇ ਕਿਸੇ ਡਾਢੀ ਸਿੱਕ ਭਰੀ ਆਵਾਜ਼ ਵਿਚ ਬੋਲਿਆ: 'ਆਪ ਹੋ ਨਾ ਜੀ' 'ਆਪ ਹੋ? ਹੋ ਨਾ ਜੀ' 'ਬੋਲਦੇ ਨਹੀਂ ਹੋ ਜੀ, ਆਹੋ ਜੀ, ਅਸਾਂ ਸਿਆਣ ਲਿਆ ਜੀ, ਤੁਸੀਂ ਹੋ ਨਾ ਜੀ, ਉਹ ਜੀ ਅ ਅ ਅ ਅ, ਤੁਸੀਂ ਹੋ ਨਾ ਜੀ, ਉਹ ਜੀ ਅ ਆਪ?'' ਹੈਂ, ਜੀ ਅ ਅ ਅ ਅ ਆਪ?'' ਹੈਂ ਜੀ ਅ ਅ ਅ ਅ ਆਪ ਆਪ ਹੋ ਨਾ ਅਵ ਵੱਡੇ ਵੱਡੇ ਵੱਡੇ ਜੀ, ਨਹੀਂ ਤੁਸੀਂ ਹੋ ਨਾ' (ਅੱਖਾਂ ਨੀਵੀਆਂ ਸੱਟਕੇ ਘੁੱਟ ਘੁਟ ਕੇ ਮੀਟ ਕੇ) ਤੁਸੀਂ ਹੋ ਨਾ ਜੀ ਉਤਾਰ, ਅਤਾਰ, ਜੀ ਵੱਡੇ ਨਾ ਜੀ (ਅੱਖਾਂ ਫੇਰ ਪਿਆਰ ਭਰਕੇ ਉਪਰ ਤੱਕਕੇ) ਜੀ ਤੁਸੀਂ ਹੋ ਨਾ ਗੁ ਗੁ ਗੁਰ ਜੀ, ਜੀਹਾਂ ਹਾਂ ਹਾਂ, ਹਾਂ ਗੁਰ ਹੋ ਨਾ ਜੀ ਤੁਸੀਂ ਉਤਾਰ...ਨਹੀਂ ਜੀ! ਹਾਂ ਸਚੀ ਜੀ ਗੁਰ ਉਤਾਰ, ਤੁਸੀਂ ਹੋ ਜੀ, ਦੱਸੋ ਨਾ ਜੀ ਗੁਰ ਅਤਾਰ ਤੁਸੀਂ ਹੋ ਜੀ ?'

ਓਹ ਮ੍ਰਿਦੁਲ ਮੂਰਤੀ ਜਿਸ ਨਾਲ ਇਹ ਸੁਤੰਤ੍ਰਤਾ ਲਈ ਜਾ ਰਹੀ ਹੈ, ਜਿਸ ਨਾਲ ਇਨਸਾਨੀ ਕੁਦਰਤੀ ਅਸਲੀ ਭੋਲੇਪਨ ਵਿਚ ਇਹ ਪਿਆਰ ਹੋ ਰਿਹਾ ਹੈ, ਸਿਧੀ ਖੜੀ ਸਿਰ ਰਤਾਕੁ ਝੁਕਾਏ, ਹੱਥ ਉਹਨਾਂ ਹੱਥਾਂ ਵਿਚ ਢਿੱਲੇ ਛੱਡੇ ਖੜੀ ਹੈ, ਅੱਖਾਂ ਵਿਚ ਇਕ ਮੱਧਮ ਮਸਤੀ ਤੇ ਪਿਆਰ ਹੈ, ਚਿਹਰੇ ਪਰ ਮੱਧਮ ਗੁਲਾਬੀ ਭਾਹ ਹੈ, ਬੁਲ੍ਹ ਅਧਮਿਟੇ ਨਿਕੀ ਮੁਸਕ੍ਰਾਹਟ ਵਿਚ ਹਨ, ਭਰਵੱਟੇ ਦੱਸ ਰਹੇ ਹਨ ਕਿ ਭੋਲੇ ਚਾਂਦੋ ਦੇ ਪਿਆਰ ਤੇ ਤਾਂਘ ਦਾ ਰਸ ਅਨੁਭਵ ਕਰ ਰਹੇ ਹਨ।

ਚਾਂਦੋ-ਜੀਉ ! ਦੱਸੋ ਨਾ ਜੀ, ਤੁਸੀਂ ਹੋ ਨਾ ਜੀ ਵਡੇ ਉਤਾਰ ? ਜੀ ਮੈਂ ਭੁੱਲ ਗਿਆ ਹਾਂ, ਤਾਂ ਬੀ ਦੱਸੋ

ਨਾ ਜੀ ਦੱਸੋ ਨਾ, ਦੱਸੋ ਜੀ ਮੈਂ ਸਿਆਣ ਲਿਆ ਹੈ ਉਹ ...(ਗਿੱਧਾ ਪਾ ਕੇ ਉਠਕੇ) ਆਹੋ ਜੀ ਹਾਂ ਇਹੋ ਹਨ।

ਹੁਣ ਅਚਾਨਕ ਚਾਂਦੋ ਦਾ ਚਿਹਰਾ ਢਿੱਲਾ ਪੈ ਗਿਆ, ਕਾਲੀਆਂ ਘਟਾਂ ਭਰਵੱਟੇ ਤੇ ਫਿਰ ਗਈਆਂ, ਫੇਰ ਗੋਡੇ ਟੇਕਕੇ, ਹੱਥ ਜੋੜ ਕੇ ਆਵਾਜ਼ ਸਹਿਮ ਵਾਲੀ ਧੀਮੀ ਹੋ ਗਈ: "ਲਓ ਜੀ, ਸੁਨੇਹਾ ਲੈ ਲਓ ਜੀ, ਕਾਲਸੀ ਵਾਲੇ ਰਿਖੀ ਜੀ ਦਾ ਸੁਨੇਹਾ ਹੈ ਜੀ, ਜੀ ਉਹ ਤੁਸਾਂ ਨੂੰ ਜਾਣਦੇ ਸਨ ਜੀ ਸਹਿਕਦੇ ਸਨ ਜੀ, ਦਰਸ਼ਨ ਜੀ ਉਹ (ਹੰਝੂ ਆ ਗਏ) ਜੀ ਉਹ ਹੁਣ ਜ਼ਰੂਰ ਜੀ, ਉਹ ਜੀ, ਮਰ ਗਏ ਜੀ, ਮੇਰੀ ਮਾਂ ਇੰਨੇ ਚਿਰ ਵਿਚ ਮਰ ਗਈ ਸੀ ਜੀ। ਉਹ ਮੈਨੂੰ ਕਹਿ ਗਏ ਸੀ ਲੰਮੀਆਂ ਬਾਹੀਂ ਵਾਲੇ ਗੋਡਿਆਂ ਤੋਂ ਹੇਠਾਂ ਪਲਮਣ ਜੀ ਜਿਸ ਦੀਆਂ, ਕੱਦ ਲੰਮਾ, ਸਰੀਰ ਪਤਲਾ, ਨਵੀਂ ਨਵੀਂ ਆਈ ਦਾੜ੍ਹੀ ਜੀ, ਤੇ ਸਿਰ ਤੇ ਕੇਸ ਜੀ ਤੇ ਨਾਮ ਵੱਡਾ ਕਿ 'ਗੁਰ ਉਤਾਰ' ਜੀ, ਉਹਨਾਂ ਨੂੰ ਟੋਲਕੇ ਲੱਭੀਂ, ਮੇਰਾ ਸੁਨੇਹਾ ਦੇ ਦਈਂ ਜੀ। ਸਨੇਹਾ ਲੈ ਲਓ।" ਇਕ ਖਿਨ ਅੱਖਾਂ ਮੀਟ ਕੇ ਚਾਂਦੋ ਨੇ ਅੱਖਰ ਅੱਖਰ ਸੁਨੇਹਾ ਚੇਤੇ ਕੀਤਾ। ਇਸ ਵੇਲੇ ਸ਼ਤਰੰਜ ਖੇਡਣ ਵਾਲੇ ਤੇ ਹੋਰ ਦੋ ਚਾਰ ਸਜਣ ਬੀ ਪਾਸ ਆ ਗਏ। ਚਾਂਦੋ ਨੇ ਦੋਵੇਂ ਹੱਥ ਕੱਢੇ ਅਰ ਮੁੱਠ ਮੀਟ ਲਈ ਤੇ ਠੋਡੀ ਉਨ੍ਹਾਂ ਤੇ ਟੇਕ ਲਈ, ਨਜ਼ਰ ਚਿਹਰੇ ਵਿਚ ਗੱਡ ਲਈ ਤੇ ਬੋਲਿਆ,

**"ਇਕ ਸਿੱਕਦਾ ਤਪੀਆ, ਜਮਨਾ ਤਟ ਦਰਸ਼ਨ ਦੀਆਂ ਲੋਚਨਾਂ ਵਿਚ ਤੁਰ ਗਿਆ ਹੈ, ਉਸ ਦੇ ਗੋਡੇ ਗਿੱਟੇ ਤੁਰਦੇ ਨਹੀਂ ਸਨ, ਜੋ ਆਪ ਲੱਭਦਾ। ਉਸ ਦੇ ਪਾਸ ਧਨ ਨਹੀਂ ਸੀ (ਠਹਿਰਕੇ) ਜੋ ਟੋਲ ਕਰਦਾ। ਉਸਦੇ ਪਾਸ ਮਨੁੱਖ ਨਹੀਂ ਸਨ ਜੋ ਸੂੰਹਾਂ ਕੱਢਦਾ-ਜੀ ਜੀ ਜੀ ਹਾਂ, ਉਸ ਨੂੰ ਝਾਉਲਾ ਪੈਂਦਾ ਸੀ, ਸੱਦ ਸੁਣਾਈ ਦੇਂਦੀ ਸੀ, ਉਹ ਤੜਫਦਾ ਸੀ ਤੇ ਸਿੱਕਦਾ ਸੀ, ਲੁੱਛਦਾ ਸੀ, ਸਧਰਾਂਦਾ ਸੀ, ਐਉਂ ਲੋਂਹਦਾ ਲੋਂਹਦਾ, ਰਾਹ ਤਕਾਂਦਾ ਤਕਾਂਦਾ, ਆਸਾਂ ਭਰਿਆ ਟੁਰ ਗਿਆ ਹੈ ਉਮਦੀ ਬਾਹੁੜੀ ਕਰਨੀ।"**

ਮ੍ਰਿਦੁਲ ਮੂਰਤੀ ਦੇ ਨੈਣ ਬੰਦ ਹੋ ਗਏ, ਚਾਂਦੋ ਦੇ ਦੋਵੇਂ ਹੱਥ ਉਨ੍ਹਾਂ ਆਪਣੇ ਹੱਥ ਵਿਚ ਘੁਟ ਲਏ, ਚਿਹਰਾ ਸ਼ਾਂਤਿ ਤੇ ਸੁਫੈਦ ਹੋ ਗਿਆ, ਤ੍ਰਿਪੁਟੀ ਵਿੱਚ ਇਕ ਬੇ ਮਲੂਮ ਵੱਟ ਪਿਆ, ਇਕ ਝਰਨਾਟ ਚਾਂਦੋ ਦੇ ਬਦਨ ਵਿਚ ਪਈ, ਕੁਛ ਪਲਾਂ ਬਾਦ ਨੈਣ ਖੁਲ੍ਹੇ ਨਾਲੇ 'ਸੰਗੀਤ-ਲਹਿਰ' ਵਾਲੇ ਬੁਲ੍ਹ ਖੁਲ੍ਹੇ :--

ਬੱਚਾ ! ਠੀਕ ਰਿਖੀ ਜੀ ਮਰ ਗਏ ?

ਚਾਂਦੋ--ਹੋਰ ਕੀ ਜੀਉਂਦੇ ਰਹੇ ?

ਮ੍ਰਿਦੁਲ ਮੂਰਤੀ--ਠੀਕ ?

ਚਾਂਦੋ--ਜੀ ਮੇਰੀ ਮਾਂ ਇੰਨੇ ਚਿਰ ਵਿਚ ਚਿਰੋਕਣੀ ਮਰ ਗਈ ਸੀ।

ਮ੍ਰਿਦੁਲ ਮੂਰਤੀ--ਠੀਕ ?

ਚਾਂਦੋ ਹੱਥ ਛੁਡਾ ਕੇ ਧੁਪੇ ਜਾ ਖੜੋਤਾ, ਆਪਣੇ ਆਪ ਨੂੰ ਸੂਰਜ ਦੇ ਹੇਠਾਂ ਕਰਕੇ ਉਪਰ ਤੇ ਫੇਰ ਆਪਣੇ ਪਰਛਾਵੇਂ ਵਲ ਵੇਖ ਵੇਖ ਕੇ ਮਾਨੋਂ ਮਿਣਤੀ ਲੈਂਦਾ ਹੈ, ਫੇਰ ਨੇੜੇ ਆ ਗਿਆ, 'ਜੀ ਹਾਂ, ਹੁਣ ਵੇਖੋ ਦੁਪਹਿਰਾਂ ਢਲ ਗਈਆਂ, ਅੱਧ ਪਹਿਰ ਤੀਜੇ ਪਹਿਰ ਦਾ ਲੰਘ ਗਿਆ, ਮੇਰੀ ਮਾਂ ਇਕ ਪਹਿਰ ਲਿਆ ਸੀ ਜਦੋਂ ਹੱਥ ਪੈਰ ਠੰਢੇ ਹੋਏ ਮਨ ਤੇ ਇਹ ਵੇਲਾ ਤਾਂ ਚਿਰੋਕਣਾ ਲੰਘ ਗਿਆ ਹੈ। ਹੋ ਜੀ ਰਿਖੀ ਜੀ ਮਰ ਗਏ, ਲਓ ਮੈਂ ਜਾਂਦਾ ਹਾਂ, ਮੈਂ ਜਾ ਕੇ ਸਰੀਰ ਪਰਵਾਹ ਕਰਨਾ ਹੋਸੀ ਜੀ, ਉਹਨਾਂ ਦਾ ਹੁਕਮ ਸੀ, ਸੁਨੇਹਾ ਤੁਸਾਂ ਲੈ ਲਿਆ ਹੈ ਜੀ, ਆਖੋ ਨਾ ਤੁਸੀਂ ਹੀ ਹੋ ਨਾ ਜੀ ਹੈਂ ਜੀ ?'

ਮ੍ਰਿਦੁਲ ਮੂਰਤੀ (ਉੱਤਰ ਵੱਲ ਤੱਕ ਕੇ)--ਨਹੀਂ ਓਏ ਭੋਲਿਆ ! ਰਿਖੀ ਜੀ ਨਹੀਂ ਮਰੇ। (ਪਿੱਛੇ ਤੱਕ ਕੇ) ਰਾਜਾ ਜੀ ! ਚੱਲੋ ਤੁਸਾਡੇ ਸਿਰ ਰਿਣ ਹੈ, ਚੱਲੀਏ, ਰੋਟੀ ਅੱਜ ਰਹਿਣ ਦਿਓ, ਦੁਧ ਪੀਆਂਗੇ।

ਕੂਚ !

ਰਾਜਾ ਜੀ ਤਾਂ ਤਿਆਰ ਹੁੰਦੇ ਹੀ ਸਨ, ਆਪ ਨੇ ਘੋੜੇ ਤੇ ਪਲਾਕੀ ਮਾਰੀ, ਜੋ ਦਾਸ ਸਦਾ ਤਿਆਰ ਕੱਸਿਆ ਖੜਾ ਰਖਦਾ ਸੀ, ਦੂਜੇ ਸਵਾਰ ਨੂੰ ਇਕ ਸੈਨਤ ਕੀਤੀ, ਉਸ ਨੇ ਚਾਂਦੋਂ ਨੂੰ ਆਪਣੇ ਅੱਗੇ ਬਿਠਾ ਲਿਆ ਤੇ ਉਸ ਤੋਂ ਰਸਤਾ ਪੁਛਦੇ ਤ੍ਰਿਖੇ ਵੇਗ ਟੁਰ ਪਏ।

੬.

ਬਨ ਦਾ ਰਸਤਾ ਤੈ ਕਰਦੇ ਆਖ਼ਰ ਕੁਟੀਆ ਪਾਸ ਜਾ ਅੱਪੜੇ। ਚਾਂਦੋ ਘੋੜੇ ਤੋਂ ਉਤਰ ਗਿਆ, ਕੰਡਿਆਂ ਦੇ ਵਾੜੇ ਦਾ, ਜੋ ਝਿੜੀ ਵਾਂਗ ਬਣਾ ਰਖਿਆ ਸੀ ਖਿੜਕਾ ਖੋਹਲਿਆ, ਅੱਗੇ ਕੁਟੀ ਦੇ ਵਿਚ ਤਖ਼ਤ-ਪੋਸ਼ ਵਰਗਾ ਇਕ ਤਖ਼ਤਾ ਡੱਠਾ ਪਿਆ ਸੀ, ਜਿਸ ਪਰ ਪੁਰਾਣੀ, ਕੋਈ ਬੜੇ ਮਾਰੂ ਸ਼ੇਰ ਦੀ, ਖੱਲ ਵਿਛੀ ਸੀ, ਇਸ ਉੱਤੇ ਰਿਖੀ ਜੀ ਲੰਮੇ ਪਏ ਸਨ, ਉੱਤੇ ਕੰਬਲੀਆਂ ਪਾਈਆਂ ਸਨ; ਧੁਪ ਭਾਵੇਂ ਸਿਆਲ ਦੀ ਸੀ, ਪਰ ਖੁੱਭਵੀਂ ਪੈ ਰਹੀ ਸੀ, ਮ੍ਰਿਦੁਲ ਮੂਰਤੀ ਨੇ

ਅਗੇ ਹੋ ਕੇ ਕੰਬਲ ਚਾਇਆ, ਵੀਣੀਆਂ ਤੇ ਪਿੰਡਲੀਆਂ ਨੂੰ ਹੱਥ ਲਾਇਆ, ਠੰਢੀਆਂ ਸਨ, ਮੱਥਾ ਵੀ ਸਰਦ ਸੀ, ਸੁਆਸ ਆਉਂਦਾ ਨਹੀਂ ਸੀ ਜਾਪਦਾ, ਮਰੌਣੀ ਛਾ ਰਹੀ ਸੀ। ਚਾਂਦੋ (ਅਗੇ ਵਧਕੇ ਅੱਖਾਂ ਮੀਟਕੇ) ਬੱਸ ਉਹੋ ਮੇਰੀ ਮਾਂ ਵਾਂਙੂ ਮਰ ਗਏ! (ਰੋ ਕੇ) ਮੈਂ ਰਿਖੀ ਜੀ ਨੂੰ ਚਾਨਣਾ ਬੀ ਨਾ ਕੀਤਾ, ਤੁਸੀਂ ਚਾਨਣਾ ਮੰਗਦੇ ਹੋਸੋ, ਪਰ ਜੀ ਮੈਂ ਸੁਨੇਹਾ ਅਪੜਾ ਦਿੱਤਾ ਜੀ; ਫੇਰ ਘਮੁੰਨੀਆਂ ਦੇ ਕੇ ਰੋਣ ਲੱਗ ਗਿਆ।

ਇਸ ਭੋਲੀ, ਨਿਰਛਲ, ਦਿਲੀ, ਲੱਛਿਆਂ, ਟੇਢਾਂ ਚਾਲਾਂ ਤੋਂ ਖਾਲੀ ਪ੍ਰੀਤ ਨੂੰ ਵੇਖਕੇ ਮ੍ਰਿਦੁਲ ਮੂਰਤੀ ਜੀ ਸਜਲ ਨੇਤ੍ਰ ਹੋ ਗਏ, ਪਰ ਆਪ ਦੇ ਮੱਥੇ ਤੇ ਅਜੇ ਇਕ ਤੀਉੜੀ ਸੀ, ਤੇ ਹੱਥ ਹੁਣ ਰਿਖੀ ਜੀ ਦੀ ਛਾਤੀ ਤੇ ਸੀ ਜੋ ਅਜੇ ਨਿੱਘੀ ਸੀ। ਇਹ ਨਿੱਘ ਦੇਖਦੇ ਸਾਰ ਆਪ ਝਟ ਤਖਤ ਪੋਸ਼ ਤੇ ਚੜ੍ਹ ਗਏ ਤੇ ਸਿਰਹਾਣੇ ਦਾਉ ਬੈਠ ਕੇ ਰਿਖੀ ਜੀ ਦੇ ਤਾਲੂ ਨੂੰ ਆਪਣੀਆਂ ਉਂਗਲਾਂ ਨਾਲ ਸਹਿਲਾਣ ਲਗ ਪਏ, ਕਿ ਇੰਨੇ ਨੂੰ ਬਾਕੀ ਦੇ ਸਾਥੀ ਬੀ ਅੱਪੜ ਗਏ! ਚਾਂਦੋ ਡਾਢਾ ਅਸਚਰਜ ਹੋਇਆ, ਅਰਕਾਂ ਛਾਤੀ ਨਾਲ ਲਾਈ ਮੁੱਠਾਂ ਮੀਟੀ ਠੋਡੀ ਹੇਠ ਦੇਈ ਖੜਾ ਤੱਕ ਰਿਹਾ ਸੀ।

ਬਾਹਰੋਂ ਆਯਾ-ਗੁਜ਼ਰ ਗਏ ਆਹ! ਬੜੇ ਭਲੇ ਸਨ।

ਮ੍ਰਿਦੁਲ ਮੂਰਤੀ--ਰਾਜਾ ਜੀ ! ਨਹੀਂ, ਅਜੇ ਪ੍ਰਾਣ ਨਹੀਂ ਗਏ, ਚਰਨਾਂ ਵੱਲ ਬੈਠ ਜਾਓ ਇਕ ਚਰਨ ਫੜੋ ਤੇ ਝੱਸੋ। ਸਾਹਿਬ ਚੰਦ ! ਤੁਸੀਂ ਸਾਰੇ ਦੂਸਰਾ ਚਰਨ ਤੇ ਦੋਵੇਂ ਹਥੇਲੀਆਂ ਇਕ ਇਕ ਜਣਾ ਲੈ ਲਓ ਤੇ ਗਰਮ ਕਪੜੇ ਨਾਲ ਸਹਿਜੇ ਸਹਿਜੇ ਝੱਸੋ।

ਇਹ ਸੇਵਾ ਜਦ ਹੋਣ ਲਗ ਪਈ ਤਾਂ ਥੋੜੀ ਦੇਰ ਬਾਦ ਮਲਕੜੇ ਜਿਹੇ ਰਿਖੀ ਜੀ ਦੀਆਂ ਅੱਖਾਂ ਖੁਲ੍ਹੀਆਂ ਪਰ ਆਪੇ ਬੰਦ ਹੋ ਗਈਆਂ।

ਚਾਂਦੋ--ਇਸੇ ਤਰ੍ਹਾਂ ਮੇਰੀ ਮਾਂ ਨੇ ਇਕ ਵੇਰੀ ਖੋਲ੍ਹ ਕੇ ਨਹੀਂ ਸਨ ਫੇਰ ਖੋਲ੍ਹੀਆਂ।

ਥੋੜੀ ਦੇਰ ਬਾਦ ਫੇਰ ਖੁਲ੍ਹੀਆਂ ਤੇ ਬੁਲ੍ਹ ਵੀ ਫਰਕੇ। ਤੀਜੀ ਵਾਰ ਫੇਰ ਖੁਲ੍ਹੀਆਂ ਤੇ ਆਵਾਜ਼ ਆਈ 'ਆ ਗਏ'।

ਪੈਰ ਹੱਥ ਝੱਸਣ ਵਾਲਿਆਂ ਨੇ ਦੱਸਿਆ ਕਿ ਵੀਣੀਆਂ ਪਿੰਨੀਆਂ ਗਰਮ ਹੋ ਆਈਆਂ ਹਨ, ਹੱਥ ਅਜੇ ਠੰਢੇ ਹਨ। ਮ੍ਰਿਦੁਲ ਮੂਰਤੀ ਨੇ ਹੁਣ ਘਾਸ ਦਾ ਸਰਹਾਣਾ ਜੋ ਰਿਖੀ ਜੀ ਦੇ ਸਿਰ ਹੇਠ ਸੀ, ਕੱਢ ਦਿੱਤਾ ਤੇ ਆਪਣਾ ਪੱਟ ਸਿਰ ਹੇਠ ਦੇ ਕੇ ਸਿਰ ਝੋਲੀ ਵਿਚ ਕਰ ਲਿਆ। ਹੁਣ ਫੇਰ ਅੱਖਾਂ ਖੁਲ੍ਹੀਆਂ, ਆਵਾਜ਼ ਆਈ: "ਚਾਂਦੋ ਬੇਟਾ ! ਕੋਈ ਆਇਆ ? ਹੈਂ, ਇਹ ਮੇਰੇ ਸਿਰ ਵਿਚ ਪਿਆਰ ਦੀ ਸਹਿਲਾਟ ਕੈਸੀ ਹੋ ਰਹੀ ਹੈ ? ਹੈਂ, ਇਹ ਮੇਰੇ ਸਰੀਰ ਵਿਚ ਕੋਈ ਰੌ ਕੇਹੀ ਰੁਮਕ ਰੁਮਕ ਕੇ ਜਾ ਰਹੀ ਹੈ ? ਰਗਾਂ ਵਿਚ ਬ੍ਰੀਕ ਲਹਿਰਾਂ, ਛਾਤੀ ਵਿਚ ਬ੍ਰੀਕ ਲਹਿਰਾਂ ਕਿਥੋਂ ਉਠ ਉਠ ਕੇ ਸਾਰੇ ਫੈਲ ਰਹੀਆਂ ਹਨ ? ਇਹ ਕੀਹ ਹੋ ਰਿਹਾ ਹੈ ?" ਪੈਰਾਂ ਹੱਥਾਂ ਵਲ ਤੱਕ ਕੇ "ਤੁਸੀਂ ਕੌਣ ਹੋ ? ਕੀ ਕਰਦੇ ਹੋ, ਚਾਂਦੋਂ ਕਿੱਥੇ ਹੈ ?"

ਚਾਂਦੋ (ਅਗੇ ਹੋ ਕੇ)--ਰਿਖੀ ਜੀ ! ਉਹੋ ਜੇ, ਲਭ ਗਏ, ਮੈਂ ਲੱਭ ਲਏ, (ਗਿੱਧਾ ਪਾ ਕੇ)।

ਪਰ ਰਿਖੀ ਦੇ ਕੰਨ ਅਜੇ ਸੁਣਦੇ ਨਹੀਂ ਸੇ।

ਚਿਰ ਮਗਰੋਂ ਇਕ ਸੁਖਾਲਾ ਲੰਮਾਂ ਸਾਹ ਲੈ ਕੇ ਰਿਖੀ ਨੇ ਅੱਖਾਂ ਉਚਾਵੀਆਂ ਕਰਕੇ ਉੱਪਰ ਨੂੰ ਤੱਕਿਆ, ਇਸ ਵੇਲੇ ਮ੍ਰਿਦੁਲ ਮੂਰਤੀ ਨੇ ਝੁਕ ਕੇ ਉਸਦੇ ਮਸਤਕ ਨੂੰ ਚੁੰਮ ਲੀਤਾ!

ਵਾਹ ਤੇਰੇ ਸਦਕੇ, ਅਰਸ਼ਾਂ ਦੇ ਦਾਤਾ ! ਸ਼ੱਥਰ ਲੱਥਿਆਂ, ਮੌਤ ਮਰੌਣੀ ਛਾਇਆਂ ਦੇ ਮੱਥੇ ਤੇਰੇ ਬਿਨ ਕੌਣ ਚੁੰਮੇ ? ਜਿਸ ਵੇਲੇ ਮਾਂ ਅਰ ਪਿਉ ਨੂੰ ਬੀ ਚੁੰਮਦਿਆਂ ਨਫ਼ਰਤ ਆਵੇ ਉਸ ਵੇਲੇ ਤੇਰਾ ਹੀ ਇਕ ਬੇਕਿਨਾਰ[1] ਪਿਆਰ ਹੈ ਜੋ ਉਛਲ ਵਿਚ ਆਉਂਦਾ ਹੈ, ਤੇਰਾ ਹੀ ਪਿਆਰ ਹੈ ਜੋ ਰੂਹਾਂ ਨੂੰ ਬੋਸੇ ਦਿੰਦਾ ਤੇ ਮੱਥੇ ਚੁੰਮਦਾ ਹੈ। ਹਾਂ ਜੀ, ਮਰ ਰਹੇ ਰਿਖੀ ਦੇ ਅੰਦਰ, ਸੋਤ੍ਰ ਸੁਕਾ ਚੁਕੀ ਦੇਹੀ ਦੇ ਅੰਦਰ ਕੋਈ ਪਿਆਰ ਦਾ ਉਛਾਲਾ ਆਇਆ, ਸਾਰੀ ਉਮਰ ਤਤਿੱਖਜਾ ਵਿਚ ਰਹੇ, ਕੁਦਰਤ ਨਾਲ ਰੁੱਸੇ ਰਿਖੀ ਦੇ ਅੰਦਰ ਪਿਆਰ ਦੀ ਸਰਨਾਇ[2] ਫੂਕੀ ਗਈ ਦਾ ਉਛਾਲਾ ਆਇਆ, ਮ੍ਰਿਦੁਲ ਮੂਰਤੀ ਦਾ ਖੱਬਾ ਹੱਥ, ਜੋ ਉਨ੍ਹਾਂ ਦੇ ਆਪਣੇ ਗੋਡੇ ਤੇ ਪਿਆ ਸੀ, ਉਸਨੇ ਅਪਣੇ ਹੁਣ ਗਰਮ ਹੋ ਗਏ ਹਥ ਨਾਲ ਫੜ ਲਿਆ, ਹਾਂ ਜੀ, ਚੁੰਮ ਲਿਆ ਅੱਖਾਂ ਤੇ ਧਰ ਲਿਆ, ਫੇਰ ਮੱਥੇ ਤੇ ਰੱਖ ਲਿਆ ਫੇਰ ਛਾਤੀ ਤੇ ਧਰ ਕੇ ਜਿੰਨਾਂ ਕੁ ਤਾਣ ਹੱਥਾਂ ਵਿਚ ਹੋ ਆਇਆ ਸੀ, ਲਾ ਕੇ ਹੱਥ ਨੂੰ ਆਪਣੇ ਹੱਥਾਂ ਨਾਲ ਛਾਤੀ ਤੇ ਰੱਖ ਕੇ ਘੁੱਟ ਲਿਆ।

ਓ ਪਿਆਰ-ਦੈਵੀ ਪਿਆਰ-ਵਿਚ ਆਏ ਰਿਖੀ !

1. ਅਮਿਤਾ। 2. ਇਕ ਪ੍ਰਕਾਰ ਦੀ ਤੁਰੀ, ਵਾ, ਸਰਨਾ = ਨਫੀਰੀ।

ਤੇਰਾ ਤਾਂ ਪਿੰਜਰ ਬਾਕੀ ਹੈ, ਮ੍ਰਿਦੁਲ ਹੱਥਾਂ ਨੂੰ ਕੁਰਾੜੇ ਹੱਡਾਂ ਨਾਲ ਕਿਉਂ ਘੁਟਦਾ ਹੈਂ ? ਪਰ ਨਹੀਂ, ਉਸ ਮ੍ਰਿਦੁਲ ਮੂਰਤੀ ਨੂੰ ਇਸ ਵਲਵਲੇ ਦਾ, ਜੋ ਉਸ ਨੇ ਬੁਝ ਰਹੇ ਦੀਵੇ ਵਿਚ ਜਗਾ ਦਿੱਤਾ ਹੈ, ਸੁਆਦ ਆ ਰਿਹਾ ਹੈ। ਆਪ ਪਿਆਰ ਝਰਨਾਟਾਂ ਛੇੜਦਾ ਹੈ, ਆਪ ਉਨ੍ਹਾਂ ਦਾ ਲੋਭੀ ਹੋ ਕੇ ਆਨੰਦ ਵਿਚ ਆਉਂਦਾ ਤੇ ਹੋਰ ਮਿਹਰਾਂ ਕਰਦਾ ਹੈ। ਧੰਨ ਹੈ ਇਹ ਸਰੂਪ, ਇਹ ਦਿਆਲ ਸਰੂਪ, ਇਹ ਬਹੁੜੀਆਂ ਕਰਨ ਵਾਲਾ ਸਰੂਪ, ਇਹ ਤ੍ਰੁੱਠਣ ਵਾਲਾ ਦੀਨਾਂ ਦਾ ਬੇਲੀ, ਦਰਦ ਰੰਞਾਣਿਆਂ ਦਾ ਦਾਤਾ ਦੁਖੀਆਂ ਦਾ ਮਿਤ੍ਰ ਸਰੂਪ ਧੰਨ ਹੈ ਧੰਨ ਹੈ, ਧੰਨ ਹੈ: ਸਦਾ ਟਿਕੇ ਰਹੋ, ਸਦਾ ਟਿਕੇ ਰਹੋ ਪਿਆਰ ਕਰਨ ਵਾਲਿਆਂ ਦੇ ਰਿਦੇ ਵਿਚ।

ਰਿਖੀ ਜੀ ਨੂੰ ਸੁਆਦ ਆ ਗਿਆ। ਹੋਸ਼ ਪਰਤ ਆਈ। ਤਾਕਤ ਮੁੜ ਆਈ। ਹਾਂ, ਰਸ ਆ ਗਿਆ ਜੋ ਸਾਰੀ ਉਮਰ ਦੇ ਤਪਾਂ ਹਠਾਂ ਵਿਚ ਕਦੇ ਨਹੀਂ ਸੀ ਆਇਆ, ਵਿਦਿਆ ਪੜ੍ਹਨ ਪੜ੍ਹਾਨ ਵਿਚ ਨਹੀਂ ਸੀ ਚੱਖਿਆ, ਉਹ ਗੋਡਿਆਂ ਤਕ ਅੱਪੜਨ ਵਾਲਾ ਹੱਥ ਇਕ ਰਿਖੀ ਦੇ ਸੀਸ ਤੇ ਧਰਿਆ ਤਾਲੂ ਵਾਲੇ ਥਾਂ ਪਿਆਰ ਕਰ ਰਿਹਾ ਹੈ, ਇਕ ਛਾਤੀ ਤੇ ਧਰਿਆ ਰਿਖੀ ਦੇ ਪਿਆਰ ਨਾਲ ਪਿਆਰਿਆ ਜਾ ਰਿਹਾ ਤੇ 'ਪਿਆਰ-ਰੂਹ' ਫੂਕ ਰਿਹਾ ਹੈ। ਵਾਹਵਾ ਪਿਆਰ ਦਾ ਨਜ਼ਾਰਾ, ਵਾਹਵਾ ਭਗਤੀ ਦਾ ਨਕਸ਼ਾ ! ਇਸ ਦਾ ਰਸ ਸਾਰੇ ਲੈ ਰਹੇ ਹਨ ਪਰ ਚਾਂਦੋ ਜੇਡੀ ਖੁਸ਼ੀ ਕਿਸੇ ਨੂੰ ਨਹੀਂ ਕਿ ਆਹ ਹਾ ! ਓਹ ਗੋਡਿਆਂ ਤੋਂ ਲੰਮੇ ਹੱਥ ਦੋਵੇਂ ਦੇ ਦੋਵੇਂ ਰਿਖੀ ਜੀ ਦੇ ਸਿਰ ਛਾਤੀ ਤੇ ਪਿਆਰ ਦੇ ਰਹੇ ਹਨ, ਦੋਵੇਂ ਹੱਥ ਰਿਖੀ ਜੀ ਦੇ ਕੋਲ ਹਨ। ਰਿਖੀ ਜੀ ਨੇ ਵੇਖ ਵੀ ਲਿਆ ਹੈ, ਜੀਉ ਬੀ ਪਏ ਹਨ। ਦੋ ਚਾਰ ਵਾਰ ਉਸ ਦਾ ਜੀ ਕਾਹਲਾ ਹੋ ਕੇ ਉਛਲਿਆ ਹੈ ਕਿ ਮੈਂ ਏਹਨਾਂ ਨੂੰ ਚੁੰਮ ਲਵਾਂ, ਪਰ ਫੇਰ ਰੁਕ ਜਾਂਦਾ ਰਿਹਾ ਹੈ ਕਿ ਇਹ ਹੱਥ ਰਿਖੀ ਜੀ ਵਿਚ ਜਿੰਦੜੀ ਪਾ ਰਹੇ ਹਨ, ਪਾ ਲੈਣ, ਮੈਂ ਕਾਹਲ ਨਾ ਕਰਾਂ, ਪਰ ਇਸ ਆਪਣੀ ਕਾਹਲ ਨੂੰ ਰੋਕਦਾ ਚਾਂਦੋ ਥੱਰਰ ਥੱਰਰ ਇਕ ਝਰਨਾਟ ਵਿਚ ਕੰਬਣ ਲੱਗ ਜਾਂਦਾ ਹੈ।

ਹੁਣ ਰਿਖੀ ਜੀ ਦੇ ਮੂੰਹ ਤੋਂ ਨਿਕਲਿਆ 'ਸ਼ੁਕਰ', ਅੱਖਾਂ ਫੇਰ ਉਚਿਆ ਕੇ ਤੱਕਿਆ, ਜੋ ਰੂਪ ਉਸ ਨੇ ਡਿੱਠਾ ਉਸਦੀ ਤਾਬ ਨਾ ਲਿਆ ਕੇ ਮੀਟ ਲਈਆਂ ਪਰ ਮੂੰਹ ਨੇ ਫੇਰ ਆਖਿਆ: ਸ਼ੁਕਰ ! ਸ਼ੁਕਰ !! ਸ਼ੁਕਰ!!!" ਮ੍ਰਿਦੁਲ ਮੂਰਤੀ ਨੇ ਆਵਾਜ਼ ਦਿੱਤੀ- ਨਿਹਾਲ ! ਨਿਹਾਲ ! ਨਿਹਾਲ ! ਕਹੁ 'ਵਾਹਿਗੁਰੂ' !

ਬੇਬਸ ਹੋਏ ਸੁਆਦ, ਅਰ ਇਸ ਇਲਾਹੀ ਦਰਸ਼ਨ ਦੇ ਸਰੂਪ ਵਿਚ ਪੰਜ ਸਿਖ ਜੋ ਨਾਲ ਸੇ ਮਧੁਰਿ ਧੁਨਿ ਵਿਚ ਗਾਉਂ ਉਠੇ :-

ਮਿਰਤਕ ਕਉ ਜੀਵਾਲਹਾਰ।। ਭੂਖੇ ਕਉ ਦੇਵਤ ਅਧਾਰ।। ਸਰਬ ਨਿਧਾਨ ਜਾਕੀ ਦ੍ਰਿਸ਼ਟੀ ਮਾਹਿ।। ਪੁਰਬ ਲਿਖੇ ਕਾ ਲਹਣਾ ਪਾਹਿ।। ਸਭੁ ਕਿਛੁ ਤਿਸ ਕਾ ਓਹ ਕਰਨੈ ਜੋਗੁ।। ਤਿਸੁ ਬਿਨੁ ਦੂਸਰ ਹੋਆ ਨ ਹੋਗੁ।। ਜਪਿ ਜਨ ਸਦਾ ਸਦਾ ਦਿਨੁ ਰੈਣੀ।। ਸਭ ਤੇ ਊਚ ਨਿਰਮਲ ਇਹ ਕਰਣੀ। ਕਰਿ ਕਿਰਪਾ ਜਿਸ ਕਉ ਨਾਮੁ ਦੀਆ।। ਨਾਨਕ ਸੋ ਜਨੁ ਨਿਰਮਲੁ ਥੀਆ।।੭।।

(ਸੁਖਮਨੀ ਅ:-੧੫)

ਰਿਖੀ ਜੀ ਦੇ ਲੂੰ ਲੂੰ ਵਿਚ ਵਾਹਿਗੁਰੂ ਦੀ ਧੁਨਿ ਟੰਕਾਰ ਦੇ ਰਹੀ ਹੈ, ਰਸ ਤੇ ਖਿੱਚ, ਸੁਆਦ ਤੇ ਉਮਾਹ ਉਛਾਲੇ ਮਾਰਦਾ ਹੈ, ਇਕ ਉਚਿਆਈ ਦਾ ਰੌ ਰੁਮਕਦਾ ਹੈ, ਆਖਦਾ ਹੈ: "ਸੱਚੀਂ ਆ ਗਿਆ, ਇਹ ਅਵਤਾਰ ਠੀਕ ਗੁਰ-ਅਵਤਾਰ ਹੈ, ਝਾਂਵਲਾ ਨਹੀਂ ਸੀ ਸੱਚ ਸੀ, ਅਹੋ ਮੰਗਤੇ ! ਤੂੰ ਧੰਨ ਹੋ ਗਿਆ। ਵਾਹਿਗੁਰੂ।" ਹਾਂ ਜੀ ਹੁਣ ਬ੍ਰਾਹਮਣ ਨੂੰ ਸੋਚ ਵਾਲੀ ਹੋਸ਼ ਫੁਰੀ ਕਿ ਮੇਰੀ ਕੁਟੀਆ ਵਿਚ ਅਵਤਾਰ ਆਵੇ ਤੇ ਮੈਂ ਪ੍ਰਣਾਮ ਬੀ ਨਾ ਕਰਾਂ ? ਹੰਮਲਾ ਮਾਰਕੇ ਉਠਿਆ ਪਰ ਮ੍ਰਿਦੁਲ ਮੂਰਤੀ ਨੇ ਰੋਕ ਲਿਆ; ਥੰਮ੍ਹ ਲਿਆ, ਜੱਫੀ ਵਿਚ ਲੈ ਕੇ ਗਲੇ ਲਾ ਲਿਆ ਤੇ ਕਿਹਾ; "ਅਜੇ ਠਹਿਰੋ, ਤਾਕਤ ਫਿਰ ਲੈਣ ਦਿਓ, ਸਮਾਏ ਰਹੋ, ਪਿਆਰ ਵਿਚ ਸਮਾਏ ਰਹੋ।"

ਰਿਖੀ ਜੀ ਦੇ ਅੰਦਰਲੇ ਉਮਾਹ ਤੇ ਉਛਾਲੇ ਰਸ ਤੇ ਆਨੰਦ, ਸਿਮਰਨ ਦੀ ਰੌ ਤੇ ਰੰਗ, ਇਕ-ਅੰਦਹੇ ਆਪੇ ਵਿਚ ਆਪੇ-ਗੁੰਮ ਜੇਹੀ ਹਾਲਤੇ ਪੈ ਗਏ। ਆਪ ਬੇਹੋਸ਼ ਨਹੀਂ ਹੋ ਗਏ, ਡੋਬ ਨਹੀਂ ਪੈ ਗਈ, ਪਰ ਇਕ ਗੁੰਮਤਾ, ਇਕ-ਲੀਨਤਾ, ਆਪੇ ਵਿਚ ਸਮਾਈ ਜਿਹੀ ਆਈ। ਕੁਛ ਕਾਲ ਮਗਰੋਂ ਫੇਰ ਆਪ ਨੂੰ ਮਾਨੋ ਹੋਸ਼ ਆਈ। ਹੁਣ ਕੀ ਰੰਗ ਸੀ ? ਇਹ ਕਿ ਮੈਂ ਕਿਸੇ ਡਾਢੇ ਸੁਹਣੇ ਸੁਆਦ ਵਿਚ ਡੁਬ ਗਿਆ ਸਾਂ ਜਿਸ ਵਿਚ ਡੁਬਿਆਂ ਪਤਾ ਨਹੀਂ ਰਿਹਾ ਕਿ ਉਹ ਕੀਹ ਸੀ। ਕੀਹ ਨਾਮ ਧਰਾਂ ? ਪਰ ਹੁਣ ਪਤਾ ਲੱਗਦਾ ਹੈ ਕਿ ਉਹ

ਸਦਾ ਰਹਿੰਦਾ, ਮੈਂ ਉਸ ਤੋਂ ਪਰਤਦਾ ਨਾ। ਇਹ ਜੋ ਨ ਪਰਤਣ ਦੀ ਇੱਛਾ ਹੈ ਦੱਸਦੀ ਹੈ ਕਿ ਉਹ ਪਰਮਾਨੰਦ ਸੀ, ਉਹ ਦ੍ਵੰਦਾਤੀਤ ਰਸ ਸੀ, ਉਹ ਹਾਂ, ਉਹ ਸੀ ਜਿਥੇ ਬਸ ਵਾਹ ਵਾਹ, ਵਾਹ ਵਾਹ ਵਾਹ ਵਾਹ ਤੂੰ ਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਵਾਹ ਵਾਹ!

ਇਸ ਵੇਲੇ ਉਸ ਮਿਹਰਾਂ ਦੇ ਸਾਂਈਂ ਦੇ ਇਲਾਹੀ ਗਲੇ ਤੋਂ ਦੈਵੀ ਨਾਦ ਹੋਇਆ, ਜਿਸ ਨਾਲ ਸਾਰਾ ਥਾਂ ਗੂੰਜ ਉਠਿਆ:--

ਏਕ ਚਿਤ ਜਿਹ ਇਕ ਛਿਨ ਧਿਆਇਓ।।
ਕਾਲ ਫਾਸ ਕੇ ਬੀਚ ਨ ਆਇਓ।।

ਇਹ ਸੁਣ ਰਿਖੀ ਹੁਣ ਮੂਧਾ ਹੋ ਚਰਨਾਂ ਤੇ ਢਹਿ ਹੀ ਪਿਆ, ਦਾਤੇ ਨੇ, ਹਾਂ ਜੀ ਕਲਗੀਆਂ ਵਾਲੇ ਪਿਆਰੇ ਦਾਤੇ ਨੇ ਮੱਥਾ ਆਪਣੇ ਹੱਥ ਤੇ ਲੈ ਕੇ ਦੂਏ ਨਾਲ ਸਿਰ ਤੇ ਪਿਆਰ ਦਿੱਤਾ ਤੇ ਕਿਹਾ:-- 'ਰਿਖੀ ਜੀ ! ਜਾਗੋ, ਜੀਵੋ, ਜੀਵਨ ਮੁਕਤੀ ਦਾ ਰਸ ਲਓ।";

ਵਾਹ ਦਾਤੇ ! ਤੇਰੀ ਮਿਹਰ ! ਇਸ ਵੇਲੇ ਰਾਜੇ ਦਾ ਡੇਰਾ ਬੀ ਆ ਪਹੁੰਚਾ ਹੈ ਸੀ, ਰਸੋਈਏ ਪਾਸ ਇਕ ਡੱਬੀ ਸੀ, ਜਿਸ ਵਿਚ ਅੰਬਰ, ਕੇਸਰ ਤੇ ਕਸਤੂਰੀ ਰਲਾ ਕੇ ਰਖੇ ਰਹਿੰਦੇ ਸਨ। ਰਾਜੇ ਨੇ ਬੇਨਤੀ ਕੀਤੀ ਕਿ ਇਕ ਰੱਤੀ ਇਹ ਦੇ ਦੇਈਏ ਜੋ ਬਲ ਭਰ ਆਵੇ।

'ਗੁਰ ਅਵਤਾਰ' ਜੀ, 'ਮ੍ਰਿਦੁਲ--ਮੂਰਤੀ' ਜੀ 'ਮਿਰਤਕ ਕਉ ਜੀਵਾਲਨ ਹਾਰ' ਜੀ ਬੋਲੇ:--

"ਸੁਰਤ ਮੋੜਾ ਖਾ ਆਈ ਹੈ ਕਸ਼ਟਾਂ ਹੇਠੋਂ ਨਿਕਲਕੇ ਖਿੜ ਕੇ ਗਰਮ ਹੋ ਰਹੀ ਹੈ। ਗਰਮ ਸ਼ੈ ਦੀ ਬਹੁਤ ਲੋੜ ਨਹੀਂ, ਦੁੱਧ ਦਾ ਘੁੱਟ ਦਿਓ, ਪਿਆਰ ਦੀ ਨਿੱਘ ਵਿਚ ਹੈ"। ਦੁੱਧ ਦਾ ਨਾਮ ਸੁਣਕੇ ਚਾਂਦੋ ਨੂੰ ਚੰਦ ਚੜ੍ਹ ਗਿਆ, ਉਹ ਕਿੰਨੇ ਚਿਰ ਦਾ ਹੱਥਾਂ ਨੂੰ ਦੇਖ ਰਿਹਾ ਸੀ ਕਿ ਜਦੋਂ ਵੀ ਵਿਹਲੇ ਹੋਏ ਮੈਂ ਚੁੰਮ ਲੈਣੇ ਹਨ, ਪਰ 'ਰਿਖੀ ਜੀ ਲਈ ਦੁੱਧ' ਇਹ ਆਵਾਜ਼ ਉਸਦੀ ਸਾਰੀ ਸੁਧ ਨੂੰ ਇਕ ਉਛਾਲਾ ਦੇ ਬੁੜ੍ਹਕਾਕੇ ਲੈ ਗਈ, ਪਲੋ ਪਲੀ ਵਿਚ ਕਾਲੀ ਗਾਂ ਦਾ ਦੁੱਧ ਚੋ ਕੇ ਲੈ ਆਇਆ। ਇਹ ਕੌਲ ਵਿਚ ਪਾ ਕੇ ਅਗੇ ਕੀਤਾ, ਉਸ 'ਆਜਾਨ-ਬਾਹੁ (ਗੋਡਿਆਂ ਤਕ ਲੰਮੇ ਹੱਥਾਂ ਵਾਲੇ) ਪਿਆਰ ਸਰੂਪ ਨੇ ਕੌਲ ਆਪ ਰਿਖੀ ਦੇ ਮੂੰਹ ਨਾਲ ਲਾ ਕੇ ਕਿਹਾ, 'ਪੀਓ ਮੇਰੇ ਰਬ ਦੇ ਪਿਆਰੇ!' ਰਿਖੀ ਨੇ, ਸੌ ਬਰਸ ਦੇ ਬੁੱਢੇ ਨੇ, ਕੁਮਾਰ ਅਵਸਥਾ ਦੇ ਜਵਾਨ, ਪਰ ਮਾਂ ਤੋਂ ਬੀ ਵਧੇਰੇ ਪਿਆਰੇ ਹੱਥਾਂ ਤੋਂ ਦੁੱਧ ਪੀਣਾ ਸ਼ੁਰੂ ਕੀਤਾ। ਇਕ ਇਕ ਘੁੱਟ ਅੰਮ੍ਰਿਤ ਦਾ ਘੁੱਟ ਸੀ, ਇਕ ਇਕ ਘੁਟ ਰਸ ਦਾ ਘੁਟ ਸੀ, ਜੋ ਸਹਿਜੇ ਸੰਘੋਂ ਹੇਠ ਉਤਰਦਾ ਇਕ ਜੀਵਨ ਬੂਟੀ ਵਾਂਙੂ ਟੁਰੀ ਗਿਆ। ਨਿੱਘਾ ਨਿੱਘਾ ਸਜਰਾ, ਪਿਆਰੇ ਚਾਂਦੋ ਦਾ ਚੋਇਆ ਦੁੱਧ, ਰੱਬੀ ਰੌ ਵਾਲੇ ਹੱਥਾਂ ਦਾ ਪਿਆਰਾ ਦੁਧ ਰਿਖੀ ਦੇ ਸਰੀਰ ਵਿਚ ਜਾਨ ਪਾ ਗਿਆ। ਦੁਧ ਪੀ ਕੇ ਕੁਛ ਚਿਰ ਮਗਰੋਂ ਰਿਖੀ ਉਠ ਕੇ ਬੈਠ ਗਿਆ। ਸ਼ੁਕਰ ਸ਼ੁਕਰ, ਸ਼ੁਕਰ, ਅਰਦਾਸ ਪਿਆਰ ਤੇ ਖਿਚ ਨਾਲ ਗਿੱਚੀ ਨਿਵ ਨਿਵ ਜਾਂਦੀ ਹੈ ਤੇ ਸੁਆਦ ਤੇ ਸੁਆਦ ਆ ਰਿਹਾ ਹੈ: ਰਾਜਾ ਜੀ ਨੇ ਤਕੀਆ ਮੰਗਵਾਕੇ ਢੋ ਲੁਆ ਦਿੱਤਾ। ਕਲਗੀਧਰ ਮਹਾਰਾਜ ਜੀ ਹੁਣ ਤਖਤ ਪੋਸ਼ ਤੋਂ ਉੱਠ ਬੈਠੇ, ਤਾਂ ਚਾਂਦੋ ਵਲ ਤੱਕ ਕੇ ਬੋਲੇ: "ਬੇਟਾ ! ਸਾਨੂੰ ਬੀ ਦੁਧ ਪਿਲਾਓ, ਅਸੀਂ ਓਸ ਰਿਖੀ ਜੀ ਦੇ ਘਰ ਪ੍ਰਾਹੁਣੇ ਆਏ ਹਾਂ। ਓਹ ਨਿਰਬਲ ਹਨ ਤੂੰ ਉਨ੍ਹਾਂ ਦੀ ਥਾਂ ਸਾਡੀ ਖ਼ਾਤਰਦਾਰੀ ਕਰ, ਲਿਆ ਮੇਰੇ ਬੇਟਾ ! ਦੁੱਧ"।

ਚਾਂਦੋ ਤਾਂ ਕਿਸੇ ਹੋਰ ਤਾਂਘ ਵਿਚ ਖੜਾ ਸੀ, ਉਸ ਦੀ ਤੱਕ ਹੱਥਾਂ ਤੇ ਬੱਝੀ ਖੜੀ ਸੀ। ਆਗਜਾ ਸੁਣ ਲਈ ਸੀ ਤੇ ਖੁਸ਼ ਬੀ ਹੋਇਆ ਸੀ 'ਦੁਧ ਬੀ ਲਿਆਉਨਾ ਹਾਂ' ਖਿਆਲ ਸੀ ਪਰ ਪਹਿਲੇ--ਬੱਧੀ ਮਨ ਦੀ ਸੇਧ ਨਾ ਹਿੱਲੀ, ਤ੍ਰਬ੍ਹਕ ਕੇ ਸਜੇ ਹੱਥ ਨੂੰ ਜਾ ਪਿਆ, ਜਿਕੂੰ ਕੋਈ ਜਾਂਗਲੀ ਪਸ਼ੂ ਉੱਛਲ ਕੇ ਪੈਂਦਾ ਹੈ। ਦੂਹਾਂ ਹੱਥਾਂ ਵਿਚ ਹੱਥ ਲੈ ਕੇ ਚੁੰਮ ਲਿਆ, ਕਿੰਨੀ ਵਾਰ ਚੁੰਮ ਲਿਆ। ਚਾਂਦੋ ਦੇ ਗੋਡੇ ਟਿਕ ਰਹੇ ਹਨ ਜ਼ਿਮੀ ਤੇ, ਗਰਦਨ ਚੁਕ ਕੇ ਉੱਪਰ ਵਲ ਹੋ ਅੱਖਾਂ ਤਕਦੀਆਂ ਹਨ। ਕਿਸੇ ਸੱਧਰ, ਕਿਸੇ ਸਿੱਕ, ਕਿਸੇ ਨਾ ਰੁਕਵੇਂ ਸਿਫਤ ਸਲਾਹ ਦੇ ਭਾਵਾਂ ਨਾਲ ਝੱਲਾ ਹੋ ਹੋ ਫੇਰ ਚੁੰਮਦਾ ਹੈ ਫੇਰ ਉਸੇ ਸਿਫਤ ਸਲਾਹ, ਉਸੇ ਕੀਰਤਨ ਦੇ ਰਸ ਪਿਆਰ ਉਛਾਲੇ ਵਿਚ ਅੱਖਾਂ ਉਚਿਆ ਕੇ ਤੱਕਦਾ ਹੈ।

ਮਿਹਰਾਂ ਦੇ ਸਾਂਈਂ ਨੇ ਬੀ ਆਪਣੀ ਨਜ਼ਰ ਉਸਦੀ ਨਜ਼ਰ ਵਿਚ ਗੱਡ ਰਖੀ ਹੈ, ਚਾਂਦੋ ਨਹੀਂ ਸਮਝਦਾ ਕਿ ਉਸ ਦੇ ਅੰਦਰ ਕੀ ਹੈ ਤੇ ਉਹ ਕੀ ਚਾਹ ਰਿਹਾ ਹੈ, ਪਰ ਦਾਤਾ ਸਮਝ ਰਿਹਾ ਹੈ ਕਿ ਇਸ ਭੋਲੇ ਦੀ ਰੂਹ ਅਪਣੀ ਚੁਪ ਵਿਚ ਕੀਹ ਮੰਗ ਰਹੀ ਹੈ ਤੇ ਉਸ ਚੁਪ ਬੋਲੀ ਵਿਚ ਦਾਤਾ ਦੇ ਰਿਹਾ ਹੈ। ਕਮਲਾ ਹੋਇਆ

ਚਾਂਦੋ ਓਹ 'ਆਜਾਨ ਬਾਹੁ' ਹੱਥ ਚੁੰਮਦਾ ਤੇ ਫੇਰ ਅੱਖਾਂ ਵਲ ਤੱਕਦਾ ਹੈ ਤੇ ਵਧੀਕ ਤੋਂ ਵਧੀਕ ਸਿਫਤ ਸਲਾਹ ਵਿਚ ਭਰਦਾ ਹੈ ਤੇ ਪਜਾਰੇ ਹੱਥਾਂ ਨੂੰ ਨਹੀਂ ਛੱਡਦਾ।

ਇਸ ਦੀਨਾਂ ਬੰਧੂ ਮੂਰਤੀ ਦੇ ਦਰਸ਼ਨ ਕਰਨੇ। ਹਾਂ, ਇਸ ਪਿਆਰ ਮੂਰਤੀ ਦੇ ਦਰਸ਼ਨ ਕਰਨੇ, ਨਿਕਾਰੇ, ਗ੍ਰੀਬ, ਕੰਗਲੇ, ਗੁਆਲੇ ਦੇ ਪੁਤ, ਸਿਧੇ ਸਾਦੇ ਨੀਮ ਝੱਲੇ, ਪਰ ਕਿਸੇ ਸਿਫਤ ਸਲਾਹ ਦੇ ਰੰਗ ਵਿਚ ਆ ਗਏ ਗ੍ਰੀਬ ਤੇ ਕਿਸ ਤਰ੍ਹਾਂ ਤ੍ਰੁੱਠ ਰਹੇ ਹਨ ? ਜੋ ਹਰਫ ਉਨ੍ਹਾਂ ਰੱਬੀ ਨਿਗਾਹਾਂ ਨੇ ਪਾਏ, ਸ਼ਬਦ ਜੋ ਉਨ੍ਹਾਂ ਇਲਾਹੀ ਜੋਤਿ ਵਾਲੀਆਂ ਅੱਖੀਆਂ ਨੇ ਪੜ੍ਹਾਏ, ਚਾਂਦੋ ਦੀ ਸਾਦਾ ਦਿਲ-ਤਖਤੀ, ਚਾਂਦੋ ਦੀ ਸੁੱਚੀ ਨਿਕੋਰ ਅਛੋਹ ਆਤਮਾ ਪੜ੍ਹ ਗਈ, ਉਸ ਦੇ ਅੰਦਰ ਕੋਈ ਝਰਨਾਟ ਆਈ, ਕੋਈ ਰਸ ਭਰ ਗਿਆ, ਲੂੰਆਂ ਵਿਚ ਗੁਦਗੁਦੀ ਹੋਈ, ਕੋਈ ਜੀਭ ਨੂੰ ਫਰੱਕਾ ਵੱਜਾ, ਬੁੱਲ੍ਹ ਫਰਕ ਪਏ:- ਵਾਹ ! ਵਾਹ ! ਵਾਹ ! ਦੀ ਧੁਨੀ ਉੱਠੀ, ਚਾਂਦੋ ਦੇ ਨੈਣ ਬੰਦ ਹੋ ਗਏ, ਸਿਰ ਅਡੋਲ ਖਲੋ ਗਿਆ, ਹੱਥ ਸੁਹਣੇ ਹੱਥਾਂ ਨੂੰ ਚੰਮੜੇ ਰਹੇ।

'ਵਾਹ ਵਾਹ' ਦੀ ਧੁਨਿ ਗੂੰਜ ਰਹੀ ਹੈ। ਰਾਜਾ, ਵਜ਼ੀਰ, ਪੰਜੇ ਸਿੱਖ ਜੋ ਨਾਲ ਆਏ ਸਨ, ਕੌਤਕ ਵੇਖ ਰਹੇ ਹਨ, ਚਾਂਦੋ ਕਹਿ ਰਿਹਾ ਹੈ 'ਵਾਹ ! ਵਾਹ ! ਵਾਹ !'

ਚਾਂਦੋ ਚੁੱਪ ਹੋ ਗਿਆ, ਫੇਰ ਬੁੱਲ੍ਹ ਫਰਕੇ:-

'ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !'

ਹੁਣ ਦਾਤੇ ਨੇ ਸਿਰ ਹੱਥ ਫੇਰਿਆ, ਉੱਚਾ ਕੀਤਾ, ਛਾਤੀ ਨਾਲ ਲਾਯਾ। ਆਖਿਆ 'ਨਿਹਾਲ ਮੇਰੇ ਚਾਂਦੋ ਰਾਇ !' ਇਸ ਵੇਲੇ ਸਾਰੇ ਅਦਬ ਨਾਲ ਖੜੇ ਸਨ। ਬੇਵਸੇ ਸਿੱਖਾਂ ਦੇ ਦਿਲ ਜੁੜ ਗਏ ਤੇ ਪਿਆਰੀ ਮਿੱਠੀ ਸੁਰ ਵਿਚ ਇਹ ਸ਼ਬਦ ਗਾਵਿਆਂ:--

ਮੋਹਿ ਨਿਰਗੁਨ ਸਭ ਗੁਣਹ ਬਿਹੂਨਾ॥ ਦਇਆ ਧਾਰਿ ਅਪੁਨਾ ਕਰਿ ਲੀਨਾ॥੧॥ ਮੇਰਾ ਮਨੁ ਤਨੁ ਹਰਿ ਗੋਪਾਲਿ ਸੁਹਾਇਆ॥ ਕਰਿ ਕਿਰਪਾ ਪ੍ਰਭੁ ਘਰਿ ਮਹਿ ਆਇਆ॥੧॥ ਰਹਾਉ॥ ਭਗਤ ਵਛਲ ਭੈ ਕਾਟਨਹਾਰੇ॥ ਸੰਸਾਰ ਸਾਗਰ ਅਬ ਉਤਰੇ ਪਾਰੇ॥੨॥ ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ॥ ਪਾਰਬ੍ਰਹਮੁ ਸੋ ਨੈਨਹੁ ਪੇਖਿਆ॥੩॥ ਸਾਧ ਸੰਗਿ ਪ੍ਰਗਟੇ ਨਾਰਾਇਣ॥ ਨਾਨਕ ਦਾਸ ਸਭਿ ਦੂਖ ਪਲਾਇਣ॥੪॥੯॥੧੪॥

(ਬਿ:ਮ: ੫)

ਹੁਣ ਚਾਂਦੋ ਰਾਇ ਦੇ ਨੈਣ ਖੁੱਲ੍ਹੇ, ਹੱਥ ਜੁੜੇ, ਅਦਬ ਨਾਲ ਖੜਾ ਹੈ ਤੇ ਦਾਤਾ ਕਹਿ ਰਿਹਾ ਹੈ: "ਬੇਟਾ! ਦੁੱਧ ਪਿਲਾਓ।"

ਮਟਕਾ ਲੈ ਕੇ ਕਿਸੇ ਰਸ ਰੰਗ ਦੇ ਵਿਚ ਝੂੰਮਦਾ ਤੇ ਲਹਿਰਾਉਂਦਾ, ਕਦੇ ਅੰਦਰੋਂ ਉਛਲਦਾ, ਕਦੇ ਰਸ ਰੰਗ ਭਰਿਆ ਨੈਣ ਭਰ ਲਿਆਉਂਦਾ ਆਪਣੀ ਲਾਡੋ ਗਾਂ ਪਾਸ ਗਿਆ, ਤ੍ਰੈ ਗਾਈਆਂ ਦਾ ਦੁੱਧ ਚੋਇਆ, ਲਿਆ ਕੇ ਅਗੇ ਧਰਿਆ। ਸ੍ਰਿਸਟੀ ਦੇ ਅੰਨ ਦਾਤਾ ਨੇ, ਸਵੇਰ ਤੋਂ ਭੁਖੇ ਰਹੇ ਤ੍ਰਿਪਤਾਵਨਹਾਰ ਨੇ ਦੁੱਧ ਲਿਆ, ਕਟੋਰੇ ਭਰੇ, ਸਿਖਾਂ ਨੂੰ, ਰਾਜੇ ਨੂੰ, ਵਜ਼ੀਰ ਨੂੰ ਸਭ ਨੂੰ ਵੰਡਿਆ, ਆਪ ਛਕਿਆ, ਚਾਂਦੋ ਰਾਇ ਨੂੰ ਛਕਾਇਆ, ਰਿਖੀ ਜੀ ਨੂੰ ਦੋ ਘੁਟ ਫੇਰ ਦਿੱਤਾ।

ਹੁਣ ਸੂਰਜ ਲਟਪਟਾ ਗਿਆ ਸੀ; ਰਿਖੀ ਹੁਣ ਵੱਲ ਹੋ ਰਿਹਾ ਸੀ। ਸੰਝਾਂ ਪੈ ਗਈ। ਰਾਤ ਰਾਜਾ ਨੇ ਤਾਂ ਆਪਣੇ ਤੰਬੂ ਵਿਚ ਗੁਜ਼ਾਰੀ, ਪਰ ਸੱਚੇ ਪਾਤਸ਼ਾਹ ਜੀ ਨੇ ਆਪਣੀ ਰਾਤ ਮ੍ਰਿਗਛਾਲਾ ਪਰ ਕੁਟੀਆ ਵਿਚ ਰਿਖੀ ਤੇ ਚਾਂਦੋ ਰਾਇ ਨਾਲ ਕੱਟੀ। ਦਿਨ ਹੋਏ ਤੇ ਲੱਥੀ ਹੋਈ ਜਮਨਾ ਦੇ ਨਿਰਮਲ ਨੀਰ ਵਿਚ ਨ੍ਹਾਤੇ, ਅਸ਼ੋਕ ਰਾਜੇ ਦੇ ਚਿਟਾਨ ਦਾ ਦਰਸ਼ਨ ਕੀਤਾ, ਨੇੜੇ ਤੇੜੇ ਬੋਧ ਮਠਾਂ ਦੇ ਨਿਸ਼ਾਨ ਢੱਠੇ, ਟੁੱਟੇ ਪੱਥਰ ਵੇਖੇ ਫੇਰ ਕੂਚ ਦੀ ਆਗਿਆ ਕੀਤੀ। ਰਿਖੀ ਜੀ ਨੂੰ, ਹੁਕਮ ਹੋਇਆ ਕਿ, "ਨਾਲ ਲੈ ਚੱਲਾਂਗੇ, ਅਸਾਂ ਪਾਂਵਟਾ ਰਚਿਆ ਹੈ, ਉੱਥੇ ਰਖਾਂਗੇ।"

ਰਿਖੀ—ਹੇ ਦਾਤਾ! ਆਗਿਆ ਵਿਚ ਰਸ ਹੈ, ਪਰ ਮੈਂ ਬੁੱਢਾ ਆਪਦੇ ਦੁਆਰੇ ਸੇਵਾ ਨਾ ਕਰਨ ਜੋਗਾ ਇਕ ਭਾਰ ਹੋਵਾਂਗਾ।

ਗੁਰੂ ਜੀ—ਪਰਸੋਂ ਸਾਡੀ ਵਰ੍ਹੇ ਗੰਢ ਹੈ। ਪੁਰਬ ਸਿਖਾਂ ਨੇ ਮਨਾਉਣਾ ਹੈ, ਸੰਗਤ ਸਾਨੂੰ ਕੋਈ ਸੁਗਾਤ ਦੇਵੇਗੀ, ਅਸੀਂ ਸਾਧ ਸੰਗਤ ਨੂੰ ਇਕ ਸੁਗਾਤ ਦਿਖਾਵਾਂਗੇ, ਅਰ ਉਹ ਸੁਗਾਤ ਤੂੰ ਹੋਵੇਂਗਾ। ਤੂੰ ਭਾਰ ਨਹੀਂ, ਤੂੰ ਸੁਗਾਤ ਹੋਵੇਂਗਾ, ਤੇਰਾ ਅੰਤ ਸਾਡੀਆਂ ਅੱਖਾਂ ਸਾਮ੍ਹਣੇ ਹੋਵੇਗਾ, ਤੇਰਾ ਅੰਤ ਸਾਡੇ ਹੱਥ ਸੁਆਰਨਗੇ, ਤੂੰ ਮਿਲਿਆ ਹੈਂ ਹੁਣ ਵਿਛੜੇਂਗਾ ਨਹੀਂ।

ਚਰਨਾਂ ਤੇ ਸਿਰ ਧਰਕੇ, ਸ਼ੁਕਰ ਸ਼ੁਕਰ, ਲੂੰ ਲੂੰ ਵਿਚ ਭਰਕੇ ਨਾਲ ਆਈ ਪੀਨਸ ਵਿਚ ਰਿਖੀ ਸਵਾਰ ਕੀਤਾ ਗਿਆ। ਕੁਟੀ ਨੂੰ ਵਿਦਾ ਦਿਤੀ ਗਈ ਤੇ ਪਾਂਵਟੇ ਨੂੰ ਕੂਚ ਬੋਲੀ।

ਚਾਂਦੋ ਤੇ ਸਤਿਗੁਰਾਂ ਦਾ 'ਚਾਂਦੋ ਰਾਇ' ਖੜਾ ਹੈ,

ਹੁਕਮ ਉਡੀਕਦਾ ਹੈ; ਮੁਸਕ੍ਰਾਕੇ ਦਾਤਾ ਜੀ ਨੇ ਕਿਹਾ: "ਚਾਂਦੋ ! ਤੂੰ ਇਥੇ ਹੀ ਰਹੁ, ਦੁੱਧ ਪੀਆ ਕਰ ਤੇ ਬੁੱਲੇ ਲੁੱਟਿਆ ਕਰ।" ਚਾਂਦੋ ਦੇ ਨੈਣ ਨੀਵੇਂ ਹੋ ਗਏ, ਛਮ ਛਮ ਵਗ ਪਏ; ਹੱਥ ਆਪੇ ਲਮਕ ਕੇ ਜੁੜ ਗਏ ਸਿਰ ਨਿਊਂ ਗਿਆ। ਉਸਦੀ ਭਾਵਨਾ ਜੋ ਜੀਭ ਦੇ ਰਸਤੇ ਨਿਕਲਨਾ ਨਹੀਂ ਜਾਣਦੀ ਸੀ, ਸਤਿਗੁਰੂ ਸਮਝਦੇ ਹਨ, ਫੇਰ ਬੋਲੇ 'ਚਾਂਦੋ ਬੇਟਾ ! ਕਹੁ ਤੂ ਕੀ ਚਾਹੁੰਦਾ ਹੈਂ ?'

ਚਾਂਦੋ ਨੂੰ ਅਚਾਨਕ ਪਹਿਲਾ ਜਾਂਗਲੀ ਉਛਾਲਾ ਆਇਆ, ਜਾ ਕੇ ਹੱਥਾਂ ਨੂੰ ਫੇਰ ਚੰਬੜ ਗਿਆ ਤੇ ਨਿੱਕੇ ਜਿਹੇ ਲਾਡਲੇ ਬਾਲ ਵਾਂਙੂ ਡਾਢੇ ਲਾਡ ਵਿਚ ਬੋਲਿਆ: "ਤੁਸੀਂ ਚਲੋ, ਮੈਂ ਗਾਂਈਆਂ ਲੈ ਕੇ ਮਗਰ ਮਗਰ ਆਉਂਦਾ ਹਾਂ, ਪਾਉਂਟੇ ਗਾਈਆਂ ਚਾਰਿਆ ਕਰਾਂਗਾ, ਦੋ ਵੇਲੇ ਦੁੱਧ ਚੋ ਕੇ ਆਪ ਜੀ ਨੂੰ ਪਿਲਾਇਆ ਕਰਾਂਗਾ, ਰਿਖੀ ਜੀ ਨੂੰ ਪਿਲਾਇਆ ਕਰਾਂਗਾ, ਤੇ ਏਹਨਾਂ ਹੱਥਾਂ ਨੂੰ ਵੇਖਿਆ ਕਰਾਂਗਾ। (ਮਹਾਰਾਜ ਦੇ ਹੱਥ ਹੱਥਾਂ ਵਿਚ ਨੱਪ ਕੇ ਚੁੰਮ ਕੇ) ਜੀ ਵੇਖਿਆ ਕਰਾਂਗਾ, ਕਿਉਂ ਜੀ...ਹੈਂ...ਜੀ ?"

ਸਤਿਗੁਰ ਹੱਸ ਪਏ ਤੇ ਕਹਿਣ ਲੱਗੇ 'ਸਤਿ ਬਚਨ ! ਦੁੱਧ ਤੇਰਾ ਹੀ ਪੀਆਂਗੇ।'

ਦੋ ਸਵਾਰ ਸਤਿਗੁਰ ਨੇ ਗਾਂਈਆਂ ਦੀ ਰਾਖੀ ਵਾਸਤੇ ਨਾਲ ਦਿੱਤੇ ਤੇ ਕਾਲਸੀ ਦੇ ਰਿਖੀ ਜੀ ਦੀ ਤੇ ਉਸ ਥਾਂਉਂ ਦੇ ਸ਼ਾਇਦ ਆਖਰੀ ਰਿਖੀ ਜੀ ਦੀ ਕੁਟੀਆ ਤੋਂ ਕੂਚ ਹੋ ਗਈ।

ਸਤਿਗੁਰੂ ਜੀ ਵਰ੍ਹੇ ਰੀਢ ਤੇ ਪਹੁੰਚਿਆ ਲੋਚਦੇ ਸਨ, ਬੇਅੰਤ ਸੰਗਤਾਂ ਆਈਆਂ ਸਨ, ਮਾਤਾ ਜੀ ਦੀ ਤਾਂਘ ਦਾ ਖਿਆਲ ਬੀ ਸੀ, ਪਰ ਰਿਖੀ ਜੀ ਦੇ ਕਾਰਣ ਤੇ ਪੰਧ ਔਖਾ ਹੋਣ ਕਰਕੇ ਰਾਤ ਰਸਤੇ ਵਿਚ ਰਹੇ ਤੇ ਅਗਲੇ ਦਿਨ ਅੱਪੜੇ। ਅਗੇ ਸਪਤਵੀਂ ਦਾ ਦਿਨ ਲੰਘ ਚੁਕਾ ਸੀ। ਸੰਗਤਾਂ ਨਿਰਾਸ ਹੋ ਰਹੀਆਂ ਸਨ, ਪਾਂਵਟੇ ਦੁਰਗ ਵਿਚ ਪ੍ਰਵੇਸ਼ ਦਾ ਬੀ ਇਹੋ ਦਿਨ ਸੀ, ਸਾਰੇ ਉਤਸ਼ਾਹਾਂ ਤੇ ਉਦਾਸੀ ਛਾ ਰਹੀ ਸੀ ਕਿ ਸੂਰਜ ਦੇ ਪ੍ਰਕਾਸ਼ਵਤ ਦਾਤਾ ਗੁਰੂ ਜੀ ਮਿਹਰਾਂ ਦੇ ਸਾਂਈਂ ਅੱਪੜ ਗਏ, ਸਪਤਮੀ ਦਾ ਦਿਨ ਓਹੋ ਬਣਾ ਦਿੱਤਾ। ਸੰਗਤਾਂ ਨੂੰ ਬੋਲਣ ਲੱਗੇ—"ਥਿਤਿਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ—ਜਿਸ ਦਾਤੇ ਦੇ ਬਣਾਏ ਥਿਤ ਵਾਰ ਹਨ ਉਹ ਦਾਤਾ ਸਾਨੂੰ ਆਪਣੇ ਕਾਰਜ ਵਾਸਤੇ ਲੈ ਗਿਆ, ਸਪਤਮੀ ਤਾਂ, ਜੇ ਸਪਤਮੀ ਦੀ ਕੋਈ ਸੁਗਾਤ ਹੋਵੇ। ਸੋ ਸੁਗਾਤ ਵਾਹਿਗੁਰੂ ਨੇ ਸਾਨੂੰ ਪਰਸੋਂ ਦਿੱਤੀ ਤੇ ਲੈ ਕੇ ਅਜ ਅਸੀਂ ਅਪੜੇ। ਸਪਤਮੀ ਰਬ ਵਲੋਂ ਅੱਜ ਹੋਈ, ਜਦੋਂ ਅਕਾਲ ਪੁਰਖ ਲਈ, ਨਵਾਂ ਗੁਰਾਂ ਲਈ, ਸਾਧ ਸੰਗਤ ਲਈ ਸੁਗਾਤ ਲੈ ਕੇ ਇਕ ਵਿਲਪਦੀ ਰੂਹ ਚਰਨ ਕਮਲਾਂ ਨਾਲ ਜੋੜਕੇ ਅਸੀਂ ਲਿਆ ਸਕੇ।" ਮਹਾਰਾਜ ਦੇ ਇਸ ਉੱਚੇ ਪਿਆਰ ਵਲਵਲੇ ਪੁਰ ਸੰਗਤਾਂ ਅਤੇ ਪਰਿਵਾਰ ਨਿਹਾਲ ਹੋ ਗਏ ਤੇ ਪਾਂਵਟੇ ਮੰਦਰ ਦਾ ਪਰਵੇਸ਼ ਵਾਹਿਗੁਰੂ ਦੇ ਕੀਰਤਨ ਰੰਗ ਵਿਚ ਉਸ ਦਿਨ ਮਨਾਯਾ ਗਿਆ।

## ੧੧. ਸ਼ੇਰ ਤੇ ਇਨਸਾਨ, ਦੋਹਾਂ ਤੇ ਭਾਰੂ[1]।

(ਸਰੀਰਕ ਤੇ ਮਾਨਸਕ ਬਲ ਦਾ ਕਮਾਲ)

**ਕਾਲਸੀ** ਦੇ ਰਿਖੀ ਦਾ ਸੁਧਾਰ ਕਰਕੇ ਜਦ ਗੁਰੂ ਜੀ ਪਾਂਵਟੇ ਅੱਪੜੇ ਤੇ ਗੁਰਪੁਰਬ ਹੋ ਹਟੇ, ਤਦ ਮਹਾਰਾਜ ਜੀ ਦੇ ਉਪਦੇਸ਼, ਪਿਆਰ, ਨਾਮ ਦਾਨ ਦੀ ਦੂਰ ਨੇੜੇ ਦੋਹਾਂ ਦੂਨਾਂ ਤੇ ਪਹਾੜੀ ਦੇਸ਼ਾਂ ਵਿਚ ਧੁੰਮ ਫੈਲ ਗਈ। ਆਪ ਦੇ ਐਸ਼੍ਵਰਜ, ਪ੍ਰਤਾਪ ਤੇ ਬਹਾਦਰੀ ਦੀਆਂ ਵਾਰਾਂ ਟੁਰ ਪਈਆਂ। ਸਤਿਗੁਰ ਨੇ ਪਾਉਂਟਾ ਨਵਾਂ ਵਸਾਇਆ ਸੀ, ਨੇੜੇ ਇਕ ਜੰਗਲ ਵਿਚ ਇਕ ਮਾਰੂ ਸ਼ੇਰ ਰਹਿੰਦਾ ਸੀ, ਇਹ ਸ਼ੇਰ ਬੜਾ ਭਿਆਨਕ ਤੇ ਆਦਮਖ਼ੋਰ ਸੀ, ਆਖਦੇ ਹਨ ਇਸ ਦਾ ਰੰਗ ਬੱਗਾ ਤੇ ਕੱਦ ਬੜਾ ਸੀ।[2] ਇਹ ਜਾਨਵਰ ਤੇ ਆਦਮੀਆਂ ਤੇ ਜਦ ਅਚਾਨਕ ਆ ਕੇ ਪੈਂਦਾ ਸੀ ਤੇ ਐਉਂ ਜਾਪਦਾ ਸੀ ਕਿ ਮਾਨੋਂ ਧਰਤੀ ਵਿਚੋਂ ਨਿਕਲ ਆਇਆ ਹੈ, ਇਲਾਕੇ ਦੇ ਯਾਤਰੂ ਤੇ ਗਿਰਾਵਾਂ ਦੇ ਲੋਕ ਬੜੇ ਦੁਖੀ ਸੇ, ਇਸ ਕਰਕੇ ਰਾਜਿਆਂ ਪਾਸ ਪੁਕਾਰਾਂ ਉਠਦੀਆਂ ਸਨ ਕਿ ਸਾਨੂੰ ਇਸ ਤੋਂ ਬਚਾਓ। ਇਕ ਵੇਰ ਜਦੋਂ ਸ੍ਰੀ ਨਗਰ (ਜੋ ਗੰਗਾ ਕਿਨਾਰੇ ਹੈ) ਦਾ ਰਾਜਾ ਫਤਹਸ਼ਾਹ ਆਇਆ ਹੋਇਆ ਸੀ, ਤਦੋਂ ਇਹ ਪੁਕਾਰ ਗੁਰੂ ਜੀ ਪਾਸ ਆਈ

2. ਇਸ ਦੀ ਮੂਰਤੀ ਨਾਹਨ ਗੁਰਦੁਆਰੇ ਵਿਚ ਸੁਣੀਂਦੀ ਹੈ।

1. ਇਹ ਲੇਖ ਸੰ: ਗੁ: ਨਾ: ਸਾ: ੪੫੩ ਅਰਥਾਤ ੧੯੨੧ ਈ: ਦੇ ਗੁਰਪੁਰਬ ਸਪਤਮੀ ਸਮੇਂ ਖਾ: ਸ: ਵਿਚ ਪ੍ਰਕਾਸ਼ਿਆ ਸੀ।

ਸੀ। ਗੁਰੂ ਜੀ ਨੇ ਝੱਟ ਤਿਆਰੀ ਕਰ ਦਿੱਤੀ ਤੇ ਮੇਦਨੀ ਪ੍ਰਕਾਸ਼ ਰਾਜਾ ਨਾਹਨ ਤੇ ਫਤਹਸ਼ਾਹ ਨੂੰ ਨਾਲ ਲੈ ਲੀਤਾ ਨਾਲ ਨੰਦ ਚੰਦ ਆਦਿ ਸੂਰਮੇ ਵੀ ਲੈ ਲਏ ਤੇ ਬਨ ਵਿਚ ਜਿੱਥੇ ਕਿ ਸ਼ੇਰ ਦਾ ਟਿਕਾਣਾ ਪਹਾੜੀਆਂ ਨੇ ਸੂੰਹਿਆਂ ਸੀ ਜਾ ਅੱਪੜੇ। ਸ਼ੇਰ ਇਸ ਵੇਲੇ ਆਪਣੇ ਟਿਕਾਣੇ ਪਿਆ ਸੀ, ਇਸਦੀ ਹੈਬਤਨਾਕ ਸੂਰਤ ਦੂਰ ਤੋਂ ਹੀ ਤੱਕ ਕੇ ਕਾਂਬਾ ਛਿੜ ਪੈਂਦਾ ਸੀ। ਸਤਿਗੁਰਾਂ ਨੇ ਫਤਹ ਸ਼ਾਹ ਨੂੰ ਵੰਗਾਰਿਆ ਪਰ ਉਸ ਨੇ ਆਖਿਆ ਕਿ ਆਪ ਹੀ ਹੋ ਜੋ ਇਸ ਨੂੰ ਮਾਰ ਸਕਦੇ ਹੋ ਅਗੇ ਕਈ ਲੋਕ ਇਸ ਨੂੰ ਮਾਰਦੇ ਆਪ ਮਰ ਚੁੱਕੇ ਹਨ, ਇਹ ਬੁੱਢਾ ਜੈਦਰਥ[1] ਹੈ, ਮਾਰਦਾ ਹੈ ਤੇ ਮਰਦਾ ਨਹੀਂ। ਮੇਦਨੀ ਪ੍ਰਕਾਸ ਨੇ ਕਿਹਾ, "ਗੁਰੂ ਜੀ ! ਆਪ ਕਿਉਂ ਅਗੇ ਹੋਵੋ ਅਰ ਇਸ ਬੇਹਿਯਾ ਪਸ਼ੂ ਨਾਲ ਜੂਝੋ। ਟਿਕਾਣਾਂ ਮਚਾਨਾਂ ਦਾ ਬਣਿਆ ਪਿਆ ਹੈ, ਯਾ ਹਾਥੀਆਂ ਤੇ ਬੈਠਕੇ ਚੁਫੇਰਿਓਂ ਗੋਲੀਆਂ ਤੀਰਾਂ ਨਾਲ ਫੁੰਡ ਸੁਟਿਆ ਜਾਏ ਤਾਂ ਚੰਗਾ ਹੈ", ਪਰ ਸਤਿਗੁਰੂ ਜੀ ਨੇ ਕਿਹਾ: "ਨਹੀਂ, ਇਸ ਨੂੰ ਹੱਥੋ ਹੱਥੀ ਲੈਂਦੇ ਹਾਂ।" ਇਹ ਕਹਿਕੇ ਘੋੜਿਓਂ ਉਤਰ ਇਕ ਗੈਂਡੇ ਦੀ ਢਾਲ ਤੇ ਤਿੱਖੀ ਤਲਵਾਰ ਲੈ ਕੇ ਨਿਹੱਤੇ (ਇਕੱਲੇ) ਅਗੇ ਵਧੇ ਤੇ ਸ਼ੇਰ ਨੂੰ ਵੰਗਾਰਿਆ। ਸ਼ੇਰ ਇਕ ਭਿਆਨਕ ਗਰਜ ਦੇ ਕੇ ਇਕ ਵਿੰਗੀ ਮੋੜ ਦੇ ਕੇ ਉੱਛਲ ਕੇ ਪਿਆ, ਜਿਸ ਨੂੰ ਸਤਿਗੁਰਾਂ ਨੇ ਟੇਢ ਖਾ ਕੇ ਅੱਗੇ ਹੋ ਆਪਣੀ ਢਾਲ ਤੇ ਲੈ ਲੀਤਾ ਤੇ ਹੇਠੋਂ ਤਲਵਾਰ ਫੇਰ ਉਸਦਾ ਪੇਟ ਚੀਰ ਕੇ ਧਰਤੀ ਤੇ ਦੇ ਮਾਰਿਆ। ਇਸ ਸੂਰਬੀਰਤਾ, ਜਾਨਹੂਲਵੀਂ ਬਹਾਦਰੀ ਉਤੇ ਰਾਜੇ ਅਰ ਬੀਰਾਂ ਵਿਚ ਇਕ ਹੈਰਾਨੀ ਤੇ ਖੁਸ਼ੀ ਦਾ ਥਲਕਾ ਮਚ ਗਿਆ। ਇਕ ਪਾਸੇ ਇਕ ਪ੍ਰਕਾਰ ਦੀਆਂ ਬਹਾਦਰੀ ਦੀਆਂ ਤੇ ਦੂਜੇ ਪਾਸੇ ਰਿਖੀ ਦੇ ਸੁਧਾਰ ਦੀਆਂ ਕਥਾਂ ਦੂਰ ਦੂਰ ਤੱਕ ਅੱਪੜੀਆਂ।

ਪਾਉਂਟੇ ਤੋਂ ਸੱਤ ਅੱਠ ਕੋਹ ਤੇ ਇਕ ਪੁਰਾਣਾ ਨਗਰ ਜਿਸ ਦਾ ਨਾਮ ਸਢੌਰਾ ਹੈ, ਪੁਰਾਣਾ ਨਾਮ ਸਾਧਾਵਰ ਹੈ ਤੇ ਕਦੇ ਸਾਧਾਂ ਦਾ ਟਿਕਾਣਾ ਸੀ।[1] ਇਸ ਜਗ੍ਹਾ ਇਕ ਖ਼ਾਨਦਾਨੀ ਫਕੀਰ ਰਹਿੰਦਾ ਸੀ ਜੋ ਜਗੀਰਦਾਰ ਭੀ ਸੀ ਤੇ ਬੜੇ ਐਸ਼੍ਰਜ ਵਾਲਾ ਸੀ। ਮੁਰੀਦਾਂ ਦੇ ਗਣਾਂ ਦੇ ਗਣ ਉਸਦੇ ਦੁਆਰੇ ਆਉਂਦੇ ਸਨ, ਇਹ ਸੱਜਣ ਗੁਰੂ ਘਰਦੇ ਨਾਮ, ਪਤੇ ਤੋਂ ਜਾਣੂ ਸੀ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਵਾਕਬ ਸੀ, ਗੁਰੂ ਤੇਗ ਬਹਾਦਰ ਜੀ ਦਾ ਸਾਕਾ ਬੀ ਸੁਣ ਚੁਕਾ ਸੀ, ਇਹ ਭੀ ਪਤਾ ਸਾਸੁ ਕਿ ਉਸ ਰੱਬੀ ਨੂਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਇਕ ਅਠਾਰਾਂ ਬੀਸ ਬਰਸ ਦਾ ਰੱਬੀ ਨੂਰ ਕੁਮਾਰ ਹੈ। ਜਦ ਦੇ ਗੁਰੂ ਜੀ ਪਾਉਂਟੇ ਆਏ ਸਨ, ਤਦ ਤੋਂ ਨੇੜੇ ਆ ਜਾਣ ਕਰਕੇ ਰੋਜ਼ ਦੀਆਂ ਵਿਥਿਆਂ ਵਧੇਰੇ ਕੰਨੀ ਅੱਪੜਦੀਆਂ ਸਨ। ਇਕ ਪਾਸੇ ਉਸ ਨੇ ਰਾਜੇ ਮੇਦਨੀ ਪ੍ਰਕਾਸ਼ ਤੇ ਫਤਹ ਸ਼ਾਹ ਦਾ ਹੁੰਦਾ ਜੰਗ ਆਪਦੀ ਤੁਫੈਲ ਬਚ ਜਾਣਾ ਸੁਣਿਆਂ, ਦੂਜੇ ਪਾਸੇ ਆਪ ਨੂੰ ਦਿਨ ਰਾਤ ਜੰਗ ਦੇ ਸਾਧਨਾਂ ਵਿਚ ਲੱਗੇ ਸੁਣਿਆ। ਇਕ ਪਾਸੇ ਜੈਦਰਥ ਪ੍ਰਸਿਧ ਸ਼ੇਰ ਦਾ ਮਾਰਨਾ ਸੁਣਿਆਂ ਦੂਜੇ ਪਾਸੇ ਇਕ ਸੌ ਬਰਸ ਤੋਂ ਪੁਰਾਣੇ ਬਿਰਧ ਤਪੀ ਪਰ ਤੁਠਣ, ਉਸ ਭਾਰੇ ਪੰਡਿਤ ਤੇ ਤਤਿੱਖਜੂ ਨੂੰ ਵਾਹਿਗੁਰੂ ਦੇ ਰੰਗ ਵਿਚ ਰੰਗ ਦੇਣ ਦਾ ਹਾਲ ਸੁਣਿਆਂ। ਇਸ ਤਰ੍ਹਾਂ ਇਹ ਫਕੀਰ ਜਿਸਦਾ ਨਾਮ ਬੁੱਧੂਸ਼ਾਹ ਪ੍ਰਸਿਧ ਸੀ, ਗੱਲਾਂ ਸੁਣ ਕੇ ਅਚਰਜ ਰਹਿ ਜਾਵੇ! ਗੱਲਾਂ ਉਸਨੂੰ ਲੋਕਾਂ ਦੀਆਂ ਮਨੋਂ ਮਨ ਟੁਰਦੀਆਂ ਤੇ ਜੀਭੋ ਜੀਭ ਸਫਰ ਕਰਦੀਆਂ ਹੀ ਨਹੀਂ ਸਨ ਪੁਜਦੀਆਂ, ਸਗੋਂ ਖਾਸ ਉਹਦੇ ਆਪਣੇ ਮੇਲੀ ਗੇਲੀ ਦੇਖੀਆਂ ਹੋਈਆਂ ਗੱਲਾਂ ਆ ਕੇ ਸੁਣਾਇਆ ਕਰਦੇ ਸਨ, ਜਿਨ੍ਹਾਂ ਤੇ ਸੰਸਾ ਕਰਨਾ ਫਿਰ ਕੋਈ ਅਰਥ ਨਹੀਂ ਸੀ ਰਖਿਆ ਕਰਦਾ। ਉਸ ਦੀ ਆਪਣੀ ਮਾਨਸਿਕ ਦਸ਼ਾ ਇਹ ਸੀ: ਪੀਰੀ ਦਾ ਐਸ਼੍ਰਜ ਪਾ ਕੇ ਅਭਿਮਾਨ ਨਹੀਂ ਧਾਰਿਆ ਸਗੋਂ ਨੇਕੀ ਤੇ ਜ਼ੁਹਦ (ਤਪ ਹਠ) ਵਿਚ ਲਗਾ ਰਹਿੰਦਾ ਸੀ। ਪਿਛਲਿਆਂ ਵਲੋਂ ਵੀ ਕੁਛ ਪ੍ਰਾਪਤ ਸੀ, ਪਰ ਆਪ ਵੀ ਸੂਫੀਆਂ ਦੀਆਂ ਸੁਹਬਤਾਂ ਕਰਦਾ ਰਿਹਾ ਤੇ ਚਿੱਲੇ ਆਦਿ ਕੱਟ ਕੇ ਤਪ ਕਰਦਾ ਰਿਹਾ ਸੀ। ਧਿਆਨ ਦਾ ਜੁੜਨਾ ਪ੍ਰਾਪਤ ਸੀ ਤੇ ਉਹ ਧਿਆਨ ਜੁੜਕੇ ਮੁਰੀਦਾਂ ਦੀ ਮਦਦ ਤੇ ਕਈ ਕ੍ਰਿਸ਼ਮਿਆਂ ਤੇ ਖਰਚ ਹੁੰਦਾ ਸੀ। ਇਸਦੇ ਪਾਸ ਵੀ ਆਏ ਗਏ ਫਕੀਰ ਜੋਗੀ ਠਹਿਰਿਆ ਕਰਦੇ ਸਨ, ਪਰ ਇਕ

1. ਜੈਦਰਥ ਮਹਾਂਭਾਰਤ ਦਾ ਇਕ ਲੜਾਕਾ ਸੀ, ਜਿਸਨੇ ਪਾਡੂ ਕੁਲ ਦੇ ਅਭਿਮੰਨਜੂ ਆਦਿ ਪੁਤਰ ਮਾਰ ਘੱਤੇ ਸੇ। ਰਵਾਇਤ ਹੈ ਕਿ ਇਹ ਸ਼ੇਰ ਮਰਕੇ ਵਿਚੋਂ ਉਹੋ ਜੈਦਰਥ ਨਿਕਲਿਆ ਸੀ ਤੇ ਕਲਜਾਨ ਪਾਈ ਸਾਸੂ। ਇਸ ਨੂੰ ਅਰਜਨ ਨੇ ਮਾਰਿਆ ਸੀ।

1. ਬੋਧੀਆਂ ਦੇ ਸਮੇਂ ਇਥੇ ਉਨ੍ਹਾਂ ਦੇ ਮੰਦਰ ਤੇ ਟਿਕਾਣੇ ਸਨ।

ਗੱਲ ਇਸ ਦੇ ਅੰਦਰ ਬੜੀ ਧੁਖਿਆ ਕਰਦੀ ਸੀ ਅਰ ਉਹ ਇਹ ਸੀ "ਕਿ ਇੰਦ੍ਰੀਆਂ ਨੂੰ ਸੱਤਾ ਮਨ ਦੇਂਦਾ ਹੈ ਤੇ ਮਨ ਦਿੱਸਣ ਵਾਲੇ ਵਿਚ ਰੁਖ਼ ਰੱਖਦਾ ਹੈ, ਇੰਦਰੇ ਮਨ ਦੀ ਸੱਤਾ ਬਿਨਾਂ ਜੜ੍ਹ ਹਨ ਤੇ ਮਨ ਇਕ ਪਾਸੇ ਇੰਦ੍ਰਿਆਂ ਨਾਲ ਸਬੰਧ ਰੱਖਦਾ ਹੈ ਪਰ ਦੂਏ ਪਾਸੇ ਕੋਈ ਹੋਰ ਸੱਤਜਾ ਹੈ ਜਿਸ ਨਾਲ ਇਸਦਾ ਮੇਲ ਹੈ ਉਹ ਸੱਤਜਾ ਜੇ ਮਨ ਹੀ ਹੈ ਤਾਂ ਬੱਸ, ਉਹ ਜੇ ਹੋਰ ਹੈ ਤਾਂ ਮਨ ਤੇ ਉਹ ਇਕ ਦੂਸਰੇ ਤੇ ਆਪਣਾ ਅਸਰ ਪਾ ਕੇ ਐਸੇ ਅਭੇਦ ਹਨ ਕਿ ਉਹ ਵੇਰਵਾ ਦੂਹਾਂ ਦਾ ਖੁਲ੍ਹਦਾ ਨਹੀਂ ਤੇ ਅਲੱਗ ਪ੍ਰਤੀਤ ਹੁੰਦਾ ਨਹੀਂ ਤੇ ਸ਼ਾਇਦ ਇਸ ਗੰਢ ਖੁੱਲ੍ਹੇ ਬਿਨਾਂ, ਜਿਸ ਦਾ ਨਾਮ ਮਰਾਕਬਾ ਯਾ ਸਮਾਧੀ ਸੁਣਦੇ ਹਾਂ — ਉਹ ਪ੍ਰਾਪਤ ਨਹੀਂ ਹੋ ਸਕਦੀ ਤੇ ਉਹ ਸਮਾਂ ਅਪਣੇ ਤੇ ਆਉਂਦਾ ਨਹੀਂ।" ਇਸ ਤਰ੍ਹਾਂ ਦੇ ਅੰਦਰਲੇ ਉਧੇੜ ਬੁਨ ਇਸਨੂੰ 'ਕੋਈ ਮਿਲੇ' ਦੀ ਲੋਚਨਾਂ ਲਾਈ ਰਖਦੇ ਸਨ। ਇਸ ਕਰਕੇ ਇਸ ਨੇ ਮੁਸਲਮਾਨੀ ਤਅੱਸਬ ਐਨਾਂ ਘਟਾ ਰਖਿਆ ਸੀ ਕਿ ਇਕ ਲੰਗਰ ਹਿੰਦੂਆਂ ਵਾਸਤੇ ਵੱਖਰਾ ਬ੍ਰਾਹਮਣ ਪਕਾਇਆ ਕਰਦੇ ਸਨ ਤੇ ਹਿੰਦੂ ਸਾਧੂ ਬੀ ਇਸ ਪਾਸ ਆ ਕੇ ਉਤਰਿਆ ਕਰਦੇ ਸਨ। ਉਹਨਾਂ ਦੇ ਬ੍ਰਹਮ ਗਿਆਨ, ਆਤਮਾਂ ਦੀ ਵਿਦਿਆ, ਆਤਮਾਂ ਹੀ ਬ੍ਰਹਮ ਹੈ ਦਾ ਗਿਆਨ, ਬੜੀ ਚੰਗੀ ਤਰ੍ਹਾਂ ਸੁਣਿਆਂ ਕਰਦਾ ਸੀ, ਪਰ ਸੁਣ ਸੁਣਾਕੇ ਫਿਰ ਗੰਢ ਖੁੱਲ੍ਹਣ ਦੀ ਸੋਝੀ ਨਹੀਂ ਸੁਝਿਆ ਕਰਦੀ ਸੀ। ਇਹ ਲਾਲਸਾ ਇਸ ਨੂੰ ਹੁਣ ਗੁਰੂ ਗੋਬਿੰਦ ਸਿੰਘ ਜੀ ਦੇ ਦੀਦਾਰ ਲਈ ਤਿਆਰ ਕਰ ਰਹੀ ਸੀ। ਮਨ ਆਖਦਾ ਸੀ ਕਿ ਕੀਹ ਜਾਣੀਏਂ ਓਹ ਕੋਈ ਐਸੇ ਮਹਾਂ ਜਯੋਤੀ ਜੀ ਹੋਣ ਜੋ ਮੇਰੀ ਮੁਸ਼ਕਲ ਹੱਲ ਕਰ ਦੇਣ।

ਇਸ ਪ੍ਰਕਾਰ ਕੁਛ ਵਿਚਾਰਾਂ ਦੇ ਮਗਰੋਂ ਬੁਧੂਸ਼ਾਹ ਸਢੌਰੇ ਤੋਂ ਟੁਰ ਕੇ ਪਾਉਂਟੇ ਆਇਆ। ਦਰਬਾਰ ਲਗ ਰਿਹਾ ਸੀ, ਸ਼ਾਹੀ ਠਾਠ ਸੀ, ਇਕ ਪਾਸੇ ਜੋਧੇ ਖੜੇ ਸਨ, ਇਕ ਪਾਸੇ ਵਿਦਵਾਨ ਜਨ ਸਜ ਰਹੇ ਸਨ, ਸੰਗਤਾਂ ਦੇ ਠਟ ਜੁੜੇ ਬੈਠੇ ਸਨ, ਬੁਧੂਸ਼ਾਹ ਜੀ ਬੀ ਅੱਗੇ ਹੋਏ। ਪਹਿਲੇ ਦਰਸ਼ਨ ਨਾਲ ਕੁਛ ਖਿੱਚ ਪਈ, ਪਰ ਸ਼ਾਹੀ ਠਾਠ ਵੇਖ ਕੇ ਕੁਛ ਸੋਚ ਬੀ ਫੁਰੀ। ਮਸਨਦ ਕੋਲ ਪਹੁੰਚਕੇ ਸਿਰ ਨਿਵਾਉਣ ਲਗੇ ਤਾਂ ਆਪਣੀ ਪੀਰੀ ਬੀ ਯਾਦ ਆ ਗਈ। ਸਿਰ ਝੁਕਾਉਂਦੇ ਝੁਕਾਉਂਦੇ ਰੋਕ ਲਿਆ, ਤੇ ਹੱਥ ਦਸਤ ਪੰਜੇ ਲਈ ਵਧਾਇਆ। ਗੁਰੂ ਜੀ ਨੇ ਵੀ ਪੋਲਾ ਜਿਹਾ ਹੱਥ ਅੱਗੇ ਕਰਕੇ ਹੱਥ ਮਿਲਾ ਕੇ ਪਾਸ ਬਹਾਲ ਲਿਆ! ਬੁੱਧ ਸ਼ਾਹ ਨੇ ਜ਼ਰਾ ਸਸਤਾਕੇ ਪੁਛਿਆ:- ਜੀਓ ਅੱਲਾ ਦਾ ਵਸਲ ?

ਗੁਰੂ ਜੀ—ਜਿਵੇਂ ਰਾਤ ਨੂੰ ਦਿਨ ਦਾ ਵਸਲ(ਮੇਲ)।

ਬੁਧੂਸ਼ਾਹ ਸੋਚੀਂ ਪੈ ਗਿਆ ਰਾਤ ਨੂੰ ਤਾਂ ਦਿਨ ਦਾ ਵਸਲ ਹੋਏ ਤੇ ਰਾਤ ਰਹਿੰਦੀ ਹੀ ਨਹੀਂ, ਵਸਲ ਕੀ ਕੂੰ ਹੋਇਆ?

ਗੁਰੂ ਜੀ ਉਸ ਦੇ ਸੰਸੇ ਨੂੰ ਸਮਝਦੇ ਸਨ, ਫੇਰ ਕਹਿਣ ਲਗੇ—ਹਾਂ, ਤਿਵੇਂ ਹੀ ਸ਼ਾਹ ਜੀ ! ਠੀਕ ਹੈ।

ਸ਼ਾਹ ਜੀ—ਕਿਵੇਂ ?

ਗੁਰੂ ਜੀ—ਜਿਵੇਂ ਤੁਸੀਂ ਸਮਝਦੇ ਹੋ।

ਸ਼ਾਹ ਜੀ ਦੇ ਨਾਲ ਆਪਣੇ ਕੁਛ ਚੇਲੇ ਸਨ, ਇਸ ਲਈ ਆਪ ਇਹ ਕਹਿਣੋਂ ਝਿਜਕਦੇ ਸਨ ਕਿ ਮੈਂ ਨਹੀਂ ਸਮਝਿਆ। ਪਰ ਹੁਣ ਕਹਿਣਾ ਹੀ ਪਿਆ ਕਿ ਮੈਂ ਨਹੀਂ ਸਮਝਿਆ, ਦਿਨ ਦੇ ਆਇਆਂ ਤਾਂ ਰਾਤ ਮਰ ਜਾਂਦੀ ਹੈ।

ਗੁਰੂ ਜੀ—ਸੱਚ ਦੇ ਪ੍ਰਕਾਸ਼ਿਆਂ 'ਮੈਂ' ਮਰ ਜਾਂਦੀ ਹੈ, ਸੱਚ ਰਹਿੰਦਾ ਹੈ 'ਮੈਂ' ਨਹੀਂ ਰਹਿੰਦੀ।

ਪੀਰ—ਫੇਰ ਵਸਲ ਕੀਕੂੰ ?

ਗੁਰੂ ਜੀ—'ਮੈਂ' ਜੋ ਸੱਚ ਨਹੀਂ ਹੈ, ਜੋ ਸੱਚ ਤੋਂ ਬਲ ਪਾ ਕੇ ਬਣੀ ਖਲੀ ਹੈ, ਜੋ ਇੰਦ੍ਰਆਂ ਦੇ ਆਪਣੇ ਭੋਗਾਂ ਨਾਲ ਸਪਰਸ਼ ਤੋਂ ਬਲਵਾਨ ਹੁੰਦੀ ਹੈ, ਉਹ ਝੂਠੀ ਹੈ। ਜਦੋਂ ਸੱਚ ਆਉਂਦਾ ਹੈ ਉਹ ਮਾਨੋਂ ਨਹੀਂ ਰਹਿੰਦੀ, ਬਾਕੀ ਜੋ ਰਹਿੰਦਾ ਹੈ ਉਹ ਸੱਚ ਹੈ, ਸੱਚ ਨੂੰ ਸੱਚ ਦਾ ਵਸਲ ਹੈ।

ਪੀਰ—ਫੇਰ ਅਸੀਂ ਰੂਹ ਨਹੀਂ ਹਾਂ, ਐਵੇਂ ਕੋਈ ਮਾਯਾਵੀ ਮੇਲ ਦੀ ਸ਼ੈ ਹਾਂ ?

ਗੁਰੂ ਜੀ—ਰੂਹ ਤੋਂ ਬਿਨਾਂ ਹੋਰ ਹੈ ਝੂਠੀ 'ਮੈਂ' ਤੇ ਇਸ ਦੀ 'ਮੇਰੀ' ਇਹ ਅਸਲੇ ਤੋਂ ਉਠ ਕੇ ਨਾ ਰਹਿਣ ਵਾਲੇ ਭੋਗਾਂ ਤੇ ਰਸਾਂ ਵਿਚ ਲਗ ਜਾਂਦੀ ਹੈ। ਪੁਨਾ ਪੁਨਾ ਅਭਯਾਸ ਨਾਲ ਇਹ ਅਸਲੀ ਵਰਗੀ ਬਣ ਜਾਂਦੀ ਹੈ, ਸੱਚ ਆਛਾਦਾਨ ਹੋ ਜਾਂਦਾ ਹੈ, ਫੇਰ ਕੂੜ ਦੀ ਪਰਵਿਰਤੀ ਕੂੜ ਦੇ ਪਿਆਰ, ਕੂੜ ਦੇ ਬੰਧਨ, ਕੂੜ ਦੇ ਛੁਟਕਾਰੇ, ਕੂੜ ਦੀਆਂ ਨੇਕੀਆਂ, ਕੂੜ ਦੇ ਧਰਮ, ਕੂੜ ਦੇ ਮਜ਼ਹਬ, ਕੂੜ ਦੇ ਬੰਧ ਤੇ ਕੂੜ ਦੀ ਮੋਖ ਇਛਯਾ।

ਪੀਰ—ਦਾਰੂ ?

ਗੁਰੂ ਜੀ—ਸੱਚ।

ਪੀਰ—ਕਿਵੇਂ ਆਵੇ ?

ਗੁਰੂ ਜੀ—ਜਿਵੇਂ ਸੂਰਜ ਚੜ੍ਹਦਾ ਹੈ ਤੇ ਚੜ੍ਹਦੇ ਸਾਰ ਹਨੇਰਾ ਬਿਨ ਬਿਲੰਬ ਉਡਦਾ ਹੈ।

ਪੀਰ—ਆਵੇ ਕਿਵੇਂ ?

ਗੁਰੂ ਜੀ—ਕੂੜ ਛੱਡਿਆਂ।

ਪੀਰ—ਛੁੱਟਦਾ ਨਹੀਂ ਬਥੇਰੇ ਚਿੱਲ੍ਹੇ ਕੱਟੇ ਬਥੇਰਾ ਪੜ੍ਹੇ ਤਪ ਹਠ ਸਾਧੇ।

ਗੁਰੂ ਜੀ—ਇਉਂ ਕੂੜ ਵਧਦਾ ਹੈ, ਤਿਸ਼ਨਾ ਜੋ ਵਿਚ ਹੈ; 'ਸੂਰਜ ਚੜ੍ਹਨ ਦੀ ਗਤੀ' ਬੱਸ ਇਕੋ ਇਹੋ ਵਿਚਾਰ ਹੈ।

ਪੀਰ—ਉਸ ਦਾ ਚੜ੍ਹਨਾ ਆਪਣੇ ਵੱਸ ਨਹੀਂ।

ਗੁਰੂ ਜੀ—ਝੂਠ ਤਿਆਗਣਾ ਆਪਣੇ ਵੱਸ ਹੈ ?

ਪੀਰ—ਹੈ ਤਾਂ ਸਹੀ, ਪਰ ਛੁਟਦਾ ਨਹੀਂ, ਬੇੜੀਆਂ ਕਸ ਜਾਂਦੀਆਂ ਹਨ।

ਗੁਰੂ ਜੀ—ਜਿੰਨਾਂ ਛੁਟੇ, ਛੱਡੇ। ਫਿਰ ਸਤਿਸੰਗ ਵਿਚ ਆਵੇ।

ਪੀਰ—ਸਤਿਸੰਗ ਵਿਚ ਤਾਂ ਆਇਆ ਹਾਂ।

ਗੁਰੂ ਜੀ—ਪਰ ਝੂਠ ਦੀ ਸੰਜੋਅ ਪਹਿਨਕੇ।

ਪੀਰ—ਨਹੀਂ ਜੀ।

ਗੁਰੂ ਜੀ—ਜ਼ਰੂਰ। ਨਾਲ ਚੇਲੇ ਹਨ, ਇਹਨਾਂ ਦੇ ਜੀ ਵਿਚ ਇਕ ਇੱਜ਼ਤ ਹੈ, ਕਿ ਇਹ ਪੀਰ ਹੈ, ਪੀਰ ਨੂੰ ਕੂੜਾ ਮਾਣ ਹੈ ਕਿ ਮੇਰੀ ਇਹ ਬਣੀ ਰਹੇ, ਕੋਈ ਕਹੇ ਨਾ ਕਿ ਇਹ ਕਿਸੇ ਅੱਗੇ ਝੁਕਿਆ ਹੈ। ਸਤਿਸੰਗ ਪਰਵੇਸ਼ ਭੀ ਕੂੜ ਦੇ ਕੋਟ ਵਿਚ ਹੀ ਹੁੰਦਾ ਹੈ। ਕਿਉਂਕਿ ਅੰਦਰ ਦੇ 'ਸਚ' ਨੂੰ ਕੂੜੀ ਮੈਂ ਨੇ ਆਛਾਦ ਲਿਆ ਹੈ, ਕੂੜ ਦੀ 'ਮੈਂ' ਦੇ ਸਾਰੇ ਕਰਤਬ ਕੂੜੇ ਹਨ।

ਪੀਰ ਹੁਣ ਡੂੰਘੀ ਸੋਚ ਵਿਚ ਲਹਿ ਚੁਕਾ ਸੀ, ਅਪਣੇ ਦਿਲ ਦੀ ਕਮਜ਼ੋਰੀ ਸਮਝ ਚੁੱਕਾ ਸੀ, ਦੇਖਦਾ ਸੀ ਕਿ ਗੁਰੂ ਜੀ ਸੱਚ ਕਹਿ ਰਹੇ ਹਨ, ਬੋਲਿਆ:- ਸੱਚ ਆਖ ਰਹੇ ਹੋ, ਕੂੜ ਦੀ ਇਹ ਕੰਧ ਕਿਵੇਂ ਟੁੱਟੇ, ਕੂੜ ਦਾ ਇਹ ਆਛਾਦਨ ਹੋ ਗਿਆ ਪਰਦਾ ਕਿਵੇਂ ਪਾਟੇ, ਕੂੜ ਦਾ ਹਨ੍ਹੇਰਾ ਕਿਵੇਂ ਹਟੇ, ਸੱਚ ਕਿਵੇਂ ਚੜ੍ਹੇ, ਅੰਦਰਲਾ ਸਚਿਆਰ ਕਿਵੇਂ ਹੋ ਜਾਵੇ। 'ਸੱਚ', ਅੰਦਰਲਾ ਸੱਚ ਕਿਵੇਂ ਬਣੇ ? ਬਣੇ ਨਾ, ਬਣਾਉਟ ਤਾਂ ਝੂਠ ਹੁੰਦੀ ਹੈ। ਸੱਚ ਦਾ ਸੂਰਜ ਕਿਵੇਂ ਚੜ੍ਹੇ[1] ?

ਗੁਰੂ ਜੀ—ਹੁਕਮ, ਸੱਚ ਚਾੜ੍ਹਦਾ ਹੈ।

ਬੁਧੂ ਸ਼ਾਹ—ਹੁਕਮ, ਹੁਕਮ ?

ਗੁਰੂ ਜੀ—ਹਾਂ, ਰਜ਼ਾ, ਭਾਣਾ, ਹੁਕਮ।

ਪੀਰ—ਹੁਕਮ ਹੁਕਮੀ ਦਾ, ਹਾਕਮ ਦਾ, ਕੂੜਾ ਕੀਹ ਕਰੇ ਹੁਕਮ ਲੱਭਣ ਨੂੰ ? ਹੁਕਮ ਕੂੜ ਦੇ ਵੱਸ ਦਾ ਨਹੀਂ।

ਗੁਰੂ ਜੀ—ਹੁਕਮ ਹੁਕਮੀ ਦਾ ਪਛਾਣੇ ਕੂੜਾ ਜਿਸ ਨੂੰ ਲੋੜ ਹੈ, ਟੁਰੇ ਹੁਕਮ ਤੇ ਜਿਸ ਨੇ ਤਰਨਾ ਹੈ।

ਪੀਰ—ਕਿਕੂੰ ਪਛਾਣੇ ? ਹੁਕਮ ਤਾਂ ਹੁਕਮੀ ਪਾਸ ਹੋਇਆ ?

ਗੁਰੂ ਜੀ—ਬੰਦੇ ਦੀ ਫਿਤਰਤ ਵਿਚ, ਬੰਦੇ ਦੀ ਆਤਮਾ ਵਿਚ, ਬੰਦੇ ਦੀ ਕੁਦਰਤ ਵਿਚ, ਬੰਦੇ ਦੇ ਸੁਭਾਉ ਵਿਚ, ਮਨ ਵਿਚ, ਅੰਦਰਲੇ ਵਿਚ, ਹਾਂ। ਹਾਂ ! ਜੋ ਕੁਛ ਬੀ ਸਰੀਰ ਦੇ ਅੰਦਰ ਹੈ, ਜੋ ਜੀਵਨ ਹੈ, ਉੱਥੇ ਹੁਕਮ ਨਾਲੇ ਨਾਲ ਲਿਖਿਆ ਹੈ। ਜਿਥੇ ਸਾਂਈਂ ਨੇ 'ਤੂੰ' ਰਚੀ, ਨਾਲ ਹੁਕਮ ਲਿਖਿਆ ਗਿਆ। ਇਉਂ ਹਰ ਆਪੇ ਵਿਚ ਹੁਕਮ ਦਾ ਨਕਸ਼ ਹੈ[2]।

ਪੀਰ—ਕਿਵੇਂ ? ਮੈਂ ਨਹੀਂ ਸਮਝਿਆ।

ਗੁਰੂ ਜੀ—ਸ਼ਾਹ ਜੀ ! ਸਮਝਾਉਂਦੇ ਜਗਤ ਨੂੰ ਰਹੇ ਹੋ ਤੇ ਆਪ ਨਹੀਂ ਸਮਝੇ ? ਦੇਖੋ ? ਜੋ ਤੁਸਾਂ ਦੇ ਹੁਕਮ ਵਿਚ ਚਲੇ ਉਸਤੇ ਤੁਹਾਡੀ ਮਿਹਰ ਦਾ ਪ੍ਰਕਾਸ਼ ਹੁੰਦਾ ਹੈ। ਹੈ ਕਿ ਨਹੀਂ ?

ਪੀਰ—ਜੀ ਹਾਂ।

ਗੁਰੂ ਜੀ—ਫਿਰ "ਹੁਕਮ ਤੇ ਟੁਰਿਆਂ ਸਾਡੇ ਤੇ ਮਿਹਰ" ਇਹ ਭੇਤ ਜੇ ਅੰਦਰ ਜੀਅ ਨਾਲ ਨਹੀਂ ਲਿਖਿਆ; ਤਾਂ ਕਿਥੋਂ ਸਿੱਖਿਆਂ ? ਬੱਚਾ, ਜੁਆਨ, ਮੂਰਖ, ਦਾਨਾ, ਹਰ ਕੋਈ ਆਪਣਾ ਹੁਕਮ ਮਨਾਕੇ ਤ੍ਰੁੱਠਦਾ ਹੈ। ਇਹ ਅਸੂਲ ਹਰਿਕ ਦੀ ਫ਼ਿਤਰਤ ਵਿਚ ਲਿਖਿਆ ਪਿਆ ਹੈ, "ਹੁਕਮ ਪਛਾਣੇ ਤਾਂ ਮਿਹਰ" ਫੇਰ ਆਪਣੇ ਹੁਕਮੀ ਦਾ 'ਹੁਕਮ' ਪਛਾਣੇ, ਮਿਹਰ ਆਈ ਹੀ ਪਈ ਹੈ।

ਪੀਰ (ਠੰਢਾ ਸਾਹ ਭਰਕੇ)—ਸੱਚ, ਮੇਰੀ ਫਿਤਰਤ ਵਿਚ(ਕੁਦਰਤ ਵਿਚ)ਇਹ ਅਸੂਲ ਠੀਕ ਸੀ, ਪਰ ਮੈਂ ਨਾ ਸਮਝਿਆ। ਮੈਂ ਕੁਰਾਨ, ਹਦੀਸ, ਤੌਰੇਤ, ਜ਼ਬੂਰ, ਅੰਜੀਲ, ਵੇਦ, ਸ਼ਾਸਤ੍ਰ ਨੂੰ ਭਾਲਿਆ, ਪਰ ਹੁਕਮ ਮੇਰੀ

---

1. ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟੈ ਪਾਲਿ॥ (ਜਪੁਜੀ
2. ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਜਪੁਜੀ

ਫ਼ਿਤਰਤ ਵਿਚ ਲਿਖਿਆ ਸੀ, ਮੇਰੇ ਜੀਅ ਨਾਲ ਸੀ (ਗੁਰੂ ਜੀ ਵੱਲ ਤੱਕ ਕੇ) ਪਰ ਇਹ ਦੱਸੋ ਮੇਰੇ ਅੰਦਰ ਤਾਂ ਇਕ 'ਮੈਂ' ਹੈ, ਮੈਂ ਹੁਕਮ ਮਨਾ ਕੇ ਉਸ 'ਮੈਂ' ਨੂੰ ਪੱਠੇ ਪਾਉਂਦਾ ਹਾਂ, ਪਰ 'ਹੁਕਮੀ' ਤਾਂ 'ਸੱਚ' ਹੀ ਹੈ, ਉਸ ਨੂੰ 'ਹੁਕਮ' ਮਨਾ ਕੇ ਤ੍ਰੁੱਠਣ ਦੀ ਬਾਣ ਕਿਉਂ ਹੈ ?

ਗੁਰੂ ਜੀ—ਉਮਨੂੰ ਬਾਣ ਕੋਈ ਨਹੀਂ, ਉਹ ਨਿਰਬਾਣ ਹੈ, ਉਸ ਦਾ ਹੁਕਮ ਕੋਈ ਤ੍ਰਿਸ਼ਨਾ ਦਾ ਕਰਮ ਨਹੀਂ, ਕਿਉਂਕਿ ਉਹ ਤ੍ਰਿਸ਼ਨਾ ਰਹਿਤ ਹੈ। ਉਹ ਆਪ ਸਚ ਹੈ, ਉਸਦਾ ਹੁਕਮ ਬੀ ਹੈ 'ਸਚ'। ਤੁਸੀਂ ਜਦ ਤ੍ਰਿਸ਼ਨਾ ਧਾਰ ਕੇ ਕੂੜ ਦੀ ਕ੍ਰਿਆ ਕਰਦੇ ਹੋ, ਹੁਕਮ ਦੇ ਉਲਟ ਟੁਰਦੇ ਹੋ, ਕਿਉਂਕਿ ਹੁਕਮ 'ਸਚ' ਹੈ। ਜਿੰਨਾਂ ਕੋਈ ਅੱਗ ਤੋਂ ਦੂਰ ਜਾਵੇਗਾ, ਉੱਨਾਂ ਪਾਲਾ ਲਗੇਗਾ, ਜਿੰਨਾਂ ਕੋਈ ਦੀਵੇ ਉਦਾਲੇ ਪਰਦੇ ਪਾਏਗਾ, ਉੱਨਾ ਹਨੇਰੇ ਵਿਚ ਜਾਏਗਾ। ਜਦ ਲੋੜ ਸੱਚ ਨਾਲ ਵਸਲ ਦੀ ਹੈ ਤਾਂ ਚਤੁਰਾਈਆਂ, ਸਿਆਣਪਾਂ, ਜੋ ਕੂੜ ਦੀਆਂ ਜਾਈਆਂ ਹਨ, ਛੱਡਣੀਆਂ ਚਾਹੀਏ[1]। ਕੂੜ ਜਿਉਂ ਜਿਉਂ ਛਡੋ ਤਿਉਂ ਤਿਉਂ ਸੱਚ ਨੇੜੇ ਆਵੇਗਾ। ਹੁਕਮ ਪਛਾਣੇ, ਜਿਉਂ ਜਿਉਂ ਪਛਾਣੇਗਾ ਕੀ ਦੇਖੇਗਾ ਕਿ ਹਉਂ ਬਿਲਾ ਰਹੀ ਤੇ ਸੱਚ ਆ ਰਿਹਾ ਹੈ,[2] ਜਿਉਂ ਜਿਉਂ ਦੇਖੇਗਾ ਸਚ ਆ ਰਿਹਾ ਹੈ, ਦੇਖੇਗਾ ਕਿ ਵਸਲ ਆ ਰਿਹਾ ਹੈ।

ਪੀਰ—'ਸੱਚ ਬੋਲ੍ਹਣ' ਨੂੰ ਸੱਚ ਫੁਰਮਾ ਰਹੇ ਹੋ ?

ਗੁਰੂ ਜੀ—ਹਾਂ, ਪਰ ਸੱਚ ਇਸ ਤੋਂ ਅਗੇ ਤੇ ਹੋਰ ਅਗੇਰੇ ਅਗੇਰੇ ਹੈ

ਸਚੁ ਤਾ ਪਰ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿਕੈ ਵਿਚਿ ਦੇਇ ਕਰਤਾ ਬੀਉ॥ ਸਚੁ ਤਾ ਪਰ ਜਾਣੀਐ ਜਾ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨ ਕਰੇਇ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥ ਸਤਿਗੁਰੂ ਨੋ ਪੁਛਿਕੈ ਬਹਿ ਰਹੈ ਕਰੇ ਨਿਵਾਸੁ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥ (ਵਾਰ ਆਸਾ ਮ: ੧)

ਇਹ ਹੈ ਧੁਰ ਅੰਦਰ ਦਾ ਰਹਸਜਕ ਸਚ।

ਪੀਰ—ਸਚ ਦਰ ਸਚ, ਅਜ਼ਲੀ ਸਚ। ਠੀਕ...ਹਾਂ ਫੇਰ ਕੋਈ ਪੂਰਨਾ ਪਾ ਦਿਓ।

ਗੁਰੂ ਜੀ—ਸੱਚ ? ਘੁੰਘਟ ਛੱੜ ਕੇ ਨੱਚੋ।

ਇਹ ਸੁਣ ਕੇ ਪੀਰ ਸਚੀ ਮੁੱਚੀ ਉਠ ਕੇ ਨੱਚਣ ਲੱਗਾ ਸੀ, ਪਰ ਤਤਖਿਨ ਉਸਨੂੰ ਸਮਝ ਪੈ ਗਈ ਕਿ ਮੇਰੇ ਸੁਭਾਉ ਵਿਚ ਜੋ ਬਨਾਵਟ ਯਾ ਕੂੜ ਪੈ ਰਿਹਾ ਹੈ, ਉਸ ਵੱਲ ਇਸ਼ਾਰਾ ਕਰਦੇ ਹਨ। ਸਮਝਦੇ ਸਾਰ ਪੀਰ ਨੂੰ ਇਕ ਉਤਸ਼ਾਹ ਉਠਿਆ, ਇਕ ਚੱਕਰ ਆਕੇ ਭੈ, ਤੌਖਲਾ ਦੂਰ ਹੋਇਆ। ਗੁਰੂ ਜੀ ਵੱਲ ਤੱਕਿਆ ਤਾਂ ਇਕ ਸੱਚ ਦਾ—ਬਲਦਾ ਅਲਾਂਬਾ ਜਿਵੇਂ ਹੁੰਦਾ ਹੈ ਤਵੇਂ ਗੁਰੂ ਸਚਦਾ—ਅਲੂਹੀਅਤ ਦਾ ਇਕ ਅਲਾਂਬਾ ਭਾਸਿਆ। ਨਿਰਭੈ ਹੋਕੇ ਪੈਰਾਂ ਤੇ ਢੱਠਾ। ਸ੍ਰੀ ਗੁਰੂ ਜੀ ਨੇ ਸੱਜਾ ਹੱਥ ਆਪਣੇ ਹੱਥਾਂ ਵਿਚ ਲੈ ਕੇ ਘੁੱਟਿਆ, ਜ਼ੋਰ ਦਾ ਘੁੱਟਿਆ, ਪਿਆਰ ਦਾ ਘੁੱਟਿਆ। ਪੀਰ ਜੀ ਦੇ ਅੰਦਰੋਂ ਕੋਈ ਹਨੇਰਾ ਜਿਹਾ, ਕੋਈ ਮੈਲ ਜਿਹੀ, ਕੋਈ ਤੰਗੀ ਜਿਹੀ ਲਹਿੰਦੀ ਭਾਸੀ, ਆਪਾ ਸ੍ਵਛ ਨਿਰਮਲ ਹੋ ਗਿਆ। ਆਪੇ ਵਿਚ ਇਕ ਉੱਜਲਤਾਈ ਉੱਜਲ ਉਚਿਆਈ ਆਈ। ਜੋ ਕੁਛ ਆਪਣਾ ਅੱਜ ਤਕ ਦਿੱਸਦਾ ਸੀ ਐਉਂ ਭਾਸਿਆ ਕਿ ਕੁਛ ਵਿੱਥ ਤੇ ਖੜੋਤਾ ਹੈ, ਪਰ ਐਉਂ ਲਗਾ ਕਿ ਜਿਵੇਂ ਇਹ ਮੈਨੂੰ ਮੈਲਿਆਂ ਕਰ ਰਿਹਾ ਸੀ। ਉਸੇ ਉੱਜਲਤਾਈ ਦੀ ਪ੍ਰਤੀਤੀ ਵਿਚ ਪੀਰ ਨੇ—ਉਸ ਪਰੇ ਜਾ ਖੜੋਤੇ ਸਾਰੇ ਸਮਾਜ ਨੂੰ, ਜਿਸ ਨੂੰ 'ਮੇਰਾ' ਕਿਹਾ ਕਰਦਾ ਸੀ—ਫੇਰ ਖਿਆਲ ਕੀਤਾ 'ਮੇਰਾ' ਹੈ, ਤਾਂ ਕੀ ਤੱਕੇ ਕਿ ਉਹ ਉੱਜਲਤਾ ਘਟਦੀ ਹੈ, ਆਪਾ ਮੈਲਾ ਹੁੰਦਾ ਹੈ। ਫੇਰ ਪੀਰ ਨੇ ਖ਼ਿਆਲ ਕੀਤਾ ਕਿ ਇਹ ਮੇਰਾ ਨਹੀਂ, ਮੈਂ ਇਸ ਤੋਂ ਵੱਖਰਾ ਹਾਂ, ਤੇ ਉੱਜਲਤਾਈ ਹਾਂ, ਤਦ ਪੀਰ ਨੂੰ ਉਸੇ ਤਰ੍ਹਾਂ ਆਪਾ ਉੱਜਲ ਲਗੇ ਤੇ ਮੈਲ ਪਰੇ ਜਾ ਖੜੋਵੇ।

ਉਧਰ ਕਿਸੇ ਪ੍ਰੇਮੀ ਨੇ ਬੜੇ ਪਿਆਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਤੁਕ ਪੜ੍ਹੀ।

---

1. "ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।। ਪੁਨਾ:-ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ।।
2. ਨਾਨਕ ਹੁਕਮੈ ਜੇ ਬੁਝੇ ਤ ਹਉਮੈ ਕਹੈ ਨ ਕੋਇ।। (ਜਪੁਜੀ

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ।। ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀਂ ਬਾਰ।। (ਗਉੜੀ ਰਵਿਦਾਸ)

ਕਿਤਨਾ ਚਿਰ ਇਸ ਤਰ੍ਹਾਂ ਦੇ ਰੰਗ ਵਿਚ ਰਹਿਕੇ ਪੀਰ ਜੀ ਨੇ ਡਿੱਠਾ ਕਿ ਗੁਰੂ ਜੀ ਨੇ ਸਿਰ ਚਾਇਆ ਹੈ ਤੇ ਕਹਿ ਰਹੇ ਹਨ: ਮੇਰੇ ਠਾਠ ਮੇਰੇ ਨਾ ਵੇਖ, ਕਵਿਤਾ ਹੋ ਰਹੀ ਹੈ ਹੁਕਮ ਵਿਚ, ਮੀਰੀ ਹੋ ਰਹੀ ਹੈ ਹੁਕਮ ਵਿਚ, ਪੀਰੀ ਹੋ ਰਹੀ ਹੈ ਹੁਕਮ ਵਿਚ, ਨਾ ਰਾਜ ਭਾਗ ਮੇਰਾ ਹੈ, ਨਾ ਫਕੀਰੀ ਮੇਰੀ ਹੈ, ਨਾ ਕਾਲਸੀ ਦੇ ਰਿਖੀ ਦਾ ਉਧਾਰ, ਨਾ ਜੈਦਰਥ ਤੋਂ ਪ੍ਰਜਾ ਰੱਖਜਾ, ਨਾ ਜਮਨਾਂ ਦੀਆਂ ਤਾਰੀਆਂ, ਨਾ ਕਿਨਾਰੇ ਤੇ ਵੀਣਾਂ ਦੀ ਧੁਨਿ, ਲਾ ਕਵੀ ਸਮਾਜ, ਨਾ ਸੈਰ ਸ਼ਿਕਾਰ ਮੇਰਾ ਹੈ। ਹਾਂ, ਮੇਰਾ ਕੁਛ ਨਹੀਂ। ਜੋ ਹੈ ਸੋ ਹੁਕਮ ਹੈ, ਹੁਕਮ ਦੀ ਖੇਲ ਹੈ, ਸੱਚ ਦਾ ਪ੍ਰਕਾਸ਼ ਹੈ, ਕੂੜ ਦੀਆਂ ਪਾਲਾਂ ਮਨਾਂ ਤੋਂ ਤ੍ਰੁਟਣੀਆਂ ਹਨ ਤੇ ਸਚਿਆਰ ਹੋਣਾ ਹੈ ਜਗ ਨੇ। ਪ੍ਰਜਾ ਦੁੱਖੀ ਹੈ, ਦਰਦ ਤੇ ਜ਼ੁਲਮ ਹੇਠ ਹੈ, ਹੁਕਮ ਦੀ ਖੇਲ ਨੇ ਸੁਖੀ ਕਰਨਾ ਹੈ। ਜੋ ਅਜ ਹੈ ਇਸ ਨਹੀਂ ਰਹਿਣਾ, ਜੋ ਰੰਗ ਹੁਣ ਹੈ ਹੋਰ ਹੋਣਾ ਹੈ, ਦੋਵੇਂ ਹੁਕਮ ਦੇ ਖੇਲ ਹਨ। ਮੈਂ ਹਾਂ, ਸੋ ਮੈਂ ਨਹੀਂ:

ਹੋਂਦਾ ਫੜੀਅਗੁ ਨਾਨਕ ਜਾਣੁ॥ ਨਾ ਹਉ ਨਾ ਮੈਂ ਜੂਨੀ ਪਾਣ॥ (ਮਲਾਰ ਵਾਰ: ਮ: ੧)

ਜਾਗ ਹੇ ਪੀਰ ! ਦਿਨ ਰਾਤ ਰੌ ਰਹੇ ਚਲਦੀ ਅੰਦਰਲੇ ਵਿਚ ਨਾਮ ਦੀ[1]; ਤੇ ਦਿੱਸੇ ਹਰ ਥਾਂ ਨਾਮੀ, ਜੋ ਸੱਚ ਹੈ ਤੇ ਵਿਆਪਕ ਹੈ, ਸਾਰੇ ਹੈ। ਅੰਦਰੋਂ ਹੁਲਾਰੇ ਵਿਚ ਰਹੁ, ਬਾਹਰ ਦਿਦਾਰੇ ਵਿਚ ਰਹੁ, ਕੂੜੀ 'ਮੈਂ' ਦਾ ਦਾਉ ਨਾ ਖਾਹ, ਹੁਕਮ ਪਛਾਣ। ਕਹੁ:-

ਵਾਹਿ, ਵਾਹਿ, ਵਾਹਿ, ਵਾਹਿਗੁਰੂ।

ਪੀਰ ਨੇ ਕਿਹਾ: ਵਾਹ ਵਾਹ, ਵਾਹਿਗੁਰੂ ਵਾਹਿਗੁਰੂ।

ਹੁਣ ਸਿਰ ਤੇ ਪਿਆਰ ਦੇ ਕੇ ਸਤਿਗੁਰਾਂ ਨੇ ਪੀਰ ਜੀ ਨੂੰ ਬਹਾਲ ਲਿਆ। ਉਹ, ਜਿਸ ਨੂੰ ਪੀਰ ਅੰਦਰ ਜੜ੍ਹ ਚੇਤਨ ਦੀ ਗੰਢ ਸਮਝਦਾ ਸੀ, ਦੇਖਦਾ ਹੈ ਕਿ ਮਾਨੋਂ ਹੈ ਨਹੀਂ। ਧਨ, ਦੌਲਤ, ਸਮਾਜ, ਇੱਜ਼ਤ, ਸਭ ਓਪਰੇ ਲੱਗਦੇ ਹਨ। ਵੈਰਾਗ ਹੈ, ਪਰ ਉਹ ਵੈਰਾਗ ਨਹੀਂ ਜਿਸ ਨੂੰ ਹਾਵਾ, ਰੋਣਾ ਤੇ ਤਿਆਗ ਕਹੀਦਾ ਹੈ। ਨਹੀਂ ਹੁਣ ਦਾਨਾ ਤੇ ਪ੍ਰਬੁਧ ਵੈਰਾਗ ਹੈ ! ਆਪ ਆਪੇ ਵਿਚ ਹੈ, ਨਾ 'ਮੈਂ' ਕਹਿੰਦਾ ਹੈ, ਨਾ 'ਮੇਰੀ' ਵਿਚ ਆਪਣੀ ਦੇਖਦਾ ਹੈ। ਉੱਚਾ ਹੈ, ਸੁੱਚਾ ਹੈ, ਅੰਦਰਲੇ ਹੁਸਨ ਵਿਚ ਹੈ। ਆਪਾ ਪ੍ਰਕਾਸ਼ਮਾਨ ਹੈ, ਆਪ ਆਪੇ ਦੇ ਕੇਂਦਰ ਵਾਹਿਗੁਰੂ ਦੇ ਵਸਲ ਵਿਚ ਹੈ, ਕੰਤ ਨਾਲ ਧਨ ਮਿਲੀ ਹੈ ਤੇ ਪੇਕਾ ਤੇ ਪੇਕੇ ਘਰ ਦੀਆਂ ਖੇਡਾਂ ਸਭ ਆਪੇ ਦੂਰ ਹੋ ਗਈਆਂ ਹਨ। ਵਿਆਹ ਹੁੰਦੇ ਸਾਰ ਪੇਕੇ ਘਰ ਨਾਲ ਸੁਤੇ ਵੈਰਾਗ ਹੋ ਗਿਆ ਹੈ ਹਾਂ ਅੰਦਰ ਸੱਚ ਨਾਲ ਰਾਗ ਆਇਆ ਹੈ, ਜਗਤ ਨਾਲ ਵੈਰਾਗ ਹੋ ਗਿਆ ਹੈ। ਪਹਿਲਾਂ ਜੋ ਜੀਵਨ ਸੀ, ਹਰ ਘੜੀ, ਹਰ ਛਿਨ ਮਰ ਰਿਹਾ ਸੀ, ਹੁਣ ਹਰ ਛਿਨ ਹਰ ਘੜੀ ਜੀਉ ਰਿਹਾ ਹੈ।

ਸੂਚਨਾ—ਰਿਆਸਤ ਨਾਹਨ ਵਿਚ ਇਕ ਟਿਕਾਣਾ ਹੈ ਭੰਗਾਣੀ, ਜਮਨਾਂ ਦੇ ਇਸ ਕਿਨਾਰੇ, ਪਾਰਲੇ ਪਾਸੇ ਚੂਹੜਪੁਰ ਗ੍ਰਾਮ ਹੈ ਜੋ ਚਕਰਾਤਾ ਜਾਣ ਵਾਲੀ ਸੜਕ ਦੇ ਉਤੇ ਕਾਲਸੀ ਤੋਂ ਕੁਛ ਮੀਲ ਉਰੇ ਹੈ। ਚੂਹੜਪੁਰ ਤੇ ਭੰਗਾਣੀ ਜਮਨਾ ਦਾ ਰਾਜ ਪੱਤਣ ਹੈ। ਇਸ ਭੰਗਾਣੀ ਵਾਲੇ ਟਿਕਾਣੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਾੜੀ ਰਾਜਿਆਂ ਨੇ ਮੱਲੋ ਮੱਲੀ ਜੁੱਧ ਕੀਤਾ ਜੋ ਗੜਵਾਲ ਤੋਂ ਵਿਆਹ ਕਰਕੇ ਮੁੜੇ ਆ ਰਹੇ ਸੇ। ਜੁੱਧ ਦਾ ਹਾਲ ਅਗਲੇ ਪ੍ਰਸੰਗ ਵਿਚ ਹੈ।

## ੧੨. ਜੁੱਧ ਭੰਗਾਣੀ[2]।

੧.

**ਹਿਮਾਲਯ** ਦੇ ਪਹਾੜਾਂ ਨੂੰ ਛੱਡ ਕੇ ਜਮਨਾ ਸਿਰ ਮੌਰ ਤੇ ਡੇਹਰੇ ਦੀ ਦੂਨ ਦੇ ਵਿਚਕਾਹੇ ਜਿਹੇ ਵਗਦੀ ਸ਼ਿਵਾਲਕ ਦੇ ਪੈਰ ਆ ਚੁੰਮਦੀ ਹੈ ਤੇ ਇਸ ਦੇ ਇਕ ਪਖ ਜੇਹੇ ਦੀ ਮਾਨੋ ਪਰਕ੍ਰਮਾ ਕਰਕੇ ਮੈਦਾਨਾਂ ਵਿਚ ਜਾ ਨਿਕਲਦੀ ਹੈ। ਇਸ ਘੁਮਾਟੀ ਖਾਣ ਵਾਲੇ ਥਾਂ ਪੱਛਮੀ ਪਾਸੇ ਪਾਉਂਟਾ ਨਵਾਂ ਹੀ ਬਸਿਆ ਟਿਕਾਣਾ ਹੈ। ਨਵਾਂ ਹੈ, ਪਰ ਰੌਣਕਦਾਰ। ਪਹਿਲੋਂ ਹੀ ਕੁਦਰਤ ਨੇ ਇਸ ਨੂੰ ਰਮਣੀਕ ਬਣਾਇਆ ਹੈ, ਹੁਣ ਕੁਦਰਤ ਦੇ ਰਸੀਏ ਨੇ ਇਸ ਨੂੰ ਚਾਰ ਚੰਦ ਲਾ ਦਿੱਤੇ ਹਨ। ਇਸ ਮੋੜ ਤੇ ਹਰੇ ਹਰੇ ਕਚਾਹ ਵਹਿੰਦੇ ਰੰਗ ਦਾ ਨਿਰਮਲ ਪ੍ਰਵਾਹ ਅਚਰਜ ਤੇਜ਼ੀ

1. ਤਿਸਕਾ ਹੁਕਮ ਬੂਝਿ ਸੁਖੁ ਹੋਇ।। ਤਿਸਕਾ ਨਾਮੁ ਰਖੁ ਕੰਠਿ ਪਰੋਇ।। (ਸੁਖਮਨੀ

2. ਇਹ ਪ੍ਰਸੰਗ ਗੁਰਪੁਰਬ ਸਪਤਮੀ ਸੰ: ਗੁ: ਨਾ: ਸਾ: ੪੭੦ (੧੯੩੯ ਈ) ਪਰ ਟ੍ਰੈਕਟ ਵਿਖੇ ਪ੍ਰਕਾਸ਼ਿਆ ਸੀ।

ਨਾਲ ਜਾਂਦਾ ਮਨ ਨੂੰ ਮੋਂਹਦਾ ਹੈ। ਅਜ ਜਮੁਨਾ ਤੋਂ ਪਾਰ ਪੂਰਬਲੇ ਕਿਨਾਰੇ ਵਟਿਆਂ ਵਰਗੇ ਪੱਥਰਾਂ ਦੇ ਨਾਲ ਵਿਛੇ ਮੈਦਾਨ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜੰਗੀ ਸਭਾ ਲਗ ਰਹੀ ਹੈ। ਚੋਣਵੇਂ ਸਿਰਕਰਦੇ ਬੈਠੇ ਹਨ ਤੇ ਵਿਚਾਰ ਹੋ ਰਹੀ ਹੈ। ਪਹਿਲੇ ਸੋਚ ਹੁੰਦੀ ਰਹੀ ਕਿ ਕਿਉਂ ਹੱਲਾ ਹੋਣ ਲੱਗਾ ਹੈ[1], ਫੇਰ ਵਿਚਾਰ ਛਿੜੀ ਕਿ ਕਿਵੇਂ ਰਾਜਿਆਂ ਵਲੋਂ ਆ ਰਹੇ ਹਮਲੇ ਦੇ ਮੁਕਾਬਲੇ ਤੇ ਟਾਕਰਾ ਕਰਨਾ ਹੈ, ਜਿਸ ਵਿਚ ਜੀਤ ਹੋਵੇ ਅਤੇ ਆਪਣਾ ਨੁਕਸਾਨ ਘੱਟ ਹੋਵੇ। ਸਭ ਤੋਂ ਪਹਿਲੀ ਗੱਲ ਸੀ ਮੈਦਾਨ ਜੰਗ ਦਾ ਟਿਕਾਣਾ ਚੁਣਨੇ ਦੀ, ਸੋ ਇਸ ਵਿਚਾਰ ਹੁੰਦੀ ਵਿਚ ਦਇਆ ਰਾਮ ਬ੍ਰਾਹਮਣ, ਜੋ ਗੁਰੂ ਕੇ ਸੂਰਮਿਆਂ ਵਿਚੋਂ ਇਕ ਸੀ, ਬੋਲਿਆ--ਹੇ ਪ੍ਰਭੂ ! ਅਸੀਂ ਪਾਉਂਟੇ ਨੂੰ ਜੁੱਧ ਟਿਕਾਣਾ ਨਾ ਬਣਾਈਏ, ਜੋ ਆਪਣਾ ਤੇ ਅਪਣੇ ਵਸਾਏ ਨਗਰ ਵਾਸੀਆਂ ਦਾ ਨੁਕਸਾਨ ਕੁਛ ਨਾ ਹੋਵੇ। ਤਦ ਮਾਮਾ ਕ੍ਰਿਪਾਲ ਚੰਦ ਜੀ ਬੋਲੇ--ਇਸ ਥਾਂ ਤੋਂ ਛੇ ਕੋਹ ਉਪਰ ਭੰਗਾਣੀ ਦੇ ਟਿਕਾਣੇ ਜਿਥੇ ਪਾਰਲੇ ਪਾਸੇ ਚੂੜ੍ਹਪੁਰ ਗ੍ਰਾਮ ਹੈ, ਜੰਗ ਮਚਾਇਆ ਜਾਵੇ। ਉਹ ਹੈ ਵੱਡਾ ਪੱਤਣ, ਉਥੇ ਓਨ੍ਹਾਂ ਨੇ ਇਸ ਉਰਾਰ ਆਕੇ ਸਾਡੇ ਪਾਉਂਟੇ ਤੇ ਧਾਈ ਕਰਨੀ ਹੈ, ਅਸੀਂ ਉਥੇ ਹੀ ਉਨ੍ਹਾਂ ਨੂੰ ਰੋਕੀਏ। ਜਮਨਾ ਦੇ ਕਿਨਾਰੇ ਖੁੱਲ੍ਹਾ ਲੰਮਾ ਮੈਦਾਨ ਹੈ, ਫਿਰ ਕੁਛ ਚੜਾਈ ਹੈ ਉਹ ਚੜ੍ਹਕੇ ਖੁੱਲ੍ਹਾ ਮੈਦਾਨ ਹੈ, ਅਸੀਂ ਉਨ੍ਹਾਂ ਨੂੰ ਇਸ ਮੈਦਾਨੇ ਨਾ ਚੜ੍ਹਨ ਦੇਵੀਏ, ਇਹ ਅਸੀਂ ਹੁਣੇ ਮੱਲ ਲਈਏ ਤੇ ਉਹ ਹੇਠਲੇ ਮੈਦਾਨ ਵਿਚ ਹੀ ਰਹਿਣ। ਘਾਟਾ ਲਈਏ ਬਣਾ, ਉਤੋਂ ਮਾਰੀਏ ਗੋਲੀਆਂ ਤੇ ਤੀਰ, ਫੇਰ ਹੱਲਾ ਕਰੀਏ ਹੇਠਾ ਘਾਟ[1] ਤੋਂ ਜਾਕੇ। ਇਸ ਰਸਤੇ ਹੀ ਕੁਮਕਾਂ ਘੱਲੀਏ।

ਮਾਮਾ ਜੀ ਦੀ ਇਹ ਵਿਉਂਤ ਸਾਹਿਬਾਂ ਨੇ ਸਲਾਹੀ ਤੇ ਹੋਰ ਜਥੇਦਾਰਾਂ ਦੇ ਬੀ ਪਸੰਦ ਆਈ। ਇਸ ਤੋਂ ਉਪਰੰਤ ਜਥਿਆਂ ਦੀ ਵੰਡ, ਸਾਮਾਨ ਦੀ ਜਾਂਚ ਪੜਤਾਲ ਪਰ ਵੀਚਾਰ ਹੋਈ। ਇਸ ਵੇਲੇ ਨੰਦ ਚੰਦ ਨੇ ਦੱਸਿਆ ਕਿ ਇਕ ਸਿੱਖ ਬਹੁਤ ਘੋੜੇ ਕੱਠੇ ਕਰਕੇ ਆਪ ਵਾਸਤੇ ਲਿਆ ਰਿਹਾ ਸੀ, ਭੀਮ ਚੰਦ ਨੇ ਪਤਾ ਲੱਗ ਜਾਣ ਕਰਕੇ ਉਨ੍ਹਾਂ ਵਲੋਂ ਕੁਛ ਰੋਕ ਦਾ ਵੀਚਾਰ ਹੋਇਆ, ਪਰ ਅਸੀਂ ਆਪਣੇ ਸਵਾਰਾਂ ਸਮੇਤ ਪਹੁੰਚ ਪਏ ਸੋ ਉਨ੍ਹਾਂ ਨੂੰ ਉਤਾਵਲ ਨਾਲ ਭਜਾ ਕੇ ਨਾਲ ਲੈ ਆਏ ਹਾਂ। ਇਸ ਗਲ ਨਾਲ ਸਤਿਗੁਰ ਜੀ ਪ੍ਰਸੰਨ ਹੋਏ ਤੇ ਹੁਕਮ ਦਿੱਤਾ ਕਿ ਇਹ ਘੋੜੇ ਸਿੱਖ ਸੌਦਾਗਰ ਤੋਂ ਲੈ ਲਏ ਜਾਣ ਤੇ ਕੱਲ ਇਨ੍ਹਾਂ ਦੀ ਵੰਡ ਸੂਰਮਿਆਂ ਪ੍ਰਤੀ ਕਰਾਂਗੇ। ਫਿਰ ਵੈਰੀ ਦਲ ਦੀ ਸੈਨਾ ਤੇ ਉਨ੍ਹਾਂ ਪਾਸ ਸਾਮਾਨ ਦੀ ਵੀਚਾਰ ਹੋਈ। ਚਾਹੇ ਇਹ ਅੰਦਾਜ਼ਾ ਆਪਣੀ ਸੈਨਾ ਤੋਂ ਬਹੁਤ ਵਧੀਕ ਸੀ, ਪਰੰਤੂ ਆਪਣੀ ਬੀਰਤਾ ਤੇ ਜੰਗੀ ਵਿਉਂਤਾਂ ਦੀ ਪ੍ਰਬਲਤਾ ਤੇ ਸਾਂਈਂ ਭਰੋਸੇ ਦੇ ਆਸਰੇ ਨਿਸ਼ਚਿਤ ਜੀਤ ਤੇ ਕਿਸੇ ਨੂੰ ਸ਼ੱਕ ਨਹੀਂ ਸੀ ਤੇ ਨਾ ਇਹ ਭਾਵ ਇਸਤਰ੍ਹਾਂ ਦਾ ਮਦ ਸੀ ਕਿ ਜਿਸ ਵਿਚ ਬੁੱਧੀ ਤੇ ਬੱਲ ਬੇਪ੍ਰਵਾਹ ਹੋ ਕੇ ਮਨੋਰਥ ਹੀ ਗੁਆ ਲੈਂਦੇ ਹਨ। ਸਾਰੇ ਮਾਮਲੇ ਤੇ ਵਿਚਾਰ ਮਗਰੋਂ ਉਠੇ, ਕਿਨਾਰੇ ਤੇ ਆਏ, ਅਗੇ ਬੇੜੀਆਂ ਤਿਆਰ ਸਨ, ਸਾਰੇ ਚੜ੍ਹਕੇ ਉਰਾਰ ਪਾਉਂਟੇ ਆ ਗਏ। ਜਦ ਕਿਲ੍ਹੇ ਵਿਚ ਅੱਪੜੇ, ਜੋ ਕੱਚੀ ਗੜ੍ਹੀ ਵਾਂਙੂ ਉੱਥੇ ਬਣਾ ਲਿਆ ਹੋਇਆ ਸੀ ਤਾਂ ਦੂਸਰਾ ਸੂੰਹੀਆ ਆ ਗਿਆ, ਜਿਸ ਨੇ ਦੱਸਿਆ ਕਿ ਫਤਹਸ਼ਾਹ ਦੇ ਟਿਕਾਣੇ ਤਿਆਰੀ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਇਸ ਤੋਂ ਵੈਰੀ ਦਲ ਤੇ ਸਾਮਾਨ ਦਾ ਹੋਰ ਅੰਦਾਜ਼ਾ ਭੀ ਲਗ ਗਿਆ। ਇਸ ਨੇ ਇਹ ਭੀ ਦੱਸਿਆ ਕਿ ਫੌਜ ਤੋਂ ਛੁਟ ਪਿੰਡਾਂ ਦੀ ਛੇੜ ਬੀ ਕੱਠੀ ਹੋ ਰਹੀ ਹੈ ਜੋ ਗਿਣਤੀ ਨੂੰ ਹੋਰ ਵਧਾਵੇਗੀ।

---

1. ਭੰਗਾਣੀ ਦਾ ਜੁੱਧ ਪਹਿਲਾ ਜੁੱਧ ਹੈ ਗੁਰੂ ਜੀ ਦਾ। ਕਿਉਂ ਹੋਇਆ। ਗੁਰੂ ਜੀ ਲਿਖਦੇ ਹਨ--"ਫਤੇ ਸ਼ਾਹ ਕੋਪਾ ਬਡ ਰਾਜਾ। ਲੋਹ ਪਰਾ ਹਮ ਸੋਂ ਬਿਨ ਕਾਜਾ।" ਅਰਥਾਤ ਬਿਨਾ ਕਿਸੇ ਕਾਰਣ ਉਸਨੇ ਹੱਲਾ ਕੀਤਾ ਸਾਡੇ ਉਤੇ। ਸੂ ਪ੍ਰ: ਦਸਦਾ ਹੈ ਕਿ ਭੀਮਚੰਦ ਕਹਲੂਰੀਏ ਨੇ ਫਤੇ ਸ਼ਾਹ ਨੂੰ ਚੁਕਿਆ ਤੇ ਹੋਰ ਰਾਜੇ ਵੰਗਾਰੇ ਤੇ ਜੁੱਧ ਹੋਇਆ, ਪਰ ਇਕ ਪੁਰਾਤਨ ਸ਼ੈ ਹੈ 'ਜੰਗਨਾਮਾ ਗੁਰੂ ਗੋਬਿੰਦ ਸਿੰਘ'। ਇਹ ਇਕ ਵਾਰ ਵਾਂਙ ਹੈ। ਇਹ ਦੱਸਦਾ ਹੈ ਕਿ ਔਰੰਗਜ਼ੇਬ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਰਨਾ ਚਾਹੁੰਦਾ ਹੈ, ਇਸੇ ਦੀ ਤਜਵੀਜ਼ ਸੀ ਰਾਜਿਆਂ ਨੂੰ ਲੜਾਉਣ ਦੀ, ਹਯਾਤ ਖਾਂ ਨੂੰ ਘਲਣਾ ਬੀ ਔਰੰਗਜ਼ੇਬ ਦਾ ਹੀ ਲਿਖਿਆ ਹੈ। ਜਦ ਸ਼ਾਹ ਦੇ ਘਰ ਵਿਚ ਖ਼ਬਰ ਹੁੰਦੀ ਹੈ ਤਾਂ ਸ਼ਹਜ਼ਾਦੀ ਜੇਬੁੱਨਿਸਾਂ ਮਨ੍ਹਾਂ ਕਰਦੀ ਹੈ ਕਿ ਗੁਰੂ ਜੀ ਨਾਲ ਨਾ ਲੜੀਂ। ਇਸ ਜੰਗਨਾਮੇ ਵਿਚ ਹਾਲ ਭੰਗਾਣੀ ਦੇ ਜੁੱਧ ਦਾ ਹੀ ਹੈ। ਸੋ ਅਸਲ ਕਾਰਣ ਰਾਜਿਆਂ ਨੂੰ ਔਰੰਗਜ਼ੇਬ ਦੀ ਚੁੱਕ ਜਾਪਦੀ ਹੈ। ਯਥਾ--ਮੈਂ ਲਿਖ ਘੱਲਾਂ ਵਲ ਰਜਿਆਂ ਜੇ ਹੈਂ ਸਿਰਕਰਦਾ।। ੧੩।। ਔਰੰਗਜ਼ੇਬ ਦੇ ਗੁਰੂ ਜੀ ਨਾਲ ਵਿਗੜੇ ਹੋਣ ਬਾਬਤ ਗੁਰੂ ਜੀ ਦੇ ਪਾਉਂਟੇ ਆਉਣ ਤੋਂ ਪਹਿਲਾਂ ਸੂਰਜ ਪ੍ਰਕਾਸ਼ ਤੋਂ ਬੀ ਸੂੰਹ ਮਿਲਦੀ ਹੈ। ਯਥਾ--'ਉਤੇ ਹਜ਼ਰਤ ਬਿਗਰਜੋ ਇਨ ਸੰਗਾ। (ਸੂਰਜ ਪ੍ਰਕਾਸ਼)

1. ਇਹ ਘਾਟਾ(ਢਲਾਨ) ਹੁਣ ਤਕ ਬਣਿਆ ਉਸੇ ਤਰ੍ਹਾਂ ਹੈ ਇਸ ਦੇ ਉਪਰ ਵਧਵਾਂ ਟਿਕਾਣਾ ਹੈ ਜਿਥੋਂ ਗੁਰਾਂ ਨੇ ਤੀਰ ਮਾਰੇ ਸਨ, ਉਥੇ ਬ੍ਰਿਛ ਬੀ ਖੜਾ ਹੈ।

ਇਹ ਸੁਣਕੇ ਗੁਰੂ ਜੀ ਸਮਝੇ ਕਿ ਇਹ ਅਣਸਿੱਖੀ ਭੀੜ ਹੀ ਅਕਸਰ ਹਾਰ ਦਾ ਕਾਰਣ ਬਣ ਜਾਇਆ ਕਰਦੀ ਹੈ। ਜਿਸ ਵੇਲੇ ਪਵੇ ਲੁੱਟ ਤਾਂ ਇਹ ਲੁੱਟਦੀ ਸ਼ਰੀਕ ਸਭ ਤੋਂ ਅਗੇ ਤੇ ਜੇ ਪੈਰ ਖਿਸਕਣ ਤਾਂ ਇਹ ਨੱਸਣ ਵਿਚ ਸਭ ਤੋਂ ਮੁਹਰੇ। ਫਿਰ ਆਪ ਜੀ ਨੇ ਪੁਛਿਆ ਕਿ ਉਧਰ ਸੈਨਾ ਦੇ ਆਗੂ ਕੌਣ ਕੌਣ ਨਿੱਤਰੇ ਹਨ ? ਤਾਂ ਉਸ ਨੇ ਦੱਸਿਆ ਕਿ ਹਨ ਤਾਂ ਕਈ, ਪਰ ਮੁਖੀਏ ਇਹ ਹਨ : ਫਤਹਸ਼ਾਹ ਆਪ ਲੜੇਗਾ, ਹਰੀ ਚੰਦ ਗਾਜ਼ੀਚੰਦ ਕੁਲੂਪਤਿ, ਰਾਮ ਸਿੰਘ ਜੰਮੂ, ਸਾਹਿਬ ਚੰਦ ਮਧੁਕਰ ਜਸਵਾਰੀਆ, ਡਢਵਾਰੀਆ ਤੇ ਕਟੋਚੀਆ ਕਿਰਪਾਲ[1], ਇਨ੍ਹਾਂ ਤੋਂ ਛੁਟ ਗੁਲੇਰ ਦਾ ਭੁਪਾਲ ਕੋਟ ਲੇਹਰ ਆਦਿ ਦੇ ਹੋਰ ਕਈ ਰਾਜੇ ਸਨ।

੨.

ਹੋ ਚੁਕੀ ਵਿਉਂਤ ਮੁਜਬ ਇਕ ਨਿਕਾ ਜਿਹਾ ਜਥਾ ਤਾਂ ਪਾਰ ਚਲਾ ਗਿਆ, ਜੋ ਵੈਰੀ ਦਲ ਦੀ ਪੂਰੀ ਸੂੰਹ ਲੈਂਦਾ ਤੇ ਭੇਜਦਾ ਰਹੇ। ਕੁਛ ਜਥੇ ਭੰਗਾਣੀ ਚਲੇ ਗਏ ਜੋ ਥਾਂ ਦੇਖ ਕੇ ਡੇਰੇ ਪਾਉਣ ਤੇ ਰਸਤਾਂ ਦੇ ਸਾਮਾਨ ਘੋੜੇ ਬੰਨ੍ਹਣ ਤੇ ਸਿਲਹ-ਖਾਨਾ ਟਿਕਾਉਣ ਦੇ ਪ੍ਰਬੰਧ ਕਰਨ। ਸਾਰੇ ਦਲ ਵਿਚ ਜਦੋਂ ਤਿਆਰੀ ਦਾ ਹੁਕਮ ਪਹੁੰਚ ਗਿਆ ਤਾਂ ਹੁਕਮ ਅਨੁਸਾਰ ਤਿਆਰੇ ਆਰੰਭ ਹੋ ਗਏ। ਗੁਰੂ ਜੀ ਦੀ ਸੈਨਾ ਵਿਚ ਪੰਜ ਸੌ ਪਠਾਣ ਜੁਆਨ ਸੀ, ਇਨ੍ਹਾਂ ਨੂੰ ਗੁਰੂ ਜੀ ਨੇ ਨੌਕਰ ਰੱਖ ਲਿਆ ਹੋਇਆ ਸੀ, ਜਾਪਦਾ ਹੈ ਕਿ ਇਸ ਵਿਆਹ ਪਰ ਭੀਮ ਚੰਦ ਵਲੋਂ ਜੰਗ ਹੋ ਪੈਣ ਦਾ ਅਨੁਮਾਨ ਗੁਰੂ ਜੀ ਨੂੰ ਪਹਿਲੋਂ ਤੋਂ ਹੀ ਲਗ ਰਿਹਾ ਸੀ, ਇਸ ਲਈ ਜੰਗ ਦਾ ਸਾਮਾਨ ਤੇ ਨਫਰ ਦੋਏ ਵਧਾਏ ਜਾ ਰਹੇ ਸਨ। ਇਨ੍ਹਾਂ ਪਠਾਣਾਂ ਦੀ ਜੋ ਕਥਾ ਹੈ ਸੋ ਇਹ ਹੈ ਏਹ ਔਰੰਗਜ਼ੇਬ ਦੇ ਨੌਕਰ ਸਨ ਤੇ ਕਿਸੇ ਖ਼ਤਾ ਕਰਕੇ ਉਸ ਨੇ ਆਪਣੀ ਨੌਕਰੀ ਤੋਂ ਕੱਢ ਦਿੱਤੇ ਸਨ। ਇਨ੍ਹਾਂ ਦਾ ਵਤਨ ਦਾਮਲਾ(ਕਰਨਾਲ ਦੇ ਜ਼ਿਲੇ ਵਿਚ) ਸੀ, ਬੇਨੌਕਰ ਹੋਏ ਇਹ ਸਢੌਰੇ ਆਏ ਤੇ ਆਪਣੇ ਪੀਰ ਬੁਧੂਸ਼ਾਹ ਨੂੰ ਮਿਲੇ। ਉਸ ਦੀ ਸਿਪਾਰਸ਼ ਨਾਲ ਇਹ ਪਾਉਂਟੇ ਅੱਪੜੇ ਤੇ ਗੁਰੂ ਜੀ ਨੇ ਨੌਕਰ ਰੱਖ ਲਏ।[2] ਇਨ੍ਹਾਂ ਪੰਜ ਸੌ ਪਠਾਣਾਂ ਦੇ ਸਰਦਾਰਾਂ ਦੇ ਨਾਮ ਇਹ ਸਨ; ਭੀਖਨ ਖਾਂ, ਕਾਲੇ ਖਾਂ, ਨਿਜਾਬਤ ਖਾਂ, ਹਯਾਤ ਖਾਂ[3] ਅਤੇ ਪੰਜਵੇਂ ਦਾ ਨਾਉਂ ਸੀ ਜਵਾਹਰ ਖਾਂ[4]। ਇਹ ਸਰਦਾਰ ਆਪਣੇ ਸਵਾਰਾਂ ਸਣੇ ਤਨਖਾਹਾਂ ਲੈਂਦੇ ਜੰਗੀ ਕਰਤਵ ਕਰਦੇ ਰਹੇ। ਅੱਜ ਦਲਾਂ ਵਿਚ ਜੰਗ ਦੀ ਤਿਆਰੀ ਦਾ ਹੁਕਮ ਹੋਇਆ ਤਾਂ ਇਨ੍ਹਾਂ ਨੇ ਮਿਲਕੇ ਮਸਲਤ ਕੀਤੀ ਕਿ ਜੰਗ ਵਿਚ ਅਸੀਂ ਨਾ ਰਲੀਏ ਤੇ ਖਿਸਕ ਚੱਲੀਏ, ਸੋ ਕਈ ਗੋਂਦਾਂ ਗੁੰਦਕੇ ਅਗਲੇ ਦਿਨ ਗੁਰੂ ਕੀ ਸੇਵਾ ਵਿਚ ਹਾਜ਼ਰ ਹੋਏ ਤੇ ਛੁਟੀ ਮੰਗਣ ਲੱਗੇ। ਇਸ ਵੇਲੇ ਇਹ ਖ਼ਬਰ ਸੁਖਦਾਈ ਕਿਵੇਂ ਬੀ ਨਹੀਂ ਸੀ ਹੋ ਸਕਦੀ, ਪਰ ਗੁਰੂ ਕਿਆਂ ਵਲੋਂ ਇਨ੍ਹਾਂ ਨੂੰ ਸਮਝੌਤੇ ਦਿੱਤੇ ਗਏ ਤੇ ਤਨਖਾਹਾਂ ਵਧਾਉਣ ਦਾ ਵੀ ਭਰੋਸਾ ਦਿੱਤਾ ਗਿਆ, ਇਥੋਂ ਤਾਈਂ ਕਿ ਤਨਖਾਹ ਪੰਜ ਗੁਣੀ ਕਰ ਦੇਣੀ ਕਹੀ, ਪਰ ਉਨ੍ਹਾਂ ਨੇ ਇਕ ਨਾ ਮੰਨੀ। ਸੰਗੋ ਸ਼ਾਹ ਨੇ ਅਖੀਰ ਇਹ ਭੀ ਆਖਿਆ ਕਿ ਜੇ ਜਿੱਤਕੇ ਆਏ ਤਾਂ ਇਕ ਇਕ ਢਾਲ ਮੁਹਰਾਂ ਦੀ ਭਰਕੇ ਦਿਆਂਗੇ, ਤਦ ਭੀ ਨਾ ਮੰਨੇ ਤਦ ਸੰਗੋਸ਼ਾਹ ਨੇ ਆਕੇ ਗੁਰੂ ਜੀ ਨੂੰ ਕਿਹਾ ਕਿ ਹੁਣ ਉਹ ਰਖਣੇ ਜੋਗ ਨਹੀਂ, ਹੁਕਮ ਹੋਵੇ ਤਾਂ ਲੁੱਟ ਕੁੱਟ ਕੇ ਕੱਢ ਦੇਈਏ ? ਤਾਂ ਸਤਿਗੁਰੂ ਜੀ ਬੋਲੇ ਲੁਟੋ ਕੁਟੋ ਨਹੀਂ ਤੇ ਜਾਣ ਦਿਓ। ਸੋ ਇਉਂ ਉਹ ਚਲੇ ਗਏ। ਗਏ ਸਨ ਇਹ ਕਹਿਕੇ ਕਿ ਘਰਾਂ ਨੂੰ ਚੱਲੇ ਹਾਂ, ਪਰ ਥੋੜੀ ਦੂਰ ਜਾ ਕੇ ਜਮਨਾ ਪਾਰ ਹੋ ਗਏ ਤੇ ਗੜ੍ਹਵਾਲ ਦੇ ਰਸਤੇ ਪੈ ਗਏ ਅਰ ਰਾਜਿਆਂ ਨੂੰ ਜਾ ਮਿਲੇ।[5] ਇਨ੍ਹਾਂ ਵਿਚੋਂ ਇਕ ਕਾਲੇਖਾਂ ਅਪਣੇ ਜਥੇ ਸਮੇਤ ਰਹਿ ਗਿਆ। ਇਹ ਆਪਣੇ ਸਾਥੀਆਂ ਨੂੰ ਬੀ ਨਿਮਕ ਹਰਾਮ ਹੋਣੋਂ ਵਰਜਦਾ ਰਿਹਾ, ਜਦ ਉਹ ਨਾ ਮੰਨੇ ਤਾਂ ਇਹ ਨਾਲ ਨਾ ਗਿਆ ਤੇ ਨਿਮਕ ਹਲਾਲੀ ਲਈ ਚਰਣ ਸ਼ਰਣ ਰਹਿ ਪਿਆ[6]। ਗੁਰੂ ਜੀ ਨੇ ਜਦ ਇਹ ਗੱਲ ਸੁਣੀ ਤਾਂ ਉਸ ਨੂੰ ਬੀ

---

1. ਗੁ: ਬਿ: ਭਾ: ਮਨੀ ਸਿੰਘ। 2. ਜੰਗਨਾਮਾਂ (ਯਾ ਵਾਰ) ਗੁਰ ਗੋਬਿੰਦ ਸਿੰਘ ਜੀ ਤੋਂ ਪਤਾ ਲਗਦਾ ਹੈ ਕਿ ਹਯਾਤ ਖਾਂ ਇਨ੍ਹਾਂ ਪਠਾਣਾਂ ਦਾ ਸਰਦਾਰ ਔਰੰਗਜ਼ੇਬ ਦੇ ਲਿਖੇ ਤੇ ਗੁਰੂ ਵਿਰੁਧ ਲੜਨ ਨੂੰ ਆਇਆ ਹੈ। ਕੀ ਜਾਣੀਏਂ ਇਹ ਨੌਕਰ ਹੀ ਦਗੇ ਲਈ ਹੋਏ ਹੋਣ। ਯਾ ਇਸ ਵੇਲੇ ਸ਼ਾਹੀ ਇਸ਼ਾਰੇ ਆ ਜਾਣ ਤੇ ਬੇਈਮਾਨ ਹੋ ਕੇ ਵੈਰੀ ਦਲ ਨਾਲ ਜਾ ਰਲੇ ਹੋਣ।

3. ਗੁ: ਪ੍ਰ: ਸੂ: ਪੰਨਾ ੪੭੦੦। 4. ਇਹ ਨਾਮ ਪੰਜਵਾਂ ਬੂਟੇਸ਼ਾਹ ਨੇ ਦਿੱਤਾ ਹੈ, ਗੁ: ਪ੍ਰ: ਸੂ: ਵਿਚ ਨਹੀਂ ਹੈ।

5. ਤਵਾ: ਖਾ: ਵਿਚ ਲਿਖਿਆ ਹੈ ਕਿ ਪਠਾਣਾਂ ਨੂੰ ਰਾਜਿਆਂ ਨੇ ਵਰਗਲਾ ਲਿਆ ਸੀ। 6. ਗੁ: ਪ੍ਰ: ਸੂ: ਵਿਚ ਇਸ ਤਰ੍ਹਾਂ ਹੀ ਲਿਖਿਆ ਹੈ, ਪਰ ਬੂਟੇ ਸ਼ਾਹ ਲਿਖਦਾ ਹੈ ਕਿ ਸਾਰੇ ਹੀ ਬੇਈਮਾਨ ਹੋ ਗਏ ਸਨ।

ਚਲੇ ਜਾਣ ਲਈ ਸੁਨੇਹਾ ਘੱਲਿਆ, ਪਰ ਉਹ ਨਾ ਗਿਆ, ਤਦ ਗੁਰੂ ਜੀ ਨੇ ਸਨਮੁਖ ਬੁਲਾਕੇ ਕੁਛ ਇਨਾਮ ਦਿੱਤਾ ਤੇ ਕਿਹਾ ਕਿ ਤੈਨੂੰ ਖੁਸ਼ੀ ਨਾਲ ਟੋਰਦੇ ਹਾਂ, ਤੇਰੇ ਤੇ ਕਿਸੇ ਗੱਲੇ ਨਾਰਾਜ਼ ਨਹੀਂ ਹਾਂ। ਸੋ ਗੁਰੂ ਦਾ ਹੁਕਮ ਮੰਨ ਕੇ ਕਿਸੇ ਹੋਰ ਥਾਂ ਚਲਾ ਗਿਆ, ਪਰ ਵੈਰੀ ਦਲ ਨਾਲ ਜਾ ਕੇ ਉਹ ਨਹੀਂ ਮਿਲਿਆ। ਪਠਾਣ, ਜੋ ਫਤਹਸ਼ਾਹ ਦੇ ਦਲ ਵਿਚ ਜਾ ਮਿਲੇ ਸਨ, ਉਨ੍ਹਾਂ ਨਾਲ ਫਤਹਸ਼ਾਹ ਨੇ ਅਹਿਦ ਕਰ ਲਿਆ ਸੀ ਕਿ ਤਨਖਾਹਾਂ ਤੇ ਹੋਰ ਇਨਾਮ ਤੋਂ ਵੱਖਰੇ ਫਤਹ ਹੋ ਗਈ ਤਾਂ ਤੁਸਾਂ ਨੂੰ ਲੁੱਟ ਮਾਫ ਹੋਵੇਗੀ। ਇਹ ਲੁੱਟ ਦੀ ਮਾਫੀ ਦਾ ਲਾਲਚ ਅਕਸਰ ਵੇਰ ਦੁਨੀਆਂ ਦੇ ਇਤਿਹਾਸ ਵਿਚ ਜੰਗੀ ਜ਼ੋਰਾਵਰਾਂ ਨੇ ਵਰਤਿਆ ਹੈ, ਜਿਸ ਨਾਲ ਨੀਵੇਂ ਭਾਵਾਂ ਤੋਂ ਜੋਸ਼ ਵਿਚ ਇਕ ਵਾਧਾ ਹੋ ਜਾਂਦਾ ਹੈ। ਪਠਾਣਾਂ ਨੂੰ ਗੁਰੂ ਘਰ ਦਾ ਹੁਣ ਤਕ ਸਾਰਾ ਪਤਾ ਲਗ ਚੁਕਾ ਹੋਇਆ ਸੀ ਤੇ ਉਹ ਖੁਸ਼ ਸਨ ਕਿ ਸਾਰਾ ਖ਼ਜਾਨਾ ਅਸਾਂ ਜਾਂਦੇ ਸਾਰ ਨੱਪ ਲੈਣਾ ਹੈ ਤੇ ਉਮਰਾ ਲਈ ਅਮੀਰ ਹੋ ਕੇ ਘਰ ਜਾ ਬੈਠਣਾ ਹੈ।

ਇਧਰ ਤਾਂ ਇਹ ਵਿਦਾ ਹੋਏ, ਉਧਰ ਗੁਰੂ ਜੀ ਦੇ ਪਾਸ ਉਦਾਸੀਆਂ ਦਾ ਮਹੰਤ ਕ੍ਰਿਪਾਲ ਨਾਮੇ, ਜੋ ਚੰਗਾ ਤਪੀ ਪੁਰਖ ਸੀ, ਰਹਿੰਦਾ ਸੀ, ਇਸ ਦੇ ਨਾਲ ਪੰਜ ਕੁ ਸੌ ਉਦਾਸੀ ਸਾਧੂ ਸਨ। ਉਸ ਸਮੇਂ ਕਿਤੇ ਕਿਤੇ ਸਾਧੂ ਬੀ ਕਸਰਤਾਂ ਕਰਦੇ ਤੇ ਲੜਨ ਯੋਗ ਕਰਤੱਵ ਜਾਣਦੇ ਸਨ। ਸਾਧੂ ਡੇਰਿਆਂ ਦਾ ਨਾਮ 'ਅਖਾੜਾ' ਬੀ ਇਨ੍ਹਾਂ ਕਸਰਤ ਕਰਨ ਵਾਲੇ ਅਖਾੜਿਆਂ ਤੋਂ ਹੀ ਪਿਆ ਸਹੀ ਹੁੰਦਾ ਹੈ। ਇਹ ਪੰਜ ਸੌ ਜੁਆਨ ਤਕੜਾ ਘੁਲੱਕੜ ਸੀ। ਪਰ ਜਦ ਇਨ੍ਹਾਂ ਡਿੱਠਾ ਕਿ ਪੰਜ ਸੌ ਪਠਾਣ ਟੁਰਕੇ ਦੂਜੇ ਪਾਸੇ ਜਾ ਰਲਿਆ ਹੈ ਤੇ ਇਧਰ ਬਾਕੀ ਉਨ੍ਹਾਂ ਜਾਤੀਆਂ ਦੇ ਲੋਕ ਹਨ, ਜਿਨ੍ਹਾਂ ਨੂੰ ਗੁਰੂ ਜੀ ਨੇ ਯੁੱਧ ਵਿਦਿਆ ਸਿਖਾਈ ਹੈ, ਨਵੇਂ ਹਨ ਤੇ ਨਿਸ਼ਚੇਹਾਰ ਹੋਣੀ ਹੈ, ਕਿਉਂਕਿ ਉਧਰ ਅੱਗੇ ਹੀ ਤਾਕਤ ਬਹੁਤ ਹੈ ਸੀ ਤੇ ਹੁਣ ਐਤਨੇ ਜੋਧੇ ਹੋਰ ਜਾ ਰਲੇ ਹਨ; ਤਾਂ ਰਾਤੋਰਾਤ ਇਹ ਬੀ ਖਿਸਕੰਤ ਹੋ ਗਏ। ਸਵੇਰੇ ਜਦ ਆਪ ਜੀ ਪਾਸ ਖਬਰ ਪਹੁੰਚੀ ਕਿ ਉਦਾਸੀ ਬੀ ਰਾਤੀਂ ਟੁਰ ਗਏ ਹਨ ਤਾਂ ਆਪ ਜੀ ਨੇ ਪੁੱਛਿਆ ਸਾਰੇ ਚਲੇ ਗਏ ਕਿ ਕੋਈ ਰਹਿ ਗਿਆ ਹੈ ? ਤਦ ਕਿਸੇ ਦੱਸਿਆ ਕਿ ਮੰਡਲੀ ਤਾਂ ਟੁਰ ਗਈ ਹੈ, ਪਰ ਮਹੰਤ ਜੀ ਬੈਠੇ ਹਨ। ਤਦ ਸਤਿਗੁਰ ਮੁਸਕ੍ਰਾਏ ਤੇ ਬੋਲੇ: ਵਾਹਵਾ ਜੜ੍ਹ ਰਹਿ ਗਈ ਤਾਂ ਸਭ ਕੁਛ ਰਹਿ ਗਿਆ। ਜਾਨ ਬਚ ਰਹੀ ਹੈ ਤਾਂ ਸਭ ਕੁਛ ਬਚ ਰਿਹਾ। ਜੇ ਮਹੰਤ ਬੀ ਟੁਰ ਜਾਂਦਾ, ਤਾਂ ਗੁਰੂ ਘਰ ਨਾਲ ਸੰਬੰਧ ਟੁੱਟ ਜਾਂਦਾ, ਹੁਣ ਬਣਿਆ ਰਿਹਾ। ਐਸੇ ਚੇਲਿਆਂ ਦਾ ਕੀਹ ਹੈ ਜੋ ਮਹੰਤ ਨੂੰ ਛੋੜ ਕੇ ਟੁਰ ਗਏ, ਚੇਲੇ ਹੋਰ ਹੋ ਜਾਣਗੇ। ਜਾਓ ਕ੍ਰਿਪਾਲ ਨੂੰ ਬੁਲਾ ਲਿਆਓ। ਜਦ ਮਹੰਤ ਜੀ ਆਏ ਤੇ ਮੱਥਾ ਟੇਕ ਕੇ ਬੈਠ ਗਏ ਤਾਂ ਗੁਰੂ ਜੀ ਨੇ ਮੁਸਕ੍ਰਾ ਕੇ ਪੁਛਿਆ:

ਮਹੰਤ ਜੀ ! ਚੇਲੇ ਕਿੱਥੇ ? ਤਾਂ ਆਪ ਬੋਲੇ- ਗੁਰ ਚੇਲੇ ਸਭਿ ਸਰਣਿ ਤੁਮਾਰੀ॥ ੪॥ ਭਲੇ ਬੁਰੇ ਸੰਭਾਰਨ ਵਾਰੇ। ਤੁਮ ਹੋ ਗੁਰ ਪੂਰਨ ਬਲ ਭਾਰੇ। ਬਡੇ ਭਾਗ ਕੈ ਪ੍ਰਾਪਤ ਹੋਵਾ। ਸੰਕਟ ਜਨਮ ਮਰਨ ਕੋ ਖੋਵਾ॥ ੫॥ ਬ੍ਰਹਮਾਦਿਕ ਸਨਕਾਦਿਕ ਸਾਰੇ। ਸ਼ੇਖ ਸ਼ਾਰਦਾ ਪਾਏ ਨਾ ਪਾਰੇ। ਧਜਾਨ ਬਿਖੈ ਜੋਗੀਸ਼ੁਰ ਧਜਾਵੈਂ। ਰਿਖਿ ਨਾਰਦ ਤੇ ਆਦਿਕ ਗਾਵੈਂ॥ ੬॥ ...ਚਰਨ ਕਵਲ ਤੁਵ ਕਰਹਿਂ ਅਰਾਧਨ ! ਤਪ ਆਦਿਕ ਸਾਧੈਂ ਗਨ ਸਾਧਨ॥ ੭॥ ਹਮ ਲੋਕਨ ਕੇ ਭਾਗ ਬਡੇਰੇ। ਲੋਚਨ ਗੋਚਰ ਤੁਮ ਕੋ ਹੇਰੇ॥ ਮਨ ਬਾਨੀ ਕੋ ਬਿਸ਼ੈ ਨ ਹੋਈ। ਭਾਖਤ ਸਤਿ ਸਿੰਮ੍ਰਿਤ ਸਭਿ ਕੋਈ॥ ੮॥ ਅਸ ਪ੍ਰਭੁ ਪਾਇ ਕੌਨ ਤਜਿ ਸਕੈ। ਜਿਸਕੈ ਪਦ ਸਰੋਜ ਸੁਰ ਤਕੈਂ॥ ਭੂਲ ਚੂਕ ਦਾਸਨ ਤੇ ਹੋਇ। ਬਖਸ਼ਨਹਾਰ ਪ੍ਰਭੁ ਤੁਮ ਸੋਇ॥ ੯॥ (ਗੁ: ਪ੍ਰ: ਸੂ: ਰੁਤ ੨-੨੪)

ਵੀਚਾਰ ਦੀ ਇਹ ਗੱਲ ਹੈ ਕਿ ਜਿਸ ਦਲ ਵਿਚ ਪ੍ਰਸਿੱਧ ਜੋਧੇ ਪੰਜ ਸੌ ਪਿੱਠ ਦੇ ਜਾਣ ਤੇ ਟੁਰ ਹੀ ਨਾ ਜਾਣ, ਸਗੋਂ ਵੈਰੀ ਦਲ ਨਾਲ ਜਾ ਰਲਣ ਉਸਦਾ ਅਸਰ ਬਾਕੀ ਸੈਨਾ ਤੇ ਕਿਤਨਾ ਦਿਲ-ਢਾਊ ਤੇ ਨਿਰਾਸਤਾ ਦਾ ਹੁੰਦਾ ਹੈ, ਫਿਰ ਜਿਸ ਵਿਚੋਂ ਪੰਜ ਸੌ ਹੋਰ ਟੁਰ ਜਾਵੇ ਤਾਂ ਹੋਰ ਹੌਸਲਿਆਂ ਤੇ ਉਤਸ਼ਾਹਾਂ ਨੂੰ ਸੱਟ ਵਜਦੀ ਹੈ। ਇਕ ਹਜ਼ਾਰ ਦਾ ਘਾਟਾ ਐਨ ਜੰਗ ਸਮੇਂ ਥੋੜੀ ਜਿਹੀ ਗੱਲ ਨਹੀਂ ਹੁੰਦੀ, ਪਰ ਗੁਰੂ ਜੀ ਦਾ ਆਪਣਾ ਅਝੁਕ ਮਨ ਉਤਸ਼ਾਹਾਂ ਵਿਚ ਹੈ ਤੇ ਆਪਣੇ ਸੈਨਾਨੀਆਂ ਵਿਚ ਉਹ ਉਤਸਾਹ ਭਰ ਰਖਿਆ ਹੈ ਕਿ ਕੋਈ ਬੇਦਿਲੇ ਨਹੀਂ ਹੋਏ ਸਭ ਤਿਆਰ ਬਰਤਿਆਰ ਹਨ। ਹਰਾਵਲੀ ਭੰਗਾਣੀ ਜਾ ਰਹੇ ਹਨ, ਮੋਰਚੇ ਬੰਨ੍ਹ ਤੇ ਟਿਕਾਣੇ ਸੰਭਾਲ ਰਹੇ ਹਨ। ਸੱਚ ਦੀ ਨੀਂਹ ਪਰ ਟੇਕ ਰੱਖਣ ਵਾਲੀ ਨੀਤੀ ਦੇ

ਨੀਤੀਵਾਨ ਤੇ ਨੇਤਾ ਗੁਰੂ ਜੀ ਨੇ ਇਕ ਖ਼ਤ ਬੁੱਧੂਸ਼ਾਹ ਵੱਲ ਲਿਖਿਆ ਕਿ ਜੋ ਪਠਾਣ ਆਪ ਨੂੰ ਔਰੰਗਜ਼ੇਬ ਵਲੋਂ ਮੌਕੂਫ ਹੋਏ ਦੱਸਕੇ ਨੌਕਰ ਹੋਏ ਸਨ, ਓਹ ਹੁਣ ਪਹਾੜੀ ਰਾਜਿਆਂ ਵਿਚ ਜਾ ਸ਼ਾਮਲ ਹੋਏ ਹਨ। ਇਸ ਤਰ੍ਹਾਂ ਦਾ ਖ਼ਤ ਘੱਲਕੇ ਆਪ ਹੁਣ ਭੰਗਾਣੀ ਜਾਣ ਦੀ ਤਿਆਰੀ ਵੀਚਾਰਨ ਲਗ ਪਏ। ਕੁਛ ਸੈਨਾਂ ਤੇ ਜਥੇਦਾਰ ਕਿਲ੍ਹੇ ਵਿਚ ਛੱਡੇ ਤੇ ਆਗਜਾ ਕੀਤੀ ਕਿ ਭਲੀ ਪ੍ਰਕਾਰ ਏਥੋਂ ਦੀ ਰਖਜਾ ਕਰਨੀ ਹੈ। ਉਧਰ ਭੰਗਾਣੀ ਤੋਂ ਪਹਿਲੇ ਘੱਲੀ ਸੈਨਾਂ ਨੇ, ਜੋ ਮੁਢੱਲੇ ਪ੍ਰਬੰਧ ਕਰਨੇ ਸੇ ਉਨ੍ਹਾਂ ਦੇ ਸਿਰੇ ਚੜ੍ਹ ਜਾਣੇ ਦੀ ਖ਼ਬਰ ਆ ਗਈ। ਸ੍ਰੀ ਗੁਰੂ ਜੀ ਦੀ ਭੂਆ ਜੀ ਦੇ ਪੁਤ੍ਰ ਪੰਜ ਭਰਾ ਬੜੇ ਸੂਰਮੇ ਗੁਰੂ ਜੀ ਦੇ ਦਲ ਵਿਚ ਜਥੇਦਾਰ ਹੋਕੇ ਰਹਿੰਦੇ ਸਨ। ਪੰਜੇ ਬੜੇ ਸੂਰਮੇ ਤੇ ਜੁੱਧ ਵਿਦਜਾ ਵਿਚ ਨਿਪੁੰਨ ਕੀਤੇ ਹੋਏ ਸਨ। ਪੰਜਾਂ ਦਾ ਸ੍ਰੀ ਗੁਰੂ ਜੀ ਨਾਲ ਅਤਿ ਪਿਆਰ ਸੀ। ਸਾਰਿਆਂ ਤੋਂ ਵੱਡਾ ਸੰਗੋਸ਼ਾਹ ਸੀ, ਜੋ ਆਯੁਧ ਵਿਦਜਾ ਦਾ ਨਿਪੁੰਨ ਉਸਤਾਦ ਸੀ, ਦੂਜਾ ਜੀਤ ਮਲ ਤੀਜਾ ਗੁਲਾਬ ਚੰਦ, ਚੌਥਾ ਗੰਗਾ ਰਾਮ ਤੇ ਪੰਜਵਾਂ ਮਾਹਰੀ ਚੰਦ ਸੀ। ਏਹ ਬੜੇ ਉਤਸ਼ਾਹ ਵਿਚ ਸਨ ਤੇ ਇਨ੍ਹਾਂ ਦੀ ਸੈਨਾ ਬੜੇ ਚਾਉ ਵਿਚ ਸੀ। ਹੁਣ ਇਹ ਸਾਰੇ ਤਿਆਰ ਸਨ ਕਿ ਖ਼ਬਰ ਆਈ ਜੋ ਫਤਹ ਸ਼ਾਹ ਦੀ ਫੌਜ ਨੇੜੇ ਆ ਰਹੀ ਹੈ। ਗੁਰੂ ਜੀ ਦੀ ਆਗਜਾ ਪਾਕੇ ਪੰਜੇ ਭਰਾ ਆਪੋ ਆਪਣੀ ਸੈਨਾ ਨੂੰ ਲੈਕੇ ਭੰਗਾਣੀ ਵਲ ਟੁਰ ਪਏ। ਇਸ ਤਰ੍ਹਾਂ ਸਾਰਾ ਸਾਮਾਨ ਕਰਕੇ ਸ੍ਰੀ ਗੁਰੂ ਜੀ ਆਪ ਬੀ ਘੋੜੇ ਤੇ ਚੜ੍ਹ ਕੇ ਟੁਰ ਪਏ ਤੇ ਮਗਰੇ ਆਪਦੀ ਅਪਣੀ ਸੈਨਾ ਭੀ ਟੁਰ ਪਈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

> ਉਠੀ ਬੰਬ ਉਚੀ ਗਣੰ ਸੈਲ ਗਾਜੇ। ਮਹਾਂ ਬੀਰ ਬੰਕੇ ਸਭੈ ਸ਼ਸਤ੍ਰ ਸਾਜੇ॥ ੨॥ ਰਿਦੈ ਉਤਸਾਹੰ ਤੁਰੰਗੀ ਅਰੋਹੇ। ਗੁਰੂ ਸੰਗ ਚਾਲੇ ਮਹਾਂ ਜੰਗ ਸੋਹੇ। ਉਠੀ ਧੂਰ ਪੂਰੇ ਨਭੰ ਛਾਇ ਲੀਨਾ॥ ਪ੍ਰਕਾਸ਼ੰ ਨ ਦੀਸੈ ਰਵੰ ਢਾਂਪ ਲੀਨਾ॥ ੩॥ ਬੰਧੇ ਚੁੰਗ ਚੌਪੇ ਚਲਾਕੀ ਦਿਖਾਵੈਂ। ਚਲੇ ਗੋਲ ਆਗੇ ਕਿਕਾਨੰ ਕੁਦਾਵੈਂ। ਬਕੈਂ ਬੀਰ ਊਚੇ ਸੁ ਮਾਰਾ ਬਕਾਰਾ। ਪ੍ਰਭੂ ਕੋ ਸੁਨਾਵਹਿ 'ਪਹਾਰੀ ਸੰਘਾਰਾ'॥ ੪॥ ਬਡੇ ਬੇਗ ਸੋਂ ਬਾਯੁ ਜੈਸੇ ਬਹੰਤੀ। ਤਥਾ ਸੈਨ ਸਾਰੀ ਸੁ ਸ਼ੀਘ੍ਰ ਚਲੰਤੀ। ਤਥਾ ਮੇਘ ਵੂਠੇ ਹੜੰ ਨੀਰਾ ਚਾਲੇ। ਪਰਾਬੰਧਿ ਤੈਸੇ ਚਮੂੰ ਬੇਗ ਨਾਲੇ॥ ੫॥

ਭੰਗਾਣੀ ਪਹੁੰਚਕੇ ਸ੍ਰੀ ਗੁਰੂ ਜੀਨੇ ਸਾਰੀ ਤਿਆਰੀ ਦੇਖੀ ਤੇ ਆਪਣੀ ਸੈਨਾਂ ਦੀ ਵਿਉਂਤ ਬੰਨ੍ਹੀ ਤੇ ਜਥੇ ਵੰਡ ਵੰਡ ਕੇ ਮੋਰਚਿਆਂ ਤੇ ਟਿਕਾਏ। ਸੈਨਾਪਤ ਜੀ ਲਿਖਦੇ ਹਨ :--

> ਭਏ ਅਸਵਾਰ ਸੰਗ੍ਰਾਮ ਕੋ ਆਪਹੀ ਸਿੰਘ ਗੋਵਿੰਦ ਤਹਿ ਠਉਰ ਆਏ। ਡੰਕ ਕੀ ਘੋਰ ਜੈਸੇ ਭਈ ਠਉਰ ਤਹਿ ਖਜਤ ਨੀਸਾਨ ਮੋਹਰੇ ਸੁਹਾਏ। ਆਨ ਕੇ ਖੇਤ ਪੈ ਦੇਖ ਚਤੁਰੰਗ ਸਭ ਮੋਰਚੇ ਬਾਂਟ ਕੇ ਮਿਸਲ ਲਾਏ। ਬਜੀ ਹੈ ਭੇਰਿ ਕਰਨਾਇ ਸਰਨਾਇ ਸਭ ਸੁਨੇ ਤੇ ਸੂਰ ਹੋਇ ਲਾਲ ਆਏ॥ ੧॥

### ੩.

**ਦੁਸ਼ਮਨ** ਦਲਾਂ ਵਿਚ ਜੰਗ ਦਾ ਮੂਲ ਹਮਲਾ-ਆਵਰ ਇਸ ਵੇਲੇ ਫਤੇਸ਼ਾਹ ਸੀ, ਜੋ ਪਦਾਰਥ ਵਾਲਾ ਤੇ ਨੀਤੱਗਜ ਪੁਰਖ ਚੰਗਾ ਬਲੀ ਹਾਜਾ ਸੀ। ਭੀਮ ਚੰਦ ਜੋ ਜੁੱਧ ਦਾ ਪ੍ਰੇਰਕ ਸੀ, ਤੀਰ ਤੇ ਹੋਰ ਸ਼ਸਤ੍ਰਵਿਦਜਾ ਦਾ ਆਪਣੇ ਸਮੇਂ ਦਾ ਬੜਾ ਪ੍ਰਬੀਨ ਤੇ ਬਲੀ ਜੋਧਾ ਸੀ। ਰਾਜਾ ਹਰੀਚੰਦ ਬੀ ਉਸ ਸਮੇਂ ਤੀਰੰਦਾਜ਼ੀ ਦਾ ਉਸਤਾਦ ਸੀ। ਐਸੇ ਐਸੇ ਸੂਰਮੇ ਉਸ ਵੇਲੇ ਸ਼ਤ੍ਰੂ ਦਲ ਵਿਚ ਸੇ : ਜਿਨ੍ਹਾਂ ਨਾਲ ਜੰਗ ਕਰਨਾ ਕੋਈ ਖੇਡ ਨਹੀਂ ਸੀ। ਗੁਰੂ ਸਾਹਿਬ ਇਸ ਵੇਲੇ ਚੜ੍ਹਦੀ ਜਵਾਨੀ, ਵੀਹ ਦੇ ਲਗ ਪਗ ਦੀ ਵਰੇਸ ਵਿਚ ਸਨ, ਪਰ ਜੰਗ ਦਾ ਉਤਸਾਹ ਅਮਿੱਤ ਸੀ। ਧਨੁਖ ਵਿਦਜਾ ਵਿਚ ਕਮਾਲ ਦੀ ਪ੍ਰਬੀਨਤਾ ਸੀ ਤੇ ਆਪਣੀ ਸੈਨਾ ਵਿਚ, ਜੋ ਸਰੀਰ ਦੇ ਨਾਲ 'ਦਿਲ ਦਾ ਬਲ' ਭਰਿਆ ਸੀ, ਉਹ ਉਨ੍ਹਾਂ ਦੀ ਇਕ ਅਨੋਖੀ ਕਾਮਯਾਬੀ ਸੀ।

ਵੈਰੀ ਦਲ ਹੁਣ ਜਮਨਾ ਪਾਰ ਪੁੱਜ ਚੁੱਕਾ ਸੀ ਤੇ ਉਰਾਰ ਆਕੇ ਪਰ੍ਹੇ ਬੰਨ੍ਹ ਖੜੋਤਾ ਸੀ। ਦਇਆ ਰਾਮ ਨੂੰ ਨਾਲ ਲੈਕੇ ਸ੍ਰੀ ਗੁਰੂ ਜੀ ਨੇ ਵੈਰੀ ਦਲ ਦੀ ਵੰਡ ਨੂੰ ਘੋਖਿਆ। ਖੱਬੇ ਪਾਸੇ ਪਠਾਣੀ ਦਲ, ਸੱਜੇ ਪਾਸੇ ਰਾਜਿਆਂ ਦੀ ਫੌਜ ਖੜੀ ਹੈ। ਫਤੇਸ਼ਾਹ ਪਿਛੇ ਹੈ ਜੋ ਸਾਰੇ ਪ੍ਰਬੰਧ ਵਿਚ ਹੈ। ਹਰੀਚੰਦ ਹੰਡੂਰੀਆ ਸਭ ਤੋਂ ਵਧਵੇਂ ਪਰ੍ਹੇ ਵਿਚ ਖੜਾ ਸੀ। ਇਸ ਤਰ੍ਹਾਂ ਦੀ ਘੋਖ ਪੜਤਾਲ ਮੁੱਕੀ ਹੀ ਸੀ ਕਿ ਦੱਖਣ ਦਿਸ਼ਾ ਵੱਲ ਦੂਰ ਧੂੜ ਦਿਖਾਈ ਦਿੱਤੀ। ਨੰਦ ਚੰਦ ਨੇ ਇਹ ਵੇਖਕੇ ਆਕੇ ਖ਼ਬਰ ਦਿੱਤੀ ਕਿ ਇਕ ਸੈਨਾ ਆ ਰਹੀ ਜਾਪਦੀ ਹੈ। ਪਹਿਲਾਂ ਤਾਂ ਮੈਂ ਸੋਚੀਂ ਪੈ ਗਿਆ ਸਾਂ, ਪਰ ਇਕ ਦੂਤ ਖ਼ਬਰ ਲਿਆਯਾ ਹੈ ਕਿ ਬੁੱਧੂ ਸ਼ਾਹ ਚਾਰ ਪੁੱਤ੍ਰ

ਤੇ ਸਤ ਸੌ ਜੁਆਨ ਲੈਕੇ ਆਇਆ ਹੈ। ਇਹ ਖ਼ਬਰ ਸੁਣਕੇ ਆਪ ਬੜੇ ਪ੍ਰਸੰਨ ਹੋਏ ਤੇ ਸੰਗੋ ਸ਼ਾਹ ਵਲ ਹੁਕਮ ਗਿਆ ਕਿ ਆਪਣੀ ਵੰਡ ਵਿਚ ਨਵੀਂ ਸੈਨਾ ਦਾ ਪ੍ਰਬੰਧ ਵਿਚਾਰ ਕੇ ਬੁੱਧੂ ਸ਼ਾਹ ਜੀ ਨੂੰ ਦੱਸ ਦੇਵੇ। ਬੁੱਧੂ ਸ਼ਾਹ ਦੀ ਕੁਮਕ ਦੀ ਖ਼ਬਰ ਸਾਰੇ ਸਿਖ ਦਲ ਵਿਚ ਝਟਪਟ ਫੈਲ ਗਈ, ਇਸ ਨਾਲ ਸਭ ਦੇ ਦਿਲ ਦੂਣੇ ਉਮਗ ਪਏ। ਸੰਗੋ ਸ਼ਾਹ ਨੇ ਗੁਰੂ ਜੀ ਦੀ ਸਲਾਹ ਨਾਲ ਆਪਣੇ ਦਾਉ ਘਾਉ ਦੇ ਪ੍ਰਬੰਧ ਬੱਧੇ ਹੋਏ ਸਨ। ਰਣ-ਥੰਭਾ ਗੱਡ ਦਿਤਾ ਸੀ। ਵਿਚਾਰਾਂ ਹੋ ਰਹੀਆਂ ਸਨ ਕਿ ਹਮਲਾ ਅਸੀਂ ਇਕ ਦਮ ਕਰੀਏ ਕਿ ਪਹਿਲਾ ਵਾਰ ਸ਼ੱਤ੍ਰ ਦਾ ਤੱਕੀਏ ਕਿ ਇੰਨੇ ਨੂੰ ਅਚਾਨਕ ਉਧਰੋਂ ਵਾਰ ਹੋ ਗਿਆ। ਸੰਗੋਸ਼ਾਹ ਵਲੋਂ ਹੁਣ ਬੰਦੂਕਾਂ ਦੀ ਭਰਮਾਰ ਹੋਈ, ਪਰ ਓਹ ਬੜੇ ਵੇਗ ਵਿਚ ਉਮਡੇ ਆ ਰਹੇ ਸਨ ਅਰ ਹਵਾ ਉਨ੍ਹਾਂ ਵਲ ਵੇਗ ਨਾਲ ਜਾ ਰਹੀ ਸੀ, ਇਧਰ ਦੇ ਬੰਦੂਕਾਂ ਤੇ ਜੰਮੂਰਿਆਂ ਦੇ ਧੂੰਏਂ ਉਨ੍ਹਾਂ ਨੂੰ ਹਨੇਰਾ ਪਾ ਰਹੇ ਸਨ, ਉਨ੍ਹਾਂ ਦੇ ਤੀਰ ਗੋਲੀ ਨਿਸ਼ਾਨੇ ਘੱਟ ਬੈਠਦੇ ਸਨ। ਇਧਰ ਦੇ ਬਹੁਤ ਨਿਸ਼ਾਨੇ ਬੈਠਦੇ ਸਨ, ਪਰ ਓਹ ਵਧਦੇ ਵਧਦੇ ਇਕ ਐਸੇ ਟਿਕਾਣੇ ਆਏ ਜਿੱਥੇ ਇਕ ਨੀਵੇਂ ਥਾਂ ਸੰਗੋ ਸ਼ਾਹ ਦੇ ਬੰਦੂਕਚੀ, ਲੁਕੇ ਬੈਠੇ ਸਨ, ਇਨ੍ਹਾਂ ਦੀਆਂ ਭਰੀਆਂ ਤੋੜੇਦਾਰ ਬੰਦੂਕਾਂ ਦੀ ਇਕ ਵਾਰਗੀ ਬਾੜ ਝੜੀ। ਤ੍ਰੈਚਾਰ ਸੌ ਦੇ ਲਗਪਗ ਪਹਾੜੀਏ ਓਸ ਥਾਂ ਲਿਟ ਗਏ। ਇਸ ਤੋਂ ਵਧੇ ਆ ਰਹੇ ਠਿਟਕੇ ਕਿ ਇਧਰੋਂ ਫੇਰ ਗੋਲੀਆਂ ਲਗ ਪਈਆਂ ਚੱਲਣ। ਇਸ ਤਰ੍ਹਾਂ ਦੋ ਤਿੰਨ ਸੌ ਪਹੜੀਆ ਹੋਰ ਲਿਟ ਗਿਆ, ਤਾਂ ਹਰੀ ਚੰਦ ਨੇ ਫ਼ੌਜ ਨੂੰ ਪਿਛੇ ਹਟਾ ਲਿਆ ਤੇ ਖਬੇ ਪਾਸੇ ਹੋ ਗਿਆ। ਫਤਹਸ਼ਾਹ ਨੇ ਪੁੱਛਿਆ : ਹਰੀ ਚੰਦ ! ਗੁਰੂ ਪਾਸ ਐਸੀ ਸਿਧੀ ਹੋਈ ਫੌਜ ਕਿਥੋਂ ਆ ਗਈ ਹੈ ? ਪਠਾਣ ਤਾਂ ਉਹਨਾਂ ਨੂੰ ਛੱਡਕੇ ਇਧਰ ਆ ਗਏ ਹਨ। ਹਰੀ ਚੰਦ ਨੇ ਕਿਹਾ--ਇਨ੍ਹਾਂ ਪਠਾਣਾਂ ਨੂੰ ਸਾਰਾ ਭੇਦ ਮਲੂਮ ਹੈ ਇਨ੍ਹਾਂ ਨੂੰ ਅੱਗੇ ਕਰੀਏ। ਸੋ ਭੀਖਣ ਖਾਂ ਨੂੰ ਬੁਲਾਕੇ ਫਤਹਸ਼ਾਹ ਨੇ ਕਿਹਾ ਕਿ ਤੁਸਾਂਨੂੰ ਸਿਖ ਦਲ ਦਾ ਸਾਰਾ ਭੇਦ ਪਤਾ ਹੈ, ਅੱਗੇ ਵਧੋ ਤੇ ਹੱਥੋ ਹੱਥੀ ਲੈ ਲਓ, ਗੁਰੂ ਕੇ ਖਜ਼ਾਨੇ ਦੀ ਸਾਰੀ ਲੁੱਟ ਤੁਹਾਡੀ ਕਹਿ ਚੁਕੇ ਹਾਂ, ਅਸੀਂ ਹਿੱਸਾ ਨਹੀਂ ਮੰਗਾਂਗੇ। ਇਸ ਤਰ੍ਹਾਂ ਦੇ ਲੋਭ ਨਾਲ ਓਹ ਪਠਾਣਾਂ ਨੂੰ ਅੱਗੇ ਵਧਾ ਲਿਆਯਾ ਤੇ ਸੰਗੋ ਸ਼ਾਹ ਦੇ ਦਲ ਤੇ ਆ ਪਿਆ। ਪਠਾਣਾਂ ਦਾ ਦਲ ਹੁਣ ਸੰਗੋ ਸ਼ਾਹ ਦੇ ਦਲ ਉਤੇ ਬੜੇ ਜੋਸ਼ ਤੇ ਵੇਗ ਨਾਲ ਆ ਪਿਆ, ਅਗੋ ਬੀ ਸੰਗੋ ਸ਼ਾਹ ਸੂਰਮਾ ਸੀ, ਆਉਂਦਿਆਂ ਦੀ ਖਾਤਰ ਗੋਲੀਆਂ ਦੀ ਬੁਛਾੜ ਨਾਲ ਬੁਥਾੜਾਂ ਨੂੰ ਭੰਨਣ ਵਾਲੀ ਕੀਤੀਓਸੁ। ਜਿਸ ਤੇਜ਼ੀ ਨਾਲ ਆ ਕੇ ਪਠਾਣ ਸਮਝੇ ਸਨ ਕਿ ਪੈਰ ਹਿਲਾ ਦਿਆਂਗੇ, ਨਾ ਹਿਲਾ ਸਕੇ। ਹੁਣ ਦੁਵੱਲੀ ਘੋਰ ਘਮਸਾਨ ਮਚ ਗਿਆ। ਇਹ ਦੇਖਕੇ ਗੁਰੂ ਜੀ ਨੇ ਨੰਦ ਚੰਦ ਤੇ ਦਇਆ ਰਾਮ ਨੂੰ ਕੁਛ ਫੌਜ ਦੇ ਕੇ ਸੰਗੋ ਸ਼ਾਹ ਦੀ ਕੁਮਕ ਲਈ ਘੱਲ ਦਿੱਤਾ। ਇਨ੍ਹਾਂ ਨੇ ਐਸੇ ਤੀਰ ਚਲਾਏ ਕਿ ਜਿਸਨੂੰ ਲੱਗਾ ਉਹ ਨਹੀਂ ਬਚਿਆ। ਇਸ ਟਿਕਾਣੇ ਸੰਗ੍ਰਾਮ ਦਾ ਜ਼ੋਰ ਬਹੁਤ ਕਰੜਾ ਹੋ ਗਿਆ। ਗੁਰੂ ਜੀ ਦੇ ਪਾਸ ਲਾਲ ਚੰਦ ਮਾਹੀ ਖੜਾ ਸੀ, ਇਹ ਬੜਾ ਪਹਿਲਵਾਨ ਤੇ ਜ਼ੋਰਵਾਲਾ ਬੰਦਾ ਸੀ, ਸਤਿਗੁਰਾਂ ਤੋਂ ਆਗਿਆ ਲੈ ਕੇ ਇਹ ਬੀ ਸੰਗੋ ਸ਼ਾਹ ਵਾਲੇ ਥਾਂ ਜਾ ਪਹੁੰਚਾ। ਇਸ ਦੇ ਤੀਰਾਂ ਨੇ ਪਹਿਲਵਾਨੀ ਬਲ ਨਾਲ ਕਮਾਨਾਂ ਤੋਂ ਛੁਟ ਛੁਟਕੇ ਬੜੇ ਜੁਆਨ ਮਾਰੇ। ਇਸ ਦੀ ਤੀਰਾਂ ਦੀ ਮਾਰ ਨੇ ਦੋਹਾਂ ਪਾਸਿਆਂ ਤੋਂ 'ਵਾਹ ਵਾਹ' ਲੀਤੀ। ਸੈਨਾਪਤਿ ਜੀ, ਜੋ ਗੁਰੂ ਜੀ ਦੇ ੫੨ ਕਵੀਆਂ ਵਿਚੋਂ ਸਨ, ਲਿਖਦੇ ਹਨ :--

ਲਾਲ ਚੰਦ ਆਨ ਕੇ, ਕਮਾਨ ਬਾਨ ਤਾਨ ਕੇ,
ਕੀਓਸੁ ਜੁਧ ਜਾਨ ਕੈ ਭਲੀ ਭਲੀ ਭਲੀ ਭਈ।
....ਕੀਓ ਸੁ ਲੋਹ ਲੋਹਈ, ਨਾ ਜੀਵ ਰੱਖ ਸੋਹਈ
ਸੁ ਚਾਲ ਸੂਰ ਸੋਹਈ; ਬਿਮੋਹਈ ਬਿਮੋਹਈ।।੬੩।।

ਇਹ ਬੀ ਲਿਖਿਆ ਹੈ ਕਿ ਲਾਲ ਚੰਦ ਦਾ ਜੁਧ ਦੇਖਕੇ ਇਕ ਲਾਲ ਚੰਦ ਹਲਵਾਈ ਬੀ ਸ਼ਸਤ੍ਰ ਲੈਕੇ ਓਸ ਟਿਕਾਣੇ ਜਾ ਪੁੱਜਾ। ਪਠਾਣਾਂ ਨੂੰ ਇਹ ਪਤਾ ਸੀ ਕਿ ਪਹਿਲਾ ਤਾਂ ਮਾਹੀ ਹੈ ਤੇ ਦੂਜਾ ਹਲਵਾਈ ਹੈ, ਇਹ ਕਿਵੇਂ ਸੂਰਮਗਤੀ ਵਿਚ ਨਿਤਰ ਪਏ ਹਨ[1]। ਹੁਣ ਮਾਹਰੀ ਚੰਦ ਅੱਗੇ ਵਧਿਆ ਇਸ ਤੇਜ਼ੀ ਨਾਲ ਕਿ ਸ਼ਤ੍ਰੂ ਦਲ ਦੇ ਘੇਰੇ ਵਿਚ ਘਿਰ ਗਿਆ। ਇਸਨੇ ਆਪਣੇ ਬਲਕਾਰ ਤੇ ਰੋਹ ਵਿਚ ਕਿਤਨੇ ਹੀ ਪਠਾਣ ਮਾਰ ਸੁਟੇ। ਹੁਣ ਘੋੜਾ ਜ਼ਖ਼ਮੀ ਹੋ ਗਿਆ ਸੀ ਤੇ ਆਪ ਬੀ ਕਰੀਬ ਸੀ ਕਿ ਮਾਰਿਆ ਜਾਵੇ ਪਰ ਸੰਗੋਸ਼ਾਹ ਨੇ ਡਿੱਠਾ ਕਿ ਭਰਾ ਘੇਰੇ ਵਿਚ ਫਸ ਗਿਆ ਹੈ, ਇਕ

1. ਤਵਾਰੀਖ਼ ਖ਼ਾਲਸਾ

ਦਮ ਇਕ ਦਸਤਾ ਸਵਾਰਾਂ ਦਾ ਲੈਕੇ ਪਹੁੰਚਿਆ : ਤੇ ਭਰਾ ਨੂੰ ਆਪਣੇ ਘੇਰੇ ਵਿਚ ਲੈ ਕੇ ਜਿਸ ਤੇਜ਼ੀ ਨਾਲ ਗਿਆ ਸੀ ਉਸੇ ਨਾਲ ਮੁੜ ਆਇਆ। ਇਸ ਤਰ੍ਹਾਂ ਉਸ ਦੇ ਸਲਾਮਤ ਨਿਕਲ ਜਾਣ ਤੇ ਪਠਾਣ ਹਰਿਆਨ ਹੋ ਰਹੇ ਸਨ। ਇਸ ਗੱਲ ਨੂੰ ਦੁਵੱਲੀ ਸਿੱਖਾਂ ਦੀ ਫਤਹ ਦਾ ਪਹਿਲਾ ਕਦਮ ਸਮਝਿਆ ਗਿਆ। ਇਸ ਵੇਲੇ ਦੇ ਜੁੱਧ ਦੇ ਸੂਰਮਿਆਂ ਦੇ ਨਾਮ ਤੇ ਜੰਗ ਵਿਚ ਜੁੱਧ ਦਾ ਸੰਖੇਪ ਵਰਣਨ ਸ੍ਰੀ ਗੁਰੂ ਜੀ ਨੇ ਐਉਂ ਕੀਤਾ ਹੈ:-

ਭੁਯੰਗ ਪ੍ਰਯਾਤ ਛੰਦ।।

ਤਹਾ ਸ਼ਾਹ ਸ੍ਰੀ ਸ਼ਾਹ ਸੰਗ੍ਰਾਮ ਕੋਪੇ॥ ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ॥ ਹਠੀ ਜੀਤ ਮੱਲੰ ਸੁ ਗਾਜ਼ੀ ਗੁਲਾਬੰ॥ ਰਣੰ ਦੇਖੀਐ ਰੰਗ ਰੂਪੰ ਸਹਾਬੰ॥ ੪॥ ਹਠਿਯੰ ਮਾਹਰੀ ਚੰਦਯੰ ਰੰਗ ਰਾਮੰ॥ ਜਿਨੈ ਕਿਤੀਯੰ ਜਿਤੀਯੰ ਫੌਜ ਤਾਮੰ॥ ਕੁਪੇ ਲਾਲ-ਚੰਦੰ ਕੀਏ ਲਾਲ ਰੂਪੰ॥ ਜਿਨੇ ਗੰਜੀਯੰ ਗਰਬ ਸਿੰਘੰ ਅਨੂਪੰ॥ ੫॥ ਕੁਪਿਯੋ ਮਾਹਰੂ ਕਾਹਰੂ ਰੂਪ ਧਾਰੇ॥ ਜਿਨੈ ਖਾਨ ਖਾਵੀਨੀਯੰ ਖੇਤ ਮਾਰੇ॥ ਕੁਪਿਓ ਦੇਵਤੇਸੰ ਦਯਾਰਾਮ ਜੁੱਧੰ॥ ਕੀਯੋ ਦਰਣ ਕੀ ਜਿਉਂ ਮਹਾਂ ਜੁੱਧ ਸੁੱਧੰ॥ ੬॥ (ਬਚਿਤ੍ਰ ਨਾਟਕ)

੪.

**ਜੰਗ** ਦਾ ਮਿਆਨੇ ਦਾ ਮੈਦਾਨ ਉੱਪਰ ਕਹੇ ਅਨੁਸਾਰ ਡਾਵੇ ਘਮਸਾਨ ਵਿਚ ਸੀ, ਹੇਠਾੜ ਦੇ ਪਾਸੇ ਨੂੰ ਬੁੱਧੂਸ਼ਾਹ ਰੋਕ ਪਾ ਰਿਹਾ ਸੀ। ਨਦੀ ਦੇ ਕਿਨਾਰੇ ਕਿਨਾਰੇ ਇਸ ਮੈਦਾਨ ਦਾ ਲੰਮਾਣ ਬਹੁਤ ਦੂਰ ਤਕ ਸੀ। ਪਹਾੜੀ ਕੁਛ ਰਾਜੇ ਸੈਨਾ ਤੇ ਛੇੜਾਂ ਦਾ ਭਾਰੀ ਜਮਘਟ ਇਧਰ ਸੀ, ਇਸ ਲਈ ਇਹ ਹੇਠਲਾ ਪਾਸਾ ਰੋਕਣਾ ਜ਼ਰੂਰੀ ਸੀ। ਸੋ ਇਸ ਪਾਸੇ ਨੂੰ ਬੁੱਧਸ਼ਾਹ ਨੇ ਰੁਨ੍ਹ ਰਖਿਆ ਸੀ ਕਿ ਇਧਰੋਂ ਵੈਰੀ ਮਿਆਨੇ ਦੇ ਜੰਗ ਵਲ ਸਹਾਇਤਾ ਲਈ ਨਾ ਅੱਪੜ ਸਕੇ। ਅੰਤ ਇਨ੍ਹਾਂ ਨੇ ਗੋਲ ਬੰਨ੍ਹਕੇ ਮਿਲਵਾਂ ਹੱਲਾ ਬੋਲ ਦਿੱਤਾ, ਜਿਸ ਨੂੰ ਬੁੱਧੂਸ਼ਾਹ ਦੇ ਬਲ ਨੇ ਬੀਰਤਾ ਨਾਲ ਰੋਕਿਆ। ਪੀਰ ਦੇ ਚਾਰ ਪੁੱਤਰ ਜੰਗ ਵਿਚ ਆਪਣੀ ਆਂਦੀ ਸੈਨਾਂ ਨੂੰ ਸਿਆਣਪ ਨਾਲ ਲੜਾ ਰਹੇ ਸਨ। ਇਸ ਹੱਲੇ ਨੂੰ ਇਨ੍ਹਾਂ ਨੇ ਇਸ ਬਹਾਦਰੀ ਨਾਲ ਰੋਕਿਆ ਕਿ ਵਧੇ ਆਉਂਦਿਆਂ ਦੇ ਸੈਂਕੜੇ ਜੁਆਨ ਮਾਰ ਘੱਤੇ। ਗੁਰੂ ਸਾਹਿਬ ਜੋ ਸਾਰੇ ਨਾਕਿਆਂ ਦੀ ਖਬਰਦਾਰੀ ਕਰਦੇ ਲੋੜ ਪਈ ਤੇ ਥਾਓਂ ਥਾਈਂ ਫੇਰਾ ਮਾਰਕੇ ਸਾਰੇ ਹਾਲ ਦੇ ਨਿਗਹਬਾਨ ਖ਼ੁਦ ਹੋ ਰਹੇ ਸੀ, ਬੁੱਧੂਸ਼ਾਹ ਤੇ ਉਸ ਦੇ ਸਪੁਤ੍ਰਾਂ ਦੀ ਬੀਰਤਾ ਨੂੰ ਦੇਖਕੇ ਪ੍ਰਸੰਨ ਹੋ ਰਹੇ ਸੇ। ਜਦ ਅੱਗੇ ਵਧੇ, ਪਹਾੜੀਏ ਕਟ ਗਏ ਤੇ ਰੋਕ ਭਾਰੀ ਪਈ ਤਾਂ ਸਾਰੇ ਪਿੱਛੇ ਹਟੇ। ਇਸ ਵੇਲੇ ਬੁੱਧੂਸ਼ਾਹ ਨੇ ਦੂਸਰੇ ਟੋਲੇ ਨਾਲ ਹੱਲਾ ਬੋਲ ਦਿੱਤਾ, ਇਸਦੀ ਝਾਲ ਨਾ ਝੱਲਕੇ ਛੇੜਾਂ ਵਾਲੇ ਤੇ ਹੋਰ ਅੱਗੇ ਵਧੇ ਹੋਏ ਪਹਾੜੀਏ ਘਬਰਾਕੇ ਉੱਠ ਭੱਜੇ। ਇਨ੍ਹਾਂ ਨੂੰ ਭੱਜਦੇ ਦੇਖਕੇ ਗੁਲੇਰੀਆ 'ਗੁਪਾਲ' ਘਬਰਾਇਆ ਕਿ ਇਨ੍ਹਾਂ ਦੀ ਭੱਜ ਕਿਤੇ ਸਾਰੇ ਪਾਸੀਂ ਭਾਂਜ ਨਾ ਪਾ ਦੇਵੇ। ਉਹ ਆਪ ਅੱਗੇ ਵਧਿਆ। ਭੱਜਦੇ ਜਾਂਦਿਆਂ ਨੇ ਜੋ ਥਾਂ ਖਾਲੀ ਕੀਤਾ ਸੀ, ਉੱਥੇ ਪੁੱਜਕੇ ਉਸ ਨੇ ਵਧੇ ਆ ਰਹੇ ਬੁੱਧੂਸ਼ਾਹ ਦੇ ਦਲ ਨੂੰ ਰੋਕ ਪਾਈ। ਇਸਦੀ ਤੀਰ ਅੰਦਾਜ਼ੀ ਤੇ ਇਸਦੇ ਸਿਪਾਹੀਆਂ ਦੀ ਬਹਾਦਰੀ ਨੇ ਬੁੱਧੂਸ਼ਾਹ ਦੇ ਵਧੇ ਦਲ ਦੇ ਤੀਰ ਬੰਦੂਕ ਰੋਕ ਦਿੱਤੇ ਤੇ ਹਥਾ ਹਥ ਲੜਾਈ ਤਲਵਾਰਾਂ ਦੀ ਹੋ ਪਈ। ਪੀਰ ਦੇ ਮੁਰੀਦ ਖੜੀ ਬੀਰਤਾ ਨਾਲ ਅੜੇ ਤੇ ਲੜੇ। ਘੋਰ ਗੁੱਥਮ ਗੁੱਥਾ ਹੋ ਗਿਆ। ਦੁਵੱਲੀ ਅਤਿ ਬੀਰਤਾ ਹੋਈ। ਪੈਰ ਪਿੱਛੇ ਕਿਸੇ ਦਾ ਨਾ ਪਿਆ ਘੋਰ ਸੰਗ੍ਰਾਮ ਹੋ ਰਿਹਾ ਸੀ ਕਿ ਗੁਰੂ ਜੀ ਨੇ ਇਸ ਪਾਸੇ ਰੁਖ਼ ਕੀਤਾ। ਮਾਮਾ ਕ੍ਰਿਪਾਲ ਜੀ ਨੂੰ ਬੁੱਧੂ ਸ਼ਾਹ ਦੀ ਮਦਦ ਵਾਸਤੇ ਟੋਰਿਆ। ਇਹ ਆਪਣੇ ਸਾਥੀਆਂ ਸਣੇ ਤੀਰਾਂ ਦੀ ਬਰਖਾ ਰਾਜੇ ਗੁਪਾਲ ਦੀ ਸੈਨਾ ਤੇ ਕਰਦਾ ਕੁਮਕ ਤੇ ਜਾ ਪਹੁੰਚਾ। ਇਨ੍ਹਾਂ ਤੀਰਾਂ ਦੀ ਭਰਮਾਰ ਤੇ ਨਿਸ਼ਾਨੇ ਬੈਠਣ ਨੇ ਗੁਪਾਲ ਦੀ ਸੈਨਾਂ ਨੂੰ ਪਿੱਛੇ ਹਟਣ ਦੇ ਰੁਖ਼ ਵਿਚ ਕਰ ਦਿੱਤਾ। ਉਂਞ ਇਹ ਹਟਣਾ ਇਕ ਦਾਉ ਸੀ, ਪਰ ਮੁਰੀਦਾਂ ਨੂੰ ਬੀ ਤੀਰੰਦਾਜ਼ੀ ਦਾ ਸਮਾਂ ਮਿਲ ਗਿਆ, ਦੂਹਰੀ ਤੀਰਾਂ ਦੀ ਮਾਰ ਨੇ ਗੁਪਾਲ ਦੀ ਚਾਲ ਨੂੰ ਸਗੋਂ ਘਾਟੇ ਵਿਚ ਕਰ ਦਿੱਤਾ। ਸਾਥੀਆਂ ਨੂੰ ਹਰਾਸਿਆ ਵੇਖਕੇ ਗੁਪਾਲ ਨੇ ਤੱਕ ਲਾਕੇ ਮਾਮੇ ਜੀ ਤੇ ਤੀਰ ਛੋੜਿਆ, ਜੋ ਬੈਠਾ ਤਾਂ ਨਿਸ਼ਾਨੇ ਪਰ ਲੱਗਾ ਉਸਦੇ ਘੋੜੇ ਨੂੰ। ਗੁਪਾਲ ਨੇ ਅੱਗੇ ਵਧਕੇ ਤੀਰ ਮਾਰਕੇ ਪਿੱਛੇ ਹਟਣਾ ਚਾਹਿਆ, ਤਾਂ ਮਾਮਾ ਜੀ ਨੇ ਪੁਕਾਰਕੇ ਕਿਹਾ—ਵਾਰ ਕੀਤਾ ਈ ਸੂਰਮਿਆਂ, ਵਾਰ ਦੇ ਕੇ ਜਾਹ, ਅਤੇ ਇਕ ਤੀਰ ਤੱਕ ਕੇ ਮਾਰਿਆ। ਗੁਪਾਲ ਤਕੜਾ ਲੜਾਕਾ ਸੀ, ਘੋੜੇ ਨੂੰ ਚਪਲਾ ਰਿਹਾ ਸੀ, ਆਪ ਤਾਂ ਬਚ ਗਿਆ, ਪਰ ਮਾਮਾ ਜੀ ਦਾ ਤੀਰ ਘੋੜੇ ਦੇ ਕਰਨ ਫੂਲ ਤੇ ਜਾ ਵੱਜਾ ਤੇ ਓਹ ਲੁੜ ਖੁੜਾ ਕੇ ਡਿਗ ਪਿਆ। ਗੁਪਾਲ ਛੇਤੀ ਨਾਲ ਆਪਾ ਸੰਭਾਲ

ਕੇ ਪਿੱਛੇ ਸੈਨਾ ਵਿਚ ਜਾ ਧਸਿਆ, ਪਰ ਉਥੇ ਟਿਕਕੇ ਖੜੋ ਰਿਹਾ। ਇਸ ਸੰਗ੍ਰਾਮ ਵਿਚ ਬੁੱਧੂ ਸ਼ਾਹ ਦਾ ਇਕ ਪੁੱਤਰ ਸ਼ਹੀਦ ਹੋ ਗਿਆ ਸੀ। ਉਰਲਾ ਥਾਂਉਂ ਜਿੱਥੇ ਸੰਘਰ ਮਚਿਆ ਸੀ, ਖਾਲੀ ਸੀ, ਮਾਮਾ ਜੀ ਅੱਗੇ ਵਧੇ ਤੇ ਬੁੱਧਸ਼ਾਹ ਦੇ ਪੁੱਤਰ ਦੀ ਲੋਥ ਲੱਭ ਕੇ ਲੈ ਆਂਦੀ। ਇਉਂ ਗੁਪਾਲ ਦੀ ਸੈਨਾ ਨੂੰ ਹੌਲਿਆਂ ਕਰਕੇ ਪਿੱਛੇ ਹਟਾ ਕੇ ਮਾਮਾ ਜੀ ਫੇਰ ਸ੍ਰੀ ਦਸਮੇਸ਼ ਜੀ ਪਾਸ ਜਾ ਪਹੁੰਚੇ ਤੇ ਸਾਰੀ ਵਾਰਤਾ ਜਾ ਸੁਣਾਈ।

ਪ.

ਫਤੇ ਸ਼ਾਹ ਨੇ ਜੋ ਸਾਰੇ ਸੰਗ੍ਰਾਮ ਦਾ ਪ੍ਰਬੰਧਕ ਸੀ, ਅਪਣੀ ਸੈਨਾ ਦਾ ਥਾਂਓਂ ਥਾਂਈਂ ਪੈਰ ਡਿੱਠਾ ਕਿ ਅਗੇਰੇ ਨਹੀਂ ਵਧਦਾ, ਸਗੋਂ ਪਿਛੇਰੇ ਪੈਂਦਾ ਹੈ, ਪਠਾਣ ਸਰਦਾਰਾਂ ਹਯਾਤ ਖਾਂ ਆਦਿਕਾਂ ਨੂੰ ਸੁਨੇਹਾ ਘਲਿਆ :

"ਤਨ ਕਿਉਂ ਰਣਖੇਤਹਿ ਦੇਤ ਨਹੀਂ। ਕਿਸ ਕਾਰਨ ਆਪ ਬਚਾਵਤ ਹੋ ? ਗੁਲਕਾਂ ਸਰ ਕਿਉਂ ਨ ਚਲਾਵਤ ਹੋ...। ਕਰ ਹੇਲ ਮਿਲੋ ਦਲ ਕਿਉਂ ਨ ਅਬੈ। ਲੁਟ ਮਾਫ ਕਰੀ ਧਨ ਲੇਹੁ ਸਬੈ।"
(ਸੂ: ਪ੍ਰ:)

ਇਹ ਸੁਣਕੇ ਹਯਾਤਖਾਂ ਤੇ ਨਿਜਾਬਤਖਾਂ ਆਦਿਕਾਂ ਨੇ, ਆਪਣੇ ਦਲ ਸੰਭਾਲ ਕੇ ਹੱਲਾ ਬੋਲ ਦਿੱਤਾ ਤੇ ਬੜੀ ਤੇਜ਼ੀ ਨਾਲ ਤੀਰ ਵਰਸਾਉਣੇ ਸ਼ੁਰੂ ਕੀਤੇ :--

ਇਤ ਤੇ ਉਤ ਧਾਇ ਪ੍ਰਹਾਰਤ ਹੈਂ। ਪਿਖ ਅਗ੍ਰਵਧਯੋ ਤਿਸ ਮਾਰਤ ਹੈਂ।....ਮੁਖ ਮਾਰਹਿਂ ਮਾਰ ਉਚਾਰਤ ਹੈਂ। ਬਰਖਾ ਗੁਲਕਾਨ ਸੁ ਡਾਰਤ ਹੈਂ। ਹੰਡਿਯਾ ਸਮ ਸੀਸ ਫੁਟੇ ਸੁ ਗਿਰੇ। ਕਰਛੀ ਜਨੁ ਹਾਥ ਕਟਤ ਪਰੇ। (ਸੂ: ਪ੍ਰ:)

ਇਹ ਹਾਲ ਸਿੱਖ ਦਲ ਦਾ ਉਨ੍ਹਾਂ ਨੇ ਕੀਤਾ, ਉਧਰੋਂ ਬੀ ਤੀਰਾਂ ਦੀ ਭਰਮਾਰ ਐਸੀ ਹੋਈ ਕਿ ਅਨੇਕ ਖਾਨ ਧਰਤੀ ਤੇ ਲੇਟ ਗਏ। ਹਯਾਤ ਖਾਨ ਬੜੇ ਜ਼ੋਰਾਂ ਵਿਚ ਲਲਕਾਰੇ ਮਾਰੇ, ਦਾਵ ਬਚਾਵੇ, ਤੀਰ ਚਲਾਵੇ ਤੇ ਸਾਰਾ ਓਜ ਲਾਵੇ। ਇਹ ਦੇਖਕੇ ਸੰਤ ਉਦਾਸੀ ਕ੍ਰਿਪਾਲ ਜੀ ਗੁੱਸੇ ਵਿਚ ਆ ਕੇ ਸਾਹਿਬਾਂ ਤੋਂ ਪੁੱਛਣ ਲੱਗੇ:- 'ਸਾਹਿਬ ਜੀ! ਹਯਾਤ ਖਾਂ ਬੜਾ ਬਲ ਪਾ ਰਿਹਾ ਹੈ, ਇਸ ਦੇ ਤੀਰ ਭੈ ਪੈਦਾ ਕਰ ਰਹੇ ਹਨ, ਆਗਜਾ ਦਿਓ ਜੋ ਲੂਣ ਹਰਾਮੀ ਨੂੰ ਦੰਡ ਦਿਆਂ'। ਸਾਹਿਬਾਂ ਨੇ ਮੁਸਕ੍ਰਾਕੇ ਪੁੱਛਿਆ 'ਤੁਸਾਂ ਪਾਸ ਸ਼ਸਤ੍ਰ ਕੋਈ ਨਹੀ, ਕਿੰਜ ਮਾਰੋਗੇ?' ਤਾਂ ਸੰਤ ਨੇ ਬਿਨੈ ਕੀਤੀ:-

'ਕੁਤਕਾ[1] ਇਹ ਕਾਂਧੇ ਮੋਹਿ ਰਹਯੋ। ਮਮ ਆਯੁਧ ਦੀਰਘ ਹਾਥ ਗਹਯੋ। ਇਸ ਸੰਗ ਹਯਾਤ ਪ੍ਰਹਾਰ ਕਰੋਂ। ਤੁਮਰੋ ਬਲ ਪਾਇ ਰਤੀ ਨ ਡਰੌਂ। ਜਹਿ ਲੌ ਚਲਿ ਜਾਇ ਨ ਛੋਰਹੁੰਗੋ। ਇਕ ਵਾਰ ਕਰੌਂ ਸਿਰ ਫੋਰਹੁੰਗੋ।' ਮੁਸਕਾਇ ਪ੍ਰਭੂ ਤਬ ਬਾਕ ਕਹਯੋ :-- ਹਤ ਖਾਨ ਹਯਾਤ ਰਿਦੈ ਜੁ ਚਹਯੋ। ਬਿਦਤੀ ਜਗ ਮੈਂ ਜਿਮ ਭੀਮ ਗਦਾ। ਕੁਤਕਾ ਤਿਮ ਜਾਨਹਿਂ ਲੋਕ ਸਦਾ।'

ਇਹ ਸੁਣਕੇ ਸਾਧੂ ਨੇ ਆਪਣੇ ਘੋੜੇ ਨੂੰ ਅੱਡੀ ਲਾਈ ਤੇ ਹਵਾ ਵਾਂਗ ਉਡਦਾ ਹਯਾਤ ਖਾਂ ਦੇ ਪਾਸ ਜਾ ਖੜੋਤਾ ਤੇ ਲਲਕਾਰ ਕੇ ਬੋਲਿਆ--ਆ ਜੇ ਕੋਈ ਸੂਰਮਤਾ ਹਈ ਤਾਂ ਮੇਰੇ ਨਾਲ ਲੜ। ਪਿੱਠ ਨਾ ਮੋੜ, ਸਨਮੁਖ ਹੋ ਤੇ ਦੇਖ ਲੈ ਦੋ ਹਥ :--

ਸੁਨ ਖਾਨ ਮੁਰਯੋ ਲਲਕਾਰਤ ਹੀ। ਜਿਉਂ ਨਾਗ ਕਿ ਪੂਛਹਿਂ ਦਾਬਤ ਹੀ । ਤਰਵਾਰ ਨਿਕਾਰਿਯ ਕੋਪ ਕਰੇ। ਹੁਇ ਸਨਮੁਖ ਦੋਨਹੁ ਬੀਰ ਖਰੇ।

ਇਹ ਨਜ਼ਾਰਾ ਦੇਖਕੇ ਸਭ ਪਾਸਿਆਂ ਤੋਂ ਤੀਰ ਤਲਵਾਰ ਖੜੇ ਗਏ ਤੇ ਅਚਰਜ ਹੋ ਤੱਕਣ ਲਗ ਪਏ ਕਿ ਹਯਾਤ ਵਰਗੇ ਸੂਰਮੇ ਨਾਲ ਕੁਤਕੇ ਵਾਲਾ ਕੌਣ ਲੜਨ ਆਇਆ ਹੈ। ਇੰਨੇ ਨੂੰ ਹਯਾਤ ਇਕ ਦਾਉ ਤਕਾਕੇ ਬਾਜ ਦੀ ਫੁਰਤੀ ਨਾਲ ਘੋੜਾ ਤਰਪਾ ਕੇ ਸਾਧ ਤੇ ਪਿਆ ਬਿਜਲੀ ਵਾਂਙ ਤਲਵਾਰ ਦਾ ਵਾਰ ਝਾੜਿਆ ਪਰ ਸਾਧੂ ਨੇ ਕੁਤਕੇ ਨੂੰ ਢਾਲ ਦੀ ਥਾਵੇਂ ਐਉਂ ਤਲਵਾਰ ਦੇ ਅੱਗੇ ਕੀਤਾ ਕਿ ਉਸ ਪਰ ਵਾਰ ਝੱਲਿਆ ਗਿਆ। ਤਲਵਾਰ ਟੁੱਟ ਕੇ ਢਹਿ ਪਈ ਤੇ ਖਾਨ ਆਪਾ ਸੰਭਾਲਣ ਦੇ ਫਿਕਰ ਵਿਚ ਪੈ ਗਿਆ। ਸਾਧ ਨੇ ਹੁਣ ਬੜੀ ਫੁਰਤੀ ਤੋਂ ਕੰਮ ਲਿਆ। ਦੁਇ ਰਕਾਬਾਂ ਵਿਚ ਪੈਰ ਦੁਇ ਹਥਾਂ ਨਾਲ ਕੁਤਕਾ ਉਭਾਰਕੇ ਆਸਨ ਤੋਂ ਜ਼ਰਾ ਉਛਲਕੇ ਪੂਰੀ ਸੇਧ ਬੰਨ੍ਹ ਕੇ ਹਯਾਤ ਦੇ ਸਿਰ ਤੇ ਮਾਰਿਆ। ਇਸ ਜ਼ੋਰ ਨਾਲ ਇਹ ਜਾ ਕੇ ਵੱਜਾ ਕਿ ਹਯਾਤ ਦਾ ਸਿਰ ਫੁਟ ਗਿਆ। ਇਸ ਵੇਲੇ ਦਾ ਹਾਲ ਗੁਰੂ ਸਾਹਿਬ ਜੀ ਨੇ ਆਪ ਐਉਂ ਲਿਖਿਆ ਹੈ :--

ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ। ਹਠੀ ਖਾਨ

1. ਇਕ ਸਿਰਿਓਂ ਛੋਟਾ ਤੇ ਦੂਜੇ ਸਿਰਿਓਂ ਮੋਟਾ ਇਕ ਡੰਡਾ, ਭਾਰੀ ਪਰ ਲੰਮਾਣ ਵਿਚ ਛੋਟਾ। (ਅ) ਭੰਗ ਘੋਟਣ ਵਾਲਾ ਡੰਡਾ।

ਹੱਜਾਤ ਕੇ ਸੀਸ ਝਾਰੀ। ਉਠੀ ਛਿੱਛ ਇਛੰ ਕਢਾ ਮੇਝ ਜੋਰੰ। ਮਨੋ ਮਾਖ਼ਨੰ ਮੱਟਕੀ ਕਾਨ੍ਹ ਫੋਰੰ।

ਸਿਰ ਟੁਕੜੇ ਹੋ ਜਾਣ ਨਾਲ ਹਯਾਤ ਖਾਂ ਘੋੜੇ ਤੋਂ ਉਲਟਕੇ ਜ਼ਿਮੀਂ ਤੇ ਡਿੱਗ ਪਿਆ ਤੇ ਘੋੜਾ ਉਠਭੱਜਾ ਤੇ ਹੋਰ ਪਠਾਣ ਦੌੜ ਕੇ ਸਾਧੂ ਨੂੰ ਘੇਰਨ ਆ ਪਏ[1] ਇਧਰੋਂ ਜੀਤ ਮਲ ਨੇ ਸਵਾਰਾਂ ਸਮੇਤ ਅੱਗੇ ਵਧ ਕੇ ਸਾਧੂ ਨੂੰ ਆਪਣੇ ਘੇਰੇ ਵਿਚ ਲੈ ਕੇ ਬਚਾ ਲਿਆ।

੬.

**ਜੰਗ** ਇਸ ਵੇਲੇ ਜ਼ੋਰਾਂ ਵਿਚ ਹੋ ਰਿਹਾ ਸੀ ਕਿ ਹਯਾਤ ਖਾਂ ਮਾਰਿਆ ਗਿਆ। ਇਸ ਦੇ ਮਰਨੇ ਨੇ ਪਠਾਣਾਂ ਦੇ ਛੱਕੇ ਛੁਡਾ ਦੇਣੇ ਸਨ, ਪਰ ਭੀਖਣ ਖ਼ਾਂ ਨੇ ਸਮਾਂ ਸੰਭਾਲਿਆ ਤੇ ਅਪਣੇ ਘਬਰਾਕੇ ਹਿੱਲ ਰਹੇ ਦਲ ਨੂੰ ਜਾ ਵੰਗਾਰਿਆ ਕਿ ਸੂਰਮੇ ਬਣੋ, ਹਾਰ ਖਾਕੇ ਇਹ ਕਹਾਓਗੇ ਕਿ ਸਾਧਾਂ ਤੇ ਨੀਵੀਆਂ ਜਾਤਾਂ ਦੇ ਕੰਮੀਆਂ ਕੋਲੋਂ ਪਠਾਣ ਹਾਰ ਗਏ। ਆਓ ਵਧੋ ਮੈਂ ਜੁ ਖੜਾ ਹਾਂ, ਜਿਸ ਨੇ ਅੱਜ ਫਤਹ ਲੈਣੀ ਹੈ। ਐਸੀ ਵੰਗਾਰ ਪਾ ਕੇ ਜਿਸ ਨੇ ਹਿਰਾਸੇ ਹੋ ਰਹੇ ਪਠਾਣ ਸਾਵਧਾਨ ਕੀਤੇ ਤੇ ਅੱਗੇ ਵਧਿਆ ਤੇ ਨਾਲ ਹੀ ਵਧਿਆ ਨਿਜਾਬਤ ਖਾਂ। ਉਧਰੋਂ ਹਯਾਤ ਦੀ ਮੌਤ ਦੇਖ ਕੇ ਫਤਹ ਸ਼ਾਹ ਨੇ ਆਪਣੀ ਸੈਨਾਂ ਨੂੰ ਅੱਗੇ ਵਧਾਇਆ। ਹੁਣ ਫੇਰ ਵੈਰੀ ਦਲ ਦਾ ਜ਼ੋਰ ਬਹੁਤ ਪੈ ਗਿਆ। ਹਰੀ ਚੰਦ ਹੰਡੂਰੀਆ ਬੜੇ ਕ੍ਰੋਧ ਵਿਚ ਆਇਆ। ਇਹ ਆਪਣੇ ਸਮੇਂ ਦਾ ਪ੍ਰਸਿੱਧ ਤੀਰੰਦਾਜ਼ ਸੀ, ਇਸ ਦੇ ਤੀਰਾਂ ਨੇ ਗੁਰੂਦਲ ਦਾ ਬਹੁਤ ਨੁਕਸਾਨ ਕੀਤਾ, ਇਤਨਾ ਕਿ ਹੁਣ ਗੁਰੂ ਦਲ ਵਿਚ ਹਲਚਲ ਪੈ ਗਈ। ਇਹ ਦੇਖ ਕੇ ਕਿ ਸਾਹਿਬ ਚੰਦ ਜੋ ਇਸ ਪਾਸੇ ਵਲੋਂ ਬੜੇ ਹਠ ਨਾਲ ਅੜ ਰਿਹਾ ਤੇ ਬੜੇ ਬਲ ਨਾਲ ਜੁੱਧ ਕਰ ਰਿਹਾ ਹੈ ਪਰ ਹੁਣ ਪੇਸ਼ ਨਹੀਂ ਜਾ ਰਹੀ ਸੂ, ਸਾਹਿਬਾਂ ਨੇ ਨੰਦ ਚੰਦ ਨੂੰ ਕੁਮਕ ਲਈ ਟੋਰਿਆ ਤੇ ਨਾਲ ਹੀ ਦਇਆ ਰਾਮ ਅਪਣਾ ਤੁੰਮਲ 'ਵਧੇ ਆ ਰਹੇ ਨਿਜਾਬਤ' ਨੂੰ ਰੋਕਣ ਲਈ ਲੈ ਗਿਆ। ਇਨ੍ਹਾਂ ਨੇ ਤੇ ਇਨ੍ਹਾਂ ਦੇ ਜਥੇ ਨੇ ਐਸੇ ਬਾਣ ਮਾਰੇ ਕਿ ਵਧੇ ਆ ਰਹੇ ਅਨੇਕਾਂ ਢੱਠੇ।

ਨੰਦ ਚੰਦ ਤੇ ਦਇਆ ਰਾਮ ਦੇ ਵਧਣ ਨੇ ਅਪਣੀ ਸੈਨਾ ਦਾ ਦਿਲ ਵਧਾਇਆ ਤੇ ਫੇਰ ਸਾਰੇ ਜੰਮ ਕੇ ਡਟ ਗਏ। ਨੰਦ ਚੰਦ ਨੇ ਹੁਣ ਹੱਲਾ ਕਰਕੇ ਇਕ ਪਠਾਣ ਤੇ ਬਰਛੀ ਚਲਾਈ ਤੇ ਉਸ ਨੂੰ ਪ੍ਰੋਕੇ ਡੇਗ ਲਿਆ, ਫੇਰ ਹੋਰ ਚਲਾਈ, ਪਰ ਉਹ ਘੋੜੇ ਨੂੰ ਲੱਗੀ ਤੇ ਉਥੇ ਹੀ ਰਹੀ। ਨੰਦ ਚੰਦ ਨੇ ਹੁਣ ਤਲਵਾਰ ਸੰਭਾਲੀ, ਸਨਮੁਖ ਲੜਿਆ ਤੇ ਪਿੱਛੇ ਨਾ ਮੁੜਿਆ।

ਇਸ ਕੋਪ ਭਰੀ ਲੜਾਈ ਲੜਦਿਆਂ ਦੋ ਖ਼ਾਨ ਮਾਰਕੇ, ਤੀਸਰੇ ਨਾਲ ਲੜਦਿਆਂ ਇਸ ਦੀ ਤਲਵਾਰ ਬੀ ਟੁੱਟ ਗਈ। ਛੇਤੀ ਨਾਲ ਇਸ ਨੇ ਜਮਧਰ ਕੱਢੀ ਤੇ ਉਸ ਨੂੰ ਮਾਰ ਲਿਆ। ਇਸ ਦੇ ਹਠ ਨੇ ਇਕ ਥਲਕਾ ਮਚਾ ਦਿੱਤਾ! ਹੁਣ ਨੇੜੇ ਸੀ ਕਿ ਇਹ ਘਿਰ ਜਾਵੇ ਯਾ ਤੀਰ ਦਾ ਨਿਸ਼ਾਨਾ ਬਣੇ ਕਿ ਦਇਆਰਾਮ ਢੁੱਕਕੇ ਜਾ ਪਹੁੰਚਾ। ਇਧਰੋਂ ਸਾਹਿਬਾਂ ਨੇ ਅਪਣੇ ਮਾਮੇ ਕ੍ਰਿਪਾਲ ਚੰਦ ਜੀ ਨੂੰ , ਜੋ ਛਤ੍ਰੀਪਣੇ ਦੀ ਅਣਖ ਵਿਚ ਭਰ ਰਹੇ ਸੇ, ਸਹਾਇਤਾ ਲਈ ਘੱਲ ਦਿੱਤਾ, ਇਸ ਨੇ ਅੱਗੇ ਵਧ ਕੇ ਘੋਰ ਸੰਗ੍ਰਾਮ ਕੀਤਾ। ਮਾਮਾ ਜੀ ਨੂੰ ਤੀਰ ਬੀ ਕਈ ਲੱਗੇ, ਜ਼ਖਮ ਆਏ ਪਰ ਸਾਂਈਂ ਨੇ ਜਾਨ ਬਚਾਈ ਰਖੀ। ਜ਼ਖਮ ਖਾ ਖਾ ਕੇ ਬੀ ਮਾਮਾ ਜੀ ਪਿੱਛੇ ਨਹੀਂ ਹਟੇ, ਵਧ ਤੋਂ ਵਧ ਲੜੇ। ਕਿਤਨੇ ਖਾਨ ਘੋੜਿਆਂ ਤੋਂ ਹੇਠ ਡੇਗੇ, ਕਿਤਨੇ ਹੀ ਮਾਰ ਦਿੱਤੇ। ਸੋ ਸਾਹਿਬ ਚੰਦ—ਜੋ ਬੜੇ ਹਠ ਨਾਲ ਇਸ ਟਿਕਾਣੇ ਅੜ ਰਿਹਾ ਸੀ ਇਹ ਕੁਮਕਾਂ ਪਾ ਕੇ ਅੜਿਆ ਰਿਹਾ। ਇਸ ਤਰ੍ਹਾਂ ਬਹੁਤ ਹੀ ਪਠਾਣ ਇਨ੍ਹਾਂ ਨੇ ਮਾਰੇ, ਕੇਵਲ ਓਹੋ ਸਿਪਾਹੀ ਬਚੇ ਜੋ ਪਿੱਛੇ ਹਟ ਗਏ। ਇਸ ਥਾਂ ਤੇ ਹੋ ਰਹੇ ਜੁੱਧ ਵਿਚ ਬੀ ਸਿੱਖਾਂ ਨੇ ਆਪਣਾ ਪਾਸਾ ਭਾਰਾ ਕਰ ਲਿਆ। ਅਨੇਕਾਂ ਵੈਰੀ ਮਾਰੇ, ਜੋ ਵਧ ਕੇ ਆਏ ਸਨ; ਹੁਣ ਪਿੱਛੇ ਹਟ ਗਏ। ਹਰੀ ਚੰਦ ਇਸ ਪਾਸੇ ਕੁਛ ਪਿੱਛੇ ਹਟ ਕੇ ਭੀਖਨ ਖਾਂ ਨੂੰ ਟਿਕਾ ਕੇ ਤੇ ਹੌਸਲਾ ਦੇ ਕੇ ਸੰਗੋ ਸ਼ਾਹ ਵਾਲੇ ਪਾਸੇ ਛੇਤੀ ਨਾਲ ਚਲਾ ਗਿਆ। ਸਾਹਿਬਾਂ ਨੇ ਇਸ ਜੁੱਧ ਨਜ਼ਾਰੇ ਦਾ ਸੰਖੇਪ ਵਰਣਨ ਐਉਂ ਆਪ ਕੀਤਾ ਹੈ:--

ਤਹਾ ਨੰਦ ਚੰਦ ਕੀਯੋ ਕੋਪ ਭਾਰੋ॥ ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥ ਤੁਟੀ ਤੇਗ ਤ੍ਰਿਖੀ ਕਢੇ ਜੇਮਦੱਢੰ॥ ਹਠੀ ਰਾਖਿਯੰ ਲੱਜ ਬੰਸੰ ਸਨੱਢੰ॥ ੮॥ ਤਹਾਂ ਮਾਤੁਲੇਯੰ ਕ੍ਰਿਪਾਲੰ ਕ੍ਰੁਧੰ॥ ਛਕਿਯੋ ਛੋਭ ਛਤ੍ਰੀ ਕਰਜੋ ਜੁਧ ਸੁੱਧੰ॥ ਸਹੇ ਦੇਹ ਆਪੰ ਮਹਾਂ ਬੀਰ ਬਾਣੰ॥ ਕਰੇ ਖਾਨ

1. ਸੈਨਾਪਤਿ ਲਿਖਦਾ ਹੈ ਕਿ ਸਾਧ ਨੇ ਹਯਾਤ ਖਾਂ ਤੋਂ ਮਗਰੋਂ ਇਕ ਹੋਰ ਨੂੰ ਭੀ ਕੁਤਕੇ ਨਾਲ ਮਾਰਿਆ :—ਏਕ ਦਈ ਸੁ ਦਈ ਉਹਕੇ ਫਿਰ ਦੂਸਰੀ ਸੌ ਇਕ ਅਉਰ ਸਿੰਘਾਰਯੋ।

ਬਾਨੀਨ ਖਾਲੀ ਪਲਾਣੰ॥ ੯॥ ਹਠਿਯੋ ਸਾਹਬਚੰਦੰ
ਖੇਤੰ ਖਤ੍ਰਿ ਆਣੰ॥ ਹਨੇ ਖਾਨ ਖ਼ੂਨੀ ਖ਼ੁਰਾਸਾਨ
ਭਾਨੰ॥ ਤਹਾਂ ਬੀਰ ਬੰਕੇ ਭਲੀ ਭਾਂਤ ਮਾਰੇ॥
ਬਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ॥ ੧੦॥

ਮੈਦਾਨ ਬੜਾ ਲੰਮਾ ਸੀ ! ਥਾਂ ਥਾਂ ਮਾਰੋ ਮਾਰ ਹੋ ਰਹੀ ਸੀ, ਫਤਹਸ਼ਾਹ ਪਾਰੋਂ ਉਰਾਰ ਆ ਵਧਿਆ ਸੀ, ਪਰ ਲੜ ਰਹੀਆਂ ਸਫਾ ਤੋਂ ਪਿਛੇ ਖੜਾ ਸੀ। ਦਿਲ ਛੱਡ ਕੇ ਭੱਜਿਆਂ ਨੂੰ ਮੜ ਅੱਗੇ ਟੋਰਦਾ, ਕੁਮਕਾਂ ਘੱਲਦਾ ਤੇ ਰਣ ਦੇ ਸਾਰੇ ਪਾਸਿਆਂ ਨੂੰ ਸੰਭਾਲਦਾ ਸੀ। ਜਿਸ ਟਿਕਾਣੇ ਸੰਗੋਸ਼ਾਹ ਲੜ ਰਿਹਾ ਸੀ ਉਧਰ ਜ਼ੋਰ ਹੁਣ ਵਧ ਰਿਹਾ ਸੀ, ਜਿਸ ਪਾਸੇ ਬੁਧੂ ਸ਼ਾਹ ਸੀ ਉਧਰ ਵੀ ਜੁੱਧ ਜਾਰੀ ਸੀ ਤੇ ਪੀਰ ਜੀ ਦਾ ਇਕ ਪੁਤ੍ਰ ਹੋਰ ਸ਼ਹੀਦ ਹੋ ਚੁਕਾ ਸੀ। ਪਰ ਪੀਰ ਨੇ ਹੌਂਸਲਾ ਨਹੀਂ ਸੀ ਛਡਿਆ ਤੇ ਉਸਦਾ ਦਲ ਉਸ ਪਾਸੇ ਵਲ ਮੈਦਾਨ ਵਿਚ ਡਟਿਆ ਜੁੱਧ ਕਰ ਰਿਹਾ ਸੀ।

੭.

**ਇਸ** ਜੁੱਧ ਵਿਚ ਕੁਛ ਵਾਕਜਾਤ ਐਸੇ ਹੋਏ ਜੋ ਪਠਾਣਾਂ ਤੇ ਰਾਜਿਆਂ ਨੂੰ ਦੰਗ ਕਰਨ ਵਾਲੇ ਸਨ। ਉਹ ਲੋਕ ਜੋ ਜੰਗ ਵਿਚ ਨਹੀਂ ਕਦੇ ਗਏ ਸਨ, ਉਨ੍ਹਾਂ ਨੇ ਬੀਰਤਾ ਦਿਖਾਈ। ਗੁਰੂ ਜੀ ਦੇ ਬੀਰ-ਰਸੀ ਜੋਸ਼ ਦਾ ਇਹ ਪ੍ਰਭਾਵ ਸੀ ਕਿ ਦਇਆ ਰਾਮ ਬ੍ਰਾਹਮਣ ਸੂਰਮਾ ਬਣ ਗਿਆ ਸੀ। ਖ਼ੈਰ ਇਹ ਤਾਂ ਸ਼ਸਤ੍ਰ ਵਿਦਿਆ ਨਿਪੁੰਨ ਹੋ ਗਿਆ ਸੀ। ਮਾਹੀ ਤਕ ਬੀ ਜੁੱਧ ਕਰਨ ਵਿਚ ਮੋਹਰੀ ਹੋ ਗਏ ਸੇ। ਇਕ ਸਾਧੂ ਨੇ ਉੱਠ ਕੇ ਮੁਖੀ ਪਠਾਣ ਸਰਦਾਰ ਨੂੰ ਮਾਰ ਲਿਆ। ਇਕ ਹਲਵਾਈ ਲਾਲ ਚੰਦ ਦਾ ਜ਼ਿਕਰ ਹੈ ਪੁਸਤਕਾਂ ਵਿਚ ਕਿ ਜੁੱਧ ਦਾ ਰੰਗ ਵੇਖ ਕੇ ਉਹ ਮੈਦਾਨ ਵਿਚ ਜਾ ਕੁੱਦਿਆ ਜਿਸ ਨੇ ਇਕ ਅਮੀਰ ਖਾਂ ਨਾਮੇ ਪਠਾਣ ਨੂੰ ਜਾ ਵੰਗਾਰਿਆ ਤੇ ਹਥੋ ਹਥੀ ਦੀ ਲੜਾਈ ਕਰਕੇ ਉਸ ਨੂੰ ਮਾਰ ਲਿਆ ਸੀ।

ਹਰੀ ਚੰਦ ਨਿਜਾਬਤ ਆਦਿ ਪਠਾਣਾਂ ਨੂੰ ਇਕ ਟਿਕਾਣੇ ਖੜਾ ਕਰਕੇ ਸੰਗੋ ਸ਼ਾਹ ਵਾਲੇ ਪਾਸੇ ਜਾ ਪਿਆ ਸੀ। ਇਸ ਨੂੰ ਇਹ ਦਿੱਸ ਰਿਹਾ ਸੀ ਕਿ ਜੇ ਇਹ ਪਾਸਾ ਭਾਰੂ ਪੈ ਗਿਆ ਤਾਂ ਸਾਡੀ ਨਿਸ਼ਚੇ ਹਾਰ ਹੋ ਜਾਏਗੀ। ਸੰਗੋ ਸ਼ਾਹ ਇਥੇ ਬੜੇ ਜ਼ੋਰ ਦਾ ਜੁੱਧ ਕਰ ਰਿਹਾ ਤੇ ਸ਼ੱਤ੍ਰੂ ਮਾਰ ਰਿਹਾ ਸੀ। ਗੁਪਾਲ ਰਾਜਾ ਸੂਰਮਗਤੀ ਵਿਚ ਅਜੇ ਤਾਂਈਂ ਖੜਾ ਸੀ। ਇਹ ਹਾਲ ਦੇਖਕੇ ਹੀ ਹਰੀ ਚੰਦ ਇਧਰ ਲਪਕਿਆ ਸੀ। ਉਧਰੋਂ ਮਧਕਰ ਸ਼ਾਹ ਚੰਬੇਲੀ ਬੀ ਇਧਰ ਹੀ ਆ ਪਿਆ। ਹਰੀ ਚੰਦ ਨੇ ਆ ਕੇ ਬੜੀ ਬੀਰਤਾ ਦੇ ਤੀਰ ਵਾਹੇ, ਜਿਸ ਨੂੰ ਲਗੇ ਸੋ ਮਰੇ। ਇਸ ਨੇ ਅਨੇਕਾਂ ਹੀ ਬੀਰ ਗੁਰੂ ਜੀ ਦੀ ਸੈਨਾ ਦੇ ਮਾਰ ਲਏ। ਤਦ ਇਧਰੋਂ ਜੀਤਮਲ ਜੀ ਹਰੀ ਚੰਦ ਨੂੰ ਵਧਦਾ ਵੇਖਕੇ ਉਸ ਨਾਲ ਜੁੱਟ ਪਏ ਤੇ ਆਮੋ ਸਾਹਮਣੇ ਦਾਉ ਘਾਉ ਤੇ ਵਾਰ ਹੋਣ ਲਗ ਪਏ। ਹੁਣ ਫਤਹ ਸ਼ਾਹ ਦਾ ਇਸ਼ਾਰਾ ਆ ਜਾਣ ਕਰਕੇ ਨਿਜਾਬਤ ਖਾਂ ਬੀ ਇਧਰ ਆ ਗਿਆ ਸੀ ਤੇ ਆਉਂਦਾ ਹੀ ਸੰਗੋ ਸ਼ਾਹ ਨਾਲ ਜੁੱਟ ਪਿਆ ਸੀ।

ਜੀਤ ਮੱਲ ਨੇ ਕੇਸਰੀ ਚੰਦ ਨੂੰ ਤੀਰ ਮਾਰਿਆ, ਪਰ ਉਹ ਘੋੜੇ ਦਾ ਤਤਛਿਨ ਪੈਂਤੜਾ ਬਦਲ ਕੇ ਬਚ ਗਿਆ। ਫਿਰ ਦਾਉ ਘਾਉ ਕਰਦਿਆਂ, ਟਰਦੇ ਤੇ ਟਾਰਦਿਆਂ ਦੋਹਾਂ ਦੇ ਤੀਰ ਚਲੇ ਪਰ ਦੋਹਾਂ ਦੇ ਘੋੜਿਆਂ ਨੂੰ ਲਗੇ; ਦੋਨੋਂ ਡਿਗੇ, ਦੋਨੋਂ ਸੰਮੁਲੇ। ਫਿਰ ਤੀਰ ਚਲੇ, ਦੋਏ ਜ਼ਖਮੀ ਹੋਏ, ਪਰ ਥੋੜ੍ਹੇ, ਫਿਰ ਤੀਰ ਦੋਹਾਂ ਦੇ ਚਲੇ, ਹਰੀ ਚੰਦ ਦਾ ਤਾਂ ਐਸਾ ਕਾਰੀ ਪਿਆ ਕਿ ਜੀਤ ਮੱਲ ਦਾ ਅੰਤ ਹੋ ਗਿਆ, ਪਰ ਹਰੀ ਚੰਦ ਨੂੰ ਐਸੀ ਥਾਂ ਲੱਗਾ ਕਿ ਉਹ ਮੂਰਛਾ ਖਾ ਢੱਠਾ ਤੇ ਉਸ ਨੂੰ ਸਾਥੀ ਚੁੱਕ ਕੇ ਲੈ ਗਏ। ਇਧਰੋਂ ਗੁਰੂ ਕੇ ਜੋਧੇ ਜੀਤ ਮੱਲ ਜੀ ਦੀ ਲੋਥ ਨੂੰ ਚੁੱਕ ਕੇ ਗੁਰੂ ਜੀ ਪਾਸ ਲੈ ਆਏ, ਜਿਸ ਦੀ ਸੂਰਬੀਰਤਾ ਨੂੰ ਗੁਰੂ ਜੀ ਨੇ ਬਹੁਤ ਸਲਾਹਿਆ ਤੇ ਅਸ਼ੀਰਵਾਦ ਦਿੱਤੀ।

ਉਧਰ ਜਦ ਮੂਰਛਤ ਹਰੀ ਚੰਦ ਨੂੰ ਲੈ ਕੇ ਗਏ ਤਾਂ ਫਤਹ ਸ਼ਾਹ ਬਹੁਤ ਦੁਖੀ ਹੋਇਆ, ਇਸ ਦੇ ਪਾਸ ਬਹੁਤ ਘੇਰਾ ਘੱਤ ਕੇ ਸ਼ਸਤ੍ਰ ਧਾਰੀ ਆ ਗਏ। ਭੀਮ ਚੰਦ ਬੀ ਇਥੇ ਕੁ ਹੀ ਸੀ ਕਿ ਰਾਮ ਸਿੰਘ ਨੇ, ਜੋ ਗੁਰੂ ਜੀ ਦੇ ਪਾਸ ਗੋਲ ਅੰਦਾਜ਼ ਸੀ, ਇਕ ਤੋਪ ਚਲਾਈ, ਜੋ ਉਸ ਨੇ ਲੱਕੜ ਦੀ ਗੇਲੀ ਖੋਦ ਕੇ ਬਣਾਈ ਸੀ। ਗੋਲੇ ਨੇ ਉਸ ਭੀੜ ਵਿਚ ਕੁਛਕ ਨੂੰ ਮਾਰਿਆ ਤੇ ਬਾਕੀ ਦੇ ਡਰਦੇ ਭੱਜੇ। ਫਤਹ ਸ਼ਾਹ ਬੀ ਪਿੱਛੇ ਹਟ ਗਿਆ ਤੇ ਨਦੀ ਪਾਰ ਹੋ ਘੋੜੇ ਤੇ ਸਵਾਰ ਹੋ ਭੱਜ ਗਿਆ। ਇਸ ਨੂੰ ਮੈਦਾਨੋਂ ਜਾਂਦਾ ਦੇਖ ਕੇ ਮਧੁਕਰ ਸ਼ਾਹ ਡਢਵਾਲੀਆ ਤੇ ਜਸਵਾਲੀਆ ਬੀ ਆਪਣੀ ਸੈਨਾ ਲੈ ਕੇ ਭੱਜ ਗਏ। ਇਸ ਸਮੇਂ ਦਾ ਹਾਲ ਸ੍ਰੀ ਗੁਰੂ ਜੀ ਨੇ ਸੰਖੇਪ ਵਿਚ ਐਉਂ ਲਿਖਿਆ ਹੈ :-

ਤਹਾਂ ਸਾਂਹ ਸੰਗ੍ਰਾਮ ਕੀਨੇ ਅਖਾਰੇ। ਘਣੇ ਖੇਤ ਮੈਂ

ਖਾਨ ਖੂਨੀ ਲਤਾਰੇ ਨ੍ਰਿਪੰ ਗੋਪਾਲਯੰ ਖਰੋ ਖੇਤ ਰਾਜੈ। ਮ੍ਰਿਗਾ ਝੁੰਡ ਮਧਯੰ ਮਨੋ ਸਿੰਘ ਰਾਜੈ॥ ੧੧॥ ਤਹਾਂ ਏਕ ਬੀਰੰ ਹਰੀ ਚੰਦ ਕੋਪਯੋ। ਭਲੀ ਭਾਂਤਿ ਸੋਂ ਖੇਤ ਮੋਂ ਪਾਵ ਰੋਪਯੋ। ਮਹਾਂ ਕ੍ਰੋਧ ਕੈ ਤੀਰ ਤੀਖੇ ਪ੍ਰਹਾਰੇ॥ ਲਗੇ ਜੌਨ ਕੇ ਤਾਂਹਿ ਪਾਰੈ ਪਧਾਰੇ॥ ੧੨॥ ਰਸਾਵਲ ਛੰਦ॥ ਹਰੀ ਚੰਦ ਕ੍ਰੁੱਧੰ॥ ਹਨੇ ਸੂਰ ਸੁੱਧੰ। ਭਲੇ ਬਾਨ ਬਾਹੇ॥ ਬਡੇ ਸੈਨ ਗਾਹੇ॥ ੧੩॥ ਰਸੰ ਰੁਦ੍ਰ ਰਾਚੇ॥ ਮਹਾਂ ਲੋਹ ਮਾਚੇ॥ ਹਨੇ ਸ਼ਸਤ੍ਰ ਧਾਰੀ॥ ਲਿਟੇ ਭੂਪ ਭਾਰੀ॥ ੧੪॥ ਤਬੈ ਜੀਤ ਮੱਲੰ॥ ਹਰੀ ਚੰਦ ਭੱਲੰ॥ ਹ੍ਰਿਦੈ ਐਂਚਿ ਮਾਰਯੋ॥ ਸੁ ਖੇਤੰ ਉਤਾਰਯੋ॥ ੧੫॥ ਲਗੈ ਬੀਰ ਬਾਣੰ॥ ਰਿਸਯੋ ਤੇਜ ਮਾਣੰ॥ ਸਮੂਹ ਬਾਜ ਡਾਰੇ॥ ਸੁ ਸੁਰਗੀ ਸਿਧਾਰੇ॥ ੧੬॥ ਭੁਜੰਗ ਪ੍ਰਯਾਤ ਛੰਦ॥ ਖੁਲੇ ਖਾਨ ਖੂਨੀ ਖੁਰਾਸਾਨ ਖੱਗੰ॥ ਪਰੇ ਸ਼ਸਤ੍ਰ ਧਾਰੰ ਉਠੀ ਝਾਲ ਅੱਗੰ॥ ਭਈ ਤੀਰ ਭੀਰੰ ਕਮਾਣੰ ਕੜੱਕੇ॥ ਗਿਰੇ ਬਾਜ ਤਾਜੀ ਲਗੇ ਧੀਰ ਧੱਕੇ॥ ੧੭॥ ਬਜੀ ਭੇਰਿ ਭੁੰਕਾਰ ਧੁੰਕੇ ਨਗਾਰੇ॥ ਦੁਹੂੰਓਰ ਤੇ ਬੀਰ ਬੰਕੇ ਬਕਾਰੇ॥ ਕਰੇ ਬਾਹੁ ਆਘਾਤ ਸਸਤ੍ਰੰ ਪ੍ਰਹਾਰੰ॥ ਡਕੀ ਡਾਕਣੀ ਚਾਵਡੀ ਚੀਤ ਕਾਰੰ॥ ੧੮॥ ਦੋਹਰਾ॥ ਕਹਾਂ ਲਗੇ ਬਰਨਨ ਕਰੌਂ ਮਚਿਓ ਜੁੱਧ ਅਪਾਰ॥ ਜੇ ਲੁੱਝੇ ਜੁੱਝੇ ਸਭੈ ਭੱਜੇ ਸੂਰ ਹਜ਼ਾਰ॥ ੧੯॥ ਭੁਜੰਗ ਪ੍ਰਯਾਤ ਛੰਦ॥ ਭੱਜਯੋ ਸਾਹ ਪਾਹਾੜ ਤਾਜੀ ਤ੍ਰਿਪਾਯੰ॥ ਚਲਯੋ ਬੀਰੀਯਾ ਤੀਰੀਯਾ ਨ ਚਲਾਯੰ॥ ਭਜਯੋ ਡੱਢਵਾਲਨ ਮਧੁਕਰ ਸੁ ਸਾਹੰ॥ ਭਜੇ ਸੰਗ ਲੈ ਕੇ ਸੁ ਸਾਰੀ ਸਿਪਾਹੰ॥ ੨੦॥ (ਬਚਿਤ੍ਰ ਨਾਟਕ)

੮.

**ਇਹ** ਤਾਂ ਕਾਇਰ ਹੋ ਕੇ ਭੱਜ ਪਏ, ਪਰ ਹਰੀ ਚੰਦ, ਜਿਸ ਨੂੰ ਹੋਸ਼ ਆ ਗਈ ਸੀ ਤੇ ਗਾਜ਼ੀ ਚੰਦ ਚੰਦੇਲ ਇਹ ਨਾ ਨੱਠੇ, ਸਗੋਂ ਸੂਰਮਗਤੀ ਨਾਲ ਮਰਨਾ ਸਫਲ ਸਮਝਕੇ ਅੜ ਗਏ। ਉਧਰ ਪਠਾਣ ਭੀ ਨਾ ਭੱਜੇ: ਉਹ ਭੀ ਮੈਦਾਨ ਵਿਚ ਅੜੇ ਖੜੇ ਰਹੇ। ਹੁਣ ਇਨ੍ਹਾਂ ਨੇ ਇਕ ਮਿਲਵਾਂ ਹਮਲਾ ਕੀਤਾ। ਇਧਰੋਂ ਦਇਆ ਰਾਮ, ਨੰਦ ਚੰਦ, ਗੁਲਾਬ ਰਾਇ, ਗੰਗਾ ਰਾਮ ਆਦਿ ਜੋਧੇ ਹੁਣ ਵਧੇ ਹੋਏ ਹੌਸਲੇ ਨਾਲ ਖੂਬ ਅੜੇ ਤੇ ਭਾਰੀ ਘਮਸਾਨ ਹੋਇਆ। ਗਾਜ਼ੀ ਚੰਦ ਚੰਦੇਲ ਇੰਨੇ ਰੋਹ ਵਿਚ ਸੀ ਕਿ ਅੱਗੇ ਅੱਗੇ ਵਧਦਾ ਗਿਆ। ਇਸ ਦੇ ਹੱਥ ਸੇਲਾ ਸੀ, ਜਿਸ ਨਾਲ ਇਸ ਨੇ ਅਨੇਕਾਂ ਬੀਰ ਪ੍ਰੋਤੇ ਤੇ ਘਾਇਲ ਕਰਕੇ ਪਛਾੜੇ। ਇਸ ਤਰ੍ਹਾਂ ਵਧਦਾ ਵਧਦਾ ਇਹ ਸੰਗੋ ਸ਼ਾਹ ਤੇ ਆ ਪਿਆ ਪਰ ਉਸ ਸੂਰਮੇਂ ਦੇ ਅਗੇ ਪੇਸ਼ ਨਾ ਗਈ, ਟੁਕੜੇ ਹੋ ਕੇ ਧਰਾ ਤੇ ਡਿੱਗਾ ਤੇ ਆਪਣਾ ਸੁਆਮਿ ਧਰਮ ਪੂਰਾ ਨਿਬਾਹ ਗਿਆ। ਗਾਜ਼ੀ ਚੰਦ ਦੀ ਮੌਤ ਤੇ ਨਿਜਾਬਤ ਖਾਂ ਦੇ ਦਿਲ ਕਟਕ ਦਾ ਰੋਹ ਭਰਿਆ। ਇਹ ਕੁਛ ਖ਼ਾਨ ਲੈ ਕੇ ਤੇਜ਼ੀ ਨਾਲ ਅਗੇ ਵਧਿਆ ਤੇ ਸਿੱਧਾ ਸੰਗੋ ਸ਼ਾਹ ਉਤੇ, ਜੋ ਅਜ ਦੇ ਰਣ ਦਾ, ਗੁਰੂ ਜੀ ਦੀ ਆਗਜਾ ਵਿਚ, ਸੈਨਾਪਤ ਸੀ, ਆ ਪਿਆ। ਨਿਜਾਬਤ ਖਾਂ ਤੇ ਸੰਗੋਸ਼ਾਹ ਗੁਰੂ ਜੀ ਦੇ ਦੁਆਰੇ ਕਦੇ ਕੱਠੇ ਸਨ, ਇਕ ਦੂਜੇ ਨੂੰ ਸਿਆਣਦੇ ਸਨ, ਕਸਰਤਾਂ ਕੱਠੇ ਕਰਦੇ ਰਹੇ ਸਨ। ਦੋਏ ਖੂਬ ਲੜੇ। ਇਸ ਬੀਰਤਾ ਨਾਲ ਜੁਧ ਹੋਇਆ ਕਿ ਦੁਹਾਂ ਲਈ ਅਸ਼ ਅਸ਼ ਹੋ ਗਈ। ਛੇਕੜ ਨਿਜਾਬਤ ਦਾ ਸ਼ਸਤ੍ਰ ਟਿਕਾਣੇ ਪਿਆ, ਸੰਗੋ ਜੀ ਮਰਮੀ ਜ਼ਖਮ ਖਾ ਗਏ, ਪਰ ਜੋਸ਼ ਵਿਚ ਐਤਨੇ ਸਨ ਕਿ ਵਾਰ ਮੋੜਵਾਂ ਝਾੜਿਆ ਤੇ ਨਿਜਾਬਤ ਖਾਂ ਹੁਰੀਂ ਮਾਰੇ ਗਏ ਤੇ ਓਧਰ ਸੰਗੋ ਸ਼ਾਹ ਹੁਰੀਂ ਬੀ ਢੱਠੇ ਤੇ ਸੁਰਗਾਂ ਨੂੰ ਸਿਧਾਰ ਗਏ। ਇਸ ਜੁਧ ਨੂੰ ਸਾਹਿਬਾਂ ਨੇ ਸੰਖੇਪ ਐਉਂ ਵਰਣਨ ਕੀਤਾ ਹੈ:--

ਚੱਕ੍ਰਿਤ ਚੋਪਿਓ ਚੰਦ ਗਾਜ਼ੀ ਚੰਦੇਲੰ॥ ਹਠੀ ਹਰੀ ਚੰਦੰ ਗਹੇ ਹਾਥ ਸੇਲੰ॥ ਕਰਯੋ ਸ੍ਵਾਮਿ ਧਰਮੰ ਮਹਾਂ ਰੋਸ ਰੁਝੰ॥ ਗਿਰਯੋ ਟੂਕ ਟੂਕ ਹ੍ਵੈ ਕਿਧੋ ਸੂਰ ਜੁੱਝੰ[1]॥ ੨੧॥ ਤਹਾਂ ਖਾਨ ਨੈਜਾਬਤੋ ਆਨਕੈ ਕੈ। ਹਨਯੋ ਸ਼ਾਹ ਸੰਗ੍ਰਾਮ ਕੋ ਸ਼ਸਤ੍ਰ ਲੈ ਕੇ॥ ਕਿਤੇ ਖਾਨ ਬਾਨੀਨ ਹੂੰ ਅਸਤ੍ਰ ਝਾਰੇ॥ ਸਹੀ ਸ਼ਾਹ ਸੰਗ੍ਰਾਮ ਸੁਰਗੀ ਸਿਧਾਰੇ॥ ੨੨॥ ਦੋਹਰਾ॥ ਮਾਰ ਨਿਜਾਬਤ ਖਾਨ ਕੋ ਸੰਗੋ ਜੁਝੇ ਜੁਝਾਰ॥ ਹਾ ਹਾ ਇਹ ਲੋਕੇ ਭਯੋ ਸੁਰਗ ਲੋਕ ਜੈਕਾਰ॥ ੨੩॥

ਸੰਗੋ ਸ਼ਾਹ ਜਿਸ ਬੀਰਤਾ ਨਾਲ ਅਜ ਲੜਿਆ ਫਤਹ ਦਾ ਢੇਰ ਹਿੱਸਾ ਉਹਦੀ ਦੂਰਦਰਸ਼ਤਾ ਤੇ ਫੇਰ ਅਮੁੜ ਬੀਰਤਾ ਦਾ ਫਲ ਸੀ। ਉਸ ਪਰ ਪ੍ਰਸੰਨ ਹੋ ਕੇ ਸਾਹਿਬਾਂ ਨੇ ਉਸ ਨੂੰ 'ਸ਼ਾਹ ਸੰਗ੍ਰਾਮ' ਦਾ ਨਾਮ ਬਖਸ਼ਿਆ :--

ਯਥਾ--ਸੰਗੋਕਾ ਪ੍ਰਭ ਨੇ ਧਰਿਓ ਨਾਮ ਸ਼ਾਹ ਸੰਗ੍ਰਾਮ।

---

1. ਇਹ ਚੰਦੇਲ ਦੇ ਡਿਗਣ ਦਾ ਜ਼ਿਕਰ ਹੈ, ਹਰੀ ਚੰਦ ਨਹੀਂ, ਉਸ ਨੇ ਅਜੇ ਜੰਗ ਕਰਨਾ ਹੈ।

ਤਿਹ ਨੈ ਪ੍ਰਾਕ੍ਰਮ ਅਸ ਕੀਓ ਤਬ ਪਾਇਓ ਯਹ
ਨਾਮ॥ ੩੯॥ (ਕਵੀ ਸੈਨਾਪਤਿ)

ਸ਼ਾਹ ਸੰਗ੍ਰਾਮ ਦੀ ਮੌਤ ਤੋਂ ਹੁਣ ਯੁੱਧ ਦੀ ਅਗੁਵਾਨੀ ਸਾਰੀ ਸਾਹਿਬਾਂ ਨੇ ਆਪ ਸੰਭਾਲੀ ਤੇ ਤੀਰ ਕਮਾਨ ਲੈ ਕੇ ਅੱਗੇ ਵਧੇ। ਉਧਰੋਂ ਹੁਣ ਖ਼ਾਨਾਂ ਦਾ ਸੰਗੋਸ਼ਾਹ ਦੇ ਮਾਰੇ ਜਾਣ ਤੇ ਹੌਸਲਾ ਵਧਿਆ ਤੇ ਨਿਜਾਬਤ ਦੇ ਮਾਰੇ ਜਾਣ ਤੋਂ ਗੁੱਸਾ ਵਧਿਆ। ਉਹ ਅੱਗੇ ਵਧੇ ਆ ਰਹੇ ਸਨ। ਘਾਟ ਤੋਂ ਅਜੇ ਵਿੱਥ ਤੇ ਸਨ ਕਿ ਉਪਰਲੇ ਮੈਦਾਨ ਦੀ ਇਸ ਘਾਟ ਤੇ ਵਧਵੀ ਗੁੱਠ ਤੇ ਜਾ ਗੁਰੂ ਜੀ ਨੇ ਤੀਰ ਛੋੜਿਆ ਜੋ ਇਕ ਅੱਗੇ ਵਧੇ ਹੋਏ ਜਥੇਦਾਰ ਪਠਾਣ ਤੇ ਲੱਗਾ ਤੇ ਉਹ ਮਰ ਗਿਆ। ਫਿਰ ਦੂਜਾ ਤੀਰ ਸੰਭਾਲ ਕੇ ਆਪ ਨੇ ਸੇਧਿਆ ਤੇ ਭੀਖਨ ਖਾਂ ਦੇ ਮੂੰਹ ਤੇ ਤੱਕਕੇ ਮਾਰਿਆ। ਇਹ ਤੀਰ ਖਾਨ ਨੂੰ ਜ਼ਖਮੀ ਕਰਕੇ ਘੋੜੇ ਵਿਚ ਧਸ ਗਿਆ। ਘੋੜਾ ਢਹਿ ਪਿਆ ਤੇ ਖਾਨ ਪਿੱਛੇ ਨੂੰ ਭੱਜ ਗਿਆ। ਤੀਜਾ ਤੀਰ ਫੇਰ ਚੱਲਿਆ, ਇਸ ਨਾਲ ਇਕ ਹੋਰ ਢੱਠਾ ਤੇ ਘੋੜਾ ਭੀ ਢੱਠਾ; ਇੰਨੇ ਚਿਰ ਤਕ ਹਰੀ ਚੰਦ ਦੀ ਮੂਰਛਾ ਹਟ ਗਈ ਸੀ। ਉਸਨੂੰ ਜ਼ਖਮ ਕਾਰੀ ਨਹੀਂ ਸੀ, ਸਿਰ ਨੂੰ ਧਮਕ ਨੇ ਬੇਹੋਸ਼ ਕੀਤਾ ਸੀ, ਪਰ ਸੀ ਉਂਵ ਜ਼ਖਮੀ। ਹੋਸ਼ ਆਈ ਤੇ ਉਸ ਡਿੱਠਾ ਕਿ ਇਸ ਪਾਸੇ ਹਾਰ ਹੋ ਰਹੀ ਹੈ, ਫਤੇਸ਼ਾਹ ਟੁਰ ਗਿਆ ਹੈ, ਭੀਮ ਚੰਦ ਕਲਹ ਦਾ ਮੂਲ ਅੱਗੇ ਨਹੀਂ ਆਉਂਦਾ, ਹੋਰ ਰਾਜੇ ਪਿੱਛੇ ਪੈਰ ਸੱਟ ਰਹੇ ਹਨ। ਦੋ ਤ੍ਰੈ ਪਠਾਣ ਸਰਦਾਰ ਮਾਰੇ ਗਏ ਹਨ ਤੇ ਨਿਜਾਬਤ ਜ਼ਖਮ ਖਾ ਕੇ ਭੱਜ ਆਇਆ ਹੈ, ਤਦ ਇਸ ਨੂੰ ਸੂਰਬੀਰਤਾ ਦਾ ਰੋਹ ਚੜ੍ਹਿਆ ਤੇ ਆਪਣੇ ਸਵਾਰ ਨਾਲ ਲੈ ਅੱਗੇ ਵਧਿਆ। ਇਸ ਨੇ ਤੀਰਾਂ ਦੀ ਉਹ ਬਰਖਾ ਕੀਤੀ ਕਿ ਜਿਸ ਨੂੰ ਲਗਾ ਉਹ ਨਹੀਂ ਬਚਿਆ। ਦੋ ਦੋ ਬਾਣ ਖਿੱਚ ਕੇ ਇਸ ਨੇ ਇਕ ਇਕ ਵਾਰ ਮਾਰੇ। ਸੂਰਮੇ ਨੂੰ ਲੱਗੇ ਕਿ ਘੋੜੇ ਨੂੰ, ਜਿਸ ਨੂੰ ਲਗੇ ਪਾਰ ਜਾ ਨਿਕਲੇ। ਇਸ ਜੁੱਧ ਵੇਲੇ ਦੁਵੱਲੀ ਫੇਰ ਜੁਟਵਾਂ ਜੰਗ ਮਚ ਰਿਹਾ ਸੀ। ਇਉਂ ਮਾਰਦਾ ਵਧਦਾ ਹਰੀ ਚੰਦ ਹੁਣ ਉਥੇ ਆ ਗਿਆ, ਜਿੱਥੇ ਕਿ ਗੁਰੂ ਜੀ ਪਰ ਉਸਦਾ ਤੀਰ ਟਿਕਾਣੇ ਬੈਠੇ ਸੋ ਉਸ ਨੇ ਸੰਨ੍ਹਕੇ ਤੀਰ ਮਾਰਿਆ, ਇਹ ਗੁਰੂ ਜੀ ਦੇ ਘੋੜੇ ਨੂੰ ਲੱਗਾ। ਦੂਜਾ ਤੀਰ ਉਸਦਾ ਆਇਆ ਪਰ ਸਾਂਈਂ ਦੀ ਮਿਹਰ ਨਾਲ ਗੁਰੂ ਜੀ ਦੇ ਕੰਨ ਨੂੰ ਛੋਹ ਕੇ ਨਿਕਲ ਗਿਆ, ਵੱਜਾ ਨਹੀਂ। ਹਰੀ ਚੰਦ ਫੁਰਤੀਲੇ ਨੇ ਹੁਣ ਤੀਜਾ ਬਾਣ ਤੱਕ ਕੇ ਨਿਸ਼ਾਨਾ ਸੇਧ ਕੇ ਮਾਰਿਆ। ਇਹ ਪੇਟੀ ਵਿਚ ਖੁਭਿਆ, ਅੰਦਰ ਸਰੀਰ ਨੂੰ ਛੋਹਿਆ, ਪਰ ਚੁੰਝ ਮਾਤ੍ਰ ਚੁਭੀ, ਵਡਾ ਘਾਉ ਨਹੀਂ ਲੱਗਾ। ਹਰੀ ਚੰਦ ਨੂੰ ਜ਼ਿੰਦਗੀ ਵਿਚ ਅਜ ਆਪਣੀ ਤੀਰੰਦਾਜ਼ੀ ਤੇ ਹਿਰਖ ਆਇਆ ਕਿ ਤਿੰਨ ਤੀਰ ਅਚੁਕ ਮਾਰੇ, ਪਰ ਗੁਰੂ ਜੀ ਦੀ ਦਾਉ ਬਚਾਉਣੀ ਚਪਲਤਾ ਕਿਸ ਕਮਾਲ ਦੀ ਹੈ ਕਿ ਵਾਲ ਵਾਲ ਬਚ ਜਾਂਦੇ ਹਨ। ਗੁਰੂ ਜੀ ਲਿਖਦੇ ਹਨ ਕਿ ਜਦ ਤੀਸਰਾ ਬਾਣ ਸਾਨੂੰ ਲਗ ਗਿਆ ਤਦ ਸਾਡਾ ਬੀ ਰੋਹ ਜਾਗਿਆ[1]। ਤ੍ਰੈ ਵਾਰ ਵੈਰੀ ਸੂਰਮੇ ਦਾ ਵਾਰ ਝੱਲਣਾ ਬੜੀ ਖੁਲ੍ਹ ਦਿਲੀ ਵਾਲੀ ਬੀਰਤਾ ਹੈ। ਹੁਣ ਆਪ ਨੇ ਬੀ ਖਿੱਚ ਖਿੱਚ ਕੇ ਤੀਰ ਮਾਰੇ। ਇਸ ਵੇਲੇ ਬੀਰ ਅਗੇ ਵਧੇ ਤੇ ਬਾਣਾਂ ਦੀ ਮਿਲਵੀਂ ਬਾੜ ਝਾੜੀ। ਫਿਰ ਇਕ ਤੀਰ ਸੇਧਕੇ ਆਪ ਨੇ ਮਾਰਿਆ, ਜੋ ਹਰੀ ਚੰਦ ਨੂੰ ਲਗਾ ਤੇ ਉਹ ਜੁਆਨ ਮਰ ਗਿਆ[2]। ਹਰੀ ਚੰਦ ਮਾਰਿਆ ਗਿਆ ਦੇਖਕੇ ਉਸ ਦੇ ਸਾਥੀ ਤੇ ਬਾਕੀ ਖਾਨਵਾਨ ਸਭ ਉਠ ਨੱਠੇ। ਕੋਟ ਲੇਹਰਦਾ ਰਾਜਾ ਬੀ ਮਾਰਿਆ ਗਿਆ ਤੇ ਗੁਰੂ ਜੀ ਦੀ ਫਤਹ ਹੋ ਗਈ! ਇਹ ਸਾਰਾ ਹਾਲ ਸਤਿਗੁਰਾਂ ਨੇ ਆਪ ਐਉਂ ਸੰਖੇਪ ਕਰਕੇ ਲਿਖਿਆ ਹੈ:-

ਭੁਜੰਗ ਛੰਦ। ਲਖੇ ਸ਼ਾਹ ਸੰਗ੍ਰਾਮ ਜੁੱਝੇ ਜੁਝਾਰੰ[3]॥
ਤਵੰ ਕੀਟ ਬਾਣੰ ਕਮਾਣੰ ਸੰਭਾਰੰ[4]॥ ਹਨਯੋ ਏਕ
ਖਾਨੰ ਖਿਆਲੰ ਖਤੰਗੀ॥ ਡਸਯੋ ਸ਼ਤ੍ਰ ਕੋ ਜਾਨੁ
ਸਜਾਮੀ ਭੁਜੰਗੀ॥ ੨੪॥ ਗਿਰਯੋ ਭੂਮ ਸੋ, ਬਾਣ
ਦੂਜੋ ਸੰਭਾਰਯੋ॥ ਮੁਖੰਭੀਖਨੰ ਖਾਨ ਕੇ ਤਾਕ
ਮਾਰਯੋ॥ ਭਜਯੋ ਖਾਨ ਖੂਨੀ ਰਹਯੋ ਖੇਤ ਤਾਜੀ॥
ਤਜੇ ਪ੍ਰਾਨ ਤੀਜੇ ਲਗੇ ਬਾਨ ਬਾਜੀ॥ ੨੫॥ ਛੁਟੀ
ਮੂਰਛਨਾ ਹਰੀ ਚੰਦ ਸੰਭਾਰੇ॥ ਗਹੇ ਬਾਣ ਕਾਮਾਣ

---

1. 'ਜਬੈ ਬਾਨ ਲਾਗਯੋ॥ ਤਬੇ ਰੋਸ ਜਾਗਯੋ।" ਗੁਰੂ ਜੀ ਦਾ ਇਹ ਵਾਕ ਹੁਣ ਇਕ ਆਮ ਅਖਾਵਤ ਵਾਂਛੂ ਵਰਤਿਆ ਜਾਂਦਾ ਹੈ;
2. (ਗੁਰੂ ਜੀ ਦੇ ਤੀਰ ਨਾਲ) 'ਢੱਠਾ ਵਿਚ ਮਦਾਨ ਦੇ ਰਾਜਿਆਂ ਦਾ ਧਾਨੀ—ਹਰੀ ਚੰਦ ਰਣ ਮਾਰਿਆ ਰਾਜਿਆਂ ਦਾ ਸਾਨੀ।'
(ਜੰਗ ਨਾਮਾ ਗੁਰੂ ਗੋਬਿੰਦ ਸਿੰਘ)
ਤਿਸੈ ਤਾਕ ਬਾਣੰ। ਹਨਯੋ ਏਕ ਜੁਆਣੰ॥ ਹਰੀ ਚੰਦ ਮਾਰੇ।
ਸੁ ਜੋਧਾ ਲਤਾਰੈ।। (ਗੁਰੂ ਬਿ: ਮਨੀ ਸਿੰਘ)
ਹਰੀ ਚੰਦ ਹੇਰਾ। ਰਿਸਾਨੋ ਬਡੇਰਾ। ਰਿਦੈ ਤਾਕ ਆਛੇ।
ਰਿਪੂ ਨਾਸ ਬਾਛੇ। ਤਜਯੋ ਸ਼ੀਘ੍ਰ ਧਾਰੀ ਗਯੋ ਬੇਗ ਪਾਰੀ।
ਡਸਯੋ ਨਾਗ ਮਾਨੋ। ਗਿਰਯੋ ਪ੍ਰਾਣ ਹਾਨੋ।। (ਸੂ: ਪ੍ਰ:
3. ਜੰਗ ਵਿਚ ਸ਼ਹੀਦ ਹੋ ਗਏ।
4. ਭਾਵ ਮੈਂ ਫੇਰ ਤੀਰ ਕਮਾਨ ਫੜ ਲਿਆ।

ਭੇ ਐਂਚ ਮਾਰੇ॥ ਲਗੇ ਅੰਗ ਜਾਂਕੇ ਰਹੇ ਨ ਸੰਭਾਰੇ॥ ਤਨੰ ਤਜਾਗਤੇ ਦੇਵਲੋਕੰ ਪਧਾਰੇ॥ ੨੬॥ ਦੁਯੰ ਬਾਣ ਖੈਂਚੇ ਇਕੰ ਵਾਰ ਮਾਰੇ॥ ਬਲੀ ਬੀਰਬਾਜੀਨ ਤਾਜੀ ਬਿਦਾਰੇ॥ ਜਿਸੈ ਬਾਣ ਲਗੈ ਰਹੈ ਨ ਸੰਭਾਰੰ॥ ਤਨੰ ਬੇਧਿਕੈ ਤਾਂਹਿ ਪਾਰੰ ਸਿਧਾਰੰ॥ ੨੭॥ ਸਭੈ ਸ੍ਵਾਮਿ ਧਰਮੀ ਸੁ ਬੀਰ ਸੰਭਾਰੇ॥ ਡਕੀ ਡਾਕਣੀ ਭੂਤ ਪ੍ਰੇਤੰ ਬਕਾਰੇ॥ ਹਸੈ ਬੀਰ ਬੈਤਾਲ ਔ ਸੁੱਧ ਸਿੱਧੰ॥ ਚਵੀ ਚਾਵਡੀਯੰ ਉਡੀ ਗ੍ਰਿੱਧ ਬ੍ਰਿਧੰ।।੨੮॥ ਹਰੀ ਚੰਦ ਕੋਪੇ ਕਮਾਣੰ ਸੰਭਾਰੰ॥ ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ॥ ਦੁਤਿਯ ਤਾਕ ਕੈ ਤੀਰ ਮੋਕੋ ਚਲਾਯੰ॥ ਰਖਯੋ ਦਈਵ ਮੈ ਕਾਨ ਛ੍ਵੈ ਕੈ ਸਿਧਾਯੰ॥ ੨੯॥ ਤ੍ਰਿਤਿਯ ਬਾਨ ਮਾਰਯੋ ਸੁ ਪੇਟੀ ਮਝਾਰੰ॥ ਬਿਧਯੰ ਚਿਲਕੰਤ ਦੁਆਲ ਪਾਰੰ ਪਧਾਰੰ॥ ਚੁਭੀ ਚਿੰਚ ਚਰਮੰ ਕਛੂ ਘਾਇਨਆਯੰ॥ ਕਲੰ ਕੇਵਲੰ ਜਾਨ ਦਾਸੰਬਚਾਯੰ॥ ੩੦॥ ਰਸਾਵਲ ਛੰਦ।। ਜਬੈ ਬਾਨ ਲਾਗਯੋ॥ ਤਬੈ ਰੋਸ ਜਾਗਯੋ॥ ਕਰੰ ਲੈ ਕਮਾਣੰ॥ ਹਨੰ ਬਾਣ ਤਾਣੰ।।੩੧॥ ਸਭੈ ਬੀਰ ਧਾਏ॥ ਸਰੋਘੰ ਚਲਾਏ॥ ਤਬੈ ਤਾਕਿ ਬਾਣੰ॥ ਹਨਯੋ ਏਕ ਜ੍ਵਾਣੰ॥ ੩੨॥ ਹਰੀ ਚੰਦ ਮਾਰੇ॥ ਸੁ ਜੋਧਾ ਲਤਾਰੇ॥ ਸੁ ਕਾਰੋੜ ਰਾਯੰ[1]॥ ਵਹੈ ਕਾਲ ਘਾਯੰ॥ ੩੩॥ ਰਣੰ ਤਜਾਗ ਭਾਗੇ॥ ਸਭੈ ਤ੍ਰਾਸ ਪਾਗੇ॥ ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥ ੩੪॥ ਰਣੰ ਜੀਤ ਆਏ॥ ਜਯੰ ਗੀਤ ਗਾਏ॥ ਧਨੰ ਧਾਰ ਬਰਖੇ॥ ਸਭੈ ਸੂਰ ਹਰਖੇ॥ ੩੫॥

ਹੁਣ ਭਾਜੜ ਪੈ ਗਈ, ਸਭ ਭੱਜੇ ਜਾਂਦੇ ਹਨ, ਬੇੜੀਆਂ ਤੇ ਚੜ੍ਹ ਚੜ੍ਹ, ਨਦੀ ਨੂੰ ਤਰ ਤਰ, ਲਕੜਾਂ ਵਿਚ ਸਟ ਸਟ, ਉਸਦੇ ਆਸਰੇ ਲੈ ਲੈ, ਘੋੜਿਆਂ ਤੇ ਠਿਲ੍ਹ ਠਿਲ੍ਹ, ਤੁਲਿਹਾਂ ਦੇ ਆਸਰੇ ਨਾਲ, ਪਾਰ ਨੂੰ ਜਾ ਰਹੇ ਹਨ, ਸਾਰੇ ਰਾਜਪੂਤ, ਪਠਾਣ, ਛੇੜਾਂ ਵਾਲੇ, ਅਹੀਰ, ਗੁੱਜਰ ਤੇ ਹੋਰ ਪਰਜਾ ਦੇ ਵਹੀਰਾਂ ਪਾ ਕੇ ਆਏ ਹੋਏ।

ਸਿੱਖ ਦਲ ਹੁਣ ਖੁਸ਼ੀ ਵਿਚ ਉਮਡਿਆ ਹੋਇਆ ਪਿੱਛਾ ਕਰਨ ਉਠ ਪਿਆ ਕਿ ਰਾਜਧਾਨੀ ਤੱਕ ਮਾਰ ਕਰੀਏ ਪਰ ਗੁਰੂ ਜੀ ਨੇ ਪਿਛਾ ਕਰਦੇ ਜਾ ਰਹੇ ਮੋੜ ਮੰਗਾਏ।

ਹੁਣ ਪਹਿਲਾ ਕੰਮ ਸੀ ਸੰਗੋ ਸ਼ਾਹ, ਜੀਤ ਮਲ ਤੇ ਹੋਰ ਸ਼ਹੀਦ ਹੋਏ ਜੋਧਿਆਂ ਦਾ ਸਸਕਾਰ, ਬੁੱਧੂ ਸ਼ਾਹ ਦੇ ਪੁਤ੍ਰਾਂ ਦਾ ਦਫਨ ਤੇ ਬਾਕੀ ਸਾਰੇ ਸ਼ਹੀਦਾਂ ਦਾ ਅੰਤਮ ਸਸਕਾਰ। ਸੋ ਗੁਰੂ-ਆਗਜਾ ਵਿਚ ਆਪ ਦੇ ਮਿਹਰ ਭਰੇ ਨੈਣਾਂ ਹੇਠ ਤੇ ਅਸੀਸਾਂ ਵਿਚ ਕੀਤਾ ਗਿਆ। ਇਹ ਸਾਰੇ ਕਾਰਜ ਕਰਾਕੇ ਗੁਰੂ ਜੀ ਆਪਣੇ ਬਿਜਈ ਦਲ ਤੇ ਪੀਰ ਬੁੱਧੂ ਸ਼ਾਹ ਤੇ ਅਪਣੇ ਸੂਰਮਿਆਂ ਸਮੇਤ ਪਾਉਂਟੇ ਆ ਗਏ, ਜ਼ਖਮੀ ਬੀ ਸਾਰੇ ਆਂਦੇ ਗਏ ਤੇ ਉਨ੍ਹਾਂ ਦੇ ਇਲਾਜ ਆਰੰਭੇ ਗਏ।

੬.

**ਪਾਉਂਟੇ** ਇਕ ਦਿਨ ਆਰਾਮ ਕਰਕੇ ਫੇਰ ਦੀਵਾਨ ਸਜਿਆ। ਇਸ ਵਿਚ ਸ੍ਰੀ ਗੁਰੂ ਜੀ ਨੇ ਆਪਣੇ ਉਚੇ ਆਦਰਸ਼ ਦਾ, ਸ਼ੱਤ੍ਰ ਦਲ ਦਾ, ਬਿਨਾਂ ਕਾਰਨ ਦਿੱਤੇ ਦੇ ਆ ਪੈਣ ਦਾ ਤੇ ਅਗੋਂ ਦੋਏ ਹੱਥ ਜੋੜ ਲੱਕ ਦੂਹਰੇ ਕਰਕੇ ਸ਼ਰਨ ਨਾ ਜਾ ਪੈਣ ਦੀ ਬੀਰਤਾ ਦਾ ਵੇਰਵਾ ਆਦਿ ਦੱਸਕੇ ਬੀਰ ਰਸ ਤੇ ਸ਼ਾਂਤਿ ਰਸ ਦਾ ਸੰਮੇਲਨ ਸਮਝਾਇਆ। ਅੰਤ੍ਰਾਤਮੇ ਜੋਤ ਨਾਲ ਇਕ ਜੋਤ ਹੋ ਉਚੇ ਰਹਿ ਕੇ ਸੁਚੇ ਆਚਰਨ ਵਿਚ ਬੀਰ ਰਸ ਦਾ ਵਰਤਾਉ ਦੱਸਿਆ। ਫੇਰ ਉਹਨਾਂ ਲਈ ਅਸੀਸਾਂ ਤੇ ਅਸ਼ੀਰਵਾਦਾਂ ਹੋਈਆਂ, ਜੋ ਸ਼ਹੀਦ ਹੋਏ ਸੇ। ਇਹ ਬੀ ਲਿਖਿਆ ਹੈ ਕਿ ਪਹਿਲੇ ਆਸਾ ਦੀ ਵਾਰ ਲਗੀ ਸੀ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਿਆ ਤੇ ਕੜਾਹ ਪ੍ਰਸ਼ਾਦਿ ਵਰਤਿਆ ਸੀ।

ਹੁਣ ਜੋ ਸੂਰਮੇ ਬਹਾਦਰੀਆਂ ਕਰਕੇ ਜੀਉਂਦੇ ਆਏ ਸੇ ਉਹਨਾਂ ਤੇ ਮਿਹਰਾਂ ਹੋਈਆਂ, ਸਿਰੋ ਪਾਉ ਦਿੱਤੇ ਗਏ। ਸੈਨਾਂ ਦੇ ਸਾਰੇ ਸੂਰਮਿਆਂ ਨੂੰ ਧਨ ਦਾਨ ਹੋਏ। ਭੂਆ ਜੀ ਦੇ ਤ੍ਰੈ ਪੁਤ੍ਰਾਂ ਤੇ ਜੋ ਬਚ ਰਹੇ ਤੇ ਬੜੇ ਸੂਰਮੇਂ ਹੋ ਕੇ ਲੜੇ ਸੇ, ਪਰ ਮਿਹਰਾਂ ਹੋਈਆਂ। ਸ਼ਹੀਦ ਹੋਇਆਂ ਨੂੰ ਵਰਦਾਨ ਤੇ 'ਸਾਹ ਸ਼ੰਗ੍ਰਾਮ' ਆਦਿ ਨਾਮ ਬਖਸ਼ੇ ਗਏ।

ਪਾਉਂਟੇ ਹੀ ਵਡੇ ਸਾਹਿਬਜ਼ਾਦੇ ਦਾ ਜਨਮ ਹੋਇਆ ਸੀ, ਉਨ੍ਹਾਂ ਦੀ ਉਮਰ ਇਸ ਵੇਲੇ ਚਾਰ ਪੰਜ ਮਹੀਨੇ ਦੀ ਸੀ। ਅਜ ਦੇ ਦੀਵਾਨ ਵਿਚ ਉਨ੍ਹਾਂ ਦਾ ਨਾਮ ਜੁੱਧ ਦੀ ਫਤੇ ਕਰਕੇ ਅਜੀਤ ਸਿੰਘ ਧਰਿਆ ਗਿਆ।

ਲਉਢੇ ਪਹਿਰ ਗੁਰੂ ਜੀ ਇਸ਼ਨਾਨ ਕਰਕੇ ਤਿਆਰ ਹੋ ਰਹੇ ਸਨ ਕਿ ਬੁੱਧੂ ਸ਼ਾਹ ਨੇ ਵਿਦਾ ਮੰਗੀ। ਬੁੱਧੂ ਸ਼ਾਹ ਤੇ ਬਹੁਤ ਆਤਮ ਮਿਹਰਾਂ ਹੋਈਆਂ ਸਨ, ਉਨ੍ਹਾਂ ਦੇ ਸਾਥੀਆਂ, ਮੁਰੀਦਾਂ ਨੂੰ ਪੰਜ ਹਜ਼ਾਰ ਮਹਿਆਈ ਵਾਸਤੇ ਬੀ ਬਖਸ਼ਿਸ਼ ਹੋਈ। ਹੁਣ ਆਪ ਕੰਘਾ

1. ਸੁ ਕਾਰੋੜ ਰਾਯੰ, ਕਾਰੋੜ ਦੇ ਰਾਜਾ। ਕਾਰੋੜ ਨਾਮ ਕੋਟ ਲੇਹਰ ਦੀ ਰਜਾਸਤ ਦਾ ਹੈ, ਜੋ ਬਾਈਧਾਰਾਂ ਵਿਚੋਂ ਇਕ ਹੈਸੀ।

ਕਰ ਰਹੇ ਸਨ ਕਿ ਬੁੱਧੂ ਸ਼ਾਹ ਨੇ ਇਹ ਦਾਨ ਮੰਗ ਲਿਆ ਤਦ ਸਤਿਗੁਰੂ ਜੀ ਨੇ ਉਹ ਦਾਨ ਕਕਰੇਜ਼ੀ ਦਸਤਾਰ ਮਣੇ ਦੇ ਦਿੱਤਾ। ਇਕ ਪੁਸ਼ਾਕ, ਇਕ ਹੁਕਮਨਾਮਾ ਬੀ ਬਖਸ਼ਿਆ[1]। ਫੇਰ ਸਾਹਿਬ ਸਾਰੇ ਬੀਰ ਬਹਾਦਰਾਂ ਦੀ ਸੰਭਾਲ ਕਰਕੇ ਮਹੰਤ ਕ੍ਰਿਪਾਲ ਤੇ ਤ੍ਰੁਠੇ। ਆਪ ਨੇ ਦੂਸਰੀ ਦਸਤਾਰ ਕੇਸਰੀ ਰੰਗ ਦੀ ਬੰਨ੍ਹਣ ਵਾਸਤੇ ਮੰਗਵਾਈ ਤੇ ਅੱਧੀ ਉਹ ਕ੍ਰਿਪਾਲ ਮਹੰਤ ਜੀ ਨੂੰ ਬਖਸ਼ੀ। ਮਹੰਤ ਜੀ ਨੇ ਉਹ ਆਪਣੀ ਟੋਪੀ ਦੇ ਉਪਰ ਦੀ ਬੰਨ੍ਹ ਲਈ। ਇਸ ਪ੍ਰਕਾਰ ਦਇਆ ਰਾਮ ਨੂੰ ਇਕ ਢਾਲ ਬਖ਼ਸ਼ੀ।

ਸੂਰਮਿਆਂ ਵਿਚ ਹੁਣ ਚਾਓ ਸੀ ਤੇ ਫਤਹ ਨਾਲ ਵਧੇ ਦਿਲ ਦਾ ਉਮਾਹ ਸੀ ਤੇ ਆਪ ਹੱਲੇ ਕਰਕੇ ਫਤਹ ਸ਼ਾਹ ਤੇ ਜਾ ਪੈਣ ਦਾ ਜੋਸ਼ ਸੀ। ਪਰ ਲਿਖਿਆ ਹੈ ਕਿ ਗੁਰੂ ਜੀ ਨੇ ਰੋਕ ਦਿੱਤਾ।

*ਸੂਚਾ—ਹੇਠ ਲਿਖੀਆਂ ਸਤਰਾਂ ਲੇਖਕ ਨੂੰ ਭੰਗਾਣੀ ਦੀ ਇਸ ਸੁਹਣੀ ਮੱਲਗੁਜ਼ਾਰ ਵਿਚ ਗੁਰ ਅਸਥਾਨ ਦੀ ਯਾਤ੍ਰਾ ਸਮੇਂ ਅਨੁਭਵ ਹੋਈਆਂ-

# ੧੩. ਭੰਗਾਣੀ ਦਰਸ਼ਨ[2]।

**ਮੈਂ** ਸੁਣਿਆਂ ਤੁਸੀਂ ਗਏ ਭੰਗਾਣੀ, ਓਥੇ ਛਿੜੀ ਲੜਾਈ, ਲੋਂਹਦੀ ਮੈਂ, ਦਰਸ਼ਨ ਨੂੰ ਮਗਰੇ, ਕਲਗੀਆਂ ਵਾਲੇ ਆਈ। ਜਮਨਾਂ ਤੀਰੇ ਜੂਹਾਂ ਹਰੀਆਂ ਮੱਲ-ਗੁਜ਼ਾਰਾਂ ਖਿੜੀਆਂ, ਸਾਵੀਆਂ ਕਣਕਾਂ, ਪੀਲੀਆਂ ਸਰੁਹਾਂ, ਜਿਉਂ ਰੰਗ ਲਾਈਆਂ ਪਿੜੀਆਂ। ਠੰਢੀ ਪੌਣ ਸੁਹਾਵੀ ਵਗਦੀ, ਜਮਨਾਂ ਸ਼ਾਂ ਸ਼ਾਂ ਕਰਦੀ, ਮਿੱਠੀ ਧੁੱਪ ਨਿੱਘ ਪਈ ਦੇਂਦੀ, ਚੁਭਦੀ ਹੈ ਨਹੀਂ ਸਰਦੀ। ਰਾਹ ਪੁਛਾਵਾਂ ਦੱਸ ਕਰਾਵਾਂ, ਜੀ ਜੀ ਕਰਾਂ ਸੰਭਾਲਾਂ, ਦਰਸ਼ਨ ਢੂੰਡਾਂ, ਫਿਰਾਂ ਬਉਰਾਨੀ, ਵਣ ਵਣ ਪਤ ਪਤ ਭਾਲਾਂ। ਨਾ ਘੋੜੇ ਦੀ ਟਾਪ ਸੁਣੀਵੇਂ, ਨਾ ਤੰਬੂ ਦਿਸ ਆਵੇ, ਪੈਦਲ, ਘੋੜ ਚੜ੍ਹੇ ਤੇ ਹਾਥੀ ਨਾ ਰਥ ਨਜ਼ਰ ਦਿਸਾਵੇ। ਤੁਰੀ ਕੂਕਦੀ, ਢੋਲ ਵੱਜਦਾ, ਨਾ ਰਣਜੀਤ ਨਗਾਰਾ, ਸੰਖ ਪੁਰੀਂਦਾ ਪਏ ਨ ਕੰਨੀਂ ਨਾ ਸੁਣੀਏ ਜੈਕਾਰਾ। ਵੈਰੀ ਦਾ ਦਲ ਕਿਤੇ ਨ ਦਿਸਦਾ ਲਹਿਰਨ ਨਹੀਂ ਫਰੈਰੇ, ਭਾਲ ਵਿਕੁੰਨੀ ਹੋਈ ਨੇ ਮੈਂ 'ਝੰਡੇ' ਗੁਰ ਦੇ ਹੇਰੇ। ਮਛਲੀ ਵਾਂਙ ਤੜਪ ਮੈਂ ਪਹੁੰਚੀ ਤੁਸੀਂ ਨ ਨਜ਼ਰੀਂ ਆਏ, ਝੰਡਾ[3] ਚਿੱਟਾ 'ਅਸਿਧੁਜ' ਤੇਰਾ ਪਾਉਣ ਨਾਲ ਲਹਿਰਾਏ। ਆਖਣ- ਏਥੇ ਡੇਰਾ ਤੇਰਾ ਝੰਡੇ ਪਾਸ ਲਗਾ ਸੀ, ਪਾਵਨ ਥਾਉਂ ਬੜਾ ਉਹ ਸੁਹਣਾ ਛੁਹਿਆ ਨਾਲ ਪਗਾਂ ਸੀ। ਨਮਸਕਾਰ ਮੈਂ ਸਿਰ ਵਿਚ ਕੰਬੀ ਸਿਰ ਨੂੰ ਧਰੇ ਧਰਾ ਤੇ, 'ਚਰਨ ਕਵਲ ਨੂੰ ਪਰਸੀ ਧੂੜੀ' ਪਰਸੀ ਮਸਤਕ ਲਾਕੇ। ਉਸ ਧੂੜੀ ਪਾਵਨ ਹੋਈ ਨੇ ਮਸਤਕ ਨੂੰ ਚੁੰਮ ਲੀਤਾ, 'ਦਰ ਛਹਿਕੇ ਆ ਨਾਲ ਛੁਹੇ' ਨੂੰ ਚੁੰਮ ਚੁੰਮ ਪਾਵਨ ਕੀਤਾ। ਤੀਰ ਚਲਣ ਦੀ ਵਾਜ ਇਕ ਆਈ ਕੰਨਾਂ ਸੇਧ ਲਗਾਈ, ਉੱਠ ਨੱਠੇ ਸਨ ਪੈਰ ਉਤੇ ਵਲ ਵਧੇ ਮੋਰਚੇ ਥਾਂਈਂ। ਜਿੱਥੇ ਹੈ ਇਕ ਬ੍ਰਿਛ ਵਡੇਰਾ ਛਾਉਂ ਸੁਹਾਵੀ ਲਾਏ, ਬੀਰਾਸਨ ਹੋ ਕਲਗੀਆਂ ਵਾਲੇ ਜਿੱਥੋਂ ਤੀਰ ਚਲਾਏ! ਰਣ ਤੱਤੇ ਘਮਸਾਨ ਮਚੇ ਤੇ ਬਾਣ ਅਮੋਘ ਚਲਾਏ, ਪਿੜ ਦੇ ਰੰਗ ਬਦਲ ਸਨ ਦਿੱਤੇ ਐਸੇ ਤੀਰ ਵਸਾਏ। ਨਾ ਓਹ ਤੀਰ, ਨ 'ਤੀਰ-ਨਿਸ਼ਾਨੇ' ਵੈਰੀ

1. ਬੁੱਧੂ ਸ਼ਾਹ ਨਾਲ ਔਰੰਗਜ਼ੇਬ ਨਾਰਾਜ਼ ਸੀ। ਕੁਛ ਸਮੇਂ ਮਗਰੋਂ ਹਾਕਮ ਸਢੌਰਾ ਉਸਮਾਨ ਖ਼ਾਂ ਨੇ ਬੁੱਧੂਸ਼ਾਹ ਤੇ ਹੱਲਾ ਕਰ ਦਿਤਾ ਤੇ ਮਾਰ ਦਿੱਤਾ ਸੀ। ਤਦੋਂ ਇਹ ਦਸਤਾਰ ਕਟਾਰ ਆਦਿ ਉਨ੍ਹਾਂ ਨੇ ਕੰਧ ਵਿਚ ਸਾਂਭਕੇ ਚਿਣ ਦਿੱਤੇ ਸੇ, ਇਹ ੧੯੭੦ ਬਿ: ਵਿਚ ਕੰਧ ਡਿੱਗੀ ਤੇ ਫੇਰ ਸਭੇ ਚੀਜ਼ਾਂ ਸਹੀ ਸਲਾਮਤ ਮਿਲ ਗਈਆਂ, ਜੋ ਉਨ੍ਹਾਂ ਦੇ ਘਰਾਣੇ ਵਿਚ ਦੱਸੀਦੀਆਂ ਹਨ। ਬਾਬੇ ਬੰਦੇ ਨੇ ਉਸਮਾਨ ਖ਼ਾਂ ਨੂੰ ਬੁੱਧੂ ਸ਼ਾਹ ਦੇ ਕਤਲ ਕਰਨ ਦੇ ਜੁਰਮ ਵਿਚ ਫਾਹੇ ਦਿੱਤਾ ਸੀ।

2. ਇਹ ਕਵਿਤਾ ਸੰ: ਗੁ: ਨਾ: ਸਾ: ੪੫੫ ਅਰਥਾਤ ੧੯੨੪ ਈ: ਦੇ ਗੁਰ ਸਪਤਮੀ ਸਮੇਂ ਖ਼ਾ: ਸਮਾਚਾਰ ਵਿਚ ਪ੍ਰਕਾਸ਼ੀ ਸੀ।

3. ਇਕ ਥੜਾ ਸਤਿਗੁਰ ਦੇ ਖੈਮੇ ਦਾ ਟਿਕਾਣਾ ਹੁਣ ਤੱਕ ਹੈ ਤੇ ਤਦੋਂ ਵਾਲੀ ਥਾਂਵੇਂ ਝੰਡਾ ਲਹਿਰਾਂਦਾ ਹੈ। ਗੁਰਦੁਆਰਾ ਪੱਕਾ ਕੋਈ ਨਹੀਂ, ਪੁਜਾਰੀ ਦਾ ਘਰ ਤੇ ਲੰਗਰ ਥੋੜ੍ਹੀ ਦੂਰ ਹੈ।

ਬਣ ਜੋ ਆਏ, ਸੁਹਣੇ ਭਾਗ ਭਰੇ ਤੈਂ ਹੱਥੋਂ ਮੁਕਤ ਖ਼ਰੀਦਨ ਧਾਏ। ਨਾ ਏ ਵੈਰੀ, ਨਾ ਓ ਸੱਜਣ, ਬਣੇ ਜੁ ਸ਼ਮਅ ਪਤੰਗੇ, ਵਸਦੇ ਤੀਰਾਂ ਗੋਲੀਆਂ ਮੂਹਰੇ ਜਿੰਦ ਦੇਣੋਂ ਨਾ ਸੰਗੇ। ਬੁੱਧੂ ਸ਼ਾਹ, ਮੁਰੀਦ ਨ ਪੁੱਤਰ, ਨਾ ਕਿਰਪਾਲ ਉਦਾਸੀ। ਮਾਮਾ ਜੀ, ਪੰਜ ਵੀਰ ਕਰਾਰੇ, ਨਜ਼ਰ ਨ ਪੈਂਦੇ ਪਾਸੀਂ। ਮੈਂ ਸਿਕਦੀ ਨੂੰ ਨਜ਼ਰ ਨ ਆਵਨ ਦਰਸ ਪਿਆਸੀ ਫਿਰਦੀ, ਕਿਤੇ ਕਲਗੀਆਂ ਵਾਲਾ ਦਿੱਸੇ, ਅਰਜ਼ ਵਣੋਂ ਵਣ ਕਰਦੀ। ਫਿਰ ਫਿਰਕੇ ਸਭ ਥਾਉਂ ਬਰੂਟੇ ਬੈਠ ਗਈ ਥੱਕ ਹਾਰੀ, ਨਜ਼ਰ ਹੁੱਟਕੇ ਨੈਣ ਮੁੰਦ ਗਏ ਆਈ ਨੀਂਦ ਪਿਆਰੀ। ਕੀ ਦੇਖਾਂ:- ਇਕ ਪੱਥਰ ਉਤੇ 'ਮੂਰਤ-ਪਯਾਰ' ਬਿਰਾਜੇ, ਧਨੁਖ ਬਾਣ ਧਰਿਆ ਹੈ ਅੱਗੇ, ਨਜ਼ਰ ਤੇਜ ਦੀ ਰਾਜੇ। ਬਦਲੀ ਛਬੀ ਜਲਾਲਾਂ ਵਾਲੀ, ਪਯਾਰ ਫਬਨ ਇਕ ਆਈ; ਚੰਦੋਂ ਜਿਵੇਂ ਚਾਂਦਨੀ ਪੈਂਦੀ, ਮਿਹਰ-ਨਜ਼ਰ ਇਕ ਪਾਈ। ਉਠੇ ਆਪ ਫਿਰ ਚਲੇ ਜਿਥਾਊਂ ਲੋਥਾਂ ਢੇਰ ਲਗਾਏ; ਸਿਸਕ ਰਹੇ; ਘਾਇਲ ਤੇ ਬਿਸਮਿਲ ਸੱਥਰ ਪਏ ਦਿਸਾਏ। ਘਾਇਲ ਅਤੇ ਸ਼ਹੀਦਾਂ ਵਿੱਚੀ ਪਯਾਰ ਜੋਤਿ ਲਹਿਰਾਈ। ਮਾਨੋਂ ਅਰਸ਼ੋਂ ਪੁਤ ਖਿਲਾਵਨ, ਅੰਮਾਂ ਹੈ ਟੁਰ ਆਈ। ਮੂੰਹ ਪੂੰਝਣ ਤੇ ਕੇਸ ਸਵਾਰਨ ਗੋਦੀ ਸੀਸ ਰਖਾਂਦੇ। ਦੇ ਦੇ ਪਯਾਰ ਕਹਿਣ "ਵੇ ਦੂਲੇ ! ਵੇ ਪੁਤ ਤੁਰਦੇ ਜਾਦੇ ! ਦੋਜ਼ਖ-ਅੱਗ ਹਰਾਮ ਤੁਧੇ ਤੇ ਦਰ ਨਰਕਾਂ ਦੇ ਬੰਦੇ, ਠੰਢੀ ਥਾਉਂ ਵਾਸ ਹੋ ਤੇਰਾ; ਜਿੱਥੇ ਬਖ਼ਸ਼ੇ ਬੰਦੇ। ਨਾਮ ਜਪਣ ਦੀ ਲਾਲੀ ਕਾਯਮ, ਪ੍ਰੇਮ ਲੋਕ ਤੈਂ ਡੇਰਾ; ਸਦਾ ਸੁਖਾਂ ਦਾ ਡੇਰਾ ਜਿੱਥੇ, ਉੱਥੇ ਡੇਰਾ ਤੇਰਾ। ਤੂੰ ਮੇਰਾ ਮੈਂ ਤੇਰਾ ਹੋਯਾ, ਮੈਂ ਤੇਰਾ ਤੂੰ ਮੇਰਾ। ਮੇਰਾ, ਮੇਰਾ, ਮੇਰਾ ਲਾਲਨ ! ਤੂੰ ਮੇਰਾ, ਤੂੰ ਮੇਰਾ"। ਕਿਤੇ ਸਿਸਕਦੇ ਪਾਸ ਜਾਇਕੇ, ਦਰਸ ਅੰਤਲੇ ਦੇਂਦੇ; 'ਨੈਣਾਂ ਵਿਚ ਸਮਾਏ ਦਰਸ਼ਨ' ਲੈ ਓ ਐਂਗੇ ਵੈਂਦੇ। ਘਾਇਲ ਤੇ ਬਿਸਮਿਲ ਜਾ ਚਾਂਦੇ, ਕਹਿੰਦੇ "ਧੰਨ ਕਮਾਈ ! ਧੰਨ ਸਿੱਖੀ। ਧੰਨ ਸਿੱਖੀ ਪਯਾਰੇ ! ਤੂੰ ਸਿੱਖੀ ਹੈ ਪਾਈ"।। ਲਹੂ ਪੂੰਝਦੇ, ਮਲ੍ਹਮ ਲਗਾਂਦੇ ਪੱਟੀ ਦੇਣ ਲਗਾਈ, ਨਾਲੋ ਨਾਲ ਪਰੇਮੀ ਪਹੁੰਚਣ ਦੇਵਣ ਜ਼ਖਮ ਬਨ੍ਹਾਈ। ਡੋਲਿਆਂ ਵਿਚ ਪੁਵਾਂਦੇ ਜ਼ਖਮੀ ਡੇਰੇ ਵੱਲ ਘਲਾਂਦੇ, 'ਦਾਰੀ' 'ਦਾਰੂ' ਦੋਵੇਂ ਮਿਲਦੇ ਰਾਜ਼ੀ ਹੁੰਦੇ ਮਾਂਦੇ। ਭਾਲ ਸੰਭਾਲ ਕਰਨ ਇਕ ਇਕ ਦੀ ਨਾਂਹਿ ਵਿਸਾਰਨ ਕੋਈ, ਕੂੰਜ ਜਿਵੇਂ ਬੱਚੇ ਨਾ ਭੁਲਦੀ, ਯਾਦ ਸਭਸ ਦੀ ਹੋਈ। ਇਕ ਥਾਂ ਬੜਾ ਅੰਗੀਠਾ ਸਜਿਆ ਪਯਾਰੀਆਂ ਲੋਥਾਂ ਲਾਈਆਂ ਅਰਸ਼ ਕੁਰਸ਼ ਦੇ ਮਾਲਕ ਨੇ ਆ ਜੀਵਨ ਅਗਨੀਆਂ ਲਾਈਆਂ। ਆਤਮ ਡੋਲੇ ਚਾੜ੍ਹੇ ਪਯਾਰੇ, ਦੇਸ਼ ਅਗੰਮ ਦੇ ਟੋਰੇ। ਇਧਰ ਤੋਂ ਹੋ ਵਿਹਲੇ ਦਾਤੇ ਰੁਖ਼ ਦੂਜੀ ਵਲ ਮੋੜੇ। ਵੈਰੀਆਂ ਵੱਲ ਨਜ਼ਰ ਓਪਾਈ ਜੋ ਸਜਣ ਵਲ ਪਾਈਏ, ਸ਼ਤ੍ਰੂ ਨਾਲ ਪਿਆਰ ਉਹ ਕੀਤਾ, ਜੋ ਮਿਤ ਨਾਲ ਕਰਾਈਏ। ਨੱਠ ਗਏ ਸਨ ਰਾਜੇ ਰਾਣੇ 'ਖਾਨਾਂ' ਪਿੱਠ ਦਿਖਾਈ, ਜ਼ਖਮੀ ਮੁਰਦੇ ਛੱਡ ਮਦਾਨੀ, ਨਜ਼ਰ ਨ ਪਿੱਛੇ ਪਾਈ। ਪਰ ਮਿਹਰਾਂ ਦੇ ਸਾਂਈਂ ਵੈਰੀ ਘਾਇਲ ਪਏ ਸੰਭਾਲੇ। ਮਲ੍ਹਮ ਪੱਟੀਆਂ, ਜੀਵਨ ਬੂਟੀਆਂ, ਦੇ ਦੇ ਮੁਏ ਜਿਵਾਲੇ। ਹੂਰਾਂ ਪਾਸੋਂ ਸੁਹਣੀਆਂ ਰਾਣੀਆਂ, ਹੁਣ ਹੱਥ ਬੱਧੇ ਆਈਆਂ, ਧਾਰ ਹੌਸਲਾ ਅਰਜ਼ ਕਰਨ ਨੂੰ ਆਈਆਂ ਧਾਈਆਂ ਧਾਈਆਂ। ਚਰਨੀਂ ਛਹਿਣ ਕਹਿਣ "ਕਰ ਮਿਹਰਾਂ ਹੇ ਕਲਗੀਧਰ ਸਾਂਈਆਂ ! ਤੂੰ ਅਵਤਾਰ ਅਸਾਂ ਨਹੀਂ ਜਾਤਾ, ਭੁੱਲਾਂ ਬਹੁਤ ਕਮਾਈਆਂ। ਰਾਣੇ ਪਤੀ ਅਸਾਡੇ ਮੋਏ, ਤੈਂ ਸੰਗ ਲੜਕੇ ਮੋਏ: ਤੂੰ ਹੈਂ ਗੁਰੂ, ਮੁਕਤਿ ਕਰ ਪਯਾਰੇ, ਤੈਂ ਸਨਮੁਖ ਸਨ ਹੋਏ। ਤਾਰਨਹਾਰ ਬਿਰਦ ਹੈ ਤੇਰਾ, ਦੋਸਤ ਦੁਸ਼ਮਨ ਤਾਰੇਂ। ਕੀਤੇ ਫਲ ਦਾ ਆਪੇ ਪਾਈਏ ਤੂੰ ਨ ਪਾਪ ਚਿਤਾਰੇਂ। ਦੇਹ ਮੋਇਆ ਪਤੀਆਂ ਦੀਆਂ ਲੋਥਾਂ ਜੋ ਹਨ ਹੁਣ ਵਸ ਤੇਰੇ। ਕਰੀਏ ਕਿਰਿਆ ਕਰਮ ਇਨ੍ਹਾਂ ਦੇ ਅਪਣੇ ਧਰਮ ਅਨੁਸੇਰੇ"। ਮਸਕ੍ਰਾਏ ਫਿਰ ਭਵਾਂ ਖਿੱਚੀਆਂ ਤ੍ਰਿਕੁਟੀ ਵੱਟ ਚੜ੍ਹਾਯਾ; ਹੱਥ ਅਮਨ ਤੇ ਸ਼ਰਣ ਦੇਣ ਦਾ ਕਲਗੀਧਰ ਉਚਿਆਯਾ। ਪਾਕੇ ਨਜ਼ਰ ਮਿਹਰ ਦੀ ਸੁਹਣੇ ਰਹਮਤ ਮੀਂਹ ਵਰਸਾਯਾ। ਵੈਰ ਕਮਾਕੇ ਮਰਿਆਂ ਤਾਈਂ ਦੇ ਅਸੀਸ ਦੁਲਰਾਯਾ। ਧ੍ਰੋਹ ਅਪਰਾਧ ਮਾਫ ਕਰ ਦਿੱਤੇ "ਬਖਸ਼ੇ" ਮੁਖੋਂ ਅਲਾਯਾ। ਸਿਰ ਤੇ ਹੱਥ ਪਯਾਰ ਦੇ ਫੇਰੇ, ਦੁਲਰਾਯਾ ਦੁਲਰਾਯਾ। 'ਦਰ ਦੀ ਠਾਕ ਬਖਸ਼ ਮੈਂ ਦਿੱਤੀ' ਫਿਰ

ਇਹ ਗਿਰਾ ਅਲਾਈ:-"ਤੁਸਾਂ ਸਤੀ ਨਹੀਂ ਹੋਣਾ ਕੁੜੀਓ" ਕਿਹਾ ਰਾਣੀਆਂ ਤਾਈਂ, "ਲਓ ਸੰਭਾਲ ਲੋਥ ਹੁਣ ਸਭ ਦੀ ਮੈਂ ਸਭ ਰੋਕ ਹਟਾਈ।" ਨਮਸਕਾਰ ਕਰ ਰਾਣੀਆਂ ਨੇ ਤਦ ਸਭ ਦੀ ਲੋਥ ਚੁਕਾਈ। ਪਰ ਮਗਰੋਂ ਉਹ ਲੈ ਲੋਥਾਂ ਨੂੰ, ਸਤੀ ਸਭੇ ਹੋ ਗਈਆਂ। ਸਤੀਆਂ ਦੇ ਉਹ ਥਾਉਂ ਬਣੇ ਫਿਰ ਜਗ ਨਿਸ਼ਾਨੀਆਂ ਰਹੀਆਂ। ਧਾਂਕ ਪਈ ਤਦ ਲੋਕਾਂ ਅੰਦਰ, 'ਏ ਮਿਹਰਾਂ ਦੇ ਸਾਂਈਂ, ਫਤੇ ਪਾਇ ਜਿਨ ਨਾਲ ਵੈਰੀਆਂ ਵਰਤੌਂ ਪਜਾਰ ਕਰਾਈ।' ਬਿਜੈਮਾਨ ਬਲ ਵਾਲੇ ਸਤਿਗੁਰ ਵਿਹਲੇ ਹੋਕੇ ਆਏ। ਜਮਨਾਂ ਕੰਢੇ ਇਕ ਟਿਕਾਨੇ ਆ ਡੇਰੇ ਹੁਣ ਲਾਏ। ਅਪਣੇ ਰੰਗ ਇਲਾਹੀ ਮੱਤੇ ਆਪੇ ਵਿਚ ਮਗਨਾਏ। ਭੁੱਲ ਗਏ ਸਭ ਜੰਗ ਪੁਆੜੇ ਆਤਮ ਰੰਗ ਸਮਾਏ। ਜੈਸੇ ਜਲ ਵਿਚ ਕਮਲ ਨਿਰਾਲਮ, ਇਕ ਟਕ ਲਗੀ ਸਮਾਧੀ, ਬ੍ਰਹਮ ਸਮਾਇਆ ਰਾਤ ਬੀਤ ਗਈ; ਮਾਯਛਾਯ ਨ ਉਪਾਧੀ। ਪੁਰਿਓਂ ਜੋਤਿ ਉਦੇ ਜਦ ਹੋਈ ਖੁੱਲ੍ਹੇ ਨੈਣ ਪਿਆਰੇ, ਛੁਟੇ ਕਟਾਖਜ ਮੋਹਿਨੇ ਵਾਲੇ, ਨੈਣੋਂ ਤੀਰ ਨਿਆਰੇ। ਆਭਾ ਪਜਾਰ ਛਬੀ ਸੁੰਦਰਤਾ ਨੈਣਾਂ ਤੋਂ ਵਰੁਸਾਈ, ਰਸ ਭਿਨੜੀ ਉਹ ਨਜ਼ਰ ਰਸੀਲੀ ਕਿਰਨ ਵਾਂਙ ਲਹਿਰਾਈ; ਰੋਮ ਰੋਮ ਝਰਨਾਟ ਛਿੜੀ ਇਕ, ਰਗ ਰਗ ਥਰਰ ਥਰਾਈ; ਅਰਸ਼ੀ ਲਹਿਰ ਝੂੰਮ ਇਕ ਆਈ ਸੁਾਦ ਸੁਾਦ ਝਰਨਾਈ। ਏਸ ਝਰਨ ਵਿਚ ਨੈਣ ਖੁਲ੍ਹੇ ਮੈਂ ਦੇਖਾਂ ਮੱਲ ਗੁਜ਼ਾਰਾਂ; ਓਹੋ ਖੇਤ, ਹਰੀ ਹਰਿਆਵਲ, ਗੁੰਮਿਆਂ ਓਹ ਨਜ਼ਾਰਾ। ਪਰ ਹਰ ਪੱਤਾ, ਹਰ ਵਣ ਡਾਲੀ, ਦੇਵੇ ਪਿਆ ਗੁੰਜਾਰਾਂ: "ਧੰਨ ਕਲਗੀਧਰ ਧੰਨ ਕਲਗੀਧਰ" ਲਹਿਰਨ ਤਰਬਾਂ ਤਾਰਾਂ। ਕਦਮ ਧਰੇ ਇਸ ਥਾਂਵੇਂ ਸੁਹਣੇਂ, ਏਥੇ ਪਜਾਰ ਸੁਗੰਧੀ, ਹੁਣ ਤਕ ਫੈਲ ਰਹੀ ਹੈ, ਐਪਰ, ਮਿਲੇ ਪਜਾਰ ਦੀ ਸੰਧੀ।

# ੧੪. ਬੁੱਧੂ ਸ਼ਾਹ ਦਾ ਸੰਤੋਖ[1]।

**ਬੁੱਧੂ** ਸ਼ਾਹ ਫਕੀਰ ਸਾਂਈਂ ਦਾ, ਦਸਮ ਗੁਰਾਂ ਦਾ ਪ੍ਰੇਮੀ, ਸਿਦਕ ਸਬੂਰੀ ਹੁਕਮੀ ਬੰਦਾ, ਧੰਨਵਾਦ ਦਾ ਨੇਮੀ, ਆਸਣ ਲਾਈ ਧਜਾਨ ਜਮਾਈ, ਸਾਂਈਂ ਦੇ ਰੰਗਰੱਤਾ, ਬੈਠਾ ਸੀ ਸਾਢੌਰੇ ਇਕ ਦਿਨ, ਆਤਮ ਰਸ ਵਿਚ ਮੱਤਾ, ਮਸਤਕ ਖਿੜਿਆ ਨੇਤਰ ਨੀਵੇਂ, ਚਿਹਰੇ ਉੱਪਰ ਲਾਲੀ, ਮਨਮਤਵਾਲਾ ਜੀਉ ਸੁਖਾਲਾ ਲੂੰ ਲੂੰ ਵਿਚ ਖੁਸ਼ਹਾਲੀ। ਨਜ਼ਰ ਖੁਲ੍ਹੀ, ਕੀ ਦੇਖੇ ਸੁਹਣਾ, ਹੈ ਮੁਰੀਦ ਇਕ ਆਯਾ, ਜਿਸਦਾ ਮਨ ਮੁਰਝਾਯਾ ਹੋਯਾ; ਚਿਹਰਾ ਭੀ ਕੁਮਲਾਯਾ। "ਆ ਭਾਈ! ਰਾਜ਼ੀ ਤਾਂ ਹੈਂ ਤੂੰ? ਚਿਹਰਾ ਤੇਰਾ ਲੱਥਾ, ਸੁੱਧ ਬੁੱਧ ਹੈ ਠੀਕ ਨ ਦਿੱਸਦੀ ਡਿਗਡਿਗ ਪੈਂਦਾ ਭੱਥਾ। ਨਾ ਤਲਵਾਰ ਟਿਕਾਣੇ ਸਿਰ ਹੈ, ਨਾ ਬਰਛੇ ਦੀ ਸੋਝੀ, ਸੂਰਜਾਂ ਵਾਲਾ ਹਾਲ ਨ ਦਿੱਸੇ, ਸਾਰੀ ਸੂਰਤ ਕੋਝੀ।" ਸਾਹ ਭਰਯਾ ਜਲ ਅੱਖੋਂ ਕਿਰਿਆ ਕੰਠ ਜ਼ਰਾ ਕੁ ਰੁਕਯਾ। ਪਰ ਕਰ ਧੀਰ ਮੁਰੀਦ ਸਾਂਈਂ ਦਾ, ਗੱਲਕਰਨ ਨੂੰ ਝੁਕਯਾ। "ਸਾਂਈਂ ਜੀ ! ਮੈਂ ਅਰਜ਼ ਕਰਨ ਨੂੰ ਪਾਸ ਆਪਦੇ ਆਯਾ, ਬੁਰੀ ਖਬਰ ਮੈਂ ਸੁਣਕੇ ਆਯਾ, ਬਣੇ ਨ ਮੂੰਹੋਂ ਅਲਾਯਾ"। ਬੁੱਧੂਸ਼ਾਹ ਕਿਹਾ, "ਹੇ ਭਾਈ ! ਜੋ ਹੋਣਾ ਸੋ ਹੋਣਾ। ਸਾਈਂ ਲੋਕ ਧੁਰੋਂ ਲਕ ਬੱਧੇ, ਨਾ ਹੱਸਣ ਨਾ ਰੋਣਾ। ਜੋ ਹੋਣਾ ਸੋ ਹੋਵੇ ਬੇਸ਼ਕ, ਜੋ ਦੁਖ ਔਣਾ, ਆਵੇ; ਫਕਰਾਂ ਦਾ ਦਿਲ ਦੁਨਿਯਾ ਦਾ ਦੁਖ ਰੰਚਕ ਨਹੀਂ ਦੁਖਾਵੇ। ਜਿਸ ਦਿਲ ਦੇ ਵਿਚ ਸਾਂਈ ਵੱਸੇ ਉਹ ਦਿਲ ਪਾਕ ਅਜ਼ਾਬੋ, ਓਹ ਦੁਖ ਨਾਲ ਨ ਛੁਹਣਾ ਚਾਹੇ, ਨੱਸੇ ਐਬ ਸਵਾਬੋਂ। ਐਸਾ ਕੁਈ ਕਲੇਸ਼ ਨ ਜਾਪੇ, ਜੋ ਮੈਨੂੰ ਕਲਪਾਏ, ਬੇਸ਼ਕ ਤੂੰ ਕਹੁ ਜੋ ਕਹਿਣਾ ਹੈ; ਜੋ ਹੋਣਾ ਹੋ ਜਾਏ'। ਕਰ ਮੁਰੀਦ ਨੇ ਨੀਵੀਂ ਗਰਦਨ, ਅੱਖਾਂ ਹੇਠ ਝੁਕਾਈਆਂ; ਗੱਲ ਕਰਨ ਤੋਂ ਪਹਿਲੇ ਤਾਂਬੀ, ਦੋ ਤਿੰਨ ਆਹਾਂ ਆਈਆਂ; "ਮੈਂ ਸੁਣਿਐ ਫ਼ਰਜ਼ੰਦ ਆਪ ਦੇ ਗਏ ਜੁ ਵਿਚ ਲੜਾਈ, ਕਲਗੀਧਰ ਦੀ ਕੁੰਮਕ ਤਾਈਂ ਭੇਜੇ ਆਪ ਤੁਸਾਈਂ। ਰਣ ਵਿਚ ਗਏ ਲੜਾਈ ਕੀਤੀ, ਚੰਗੇ ਹੱਥ ਵਿਖਾਏ, ਬਹੁਤੇ ਮਾਰੇ, ਬਹੁਤ ਭਜਾਏ, ਜ਼ਖਮੀ ਬਹੁਤ ਬਣਾਏ। ਪਰ ਅਫਸੋਸ ! ਕਿਵੇਂ ਮੈਂ ਆਖਾਂ, ਗੱਲ ਨ ਮੂੰਹੋਂ ਆਵੇ, ਲੱਗਾਂ ਕਹਿਣ ਕਲੇਜਾ ਮੂੰਹ ਆ ਬੋਲਣ ਬੰਦ ਕਰਾਵੇ। ਹਾਇ ! ਲੜਿੱਕੇ ਅੱਖਾਂ ਤਾਰੇ, ਦੀਨ ਦੁਨੀ ਦੇ ਦੀਵੇ,

1. ਇਹ ਕਵਿਤਾ ਸੰ: ਗੁ: ਨਾ: ਸਾ: ੪੪੩ ਅਰਥਾਤ ੧੯੧੧ ਈ: ਦੇ ਗੁਰਪੁਰਬ ਸਪ: ਪਰ ਖਾ: ਸਮਾਚਾਰ ਵਿਖੇ ਪ੍ਰਕਾਸ਼ੀ ਸੀ।

ਮੈਂ ਸੁਣਿਐਂ ਕਿ ਰਣ ਤੱਤੇ ਵਿਚ ਬਹੁਤੀ ਦੇਰ ਨ ਜੀਵੇ। ਲੜਭਿੜ ਆਹੂ ਲਾਹ ਬਤੇਰੇ, ਅੰਤ ਸ਼ਹਾਦਤ ਪਾਈ, ਦੁਨੀਆਂ ਵਲੋਂ ਰੁਖ਼ਸਤ ਹੁੰਦਿਆਂ ਰੱਤੀ ਢਿੱਲ ਨ ਲਾਈ, ਬੁਝ ਗਏ ਓ ਜਗਦੇ ਦੀਵੇ ਘੁੱਪ ਹਨੇਰਾ ਕਰ ਗਏ, ਚਸ਼ਮ ਚਰਾਗ ਜਿਗਰ ਦੇ ਟੁਕੜੇ, ਦੋ ਘੜੀਆਂ ਵਿਚ ਠਰ ਗਏ। ਮਰਗਏ ਆਪ; ਮਾਰ ਗਏ ਮਾਪੇ, ਲਾ ਗਏ ਸੱਲ ਅਵੱਲਾ, ਪੁਤ੍ਰਾਂ ਦਾ ਸੰਤਾਪ ਸ਼ਾਹ ਜੀ, ਪਾ ਗਿਆ ਜਗ ਤਰਥੱਲਾ। ਜੰਮਣ ਜੇਡ ਨਹੀਂ ਸ਼ਦੀਆਂਨਾ, ਮਰਨੋਂ ਬੁਰਾ ਨ ਦੁਖੜਾ, ਪੁਤ੍ਰਾਂ ਬਾਝ ਜਗਤ ਵਿਚ ਜਾਪੇ ਬੰਦਾ ਅੱਫਲ ਰੁਖੜਾ"।

ਸਾਂਈਂ ਲੋਕ ਸੁਣੀ ਗੱਲ ਸਾਰੀ, ਹੱਸੇ ਤੇ ਫਿਰ ਬੋਲੇ: "ਕਿਉਂ ਅਫਸੋਸ ਕਰੇਂ ਤੇ ਰੋਵੇਂ ਕੁਰਲਾਵੇਂ, ਹੇ ਭੋਲੇ! ਧੰਨ ਭਾਗ ਹਨ ਮੇਰੇ ਬਚੜੇ ਸਤਿਗੁਰ ਦੇ ਦਰ ਲੱਗੇ, ਜੀਉਣਾ ਮਰਨਾ ਸਫਲ ਉਨ੍ਹਾਂ ਦਾ, ਜੋ ਜੂਝੇ ਹੋ ਅੱਗੇ। ਧੰਨ ਜਣੇਂਦੀ ਮਾਉਂ, ਜਿਨ੍ਹੇ ਜਣ ਐਸੇ ਪੁੱਤਰ ਪਾਲੇ, ਧੰਨ ਪਿਤਾ, ਕੁਲ ਜਿਸ ਵਿਚ ਜੰਮਣ ਐਸੇ ਕਰਮਾਂ ਵਾਲੇ! ਮਰੇ ਨਹੀਂ ਉਹ ਜੀਵੇ ਹਨ, ਉਹ ਜੀਵਨ ਲਾਹਾ ਲੈ ਗਏ, ਹੰਢੇ ਗਏ, ਨਹੀਂ ਉਹ ਟੁੱਟੇ, ਰਾਹ ਨਿਜਾਤ ਦੇ ਪੈ ਗਏ ! ਦੁਨੀਆਂ ਵਲੋਂ ਮੀਟੇ ਨੇਤਰ, ਸਾਂਈਂ ਦੇ ਵਲ ਖੁਹਲੇ, ਜ਼ਾਹਰ ਹੋਏ ਬਾਤਨ ਦੇ ਵਿਚ ਜ਼ਾਹਰੋਂ ਹੋ ਕੇ ਉਹਲੇ। ਧੰਨ ਪ੍ਰਭੂ ਜਿਨ ਮੈਂ ਆਜਜ਼ ਤੇ ਐਸੀ ਨੇਕੀ ਕੀਤੀ, ਜਿਸ ਦੇ ਪੁੱਤਾਂ ਗੁਰੂ ਸਾਹਮਣੇ ਆਪ ਸ਼ਹਾਦਤ ਲੀਤੀ। ਸਾਂਈਂ ਸੱਦੇ ਕਿਸੇ ਅਵਸਥਾ, ਇਹ ਰਜ਼ਾਇ ਰੱਬਾਨੀ, ਆਯਾ ਸਫਲ ਉਨ੍ਹਾਂ ਦਾ ਜਾਣੋਂ, ਧਰ ਗਏ ਨੇਕ ਨਿਸ਼ਾਨੀ। ਸ਼ਰਬਤ ਉਨ੍ਹਾਂ ਸ਼ਹਾਦਤ ਵਾਲਾ ਮੈਂ ਦੇਖੰਦਿਆਂ ਪੀਤਾ। ਖੁਸ਼ ਹੋ ਪੀਤਾ, ਹਸ ਹਸ ਪੀਤਾ, ਰਾਹ ਬਹਿਸ਼ਤੀ ਲੀਤਾ। ਭਲਾ ਹੋਯਾ, ਭਲਿਆਈ ਕਰ ਗਏ, ਲੂੰ ਲੂੰ ਮੇਰਾ ਰਾਜ਼ੀ, ਮੈਂ ਜਾਣਾ ਮੈਂ ਉਤੇ ਕੀਤੀ ਸਾਂਈਂ ਗ਼ੀਬ ਨਿਵਾਜ਼ੀ। ਜਗ ਆਯਾ ਗਿਣਤੀ ਵਿਚ ਓਹੋ, ਗੁਰ ਹਿਤ ਸੀਸ ਲਗਾਵੇ, ਦੁਨੀਆਂ ਦਾ ਕੁਝ ਭਲਾ ਕਰਨ ਨੂੰ ਜਿੰਦੜੀ ਘੋਲ ਘੁਮਾਵੇ। ਜੋ ਜੀਵੇ ਕੁਝ ਕਰੇ ਨ ਨੇਕੀ, ਮਰਨਾ ਓਸ ਚੰਗੇਰਾ: ਨੇਕੀ ਕਰ ਮਰ ਜਾਵੇ ਜਿਹੜਾ ਜੀਉਣਾ ਉਹਦਾ ਭਲੇਰਾ।"

ਸੂਚਨਾ—ਜੁੱਧ ਜਿੱਤਕੇ ਸਾਹਿਬ ਫਿਰ ਪਾਉਂਟੇ ਬਹੁਤ ਚਿਰ ਨਹੀਂ ਰਹੇ। ਕਹਿਲੂਰ ਆਕੇ ਮੁੜ ਆਪਣੇ ਆਨੰਦਪੁਰ ਆ ਗਏ। ਰਸਤੇ ਦਾ ਕੁਛ ਹਾਲ ਅਗਲੇ ਪ੍ਰਸੰਗ ਵਿਚ ਹੈ।

# ੧੫. ਰਾਇ ਪੁਰ ਦੀ ਰਾਣੀ[1]।

੧.

"**ਅਸਚਰਜ** ਹੈ ! ਦੇਹ ਦੇ ਅੰਦਰ ਦਿਲ, ਤੇ ਦਿਲ ਦੇ ਅੰਦਰ ਕੋਈ ਡਾਢਾ ਡੂੰਘਾ ਥਾਉਂ, ਜਿੱਥੇ ਸਿਦਕ ਦਾ ਕਿਣਕਾ ਲੁਕਾ ਕੇ ਰੱਖਿਆ, ਕੇਡੇ ਪਰਦੇ ਦਰ ਪਰਦੇ ਸਾਂਭਿਆ; ਕੈਰੀਆਂ ਅੱਖਾਂ ਦੀ ਢੂੰਡ ਤੋਂ ਕਿੰਨੀ ਦੂਰ ਛਿਪਾਇਆ ਪਰ ਵੈਰੀ ਅੱਖਾਂ ਤੇ ਦੂਤੀ ਤੱਕਾਂ ਬੁਰੀਆਂ ! ਕਿਕੂੰ ਇਥੋਂ ਇਸ ਅਮੋਲਕ ਕਿਣਕੇ ਨੂੰ ਇਨ੍ਹਾਂ ਨਜ਼ਰ ਪਾਟੀਆਂ ਨੇ ਝਾਕ ਲਿਆ! ਫੇਰ ਅਸਚਰਜ ਹੈ ਕਿ ਉਥੋਂ ਏਸ ਨੂੰ ਧੱਕ ਦੇਣ ਲਈ ਸੁਰੰਗਾਂ ਬੀ ਲਾ ਲਈਆਂ ਨੇ ਤੇ ਆਪਣੇ ਤੋਪਖਾਨੇ ਬੀ ਬੀੜ ਦਿੱਤੇ ਨੇ। ਕੈਸੀ ਚਾਂਦਮਾਰੀ ਹੋ ਰਹੀ ਹੈ। ਹਾਇ ! ਕੀਹ ਇਹ ਮੇਰਾ ਦਿਲ ਦੀਪਕ ਬੁਝ ਜਾਏਗਾ ? ਕੀਹ ਮੇਰਾ ਮਨ, ਜੋ ਇਸ ਕਿਣਕੇ ਨੇ ਨੂਰੀ ਕਰ ਦਿਤਾ ਸੀ, ਹੁਣ ਇਕੱਲ ਵਾਲੇ ਹਨੇਰੇ ਨਾਲ ਭਰ ਜਾਏਗਾ ? ਆਹ ! ਮੇਰੇ ਇਸ ਕਿਣਕੇ ਦੇ ਅਣਡਿੱਠੇ, ਪਰ ਡਾਢੇ ਮਿੱਠੇ ਦਾਤੇ ! ਮੇਰੇ ਹਾਲ ਤੇ ਤਰਸ ਕਰ ਅਰ ਇਨ੍ਹਾਂ ਦੂਤੀ ਦੁਸ਼ਮਨਾਂ ਤੋਂ ਬਚਾ। ਜੇ ਮੇਰਾ ਇਹ ਕਿਣਕਾ 'ਗੁਆਚ ਗਿਆ ਤਾਂ ਮੈਂ ਜੀਉਂਦੀ ਮਰ ਜਾਵਾਂਗੀ। ਹੇ ਸਾਂਈਂ ! ਰੱਖ ਲੈ.....।

ਅਸਚਰਜ ਹੈ ! ਮੇਰੇ ਅੰਦਰ ਪੱਕਾ ਨਿਸ਼ਚਾ ਸੀ ਕਿ ਇਹ ਸਿਦਕ ਦਾ ਕਿਣਕਾ ਮੇਰੇ ਅੰਦਰ ਦੁਸ਼ਮਨਾਂ ਦੀ ਮਾਰ ਤੋਂ ਪਰੇ ਹੈ, ਪਰ ਮੇਰੇ ਕੰਨਾਂ ਥਾਣੀਂ ਮੇਰੇ ਮਨ ਵਿਚ ਤੇ ਮੇਰੇ ਮਨ ਵਿਚੋਂ ਹੇਠਲੀਆਂ ਡੂੰਘਾਈਆਂ ਵਿਚ ਮਿੱਠੀ ਮਿੱਠੀ ਦਰਦ ਭਰੀ ਤੇ ਪਿਆਰ ਭਰੀ ਸੁਰ ਨਾਲ ਨਿੰਦਿਆ ਦਾ ਬਾਣ ਵੈਰੀਆਂ ਨੇ ਪੁਚਾ ਹੀ ਘੱਤਿਆ। ਬਦਗੋਈ ਤੇ ਚੁਗਲੀ ਦੇ ਗੋਲੇ ਕਿਸੇ ਰਸ ਭਰੇ ਤੇ

1. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੩ ਅਰਥਾਤ ਦਸੰਬਰ ੧੯੧੧ ਈ: ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸੂਰਤ ਵਿਚ "ਪ੍ਰੀਤਮ ਜੀ ਆਏ" ਦੇ ਨਾਮ ਹੇਠ ਪ੍ਰਕਾਸ਼ਿਆ ਸੀ।

ਮੇਰੇ ਲਾਭ ਦੀ ਚਾਸ ਵਾਲੇ ਤ੍ਰੀਕੇ ਨਾਲ ਮੇਰੇ ਅੰਦਰ ਪੁਚਾਏ। ਹਾਂ ਕਸ਼ਟ ! ਮੇਰੇ ਅੰਦਰ ਧੂੰਆਂ ਧਾਰ ਹੈ, ਗੁਬਾਰ ਹੈ। ਪੀੜ ਹੈ। ਪਤਾ ਨਹੀਂ ਕਿ ਉਹ ਕਿਣਕਾ 'ਹੈ' ਅਪਣੇ ਟਿਕਾਣੇ ਹੈ ਕਿ ਉੱਡ ਗਿਆ। ਅੰਦਰ ਝਾਤੀ ਮਾਰਦੀ ਹਾਂ, ਪਰ ਦਿੱਸਦਾ ਕੁਝ ਨਹੀਂ, ਰੌਲਾ ਹੈ ਅਰ ਘਮਸਾਨ ਹੈ।"

ਇਕ ਚਾਲੀ ਕੁ ਬਰਸ ਦੀ ਅਵਸਥਾ ਦੀ ਮੁਡੌਲ ਸੁੰਦਰ, ਗੰਭੀਰ, ਖਿੜੇ ਮੱਥੇ, ਪਰ ਵੀਚਾਰਵਾਨ ਰੇਖਾ ਵਾਲੀ ਇਸਤ੍ਰੀ ਇਕ ਫੁਲਾਂ ਦੀ ਵਾੜੀ ਵਿਚ ਇਕ ਚੰਦਨ ਦੀ ਚੌਕੀ ਪਰ ਬੈਠੀ ਆਪਣੇ ਆਪ ਨੂੰ ਇਹ ਕੁਝ ਕਹਿ ਰਹੀ ਹੈ, ਮੱਥੇ ਤੇ ਚੂੰਢੀਆਂ ਭਰਦੀ ਤੇ ਉਫ ਉਫ ਕਰਦੀ ਹੈ, ਕਦੇ ਉਪਰ ਕਦੇ ਹੇਠਾਂ ਤੱਕਦੀ ਹੈ! ਚੁੱਪ ਕਰਦੀ ਕੁਛ ਸੋਚਦੀ ਹੈ ਤੇ ਫੇਰ ਆਖਦੀ ਹੈ:

"ਹਾ ਕੁਟਿਲ ਸਜਣੋਂ ! ਹਾਂ ਮੇਰੇ ਸ਼ਰੀਰ ਦੇ ਹਿਤੈਸ਼ੀਓ ਤੇ ਮੇਰੀ ਜਿੰਦ ਦੇ ਵੈਰੀਓ ! ਤੁਸੀਂ ਸੱਜਣ ਨਹੀਂ ਹੋ। ਜਿਸ ਤਰ੍ਹਾਂ ਸਰੀਰ ਸੁਖਾਂ ਸਮੇਤ ਜਿੰਦ ਤੋਂ ਬਿਨਾਂ ਬੂਦਾਰ ਮੁਰਦਿਹਾਨ ਹੈ, ਇਸ ਤਰ੍ਹਾਂ ਸਿਦਕ ਦੇ ਕਿਣਕੇ ਬਿਨ ਜਿੰਦ ਇਕ ਮੁਰਦਾ ਰੌ ਤੇ ਮੁਰਦਾ ਕਲਾਬਾਜ਼ੀ ਦੀ ਖੇਡ ਹੈ। ਤੁਸੀਂ ਮੇਰੇ ਸਜਣ ਨਹੀਂ ਜੋ ਜਿੰਦ ਦੀ ਜਿੰਦ ਨੂੰ ਤੋੜਦੇ ਹੋ। ਤੁਹਾਡੇ ਪਿਆਰ ਭਰੇ ਵਾਕ ਜ਼ਹਿਰਦਾਰ ਹਨ। ਤੁਹਾਡਾ ਦਰਦ, ਪੀੜ ਹਰਨਾਂ ਦਰਦ ਨਹੀਂ, ਪਰ ਪੀੜ ਭਰਨਾ ਦਰਦ ਹੈ। ਤੁਸੀਂ ਦਰਦ ਵੰਡਣ ਵਾਲੇ ਦਰਦੀ ਨਹੀਂ ਪਰ ਦਰਦਾਂ ਲਾਉਣ ਵਾਲੇ ਬੇਦਰਦੀ ਹੋ। ਮੈਂ ਤੁਹਾਡੇ ਪਿਆਰ ਦੇ ਟਪਲੇ ਹੇਠ ਆਪਣੇ ਕੋਟਾਂ ਸਫੀਲਾਂ ਦੇ ਅੰਦਰਲੇ ਲੁਕਾਏ ਖਜ਼ਾਨੇ ਖ਼ਬਰੇ ਲੁਟਾ ਬੈਠੀ ਹਾਂ।

"ਹੇ ਮੈਂ, ਹੇ ਮੇਰੇ ਮਨ ! ਇਹ ਰਾਜ ਤੇ ਸਰਦਾਰੀ ਪਰਾਹੁਣੀ ਹੈ। ਕਿਤਨੇ ਛਤ੍ਰਧਾਰੀ ਹੋਏ, ਅਤੇ ਗਰਦ ਵਿਚ ਮਿਲ ਗਏ। ਜੇ ਸਾਰੇ ਛਤ੍ਰਪਤੀਆਂ ਦੇ ਸੀਸ, ਜੋ ਅੱਜ ਤੱਕ ਧਰਤੀ ਤੇ ਹੁਕਮ ਕਰ ਗਏ ਹਨ, ਕੱਠੇ ਕੀਤੇ ਜਾਣ ਤਾਂ ਖ਼ਬਰੇ ਧਰਤੀ ਪਰ ਇਕ ਤਾਰ ਫਰਸ਼ ਵਿਛਾਕੇ ਬੀ ਵਧ ਰਹਿਣ। ਫੇਰ ਤੂੰ ਕਿਸ ਗਿਣਤੀ ਵਿਚ ? ਜੇ ਤੇਰੀ ਰਿਆਸਤ ਚਲੀ ਗਈ ਤਾਂ ਕੀਹ ਚਲਾ ਗਿਆ ? ਜੇ ਤੂੰ ਭਿਖਾਰਨ ਹੋ ਗਈ ਤਾਂ ਕੀ ਘਟ ਗਿਆ ? ਜਿਉਂਦੇ ਸਰੀਰ ਦੇ ਅੰਦਰ ਸਿਦਕ ਤੋਂ ਖਾਲੀ ਮੁਰਦਾ ਦਿਲ ਲੈਕੇ ਅੱਠ ਪਹਿਰ ਅੰਦਰਲੇ ਮਸਾਣਾਂ ਨੂੰ ਸੇਉਣਾ ਕੀਹ ਰਾਜ ਹੈ ? ਹਾਂ, ਜੇ ਜੀਉਂਦੇ ਸਰੀਰ ਦੇ ਅੰਦਰ ਜ਼ਿੰਦਗੀ ਵਾਲਾ ਦਿਲ ਲੈਕੇ ਢੂੜੀ ਤੇ ਬੈਠਣਾ ਪੈ ਜਾਵੇ ਤਾਂ ਸੁਰਗ ਰਾਜ ਤੋਂ ਕਿੱਕੂੰ ਘਟ ਹੈ ? ਜੇ ਦਿਲ ਸ਼ਹਿਨਸ਼ਾਹ ਹੈ ਤਾਂ ਸ਼ਹਿਨਸ਼ਾਹੀ ਹੈ, ਜੇ ਦਿਲ ਕੀਰ ਹੈ ਤਾਂ ਸਰੀਰ ਦੀ ਸ਼ਹਿਨਸ਼ਾਹੀ ਮੁਕਾਲਕ ਦੀ ਸ਼ਾਹੀ ਹੈ ... ਹੈ ਪਿਆਰੇ ਸਿਦਕ-ਚੰਦ ! ਵਾਗਾਂ ਫੇਰ...ਮੁਹਾਰਾਂ ਮੋੜ। ਆ ਮੇਰੇ ਰਿਦੇ ਮੰਡਲ ਵਿਚ, ਛੱਡ ਲਾਸਾਂ, ਘੱਲ ਕਿਰਨਾਂ ਤੇ ਮਾਰ ਲਿਸ਼ਕਾਂ :-

'ਸੰਝ ਪਈ ਦਹਦਿਸ ਅੰਧਿਆਰਾ, ਅੰਧ ਧੁੰਦ ਚੌਫੇਰ ਪਈ। ਸਹਮ ਖਾਇ ਜੀਉੜਾ ਹੈ ਤੜਫੇ, ਹਾ ਇਕੱਲ ਹੈ ਖਾਇ ਰਹੀ। ਚੜ੍ਹ ਹੇ ਚੰਦ ਸਿਦਕ ਦੇ ਸੁਹਣੇ ! ਕਰ ਅਨ੍ਹੇਰ ਨੂੰ ਛਈ ਮਈ। ਕਰ ਰੁਸ਼ਨਾਈ ਮਿੱਠੀ ਪਜਾਰੀ, ਖੁੰਝੀ ਨੂੰ ਰਾਹ ਪਾਇ ਦਈਂ।

"ਹੇ ਸਿਦਕ ! ਮੇਰੇ ਅੰਦਰਲੇ ਗ਼ੁਬਾਰ ਨੂੰ ਤੂ ਹੀ ਦੂਰ ਕਰ ਸਕਦਾ ਹੈਂ, ਕੋਈ ਹੋਰ ਉਪਰਾਲਾ ਮੇਰੇ ਸੰਸੇ ਭਰਮ ਤੇ ਸ਼ੱਕ ਦੀ ਕੁਹੀੜ ਨੂੰ ਦੂਰ ਨਹੀਂ ਕਰ ਸਕਦਾ। ਹੇ ਸੁਰਗ ਦੇ ਵਾਸੀ, ਹੇ ਬੈਕੁੰਠ ਦੇ ਚਾਨਣੇ, ਹੇ ਸਚਖੰਡ ਦੇ ਪ੍ਰਕਾਸ਼ ! ਮੈਂ ਇਸ ਭਟਕਣਾ ਵਿਚ ਤੇਰੇ ਲੜ ਬਿਨਾ ਕਿਹੜੀ ਟੇਕ ਫੜਾਂ ? ਤੂੰਹੋਂ ਆ ਲੜ ਫੜਾ ਤੇ ਪਾਰ ਕਰ। ਮੇਰੇ ਜਿੱਲ੍ਹਣ ਫਾਥੇ ਪੈਰ ਤੂੰ ਹੀ ਕੱਢੇਂਗਾ। ਹੇ ਸਿਦਕ ! ਜਦ ਤੂੰ ਚਮਕਦਾ ਸੈਂ ਮੈਂ ਤੇਰੇ ਰਸ ਵਿਚ ਸਾਂ। ਤੈਂ ਬਿਨ ਮੇਰੇ ਅੰਦਰ ਘਬਰਾ ਹੈ। ਮੈਨੂੰ ਹਨੇਰੇ ਪੱਖ ਦੀ ਚੰਦ ਤੋਂ ਵਿਛੁੜੀ ਕੁਮੁਦਨੀ ਵਾਂਗ ਤੇਰੇ ਦਰਸ਼ਨਾ ਦੀ ਥੁੜ ਕੁਮਲਾ ਰਹੀ ਹੈ। ਹੇ ਸਿਦਕ ਦੇ ਚੰਦਾ ! ਜੇ ਆਪ ਲੁਕਿਆ ਹੈਂ ਤਾਂ ਆਪਣੀ ਆਸ ਤੇ ਆਸ ਦੀ ਟੇਕ ਨਾ ਖੁਹਵੀਂ, ਤੇਰੀ ਆਸ ਦੀ ਟੇਕ ਦੇ ਆਸਰੇ ਅਨ੍ਹੇਰੇ ਦਾ ਇਹ ਵਕਤ ਲੰਘ ਜਾਏਗਾ।....

"ਹੈਂ ਆਹ ਕੀ ਧੁਨਿ ਹੈ(ਕੰਨ ਲਾ ਕੇ) ਕੈਸੀ ਪਿਆਰੀ ਹੈ ! ਸੰਝ ਛਾ ਰਹੀ ਹੈ; ਅੰਧਕਾਰ ਪੈ ਰਿਹਾ ਹੈ, ਸੂਰਜ ਗਿਆ, ਚੰਦ ਤਾਰੇ ਚੜ੍ਹੇ ਨਹੀਂ। ਬਦਲਵਾਈ ਹੈ। ਮੇਰੇ ਅੰਦਰ ਬੀ ਸੰਝ ਪੈ ਰਹੀ ਹੈ। ਵਾਹ ਵਾਹ ਨਿੰਦਿਆ, ਵਾਹ ਵਾਹ ਚੁਗਲੀ, ਵਾਹ ਵਾਹ ਖਦਗੋਈ! ਮੇਰਾ ਵੱਸਦਾ ਘਰ ਉਜਾੜਿਆ। ਚੜ੍ਹ ਵੇ ਚੰਦਾ ਤੂੰ ਕਰ ਰੁਸ਼ਨਾਈ, ਕਰ ਰੁਸ਼ਨਾਈ, (ਤ੍ਰਬ੍ਹਕ ਕੇ ਕੰਨ ਲਾਕੇ) ...'ਜੇ ਭਲਾ ਤੂੰ ਰਾਜ ਦਾ ਪਿਆਰ ਛੱਡੇਂ ਤਾਂ ਸਿਦਕ ਦਾ ਚੰਦ ਕਿਉਂ ਬਦਲਾਂ ਹੇਠ ਆਵੇ, ਇਹ ਰਾਜ ਭਾਗ ਦੇ ਖੁੱਸ ਜਾਣ ਦੇ ਡਰਾਵੇ ਸਿਦਕ ਅੱਗੇ

ਘਟਾ ਛਾਉਂਦੇ ਹਨ। (ਕੰਨ ਲਾ ਕੇ) ਹੈਂ, ਕੈਸਾ ਪਿਆਰਾ ਦਰਬਾਰੀ ਕਾਨ੍ਹੜੇ ਦਾ ਅਲਾਪ ਹੈ। ਵਾਹ ਵਾਹ, ਠੰਢ ਪੈਂਦੀ ਹੈ, ਸੁਖ ਆਉਂਦਾ ਹੈ। ਸੁਣ ਹੇ ਮੱਨ, ਕੰਨ ਲਾ ਤੇ ਵਾਕ ਸੁਣ"। ਆਵਾਜ਼ ਆਈ-

ਜੌ ਰਾਜੁ ਦੇਹਿ ਤ ਕਵਨ ਬਡਾਈ।। ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ।।੧।। ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ।। ਬਹੁਰਿ ਨ ਹੋਇ ਤੇਰਾ ਆਵਨ ਜਾਨੁ।।੧।।ਰਹਾਉ।। ਸਭ ਤੇ ਉਪਾਈ ਭਰਮ ਭੁਲਾਈ।। ਜਿਸ ਤੂੰ ਦੇਵਹਿ ਤਿਸਹਿ ਬੁਝਾਈ।।੨।। (ਗੂਜ: ਨਾਮ:)

ਹੁਣ ਰਾਣੀ ਉਠੀ, ਆਵਾਜ਼ ਦੀ ਸੇਧ ਪਰ ਤੁਰੀ, ਵਾੜੀ ਦੇ ਦੂਜੇ ਸਿਰੇ ਇਕ ਬਿਰਧ ਮਾਈ ਨਿਮਗਨ ਬੈਠੀ ਗਾਉਂ ਰਹੀ ਹੈ। ਰਾਣੀ ਨੇ ਪਛਾਣੀ ਤੇ ਭੁਬ ਮਾਰ ਕੇ ਪੈਰਾਂ ਤੇ ਢਹਿ ਪਈ:-

"ਹੇ ਸਿਦਕ ਰਾਉ ਦੀ ਹਰਾਵਲ ਪਿਆਰੀ ! ਮੇਰੇ ਉਜੜਦੇ ਖਲਵਾੜੇ ਨੂੰ ਰੱਖ ਲੈ, ਮੇਰੇ ਕੰਨਾਂ ਵਿਚ ਪੁੱਠੀਆਂ ਗੱਲਾਂ ਕਹਿ ਕਹਿਕੇ ਮੇਰੇ ਨਿਰਮਲ ਰਿਦੇ ਗਗਨਾਂ ਵਿਚ ਸੰਸੇ ਤੇ ਸ਼ੱਕ ਦੀਆਂ ਘਟਾਂ ਚੜ੍ਹਾ ਦਿੱਤੀਆਂ ਗਈਆਂ ਹਨ। ਹੇ ਵੇਲੇ ਸਿਰ ਆ ਗਈ ਅਕਾਸ਼ ਦੀ ਦੇਵਾ ਰਾਣੀ ! ਮੇਰੇ ਤੇ ਮਿਹਰ ਕਰ।"

ਬਿਰਧ ਮਾਈ ਨੇ ਅੱਖਾਂ ਖੋਹਲ ਕੇ, ਸਿਰ ਚੁਕ ਕੇ ਛਾਤੀ ਨਾਲ ਲਾਇਆ, ਕੰਡ ਤੇ ਹੱਥ ਫੇਰਿਆ। ਹੱਥ ਕੀਹ ਸੀ ? ਜਾਦੂ ਸੀ। ਇਕ ਦਮ ਰਾਣੀ ਦਾ ਦਿਲ ਸੰਸੇ ਤੇ ਵਹਿਮ ਵਿਚੋਂ ਨਿਕਲਿਆ, ਔਹ ਸਿਦਕ ਦੀ ਹੀਰਾ ਕਣੀ ਨੇ ਲਿਸ਼ਕਾਰਾ ਮਾਰਿਆ। ਸੁਰਤ ਦੇ ਮੰਡਲ ਵਿਚ ਚਾਨਣਾ ਹੋ ਗਿਆ, ਠੰਢ ਪੈ ਗਈ, ਰਸ ਆ ਗਿਆ, ਰਾਣੀ ਦਾ ਸਾਰਾ ਸਰੀਰ ਸੁਖ ਰੂਪ ਹੋ ਗਿਆ, ਲੂੰਆਂ ਥਾਣੀਂ ਸੁਖ ਦੀ ਝਰਨਾਟ ਛਿੜ ਨਿਕਲੀ ਮਗਨ ਹੋ ਗਈ। ਪਿਆਰੀ ਗਲਵੱਕੜੀ ਵਿਚ ਮਸਤ ਹੈ ਅਰ ਮਸਤੀ ਵਿਚ ਠੰਢੀ, ਸੁਖ ਤੇ ਰਸ ਭਿੰਨੀ ਮਿਠਾਸ ਵਿਚ ਗ਼ਰਕ ਹੋ ਗਈ। ਅੰਗ ਨਹੀਂ ਹਿੱਲਦੇ, ਸਰੀਰ ਅਡੋਲ ਹੈ। ਇਸ ਰਸਦਾਤੀ ਗੋਦ ਵਿਚ ਰਸਲੀਨ ਹੋ ਰਹੀ ਹੈ।

ਇਸ ਰੰਗ ਵਿਚ ਸਮਾਂ ਲੰਘ ਗਿਆ, ਤਾਰੇ ਲਿਸ਼ਕ ਪਏ, ਚੰਦ ਚੜ੍ਹ ਆਇਆ, ਮਿੱਠੀ ਚਾਂਦਨੀ ਦੀ ਚਾਦਰ ਵਿਛ ਗਈ। ਭਾਵੇਂ ਠੰਢ ਹੈ ਅਰ ਕਰੜੀ ਠੰਢ ਹੈ। ਪਰ ਸਰਦ ਚਾਂਦਨੀ ਦਾ ਰਸ, ਬਲਦੀ ਭਾਹ ਵਿਚੋਂ ਠਰੇ ਦਿਲ ਨੂੰ ਹੋਰ ਠੰਢ ਪਾ ਰਿਹਾ ਹੈ। ਸਰੀਰ ਚੰਦ ਦੀ ਸਰਦ ਚਾਂਦਨੀ ਵਿਚ ਸੁਖੀ ਹੈ, ਮਨ ਅੰਦਰ ਚੜ੍ਹੇ ਪ੍ਰੇਮ ਭਰੇ ਸਿਦਕ ਦੇ ਚੰਦ ਦੀ ਸੀਤਲ ਚਾਂਦਨੀ ਵਿਚ ਸੁਖੀ ਹੈ।

ਬਿਰਧ ਮਾਈ ਨੇ ਹੁਣ ਠੰਢ ਵਧੇਰੇ ਦੇਖਕੇ ਰਾਣੀ ਨੂੰ ਉਠਾਇਆ। ਉਠੀ, ਪਰ ਅੱਖਾਂ ਬੰਦ ਹਨ, ਚਿਹਰੇ ਪਰ ਇਕ ਲਾਲੀ ਹੈ ਜੋ ਤੱਕਣ ਵਾਲੇ ਨੂੰ ਪਵਿੱਤ੍ਰਤਾ ਤੇ ਸੀਤਲਤਾ ਬਖਸ਼ਦੀ ਹੈ। ਇਕ ਮਸਤੀ ਹੈ ਜੋ ਦੱਸਦੀ ਹੈ ਕਿ ਰਾਣੀ ਕਿਸੇ ਅਕਹਿ ਸੁਖ ਵਿਚ ਗਰਕ ਹੈ। ਬਿਰਧ ਮਾਈ ਟੁਰੀ, ਪਰ ਰਾਣੀ ਦਾ ਸਿਰ ਮਾਈ ਦੀ ਛਾਤੀ ਦੇ ਆਸਰੇ ਪਿਆ ਹੈ। ਮਾਈ ਸਮਝ ਰਹੀ ਹੈ, ਇਸ ਕਰਕੇ ਆਪਨੀ ਗਲਵੱਕੜੀ ਵਿਚ ਲਈ, ਸਿਰ ਛਾਤੀ ਨਾਲ ਲਾਈ, ਥੋੜਾ ਆਸਰਾ ਦੇਂਦੀ; ਬਾਗ ਦੇ ਵਿਚ ਦੀ ਲਈ, ਮਹਿਲ ਅੰਦਰ ਪਿਛਲੇ ਰਸਤਿਓਂ ਪਹੁੰਚ ਗਈ ਅਰ ਅੰਤਹਪੁਰ ਦੇ ਕਮਰੇ ਵਿਚ ਜਾ ਵੜੀ। ਸ਼ਮਾਦਾਨ ਵਿਚ ਮੋਮ ਬੱਤੀਆਂ ਲਟ ਲਟ ਬਲ ਰਹੀਆਂ ਸਨ, ਦੋ ਟਹਿਲਣਾ ਰਸਤਾ ਤੱਕ ਰਹੀਆਂ ਸਨ; ਜਦੋਂ ਜਾਕੇ ਮਾਈ ਨੇ ਰਾਣੀ ਨੂੰ ਮਸਨਦ ਤੇ ਬਿਠਾਇਆ ਤੇ ਤਕੀਏ ਦੀ ਟੇਕ ਦਿੱਤੀ ਤਾਂ ਮਗਨ ਰਾਣੀ ਉਸੇ ਮਗਨਤਾ ਵਿਚ ਪੈ ਗਈ। ਮਾਈ ਨੇ ਹੁਣ ਗੋਲੀ ਦੇ ਹੱਥ ਟਿੱਕਾ ਜੀ ਨੂੰ ਸਦਵਾ ਘੱਲਿਆ ਜੋ ਸੰਝ ਦੇ ਅਤਿ ਉਦਾਸ ਸਨ, ਅਰ ਬਾਰ ਬਾਰ ਪਿਆਰੀ ਮਾਤਾ ਜੀ ਨੂੰ ਬਾਗ ਵਿਚ ਰੋਂਦੀ ਬੈਠੀ ਤੱਕ ਕੇ ਚੁਪ ਚਾਪ ਮੁੜ ਆਉਂਦੇ ਸਨ ਕਿ ਬੁਲਾਇਆਂ ਮਤਾਂ ਮਾਤਾ ਜੀ ਨੂੰ ਖੇਦ ਪਹੁੰਚੇ।

ਗੁਲਾਬ ਵਰਗੇ ਸੁਹਣੇ ਖਿੜਵੇਂ ਪਰ ਸਹਿਮੇ ਹੋਏ ਚਿਹਰੇ ਨੇ ਜਦ ਮਾਤਾ ਨੂੰ ਨੈਣ ਮੁੰਦੇ ਡਿੱਠਾ ਤਾਂ ਕੁਛ ਘਬਰਾਇਆ, ਮਾਈ ਜੀ ਵੱਲ ਤੱਕਿਆ ਪਰ ਉਸ ਸੁਖਦਾਤੀ ਸਿਆਣੀ ਨੇ ਪਿਆਰ ਦੇ ਕੇ ਕਿਹਾ: "ਲਾਲ ਜੀ, ਫਿਕਰ ਨਾ ਕਰੋ ਮਾਤਾ ਜੀ ਰਾਜ਼ੀ ਹਨ।"

ਘੜਿਆਲੀ ਆਪਣੇ ਕੰਮ ਤੇ ਸੁਰਜੀਤ ਰਹਿੰਦੇ ਹਨ, ਘੜੀਆਂ ਵਜਾਈ ਗਏ ਤੇ ਰਾਤ ਨੂੰ ਘਟਾਈ ਗਏ; ਜਦੋਂ ਅੱਧੀ ਰਾਤ ਲੰਘ ਗਈ, ਤਦੋਂ ਰਾਣੀ ਨੇ ਅੱਖ ਖੋਲੀ। ਇਕ ਠੰਢਾ ਸਾਹ ਲਿਆ, ਅਰ ਆਖਿਆ:-

'ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ।। ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ।।"(ਚਉਬੋਲੇ ਮ:੫-੧੦) ਇਹ ਸੁਣਕੇ ਮਾਈ ਬੋਲੀ:- ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ।।

ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥ ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥ ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥੧੨॥

(ਫੁਨਹੇ ਮਹਲਾ ੫)

ਇਹ ਸੁਣਕੇ ਰਾਣੀ ਨੇ ਸਿਰ ਨਿਵਾਇਆ ਤੇ ਆਪਣੇ ਆਪ ਨੂੰ ਤਕੀਏ ਪਰ ਦੇਖਕੇ ਉੱਠੀ ਤੇ ਹੇਠਾਂ ਅਦਬ ਨਾਲ ਹੋ ਬੈਠੀ। ਫੇਰ ਲਾਲ ਜੀ ਦਾ ਨਿਮੋਝਾਣ ਚਿਹਰਾ ਤੱਕ ਕੇ ਕੋਲ ਸੱਦਿਆ, ਗਲ ਲਾਕੇ ਪਿਆਰ ਦਿੱਤਾ ਅਰ ਆਖਿਆ: "ਹੇ ਤਾਤ ! ਮਾਤਾ ਅਜ ਮਰ ਚੱਲੀ ਸੀ, ਪਰ ਇਸ ਜੀਵਨ ਆਧਾਰ ਮਾਈ ਨੇ ਪਰਵਾਰੋਂ[1] ਮੋੜ ਆਂਦਾ ਹੈ।"

ਇਹ ਸੁਣਕੇ ਲਾਲ ਜੀ ਦੀਆਂ ਅੱਖਾਂ ਵਿਚ ਹੰਝੂ ਆ ਗਏ, ਪਰ ਬੋਲ ਕੁਛ ਨਹੀਂ ਸਕੇ ਤੇ ਸਿਰ ਮਾਂ ਦੀ ਛਾਤੀ ਤੇ ਸੁੱਟਕੇ ਕੁਛ ਚੁੱਪ ਤੇ ਮਗਨ ਜਿਹੇ ਹੋ ਗਏ, ਥੋੜ੍ਹੀ ਦੇਰ ਇਸਤਰ੍ਹਾਂ ਲੰਘ ਜਾਣੇ ਪਰ ਬਿਰਧ ਮਾਈ ਨੇ ਪਿਆਰ ਦੇ ਕੇ ਆਖਿਆ: 'ਰਾਤ ਬਹੁਤ ਹੋ ਗਈ ਹੈ, ਹੁਣ ਆਰਾਮ ਕਰੋ।'

ਰਾਣੀ--ਜੰਮਣ ਵਾਲੀ ਮਾਂ ਨੇ ਅਸਗਾਹ ਸੰਸਾਰ ਵਿਚ ਖਿਨ ਚੱਪੇ ਬਿਨ ਦੀਵੇ ਛੱਡ ਦਿਤਾ ਸੀ: ਪਰ ਹੇ ਸਿੱਖਿਆ ਦੇਣ ਵਾਲੀ ਮਾਂ ! ਤੂੰ ਉਸ ਅਸਗਾਹ ਸਮੁੰਦਰ ਵਿਚੋਂ ਤਾਰ ਲਿਆ ਹੈ। ਹੇ ਮਾਂ ! ਅੱਜ ਮੈਂ ਮਰਨ ਚਲੀ ਸਾਂ। ਮੈਂ ਰੋਈ ! ਰੋਣਾ ਕਮਜ਼ੋਰੀ ਹੈ। ਪਰ ਸਿਦਕ ਲਈ ਰੋਣ ਮਨ ਦੀਆਂ ਮੈਲਾਂ ਧੋਂਦਾ ਹੈ। ਕਿਉਂ ਮਾਂ; ਵੈਰਾਗ ਮੱਲ ਹਰਨਾ ਦਾਰੂ ਹੈ ਨਾ ?

ਮਾਈ--ਜਿਸ ਦੇ ਅੰਦਰ ਵਾਹਿਗੁਰੂ ਦੀ ਪ੍ਰੀਤ ਇਕ ਵੇਰੀ ਸੁਆਦ ਵਾਲਾ ਫੇਰਾ ਪਾ ਜਾਂਦੀ ਹੈ ਉਹ ਬਚਾਉਣ ਵਾਲਿਆਂ ਦੇ ਸ਼ੁਮਾਰ ਵਿਚ ਆ ਜਾਂਦਾ ਹੈ, ਪਰ 'ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।'

ਰਾਣੀ--ਮੈਂ ਡੋਲੀ, ਮੈਂ ਡੁਲੀ, ਮੇਰੇ ਕੀਹ ਵੱਸ। ਮੇਰੇ ਸਿਦਕ ਦੀ ਸੁੰਧਕ ਕਿਸੇ ਤਰ੍ਹਾਂ ਨਿਕਲ ਗਈ ਤੇ ਸੰਧਕਾਂ[2] ਤੱਕ ਜਾ ਪਹੁੰਚੀ। ਕੁਛ ਦਿਨਾਂ ਤੋਂ ਪਹਾੜੀ ਰਾਜਿਆਂ ਵਲੋਂ ਡਰ ਤੇ ਦਾਬੇ ਆ ਰਹੇ ਹਨ ਕਿ ਤੂੰ ਕਲਗੀਆਂ ਵਾਲੇ ਸਤਿਗੁਰੂ ਦੀ ਟੇਕ ਲਈ ਤਾਂ ਅਸੀਂ ਰਿਆਸਤ ਖੋਹ ਲਵਾਂਗੇ। ਅੱਜ ਦੀਵਾਨ ਨੇ ਆ ਕੇ ਸਤਿਗੁਰੂ ਜੀ ਦੀ ਬਾਬਤ ਓਹ ਓਹ ਸੰਸੇ ਭਰੇ ਵਾਕ ਕਹੇ ਕਿ ਜਿਨ੍ਹਾਂ ਨਾਲ ਮੇਰਾ ਸਿਦਕ ਟੁੱਟ ਜਾਵੇ, ਅਰ ਜਗਤ ਨੂੰ ਪਾਵਨ ਕਰਨ ਲਈ ਆਏ ਦੁਖ ਹਰਤਾ ਜੀ ਦੀ ਸ਼ਾਨ ਵਿਚ--ਮੇਰੀ ਜੀਭ ਸੜੇ--ਓਹ ਓਹ ਵਾਕ ਕਹੇ ਕਿ ਜਿਨ੍ਹਾਂ ਨਾਲ ਓਹ ਦਾਤਾ ਜੀ ਮੈਨੂੰ ਮਾੜੇ ਲੱਗਣ। ਮੈਂ ਕੀ ਦੱਸਾਂ ? ਜਦ ਮੈਂ ਸੁਣ ਰਹੀ ਸੀ, ਮੇਰੇ ਕੰਨ ਸੜ ਕਿਉਂ ਨਾ ਗਏ ? ਮਾਤਾ ! ਗੋਲੀਆਂ ਬਾਂਦੀਆਂ ਸਖੀਆਂ ਅਜ ਸਭ ਮੈਨੂੰ ਨਿੰਦਿਆ ਦਾ ਭਾਰ ਚੁੱਕਾਉਂਦੀਆਂ ਰਹੀਆਂ ਹਨ। ਮੇਰੇ ਪਾਸ ਕਟਾਰ ਸੀ, ਮੈਂ ਨਿੰਦਿਆ ਦੇ ਤੀਰਾਂ ਨਾਲ ਛਾਨਣੀ ਹੋ ਗਈ, ਕਾਇਰ ਕੋਲੋਂ ਇਹ ਨਾ ਹੋ ਆਈ ਜੋ ਪੇਟਿ ਕਟਾਰ ਖੋਭਦੀ ਤੇ ਕੰਨਾਂ ਨੂੰ ਪਵਿਤ੍ਰ ਲੈ ਕੇ ਟੁਰ ਜਾਂਦੀ। ਔਗੁਣਹਾਰੀ ਹਾਂ, ਨਿੱਕੀ ਜਿਹੀ ਸਰਦਾਰੜੀ ਤਾਂ ਮੇਰੇ ਪਾਸ ਹੈ, ਫੇਰ ਰਾਜ ਮਦ ਵੱਡਾ ਹੈ ਮੈਂ ਕਿਸੇ ਗੱਲ ਜੋਗੀ ਨਹੀਂ ! ਪਰ ਤੇਰੀ ਮੇਹਰ ਨੇ ਇਕ ਜੀਉਂਦਾ ਕਿਣਕਾ ਮੇਰੇ ਅੰਦਰ ਵਸਾਇਆ। ਉਹ ਹੀਰਾ ਕਣੀ ਵਾਂਙ ਚਮਕਦਾ ਕਿਣਕਾ ਅੱਜ ਵੈਰੀਆਂ ਨੇ ਹਨੇਰੇ ਘੱਤ ਦਿਤਾ। ਓਸ ਦੇ ਨਾ ਲੱਭਣ ਦੀ ਟੋਟ ਨੇ ਇਕ ਗੁਬਾਰ ਵਿਚ ਮੈਨੂੰ ਉਹ ਰੁਲਾਇਆ ਕਿ ਮੇਰੇ ਲਈ ਸੰਸਾਰ ਕਾਲਾਸ਼ਾਹ ਹੋ ਗਿਆ, ਚੁਫੇਰੇ ਸੁੰਞ ਛਾ ਗਈ, ਮੈਂ ਡਰਾਂ ਕਿ ਹਾਇ ਮੈਂ ਇਕੱਲੀ ਹਾਂ। ਮੇਰਾ ਆਪਣਾ ਆਪ ਹੀ ਰਾਖਸ਼ ਹੋ ਕੇ ਮੈਨੂੰ ਪਿਆ ਖਾਏ। ਮੈਂ ਡੋਲੀ, ਡੋਲੀ ਕੀਹ ਮੈਂ ਤਾਂ ਰੁੜ੍ਹ ਹੀ ਗਈ, ਡੁੱਬ ਹੀ ਗਈ ਮੈਂ ਬੜੇ ਹੰਭਲੇ ਮਾਰੇ, ਸੋਚਾਂ ਕਿ ਤ੍ਰਾਣ ਕਰਤਾ, ਪ੍ਰੇਮ ਅਵਤਾਰ ਸ੍ਰਿਸ਼ਟੀ ਦਾ ਭਾਰ ਲਾਹੁਣ ਵਾਲੇ ਪਿਆਰੇ ਸਤਿਗੁਰੂ ਮੇਰੇ ਨਿਜ ਗੁਰੂ ਹਾਂ ਗੁਰੂ ਦੇ ਚਰਨਾਂ ਵਿਚ ਲੱਗੇ ਰਹਿਣ ਨਾਲ ਵੱਧ ਤੋਂ ਵੱਧ ਦੁੱਖ ਇਹ ਹੋ ਸਕਦਾ ਹੈ ਕਿ ਰਾਜ ਖੁਸ ਜਾਏ, ਸੋ ਕੀਹ ਗੱਲ ਹੈ। ਜੇ ਸਿਦਕ ਹੈ, ਪ੍ਰੇਮ ਹੈ, ਟੇਕ ਹੈ, ਤਾਂ ਫੇਰ ਰਾਜ ਤੇ ਫ਼ਕੀਰੀ ਦਾ ਸੁਖ ਦੁਖ ਕੀ ਫ਼ਰਕ ਪਾਉਂਦਾ ਹੈ। ਮੈਂ ਸੋਚਾਂ, ਮੈਂ ਸਮਝਾਂ, ਪਰ ਕਲੇਜੇ ਦੀ ਸੁੰਞ ਤੇ ਸੱਖਣਾਪਣ ਨਾ ਹੀ ਘਟੇ; ਪਰ ਅੰਮੀਏ ਤੇਰੀ ਮਿੱਠੀ ਬਾਣੀ ਤੇ ਤੇਰੇ ਪਿਆਰ ਭਰੇ ਕਲਾਵੇ ਨੇ ਮੈਨੂੰ ਧੂਹਕੇ ਨਰਕ ਤੋਂ ਕੱਢ ਲਿਆ। ਅੰਮਾ ਜੀ ! ਮੈਂ ਕਿਓਂ ਨਿੰਦਿਆ ਸੁਣੀ? ਜੇ ਸੁਣੀ ਤਾਂ ਮੈਂ ਅਡੋਲ ਪਰਬਤ ਕਿਉਂ ਨਾ ਰਹੀ? ਕਿਉਂ ਨਾ ਮੈਂ ਕਿਹਾ ਕਿ ਇਹ ਸਾਰੇ ਝਖ ਮਾਰਦੇ ਹਨ?

ਮਾਈ--ਬੇਟੀ ! ਸਿਦਕ ਬੜੀ ਅਮੋਲਕ ਦਾਤ

1. ਜੋ ਕੁਛ ਪਲਾਂ ਲਈ ਮਰਕੇ ਫੇਰ ਜੀਵੇ ਉਸ ਨੂੰ ਪਰਵਾਰੋਂ ਆਯਾ ਯਾ ਪਰਵਾਰੋਂ ਮੁੜਿਆ ਕਹਿੰਦੇ ਹਨ।

2. ਸੰਧਕ = ਸੰਨ੍ਹ ਲਾਉਣ ਵਾਲਾ, ਚੋਰ।

ਹੈ। ਇਸ ਦਾ ਆਉਣਾ ਕਠਨ, ਇਸ ਦਾ ਪੱਕਣਾ ਕਠਨ, ਇਸ ਦਾ ਕਾਇਮ ਰਹਿਣਾ ਕਠਨ। ਵਾਕ ਹੈ:—"ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ"। ਇਸ ਸੰਸਾਰ ਦਾ ਰੂਪ ਕੀ ਹੈ ? 'ਸੰਸਾ' ਤੇ ਸੰਸਾਰ ਤੋਂ ਕੌਣ ਬਚੇ ? ਜਿਨ੍ਹਾਂ ਦਾ 'ਕਹੁ ਨਾਨਕ ਸੰਸਾ ਭ੍ਰਮ ਚੂਕਾ ਪਾਇਆ ਪਦ ਨਿਰਬਾਣ' ਅਰਥਾਤ ਸੰਸਾ ਸੰਸਾਰ ਹੈ, ਅਰ ਸੰਸਾ ਤੇ ਭਰਮ ਦਾ ਮਿਟ ਜਾਣਾ ਪੂਰਨ ਪਦ ਹੈ। ਸੋ ਬੀਬੀ ਜਦ ਮਨ ਵਿਚੋਂ ਸੰਸੇ ਭ੍ਰਮ ਦਾ ਸੁਭਾਉ ਸਾਰਾ ਮਿਟ ਜਾਵੇ ਤਾਂ ਸਿਦਕ ਦੀ ਅਵਸਥਾ ਆਉਂਦੀ ਹੈ। ਜਦ ਸਿਦਕ ਪੂਰਾ ਆ ਗਿਆ ਤਦ ਤਤ ਗਿਆਨ ਆ ਗਿਆ, ਸਤਿਗੁਰ ਦਾ ਵਾਕ ਹੈ:- "ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ।।ਤਤੁ ਗਿਆਨੁ ਤਿਸੁ ਮਨ ਪ੍ਰਗਟਾਇਆ।।" ਸਾਡੀ ਅਕਲ ਸੰਸਿਆਂ ਵਿਚ ਰਹਿੰਦੀ ਹੈ, ਜਦੋਂ ਸੰਸੇ ਮਿਟ ਗਏ, ਤਦੋਂ ਸਿਦਕ ਆਉਂਦਾ ਹੈ, ਜਦੋਂ ਸਿਦਕ ਆ ਜਾਂਦਾ ਹੈ ਤਦੋਂ ਤੱਤ ਗਿਆਨ ਪ੍ਰਗਟਦਾ ਹੈ। ਬੁੱਧੀ ਦੇ ਗਿਆਨ ਅਰ ਤੱਤ ਗਿਆਨ ਦੇ ਵਿਚਕਾਰ ਸਿਦਕ ਦਾ ਡੇਰਾ ਹੈ। ਸਗੋਂ ਸਿਦਕ ਦਾ ਆਉਣਾ ਹੀ ਤੱਤ ਗਿਆਨ ਦਾ ਆਉਣਾ ਹੈ। ਸੋਚ ਲਵੋ ਕਿ ਸਿਦਕ ਕਿਤਨੀ ਉੱਚੀ ਵਸਤੂ ਹੈ।

ਰਾਣੀ—ਮਾਤਾ ਤੋਂ ਵਧੀਕ ਮਮਤਾ ਨਾਲ ਤਾਰਨ ਵਾਲੀ ਅੰਮੀ ਜੀ ! ਇਹ ਸੰਸਾ ਕਿਸ ਤਰ੍ਹਾਂ ਮਿਟੇ? ਮੈਂ ਅਜ ਸੰਸਾ ਮੇਟਣ ਵਾਸਤੇ ਕਿਤਨਾ ਦਾਨ ਕੀਤਾ ਮੈਂ ਇਸ ਰੰਜ ਵਿਚ ਰੋਟੀ ਨਹੀਂ ਖਾਧੀ, ਮੈਂ ਪਛੁਤਾਵੇ ਵਿਚ ਰੋ ਰੋ ਕੇ ਫਾਹਵੀ ਹੋ ਗਈ, ਮੈਂ ਸੋਚਾਂ ਵਿਚਾਰਾਂ ਨਾਲ ਇਸ ਨੂੰ ਅੰਦਰੋਂ ਧੱਕ ਧੱਕ ਕੇ ਕੱਢਿਆ, ਪਰ ਇਸ ਪਾਪੀ ਨਾਲ ਇਕ ਪੇਸ਼ ਨਹੀਂ ਗਈ। ਮੇਰੀ ਤਾਂ ਸਮਝ ਇਹ ਹੈ ਕਿ ਤੁਹਾਡੇ ਪਾਸ ਕੋਈ ਜਾਦੂ ਹੈ ਜੋ ਸੰਸਾ ਮੇਟਦਾ ਹੈ।

ਮਾਈ (ਹੱਸਕੇ)—ਬੀਬੀ ! ਸਾਡੇ ਸਤਿਗੁਰ ਜੀ ਨੇ ਇਸ ਰੋਗ ਦਾ ਅਰ ਇਸ ਦੇ ਦਾਰੂ ਦਾ ਸਾਰਾ ਹਾਲ ਡਾਢੇ ਪਿਆਰ ਨਾਲ ਦੱਸਿਆ ਹੈ:-

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨਾ ਜਾਇ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥ ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥ ਮਨ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥ ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹ ਸਹਸਾ ਇਵ ਜਾਇ॥੧੮॥

(ਅਨੰਦ ਰਾਮਕਲੀ ਮ: ੩)

ਰਾਣੀ—ਬੀਬੀ ਮਾਤਾ ਜੀ ! ਮੈਂ ਪਾਪਣ ਸਬਦ ਨੂੰ ਕਿੱਕੂੰ ਲੱਗਾਂ, ਸੱਚ ਵਿਚ ਕਿੱਕੂੰ ਸਮਾਵਾਂ ਤੇ ਗੁਰੂ ਪ੍ਰਸਾਦਿ ਕਿੱਕੂੰ ਪ੍ਰਾਪਤ ਕਰਾਂ ?

ਮਾਈ— ਪਿਆਰੀ ਬੱਚੀ ! ਬਾਣੀ ਨਾਲ ਪ੍ਰੇਮ ਜੋ ਤੇਰਾ ਦਿਨ ਦਿਨ ਵਧ ਰਿਹਾ ਹੈ ਇਹ ਤੈਨੂੰ ਸ਼ਬਦ ਵਿਚ ਲਿਜਾ ਰਿਹਾ ਹੈ। ਸਾਰੀ ਬਾਣੀ ਵਿਚ ਸ਼ਬਦ ਦੀ ਮਹਿਮਾ, ਸ਼ਬਦ ਦਾ ਲਾਭ, ਸ਼ਬਦ ਵਿਚ ਪ੍ਰੇਰਨਾ, ਤੇ ਸ਼ਬਦ ਵਿਚ ਸਮਾਉਣ ਦੇ ਹੀ ਕਰਹਲੇ ਭਰੇ ਪਏ ਹਨ, ਬਾਣੀ ਦਾ ਇਹ ਬਿਰਦ ਹੈ ਕਿ ਆਪਣੇ ਪ੍ਰੇਮੀ ਨੂੰ ਸ਼ਬਦ ਵਿਚ ਲਗਾ ਦੇਂਦੀ ਹੈ:—

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥ ਜਿਨਿ ਪੀਤੀ ਤਿਸੁ ਮੋਖ ਦੁਆਰ॥੫॥ ਨਾਮ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ॥ ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ॥

(ਮਲਾਰ ਅਸਟ: ਮਹਲਾ ੧-੧)

ਪੁਨਾ: ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨ ਭੀਨਾ ਨਿਜ ਘਰਿ ਆਵੈਗੋ॥ (ਕਾ: ਅਸ੍ਟ: ਮ: ੪)

ਸੋ ਬੀਬੀ ! ਬਾਣੀ, ਭੈ, ਪ੍ਰੇਮ, ਮਨ ਦਾ ਦ੍ਰਵਣਾ, ਇਹ ਅਮਰ ਪੈਦਾ ਕਰਦੀ ਹੈ ਤੇ ਸ਼ਬਦ ਅਰਥਾਤ ਨਾਮ ਨੂੰ ਰਿਦੇ ਵਿਚ ਲਿਆ ਵਸਾਉਂਦੀ ਹੈ। ਬਾਣੀ ਦਾ ਅਭਿਆਸ ਸ਼ਬਦ ਪ੍ਰਾਪਤੀ ਦਾ ਸੱਚਾ ਟਮਤਾ ਹੈ। ਸ਼ਬਦ ਦੇ ਦਿਲ ਵੱਸਿਆਂ ਸੱਚ ਦਾ ਨਿਵਾਸ ਹੁੰਦਾ ਜਾਂਦਾ ਹੈ। ਸਤਿਗੁਰ ਦੀ ਕ੍ਰਿਪਾ ਹੈ ਕਿ ਤੈਨੂੰ ਇਸ ਪਾਸੇ ਚਾਹ ਹੋਈ ਹੈ, ਸਤਿਸੰਗ ਪ੍ਰਾਪਤ ਹੋ ਗਿਆ ਤੇ ਸਤਿਗੁਰ ਤੇਰੇ ਘਰ ਫੇਰਾ ਪਾਉਣ ਵਾਲੇ ਹਨ।

ਰਾਣੀ—ਅੰਮੀਂ ਜੀ ! ਇਹ ਸਭ ਆਪ ਦੀ ਕ੍ਰਿਪਾਲਤਾ ਦਾ ਫਲ ਹੈ, ਨਹੀਂ ਤਾਂ ਮੈਂ ਨਿਰਗੁਣ ਕਿਸ ਜੋਗੀ ਸਾਂ, ਪਰ ਅੰਮੀਂ ਜੀ ! ਬਾਣੀ ਠੀਕ ਮਿੱਠੀ ਲਗਦੀ ਹੈ ਤੇ ਮਨ ਨੂੰ ਠੰਢ ਪਾਉਂਦੀ ਹੈ, ਮੈਂ ਭੁੱਲ ਕੀਤੀ ਅਜ ਮੈਨੂੰ ਇਹ ਚੇਤਾ ਹੀ ਨਹੀਂ ਆਇਆ ਕਿ ਮੈਂ ਬਾਣੀ ਦਾ ਪਾਠ ਕਰਾਂ; ਜੇ ਮੈਂ ਬਾਣੀ ਦਾ ਪਾਠ ਕਰਦੀ ਤਾਂ ਮੈਨੂੰ ਛੇਤੀ ਹੀ ਠੰਢ ਪੈ ਜਾਂਦੀ।

ਮਾਈ—ਬੀਬੀ ! ਕਰਮਾਂ ਦੇ ਵੇਗ ਅਕਸਰ ਇਸ ਤਰ੍ਹਾਂ ਟਪਲੇ ਲਾ ਦੇਂਦੇ ਹਨ। ਵੀਚਾਰ ਕੇ ਦੇਖੋ ਕਿ ਅੰਤ ਬਾਣੀ ਦੀ ਧੁਨਿ ਨੇ ਹੀ ਤੁਹਾਨੂੰ ਕੱਢਿਆ।

ਰਾਣੀ—ਸੱਚ ਹੈ ਗੁਰਬਾਣੀ ਦੀ ਧੁਨਿ ਨੇ ਤੇ ਸਤਿ-ਸੰਗਤ ਦੇ ਪਿਆਰ ਨੇ ਰਖ ਲਿਆ ! ਤੁਸੀਂ ਨਿਸ਼ਕਾਮ ਉਪਕਾਰੀ ਹੋ ਅਰ ਪੂਜਜ ਹੋ !

ਮਾਈ—ਫੇਰ ਉਹੋ ਗੱਲ ! ਜਿਹੜੀ ਮੈਂ ਕੇਵਲ ਆਪਣੇ ਪ੍ਰੀਤਮ ਜੀ ਦੀ ਸ਼ਾਨ ਵਿਚ ਸੁਣ ਸਕਦੀ ਹਾਂ।

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਸੰਗ ਸੰਗ ਕੀਰੇ ਹਮ ਥਾਪੇ।।" ਸਾਡਾ ਤਾਂ ਇਸ ਤੋਂ ਬੀ ਨੀਵਾਂ ਹਾਲ ਹੈ।

ਰਾਣੀ—ਮੈਂ ਭੁੱਲ ਗਈ, ਮਾਤਾ ਜੀ। ਮੈਥੋਂ ਬੇਵਸੇ ਸ਼ੁਕਰ ਕਹਾ ਦੇਂਦਾ ਹੈ ਮੈਂ ਜਾਣਕੇ ਨਹੀਂ ਆਖਦੀ।... ਕ੍ਰਿਪਾ ਕਰਕੇ ਇਕ ਸੰਸਾ ਦੂਰ ਕਰੋ। ਜਦ ਤੋਂ ਆਪ ਦੇ ਦਰਸ਼ਨ ਹੋਏ, ਮੈਂ ਆਪ ਤੋਂ ਸੁਖ ਪਾਇਆ ਹੈ, ਅਰ ਤੁਸੀਂ ਆਪਣੇ ਆਪ ਨੂੰ 'ਪੂਜਜ' ਬਨਾਉਣਾ ਯਾ ਕਹਾਉਣਾ ਪਸੰਦ ਨਹੀਂ ਕਰਦੇ, ਸਾਡਾ ਪਾਪੀਆਂ ਦਾ ਉਧਾਰ ਕਿਵੇਂ ਹੋਵੇ ?

ਮਾਈ—'ਉਧਾਰ ਕਰਨਾ' ਉਸ ਦਾ ਬਿਰਦ ਹੈ, ਜਿਸ ਦਾ ਕਰਮ 'ਰਚਨਹਾਰ' ਹੈ ਤੇ 'ਰਚਨਹਾਰ' ਹੋਣ ਦੇ ਕਰਮ ਕਰਕੇ ਜਿਸ ਦਾ ਧਰਮ ਪਾਲਣਹਾਰ ਹੈ।

ਵਾਹਿਗੁਰੂ ਦਾ ਕਰਮ — ਰਚਣਹਾਰ
ਵਾਹਿਗੁਰੂ ਦਾ ਧਰਮ — ਪਾਲਣਹਾਰ।
ਵਾਹਿਗੁਰੂ ਦਾ ਬਿਰਦ — ਤਾਰਣਹਾਰ।

ਰਾਣੀ—ਵਾਹਿਗੁਰੂ ਰੂਪ, ਰੇਖ, ਰੰਗ, ਭੇਖ ਤੋਂ ਨਿਆਰਾ ਹੈ ਉਸ ਤੋਂ ਉਧਾਰ ਕਿਵੇਂ ਪ੍ਰਾਪਤ ਹੁੰਦਾ ਹੈ ?

ਮਾਈ—ਜਿਕੂੰ ਸ੍ਰਿਸ਼ਟੀ ਰਚਨਾਂ ਵਾਸਤੇ, ਕਰਤਾਰ ਨੂੰ ਕਿਸੇ ਦੀ ਮੁਛੰਦਗੀ ਨਹੀਂ, ਉਸੇ ਤਰ੍ਹਾਂ ਪਾਲਣ ਵਿਚ ਉਸ ਨੂੰ ਕਿਸੇ ਦੇ ਉਪਦੇਸ਼ ਯਾ ਸਹਾਇਤਾ ਦੀ ਲੋੜ ਨਹੀਂ, ਇਸੇ ਤਰ੍ਹਾਂ ਤਾਰਨ ਵਾਸਤੇ ਉਹ ਸਾਡੀ ਕਿਸੇ ਸਲਾਹ ਦਾ ਮੁਥਾਜ ਨਹੀਂ। ਆਪ ਹੀ ਰਚਦਾ, ਆਪੇ ਹੀ ਪਾਲਦਾ ਤੇ ਆਪੇ ਹੀ ਤਾਰਦਾ ਹੈ!

ਰਾਣੀ—ਪਰ ਜਦ ਸਾਨੂੰ ਉਸ ਦੇ ਪਿਆਰ, ਦਾਨ ਤੇ ਰੱਖਿਆ ਦੇ ਗੁਣ ਮਲੂਮ ਹੁੰਦੇ ਹਨ ਤਾਂ ਪਿਆਰ ਤੇ ਖਿੱਚ ਉਪਜਦੀ ਹੈ ਕਿ ਉਸ ਪਿਆਰੇ ਨੂੰ ਪਾਈਏ ਕਿੱਕੂੰ। ਉਹ ਅਰੂਪ ਪਰ ਅਸੀਂ ਅਰੂਪ ਨੂੰ ਦੇਖਣੋਂ ਅਸਮ੍ਰਥ।

ਮਾਈ—ਇਹ ਖਿੱਚ ਦਾ ਪੈਦਾ ਹੋਣਾ ਉਸੇ ਦੀ ਮਿਹਰ ਹੈ, ਜਿਸਦੇ ਅੰਦਰ ਪਰਮੇਸ਼ਰ ਆਪਣੇ ਮਿਲਨ ਦੀ ਖਿੱਚ[1] ਪਾ ਦੇਵੇ, ਜਾਣੋਂ ਕਿ ਵਾਹਿਗੁਰੂ ਅਪਣੇ ਤਾਰਨਹਾਰ ਬਿਰਦ ਨੂੰ ਓਥੇ ਸੰਭਾਲ ਰਿਹਾ ਹੈ।

ਜਿਸ ਜਨ ਕਉ ਪ੍ਰਭ ਦਰਸ ਪਿਆਸਾ।।
ਨਾਨਕ ਤਾਕੈ ਬਲਿ ਬਲਿ ਜਾਸਾ।। ੫।। (ਗਉ:ਮ:੫)

ਰਾਣੀ—ਸੱਚ ਹੈ, ਪਰ ਅੰਮੀ ਜੀ ! ਦਰਸ਼ਨ ਦੀ ਪਿਆਸ ਟਿਕਣ ਨਹੀਂ ਦੇਂਦੀ। ਜਦ ਲਗਦੀ ਹੈ ਤਾਂ ਮੇਲ ਵੱਲ ਖਿੱਚਦੀ ਹੈ, ਇਕ ਦਿਨ ਆਪ ਨੇ ਹੀ ਪੜ੍ਹਿਆ ਸੀ[2]

ਪ੍ਰਭ ਮਿਲਨੇ ਕੀ ਲਾਲਸਾ ਤਾਤੇ ਆਲਸੁ ਕਹਾ ਕਰਉਰੀ।। (ਆਸਾ ਮ: ੫)

ਤਾਂ ਤੇ ਮੈਨੂੰ ਸੰਸੇ ਉਠਦੇ ਹਨ :-

(੧) ਇਕ ਤਾਂ ਇਹ ਕਿ ਪਹਿਲਾਂ ਵਾਹਿਗੁਰੂ ਜੀ, '੧ਓ ਸਤਿਨਾਮ' ਜੀ ਦੇ ਸਰੂਪ ਵਾਲੇ ਹਨ, ਸਭ ਤੋਂ ਉੱਚੇ ਹਨ, ਭੈ ਵੈਰ ਰਹਿਤ ਹਨ, ਜਾਗਦੀ ਜੋਤਿ ਹਨ ਤੇ ਅਤਿ ਪਿਆਰ ਕਰਨ ਵਾਲੇ ਹਨ, ਪਿਆਰ ਦੇ ਕਾਰਣ ਹੀ ਸਾਜਣਹਾਰ ਹੋਣ ਕਰਕੇ ਪਾਲਣਹਾਰ ਹਨ ਤੇ ਉੱਚੇ ਪ੍ਰੇਮ ਦੇ ਕਾਰਨ ਤਾਰਣਹਾਰ ਹਨ। ਇਸ ਤਰ੍ਹਾਂ ਦੇ ਜਸ ਤੇ ਕੀਰਤਨ ਉਸਦੀ ਮਹਿਮਾਂ ਤੇ ਸਾਡੇ ਨਾਲ ਪਿਆਰ ਦੇ ਵਰਤਾਰੇ ਸਾਨੂੰ ਕੌਣ ਦੱਸੇ ? ਅਸੀਂ ਕਿਕੂੰ ਏਹ ਗੱਲਾਂ ਜਾਣੀਏਂ ? ਮੇਰੀ ਬੇਨਤੀ ਹੈ ਕਿ ਤੁਸੀਂ ਏਹ ਗੱਲਾਂ ਨਾ ਸਿਖਾਲਦੇ ਤਾਂ ਮੇਰੇ ਅੰਦਰ ਲਾਲਸਾ ਕਿਵੇਂ ਪੈਦਾ ਹੁੰਦੀ। ?

(੨) ਤੇ ਜਦ ਲਾਲਸਾ ਹੋ ਆਵੇ ਤਦ ਉੱਦਮ ਜਾਗਦਾ ਹੈ ਕਿ ਕਿਵੇਂ ਉੱਡਕੇ ਮਿਲ ਪਈਏ, ਮਿਲੀਏ ਕਿਕੂੰ ? ਤੁਸੀਂ ਆਖਦੇ ਹੋ ਸਭ ਮਿਹਰ ਹੈ।

ਮਾਈ—ਤਾਰਨਹਾਰ ਬਿਰਦ ਵਾਲੇ ਵਾਹਿਗੁਰੂ ਨੇ ਅਪਣੀ ਰਜ਼ਾ ਨੂੰ ਸਾਡੀ ਆਤਮਾਂ ਦੇ ਵਿਚ ਪਾ ਦਿੱਤਾ ਹੈ, ਜਿਸ ਤੋਂ ਸਾਰਾ ਕੁਛ ਆਪੇ ਹੋ ਜਾਂਦਾ ਹੈ; ਪਰ ਅਸੀਂ ਰਜ਼ਾ ਨੂੰ ਸਮਝਦੇ ਨਹੀਂ, ਕਿਉਂਕਿ ਰਜ਼ਾਈ[3] ਵਲੋਂ ਰੁਖ ਮੋੜ ਕੇ ਅਸੀਂ ਸੰਸਾਰ ਵਿਚ ਮੋਹ ਪਿਆਰ ਪਾ ਕੇ ਰਚ ਬੈਠੇ ਹਾਂ। ਇਸ ਕਰਕੇ ਤਾਰਨਹਾਰ ਵਾਹਿਗੁਰੂ ਆਪਣੇ ਦਰੋਂ ਘਰੋਂ ਆਪਣਾ ਪਿਆਰਾ ਮਨੁੱਖੀ ਰੂਪ

1. ਜਿਨਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ।। (ਸ:ਵਾ:ਤੇ:ਵ:ਮ:੪-੧੩)
ਪੁਨਾ : ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰ।। (ਸਲੋਕ ਵਾ: ਤੇ ਵ: ਮਹਲਾ ੪)
2. ਜਿਨਾਂ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ।। (ਸਲੋਕ ਵਾ: ਤੇ ਵ: ਮ: ੪)
3. ਰਜ਼ਾ ਵਾਲਾ—ਵਾਹਿਗੁਰੂ।

ਵਾਲਾ, ਪਰ ਗੁਣ ਤੇ ਸੁਭਾਵ ਵਿਚ ਮਨੁੱਖਾਂ ਨਾਲੋਂ ਨਿਰਾਲਾ, ਸਗੋਂ ਪਰਮੇਸ਼ੁਰ ਦੇ ਆਪਣੇ ਰੂਪ ਵਰਗਾ[1] ਸੰਸਾਰ ਵਿਚ ਭੇਜਦਾ ਹੈ ਜਿਸ ਨੂੰ ਗੁਰ ਨਾਨਕ ਦੇਵ ਜੀ[2] ਆਖੀਦਾ ਹੈ[3] ਗੁਰੂ ਨਾਨਕ ਦੇਵ ਜੀ ਨੇ ਆਕੇ ਸਾਨੂੰ ਵਾਹਿਗੁਰੂ ਦੇ ਗੁਣ, ਸੁਭਾਵ, ਪ੍ਰੇਮ, ਦਇਆ ਦੇ ਹਾਲ ਸੁਣਾਏ, ਜਿਨ੍ਹਾਂ ਤੋਂ ਸਾਡੇ ਵਿਚ ਲਾਲਸਾ ਪੈਦਾ ਹੋ ਆਈ ਕਿ ਸਾਰੇ ਔਗੁਣ ਮਿਟਾਈਏ, ਦਿੱਸਦੇ ਸੰਸਾਰ ਨੂੰ ਬਿਨਸਨਹਾਰ ਜਾਣਕੇ ਉਸ ਪਿਆਰੇ ਨੂੰ ਪਿਆਰ ਕਰੀਏ ਤੇ ਪਿਆਰ ਨਾਲ ਪਾਈਏ। ਇਸ ਲਾਲਸਾ ਵਾਸਤੇ ਸਤਿਗੁਰ ਨੇ ਬਾਣੀ ਰਚੀ ਤੇ ਕੀਰਤਨ ਤੇ ਪਾਠ ਦੀ ਉੱਜਲ ਮੱਤ ਦਿੱਤੀ। ਫੇਰ ਪਿਆਰੇ ਸਤਿਗੁਰ ਨੇ ਸਾਨੂੰ ਸ਼ਬਦ (ਨਾਮ) ਦਾਨ ਕੀਤਾ :—

ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ
ਸੁਣਾਇਆ॥ (ਰਾਮ : ਅਨੰਦ)

ਸੋ ਬੀਬੀ। ਇਹ ਤਰੀਕਾ ਹੈ, ਇਸ ਤਰ੍ਹਾਂ ਅਕਾਲ ਪੁਰਖ ਆਪਣੇ ਤਾਰਨਹਾਰ ਬਿਰਦ ਨੂੰ ਸਾਡੇ ਉਧਾਰ ਲਈ ਪ੍ਰਕਾਸ਼ਦਾ ਹੈ।

ਰਾਣੀ—ਪਰ ਮਾਈ ਜੀ ! ਖਿਮਾਂ ਕਰਨੀ, ਮੇਰੇ ਮਨ ਵਿਚ ਵਹਿਮ ਨਹੀਂ, ਕੇਵਲ ਮਿਲਣ ਦੀ ਲਾਲਸਾ ਹੈ ਜੋ ਹੁਣ ਕਾਹਲੀ ਹੋ ਰਹੀ ਹੈ; ਮੇਰੇ ਮੂੰਹੋਂ ਅਸਤ ਵਿਅਸਤ ਕਢਾ ਰਹੀ ਹੈ, ਤੁਸਾਂ ਨੇ ਮਿਹਰ ਕਰਕੇ ਬਖਸ਼ ਲੈਣਾ। ਤੁਹਾਡੀ ਕ੍ਰਿਪਾ ਨਾਲ ਮੈਂ ਬਾਣੀ ਪੜ੍ਹੀ, ਪਾਠ ਕੀਤਾ, ਕੀਰਤਨ ਸੁਣਿਆਂ ਤਾਂ ਮੇਰੇ ਅੰਦਰ ਭੈ ਬੀ ਪੈਂਦਾ ਹੈ, ਵਾਹਿਗੁਰੂ ਦੇ ਮਿਲਣ ਲਈ ਜੀ ਬੀ ਉਮਗਦਾ ਹੈ। ਤੇ ਸ਼ਬਦ ਦੀ ਟੋਲ ਵਿਚ ਬੀ ਜੀ ਲਗਦਾ ਹੈ। ਤੁਸੀਂ ਆਖਦੇ ਹੋ ਕਿ ਸ਼ਬਦ ਦਾ ਸੋਹਲਾ, ਮੰਗਲ ਤੇ ਖੁਸ਼ੀ ਭਰਿਆ ਸੁਨੇਹਾ ਸਤਿਗੁਰੂ ਨੇ ਸੁਣਾਇਆ ਹੈ ਤੇ ਮੇਰੇ ਮਨ ਵਿਚ ਸਤਿਗੁਰੂ ਦੇ ਮਿਲਣ ਦਾ ਉਹ ਜ਼ੋਰ ਵੱਜਦਾ ਹੈ ਕਿ ਮੈਂ ਕਈ ਵੇਰ ਨਿਢਾਲ ਹੋ ਹੋ ਜਾਂਦੀ ਹਾਂ। ਉਹ ਪਿਆਰਾ, ਜਿਸ ਨੂੰ ਪਰਮੇਸ਼ੁਰ ਜੀ ਸਾਡਾ ਗੁਰੂ ਥਾਪਕੇ ਆਪਣਾ ਸੱਚਾ ਸੋਹਿਲਾ ਸਾਨੂੰ ਭੇਜਕੇ ਵਿਛੜਿਆਂ ਨੂੰ ਫੇਰ ਆਪਣੇ ਘਰ ਸੱਦਦੇ ਹਨ, ਸਭ ਤੋਂ ਚੰਗਾ ਤੇ ਦਿੱਸਣਹਾਰ ਸੰਸਾਰ ਵਿਚ ਸਭ ਤੋਂ ਉੱਚਾ ਹੈ, ਉਸ ਦੇ ਦਰਸ਼ਨ; ਉਸ ਦੇ ਪਗ ਦੀ ਧੂਰ ਵਿਚ ਮੱਜਨ ਦਾ ਚਾਉ ਕਾਂਗਾਂ ਬੰਨ੍ਹਕੇ ਉਮੰਡ ਉਮੰਡ ਆਂਵਦਾ ਹੈ। ਪਰ ਮਾਤਾ ! ਜੇ ਤੂੰ ਨਾ ਕਿਰਪਾ ਕਰੇਂ ਤਾਂ ਉਸ ਸਤਿਗੁਰ ਦੀ ਮਿਹਰ ਕਿਥੋਂ ਲੱਭੇ ?

ਮਾਈ–ਸਤਿਗੁਰ ਦਾ ਬਿਰਦ ਤਾਰਨਹਾਰ ਹੈ, ਅਤੇ ਉਸ ਦਾ ਅਸਲੀ ਰੂਪ ਉਧਾਰ ਤੇ ਕਲਿਆਣ ਰੂਪ ਸ਼ਕਤੀ ਹੀ ਹੈ, ਇਸ ਲਈ ਉਸ ਨੂੰ ਸਰੀਰ ਵਿਚ ਵਸਦਿਆਂ ਜਾਂ ਸਰੀਰ ਵਿਚ ਨਾ ਵਸਦਿਆਂ ਦੋਹਾਂ ਹਾਲਾਂ ਵਿਚ ਇਕ ਦੇਸੀ, ਯਾ ਦੇਸ਼ਕਾਲ ਦੀ ਕੈਦ ਵਿਚ ਨਹੀਂ ਮੰਨਣਾ ਚਾਹੀਦਾ, ਸਤਿਗੁਰ ਤਾਂ ਜਾਗਦਾ ਦੇਵ ਹੈ, ਅਰ ਉਸ ਨੂੰ ਮਿਲਣ ਦਾ ਯਾ ਉਸ ਦੇ ਤਾਰਨਹਾਰ ਸਰੂਪ ਅਰ ਕਲਿਆਨ ਰੂਪ ਸ਼ਕਤੀ ਤੋਂ ਹਰ ਹਾਲ ਵਿਚ ਲਾਭ ਲੈਣ ਦਾ ਇਹ ਤ੍ਰੀਕਾ ਹੈ :-

ਗੁਰੁ ਮੇਰੇ ਸੰਗਿ ਸਦਾ ਹੈ ਨਾਲੇ।। ਸਿਮਰਿ
ਸਿਮਰਿ ਤਿਸੁ ਸਦਾ ਸਮਾਲੇ॥ (ਆਸਾ ਮ: ੫)

ਰਾਣੀ—ਜ਼ਰਾ ਵਧੀਕ ਕਿਰਪਾ ਕਰਕੇ ਸਮਝਾਓ।

ਮਾਈ—ਸਤਿਗੁਰੂ ਨੂੰ ਆਪਣੇ ਤੋਂ ਦੂਰ ਯਾ ਕਿਤੇ ਗਿਆ ਹੋਇਆ ਨਹੀਂ ਜਾਨਣਾ, ਉਸ ਨੂੰ ਅੰਗ ਸੰਗ ਸਮਝਣਾ ਤੇ ਉਸਨੂੰ ਚੇਤੇ ਰੱਖਣਾ ਤੇ ਸੰਭਾਲਣਾ। ਮੋਟੇ ਅੱਖਰਾਂ ਵਿਚ—ਸਤਿਗੁਰਾਂ ਨੂੰ ਇਹ ਨਾ ਸਮਝਣਾ ਕਿ ਉਹ ਨਹੀਂ ਹੈ ਯਾ ਦੂਰ ਹੈ, ਐਸਾ ਭਾਵ ਅੰਦਰੋਂ ਕੱਢਕੇ- ਇਹ ਸਮਝਣਾ ਕਿ ਸਤਿਗੁਰੂ 'ਹੈ', ਉਸ ਪਿਆਰੇ ਨੂੰ 'ਹੈ' ਕਰਕੇ ਅੰਦਰ ਜਾਣਨਾ।

ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ
ਡਰਦਾ ਜੀਉ॥ (ਮਾਝ: ਮ–੫)

ਜਿਸ ਨੇ ਸਤਿਗੁਰੂ ਨੂੰ 'ਸੱਤ' ਅਰਥਾਤ 'ਹੈ' ਕਰਕੇ ਪਛਾਣ ਲਿਆ ਹੈ, ਉਸ ਨੂੰ ਸਤਿਗੁਰ ਦੀ ਟੇਕ ਮਿਲ ਗਈ, ਇਹ ਟੇਕ ਨਿਰਭੈਤਾ ਦਾਨ ਕਰਦੀ ਹੈ। ਤੁਸਾਂ ਅਜੇ ਤੱਕ ਸਤਿਗੁਰ ਦੇ ਚਰਨ ਨਹੀਂ ਪਰਸੇ, ਦਰਸ਼ਨ ਨਹੀਂ ਕੀਤੇ, ਪਰ ਕੀਹ ਤੁਸੀਂ ਆਪਨੂੰ ਸਤਿਗੁਰ ਦਾ ਅਰ ਸਤਿਗੁਰ ਨੂੰ ਅਪਣਾ ਨਹੀਂ ਜਾਣ ਰਹੇ ?

ਰਾਣੀ—ਜੇ ਇਹ ਭਾਵ ਮੇਰੇ ਅੰਦਰੋਂ ਹੁਣ ਨਿਕਲ ਜਾਵੇ ਤਾਂ ਮੈਂ ਰੁਲਕੇ ਨਾਂ ਮਰ ਜਾਵਾਂ ? ਸਤਿਗੁਰ ਮੇਰਾ, ਸਤਿਗੁਰ ਮੇਰਾ ਮੈਂ ਸਤਿਗੁਰ ਦੀ, ਮੈਂ ਸਤਿਗੁਰ ਦੇ ਚਰਨਾਂ ਦੀ ਧੂੜ :-

ਹੇ ਮਾਈ ਜੀ ! ਪ੍ਰਾਰਥਨਾ ਕਰੋ :—ਮੈਂ ਬੰਦੀ ਸਤਿਗੁਰ

---

1. ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰ: ਮ: ੫)
2. ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ॥ (ਸ: ਵਾ: ਤੇ ਵ: ਮ: ੪)
3. ਗੁਰ ਨਾਨਕ ਜਪਿ ਜਪਿ ਸਦ ਜੀਵਾ॥ (ਭੈ: ਮ: ੫)

ਦੀ, ਤੇਰੀ ਹੇ ਸਤਿਗੁਰ ਤੇਰੀ, ਹੇ ਤਾਰਨਹਾਰ ਤੇਰੀ ਹਾਂ, ਹੇ ਪਿਆਰੇ ਸਤਿਗੁਰ! ਆਪਣਾ ਲੈ, ਮੈਨੂੰ ਚਰਣਾਂ ਦੀ ਧੂੜ ਬਣਾ ਲੈ, ਕਹਿ ਦੇਹ ਇਹ ਦਾਸੀ ਮੇਰੇ ਦਰ ਦੀ ਬਰਦੀ ਹੈ, ਹੇ ਸਤਿਗੁਰ ਦੇਹ ਖ਼ਿਦਮਤ ਅਪਣੇ ਘਰ ਦੀ। ਆਪਣੀ ਕਰ ਲੈ, ਕਰ ਲੈ। ਹੇ ਕਲਗੀਆਂ ਵਾਲੇ, ਹੇ ਤਾਰਨਹਾਰ ਬਿਰਦ ਦੀ ਕਲਗੀ ਵਾਲੇ ਪ੍ਰੀਤਮ! ਆਪਣਾ ਲੈ, ਚਰਨਾਂ ਦੀ ਧੂੜ ਬਣਾ ਲੈ!

ਕਹੋ ਲਾਲ ਜੀ ! ਹੇ ਸਤਿਗੁਰ ਅਸੀਂ ਤੇਰੇ ਹਾਂ। ਮਾੜੇ ਚੰਗੇ ਤੇਰੇ ਹਾਂ, ਭੁੱਲੇ ਭਟਕੇ ਤੇਰੇ ਹਾਂ, ਤੇਰੇ ਹਾਂ, ਹੇ ਪਿਆਰੇ ਪ੍ਰੀਤਮ ਜੀ। ਤੇਰੇ ਹਾਂ ਤੇਰੇ[1]।

ਇਉਂ ਕਹਿੰਦੀ ਅੱਖਾਂ ਤੋਂ ਨੀਰ ਦੇ ਰੌ ਵਗਾਉਂਦੀ ਆਪਣੇ ਪ੍ਰੇਮ ਵਿਚ ਮਾਤਾ ਪੁੱਤ ਨੂੰ ਬੀ ਲੈ ਟੁਰੀ ਤੇ ਐਸੀ ਸਮਾਈ ਕਿ ਘੜੀ ਭਰ ਹੋਸ਼ ਨਾ ਰਹੀ। ਫੇਰ ਅੱਖ ਖੁੱਲ੍ਹੀ ਤਾਂ ਬੋਲੀ; ਹਾਂ ਅੰਮੀ ਜੀ ਫੇਰ....!

ਮਾਈ--ਬੱਸ ਕਾਕੀ ! ਸਤਿਗੁਰੂ ਨੂੰ ਅੰਗ ਸੰਗ ਪਛਾਨਣਾ, ਇਹੋ ਸਤਿਗੁਰ ਦਾ ਮੇਲ ਹੈ, ਇਹੋ ਖਿੱਚ ਸਾਡੇ ਤੇ ਸਤਿਗੁਰ ਵਿਚ ਪੁਲ ਬਣਾ ਦੇਂਦੀ ਹੈ, ਜਿਸ ਪੁਲੋਂ ਸਾਰੀ ਮਿਹਰ ਦਾ ਮਾਲ ਸਾਡੇ ਘਰ ਆਉਂਦਾ ਹੈ।

ਰਾਣੀ--ਪਰ ਪਿਆਰੀ ਅੰਮੀ ! ਸਾਰੀਆਂ ਗੱਲਾਂ ਤਾਂ ਤੂੰ ਦੱਸੀਆਂ ਤੂੰ ਕਹਿੰਦੀ ਹੈਂ ਮੈਂ ਕੁਛ ਨਹੀਂ, ਪਰ ਮੈਨੂੰ ਤੇਰੇ ਨਾਲ ਬੀ ਪਿਆਰ ਹੈ।

ਮਾਈ--ਬੀਬੀ ! ਮੈਂ ਕੁਛ ਕਿਉਂ ਨਹੀਂ, ਸਤਿਗੁਰੂ ਦੇ ਚਰਨਾਂ ਨੂੰ ਪਿਆਰ ਕਰਨ ਵਾਲੀ, ਉਸ ਦੇ ਰਚੇ ਸਤਿਸੰਗ ਦੀਆਂ ਕੂਕਾਂ ਦੇਣ ਵਾਲੀ ਹਾਂ, ਪਰ ਹੋਰ ਕੁਛ ਮੈਂ ਨਹੀਂ ਹਾਂ। ਸਤਿਗੁਰ ਦੇ ਪਿਆਰੇ ਸਜਣ, ਜਿਨ੍ਹਾਂ ਦੇ ਅੰਦਰ ਸਤਿਗੁਰੂ ਵੱਸਦਾ ਹੈ, ਸੰਤ 'ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ' ਆਦਰ ਯੋਗ ਹੁੰਦੇ ਹਨ, ਪਰ ਕਾਕੀ ! ਮੈਂ ਸੰਤ ਬੀ ਨਹੀਂ ਹਾਂ ਨਾ ਹੀ ਕੋਈ ਪੂਜਜ ਹਾਂ। ਉਂਞ ਅਸੂਲ ਦੀ ਬਾਤ ਇਹ ਹੈ ਕਿ ਜਿਵੇਂ ਵਾਹਿਗੁਰੂ ਨੇ ਗੁਰੂ ਜੀ ਨੂੰ ਸੰਸਾਰ ਤਾਰਨ ਲਈ ਰਚਿਆ ਹੈ ਤਿਵੇਂ ਗੁਰੂ ਨੇ ਗੁਰਬਾਣੀ ਦੀ ਬੀੜ ਅਰ ਸਤਿਸੰਗ ਰਚਿਆ ਹੈ। ਗਿਆਨ ਜੋ ਵਾਹਿਗੁਰੂ ਨੇ ਉਨ੍ਹਾਂ ਨੂੰ ਬਖ਼ਸ਼ਿਆ, ਉਹ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਰੋਲ ਲਿਖ ਦਿੱਤਾ ਹੈ। ਉਹ ਸੱਚੇ ਸੁੱਚੇ ਅਮੋਲਕ ਬ੍ਰਹਮ ਗਿਆਨ ਨੂੰ ਆਪਣੇ ਰਿਦੇ ਦਾ ਸਰੂਪ ਦੱਸ ਕੇ, ਤੁਹਾਨੂੰ ਪਤਾ ਹੈ, ਗੁਰੂ ਅਰਜਨ ਦੇਵ ਜੀ ਨੇ ਸੀਸ ਨਿਵਾਇਆ ਤੇ ਦਸਮ ਗੁਰੂ ਜੀ ਸਤਿਕਾਰਦੇ ਤੇ ਸਾਡੀ ਰਹਿਬਰੀ ਲਈ ਸਾਨੂੰ ਦੇਂਦੇ ਹਨ, ਅਤੇ ਉਸ ਬ੍ਰਹਮ ਗਿਆਨ ਦੇ ਪ੍ਰਚਾਰ ਲਈ ਸਤਿਸੰਗ ਬਣਾਇਆ ਹੈ। ਸਤਿਸੰਗ ਦੀ ਸਹਾਇਤਾ ਨਾਲ ਸਾਰਾ ਉਧਾਰ ਤੇ ਕਲਿਆਨ ਦਾ ਕੰਮ ਪਿਆ ਹੁੰਦਾ ਹੈ :--

ਸਤਿਗੁਰ ਪੁਰਖੁ ਹਰਿ ਧਿਆਇਦਾ ਸਤਿ ਸੰਗਤਿ ਸਤਿਗੁਰ ਭਾਇ॥ ਸਤ ਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰ ਮੇਲਾਇ॥ ਏਹ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ॥ ਗੁਰ ਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥ ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥ ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ॥ ਜਮ ਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ॥ ਗੁਰ ਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ॥ ੨੭॥

(ਸ: ਵਾ: ਤੇ ਵ: ਮ: ੪)

ਸਤਿਗੁਰੂ ਵਾਹਿਗੁਰੂ ਦੇ ਪ੍ਰੇਮ ਵਿਚ ਪ੍ਰੇਮ ਰੂਪ ਹੈ ਉਧਰੋਂ ਵਾਹਿਗੁਰੂ ਉਹਨਾਂ ਨੂੰ ਪ੍ਰੇਮ ਕਰਦਾ ਹੈ ਤੇ ਅਪਣਾ ਰੂਪ ਭਾਸਦਾ ਹੈ। ਇਧਰ ਸਤਿਗੁਰੂ ਜਿਨ੍ਹਾਂ ਦਾ ਉਧਾਰ ਕਰਦਾ ਹੈ, ਉਹਨਾਂ ਨੂੰ ਆਖਦਾ ਹੈ ਏਹ ਮੇਰੇ ਹਨ, ਮੇਰਾ ਰੂਪ ਹਨ।

ਰਾਣੀ--ਧੰਨ ਪਿਆਰਾ ਸਤਿਗੁਰੂ ! ਧੰਨ ਸਾਡਾ ਚੋਜੀ ਸਤਿਗੁਰੂ !!

ਮਾਈ--ਸੋ ਬੀਬੀ ! ਤਾਰਨ ਹਾਰ, ਅਕਾਲ ਪੁਰਖ ਆਪ ਸਤਿਗੁਰੂ ਹੈ[1] ਤੇ ਅਪਣੀ ਗੁਰਿਆਈ ਦਾ ਕੰਮ ਸਾਡੀ ਮੋਟੀ ਸੂਝ ਦੀ ਖ਼ਾਤਰ ਗੁਰੂ ਸਾਹਿਬ ਜੀ ਦੇ ਰੂਪ ਵਿਚ ਉਨ੍ਹਾਂ ਨੂੰ ਸੌਂਪ ਰਿਹਾ ਹੈ। ਗੁਰੂ ਜੀ ਜੀਵਾਂ ਨੂੰ ਤਾਰ ਰਹੇ ਹਨ, ਉਨ੍ਹਾਂ ਤੋਂ ਤਰੇ ਹੋਇਆਂ ਦਾ ਪੰਥ ਸਤਿਸੰਗ ਹੈ ਤੇ ਸਤਿਸੰਗ ਵਿਚ 'ਨਾਮ ਰਸੀਏ ਗੁਰਮੁਖ' ਸਤਿਗੁਰ ਦੇ ਹੁਕਮ ਵਿਚ ਪ੍ਰਚਾਰ ਕਰਕੇ ਜੀਅ ਦਾਨ, ਨਾਮ ਦਾਨ ਦੇ ਰਹੇ ਹਨ।

ਰਾਣੀ--ਬੀਬੀ ਅੰਮੀ ! ਐਸੇ ਸਤਿਗੁਰ ਦਾ, ਐਸੇ

---

1. ਅੰਤਰਿ ਸਤਿਗੁਰੁ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ॥ (ਸ: ਵਾ: ਤੇ ਵ: ਮ: ੪)

1. ਗੁਰੁ ਪਾਰਬ੍ਰਹਮ ਪਰਮੇਸੁਰੁ ਆਪਿ॥ (ਆਸਾ ਮ: ੫) ਪੁਨਾ—ਆਦਿ ਅੰਤੁ ਏਕੈ ਅਵਤਾਰਾ॥ ਸੋਈ ਗੁਰੂ ਸਮਝੀਅਹੁ ਹਮਾਰਾ॥ (ਚੌ: ਪਾ: ੧੦)

ਉਚੇ, ਵਡੇ, ਮਿਹਰ ਤੇ ਦਇਆ ਨਾਲ ਭਰੇ ਪ੍ਰੇਮ ਸਰੂਪ ਸਤਿਗੁਰ ਦਾ ਧਿਆਨ ਤੇ ਪਿਆਰ ਅੰਦਰ ਵਸਦਿਆਂ, ਤੁਹਾਡੇ ਵਰਗੇ ਪਾਵਨ ਸਤਿਸੰਗੀਆਂ ਦੇ ਮੰਡਲ ਵਿਚ ਵਸਦਿਆਂ, ਅਜ ਇਨ੍ਹਾਂ ਹਤਿਆਰੇ ਕੰਨਾਂ ਨੇ ਨਿੰਦਯਾ ਸੁਣੀ, ਅਰ ਦੁਖ ਪਾਇਆ, ਪਰ ਸ਼ੁਕਰ ਹੈ ਕਿ ਆਪ ਦੇ ਜੀਅ ਦਾਤੇ ਸਤਿਸੰਗ ਨੇ ਰੱਖ ਲਿਆ।

ਮਾਈ--ਬੱਚੀਏ ! ਸੰਸਾਰ ਵਿਚ ਨਿੰਦਿਆ ਨੇ ਬੜੇ ਬੜੇ ਦੁਖ ਦਿੱਤੇ ਹਨ। ਸਿਦਕ ਭਰੋਸੇ ਦੇ ਮੰਦਰ ਏਸੇ ਨੇ ਢਾਹੇ ਹਨ। ਸੱਚੇ ਮਿਤ੍ਰਾਂ ਦੇ ਪਰਸਪਰ ਵਿਸ਼ਵਾਸ਼, ਇਕ ਜਿੰਦ ਇਸਤ੍ਰੀ ਭਰਤਾ ਦੇ ਪਰਸਪਰ ਨਿਸ਼ਚੇ ਇਸ ਨੇ ਤੋੜੇ ਹਨ। ਇਸ ਕਰਕੇ ਸਤਿਗੁਰ ਨੇ ਨਿੰਦਾ ਨੂੰ ਮਹਾਨ ਪਾਪ ਦੱਸਿਆ ਤੇ ਇਸ ਤੋਂ ਰੋਕਿਆ ਹੈ। ਕਦੇ ਕੰਨ ਦੇਕੇ ਨਿੰਦਿਆ ਨਾ ਸੁਣੀਏ। ਮੱਲੋ ਮੱਲੀ ਪਏ ਤਾਂ ਦ੍ਰਿੜ੍ਹ ਚਿਟਾਨ ਵਾਂਙੂ ਅਹਿੱਲ ਰਹੀਏ, ਕੁਛ ਅੰਦਰ ਹਿੱਲ ਖਲੋਵੇ ਤਾਂ ਗੁਰਬਾਣੀ ਤੇ ਸਤਿਸੰਗ ਦੀ ਸ਼ਰਣ ਲਈਏ।

ਰਾਣੀ--ਸਤਿ ਬਚਨ ! ਮਾਤਾ ਜੀ ਬੇਅਦਬੀ ਨਾ ਹੋਵੇ ਤਾਂ ਸਤਿਗੁਰਾਂ ਦੇ ਦਰਸ਼ਨ ਦੀ ਦਾਤ !

ਮਾਈ--ਨੇੜੇ ਹੈ। ਪ੍ਰੀਤਮ ਜੀ ਆ ਰਹੇ ਹਨ।

ਰਾਣੀ--ਮੈਂ ਇਸ ਧੰਨ ਮੁਖ ਤੋਂ ਸਦਕੇ।

ਮਾਈ--ਦੱਸੋ ਹੁਣ ਹਿਰਦਾ ਨਿਰਭੈ ਹੈ ?

ਰਾਣੀ--ਇਕੋ ਭੈ ਸੀ ਕਿ ਪਹਾੜੀ ਰਾਜੇ ਇਹ ਸੁਣ ਕੇ, ਕਿ ਅਸੀਂ ਸਤਿਗੁਰਾਂ ਦੇ ਸਿੱਖ ਹੋ ਗਏ ਹਾਂ, ਰਾਜ ਨਾ ਖੋਹ ਖੁਹਾ ਦੇਣ; ਸੋ ਇਹ ਭੈ ਆਪ ਨੇ ਦੋ ਉਪਦੇਸ਼ਾਂ ਨਾਲ ਕੱਟਿਆ ਹੈ। ਇਕ ਤਾਂ ਆਪ ਨੇ ਜੋ ਸ਼ਬਦ ਗਾਂਵਿਆਂ ਹੈ "ਜੌ ਰਾਜੁ ਦੇਹਿ ਤ ਕਵਨ ਬਡਾਈ।। ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ।।" ਜਦ ਸਤਿਗੁਰ ਨੇ ਨਾਮ ਦੇ ਰਸ ਵਿਚ ਸਾਨੂੰ ਰਸੀਏ ਕਰ ਦੇਣਾ ਹੈ (ਸਾਡੇ ਅੰਦਰ ਨਾਮ ਦਾ ਨਿਵਾਸ ਰਹਿਣਾ ਹੈ ) ਤਦ ਰਾਜ ਕੀ ਤੇ ਭਿੱਖ ਕੀ। ਦੂਜੇ ਜੋ ਤੁਕ ਆਪ ਨੇ ਹੁਣੇ ਪੜ੍ਹੀ ਸੀ :-"ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ।।" ਜਦ ਸਾਡਾ ਧਰਮ ਇਹ ਹੈ ਕਿ ਸਤਿਗੁਰੂ ਜੀ ਨੂੰ 'ਹੈ' ਕਰਕੇ ਪਛਾਣੀਏ ਤਦ ਡਰਨਾ ਸਾਡਾ ਕੰਮ ਨਹੀਂ, ਅਸਾਂ ਗੁਰੂ ਜੀ ਦੀ ਸ਼ਰਨ ਲੈ ਕੇ ਉਸਨੂੰ ਅੰਗ ਸੰਗ ਸਮਝਣਾ ਤੇ ਉਸਦੀ ਟੇਕ ਤੇ ਪਿਆਰ ਭਰੀ ਯਾਦ ਵਿਚ ਰਹਿਣਾ ਹੈ, ਡਰ ਤੇ ਭਉ ਸਤਿਗੁਰ ਦੇ ਹਵਾਲੇ।

ਮਾਈ--ਜਦ ਸਤਿਗੁਰ ਦੀ ਟੇਕ ਅੰਦਰ ਹੋਵੇ, ਨਾਮ ਵਿਚ ਨਿਵਾਸ ਹੋਵੇ, ਤਦ ਸੁਰਤ ਜ਼ਰੂਰ ਨਿਰਭੈ ਪਦ ਵਿਚ ਪਹੁੰਚਦੀ ਹੈ--"ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ"। ਵਾਹਿਗੁਰੂ ਦੇ ਤ੍ਰਾਣ ਦੀਬਾਨ ਵਾਲੇ ਨਿਰਭੈ ਪੁਰਖ 'ਭੈ ਹੇਠ ਦੇਖਿਆਂ' ਕੋਲੋਂ ਡਰਕੇ ਆਪਣੀ ਮੂਰਤ ਨੂੰ ਕਿਉਂ ਨਾਸ਼ ਕਰਨ ? ਜੋ ਨਿਰਭੈ ਹੈ, ਉਸਦਾ ਭੈ ਹੋਰਨਾਂ ਪਰ ਬੀ ਪੈਂਦਾ ਹੈ। ਨਿਰਭੈਤਾ ਵਾਲੇ ਦੀ ਪਵਿੱਤ੍ਰਤਾ ਦੀ ਅੱਗ ਤੋਂ ਭੈ ਵਾਲੇ ਦੇ ਪਾਪਾਂ ਦੇ ਮੜ੍ਹੇ ਕੰਬਦੇ ਹਨ।

ਰਾਣੀ--ਠੀਕ ਹੈ, ਆਪ ਦੇ ਵਾਕ ਸੱਤਜ ਹਨ।

ਮਾਈ-ਮੈਂ ਤਾਂ ਸਤਿਗੁਰ ਤੋਂ ਸੁਣੇ ਵਾਕ ਸੁਣਾ ਰਹੀ ਹਾਂ।

ਟਿੱਕਾ--ਵੱਡੀ ਅੰਮਾਂ ਜੀ, ਸਾਨੂੰ ਫੇਰ ਸਤਿਗੁਰ ਜੀ ਦੇ ਕਦ ਦਰਸ਼ਨ ਹੋਣਗੇ ?

ਮਾਈ--ਸਤਿਗੁਰ ਜੀ ਪਾਉਂਟੇ ਤੋਂ ਤੁਰ ਪਏ ਹਨ ਅਰ ਦਸ ਬਾਰਾਂ ਦਿਨ ਤੋਂ ਮੇਦਨੀ ਪ੍ਰਕਾਸ਼ ਦੇ ਅਟਕਾਏ ਨਾਹਣ ਇਲਾਕੇ ਦੇ ਬਨਾਂ ਵਿਚ ਠਹਿਰੇ ਹੋਏ ਹਨ, ਮੇਰੇ ਖਿਆਲ ਵਿਚ ਛੇਤੀ ਹੀ ਇਸ ਪਾਸੇ ਤੋਂ ਲੰਘਣਗੇ।

ਟਿੱਕਾ ਜੀ--ਫਿਰ ਮਾਈ[1] ਜੀ ਤੁਹਾਨੂੰ ਪੱਕ ਹੈ ਕਿ ਗੁਰੂ ਜੀ ਇਧਰੋਂ ਲੰਘਣਗੇ ? ਜੇ ਸੰਸਾ ਹੋਵੇ ਤਾਂ ਕੋਈ ਅਹਿਲਕਾਰ ਬਿਨੈ ਕਰਨ ਹਿਤ ਘੱਲ ਦੇਵੀਏ ?

ਮਾਈ--ਮੇਰੇ ਜਾਸਰਾਇ ਟਿੱਕਾ ਜੀ ! ਸੰਦੇਸਾ ਘੱਲਣ ਦੀ ਲੋੜ ਨਹੀਂ ਤੇ ਨਾ ਅੱਗੇ ਸਤਿਗੁਰਾਂ ਪਾਸ ਆਪ ਦੀ ਭਾਵਨੀ ਦਾ ਕਿਸੇ ਨੇ ਕੋਈ ਜ਼ਿਕਰ ਚਲਾਇਆ ਹੈ, ਪਰ ਉਹਨਾਂ ਦਾ ਬਿਰਦ ਸ਼ਰਣਾਗਤਾਂ ਲਈ ਸ਼ਰਣਪਾਲ ਹੈ, ਇਮ ਕਰਕੇ ਅਸੰਭਵ ਹੈ ਕਿ ਤੁਹਾਡੇ ਪ੍ਰੇਮ ਦੀ ਖਿੱਚ ਦੇ ਹੁੰਦਿਆਂ ਕਿਸੇ ਹੋਰ ਰਸਤਿਓਂ ਲੰਘ ਜਾਣ ਅਰ ਦਰਸ਼ਨ ਨਾ ਦੇਣ।

ਰਾਣੀ--ਸੱਚ ਹੈ, ਮਾਤਾ ਜੀ ! ਸਾਡਾ ਪ੍ਰੇਮ ਤਾਂ ਅਜੇ ਕੁਛ ਨਹੀਂ; ਆਪ ਦੀ ਬਖਸ਼ਿਸ਼ ਤੇ ਆਸ ਹੈ ਕਿ ਓਹ ਮੇਹਰਾਂ ਦੇ ਸਾਂਈਂ ਸਾਨੂੰ ਜ਼ਰੂਰ ਨਿਵਾਜਣਗੇ। ਸੰਦੇਸਾ ਘੱਲਣਾ ਬੇਅਦਬੀ ਹੈ। ਅਸੀਂ ਕੀਹ ਨਿਰਗੁਣੀਆਰੇ ਹਾਂ ਜੋ ਐਸੇ ਪਵਿੱਤ੍ਰ ਤੇਜ ਨੂੰ ਸੱਦ ਘਲਣ ਦਾ ਹੀਆ ਕਰੀਏ। ਪਰ ਮਾਈ ਜੀ ! ਜੇ ਸਤਿਗੁਰਾਂ ਨੇ ਕਿਰਪਾ ਕੀਤੀ, ਦਾਸਾਂ ਨੂੰ ਅਪਨਾਇਆ ਤਦ...ਜਨਮ ਸਫਲ ਹੋ ਜਾਏਗਾ।

ਮਾਈ--ਜ਼ਰੂਰ ਆਉਣਗੇ, ਅਰ ਜੀਅ ਦਾਨ ਦੇਣਗੇ;

1. ਮਾਈ ਜੀ ਦਾ ਨਾਮ ਸੁਭਰਾਂਵ ਕੌਰ ਸੀ।

ਇਹ ਮੇਰਾ ਭਰੋਸਾ ਹੈ।

੨.

**ਜਮਨਾ** ਦਾ ਕਿਨਾਰਾ ਜਿਥੇ ਸਤਿਗੁਰ ਜੀ ਨੇ ਪਾਉਂਟੇ ਦੀ ਨੀਂਹ ਧਰੀ ਸੀ, ਜਿਥੇ ਅਜ ਕਲ ਸੁੰਦਰ ਛੋਟਾ ਜਿਹਾ ਪਰ ਉੱਚਾ ਗੁਰਦੁਆਰਾ ਹੈ,[1] ਇਕ ਅਚਰਜ ਕੁਦਰਤੀ ਨਜ਼ਾਰੇ ਦਾ ਥਾਉਂ ਹੈ। ਨਦੀ ਦਾ ਸੁੰਦਰ ਪਰਵਾਹ, ਰਮਣੀਕ ਕੁਦਰਤੀ ਨਜ਼ਾਰੇ ਮਨ ਨੂੰ ਮੋਹੇ ਬਿਨ ਨਹੀਂ ਛਡਦੇ। ਅਸਲ ਵਿਚ ਇਹ ਥਾਂ ਦੇਖਕੇ ਅੰਦਾਜ਼ਾ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਦਰਤੀ ਸੁੰਦਰਤਾ ਦੇ ਕਿੱਡੇ ਵੱਡੇ ਕਦਰਦਾਨ ਤੇ ਪਿਆਰੇ ਸਨ ਅਰ ਉਨ੍ਹਾਂ ਦੀ ਚੋਣ--ਕੈਸੀ ਅਦਭੁਤ ਹੋਇਆ ਕਰਦੀ ਸੀ ? ਪਿਛੇ ਸਫ਼ਾ ੧੪੦ ਤੇ ਦੱਸ ਆਏ ਹਾਂ ਕਿ ਭੰਗਾਣੀ ਜੁੱਧ ਜਿੱਤ ਕੇ ਪਾਉਂਟੇ ਆਏ ਤਾਂ ਸਿੱਖਾਂ ਵਿਚ ਫਤੇਸ਼ਾਹ ਤੇ ਹੱਲਾ ਕਰਨ ਦਾ ਚਾਉ ਸੀ, ਪਰ ਸਤਿਗੁਰ ਜੀ ਨੇ ਆਪਣੇ ਬਿਜੈ ਪਾ ਚੁਕੇ ਦਲ ਦੇ ਉਤਸ਼ਾਹ ਨੂੰ ਫਤਹਸ਼ਾਹ ਪਰ ਹੱਲਾ ਕਰਨੋਂ ਰੋਕਿਆ। ਰੁਕ ਤਾਂ ਗਏ ਪਰ ਉਨ੍ਹਾਂ ਦੇ ਵਧੇ ਹੋਏ ਦਿਲਾਂ ਦੇ ਉਛਾਲੇ ਖੜੇ ਅਜਰ ਦੇਖੇ ਤਦ ਵਿਚਾਰਿਆ ਕਿ ਹੁਣ ਇਨ੍ਹਾਂ ਦੇ ਪੈਰ ਟਿਕਣੇ ਨਹੀਂ, ਇਨ੍ਹਾਂ ਨੂੰ ਮੋੜਨ ਵਰਜਣ ਦੀ ਥਾਂ ਆਨੰਦਪੁਰ ਦੇ ਮੁੜ ਵਸਾਉਣ ਤੇ ਕਿਲ੍ਹੇ ਬੰਦ ਕਰਨ ਵਲ ਲਾ ਦੇਈਏ। ਸ੍ਰੀ ਮੁਖਵਾਕ ਵਿਚ ਬੀ ਇਹ ਗੱਲ ਆਈ ਹੈ :--

'ਜੁੱਧ ਜੀਤ ਆਏ ਜਬੈ ਟਿਕੇ ਨ ਤਿਨ ਪੁਰ ਪਾਵ।।'

ਸੋ ਪਾਉਂਟੇ ਤੋਂ ਤਿਆਰੀ ਆਰੰਭੀ ਗਈ ਤੇ ਭਾਰ ਬਰਦਾਰੀ ਦੇ ਸਾਮਾਨ ਹੋ ਗਏ। ਸਭ ਤੋਂ ਪਹਿਲਾਂ ਤੇ ਸੁਖ ਦਾ ਸਾਮਾਨ ਜ਼ਖਮੀਆਂ ਦਾ ਸੀ ਜੋ ਬੜੇ ਆਰਾਮ ਨਾਲ ਤੋਰੇ ਗਏ। ਰਾਖੀ, ਦਾਰੀ, ਇਲਾਜ, ਤੇ ਖਾਨ ਪਾਨ ਦੇ ਸਾਮਾਨ ਨਾਲ ਕੀਤੇ ਗਏ। ਸਾਰੀ ਤਿਆਰੀ ਹੋਕੇ ਕੂਚ ਹੋ ਗਈ। ਸ੍ਰੀ ਗੁਰੂ ਜੀ ਨੇ ਲਾਹੜ ਪਿੰਡ ਲਾਗੇ ਆ ਕੇ ਡੇਰਾ ਪਾ ਦਿੱਤਾ ਤੇ ਇਥੇ ਬਾਰਾਂ ਤੇਰਾਂ ਦਿਨ ਮੁਕਾਮ ਰਖਿਆ ਤੇ ਸੈਰ ਸ਼ਿਕਾਰ ਕਰਦੇ ਰਹੇ। ਇਥੇ ਸਿਕੰਦਰ ਲੋਧੀ ਦੀ ਸ਼ਿਕਾਰਗਾਹ ਸੀ, ਉਹ ਇਥੇ ਆਕੇ ਟਿਕਿਆ ਤੇ ਸ਼ਿਕਾਰ ਕਰਿਆ ਕਰਦਾ ਸੀ! ਇਕ ਹੋਰ ਮੁਖ਼ਲਸ ਖਾਂ ਨਾਮੇ ਮੁਗਲਾਂ ਦੇ ਅਹੁਦੇਦਾਰ ਨੇ ਇਥੇ ਕਿਲ੍ਹਾ ਬਣਾਇਆ ਹੋਇਆ ਸੀ, ਜਿਸ ਨੂੰ ਮੁਖ਼ਲਸ ਗੜ੍ਹ ਕਹਿੰਦੇ ਸਨ। ਇਸੇ ਤੇ ਕਬਜ਼ਾ ਕਰਕੇ ਬਾਬੇ ਬੰਦੇ ਨੇ ਇਸ ਨੂੰ ਲੋਹਗੜ੍ਹ ਬਣਾਇਆ ਤੇ ਆਪ ਇਥੇ ਹੀ ਰਿਹਾ ਸੀ ਤੇ ਕਿਤਨਾ ਚਿਰ ਪਾਤਸ਼ਾਹੀ ਦਲਾਂ ਦੇ ਮੁਕਾਬਲੇ ਕਰਦਾ ਰਿਹਾ ਸੀ। ਜਿਥੇ ਸਤਿਗੁਰਾਂ ਦਾ ਤੰਬੂ ਲੱਗਾ ਸੀ ਉਥੇ ਹੁਣ ਟੋਕਾ ਸਾਹਿਬ ਨਾਮੇ ਗੁਰਦੁਆਰਾ ਹੈ। ਇਸ ਤੋਂ ਕੋਹ ਕੁ ਦੀ ਵਿੱਥ ਪੁਰ ਇਕ ਪਿੰਡ ਹੈ, ਜਿਸਦਾ ਨਾਮ ਹੁਣ ਟੋਟਾ ਹੈ। ਇਸ ਪਿੰਡ ਦੇ ਰੰਘੜਾਂ ਨੇ ਸਤਿਗੁਰਾਂ ਦੇ ਭਾਰ--ਬਰਦਾਰੀ ਦੇ ਊਠ ਚੁਰਾ ਲਏ ਜੋ ਫੜੇ ਗਏ ਤੇ ਸਤਿਗੁਰ ਜੀ ਨੇ ਪਿੰਡ ਨੂੰ ਕਿਹਾ ਕਿ ਇਟ ਤਾਂ 'ਟੋਟਾ' ਹੈ। ਹੁਣ ਤੱਕ ਉਸਨੂੰ ਲੋਕੀਂ 'ਟੋਟਾ'[1] ਕਹਿੰਦੇ ਹਨ। ਇਹ ਵੀ ਲਿਖਿਆ ਹੈ ਕਿ ਲਾਹੜ ਸ੍ਰੀ ਗੁਰੂ ਜੀ ਦਸ ਬਾਰਾਂ ਦਿਨ ਰਾਜੇ ਮੇਦਨੀ ਪ੍ਰਕਾਸ਼ ਦੇ ਸੰਦੇਸੇ ਆਉਣ ਤੇ ਉਤਰੇ ਤੇ ਠਹਿਰੇ ਰਹੇ ਸੇ। ਬੁੱਧੂਸ਼ਾਹ ਬੀ ਸਢੌਰੇ ਤੋਂ ਇਥੇ ਆ ਕੇ ਆਪ ਦੇ ਸਤਿਸੰਗ ਵਿਚ ਸੁਖੀ ਹੁੰਦਾ ਰਿਹਾ ਸੀ। ਇਥੇ ਦੀਵਾਨ ਸਜਦੇ ਰਹੇ, ਸੰਗਤਾਂ ਬੀ ਹਾਜ਼ਰ ਹੁੰਦੀਆਂ ਤੇ ਲਾਹੇ ਲੈਂਦੀਆਂ ਰਹੀਆਂ। ਸਤਿਗੁਰ ਜੀ ਨੇ ਇਥੇ ਕੁਛ ਦਿਨ ਠਹਿਰਣ ਦੀ ਜਦ ਠਾਣ ਲਈ ਸੀ ਤਾਂ ਆਪ ਨੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਆਗਿਆ ਕੀਤੀ ਸੀ ਕਿ ਤੁਸੀਂ ਸਾਰਾ ਡੇਰਾ ਤੇ ਵਹੀਰ ਲੈ ਕੇ ਟੁਰ ਪਓ, ਸੈਨਾ ਬੀ ਨਾਲ ਕੂਚ ਕਰੇ, ਜ਼ਖ਼ਮੀਆਂ ਦਾ ਖਾਸ ਪ੍ਰਬੰਧ ਕਰੋ ਤੇ ਮੰਜ਼ਲਾਂ ਛੋਟੀਆਂ ਕਰੋ ਜੋ ਬੀਮਾਰਾਂ ਨੂੰ ਖੇਚਲਾਂ ਨਾ ਹੋਣ। ਸਾਡੇ ਇਥੋਂ ਤੁਰਕੇ ਅੱਪੜਨ ਤੱਕ ਆਪ ਆਨੰਦਪੁਰ ਪਹੁੰਚ ਪਵੋਗੇ। ਆਪਣੇ ਪਾਸ ਸਾਹਿਬਾਂ ਨੇ ਚੋਣਵੇਂ ਬੀਰ, ਕੁਛ ਸਿਆਣੇ ਤੇ ਰਣਜੀਤ ਨਗਾਰਾ ਰੱਖ ਲਿਆ ਤੇ ਹੋਰ ਸਭ ਨੂੰ ਵਿਦਾ ਕਰ ਦਿੱਤਾ।

ਤੇਰ੍ਹਵੇਂ ਦਿਨ ਸਤਿਗੁਰ ਜੀ ਨੇ ਦੀਵਾਨ ਦੀ ਸਮਾਪਤੀ ਵੇਲੇ ਕੁਛ ਅਕਾਸ਼ ਵੱਲ ਤੱਕਿਆ ਤੇ ਫੇਰ ਉੱਤਰ ਪੱਛੋਂ ਵੱਲ ਦੇਖਿਆ, ਐਉਂ ਜਾਪਦਾ ਸੀ ਜਿਕੂੰ ਦਿਸ਼ਾ ਦੀ ਕੋਰੀ ਪੋਥੀ ਵਿਚੋਂ ਕੋਈ ਅੱਖਰ ਵਾਚ ਰਹੇ ਹਨ। ਫੇਰ ਕੁਛ ਸਜਲ ਨੇਤ੍ਰ ਹੋ ਕੇ ਬਹੁਤ ਚਿਰ ਮੁੰਦੇ ਨੈਣਾਂ ਵਿਚ ਅਖੰਡ ਸਮਾਧੀ ਵਿਚ ਨਿਮਗਨ ਰਹੇ, ਜਦੋਂ ਉਠੇ ਤਦ ਆਗਿਆ ਦਿੱਤੀ ਕਿ ਸਵੇਰੇ ਕੂਚ ਹੋ ਜਾਏ। ਜਦ ਰਸਤੇ ਦੇ ਆਗੂਰੇ ਨੇ ਰਸਤੇ ਦਾ ਵੇਰਵਾ ਪੁਛਿਆ ਤਾਂ ਆਗਿਆ ਹੋਈ ਕਿ ਰਾਮਗੜ੍ਹੀਏ ਦੇ ਰਾਜ ਵਿਚ

---

1. ਹੁਣ ਬੜਾ ਸੁੰਦਰ ਤੇ ਵਿਸ਼ਾਲ ਗੁਰਦਵਾਰਾ ਬਣ ਗਿਆ ਹੈ।

1. ਰਾਜ ਨਾਹਨ ਵਿਚ ਟੋਟਾ ਪਿੰਡ ਹੈ, ਇਸ ਤੋਂ ਕੋਹ ਕੁ ਲਗਪਗ ਪੱਛੋਂ ਨੂੰ ਗੁਰਧਾਮ ਹੈ 'ਟੋਕਾ ਸਾਹਿਬ'। ਇਹ ਐਬਾਲੇ ਜ਼ਿਲੇ ਦੀ ਤਸੀਲ ਨਰੈਣਗੜ੍ਹ ਦੇ ਨੇੜੇ ਹੈ।

ਟਾਬਰੇ ਦੇ ਲਾਗੇ ਦੀ ਚੱਲ ਨਿਕਲੇ, ਅਰ ਮੁਕਾਮ ਪਹਿਲਾ ਟਾਬਰੇ ਦੱਸਿਆ ਤੇ ਅਗਲੇ ਮੁਕਾਮ ਲਈ ਕਿਹਾ ਕਿ ਜਿਥੇ ਕਰਤਾ ਪੁਰਖ ਦੀ ਰਜਾਇ ਹੋਵੇਗੀ ਮੁਕਾਮ ਹੋ ਜਾਏਗਾ।

ਚੋਜੀ ਸਤਿਗੁਰ ਜੀ, ਜੋ ਆਤਮ ਹੁਲਾਸ ਨਾਲ ਦਮਬਦਮ ਖਿੜੇ ਰਹਿੰਦੇ ਸਨ, ਇਕ ਸੁੰਦਰ ਘੋੜੇ ਤੇ ਚੜ੍ਹੇ ਜਾ ਰਹੇ ਹਨ, ਨਾਲ ਕੁਛ ਸਿੰਘ ਹਨ, ਬਾਕੀ ਸੈਨਾ ਤੇ ਸਾਮਾਨ ਮਗਰ ਆ ਰਿਹਾ ਹੈ। ਰਸਤੇ ਵਿਚ ਇਕ ਥਾਂ ਇਕ ਬ੍ਰਾਹਮਣ ਸੂਰਜ ਵਲ ਧਿਆਨ ਜੋੜੀ ਮੱਥਾ ਟੇਕਦਾ ਦਿੱਸਿਆ। ਸਤਿਗੁਰ ਜੀ ਨੇ ਹੱਸ ਕੇ ਕਿਹਾ ਕਿ ਸਭ ਸਾਮਾਨ ਕਰਤਾ ਪੁਰਖ ਨੇ ਮਾਨੁੱਖ ਦੇ ਵਾਸਤੇ ਰਚੇ ਹਨ। ਧੁੱਪ ਅਰ ਚਾਨਣ, ਹਵਾ ਅਰ ਪਾਣੀ, ਪ੍ਰਿਥਵੀ ਅਰ ਅਕਾਸ਼ ਸਾਰੇ ਇਸਦੇ ਆਰਾਮ ਵਾਸਤੇ ਹਨ। ਇਸ ਨੂੰ ਧਰਤੀ ਦੀ ਸਰਦਾਰੀ[1] ਦੇ ਕੇ ਸਾਰੀ ਹੋਰ ਰਚਨਾਂ ਨੂੰ ਇਸਦਾ ਸੁਖਦਾਈ ਬਣਾਇਆ ਹੈ, ਪਰ ਦੇਖੋ ਆਦਮੀ ਆਪਣੀ ਸਰਦਾਰੀ ਭੁੱਲ ਗਿਆ ਹੈ! ਇਸਦੀ ਸਰਦਾਰੀ ਕਰਤਾ ਪੁਰਖ ਦੀ ਸੇਵਾ ਤੇ ਪ੍ਰੇਮ ਵਿਚ ਸੀ। ਇਸਨੇ 'ਕਰਤਾ ਪੁਰਖ' ਤੋਂ ਮੂੰਹ ਮੋੜਕੇ 'ਕੀਤੀ ਹੋਈ' ਨਾਲ ਨੇਹੁੰ ਲਾਇਆ ਹੈ। ਜੇਹੜੀਆਂ ਸੁਹਣੀਆਂ ਤੇ ਇਸ ਦੇ ਵੱਸ ਆ ਸਕਣ ਵਾਲੀਆਂ ਚੀਜ਼ਾਂ ਰਚਨਾਂ ਵਿਚ ਹਨ, ਉਨ੍ਹਾਂ ਨਾਲ ਨੇਹੁੰ ਜੋੜ ਬੈਠਾ ਹੈ, ਇਸ ਭੁੱਲ ਨੇ ਇਸ ਨੂੰ ਹੋਰ ਭੁਲੇਖੇ ਵਿਚ ਪਾ ਦਿੱਤਾ ਹੈ ਕਿ ਰਚਨਾਂ ਦੀਆਂ ਜਿਨ੍ਹਾਂ ਸੁੰਦਰ ਚੀਜ਼ਾਂ ਪਰ ਇਸਦਾ ਵਸੀਕਾਰ ਨਹੀਂ, ਉਨ੍ਹਾਂ ਕੀਤੀਆਂ ਹੋਈਆਂ ਨੂੰ ਕਰਤਾ ਕਰਕੇ ਜਾਨਣ ਲੱਗ ਪਿਆ ਹੈ[2]। ਸੋ ਜਿਨ੍ਹਾਂ ਪਾਸੋਂ ਇਸਨੇ ਨਿਰਭੈ ਹੋ ਕੇ ਸੁਖ ਲੈਣੇ ਸਨ, ਉਨ੍ਹਾਂ ਤੋਂ ਡਰਦਾ ਹੈ ਤੇ ਭੈ ਧਾਰਦਾ ਹੈ ਅਰ ਉਨ੍ਹਾਂ ਦੇ ਤ੍ਰਾਸ ਵਿਚ ਭਰਮਦਾ ਤੇ ਉਨ੍ਹਾਂ ਅੱਗੇ ਨੱਕ ਰਗੜਦਾ ਹੈ, ਸਰਦਾਰ ਜੋ ਸੀ ਸੋ ਖਿਦਮਤਗਾਰ ਹੋ ਗਿਆ ਹੈ।

ਤਦ ਆਲਮ ਨੇ ਕਿਹਾ : ਦੀਨ ਰੱਖਜਕ ਜੀ ! ਕੁਛ ਵਧੀਕ ਕ੍ਰਿਪਾ ਕਰੋ। ਤਦ ਗੁਰੂ ਜੀ ਬੋਲੇ :- ਮਨੁੱਖ ਆਪਣੇ ਸਰੀਰ ਦੇ ਅਵੈਵਾਂ ਦਾ ਮਾਲਕ ਹੈ, ਆਪਣੇ ਇੰਦ੍ਰਿਆਂ ਤੇ ਮਨ ਦਾ ਮਾਲਕ ਹੈ, ਪਰ ਇਹ ਇਸ ਘਰ ਦੇ ਰਾਜ ਵਿਚ ਹੀ ਮਾਲਕੀ ਭੁਲਾਈ ਬੈਠਾ ਹੈ। ਬਾਹਰ ਇਹ ਸ੍ਰਿਸ਼ਟੀ ਵਿਚ ਹਰ ਬਲਵਾਨ ਸ਼ੈ ਤੋਂ ਭੈ ਖਾਂਦਾ ਹੈ ਤੇ ਹਰ ਮੋਹ ਲੈਣ ਵਾਲੀ ਸ਼ੈ ਦੇ ਮਗਰ ਲੋਭੀ ਹੋਇਆ ਫਿਰਦਾ ਹੈ, ਇਸ ਤਰ੍ਹਾਂ ਨਿਤਾਣਾ ਹੋ ਗਿਆ ਹੈ। ਜੇਕਰ ਕਰਤਾਰ ਨੂੰ ਪਛਾਣੇ ਤੇ ਉਸਦੇ ਪਿਆਰ ਵਿਚ ਰਹੇ ਤਦ ਇਸ ਓਟ ਦੇ ਰੰਗ ਵਿਚ ਸਾਰੀ ਧਰਤੀ ਪਰ ਆਪ ਨੂੰ ਸਰਦਾਰ ਪਛਾਣੇਗਾ। ਤੁਹਾਨੂੰ ਇਨ੍ਹਾਂ ਵਹਿਮਾਂ ਤੋਂ ਕੱਢ ਕੇ ਮੈਂ ਬਲਵਾਨ ਬਣਾਇਆ ਹੈ ਧੱਕੇ ਧੋੜਿਆਂ ਲਈ ਨਹੀਂ, ਪਰ ਇਸ ਲਈ ਕਿ ਤੁਸੀਂ ਸੁਰਜੀਤ ਹੋ ਜਾਓ, ਜਾਗ ਪਓ। ਤੁਸੀਂ ਇਕੱਲਾ ਇਕੱਲਾ ਧਰਤੀ ਵਿਚ ਸਰਦਾਰ ਹੋ, ਸਰਦਾਰ ਹੋਣ ਕਰਕੇ ਤੁਸੀਂ ਲੱਖ ਲੱਖ ਦੇ ਆਗੂ ਹੋ ਜਾਓ। ਜੋ ਢੱਠੇ ਮਨਾਂ ਵਾਲੇ ਧਰਤੀ ਪਰ ਪਨਿਹਾਰ ਹੋ ਰਹੇ ਹਨ ਇਸ ਰਾਹੇ ਟੁਰਕੇ ਸਰਦਾਰ ਹੋ ਜਾਣਗੇ। ਹਾਂ, ਜਿਸ ਦੇ ਅੰਦਰ ਜੋਤਿ ਜਗੀ ਹੈ, ਜਿਸ ਨੇ ਅਪਣੇ ਅੰਦਰਲੀ ਓਟ ਤੱਕ ਲਈ ਹੈ ਅਰ ਆਪਣੇ ਆਪ ਨੂੰ ਦ੍ਰਿਸ਼ਟਮਾਨ ਤੋਂ ਉਚੇਰਾ ਲਖਕੇ ਸੁਰਤ ਚੜ੍ਹਾਕੇ ਚੜ੍ਹਦੀ ਕਲਾ ਧਾਰੀ ਹੈ, ਉਹ ਮੇਰਾ ਲਖੀਅਰ ਲੱਖਾਂ ਤੇ ਭਾਰੂ ਹੈ। ਐਸੇ ਬਣਕੇ ਤੁਹਾਡੇ ਹੁਕਮ ਵਿਚ ਤੁਹਾਡਾ ਮਨ ਹੈ, ਤੁਹਾਡੇ ਹੁਕਮ ਵਿਚ ਤੁਹਾਡੇ ਇੰਦਰੇ ਹਨ, ਤੁਹਾਡੇ ਹੁਕਮ ਵਿਚ ਸਰੀਰ ਦੇ ਅੰਗ ਹਨ, ਤੁਹਾਡੇ ਹੁਕਮ ਵਿਚ ਸਰੀਰ ਦੇ ਅਵੈਵ ਤੇ ਹਰ ਕਿਣਕਾ ਮਾਤ੍ਰ ਹਨ। ਤੁਸੀਂ ਵਾਯੂ, ਪੌਣ, ਪਾਣੀ, ਚਾਨਣੇ ਤੇ ਧੁੱਪ ਗਰਮੀ ਪਰ ਬੀ ਇਸ ਤਰ੍ਹਾਂ ਵਸੀਕਾਰ ਰਖਦੇ ਹੋ, ਪਰ ਜੇ ਆਪੇ ਨੂੰ 'ਦ੍ਰਿਸ਼ਟਮਾਨੀ ਅਭੇਦਤਾ' ਵਿਚ ਢੱਠੇ ਹੋਏ ਝੁਕਾਉ ਵਿਚ ਰਖੋਗੇ ਤਾਂ ਫੇਰ ਤੁਸੀਂ ਢੈ ਜਾਓਗੇ। ਦ੍ਰਿਸ਼ਟਾ ਪਦ ਵਿਚ ਮਨ ਨੂੰ ਰਖੋ ਤੇ ਉਚੇ ਰਖੋ। ਦੇਖੋ ! ਔਹ ਬ੍ਰਾਹਮਨ ਸੂਰਜ ਤੋਂ ਥਰਥਰ ਕੰਬ ਰਿਹਾ ਹੈ ਅਰ ਉਸ ਅੱਗੇ ਨੱਕ ਰਗੜ ਰਿਹਾ ਹੈ, ਪਰ ਅਸਲ ਵਿਚ ਸੂਰਜ ਵਾਹਿਗੁਰੂ ਦੇ ਭੈ ਵਿਚ ਹੈ ਜੇ ਅੰਤਰ ਆਤਮੇ ਅਸੀਂ ਵਾਹਿਗੁਰੂ ਦੀ ਚਰਨ ਸ਼ਰਨ ਵੱਸਦੇ ਹਾ ਤਾਂ ਸੂਰਜ ਦਾ ਭੈ ਕਿਉਂ ਮੰਨੀਏ[1] ? ਆਤਮਾਂ ਰਚਨ—ਹਾਰ ਨਾਲ ਅਭੇਦ ਸਾਰੀ ਰਚਨਾਂ ਦਾ ਮਾਲਕ ਹੈ। ਚਾਹੀਦਾ ਇਹ ਸੀ ਇਹ

---

1. ਅਵਰ ਜੋਨਿ ਤੇਰੀ ਪਨਿਹਾਰੀ।। ਇਸ ਧਰਤੀ ਮਹਿ ਤੇਰੀ ਸਿਕਦਾਰੀ।। (ਆਸਾ ਮ : ੫)

2. ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ।। (ਭਾਈ ਗੁਰਦਾਸ ਵਾਰ ੧੫-੭)

---

1. ਡਰਪੈ ਧਰਤਿ ਅਕਾਸੁ ਨਖ੍ਯ੍ਰਾ ਸਿਰ ਊਪਰਿ ਅਮਰੁ ਕਰਾਰਾ।
......ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ।।
ਕਹੁ ਨਾਨਕ ਭਗਤਨ ਕਾ ਸੰਗੀ ਭਗਤਿ ਸੋਹਹਿ ਦਰਬਾਰਾ।।
(ਮਾਰੂ ਮਹਲਾ ੫)

ਪੁਨਾ—ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।। (ਆਸਾ ਵਾਰ ਮ: ੧)

ਬ੍ਰਾਹਮਣ ਸੂਰਜ ਨੂੰ ਕਹੇ ਕਿ ਹੇ ਪ੍ਰਕਾਸ਼ ਪੁੰਜ ! ਤੇਰੇ ਵਿਚ ਜੋ ਚਾਨਣਾ, ਨਿੱਘ, ਅਰ ਦਾਮਨਿਕ ਸ਼ਕਤੀ ਹੈ, ਇਸ ਵਿਚੋਂ ਮੇਰੇ ਸਰੀਰ ਦੇ ਅੰਗਾਂ ਨੂੰ ਲੋੜੀਂਦੇ ਚਾਨਣ, ਨਿੱਘ ਤੇ ਦਾਮਨਿਕ ਰੌ ਦਾ ਹਿੱਸਾ ਦੇਹ ਜੋ ਮੇਰਾ ਸਰੀਰ ਵਧੀਕ ਕੰਮ ਦੇਣ ਵਾਲਾ ਮੇਰਾ ਸੇਵਕ ਰਹੇ।

ਲੋਕੀਂ ਹਵਾ ਤੋਂ ਡਰਦੇ ਹਨ ਕਿ ਬੀਮਾਰ ਨਾ ਕਰ ਦੇਵੇ, ਪਰ ਹਵਾ ਤਾਂ ਅਰੋਗਤਾ ਦਾ ਚਾਕਰ ਸੀ। ਪਾਣੀ ਤੋਂ ਡਰਦੇ ਹਨ ਅਰ ਵਰਣ ਸਮਝ ਕੇ ਅਰਘੀਆਂ ਦੇਂਦੇ ਹਨ, ਪਰ ਜਲ ਤਾਂ ਪਾਲਣਹਾਰ ਸੀ। ਇਸੇ ਤਰ੍ਹਾਂ ਚਾਨਣ ਤੇ ਧੁੱਪ ਸਭ ਸਰੀਰ ਦੇ ਸੁਖ ਲਈ ਹਨ। ਸਰੀਰ ਦੇ ਅੰਦਰ ਵੱਸਣ ਵਾਲਾ ਸਰਦਾਰ ਹੈ, ਜੇ ਮਾਲਕ ਦੇ ਹੁਕਮ ਵਿਚ ਤੁਰੇ ਤਾਂ।[1] ਜੋ ਹੁਕਮ ਨੂੰ ਮੰਨ ਜਾਣਦਾ ਹੈ ਉਹ ਹੁਕਮ ਮਨਾਉਣ ਵਿਚ ਵੀ ਪ੍ਰਬੀਨ ਹੁੰਦਾ ਹੈ; ਉਹ ਸਾਰੀ ਰਚਨਾ ਪਾਸੋਂ ਵਧੀਕ ਤੋਂ ਵਧੀਕ ਸੁਖ ਲੈ ਸਕਦਾ ਹੈ। ਪਰ ਅੰਤਰ ਆਤਮੇ ਮੇਲ ਪਾਏ ਬਿਨਾਂ ਮੁਰਤ ਵਿਚ ਸਰਦਾਰੀ ਦਾ ਭਾਵ ਨਹੀਂ ਉਪਜਦਾ। ਐਵੇਂ ਜੋ ਆਪ ਨੂੰ ਉੱਚਾ ਸਮਝ ਬਹੀਦਾ ਹੈ ਉਹ ਹੰਕਾਰ ਹੈ[2], ਪਰਮਾਤਮਾਂ ਨਾਲ ਮੇਲ ਪਾਕੇ ਮੁਰਤ ਵਿਚ ਜੋ ਉੱਚਾ ਭਾਵ ਟਿਕਦਾ ਹੈ ਉਹ ਉਨਮਨ ਹੈ, ਉਹ ਅਸਲ ਚੜ੍ਹਦੀਆਂ ਕਲਾਂ ਹਨ।

ਇਸ ਤਰ੍ਹਾਂ ਦੇ ਨਿਰੋਲ ਚੜ੍ਹਦੀਆਂ-ਕਲਾਂ ਦੇ ਉਪਦੇਸ਼ ਕਰਦੇ, ਆਪਣੇ ਪਿਆਰਿਆਂ ਦੇ ਆਤਮ ਬਲਾਂ ਦੇ ਵੱਲ ਖੋਲ੍ਹਦੇ, ਸ੍ਰੀ ਗੁਰੂ ਜੀ ਟਾਬਰੇ ਪਹੁੰਚੇ। ਅੱਗੇ ਡੇਰੇ ਦਾ ਸਾਮਾਨ ਕੋਈ ਨਹੀਂ ਸੀ, ਪਰ ਸ੍ਰੀ ਗੁਰੂ ਜੀ ਨੇ ਪਿਆਰਿਆਂ ਨੂੰ ਦੱਸਿਆ ਸੀ ਕਿ ਸਾਡੇ ਵਾਸਤੇ ਸਭ ਸਾਮਾਨ ਕੁਦਰਤ ਅਗੇ ਤਿਆਰ ਕਰੇਗੀ। ਸਾਨੂੰ ਚਿੰਤਾ ਕਰਨ ਦੀ ਲੋੜ ਨਹੀਂ ਸਾਡੇ ਲਈ ਮਾਲਕ ਨੂੰ ਹਰ ਦਮ ਚੇਤੇ ਕਰਨ ਦੀ ਲੋੜ ਹੈ[3]। 'ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ'। ਜਦ ਅਸੀਂ ਮਾਲਕ ਦੇ ਹੋ ਜਾਂਦੇ ਹਾਂ: ਤਦ ਮਾਲਕ ਆਪੇ ਸਾਡਾ ਸਭ ਕੁਝ ਸੁਆਰਦਾ ਹੈ[4] ਸੋਈ ਗੱਲ ਹੋਈ: ਜਦ ਟਾਬਰੇ ਪਹੁੰਚੇ ਤਦ ਰਾਓ ਨੂੰ ਅੱਗੇ ਹੀ ਖਬਰ ਲਗ ਚੁਕੀ ਸੀ ਉਤਾਰੇ ਲਈ ਸਾਫ ਮੈਦਾਨ ਸੀ। ਸੈਨਾ ਲਈ ਤੰਬੂ, ਲੰਗਰ, ਘੋੜਿਆਂ ਲਈ ਘਾਸ ਤੇ ਹੋਰ ਸਭ ਕੁਛ ਤਿਆਰ ਸੀ। ਰਾਇ ਨੇ ਆਪ ਆ ਕੇ ਦਰਸ਼ਨ ਕੀਤੇ, ਮੱਥਾ ਟੇਕਿਆ, ਤਲਵਾਰ ਚਰਨਾਂ ਵਿਚ ਪੇਸ਼ ਕੀਤੀ, ਇਕ ਘੋੜਾ ਤੇ ਪੰਜ ਸੌ ਰੁਪਯਾ ਭੇਟਾ ਕੀਤਾ ਅਰ ਪਹਾੜੀ ਕੰਬਲ, ਜਿਨ੍ਹਾਂ ਨੂੰ ਗੁਦਮੇ ਆਖਦੇ ਹਨ ਬਹੁਤ ਸਾਰੇ ਭੇਟਾ ਕੀਤੇ। ਸ੍ਰੀ ਗੁਰੂ ਜੀ ਨੇ ਇਕ ਪੇਸ਼ ਕਬਜ਼ ਰਾਜੇ ਨੂੰ ਦਿੱਤੀ। ਅਰ ਵਰਦਿੱਤਾ ਕਿ ਜਦ ਤਕ ਇਸਦਾ ਸਤਿਕਾਰ ਕਰੋਗੇ; ਧਰਮ ਅਰ ਪ੍ਰਤਾਪ ਬਣਿਆ ਰਹੇਗਾ। ਸ਼ਸਤ੍ਰ ਦਾ ਸਨਮਾਨ ਦਾਤੇ ਨਾਲ ਅੰਤਰ ਆਤਮੇ ਨੇਹੁ ਦਾ ਵਸੀਲਾ ਬਣਿਆ। ਭਾਈ ਗਿਆਨ ਸਿੰਘ ਜੀ ਲਿਖਦੇ ਹਨ ਕਿ ਹੁਣ ਤਕ ਉਨ੍ਹਾਂ ਦੀ ਸੰਤਾਨ ਨੇ ਇਹ ਪੇਸ਼ ਕਬਜ਼ ਸਤਿਕਾਰ ਨਾਲ ਰਖਿਆ ਹੋਯਾ ਹੈ। ਲੌਢੇ ਪਹਿਰ ਸਤਿਗੁਰ ਜੀ ਅਚਾਨਕ ਉਤਾਵਲੇ ਹੋ ਕੇ ਟੁਰ ਪਏ ਤਦ ਸਾਰੇ ਡੇਰੇ ਵਿਚ ਕੂਚ ਬੋਲ ਗਿਆ।

1. ਫਰੀਦਾ ਜੇ ਤੂ ਮੇਰਾ ਹਇ ਰਹਹਿ ਸਭੁਜਗੁ ਤੇਰਾ ਹੋਇ॥ ੯੫॥
2. ਨਾਨਕ ਤੇ ਨਰ ਅਮਲਿ ਖਰ ਜੋ ਬਿਨਗੁਣ ਗਰਬੁ ਕਰੰਤ॥ (ਸਲੋਕ ਮ:੧)
3. ਅਚਿੰਤ ਕੰਮ ਕਰਹਿ ਪ੍ਰਭ ਤਿਨਕੇ ਜਿਨ ਹਰਿ ਕਾ ਨਾਮੁ ਪਿਆਰਾ॥ (ਸੋਰ: ਮ: ੧)। 4. ਚਿੰਤਤ ਹੀ ਦੀਸੈ ਸਭੁ ਕੋਇ॥ ਚੇਤਹਿ ਏਕ ਤਹੀ ਸੁਖੁ ਹੋਇ॥ (ਦ: ਓ: ਮ: ੧)

### ੩.

**ਇਕ** ਦਿਨ ਰਾਜ ਮਹਲ ਵਿਚ ਸਾਰੇ ਬੈਠੇ ਸਨ। ਮਾਈ ਜੀ ਤੇ ਟਿਕਾ ਜੀ ਦੀ ਕੁਛ ਗੱਲ ਬਾਤ ਹੋ ਰਹੀ ਸੀ, ਅੰਦਰਲੇ ਦੇ ਕੋਮਲ ਤੇ ਸ਼ਰਧਾ ਭਰੇ ਪ੍ਰੇਮ ਦਾ ਵੇਰਵਾ ਚਲ ਰਿਹਾ ਸੀ ਕਿ ਰਾਣੀ ਦੀਆਂ ਦਿਲਤਰਬਾਂ ਕੰਬ ਖੜੋਤੀਆਂ। ਨੈਣ ਮੁੰਦ ਹੋ ਗਏ; ਆਪਾ ਝਰਨ ਝਰਨ ਹੋਇਆ। ਨਿੰਮ੍ਰਤਾ, ਵੈਰਾਗ, ਅਰਦਾਸ ਤੇ ਦਰਸ਼ਨ ਸਿਕ ਦੇ ਭਾਵ ਅੰਦਰੋਂ ਅਕਾਸ਼ੀ ਪੀਂਘ ਦੇ ਸੱਤ ਰੰਗਾਂ ਵਾਂਙੂ ਚਕ੍ਰਾਕਾਰ ਹੋ ਲਿਸ਼ਕੇ। ਉਹ ਭਾਵ ਹੇਠ ਲਿਖੇ ਛੰਦ ਵਿਚ ਅੰਕਿਤ ਹਨ:--

[1]ਕੁਲ ਵਾਸ ਹੈ ਚੰਗੇਰਾ ਦੋਹੀਂ ਦਿਸ਼ੀਂ ਮੈਂ ਪਾਯਾ,
ਦੌਲਤ ਤੇ ਮਾਲ ਬੀ ਹੈ ਮਿਲਿਆ ਮਿਲਖ ਸਵਾਯਾ।
ਰਾਣੀ ਹਾਂ ਰਾਜ ਕਰਦੀ, ਟੁਰਦਾ ਹੁਕਮ ਹੈ ਮੇਰਾ,
ਸੁਖ ਹੈ ਨਸੀਬ ਸਾਰਾ, ਬ੍ਰਹਮਾਂ ਨੇ ਜੋ ਬਨਾਯਾ।
ਐਪਰ ਭੁਲੇਖੜਾ ਸੀ, ਅੰਦਰ ਪਿਆ ਹਨੇਰਾ,
ਜਿਸ ਵਿਚ ਰਚੀ ਸਾਂ ਗਾਫ਼ਲ ਉਹ ਸੀ ਵਿਨਾਸ਼ ਮਾਯਾ,
ਠੰਢਕ ਜਿਦ੍ਹੀ ਮੈਂ ਪਾਈ, ਸੁਖ ਰੂਪ ਜਾਣ ਮਾਣੀ,
ਸੂਰਜ ਨਹੀਂ ਸੀ ਉਹ ਤਾਂ ਮਾਯਾ ਦੀ ਢਲਵੀਂ ਛਾਯਾ।

1. ਇਹ ਬਿਰਹਾ ਸੰਮਤ ੪੪੩ (ਗੁ: ਨਾ:) ਨੂੰ ਗੁਰਪੁਰਬ ਸਪਤਮੀ ਪਰ 'ਦਰਸ਼ਨ ਦੀ ਸਿੱਕ ਤੇ ਦਰਸ਼ਨ ਸਮਾਈ' ਦੇ ਸਿਰਨਾਵੇ ਹੇਠਾਂ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਆ ਸੀ।

ਕਿਣਕਾ ਸੀ ਪ੍ਰੇਮ ਵਾਲਾ, ਵਸਦਾ ਸੀ ਅੰਦਰੇ ਓ,
ਡਿੱਠਾ ਨ ਏਸ ਨੂੰ ਸੀ, ਧੁਰ ਤੋਂ ਸੀ ਨਾਲ ਆਯਾ।
ਇਸਨੂੰ ਪਛਾਣਿਆਂ ਨਾਂ, ਪਿੱਛਾ ਨ ਇਸਦਾ ਡਿੱਠਾ,
ਦੀਵਾ ਸੀ ਚਾਨਣਾ ਏ, ਇਸ ਨੂੰ ਮੈਂ ਚਾ ਭੁਵਾਯਾ
ਚਾਨਣ ਪਿਆ ਅਗੇਰੇ, ਪਿੱਛਾ ਗਿਆ ਸੀ ਲੁਕਦਾ,
ਅੱਗੇ ਦੇ ਰੰਗ ਸੁਹਣੇ ਦਿਲ ਦੇਖਕੇ ਲੁਭਾਯਾ।
ਰੰਗਾਂ ਦੇ ਵਿਚ ਰੰਗੀ, ਜਾਤੇ ਨ ਨਾਸ਼ ਹੋਣੇ,
ਉਡ ਜਾਣਗੇ ਏ ਸਾਰੇ ਜਦ ਕਾਲ ਨੇ ਹਿਲਾਯਾ।
ਚੰਗੇ ਨਸੀਬ ਮੇਰੇ, ਆਈ ਇਕ ਦੇਵ ਰਾਣੀ,
ਜਿਸ ਨੇ ਆ ਟੁੰਬਿਆ ਤੇ ਸੁੱਤੀ ਨੂੰ ਚਾ ਜਗਾਯਾ।
ਬੋਲੀ--ਹੇ ਗ਼ਾਫਲੇ ! ਤੂੰ ਸੁੱਤੀ ਪਈ ਹੈਂ ਹਾਏ,
ਤਾਰੇ ਲਟਕ ਗਏ ਹਨ; ਵੇਲਾ ਪ੍ਰਭਾਤ ਆਯਾ।
ਹੈ ਰਾਤ ਬੀਤ ਚੱਲੀ, ਸੁੱਤੀ ਹੈਂ ਕਿਸ ਭੁਲੇਵੇ ?
ਚਿੱਟਾ ਚੜ੍ਹੂ ਦਿਹਾੜਾ ਉਘੜੇਗਾ ਸਭ ਕਮਾਯਾ।
ਪਿੱਛੇ ਜੋ ਪਾਇਆ ਸੀ ਲੀਤਾ ਹੈ ਭੋਗ ਏਥੇ,
ਅਗਲੀ ਮਜ਼ਲ ਦੇ ਜੋਗਾ ਪਾਂਧੀ ਤੂੰ ਕੀ ਬਨਾਯਾ ?
ਪਿਛਲੀ ਮਜ਼ਲ ਦਾ ਵੱਖਰ ਏਸੇ ਮੁਕਾਮ ਖਾਧਾ,
ਅਗਲੀ ਲਈ ਨ ਏਥੇ ਕੱਠਾ ਤੂੰ ਕੁਛ ਕਰਾਯਾ।
ਪੈਂਡਾ ਹੈ ਗੋਰੀਏ ਨੀ, ਧੁਰ ਦੇ ਅਸੀਂ ਮੁਸਾਫ਼ਰ
ਲੱਖਾਂ ਮਜ਼ਲ ਤੋਂ ਆਏ; ਅੱਗੇ ਹੈ ਰਾਹ ਸਵਾਯਾ।
ਦਿਲ ਨੂੰ ਲੱਗਾ ਕੇ ਏਥੇ ਡੇਰਾ ਤੂੰ ਘੱਤ ਬੈਠੀ,
ਸਿਰ ਤੇ ਸਫਰ ਕਰਾਰਾ ਚੇਤੇ ਕਦੇ ਨ ਆਯਾ।
ਉਠ ਹੋਸ਼ ਕਰ ਸਿਆਣੀ, ਵੇਲਾ ਨ ਹੋਰ ਜਾਵੇ,
ਠਹਿਰੇ ਸਮਾਂ ਕਦੀ ਨਾ, ਮੁੜਕੇ ਕਦੀ ਨ ਆਯਾ।
ਅੱਭੜ ਪਈ ਮੈਂ ਜਾਗੀ, ਆਖਾਂ: "ਪਿਆਰ ਵਾਲੀ!
ਸੁੱਤੀ ਨੂੰ ਜੇ ਜਗਾਯਾ, ਚਹੀਏ ਮਜ਼ਲ ਪੁਚਾਯਾ"।
ਆਖੇ ਓ ਦੇਵ ਰਾਣੀ: "ਔਖੀ ਨ ਗਲ ਕੋਈ;
ਘਟ ਦੀਪ ਕਰਲੈ ਸਿੱਧਾ ਜਿਸਦਾ ਸੀ ਰੁਖ ਭੁਆਯਾ।
ਕਿਣਕਾ ਸੀ ਪ੍ਰੇਮ ਵਾਲਾ ਰੱਖਯਾ ਧੁਰੋਂ ਤੈਂ ਅੰਦਰ,
ਉਸਦਾ ਮੂੰਹ ਫੇਰਕੇ ਤੂੰ ਦੁਨੀਆਂ ਦੇ ਵਿਚ ਲਗਾਯਾ।
ਮੂੰਹ ਮੋੜ ਉਸਦਾ ਅੰਦਰ ਪਿੱਛੇ ਪਰਤ ਕੇ ਤੱਕੀਂ,
ਬੈਠਾ ਹੈ ਕੌਣ ਪਜਾਰਾ, ਜਿਸਨੇ ਸੀ ਏ ਦਿਖਾਯਾ।
ਇਮ ਚਾਨਣੇ ਦੇ ਨਾਲੇ ਉਸ ਚਾਨਣੇਂ ਨੂੰ ਦੇਖੀਂ,
ਜਿਸ ਦੀ ਰਿਜ਼ਮ ਏ ਹੋਵੇ, ਇਸਨੂੰ ਜਿਨ੍ਹੇ ਬਨਾਯਾ"।
ਦੇਵੀ ਨੇ ਦੀਪ ਘਟ ਦਾ ਫੜਕੇ ਜਦੋਂ ਭੁਆਯਾ,
ਆਹਾ ਮੈਂ ਰੂਪ ਡਿੱਠਾ 'ਜਗ ਰੂਪ' ਜਿਸ ਬਨਾਯਾ।
ਪਿੱਛੇ ਪਰਤ ਨਜ਼ਰ ਨੇ ਝਾਕੀ ਅਜੀਬ ਵੇਖੀ,
ਠਾਂਢਾ ਗੁਰੂ ਹੈ ਸਿਰ ਤੇ ਜਿਸਦਾ ਹੈ ਰੂਪ ਦਾਯਾ।
ਝੋਲੀ ਹੈ ਅੱਡ ਬੈਠਾ, ਭਰਿਆ: ਪਰੇਮ ਕੂਕੇ:-
"ਬਾਲੋ ਮੁੜ ਆਓ ਘਰ ਨੂੰ ਖੇਡੇ ਸਮਾਂ ਗੁਆਯਾ !
ਮਿੱਟੀ ਦੀ ਖੇਡ ਪਜਾਰੀ ਕੀਤੀ ਹੈ ਬਹੁਤ ਸਾਰੀ,
ਮਿੱਟੀ ਨ ਕੰਮ ਆਊ, ਇਸਦਾ ਜੁ ਢੇਰ ਲਾਯਾ।
ਹੱਥ ਪੈਰ ਲਿੱਬੜੇ ਹਨ, ਮੈਲੇ ਗਏ ਹੋ ਸਾਰੇ,
ਰਾਤੀਂ ਜਦੋਂ ਮੁੜੋਗੇ ਜਾਸੀ ਏ ਚਾ ਬਿਲਾਯਾ।
ਧੋਣੇ ਦਾ ਕਸ਼ਟ ਭਾਰੀ ਹੋਸੀ ਤਦੋਂ, ਮੈਂ ਲਾਲੋ'।
ਆ ਜਾਓ ਘਰ ਸਵੇਲੇ, ਮੂੰਹ ਧੋਦਿਆਂ ਬਣਾਯਾ"।
ਪਜਾਰੀ ਏ ਸੱਦ ਗੁਰੂ ਦੀ ਮਸਤੀ ਭਰੀ ਏ ਬਾਣੀ,
ਮਿੱਠੀ ਤੇ ਰਸ ਭਰੀ ਨੇ ਸੀਨੇ 'ਚ ਪ੍ਰੇਮ ਲਾਯਾ।
ਅੰਦਰ ਹੈ ਰੂਪ ਵਸਦਾ, ਵਸਦੀ ਹੈ ਯਾਦ ਨਾਲੇ,
ਖਿੱਚਦੀ ਹੈ ਖਿੱਚ ਪਜਾਰੀ, ਐਸਾ ਹੈ ਰੰਗ ਲਾਯਾ।
ਤਰਸਾਂ ਖੜੀ ਹੋ ਦੁਆਰੇ, ਦਰਸ਼ਨ ਸਰੀਰ ਹੋਵੇ,
ਪਜਾਰਾ ਜਦੋਂ ਹੈ ਚੋਜੀ ਹੁਣ ਰੂਪ ਧਾਰ ਆਯਾ।
ਔਗੁਣ ਭਰੇ ਅਸੀਂ ਹਾਂ, ਕਰਮੋਂ ਧਰਮ ਤੋਂ ਖਾਲੀ,
ਐਪਰ ਬਿਰਦ ਦੇ ਸਦਕੇ, ਪਤਿਤਾਂ ਨੂੰ ਉਨ ਜਗਾਯਾ।
ਦਰਸ਼ਨ ਦੀ ਤਾਂਘ ਜਾਗੀ, ਜਾਗੀ ਵਧੀ ਵਧੇਰੇ,
ਦਿਨ ਰਾਤ ਏਸ ਮੈਨੂੰ, ਵਿਚ ਤਾਂਘ ਦੇ ਲਗਾਯਾ।
ਆਵੋ ਹੇ ਤ੍ਰਾਣ ਕਰਤਾ, ਸ੍ਰਿਸ਼ਟੀ ਉਧਾਰ ਵਾਲੇ !
ਬੇੜਾ ਏ ਮੰਝ ਧਾਰੇ ਘੁੰਮਣ ਦੇ ਵਿੱਚ ਆਯਾ।
ਦੀਦਾਰ ਸਤਿਗੁਰੂ ਜੀ ਦੇਵੋ ਨਿਮਾਣਿਆਂ ਨੂੰ,
ਭੁਲਜਾਂ ਨੂੰ ਆ ਮਿਲਾਵੋ, ਸੁੱਤਜਾਂ ਨੂੰ ਜੇ ਜਗਾਯਾ।
ਰਾਤਾਂ ਮੈਂ ਜਾਗਦੀ ਹਾਂ 'ਦਰਸ਼ਨ-ਗੁਰੂ' ਨੂੰ ਤਾਘਾਂ,
ਦਿਨ ਨੂੰ ਉਡੀਕਦੀ ਹਾਂ, ਕੰਮ ਕਾਜ ਹੈ ਭੁਲਾਯਾ।
ਲਗਦਾ ਨ ਰਾਜ ਚੰਗਾ, ਦੌਲਤ ਨ ਭਾਉਂਦੀ ਹੈ,
ਧੌਲਰ ਉਜਾੜ ਹੋਏ, ਐਸਾ ਹੈ ਜੀ ਉਚਾਯਾ।
ਇੱਕੋ ਦਰਸ ਦੀ ਲਿਵ ਹੈ ਦਿਲ ਘੇਰਕੇ ਜੋ ਬੈਠੀ,
ਲੂੰ ਲੂੰ ਵਿਖੇ ਹੈ ਲਿਵ ਇਸ; ਖਿੱਚਾਂ ਦਾ ਜ਼ੋਰ ਪਾਯਾ।
ਰੋਂਦੇ ਏ ਨੈਣ ਤ੍ਰਾਮੇ, ਕੰਬੇ ਹੈ ਨਾਲ ਹੀਆ,
ਡਾਵਾਂ ਹੈ ਡੋਲ ਹੋਇਆ, ਥਰਰਾਂ ਨੇ ਹੈ ਥਰਾਇਆ।
ਇਕ ਅਰਜ਼ ਏਹੈ ਬੰਦੀ; ਪਜਾਰੇ ਗੁਰੂ ਜੀ ਕਰਦੀ !
ਇਕ ਵਾਰ ਦੇ ਦਿਦਾਰੇ; ਕਰ ਦੂਰ ਦੇ ਏ ਮਾਯਾ।
ਇਕ ਵਾਰ ਸਿੱਕ ਏ ਹੈ ਮੁਖ ਧੂੜ ਨੂੰ ਲਗਾਵਾਂ,
ਹੰਕਾਰੀਆ ਏ ਸਿਰ ਹੈ, ਸਫਲੇ ਏ ਚਰਨ ਲਾਯਾ।
ਸੁੰਞ ਏ ਹੱਥ ਮੇਰੇ, ਸੁੰਞੇ ਹੁਕਮ ਹੀ ਜਾਣਨ,
ਸੇਵਾ ਦਾ ਸਫਲ ਰਸ ਜੋ ਇਹਨਾਂ ਨਹੀਂ ਖਖਾਯਾ।

ਕਰੜੇ ਏ ਪੈਰ ਮੇਰੇ, ਵਿਚ ਹਾਕਮੀ ਤੁਰੇ ਹਨ,
ਸਤਿਸੰਗ ਦੂਰ ਟੁਰਕੇ, ਇਹਨਾਂ ਨ ਸੁੱਖ ਪਾਯਾ।
ਹਾਏ ਬਿਹਾਲ ਮੇਰੇ ਨੈਣਾਂ ਨੇ ਕੋਟ ਦੇਖੇ,
ਸਾਧੂ ਦਰਸ਼ ਨ ਕਰਕੇ, ਆਪਾ ਸਫਲ ਕਰਾਯਾ,
ਹਾਏ ਸਫਲ ਨ ਹੋਈ, ਚੱਲਯਾ ਜਨਮ ਅਜਾਈਂ,
ਸਫਲਾਓ ਦਰਸ ਦੇ ਕੇ, ਸਫਲੇ ਸੰਸਾਰ ਆਯਾ।
ਹਾਂ ਆਖ ਆ ਕੇ ਰਿਵੀਏ[1] ! ਚੋਜੀ ਗੁਰੂ ਜੀ ਆਏ,
ਨੱਸਾਂ ਮੈਂ ਭਾਰ ਅੱਖਾਂ, ਖੰਭਾਂ ਦਾ ਤਾਣ ਪਾਯਾ[2]।

ਰਾਣੀ ਆਪਣੇ ਰੰਗੋਂ ਅਜੇ ਬਾਹਰ ਨਹੀਂ ਸੀ ਆਈ, ਆਪਣੇ ਭਾਵਾਂ ਵਿਚ ਅੱਖਾਂ ਮੀਟੀ ਬੈਠੀ ਸੀ ਕਿ ਇੰਨੇ ਨੂੰ ਦੁਰਗਾ ਗੋਲੀ ਦੌੜੀ ਆਈ : ਮਹਾਰਾਣੀ ਜੀ ! ਬਹੁਤ ਦੂਰ ਤੋਂ ਗਰਦ ਨਜ਼ਰ ਆਉਂਦੀ ਹੈ, ਕੋਈ ਰਾਜਾ ਸੈਨਾ ਲੈ ਕੇ ਮਤੇ ਚੜ੍ਹ ਆਇਆ ਹੈ।

ਰਾਜੇਸ਼੍ਵਰੀ ਗੋਲੀ (ਹਫੀ ਹੋਈ ਆਈ)—ਦੀਵਾਨ ਜੀ ਦਰਵਾਜ਼ੇ ਤੇ ਆਏ ਹਨ, ਕਹਿੰਦੇ ਹਨ: ਆਪ ਨੂੰ ਸਮਝਾ ਰਹੇ ਸਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨਾ ਧਾਰੋ, ਹੁਣ ਰਾਜਾ ਰਾਮਗੜ੍ਹ ਵਾਲਾ ਜਸਵਾਰੀਆ ਤੇ ਕਹਿਲੂਰੀਆ ਤੇ ਹੋਰ ਖ਼ਬਰੇ ਕੌਣ ਗੁਰੂ ਕੇ ਮਗਰ ਆਏ ਹੋਏ ਇਧਰ ਨੂੰ ਵਧ ਆਏ ਹਨ। ਦੱਸੋ ਸ਼ਰਣ ਲੈਣੀ ਹੈ ਕਿ ਲੜਾਈ ? ਅਚਾਨਕ ਬਿਜ ਆ ਪਈ ਹੈ, ਤਿਆਰੀ ਕੁਛ ਨਹੀਂ ਹੋ ਸਕਦੀ, ਭਾਵੇਂ ਸਭ ਸੀਸ ਤਲੀ ਤੇ ਧਰੀ ਹਾਜ਼ਰ ਖਲੇ ਹਨ। ਮੈਂ ਬਖ਼ਸ਼ੀ ਜੀ ਨੂੰ ਤਿਆਰੀ ਲਈ ਕਹਿ ਆਇਆ ਹਾਂ। ਅਰ ਸੈਨਾਂ ਨੂੰ ਹੁਕਮ ਚੜ੍ਹ ਗਿਆ ਹੈ।

ਰਾਣੀ ਕੁਛ ਸੋਚ ਵਿਚ ਪੈ ਗਈ।

ਕੁਟਰੋਲ ਬਾਈ (ਭੱਜੀ ਆਈ)—ਸੈਨਾਪਤ, ਵਜ਼ੀਰ, ਦੀਵਾਨ ਸਾਰੇ ਆਏ ਖੜੇ ਹਨ, ਫੌਜ ਕੁਛ ਤਿਆਰ ਹੋ ਗਈ ਹੈ; ਸਵਾਰਾਂ ਦਾ ਇਕ ਦਸਤਾ ਅੱਗੇ ਗਿਆ ਹੈ। ਆਪ ਦੀ ਆਗਜਾ ਮੰਗਦੇ ਹਨ ਸਾਰੇ ਖੜੇ।

ਰਾਣੀ—ਕੁਟਰੋਲਾਂ ! ਸ਼ੱਤ੍ਰ ?

ਸਾਰੇ—ਔਹ ਲੋ ਧੌਂਸੇ ਦੀ ਆਵਾਜ਼ ਬੀ ਆਈ।

ਰਾਣੀ—ਇਹ ਕੀ ਹੈ ?

ਕੁਟਰੋਲਾਂ—ਵੈਰੀਆਂ ਦਾ ਸਰਹੱਦ ਟੱਪਕੇ ਸਾਡੇ ਗਿਰਾਵਾਂ ਤੇ ਆ ਜਾਣ ਦੀ ਪਹਿਲੀ ਬਿਜੈ ਸੱਦ।

ਮਾਈ—ਜ਼ਰਾ ਚੁਪ ਕਰੋ (ਕੰਨ ਲਾ ਕੇ ਫੇਰ ਸੋਚ ਕੇ) ਰਾਣੀਏਂ ! ਇਹ ਤਾਂ ਮੇਰੇ ਸਤਿਗੁਰ ਦੇ ਸਫਰੀ ਰਣਜੀਤ ਨਗਾਰੇ ਦੀ ਚੋਟ ਹੈ, ਅਰ ਗਤ ਜੋ ਨਗਾਰੇ ਪਰ ਪੈ ਰਹੀ ਹੈ, ਉਹ ਇਸ ਅਰਥ ਵਾਲੀ ਹੈ, ਕਿ ਅਸੀਂ ਸਜਣਾਂ ਦੇ ਇਲਾਕੇ ਵਿਚ ਆਏ ਹਾਂ।

ਰਾਣੀ—ਮੈਨੂੰ ਪਛਾਣ ਤਾਂ ਹੈ ਨਹੀਂ, ਪਰ ਦਿਲ ਡਰਿਆ ਨਹੀਂ, ਖੁਸ਼ ਹੋ ਰਿਹਾ ਹੈ, ਜੇਕਰ ਆਪ ਦੀ ਪੱਕੀ ਸਿਆਣ ਹੈ ਤਾਂ ਮੈਂ ਹੁਕਮ ਚੁੱਪ ਦਾ ਦੇਈ ਰੱਖਾਂ, ਐਸਾ ਨਾ ਹੋਵੇ ਕਿ ਕਿਸੇ ਮੂਰਖਤਾ ਵਿਚ ਦਾਤੇ ਦੀ ਅਵੱਗਜਾ ਕਰ ਬੈਠਾਂ।

ਹੁਣ ਨਗਾਰੇ ਦੀ ਆਵਾਜ਼ ਬੰਦ ਹੋ ਗਈ ਤੇ ਨਰਸਿੰਘੇ ਦੀ ਆਵਾਜ਼ ਪਹੁੰਚੀ; ਇਸ ਵਿਚ ਪੀਲੋ ਨਾਲ ਮਿਲਦੀ ਸੁਰ ਵਿਚ ਕੋਈ ਧੁਨੀ ਸੀ, ਜਿਸ ਨੂੰ ਪਛਾਣ ਕੇ ਮਾਈ ਨੇ ਕਿਹਾ, "ਬੇਖ਼ਤਰ ਹੋ ਵੈਰੀ ਦਲ ਨਹੀਂ ਹੈ। ਇਹ ਸ਼ਹਨਾਈ ਨਾਲ ਨਰਸਿੰਘੇ ਦੀ ਮਿਲਵੀਂ ਸ਼ੈ ਹਿੰਦੁਸਤਾਨ ਵਿਚ ਮੇਰੇ ਪਿਆਰੇ ਦੇ ਸੰਗੀਤਕਾਂ ਬਿਨ ਕੌਣ ਵਜਾ ਸਕਦਾ ਹੈ ? ਪਿਆਰੀ ਬੱਚੀ ! ਡਰ ਦੀ ਥਾਂ ਫੂਲੀ ਨਾ ਸਮਾ, ਇਹ ਤਾਂ-'**ਪ੍ਰੀਤਮ ਜੀ ਆ ਗਏ**' ਦੀ ਸਦ ਹੋ ਰਹੀ ਹੈ।"

'**ਪ੍ਰੀਤਮ ਜੀ ਆ ਗਏ**' ਕੀਹ ਸੀ, ਇਕ ਜਾਦੂ ਦੀ ਟੇਕ ਸੀ। ਰਾਣੀ ਮਗਨ ਹੋ ਗਈ। ਸੁੰਦਰ ਤੇ ਭੋਲੇ ਚਿਹਰੇ ਵਾਲੇ ਟਿੱਕਾ ਜੀ ਤੇ ਕੰਵਰ ਜੀ ਚਾਉ ਨਾਲ ਭਰ ਗਏ। ਗੋਲੀਆਂ ਬਾਹਰੋਂ ਆ ਰਹੀਆਂ ਸਨ, ਪਰ ਅੰਦਰ ਭਚੱਕ ਹੋ ਖੜੋ ਜਾਂਦੀਆਂ ਸਨ। ਰਾਣੀ ਦੇ ਦਿਲ ਤੇ ਖੁਸ਼ੀ ਸੀ, ਅਰ ਵੈਰਾਗ ਭਰਿਆ ਚਾਉ ਸੀ ਪਰ ਦੈਵੀ ਭੈ ਵਾਲਾ, ਆਨੰਦ ਸੀ ਪਰ ਠੰਢਾ ਤੇ ਸੀਤਲ, ਨਿੰਮ੍ਰਤਾ ਸੀ ਪਰ ਸਿਦਕ ਵਾਲੀ, ਔਗੁਣਾਂ ਦੀ ਯਾਦ ਸੀ ਪਰ ਪਵਿੱਤ੍ਰ ਆਸ਼ਾ ਨਾਲ ਭਰੀ ਹੋਈ, ਸਾਰੇ ਭਾਵ ਮਗਨ ਚਾਉ ਵਿਚ ਲਿਜਾ ਰਹੇ ਸਨ। ਕੁਛ ਚਿਰ ਇਉਂ ਰਹਿਕੇ ਰਾਣੀ ਬੋਲੀ: ਅੰਮੀਏਂ ! ਮੇਰਾ ਹੁਣ ਆਪਣਾ ਆਪ ਵੱਸ ਨਹੀਂ। ਸਤਿਗੁਰ ਸਾਡਾ ਅਸੀਂ ਸਤਿਗੁਰ ਦੇ। ਮੇਰੀ ਕੁਲਾ-ਰੀਤ ਤੇ ਲੋਕ ਲਾਜ ਦੇ ਭੈ ਚਲੇ ਹਨ। ਜੋ ਵਾਹਿਗੁਰੂ ਦੇ ਦਰੋਂ ਆਪ ਤਾਰਨ ਐਥੇ ਆਉਂਦਾ ਹੈ, ਜੋ ਪਾਪੀਆਂ ਨੂੰ ਸੱਦਦਾ ਨਹੀਂ, ਪਾਪੀਆਂ ਨੂੰ ਕਲਿਆਣ ਦੇਣ ਲਈ ਆਪ ਪਹੁੰਚਦਾ ਹੈ, ਉਸ ਅੱਗੇ ਕੀ ਰਾਜਸੀ ਟੈਂ, ਕੀ ਕੁਲ ਦੀ ਰੀਤਿ ਤੇ ਕੀ ਦੇਸ਼ ਦੀ ਚਾਲ। ਚਾਹੇ ਲੋਕ ਹੱਸਣ, ਅੰਮੀਂ ! ਚਾਹੇ ਤੂੰ ਬੀ ਗੁੱਸੇ ਹੋ, ਮੈਂ ਉਨ੍ਹਾਂ ਰਾਹਾਂ ਥਾਣੀਂ ਸਦਕੜੇ ਹੋਣ ਚਲੀ ਹਾਂ, ਜਿਨ੍ਹਾਂ ਰਾਹਾਂ ਤੋਂ ਵਾਹਿਗੁਰੂ ਦਾ ਦੁਲਾਰਾ

1. ਰਿਵੀ=ਮੱਧਮ ਮਿੱਠੀ ਹਵਾ। 2. ਕਵਿਤਾ ਦਾ ਅੰਤਲਾ ਭਾਗ ਪੰਨਾ ੧੫੭ ਤੇ ਹੈ।

ਆ ਰਿਹਾ ਹੈ। ਮੈਂ ਹੁਣ ਪਰਦੇ ਤੇ ਘੁੰਡਾਂ ਨੂੰ ਤਿਲਾਂਜਲੀ ਦੇ ਕੇ ਉਸ ਧੂੜ ਵਿਚ ਲੇਟਣ ਚੱਲੀ ਹਾਂ ਜੋ ਪਿਆਰੇ ਦੇ ਚਰਨਾਂ ਨਾਲ ਪਵਿਤ੍ਰ ਹੋ ਗਈ ਹੈ। ਆ ਐਮੀਏ ! ਮੈਨੂੰ ਸਤਿਗੁਰ ਦੇ ਚਰਨਾਂ ਦੀ ਧੂੜ ਬਣਾ ਦੇ; ਯਾ ਮੈਨੂੰ ਦਰਗਾਹ ਦੇ ਬਸੀਠ ਦੇ ਚਰਣ ਕਮਲਾਂ ਦੀ ਰਜ ਲੈ ਦੇਹ।

ਐਉਂ ਕਹਿੰਦੀ ਰਾਣੀ ਬੱਚਿਆਂ ਨੂੰ ਨਾਲ ਨਾਲ ਲਈ, ਅਤਿ ਪ੍ਰੇਮ ਨਿੰਮ੍ਰਤਾ ਭਰੀ ਗੰਭੀਰ ਚਿਹਰੇ ਨਾਲ ਦਮਕਦੀ ਬਾਹਰ ਆਈ ਤੇ ਸਿੱਧੀ ਡਿਉਢੀ ਵਿਚੋਂ ਬਾਹਰ ਨਿਕਲ ਖੜੋਤੀ! ਮਾਈ ਜੀ ਨੇ ਰਾਣੀ ਦਾ ਖੱਬਾ ਹੱਥ ਫੜ ਰਖਿਆ ਸੀ ਤੇ ਨਾਲ ਨਾਲ ਜਾ ਰਹੀ ਸੀ। ਸੱਜੇ ਪਾਸੇ ਟਿਕਾ ਜੀ ਮਾਤਾ ਜੀ ਦੀ ਬਾਂਹ ਦੇ ਕਲਾਵੇ ਵਿਚ ਸਨ ਤੇ ਗੋਲੀਆਂ ਦਾ ਸਮੁਦਾਇ ਮਗਰ ਸੀ। ਅਹਿਲਕਾਰ ਬਾਹਰ ਖੜੇ ਸਨ। ਭਰੀ ਹੋਈ ਮਿੱਠੀ ਗੰਭੀਰ, ਪਰ ਮਸਾਂ ਮਸਾਂ ਨਿਕਲ ਰਹੀ ਆਵਾਜ਼ ਨਾਲ ਰਾਣੀ ਨੇ ਆਖਿਆ: "ਵਜ਼ੀਰ, ਸੈਨਾਪਤ, ਦੀਵਾਨ, ਸਾਰੇ ਸਜਣੋਂ ! ਸੈਨਾਂ ਸਮੇਤ ਮੇਰੇ ਮਗਰ ਮਗਰ ਆਓ, ਪਾਪਾਂ ਨੂੰ ਵਿਧਵੰਸ ਕਰਨ ਵਾਲਾ ਤੇ ਪਾਪੀਆਂ ਨੂੰ ਤਾਰਨ ਵਾਲਾ ਬਲੀ ਜੋਧਾ ਆ ਗਿਆ ਹੈ। ਉਸ ਨੇ ਬਿਨਾਂ ਕਮਾਨ ਖਿੱਚੇ ਸਾਨੂੰ ਸਰ ਕਰ ਲਿਆ ਹੈ, ਉਸਦੀ ਸ਼ਰਨ ਤਾਰਨ ਤਰਨ ਹੈ।"

ਹੁਕਮ ਸੀ ਕਿ ਨਰ ਰਾਣੀ ਦਾ ਇਕ ਕਰਾਰਾ ਤੇਜ ਸੀ, ਕੁਛ ਨਾ ਸਮਝੇ ਪਰ ਸਾਰੇ ਸ਼ਤਰੰਜ ਦੇ ਮੁਹਰਿਆਂ ਵਾਂਙ ਜਿਧਰ ਚਲਾਏ ਗਏ ਚੁੱਪ ਚਾਪ ਟੁਰ ਪਏ। ਦੱਲ ਹੁਣ ਨਗਰ ਤੋਂ ਥੋੜੀ ਦੂਰ ਸੀ। ਰਾਣੀ ਅੱਗੇ ਵਧੀ ਅਰ ਆਪਣੇ ਪਾਪਾਂ ਦੇ ਵੈਰੀ ਦੇ ਰਸਤੇ ਪਰ ਸਾਹਮਣੇ ਆ ਗਈ। ਅੱਖਾਂ ਚੁੱਕਦੀ ਹੈ, ਪਰ ਦਿਲ ਉੱਛਲਦਾ ਹੈ, ਕਲੇਜਾ ਧੜਕਦਾ ਹੈ, ਖਿੱਚ ਤੇ ਸ਼ਰਧਾ ਉਮਗ ਉਮਗ ਸਿਰ ਨੂੰ ਚੜ੍ਹਦੀ ਹੈ। ਅੱਖਾਂ ਅੱਗੋਂ ਚਾਨਣੇ ਦੇ ਕਈ ਛੱਲੇ ਸੂਰਜ ਦੇ ਵਾਂਙ ਲੰਘਦੇ ਮਾਨੋਂ ਦੇਖਣ ਸ਼ਕਤੀ ਅੱਗੇ ਹਨੇਰਾ ਪਾ ਜਾਂਦੇ ਹਨ। ਤੱਕਦੀ ਹੈ ਫਿਰ ਜੱਕਦੀ ਹੈ, ਸਿਰ ਨੀਵਾਂ ਕਰ ਲੈਂਦੀ ਹੈ--'ਕਿ ਮੈਂ ਅਭਾਗਣ ਪਵਿਤ੍ਰਤਾ ਪੁੰਜ ਦਾ ਦਰਸ਼ਨ ਕਰਨ ਲੱਗੀ ਹਾਂ ?' ਪਰ ਫੇਰ ਖਿੱਚਕੇ ਸਿਰ ਉੱਚਾ ਕਰਦੀ ਹੈ, ਅਰ ਤੱਕਦੀ ਹੈ। ਇਸ ਤਰ੍ਹਾਂ ਕਰਦਿਆਂ ਪਾਪਾਂ ਦੇ ਵੈਰੀਆਂ ਦਾ ਸਰਦਾਰ ਅਤਿ ਨੇੜੇ ਆ ਗਿਆ। ਉਸਦੇ ਸਬਜ਼ੇ ਘੋੜੇ ਦੀ ਟਾਪ ਸਿੱਕਦੇ ਦਿਲਾਂ ਦੀ ਧਾਪ ਨੇ ਮੱਧਮ ਕਰ ਦਿੱਤੀ ਉਹ ਬਾਂਕਾ ਚਉਕੜੀਆਂ ਭਰਕੇ ਤੁਰਨ ਵਾਲਾ ਘੋੜਾ ਸਹਿਜ ਸਹਿਜ ਚਲ ਰਿਹਾ ਹੈ। ਰਾਣੀ ਹੁਣ ਬਿਵਸੀ ਖਿੱਚ ਦੀ ਮਾਰੀ ਖਿੱਚੀ ਜਾ ਰਹੀ ਹੈ, ਔਹ ਘੋੜੇ ਦੇ ਪਾਸ ਅੱਪੜੀ, ਹੰਸ ਵਰਗੀ ਸਡੌਲ ਗਿੱਚੀ, ਜਿਮ ਅੱਗੇ ਦੇਸ਼ ਨਿਉਂਦਾ ਸੀ, ਨਿਉਂ ਗਈ। ਉਹ ਅਮੋਲ ਸਿਰ ਜਿਸ ਵਿਚ ਵੱਸਦੀ ਅਕਲ ਦੀ ਮੁਥਾਜੀ ਨੀਤੀ ਵੇਤਾ ਕਰਿਆ ਕਰਦੇ ਸਨ, ਦੇਖੋ ਕਿਸ ਤਰ੍ਹਾਂ ਹਿਠਾਹਾ ਜਾ ਰਿਹਾ ਹੈ। ਔਹ ਦੇਖੋ ਅਕਲਾਂ ਵਾਲਾ, ਮਾਨ ਵਾਲਾ ਤੇ ਤਾਜ ਵਾਲਾ ਸੀਸ ਜਗਤ ਸਿੰਧ ਦੇ ਸੇਤੂ ਚਰਨਾਂ ਪਰ ਜਾ ਟਿਕਿਆ ਹੈ। ਰਕਾਬਾਂ ਵਿਚ ਪਿਆਰੇ ਚਰਨ ਕਮਲ ਹਨ, ਅਰ ਚਰਨਾਂ ਕਮਲਾਂ ਤੇ ਪ੍ਰੇਮ ਭਰਿਆ ਸਿਰ ਪਿਆ ਹੈ। ਹਾਂ ਜੀ--

ਧੌਂਸੇ ਧੂੰਕਾਰ ਪੈਂਦੀ, ਦੇਂਦੀ ਹੈ ਔਹ ਸੁਣਾਈ,
ਪ੍ਰੀਤਮ ਗੁਰੂ ਜੀ ਆਏ, ਰਾਣੀ ! ਧਿਆਨ ਲਾਈਂ।
ਸੁਣਕੇ ਸੁਨੇਹੜਾ ਏਹ ਕੁਲ ਲਾਜ ਸੀ ਨਸਾਈ,
ਪਰਦੇ ਦੀ ਰੀਤਿ ਭੁੱਲੀ ਉਮਡੀ ਘਟਾ ਦੀ ਨਯਾਈਂ।
ਭੁੱਲੀ ਸੀ: ਕੌਣ ਮੈਂ ਹਾਂ, ਰਾਣੀ ਕਿ ਕੀਰ ਕੋਈ,
ਕਿਥੋਂ ਟੁਰੀ ਤੇ ਕਿੱਧਰ ਚੱਲੀ ਹਾਂ ਕਰਕੇ ਧਾਈ।
ਨੈਣਾਂ ਨੇ ਨੀਰ ਭਰਿਆ, ਮੋਤੀ ਡਲ੍ਹਕ ਕੇ ਢਲਦੇ,
ਸੂਰਤ ਪਿਆਰੜੇ ਦੀ ਦਿੱਸਦੀ ਹੈ ਝਿਲ ਮਿਲਾਈ।
ਨਾਜ਼ਕ ਮਲੂਕ ਪੈਰਾਂ ਵਾਲੀ ਵਿਰਾਗ ਮੱਤੀ,
ਜਾਂਦੀ ਟੁਰੀ ਹੈ ਪਜਾਹੀ, ਪਰਵਾਹ ਹੈ ਨ ਕਾਈ।
ਦੇਖੋ ਔਹ ਪਹੁੰਚ ਜਾਂਦੀ ਸਤਿਗੁਰ ਦੇ ਪਾਸ ਹੈਵੇ,
ਘੋੜਾ ਖੜੋਂਵਦਾ ਹੈ ਸ਼ਰਧਾ ਦੀ ਰੋਕ ਖਾਈ।
ਝੁਕਿਆ ਓ ਸੀਸ ਵੱਡਾ--ਆਕੜ ਕਦੀ ਸੀ ਅੰਦਰ-
ਪੈਂਦਾ ਚਰਨ ਕਮਲ ਤੇ, ਇਕ ਝਰਨ ਝਰਨ ਆਈ।
ਕੋਈ ਨ ਹੋਸ਼ ਬਾਕੀ, ਝਰਨਾਂ ਦੀ ਮੌਜ ਆਈ,
ਕੈਸੀ ਹੈ ਮੌਜ ਉੱਚੀ, ਜਿਨ ਹੋਸ਼ ਸਭ ਭੁਲਾਈ।
ਨੀਵਾਂ ਜਗਤ ਹੈ ਹੋਇਆ, ਨੀਵੀਂ ਅਕਲ ਹੈ ਪਿੱਛੇ,
ਉੱਚੀ ਸੁਰਤ ਚੜ੍ਹੀ ਹੈ, ਸੁਰਤੇ ਵਿਖੇ ਸਮਾਈ[1]।

ਦੂਸਰੇ ਪਾਸੇ ਹੋਣਹਾਰ ਟਿੱਕਾ ਜੀ, ਉਸੇ ਤਰ੍ਹਾਂ ਚਰਣ ਕਮਲ ਤੇ ਸੀਸ ਟਿਕਾ ਰਹੇ ਹਨ, ਸੁਭਰਾਂਵ ਕੌਰ ਸਿਰ ਨਿਵਾਈ ਭਗਤੀ ਦੀ ਮੂਰਤੀ ਬਣੀ ਖੜੀ ਹੈ। ਨ੍ਰੇਤ ਬੰਦ ਹਨ, ਪਰ ਬੰਦਾਂ ਵਿਚੋਂ ਹੰਝੂ ਤ੍ਰਪ ਤ੍ਰਪ ਕਿਰ ਰਹੇ ਹਨ। ਇਨ੍ਹਾਂ ਦੇ ਪਾਸ ਕੰਵਰ ਜੀ ਸਿਰ ਨਿਵਾਈ ਆਸਾਂ

1. ਇਹ ਕਵਿਤਾ ਪੰਨੇ ੧੫੪ ਤੋਂ ੧੫੬ ਪਰ ਛਪੀ ਕਵਿਤਾ ਦਾ ਅੰਤਲਾ ਭਾਗ ਹੈ।

ਵਿਚ ਖੜੇ ਹਨ। ਇਸ ਰੰਗ ਵਿਚ ਸਤਿਗੁਰ ਜੀ ਆਪ ਐਸੇ ਪਸੀਜੇ ਹਨ ਕਿ ਨੈਣਾਂ ਵਿਚ ਦਇਆ ਤੇ ਪ੍ਰੇਮ ਦੇ ਮੋਤੀ ਭਰ ਆਏ ਹਨ। ਓਹ ਦੇਖੋ ਚਰਣਾਂ ਕਮਲਾ ਪਰ ਟਿਕੇ ਸੀਸ ਦੇ ਸ਼ਰਧਾ ਭਰੇ ਮੁਖੜੇ ਤੋਂ ਬੇਨਤੀ ਨਿਕਲਦੀ ਹੈ-

ਮੈਂ ਸੇਵਕਨੀ ਹੌਂ ਪ੍ਰਭੋ ਨਿਜ ਕਰੁਨਾ ਕੀਜੇ। ਉਤਰ ਲਗਾਵੋ ਸਿਵਰ ਨਿਜ ਮਮ ਭਾਉ ਪੁਰੀਜੈ॥ (ਸੂ: ਪ੍ਰ:)

ਸਤਿਗੁਰ ਜੀ ਹੁਣ ਘੋੜੇ ਤੋਂ ਉਤਰੇ, ਰਾਣੀ, ਟਿੱਕਾ ਕੰਵਰ ਫਿਰ ਸਾਰੇ ਅਹਿਲਕਾਰ ਨਮਸਕਾਰ ਵਿਚ ਪੈ ਗਏ। ਸਾਰੇ ਚਰਨਾਂ ਤੇ ਢੈ ਪਏ। ਸ੍ਰੀ ਗੁਰੂ ਜੀ ਨੇ ਤ੍ਰੈਆਂ ਦੇ ਸੀਸ ਚੁੱਕ ਕੇ ਪਿਆਰ ਦਿੱਤਾ ਤੇ ਸਹਿਜੇ ਟੁਰ ਪਏ।

ਸੂਰਜ ਹੁਣ ਪੱਛੋਂ ਵਲ ਮੂੰਹ-ਲੁਕਾਈ ਕਰ ਰਿਹਾ ਸੀ। ਇਕ ਸੁੰਦਰ ਅਸਥਾਨ ਪਰ ਮਹਾਰਾਜ ਜੀ ਦੀ ਸੈਨਾਂ ਦਾ ਡੇਰਾ ਕਰਵਾਇਆ ਗਿਆ, ਸਭ ਦਾ ਯਥਾ ਯੋਗ ਲੋੜ ਦਾ ਸਾਮਾਨ ਪਹੁੰਚਾਇਆ ਗਿਆ। ਕੁਛ ਚਿਰ ਬਾਅਦ ਦੀਵਾਨ ਸਜ ਗਿਆ ਤੇ ਸੋਦਰ ਦੀ ਚੌਂਕੀ ਲੱਗ ਗਈ। ਸ੍ਰੀ ਜਗਤ ਸੁਆਮੀ ਜੀ ਆਪ ਤਿਆਰ ਹੋ ਕੇ ਆ ਬਿਰਾਜੇ, ਰਾਣੀ ਤੇ ਸਾਰਾ ਸਮਾਜ ਬੀ ਦੀਵਾਨ ਵਿਚ ਆ ਹਾਜ਼ਰ ਹੋਏ। ਕੀਰਤਨ ਅਰ ਸ਼ਬਦ ਦਾ ਉਚਾਰ ਇਸ ਭਿੰਨੇ ਰੰਗ ਨਾਲ ਹੋਇਆ ਕਿ ਮਾਨੋਂ ਪੰਛੀ ਉਡਦੇ ਬੀ ਸੁਨਣ ਲਈ ਖੜੋਂਦੇ ਹਨ। ਭੋਗ ਪੈ ਗਿਆ; ਆਰਤੀ ਦਾ ਉਚਾਰ ਹੋ ਚੁਕਾ, ਤਦ ਤਕ ਰਾਣੀ ਦੇ ਪਕਵਈਆਂ ਨੇ ਅਤੀ ਸੁਾਦੀਕ ਪਕਵਾਨ ਤਿਆਰ ਕਰ ਲਿਆ ਸੀ, ਸੋ ਸ੍ਰੀ ਗੁਰੂ ਜੀ ਨੇ ਸੰਗਤ ਸਮੇਤ ਛਕਿਆ। ਹੁਣ ਰਾਣੀ ਨੇ ਬੇਨਤੀ ਕੀਤੀ ਕਿ ਹੇ ਸੰਸਾਰ ਦੇ ਰੱਖਿਆ ਕਰਨ ਵਾਲੇ ਜੀਓ ! ਮਿਹਰ ਕਰੋ, ਇਨ੍ਹਾਂ ਮੇਰੇ ਸੁੰਵੈ ਹੱਥਾਂ ਨੂੰ ਪਵਿੱਤ੍ਰ ਕਰੋ। ਇਨ੍ਹਾਂ ਹੱਥਾਂ ਨੇ ਸੋਨਾ ਧਾਰਿਆ ਹੈ, ਪਰ ਸੇਵਾ ਵਲੋਂ ਸੁਨੇ (ਸੁੰਞੇ) ਰਹੇ ਹਨ, ਇਨ੍ਹਾਂ ਅਫਲਾਂ ਨੂੰ ਸੇਵਾ ਨਾਲ ਸਫਲੇ ਕਰ ਦਿਓ। ਆਗਯਾ ਬਖਸ਼ੋ ਜੋ ਸਵੇਰੇ ਆਪ ਦਾ ਦਰਸ਼ਨ ਕਿਲ੍ਹੇ ਦੀ ਕੁਟੀ ਵਿਚ ਹੋਵੇ ਤੇ ਏਹ ਨਿਰਗੁਣਿਆਰੇ ਹੱਥ ਪ੍ਰਸ਼ਾਦ ਤਿਆਰ ਕਰਨ।

ਸ੍ਰੀ ਗੁਰੂ ਜੀ ਨੇ ਏਹ ਬਚਨ ਮੰਨ ਲਿਆ।

ਰਾਤ ਹੁਣ ਸਤਿਗੁਰੂ ਜੀ ਆਪਣੇ ਡੇਰੇ ਵਿਚ ਹਰੀ ਰੰਗ ਵਿਚ ਮਗਨ ਹੋ ਗਏ, ਅਰ ਨਿਕਟਵਰਤੀ ਸਿੰਘ, ਸਿੱਖ ਤੇ ਪਿਆਰੇ ਸੇਵਾ ਕਰਕੇ ਆਪਣੇ ਅਸਥਾਨਾਂ ਪਰ ਸੁਖਾਸਨ ਹੋ ਗਏ। ਪਰ ਰਾਇ ਕੋਟ ਕਿਲ੍ਹੇ ਵਿਚ ਰਾਣੀ ਤੇ ਮਾਈ ਨਿੱਕੇ ਲਾਲ ਜੀ ਆਪਣੇ ਰਾਜਸੀ ਦੀਵਾਨ ਖਾਨੇ ਨੂੰ ਸਤਿਗੁਰ ਜੀ ਦੇ ਦਰਬਾਰ ਲਈ ਤਿਆਰ ਕਰ ਰਹੇ ਹਨ। ਬਾਕੀ ਅਹਿਲਕਾਰ ਕੱਲ੍ਹ ਦੇ ਦਰਬਾਰ ਲਈ ਕਿਲ੍ਹੇ ਵਿਚ ਹੋਰ ਤਿਆਰੀਆਂ ਵਿਚ ਰੁੱਝ ਰਹੇ ਹਨ। ਦਰਬਾਰ ਦੇ ਕਮਰੇ ਨੂੰ ਰਾਣੀ ਨੇ ਆਪ ਸਾਫ ਕੀਤਾ ਤੇ ਸੰਵਾਰਿਆ। ਵਿਚਕਾਰ ਸ੍ਰੀ ਗੁਰੂ ਜੀ ਦੇ ਬਿਰਾਜਣ ਲਈ ਚੰਦਨ ਚੌਂਕੀ ਉਤੇ ਰੇਸ਼ਮੀ ਗਲੀਚਾ ਵਿਛਾਇਆ, ਬਾਕੀ ਸਾਰਾ ਕਮਰਾ ਸੁੰਦਰ ਵਿਛਾਈਆਂ ਨਾਲ ਫਬਾ ਦਿੱਤਾ।

ਇਧਰ ਮਾਈ ਸੁਭਰਾਂਵ ਕੌਰ ਨੇ ਸਤਿਗੁਰਾਂ ਜੀ ਦੇ ਡੇਰੇ ਜਾ ਕੇ ਬਿੰਨੈ ਕੀਤੀ ਕਿ ਹੇ ਪੁਰਸ਼ੋਤਮ ਜੀ ! ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਦੀਵਾਨ ਕਿਲ੍ਹੇ ਦੇ ਦੀਵਾਨ ਖਾਨੇਂ ਵਿਚ ਲੱਗੇ, ਜੋ ਆਪ ਦੇ ਦਰਬਾਰ ਲਈ ਰਾਣੀ ਨੇ ਆਪ ਸਜਾਯਾ ਹੈ। ਫੇਰ ਮਾਈ ਨੇ ਟਿੱਕਾ ਜੀ, ਰਾਜ ਰਾਣੀ ਤੇ ਸਾਰੇ ਦਾਸਾਂ ਦੀ ਸੇਵਾ ਦਾ ਹਾਲ ਕਿਹਾ। ਇਹ ਪ੍ਰੇਮ ਤੇ ਸ਼ਰਧਾ ਵੇਖ ਕੇ ਸਤਿਗੁਰ ਜੀ ਨੇ ਰਾਗੀ ਸਿੰਘਾਂ ਨੂੰ ਆਗਯਾ ਕੀਤੀ ਜੋ ਕਿਲ੍ਹੇ ਵਿਚ ਦੀਵਾਨ ਆਰੰਭ ਕਰਨ, ਅਰ ਬਾਕੀ ਸਾਰੇ ਡੇਰੇ ਵਿਚ ਹੁਕਮ ਭੇਜ ਦਿੱਤਾ।

ਅੰਮ੍ਰਿਤ ਵੇਲੇ--ਕੋਟ ਵਿਚ ਆਸਾ ਦੀ ਵਾਰ ਲੱਗ ਪਈ। ਤ੍ਰੈ ਘੰਟੇ ਉਹ ਵਾਹਿਗੁਰੂ ਦਾ ਜਸ ਹੋਇਆ ਕਿ ਸਭ ਸ਼ਰੋਤੇ ਮਾਨੋਂ ਅੰਮ੍ਰਿਤ ਦੇ ਕੁੰਡ ਵਿਚ ਇਸ਼ਨਾਨ ਕਰਦੇ ਰਹੇ। ਜਦ ਭੋਗ ਪਿਆ, ਮਾਈ ਸੁਭਰਾਂਵ ਕੌਰ ਨੇ ਇਕ ਪੋਸ਼ਾਕਾ ਧੋਤਰ ਦਾ ਪੇਸ਼ ਕੀਤਾ। ਸਤਿਗੁਰ ਜੀ ਨੇ ਆਪਣੇ ਲਿਬਾਸ ਉੱਪਰ ਦੀ ਮਾਈ ਦਾ ਚੋਲਾ ਪਹਿਨ ਲਿਆ।

ਹੁਣ ਦਿਨ ਹੋ ਆਇਆ, ਸਤਿਗੁਰ ਜੀ ਉਠੇ; ਪਹਿਲਾਂ ਕਿਲ੍ਹਾ ਵੇਖਿਆ, ਟਿੱਕਾ ਜੀ ਨਾਲ ਕੁਝ ਪਿਆਰ; ਕੁਝ ਸਿਖਿਆ ਦੇ ਬਚਨ ਕੀਤੇ। ਫੇਰ ਸਾਰੇ ਅਹਿਲਕਾਰਾਂ ਤੇ ਮਿਲਨ ਆਯਾਂ ਨਾਲ ਬਚਨ ਕੀਤੇ। ਇਸ ਤਰ੍ਹਾਂ ਦਿਨ ਸਵਾ ਪਹਿਰ ਆ ਗਿਆ। ਰਾਣੀ ਦਾ ਪਤਾ ਨਹੀਂ ਕਿੱਥੇ ਹੈ ? ਸਤਿਗੁਰ ਜੀ ਨੇ ਪੁੱਛਿਆ ਹੀ ਸੀ ਕਿ ਅੱਖਾਂ ਲਾਲ ਹੋਈਆਂ, ਲੰਗਰ ਵਿਚੋਂ ਰਾਣੀ ਬਾਹਰ ਆਈ ਤੇ ਹਾਜ਼ਰ ਹੋ ਕੇ ਪ੍ਰਸ਼ਾਦ ਦੀ ਆਗਿਆ ਮੰਗੀ। ਸਤਿਗੁਰ ਜੀ ਨੇ ਉਸ ਦਾ ਭਾਉ ਤੇ ਨਿੰਮ੍ਰਤਾ ਤੱਕ ਕੇ ਬਚਨ ਕੀਤਾ। 'ਨਿਵੈ ਸੁ ਗਉਰਾ ਹੋਇ। ਨਿਵੈ ਸੁ ਗਉਰਾ ਹੋਇ।।" ਫੇਰ ਉਠਕੇ ਪ੍ਰਸ਼ਾਦ ਵਾਲੇ

ਦਲਾਨ ਵਿਚ ਗਏ। ਜਿਸ ਪ੍ਰੀਤ ਨਾਲ ਪ੍ਰਸ਼ਾਦ ਤਿਆਰ ਹੋਇਆ ਸੀ ਉਸੇ ਰਸ ਨਾਲ ਸਤਿਗੁਰ ਜੀ ਤੇ ਸਾਰੀ ਸੰਗਤ ਨੇ ਛਕਿਆ।

ਸਤਿਗੁਰ ਜੀ ਹੁਣ ਟੁਰਨੇ ਲਈ ਤਿਆਰ ਹੋਏ। ਰਾਣੀ ਦਾ ਚਿੱਤ ਸੀ ਕਿ ਸਤਿਗੁਰੂ ਜੀ ਕੁਛ ਦਿਨ ਉਥੇ ਠਹਿਰਕੇ ਉਸ ਨੂੰ, ਉਸਦੀ ਪਰਜਾ ਨੂੰ, ਵਾਹਿਗੁਰੂ ਦੀ ਸ਼ਰਨੀ ਲਾਉਣ, ਪਰ ਉਸਨੂੰ ਪਤਾ ਸੀ ਕਿ ਆਪ ਨੇ ਅਨੇਕਾਂ ਨੂੰ ਤਾਰਨਾ ਤੇ ਛੇਤੀ ਅੱਪੜਨਾ ਹੈ। ਇਸ ਕਰਕੇ ਆਗਿਆ ਮੰਨੀ, ਅਰ ਇਕ ਥੈਲੀ ਮੁਹਰਾਂ ਦੀ ਸਤਿਗੁਰਾਂ ਜੀ ਦੇ ਚਰਨਾਂ ਅਗੇ ਰਖਕੇ ਪੁਤ੍ਰਾਂ ਨੂੰ ਪਦ ਪਦਮ ਤੇ ਲਿਟਾ ਦਿੱਤਾ ਤੇ ਬਿਨੈ ਕੀਤੀ : "ਹੇ ਅਭੈ ਪਦ ਦੇ ਦਾਤਾ ਜੀ ! ਦਾਸ ਜਾਨ ਕਰ ਨਿਵਾਜ ਲਓ"। ਤਦ ਸਤਿਗੁਰ ਜੀ ਨੇ ਆਗਿਆ ਕੀਤੀ, "ਤੇਰਾ ਪੁਤ੍ਰ ਰਾਜ ਰਿਖੀ ਹੈ, ਰਾਜ ਅਰ ਸਿੱਖੀ ਦੋਏ ਗੱਲਾਂ ਨਾਲ ਪੂਰਤ ਹੋਸੀ। ਤੂੰ ਮਾਤਾ ਹੈਂ ਇਸ ਦੀ ਪਾਲਕ ਰੱਖਜਕ ਤੇ ਸਿੱਖਜਕ ਹੈਂ।"

ਹੋਇ ਪ੍ਰਸੰਨ ਸ੍ਰੀ ਪ੍ਰਭ ਕਹਯੋ 'ਸਿਰ ਕੇਸ ਰਖੀਜੈ॥
ਆਯੁਧ ਬਿੱਦਜਾ ਕੇ ਬਿਖੈ ਸੁਤ ਨਿਪੁੰਨ ਕਰੀਜੈ॥'

ਫੇਰ ਕੰਵਰ ਜੀ ਨੂੰ ਵਰਦਾਨ ਦਿੱਤਾ, ਤਦ ਰਾਣੀ ਕੇਸਾਂ ਵਲੋਂ ਕੁਝ ਝਿਜਕਦੀ ਦਿੱਸੀ। ਪਹਾੜੀ ਰਾਜਿਆਂ ਤੇ ਤੁਰਕਾਂ ਦਾ ਕੁਛ ਭੈ ਫੇਰ ਅੱਖਾਂ ਅੱਗੇ ਆ ਗਿਆ। ਪੁਨ ਫੁਰਮਾਯੋ ਸ੍ਰੀ ਪ੍ਰਭੂ "ਨਹਿ ਮਾਨਹੁ ਤ੍ਰਾਸਾ॥ ਕੇਤਿਕ ਦਿਨ ਇਨ ਰਾਜ ਹੈ ਫਿਰ ਹੋਇ ਬਿਨਾਸਾ॥ (ਸੂ: ਪ੍ਰ:)

ਰਾਣੀ ਨੇ ਆਗਿਆ ਸਿਰ ਧਰਿ ਮੰਨੀ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਇਕ ਤਲਵਾਰ ਤੇ ਢਾਲ ਬਖਸ਼ੀ ਅਰ ਇਕ ਪੋਥੀ ਦਿੱਤੀ ਜੋ ਰਾਣੀ ਨੇ ਦੋਵੇਂ ਹੱਥ ਜੋੜ ਸਿਰ ਨਿਵਾ ਅਰ ਝੁਕ ਕੇ ਸ੍ਵੀਕਾਰ ਕੀਤੀ। ਪਲੋ ਪਲੀ ਵਿਚ ਸਤਿਗੁਰੂ ਜੀ ਵਿਦਾ ਹੋ ਪਏ, ਰਾਣੀ ਸ੍ਰੀ ਜੀ ਨੂੰ ਵਿਦਾ ਕਰਨ ਕਿਲ੍ਹੇ ਤੋਂ ਬਾਹਰ ਤੱਕ ਨਾਲ ਆਈ।

ਜਦ ਸ੍ਰੀ ਗੁਰੂ ਜੀ ਹੁਣ ਅੱਗੇ ਵੱਧਣ ਲੱਗੇ ਤਦ ਇਹ ਅਸੀਸ ਦੇ ਕੇ ਨਿਹਾਲ ਕੀਤਾ :--

'ਥਿਰਹੁ, ਗੁਰੁ ਸਿਮਰਹੁ ਸਦਾ ਪਰਲੋਕ ਸੁਧਾਰੋ।।
ਚਲਹਿ ਬੰਸ ਹੋਇ ਰਾਜ ਥਿਰ ਨਿਤ ਹਰਿ ਉਰਿਧਾਰੋ।
(ਸੂਰਜ ਪ੍ਰਕਾਸ਼)

ਇਹ ਵਰ ਦੇ ਕੇ ਸ੍ਰੀ ਗੁਰੂ ਜੀ ਉਪਕਾਰੀ ਘਟਾਂ ਦੀ ਤਰ੍ਹਾਂ ਇਹ ਥਲ ਵਸਾ ਕੇ ਹੋਰ ਥਾਂ ਵੱਸਣ ਨੂੰ ਅੱਗੇ ਚਲੇ ਗਏ।

ਸੂਚਨਾ--ਰਾਇਪੁਰ ਦੀ ਰਾਣੀ ਗੁਰੂ ਜੀ ਦੀ ਪ੍ਰੇਮਣ ਸੀ, ਉਸ ਨੇ ਆਪ ਜੀ ਦਾ ਸ੍ਵਾਗਤ ਸਿੱਖੀ ਸਿਦਕ ਨਾਲ ਕੀਤਾ, ਇਹ ਗੱਲ ਸਾਰੇ ਲੇਖਕਾਂ ਨੇ ਲਿਖੀ ਹੈ, ਪਰ ਖੋਜ ਕਰਨ ਤੇ ਥਹੁ ਪੈਂਦਾ ਹੈ ਕਿ ਇਸ ਵੇਲੇ 'ਰਾਉ' ਸਾਹਿਬ--ਫਤੇ ਸਿੰਹ--ਦੇ ਨਾਂ ਹੋਣ ਦੇ ਕਾਰਣਾਂ ਪਰ ਰਾਇ ਦਾ ਵਖੇਵਾਂ ਹੈ। ਇਕ ਰਵਾਯਤ ਇਹ ਹੈ ਕਿ ਰਾਉ ਜੀ ਉਸ ਵੇਲੇ ਜੀਉਂਦੇ ਨਹੀਂ ਸਨ ਤੇ ਰਾਣੀ ਰਾਜ ਕਰ ਰਹੀ ਸੀ। ਦੂਸਰੀ ਘੱਟ ਪ੍ਰਸਿੱਧ ਰਵਾਯਤ ਇਹ ਹੈ ਕਿ ਰਾਉ ਸਾਹਿਬ ਜੀਉਂਦੇ ਸਨ ਤੇ ਉਹ ਗੁਰੂ ਜੀ ਦਾ ਆਗਮਨ ਸੁਣਕੇ ਲਾਗੇ ਦੇ ਪਠਾਣ ਸਰਦਾਰਾਂ ਤੋਂ ਡਰਦੇ ਪਹਿਲੋਂ ਹੀ ਨੱਸ ਗਏ ਤੇ ਕਿਤੇ ਲੁਕ ਗਏ ਸਨ। ਪਰੰਤੂ ਰਾਣੀ ਨੇ ਸਭ ਡਰਾਂ ਤੋਂ ਬੇਖ਼ੌਫ਼ ਹੋ ਕੇ ਸਾਹਿਬਾਂ ਦਾ ਸ੍ਵਾਗਤ ਕੀਤਾ, ਪ੍ਰਸਾਦਿ ਛਕਾਇਆ, ਸਿੱਖੀ ਧਾਰਨ ਕੀਤੀ ਤੇ ਬੱਚਿਆਂ ਲਈ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ।

# ੧੯. ਆਨੰਦ ਪੁਰ ਪਰਵੇਸ਼[1]।

**ਰਾਇ** ਪੁਰ ਦੀ ਰਾਣੀ ਤੋਂ ਵਿਦਾ ਹੋ ਕੇ ਗੁਰੂ ਸਾਹਿਬ ਆਪਣੇ ਡੇਰੇ ਆਏ ਜੋ ਮਾਣਕ ਟਾਬਰੇ ਸੀ, ਜਿਥੇ ਗੁਰਦੁਆਰਾ[2] ਹੈ, ਇਥੋਂ ਵਿਦਾ ਹੋਕੇ ਆਪ ਅਗਲਾ ਮੁਕਾਮ ਟੋਡੇ[3] ਪਿੰਡ ਆ ਕੀਤਾ। ਸ਼ਾਮਾਂ ਦਾ ਵੇਲਾ ਸੀ ਰਹੁਰਾਸ ਆਰੰਭ ਦਾ ਸਮਾਂ ਸੀ। ਗੁਰੂ ਜੀ ਆਪਣੇ ਡੇਰੇ ਤੋਂ ਦੀਵਾਨ ਵੱਲ ਜਾ ਰਹੇ ਸਨ ਕਿ ਇਕ ਬ੍ਰਿਛ ਹੇਠਾਂ ਇਕ ਤਪੀ ਸਮਾਧੀ ਲਾਈ ਬੈਠਾ ਸੀ। ਸਤਿਗੁਰ ਜੀ ਨੇੜੇ ਆਕੇ ਉਸਨੂੰ ਤੱਕਦੇ ਖੜੇ ਹੋ ਗਏ। ਕੁਛ ਦੇਰ ਖੜੇ ਰਹਿਣ ਬਾਦ ਉਸਦੇ ਨੈਣ ਖੁੱਲ੍ਹ ਆਏ। ਡਿੱਠੋ ਸੁ ਕਿ ਸਾਹਮਣੇ ਸਿਆਮ ਮੂਰਤ ਖੜੇ ਹਨ, ਜਾਤੋਸੁ ਕਿ ਤਪ ਸਿਰੇ ਚੜ੍ਹ ਗਿਆ, ਸ੍ਰੀ ਕ੍ਰਿਸ਼ਨ ਜੀ ਆ ਗਏ ਹਨ, ਬਿਹਬਲ ਹੋਕੇ ਉੱਠਿਆ ਤੇ ਚਰਨਾਂ ਨਾਲ ਲਿਪਟ ਗਿਆ। ਸਾਹਿਬਾਂ ਨੇ ਕਮਾਨ ਮੋਢੇ ਤੋਂ ਚਾਈ ਤੇ ਪਿੱਠ ਤੇ ਉਸਦੀ ਨੋਕ ਫੇਰੀ ਜਿਉਂ ਜਿਉਂ ਕਮਾਨ ਫਿਰੇ ਉਸ ਨੂੰ ਠੰਢ ਪਏ। ਵਰ੍ਹਿਆਂ ਦੇ ਤਪ ਹਠ ਵਿਚ, ਜੋ ਰਸ ਉਸਨੇ ਕਦੇ ਤਜਰਬਾ ਨਹੀਂ ਕੀਤਾ ਸੀ, ਉਸਨੂੰ ਇਸ ਛੁਹ ਵਿਚ ਆ ਰਿਹਾ ਸੀ। ਕੁਛ ਚਿਰ ਬਾਦ ਸਾਹਿਬਾਂ ਨੇ ਕਮਾਨ ਮੋਢੇ ਧਰ ਲਈ ਤੇ ਸੱਜੇ ਪਾਸਿਓਂ ਨਿਉਂਕੇ ਆਪਣੇ ਹੱਥ ਨਾਲ ਉਸ ਨੂੰ ਮੋਢੇ ਤੋਂ ਫੜਕੇ ਖੜਾ ਕਰ ਲਿਆ ਤੇ ਆਖਿਆ--ਭਾਈ ਤਪੀਆ ! ਕੀ ਲੋੜਦਾ ਹੈਂ ?

ਤਪੀ--ਹੇ ਹਰੀ ! ਨਹੀਂ ਜਾਣਦਾ ਮੈਂ ਕੀਹ ਲੋੜਦਾ ਹਾਂ, ਗ੍ਰਿਹਸਤ ਤੋਂ ਤੰਗ ਆਕੇ ਸਾਧੂ ਹੋਇਆ ਸਾਂ, ਸਾਧੂ ਹੋਕੇ ਤਪ ਸਾਧੇ ਸਨ; ਜੋਗੀ ਰਾਜ ਕਹਿੰਦੇ ਸਨ ਕਿ ਤਪ ਤਾਓ ਤਾਂ ਸਦਾ ਸ਼ਿਵ ਵਿਚ ਪਹੁੰਚ ਹੁੰਦੀ ਹੈ, ਪਰ ਕੁਛ ਨਾ ਬਣਿਆਂ, ਤਾਂ ਹੋਰ ਸਾਧੂ ਸੇਵੇ, ਉਨ੍ਹਾਂ ਨੇ ਬੀ ਤਪ ਹੀ ਦੱਸਿਆ। ਤਪਦਿਆਂ ਆਹ ਦਿਨ ਆਏ, ਨਾ 'ਸ਼ਿਵੋਹੰ' ਹੋਇਆ ਹਾਂ, ਨਾ ਹਰੀ ਮਿਲੇ। ਅੱਜ ਹੇ ਹਰੀ! ਆਪ ਆ ਮਿਲੇ ਹੋ, ਤਪ ਸਫਲ ਹੋ ਗਿਆ, ਆਪ ਦੀ ਛੁਹ ਨਾਲ ਕੋਈ ਅਗੰਮੀ ਸੁਆਦ ਆਇਆ ਹੈ, ਧੰਨ ਹੋ ਆਪ! ਧੰਨ ਹੋ ਹੇ ਹਰੀ! !

ਗੁਰੂ ਜੀ--ਤਪੀ ਪੁਰਖ ! ਮੈਂ ਤਾਂ ਪਰਮ ਪੁਰਖ ਦਾ ਦਾਸ ਹਾਂ, ਪਰ ਮੇਰੇ ਵਿਚ ਉਸ ਦਾ ਨਿਰੰਤ੍ਰ ਵਾਸ ਹੈ। ਮੇਰੀ ਛੁਹ ਵਿਚ ਉਹ ਹੈ, ਉਸ ਦਾ ਸਰੂਪ ਆਨੰਦ ਹੈ, ਹਾਂ, ਰਸ ਰੂਪ ਹੈ ਉਹ, ਤਾਂ ਤੈਨੂੰ ਮੇਰੀ ਛੁਹ ਵਿਚ ਰਸ-ਝਰਨਾਟ ਛਿੜੀ ਹੈ। ਤੇਰਾ ਤਪ ਨਹੀਂ ਫਲਿਆ ਤੇਰੇ ਤਪ ਤਾਪਣ ਵਿਚ ਜੋ ਤੇਰੀ ਸਚਯਾਈ ਦੀ ਤੜਪ ਸੀ ਉਹ ਫਲੀ ਹੈ...ਹਾਂ, ਤਪ ਬੀ ਮਾੜਾ ਨਹੀਂ, ਜੇ ਸੇਧ ਦਰੁਸਤ ਹੋਵੇ ਤਾਂ। ਭਾਈ, ਜੇ ਸੇਧ ਠੀਕ ਨਾ ਹੋਵੇ, ਅੰਦਰ ਰੁਚੀ ਸਾਂਈਂ ਮੇਲ ਦੀ ਨਾ ਹੋਵੇ, ਉਸ ਪਰਮ ਪੁਰਖ ਨਾਲ ਨੇਹੁ ਨਾ ਲਗੇ, ਨੇਹੁ ਸਨੇਹ ਹੋਕੇ ਨਾ ਟੁਰੇ, ਸਨੇਹ ਪ੍ਰੇਮ ਨਾ ਬਣ ਜਾਵੇ ਤਾਂ ਤਪ ਕਰਨ ਦਾ ਕੀ ਗੁਣ ? ਤਪ ਤਾਂ ਜਿੰਨਾ ਬਹੁਤਾ ਕੀਤਾ ਤਨ ਨੂੰ ਤਾਯਾ ਤੇ ਕਸ਼ਟ ਦਿੱਤਾ।

ਜੇ ਸੁਹਬਤ ਕਿਸੇ ਤਪੀਸ਼ੁਰ ਜੋਗੀਸ਼ੁਰ ਦੀ ਨਾ ਹੋਈ ਤੇ ਕੋਈ ਵਿਦਵਾਨ ਮਿਲ ਗਿਆ ਤਾਂ ਉਸ ਦੇ ਸਾਂਗੇ ਕਾਂਸ਼ੀ ਜਾ ਬਸੇ, ਵਯਾਕਰਨ ਦਰਸ਼ਨ ਸ਼ਾਸਤ੍ਰ ਵਾਚੇ, ਘੋਖੇ ਤੇ ਵੇਦ ਵੀਚਾਰੇ ਤਾਂ ਬੁਧੀ ਚਤੁਰ ਹੋ ਗਈ, ਪਰ ਸਾਰ ਸੋਝੀ ਕੋਈ ਨਾ ਪਈ, ਕਿਉਂਕਿ ਅੰਦਰ ਸਾਂਈ ਦੀ ਸੇਧ, ਸੇਧ ਨਾਲ ਉਸ ਨੂੰ ਪ੍ਰਾਪਤ ਕਰਨ ਦੀ ਰੁਚੀ ਨਹੀਂ ਸੀ, ਮਨ ਵਿਦਿਆ ਦੀ ਘੋਖ ਘਾਖ ਵਿਚ ਰਿਹਾ, ਪਰ ਰੁਚੀ ਦਾ ਬੂਟਾ ਮੌਲ ਕੇ ਨੇਹੁ ਨਾ ਲੱਗਾ, ਨੇਹੁ ਸਨੇਹ ਨਾ ਬਣਿਆ, ਸਨੇਹ ਨੇ ਪ੍ਰੇਮ ਦੀ ਪ੍ਰਜ੍ਵਲਤ ਲਾਟਾ ਵਾਲੀ ਮੂਰਤ ਨਾ ਫੜੀ, ਤਾਂ ਵਿਦਯਾ ਦਾ ਸਾਰ ਜੋ 'ਪ੍ਰਮਾਤਮ-ਪ੍ਰਾਪਤੀ' ਸੀ; ਲਾਂਭੇ ਰਹਿ ਗਿਆ। ਸੋ ਜੋ ਵਿਦਯਾ ਪਾਈ ਉਸ ਨੇ ਬੀ ਇਕ ਪ੍ਰਕਾਰ ਦੇ ਖਿੰਡਾਉ ਵਿਚ ਹੀ ਰਖਿਆ।

ਜੇ ਕਿਸੇ ਸ਼ੁਭ ਕਰਮੀ ਕਿ ਕਰਮਕਾਂਡੀ ਦੀ ਸੁਹਬਤ ਮਿਲ ਗਈ ਤਾਂ ਕਰਮ ਦੇ ਚੱਕਰ ਵਿਚ ਪੈ ਗਏ ਸਭ ਤੋਂ ਉੱਤਮ ਕਰਮ ਸੀ ਦਾਨ, ਸੋ ਦਾਨ ਦੇ ਦੇਕੇ ਧਨ ਧਾਮ ਗਵਾ ਲਏ, ਪਰ ਉਹ ਹਰੀ ਵੱਸ ਨਾ ਹੋਇਆ। ਮਨ ਦੀ ਸੇਧ ਪਰਮਾਤਮਾ ਵੱਲ ਨਹੀਂ ਸੀ, ਦਾਨ ਉਸ ਨਮਿੱਤ ਨਹੀਂ ਸਨ ਦਿੱਤੇ। ਦੇਂਦਿਆਂ ਨੇਹੁੰ ਪੁਲਕਾਵਲੀਆਂ ਲੈ ਲੈ ਨਾ ਸੋ ਉਠਦਾ ਪਹਿਲੋਂ ਸੇਧ ਨਹੀਂ ਸੀ ਦੁਰੁਸਤ ਬੁੱਧੀ ਤੇ ਰੁਚੀ ਦੀ ਸਤਯਾ ਵਾਲੀ ਕਮਾਨ ਉੱਤੇ ਸੇਧ ਬੰਨ੍ਹਕੇ ਤੀਰ ਨਹੀਂ ਸੀ ਚਲਾਇਆ ਇਸ ਕਰਕੇ ਹਰੀ

1. ਇਹ ਲੇਖ ਉਸ ਵਿਚੋਂ ਹੈ ਜੋ 'ਪਾਉਂਟੇ ਤੋਂ ਆਨੰਦਪੁਰ ਨਾਮ ਹੇਠਾਂ ਸੰ: ਗੁ: ਨਾ: ਸਾ: ੪੭੧(੧੯੩੯ ਈ:) ਵਿਚ ਗੁ: ਸਪ: ਪਰ ਖਾਲਸਾ ਸਮਾਚਾਰ ਵਿਚ ਛਪਿਆ ਸੀ।

2. ਪਿੰਡ ਤੋਂ ਅੱਧ ਕੁ ਮੀਲ ਉਰੇ ਹੈ, ਇਸ ਨੂੰ ਗੁਰੂਆਣਾ ਆਖਦੇ ਹਨ। ਤਸੀਲ ਨਰੈਣਗੜ੍ਹ ਜ਼ਿਲਾ ਅੰਬਾਲਾ ਹੈ।

3. ਇਥੇ ਆਪ ਦੇ ਮੁਕਾਮ ਦਾ ਯਾਦਗਾਰੀ ਅਸਥਾਨ ਕੋਈ ਨਹੀਂ ਸੁਣੀਂਦਾ।

ਪਰਮ ਪੁਰਖ ਹਥ ਨਾ ਆਏ, ਦੇ ਦੇਕੇ ਆਪਣਾ ਧਨ ਧਾਮ ਗਵਾਕੇ ਕੀਰ ਅਵਸਥਾ ਕਰ ਲਈ, ਦਾਤੇ ਦੀ ਥਾਂ ਆਪ ਮੰਗਤੇ ਹੋ ਗਏ, ਭਰੇ ਹੱਥਾਂ ਵਾਲੇ ਖਾਲੀ ਹੱਥ ਵਾਲੇ ਹੋ ਗਏ। ਭਾਈ ਤਪੀ ! ਜਿਸ ਨੇ ਸਾਂਈਆਂ ਜੀ ਦੀ ਸੇਧ ਅੰਦਰ ਬਨ੍ਹ ਲਈ, ਅਤੇ ਉਸ ਦੀ ਪ੍ਰਾਪਤੀ ਦੀ ਰੁਚੀ ਅੰਦਰ ਧਾਰ ਲਈ (ਇਹ ਰੁਚੀ ਵਧਾਕੇ ਹਿਤ ਬਣਾ ਲਈ ਹਿਤ ਵਧਕੇ ਪ੍ਰੇਮ ਹੋ ਗਿਆ) ਉਸਨੇ ਪਰਮ ਪੁਰਖ ਨੂੰ ਪਾ ਲਿਆ। ਜਿਸਨੇ ਪ੍ਰੇਮ ਨਾ ਕੀਤਾ, ਉਸਦੀ ਘਾਲ ਬਿਰਥਾ ਗਈ[1]।

ਇਹ ਵਾਕ ਸੁਣਕੇ ਤਪੀ ਦੀ ਮਾਨੋ ਸੁੱਤੇ ਪਏ ਦੀ ਜਾਗ ਖੁੱਲ੍ਹੀ। ਤਪ ਨਾਲ ਸੋਧੇ ਹੋਏ ਮਨ ਦੇ ਅੰਦਰੋ ਸੇਧ ਸਿੱਧੀ ਪਾ ਲਈ। ਪ੍ਰਤੱਖ ਦਰਸ਼ਨ ਖਿੱਚਾਂ ਮਾਰ ਰਹੇ ਸਨ, ਪਯਾਰ ਦੀ ਝਰਨਾਟ ਛੁਹ ਨਾਲ ਛਿੜ ਰਹੀ ਸੀ, ਦਰਸ਼ਨਾਂ ਨਾਲ, ਮੁੜ ਮੁੜ ਦਰਸ਼ਨ ਕਰਨ ਨਾਲ ਠੰਢ ਪੈ ਰਹੀ ਤੇ ਸੁਾਦ ਆ ਰਹਾ ਸੀ। ਮਗਨਤਾ ਛਾ ਰਹੀ ਤੇ ਰਸਨਾ ਅਬੋਲ ਹੋ ਰਹੀ ਸੀ, ਦਾਤਾ ਜੀ ਸਿਰ ਤੇ ਹੱਥ ਫੇਰ ਰਹੇ ਸਨ, ਉਹ ਗੋਡਿਆਂ ਦੇ ਭਾਰ ਹੋਇਆ ਸਿਰ ਨਿਹੁੜਾਏ ਹੱਥ ਜੋੜੇ ਖੜਾ ਸੀ। ਸੰਝਾਂ ਦਾ ਵੇਲਾ, ਦੋ ਪਿੜ ਮਿਲ ਰਹੇ, ਸ਼ਾਂਤੀ ਤੇ ਚੁਪ ਛਾ ਰਹੀ ਸੀ, ਸੰਗਮ ਹੋ ਰਿਹਾ ਸੀ ਦਿਨ ਤੇ ਰਾਤ ਦੇ ਰੂਪ ਵਿਚ ਕਾਲ ਦਾ ਸੰਝਾਂ ਦਾ ਸਰੂਪ ਲੈਕੇ; ਸੰਗਮ ਹੋ ਰਿਹਾ ਸੀ ਦੇਸ਼ ਦਾ ਇਕ ਟਿਕਾਣੇ-ਤਪਸ੍ਰੀ ਤੇ ਵਰ ਦਾਤਾ ਦੇ ਕੱਠੇ ਹੋ ਜਾਣ ਦਾ, ਸੰਗਮ ਹੋ ਰਿਹਾ ਸੀ ਨਮਿੱਤ ਦਾ--ਮੰਗ ਤੇ ਮਿਹਰ ਦੇ ਆਮ੍ਹੋ ਸਾਹਮਣੇ ਆ ਜਾਣ ਦਾ, ਜਗਜਾਸਾ ਤੇ ਪ੍ਰਸਾਦਿ ਦੇ ਢੁੱਕ ਪੈਣ ਦਾ; ਸੰਗਮ ਹੋ ਰਿਹਾ ਸੀ ਵਸਤੂ ਦਾ--ਅੱਡੀ ਝੋਲੀ ਤੇ ਵਿਚ ਪੈ ਰਹੇ ਨਾਮ ਪਦਾਰਥ ਦਾ, ਸੰਗਮ ਹੋ ਰਿਹਾ ਸੀ ਪ੍ਰੇਮ ਦਾ—ਪ੍ਰੀਤਮ ਤੇ ਪ੍ਰੇਮੀ ਦੇ ਮਿਲਾਪ ਵਿਚ, ਸੰਗਮ ਹੋ ਰਿਹਾ ਸੀ ਆਤਮਾ ਪਰਮਾਤਮਾ ਦਾ--ਅੰਤ੍ਰਤਾਮ ਸਿਖ ਦੇ ਲਿਵਲੀਨ ਹੋ ਜਾਣ ਤੇ ਗੁਰੂ ਦੇ ਉਸਨੂੰ ਆਪਣੇ ਤਤਸਰੂਪ ਵਿਚ ਲਿਵਲੀਨ ਕਰ ਲੈਣ ਦੇ ਰੂਪ ਵਿਚ।

1. ਇਹ ਵਾਰਤਾਲਾਪ ਉਸ ਸ੍ਵਯੇ ਦਾ ਖੁਲ੍ਹਾ ਅਨੁਵਾਦ ਹੈ ਜੋ ੨੪੮੪ ਐਕ ਵਾਲਾ ਕ੍ਰਿ: ਅ: ਵਿਚ ਹੈ ਤੇ ਐਉਂ ਹੈ:--
ਪ੍ਰੇਮ ਕੀਓ ਨ, ਕੀਓ ਬਹੁਤ ਤਪ ਕਸ਼ਟ ਸਹਿਓ ਤਨਕਉ ਅਤਿਤ੍ਰਾਯੋ।
ਕਾਂਸ਼ੀ ਮੈ ਜਾਇ ਪੜਿਓ ਅਤਿਹੀ ਬਹੁਬੇਦਨ ਕੋ ਕਰਸਾਰ ਨ ਆਯੋ।
ਨ ਦਾਨ ਦੀਏ ਬਸਿਹ੍ਹੈ ਗਯੋਸਯਾਮ ਸਭੈ ਅਪਨੋ ਤਹਿਦਰਬ ਗਵਾਯੋ।
ਅਤਰ ਕੀ ਰੁਚਿ ਕੈ ਹਰਿਸਿਉ ਜਿਸ ਹੇਤ ਕੀਓ ਤਿਨਹੂੰ ਹਰਿ ਪਾਓ।

ਪਰਮ ਪੁਰਖ ਨਾਲ ਸਦਾ ਅਭੇਦ ਸਾਹਿਬ ਗੁਰੂ ਗੋਬਿੰਦ-ਸਿੰਘ ਜੀ ਤੇ ਤਤ ਸਰੂਪ ਵਿਚ ਪ੍ਰਮੀ ਪ੍ਰੇਮ--ਸਮਾਉ ਨਾਲ ਲੀਨ ਹੋ ਰਿਹਾ ਹੈ।

ਹਾਰ ਚਲੇ ਗ੍ਰਿਹ ਆਪਨ ਕਉ ਬਨਮੋਂ ਬਹੁਤੋ ਤਿਨ ਧਯਾਨ ਲਗਾਏ। ਸਿਧ ਸਮਾਧਿ ਅਗਾਧ ਕਥਾ ਮੁਨਿ ਖੋਜ ਰਹੇ ਹਰਿ ਹਾਥ ਨ ਆਏ। ਸਜਾਮ ਭਨੈ ਸਭ ਬੇਦ ਕਤੇਬਨ ਸੰਤਨ ਕੇ ਮਤ ਯੌ ਠਹਿਰਾਏ। ਭਾਖਤ ਹੈ ਕਵਿ ਸੰਤ ਸੁਨੋ ਜਿਹ ਪ੍ਰੇਮ ਕੀਯੋ ਤਿਨ ਸ੍ਰੀ ਪਤਿ ਪਾਏ॥ ੨੪੮੮॥ (ਕ੍ਰਿ: ਅ:)

ਉਧਰ ਦੀਵਾਨ ਵਿਚ ਸੋਦਰ ਰਹਿਰਾਸ ਦਾ ਭੋਗ ਪੈ ਗਿਆ। ਫਿਕਰ ਹੋ ਰਿਹਾ ਹੈ ਕਿ ਸਾਹਿਬ ਨਹੀਂ ਆਏ ਸੁਖ ਹੋਵੇ। ਇਧਰ ਮਸੁੰਦਰ--ਗੁਰੂ ਉਛਲ ਉਛਲ ਕੇ ਕਸ਼ਟਾਂ ਝਾਗਦੀ, ਅਟਕਦੀ, ਫਟਕਦੀ, ਟਕਰਾਉਂਦੀ ਘਬਰਾਉਂਦੀ ਨਦੀ ਨੂੰ ਲੈਣ--ਆਪਣੇ ਵਿਚ ਲੈ ਲੈਣ--ਦੇ ਉਛਾਲੇ ਵਿਚ ਹੈ, ਜਵਾਰ ਭਾਟਾ ਵਾਂਙੂ ਰੇਤ ਥਲੇ ਚੀਰ ਕੇ ਅੱਗੋਂ ਨਦੀ ਨੂੰ ਆ ਮਿਲਿਆ ਹੈ ਤੇ ਆਪਣੀ ਕਲਾਈ ਵਿਚ ਲੈ ਕੇ ਉਸ ਨੂੰ ਠੰਢ ਪਾ ਰਿਹਾ, ਨਿਰਮਲ ਕਰ ਰਿਹਾ ਤੇ ਆਪਣੇ ਸਰੂਪ ਵਿਚ ਵਾਸਾ ਦੇ ਰਿਹਾ ਹੈ। ਅਚਾਨਕ ਦਰਸ਼ਨਾਂ ਨਾਲ ਤਪੀ ਪ੍ਰੇਮ ਦੇ ਹਿੰਡੋਲੇ ਚੜ੍ਹ ਗਿਆ ਹੈ। ਸੂਛ ਹਿਰਦੇ ਦੇ ਪ੍ਰੇਮ ਰਸ ਨੂੰ ਦਾਤਾ ਬੀ ਮਾਣ ਰਿਹਾ, ਮਾਣ ਦੇ ਰਿਹਾ ਤੇ ਆਪਣੇ ਸਮਾਨ ਕਰ ਰਿਹਾ ਹੈ! ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ! ਟਿਕੀ ਰਹੇ ਇਹ ਪ੍ਰੇਮ ਰਸ ਨਾਲ ਡੁੱਲ੍ਹ ਡੁੱਲ੍ਹ ਪੈ ਰਹੀ ਪਰੇਮ ਮੂਰਤੀ ਪਰੇਮੀਆਂ ਦੇ ਹਿਰਦੇ ਵਿਚ।

ਰਾਤ ਬੀਤ ਗਈ ਜਿਵੇਂ ਬੀਤਦੀ ਹੈ ਸੈਆਂ ਲਖਾਂ ਵਰਿਹਾਂ ਤੋਂ, ਜਦੋਂ ਨਹੀਂ ਸੀ ਆਦਮੀ ਧਰਤੀ ਉਤੇ ਤੇ ਜਦੋਂ ਤੋਂ ਇਹ ਹੋਇਆ ਹੈ ਇਥੇ ਦਾ ਵਾਸੀ। ਦਿਨ ਅਜੇ ਨਹੀਂ ਸੀ ਚੜ੍ਹਿਆ ਕਿ ਟੋਡੇ ਵਿਚ ਸਤਿਗੁਰੂ ਦੇ ਦਰਬਾਰ ਵਿਚ ਆਸਾ ਦੀ ਵਾਰ ਦਾ ਭੋਗ ਪੈ ਗਿਆ। ਭੋਗ ਪੈਂਦੇ ਸਾਰ ਕੂਚ ਦਾ ਨਗਾਰਾ ਵੱਜ ਪਿਆ। ਘੜਿਆਲ ਦੀ ਫਰਿਆਦ ਉੱਚੀ ਹੋ ਪਈ, ਲਗ ਪਈ ਦੱਸਣ ਕਿ ਗ਼ਾਫਲੋ ਚਲੋ ਕੂਚ ਹੈ ਜਿਥੇ ਰਾਤ ਕੱਟੀ ਹੈ ਮੁਕਾਮ ਨਹੀਂ ਸੀ, ਇਹ ਤਾਂ ਰੈਣ ਬਸੇਰਾ ਸੀ। ਮੁਸਾਫਰੋ ! ਦਾਤਾ ਜੀ ਦੇ ਸਿਪਾਹੀਓ ! ਉਠੋ ਹੁਣ ਕੂਚ ਹੈ। ਹਾਂ ਭਾਈ, ਜਿਨ੍ਹਾਂ ਕੂਚ ਸਮਝੀ ਓਹੀ ਸੁਚੇਤ ਰਹੇ, ਜਿਨ੍ਹਾਂ ਰੈਣ ਬਸੇਰੇ ਨੂੰ ਮੁਕਾਮ ਸਮਝਿਆ

ਓਹ ਅਚੇਤ ਰਹੇ। ਘੜਿਆਲ ਨੇ ਬੱਸ ਕੀਤੀ, ਦਮਾਮਾ ਵੱਜ ਪਿਆ। ਦਮਾਮੇ ਵਾਲੇ ਊਠ ਜੀ ਅੱਗੇ ਹੋ ਟੁਰੇ, ਮਗਰ ਹੋਰ ਵਹੀਰ ਟੁਰ ਪਿਆ ਤੇ ਟੁਰ ਪਏ ਸੁਹਣੇ ਬਾਂਕੇ ਘੋੜੇ ਤੇ ਸਵਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ, ਇਕ ਹੱਥ ਵਿਚ ਤਲਵਾਰ ਹੈ ਤੇ ਇਕ ਹੱਥ ਵਿਚ ਸਿਮਰਨ ਦੀ ਦਾਤ ਹੈ। ਇਕ ਮੋਢੇ ਤੇ ਕਮਾਨ ਲਟਕ ਰਹੀ ਹੈ ਤੇ ਦੂਜੇ ਉਤੇ ਜਗਤ ਦਾ ਭਾਰ ਹਰਨਹਾਰੀ, ਬਖਸ਼ਿਸ਼ਾਂ ਨਾਲ ਭਰੀ ਮਿਹਰਾਮਤ ਦੀ ਅਦ੍ਰਿਸ਼ ਥੈਲੀ ਲਟਕ ਰਹੀ ਹੈ। ਸਨੇ ਸਨੇ ਚਲਦੇ ਦੁਪਹਿਰਾਂ ਤੋਂ ਪਹਿਲਾ ਨਾਡੇ[1] ਪਹੁੰਚ ਪਏ। ਏਥੇ ਅਗੇ ਪ੍ਰਸ਼ਾਦ ਤਯਾਰ ਸੀ। ਸੰਗਤਾਂ ਬੀ ਦਰਸ਼ਨਾਂ ਲਈ ਭੇਟਾ ਲੈ ਕੇ ਆਈਆਂ ਖੜੀਆਂ ਦਰਸ਼ਨਾਂ ਦੀ ਦਾਤ ਨੂੰ ਉਡੀਕ ਰਹੀਆਂ ਸਨ, ਪਿੰਡਾਂ ਦੇ ਸਿਰਕਰਦੇ ਤੇ ਰਾਉ ਬੀ ਆਏ ਖੜੇ ਸਨ ਕਿ ਬਲੀ ਜੋਧਾ ਜਾ ਰਿਹਾ ਹੈ, ਜਿਸਨੇ ਬਾਈਧਾਰ ਰਾਜਿਆਂ ਦੀ ਸੰਮਿਲਤ ਸੈਨਾਂ ਨੂੰ ਹਰਾ ਕੇ ਭਜਾ ਦਿੱਤਾ ਹੈ, ਉਸ ਨਾਲ ਸਾਹਿਬ ਸਲਾਮਤੀ ਕਰੀਏ। ਬੀਰਰਸੀ ਤੇ ਸ਼ਾਂਤਿ ਰਸੀ ਦੁਇ ਪ੍ਰਕਾਰ ਦੇ ਲੋਕ ਖੜੇ ਰਾਹਾਂ ਤੱਕ ਰਹੇ ਸਨ। ਜਦ ਸਾਹਿਬ ਪਹੁੰਚੇ ਤਾਂ ਸਾਰੇ ਭੇਟਾ ਲੈ ਲੈਕੇ ਮਿਲੇ। ਸਾਹਿਬਾਂ ਨੇ ਆਦਰ ਸਤਿਕਾਰ ਦਿੱਤਾ, ਹਰੇਕ ਦੀ ਲੋੜ ਪੂਰੀ ਕੀਤੀ। ਫੇਰ ਲੰਗਰ ਵਰਤਿਆ, ਗੁਰੂ ਕੇ ਲੰਗਰੋਂ ਵਡੇ ਛੋਟੇ ਆਏ ਸਭ ਨੂੰ ਛਾਂਦਾ ਮਿਲਿਆ, ਆਪ ਬੀ ਲੰਗਰਾਂ ਵਾਲੇ ਦਾਤੇ ਨੇ ਛਕਿਆ ਤੇ ਆਰਾਮ ਕੀਤਾ। ਲੌਢੇ ਪਹਿਰ ਤੋਂ ਪਹਿਲਾਂ ਜਾਗ ਕੇ ਅੱਗੇ ਕੂਚ ਬੋਲੀ। ਰਾਤ ਰਹਿਣੇ ਦਾ ਸੰਕਲਪ ਅਗਲੇ ਪੜਾਉ ਤੇ ਰਖਿਆ। ਅਗੇ ਰੈਣ ਬਸੇਰੇ ਦਾ ਪੜਾਉ ਪਿਆ ਢਕੋਲੀ। ਢਕੋਲੀ ਤੋਂ ਉੱਤਰ ਰੁਖ਼ ਅੱਧ ਕੁ ਕੋਹ ਤੋਂ ਘੱਟ ਫਾਸਲੇ ਤੇ ਤੰਬੂ ਲੱਗਾ ਸਾਹਿਬਾਂ ਦਾ[2] ਇਥੇ ਬੀ ਸੰਗਤਾਂ ਬਹੁਤ ਆਈਆਂ। ਹੋਰ ਲੋਕ ਬੀ ਦਰਸ਼ਨਾਂ ਨੂੰ ਆਏ। ਆਪ ਦੇ ਡੇਰੇ ਦੇ ਸਾਮਾਨ ਘਾਹ ਪੱਠੇ ਦੇ ਪ੍ਰਬੰਧ ਸੁਹਣੇ ਤੋਂ ਸੋਹਣੇ ਹੋ ਗਏ। ਰਾਤ ਆਰਾਮ ਦੀ ਬੀਤੀ। ਸਵੇਰੇ ਆਸਾ ਦੀ ਵਾਰ ਦਾ ਦੀਵਾਨ ਸਜਿਆ। ਭੋਗ ਪਿਆ, ਕੜਾਹ ਪ੍ਰਸਾਦਿ ਵਰਤਿਆ ਤਦ ਢਕੌਲੀ ਦੀ ਸੰਗਤ ਨੇ ਜਲ ਦੀ ਤੰਗੀ ਦੀ ਬਿਨੈ ਕੀਤੀ[1]। ਸਾਹਿਬ ਸੁਣਕੇ ਬੋਲੇ:-ਭਾਈ ! ਗੁਰ ਨਾਨਕ ਦਾ ਘਰ ਵੱਡਾ ਦਾਤਾ ਘਰ ਹੈ, ਇਹ ਤਾਂ ਦੁੱਧ ਦਹੀਂ ਘਿਉ ਦੇਣ ਨੂੰ ਸਮਰੱਥ ਹੈ, ਪਾਣੀ ਦੀ ਕਿਹੜੀ ਗੱਲ ਹੈ। ਇਹ ਬਚਨ ਆਖਕੇ ਉਠੇ ਤੇ ਆਪਣੇ ਡੇਰੇ ਦੇ ਇਧਰ ਉਧਾਰ ਚਿਹਲ--ਕਦਮੀ ਵਾਂਙੂ ਘੁੰਮਦੇ ਰਹੇ, ਨਾਲ ਸੰਗਤ ਘੁੰਮਦੀ ਰਹੀ। ਇਕ ਥਾਂ ਅਚਾਨਕ ਠਹਿਰ ਗਏ ਤੇ ਹੱਥ ਵਿਚ ਜੋ ਬਰਛਾ ਸੀ, ਸੋ ਜ਼ਿਮੀਂ ਵਿਚ ਜ਼ੋਰ ਨਾਲ ਗੱਡ ਦਿੱਤਾ, ਜਿਥੋਂ ਜਲ ਨਿਕਲ ਪਿਆ। ਸਿਖ ਸੰਗਤਾਂ ਦੇਖਕੇ ਅਚਰਜ ਰਹਿ ਗਈਆਂ। 'ਧੰਨ ਗੁਰੂ, ਧੰਨ ਗੁਰੂ' ਦੀ ਮਿੱਠੀ ਧੁਨੀ ਸਭ ਦੇ ਸੀਨਿਆਂ ਤੋਂ ਨਿਕਲੀ। ਫਿਰ ਸਾਹਿਬਾਂ ਨੇ ਕੁਛ ਮਾਯਾ ਬਾਉਲੀ ਪੱਕੀ ਬਨਾਉਣ ਲਈ ਦਿੱਤੀ। ਦੁਪਹਿਰ ਢਲੀ ਤੇ ਫਿਰ ਕੂਚ ਹੋ ਗਿਆ ਤੇ ਆਪ ਚਲੇ ਜਾ ਰਹੇ ਸਨ ਕਿ ਨਾਭਾ ਨਾਮੇ ਇਕ ਪਿੰਡ ਆ ਗਿਆ। ਇਸਦੀ ਜੂਹ ਵਿਚੋਂ ਲੰਘ ਰਹੇ ਸਨ ਤਾਂ ਕੰਬੋ ਸਿੰਘਾਂ ਦੀ ਸੰਗਤ ਢੋਲਕੀਆਂ ਛੈਣੇ ਲਈ ਸ਼ਬਦ ਗਾਉਂਦੀ ਅਗੋਂ ਆ ਮਿਲੀ! ਬੇਨਤੀ ਕਰਕੇ ਸਾਹਿਬਾਂ ਨੂੰ ਇਥੇ ਉਤਾਰ ਲਿਆ। ਰਾਤ ਡੇਰਾ ਇਥੇ ਹੀ ਰਿਹਾ। ਗਰੀਬ ਸਿੱਖਾਂ ਦੀ ਸੰਗਤ ਨੇ ਜਿਸ ਭਾਉ ਭਗਤੀ ਨਾਲ ਸੇਵਾ ਕੀਤੀ, ਉਸ ਪਰ ਨਾਥ ਬਹੁਤ ਰੀਝੇ। ਆਸਾ ਦੀ ਵਾਰ ਦੇ ਦੀਵਾਨ ਮਗਰੋਂ ਸੰਗਤਾਂ ਨੂੰ ਨਾਮ ਦਾ ਉਪਦੇਸ਼ ਮਿਲਿਆ, ਜੋ ਇਸ ਪ੍ਰਕਾਰ ਸੀ-

ਜੜ੍ਹ ਤੇ ਕ੍ਰਿਤ ਪਦਾਰਥਾਂ ਦੀ ਪੂਜਾ ਨਹੀਂ ਕਰਨੀ, ਸਦੀਵ ਕਾਲ ਇਕ ਅਕਾਲ ਪੁਰਖ ਦੀ ਪੂਜਾ ਕਰਨੀ ਹੈ। ਤਦ ਇਕ ਸਾਧ, ਜੋ ਕੁਛ ਗਯਾਨ, ਕੁਛ ਭਗਤੀ, ਕੁਛ ਜੋਗ ਦਾ ਜਾਣੂ ਸੀ, ਆਖਣ ਲੱਗਾ: ਗੀਤਾ ਵਿਚ ਤਾਂ ਇਕ ਕ੍ਰਿਸ਼ਨ ਦੀ ਸ਼ਰਨ ਲੈਣੀ ਹੀ ਸਰੇਸ਼ਟ ਦੱਸੀ ਹੈ, ਕੀਹ ਉਨ੍ਹਾਂ ਦੀ ਸ਼ਰਨ ਲੈਣੀ ਹੈ ਅਵਤਾਰ ਦੇ ਰੂਪ ਵਿਚ, ਕਿ ਉਨ੍ਹਾਂ ਦੇ ਅਨ-ਅਵਤਰ ਅਵਜਕਤ ਰੂਪ ਵਿਚ ? ਤਾਂ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਬੋਲੇ ਭਾਈ ਪਰਮ ਪੁਰਖ ਦੇ ਚਰਨੀ ਲਗੋ। ਪਰਮ ਪੁਰਖ ਸਭ ਤੋਂ ਵਡਾ ਹੈ, ਜਨਮ ਮਰਨ ਤੋਂ ਰਹਿਤ ਹੈ, ਉਹ ਈਸੁਰਾਂ ਤੋਂ ਉਪਰ ਹੈ, ਪਰਮ ਈਸ਼ੁਰ ਹੈ, ਸਭ ਦਾ ਮਾਲਕ ਹੈ, ਉਹ ਨਿਰਵਿਕਾਰ ਹੈ। ਗੁਰ ਨਾਨਕ ਦੇ

---

1. ਇਸ ਪਿੰਡ ਲਾਗੇ ਮੰਜੀ ਸਾਹਿਬ ਯਾਦਗੀਰੀ ਨਿਸ਼ਾਨ ਹੈ। ਇਹ ਪਿੰਡ ਥਾਣਾ ਪੰਜੋਰ ਜ਼ਿਲਾ ਪਟਿਆਲਾ ਵਿਚ ਹੈ।

2. ਇਥੇ ਬਾਉਲੀ ਸਾਹਿਬ ਨਾਮੇ ਗੁਰਦਵਾਰਾ ਹੈ, ਨਾਲ ਤਾਲਾਬ ਹੈ, ਅੰਬਾਲਾ ਕਾਲਕਾ ਲਾਈਨ ਉਤੇ, ਘੱਗਰ ਰੇਲਵੇ ਸਟੇਸ਼ਨ ਤੋਂ ਇਹ ਪਿੰਡ ਦੋ ਕੁ ਮੀਲ ਹੈ।

1. ਤਵਾਰੀਖ ਖਾਲਸਾ।

ਘਰ ਵਿਚ ਉਸ ਪਰਮਪੁਰਖ ਦੀ ਉਪਾਸ਼ਨਾ ਦੱਸੀ ਹੈ।

ਸਾਧੂ—ਫੇਰ ਜੀਓ ! ਉਸ ਦਾ — ਜੋ ਰੂਪ ਵਾਲਾ ਨਹੀਂ — ਧਿਆਨ ਕਿਵੇਂ ਧਰੀਦਾ ਹੈ ?

ਗੁਰੂ ਜੀ—ਭਾਈ ! ਜਗਤ ਮੋਹ ਨਿੰਦ੍ਰਾ ਵਿਚ ਸੌਂ ਰਿਹਾ ਹੈ, ਸੁੱਤੇ ਪਏ ਦੇ ਧਜਾਨ ਮੁਫ਼ਨੇ ਦੇ ਭਖਲਾ ਹੁੰਦੇ ਹਨ। ਪਹਿਲਾਂ ਨੀਂਦ ਖੋਲ੍ਹੋ ਮੋਹ ਦੀ। ਗ੍ਰਿਹਸਤੀ ਮੋਹ ਵਿਚ ਹੈ, ਇਸਤ੍ਰੀ ਪੁਤ੍ਰ ਪਦਾਰਥ ਇਜ਼ਤ ਦੇ ਮੋਹ ਵਿਚ। ਸਾਧੂ ਆਪਣੀ ਵਡਿੱਤ ਦੇ ਮੋਹ ਵਿਚ ਹੈ—ਚੇਲਿਆਂ ਬਾਲਿਆਂ ਤੇ ਡੇਰੇ ਦੇ ਮੋਹ ਵਿਚ। ਸਾਰੇ, ਕੀਹ ਰਾਜਸੀ ਬ੍ਰਿਤੀਆਂ ਵਾਲੇ, ਕੀਹ ਗ੍ਰਿਹਸਤੀ, ਕੀ ਕਰਮ ਕਾਂਡੀ, ਸਾਧੂ, ਸੰਨਜਾਸੀ ਕਿਸੇ ਨ ਕਿਸੇ ਪੱਜ; ਕਿਸੇ ਨ ਕਿਸੇ ਬਹਾਨੇ ਸਰੀਰਕ ਰਸਾਂ ਵਿਚ ਲਗ ਰਹੇ ਹਨ। ਜਦ ਮਨ ਨੇ ਸੰਚੇ ਤਾਂ ਕਰਨੇ ਹੋਏ ਏਹ ਰਸ, ਉਸ ਨੇ ਧਜਾਨ ਕਿਸ ਦਾ ਧਰਨਾ ਹੈ ? ਉਸ ਦੇ ਅੰਦਰ ਤਾਂ ਉਸੇ ਦਾ ਧਜਾਨ ਹੈ ਕਿ ਜਿਸਦੇ ਸੰਚਨ ਵਿਚ ਉਹ ਲੱਗ ਰਿਹਾ ਹੈ। ਉਸ ਨੇ ਸਰਗੁਣ ਦਾ ਧਜਾਨ ਤੇ ਨਿਰਗੁਣ ਦਾ ਗਜਾਨ ਕਿਥੋਂ ਪਾਉਣਾ ਹੈ ? ਸੋ ਭਾਈ ਪਹਿਲਾਂ ਆਪਣੇ ਚਿਤ ਦੀ ਮੋਹ ਨਿੰਦ੍ਰਾ ਖੋਲ੍ਹੋ। ਇਹ ਖੁਲ੍ਹੇਗੀ ਸਤਿਸੰਗ ਨਾਲ, ਜਿਥੋਂ ਪਤਾ ਲਗੇਗਾ ਕਿ ਥਿਰ ਕੀਹ ਹੈ, ਅਨਿਸਥਿਰ ਕੀਹ ਹੈ। ਫਿਰ ਪਤਾ ਲਗੇਗਾ ਕਿ ਇਹ ਜੋ ਵਿਖੇ ਰਸਾਂ ਦਾ ਮੋਹ ਹੈ ਇਹੀ ਪਰਦਾ ਹੈ ਸਾਡੇ ਤੇ ਪਰਮ ਪੁਰਖ ਦੇ ਵਿਚਕਾਰ[1]।

ਸਾਧੂ—ਸਾਂਈਂ ਜੀਓ ! ਫੇਰ ਜੀਵ ਕਰਮ ਕਾਂਡ ਦੇ ਕਰਮ ਕਰੇ, ਇਹ ਗੱਲ ਹੋਈ ?

ਗੁਰੂ ਜੀ—ਨਾ ਭਾਈ, ਜੋ ਕਰਮ ਕਾਂਡ ਦੇ ਕੇਵਲ ਕਰਮ ਹਨ ਉਹ ਤਾਂ ਭਰਮਾਂ ਵਿਚ ਫਸਾ ਦੇਂਦੇ ਹਨ। ਉਹ ਨਹੀਂ ਸੁਖ ਤੇ ਸੋਝੀ ਦੇ ਘਰ ਲੈ ਜਾਂਦੇ। ਕਲਜਾਨ ਦੀ ਲੋੜ ਹੈ ਤਾਂ 'ਧਰਮ ਦੇ ਕਰਮ ਵਿਚ' ਲਗੋ।

ਸਾਧੂ—ਧਰਮ ਦਾ ਕਰਮ ਕਿਹੜਾ ਹੈ ਗੁਰੂ ਜੀਓ !

ਗੁਰੂ ਜੀ—ਸਦਾ ਸਿਮਰਨ। ਇਹ ਧਰਮ ਦਾ ਕਰਮ ਹੈ। ਇਹ ਕਰਮ ਨਹੀਂ, ਪਰ ਸਿਰ ਕਰਮਾਂ ਦੇ ਕਰਮ ਬੀ ਇਹੋ ਹੈ। ਇਹ ਸਿਮਰਨ ਹੈ, ਪਰ ਸਿਰ ਧਿਆਨਾਂ ਦੇ ਧਜਾਨ ਬੀ ਇਹੋ ਹੈ। ਭਾਈ ਨਿਰਗੁਣ ਨਿਰਵਿਕਾਰ ਦਾ ਧਿਆਨ ਉਸਦਾ ਸਿਮਰਣ ਹੈ। ਦੇਖੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਯਾ ਹੈ:

ਮੈ ਅਵਰੁ ਗਿਆਨੁ ਨਾ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ।। (ਬਿਲਾ: ਮ: ੧ ਛੰਤ ਦਖਣੀ)

ਪਰ ਸ਼ਰਤ ਇਹ ਹੈ ਕਿ ਨਾਲ ਨਾਲ ਪਾਪਾਂ ਦਾ ਤਜਾਗ ਕਰੋ। ਪਹਿਲਾਂ ਵਡੇ ਪਾਪਾਂ ਤੋਂ ਆਪੇ ਨੂੰ ਵਰਜੋ, ਫੇਰ ਸਰੀਰਕ ਰਸਾਂ ਕਸਾਂ ਦੀ ਨਿੰਦ੍ਰਾਂ ਵਾਲੇ ਮੋਹ ਰੂਪ ਕਰਮਾਂ ਤੋਂ ਬਚੋ[1]। ਪਾਪਾਂ ਤੋਂ ਬਚਣਾ ਵੀਚਾਰ ਨਾਲ ਹੁੰਦਾ ਹੈ, ਤੇ ਹਠ ਨਾਲ, ਅਰਥਾਤ ਆਪੇ ਤੇ ਜ਼ੋਰ ਪਾਉਣ ਨਾਲ ਹੁੰਦਾ ਹੈ। ਨਾਲ ਨਾਲ ਸਿਮਰਨ ਜਾਰੀ ਰਹਿੰਦਾ ਹੈ ਤਾਂ ਸਿਮਰਨ ਅੰਦਰੋਂ ਪਾਪਾਂ ਦੀ ਮੈਲ ਨੂੰ ਕੱਟਦਾ ਹੈ। ਨਾਲੇ ਅਗੋਂ ਪਾਪ ਕਰਨ ਦੀ ਰੁਚੀ ਦਾ ਮੂੰਹ ਮੋੜਦਾ ਹੈ, ਫੇਰ ਰੁਚੀ ਨੂੰ ਪਰਮ ਪੁਰਖ ਵਲ ਸੇਧ ਦੇਂਦਾ ਹੈ। ਐਉਂ ਇਸ ਨਿਰਮਲ ਕਰਮ ਨਾਲ ਨਿਰਮਲ ਹੋ ਜਾਈਦਾ ਹੈ[2]। ਇਹ ਨਾਮ ਨਿਰਮਲ ਕਰਮ ਹੈ[3]। ਪਾਪ ਕਰਮ ਹੀ ਅਧਰਮ ਕਰਮ ਹਨ, ਅਧਰਮ ਕਰਮ ਪਾਪ ਕਰਮ ਹਨ। ਅਧਰਮ ਮੈਲ ਹੈ, ਧਰਮ ਨਿਰਮਲਤਾ ਹੈ। ਅਧਰਮ ਕਰਮਾਂ ਦੀ ਮੈਲ ਧਰਮ ਕਰਮ ਨਾਲ ਉਤਰਦੀ ਹੈ। ਧਰਮ ਕਰਮ ਕੀਹ ਹੈ ? ਪਰਮੇਸ਼ੁਰ ਦਾ ਨਾਮ।

ਸਾਧੂ—ਫਿਰ ਗਜਾਨ ਹੋਵੇਗਾ ਕਿ ਰੱਬ ਮਿਲੇਗਾ ?

ਗੁਰੂ ਜੀ—ਔਖਰੀ ਝਗੜਿਆਂ ਤੇ ਵਾਲਾਂ ਦੀ ਖੱਲ ਲਾਹੁਣ ਵਲ ਨਾ ਪਿਆ ਕਰੋ, ਨਾ ਜਗਤ ਨੂੰ ਪਾਯਾ ਕਰੋ। ਆਪਣੇ ਆਪ ਨੂੰ ਸਿਮਰਨ ਨਾਲ ਨਿਰਮਲ ਕਰ ਲਓ, ਫੇਰ ਦਿਓ ਉਪਦੇਸ਼। ਹਾਂ, ਉਪਦੇਸ਼ ਦਿਓ ਕਿ ਭਾਈ ਪਾਪ ਨ ਕਮਾਓ, ਅਧਰਮ ਦਾ ਕੋਈ ਕਰਮ ਨਾ ਕਰੋ, ਮੋਹ ਦੀ ਨੀਂਦ ਖੋਲ੍ਹੋ, ਆਪਣੇ ਦਾਤਾਰ ਸਿਰਜਣਹਾਰ ਦੀ ਹਜ਼ੂਰੀ ਵਿਚ ਵੱਸੋ। ਯਾਦ ਰਖੋ ਕਿ ਤੁਸੀਂ ਸਦਾ ਉਸਦੀ ਹਜ਼ੂਰੀ ਵਿਚ ਹੋ। ਯਾਦ ਰਖੋਂ ਕਿ ਉਹ ਮਾਲਕ ਪਾਲਕ ਪਜਾਰ ਕਰਨ ਵਾਲਾ ਪਿਤਾ ਹੈ; ਇਉਂ ਉਸ ਦਾ ਸਿਮਰਨ ਕਰੋ। ਉਸ ਦਾ ਨਾਮ ਹਿਰਦੇ ਵਿਚ ਪਰੋ ਕੇ ਰਖੋ। ਫਿਰ ਕੀਹ ਹੋਵੇਗਾ ? ਤੁਸੀਂ ਨਿਰਮਲ ਹੋ ਜਾਓਗੇ, ਪਾਪ ਕਰਮ ਨਹੀਂ ਕਰੋਗੇ, ਜਦ ਪਾਪ ਕਰਮ ਨਹੀਂ ਕਰੋਗੇ ਤਾਂ ਭਰਮ ਭੈ ਤੇ ਉਹਨਾਂ ਦਾ ਫਲ 'ਦੁਖ' ਤੇ 'ਰੋਗ' ਦੂਰ ਹੋ ਜਾਣਗੇ। ਸਾਰੇ

---

1. ਬਿਖਿਆ ਅਜਹੁ ਸੁਰਤਿ ਸੁਖ ਆਸਾ।। ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ।। ੧।। (ਗਉ: ਕਬੀਰ)

---

1. ਨਿਜ ਘਰਿ ਮੁਤੜੀਏ ਪਿਰਮੁ ਜਗਾਏ ਰਾਮ।। (ਬਿਲਾ: ਮ: ੧)
2. ਮਨ ਨਿਰਮਲ ਕਰਮ ਕਰਿ।। (ਧਨਾ: ਮ: ੫)
3. ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।। (ਸੁਖਮਨੀ)

ਦੁਖਾਂ ਦੇ ਨਾਲ ਵਡਾ ਦੁਖ 'ਕਾਲ ਦੇ ਜਾਲ' ਦਾ ਮਿਟ ਜਾਏਗਾ। ਇਹ ਦੁਖ ਮਿਟਕੇ ਠੰਢ ਪੈ ਕੇ ਫਿਰ ਪਰਮੇਸ਼ੁਰ ਪਰਮ ਪੁਰਖ ਦੇ ਪਿਆਰ ਦਾ ਰਸ ਆਵੇਗਾ, ਤੁਸੀਂ ਹਰੀ ਰਸ ਨਾਲ ਰੰਗੇ ਜਾਓਗੇ। ਭਾਈ ਸਾਧ ਰਾਮ ! ਜੇ ਆਪਣਾ ਸੁਖ ਲੋੜਦੇ ਹੋ ਤਾਂ ਮਾਰਗ ਇਹ ਹੈ, ਜੇ ਸਭ ਸ੍ਰਿਸ਼ਟੀ ਦਾ ਸੁਖ ਲੋਚਦੇ ਹੋ ਤਾਂ ਰਸਤਾ ਇਹ ਹੈ। ਇਹ ਰਾਹ ਅੰਬਾਂ ਦੀ ਗੇਣਤੀ ਮਾਤ੍ਰ ਦਾ ਨਹੀਂ, ਇਹ ਅੰਬਾ ਦੇ ਰਸਾਲ ਰਸ ਦੀ ਪ੍ਰਾਪਤੀ ਦਾ ਹੈ ਜਿਸ ਵਿਚ ਗਜਾਨ, ਧਜਾਨ, ਭਗਤੀ ਜੋਗ ਸਾਰਾ ਕੁਛ ਆ ਜਾਂਦਾ ਹੈ, ਹਰਿਰਸ ਦੀ ਪ੍ਰਾਪਤੀ ਦਾ ਮਾਰਗ ਹੈ ਪਾਪਾਂ ਦਾ ਤਜਾਗ, ਮੋਹ ਨਿੰਦ੍ਰਾ ਤੋਂ ਜਾਗ, ਪਰਮੇਸ਼ੁਰ ਦਾ ਨਾਮ ਸਿਮਰਨ---ਸਦਾ ਸਿਮਰਨ। ਇਹ ਉਪਦੇਸ਼[1] ਦੇ ਕੇ ਦਾਤਾ ਜੀ ਉਪਕਾਰੀ ਸਮੀਰ ਵਾਂਗੂ ਸਹਿਜੇ ਸਹਿਜੇ ਉਥੋਂ ਟੁਰ ਪਏ ਤੇ ਅਨੇਕਾਂ ਨੂੰ ਤਾਰਦੇ, ਰਾਹ ਵਿਚ ਠਹਿਰਦੇ, ਚਲਦੇ, ਠਹਿਰਦੇ, ਦੁਪਹਿਰਾਂ ਘਨੌਲੇ[2] ਕਟਦੇ, ਜਿਥੇ ਕਿ ਪਾਊਂਟੇ ਜਾਂਦੇ ਠਹਿਰੇ ਸਨ, ਸੰਝਾਂ ਹੋਣ ਦੇ ਸਮੇਂ ਤੋਂ ਕੁਛ ਪਹਿਲੇ ਰੋਪੜ ਲਾਗੇ ਕੋਟਲੇ[3] ਆ ਪਹੁੰਚੇ। ਇਥੇ ਪਠਾਣ ਸਰਦਾਰ ਸਨ, ਉਹਨਾਂ ਨੇ ਸ੍ਰੀ ਗੁਰੂ ਜੀ ਨੂੰ ਉਤਾਰਾ ਦਿਤਾ, ਅੱਗੇ ਰੋਪੜ ਨਾ ਜਾਣ ਦਿੱਤਾ, ਡੇਰਾ ਅਪਣੇ ਪਿੰਡ ਕਰਵਾ ਲਿਆ ਤੇ ਬਹੁਤ ਸੇਵਾ ਕੀਤੀ। ਤੁਰਨ ਵੇਲੇ ਸਤਿਗੁਰਾਂ ਨੇ ਇਕ ਕਟਾਰ ਤੇ ਢਾਲ ਬਖ਼ਸ਼ੀ!

ਇਸ ਤਰ੍ਹਾਂ ਚਲਦੇ ਆਪ ਕੀਰਤਪੁਰ ਅੱਪੜੇ।
ਸ੍ਰੀ ਕੀਰਤਪੁਰ ਤੀਰ ਮਹਿ ਡੇਰਾ ਨਿਜ ਡਾਰਾ।
ਸ੍ਰੀ ਮੁਖ ਤੇ ਫੁਰਮਾਇਓ: 'ਬਹੁ ਕਰਹੁ ਕਰਾਹੂ'।.....
ਗਏ ਪਿਤਾਮਾ ਥਾਨ ਕੋ ਭਟ ਸੰਗਿ ਮਹਾਨੇ।
ਕਰ ਜੋਰੇ ਕਰਿ ਬੰਦਨਾ ਅਰਦਾਸ ਬਖਾਨੇ।........
ਤਬ ਪੰਚਾਂਮ੍ਰਿਤ[1] ਬ੍ਰਿੰਦ[2] ਕੋ ਬਰਤਾਵਨ ਕੀਨਾ।
ਪੁਰਿਜਨ ਦਰਸਤਿ ਦੁਤਿਅਧਿਕਸਭਿਹਿਨ ਸੋ ਲੀਨਾ।
ਸੂਰਜ ਮਲ ਕੇ ਪੌਤ੍ਰ ਦੁਇ ਹੁਲਮਾਵਤ ਆਏ।
ਕਰਦਰਸ਼ਨ ਗੁਰ ਤਰਨਿਕੋ[3] ਦ੍ਰਿਗਕਮ ਲਖਿ ਰਾਏ।੭।
ਕੁਸ਼ਲ ਪ੍ਰਸ਼ਨ ਕਰ ਦੁਹਨ ਕੌ ਸਨਮਾਨ ਬਿਠਾਏ।...
ਮੁਸਕਾਨੇ ਸ੍ਰੀ ਪ੍ਰਭ ਕਹਜੋ; 'ਅਬ ਰਹੀਅਹਿ ਪਾਸਾ।
ਆਨੰਦਪੁਰ ਨਿਜਇਸਮ[4] ਕੋ ਕਰਿ ਹੈਂ ਬਹੁ ਬਾਸਾ'।
ਸੰਧਜਾ ਲਖਿ ਰਹਿਰਾਸਕੌ ਪਠਿ ਸੁਨਿ ਤਿਸਕਾਲਾ।
ਥਾਨ ਪਿਤਾਮਹਿ ਕੋ ਨਮੋ ਕਰਿਪ੍ਰਕ੍ਰਮ ਕ੍ਰਿਪਾਲਾ।।੯।।
ਸਨੇ ਸਨੇ ਨਿਜਸਿਵਰ[5] ਕੋ ਚਲਿਆਇ ਗੁਸਾਈਂ।
ਰਾਇ ਗੁਲਾਬ ਸਿਆਮ ਸਿੰਘ ਸੰਗ ਦੋਨਹੁ ਭਾਈ।
ਜਥਾ ਸ਼ਕਤਿ ਸੇਵਾ ਕਰੀ ਸਤਿਗੁਰ ਹਰਖਾਏ।
ਸੁਪਤਿ ਜਥਾ ਸੁਖ ਜਾਮਨੀ ਬਿਸਰਾਮ ਸੁਪਾਏ।੧੦।
ਬਡੀ ਪ੍ਰਾਤਿ ਉਠਿਕੇ ਪ੍ਰਭੂ ਕਰ ਸੌਚ ਸ਼ਨਾਨਾਂ।
ਬਜਜੋ ਦਮਾਮਾ ਕੂਚ ਕੋ ਜਨੁ ਘਨ[6] ਗਰਜਾਨਾ।
ਚਢਿ ਮਤੰਗ[7] ਪਰ ਸਤਿਗੁਰੂ ਪੁਰਿ ਚਹੈਂ ਪ੍ਰਵੇਸ਼ਾ।
ਸਾਯੁਧ[8] ਜੋਧਾ ਹਯ ਚਢੇ ਚਲਿ ਸੰਗ ਅਸ਼ੇਸ਼ਾ।੧੧।
ਐਉਂ ਪਹੁੰਚੇ ਆਪ ਮੁੜ ਕੇ ਆਨੰਦਪੁਰ।

ਜਦੋਂ ਇਹ ਤੁਕ ਪੜ੍ਹੀ ਦੀ ਹੈ ਕਿ 'ਕਾਹਲੂਰ ਮੈਂ ਬਾਂਧਿਓ ਆਨ ਅਨੰਦਪੁਰ ਗਾਉਂ' ਤਾਂ ਸਮਝੀਦਾ ਹੈ ਕਿ ਇਹ ਗਾਉਂ ਨਵਾਂ ਬਣਾਯਾ ਹੈ, ਪਰ ਮਤਲਬ ਇਹ ਨਹੀਂ ਹੈ। ਗਾਉਂ ਤਾਂ ਨੌਵੇਂ ਗੁਰੂ ਜੀ ਆਪ ਬਣਾ ਗਏ ਸਨ। ਇਸੇ ਨੂੰ ਵਸਦਾ ਰਸਦਾ ਛੱਡਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਊਂਟੇ ਗਏ ਸਨ। ਬਾਂਧਿਓ ਦਾ ਮਤਲਬ ਇਹ ਹੈ: ਆਪ ਦੇ ਚਲੇ ਜਾਣ ਬਾਦ ਬੇ-ਰੌਣਕੀ ਹੋ ਗਈ ਸੀ, ਲੋਕ ਬਹੁਤ ਚਲੇ ਗਏ ਸਨ, ਪਰ ਕੁਛ ਵਸੋਂ ਹੈਸੀ। ਲਾਗਲੇ ਪਿੰਡਾਂ ਨੂੰ ਇਥੋਂ ਮੰਡੀ ਵਾਂਙੂ ਸੌਦਾ ਸੂਤ ਮਿਲ ਜਾਂਦੇ ਸਨ ਤੇ ਗੁਰੂ ਜੀ ਬੀ ਕੁਛ ਪ੍ਰਬੰਧ ਛੱਡ ਗਏ ਸਨ। ਹੁਣ ਆਕੇ ਨਵੇਂ ਸਿਰੇ ਰੌਣਕ ਵਧਾਈ ਅਤੇ ਕਿਲ੍ਹੇ ਕੋਟ ਆਦਿ ਸਾਮਾਨ ਕਰਕੇ ਇਸ ਨੂੰ ਬੰਨ੍ਹਿਆ ਅੱਜ ਆਪ ਜੀ ਦੇ ਪਹੁੰਚਣ ਤੋਂ ਪਹਿਲਾਂ ਆਨੰਦਪੁਰ ਵਿਚ ਫਿਰ ਗਹਿਮਾਂ ਗਹਿਮ ਹੋ ਗਈ ਸੀ। ਇਕ ਤਾਂ ਪਹਿਲੀ ਵਸੋਂ, ਜੋ ਬਾਕੀ ਸੀ, ਉਹ

---

1. ਇਹ ਪਿਛਲੀ ਵਾਰਤਾਲਾਪ ਖੁੱਲ੍ਹਾ ਅਨੁਵਾਦ ਹੈ ਦਸਮੇਂ ਪਾਤਸ਼ਾਹ ਜੀ ਦੇ ਸ੍ਰੀ ਮੁਖਵਾਕ ਸ਼ਬਦ ਦਾ —

ਰਾਮਕਲੀ ਪਾਤਸ਼ਾਹੀ ੧੦॥ ਪ੍ਰਾਨੀ ਪਰਮ ਪੁਰਖ ਪਗ ਲਾਗੋ॥ ਸੋਵਤ ਕਹਾ ਮੋਹਨਿੰਦ੍ਰਾ ਮੈਂ ਕਬਹੂੰ ਸੁਚਿਤ ਹ੍ਵੈ ਜਾਗੋ॥ ੧॥ ਰਹਾਉ॥ ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥ ਸਿੰਚਤ ਕਹਾਂ ਪਰੇ ਬਿਖਿਅਨ ਕਉ ਕਬਹੂੰ ਬਿਖੈ ਰਸ ਤਿਆਗੋ॥ ੧॥ ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥ ਸੰਗ੍ਰਹ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥ ਜਾਤੈ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ॥ ਜੋ ਸੁਖ ਚਾਹੋ ਸਦਾ ਸਭਨ ਕੋ ਤੌ ਹਰਿ ਕੇ ਰਸ ਪਾਗੋ॥ ੩॥ 2. ਗੁਰਦੁਆਰਾ ਹੈ। ਇਹ ਬੀ ਖਿਆਲ ਹੈ ਕਿ ਆਉਂਦਿਆਂ ਏਥੇ ਨਹੀਂ ਟਿਕੇ!

3. ਇਹ ਪਿੰਡ ਰੋਪੜ ਤੋਂ ਚੜ੍ਹਦੇ ਨੂੰ ਦੋ ਢਾਈ ਕੋਹ ਤੇ ਹੈ। ਦੋ ਗੁਰਦੁਵਾਰੇ ਹਨ, ਇਕ ਪਿੰਡ ਦੇ ਅੰਦਰ ਤੇ ਇਕ ਬਾਹਰ।

1. ਕੜਾਹ ਪ੍ਰਸ਼ਾਦ। 2. ਬਹੁਤਾ। 3. ਗੁਰੂ ਰੂਪੀ ਸੂਰਜ ਦਾ ਦਰਸ਼ਨ ਕਰਕੇ। 4. ਆਪਣੀ ਮਾਲਕੀ। 5. ਅਪਣੇ ਡੇਰੇ। 6. ਦਲ; 6. ਬੱਦਲ। 7. ਹਾਥੀ। 8. ਸ਼ਸਤ੍ਰਾਂ ਸਹਿਤ।

ਸੀ: ਦੂਸਰੇ ਮਾਮਾ ਜੀ ਸਾਰਾ ਦਲ ਤੇ ਪਰਿਵਾਰ ਨੂੰ ਲੈਕੇ ਪਹੁੰਚ ਪਏ ਹੋਏ ਸਨ, ਤੀਸਰੇ ਲਾਗ ਲਾਗ ਪਿੰਡਾਂ ਦੇ ਲੋਕੀ ਆਦਰ ਲਈ ਬਹੁਤ ਆ ਗਏ ਸਨ, ਚੌਥੇ ਜੋ ਸੰਗਤਾਂ ਦੂਰੋਂ ਦੂਰੋਂ ਆ ਰਹੀਆਂ ਸਨ ਇਹ ਸੁਧ ਪਾਕੇ ਕਿ ਗੁਰੂ ਜੀ ਆਨੰਦਪੁਰ ਆ ਰਹੇ ਹਨ, ਇਧਰੇ ਹੀ ਚਾਲੇ ਪਾਕੇ ਪਹੁੰਚੀਆਂ ਸਨ। ਸੋ ਅੱਜ ਆਪ ਦੇ ਸਵਾਗਤ ਦਾ ਬਹੁਤ ਚਾਉ ਹੁਲਾਸ ਹੋ ਰਿਹਾ ਸੀ। ਨਗਰੀ ਤੇ ਨਗਰੀ ਤੋਂ ਦੂਰ ਬਾਹਰ ਸੜਕਾਂ ਉਤੇ ਛਿੜਕਾਉ ਹੋ ਗਏ ਜੋ ਆਪਦੇ ਆਇਆਂ ਧੂੜਿ ਨਾ ਉਡੇ। ਹਜ਼ਾਰਾਂ ਆਦਮੀ ਨਗਰ ਦੇ ਬਾਹਰ ਤੇ ਅੰਦਰ ਸੜਕ ਦੇ ਉਦਾਲੇ ਖੜੇ ਹੋ ਗਏ। ਕਈ ਥਾਂ ਫੁਲਾਂ ਦੇ ਟੋਕਰੇ ਵਰਖਾ ਕਰਨ ਲਈ ਲੈਕੇ ਖੜੇ ਹਨ ਪ੍ਰੇਮੀ। ਜਿਉਂ ਜਿਉਂ ਆਪ ਅੱਗੇ ਵਧਦੇ ਹਨ ਸਭ ਦੇ ਆਦਰ ਨੂੰ ਕਬੂਲਦੇ, ਪਜਾਰ ਕਰਦੇ, ਅਸੀਸਾਂ ਦਿੰਦੇ, ਚਲੇ ਜਾਂਦੇ ਹਨ। ਫਿਰ ਆਪ ਹਾਥੀ ਤੋਂ ਉਤਰਕੇ ਪੈਦਲ ਹੋ ਗਏ ਤੇ ਅਪਣੇ ਪਰਮ ਪਿਆਰੇ ਪਿਤਾ ਜੀ ਦੇ ਦੇਹੁਰੇ ਆਏ, ਨੈਣ ਮੁੰਦ ਆਪਣੇ ਸਤਿਗੁਰੂ ਤੇ ਪਿਤਾ ਤੇ ਉਨ੍ਹਾਂ ਦੀ ਕਮਾਲ ਕਰਨੀ ਨੂੰ ਯਾਦ ਕਰਕੇ ਸੀਸ ਝੁਕਾਇਆ ਫਿਰ ਚਾਰ ਪ੍ਰਕਰਮਾਂ ਕਰਕੇ ਅਰਦਾਸਾ ਕਰਵਾਕੇ ਕੜਾਹ ਪ੍ਰਸ਼ਾਦਿ ਵਰਤਾਇਆ। ਇਥੋਂ ਫੇਰ ਆਪਣੇ ਪੁਰਾਣੇ ਮਹੱਲਾਂ ਨੂੰ ਗਏ ਤੇ ਸਾਰੇ ਪਰਵਾਰ ਨੂੰ ਮਿਲਕੇ ਪ੍ਰਸ਼ਾਦ ਛਕਿਆ ਤੇ ਆਰਾਮ ਕੀਤਾ। ਤੀਸਰੇ ਪਹਿਰ ਤਿਆਰ ਬਰਤਿਆਰ ਹੋ ਕੇ ਦੀਵਾਨ ਸਥਾਨ ਵਿਚ ਆਏ।

ਸੰਧਯਾ ਲਗ ਥਿਰ ਸਭਾ ਮਹਿ ਦਰਸ਼ਨ ਕੋ ਦੀਨਾ।
ਪੂਰੀ ਕਾਮਨਾ ਸਭਿਨਿ ਕੀ ਦੁਖ ਦਾਰਿਦ ਹੀਨਾ।
ਸਿੰਘ ਪਵਰ ਉਠਿ ਕਰਿ ਚਲੇ ਸਭਿ ਬੰਦਨ ਠਾਨੀ।
ਪ੍ਰਵਿਸ਼ੇ ਸੁੰਦਰ ਸਦਨ ਮਹਿ ਸਤਿਗੁਰ ਗੁਨਖਾਨੀ।
(ਗੁਰ ਪ੍ਰਤਾਪ ਸੂਰਜ)

ਸੰਗਤਾਂ ਇਹ ਸੁਣਕੇ ਉਮਡ ਆਈਆਂ ਕਿ ਸਾਹਿਬ ਦੂਰ ਦਾ ਦੇਸ ਛੋੜਕੇ ਮੁੜ ਆਨੰਦਪੁਰ ਆ ਗਏ ਹਨ। ਦੀਪਮਾਲਾ ਤਕ ਬੜੀ ਭੀੜ ਹੋ ਗਈ। ਇਹ ਸਮਾਗਮ ਇੰਨਾ ਭਰਕੇ ਹੋਇਆ ਕਿ ਕੋਈ ਧੁਰ ਸਿਰ ਨਾ ਰਹੀ। ਇਸ ਸਮੇਂ ਅਣਗਿਣਤ ਮਾਇਆ ਇਕੱਠੀ ਹੋ ਗਈ, ਜਿਸ ਦੀ ਸਫਲਤਾ ਗੁਰੂ ਜੀ ਨੇ ਅਪਣੇ ਉਸ ਉਦੇਸ਼ ਤੋਂ ਖਰਚ ਕਰਨੀ ਆਰੰਭੀ, ਜੋ ਦਿਲ ਵਿਚ ਧਾਰੀ ਬੈਠੇ ਸੀ ਕਿ ਨੇਕੀ ਦੇ ਪ੍ਰਚਾਰ ਨਾਲ ਪਰਜਾ ਦੀ ਸੁਤੰਤ੍ਰਤਾ ਲਈ ਪਰਜਾ ਵਿਚ ਬਲ ਭਰ ਦੇਣਾ ਹੈ ਅਤੇ ਇਨ੍ਹਾਂ ਨੂੰ ਆਪਣੇ ਪੈਰਾਂ ਤੇ ਖੜਾ ਕਰ ਦੇਣਾ ਹੈ। ਸੋ ਆਨੰਦਪੁਰ ਆਏ ਸਿਖਾਂ ਵਿਚੋਂ ਚੁਣ ਚੁਣਕੇ ਜੁਆਨ ਫੌਜ ਲਈ ਰੱਖ ਲਏ ਤੇ ਅਪਣੀ ਸੈਨਾਂ ਸੁੰਦਰ ਸਜੀਲੀ ਤੇ ਬਲਵਾਨ ਬਣਾਉਣੀ ਆਰੰਭ ਦਿੱਤੀ ਤਾਂ ਜੋ ਲੋੜ ਪਈ ਤੇ ਪਾਉਂਟੇ ਵਾਂਗੂ ਐਸੇ ਲੋਕ ਨਾ ਸੈਨਾਂ ਵਿਚ ਹੋਣ ਜੋ ਲੜਨੋਂ ਨਾਂਹ ਕਰ ਦੇਣ, ਜਾਂ ਨਿਮਕ ਹਰਾਮ ਹੋ ਕੇ ਵੈਰੀ ਦਲ ਨਾਲ ਜਾ ਰਲਣ। ਸੈਨਾਂ ਲਈਂ ਸਾਮਾਨ ਚਾਹੀਏ ਸੋ ਆਪ ਸਿਲ੍ਹਾਖਾਨੇ ਬਣਾਏ। ਸ਼ਸਤ੍ਰ, ਅਸਤ੍ਰ, ਦਾਰੂ, ਗੋਲੀ ਸਭ ਸ਼ੈ ਅਪਣੀ ਤਿਆਰ ਹੋਵੇ। ਰਹਿਕਲੇ, ਜੰਬੂਰੇ, ਤੋਪਾਂ ਤਕ ਆਪਣੀਆਂ ਤਿਆਰ ਹੋਣ; ਫੇਰ ਜੰਗ ਗਲੇ ਆ ਪਵੇ ਤਾਂ ਕੋਟਕਿਲ੍ਹੇ ਦਮਦਮੇ ਚਾਹੀਏ; ਇਹ ਭੀ ਬਣਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਸਾਰੇ ਕੰਮਾ ਲਈ ਤਰ੍ਹਾਂ ਤਰ੍ਹਾਂ ਦੇ ਕਾਰੀਗਰ ਚਾਹੀਏ ਸੋ ਭੀ ਮੰਗਵਾਏ। ਜਿਥੇ ਇਹ ਕੁਛ ਹੋਵੇ ਓਥੇ ਬਪਾਰ ਦੀ ਮੰਡੀ ਚਾਹੀਏ; ਜੋ ਸਾਰੇ ਸਾਮਾਨ ਆਪੇ ਪਏ ਆਉਣ, ਇਸ ਦਾ ਭੀ ਉੱਦਮ ਕੀਤਾ। ਇਉਂ ਆਨੰਦਪੁਰ ਬੜੀ ਰੌਣਕ ਵੱਧੀ, ਵਸੋਂ ਵਡੇਰੀ ਹੁੰਦੀ ਚਲੀ ਗਈ।

ਸ੍ਰੀ ਹਜ਼ੂਰ ਸਾਹਿਬ ਦੇ ਗ੍ਰੰਥੀ ਭਾਈ ਹਜ਼ੂਰਾ ਸਿੰਘ ਜੀ ਨੂੰ ਕੋਈ ਉਦਾਸੀ ਸਾਧੂ ਇਕ ਪੁਰਾਣੀ ਉਸ ਸਮੇਂ ਦੀ ਲਿਖਤੀ ਯਾਦਦਾਸ਼ਤਾਂ ਦੀ ਪੋਥੀ ਜੇਹੀ ਦੇ ਗਏ ਸਨ, ਆਪ ਨੇ ਉਸ ਦਾ ਉਤਾਰਾ ਜੋ ਸਾਨੂੰ ਘੱਲਿਆ ਹੈ, ਉਸ ਵਿਚ ਆਨੰਦਪੁਰ ਦੇ ਇਸ ਸਮੇਂ ਗੁਰੂ ਜੀ ਦੇ ਉੱਦਮ ਬਾਬਤ ਐਉਂ ਦਾ ਲਿਖਿਆ ਹੈ: ਆਈਆਂ ਸੰਗਤਾਂ, ਮਸੰਦਾਂ, ਸੰਤਾਂ, ਸੇਵਕਾਂ ਨੂੰ ਹੁਕਮ ਹੁੰਦਾ ਸੀ ਕਿ ਜਿਥੇ ਵਿਦਵਾਨ ਤੇ ਹੁਨਰਮੰਦ ਦੇਖੋ ਉਸਨੂੰ ਏਥੇ ਭੇਜੋ। ਚੰਗੇ ਚੰਗੇ ਕਾਰੀਗਰਾਂ ਨੂੰ ਨਾਲ ਲਿਆਓ, ਯਾ ਸਾਡੇ ਪਾਸ ਘੱਲ ਦਿਓ। ਆਏ ਗੁਣੀਆਂ, ਕਾਰੀਗਰਾਂ, ਵਿਦਵਾਨਾਂ, ਹੁਨਰਮੰਦਾ ਦੀ ਖਾਤਰ ਕਰਨੀ, ਰੁਜ਼ੀਨੇ ਬੰਨ੍ਹ ਦੇਣੇ। ਇਨ੍ਹਾਂ ਦੇ ਨਾਲ ਰੌਣਕ ਵਧੀ, ਮਹੱਲੇ ਤੇ ਬਜ਼ਾਰ ਬਣ ਗਏ। ਸੂਰਮੇ ਕੱਠੇ ਹੋ ਗਏ। ਸ਼ਸਤ੍ਰਾਂ ਅਸਤ੍ਰਾਂ ਦਾ ਚਲਾਉਣਾ ਭਾਰੀ ਕੰਮ ਜਾਰੀ ਹੋ ਗਿਆ। ਘੋੜੇ ਰੱਖਣੇ, ਪਾਲਣੇ, ਸਿਖਾਉਣੇ, ਜੰਗ ਲਈ ਤਿਆਰ ਕਰਨੇ ਇਹ ਕੰਮ ਭੀ ਆਨੰਦਪੁਰ ਵਿਚ ਹੀ ਤੋਰ ਲਿਆ। ਦੂਰ ਦੂਰ ਤੋਂ ਘੋੜੇ ਚੰਗੇ ਤੋਂ ਚੰਗੇ ਆਉਣ, ਘੋੜਿਆਂ ਦੇ ਸਾਜ਼ ਆਦਿ ਲਈ ਚਮੜੇ ਦੇ ਕਾਰਖਾਨੇ ਖੁਲ੍ਹ ਗਏ। ਸਿਕਲੀਗਰ ਕੱਠੇ ਹੋ ਗਏ ਤੇ ਸਿਲ੍ਹਾਖਾਨੇ

ਨੂੰ ਤੁਹਾਡੇ ਵਾਰ ਨੂੰ ਰੋਕਣਾ ਪਿਆ, ਜਿਸ ਵਿਚ ਤੁਸਾਂ ਦੀ ਹਾਰ ਹੋਈ ਤੇ ਤੁਸਾਂ ਨੇ ਹਾਰ ਮੰਨੀ। ਜਿੱਤਕੇ ਅਸਾਂ ਕੋਈ ਵਧੀਕੀ ਨਹੀਂ ਕੀਤੀ : ਆਪਣੇ ਮਾਲਕੀ ਦੇ ਇਲਾਕੇ ਵਿਚ ਵੱਸ ਰਹੇ ਤੇ ਕਿਸੇ ਨੂੰ ਦੁਖਾ ਨਹੀਂ ਰਹੇ ਹਾਂ। ਅਨੇਕ ਸੰਗਤਾਂ ਦੇ ਆਉਣ ਕਰਕੇ ਸਿਖ ਦਲਾਂ ਦੇ ਹੋਣ ਕਰਕੇ ਇਕ ਨਗਰ ਵੱਸ ਪਿਆ ਹੈ, ਜਿਸ ਕਰਕੇ ਤੁਹਾਡੀ ਤੇ ਤੁਹਾਡੀ ਪ੍ਰਜਾ ਦੀ ਆਮਦਨ ਵਧ ਰਹੀ ਹੈ। ਉਹ ਕਿਹੜਾ ਅਨਜਾਯ ਹੈ ਕਿ ਜਿਸ ਕਰਕੇ ਤੁਸਾਂ ਦਾ ਰਾਜਾ ਦੁਖ ਦੁਖ ਉੱਠਦਾ ਹੈ। ਇਸ ਵੇਲੇ ਦੀ ਗੁਫਤਗੂ ਪਰ ਕਵੀ ਜੀ ਨੇ ਦੋ ਇਕ ਕਬਿੱਤ ਗੁਰੂ ਜੀ ਦੀ ਜ਼ੁਬਾਨੀ ਲਿਖੇ ਹਨ, ਜੋ ਬੜੇ ਸੁਆਦਲੇ ਹਨ :

ਖੇਲ ਬੇ ਅਖੇਰ ਕੌ ਨ ਆਨਿ ਥਾਨਿ ਜਾਨ ਕਹੂੰ ਕਾਹਿਲੂਰ ਦੇਸ਼ ਮੈਂ ਪ੍ਰਵੇਸ਼ ਬਿਚਰਤਿ ਹੈਂ। ਘੋਰਨ ਕੋ ਘਾਸ, ਕਿਧੌਂ ਮਾਸ ਹੇਤੁ ਛਾਂਗ ਲੇਤਿ ਔਰ ਨਾ ਬਿਗਾਰੈਂ ਕਛੂ ਫਿਰੈਂ ਜਿਤ ਕਿੱਤ ਹੈਂ। ਕਹਾਂ ਬਿਗਰਾਯੋ ਕੋ ਦੁਰਗ ਨਹਿੰ ਛੀਨ ਲੀਓ, ਗ੍ਰਾਮ ਹੂੰ ਨ ਲੂਟਯੋ ਕੋਈ, ਲੀਨਿ ਕਹਾਂ ਬਿੱਤ ਹੈ॥ ਪੰਥ ਹੂੰ ਨ ਰੋਕਯੋ ਕੋਈ, ਪਾਕੇ ਕ੍ਰਿਸ਼ ਰਹੇ ਸੋਈ, ਕੌਨਸੋ ਬਿਗਾਰਕੀਨਿ ਜਾਂਤੇ ਦੁਖ ਚਿਤਹੈਂ ?॥੨੩॥ ਭੀਮ ਚੰਦ ਭੂਪ ਨੇ ਤੁਰੰਗਮ ਨ ਦੀਨਿ ਕੋਈ ਨਾਲ ਬੰਦੀ ਆਦਿ ਧਨ ਕਛੂ ਨ ਪੁਚਾਯੋ ਹੈ। ਰਹੋ ਨਿਜ ਦੇਸ਼, ਕਰੋ ਰਾਜ ਕੋ ਅਸ਼ੇਸ਼ ਬੈਠਿ, ਹਮਰੋ ਨ ਦ੍ਵੈਸ਼ ਨਹਿ ਕਾਜ ਬਿਗਰਾਯੋ ਹੈ[1]।

ਫੇਰ ਲਿਖਦੇ ਹਨ :-

ਬਾਕ ਪੁਰਹੂਤ ਸਮ ਦੂਤ ਸੁਨ ਪੂਤ ਮਨ
ਸੂਤ ਕਰਯੋ ਚਾਹਤ, ਸੁ ਬੇਨਤੀ ਅਲਾਯੋ ਹੈ।
ਰਾਜੇ ਹੂੰ ਕੋ ਮੇਲ ਲੇਹੁ ਕੀਜੀਏ ਸਨੇਹੁ ਆਪ,
ਕਰੁਨਾ ਅਛੇਹ ਤੇ ਸਕਲ ਬਨਿ ਆਯੋ ਹੈ॥ ੨੪॥

ਗੁਰੂ ਜੀ ਨੇ ਦੂਤ ਦੇ ਵਾਕ ਸੁਣ ਕੇ ਆਖਿਆ ਕਿ ਰਾਜਾ ਜੀ ਬੜੀ ਪ੍ਰਸੰਨਤਾ ਨਾਲ ਆ ਜਾਣ। ਇਸ ਤੋਂ ਬਾਦ ਦੂਤ ਵਿਦਾ ਹੋ ਗਿਆ ਤੇ ਕੁਛ ਦਿਨਾਂ ਬਾਦ ਰਾਜਾ ਆਪਣੇ ਦੋ ਸੌ ਸਵਾਰਾਂ ਸਣੇ ਆਨੰਦਪੁਰ ਆ ਗਿਆ, ਜਿਸ ਨੂੰ ਉਸ ਦੇ ਯੋਗ ਸਨਮਾਨ ਅਨੁਸਾਰ ਉਤਾਰਾ ਦਿਤਾ ਗਿਆ।

ਅਗਲੇ ਦਿਨ ਗੁਰੂ ਜੀ ਦੇ ਦਰਬਾਰ ਵਿਚ ਰਾਜਾ ਦਰਸ਼ਨਾਂ ਹਿਤ ਆਇਆ। ਆਉਣ ਵਿਚ ਗੁਰੂ ਗਾਦੀ ਹੋਣ ਕਰਕੇ ਉਹ ਨਿਵਾਣ ਨਹੀਂ ਸੀ ਝੱਲਣਾ ਪੈਂਦਾ ਜੋ ਕਿਸੇ ਨਿਰੇ ਰਾਜੇ ਪਾਸ ਜਾਣ ਵਿਚ ਝੱਲਣਾਪੈਂਦਾ, ਕਿਉਂਕਿ ਗੁਰੂ ਦੇ ਦਰਬਾਰ ਤਾਂ ਰਾਜੇ, ਵਜ਼ੀਰ, ਅਮੀਰ ਉਹਦੇਦਾਰ, ਸ਼ਾਹੂਕਾਰ, ਗ਼ਰੀਬ, ਕਿਰਤੀ, ਮਜ਼ੂਰ ਸਭੇ ਆਉਂਦੇ ਸੇ ਤੇ ਇਹ ਆਉਣਾ ਕਿਵੇਂ ਬੀ ਹੀਣਾਪਨ ਨਹੀਂ ਸੀ ਸਮਝਿਆ ਜਾਂਦਾ। ਰਾਜਾ ਬੀ ਇਸ ਤਰ੍ਹਾਂ ਭੇਟਾ ਲੈ ਕੇ ਅਦਬ ਨਾਲ ਆਕੇ ਮਿਲਿਆ। ਆਇਆ ਵਜ਼ਰੀ, ਦੀਵਾਨ ਤੇ ਸੈਨਾਪਤਿ ਆਦਿ ਆਪਣੇ ਅਹਿਲਕਾਰਾਂ ਦੇ ਸਮੇਤ ਤੇ ਅੱਗੋਂ ਜਾ ਕੇ ਨਾਲ ਲਿਆਏ ਬੀ ਸਨਮਾਨ ਨਾਲ ਗੁਰੂ ਕੇ ਵਡੇ ਦਰਬਾਰੀ ਮਾਮਾ ਕ੍ਰਿਪਾਲ ਚੰਦ ਜੀ ਤੇ ਨੰਦ ਚੰਦ ਆਦਿ ਸਿਰਕਰਦੇ। ਪਰ ਦਰਬਾਰ ਵਿਚ ਆ ਕੇ ਰਾਜੇ ਨੇ ਭੇਟਾ ਅੱਗੇ ਧਰਕੇ ਮੱਥਾ ਟੇਕਿਆ। ਸ੍ਰੀ ਗੁਰੂ ਜੀ ਨੇ ਆਦਰ ਨਾਲ ਅਸ਼ੀਰਬਾਦ ਦਿਤਾ ਤੇ ਸੁਖ ਆਨੰਦ ਪੁਛੀ। ਫਿਰ ਹੋਰ ਵਾਰਤਾਲਾਪ ਹੋ ਕੇ ਮਤਲਬ ਦੀਆਂ ਗੱਲਾਂ ਛਿੜੀਆਂ, ਜਿਨ੍ਹਾਂ ਵਿਚ ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਸਾਡੇ ਸਿੱਖ ਕਦੇ ਘਾਸ ਦਾਣਾ ਆਦਿ ਵਸਤਾਂ ਤੋਂ ਬਿਨਾਂ ਕੁਛ ਨਹੀਂ ਮੰਗਦੇ ਤੇ ਕੋਈ ਅਪਰਾਧ ਨਹੀਂ ਕਰਦੇ। ਯਥਾ---

ਸੁਭਟ ਸਿਧਾਰੈਂ ਨਿਤ ਘਾਸ ਕੋ ਨਿਹਾਰੈਂ ਲੇਤ ਅਪਰ ਬਿਗਾਰ ਕੋ ਕਰਤ ਨਾ ਪਧਾਰ ਕਰ।

ਇਸ ਤਰ੍ਹਾਂ ਦੀ ਬਾਤ ਚੀਤ :-

'ਸੁਨਿ ਭੀਮ ਚੰਦ ਰਿਦੈ ਅਧਿਕ ਅਨੰਦ ਕਰਿ
ਬੋਲਯੋ ਹਾਥ ਬੰਦਿ "ਤੁਮ ਗੁਨ ਕੇ ਨਿਕੇਤ ਹੋ।
ਸਰਨਿ ਪਰਤਿ ਹੇਰਿ ਰੱਛਜਾ ਕੋ ਕਰਤਿ ਫੇਰ
ਆਪ ਸੁਖ ਸੰਗ ਬਸੋ ਸਭਿ ਸੁਖ ਦੇਤ ਹੋ।
ਕਾਹਲੂਹ ਦੇਸ਼ ਜੋ ਵਿਸ਼ੇਸ਼ ਹੈ ਅਸ਼ੇਸ਼ ਲਖੋ,
ਆਪਨੋ ਪਛਾਨ ਕੈ ਹਮੇਸ਼ ਸੁਧਿ ਲੇਤ ਹੋ।
ਅੰਤਰੋ ਨ ਕਰੈਂ ਹਮ, ਸਦਾ ਅਨੁਸਰੈਂ ਹੋਇ
ਸੇਵਾ ਕੋ ਸਨੇਹ ਧਰੈਂ ਕ੍ਵੈ ਨ ਪੁਨ ਭੇਤ ਹੋ।'

---

1. ਘੋੜੇ ਨਹੀਂ ਘੱਲੇ ਤੇ ਨਾਅਲਬੰਦੀ ਦਾ ਧਨ ਨਹੀਂ ਪੁਚਾਯਾ ਇਨ੍ਹਾਂ ਪਦਾਂ ਤੋਂ ਧੁਨੀ ਨਿਕਲਦੀ ਹੈ ਕਿ ਭੰਗਾਣੀ ਦੇ ਜੁਧ ਮਗਰੋਂ ਰਾਜੇ ਨੇ ਕੁਛ ਘੋੜੇ ਘੱਲਣ ਤੇ ਨਾਅਲ--ਬਹਾ ਦੇਣੀ ਮੰਨੀ ਹੋਵੇ ਜੋ ਨਹੀਂ ਘੱਲੀ ਤੇ ਗੁਰੂ ਜੀ ਕਹਿ ਰਹੇ ਹਨ ਕਿ ਫੇਰ ਬੀ ਅਸਾਂ ਕੁਛ ਨਹੀਂ ਕਿਹਾ "ਬੈਠੇ ਤੁਸੀਂ ਜੌਕੀ ਰਾਜ ਕਰੋ'। ਫ਼ਾਰਸੀ ਬੋਲੀਵਿਚ 'ਨਾਅਲ ਬਹਾ' ਅਰਥਾਤ ਨਾਅਲਬੰਦੀ ਧਨ ਉਸਨੂੰ ਕਹਿੰਦੇ ਹਨ ਜੋ ਕੋਈ ਛੋਟਾ ਰਾਜਾ ਵਡੇ ਨੂੰ ਯਾ ਜਿੱਤੇ ਹੋਏ ਨੂੰ ਇਕ ਤਰ੍ਹਾਂ ਦੇ ਹਲਕੇ ਕਰ ਵਜੋਂ ਦਿੰਦਾ ਹੈ (ਲੁ: ਫੀ: )। ਉਹ ਧਨ ਜੋ ਹਮਲਾਆਵਰ ਨੂੰ ਦਿਤਾ ਜਾਏ ਕਿ ਉਹ ਲੁਟ ਮਾਰ ਨਾ ਕਰੇ। (ਰਾਜਾ :)।

ਰਾਜੇ ਨੇ ਇਹ ਗੱਲ ਬੀ ਮੰਨੀ ਕਿ ਸੰਗਤਾਂ ਜੋ ਬਾਹਰੋਂ ਆਪ ਦੇ ਦਰਸ਼ਨ ਵਾਸਤੇ ਆਨੰਦ ਪੁਰ ਆਉਂਦੀਆਂ ਹਨ, ਉਨ੍ਹਾਂ ਪਰ ਮੇਰੀ ਪਰਜਾ ਵਿਚੋਂ ਕੋਈ ਵਧੀਕੀ ਨਹੀਂ ਕਰੇਗਾ: ਉਨ੍ਹਾਂ ਦੀ ਰਖਯਾ ਦਾ ਮੈਂ ਜ਼ਿੰਮੇਵਾਰ ਹਾਂ। ਜਿਸ ਤੋਂ ਇਹ ਸੰਭਾਵਨ ਬੀ ਹੁੰਦੀ ਹੈ ਕਿ ਸਿੱਖਾਂ ਸੰਗਤਾਂ ਪਰ ਰਾਜੇ ਦੀ ਪਰਜਾ ਵਲੋਂ ਧੱਕੇ ਧੋੜੇ ਹੋ ਹੀ ਜਾਂਦੇ ਸਨ। ਹੁਣ ਸਿਖ ਸ਼ਸਤ੍ਰਧਾਰੀ ਹੋਈ ਜਾਂਦੇ ਸਨ, ਸੋ ਉਨ੍ਹਾਂ ਦੇ ਅੱਗੋਂ ਬਰਾਬਰ ਦੇ ਜੁਆਬ ਦੇਣ ਵਾਲੇ ਤੇ ਸ੍ਵੈ ਰਖਿਆ ਦੇ ਯੋਗ ਹੁੰਦੇ ਜਾਣ ਕਰ ਕੇ ਹੋ ਪਿਆਂ ਟਾਕਰਿਆਂ ਦੀਆਂ ਖਬਰਾਂ ਰਾਜੇ ਪਾਸ ਮੁਬਾਲਗਿਆਂ ਵਾਲੀਆਂ ਪੁਜਦੀਆਂ ਸਨ, ਜਿਨ੍ਹਾਂ ਨੂੰ ਉਹ ਸਿੱਖਾਂ ਦੀ ਵਧੀਕੀ ਵਿਚ ਟੀਕਾ ਕਰ ਕੇ ਪੁਚਾਯਾ ਕਰਦੇ ਸਨ। ਇਸ ਵੇਲੇ ਗੁਰੂ ਦਰਬਾਰ ਵਿਚ ਰਾਜੇ ਨੂੰ ਸੋਝੀ ਦਿੱਤੀ ਗਈ ਕਿ ਅਸਲ ਵਿਚ ਓਹ ਧੱਕੇ ਧੋੜੇ ਸੰਗਤਾਂ ਉਤੇ ਹੁੰਦੇ ਹਨ ਤੇ ਰਾਜੇ ਨੇ ਮੰਨਿਆਂ ਕਿ ਇਸ ਦਾ ਪ੍ਰਬੰਧ ਮੈਂ ਕਰਾਂਗਾ। ਇਸ ਪ੍ਰਕਾਰ ਪਰਸਪਰ ਸਜਨਾਈ ਦਾ ਤਅੱਲਕ ਤੇ ਪਿਆਰ ਦੇ ਸਨਬੰਧ ਰੀਢਕੇ ਰਾਜਾ ਵਿਦਾ ਹੋਇਆ ਤੇ ਗੁਰੂ ਜੀ ਆਪਣੇ ਸ੍ਰਿਸ਼ਟੀ ਦੇ ਭਾਰ ਹਰਨ ਦੇ ਕਾਰਜ ਵਿਚ ਲੱਗੇ ਰਹੇ। ਦੂਰ ਦੂਰ ਤੋਂ ਰੋਜ਼ ਜਗਯਾਸੂ ਮੁਤਲਾਸ਼ੀਆਂ, ਰਬ ਦੇ ਖੋਜੀਆਂ ਦਾ ਆਉਣਾ, ਸਿਖਾਂ ਸੰਗਤਾਂ ਦਾ ਦੂਰੋਂ ਦੂਰੋਂ ਆ ਕੇ ਦਰਸ਼ਨ ਕਰਨ' ਸਭਨਾਂ ਦਾ ਕ੍ਰਿਤਾਰਥ ਹੋਣਾ, ਕੀਰਤਨ ਕਥਾ, ਉਪਦੇਸ਼ ਨਾਮਦਾਨ ਦੇ ਲੰਗਰ ਜਾਰੀ ਰਹਿਣੇ ਵਿਦਯਾ ਵਿਗਿਆਨ ਦੇ ਸਾਮਾਨ ਵਧਣੇ ਤੇ ਹਰ ਤਰ੍ਹਾਂ ਦੇ ਪਰੋਪਕਾਰ ਹੋਣੇ ਆਦਿ ਕੰਮ ਕਾਰ ਆਨੰਦਪੁਰ ਵਿਚ ਵੱਧਤੋਂ ਵੱਧ ਹੋਣ ਲਗ ਪਏ। ਇਹ ਸਮਾਂ ਆਨੰਦਪੁਰ ਵਿਚ ਬੜੇ ਉਤਸ਼ਾਹਾਂ ਤੇ ਚਾਵਾਂ ਦਾ ਸੀ ਤੇ ਸੰਗਤਾਂ ਬੀ ਉਮਡ ਉਮਡ ਕੇ ਦੂਰ ਦੂਰ ਤੋਂ ਆ ਰਹੀਆਂ ਸਨ ਤੇ ਘਰ ਘਰ ਹੋ ਰਿਹਾ ਸੀ--'ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀਨ ਦੁਨੀਆਂ ਦੇ ਰਖਯਕ ਜੀ !'

ਇਸ ਸਮੇਂ ਹੀ ਆਨੰਦਪੁਰ ਵਿਚ ਚਾਰੇ ਟਿਕਾਣੇ ਐਸੇ ਬਣਵਾਕੇ ਮੁਕੰਮਲ ਕਰ ਲਏ ਸੇ ਕਿ ਜੇ ਕਿਸੇ ਵੇਲੇ ਹੱਲਾ ਆ ਪਵੇ ਤਾਂ ਕਿਲ੍ਹੇ ਕੋਟ ਦਾ ਕੰਮ ਦੇ ਸਕਣ। ਇਨ੍ਹਾਂ ਦੇ ਨਾਮ ਸਨ--ਆਨੰਦਗੜ੍ਹ, ਲੋਹਗੜ੍ਹ ਕੇਸ ਗੜ੍ਹ, ਫਤਹਗੜ੍ਹ; ਜਿਨ੍ਹਾਂ ਵਿਚੋਂ ਆਨੰਦਗੜ੍ਹ ਬਹੁਤ ਮਜ਼ਬੂਤ ਬਣਾਇਆ ਗਿਆ ਸੀ।

ਢਾਡੀਆਂ ਦੀ ਰੀਤਿ ਜੋ ਛੇਵੇਂ ਗੁਰਾਂ ਤੋਂ ਟੁਰੀ ਸੀ, ਜ਼ੋਰ ਨਾਲ ਚਲਾਈ। ਬਹਾਦਰੀ ਤੇ ਜੰਗ ਦੀ ਉਮੰਗ ਦੇ ਗੀਤ ਸ਼ੁਰੂ ਹੋਏ। ਫਰਕ ਇਹ ਰਖਿਆ ਕਿ ਢਾਡੀ ਖੜੇ ਹੋ ਕੇ ਵਾਰਾਂ ਗਾਉਣ, ਰਾਗੀ ਬੈਠ ਕੇ ਕੀਰਤਨ ਕਰਨ। ਇਸੀ ਤਰ੍ਹਾਂ ਸਾਹਿਤ ਦੇ ਕਵੀ ਤੇ ਟੀਕਾਕਾਰ ਪਾਸ ਰਖੇ ਤੇ ਸੰਸਕ੍ਰਿਤ ਦੇ ਡੱਬਿਆਂ ਵਿਚ ਬੰਦ ਪਈ ਵਿਦਯਾ ਦੇ ਹਿੰਦੀ ਵਿਚ ਉਲਥੇ ਕਰਵਾਏ ਜੋ ਆਮ ਲੋਕੀਂ ਲਾਭ ਉਠਾਉਣ।

ਸੂਚਨ--ਸਮਾਂ ਲੰਘਦਾ ਗਿਆ। ਪਹਾੜੀ ਰਾਜਿਆਂ ਨੇ ਔਰੰਗਜ਼ੇਬ ਦੇ ਟਗੇ ਨਾ ਭਰੇ ਤਦ ਅਲਫ ਖਾਂ ਉਹਨਾਂ ਨਾਲ ਲੜਕੇ ਰੁਪਏ ਵਸੂਲ ਕਰਨ ਚੜ੍ਹ ਆਇਆ, ਇਸ ਜੰਗ ਦੇ ਸੰਖੇਪ ਹਾਲ ਅਗਲੇ ਪ੍ਰਸੰਗ ਵਿਚ ਹਨ-

# ੧੭. ਨਾਦੋਣ ਜੁੱਧ[1]।

੧.

**ਔਰੰਗਜ਼ੇਬ** ਦੇ ਸਮੇਂ ਜੰਮੂ ਦੀ ਰਾਜਸੀ ਹਵੇਲੀ ਵਿਚ ਵਿਚਾਰ ਹੋ ਰਹੀ ਹੈ :-

ਮੀਆਂ ਖਾਂ--ਦੇਖੋ ਭਾਈ ! ਸਾਡੇ ਸ਼ਾਹ ਮੁਲਤਾਨ ਨੂੰ ਦੱਖਣ ਦੀ ਮੁਹਿੰਮ ਨੇ ਬਹੁਤ ਉਲਝਨ ਵਿਚ ਪਾ ਛੱਡਿਆ ਹੈ, ਬਰਸਾਂ ਤੋਂ ਜੁੱਧ ਜਾਰੀ ਹਨ, ਖਜ਼ਾਨੇ ਨਿਖੁੱਟੇ ਜਾ ਰਹੇ ਹਨ, ਪਰ ਜੰਗ ਮੁਕਦੇ ਹੀ ਨਹੀਂ। ਇਧਰ ਮਾਮਲੇ ਨਹੀਂ ਉੱਗਰਦੇ, ਖ਼ਿਰਾਜ ਆਉਂਦਾ ਨਹੀਂ, ਕਿਵੇਂ ਕਰੀਏ ਜੋ ਸ਼ਾਹ ਦਾ ਹੁਕਮ ਬੀ ਮਾਮਲੇ ਉੱਗਰ ਜਾਣ ਦਾ ਸਿਰੇ ਚੜ੍ਹੇ ਤੇ ਲਹੂ ਹੱਥ ਬੀ ਨਾ ਰੰਗਣੇ ਪੈਣ ?

ਅਲਖ਼ ਖਾਂ--ਜਨਾਬਆਲੀ ! ਭੰਨੇ ਬਿਨਾਂ ਬਦਾਮ

1. ਇਹ ਲੇਖ ਗੁਰ ਸਪਤਮ ਮੰਗਲਵਾਰ ਪੋਹ ਦੀ ੨੪ ਸੰ: ਗੁ: ਨਾ: ਸਾ: ੪੬੧ ਅਰਥਾਤ ੭ ਜਨਵਰੀ ੧੯੩੦ ਈ: ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਾਗਰੀ ਨਹੀਂ ਦੇਂਦਾ ਤੇ ਦੱਬੇ ਬਿਨਾਂ ਤਿਲ ਤੇਲ ਨਹੀਂ ਛਡਦਾ। ਏਹ ਪੱਥਰ ਪੂਜ, ਪੱਥਰ ਮਤਿ ਪਹਾੜੀਏ ਦੱਬ ਚੜ੍ਹੇ ਬਿਨ ਹਥੋਂ ਕੁਛ ਦੇਣ ਨਹੀਂ ਲਗੇ! ਏਹ ਸਮਝੀ ਬੈਠੇ ਹਨ ਕਿ ਹਜ਼ਰਤ ਦੱਖਣ ਵਲ ਉਲਝੇ ਹਨ, ਹੁਣ ਰਾਜਗਰਦੀ ਹੋ ਜਾਣੀ ਹੈ, ਪਰ ਮੇਰੀ ਜਾਚੇ ਹਜ਼ਰਤ ਦੀ ਤਾਕਤ ਵਧੀ ਹੈ।

ਮੀਆਂ ਖਾਂ--ਤਾਕਤ ਵਧੇਗੀ ਕਿ ਘਟੇਗੀ, ਇਹ ਤਾਂ ਸਮਾਂ ਦੱਸੇਗਾ, ਚੰਗਾ ਹੁੰਦਾ ਕਿ ਪਾਤਸ਼ਾਹ ਦੱਖਣੀ ਰਾਜੇ ਨਵਾਬਾਂ ਨਾਲ ਮੇਲ ਜੋਲ ਰੱਖਦੇ ਤੇ ਉਨ੍ਹਾਂ ਦੀ ਪਾਟੋਧਾੜ ਦੇ ਮਗਰ ਮਗਰ ਰਹਿੰਦੇ ਤੇ ਇਧਰ ਅਪਣੀ ਸਲਤਨਤ ਦੀ ਤਾਕਤ ਨੂੰ--ਜੋ ਇਸ ਵੇਲੇ ਦੁਪਹਿਰਾਂ ਦੇ ਸ਼ਿਖਰ ਤੇ ਹੈ--ਖਰਚ ਕਰਨ ਦੀ ਥਾਂ ਹੋਰ ਪੱਕਾ ਕਰਦੇ। ਬਾਜ਼ੇ ਵੇਲੇ ਤਾਕਤ ਦੇ ਹੁੰਦਿਆਂ ਸੁੰਦਿਆਂ ਪੰਡ ਦੇ ਲੰਮਾ ਚੁੜਾ ਵਧ ਜਾਣ ਨਾਲ ਸੰਭਾਲ ਔਖੀ ਹੋ ਜਾਂਦੀ ਹੈ! ਪਰ ਖ਼ੈਰ ! ਇਹ ਸੋਚਾਂ ਕਰਨ ਲਈ ਪਾਤਸ਼ਾਹ ਸਲਾਮਤ ਆਪ ਹਨ, ਉਨ੍ਹਾਂ ਦੇ ਮੁਦੱਬਰ ਵਜ਼ੀਰ ਹਨ, ਸਾਨੂੰ ਤਾਂ ਹੁਕਮ ਹੈ ਕਿ ਪਹਾੜੀ ਰਾਜਿਆਂ ਤੋਂ ਰੁਪੱਯਾ ਉਗਰਾਹੋ ਤੇ ਭੇਜੋ। ਸੋ ਦੱਸੋ ਹੁਣ ਕਿਵੇਂ ਕਰੀਏ ? ਜੇ ਰਾਜਿਆਂ ਨਾਲ ਜੰਗ ਰਚਾ ਬਹਿੰਦੇ ਹਾਂ ਤਾਂ ਖਰਚ ਚੋਖਾ ਉਠੇਗਾ ਤੇ ਉਗਰਾਹੀ ਦੀ ਰਕਮ ਘਟ ਜਾਏਗੀ, ਜਾਨਾਂ ਦੇ ਨੁਕਸਾਨ ਵੱਖ ਹੋਣਗੇ। ਕੋਈ ਤਦਬੀਰ ਕਰੀਏ ਕਿ ਜਿਸ ਨਾਲ ਬਿਨਾ ਜੰਗ ਕਾਮਯਾਬੀ ਹੋਵੇ।

ਅਲਫ ਖਾਂ--ਦੇਖੋ ਨਾ ਜੀ ਸੁਲਹ ਦੇ ਰਾਹ ਤਾਂ ਵਰਤ ਲਏ, ਵਕੀਲ ਘੱਲਿਆ, ਦਰਦ ਦਿਲਾਸੇ ਦੇ ਪਰਵਾਨੇ ਘੱਲੇ, ਪਾਤਸ਼ਾਹੀ ਦਾ ਰੋਅਬ ਬੀ ਦਿਖਾਇਆ, ਕਿਸੇ ਨੇ ਇਕ ਫੁੱਟੀ ਕੌਡੀ ਬੀ ਨਾ ਘੱਲੀ। ਸਾਰੇ ਆਖਦੇ ਹਨ--ਕਾਲ ਪੈ ਰਿਹਾ ਹੈ, ਮਾਮਲਾ ਨਹੀਂ ਉੱਗਰਿਆ, ਕਿਥੋਂ ਦੇਵੀਏ, ਮਾਫ ਕਰੋ, ਥੋੜਾ ਲਓ, ਕਿਸ਼ਤਾਂ ਕਰੋ, ਏਹ ਹੀਲੇ ਹੁੱਜਤਾਂ ਹਨ ਜੋ ਬੁਥਾੜ ਭਨਿਆਂ ਹੀ ਭੱਜਣਗੀਆਂ।

ਮੀਆਂ ਖਾਂ--ਇੰਞ ਕਰੋ, ਕੁਛ ਮਾਫੀ; ਕੁਛ ਨੀਤੀ, ਕੁਛ ਰੋਅਬ ਰਲਾ ਕੇ ਕੰਮ ਕੱਢੋ। ਮੈਂ ਹਾਲੀ ਇਥੇ ਜੰਮੂ ਵਿਚ ਹੀ ਟਿਕਦਾ ਹਾਂ ਤੇ ਇਸ ਪਾਸੇ ਦੀ ਸੋਧ ਕਰਦਾ ਹਾਂ, ਤੁਸੀਂ ਜਾਓ ਕਾਂਗੜੇ ਤੋਂ ਬਿਲਾਸ ਪੁਰ ਤੀਕ ਸਾਰੇ ਫਿਰੋ ਤੇ ਜਤਨ ਕਰੋ। ਕੁਛ ਸੈਨਾਂ ਨਾਲ ਲੈ ਜਾਓ, ਆਪੋ ਵਿਚ ਪਾੜੋ, ਕੁਛ ਕਿਸੇ ਨੂੰ ਨਾਲ ਰਲਾਕੇ ਆਪਣਾ ਬਲ ਵਧਾਓ। ਫਟੇ ਹੋਏ ਆਪੇ ਨਿਤਾਣੇ ਹੋਣਗੇ, ਫਿਰ ਤੁਹਾਡੇ ਵਧੇ ਬਲ ਦੇ ਰੋਅਬ ਵਿਚ ਆ ਕੇ ਦੇ ਜਾਣਗੇ!

ਅਲਫ ਖਾਂ--ਸਾਰੇ ਰਾਜੇ ਲੋਹੇ ਦਾ ਥਣ ਹੋਏ ਬੈਠੇ ਹਨ। ਲੜਨਾ ਹੀ ਪਊ। ਚੰਗਾ, ਮੈਂ ਜਾਂਦਾ ਹਾਂ।

ਮੀਆਂ ਖਾਂ--ਦੁਰਸਤ ਆਖਿਆ ਨੇ, ਪਰ ਇਸ ਦੇਸ਼ ਦੇ ਵਾਸੀਆਂ ਦੇ ਰਾਜਿਆਂ ਦੇ ਏਕੇ ਦੀ ਡੂੰਘਾਈ ਬਹੁਤੀ ਨਹੀਂ ਹੁੰਦੀ। ਕਦੇ ਇਹ ਲੋਕ ਮਿਲਕੇ ਰਹਿਣ ਵਾਲੇ ਹੁੰਦੇ ਤਾਂ ਇਨ੍ਹਾਂ ਦੇ ਦੇਸ਼ ਵਿਚ ਪਠਾਣ ਕਿ ਮੁਗ਼ਲ ਪੈਰ ਧਰ ਸਕਦੇ ਸਨ ? ਇਨ੍ਹਾਂ ਵਿਚ ਖ਼ੁਦਗ਼ਰਜ਼ੀ ਬਹੁਤ ਹੈ। ਨਜ਼ਰ ਇਨ੍ਹਾਂ ਦੀ ਕੌਮ ਜਾਂ ਮੁਲਕ ਦੀ ਵੁਸਅਤ (ਲੰਮਾ ਚੁੜਾ) ਤੇ ਨਹੀਂ ਉਠਦੀ, ਇਨ੍ਹਾਂ ਦੀ ਨਜ਼ਰ ਬੱਸ 'ਮੈਂ' ਦੇ ਦਾਇਰੇ ਦੇ ਉਦਾਲੇ ਉਦਾਲੇ ਘੁੰਮਦੀ ਹੈ ਤੇ ਇਨ੍ਹਾਂ ਦੀ ਅੱਜ ਦੀਆਂ ਸ਼ਾਮਾਂ ਤੋਂ ਵਡੇਰਾ ਪਰਵਾਜ਼[1] ਨਹੀਂ ਰੱਖਦੀ।

ਅਲਫ਼ ਖਾਂ--ਵਿੱਦਜਾ ਵਾਲੇ ਇਨ੍ਹਾਂ ਵਿਚ ਹੈਨ, ਚਤੁਰ ਬੀ ਹਨ, ਪਦਾਰਥ ਵਾਲੇ ਬੀ ਹਨ, ਰਾਜੇ ਬੀ ਸੈਂਕੜੇ ਹਨ, ਪਰ ਤੁਸਾਂ ਜੋ ਫ਼ੁਰਮਾਇਆ ਹੈ ਠੀਕ ਹੈ। ਇਨ੍ਹਾਂ ਦੀ ਅਕਲ ਦੀ ਤੇਜ਼ੀ ਨੂੰ ਜਾਪਦਾ ਹੈ ਕਿ ਖ਼ੁਦਗ਼ਰਜ਼ੀ ਤੀਰਹ (ਮੈਲਿਆਂ) ਕਰ ਦਿੰਦੀ ਹੈ।

ਮੀਆਂ ਖਾਂ--ਐਵੇਂ ਹਾਸੇ ਦੀ ਗੱਲ ਸਮਝੋ ਭਾਵੇਂ, ਮੇਰਾ ਖਿਆਲ ਹੈ ਕਿ ਜੇ ਇਨ੍ਹਾਂ ਦੇ ਖਿਆਲ ਵਿਚ ਇਕ ਖ਼ੁਦਾ ਵੱਸਦਾ ਹੁੰਦਾ ਤਾਂ ਇਨ੍ਹਾਂ ਦੀ ਨਜ਼ਰ ਦੀ ਵੁਸਅਤ (ਵਿਸਥਾਰ) ਵਡੀ ਹੋ ਜਾਂਦੀ। ਇਕ ਇਕ ਮੂਰਤ ਉਤੇ ਨਜ਼ਰ ਬੰਨ੍ਹਣ ਨਾਲ ਨਜ਼ਰ ਦਾ ਸੁਭਾ ਵਿਕੋਲਿੱਤਰਾ ਤੇ ਨਿੱਕੇ ਮੰਡਲਾਂ ਵਿਚ ਪਰਵਾਜ਼ ਰੱਖਣ ਦਾ ਹੋ ਗਿਆ ਹੈ। ਫਿਰ ਇਨ੍ਹਾਂ ਦੇ ਜਿੰਨੇ ਬੰਦੇ ਓਨੇ ਠਾਕਰ, ਸਾਰਿਆਂ ਦਾ ਇਕ ਠਾਕੁਰ ਬੀ ਨਹੀਂ। ਕਿਸੇ ਇਕ ਨਿਸ਼ਾਨੇ ਤੇ ਸਾਰੀਆਂ ਨਜ਼ਰਾਂ ਨਹੀਂ ਜੁੜਦੀਆਂ ਤੇ ਤਾਹੀਓਂ ਇਹ ਪਾਟੋਧਾੜ ਤੇ ਨਿਤਾਣੇ ਰਹਿੰਦੇ ਹਨ।

ਅਲਫ਼ ਖਾਂ--ਠੀਕ ਹੈ, ਪਰ ਕੁਛ ਖ਼ਮੀਰ ਹੀ ਖ਼ੁਦਗ਼ਰਜ਼ੀ ਦਾ ਹੈ। ਪਰ ਮਾਫ ਕਰਨਾ, ਇਕ ਇਨ੍ਹਾਂ ਵਿਚ ਬੜੀ ਬਲਾ ਉੱਠ ਰਹੀ ਹੈ; ਸੀਕਲੋਕ (ਸਿੱਖ ਲੋਕ)।

ਮੀਆਂ ਖਾਂ--ਹਾਂ ਠੀਕ ਹੈ, ਓਹ ਬੜੇ ਆਰਫ ਲੋਕ ਹਨ ਪਰ ਹੁਣ ਓਹ ਸ਼ਮਸ਼ੇਰ ਫੜ ਖੜੋਤੇ ਹਨ। ਉਨ੍ਹਾਂ

1. ਉਡਾਰੀ।

ਦਾ ਇਤਫਾਕ ਤੇ ਕੁਰਬਾਨੀ ਕਮਾਲ ਦੀ ਹੈ, ਪਰ ਉਮੈਦ ਹੈ ਕਿ ਹਜ਼ਰਤ ਸਲਾਮਤ ਦੱਖਣ ਤੋਂ ਵਿਹਲੇ ਹੋਕੇ--ਅੱਲਾ ਛੇਤੀ ਜ਼ਫਰ (ਫਤਹ) ਬਖ਼ਸ਼ੇ ਨੇ--ਇਨ੍ਹਾਂ ਨੂੰ ਮੁਕਾ ਦੇਣਗੇ। ਸਤਿਨਾਮੀਆਂ[1] ਵਾਂਗੂ ਦਬੋਚ ਲੈਣਗੇ, ਪਰ ਜ਼ਰਾ ਇਕ ਮੁਸ਼ਕਲ ਹੈ, ਇਹ ਲੋਕ ਦੱਖਣ ਤੋਂ ਲੈ ਬਲਖ਼ਬੁਖ਼ਾਰੇ ਤੱਕ ਹਨ ਤੇ ਹੈਨ ਲਖੂ--ਖਹਾ (ਲੱਖਾਂ ਹੀ)। ਕਿੰਨਿਆਂ ਕੁ ਨੂੰ ਸਮੇਟਿਆ ਜਾਊ, ਹੋ ਸਕਦਾ ਹੈ ਕਿ ਥੋੜ੍ਹਿਆਂ ਨੂੰ ਕਰੜੀ ਮਾਰ ਪਿਆਂ ਸ਼ਾਯਦ ਬਾਕੀ ਦੇ ਦਬ ਜਾਣ।

ਅਲਫ਼ ਖਾਂ--ਮੈਨੂੰ ਇਨ੍ਹਾਂ ਦੇ ਦੋ ਇਕ ਕਾਰਨਾਮੇ ਨਜ਼ਰ ਪਏ ਹਨ, ਉਨ੍ਹਾਂ ਤੋਂ ਕੁਛ ਵਧੇਰੇ ਸਹਿਮ ਪੈਂਦਾ ਹੈ।

ਮੀਆਂ ਖਾਂ--ਖ਼ੈਰ ਇਸ ਵੇਲੇ ਤਾਂ ਇਨ੍ਹਾਂ ਨਾਲ ਮੁਠਭੇੜ ਕੋਈ ਨਹੀਂ। ਨੀਤੀ ਇਹ ਹੈ ਕਿ ਪਹਾੜੀ ਰਾਜਿਆਂ ਦੀ ਤੇ ਇਨ੍ਹਾਂ ਦੀ ਅਸਾਂ ਕਦੇ ਬਣਨ ਨਹੀਂ ਦੇਣੀ ਤੇ ਇਨ੍ਹਾਂ ਦੇ ਹੱਥੋਂ ਹੀ ਇਸ ਉੱਗਦੀ ਪਨੀਰੀ ਨੂੰ ਮੁਕਾ ਦੇਆਂਗੇ, ਆਪੂੰ ਕੁਛ ਨਹੀਂ ਕਰਨਾ ਪਏਗਾ। ਜੇ ਵੈਰੀ ਦੇ ਆਪਣੇ ਹੱਥ ਹੀ ਆਪਣਾ ਮੱਥਾ ਫੋੜਨ ਨੂੰ ਸਮਰੱਥ ਹੋਣ ਤਾਂ ਅਸਾਂ ਬੰਦੂਕ ਦਾ ਕੁੰਦਾ ਕਾਸ ਨੂੰ ਅਗੇ ਕਰਨਾ ਹੈ। ਹਜ਼ਰਤ ਸਲਾਮਤ ਦੀ ਹਾਲੇ ਚਾਲ ਇਹੋ ਹੈ। ਹੁਣ ਤੁਸੀਂ ਤਿਆਰੀ ਕਰੋ? ਚੋਣਵੇਂ ਜਵਾਨ ਨਾਲ ਲੈ ਜਾਓ ਤੇ ਤੀਰ ਦੀ ਤੇਜ਼ੀ ਨਾਲ ਕਾਂਗੜੇ ਅੱਪੜ ਕੇ ਕਟੋਚੀਏ[2] ਨੂੰ ਨੱਪ ਲਓ। ਬੱਸ ਫਿਰ ਉੱਥੇ ਇਨ੍ਹਾਂ ਦੋਹੂੰ ਚਹੁੰ ਰਾਜਿਆਂ ਨੂੰ ਗੰਢ ਕੇ ਅੱਗੇ ਤੁਰ ਪਓ। ਇਸ ਰਾਜੇ ਨਾਲ ਸਖਤੀ ਦਾ ਦਿਖਾਵਾ ਕਰਕੇ ਛੇਤੀ ਨਰਮ ਹੋ ਜਾਣਾ, ਰਿਐਤ ਕਰ ਦੇਣਾ, ਫਿਰ ਰਾਜਾ ਭਰਾਵਾਂ ਨੂੰ ਛੱਡਕੇ ਤੁਸਾਂ ਨਾਲ ਹੋ ਜਾਏਗਾ। ਅਲਫ ਖਾਂ--ਬਹੁਤ ਖ਼ੂਬ !

੨.

**ਕਾਂਗੜੇ** ਦੇ ਰਾਜ ਭਵਨ ਵਿਚ ਰਾਤ ਵੇਲੇ ਵਜ਼ੀਰ ਆਇਆ ਹੈ :-

ਵਜ਼ੀਰ--ਹੇ ਚੋਬਦਾਰ ! ਮਹਾਂਰਾਜ ਸੌਂ ਗਏ ਕਿ ਜਾਗਦੇ ਹਨ ?

ਚੋਬਦਾਰ (ਦੋ ਹੱਥ ਜੋੜਕੇ ਤੇ ਸੀਸ ਨਿਵਾਕੇ)--ਜੀਉ ਸੌਂ ਗਏ ਹਨ।

ਵਜ਼ੀਰ--ਜਗਾਓ।

ਚੋਬਦਾਰ (ਝਿਜਕਕੇ)--ਮੈਂ ਮਾਰਿਆ ਜਾਵਾਂਗਾ।

ਵਜ਼ੀਰ--ਮਤ ਡਰੋ ਮੈਂ ਬਚਾਵਾਂਗਾ, ਬਹੁਤ ਜ਼ਰੂਰੀ ਕੰਮ ਹੈ।

ਚੋਬਦਾਰ ਭਾਰੇ ਭਾਰੇ ਕਦਮੀ ਡਿਉਢੀ ਦੇ ਅੰਦਰ ਚਲਾ ਗਿਆ, ਕੁਛ ਚਿਰ ਮਗਰੋਂ ਮੁੜ ਆਇਆ ਤੇ ਆਖਣ ਲੱਗਾ--ਹਜ਼ੂਰ ਜਾਗ ਪਏ ਹਨ, ਦੀਵਾਨਖਾਨੇ ਵਿਚ ਚੱਲੋ ਉੱਥੇ ਉਡੀਕ ਕਰਨ ਦੀ ਆਗਜਾ ਹੈ।

ਵਜ਼ੀਰ ਅੰਦਰ ਜਾਕੇ ਬਹਿ ਗਿਆ, ਕੁਛ ਚਿਰ ਮਗਰੋਂ ਮਹਾਂਰਾਜ ਜੀ ਆ ਗਏ।

ਰਾਜਾ--ਇਸ ਵੇਲੇ ਨੀਂਦਰ ਖਰਾਬ ਕੀਤੀ, ਕੀ ਬਿਜ ਆ ਪਈ ਹੈ ?

ਵਜ਼ੀਰ (ਮੱਥਾ ਟੇਕ ਕੇ)--ਜਾਨ ਬਖਸ਼ੀ ਹੋਵੇ ਸਰਕਾਰ ! ਕਦੇ ਦੁੱਖ ਨਾ ਦੇਂਦਾ, ਪਰ ਅਪਦਾ ਹੀ ਅਚਣਚੇਤ ਆਈ ਹੈ ਤੇ ਭਿਆਗਾ (ਸਵੇਰ) ਤੱਕ ਉਡੀਕ ਨਹੀਂ ਸੀ ਹੋ ਸਕਦੀ।

ਰਾਜਾ (ਤ੍ਰਬ੍ਹਕਕੇ)--ਸੁਖ ਹੈ ?

ਵਜ਼ੀਰ--ਓਹੋ ਬਿਪਤਾ ਖ਼ਿਰਾਜ ਭਰਨ ਦੀ। ਇਕ ਸੂੰਹੀਆਂ ਆਇਆ ਹੈ ਕਿ ਮੀਆਂ ਖਾਂ ਤਾਂ ਆਪ ਜੰਮੂ ਠਹਿਰ ਗਿਆ ਹੈ, ਉਸ ਇਲਾਕੇ ਦੀ ਉਗਰਾਹੀ ਕਰੇਗਾ ਤੇ ਅਲਫ਼ ਖਾਂ ਇਧਰ ਭੇਜਿਆ ਹੈਸੁ ਜੋ ਸਾਥੋਂ ਉਗਰਾਹੀ ਕਰੇ।

ਰਾਜਾ--ਫਿਰ ਕਿੱਥੇ ਜੰਮੂ ਕਿੱਥੇ ਕਾਂਗੜਾ ਉੱਡ ਕੇ ਤਾਂ ਨਹੀਂ ਆ ਜਾਏਗਾ ?

ਵਜ਼ੀਰ--ਰਾਮ ਨਾ ਕਰੇ, ਕੱਲ ਸੂਰਜ ਚੜ੍ਹਦੇ ਨਾਲ ਯਾ ਦੋ ਘੜੀ ਦਿਨ ਚੜ੍ਹੇ ਉਹ ਸਾਡੀ ਸਫੀਲ ਦੇ ਬਾਹਰ ਗੋਲੇ ਚਲਾ ਰਿਹਾ ਹੋਵੇਗਾ, ਇਹੋ ਤਾਂ ਉਨ੍ਹਾਂ ਨੇ ਚਲਾਕੀ ਕੀਤੀ ਹੈ ਕਿ ਚੁੱਪ ਚਾਪ ਬਕਾਰੇ ਕੂਚ ਆ ਰਿਆ ਹੈ, ਜੇ ਸਾਨੂੰ ਸਲਾਹ ਤੇ ਤਿਆਰੀ ਦਾ ਸਮਾਂ ਨਾ ਮਿਲੇ ਤੇ ਅਚਾਨਕ ਆ ਛਾਪਾ ਮਾਰੇ।

ਰਾਜਾ (ਘਬਰਾ ਕੇ)--ਸੂੰਹੀਆਂ ਸੱਚਾ ਹੈ ?

ਵਜ਼ੀਰ--ਮੈਂ ਸਹੀ ਕਰ ਲਿਆ ਹੈ ਕਿ ਸੱਚਾ ਹੈ।

ਰਾਜਾ--ਬਖਸ਼ੀ ਨੂੰ ਬੁਲਾਓ।

ਵਜ਼ੀਰ--ਮੈਂ ਨਾਲੇ ਲੈ ਕੇ ਆਇਆ ਹਾਂ, ਬਾਹਰ ਖੜੇ ਹਨ, ਜੇ ਹਜ਼ੂਰ ਨੇ ਮੇਰੇ ਨਾਲ ਕੋਈ ਗੱਲ ਵੱਖਰੀ ਕਰਨੀ ਹੈ ਤਾਂ ਕਰ ਲਓ ਨਹੀਂ ਤਾਂ ਸਦਾ ਲਵਾਂ।

ਰਾਜਾ--ਸਦਾ ਲਓ, ਤੇ ਦੀਵਾਨ ਸਾਹਿਬ ?

ਵਜ਼ੀਰ--ਘਰੋਂ ਆਦਮੀ ਟੋਰਕੇ ਆਇਆ ਸਾਂ, ਉਹ

1. ਇਕ ਫਿਰਕੇ ਦਾ ਨਾਮ ਹੈ। ਜੋ ਔਰੰਗਜ਼ੇਬ ਨੇ ਕਤਲ ਕਰਵਾਯਾ ਸੀ। 2. ਕਾਂਗੜੇ ਵਾਲੇ ਰਾਜੇ ਨੂੰ।

ਬੀ ਹੁਣ ਤਕ ਅੱਪੜ ਗਿਆ ਹੋਵੇਗਾ, ਮੈਂ ਦੇਖਦਾ ਹਾਂ। (ਬਾਹਰ ਜਾ ਕੇ ਇਕ ਪਹਿਰੇ ਤੇ ਖੜੀ ਗੋਲੀ ਨੂੰ)--ਜਾਹ ਬੀਬੀ ! ਬਾਹਰਲੇ ਚੋਬਦਾਰ ਨੂੰ ਕਹੁ ਕਿ ਬਖਸ਼ੀ ਤੇ ਦੀਵਾਨ ਸਾਹਿਬ ਨੂੰ ਦੀਵਾਨਖਾਨੇ ਵਿਚ ਘੱਲ ਦੇਵੇ।

ਗੋਲੀ ਸਿਰ ਨਿਵਾ ਕੇ ਚਲੀ ਗਈ ਤੇ ਦੋਵੇਂ ਅਹਿਲਕਾਰ ਮਹਾਰਾਜ ਦੇ ਪਾਸ ਆ ਪਹੁੰਚ; ਤੇ ਮੱਥਾ ਟੇਕਕੇ ਬੈਠ ਗਏ !

ਰਾਜਾ--ਕਿਉਂ ਬਖਸ਼ੀ ਸਾਹਿਬ ! ਇਹ ਅਚਾਨਕ ਬਿੱਜ ਕਿਵੇਂ ਆ ਪਈ ?

ਬਖਸ਼ੀ—ਹਜ਼ੂਰ ! ਜਦ ਆਪ ਨੇ ਜੰਮੂ ਨੂੰ ਜਵਾਬ ਘੱਲਿਆ ਸੀ ਤਦ ਤੋਂ ਉਥੋਂ ਦੇ ਰਾਹ ਵਿਚ ਸੂੰਹੀਏਂ ਛੱਡੇ ਹੋਏ ਸਨ। ਅਜ ਇਕ ਘੋੜੇ ਦੌੜ ਭੱਜਾ ਆਇਆ ਹੈ ਕਿ ਮੀਆਂ ਖਾਂ ਅਲਫ ਖਾਂ ਨੇ ਆਪਣੀ ਤਿਆਰੀ ਦੀ ਸੂੰਹ ਨਹੀਂ ਨਿਕਲਣ ਦਿੱਤੀ। ਵੱਡੇ ਵੱਡੇ ਹੁੱਦੇਦਾਰਾਂ ਨੂੰ ਇਹੋ ਪਤਾ ਸੀ ਕਿ ਸਾਰੀ ਫੌਜ ਭੱਦਰਵਾ ਨੂੰ ਚੱਲੀ ਹੈ ਕਿ ਅਚਾਨਕ ਅਲਫ਼ ਖ਼ਾਂ ਇਸ ਰੁਖ ਟੁਰ ਪਿਆ। ਇਹ ਵੀ ਪਤਾ ਨਹੀਂ ਫੌਜ ਨੂੰ ਕਿ ਕਿੱਧਰ ਜਾਣਾ ਹੈ। ਕਠੂਹੇ ਪਠਾਣਕੋਟ ਵੱਲ ਪਹਿਲੇ ਪੈਣਾ ਹੈ ਕਿ ਪਹਿਲੇ ਕਾਂਗੜੇ ਤੇ ! ਪਰ ਸੂੰਹੀਏ ਨੇ ਜਾਨ ਹੂਲ ਹੂਲ ਤੇ ਸਾਰੇ ਆਪਣੇ ਕਰਤੱਬ ਵਰਤ ਵਰਤਾ ਕੇ ਪਤਾ ਕਰ ਹੀ ਲਿਆ ਹੈ ਕਿ ਪਹਿਲੇ ਕਾਂਗੜੇ ਦੀ ਸੇਧ ਹੈ ਤੇ ਕੱਲ ਸਵੇਰੇ ਪੁੱਜ ਜਾਣ ਦੀ ਆਸ ਹੈ।

ਰਾਜਾ—ਸ਼ਾਬਾਸ਼ ! ਪਰ ਹੁਣ ਸਮਾਂ ਤੰਗੀ ਵਾਲਾ ਹੈ। ਅਸੀਂ ਪਹਿਲਾਂ ਤਿਆਰ ਹੀ ਨਹੀਂ ਸਾਂ, ਖਿਆਲ ਸੀ ਕਿ ਮੀਆਂ ਖਾਂ ਦਾ ਦੂਤ ਵੱਢੀ ਖਾ ਗਿਆ ਹੈ, ਉਹ ਸਾਡੇ ਤੇ ਹੱਲਾ ਨਹੀਂ ਹੋਣ ਦੇਵੇਗਾ, ਜੇ ਹੋਇਆ ਤਾਂ ਉਹ ਦੂਤ ਝਟਪਟ ਪਤਾ ਦੇਵੇਗਾ, ਪਰ ਉਸ ਖਾਧਾ ਬੀ ਤੇ ਦਗ਼ਾ ਬੀ ਕਮਾਇਆ।

ਬਖਸ਼ੀ--ਤੁਰਕ ਪਠਾਣ ਦੀ ਸੁਗੰਧ ਦਾ ਰਾਜਪੂਤ ਨਾਲ ਕੀ ਨਿਬਾਹ ?

ਦੀਵਾਨ (ਠੰਢਾ ਸਾਹ ਲੈ ਕੇ)—ਦੈਵ !

ਰਾਜਾ—ਫੇਰ ਹੁਣ ਮੰਤ੍ਰ ਕੀ ਹੈ ?

ਬਖਸ਼ੀ—ਮੈਨੂੰ ਮਿਲੇ ਆਗਿਆ, ਜਾ ਕੇ ਸੈਨਾਂ ਹੁਣੇ ਕਰਾਂ ਤਿਆਰ, ਦਿਨ ਚੜ੍ਹਨ ਤੋਂ ਅਗੋਂ ਅਗੋਂ ਕਿਲ੍ਹਾ ਕੋਟ ਸਭ ਨਾਕੇ ਮੂੰਹੇਂ ਪਹਿਰੇ ਹੇਠ ਹੋ ਜਾਣ, ਤੋਪਾਂ, ਬੰਦੂਕਾਂ, ਤੀਰਾਂ ਦੇ ਸਾਮਾਨ ਠੀਕ ਹੋ ਜਾਣ, ਤੇ ਕੁਛ ਫੌਜ ਅਗੇ ਜਾ ਕੇ ਰੋਕਾ ਪਾਵੇ। ਇਧਰ ਹੁਣੇ ਦੂਤ ਉਠ ਜਾਣ ਰਾਜਿਆਂ ਵਲ ਕਿ ਸਭ ਆਓ। ਮੈਂ ਅੱਗੇ ਵਧਕੇ ਜੁੱਧ ਨਹੀਂ ਛੇੜਾਂਗਾ ਪਰ ਅਲਫ਼ ਖਾਂ ਦਾ ਦੂਰ ਹੀ ਟਿਕਾਣਾ ਕਰਾਕੇ ਸੁਲਹ ਦੀ ਗਲਬਾਤ ਛੇੜਾਂਗਾ, ਦੋ ਚਾਰ ਦਿਨ ਇਨ੍ਹਾਂ ਗੱਲਾਂ ਬਾਤਾਂ ਵਿਚ ਲੰਘ ਜਾਣਗੇ। ਇਉਂ ਵਕਤ ਮਿਲੇਗਾ ਸਭਨਾਂ ਨੂੰ ਇਕੱਠੇ ਹੋ ਜਾਣ ਦਾ। ਜਦੋਂ ਅਲਫ਼ ਖਾਂ ਦੇਖੇਗਾ ਕਿ ਸਾਰੇ ਰਾਜੇ ਫੌਜਾਂ ਸਮੇਤ ਆ ਜੁੜੇ ਹਨ ਤੇ ਸਾਮਾਨ ਜੰਗ ਵੀ ਤਿਆਰ ਹੈ ਤਾਂ ਸਾਡੀਆਂ ਗੱਲਾਂ ਮੰਨ ਜਾਏਗਾ; ਖ਼ਿਰਾਜ ਦੀ ਕਿਸ਼ਤ ਹੋ ਜਾਏਗੀ, ਕੁਛ ਛੋਟ ਬੀ ਹੋ ਜਾਏਗੀ ਤੇ ਰਹਿ ਬਣ ਵੀ ਆਵੇਗੀ। ਜੇ ਨਾ ਮੰਨਿਆ ਤੇ ਛਿੜ ਪਈ ਤਾਂ ਫੇਰ ਅਸੀਂ ਉਸ ਨੂੰ ਤਾਂ ਜ਼ਰੂਰ ਕੁਟ ਲਵਾਂਗੇ। ਪਹਾੜਾਂ ਦਾ ਮਾਮਲਾ ਹੈ, ਸਾਡਾ ਇਲਾਕਾ ਹੈ, ਉਹ ਪਰਦੇਸੀ ਹੈ। ਔਰੰਗਜ਼ੇਬ ਬੀ ਅਜੇ ਦੱਖਣ ਵਿਚ ਰੁੱਝ ਰਿਹਾ ਹੈ, ਏਥੇ ਹੋਰ ਵਡਾ ਜੰਗ ਨਹੀਂ ਛੇੜਨਾ ਚਾਹੇਗਾ ਦਾਬੇ ਝਾਂਸੇ ਨਾਲ ਕੰਮ ਕੱਢਣਾ ਠੀਕ ਸਮਝੇਗਾ। ਜੇ ਉਸ ਦਾ ਸਰਦਾਰ ਏਥੇ ਲੰਮਾ ਮਾਮਲਾ ਸਹੇੜ ਬਹੇਗਾ ਤਾਂ ਉਸ ਤੇ ਉਹ ਖੁਸ਼ ਨਹੀਂ ਹੋਵੇਗਾ, ਇਹ ਗੱਲ ਅਲਫ਼ ਖਾਂ ਬੀ ਸਮਝਦਾ ਹੋਵੇਗਾ।

ਵਜ਼ੀਰ—ਠੀਕ ਆਖੀ ਨੇ, ਬੜੀ ਵਿਚਾਰ ਯੋਗ ਹੈ।

ਦੀਵਾਨ--ਪਰ ਅੰਤ ਬੀ ਸੋਚੋ, ਅਲਫ਼ ਖਾਂ ਮਾਰ ਲਿਆ ਫਿਰ ਕੀਹ ਫਿਰ 'ਬੇ' ਖਾਂ ਆ ਜਾਏਗਾ, ਉਹ ਬੀ ਮਾਰ ਲਿਆ ਫਿਰ 'ਤੇ' ਖਾਂ ਆ ਜਾਊ। ਟਿੱਡੀਦਲ ਤੇ ਤੁਰਕ ਸੀਹਰਫੀ[1] ਕਿਤੇ ਮੁੱਕ ਜਾਣੀਆਂ ਹਨ ? ਫੇਰ ਉਹ ਪਾਤਸ਼ਾਹ, ਅਸੀਂ ਰਜਵਾੜੇ, ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ, ਕਦ ਤਕ ਅਟਕਾਂ ਪਾਵਾਂਗੇ ਅੰਤ ਹਾਰਾਂਗੇ ਫਿਰ ਮਿੰਨਤਾਂ ਕਰਾਂਗੇ, ਡੋਲੇ ਦਿਆਂਗੇ, ਚੱਟੀਆਂ ਭਰਾਂਗੇ। ਪਹਿਲੇ ਹੀ ਅਸੀਂ ਕੋਈ ਕਿਉਂ ਨਾ ਮੇਟਣ ਵਾਲੀ ਸੌਖੀ ਤੇ ਨੇੜੇ ਹੀ ਮੁੱਕ ਜਾਣ ਵਾਲੀ ਸੋਚੀਏ।

ਰਾਜਾ--ਠੀਕ ਹੈ ਸੂਰਮਗਤੀ ਤਾਂ ਸਾਡਾ ਧਰਮ ਹੈ ਪਰ ਨੀਤੀ ਵੀ ਕੁਛ ਸ਼ੈ ਹੈ ਨਾ।

ਵਜ਼ੀਰ--ਬਖਸ਼ੀ ਜੀ ਵਾਲੀ ਗੱਲ ਤਾਂ ਮੇਰੇ ਦਿਲ ਲਗਦੀ ਹੈ, ਪਰ ਉਸ ਨੂੰ ਨਿਭਾਉਣ ਵਿਚ ਬੜੀ ਦਾਨਾਈ ਤੇ ਜੇਰੇ ਦੀ ਲੋੜ ਹੈ। ਧਿਆਨ ਰਖੀਏ ਕਿ ਅਸੀਂ ਲੜਨਾ ਨਹੀਂ ਨਿਰਾ ਦਾਬਾ ਝਾਂਸਾ ਦਿਖਾਉਣਾ

1. ਫਾਰਸੀ ਵਰਣਮਾਲਾ ਤੀਹ ਅੱਖਰਾਂ ਦੀ ਹੈ। ਸੀ = ਤੀਹ।

ਹੈ, ਫਿਰ ਜਿੱਥੇ ਮੁੱਕੇ ਸਕੇ ਮੁਕਾ ਲੇਣੀ ਹੈ।

ਬਖਸ਼ੀ—ਠੀਕ ਹੈ, ਜਾਣ ਬੁੱਝਕੇ ਨਹੀਂ ਲੜਨਾ, ਪਰ ਜੇ ਲੜਨਾ ਪੈ ਜਾਏ ਤਾਂ ਫਿਰ ਵੰਗਾਂ ਨਹੀਂ ਪਹਿਨ ਬੈਠਣੀਆਂ। ਅਸੀਂ ਕਿੰਨੀਆਂ ਧਾਰਾਂ[1] ਦੇ ਰਾਜੇ ਹੋਵਾਂਗੇ ਸੈਨਾ ਹੋਊ ਫਿਰ ਏਕੇ ਦਾ ਬੀ ਕੁਛ ਮੁੱਲ ਹੁੰਦਾ ਹੈ ?

ਰਾਜਾ—ਠੀਕ ਹੈ, ਪਰ ਏਕਾ ਨਹੀਂ ਹੈ ਨਾ, ਕਹਿਲੂਰੀਏ ਦੇ ਜੀ ਵਿਚ ਸਾਡੇ ਨਾਲ ਖ਼ਾਰ ਹੈ, ਪਤਾ ਨਹੀਂ ਨਾ ਕਿ ਕੀ ਕਰੇਗਾ !

ਸਖਸ਼ੀ—ਅਸੀਂ ਫੇਰ ਸਮਾਂ ਟਪਾਈਏ ਨਾ, ਦੋ ਦਸ ਦਿਨ, ਜੇ ਕਹਿਲੂਰੀਆ ਨਾ ਆਇਆ ਤਾਂ ਜੋ ਅਲਫ਼ ਖਾਂ ਕਹੇਗਾ ਮੰਨ ਲਵਾਂਗੇ; ਇਕ ਵਾਰੀ ਅਸੀਂ ਬੀ ਦੇਖੀਏ ਕਿ ਇਕੱਠੇ ਹੋ ਸਕਦੇ ਹਾਂ ਕਿ ਨਹੀਂ ?

ਦੀਵਾਨ—ਰਾਜਾ ਜੀ ਨੂੰ ਭੀਮ ਚੰਦ ਦੀ ਦੁਸ਼ਮਨੀ ਖੁਟਕ ਰਹੀ ਹੈ, ਸੋ ਕਿਉਂ ਨਾ ਇਸ ਵੇਲੇ ਬਦਲਾ ਲੈ ਲਈਏ ?

ਰਾਜਾ—ਇਉਂ ਠੀਕ ਹੈ।

ਬਖਸ਼ੀ—ਸਮਾਂ ਜਾ ਰਿਹਾ ਹੈ; ਅਸੀਂ ਤਿਆਰੀ ਤਾਂ ਆਰੰਭੀਏ। ਕਿਤੇ ਉਹ ਨਾ ਹੋਵੇ ਕਿ ਅਲਫ਼ ਖਾਂ ਸਿੱਧਾ ਹੀ ਸਾਡੇ ਨਗਰ ਕੋਟ ਵਿਚ ਸੈਨਾ ਲੈ ਵੜੇ; ਜਿਵੇਂ ਬਿੱਲੀ ਦੇ ਮਗਰ ਬਲੂੰਗੜੇ ਆ ਵੜਦੇ ਹਨ। ਹਾਲੇ ਤ੍ਰੈ ਗੱਲਾਂ ਕਰੋ : ਅਪਣੀ ਤਿਆਰੀ, ਉਸ ਦੇ ਅਗੇ ਰੋਕ ਤੇ ਉਸ ਵਲ ਦੂਤ ਘੱਲਕੇ ਵਲਛਲ ਨਾਲ ਵਕਤ ਗੁਜ਼ਾਰਣ ਦੀ ਤੇ (ਇਧਰ) ਰਾਜਿਆਂ ਨੂੰ ਸੱਦਣ ਦੀ।

ਰਾਜਾ—ਇਹ ਤਾਂ ਠੀਕ ਹੈ, ਪਰ ਕੋਈ ਵਿਉਂਤ ਕੱਢੋ ਕਿ ਸੱਪ ਤੇ ਵੈਰੀ ਆਪੋ ਵਿਚ ਢੁੱਕ ਪੈਣ ਤੇ ਅਸੀਂ ਦੋਹਾਂ ਤੋਂ ਬਚੀਏ, ਦੋਏ ਮਰਨ ਤਾਂ ਸੁਖ, ਇਕ ਮਰੇ ਤਾਂ ਸੁਖ। ਅਲਫ਼ ਖਾਂ ਤੇ ਭੀਮ ਚੰਦ ਕਹਿਲੂਰਪਤੀ ਦਾ ਹੋ ਜਾਏ ਟਾਕਰਾ, ਜੇਹੜਾ ਮਰੇ ਸੋ ਮਰੇ ਅਸੀਂ ਜਾਈਏ ਬਚ !

ਦੀਵਾਨ—ਠੀਕ ਹੈ !

ਵਜ਼ੀਰ (ਦੰਦ ਪੀਹਕੇ)—ਹੈ ਤਾਂ ਠੀਕ, ਨੀਤੀ ਪਰਲੇ ਸਿਰੇ ਦੀ ਹੈ, ਪਰ ਸੋਚ ਹੈ....।

ਰਾਜਾ—ਕੇਹੀ ?

ਵਜ਼ੀਰ—ਅਲਫ਼ ਖਾਂ ਬੀ ਵੈਰੀ ਹੈ, ਭੀਮਾ ਬੀ ਵੈਰੀ ਹੈ, ਉਹ ਤਾਂ ਧੁਰ ਦਾ ਵੈਰੀ ਹੈ ਤੇ ਇਹ ਰੁੱਸਿਆ ਹੋਇਆ ਭਰਾ ਹੈ, ਰੁੱਸੇ ਭਰਾ ਨੂੰ ਵਿਧਾਤ੍ਰੀ ਵੈਰੀ[1] ਦੇ ਹਥੋਂ ਮਰਵਾਉਣਾ ਧਰਮ ਵਿਹਤ ਬੀ ਨਹੀਂ ਤੇ ਨੀਤੀ ਬੀ....।

ਬਖਸ਼ੀ—ਮਹਾਰਾਜ ਜੀ ! ਇਸ ਵੇਲੇ ਹੋ ਰਹੀ ਹੈ ਇਕ ਔਕੜ ਉਤੇ ਵਿਚਾਰ, ਆਪ ਹੋ ਮਾਲਕ, ਅਸੀਂ ਹਾਂ ਚਾਕਰ, ਪਰ ਚਾਕਰ ਹਾਂ ਤਨਵਾਰੂ, ਆਪ ਦਾ ਡੁਲ੍ਹੇ ਮੁੜ੍ਹਕਾ ਜਿੱਥੇ, ਉਥੇ ਡੁਲ੍ਹੇਗਾ ਸਾਡਾ ਲਹੂ, ਇਸ ਕਰਕੇ ਖਿਮਾਂ ਕਰਨਾ। ਸੱਚ ਕਹਿਣਾ ਇਸ ਵੇਲੇ ਧਰਮ ਹੈ। ਭੀਮੇ ਦਾ ਸਾਡਾ ਹੈ ਘਰ ਦਾ ਜੰਗ, ਜੇਕਰ ਘਰ ਵਿਚ ਮੁੱਕੇ ਤਾਂ ਠੀਕ ਹੈ, ਭਾਈ ਬੰਦੀ ਜੁ ਹੋਈ, ਅਲਫ਼ ਖਾਂ ਹੈ ਸਭਨਾਂ ਦਾ ਵੈਰੀ, ਇਸ ਦੇ ਹਥੋਂ ਘਰ ਦੇ ਰੁੱਸੇ ਸੱਜਣਾ ਨੂੰ ਮਰਵਾਉਣਾ ਬੀਰਤਾ ਨਹੀਂ ਹੈ। ਵਿਸ਼ਾਲ ਚਿਤੀ ਇਹ ਹੈ, ਕਿ ਹੁਣ ਤਾਂ ਘਰਦਿਆਂ ਨਾਲ ਸਾਰੇ ਫਰਕ ਭੁੱਲ ਜਾਈਏ, ਇਕ ਮੁੱਠ ਹੋ ਜਾਈਏ, ਅਲਫ਼ ਖਾਂ ਤੋਂ ਜਿੰਨਾਂ ਰੁਪਿਆ ਬਚ ਸਕੇ ਬਚਾਈਏ, ਲੜੀਏ ਬੀ ਖਿਨਾਂ ਲੋੜ ਨਾ। ਉਸ ਨੂੰ ਗਲੋਂ ਲਾਹ ਕੇ ਫੇਰ ਆਪੋਡੁੱਝੇ ਦੀ ਵਰਤੋਂ ਪਏ ਆਪੋ ਵਿਚ ਵਰਤਾਂਗੇ।

ਇਹ ਨੀਤੀ ਹੈ ਆਪੋ ਵਿਚ ਜੁੜ ਜਾਣ ਦੀ। ਜੋ ਗੁਰ ਗਾਦੀ ਦਾ ਗੱਦੀ ਨਸ਼ੀਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜਿਸ ਨੇ ਤਲਵਾਰ ਫੜ ਲਈ ਹੈ—ਸਿਖਾ ਰਿਹਾ ਹੈ ਇਹੋ ਆਪੋ ਵਿਚ ਏਕਾ ਤੇ ਮੇਲ। ਵੇਖੋ ਨਾਂ ਅਸੀਂ ਤਾ ਰਾਜੇ ਹਾਂ ਉਹ ਫਕੀਰ ਹੈ, ਫਕੀਰ ਨੂੰ ਸੁਪਨਾ ਆ ਗਿਆ ਜੇ ਕਿ ਮੈਂ ਇਹ ਜ਼ੁਲਮ ਦਾ ਰਾਜ ਮੇਟ ਦੇਣਾ ਹੈ ? ਸਾਨੂੰ ਰਾਜ ਘਰਾਂ ਨੂੰ ਬੀ ਸੋਚ ਚਾਹੀਏ।

ਦੀਵਾਨ (ਹੱਸਕੇ)—ਹਾਂ ਜੀ, ਫੂਕਾਂ ਮਾਰ ਮਾਰ ਕੇ ਕਿਲ੍ਹੇ ਉਡਾ ਦਏਗਾ ਕੀਹ ?

ਬਖਸ਼ੀ—ਮੈਂ ਬੀ ਹੈਰਾਨ ਹਾਂ, ਸਮਝ ਕੰਮ ਨਹੀਂ ਕਰਦੀ, ਪਰ ਅਸ਼ਕੇ ਆਖੋ ਨਾ ਦਾਈਏ ਦੇ।

ਵਜ਼ੀਰ—ਨਿਰਾ ਦਾਈਆ ? ਸਾਮਾਨ ਬੀ ਚਾਹੀਏ ?

ਬਖਸ਼ੀ—ਸਾਮਾਨ ਜੰਗ ਦੇ ਕਰ ਹੀ ਰਿਹਾ ਹੈ ਨਾ। ਟੂਣੇ ਟਾਮਣ ਤਾਂ ਨਹੀਂ ਨਾ ਕਰ ਰਿਹਾ, ਤੱਕ ਲਓ ਨਾ ਭੰਗਾਣੀ ਵਿਚ ਫਤਹ ਸ਼ਾਹ ਰਾਜੇ ਨੇ, ਸਾਮਾਨਾ

---

1. ਪਹਾੜਾਂ ਨੂੰ ਪਾਣੀ ਦੀਆਂ ਧਾਰਾਂ (—ਰੌ) ਵਿੱਥਾਂ ਪਾਕੇ ਕੁਦਰਤੀ ਹੱਦਾ ਦੇਂਦੀਆਂ ਹਨ, ਇਸ ਤਰ੍ਹਾਂ ਵਡੇ ਪਹਾੜਾਂ ਦੀ ਸ਼ਰੇਣੀ ਨੂੰ 'ਧਾਰ' ਆਖਦੇ ਹਨ।

1. ਮੁਢ ਦਾ ਵੈਰੀ। ਜਾਤੀ ਦੁਸ਼ਮਨ।

ਵਾਲੇ ਨੇ, ਤੇ ਵਿਚ ਜੰਵੇ ਗਏ ਭੀਮ ਚੰਦ ਨੇ, ਤੇ ਹੋਰ ਸਾਰੇ ਰਾਜਿਆਂ ਨੇ ਜ਼ੋਰ ਲਾ ਹੀ ਲਿਆ ਸੀ ਨਾ। ਗੁਰੂ ਦੇ ਪੰਜ ਸੌ ਪਠਾਣ ਚਾਕਰ ਉਸ ਨਾਲੋਂ ਰਾਜਿਆਂ ਨੇ ਨਿਖੇੜ ਬੀ ਲਏ, ਫੇਰ ਬੀ ਉਸੇ ਫੂਕਾਂ ਮਾਰਨ ਵਾਲੇ ਫਕੀਰ ਨੇ ਰਾਜਪੂਤਾਂ ਤੇ ਪਠਾਣਾਂ ਦੇ ਕਿਹੇ ਕੁ ਆਹੂ ਲਾਹੇ ? ਨੀਤੀ ਸੀ ਉਸ ਦੀ ਕਮਾਲ, ਜੁੱਧ ਵਿਦਜਾ ਦੇ ਕਰਤਬ ਸਨ ਤਾਂ ਕਮਾਲ, ਜੰਗ ਦਾ ਢੰਗ ਸੀ ਤਾਂ ਨਿਰਾਲਾ। ਸੂਰਮੇ ਉਸ ਦੇ ਜਿੰਦ ਨੂੰ ਨਾ ਦੀਜ਼ ਸਮਝਕੇ ਜੂਝੇ ਸਨ। ਸੋ ਦੇਖੋ ਜਿੱਤਿਆ ਤੇ ਸਾਰੇ ਰਾਜੇ ਸ਼ਰਮਿੰਦੇ ਹੋ ਕੇ ਆਏ, ਪਤਾ ਜੇ ਨਾ ਕਿੰਨੇ ਕੁ 'ਰਾਜਿਆਂ ਦੀਆਂ ਸਤੀਆਂ ਦੇ ਮਠ ਉੱਥੇ ਬਣੇ ਹਨ[1] ?

ਰਾਜਾ-ਕੁਛ ਕਰਾਮਾਤ ਦੀ ਖੇਲ ਬੀ ਹੈ ਉਥੇ, ਨਾਲੇ ਉਹ ਜਿੱਤੇ ਤਾਂ ਵਡਿਆਈ, ਹਾਰੇ ਤਾਂ ਫਕੀਰ ਦਾ ਕੀਹ ਗਿਆ ? ਤੂੰਬਾ ਚਿਮਟਾ ਸਦਾ ਸਲਾਮਤ। ਅਸੀਂ ਰਾਜੇ ਹੋਏ, ਪੀੜ੍ਹੀਆਂ ਦੇ ਰਾਜ ਕੌਣ ਖ਼ਤਰੇ ਵਿਚ ਪਾਵੇ? ਸਾਡੀ ਜੋਖੋਂ ਹੈ ਬੜੀ।

ਬਖਸ਼ੀ-ਸੱਚ ਫੁਰਮਾਇਆ ਨੇ, ਇਹੋ ਤਾਂ ਹੁਣ ਵਿਚਾਰ ਕਰ ਰਹੇ ਹਾਂ ਕਿ ਰਾਜ ਸਦਾ ਸਲਾਮਤ, ਸਦਾ ਸਲਾਮਤ ਰਹੇ। ਇਕ ਬੇਨਤੀ ਜੇ ਆਗਿਆ ਬਖਸ਼ੋ ਤਾਂ ਕਰ ਦਿਆਂ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੂੰਬੇ ਚਿਮਟੇ ਵਾਲਾ ਸਾਧ ਨਹੀਂ, ਮੈਂ ਇਕ ਵੇਰ ਸੂੰਹੀਆਂ ਹੋ ਕੇ ਪਾਉਂਟੇ ਸਾਹਿਬ ਦੇਖ ਆਇਆ ਹਾਂ, ਉਹ ਕੋਈ ਬਹੁਤ ਉੱਚੀ ਹਸਤੀ ਹੈ।

ਵਜ਼ੀਰ--ਪਰ ਇਸ ਵੇਲੇ ਤਾਂ ਆਪਣੀ ਪਈ ਹੈ, ਕਿਸੇ ਸਿੱਟੇ ਤੇ ਆਓ।

ਬਖਸ਼ੀ--ਤਿਆਰੀ ਤਾਂ ਝੱਟ ਕਰੀਏ, ਇਹ ਤਾਂ ਗੱਲ ਮੁਕਾਓ, ਫਿਰ ਅਲਫ ਖ਼ਾਂ ਨੂੰ ਥੱਥੇ ਮੱਮੇ ਕਰੀਏ, ਜ਼ਰਾ ਦੁਰੇਡੇ ਉਤਾਰੀਏ। ਫਿਰ ਜੰਗ ਕਿ ਸੁਲਹ ? ਇਹ ਵਿਚਾਰ ਕਰ ਲਈਏ, ਬਿੱਝੜਵਾਲੀਏ ਨੂੰ ਸੱਦ ਲਈਏ, ਇਕ ਤੇ ਦੋ ਯਾਰਾਂ ਹੋ ਜਾਵਾਂਗੇ। ਜੇ ਕਹਿਲੂਰੀਆ ਰਲੇ ਤਾਂ ਗੁਰੂ ਨੂੰ ਬੀ ਬਾਂਹ ਬੇਲੀ ਖਣਾਓ।

ਰਾਜਾ--ਠੀਕ ਹੈ, ਪਰ ਭੀਮ ਚੰਦ ਨੂੰ ਮਾਰਨ ਦਾ ਵੇਲਾ ਹੈ, ਉਸ ਦੀ ਹੈਂਕੜ ਨੀਵੀਂ ਹੋ ਜਾਏ, ਇਹ ਵੇਲਾ ਹਥੋਂ ਨਹੀਂ ਗੁਆਉਣਾ, ਸਭਨਾਂ ਨੇ ਇਹ ਸੋਚ ਕਰਨੀ ਹੈ ਜ਼ਰੂਰੀ।

ਇਉਂ ਮਤੇ ਮਤਾਉਂਦੇ ਸਾਰੇ ਵਿਦਾ ਹੋ ਗਏ। ਮੇਲ ਵਾਲੀ ਗੱਲ ਵਿੱਚੇ ਰਹੀ। ਬਖਸ਼ੀ ਨੇ ਜਾ ਕੇ ਤਿਆਰੀ ਆਰੰਭ ਦਿੱਤੀ। ਫੌਜ ਜਿੰਨੀ ਕੁ ਸੀ ਵੰਡ ਕਰਕੇ ਥਾਂਓਂ ਥਾਂਈਂ ਲੱਗਣ ਦੇ ਹੁਕਮ ਦੇ ਦਿੱਤੇ। ਵਜ਼ੀਰ ਤੇ ਦੀਵਾਨ ਆਦਿਕ ਸਲਾਹ ਮਸ਼ਵਰੇ ਲਈ ਫੇਰ ਬੈਠ ਗਏ।

## ੩.

ਕਾਂਗੜੇ ਤੋਂ ਕੁਛ ਮੀਲਾਂ ਦੀ ਵਿੱਥ ਤੇ ਅਲਫ ਖ਼ਾਂ ਦਾ ਡੇਰਾ ਪਿਆ ਹੈ ਤੇ ਉਸਦੇ ਤੰਬੂ ਵਿਚ ਕਟੋਚੀਆ ਵਜ਼ੀਰ ਆਇਆ ਹੈ।

ਅਲਫ਼ ਖ਼ਾਂ-ਵਜ਼ੀਰ ਸਾਹਿਬ ! ਆਈਏ, ਮਿਜ਼ਾਜ ਅੱਛਾ ਹੈ ?

ਵਜ਼ੀਰ (ਕਟੋਚੀਆ)--ਆਪਦੀ ਮਿਹਰਬਾਨੀ ਹੈ।

ਅਲਫ਼ਖ਼ਾਂ--ਬੈਠੀਏ; ਕਹੀਏ ਰਾਜਾ ਸਾਹਿਬ ਅਛੇ ਹੈਂ ?

ਵਜ਼ੀਰ--ਰੱਬ ਦੀਆਂ ਰੱਖਾਂ ਹਨ ?

ਅਲਫ਼ ਖ਼ਾਂ--ਸ਼ੁਕਰ ਹੈ।

ਵਜ਼ੀਰ--ਆਪ ਅੱਛੇ ਹੈਂ; ਬਾਲ ਬੱਚੇ ਅੱਛੇ ਹੈਂ ? ਸਭ ਖ਼ੈਰੀਅਤ ਹੈ ?

ਅਲਫ਼ ਖ਼ਾਂ--ਸ਼ੁਕਰ ਹੈ ਅੱਲਾ ਦਾ, ਸਭ ਖੈਰ ਹੈ !

ਵਜ਼ੀਰ--ਆਪ ਨੂੰ ਰਸਦ ਪਾਣੀ; ਘਾਹ ਪੱਠਾ ਸਭ ਠੀਕ ਪਹੁੰਚ ਗਿਆ ਹੈ ? ਕੋਈ ਖੇਚਲ ਤਾਂ ਨਹੀਂ ਹੋਈ ?

ਅਲਫ਼ਖ਼ਾਂ--ਨਹੀਂ, ਆਪ ਦੇ ਅਹਿਲਕਾਰ ਬਹੁਤ ਅੱਛੇ ਹਨ, ਸਭ ਠੀਕ ਹੈ।

ਵਜ਼ੀਰ ਸਾਹਿਬ ! ਹੁਣ ਕਹੀਏ ਗੱਲ ਕਿਸ ਤਰਾਂ ਹੈ ? ਕੱਲ ਆਪ ਦਾ ਅਹਿਲਕਾਰ ਕਹਿ ਗਿਆ ਸੀ ਕਿ ਅਸਾਂ ਜੰਗ ਨਹੀਂ ਕਰਨਾ ਤੇ ਦੋਸਤਾਨਾ ਵਰਤਾਉ ਵਰਤਣਾ ਹੈ, ਉਮੈਦ ਹੈ ਆਪ ਨੇ ਫੈਸਲਾ ਕਰ ਲਿਆ ਹੋਊ, ਹਜ਼ਰਤ ਸਲਾਮਤ ਚਾਹੁੰਦੇ ਹਨ ਕਿ ਬਿਨਾਂ ਤਅੱਲਕਾਤ ਵਿਗਾੜੇ ਦੇ ਮਾਮਲੇ ਨਿਪਟ ਜਾਣ।

ਵਜ਼ੀਰ--ਆਂ ਹਜ਼ਰਤ ਤੇ ਆਪ ਦੀ ਮਿਹਰਬਾਨੀ ਹੈ, ਅਸਾਂ ਇਹੋ ਹੀ ਖਿਆਲ ਪੱਕਾ ਕਰਕੇ ਆਪ ਨੂੰ ਦੋਸਤਾਨਾ ਅਗੁਵਾਨੀ ਦਿੱਤੀ ਹੈ। ਹੁਣ ਆਪ ਬੀ ਕੁਛ ਉਸੇ ਵਰਤਾਉ ਨੂੰ ਵਰਤੋਗੇ ਤਾਂ ਕਾਰਜ ਰਾਸ ਹੈ। ਅਸਾਂ ਜੋ ਕੁਛ ਦੇਣਾ ਹੈ ਸੋ ਦੇਣਾ ਹੈ, ਦੇਣੋਂ ਨਾਂਹ ਨਹੀਂ, ਗੱਲ ਇਤਨੀ ਹੈ ਕਿ ਕਾਲ ਪਿਆ ਰਿਹਾ ਹੈ ਮਾਮਲੇ ਉਗਰੇ ਨਹੀਂ, ਕੁਝ ਘੱਟ ਵੱਧ ਲੈ ਕੇ ਖੁਸ਼ਹੋ ਜਾਓ।

ਅਲਫ ਖ਼ਾਂ--ਮੈਂ ਉਸ ਤੋਂ ਵੱਧ ਕੁਝ ਨਹੀਂ ਮੰਗਦਾ ਜੋ ਕੁਝ ਤੁਸਾਂ ਦੇਣਾ ਹੈ।

---

1. ਇਹ ਹੁਣ ਤਕ ਭੰਗਾਣੀ ਹੈਨ।

ਵਜ਼ੀਰ—ਅਸੀਂ ਉਸ ਵਿਚੋਂ ਛੋਟ ਚਾਹੁੰਦੇ ਹਾਂ।

ਅਲਫ਼ ਖਾਂ—ਇਹ ਗੱਲ ਔਖੀ ਹੈ। ਆਂ ਹਜ਼ਰਤ ਸ਼ਾਯਦ ਨਾ ਮੰਨਣ। ਮੈਂ ਸ਼ਰਤਾਂ ਕਿਵੇਂ ਤੋੜਾਂ ?

ਵਜ਼ੀਰ—ਸਮੇਂ ਦੀ ਹਾਲਤ ਵਿਚਾਰਕੇ ਹਮਦਰਦੀ ਦਾ ਵਰਤਾਉ ਵਰਤ ਲੈਣਾ ਕੀਤੀਆਂ ਸ਼ਰਤਾਂ ਨੂੰ ਕਦੇ ਨਹੀਂ ਭੰਨਦਾ ਫਿਰ ਤੁਹਾਡੇ ਅਖ਼ਤਿਆਰ ਹੈ ਸਭ ਕੁਛ।

ਅਲਫ਼ ਖਾਂ—ਇਸ ਤਰ੍ਹਾਂ ਜੇ ਮੈਂ ਛੋਟਾਂ ਕਰਨ ਲਗਾ ਤਾਂ ਫਿਰ ਸਾਰੇ ਪਹਾੜੀ ਇਲਾਕੇ ਵਿਚੋਂ ਲੈ ਕੇ ਕੀਹ ਜਾਵਾਂਗਾ ਤੇ ਮਾਲਕਾਂ ਨੂੰ ਕੀਹ ਮੂੰਹ ਦਿਖਾਵਾਂਗਾ ?

ਵਜ਼ੀਰ—ਤੁਸੀਂ ਅਸਾਂ ਨਾਲ ਤਾਂ ਵਰਤੋਂ ਖਾਂ ਵਰਤਣ ਸਲੂਕ ਦੀ, ਅਸੀਂ ਤੁਹਾਨੂੰ ਦੋਸਤ ਹੋ ਕੇ ਮਿਲੇ ਹਾਂ, ਜੋ ਆਕੜੇ ਉਸ ਤੋਂ ਸਾਰਾ ਲਓ, ਦੂਣਾ ਲਓ, ਨਾਲ ਚੱਟੀ ਲਓ।

ਅਲਫ਼ ਖਾਂ—ਵਜ਼ੀਰ ਸਾਹਿਬ ! ਸਾਫ ਬਾਤ ਇਹ ਹੈ, ਕੋਈ ਤੁਸੀਂ ਬੀ ਕਦਮ ਅੱਗੇ ਵਧੋ ਨਾ, ਮੈਂ ਫਿਰ ਰਿਆਇਤ ਕਰਦਿਆਂ। ਫ਼ਰਜ਼ ਕਰੋ, ਮੈਂ ਤੁਸਾਡੀ ਗਲ ਮੰਨ ਲਵਾਂ ਜਿੰਨੀ ਕਿ ਮੇਰੇ ਵੱਸ ਵਿਚ ਹੋਵੇ, ਫਿਰ ਤੁਸੀਂ ਕੀਹ ਕਰੋਗੇ ?

ਵਜ਼ੀਰ—ਤੁਸਾਡੀ ਮਦਦ, ਹਰ ਤਰ੍ਹਾਂ ਦੀ ਮਦਦ।

ਅਲਫ਼ ਖਾਂ (ਸੋਚ ਕੇ)—ਮਸਲਨ....।

ਵਜ਼ੀਰ—ਮਸਲਨ ਤੁਸੀਂ ਸਾਡੇ ਨਾਲ ਅੱਧ ਤੇ ਮੁੱਕ ਜਾਓ ਤੇ ਬਾਕੀ ਅੱਧ ਛੋਟ ਕਰ ਦਿਓ, ਫੇਰ ਤੁਸੀਂ ਅੱਗੇ ਵਧੋ, ਜੇ ਤੁਹਾਨੂੰ ਕਿਤੇ ਸਾਡੀ ਮਦਦ ਦੀ ਲੋੜ ਪਵੇ ਤਾਂ ਅਸੀਂ ਤੁਸਾਂ ਵੱਲੋਂ ਹੋ ਕੇ ਨਾ ਮੰਨਣ ਵਾਲੇ ਨਾਲ ਲੜਾਂਗੇ।

ਅਲਫ਼ ਖ਼ਾਂ—ਸ਼ਾਬਾਸ਼ ! ਬਹੁਤ ਖੁਸ਼ੀ, ਪਰ ਕੁਛ ਹੋਰ ਮੱਦਦ ਚਾਹੀਏ।

ਵਜ਼ੀਰ—ਕਿਸ ਤਰ੍ਹਾਂ ਦੀ ?

ਅਲਫ਼ ਖ਼ਾਂ—ਕੋਈ ਤਦਬੀਰ ਦੱਸੋ ਕਿ ਜਿਸ ਨਾਲ ਛੇਤੀ ਕੰਮ ਹੋ ਜਾਵੇ, ਤੁਸਾਡੀ ਦੋਸਤੀ ਦਾ ਲਾਭ ਸਰੀਹਨ ਕੁਛ ਨਿਕਲੇ।

ਵਜ਼ੀਰ—ਹਾਂ, ਇਹ ਭੇਤ ਵੀ ਦੱਸ ਦਿਆਂਗੇ। ਹਾਂ, ਇਕ ਗੱਲ ਹੋਰ ਹੈ, ਸਾਡੇ ਨਾਲ ਬਿੱਝੜਵਾਲੀਆ ਦਿਆਲ ਚੰਦ ਰਾਜਾ ਬੀ ਹੈ, ਦੁਇ ਰਾਜੇ ਆਪ ਦੇ ਮਦਦਗਾਰ ਹੋਣਗੇ, ਪਰ ਦੋਹਾਂ ਤੋਂ ਆਪ ਨੇ ਅੱਧ ਲੈ ਕੇ ਫੈਸਲਾ ਕਰ ਦੇਣਾ ਹੋਵੇਗਾ।

ਅਲਫ਼ ਖ਼ਾਂ—ਬਹੁਤ ਹੱਛਾ।

ਵਜ਼ੀਰ—ਫੇਰ, ਹੋਇਆ ਫੈਸਲਾ ?

ਅਲਫ਼ ਖ਼ਾਂ—ਹੋਇਆ।

ਵਜ਼ੀਰ—ਕੌਲ ਦਿਓ।

ਅਲਫ਼ ਖ਼ਾਂ (ਹੱਥ ਵਧਾ ਕੇ)—ਅੱਲਾ ਦੇ ਨਾਮ ਤੇ ਕੌਲ ਦਿੱਤਾ ਤੇ ਇਕਰਾਰ ਕੀਤਾ ਕਿ ਮੈਂ ਅੱਧੋ ਖ਼ਿਰਾਜ ਤੋਂ ਦੁਹਾਂ ਰਾਜਿਆਂ ਨੂੰ ਛੱਡ ਦੇਣਾ ਤੇ ਦੋਹਾਂ ਰਾਜਿਆਂ ਨੇ ਮੇਰੀ ਮਦਦ ਕਰਨੀ ਹਰ ਤਰ੍ਹਾਂ ਪਹਾੜੀ ਰਾਜਿਆਂ ਨਾਲ ਨਿਪਟਣ ਵਿਚ, ਤੇ ਭੇਤ ਦੱਸਣਾ ਛੇਤੀ ਕੰਮ ਮੁੱਕਣ ਦਾ ਤੇ ਸ਼ਰੀਕੇ ਜੰਗ ਰਹਿਣਾ ਜੇ ਲੋੜ ਪਵੇ ਤਾਂ।

ਵਜ਼ੀਰ (ਹੱਥ ਘੁੱਟਕੇ)—ਮੈਂ ਨੇਮ ਕਰਦਾ ਹਾਂ ਕਿ ਸੌਖਾ ਰਾਹ ਦੱਸਾਂਗਾ, ਮਾਮਲਾ ਉੱਗਰਣ ਦਾ। ਰਸਦ, ਰੁਪਏ, ਫੌਜ, ਸਾਮਾਨ ਜੁੱਧ ਹਰ ਤਰ੍ਹਾਂ ਨਾਲ ਮਦਦ ਕਰਨਗੇ ਮੇਰੇ ਦੁਏ ਰਾਜੇ ਆਪ ਦਾ ਮਾਮਲਾ ਉਗਰਾਹ ਦੇਣ ਵਿਚ।

ਸਲਾਮਾਲੇਕਮੀ ਕਰਕੇ ਵਜ਼ੀਰ ਸਾਹਿਬ ਚਲੇ ਗਏ ਤੇ ਫੇਰ ਵਾਪਸ ਆਏ, ਰੁਪਈਆਂ ਦੀਆਂ ਥੈਲੀਆਂ ਅੱਗੇ ਧਰੀਆਂ ਤੇ ਫੈਸਲੇ ਦੀ ਰਸੀਦ ਲਿਖੀ ਜਾਣ ਲੱਗੀ ਉਸ ਵੇਲੇ ਅਲਫ਼ ਖ਼ਾਂ ਨੇ ਕਿਹਾ, ਉਹ ਤਦਬੀਰ ?

ਵਜ਼ੀਰ—ਅਲੱਗ ਚੱਲੋ।

ਦੋਵੇਂ ਤੰਬੂ ਦੇ ਅੰਦਰਲੇ ਹਿੱਸੇ ਵਿਚ ਚਲੇ ਗਏ।

ਅਲਫ਼ ਖ਼ਾਂ—ਕਹੀਏ ?

ਵਜ਼ੀਰ—ਸਭ ਤੋਂ ਵੱਡਾ ਰਾਜਾ ਸਾਡੇ ਵਿਚ ਹੈ ਭੀਮ ਚੰਦ ਕਹਿਲੂਰੀਆ, ਆਪ ਇਕੋ ਉਸ ਤੋਂ ਮੰਗੋ। ਜੇ ਦੇਵੇ ਪੂਰਾ ਤਾਂ ਵਾਹਵਾਹ, ਫੇਰ ਕੋਈ ਰਾਜਾ ਨਹੀਂ ਅੜੇਗਾ, ਸਾਰੇ ਦੇ ਦੇਣਗੇ; ਤੇ ਜੇ ਉਹ ਅੜੇ ਤਾਂ ਕਰੋ ਯੁੱਧ; ਸਾਡੀ ਬਿੱਝੜਵਾਲੀਏ ਦੀ ਤੇ ਤੁਸਾਡੀ ਫੌਜ ਉਸ ਨੂੰ ਜਿੱਤਕੇ ਮਾਮਲਾ ਲੈ ਲਓਗੇ ਤਾਂ ਬਾਕੀ ਸਾਰੇ ਭੈ ਭੀਤ ਹੋ ਕੇ ਆਪੇ ਦੇ ਦੇਣਗੇ, ਕਿਸੇ ਹੋਰ ਨਾਲ ਲੜਨਾ ਨਹੀਂ ਪਏਗਾ।

ਅਲਫ਼ ਖ਼ਾਂ—ਬਹੁਤ ਖੂਬ, ਵਜ਼ੀਰ ਸਾਹਿਬ ਆਪ ਸਲਤਨਤ ਦੇ ਦਿਲੀ ਖ਼ੈਰ ਖ੍ਵਾਹ ਹੋ, ਮੈਂ ਆਪ ਦਾ ਬੜਾ ਮਸ਼ਕੂਰ ਹਾਂ।

ਅੰਦਰੋਂ ਟੁਰ ਕੇ ਤੰਬੂ ਦੇ ਬਾਹਰਲੇ ਦਲਾਨ ਵਿਚ ਆ ਗਏ। ਰਸੀਦ ਪੱਤਾ ਲਿਖਿਆ ਗਿਆ, ਦਸਖ਼ਤ ਹੋ ਗਏ। ਵਜ਼ੀਰ ਸਾਹਿਬ ਫੈਸਲਾ ਕਰ ਕੇ ਆਪਣੀ ਰਿਆਸਤ—ਬਿਨਾ ਇਕ ਕਤਰਾ ਖ਼ੂਨ ਦਾ ਦੇ ਕੇ—ਬਚਾਉਣ ਦੇ ਚਾਉ ਵਿਚ ਵਿਦਾ ਹੋ ਗਏ, ਮਗਰੋਂ

ਅਲਫ ਖਾਂ ਨੇ ਆਪਣੇ ਮਾਤਹਿਤਾਂ ਨਾਲ ਗੱਲ ਕੀਤੀ:

ਦੇਖੀ ਨੇ ਇਨ੍ਹਾਂ ਹਿੰਦੀਆਂ ਦੀ ਕੋਤਾਹ ਅੰਦੇਸ਼ੀ ! ਏਹੀ ਰਾਜ (ਭੇਤ) ਹੈ ਇਨ੍ਹਾਂ ਲੋਕਾਂ ਦੇ ਖੁਆਰ ਰਹਿਣ ਦਾ ਅਰ ਸਾਡੇ ਫਤਹਮੰਦ ਹੋਣ ਦਾ, ਹਰੇਕ ਨੂੰ ਆਪਣੀ ਗ਼ਰਜ਼ ਹੈ, ਆਪਣੀ ਗ਼ਰਜ਼ ਲਈ ਭਾਈ ਭਾਈ ਦਾ ਗਲਾ ਕੱਟਦਾ ਹੈ; ਖੁਦਾ ਪ੍ਰਸਤਾਂ ਤੇ ਅੱਲਾ ਦੀ ਰਹਿਮਤ ਹੈ; ਇਨ੍ਹਾਂ ਬੁਤਪ੍ਰਸਤਾਂ ਤੇ ਉਸ ਦੀ ਨਾਰਾਜ਼ਗੀ ਹੈ। ਉਸੀ ਨਾਰਾਜ਼ਗੀ ਦੀ ਏਹ ਸੂਰਤ ਹੈ: ਖੁਦ-ਗ਼ਰਜ਼ੀ ਅਰ ਆਪਣਿਆਂ ਵਿਚ ਬੇਗਾਨਗੀ। ...(ਅਸਮਾਨਾਂ ਵੱਲ ਤੱਕ ਕੇ) ਅੱਲਹ ਤੇਰੀ ਰਹਿਮਤ !

ਅਹਿਲਕਾਰ—ਅਲਹਮਦੁਲਿੱਲਾ[1] ! ਸ਼ੁਕਰ ਹੈ ! ਮੁਸ਼ਕਲ ਆਸਾਨ ਹੋਈ, ਸ਼ੈਤਾਨ ਇਨ੍ਹਾਂ ਕਾਫਰਾਂ ਨੂੰ ਹੋਰ ਗੁਮਰਾਹ ਕਰੇ!

੪.

**ਬਿਲਾਸਪੁਰ** ਦੇ ਰਾਜ ਭਵਨ ਵਿਚ ਰਾਜਾ ਭੀਮ ਚੰਦ **ਬੈਠਾ** ਰਿਆਸਤ ਦਾ ਕੰਮ ਕਰ ਰਿਹਾ ਸੀ ਕਿ ਚੋਬਦਾਰ ਆਇਆ :

ਸਰਕਾਰ ! ਜੁਗਜੁਗ ਰਾਜ ! ਅਲਫ਼ਖਾਂ ਦਾ ਦੂਤ ਆਯਾ ਹੈ ਤੇ ਇਸ ਵੇਲੇ ਮੁਲਾਕਾਤ ਦਾ ਚਾਹਵਾਨ ਹੈ।

ਰਾਜਾ (ਵਜ਼ੀਰ ਵੱਲ ਤੱਕ ਕੇ)—ਜਾਓ ਤੇ ਬਾਹਰਲੇ ਦੀਵਾਨ ਖਾਨੇ ਮਿਲੋ, ਉੱਤਰ ਦਿਓ ਤੇ ਗੱਲ ਬਾਤ ਸਮਝ ਕੇ ਆਓ।

ਵਜ਼ੀਰ ਚਲਾ ਗਿਆ ਤੇ ਰਾਜਾ ਉਤੋਂ ਤਾਂ ਕੰਮ ਕਾਜ ਵਿਚ ਲਗਾ ਰਿਹਾ ਤੇ ਵਿਚੋਂ ਸੋਚਦੇ ਅਸਮਾਨਾਂ ਵਿਚ ਉੱਡਦਾ ਰਿਹਾ। ਕੰਮ ਕਾਜ ਛੇਤੀ ਮੁਕਾ ਤੇ ਅਹਿਲਕਾਰ ਵਿਦਾ ਕੀਤੇ ਕਿ ਵਜ਼ੀਰ ਆ ਗਿਆ।

ਰਾਜਾ—ਆਓ ਮੰਤ੍ਰੀ ! ਕੀ ਸੁਨੇਹਾ ਲਿਆਏ ਹੋ?

ਵਜ਼ੀਰ—ਤ੍ਰੁੱਟੀ ਚੌੜ ਅਸਾਡੀ ਹਿੰਦੂਆਂ ਦੀ, ਕਟੋਚੀਆ ਤੇ ਬਿੱਝੜਵਾਲੀਆ ਅਲਫ਼ ਖਾਂ ਨਾਲ ਰਲ ਗਏ ਹਨ, ਜੋ ਅਸਾਂ ਸਾਰਿਆਂ ਮੰਤ੍ਰ ਪੱਕਾ ਕੀਤਾ ਸੀ ਉਸ ਨਾਲ ਧਰੋਹ ਕਮਾਇਆ ਨੇ। ਫੌਜਾਂ ਲੈ ਕੇ ਅਲਫ਼ਖਾਨ ਨਾਲ ਨਾਦੌਣ ਆ ਟਿਕੇ ਹਨ। ਅਲਫ਼ ਖਾਂ ਨੂੰ—ਮੈਨੂੰ ਜਾਪਦਾ ਹੈ—ਉਨ੍ਹਾਂ ਹੀ ਪੱਟੀ ਪੜ੍ਹਾਈ ਹੈ ਕਿ ਪਹਿਲਾਂ ਕਹਿਲੂਰਪਤੀ ਤੇ ਹਮਲਾ ਕਰੋ, ਉਸਨੂੰ ਮਾਰ ਲਿਆਂ ਸਾਰੇ ਬਿਨ ਲੜੇ ਸ਼ਰਣ ਪੈ ਜਾਣਗੇ। ਇਹ ਮੈਂ ਕੁਛ ਉਸ ਦੇ ਤੌਰਾਂ ਤੇ ਕੁਛ ਗੱਲਾਂ ਤੋਂ ਉਨ੍ਹਾਂ ਦੀ ਚਾਲ ਸਮਝੀ ਹੈ। ਸੰਦੇਸਾ ਉਸ ਦਾ ਇਹ ਹੈ ਕਿ ਤਿੰਨ ਸਾਲਾਂ ਦਾ ਖ਼ਿਰਾਜ ਦੇ ਦਿਓ ਤੇ ਆਪ ਲੈ ਕੇ ਆਓ, ਸੁਲਹ ਸਫਾਈ ਦੋਸਤਦਾਰੀ ਨਾਲ; ਨਹੀਂ ਤਾਂ ਜੁੱਧ ਕਰੋ, ਮੈਂ ਦੇਸ਼ ਵੈਰਾਨ ਕਰਕੇ ਲੁੱਟਪੁੱਟ ਕੇ ਸਾਰੀ ਰਕਮ ਲੈ ਜਾਵਾਂਗਾ।

ਭੀਮ ਚੰਦ (ਦੰਦ ਕ੍ਰੀਚ ਕੇ)—ਸੱਤਜਾਨਾਸ ਕਟੋਚ ਦੀ, ਘਰ ਫੁੱਟਾ ਦਹਿਸਰ ਮਾਰਿਆ। ਅੱਛਾ ਜੇ ਅੱਗੇ ਦੇਣਾ ਸੀ ਤਾਂ ਹੁਣ ਨਹੀਂ ਦੇਣਾ, ਜੰਗ ਕਰਨਾ ਹੈ ਤੇ ਆਪਣੇ ਨੇਜ਼ੇ ਨਾਲ ਕਟੋਚੀਏ ਦਾ ਪੇਟ ਚੀਰਨਾ ਹੈ ਤੇ ਫੇਰ ਕਾਲਜੇ ਠੰਢ ਪੈਣੀ ਹੈ। ਹੇ ਵਜ਼ੀਰ ! ਸਾਰੇ ਭਰਾਵਾਂ ਵੱਲ ਦੂਤ ਭਜਾ ਦਿਓ, ਦੇਖੀਏ ਕਿ ਕੌਣ ਕੌਣ ਸਾਡੇ ਨਾਲ ਹੈ।

ਵਜ਼ੀਰ—ਆਸ ਹੈ ਉਨ੍ਹਾਂ ਦੋ ਤ੍ਰੈਹਾਂ ਤੋਂ ਛੁੱਟ ਸਾਡੇ ਨਾਲ ਸਾਰੇ ਹੋਣਗੇ, ਦੂਤ ਹੁਣ ਟੋਰਦਾ ਹਾਂ। ਪਰ....।

ਰਾਜਾ (ਕਾਹਲਾ ਹੋ ਕੇ) ਪਰ ਕੀਹ ? ਮੈਂ ਤਾਂ ਅਲਫ਼ ਖਾਂ ਦੀ ਸ਼ਰਣ ਨਹੀਂ ਲੈਣੀ। ਅਲਫ਼ ਖ਼ਾਂ ਨੂੰ ਮੇਰੀ ਤੀਰੰਦਾਜ਼ੀ ਦਾ ਪਤਾ ਨਹੀਂ ? ਮੈਂ ਤਾਂ ਕਟੋਚ ਤੋਂ ਬਦਲਾ ਨਹੀਂ ਛੋੜਨਾ, ਮੈਨੂੰ ਪਤਾ ਹੈ ਔਰੰਗਜ਼ੇਬ ਦੱਖਣ ਵਿਚ ਫਸ ਰਿਹਾ ਹੈ, ਸਾਡੇ ਨਾਲ ਵਡੇ ਜੰਗ ਨਹੀਂ ਮਚਾ ਸਕਦਾ, ਚਾਲਾਂ ਨਾਲ ਹੀ ਸਾਡੀ ਜੜ੍ਹੀਂ ਤੇਲ ਦੇ ਰਿਹਾ ਹੈ।

ਵਜ਼ੀਰ—ਸੱਚ ਹੈ, ਆਪ ਜਿਤਨਾ ਕੋਪ ਕਰੋ ਬਣਦਾ ਹੈ, ਪਰ ਦੂਤ ਨੂੰ ਉੱਤਰ ਦੇਣ ਤੋਂ ਪਹਿਲਾਂ ਆਪਣਾ ਘਰ ਗਿੱਣ ਗੱਠ ਲਈਏ। ਉਸ ਨੂੰ ਦੋ ਚਾਰ ਦਿਨ ਅਟਕਾਈਏ, ਇੰਨੇ ਚਿਰ ਵਿਚ ਰਾਜਿਆਂ ਦੇ ਪਤੇ ਆ ਜਾਣਗੇ ਤੇ ਸਮਾਂ ਬੀ ਮਿਲ ਜਾਏਗਾ...।

ਰਾਜਾ (ਕਾਹਲਾ ਪੈ ਕੇ)—ਕਿਸ ਗੱਲ ਦਾ ? ਜਲਦੀ ਕਰੋ, ਅੜਕਦੇ ਕਿਉਂ ਹੋ ?

ਵਜ਼ੀਰ—ਗੁਸਤਾਖੀ ਦੀ ਖਿਮਾਂ। ਜੇ ਕਦੇ ਗੁਰੂ ਜੀ ਦੀ ਕੁਮਕ ਮਿਲ ਜਾਵੇ ਤਾਂ ਮੇਰੇ ਖਿਆਲ ਵਿਚ ਨਿਸ਼ਚੇ ਜਿੱਤ ਹੈ ਸਾਡੀ ਪਰ ਤਾਂ ਜੇ ਆਪ ਨੂੰ ਇਹ ਮੰਤ੍ਰ ਪਸੰਦ ਹੋਵੇ, ਤੇ ਉਧਰ ਗੁਰੂ ਜੀ ਬੀ ਮੰਨ ਲੈਣ। ਇਸ ਗਲ ਲਈ ਵਕਤ ਮੈਂ ਕਿਹਾ ਸੀ ਮਿਲ ਜਾਵੇ।

ਰਾਜਾ (ਸੋਚੀਂ ਪੈ ਕੇ)—ਗੁਰੂ ਜੀ ਵਲੋਂ...ਕੋਲੋਂ...ਮੱਦਦ ਮੰਗਣੀ... ?

ਵਜ਼ੀਰ—ਕਿਉਂ ? ਕੋਈ ਨੀਵੇਂ ਹੋਣ ਦੀ ਗੱਲ ਨਹੀਂ। ਸਾਡਾ ਵੈਰ ਮਿਟ ਚੁਕਾ ਹੈ, ਸੁਲਹ ਹੋ ਚੁਕੀ

1. ਮਹਿਮਾ ਹੈ ਖ਼ੁਦਾ ਦੀ।

ਹੈ, ਹੁਣ ਪਰਮਸਪਰ ਸੰਬੰਧ ਮੇਲ ਦਾ ਹੈ, ਫੇਰ ਕਠਨਾਈ ਵੇਲੇ ਸੱਜਣਾਂ ਨੂੰ ਨਹੀਂ ਵੰਗਾਰੀਦਾ ਤਾਂ ਕਿਨ੍ਹਾਂ ਨੂੰ ਵੰਗਾਰੀਦਾ ਹੈ ? ਮਿੱਤ੍ਰ ਤੋਂ ਮਦਦ ਮੰਗਣੀ ਮਿਹਣਾ ਨਹੀਂ ਚਾਹੇ ਇਸ ਤੋਂ ਪਹਿਲੇ ਸਾਡੇ ਸਲੂਕ ਬੜੇ ਭੈੜੇ ਰਹੇ ਹਨ, ਪਰ ਉਨ੍ਹਾਂ ਦੇ ਹਿਰਦੇ ਵੈਰ ਨਹੀਂ ਹੈ।

ਰਾਜਾ--ਹਾਂ...ਠੀਕ ਹੈ, ਉਨ੍ਹਾਂ ਦੀ ਸੈਨਾ ਵਿਚ ਬਲਕਾਰ ਤੇ ਜੋਸ਼ ਬੜਾ ਹੈ, ਠੀਕ ਹੈ ਦੋਸਤੀ ਹੈ, ਹੈਨ ਬੀ ਬਚਨ ਦੇ ਪੂਰੇ, ਪ੍ਰਜਾ ਪ੍ਰਿਯ ਬੀ ਹਨ, ਪਰ ਮੰਨ ਲੈਣਗੇ ? ਆਪ ਚੱਲਣਗੇ ?

ਵਜ਼ੀਰ--ਇਹ ਮੇਰੇ ਤੇ ਛੱਡੋ ਮੈਨੂੰ ਉੱਥੇ ਘੱਲੋ। ਉਨ੍ਹਾਂ ਦਾ ਤਾਂ ਇੰਦੀਆ ਇਹ ਹੈ ਕਿ ਵਖੇਵੇਂ ਦੂਰ ਹੋਣ, ਜ਼ੁਲਮ ਹਟੇ, ਧਰਮ ਵਿਚ ਧੱਕਾ ਮਿਟੇ, ਹਿੰਦੀ ਹਿੰਦ ਨੂੰ ਸੰਭਾਲਣ, ਪ੍ਰਜਾ ਦੇ ਤਸੀਹੇ ਦੂਰ ਹੋਣ। ਆਪ ਨੂੰ ਯਾਦ ਹੋਊ ਕਿ ਇਹ ਸੰਦੇਸਾ ਉਨ੍ਹਾਂ ਦਾ ਸਾਰਿਆਂ ਨੂੰ ਮਿਲਿਆ ਹੈ।

ਰਾਜਾ--ਠੀਕ ਹੈ, ਫਿਰ ਤੁਸੀਂ ਗੁਪਤ ਗੁਪਤ ਚਲੇ ਜਾਓ, ਛੇਤੀ ਮੁੜ ਆਓ। ਦੂਤ ਦੇ ਦੁਆਲੇ ਬੇਮਲੂਮੇ ਪਹਿਰੇ ਤੇ ਸੂੰਹੀਏ ਰੱਖੋ ਜੋ ਕੋਈ ਭੇਦ ਨ ਲੈ ਸਕੇ ਤੇ ਪਰਚਿਆ ਰਹੇ। ਤੁਸਾਡੇ ਆਇਆਂ ਤੇ ਜਵਾਬ ਦਿਆਂਗੇ ਸੁ। ਮੇਰੀ ਵਲੋਂ ਗੁਰੂ ਜੀ ਅੱਗੇ ਨਿੰਮ੍ਰਤਾ ਨਾਲ ਬੇਨਤੀ ਕਰਨੀ, ਸੰਤ ਅਗੇ ਤੇ ਫੇਰ ਗਊਂ ਵੇਲੇ ਨੀਉਂਣਾ ਮਾੜਾ ਨਹੀਂ।

ਵਜ਼ੀਰ--ਬਹੁਤ ਅੱਛਾ, ਫਿਰ ਆਗਯਾ ਹੈ? ਮੈਂ ਜਾਵਾਂ ?

ਰਾਜਾ--ਹਾਂ, ਜਾਓ ਪਰ ਪਤਾ ਨਾ ਲੱਗੇ। ਬਖਸ਼ੀ ਨੂੰ ਭੇਜ ਜਾਓ, ਸਾਨੂੰ ਆ ਕੇ ਹੁਣ ਮਿਲੇ ਜੋ ਜੁੱਧ ਦੀ ਗੁਪਤ ਤਿਆਰੀ ਆਰੰਭ ਕਰ ਦੇਈਏ।

ਵਜ਼ੀਰ--ਜੇ ਧੰਮੇ ਨੂੰ ਤੇ ਰਾਜਾ ਪ੍ਰਿਥੀ ਚੰਦ ਨੂੰ ਹੋ ਸਕਿਆ ਤਾਂ ਨਾਲ ਲਈ ਜਾਵਾਂਗਾ, ਉਨ੍ਹਾਂ ਦਾ ਮਾਨ ਵਧੇਗਾ।

ਰਾਜਾ (ਸੋਚਕੇ)--ਅੱਛਾ ਹੈ, ਪਰ ਗੱਲ ਨਾ ਨਿਕਲ ਜਾਏ, ਖ਼ਬਰਦਾਰੀ ਕਰਨੀ।

ਨਮਸਕਾਰ ਕਰਦਾ ਤੇ ਬਹੁਤ ਅੱਛਾ ਕਹਿੰਦਾ ਵਜ਼ੀਰ ਵਿਦਾ ਹੋ ਗਿਆ।

ਪ.

**ਆਪਣੇ** ਅੰਦਰਲੇ ਦੀਵਾਨਖ਼ਾਨੇ ਸ੍ਰੀ ਕਲਗ਼ੀਧਰ ਜੀ ਬਿਰਾਜ ਰਹੇ ਸਨ ਕਿ ਦੀਵਾਨ ਜੀ ਨੇ ਆ ਕੇ ਦਸਿਆ ਕਿ "ਬਿਲਾਸਪੁਰ ਤੋਂ ਸੂੰਹ ਆਈ ਹੈ ਕਿ ਵਜ਼ੀਰ ਪਰਮਾਨੰਦ ਆਪ ਦੀ ਸੇਵਾ ਵਿਚ ਆ ਰਿਹਾ ਹੈ। ਇਹ ਬੀ ਸੂੰਹੀਏਂ ਨੂੰ ਪਤਾ ਲੱਗਾ ਹੈ ਕਿ ਧੰਮਾ ਪ੍ਰੋਹਿਤ ਤੇ ਰਾਜਾ ਪ੍ਰਿਥੀ ਚੰਦ[1] ਬੀ ਨਾਲ ਹੈ। ਅਸਲ ਵਿਚ ਧੰਮੇ ਦੇ ਘਰੋਂ ਹੀ ਕਿਵੇਂ ਇਹ ਸੂੰਹ ਨਿਕਲੀ ਤੇ ਫੇਰ ਅਸਾਂ ਤੱਕ ਆਈ ਹੈ।"

ਗੁਰੂ ਜੀ--ਕੁਛ ਕਾਰਜ ਦਾ ਪਤਾ ਲੱਗਾ ਹੈ ?

ਦੀਵਾਨ--ਜੀ ਹਾਂ; ਸ੍ਰੀ ਜੀਉ ! ਪਹਾੜੀਆਂ ਰਾਜਿਆਂ ਨੇ ਜੋ ਏਕਾ ਕੀਤਾ ਸੀ ਕਿ ਮੀਆਂ ਖਾਂ ਯਾ ਉਸ ਦੇ ਘੱਲੇ ਦੂਤ ਨੂੰ ਖ਼ਿਰਾਜ ਤੇ ਮੰਗਿਆ ਧਨ ਨਹੀਂ ਦੇਣਾ ਤੇ ਉਹ ਸਾਡੇ ਏਕੇ ਨੂੰ ਵੇਖਕੇ ਯਾ ਨਾ ਲਊ ਯਾ ਘਟੂ, ਉਹ ਏਕਾ ਟੁਟ ਗਿਆ ਹੈ, ਕਾਂਗੜੇ ਦੇ ਰਾਜੇ ਤੇ ਬਿੱਝੜਵਾਲੀਏ ਦਿਆਲਚੰਦ ਰਾਜੇ ਨੇ ਕੁਛ ਥੋੜਾ ਬਹੁਤ ਦੇ ਕੇ ਅਲਫ਼ ਖ਼ਾਂ ਨੂੰ ਰਿਝਾ ਲਿਆ ਹੈ ਤੇ ਉਸਦੇ ਮਦਦਗਾਰ ਹੋ ਕੇ ਨਾਦੌਣ ਆ ਟਿਕੇ ਹਨ ਤੇ ਭੀਮਚੰਦ ਨੂੰ ਵੰਗਾਰਿਆ ਨੇ ਕਿ ਜਾਂ ਤਾਂ ਜੰਗ ਕਰ ਨਹੀਂ ਤਾਂ ਜੋ ਮੰਗਦੇ ਹਾਂ ਘੱਲ ਦੇਹ। ਚਾਲ ਹੁਣ ਇਹ ਹੈ ਕਿ ਜੇ ਇਹ ਝੁਕ ਗਿਆ ਤਾਂ ਬਾਕੀ ਸਾਰੇ ਆਪ ਝੁਕ ਜਾਣਗੇ, ਜੇ ਨਾ ਝੁਕਿਆ ਤਾਂ ਇਸ ਇਕ ਨੂੰ ਮਾਰ ਲਿਆਂ ਬਾਕੀ ਦੇ ਸਾਰੇ ਝੁਕ ਜਾਣਗੇ। ਦੋ ਰਾਜਿਆਂ ਦੇ ਅਲਫ਼ ਖ਼ਾਂ ਦੇ ਨਾਲ ਮਿਲ ਜਾਣ ਕਰਕੇ ਤਾਕਤ ਉਹਨਾਂ ਦੀ ਵਧ ਗਈ ਹੈ, ਇਨ੍ਹਾਂ ਦੀ ਘਟੀ ਹੈ। ਭੀਮ ਚੰਦ ਨੂੰ ਜਾਪਦਾ ਹੈ ਕਿ ਸੰਦੇਸਾ ਆ ਗਿਆ ਹੈ ਤੇ ਉਸ ਦਾ ਸੁਭਾਵ ਗੁਸੈਲ ਤਾਂ ਹੈ ਹੀ, ਤੀਰੰਦਾਜ਼ ਬੀ ਹੈ ਉਸ ਦੀ ਮਰਜ਼ੀ ਲੜਨ ਦੀ ਹੈ ਤੇ ਆਪ ਦੀ ਸਹਾਇਤਾ ਦੀ ਯਾਚਨਾ ਲਈ ਤ੍ਰੈਏ ਪਹਾੜੀਏ ਆ ਰਹੇ ਹਨ, ਸੋ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਵੀਚਾਰ ਕਰ ਲਓ ਕਿ ਕਿਵੇਂ ਕਰਨੀ ਹੈ ?

ਕੁਛ ਚਿਰ ਚੁੱਪ ਰਹਿਕੇ ਸ੍ਰੀ ਜੀ ਬੋਲੇ:--ਕਟੋਚੀਏ ਤੇ ਬਿੱਝੜੀਏ ਨੇ ਧਰਮ ਹਾਰਿਆ ਹੈ, ਏਕਾ ਤੋੜਿਆ ਹੈ, ਜ਼ੁਲਮੀਆਂ ਨਾਲ ਰਲ ਗਏ ਹਨ, ਭਰਾਵਾਂ ਦੇ ਮਾਰਨ ਲਈ ਕੁਹਾੜਿਆਂ ਦੇ ਦਸਤੇ ਬਣ ਗਏ ਹਨ, ਇਹ ਸੁਭਾਵ ਬਹੁਤ ਮਾੜਾ ਹੈ, ਅਧੋਗਤੀ ਦੇ ਰਿਹਾ ਹੈ। ਸਾਰੇ ਰਾਜਿਆਂ ਤੇ ਪਰਜਾ ਦੇ ਇਸ ਸੁਭਾਵ ਨੂੰ ਸੁਆਰਨਾ ਚਾਹੀਏ ਉਪਦੇਸ਼ ਨਾਲ, ਦੰਡ ਨਾਲ। ਇਥੇ ਉਪਦੇਸ਼ ਕਈ ਵਾਰ ਦਿੱਤੇ, ਕਾਰਗਰ ਨਹੀਂ ਹੋਏ, ਹੁਣ ਅਮਲੀ ਉਪਦੇਸ਼ ਦਾ ਵੇਲਾ ਆਇਆ ਹੈ। ਕਿਵੇਂ ਇਹ

1. ਤਵਾਰੀਖ਼ ਖਾਲਸਾ।

ਸੁਭਾਵ ਸ੍ਵਾਰਥ ਦਾ ਬਦਲੇ। ਸਾਂਝੇ ਹਾਨ ਲਾਭ ਵੇਲੇ ਇਕੱਠਿਆਂ ਹੋਣਾ ਤੇ ਆਪਣਾ ਨਫ਼ਾ ਵਾਰ ਦੇਣਾ ਲੋਕਾਂ ਵਿਚ ਆਵੇ। ਅਲਫ ਖ਼ਾਂ ਦੀ ਕਾਮਯਾਬੀ ਉਸ ਚਾਲ ਦੀ ਕਾਮਯਾਬੀ ਹੈ ਜੋ ਹਿੰਦੀਆਂ ਵਿਚ ਖ਼ੁਦਗਰਜ਼ੀ ਵਧੀ ਹੋਈ ਵੇਖਕੇ ਤੁਰਕ ਸਦਾ ਚਲਦੇ ਹਨ। ਇਸ ਚਾਲ ਦਾ ਮੂੰਹ ਭੰਨਣਾ ਠੀਕ ਹੈ। ਭੀਮਚੰਦ ਹਾਰ ਕੇ ਸਾਡੇ ਨਾਲ ਸੁਲਹ ਕਰ ਚੁਕਾ ਹੈ। ਹੁਣ ਸ਼ਰਨ ਹੈ ਤੇ ਹਰ ਤਰ੍ਹਾਂ ਮਿਤ੍ਰਾਨਾ ਵਰਤਾਉ ਕਰਦਾ ਹੈ ਤੇ ਕੀਤੇ ਨੇਮ ਨੂੰ ਅੱਜ ਤੱਕ ਨਿਬਾਹ ਰਿਹਾ ਹੈ ਇਸ ਕਰਕੇ ਮਿੱਤ੍ਰ ਦੀ ਸਹਾਇਤਾ ਕਰਨੀ ਬੀ ਧਰਮ ਹੈ। ਨੀਤੀ ਬੀ ਇਹੋ ਹੈ ਕਿ ਜਿਨ੍ਹਾਂ ਰਾਜਿਆਂ ਨੇ ਪਰਸਪਰ ਮਿੱਤ੍ਰਤਾ ਬਣਾਈ ਸੀ: ਹੁਣ ਜੁੱਧ ਸਮੇਂ ਓਹ ਇਕ ਦੂਜੇ ਦੀ ਸਹਾਇਤਾ ਕਰਨ। ਫਿਰ ਭੀਮਚੰਦ ਨੇ ਆਪਣੇ ਦੂਤ ਬੇਨਤੀ ਕਰਨ ਲਈ ਘੱਲੇ ਹਨ, ਮਦਦ ਲਈ ਸ਼ਰਨ ਆਏ ਦੀ ਮਦਦ ਨਾ ਕਰਨੀ ਬੀ ਧਰਮ ਨਹੀਂ ਹੈ। ਤਾਂ ਤੇ ਹਰ ਪਹਿਲੂ ਤੋਂ ਸਹਾਇਤਾ ਦੇਣੀ ਚਾਹੀਏ। ਜੇ ਫ਼ਤਹ ਸਾਡੀ ਹੋਵੇਗੀ ਤਾਂ ਰਾਜਿਆਂ ਤੇ ਇਨ੍ਹਾਂ ਦੀ ਸੈਨਾਂ ਦੇ ਦਿਲ ਵਧਣਗੇ ਕਿ ਅਸੀਂ ਤੁਰਕਾਂ ਤੇ ਫਤਹ ਪਾ ਸਕਦੇ ਹਾਂ ਉਨ੍ਹਾਂ ਦੇ ਰੋਅਬ ਦਾ ਤਲਿਸਮ ਟੁੱਟੇਗਾ। ...ਤੁਸੀਂ ਦੱਸੋ ਕਿਵੇਂ ਸਲਾਹ ਹੈ ?

ਦੀਵਾਨ—ਆਪ ਤ੍ਰਿਕਾਲੱਗਜ ਹੋ, ਆਪ ਨੂੰ ਸਲਾਹ ਕਿਨ੍ਹ ਦੇ ਸਕਣੀ ਹੈ ?

ਬੀਓ ਪੂਛਿ ਨ ਮਸਲਤਿ ਧਰੈ॥
ਜੋ ਕਿਛੁ ਕਰੈ ਸੁ ਆਪਹਿ ਕਰੈ॥ ੨॥
(ਗੌਂਡ: ਮ: ੫)

ਇਸ ਬਿਰਦ ਦੇ ਆਪ ਵਿਦਤ ਸਰੂਪ ਹੋ। ਜੋ ਕਿਰਪਾ ਧਾਰ ਕੇ ਆਪ ਨੇ 'ਬਚਨ' ਕਹੇ ਹਨ, ਸੋਨੇ ਨਾਲ ਲਿਖਣ ਵਾਲੇ ਹਨ, ਚਾਲੀ ਸੇਰੇ ਹਨ, ਧਰਮ, ਸਦਾਚਾਰ, ਨੀਤੀ ਤੇ ਆਪ ਦੇ ਬਿਰਦ ਦੇ ਅਨੁਕੂਲ ਹਨ।

ਗੁਰੂ ਸਾਹਿਬ—ਜਗਤ ਦੇ ਮਾਮਲੇ ਹਨ, ਵਿਚਾਰ ਕਰ ਲਓ; ਆਪਣਿਆਂ ਨਾਲ ਸੋਚ ਲਓ। ਜਦ ਦੂਤ ਆ ਜਾਣ ਸਨਮਾਨ ਨਾਲ ਡੇਰਾ ਕਰਾਓ ਤੇ ਫੇਰ ਦੀਵਾਨ ਵਿਚ ਪੇਸ਼ ਕਰੋ, ਫੇਰ ਉਥੇ ਗੱਲਬਾਤ ਕਰਾਂਗੇ ਤਦ ਤੱਕ ਆਪਣੇ ਪਿਆਰਿਆਂ ਨਾਲ ਗੁਪਤ ਮੰਤ੍ਰ ਕਰ ਲਓ। ਕੋਈ ਹੋਰ ਬਾਤ ਨਿਰਣੈ ਹੋਵੇ ਤਾਂ ਸਾਨੂੰ ਦੱਸ ਦੇਣੀ।

੬.

ਤਤਕਾਲ ਆਨੰਦਪੁਰਿ ਧਾਇ ਆਇ। ਪ੍ਰਭ ਥਿਰੇ
ਸਭਾ ਤਹਿ ਮਿਲਜੋ ਜਾਇ।। ਕਰ ਬੰਦਿ ਬਦਨਾ
ਚਰਨ ਕੀਨਿ[1]। ਦਿਸ਼ ਭੀਮ ਚੰਦ ਤੇ ਭਾਖਿ
ਦੀਨਿ॥ ੨੮॥

ਸੱਚੇ ਪਾਤਸ਼ਾਹ ਜੀ ਦਾ ਅਰਸ਼ੀ ਆਭਾ ਵਾਲਾ ਤੇ ਰਾਜਸੀ ਸੋਭਾ ਵਾਲਾ ਦਰਬਾਰ ਲੱਗ ਰਿਹਾ ਹੈ, ਜਿਸ ਵਿਚ ਭੀਮ ਚੰਦ ਦੇ ਦੂਤ ਪੇਸ਼ ਹੋਏ, ਤ੍ਰੈਏ ਮਹਾਰਾਜ ਜੀ ਦੇ ਚਰਨਾਂ ਨੂੰ ਹੱਥ ਲਾ ਕੇ; ਸੀਸ ਨਿਵਾਕੇ ਬੈਠ ਗਏ:-

ਮੁਖ ਮੰਦ ਮੰਦ ਮੁਸਕਾਤਿ ਧੀਰ। ਪ੍ਰਭੁ ਕਹੇ ਵਾਕ
ਜਿਨ ਧੁਨਿ ਗੰਭੀਰ-'ਕਹਿਲੂਰ ਪਤੀ ਕਹੁ ਕੁਸ਼ਲ
ਗਾਤ ?ਆਗਮਨ ਭਯੋ ਕਿਮ ? ਭਨੋ ਬਾਤ'॥ ੨੫॥

ਤਦ ਹੱਥ ਜੋੜ ਕੇ ਤੇ ਅਦਬ ਨਾਲ ਖੜੋ ਕੇ ਵਜ਼ੀਰ ਨੇ ਕਿਹਾ:—"ਸੱਚੇ ਪਾਤਸ਼ਾਹ ! ਇਕ ਉਪੱਦ੍ਰਵ ਹੋਇਆ ਹੈ—ਰਾਜਿਆਂ ਨਾਲ ਮਿਲਕੇ ਜੋ ਸ਼ਾਹੀ ਮੰਗ ਅਗੇ ਅੜਨ ਦਾ ਮੰਤ੍ਰ ਪਕਾਇਆ ਸੀ, ਸੋ ਕ੍ਰਿਪਾਲ ਚੰਦ ਕਟੋਚੀਏ ਨੇ ਤੋੜ ਦਿੱਤਾ ਹੈ ਤੇ ਅਲਫ਼ ਖ਼ਾਂ ਨਾਲ ਮਿਲ ਗਿਆ ਹੈ, ਨਾਲ ਹੀ ਦਿਆਲਚੰਦ ਨੂੰ ਰਲਾਇਆ ਨੇ। ਤ੍ਰੈਏ ਸੈਨਾਂ ਸਕੇਲਕੇ ਨਾਦੌਣ ਆਏ ਹੋਏ ਹਨ। ਬਹੁਤ ਫੁਰਤੀ ਨਾਲ ਇਕ 'ਕਾਠ ਗੜ੍ਹ' ਬਣਾ ਰਹੇ ਹਨ ਤੇ ਸਾਡੇ ਮਹਾਰਾਜ—ਆਪ ਦੇ ਪਰਮ ਸਨੇਹੀ ਸੇਵਕ-ਨੂੰ ਸੰਦੇਸਾ ਘੱਲਿਆ ਹੈ ਨੇ ਕਿ ਸ਼ਾਹੀ ਮੰਗ ਜਿਤਨੇ ਧਨ ਦੀ ਹੈ ਭਰ ਦਿਓ, ਨਹੀਂ ਤਾਂ ਜੰਗ ਕਰੋ। ਸਾਡੇ ਮਹਾਰਾਜ ਦੀ ਮਰਜ਼ੀ ਧਨਭਰਨ ਦੀ ਨਹੀਂ; ਜੰਗ ਕਰਨ ਦੀ ਹੈ। ਰਾਜਾ ਪ੍ਰਿਥੀਚੰਦ, ਕੇਸਰੀ ਚੰਦ, ਰਾਜਾ ਸੁਖਦੇਵ, ਰਾਜਾ ਰਾਮ ਸਿੰਘ ਜਸਰੋਟੀਆ ਆਦਿਕ ਸਾਰੇ ਸਾਡੇ ਨਾਲ ਸੈਨਾਂ ਲੈ ਕੇ ਚੱਲਣਗੇ। ਯਾਚਨਾ ਇਹ ਹੈ ਕਿ ਆਪ ਇਕ ਤਾਂ ਵਰ ਬਖਸ਼ੋ, ਜੋ ਬਿਜੈ ਹੋਵੇ, ਦੂਸਰੇ ਆਪਣੀ ਸੈਨਾਂ ਦੀ ਸਹੈਤਾ ਬਖਸ਼ੋ, ਤੀਸਰੇ ਮੂੰਹ ਛੋਟਾ ਤੇ ਮੰਗ ਵੱਡੀ ਹੈ, ਪਰ ਮੰਗਣ ਵਾਲੇ ਨੂੰ ਲਾਜ ਦਾ ਖਿਆਲ ਨਹੀਂ ਰਿਹਾ ਕਰਦਾ, ਕਹਿਣੋਂ ਝਿਜਕਦਾ ਹਾਂ, ਪਰ ਕਹਿ ਦੇਂਦਾ ਹਾਂ ਖਿਮਾਂ ਕਰਨੀ! ਭੀੜ ਪਈ ਹੈ; ਜੇ ਕਦੇ ਸ੍ਰੀ ਜੀ ਦੇ ਸੁਲੱਖਣੇ ਕਦਮ

1. ਸੂ: ਪ੍ਰ: ਮੂਜਬ ਇਕੱਲਾ ਮੰਤ੍ਰੀ ਆਇਆ ਸੀ, ਤਵਾ: ਖ਼ਾ: ਮੂਜਬ ਤਿੰਨੇ ਜਣੇ ਆਏ ਸਨ।

ਖੇਚਲ ਕਰਨ ਤੇ ਇਨ੍ਹਾਂ ਸੁਹਣੇ ਸੁਡੌਲ ਤੇ ਬਲਵਾਨ ਡੌਲਿਆਂ ਦੇ ਤੀਰ ਸ਼ੱਤ੍ਰੂ ਦਲ ਤੇ ਪੈਣ ਤਾਂ ਮਹਾਨ ਕ੍ਰਿਪਾਲਤਾ ਹੈ।"

ਕਲਗੀਧਰ ਜੀ ਮੁਸਕ੍ਰਾਏ ਫੇਰ ਗੰਭੀਰ ਹੋ ਗਏ, ਨੈਣ ਮੁੰਦ ਗਏ, ਫਿਰ ਖੁਲ੍ਹੇ ਤੇ ਚੁਫੇਰੇ ਅਪਣੇ ਨਿਕਟ-ਵਰਤੀਆਂ ਵੱਲ ਤੱਕੇ ਤੇ ਫੇਰ ਦੂਤ-ਸਭਾ ਵੱਲ ਨਜ਼ਰ ਪਾਈ ਤੇ ਬੋਲੇ:-

ਜੀਤ ਨਿਸ਼ਚੇ ਹੋਏਗੀ। ਸਾਡੀ ਸੈਨਾਂ ਆਵੇਗੀ। ਅਸੀਂ ਆਪਣੀ ਸੈਨਾਂ ਦੇ ਨਾਲ ਆਵਾਂਗੇ ਤੇ ਰਣ ਮੰਡਾਂਗੇ; ਪਰ ਕਹੋ ਰਾਜੇ ਨੂੰ ਕਿ ਤੁਸਾਂ ਕਿਸੇ ਟਿਕਾਣੇ ਕਾਂਪ ਨਹੀਂ ਖਾਣੀ, ਅੜ ਖੜੋਵੋ ਤੇ ਅੜ ਖੜੋਵੋ ਅੱਗ ਬਾਲ ਦੇਵੋ, ਜੇ ਵਧੇਗੀ ਤਾਂ ਸ਼ਤ੍ਰੂ ਬਨਨੂੰ ਦਾਹ ਕਰੇਗੀ।

ਇਹ ਮੇਘਨਾਦ ਸੁਣ ਕੇ ਵਜ਼ੀਰ ਹਰਖਿਆ, ਚਰਨਾਂ ਤੇ ਸੀਸ ਨਿਵਾਇਆ:- ਆਪ ਦੇ ਬਿਰਦ ਦੇ ਸਦਕੇ ਜਾਵਾਂ ! ਗੁਰੂ ਨਾਨਕ ਦਾ ਮਹਾਨ ਘਰ ਜੋ ਹੈ ਦੀਨ ਦੁਨੀ ਦਾ ਵਾਲੀ ਤੇ ਸ਼ਰਨ ਪਾਲ ਹੈ। ਧੰਨ ਹੋ ਆਪ, ਧੰਨ ਆਪ ਦੀ ਗੁਰੁਤਾ ਹੈ ! ਧੰਨ ਸਿਖੀ ਹੈ ! ਸ੍ਰੀ ਜੀ ! ਕਦੋਂ ਕੁ ਟੁਰਨ ਦੀ ਮਿਹਰ ਕਰ ਸਕੋਗੇ ? ਅਕਸਰ ਤਿਆਰੀ ਬੀ ਕਰਨੀ ਹੋਊ।

ਗੁਰੂ ਜੀ—ਸਾਡੀ ਕੂਚ ਕੱਲ ਹੋ ਜਾਵੇਗੀ, ਤੁਸੀਂ ਟੁਰੋ, ਸੈਨਾਂ ਲੈ ਕੇ ਅੱਪੜੋ, ਅਸੀਂ ਮਗਰੇ ਮਗਰ ਪੁੱਜਾਂਗੇ।

ਇਹ ਸੁਣ ਕੇ ਦੂਤ ਨਮਸਕਾਰ ਕਰਕੇ "ਜੈ ਹੋ ! ਜੈ ਹੋ !" ਕਰਦੇ ਟੁਰ ਗਏ।

੭.

**ਬਿਆਸਾ** ਅਪਣੇ ਸੁਹਣੇ ਰੰਗਾਂ ਵਿਚ ਵਗ ਰਹੀ ਹੈ, ਪਹਾੜੀ ਰਸਤੇ ਚੀਰ ਚੀਰ ਕੇ ਸੁਹਾਵਣੇ ਨਦੌਣ ਦੇ ਪਿੜ ਵਿਚੋਂ ਲੰਘ ਰਹੀ ਹੈ[1]। ਇਕ ਉਚੇ ਟੇਕਰੇ ਉਤੇ ਅਲਫ਼ ਖ਼ਾਂ ਤੇ ਕ੍ਰਿਪਾਲ ਦੀ ਸੈਨਾਂ ਥਾਂ ਮੱਲੀ ਬੈਠੀ ਹੈ। ਇਕ ਕੋਟ ਕਾਠ ਦਾ ਰਚ ਲਿਆ ਹੈ, ਜੋ ਗੋਲੀ ਤੀਰ ਆਵੇ ਕਾਠ ਵਿਚ ਰੁਕ ਜਾਵੇ ਤੇ ਓਟ ਵਿਚ ਬੈਠੇ ਉਚੇ ਥਾਉਂ ਤੋਂ ਤੀਰ ਤੁਫੰਗ ਛੋੜਨ, ਸੋ ਵੈਰੀ ਵਿਚ ਨਿਸ਼ਾਨੇ ਬੈਠੇ। ਖਾਣ ਪੀਣ ਰਸਦ ਦਾ ਸਾਮਾਨ ਬੀ ਹੈ, ਇਕ ਤੁਰਕ ਸੈਨਾਪਤ ਹੈ ਦੁਏ ਰਾਜਪੂਤ ਰਾਜੇ ਹਨ।

ਭੀਮ ਚੰਦ ਦੀ ਸੈਨਾਂ ਹੇਠੋਂ ਆ ਰਹੀ ਹੈ, ਰਾਮ ਸਿੰਘ, ਪ੍ਰਿਥੀ ਚੰਦ, ਸੁਖਦੇਵ ਆਦਿ ਰਾਜੇ ਨਾਲ ਗੱਜਦੇ ਆ ਰਹੇ ਹਨ, ਦਲਾਂ ਵਿਚ ਹੌਂਸਲੇ ਵਧੇ ਹੋਏ ਹਨ ਕਿ ਸਾਡੇ ਮਗਰ ਕਰਾਮਾਤ ਦਾ ਮਾਲਕ ਤੇ ਬਲ ਦਾ ਧਨੀ ਰੱਬੀ ਜੋਧਾ ਆ ਰਿਹਾ ਹੈ। ਇਨ੍ਹਾਂ ਦੀ ਵਿਉਂਤ ਇਹ ਸੀ ਕਿ ਅਚਾਨਕ ਜਾ ਪਈਏ ਤੇ ਕਟਾਵੱਢ ਕਰ ਲਈਏ; ਪਰ ਇਨ੍ਹਾਂ ਦਾ ਇਹ ਹੱਲਾ ਕਾਰਗਰ ਨਾ ਪਿਆ। ਇਨ੍ਹਾਂ ਦੇ ਤੀਰ ਤੇ ਗੋਲੀਆਂ ਕਾਠ ਤੇ ਬ੍ਰਿਛਾਂ ਵਿਚ ਲਗਦੇ। ਸ਼ਤ੍ਰੂ ਨੇ ਉਚਾਈ ਤੇ ਕਾਠ ਦੀ ਓਟ ਲਈ ਹੋਈ ਸੀ। ਉਨ੍ਹਾ ਦਾ ਤੀਰ ਤੁਫੰਗ, ਇਨ੍ਹਾਂ ਦਾ ਨੁਕਸਾਨ ਕਰਦਾ ਸੀ। ਜਿਨਾ ਕੁਛ ਇਹ ਅੱਗੇ ਹੋ ਕੇ ਵਧੇ ਸਨ ਓਹ ਕ੍ਰਿਪਾਲ ਰਾਜੇ ਨੇ ਅੱਗੋਂ ਹੱਲਾ ਕਰ ਕੇ ਇਨ੍ਹਾਂ ਦੇ ਮੂੰਹ ਮੋੜਕੇ ਪਿੱਛੇ ਹਟਾ ਦਿੱਤੇ। ਦੂਜੀ ਵੇਰ ਸੈਨਾਂ ਜੋੜ ਕੇ ਭੀਮ ਚੰਦ ਨੇ ਫੇਰ ਜ਼ੋਰ ਲਾਯਾ, ਅੱਗੇ ਵਧੇ ਪਰ ਉਧਰੋਂ ਵਧਕੇ ਉਹਨਾਂ ਨੇ ਫੇਰ ਮੂੰਹ ਮੋੜ ਦਿੱਤਾ। ਉਧਰੋਂ ਓਹ ਜੋਧੇ ਖੁਸ਼ ਹੋ ਰਹੇ ਸਨ, ਇਧਰ ਹੇਠਾਂ ਖੜੇ ਇਹ ਸ਼ੋਕਾਤੁਰ ਹੋ ਰਹੇ ਸਨ ਕਿ ਰਣ ਦਾ ਪਾਸਾ ਸਾਡੇ ਵਿਰੁਧ ਜਾ ਰਿਹਾ ਹੈ, ਇਸ ਵੇਲੇ ਦੀ ਦਸ਼ਾ ਨੂੰ ਸ੍ਰੀ ਕਲਗੀਧਰ ਜੀ ਨੇ ਆਪ ਐਉਂ ਵਰਣਨ ਕੀਤਾ ਹੈ-

ਕਰੀ ਢੂਕ ਢੋਅੰ ਕਿਰਪਾਲ ਚੰਦੰ॥ ਹਟਾਏ ਸਭੈ
ਮਾਰਿਕੈ ਬੀਰ ਬ੍ਰਿੰਦੰ॥੪॥ ਦੁਤੀਯ ਢੋਅ ਢੂਕੇ,
ਵਹੈ ਮਾਰ ਉਤਾਰੀ॥ ਖਰੇ ਦਾਂਤ ਪੀਸੈਂ ਛੁਭੇ
ਛੱਤ੍ਰਧਾਰੀ॥ ਉਤੇ ਵੈ ਖਰੇ ਬੀਰ ਬੰਬੈਂ ਬਜਾਵੈਂ॥
ਤਰੇ ਭੂਪ ਠਾਂਢੇ ਬਡੋ ਸ਼ੋਕ ਪਾਵੈਂ॥੫॥ ਤਬੈ ਭੀਮ
ਚੰਦੰ ਕੀਯੋ ਕੋਪ ਆਪੰ॥ ਹਨੂਮਾਨ ਕੇ ਮੰਤ੍ਰ ਕੋ
ਮੁੱਖ ਜਾਪੰ॥ (ਬਚਿ: ਨਾ:)

ਸੋ ਹੁਣ ਮੁੜ ਤਿਆਰ ਹੋ ਕੇ ਸਾਰੇ ਰਾਜੇ ਤੇ ਸਾਰੀ ਸੈਨਾਂ ਹੱਲਾ ਕਰਕੇ ਉੱਪਰ ਨੂੰ ਚੜ੍ਹੇ ਕਿ ਫੁਰਤੀ ਨਾਲ ਪਹੁੰਚਕੇ ਵੈਰੀ ਨੂੰ ਕੱਟ ਵੱਢ ਸੁਟੀਏ ਪਰ ਉਧਰੋਂ ਅਲਫ਼ ਖ਼ਾਂ ਨੇ ਦੁਹਾਂ ਰਾਜਿਆਂ: ਕ੍ਰਿਪਾਲ ਤੇ ਦਿਆਲ ਨੂੰ ਵੰਗਾਰ ਕੇ ਟੋਰਿਆ ਕਿ ਤੁਸੀਂ ਹੇਠੋਂ ਚੜ੍ਹਦਿਆਂ ਨੂੰ ਐਉਂ ਪਵੋ ਕਿ ਸਟੀ ਪਟੀ ਭੁੱਲ ਜਾਏ ਨੇ। ਸੋ ਏਹ ਅਗੋਂ ਝਪਟਕੇ ਪਏ ਤੇ ਵਧੇ ਹੋਏ ਹਰਾਵਲ ਨੂੰ ਟੁਕੜੇ ਟੁਕੜੇ ਕਰ ਦਿੱਤਾ। ਇਸ ਵੇਲੇ ਭੀਮ ਚੰਦ ਨਿਰਾਸ਼ ਹੋ ਰਿਹਾ ਸੀ ਕਿ ਉਸਨੂੰ ਗੁਰੂ ਜੀ ਦਾ ਚੇਤਾ ਆਇਆ ਤੇ ਮਦਦ ਵਾਸਤੇ ਅੱਪੜਨ ਦੀ ਬੇਨਤੀ ਕਰ ਭੇਜੀ।

1. ਨਾਦੌਣ ਕਾਂਗੜੇ ਜ਼ਿਲੇ ਵਿਚ ਹੈ।

ਆਪ ਅੱਗੇ ਹੀ ਤਿਆਰ ਸਨ, ਝੱਟ ਪਟ ਘੋੜੇ ਤੇ ਚੜ੍ਹੇ ਤੇ ਸੂਰਮਿਆਂ ਦਾ ਦਲ ਨਾਲ ਲੈ ਕੇ ਆ ਪਹੁੰਚੇ। ਕਵੀ ਸੰਤੋਖ ਸਿੰਘ ਜੀ ਨੇ ਇਸ ਸਮੇਂ ਨੂੰ ਇਉਂ ਬੱਧਾ ਹੈ:-

ਸ੍ਰੀ ਗੁਰੂ ਤੇਗ ਬਹਾਦਰ ਨੰਦਨ ਤੇਗ ਬਹਾਦਰ ਯੋਂ ਸੁਧ ਪਾਈ। 'ਥਾਨ ਉਤੰਗ ਪੈ ਜੰਗ ਪਰਜੋ ਭਟ ਭੰਗ ਭਏ ਬੜ ਮਾਰ ਮਚਾਈ'। ਆਯੁਧ ਧਾਰਿ ਲਿਯੇ ਤਤਕਾਲ ਭਏ ਅਸਵਾਰ ਗਏ ਸਮੁਦਾਈ। ਤੁੰਦ ਤੁਰੰਗਮ ਕੀਨਿ ਤਬੈ ਰਨ ਰੰਗ ਬਿਖੈ ਹੁਇਕੈ ਸਮੁਹਾਈ॥ ੨੮॥ ਸ੍ਰੀ ਪ੍ਰਭ ਕੋ ਨ੍ਰਿਪ ਆਵਤਿ ਦੇਖਿ ਪਠਾਇ ਸਊਰ ਬਿਨੰਤਿ ਉਚਾਰੀ। 'ਆਪ ਬਹਾਦਰ ਧੀਰ ਬਡੇ, ਸਗਲੇ ਦਲ ਕੇ ਅਬਿ ਹੋਇ ਅਗਾਰੀ। ਹੇਲ ਕਰਾਵਹੁ, ਆਯੁਧ ਘਾਵਹੁ ਬੀਰ ਚਲੈਂ ਗਨ ਆਪ ਪਿਛਾਰੀ। ਲੇਹੁ ਬਿਜੈ ਕਰ ਕ੍ਵੈ ਨ ਰਹੈ ਅਰ, ਜੈ ਲਛਮੀ ਛਬਿ ਪਾਇ ਤਿਹਾਰੀ'॥ ੨੯॥ ਸ੍ਰੀ ਕਲਗੀਧਰ ਬੇਨਤੀ ਕੋ ਸੁਨਿ ਦੇਖਿ ਮਚਜੋ ਬਡ ਜੰਗ ਕਰਾਲਾ। ਜਜੋਂ ਰਸਬੀਰ ਹਤੋ ਸੁਪਤਜੋ ਤਤਕਾਲ ਹੀ ਜਾਗ ਉਠਜੋ ਬਲਵਾਲਾ। ਸ੍ਰੀ ਮੁਖ ਪੈ ਉਤਸਾਹਿ ਸੁਹਾਵਤ ਜਜੋਂ ਅਰਣੋਦਜ ਕੋ ਰੰਗ ਲਾਲਾ। ਹੇਲ ਕਰਜੋ ਹੁਇ ਸੰਮੁਖ ਬਾਰਿ[1] ਸੁ ਪੇਲ ਦਏ ਭਟ ਭੀਮ ਬਿਸਾਲਾ॥ ੩੦॥ (ਗੁ: ਪ੍ਰ: ਸੂ: ਰੁਤ ੨ ਅੰਸੂ ੪੦)

ਗੁਰੂ ਜੀ ਨੇ ਹੁਣ ਆਪਣੀ ਜੁੱਧ ਵਿਦਿਆ ਦੇ ਤ੍ਰੀਕੇ ਨਾਲ ਸਾਰੀ ਸੈਨਾਂ ਨੂੰ ਵੰਡ ਕੇ ਐਸੀ ਬਾੜ੍ਹ ਗੋਲੀਆਂ ਤੇ ਤੀਰਾਂ ਦੀ ਚਲਾਈ ਤੇ ਇਕ ਉਚਾਈ ਪ੍ਰਾਪਤ ਕਰਕੇ ਸ਼ਤ੍ਰੂਆਂ ਦੇ ਕਾਠਗੜ੍ਹੇ ਵਿਚ ਉਹ ਬਰਖਾ ਕੀਤੀ ਕਿ ਉਹ ਸਾਰੇ ਘਬਰਾ ਗਏ। ਇਕ ਘੇਰੇ ਵਿਚ ਇਉਂ ਆਪ ਨੂੰ ਮਰੀਂਦਿਆਂ ਦੇਖ ਕੇ ਓਹ ਸਾਰੇ ਹੀ ਬਾਹਰ ਨਿਕਲੇ ਕਿ ਹੁਣ ਸਾਮ੍ਹਣੇ ਹੋਕੇ ਲੜੀਏ ਤੇ ਗੁਰੂ ਜੀ ਤੇ ਭੀਮਚੰਦ ਦੇ ਦਲ ਨੂੰ ਵੱਡਾ ਜ਼ੋਰ ਪਾਕੇ ਮੋੜ ਪਰਤਾਈਏ।

ਗੁਰੂ ਸੰਗ ਹੋਏ, ਮਚਜੋ ਜੰਗ ਭਾਰਾ। ਭਟੰ ਅੰਗ ਭੰਗੇ ਸੁਰੰਗੇ ਅਖਾਰਾ। ਇਸੀ ਰੀਤਿ ਘੇਰਜੋ ਜਬੈ ਬਾਰ[1] ਜਾਈ। ਢੁਕੇ ਕੋਪ ਕੈ ਦੀਹ ਮਾਚੀ ਲਰਾਈ॥ ੪੦॥ ਦੋਹਰਾ॥ ਜੋ ਗਿਰੇਸ਼ ਬਿਚ ਬਾਰ[1] ਕੇ ਬੀਰ ਧੀਰ ਕੋ ਧਾਰ। ਢੁਕੇ ਨ ਨਿਕਟਿਰਿਪੁ ਜਾਨਿ ਕੈ ਕੇਤਿਕ ਪਿਖੇ ਸੁਮਾਰ॥ ੪੧॥ ਲਖੀ ਪਰਾਜਯ ਆਪਨੀ 'ਲਾਜ ਬੰਸ ਕੀ ਜਾਤ' ਆਪਸ ਮਹਿਂ ਮਿਲ ਕਹਤਿ ਭੇ—'ਇਮ ਹੋਵਹਿ ਸਭ ਘਾਤਿ॥ ੪੨॥ ਬਲ ਸੰਭਾਰੋ ਆਪਨੋ ਨਿਕਸਿ ਲਰੋ ਬਰ ਬੀਰ'॥ ਮੰਤ੍ਰ ਪਕਾ ਇਵ ਜੰਗ ਕੋ ਪੁਨ ਉਮਡੇ ਧਰਿ ਧੀਰ॥ ੪੩॥

1. ਭਾਵ ਕਾਠ ਦੇ ਗੜ੍ਹ ਤੋਂ ਹੈ।

ਸ੍ਰੀ ਗੁਰੂ ਜੀ ਇਸ ਵੇਲੇ ਦਾ ਹਾਲ ਆਪ ਐਉਂ ਸੰਖੇਪ ਕਰਕੇ ਲਿਖਦੇ ਹਨ:-

ਸਬੈ ਬੀਰ ਬੋਲੇ, ਹਮੈ ਭੀ ਬੁਲਾਯੰ। ।ਤਬੈ ਢੋਅ ਕੇ ਕੈ, ਸੁ ਨੀਕੇ ਸਿਧਾਯੰ। ।੬। ।ਸਬੈ ਕੋਪ ਕੈ ਕੈ ਮਹਾਂ ਬੀਰ ਢੂਕੇ। ।ਚਲੈ ਬਾਰਿਬੈ ਬਾਰ ਕੇ ਜਿਉਂ ਭਭੂਕੇ। । ਤਹਾਂ ਬਿਝੜਿਆਲੰ ਹਠਿਯੋ ਬੀਰ ਦਿਆਲੰ। ਉਠਜੋ ਸੈਨ ਲੈ ਸੰਗਿ ਸਾਰੀ ਕ੍ਰਿਪਾਲੰ। ।੭। ।

ਜਾਂ ਇਹ ਇਉਂ ਅਗੇ ਵਧੇ ਤਾਂ ਘਮਸਾਣ ਦਾ ਜੁੱਧ ਹੋਇਆ, ਜੁੱਧ ਦੀ ਤੀਖਣ ਤਾਂ ਗੁਰੂ ਜੀ ਨੇ ਆਪ ਐਉਂ ਲਿਖੀ ਹੈ:-

ਕੁੱਪਿਓ ਕ੍ਰਿਪਾਲ॥ ਨੱਚੇ ਮੁਰਾਲ॥ ਬੱਜੇ ਬਜੰਤ॥ ਕ੍ਰੂਰੰ ਅਨੰਤ॥ ੮॥ ਜੁੱਝੰਤ ਜੁਆਨ॥ ਬਾਹੈਂ ਕ੍ਰਿਪਾਣ॥ ਜੀਅ ਧਾਰਿ ਕ੍ਰੋਧ॥ ਛੱਡੇ ਸਰੋਘ॥ ੯॥ ਲੁੱਝੇ ਨਿਦਾਣ॥ ਤੱਜੰਤ ਪ੍ਰਾਣ॥ ਗਿਰ ਪਰਤ ਭੂਮ॥ ਜਣੁ ਮੇਘ ਝੂਮ॥ ੧੦॥

ਇਸ ਵੇਲੇ ਘੋਰ ਸੰਗ੍ਰਾਮ ਮਚਿਆ। ਅਲਫ਼ ਖ਼ਾਂ, ਕ੍ਰਿਪਾਲ, ਦਿਆਲ ਨੇ ਸਾਰਾ ਜ਼ੋਰ ਭੀਮ ਚੰਦ ਦੀ ਸੈਨਾਂ ਵੱਲ ਪਾ ਦਿੱਤਾ। ਖਿਆਲ ਇਹ ਸੀ ਕਿ ਇਹ ਪਾਸਾ ਛੇਤੀ ਪੈਰ ਛਡੇਗਾ। ਜੇ ਇਨ੍ਹਾਂ ਦੇ ਪੈਰ ਨਿਕਲ ਗਏ ਤਾਂ ਭਜਦਿਆਂ ਨੂੰ ਵੇਖ ਕੇ ਗੁਰੂ ਦੀ ਸੈਨਾਂ ਬੀ ਭੱਜ ਉਠੇਗੀ। ਸੋ ਇਨ੍ਹਾਂ ਦਾ ਟਾਕਰਾ ਪਿਆ ਬੀ ਇੱਡਾ ਕਰੜਾ ਕਿ ਭੀਮਚੰਦ ਦੇ ਪੈਰ ਪਿੱਛੇ ਮੋੜ ਹੀ ਵਿਖਾਇਓਨੇ:-

ਹਟੇ ਪੈਰ ਪਾਛੈ ਪਿਖੇ ਭੀਮ ਚੰਦੰ॥ ਪ੍ਰਿਥੀ ਚੰਦ[1] ਬੋਲਜੋ 'ਬਲੀ ਤੂੰ ਬਿਲੰਦੰ॥ ੧੫॥ ਕਰੋ ਧੀਰ ਬੀਰਾਨ ਕੇ ਹੋਇ ਆਗੇ। ਪਰਜੋ ਜੋਰ ਜੁੱਧੰ ਨਹੀਂ ਜਾਇ ਭਾਗੇ। ਕ੍ਰਿਪਾਲੰ ਸੁ ਦਜਾਲੰ ਕਰਜੋ ਹੇਲ ਆਏ। ਹਮਾਰੇ ਵਧੇ ਸੂਰ ਪਾਛੇ ਹਟਾਏ'॥ ੧੬॥ (ਸੂ: ਪ੍ਰ:)

ਪ੍ਰਿਥੀ ਚੰਦ ਨੇ ਹੁਣ ਅੱਗੇ ਵਧਕੇ ਨੰਗੀ ਤਲਵਾਰ ਚਮਕਾਉਂਦਿਆਂ ਆਪਣੀ ਮੁੜੀ ਜਾਂਦੀ ਸੈਨਾਂ ਵਿਚ ਉਹ ਲਲਕਾਰਾ ਦਿੱਤਾ ਕਿ ਸਭ ਦੇ ਪੈਰ ਜੰਮ ਗਏ! ਇਸ ਦੇ ਉਭਰਦੇ ਜੋਸ਼ ਦੇ ਮਗਰੇ ਸਾਰੇ ਮੁੜ ਪਏ ਤੇ ਸ਼ਤ੍ਰੂ

1. ਇਹ ਭੀਮ ਚੰਦ ਦਾ ਕੁਮਕੀਆ ਸੀ, ਪਿੱਛੇ ਆ ਢੁਕਾ ਹੈ। ਡਢਵਾਲੀਆ ਰਾਜਾ ਸੀ।

ਦਲ ਉਤੇ ਉਹ ਜ਼ੋਰ ਪਾਇਆ ਕਿ ਅਲਫ਼ ਖਾਂ ਤੇ ਰਾਜੇ ਦਿਆਲ ਦੇ ਪੈਰ ਕੱਢ ਦਿੱਤੇ ਅਰ ਉਹ ਕਦਮ ਪਿੱਛੇ ਪਿੱਛੇ ਮੱਟਣ ਲਗ ਪਏ। ਇਸ ਅਪਣੀ ਹਾਲਤ ਨੂੰ ਦੇਖਕੇ ਬਿੱਝੜਵਾਲੀਏ ਦਿਆਲ ਨੇ ਨਵਾਂ ਜੋਸ਼ ਧਾਰਿਆ ਤੇ ਆਪਣੀ ਸੈਨਾਂ ਨੂੰ ਲਲਕਾਰਿਆ। ਉਧਰੋਂ ਕ੍ਰਿਪਾਲ ਰਾਜੇ ਨੇ ਦਿਆਲ ਦੀ ਲਲਕਾਰ ਨੂੰ ਸੁਣਕੇ ਘੋੜਾ ਤ੍ਰਪਾਕੇ ਅੱਗੇ ਕੀਤਾ, ਇਉਂ ਸੈਨਾਂ ਵਿਚ ਮੁੜ ਹੌਂਸਲਾ ਭਰ ਗਿਆ ਤੇ ਉਹਨਾਂ ਨੇ ਜੰਮ ਕੇ ਜੁੱਧ ਮਚਾਇਆ। ਹੁਣ ਦੁਵੱਲਿਓਂ ਨਵੇਂ ਜੋਸ਼ ਦਾ ਭੇੜ ਪਿਆ:-

ਦਿਸ਼ਾ ਦੋਨ ਤੇ ਸਾਮੁਹੇ ਭੇੜ ਐਸੇ। ਮਹਾਂ ਜੁੱਧ ਕੀਨੋ ਥਿਰੇ ਥੰਭ ਜੈਸੇ। ਛੁਟੇ ਬਾਨ ਗੋਰੀ ਫੁਟੇ ਅੰਗ ਸੂਰੇ। ਕੜਾ ਕਾੜ ਮਾਚੀ ਰਿਦੇ ਰੋਸ ਪੂਰੇ॥ ੨੪॥

ਪਰ ਇਧਰ ਫੇਰ ਪ੍ਰਿਥੀ ਚੰਦ ਨੇ ਜ਼ੋਰ ਪਾਕੇ ਕ੍ਰਿਪਾਲ ਨੂੰ ਘਬਰਾ ਦਿੱਤਾ ਤੇ ਉਸ ਦੇ ਪੈਰ ਹਿੱਲ ਖੜੋਤੇ, ਪਰ ਦਿਆਲ ਇਹ ਤਕਕੇ ਇੱਡਾ ਜ਼ੋਰ ਨਾਲ ਪਿਆ ਤੇ ਤੀਰ ਐਉਂ ਚਲਾਏ ਕਿ ਭੀਮ ਚੰਦ ਘਬਰਾ ਗਿਆ ਤੇ ਕ੍ਰਿਪਾਲ ਫਿਰ ਜੰਮ ਖੜੋਤਾ। ਹੁਣ ਐਨਾਂ ਜ਼ੋਰ ਦੋਹਾਂ ਦਾ ਤੇ ਪਿੱਛੇ ਅਲਫ਼ ਖਾਂ ਦਾ ਪਿਆ ਕਿ ਭੀਮ ਚੰਦ ਨੂੰ ਆਸ ਹਾਰਨ ਦੀ ਨਜ਼ਰ ਆ ਗਈ, ਜਿਸ ਵੇਲੇ ਉਸ ਨੇ ਡਿੱਠਾ ਕਿ ਦਿਆਲ ਦੀ ਚਾਲ ਤੇ ਸੂਰਮਗਤੀ ਮੇਰੀ ਹਾਰ ਕਰਾਉਣ ਲੱਗੀ ਹੈ ਅਰ ਇਸਦੇ ਸਾਹਮਣੇ ਸਾਡੀ ਪੇਸ਼ ਨਹੀਂ ਜਾ ਰਹੀ। ਗੁਰੂ ਕਿਆ ਸੂਰਮਿਆਂ ਨੇ ਦੋ ਵੇਰੀ ਸ਼ੱਤ੍ਰੂ ਦੇ ਪੈਰ ਹਿਲਾਏ ਹਨ: ਪਰ ਜਦ ਉਹ ਦੂਜਾ ਪਾਸਾ ਰੋਕਣ ਪੈਂਦੇ ਹਨ ਤਾਂ ਸਾਡੇ ਪਾਸੇ ਦੇ ਸੂਰਮੇ ਡੋਲ ਜਾਂਦੇ ਹਨ। ਇਉਂ ਵਿਚਾਰ ਕੇ ਘੋੜਾ ਭਜਾ ਕੇ ਗੁਰੂ ਜੀ ਪਾਸ ਪੁੱਜਾ ਤੇ ਬਿਨੈ ਕੀਤੀ ਕਿ "ਆਪ ਨੇ ਫਤਹ ਦਾ ਵਰ ਬਖਸ਼ਿਆ ਸੀ, ਆਪਣੇ ਬਲ ਨਾਲ ਵਰ ਸਫਲਾ ਕਰੋ, ਬਿਝੜਵਾਲੀਆ ਨੇ ਸਾਡੀ ਸੂਰਮਗਤੀ ਮੋੜ ਝੋਲੀ ਪਾਈ ਹੈ।" ਆਪ ਸਤਿਗੁਰਾਂ ਨੇ ਇਸ ਵੇਲੇ ਦਾ ਹਾਲ ਬੜੇ ਸੰਖੇਪ ਪਦਾਂ ਵਿਚ ਐਉਂ ਦੱਤਿਆ ਹੈ:

ਦੋਹਰਾ—ਕੋਪ ਭਰੇ ਰਾਜਾ ਸਬੈ ਕੀਨੋ ਜੁੱਧ ਉਪਾਇ॥ ਸੈਨ ਕਟੋਚਨ ਕੀ ਤਬੈ ਘੇਰ ਲਈ ਅਰਿਜਾਇ॥ ੧੫॥ ਭੁਜੰਗ ਛੰਦ॥ ਚਲੇ ਨਾਂਗਲੂ ਪਾਂਗਲੂ ਵੇਦਡੋਲੰ॥ ਜਸਵਾਰੇ ਗੁਲੇਰੇ ਚਲੇ ਬਾਂਧ ਟੋਲੰ[1]॥ ਤਹਾਂ[2] ਏਕ ਬਾਜਯੋ ਮਹਾਂ ਬੀਰ ਦਿਆਲੰ॥ ਰਖੀ ਲਾਜ ਜੌਨੇ ਸਬੈ ਬਿੱਝੁੜਵਾਲੰ॥ (ਬਚਿ: ਨਾ:)

ਸੋ ਭੀਮ ਚੰਦ ਦੀ ਬਿਨੈ ਜਦ ਸਤਿਗੁਰੂ ਕਲਗੀਆਂ ਵਾਲੇ ਨੇ ਸੁਣੀ ਤਾਂ ਕਮਾਨ ਮੋਢੇ ਕੀਤੀ ਤੇ ਪਾਸ ਖੜੇ ਦਾਮ ਤੋਂ ਬੰਦੂਕ ਸੰਭਾਲੀ, ਗੋਲੀ ਭਰਕੇ ਇਕ ਫੁਰਤੀ ਨਾਲ ਘੋੜਾ ਅੱਗੇ ਕੀਤਾ ਤੇ ਜਾ ਦਿਆਲ ਨੂੰ ਵੰਗਾਰਿਆ, ਯਥਾ:-

"ਸਵਾਧਾਨ ਹੂਜੈ" ਬੰਗਾਰਯੋ ਉਤੰਗਾ॥ ੩੩॥ "ਘਨੇ ਬੀਰ ਮਾਰੇ ਅਰਯੋ ਕੋ ਨ ਆਗੇ॥ "ਅਬੈ ਤੋਹਿ ਮਾਰੋਂ ਇਕੈ ਵਾਰ ਲਾਗੇ॥"

ਇਹ ਵੰਗਾਰ ਦੇ ਕੇ ਆਪ ਬੀਰ ਰਸੀਆਂ ਦੇ ਸਰਦਾਰ ਨੇ ਗੋਲੀ ਨਹੀਂ ਚਲਾਈ, ਪਰ ਦਿਆਲ ਨੂੰ ਵਾਰ ਕਰਨ ਦਿੱਤਾ। ਇਕ ਲੇਖਕ ਨੇ ਲਿਖਿਆ ਹੈ ਕਿ ਆਪ ਨੇ ਦਯਾਲ ਨੂੰ ਫੁਰਮਾਇਆ: ਤੂੰ ਜੇ ਵਾਰ ਕਰਨਾ ਹੈ ਤਾਂ ਪਹਿਲੋਂ ਕਰ ਲੈ ਮਗਰੋਂ ਨਾ ਆਖੀਂ(ਯਾ ਤੇਰਾ ਕੋਈ ਨ ਆਖੇ) ਕਿ ਤੈਨੂੰ ਅੱਚਣਚੇਤ ਆ ਗੁਰੂ ਨੇ ਮਾਰਿਆ ਹੈ। ਦਿਆਲ ਨੇ ਸਾਵਧਾਨ ਹੋ ਕੇ ਪਹਿਲੋਂ ਵਾਰ ਕੀਤਾ, ਯਥਾ:

ਸੁਨੀ ਦਯਾਲ ਨੇ ਤੀਰ ਤੀਖੇ ਚਲਾਏ॥ ਪ੍ਰਭੂ ਫੇਰ ਘੋਰਾ[3] ਸਭੈ ਹੀ ਬਚਾਏ॥ ੩੪॥

ਹੁਣ ਆਪ ਨੇ ਭਵਬਾਧਾ ਹਰਨ ਵਾਲਾ ਨਿਸ਼ਾਨਾ ਫੁੰਡਿਆ, ਸੁਹਣੀ ਛਬੀ ਵਾਲੀ ਤੁਫੰਗ ਤੋਂ ਇਕ ਗੋਲੀ ਤੱਕਕੇ ਚਲਾਈ, ਜੋ ਦਿਆਲ ਦੇ ਜੀਵਨ ਨੂੰ ਸਰੀਰ ਦੇ ਪਿੰਜਰੇ ਤੋਂ ਆਜ਼ਾਦੀ ਦੀ ਦਾਤ ਦੇ ਗਈ।

ਕਲਗੀਆਂ ਵਾਲੇ ਨੇ ਆਪ ਇਸ ਘਟਨਾ ਨੂੰ ਐਉ ਲਿਖਿਆ ਹੈ:—

ਤਵੈਂ ਕੀਟ ਤੌ ਲੈ ਤੁਫੰਗੀ ਸੰਭਾਰ[4]॥ ਹ੍ਰਿਦੈ ਏਕ ਰਾਵੰਤ[5] ਕੇ ਤੱਕਿਮਾਰੋ॥ ਗਿਰਯੋ ਝੂਮ ਭੂਮੈ ਕਰਯੋ ਜੁੱਧ ਸੁੱਧੰ। ਤਊ ਮਾਰ ਬੋਲਯੋ[6] ਮਹਾਂ ਮਾਨਕ੍ਰੁੱਧੰ॥

---

1. ਜਦ ਇਹ ਤੇਜ਼ੀ ਅਪਣੀ ਜੰਗ ਵਿਚ ਦੇਖੀ ਤਾਂ ਨਾਂਗਲੂ ਪਾਂਗਲੂ ਦੜੋਲ: ਡਢਵਾਲ, ਛੰਨ ਚਲਾਹਲੇ, ਛਿਬ, ਪੱਲੜ, ਕਨੈਤ ਚੀਏਂ, ਮੀਏਂ, ਗੋਤਾਂ ਦੇ ਪਰਬਤੀ ਮਾਹਣੂ ਸਭ ਸਿਖਾਂ ਦੇ ਲਲਕਾਰੇ ਹੋਏ ਗੁੱਸਾ ਖਾਕੇ ਝਪਟ ਪਏ। (ਖਾ: ਤਵਾ:)

2. ਭਾਵ ਅਲਫ਼ ਖਾਂ ਵਾਲੇ ਪਾਸੇ। 3. ਘੋੜਾ।

4. ਭਾਵ ਅਸਾਂ ਨੇ ਬੰਦੂਕ ਫੜ ਲੀਤੀ॥ 5. ਭਾਵ ਰਾਜੇ ਦਿਆਲ ਤੋਂ ਹੈ।

6. ਭਾਵ ਡਿਗਦਾ ਹੋਇਆ ਬੀ 'ਮਾਰ ਲੌ ਮਾਰ ਲੌਂ' ਕਹਿੰਦਾ ਢੱਠਾ, ਯਥਾ—ਮਰਯੋ 'ਮਾਰ ਮਾਰੰ' ਖਕੰਤੰ ਸਰੋਸੰ। (ਸੂ: ਪ੍ਰ:)

ਜਦ ਦਿਆਲ ਰਾਜਾ ਮਾਰਿਆ ਗਿਆ ਤਾਂ ਸਤਿਗੁਰਾਂ ਨੇ ਬੰਦੂਕ ਹਥੋਂ ਛੱਡ ਦਿੱਤੀ ਤੇ ਫਿਰ ਕਮਾਨ ਖਿੱਚ ਲਈ: ਹੁਣ ਐਸੇ ਖਿੱਚ ਖਿੱਚਕੇ ਵਾਯੂ ਦੀ ਫੁਰਤੀ ਨਾਲ ਆਪਣੇ ਤੀਰਾਂ ਦੀ ਵਰਖਾ ਕੀਤੀ ਕਿ ਸ਼ਤ੍ਰੂ ਦਲ ਦੇ ਹੋਰ ਚੋਣਵੇਂ ਸੂਰਮੇ ਮਾਰੇ ਗਏ। ਆਪ ਨੇ ਚਾਰ ਤੀਰ ਤਾਂ ਸੱਜੇ ਹੱਥ ਨਾਲ ਚਲਾਏ ਤੇ ਫੇਰ ਤ੍ਰੈ ਤੀਰ ਖੱਬੇ ਹੱਥ ਨਾਲ ਚਲਾਏ। ਤੀਰੰਦਾਜ਼ੀ ਦਾ ਇਹ ਕਮਾਲ ਤੇ ਅੰਤਮ ਕਮਾਲ ਆਪ ਵਿਚ ਹੀ ਸੀ। ਇਹ ਬਾਣ ਕਿਨ੍ਹਾਂ ਨੂੰ ਲੱਗੇ ? ਕੌਣ ਕੌਣ ਸਦਗਤੀ ਨੂੰ ਪੁੱਜੇ ? ਪਤਾ ਨਹੀਂ; ਪਰ ਜ਼ਰੂਰ ਇਹ ਚੋਣਵਿਆਂ ਸੂਰਮਿਆਂ ਨੂੰ ਲੱਗੇ ਜੋ ਸਤਵੇਂ ਬਾਣ ਮਗਰੋਂ ਸਪਸ਼ਟ ਦਿੱਸ ਪਿਆ ਕਿ ਵੈਰੀ ਦਾ ਦਲ ਭੱਜ ਉਠਿਆ ਹੈ, ਜੈਸਾ ਕਿ ਆਪ ਜੀ ਨੇ ਲਿਖਿਆ ਹੈ:-

ਤਜਿਯੋ ਤੁੱਪਕੰ ਬਾਨ ਪਾਨੰ ਸੰਭਾਰੇ[1]॥ ਚਤੁਰ ਬਾਨਯੰ ਲੈ ਸੁ ਸੱਬਿਯੰ[2] ਪ੍ਰਹਾਰੇ॥ ਤ੍ਰਿਤਿਯੋ ਬਾਣ ਲੈ ਬਾਮ ਪਾਣੰ[3] ਚਲਾਏ॥ ਲਗੇ ਯਾ ਲਗੇ ਨ ਕਛੂ ਜਾਨ ਪਾਏ॥ ੧੭॥ ਸੁ ਤਉ ਲਉ ਦਈਵ ਜੁੱਧ ਕੀਨੋ ਉਝਾਰੰ॥ ਤਿਨੈ ਖੇਦ ਕੈ ਬਾਰ[4] ਕੇ ਬੀਚ ਡਾਰੰ॥ ਪਰੀ ਮਾਰ ਬੂੰਰੀ ਛੁਟੀ ਬਾਣ ਗੋਲੀ॥ ਮਨੋ ਸੂਰ ਬੈਠੇ ਭਲੀ ਖੇਲ ਹੋਲੀ॥ ੧੯॥

ਰਾਜਾ ਕ੍ਰਿਪਾਲ ਨੇ ਹੁਣ ਭਜਦਿਆਂ ਨੂੰ ਵੇਖ ਆਪਣੇ ਆਪ ਨੂੰ ਫੌਜ ਦੇ ਮਗਰ ਕਰਕੇ ਜਤਨ ਕੀਤਾ ਕਿ ਨੁਕਸਾਨ ਘੱਟ ਹੋਵੇ ਤੇ ਛੇਤੀ ਤੋਂ ਛੇਤੀ ਕਾਠਗੜ੍ਹ ਵਿਚ ਜਾ ਵੜੀਏ। ਅਲਫ਼ ਖ਼ਾਂ ਆਪਣੇ ਆਪ ਨੂੰ ਵਧੇਰੇ ਨੁਕਸਾਨ ਤੋਂ ਬਚਾਉਣ ਲਈ ਮੁਹਰੇ ਹੀ ਵਾੜ ਵਲ ਭੌਨਾ ਜਾ ਰਿਹਾ ਸੀ। ਇਧਰੋਂ ਹੁਣ ਗੋਲੀ ਬੰਦੂਕ ਦਾ ਹਰ ਤਰ੍ਹਾਂ ਨਾਲ ਜ਼ੋਰ ਪਾਇਆ ਜਾ ਰਿਹਾ ਸੀ ਕਿ ਸ਼ਤ੍ਰੂ ਦਲ ਸਾਰਾ ਵਾੜ ਵਿਚ ਜਾ ਵੜੇ। ਭੀਮ ਚੰਦ ਜਿੱਤ ਦੀ ਖੁਸ਼ੀ ਵਿਚ ਮਾਰੋ ਮਾਰ ਕਰਦਾ ਸ਼ਤ੍ਰੂ ਨੂੰ ਭਾਜੜ ਤੇ ਭਾਜੜ ਪਾ ਰਿਹਾ ਸੀ; ਜਿਸ ਨਾਲ ਕਿ ਅੰਤ ਨੂੰ ਜੋ ਬਚ ਰਹੇ ਵਾੜੇ ਵਿਚ ਜਾ ਵੜੇ। ਅੰਦਰ ਵੜਕੇ; ਕਾਠ ਗੜ੍ਹ ਉੱਪਰ ਜੋ ਬੁਰਜ ਜੇਹੇ ਸਨ, ਜੇ ਉਨ੍ਹਾਂ ਉਪਰ ਕੋਈ ਚੜ੍ਹਦਾ ਸੀ ਕਿ ਉਥੋਂ ਗੋਲੀ ਚਲਾਏ ਤੇ ਨੁਕਸਾਨ ਪੁਚਾਏ, ਤਾਂ ਸਿਖ ਬੀਰ ਉਹਨਾਂ ਬੁਰਜਾਂ ਤੇ ਗੋਲੀਆਂ ਮਾਰ ਕੇ ਉਨ੍ਹਾਂ ਨੂੰ ਫੁੰਡਦੇ ਯਾ ਹੇਠਾਂ ਉਤਰਨ ਤੇ ਮਜਬੂਰ ਕਰਦੇ ਸਨ।

ਪ੍ਰਭੁ ਸਪਤ ਥਾਨ ਤੇ ਜੀਤ ਜੁੱਧ॥ ਪ੍ਰਵਿਸ਼ਾਇ ਦੀਏ ਬਿਚ ਬਾਰ ਕ੍ਰੁੱਧ॥ ਨਹਿਂ ਥਿਰਜੋ ਗਯੇ ਬਾਹਿਰ ਬਿਸਾਲ॥ ਕਠਗੜ੍ਹੇ ਬਿਖੈ ਬੜਿਗੇ ਉਤਾਲ॥ ੧੯॥ ਬਿਚ ਬਰੇ ਬਾਰ ਪਿਖ ਧਾਰਿ ਬਾਰਿ॥ ਅਰਿ ਰਹੇ ਓਜ ਅਰਿ ਧਾਰਿ ਧਾਰਿ॥ ਛੂਟੇ ਤੁਫੰਗ ਬੁੰਗੇਰ ਫੇਤ। ਬਿਚ ਥਿਰ ਕਟੋਚੀਆ ਲੀਨਿ ਘੇਰ॥ ੨੦॥ ਪੁਨ ਭਯੇ ਜੁੱਧ ਕ੍ਰੁੱਧਤ ਕਰਾਰ॥ ਛੁਟਕੰਤਿ ਬਾਨ ਗੋਰੀ ਹਜ਼ਾਰ॥ ਥਿਰ ਭਏ ਬੀਚ ਸ਼ੱਤ੍ਰਨਿ ਬਿਲੋਕ॥ ਤਬਿ ਸੁਭਟ ਆਪਨੇ ਲੀਨ ਰੋਕ॥ ੨੧॥ ਅਬ ਗਏ ਹਾਰ ਵਿਚ ਹੋਇ ਗਾਢ॥ ਨਿਕਸਹਿਂ ਨ ਵਹਿਰ ਵਡ ਤ੍ਰਾਸ਼ ਬਾਢਿ॥ ਇਮ ਫ਼ਤੇ ਲੀਨਿ ਪ੍ਰਭੁ ਰਣ ਮਝਾਰ॥ ਦੁਹ ਦਿਸ਼ਨਿ ਬੀਰ ਲਖਿ ਕੈ ਉਦਾਰ॥ ੨੨॥ (ਸੂ: ਪ੍ਰ:)

ਸਤਿਗੁਰ ਜੀ ਆਪ ਲਿਖਦੇ ਹਨ:-

ਲੀਯੋ ਜੀਤ ਬੈਰੀ ਕੀਯੋ ਆਨ ਡੇਰੰ॥ ਤੋਊ ਜਾਇ ਪਾਰੰ ਰਹੇ ਬਾਰ ਕੇਰੰ॥ ੨੦॥ ਭਈ ਰਾਤ੍ਰਿ ਗੁਬਾਰ ਕੇ ਅਰਧ ਜਾਮੰ॥ ਤਬੈ ਛੋਰਗੇ ਬਾਰ ਦੇ ਵੈ ਦਮਾਮੰ॥ (ਬਚਿੱਤ੍ਰ ਨਾਟਕ)

ਵੈਰੀ ਨੇ ਜਦ ਰਾਤ ਡੂੰਘੀ ਹੋਈ ਤਾਂ ਮਸ਼ਵਰਾ ਕੀਤਾ ਉਸ ਵਿਚ ਇਸ ਨਿਰਣੈ ਤੇ ਅਪੜੇ ਕਿ ਭੀਮ ਚੰਦ ਦੀ ਜੈ ਗੁਰੂ ਜੀ ਕਰਕੇ ਹੋਈ ਹੈ, ਗੁਰੂ ਬਹੁਤ ਸੂਰਮਾਂ ਹੈ ਤੇ ਉਸ ਦੀ ਸੈਨਾਂ ਜਾਨਾਂ ਹੂਲ ਕੇ ਲੜਦੀ ਹੈ। ਭੰਗਾਣੀ ਦਾ ਤਜਰਬਾ ਅੱਖਾਂ ਅਗੇ ਸੀ ਤੇ ਦੂਸਰਾ ਅੱਜ ਡਿਠੋ ਨੇ। ਸ੍ਰੀ ਗੁਰੂ ਨਾਨਕ ਜੀ ਦੀ ਗਾਦੀ ਹੋਣ ਕਰਕੇ ਕਰਾਮਾਤ ਤੇ ਸੂਰਮਗਤੀ ਦੋ ਤਾਕਤਾਂ ਇਕੱਠੀਆਂ ਸਮਝਦੇ ਸਨ। ਫੈਸਲਾ ਇਹ ਹੋਇਆ ਕਿ ਹੁਣ ਜੰਗ ਜਾਰੀ ਰੱਖਣਾ ਮੁਨਾਸਬ ਨਹੀਂ ਹੈ। ਐਸਾ ਨਾ ਹੋਵੇ ਕਿ ਗੁਰੂ ਜੀ ਦੀ ਸੈਨਾਂ ਤੇ ਸਿੱਖ ਹੋਰ ਆ ਜਾਣ ਤੇ ਕੋਈ ਵੱਡੀ ਅੱਗ ਬਲ ਉੱਠੇ; ਹੁਣ ਪਿੱਛੇ ਹਟਣਾ ਮੁਨਾਸਬ ਹੈ ਤੇ ਕਾਂਗੜੇ ਚੱਲ ਕੇ ਇਨ੍ਹਾਂ ਰਾਜਿਆ ਨੂੰ ਪਾੜਨ ਦਾ ਦਾਉ ਘਾਉ ਸੋਚਾਂਗੇ। ਸੋ ਅੱਧੀ ਰਾਤ ਦੇ ਹਨੇਰੇ ਵਿਚ ਮਲਕੜੇ ਹੀ ਕਾਂਗੜੇ ਨੂੰ ਉਠ ਟੁਰੇ। ਕਾਠਗੜ੍ਹ ਵਿਚ ਕੁਛ ਦਮਾਮਚੀ ਛੋੜ ਗਏ; ਜੋ ਰਾਤ ਨੂੰ ਦਮਾਮਿਆਂ ਤੇ ਟੰਕਾਰ ਦੇਂਦੇ ਰਹਿਣ, ਜਿਸ ਤੋਂ ਪਤਾ ਲਗਦਾ ਰਹੇ ਕਿ ਦੁਸ਼ਮਨ ਦਲ ਅਜੇ ਵਿਚੇ ਹੀ ਹੈ। ਐਉਂ

1. ਭਾਵ ਅਸਾਂ ਨੇ ਬੰਦੂਕ ਛੱਡ ਕੇ ਤੀਰ ਨੂੰ ਹੱਥ ਵਿਚ ਲਿਆ।
2. ਸੱਜੇ ਹੱਥ ਨਾਲ। 3. ਖੱਬੇ ਹੱਥ ਨਾਲ।
4. ਭਾਵ ਓਹ ਕਾਠਗੜ੍ਹ ਵਿਚ ਜਾ ਵੜੇ।

ਮੁੱਕਾ ਨਾਦੌਣ ਦਾ ਜੰਗ। ਦਾਤਾ ਜੀ ਆਪ ਲਿਖਦੇ ਹਨ:-

ਭਜਯੋ ਅਲਫ਼ ਖਾਨੰ ਨ ਖਾਨਾ ਸੰਭਾਰਜੋ॥ ਭਜੇ ਔਰ ਬੀਰੰ ਨ ਧੀਰੰ ਬਿਚਾਰਜੌ॥ ਨਦੀ ਪੈਦਿਨੰ ਅਸ਼ਟ ਕੀਨੇ ਮੁਕਾਮੰ[1]॥ ਭਲੀ ਭਾਂਤਿ ਦੇਖੇ ਸਬੈ ਰਾਜ ਧਾਮੰ॥ ੨੨॥

੮.

**ਦਇਆ ਰਾਮ**--ਸੱਚੇ ਪਾਸ਼ਾਹ ਜੀ ! ਜੱਥਾ ਹੋ ਆਇਆ ਹੈ, ਕਾਠਗੜ੍ਹ ਵੇਖ ਆਇਆ ਹੈ, ਉਸ ਦੇ ਅੰਦਰ ਕੋਈ ਨਹੀ ਹੈ। ਅਲਫ਼ ਖਾਂ ਤੇ ਕ੍ਰਿਪਾਲ ਸੈਨਾਂ ਸਮੇਤ ਰਾਤੋ ਰਾਤ ਭੱਜ ਗਏ ਹਨ। ਇਕ ਦੋ ਦਮਾਮਚੀ ਰਾਤ ਦਮਾਮੇ ਵਜਾਉਂਦੇ ਰਹੇ ਹਨ, ਤੜਕਸਾਰ ਉਹ ਭੀ ਟੁਰ ਗਏ ਹਨ, ਵਾਹਿਗੁਰੂ ਜੀ ਦੀ--ਮਿਹਰ ਨਾਲ ਫਤੇ ਪੂਰਨ ਹੋਈ ਹੈ।

ਗੁਰੂ ਜੀ--ਸ੍ਰੀ ਅਸਕੇਤ ਜੀ ਦੀ ਮੇਹਰ ਹੈ ! ਕੁਛ ਪਤਾ ਲਗਾ ਹੈ ਕਿ ਕ੍ਰਿਪਾਲ ਤੇ ਅਲਫ਼ ਖ਼ਾਂ ਕਿੱਥੇ ਕੁ ਗਏ ਹਨ ?

ਦਇਆ ਰਾਮ--ਠੀਕ ਪਤਾ ਨਹੀਂ, ਖਯਾਲ ਹੈ ਕਿ ਦਸਕੁ ਕੋਹ ਰਾਤੋ ਰਾਤ ਨਿਕਲ ਗਏ ਹਨ; ਜ਼ਖ਼ਮੀ ਤੇ ਮੁਰਦੇ ਸਭ ਛੋੜ ਗਏ ਹਨ, ਕੁਛ ਸ਼ਸਤ੍ਰ ਤੇ ਰਸਦਾਂ ਬੀ ਰਹਿ ਗਈਆਂ ਹਨ।

ਗੁਰੂ ਜੀ--ਆਪਣੇ ਜ਼ਖ਼ਮੀਆਂ ਦਾ ਕੀ ਹਾਲ ਹੈ ?

ਦਇਆ ਰਾਮ--ਆਪ ਦੇ ਹੁਕਮ ਮੂਜਬ ਰਾਤ ਹੀ ਮਸਾਲਾਂ ਬਾਲਕੇ ਸਾਰੇ ਘਾਇਲ ਲੱਭ ਲਏ ਸਨ ਤੇ ਮਲ੍ਹਮ ਪੱਟੀ ਸਭ ਦੀ ਕਰਾਈ ਗਈ ਸੀ। ਰਾਜਿਆਂ ਦੇ ਘਾਇਲ ਬੀ ਲੱਭ ਆਂਦੇ ਸੀ, ਇਨ੍ਹਾਂ ਦੀ ਮਲ੍ਹਮ ਪੱਟੀ ਬੀ ਹੋ ਗਈ ਸੀ, ਇਨ੍ਹਾਂ ਸਾਰੇ ਘਾਇਲਾਂ ਵਿਚੋਂ ਕਈ ਮਰੀਰ ਹੁਣ ਤੱਕ ਚੜ੍ਹ ਚੁਕੇ ਹਨ, ਪਰ ਬਹੁਤੇ ਅੱਛੇ ਹਾਲ ਵਿਚ ਹਨ ਜੋ ਬਚ ਜਾਣਗੇ।

ਗੁਰੂ ਜੀ--ਵੈਰੀ ਦਲ ਦਾ ਧਰਮ ਸੀ ਕਿ ਰਾਤ ਨੂੰ ਆਪਣੇ ਘਾਇਲ ਬਚਾਉਂਦੇ! ਜੇ ਉਨ੍ਹਾਂ ਆਪਣੀ ਜਾਨ ਪਿਆਰੀ ਕੀਤੀ ਹੈ ਤਾਂ ਹੁਣ ਤੁਸੀਂ ਇਕ ਜੱਥਾ ਘੱਲੋ ਜੋ ਸਾਰੇ ਘਾਇਲ ਲੱਭ ਕੇ ਲੈ ਆਵੇ ਤੇ ਉਨ੍ਹਾਂ ਦੀ ਮਲ੍ਹਮ ਪੱਟੀ, ਸੇਵਾ ਤੇ ਦਾਰੀ ਆਪਣਿਆਂ ਵਾਂਙੂ ਹੀ ਕੀਤੀ ਜਾਵੇ।

ਦਇਆ ਰਾਮ--ਰਾਤ ਦੇ ਹਨ੍ਹੇਰੇ ਵਿਚ, ਮਸਾਲਾਂ ਦੇ ਮੱਧਮ ਚਾਨਣ ਕਰਕੇ ਅਸੀਂ ਕਿਤੇ ਕਿਤੇ ਕੋਈ ਸ਼ੱਤ੍ਰੂ ਦੇ ਘਾਇਲ ਭੁਲੇਖੇ ਨਾਲ ਆਪਣਿਆਂ ਵਿਚ ਲੈ ਆਏ ਸਾਂ ਤੇ ਚਾਹ ਸਰੀਰ ਅਸਾਂ ਪਛਾਣ ਬੀ ਲਏ ਸਨ, ਉਨ੍ਹਾਂ ਦੀ ਸੇਵਾ ਆਪ ਦੇ ਸਦਾ ਦੇ ਦਾਤਾ ਸੁਭਾਵ ਅਨੁਸਾਰ ਆਪਣਿਆਂ ਦੇ ਤੁੱਲ ਹੀ ਹੋ ਰਹੀ ਹੈ। ਹੁਣ ਮੁੜ ਆਦਮੀ ਘੱਲਦੇ ਹਾਂ ਬਹੁਤੇ ਘਾਇਲ ਕਾਠਗੜ੍ਹ ਦੇ ਅੰਦਰ ਹਨ ਜੋ ਤੱਤੇ ਘਾਹ ਦੌੜਦੇ ਭੱਜਦੇ ਅੰਦਰ ਪਹੁੰਚ ਗਏ ਸਨ; ਪਰ ਠੰਢੇ ਹੋਕੇ ਫੇਰ ਆਪਣਿਆਂ ਦੇ ਨਾਲ ਅੱਧੀ ਰਾਤ ਨੂੰ ਜਾ ਨਹੀਂ ਸਕੇ।

ਗੁਰੂ ਜੀ--ਫੇਰ ਛੇਤੀ ਕਰੋ ਜਿਸ ਜਿਸ ਦੀ ਪੀੜਾ ਜਿੰਨੀ ਛੇਤੀ ਹਰ ਸਕੋ ਉੱਨੀ ਹੀ ਸੁਖਦਾਈ ਗੱਲ ਹੈ। ਇਕ ਜਥਾ ਉਧਰ ਨੂੰ ਟੋਰ ਦਿਓ ਤੇ ਤੁਸੀਂ ਇਧਰ ਸਭ ਦੀ ਖ਼ਬਰ ਲਓ, ਅਸੀਂ ਆਪ ਬੀ ਆਉਂਦੇ ਹਾਂ।..

ਥੋੜੇ ਚਿਰ ਮਗਰੋ ਦਇਆ ਰਾਮ ਫਿਰ ਆਇਆ:-

ਪਾਤਸ਼ਾਹ ! ਜੱਥਾ ਟੋਰ ਦਿੱਤਾ ਹੈ; ਮਰ ਚੁੱਕਿਆਂ ਸ਼ਹੀਦਾਂ ਵਾਸਤੇ ਕੀ ਹੁਕਮ ਹੈ ?

ਗੁਰੂ ਜੀ--ਬਿਆਸ ਦੇ ਕਿਨਾਰੇ ਅੰਗੀਠਾ ਸਜਾਕੇ ਦਾਹ ਦਿਓ ਤੇ ਫੇਰ ਬਿਭੂਤੀ ਜਲ ਪ੍ਰਵਾਹ ਕਰ ਦਿਓ। ਰਾਜਿਆਂ ਦੇ ਮੁਰਦਿਆਂ ਬਾਬਤ-ਮੁਰਦੇ ਕੱਠੇ ਕਰਕੇ ਖਬਰ ਘੱਲ ਦਿਓ ਨੇ; ਜਿਵੇਂ ਕਹਿਣ ਕਰ ਲਓ। ਸ਼ੱਤ੍ਰੂ ਦਲ ਦੇ ਹਿੰਦੂ ਮਰ ਚੁਕੇ ਬੀ ਕੱਠੇ ਕਰਕੇ; ਰਾਜਿਆਂ ਤੋ ਪੁੱਛੋ। ਰਾਜੇ ਦਿਆਲ ਦਾ ਦਾਹ ਸੰਸਕਾਰ ਬੀ ਰਾਜਿਆਂ ਦੇ ਸਪੁਰਦ ਕਰੋ। ਉਸ ਦੀ ਲੋਥ ਖੜੇ ਸਤਿਕਾਰ ਨਾਲ ਰਾਜਿਆਂ ਦੇ ਡੇਰੇ ਅੱਪੜਾ ਦਿਓ। ਮੁਸਲਮਾਨਾਂ ਨੂੰ ਟੋਇਆ ਪੁੱਟਕੇ ਦਬਾ ਦਿਓ ਤੇ ਉੱਤੇ ਟਿੱਬੀ ਜਿਹੀ ਬਣਾ ਦਿਓ।

ਦਇਆ ਰਾਮ--ਸਤਿ ਬਚਨ !

ਕੁਛ ਚਿਰ ਮਗਰੋਂ ਸਤਿਗੁਰੂ ਜੀ ਬੀ ਆਪ ਉਠੇ ਤਯਾਰ ਬਰ ਤਯਾਰ ਹੋਕੇ ਘਾਇਲਾਂ ਦੇ ਟਿਕਾਣੇ ਅੱਪੜੇ, ਸਭ ਨਾਲ ਦਰਦ ਵੰਡਾਇਆ, ਫਿਰ ਸ਼ੱਤ੍ਰੂ ਦਲ ਦੇ ਘਾਇਲਾਂ ਦੀ ਮਲ੍ਹਮ ਪੱਟੀ ਵੇਖੀ, ਉਨ੍ਹਾਂ ਨੂੰ ਦਿਲਾਸਾ ਦਿੱਤਾ ਤੇ ਆਖਿਆ ਕਿ ਰਾਜ਼ੀ ਹੋ ਜਾਓਗੇ ਤਾਂ ਛੁੱਟੀ ਮਿਲ ਜਾਏਗੀ। ਸਾਡੀ ਤੁਸਾਂ ਨਾਲ ਕੋਈ ਨਿਜ ਦੀ ਸ਼ੱਤ੍ਰੁਤਾ ਨਹੀਂ ਹੈ। ਇਥੋਂ ਉਠਕੇ ਸਿੱਖਾਂ ਦੇ ਅੰਗੀਠੇ ਪਾਸ ਆਏ, ਆਪਣੀ ਹੱਥੀਂ ਅਗਨੀ ਦਿੱਤੀ ਤੇ ਵਰ ਦਿੱਤਾ:-

1. ਭਾਵ ਅਸਾਂ ਮੁਕਾਮ ਕੀਤਾ ਬਿਆਸਾ ਕਿਨਾਰੇ।

"ਸਦਾ ਸੁਖੀ ਰਹੋ।"

ਇਸ ਤੋਂ ਮਗਰੋਂ ਆਪਣਾ ਡੇਰਾ ਬਿਆਸਾ ਦੇ ਇਕ ਸੁਹਾਵਣੇ ਥਾਂਵੇਂ ਰਖਿਆ[1], ਰਾਜੇ ਸਾਰੇ ਮਿਲਣ ਆਉਂਦੇ ਰਹੇ। ਨੇੜੇ ਨੇੜੇ ਦੇ ਰਾਜੇ ਆਪਣੇ ਆਪਣੇ ਮਹਿਲਾਂ, ਰਾਜ ਭਵਨਾਂ ਵਿਚ ਲੈ ਜਾਂਦੇ ਰਹੇ; ਖਾਤਰਾਂ ਕਰਦੇ ਤੇ ਸੇਂਵਦੇ ਰਹੇ!

ੲ.

ਸੱਤ ਕੁ ਦਿਨ ਮਗਰੋਂ ਇਕ ਦਿਨ ਦਇਆ ਰਾਮ ਗੁਰੂ ਜੀ ਪਾਸ ਖ਼ਬਰ ਲਿਆਇਆ।

ਦਇਆ ਰਾਮ--ਪਾਤਸ਼ਾਹ ! ਕਾਂਗੜੇ ਤੋਂ ਸੂੰਹੀਆਂ ਮੁੜ ਆਇਆ ਹੈ ਤੇ ਇਥੋਂ ਦੇ ਰਾਜ ਭਵਨਾਂ ਵਿਚ ਫਿਰਨ ਵਾਲਾ ਬੀ ਇਕ ਸੱਜਣ ਦੱਸਦਾ ਹੈ ਕਿ ਪਹਾੜੀਆ ਧ੍ਰੋਹ ਵਿਚ ਲੱਗ ਪਿਆ ਹੈ।

ਗੁਰੂ ਜੀ--ਕਿਵੇਂ ?

ਦਇਆ ਰਾਮ--ਕ੍ਰਿਪਾਲ ਕਟੋਚੀਏ ਨੇ ਬਿਜੈ ਦਾ ਕਾਰਨ ਆਪ ਨੂੰ ਜਾਣ ਕੇ ਤੇ ਅਗੋਂ ਫਤਹ ਵਿਚ ਸ਼ੱਕ ਸਮਝਕੇ ਆਪਣੀ ਕੁਟਿਲ ਨੀਤੀ ਟੋਰੀ ਹੈ:--ਰਾਜਾ ਭੀਮ ਚੰਦ ਨਾਲ ਸੁਲਹ ਦੇ ਮਨਸੂਬੇ ਗੰਢੇ ਹਨ ਤੇ ਗਲਬਾਤ ਹੋ ਰਹੀ ਹੈ ਕਿ ਭੀਮ ਚੰਦ ਅੱਧ ਪਚੱਧੀ ਰਕਮ ਦੇ ਦੇਵੇ ਤਾਂ ਉਹ ਅਲਫ਼ ਖ਼ਾਨ ਨੂੰ ਮਨਾ ਲਏ ਪਰ ਦੂਸਰਿਆਂ ਰਾਜਿਆਂ ਤੋਂ ਰਕਮ ਪੂਰੀ ਲੈ ਲੈਣ ਦੇਵੇ, ਹੋਰ ਬੀ ਜਿਸ ਜਿਸ ਦਾ ਪੱਖ ਭੀਮਚੰਦ ਕਰੇ ਉਸ ਉਸ ਨੂੰ ਅਲਫ਼ ਖ਼ਾਂ ਤੋਂ ਰਿਆਇਤ ਲੈ ਦੇਵੇਗਾ, ਪਰ ਇਹ ਗੰਢ ਤ੍ਰੁਪ ਚੋਰੀ ਚੋਰੀ ਹੋ ਰਹੀ ਹੈ। ਦੋਹਾਂ ਧਿਰਾਂ ਦੇ ਰਾਜੇ ਯਤਨ ਕਰ ਰਹੇ ਹਨ ਕਿ ਆਪਨੂੰ ਪਤਾ ਨਾ ਲਗੇ ਇਸ ਕਰਕੇ ਕਿ ਆਪ ਸੁਣਕੇ ਨਾਰਾਜ਼ ਹੋਸੋ ਕਿ ਜੁੱਧ ਬੀ ਕੀਤੇ ਤੇ ਫਤੇ ਬੀ ਮਿਲੀ ਤੇ ਫੇਰ ਧਨ ਬੀ ਦਿੱਤਾ ਤੇ ਸ਼ਰਨ ਬੀ ਲਈ, ਅੱਗੋਂ ਨੂੰ ਕਦੇ ਲੋੜ ਪਈ ਤਾਂ ਗੁਰੂ ਜੀ ਕੰਮ ਨਹੀਂ ਆਉਣਗੇ।

ਗੁਰੂ ਜੀ--ਚੰਗਾ, ਵਾਹ ਵਾਹ ! ਇਨ੍ਹਾਂ ਲੋਕਾਂ ਦੇ ਸਿਰਾਂ ਵਿਚੋਂ ਬੀਰਤਾ ਦਾ ਮਦ ਨਿਕਲ ਚੁਕਾ ਹੈ, ਹਿਸਾਖੀ ਲੋਕ ਹੋ ਰਹੇ ਹਨ, ਧਨ ਪਿੱਛੇ ਮਰਦੇ ਹਨ। ਇਨ੍ਹਾਂ ਨੂੰ ਧਰਮ ਤੇ ਅਬਰੋ ਦਾ ਕੋਈ ਖਿਆਲ ਨਹੀਂ, ਪਰਜਾ ਦਾ ਫਿਕਰ ਨਹੀਂ ਜੋ ਪੀੜਤ ਹੋ ਰਹੀ ਹੈ, ਦੇਸ਼ ਅਪਣਾ, ਭਰਾ ਅਪਣੇ ਦੁਖੀ ਹਨ, ਦਰਦ ਦੀ ਆਵਾਜ਼ ਅਕਾਸ਼ਾਂ ਤੇ ਹੈ, ਮੰਦਰ ਢੈ ਰਹੇ ਹਨ, ਘਰਾਂ ਦੀ ਅਬਰੋਂ ਜਾ ਰਹੀ ਹੈ, ਪ੍ਰਵਾਹ ਨਹੀਂ, ਅਪਣੀ...ਅਪਣੀ... ਬਸ ਅਪਣੀ ਬਣੀ ਰਹੇ। ਚੰਗਾ, ਇਨ੍ਹਾਂ ਦਗਾ ਕੀਤਾ ਹੈ ਕਿ ਸਾਡੇ ਮਿੱਤ੍ਰ ਹੋਕੇ ਸੁਲਹ ਕਰਨ ਵੇਲੇ ਸਾਡੇ ਨਾਲ ਸਲਾਹ ਬੀ ਨਹੀਂ ਕੀਤੀ। ਇਹ ਗੱਲ ਨੀਤੀ ਵਿਰੁੱਧ ਬੀ ਹੈ ਕਿ ਅਪਣੇ ਕੁਮਕ ਦੇਣ ਵਾਲੇ ਸਜਣਾਂ ਤੋਂ ਚੋਰੀ ਸੁਲਹ ਸਫਾਈਆਂ ਦੇ ਮੰਤ੍ਰ ਕੀਤੇ ਜਾਣ। ਆਪਣੇ ਜਥੇ ਵਿਚ ਤਿਆਰੀ ਦਾ ਹੁਕਮ ਦੇ ਦਿਓ ਜਦੋਂ ਤਿਆਰੀ ਹੋ ਜਾਏ ਨਗਾਰੇ ਤੇ ਕੂਚ ਦੀ ਚੋਟ ਹੋ ਜਾਵੇ। ਹਾਂ, ਪਰ ਪਹਿਲਾਂ ਇਸ ਖ਼ਬਰ ਦੀ ਪਕਿਆਈ ਪੱਕੀ ਹੋ ਜਾਏ, ਜੋ ਤੁਸੀਂ ਦੱਸੀ ਹੈ।

ਦਇਆ--ਪਾਤਸ਼ਾਹ ! ਹੁਣੇ ਕਾਗਤ ਆਉਂਦੇ ਹਨ। ਇੰਨੇ ਨੂੰ ਇਕ ਸਿੱਖ ਆਇਆ ਤੇ ਆਪ ਦੇ ਹੱਥ ਕੁਛ ਦੇ ਗਿਆ। ਉਹ ਚਿੱਠੀ ਸੀ ਜੋ ਭੀਮਚੰਦ ਵਲੋਂ ਕਟੋਚੀਏ ਨੂੰ ਪ੍ਰਵਾਨਗੀ ਦੀ ਜਾ ਰਹੀ ਸੀ ਕਿ ਮੈਂ ਇਨ੍ਹਾਂ ਸ਼ਰਤਾਂ ਤੇ ਖ਼ਿਰਾਜ ਦੇਣ ਨੂੰ ਤਿਆਰ ਹਾਂ। ਇਹ ਵੇਖਕੇ ਮੁਹਰ ਪਛਾਣ ਕੇ ਆਪ ਮੁਸਕ੍ਰਾਏ ਤੇ ਬੋਲੇ:--

ਮਰ ਚੁਕਿਆਂ ਵਿਚ ਜਿੰਦ ਨਵੇਂ ਜਨਮ ਨਾਲ ਹੀ ਆ ਸਕਦੀ ਹੈ, ਫਿਰ ਹਾਂ,(ਅਰਸ਼ਾਂ ਵੱਲ ਤੱਕ ਕੇ) ਹੇ ਦਾਤਾ ! ਨਵਾਂ ਜੀਵਨ ਭੇਜੋ ਇਨ੍ਹਾਂ ਅਪਣੇ ਮਰ ਮਿਟੇ ਬੰਦਿਆਂ ਵਿਚ।

ਜਿਸ ਵੇਲੇ ਤਿਆਰੀ ਹੋ ਗਈ ਤੇ ਨਗਾਰੇ ਤੇ ਚੋਟ ਪਈ ਤਾਂ ਰਾਜਿਆਂ ਨੂੰ ਸੋਝੀ ਆਈ ਕਿ ਗੁਰੂ ਜੀ ਤਾਂ ਤੁਰ ਚੱਲੇ ਹਨ, ਤਦ ਛੇਤੀ ਨਾਲ ਭੀਮਚੰਦ ਨੇ ਪਰਮੇ ਨੂੰ ਘੱਲਿਆ ਕਿ ਪਤਾ ਕਰੇ। ਵਜ਼ੀਰ ਨੇ ਆ ਕੇ ਨਮਸਕਾਰ ਕੀਤੀ ਤੇ ਆਖਿਆ ਕਿ "ਆਪ ਨੇ ਛੇਤੀ ਹੀ ਤਿਆਰੀ ਕਰ ਦਿੱਤੀ ਹੈ, ਅਜੇ ਠਹਿਰਦੇ; ਸਾਰੇ ਇਕੱਠੇ ਚਲਦੇ।"

ਗੁਰੂ ਜੀ--ਰਾਜੇ ਨੂੰ ਹੁਣ ਸਾਡੇ ਗੋਚਰਾ ਕੋਈ ਕੰਮ ਨਹੀਂ ਹੈ, ਜਿੰਨੀ ਉਸਦੀ ਲੋੜ ਸੀ ਸੋ ਪੂਰੀ ਹੋ ਚੁਕੀ ਹੈ, ਸਾਡਾ ਹੁਣ ਜਾਣਾ ਹੀ ਭਲਾ ਹੈ।

ਵਜ਼ੀਰ--ਜੇ ਕੋਈ ਅਵੱਗਜਾ ਹੋਈ ਹੈ ਤਾਂ ਬਖ਼ਸ਼ ਲਓ, ਆਪ ਦਾ ਬਿਰਦ ਪਤਿਤ ਪਾਵਨ ਹੈ। ਕਿਸੇ

1. ਜਿਥੇ ਸਤਿਗੁਰੂ ਟਿਕੇ ਸੇ ਉਥੇ ਨਿੱਕਾ ਜਿਹਾ ਮੰਦਰ ਹੁਣ ਤਕ ਹੈਸੀ। ਮਹਾਰਾਜਾ ਹੀਰਾਂ ਸਿੰਘ ਨਾਭੇ ਵਾਲੇ ਨੇ ਇਸ ਮੰਦਰ ਨਾਲ ਜਾਗੀਰ ਯਾ ਮਾਫੀ ਕੁਛ ਲਗਾਈ ਸੀ, ਇਕੋ ਘਰ ਸਿਖ ਪੁਜਾਰੀ ਦਾ ਹੈਸੀ, ਜੋ ਸੇਵਾ ਕਰਦੇ ਹਨ, ਗਿਰਦੇ ਦੀ ਵਸੋਂ ਸਿਖਾਂ ਦੀ ਨਹੀਂ ਹੈ। ਹੁਣ ਸਰਦਾਰ ਵਿਸਾਖਾ ਸਿੰਘ ਜੀ ਦਿੱਲੀ ਵਾਲਿਆਂ ਨੇ ਮੰਦਰ ਦੀ, ਬਹੁਤ ਧਨ ਖ਼ਰਚ ਕੇ, ਸੇਵਾ ਕਰਵਾਈ ਹੈ ਤੇ ਕੋਈ ਪ੍ਰਚਾਰਕ ਬੀ ਥਾਪਿਆ ਹੈ।

ਗੱਲੇ ਕੋਈ ਖੇਚਲ ਪੁੱਜੀ ਹੋਵੇ ਤਾਂ ਦੱਸਣ ਤੇ ਠੀਕ ਹੋ ਜਾਏ ਸਭ ਰਾਜਿਆਂ ਨੂੰ ਹੁਣ ਆਪਣੇ ਦਾਸ ਸਮਝੋ।

ਗੁਰੂ ਜੀ—ਪਰਮਾਨੰਦ ! ਨੀਤੀ ਨਾਮ ਝੂਠ ਦਾ ਨਹੀਂ, ਜੇ ਨੀਤੀ ਤੇ ਝੂਠ ਇਕੋ ਬਾਤ ਹੈ ਤਾਂ ਨੀਤੀਪਦ ਕੋਸ਼ ਵਿਚ ਕਾਸ ਨੂੰ ਹੈ ? ਜੇ ਸਮਝਦੇ ਹੋ ਕਿ ਸਚ ਦੇ ਆਧਾਰ ਤੋਂ ਉਪਜੀ ਵਿਸ਼ਾਲ ਬੁੱਧੀ ਤੇ ਦਾਨਾਈ ਦੇ ਵਰਤਾਉ ਦਾ ਨਾਮ ਨੀਤੀ ਹੈ ਤਾਂ ਸੱਚ ਆਖ ਦੇਵੋ ਕਿ ਇਸ ਜੁਧ ਵਿਚ ਜੋ ਰਲਕੇ ਲੜੇ ਤੇ ਜਿਨ੍ਹਾਂ ਨੇ ਹਾਰ ਜਿੱਤ ਤੇ ਦੁਖ ਸੁਖ ਨੂੰ ਸਾਂਝਾ ਬਣਾਇਆ, ਉਹਨਾਂ ਵਿਚ ਜਿੱਤ ਦੇ ਬਾਦ ਵਿਤਕਰਾ ਉਚਿਤ ਹੈ ?

ਵਜ਼ੀਰ—ਨਹੀਂ ਜੀ।

ਗੁਰੂ ਜੀ—ਫਿਰ ਜੋ ਸ਼ੱਤ੍ਰੂਆਂ ਨਾਲ ਸੰਧੀ ਹੋ ਰਹੀ ਹੈ ਉਹ ਸਭ ਦੀ ਸਲਾਹ ਨਾਲ ਹੋ ਰਹੀ ਹੈ ਕਿ ਚੋਰੀ ? ਫਿਰ ਅਸੀਂ ਧਰਮ ਦਾ ਕਾਰਜ ਜਾਣ ਕੇ ਆਏ ਸਾਂ ਕਿ ਓਪਰੇ ਅਲਫ਼ ਖਾਂ ਦੇ ਟਾਕਰੇ ਤੇ ਅਤੇ ਵੀਰ ਘਾਤੀ ਕ੍ਰਿਪਾਲ ਦੇ ਮੁਕਾਬਲੇ ਤੇ ਭੀਮ ਚੰਦ ਅਪਣੇ ਮਿੱਤ੍ਰ ਰਾਜਾ ਦੀ ਸਹਾਇਤਾ ਕਰੀਏ। ਭੀਮ ਚੰਦ ਨੇ ਕੀਕੂੰ ਫੇਰ ਓਪਰਿਆਂ ਤੇ ਦਰੋਹੀਆਂ ਦੀ ਸ਼ਰਨ ਲੈਣੀ ਪਸੰਦ ਕੀਤੀ ਹੈ ?

ਵਜ਼ੀਰ—ਆਪ ਖਿਮਾਂ ਕਰੋ !

ਗੁਰੂ ਜੀ—ਸਾਨੂੰ ਕੋਈ ਰੰਜ ਅਪਣੇ ਲਈ ਨਹੀਂ, ਅਸੀਂ ਰਾਜਾ ਦੀ ਫਤਹ ਲਈ ਆਏ ਸਾਂ, ਹੋ ਗਈ। ਅਸੀਂ ਚਾਹੁੰਦੇ ਸਾਂ ਕਿ ਰਾਜਿਆਂ ਵਿਚ ਜਿੰਦ ਆ ਜਾਵੇ, ਉਹ ਪ੍ਰਜਾ ਦੇ ਦੁਖ ਨੂੰ ਦੇਖਣ, ਆਪੋ ਵਿਚ ਮਿਲਨ ਤੇ ਕੁਛ ਕਰਨ। ਪਰ ਜੇ ਇਹ ਉਹਨਾਂ ਦਾ ਮਨੋਰਥ ਨਹੀਂ, ਤਾਂ ਸ਼ੋਕ ਦੇ ਸਿਵਾ ਕੀ ਹੋ ਸਕਦਾ ਹੈ। ਸਾਡਾ ਕੰਮ ਹੈ ਪ੍ਰਜਾ ਨੂੰ ਧਰਮ ਦੇਣਾ, ਨੇਕੀ ਦੱਸਣੀ, ਸਤਿਕਾਰ ਸਿਖਾਉਣਾ ਤੇ ਉਨ੍ਹਾਂ ਦੀ ਪੀੜਾ ਹਰਨੀ! ਅਸੀਂ ਇਸੇ ਕੰਮ ਲਈ ਠਹਿਰਨਾ ਤੇ ਇਸੇ ਲਈ ਜਾਣਾ ਹੈ। ਸਾਡੇ ਚਿਤ ਦ੍ਵੈਸ਼ ਨਹੀਂ। ਸਾਨੂੰ ਸ਼ੋਕ ਹੈ ਕਿ ਪਰਜਾ ਦੇ ਭਾਗ ਅਜੇ ਮੰਦੇ ਹਨ। ਅੱਛਾ ਅਕਾਲ ਪੁਰਖ ਅਰਸ਼ਾਂ ਤੋਂ ਕੋਈ ਘੱਲੇਗਾ ਵਿਉਂਤ; ਕੋਈ ਜਿਵਾਲਣਹਾਰ ਬੂਟੀ, ਕਾਂਯਾਂ ਪਲਟ ਕਰੇਗਾ ਪ੍ਰਜਾ ਦੀ, ਸੁਖੀ ਹੋਏਗਾ ਜਗਤ। ਜਿਸ ਕਾਰਜ ਲਈ ਸਾਨੂੰ ਘੱਲਿਆ ਹੈ ਆਪ ਕਰਾਏਗਾ।

ਵਜ਼ੀਰ ਬਹੁਤ ਮਿੰਨਤ ਸਮਾਜਤ ਕਰਦਾ ਚਲਾ ਗਿਆ, ਰਾਜੇ ਨੂੰ ਜਾ ਦੱਸਿਆ। ਰਾਜਾ ਛੇਤੀ ਨਾਲ ਕੁਛ ਭੇਟਾ ਲੈ ਕੇ ਆ ਗਿਆ। ਮੱਥਾ ਟੇਕ ਕੇ ਆਖਣ ਲੱਗਾ–[1] "ਆਪ ਦੀ ਸਹਾਇਤਾ ਨੇ ਮੇਰੀ ਲਾਜ ਰੱਖ ਦਿੱਤੀ, ਨਹੀਂ ਤਾਂ ਇੱਜ਼ਤ ਧਨ ਦੋਵੇਂ ਨਸ਼ਟ ਹੋ ਜਾਂਦੇ, ਹੁਣ ਤੁਸੀਂ ਮੈਨੂੰ ਸਦਾ ਅਪਣਾ ਦਾਸ ਸਮਝਦੇ ਰਹਿਣਾ।"

ਗੁਰੂ ਜੀ—ਗੁਰੂ ਕਾ ਘਰ ਕਲਪ-ਤਰੁ ਹੈ, ਜਿਵੇਂ ਕੋਈ ਨੀਯਤ ਰਖਕੇ ਮੰਗਦਾ ਹੈ ਤਿਵੇਂ ਦਾ ਉਸ ਨੂੰ ਮਿਲਦਾ ਹੈ। ਰਾਗ ਦ੍ਵੈਖ ਇਸ ਘਰ ਵਿਚ ਨਹੀਂ ਹੈ। ਬਾਕੀ ਵਾਹਿਗੁਰੂ ਕਰੇ ਕਿ ਤੁਸਾਂ ਤੋਂ ਅਪਣੇ ਧਨ ਤੇ ਰਾਜ ਦੀ ਰਖਯਾ ਦੇ ਨਾਲ ਦੁਖੀ ਪਰਜਾ ਦੀ ਸੇਵਾ ਦਾ ਕੰਮ ਬੀ ਸਰ ਆਵੇ।

(ਆਲਸੂਨ)

ਇਸ ਤਰ੍ਹਾਂ ਬਚਨ ਬਿਲਾਸ ਹੁੰਦਿਆਂ ਆਪ ਟੁਰ ਪਏ, ਸੈਰ ਸ਼ਿਕਾਰ ਕਰਦੇ ਸਨੇ ਸਨੇ ਚਾਲੇ ਪਏ ਰਹੇ। ਰਸਤੇ ਵਿਚ ਇਕ ਚੰਗੇ ਡਾਢੇ ਲੋਕਾਂ ਦਾ ਗਿਰਾਂ ਸੀ-ਆਲਸੂਨ। ਇਥੇ ਜਦ ਅਗੁਵਾਨੀ ਡੇਰਾ ਆਇਆ ਤਾਂ ਨੰਦ ਚੰਦ ਜੀ ਨੇ ਪਿੰਡ ਤੋਂ ਰਸਦ ਲੈਣ ਆਦਮੀ ਘੱਲੇ ਤੇ ਇਧਰ ਡੇਰਾ ਲਗਣ ਲੱਗ ਗਿਆ। ਪਿੰਡ ਗਏ ਆਦਮੀ ਮੁੜ ਆਏ ਕਿ ਲੋਕੀਂ ਰਸਦ ਪਾਣੀ ਮੁੱਲ ਨਹੀਂ ਦੇਂਦੇ, ਆਖਦੇ ਹਨ : ਅਸਾਂ ਕਿਸੇ ਮੁੱਲੋਂ ਨਹੀਂ ਵੇਚਣੀ, ਸਗੋਂ ਕੁਛ ਬੇਅਦਬੀ ਦੇ ਵਾਕ ਬੋਲਦੇ ਹਨ। ਨੰਦ ਚੰਦ ਜੀ ਨੇ ਵਿਚਾਰ ਕੀਤੀ ਕਿ ਜੋ ਲੋਕ ਮੁਲ ਲੈਕੇ ਕੂਚ ਵਿਚ ਪਈਆਂ ਫੌਜਾਂ ਨੂੰ ਰਸਦ ਨਹੀਂ ਦੇਂਦੇ ਉਨ੍ਹਾਂ ਤੋਂ ਜਬਰੀ ਲੈਣੀ ਮਾੜੀ ਗੱਲ ਨਹੀਂ ਹੈ, ਸੋ ਫੌਜ ਦਾ ਇਕ ਦਸਤਾ ਘੱਲਕੇ ਪਿੰਡ ਤੇ ਜਾ ਪਏ।[2] ਪਿੰਡ ਦਾ ਵਡਕਾ ਅਪਣੇ ਚੁਣਵੇਂ ਬੀਰ ਲੈ ਕੇ ਸਾਹਮਣੇ ਆਇਆ, ਮੁਠ ਭੇੜ ਹੋਈ, ਜਿਸ ਵਿਚ ਆਲਸੂਨ ਦੇ ਪ੍ਰਸਿੱਧ ਸੂਰਮੇ ਹਾਰ ਕੇ ਉਠ ਨੱਠੇ। ਸਿੱਖਾਂ ਨੇ ਰਸਦ ਪਾਣੀ, ਘਾਹ ਪੱਠਾ ਸਭ ਕੁਛ ਲੈ ਲਿਆ ਤੇ ਮੁੱਲ ਦੇ ਦਿੱਤਾ। ਰਾਤ ਡੇਰੇ ਆਲਸੂਨ ਰਹੇ ਸਵੇਰ ਨੂੰ ਕੂਚ ਹੋਈ, ਫਿਰ ਸਾਰੇ ਰਸਤੇ ਰਸਦ ਪਾਣੀ ਦੀ ਖੇਚਲ

1. ਤਵਾਰੀਖ ਖਾਲਸਾ

2. ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਆਲਸੂਨ ਵਾਲੇ ਭੀਮ ਚੰਦ ਦੇ ਪੱਖੀ ਸਨ ਤੇ ਸਿੱਖਾਂ ਨਾਲ ਕ੍ਰੋਧ ਰਖਦੇ ਸੀ। ਇਸ ਵੇਲੇ ਚਾਹੀਦਾ ਸੀ ਕਿ ਮਦਦ ਕਰਦੇ ਕਿਉਂਕਿ ਗੁਰੂ ਜੀ ਭੀਮੇ ਦੀ ਸਹਾਇਤਾ ਕਰਕੇ ਆ ਰਹੇ ਸਨ, ਪਰ ਉਹ ਸਗੋਂ ਉਲਟੇ ਪਏ। ਉਨ੍ਹਾਂ ਨੇ ਦੋ ਤਿੰਨ ਵਾਰ ਅਗੇ ਸੰਗਤ ਬੀ ਲੁਟੀ ਸੀ ਤੇ ਹੁਣ ਉਨ੍ਹਾਂ ਨੇ ਸਿੱਖਾਂ ਨੂੰ ਵੱਧ ਘਟ ਬੋਲਕੇ ਖਿਝਾਇਆ ਬੀ। ਇਸ ਕਰ ਕੇ ਦੀਵਾਨ ਨੰਦ ਚੰਦ ਨੇ ਹੱਲਾ ਬੋਲਕੇ ਉਹਨਾਂ ਨੂੰ ਠੀਕ ਕੀਤਾ। ਇਸਤਰੀ, ਬਾਲਕ ਬ੍ਰਿਧ ਨੂੰ ਸਿਖਾਂ ਨੇ ਕੁਛ ਨਾ ਕਿਹਾ।

ਨਹੀਂ ਹੋਈ, ਸਗੋਂ ਅਗੋਂ ਲੋਕੀਂ ਆਪ ਰਸਦ ਪਾਣੀ ਲੈਕੇ ਮਿਲਦੇ ਰਹੇ।

ਉੱਪਰਲੇ ਜੁੱਧ ਤੋਂ ਪਤਾ ਲਗ ਜਾਊ ਕਿ ਪ੍ਰਜਾ ਨੂੰ ਸੁਖੀ ਕਰਨ, ਮੋਇਆਂ ਵਿਚ ਜਾਨ ਭਰਨ ਤੇ ਧਰਮ ਦੀ ਸੁਤੰਤ੍ਰਤਾ ਦੇਣ ਲਈ ਗੁਰੂ ਜੀ ਕਿੰਨੇ ਤਤਪਰ ਸਨ। ਜਿਨ੍ਹਾਂ ਨੂੰ ਕਿਸੇ ਜੋਖੋਂ ਵਿਚ ਪੈਣ ਦੀ ਲੋੜ ਨਹੀਂ ਸੀ, ਓਹ ਦਿਆਲ ਚੰਦ ਵਰਗਿਆਂ ਦੀਆਂ ਗੋਲੀਆਂ ਸਾਹਮਣੇ ਖੜੋਂਦੇ ਸੇ। ਆਪ ਸਮੇਂ ਦੀ ਨਾੜ ਨੂੰ ਸਮਝਦੇ ਸਨ ਤੇ ਹਰ ਪਾਸਿਓਂ ਜੀਵਾਂ ਵਿਚ ਜਾਨ ਭਰਨ ਦਾ ਜਤਨ ਖੇਦ ਸਹਾਰ ਕੇ ਕਰਦੇ ਸਨ। ਜੰਗ ਨਿਰਾ ਜੰਗ ਲਈ ਨਹੀਂ ਸੀ, ਪਰ ਪ੍ਰਜਾ ਦੇ ਜ਼ੁਲਮ ਤੇ ਬਦੇਸ਼ੀਆਂ ਦੀ ਗ਼ੁਲਾਮੀ, ਜੋ ਕਸ਼ਟ ਦੇ ਰਹੀ ਸੀ ਪ੍ਰਜਾ ਵਿਚ ਬੀਰਰਸ ਆਏ ਬਿਨਾਂ ਦੂਰ ਨਹੀਂ ਸੀ ਹੋ ਸਕਦੀ, ਇਸ ਲਈ ਬੀਰਰਸੀ ਰੰਗ ਸੁਰਤਾਂ ਨੂੰ ਲਾ ਰਹੇ ਸਨ। ਇਕ ਪਾਸੇ ਨਾਮ ਰਸ, ਦੂਏ ਪਾਸੇ ਵੀਰ ਰਸ। ਇਹ ਇਕ ਨਵੀਂ ਕਰਾਮਾਤੀ ਛੁਹ ਲਗ ਰਹੀ ਸੀ। ਉਚੇ ਆਚਰਣ ਬਿਨਾਂ ਕੋਈ ਜੀਵਨ, ਕੋਈ ਉੱਨਤੀ, ਕੋਈ ਨੀਤੀ ਜਗਤ ਨੂੰ ਸੁਖਦਾਈ ਨਹੀਂ ਹੋ ਸਕਦੀ। ਇਸ ਆਦਰਸ਼ ਦਾ ਕਲਗੀਧਰ ਜੀਵਨ ਕਮਾਲ ਹੈ।

# ੧੮. ਖ਼ਾਨਜ਼ਾਦੇ ਦਾ ਹੱਲਾ ਤੇ ਭਾਜੜ[1]।

**ਨਾਦੌਣ** ਦਾ ਜੁੱਧ ਫਤੇ ਕਰਕੇ ਸ੍ਰੀ ਕਲਗੀਧਰ ਜੀ ਆਨੰਦਪੁਰ ਆਏ। ਆਉਂਦਿਆਂ ਸਾਰੇ ਸ਼ਹਿਰ ਨੇ ਅਗੁਵਾਨੀ ਕੀਤੀ, ਦੀਪ ਮਾਲਾ ਹੋਈ, ਵਧਾਈ ਦੇ ਸਭ ਸਾਮਾਨ ਨਗਰੀ ਨੇ ਕੀਤੇ। ਸਤਿਗੁਰਾਂ ਨੇ ਬੀ ਸਭ ਨੂੰ ਸਨਮਾਨ ਦਿੱਤਾ, ਫਿਰ ਇਕ ਪਾਸੇ ਤਾਂ ਆਪਣੀ ਸੈਨਾਂ ਦਾ ਵਧਾਉਣਾਂ; ਸਾਮਾਨ ਜੰਗ ਦਾ ਪਹਿਲੇ ਤੋਂ ਵਧੇਰੇ ਕਰਨਾ, ਏਹ ਕਾਰਜ ਆਰੰਭ ਹੋ ਗਏ, ਦੂਸਰੇ ਪਾਸੇ ਕਥਾ, ਕੀਰਤਨ, ਨਾਮ ਉਪਦੇਸ਼ ਸਤਿਸੰਗ ਦੇ ਸਾਰੇ ਸਾਮਾਨ ਜ਼ੋਰਾਂ ਵਿਚ ਹੋ ਗਏ।

ਥੋੜੇ ਦਿਨਾਂ ਬਾਦ ਆਨੰਦਪੁਰ ਵਾਸੀਆਂ ਵਿਚ ਇਹ ਖ਼ਬਰ ਆ ਪਹੁੰਚੀ ਕਿ ਨਾਦੌਣ ਰਾਜਿਆਂ ਦੇ ਦੋ ਧੜੇ ਹਨ। ਜਿੱਤ ਤਾਂ ਉਸ ਦੀ ਹੋਈ ਹੈ ਕਿ ਜਿੱਧਰ ਗੁਰੂ ਜੀ ਸਨ, ਪਰ ਮਗਰੋਂ ਇਹ ਧੜਾ ਦੂਸਰੇ ਧੜੇ ਨਾਲ ਸੁਲਹ ਕਰਕੇ ਮਾਮਲਾ ਭਰ ਆਇਆ ਹੈ--ਜਿਸ ਤੋਂ ਲੋਕੀ ਸਮਝਣ ਲੱਗੇ ਕਿ ਕਿਧਰੇ ਐਸਾ ਨਾ ਹੋਵੇ ਕਿ ਵਿਰੋਧੀ ਧੜਾ ਇਨ੍ਹਾਂ ਨੂੰ ਹੀ ਨਾਲ ਲੈ ਕੇ ਗੁਰੂ ਜੀ ਤੇ ਹੱਲਾ ਕਰ ਦੇਵੇ। ਕਈ ਰਾਜੇ ਤਾਂ ਸਤਿਗੁਰ ਜੀ ਦੇ ਪੱਖੀ ਰਹੇ, ਆਕੇ ਮਿਲਦੇ ਬੀ ਸਨ, ਝੁਕਦੇ ਬੀ ਸਨ, ਪਰ ਕਈ ਕ੍ਰਿਪਾਲ ਦੇ ਪਾਸੇ ਨੂੰ ਵਧੇਰੇ ਚਾਲਬਾਜ਼ ਸਮਝਕੇ ਦੂਰ ਰਹਿਣ ਲਗ ਪਏ ਸਨ। ਇਸ ਗੱਲ ਤੋਂ ਆਨੰਦਪੁਰ ਵਾਸੀਆਂ ਵਿਚ ਚਿੰਤਾ ਰਿਹਾ ਕਰਦੀ ਸੀ, ਖਾਸ ਕਰ ਉਹਨਾਂ ਵਿਚ, ਜੋ ਕੇਵਲ ਵਪਾਰ ਦੀ ਖ਼ਾਤਰ ਉੱਥੇ ਵਸਦੇ ਸਨ। ਜਿਉਂ ਜਿਉਂ ਇਹ ਸੋਝੀ ਪੈਂਦੀ ਸੀ ਕਿ ਕਿਸੇ ਨਾ ਕਿਸੇ ਵੇਲੇ ਤੁਰਕ ਧਾਵਾ ਹੋ ਜਾਣਾ ਹੈ ਤੇ ਅਲਫ਼ ਖ਼ਾਂ ਦੀ ਹੇਠੀ ਦਾ ਬਦਲਾ ਲੀਤਾ ਜਾਣਾ ਹੈ, ਇਹ ਬੇਚੈਨੀ ਵਧ ਖੜੋਂਦੀ ਸੀ। ਇਸ ਤਰ੍ਹਾਂ ਦੇ ਭੈ ਕਰਕੇ ਬਹੁਤ ਵਪਾਰੀ ਨਗਰੀ ਛੱਡਕੇ ਚਲੇ ਗਏ। ਕਈ ਇਕ ਆਪਣੀ ਭਾਵਨੀ ਵਿਚ ਤਤਪਰ ਰਹੇ ਤੇ ਵੱਸਦੇ ਰਹੇ। ਜਿਹੜੇ ਲੋਕੀਂ ਛੱਡਕੇ ਚਲੇ ਗਏ ਸਨ, ਓਹਨਾਂ ਦੇ ਪੈਰ ਕਿਤੇ ਨਾ ਟਿਕੇ, ਰੁਜਗਾਰ ਨਾ ਟੁਰੇ ਤੇ ਤੰਗ ਹੋਕੇ ਮੁੜਆਏ। ਮੁੜ ਆਇਆਂ ਨੇ ਫੇਰ ਸ਼ਰਨ ਤਕਾਈ ਤੇ ਸ੍ਰੀ ਜੀ ਤੋਂ ਆਪਣੀਆਂ ਭੁੱਲਾਂ ਦੀ ਮਾਫੀ ਚਾਹੀ। ਉਹਨਾਂ ਨੂੰ ਬਖਸ਼ਿੰਦ ਦਾਤੇ ਨੇ ਬਖਸ਼ਿਆ, ਉਹਨਾਂ ਦੇ ਘਰ, ਕੋਠੇ, ਜ਼ਿਮੀਆਂ ਮੁੜ ਦੇ ਦਿੱਤੀਆਂ ਤੇ ਉਹ ਫੇਰ ਆਨੰਦ ਪੁਰ ਵਿਚ ਆਬਾਦ ਹੋ ਗਏ।

ਇਨ੍ਹਾਂ ਦਿਨਾਂ ਤੋਂ ਕੁਛ ਦਿਨ ਮਗਰੋਂ ਸਤਿਗੁਰ ਦੇ ਗ੍ਰਿਹ ਮਾਤਾ ਜੀਤੋ ਜੀ ਤੋਂ ਸਾਹਿਬਜ਼ਾਦੇ ਨੇ ਜਨਮ ਲਿਆ ਸੰਮਤ ੧੭੪੭ ਬਿ: ਚੇਤ ਸੁਦੀ ਸੱਤ ਨੂੰ। ਸਾਹਿਬਜ਼ਾਦੇ ਜੀ ਦਾ ਨਾਉਂ ਜੁਝਾਰ ਸਿੰਘ ਰਖਿਆ ਗਿਆ। ਇਸ ਤੋਂ ਮਗਰੋਂ ਕੁਛ ਸਮਾਂ ਪਾਕੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜੀ ਦਾ ਜਨਮ ਹੋਇਆ।

1. ਇਹ ਪ੍ਰਸੰਗ ੨੪ ਪੋਹ ਸੰ : ਗੁ : ਨਾ : ਸਾ : ੪੬੧ ਅਰਥਾਤ ੭ ਜਨਵਰੀ ੧੯੩੦ ਈ : ਨੂੰ ਗੁਰਪੁਰਬ ਸਪ : ਸਮੇਂ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

੨.

**ਔਰੰਗਜ਼ੇਬ** ਦੇ ਦੱਖਣੀ ਬਖੇੜਿਆਂ ਦੇ ਕਾਰਨ ਪੰਜਾਬ ਵਿਚ, ਜੋ ਹਲਾਚਲੀ ਲਈ ਸਦਾ ਪ੍ਰਸਿੱਧ ਸੂਬਾ ਰਿਹਾ ਹੈ, ਕਈ ਵੇਰ ਅਸ਼ਾਂਤੀ ਮਚ ਜਾਂਦੀ ਰਹੀ। ਇਹਨਾਂ ਹਲਚਲੀਆਂ ਤੇ ਸਿਰ ਚੁੱਕਣੀਆਂ ਨੂੰ ਦੂਰ ਕਰਨ ਤੇ ਨੱਪਣ ਵਿਚ ਇਕ ਦਿਲਾਵਰ ਖਾਂ ਨਾਮੇ ਬਹਾਦਰ ਖੜਾ ਨਾਮ ਪਾ ਰਿਹਾ ਸੀ। ਇਸ ਦੀ ਧਾਕ ਥਾਂ ਥਾਂ ਸੀ। ਨਾਦੌਣ ਦੇ ਜੁੱਧ ਨੂੰ ਦੋ ਤ੍ਰੈ ਬਰਸ ਬੀਤ ਚੁਕੇ ਸਨ, ਪਰ ਉਸ ਹਾਰ ਦੀ ਸ਼ਰਮ ਜੀਉਂਦੀ ਸੀ। ਤੇ ਹੁਣ ਮੁੜ ਖਿਰਾਜ ਅਟਕ ਰਿਹਾ ਸੀ ਤੇ ਵਸੂਲ ਕਰਨਾ ਸੀ। ਇਸ ਮਾਮਲੇ ਤੇ ਕਿ ਕਿੱਕੂੰ ਖ਼ਿਰਾਜ ਵਸੂਲ ਹੋਵੇ, ਕਾਮਯਾਬੀ ਰਹੇ, ਦਿਲਾਵਰ ਨੇ ਅਪਣੇ ਅਮੀਰ ਸਲਾਹੀ ਸੱਦੇ ਤੇ ਉਸ ਦੇ ਦੀਵਾਨ ਵਿਚ ਵਿਚਾਰ ਸ਼ੁਰੂ ਹੋਈ :-

ਦਿਲਾਵਰ—ਪਹਾੜੀਆਂ ਤੋਂ ਖ਼ਿਰਾਜ ਫਿਰ ਵਸੂਲ ਕਰਨਾ ਹੈ, ਕੀ ਵਿਉਂਤ ਹੋਵੇ ਤੇ ਕੌਣ ਜਾਵੇ ?

ਇਕ ਅਹਿਲਕਾਰ—ਕਾਂਗੜੇ ਵਾਲਾ ਪਿੱਛੇ ਬੜਾ ਕੰਮ ਆਇਆ ਸੀ ਤੇ ਤਦ ਤੋਂ ਭੀਮਚੰਦ ਬੀ ਸਾਡੇ ਨਾਲ ਹੀ ਜਾਪਦਾ ਹੈ ਉਧਰੋਂ ਹੀ ਮੁੱਢ ਕਰਨਾ ਠੀਕ ਹੈ।

ਦੂਸਰਾ—ਠੀਕ ਤਾਂ ਹੈ ਪਰ ਜੇ ਕੁਝ ਰਾਜੇ ਅੜ ਖੜੋਤੇ ਤੇ ਗੁਰੂ ਗੋਬਿੰਦ ਸਿੰਘ ਉਧਰ ਹੋ ਖੜੋਤਾ; ਫਿਰ ਅੱਗੇ ਵਾਂਗ ਨਦਾਮਤ ਸਹਿਣੀ ਪਊ। ਰੁਪੱਯੇ ਲੈਣ ਵਿਚ ਬੀ ਅੱਧ ਪਚੱਧ ਕਾਮਯਾਬੀ ਅੱਗੇ ਹੋਈ ਸੀ ਤੇ ਨਾਦੌਣ ਦੀ ਹਾਰ ਦਾ ਟਿੱਕਾ ਬੀ ਲੱਗਾ ਖੜਾ ਹੈ।

ਦਿਲਾਵਰ—ਠੀਕ ਹੈ।

ਤੀਸਰਾ ਅਹਿਲਕਾਰ—ਭੀਮ ਚੰਦ ਦਾ ਕੀ ਇਤਬਾਰ ਹੈ ? ਕੀ ਪਤਾ ਕਿ ਸਾਡੇ ਨਾਲ ਰਹੇ ਜਾਂ ਦੂਏ ਪਾਸੇ ਹੋ ਜਾਏ। ਉਹ ਤਾਂ ਵੇਲੇ ਨੂੰ ਸੰਭਾਲ ਕੇ ਇਧਰ ਉਧਰ ਭਉਂ ਜਾਂਦਾ ਹੈ, ਉਸ ਦੇ ਰਉਂ ਨੂੰ ਸਮਝਣਾ ਔਖੀ ਗਲ ਹੈ। ਉਸ ਤੇ ਟੇਕ ਨਾ ਧਰੀਏ। ਕਟੋਚੀਆ ਲੜਾਕਾ ਤਕੜਾ ਹੈ ਤੇ ਹੈ ਬੀ ਸਾਡੇ ਪੱਖ ਤੇ, ਸੋ ਉਹ ਸਾਡੇ ਨਾਲ ਰਹੇਗਾ। ਪਰ ਸੋਚਵਾਨ ਬਹੁਤ ਹੈ, ਬਹੁਤੇ ਸੋਚਵਾਨ ਜੰਗ ਤੋਂ ਕੰਨੀਂ ਕਤਰਾਉਂਦੇ ਹਨ; ਚਾਹੋ ਰਣ ਤੱਤੇ ਵਿਚ ਸੂਰਮਗਤੀ ਵਾਲੇ ਹੀ ਹੋਣ।

ਦਿਲਾਵਰ—ਫਿਰ ਕੀ ਕਰੀਏ ?

ਦਿਲਾਵਰ ਦਾ ਬੇਟਾ—ਵਾਲਿਦ ਸਾਹਿਬ ! ਪਹਿਲਾਂ ਮਾਰੀਏ ਖਾਂ ਮਦਦਗਾਰ ਨੂੰ, ਜਿਸਨੇ ਅਲਫ਼ ਖਾਂ ਨੂੰ ਹਾਰ ਦਿਖਾਈ ਸੀ; ਜਿਸਦਾ ਰੋਅਬ ਤੇ ਨਾਮਣਾ ਵਧ ਰਿਹਾ ਹੈ। ਉਸ ਨੂੰ ਪਹਿਲਾਂ ਫਤੇ ਕਰਕੇ ਫਿਰ ਆਨੰਦਪੁਰ ਵਿਚ ਬੈਠ ਕੇ ਸਭਨਾਂ ਤੋਂ ਟਕੇ ਉਗਰਾਹ ਲਈਏ। ਦੇਖਾਂ ਭੀਮ ਚੰਦ ਕੀ ਕਰਦਾ ਹੈ ਤੇ ਪ੍ਰਿਥੀ ਚੰਦ ਕੀ ਜ਼ੋਰ ਲਾਉਂਦਾ ਹੈ।

ਦਿਲਾਵਰ—ਬਹੁਤ ਖ਼ੂਬ ! ਸ਼ਾਬਾਸ਼ ! ਦਿਲਾਵਰ ਦਾ ਬੇਟਾ ਐਸਾ ਹੀ ਦਿਲਾਵਰ ਚਾਹੀਏ। ਫਿਰ ਕੌਣ ਇਹ ਬੀੜਾ ਚੁਕਦਾ ਹੈ ?

ਬੇਟਾ—ਇਜਾਜ਼ਤ ਹੋਵੇ ਤਾਂ ਮੈਂ ਜਾਂਦਾ ਹਾਂ, ਇਕ ਹਜ਼ਾਰ ਆਦਮੀ ਕਾਫੀ ਹੈ, ਬਿਜਲੀ ਦੀ ਛੂਟ ਵਾਂਙੂ ਅੱਚਣਚੇਤ ਜਾ ਪਵਾਂਗਾ। ਪਹਿਲਾਂ ਗੁਰੂ ਤੋਂ ਖ਼ਿਰਾਜ ਦੇਣਾ ਮਨਾਵਾਂਗਾ। ਫਿਰ ਸਾਰਿਆਂ ਤੋਂ ਲਵਾਂਗਾ।

ਦਿਲਾਵਰ—ਬਹੁਤ ਅੱਛਾ, ਤੁਸਾਨੂੰ ਆਗਿਆ ਹੈ ਜਾਓ। ਅੱਜ ਸਾਰੀ ਤਿਆਰੀ ਆਰੰਭ ਦੇਵੋ, ਜਿਸ ਸ਼ੈ ਦੀ ਕਮੀ ਹੈ ਪੂਰੀ ਕਰੋ, ਪਰ ਬਾਹਰ ਸੋ ਨਾ ਨਿਕਲੇ, ਕਿ ਪਹਿਲਾਂ ਕਿੱਧਰ ਪੈਣਾ ਹੈ, 'ਪਹਾੜ ਜਾਣਾ' ਕਹਿਕੇ ਟੁਰ ਪਓ।

ਬੇਟਾ—ਬਹੁਤ ਅੱਛਾ।

ਇਕ ਹੋਰ ਸਰਦਾਰ ਬੋਲਿਆ:— ਸਰਕਾਰ ! ਬੇਅਦਬੀ ਮਾਫ ਹੋਵੇ ਤਾਂ ਇਕ ਅਰਜ਼ ਕਰਾਂ, ਉਸ ਨੂੰ ਕਾਇਰਤਾ ਨਾ ਸਮਝਿਆ ਜਾਵੇ ? ਉਹ ਦੂਰ ਅੰਦੇਸ਼ੀ ਦੀ ਗੱਲ ਹੈ; ਵੇਲੇ ਸਿਰ ਗੱਲ ਨਾ ਕਹੀ ਦਾ ਪਿੱਛੋਂ ਅਰਮਾਨ ਰਹਿ ਜਾਂਦਾ ਹੈ।

ਦਿਲਾਵਰ—ਆਖੋ।

ਜਮਾਂਦਾਰ—ਗੁਰੂ ਰਾਜਾ ਨਹੀਂ ਹੈ ਤੇ ਨਾ ਮੁਲਕਗੀਰ ਹੈ, ਉਹ ਇਕ ਫਕੀਰ ਹੈ, ਪਰ ਉਲਲਅਜ਼ਮ[1] ਫਕੀਰ ਹੈ। ਸ਼ਮਸ਼ੇਰ ਜ਼ਨ ਹੈ, ਪਰ ਜ਼ਾਲਮ ਨਹੀਂ ਹੈ, ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਦਾ। ਗੁਰੂ ਨਾਨਕ ਇਕ ਸੁਲਹਕੁੱਲ ਵਲੀ ਅੱਲਾ ਹੋਏ ਹਨ, ਉਹਨਾਂ ਦਾ ਜ਼ਾਨਸੀਨ ਹੈ। ਅਲਫ਼ ਖਾਂ ਦੇ ਵਿਰੁੱਧ ਉਹ ਵੈਰ ਕਰਕੇ ਨਹੀਂ, ਪਰ ਭੀਮ ਚੰਦ ਦੇ ਸ਼ਰਨ ਪੈ ਕੇ ਮਦਦ ਮੰਗਣ ਤੇ ਬਹਾਦਰੀ ਦੇ ਅਸੂਲ ਮੂਜਬ ਆਇਆ ਸੀ। ਮੇਰੀ ਸਮਝ ਵਿਚ ਉਸ ਨਾਲ ਵਿਗਾੜਨੀ ਠੀਕ ਨਹੀਂ ਹੈ, ਉਸ ਦੀ ਕਸ਼ਫ਼ ਦੀ ਤਾਕਤ ਤੇ ਬਹਾਦਰੀ ਨੂੰ ਆਪਣਾ ਵਿਰੋਧੀ ਬਨਾਉਣਾ ਮੁਨਾਸਿਬ ਨਹੀਂ ਹੈ। ਸੋ ਰਾਜਿਆਂ

1. ਉਚੇ ਦਾਈਏ ਵਾਲਾ।

ਤੋਂ ਸ਼ੁਰੂ ਹੋਵੇ।

ਦਿਲਾਵਰ—ਠੀਕ ਆਖਦੇ ਹੋ, ਪਰ ਫਕੀਰ ਕਿਉਂ ਸਲਤਨਤ ਦੇ ਮਾਮਲਿਆਂ ਵਿਚ ਦਖਲ ਦੇਂਦਾ ਹੈ ? ਅਸੀਂ ਉਸ ਨੂੰ ਸਬਕ ਸਿਖਾਉਣਾ ਹੈ ਉਹ ਤਸਬੀਹ[1] ਨਾਲ ਵਾਸਤਾ ਰੱਖੇ ਤੇ ਸ਼ਮਸ਼ੇਰ ਨੂੰ ਹੱਥੋਂ ਧਰ ਦੇਵੇ।

ਜਮਾਂਦਾਰ—ਮੈਂ ਕਰਤੱਵ ਡਿੱਠੇ ਹਨ, ਉਹ ਬੜਾ ਤਲਵਰੀਆ ਤੇ ਤੀਰੰਦਾਜ਼ ਹੈ, ਖੱਬੇ ਹੱਥੀਂ ਤੀਰ ਚਲਾਉਂਦਾ ਹੈ ਤਾਂ ਸੱਜੇ ਹੱਥ ਵਾਲੇ ਤੀਰੰਦਾਜ਼ਾਂ ਦੇ ਮੂੰਹ ਮੋੜ ਦੇਂਦਾ ਹੈ। ਚਾਹੇ ਫੌਜੀ ਤਾਕਤ ਅਜੇ ਥੋੜ੍ਹੀ ਹੈ। ਪਰ 'ਚੜ੍ਹਦੇ ਚੰਦ' ਤੇ 'ਉਗਮਦੀ ਤਾਕਤ' ਦਾ ਸਤਿਕਾਰ ਕਰਨਾ ਚੰਗਾ ਹੈ ਵੈਰ ਪਾਉਣਾ ਚੰਗਾ ਨਹੀਂ। ਫਕੀਰ ਨੇ ਤਲਵਾਰ ਕਿਉਂ ਫੜੀ ਹੈ। ਸੋਚ ਲਉ ! 'ਆਂ ਹਜ਼ਰਤ[2]' ਬੀ ਫਕੀਰ ਹੀ ਸਨ, ਫੇਰ ਸ਼ਮਸ਼ੇਰ ਜ਼ਨ ਬੀ ਸਨ ਤੇ ਇਧਰ ਕ੍ਰਿਸ਼ਨ ਬੀ ਫਕੀਰ ਹੀ ਸੀ ਪਰ ਜੋਧਾ ਬੀ ਸੀ।

ਬੇਟਾ—ਛੱਡੋ ਜਮਾਂਦਾਰ ਜੀ, ਮੇਰੀ ਤਲਵਾਰ ਦੀ ਚਮਕ ਤੇ ਚਿੱਲੇ ਦੀ ਠਮਕ ਨਹੀਂ ਵੇਖੀ ਤਦ ਤਾਂਈਂ ਹੀ ਸਾਲਾਰ ਹੈ। ਦੇਖਣਾ ਤਾਂ ਸਹੀ ਮੇਰੀ ਤੇਗ਼ਦਾ ਕਸ਼ਫ਼, ਮੈਂ ਤਾਂ ਝਪਟ ਦਾ ਕਾਯਲ ਹਾਂ, ਸੋਚਾਂ ਨਾਲ ਬਹਾਦਰੀ ਸਿੱਲ੍ਹ ਜਾਂਦੀ ਹੈ। ....ਪਿਆ ਹੋਵੇ ਫਕੀਰ, ਫਕੀਰ ਦੀ ਤਲਵਾਰ ਖੁੰਢੀ ਕਰ ਦਿਆਂਗਾ।

ਦਿਲਾਵਰ—ਸ਼ਾਬਾਸ਼ ਬੇਟਾ ! ਜਾਓ, ਅੱਲਾ ਤੈਨੂੰ ਜ਼ਫਰਮੰਦ ਕਰੇ। (ਉਸ ਸਰਦਾਰ ਵੱਲ ਤੱਕ ਕੇ) ਬੇਟੇ ਦਾ ਖ਼ਜਾਲ ਦਰੁਸਤ ਹੈ। ਜਮਾਂਦਾਰ ਜੀ ਉਮਗਦੀ ਤਾਕਤ ਨੱਪ ਲੈਣੀ ਚਾਹੀਏ, ਐਸਾ ਨਾ ਹੋਵੇ ਕਿ ਹਿੰਦੀਆਂ ਵਿਚ ਦਲੇਰੀ ਆ ਜਾਵੇ ਕਿ ਅਸੀਂ ਬੀ ਤੁਰਕਾਂ ਨੂੰ ਮਾਰ ਸਕਦੇ ਹਾਂ। ਹੁਣ ਤਾਂ ਅੱਖ ਨਹੀਂ ਉੱਚੀ ਕਰ ਸਕਦੇ ਹਿੰਦੀ ਮੁਗਲ ਪਠਾਣ ਦੇ ਅੱਗੇ (ਬੇਟੇ ਵੱਲ ਤੱਕ ਕੇ) ਬੇਟਾ ਜੀਓ ! ਜੇ ਗੁਰੂ ਸੁਲਹ ਨਾਲ ਮਿਲ ਪਵੇ ਤਾਂ ਵੇਲਾ ਹਥੋਂ ਨਾ ਗੁਆਉਣਾਂ। ਐਵੇਂ ਤੇਗ ਨਾ ਸੂਤਣੀ।

ਬੇਟਾ—ਬਹੁਤ ਖ਼ੂਬ।

ੜ.

**ਆਨੰਦਪੁਰ** ਗੁਰੂ ਮਹਿਲਾਂ ਅਗੇ ਇਕ ਖ਼ਬਰੀਆ ਆਇਆ ਤੇ ਬੋਲਿਆ :

ਹੋ ਆਲਮ ਸਿਹਾਂ ਵੀਰਾ ! ਪਹਿਰੇਦਾਰ ਵੀਰਾ !

ਆਲਮ ਸਿੰਘ—ਕਹੁ ਕੌਣ ਹੈ ਆਉਂਦਾ ?

1. ਮਾਲਾ। 2. ਮੁਹੰਮਦ ਸਾਹਿਬ।

ਸੂਹੀਆਂ—ਮੈਂ ਹਾਂ ਮੱਸਾ।

ਆਲਮ ਸਿੰਘ—ਆ ਭਾਈਆ ! ਸੁਖ ਦੀ ਸੁਣਾਵੀਂ।

ਮੱਸਾ (ਨੇੜੇ ਆਕੇ, ਕੰਨ ਵਿਚ)—ਇਕ ਤੁਰਕਾਨੀ ਦਲ ਅਚਾਨਕ ਪਾਰ ਆਇਆ ਹੈ ਤੇ ਹੁਣ ਉਰਾਰ ਆਉਣ ਦੀ ਤਿਆਰੀ ਕਰ ਰਿਹਾ ਹੈ। ਸ੍ਰੀ ਕਲਗੀਧਰ ਜੀ ਨੂੰ ਛੇਤੀ ਤੋਂ ਛੇਤੀ ਜਗਾ ਕੇ ਖ਼ਬਰ ਕਰੋ।

ਆਲਮ ਨੇ ਸ੍ਰੀ ਗੁਰੂ ਜੀ ਨੂੰ ਜਾ ਜਗਾਇਆ ਤੇ ਦੱਸਿਆ—ਅਚਾਨਕ ਨਦੀ ਪਰ ਤੁਰਕ ਦਲ ਆ ਗਿਆ ਹੈ। ਮੱਸਾ ਸੂਹੀਆਂ ਦੱਸਦਾ ਹੈ ਕਿ ਦਲ ਬਿਨਾਂ ਦੱਸੇ ਕਿ ਕਿਧਰ ਜਾ ਰਿਹਾ ਹੈ, ਵਧੀ ਆਇਆ ਹੈ ਤੇ ਇਧਰ ਆ ਨਿਕਲਿਆ ਹੈ। ਅਚਾਨਕ ਦੋ ਘੜੀ ਰਾਤ ਗਈ ਇਧਰ ਰੁਖ਼ ਕਰਕੇ ਪਏ ਹਨ ਤੇ ਨਦੀ ਕਿਨਾਰੇ ਆ ਪੁੱਜੇ ਹਨ। ਹੁਣ ਆਨੰਦਪੁਰ ਉਪਰ ਛਾਪਾ ਮਾਰਨਾ ਚਾਹੁੰਦੇ ਹਨ।

ਸ੍ਰੀ ਗੁਰੂ ਜੀ—ਫੁਰਤੀ ਕਰ, ਦੂਸਰੇ ਚੋਬਦਾਰ ਨੂੰ ਕਹੁ ਕਿ ਰਣਜੀਤ ਨਗਾਰੇ ਉੱਤੇ ਢਈਆ ਚੋਟ ਲਗਾਵੇ, ਤੂੰ ਦੌੜਕੇ ਇਧਰ ਆ।

ਜਾਂ ਆਲਮ ਆਇਆ ਤਾਂ ਆਪਨੇ ਹੁਕਮ ਦਿੱਤਾ ਕਿ ਨੰਦ ਚੰਦ ਤੇ ਦਇਆ ਰਾਮ ਤ੍ਰੈਆਂ ਭਾਣਜਿਆਂ ਨੂੰ ਇਧਰ ਜਲਦੀ ਬੁਲਾਓ, ਅਸੀਂ ਤਿਆਰ ਹੋ ਗਏ ਹਾਂ ਤੇ ਦੀਵਾਨ ਖਾਨੇ ਚੱਲੇ ਹਾਂ, ਸਾਰੇ ਉਥੇ ਆ ਜਾਣ।

ਰਣਜੀਤ ਨਗਾਰੇ ਦੀ ਢਈਆ ਚੋਟ ਦੇ ਸਭ ਜਾਣੂੰ ਸਨ ਕਿ ਇਸ ਦਾ ਮਤਲਬ ਹੁੰਦਾ ਹੈ ਝਟਪਟ ਤਿਆਰ ਤੇ ਸਨੱਧਬਧ ਹੋ ਕੇ ਆ ਜਾਓ। ਸ਼ਹਿਰ ਵਾਲਿਆਂ ਨੂੰ ਸਮਝ ਪੈਂਦੀ ਸੀ ਕਿ ਕੋਈ ਖ਼ਤਰਾ ਸਿਰ ਤੇ ਆ ਗਿਆ ਹੈ। ਫੌਜੀ ਸਾਰੇ ਆਪੋ ਆਪਣੇ ਹਥਿਆਰ ਸੰਭਾਲ ਕੇ ਤਿਆਰ ਹੋ ਜਾਂਦੇ ਸਨ; ਸੋ ਪਲੋਪਲੀ ਵਿਚ ਸੈਨਾਪਤਿ ਵਡੇ ਵਡੇ ਸਿਰਕਰਦੇ ਹਜ਼ੂਰੀ ਵਿਚ ਹਾਜ਼ਰ ਹੋ ਗਏ। ਹੁਕਮ ਹੋਇਆ ਕਿ "ਸੂਰਮੇ ਸਭ ਤਿਆਰ ਹਨ ਤਾਂ ਦਲਾਂ ਦੀ ਵੰਡ ਕਰਕੇ ਟੁਰ ਪਓ, ਬੰਦੂਕਾਂ ਭਰ ਲਓ। ਇਕ ਜਥਾ ਹਰਾਵਲ ਦਾ ਝਪ ਪਟ ਵਧੇ ਤੇ ਵੈਰੀ ਨੂੰ ਪਾਰ ਹੀ ਰੋਕੇ। ਹਵਾ ਠੱਕੇ ਦੀ ਵਗ ਰਹੀ ਹੈ (ਹਿਮੈਤੀ[1]) ਨਾਲਾ ਚੜ੍ਹ ਰਿਹਾ ਪ੍ਰਤੀਤ ਦੇਂਦਾ ਹੈ ਉਹ ਬੀ ਵੈਰੀ ਨੂੰ ਰੋਕੇਗਾ। ਰਹਕਲੇ ਤੇ ਛੋਟੀਆਂ ਤੋਪਾਂ ਦੀ ਬਾੜ੍ਹ ਛਡੋ ਜੋ ਵੈਰੀ ਦਲ ਵਿਚ ਤੜਥੱਲੀ

1. ਅੱਜ ਰਾਤ ਨੂੰ ਚੜ੍ਹਨ ਕਰਕੇ ਤੇ ਵੈਰੀ ਨੂੰ ਰੋਕ ਪਾਉਣ ਕਰਕੇ ਗੁਰੂ ਜੀ ਨੇ ਇਹ ਨਾਉਂ ਧਰਿਆ ਸੀ।

ਮਚ ਜਾਏ।"

ਜੋਧੇ ਤਿਆਰ ਹੋ ਚੁਕੇ ਸਨ, ਵਿਉਂਤ ਤੇ ਵੰਡ ਕਰਕੇ ਇਕ ਜੱਥਾ ਮੁਹਰੇ ਹੋਇਆ, ਇਕ ਸ਼ਲਕ ਬੰਦੂਕਾਂ ਦੀ ਕਰਕੇ ਟੁਰ ਪਿਆ ਤੇ ਸ਼ਲਕ ਬਾਦ ਸ਼ਲਕ ਹੋਣ ਲੱਗੀ ਧੌਂਸਿਆਂ ਦੀ ਧੁੰਕਾਰ ਅਸਮਾਨ ਨੂੰ ਗੁੰਜ਼ਾ ਦੇਣ ਵਾਲੀ ਛਿੜ ਪਈ :-

ਅਪਰ ਮੁਖੀ ਜੋਧਾ ਸਭਿ ਚਾਲੇ। ਬਾਜੇ ਦੁੰਦਭਿ
ਨਾਦਿ ਬਿਸਾਲੇ। ਸ਼ਲਖੈਂ ਛੁਟੀ ਤੁਫੰਗਨ ਕੇਰੀ।
ਤੜਭੜ ਭੀ ਇਕ ਬਾਰ ਘਨੇਰੀ॥ ੩੯॥ ਗਰਜੇ
ਜੋਧਾ ਸ਼ਬਦ ਉਤੰਗਾ। ਪਰਜੋ ਸ਼ੋਰ ਭਾਰੋ ਇਕ
ਸੰਗਾ। ਨਿਕਸੇ ਵਹਿਰ ਨਗਰ ਤੇ ਤਬੈ। ਸ਼ਲਖ
ਤੁਫੰਗਨ ਕੀ ਕਰਿ ਸਬੈ॥ (ਸੂ : ਪ੍ਰ :)

ਇਸ ਤਰ੍ਹਾਂ ਸ਼ਲਕਾਂ ਕਰਦੇ, ਰੌਲਾ ਪਾਉਂਦੇ ਅੱਗੇ ਵਧੇ ਜਾ ਰਹੇ ਸਨ। ਹੁਣ ਸ਼ਤ੍ਰੂ ਦਲ ਵਿਚ ਆਵਾਜ਼ ਪੁੱਜ ਰਹੀ ਸੀ। ਕਿਲ੍ਹੇ ਉਪਰੋਂ ਰਹਿਕਲੇ ਤੇ ਤੋਪਾਂ ਦੀ ਸ਼ਲਕ ਸ਼ੁਰੂ ਹੋ ਪਈ। ਜਿਨ੍ਹਾਂ ਦਾ ਸ਼ੋਰ ਤੇ ਘਨਘੋਰ ਸ਼ਬਦ ਦੁਸ਼ਮਨ ਦੇ ਦਿਲਾਂ ਤੇ ਅਸਰ ਪਾ ਰਿਹਾ ਸੀ ਕਿ ਐਥੇ ਸੈਨਾਂ ਬਹੁਤ ਭਾਰੀ ਹੈ ਤੇ ਜੰਗ ਕਰਨ ਨੂੰ ਤਿਆਰ ਹੈ, ਹਰ ਛਿਨ ਆਵਾਜ਼ ਨੇੜੇ ਆ ਰਹੀ ਜਾਪਦੀ ਸੀ।

ਠੱਕੇ ਦੀ ਹਿਵਧਾਰ ਹਵਾ ਵਗ ਰਹੀ ਸੀ, ਤੁਰਕ ਦਿਨ ਦੇ ਸਫਰ ਦੇ ਥੱਕੇ ਹੋਏ ਬੀ ਸਨ, ਪਾਰ ਹੋਣ ਲਈ ਪੈਰ ਵਿਚ ਧਰਦਿਆਂ ਸੁੰਨ ਹੁੰਦੇ ਸਨ, ਉਤੋਂ ਨਦੀ ਚੜ੍ਹ ਪਈ, ਸੂਰਮਿਆਂ ਦੇ ਪਾਲੇ ਨਾਲ ਕਰ ਪੈਰ ਪਿੰਗ ਹੁੰਦੇ ਜਾਂਦੇ ਸਨ। ਨਾਲ ਹੀ ਹਰ ਛਿਨ ਪਤਾ ਲੱਗ ਰਿਹਾ ਸੀ ਕਿ ਗੁਰੂ-ਦਲ ਨੇੜੇ ਆ ਰਿਹਾ ਹੈ, ਤੁਪਕਾਂ ਦੀ ਸ਼ਲਕ ਕਲੇਜੇ ਦਹਿਲਾ ਰਹੀ ਸੀ। ਸੋ ਸਿਆਣਿਆਂ ਨੇ ਰੁਸਤਮਖ਼ਾਂ[1] ਨੂੰ ਸਲਾਹ ਦਿੱਤੀ ਕਿ-

'ਗੁਰੁ ਕੇ ਸੰਗ ਜੰਗ ਕੋ ਕਰਨੋ। ਨਹਿੰ ਆਛੀ
ਲਖਿ ਹੁਇ ਅਬ ਮਰਨੋ॥ ੪੩॥ ਸੁੰਨ ਭਏ ਤਨ
ਪਾਰੇ ਪਰੇ। ਸ਼ਸਤ੍ਰ ਨ ਉਠਹਿ ਊਚ ਕਰ ਕਰੇ।
ਸਰਿਤਾ ਬਿਖੈ ਬਰਹਿੰ ਜਿਸ ਕਾਲ। ਬਿਨ ਹੀ
ਮਾਰੇ ਹੁਇ ਭਟ ਕਾਲ॥ ੪੪॥ ਕਜੋਂ ਨਾਹਕ
ਦੇਤੇ ਹੋ ਪ੍ਰਾਨ। ਉਤ ਤੇ ਪਹੁੰਚੀ ਸੈਨ ਮਹਾਨ।
ਜਿਸ ਮਹਿੰ ਊਚੀ ਪਰੀ ਪੁਕਾਰ। ਕੋ ਜਾਨਹਿ ਹੁਇ
ਕਿਤਿਕ ਹਜ਼ਾਰ॥ ੪੫॥ ਛੀਨ ਲੇਹਿੰਗੇ ਹਯ
ਹਥਿਆਰ। ਕਰੋ ਸਮੁਖ ਰਣ ਲੇਹਿ ਸੁ ਮਾਰ।
ਤੁਝ ਕੋ ਭਾਖਹਿੰ ਸਭ ਅਨਜਾਨ। ਨਾਹਕ ਦਏ
ਜਾਇ ਜਿਸ ਪ੍ਰਾਨ॥ ੪੬॥ (ਸੂ: ਪ੍ਰ: ਰੁ:੨ ਅੰਕ ੪੭)

ਇਸ ਤਰ੍ਹਾਂ ਦੇ ਮੰਤ੍ਰ ਸੁਣ ਕੇ ਖ਼ਾਨਜ਼ਾਦਾ ਘਬਰਾਇਆ। ਉਧਰੋਂ ਨਦੀ ਪੈਰੋ ਪੈਰ ਚੜ੍ਹ ਰਹੀ ਸੀ। ਪਿੱਛੇ ਪਹਾੜ ਤੇ ਜ਼ੋਰਾਂ ਦਾ ਮੀਂਹ ਵਸਿਆ ਸੀ। ਪਾਣੀ ਹੁਣ ਕਿਨਾਰਿਆਂ ਤੋਂ ਉੱਚਾ ਹੋ ਫੈਲਿਆ ਸੋ ਲਗਾ ਪੈਰਾਂ ਦੀ ਗਤਿ ਬਨਾਉਣ। ਇਹ ਦੇਖ ਕੇ ਹੋਰ ਭੈ ਛਾਇਆ ਕਿ ਕੁਦਰਤ ਬੀ ਗੁਰੂ ਜੀ ਦੀ ਮਦਦ ਕਰ ਰਹੀ ਹੈ, ਟੁਰਨ ਵੇਲੇ ਉਨ੍ਹਾਂ ਨੂੰ ਸਾਹਿਬ ਕਸ਼ਫ ਬੀ ਸੁਣਿਆਂ ਸੀ। ਸਭ ਗੱਲਾਂ ਵਿਚਾਰ ਕੇ ਖ਼ਾਨਜ਼ਾਦੇ ਨੇ ਮੁੜਨ ਦਾ ਹੁਕਮ ਦੇ ਦਿੱਤਾ। ਗੁਰੂ-ਦਲ ਜਦ ਨਦੀ ਕਿਨਾਰੇ ਆਇਆ ਤਾਂ ਖ਼ਾਨਜ਼ਾਦੇ ਦਾ ਦਲ ਦੂਰ ਨਿਕਲ ਗਿਆ ਸੀ; ਭੱਜੇ ਜਾਂਦਿਆਂ ਦੀ 'ਕਾਇਰ ਪੈਖੜ' ਦੱਸ ਰਹੀ ਸੀ ਕਿ ਸ਼ੇਰ ਦੀ ਗਰਜ ਤੇ ਸਿੰਘ ਨਾਦ ਨੇ ਹੀ ਮੈਦਾਨ ਮਾਰ ਲਿਆ ਹੈ। ਸਤਿਗੁਰੂ ਜੀ ਨੇ ਇਸ ਵਾਕੇ ਦਾ ਹਾਲ ਸੰਖੇਪ ਮਾਤ੍ਰ ਐਉਂ ਲਿਖਜਾ ਹੈ :--

[1]ਛੁਟਨ ਲਗੀ ਤੁਫੰਗੈਂ ਤਬਹੀ॥ ਗਹਿ ਗਹਿ
ਸ਼ਸਤ੍ਰ ਰਿਸਾਨੇ ਸਬਹੀ॥ ਕ੍ਰੂਰ ਭਾਂਤਿ ਤਿਨ ਕਰੀ
ਪੁਕਾਰਾ॥ ਸ਼ੋਰ ਸੁਨਾ ਸਰਿਤਾ ਕੇ ਪਾਰਾ॥ ੪॥

ਭੁਜੰਗ ਪ੍ਰਯਾਤ ਛੰਦ--

ਬਜੀ ਭੇਰਿ ਧੁੰਕਾਰ ਧੁੰਕੇ ਨਗਾਰੇ॥ ਮਹਾਂਬੀਰ
ਬਾਨੈਤ ਬੰਕੇ ਬਕਾਰ। ਭਏ ਬਾਹੁ ਆਘਾਤ ਨੱਚੇ
ਮਰਾਲੰ॥ ਕ੍ਰਿਪਾ ਸਿੰਧੁ ਕਾਲੀ ਗਰੱਜੀ
ਕਰਾਲੰ॥ ੫॥ [2] ਨਦੀਯੰ ਲਖਿਯੋ ਕਾਲ ਰਾਤ੍ਰੰ
ਸਮਾਨੰ॥ ਕਰੇ ਸੂਰਮਾ ਸੀਤ ਪਿੰਗੰ ਪ੍ਰਮਾਨੰ॥
[1]ਇਤੈ ਬੀਰ ਗੱਜੇ ਭਏ ਨਾਦ ਭਾਰੇ[2]॥ ਭਜੇ
ਖ਼ਾਨ ਖ਼ੂਨੀ[3] ਖਿਨਾ ਸ਼ਸਤ੍ਰ ਝਾਰੇ॥ ੬॥

ਨਰਾਜ ਛੰਦ--

ਨਿਲੱਜ ਖਾਨ ਭੱਜਿਯੋ॥ ਕਿਨੀ ਨ ਸ਼ਸਤ੍ਰ ਸੱਜਿਯੋ॥
ਸੁ ਤਿਆਗ ਖੇਤ ਕੌ ਚਲੇ॥ ਸੁ ਬੀਰ ਬੀਰਹਾ
ਭਲੇ॥ ੭॥ ਚਲੇ ਤੁਰੇ ਤੁਰਾਇਕੈ॥ ਸਕੇ ਨ
ਸ਼ਸਤ੍ਰ ਉਠਾਇਕੈ॥ ਨ ਲੈ ਹਥਜਾਰ ਗੱਜ ਹੀ॥
ਨਿਹਾਰ ਨਾਰਿ ਲੱਜ ਹੀ॥ ੮॥

ਦੋਹਰਾ--ਬਰਵਾ ਗਾਂਉ ਉਜਾਰ ਕੇ ਕਰੇ ਮੁਕਾਮ
ਭਲਾਨ॥ ਪ੍ਰਭੁ ਬਲ ਹਮੈ ਨ ਛੁਇ ਸਕੈ, ਭਾਜਤ

1. ਤਵਾ: ਖ਼ਾ: ਨੇ ਦਿਲਾਵਰ ਦੇ ਬੇਟੇ ਦਾ ਨਾਮ ਰੁਸਤਮਖ਼ਾਂ ਦਿਤਾ ਹੈ।

1. ਗੁਰੂ ਜੀ ਦੀ ਸੈਨਾ ਦਾ ਹਾਲ। 2. ਵੈਰੀ ਦਲ ਦਾ ਹਾਲ।
3. ਖ਼ਾਨ ਖ਼ੂਨੀ ਯਾ ਖ਼ਾਨ ਖ਼ਾਨੀ ਦਾ ਭਾਵ ਹੈ ਖਾਨ ਖ਼੍ਵਾਨੀਨ, ਖਾਨਜ਼ਾਦਾ ਆਪ ਤੇ ਹੋਰ ਸਾਰੇ ਖ਼ਾਨ।

ਭਏ ਨਿਦਾਨ॥ ੯॥ ਤਵ ਬਲ ਈਹਾਂ ਨ ਪਰ ਸਕੈ ਬਰਵਾ ਹਨਾ ਰਿਸਾਇ॥ ਸਾਲਿਨ ਰਸ ਜਿਮ ਬਾਨਿਯੋ ਰੋਰਨ ਖਾਤ ਬਨਾਇ॥ ੧੦॥

ਖਾਨਜ਼ਾਦਾ ਤੇ ਉਸ ਦੀ ਫੌਜ ਭੱਜੀ ਜਾਂਦੀ ਦੇ ਰਸਤੇ ਵਿਚ ਇਕ ਬਰਵਾ ਨਾਮ ਗਿਰਾਂ ਆ ਗਿਆ, ਨਾ ਕਾਮਯਾਬੀ ਦੇ ਰੋਹ ਵਿਚ ਇਸ ਗਿਰਾਂ ਉੱਤੇ ਪੈ ਗਏ, ਬੇਗੁਨਾਹਾਂ, ਤੇ ਨਾ ਤਿਆਰ ਬੇ-ਹਥਜਾਰਾਂ ਨੂੰ ਮਾਰ ਕੁੱਟ ਵੱਢ ਟੁੱਕ, ਲੁੱਟ ਪੁੱਟ ਲਿਆ। ਗੁਰੂ ਜੀ ਨੇ ਇਸ ਦੀ ਸੁਹਣੀ ਉਪਮਾ ਦਿੱਤੀ ਹੈ ਕਿ ਜਿਵੇਂ ਬਾਣੀਏ ਨੂੰ ਮਾਸ ਦਾ ਸਲੂਣਾਂ ਤਾਂ ਪ੍ਰਾਪਤ ਨਹੀਂ ਹੋ ਸਕਦਾ, ਪਰ ਉਸ ਸੁਆਦ ਲਈ ਰੋੜਾਂ ਦਾ ਸਲੂਣਾਂ ਰਿੰਨ੍ਹਕੇ ਖਾਂਦਾ ਹੈ, ਤਿਵੇਂ ਇਹਨਾਂ ਮੂਰਖਾਂ ਨੇ ਨਾ--ਸ਼ਸਤ੍ਰਧਾਰੀਆਂ ਤੇ ਰੋਹ ਕੱਢਿਆ। ਖ਼ਾਨਜ਼ਾਦੇ ਨੇ ਇਥੋਂ ਟੁਰਕੇ ਭਲਾਨ ਪਿੰਡ ਆ ਡੇਰਾ ਕੀਤਾ। ਦੋ ਕੁ ਦਿਨ ਇਥੇ ਠਹਿਰ ਕੇ ਤੇ ਆਪਣੀ ਨਕਾਰੀ ਚੜ੍ਹਾਈ ਦੀ ਕੋਈ ਵਾਰਤਾ ਬਣਾ ਕੇ ਪਿਤਾ ਪਾਸ ਜਾ ਪੁੱਜਾ ਤੇ ਸਿਰ ਨੀਵਾਂ ਪਾ ਸ਼ਰਮਿੰਦਗੀ ਦੀ ਝੋਲੀ ਵਿਚ ਹੋ ਬੈਠਾ।

### ਗੀਤ[1]।

ਰਾਣੀ ਪੰਜਾਬ ਕੋਰ[2] ਕਲਗੀਆਂ ਵਾਲੇ ਦੇ ਵਿਯੋਗ ਵਿਚ--

ਸੁਣ ਕਲਗੀਆਂ ਵਾਲਿਆ ਵੇ ! ਮੈਂ ਅਰਜ਼ ਕਰਾਂ ਹੱਥ ਜੋੜਕੇ :-
ਮੁੜ ਆ ਜਾ ਵਿਹੜੇ ਵੇ ! ਘੋੜੇ ਦੀਆਂ ਵਾਗਾਂ ਮੋੜਕੇ।
ਸੁਣ ਸਾਂਈਆਂ ! ਮੈਂਡੇ ਪੁੱਤ ਅਵੈੜੇ ਜਿਨ੍ਹਾਂ ਡਾਢੇ ਧ੍ਰੋਹ ਕਮਾਏ,
ਔਖੀਆਂ ਵੇਲੇ ਲਿਖੇ ਬਿਦਾਵੇ, ਤੇ ਨ ਕੀਤੇ ਕੌਲ ਕਮਾਏ,
ਪਰ ਬਖਸ਼ਣ ਵਾਲਿਆ ਵੇ ! ਮੈਂ ਅਰਜ਼ ਕਰਾਂ ਹੱਥ ਜੋੜਕੇ :-
ਮੁੜ ਆ ਜਾ ਵਿਹੜੇ ਵੇ ! ਘੋੜੇ ਦੀਆਂ ਵਾਗਾਂ ਮੋੜਕੇ।
ਸੁਣ ਸਾਂਈਆਂ ! ਮੇਰੀ ਮਿੱਟੀ ਮਾੜੀ, ਜਿਨ ਜ਼ਾਲਮ ਪੈਦਾ ਕੀਤੇ,
ਤੇਰੇ ਜਿਹਾਂ ਤੇ ਚੜ੍ਹ ਚੜ੍ਹ ਆਏ, ਭਰ ਜ਼ਹਿਰ ਪਿਆਲੇ ਪੀਤੇ,
ਤੈਂ ਸਾਰ ਨ ਜਾਣਨ ਵੇ ! ਮੈਂ ਅਰਜ਼... ... ... ...
ਬਖ਼ਸ਼ੇਂ ਪਾਪ ਤੂੰ ਜ਼ੁਲਮ ਸਹਾਰੇਂ, ਕਦੀ ਔਗੁਣ ਨਾਹਿੰ ਚਿਤਾਰੇਂ,
ਤੂੰ ਬਖਸ਼ਿੰਦ ਅਣੋਖਾ ਦਾਤਾ, ਮੂੰਹੋਂ ਬਖਸ਼ੇਂ, ਤੇ ਮਨੋਂ ਵਿਸਾਰੇਂ,
ਸਦ ਰਹਿਮਤ ਵਾਲਿਆ ਵੇ ! ਮੈਂ ਅਰਜ਼... ... ... ...

ਕਲਗੀਆਂ ਵਾਲੇ ਦੀ ਸੱਦ-

ਤੂੰ ਸੁਣ ਧਰਤਿ ਸੁਹਾਵੀ ਸੋਹਣੀ, ਮੈਂ ਸਾਂ ਜ਼ਹਿਰ ਉਤਾਰਨ ਆਇਆ,
ਦੇ ਦੇ ਅੰਮ੍ਰਿਤ ਤਿਰੇ ਲਾਲ ਜਿਵਾਏ, ਜਿਨ੍ਹਾਂ ਰੰਗ ਤੁਧੇ ਨੂੰ ਲਾਇਆ।
ਸੁਣ ਕਰਮਾਂ ਵਾਲੀਏ ਨੀ ! ਹੱਥ ਸਾਂਈਂ ਅੱਗੇ ਜੋੜਕੇ;
ਰਹੁ ਨਾਮ ਜਪੰਦੀ ਤੂੰ; ਮਨ ਮਾਜਾ ਵਲੋਂ ਮੋੜਕੇ।

ਪੰਜਾਬ ਕੌਰ-

ਤਾਂ ਬੀ ਸੁਣ ਕਲਗੀਆਂ ਵਾਲਿਆ ਵੇ! ਮੈਂ ਅਰਜ਼ ਕਰਾਂ ਹੱਥ ਜੋੜ ਕੇ:-
ਮੁੜ ਆ ਜਾ ਵਿਹੜੇ ਵੇ! ਘੋੜੇ ਦੀਆਂ ਵਾਗਾਂ ਮੋੜਕੇ।

[1]ਇਹ ਗੀਤ ਸੰ: ਗੁ: ਨਾ: ਸਾ: ੪੬੧ (੧੯੩੦ ਈ) ਦੇ ਗੁਰ : ਸਪਤਮੀ ਪਰ ਖਾ: ਸਮਾਚਾਰ ਵਿਚ ਪ੍ਰਕਾਸ਼ਿਆ ਸੀ। [2]ਮਦਰ ਦੇਸ਼ ਦੀ ਧਰਤੀ ਤੋਂ ਮੁਰਾਦ ਹੈ।

## ੧੯. ਹੁਸੈਨੀ ਜੁੱਧ[3]

੧.

ਜਦੋਂ ਦਿਲਾਵਰ ਖ਼ਾਂ ਨੇ ਖ਼ਾਨਜ਼ਾਦੇ ਦੀ ਹਾਰ ਪੁੱਤਰ ਦੇ ਮੂੰਹੋਂ ਸੁਣੀ ਤਾਂ ਦੰਦ ਕ੍ਰੀਚ ਕ੍ਰੀਚਕੇ ਇਧਰ ਉਧਰ ਤੱਕਿਆ। ਉਸ ਵੇਲੇ ਦਿਲਾਵਰ ਦਾ ਇਕ ਗ਼ਲਾਮ, ਜੋ ਉਸ ਨੇ ਬਚਪਨ ਤੋਂ ਪਾਲਕੇ ਆਪਣੀ ਫ਼ੌਜ ਵਿਚ ਹੁੱਦੇਦਾਰ ਬਣਾਇਆ ਹੋਇਆ ਸੀ, ਸੱਦ ਵਿਚ ਆਕੇ ਬੋਲਿਆ :--"ਜੇ ਮੈਨੂੰ ਫ਼ੌਜ ਮਿਲ ਜਾਵੇ ਤਾਂ ਮੈਂ ਆਨੰਦਪੁਰ ਜਾਕੇ ਲੁੱਟ ਲਵਾਂਗਾ, ਪਹਾੜੀ ਰਾਜਿਆਂ ਤੋਂ ਮਾਮਲਾ ਵਸੂਲ ਕਰਾਂਗਾ, ਨਾ ਦੇਣਗੇ ਤਾਂ ਪਹਾੜੀ ਰਾਜਿਆਂ ਦੇ ਸਿਰ ਨੇਜ਼ੇ ਤੇ

3. ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ ਸ਼ਨੀਵਾਰ ਪੋਹ ਦੀ ੧੩ ਸੰ : ਗੁ : ਨਾ : ਸਾ : ੪੬੨ ਮੁਤਾਬਕ ੨੭ ਦਸੰਬਰ ੧੯੩੦ ਈ: ਨੂੰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਪ੍ਰੋਕੇ ਹਾਜ਼ਰ ਕਰਾਂਗਾ।"

ਦਿਲਾਵਰ—ਸ਼ਾਬਾਸ਼ ! ਤੇਰੇ ਨਾਲ ਦੋ ਹਜ਼ਾਰ ਸੂਰਮਿਆਂ ਦੀ ਫ਼ੌਜ ਦਿੰਦਾ ਹਾਂ।

ਹੁਸੈਨ—ਬੱਸ ਕਾਫ਼ੀ ਹੈ, ਇੱਨੀ ਫ਼ੌਜ ਦੇ ਨਾਲ ਮੈਂ ਆਪ ਨੂੰ ਦੱਸਾਂਗਾ ਕਿ ਮੈਂ ਕੀਹ ਕੁਛ ਕਰ ਸਕਦਾ ਹਾਂ।

ਦਿਲਾਵਰ—ਤੂੰ ਬਹੁਤ ਬਹਾਦਰ ਹੈਂ, ਪਰ ਗੁਰੂ ਬੀ ਬੜਾ ਸੂਰਬੀਰ ਹੈ, ਉਸ ਨੂੰ ਫਤੇ ਕਰਨਾ ਖੇਲ ਨਹੀਂ। ਅਲਫ਼ ਖ਼ਾਂ ਅੱਖੀਂ ਵੇਖ ਆਇਆ ਹੈ, ਮੂੰਹੋਂ ਮੂੰਹ ਲੜਕੇ ਨਾਦੌਣ ਵਿਚ ਤਜਰਬਾ ਕਰ ਆਇਆ ਹੈ। ਮੇਰੀ ਸਲਾਹ ਹੈ ਕਿ ਇਸ ਨੂੰ ਬੀ ਤੇਰੀ ਸੈਨਾਂ ਵਿਚ ਤੇਰੇ ਨਾਲ ਘੱਲਾਂ, ਇਸ ਦੀ ਵਾਕਫੀ ਸੁਖ ਦੇਵੇਗੀ। ਕਿਉਂ ਅਲਫ਼ ਖ਼ਾਂ ?

ਅਲਫ਼ਖ਼ਾਂ—ਜਿਵੇਂ ਹਜ਼ੂਰ ਦਾ ਹੁਕਮ ਹੈ ਮੈਂ ਹਾਜ਼ਰ ਹਾਂ।

ਹੁਸੈਨ—ਬਹੁਤ ਅੱਛਾ ਹੈ।

ਦਿਲਾਵਰ—ਕੋਈ ਸਰਦਾਰ ਹੋਰ ਬੀ ਟੋਰਾਂ ?

ਹੁਸੈਨ—ਬੱਸ ਕਾਫੀ ਹੈ।

ਅਲਫ਼ ਖ਼ਾਂ-ਜਿੰਨੀ ਜਮੀਅਤ ਮਜ਼ਬੂਤ ਕਰ ਘੱਲੋ ਉੱਨੀ ਚੰਗੀ ਹੈ। ਇਕ ਤਾਂ ਗੁਰੂ ਭਾਰੀ ਸੂਰਮਾਂ ਹੈ, ਨਾਦੌਣ ਦੇ ਜੰਗ ਵਿਚ ਉਸ ਦੇ ਖੱਬੇ ਹੱਥ ਦੇ ਚਲਾਏ ਤੀਰ ਨਿਸ਼ਾਨੇ ਬੈਠਦੇ ਸਨ, ਅਰ ਸਾਡੇ ਕਿੰਨੇ ਸੂਰਮੇ ਉਹਦੇਦਾਰ ਇਨ੍ਹਾਂ ਖੱਬੇ ਹੱਥ ਦੇ ਤੀਰਾਂ ਨਾਲ ਮਾਰੇ ਗਏ ਸਨ। ਦੂਸਰੇ, ਖਾਂ ਸਾਹਿਬ ! ਕੁਛ ਕਸ਼ਫ ਬੀ ਹੈ।

ਹੁਸੈਨ—ਤਲਵਾਰ ਦੇ ਅੱਗੇ ਕਸ਼ਫ ਕੀਹ ਸ਼ੈ ਹੈ ?

ਅਲਫ਼ ਖ਼ਾਂ—ਪਰ ਉਥੇ ਨਿਰਾ ਕਸ਼ਫ਼ ਨਹੀਂ ਨਾਲ, ਤਲਵਾਰ ਬੀ ਹੈ। ਤਲਵਾਰ ਨਾਲ ਤਲਵਾਰ ਢੁੱਕਦੀ ਹੈ ਤੇ ਕਸ਼ਫ਼ ਵਾਧੇ ਦੀ ਗੋਤ ਮਾਰਦਾ ਹੈ।

ਦਿਲਾਵਰ—ਅਲਫ਼ ਖ਼ਾਂ ! ਪਹਿਲਾਂ ਹੀ ਦਿਲ ਨਿੱਕਾ ਕਰ ਕੇ ਨਾ ਟੁਰੋ ਨਾਂ !

ਅਲਫ਼ਖ਼ਾਂ—ਦਿਲ ਨਿੱਕਾ ਕਰਨੇ ਦੀ ਗੱਲ ਨਹੀਂ; ਆਪ ਨੇ ਫੁਰਮਾਇਆ ਸੀ ਕਿ ਹੋਰ ਸਰਦਾਰ ਨਾਲ ਕਰਦਿਆਂ ? ਤੇ ਮੈਂ ਕਿਹਾ ਸੀ ਕਿ ਜਿੰਨੀ ਜਮੀਅਤ ਤਕੜੀ ਕਰ ਦਿਓ ਚੰਗੀ ਹੈ; ਸ਼ੱਤ੍ਰ ਤਕੜਾ ਹੈ, ਅਸੀਂ ਜਾਈਏ ਤੇ ਹਾਰ ਕੇ ਨਾ ਆਈਏ। ਹੋਰ ਡਰਨ ਵਾਲੀ ਗੱਲ ਕੀ ਹੈ, ਮਲਾਹਾਂ ਦੀ ਕਬਰ ਸਦਾ ਪਾਣੀ ਵਿਚ ਤੇ ਸੂਰਮਿਆਂ ਦੀ ਸਦਾ ਲਹੂ ਵਿਚ। ਮਰਨਾ ਮੰਡ ਲਿਆ ਤੇ ਫੇਰ ਡਰਨਾ ਕੀਹ ?

ਦਿਲਾਵਰ ਸੋਚੀਂ ਪੈ ਗਿਆ। ਢੇਰ ਚਿਰ ਮਗਰੋਂ ਬੋਲਿਆ :- ਅਲਫ਼ ਖ਼ਾਂ ਠੀਕ ਆਖਦਾ ਹੈ। ਜਾਈਏ ਹਰਨ ਦੇ ਸ਼ਿਕਾਰ ਨੂੰ ਪਰ ਤਿਆਰੀ ਕਰੀਏ ਸ਼ੇਰ ਦੇ ਸ਼ਿਕਾਰ ਦੀ। ਮੈਂ, ਚੰਦਨ ਸਿੰਹ, ਨੂਰਪੁਰੀਆ ਰਾਜਾ, ਸ਼ਮਸ਼ੇਰਖ਼ਾਂ ਤੇ ਕ੍ਰਿਤਾਰਾਮ ਰਈਸਾਂ ਨੂੰ ਖ਼ਤ ਲਿਖਦਾ ਹਾਂ ਉਹ ਬੀ ਤੁਸਾਂ ਨੂੰ ਆ ਮਿਲਣਗੇ।[1] ਇਕ ਤਾਂ ਤਾਕਤ ਵਧੇਗੀ, ਦੂਸਰੇ ਸਲਾਹ ਮਸ਼ਵਰੇ ਵਿਚ ਸਹਾਇਤਾ ਹੋਵੇਗੀ, ਤੀਸਰੇ ਹਿੰਦੂ ਰਈਸ ਨਾਲ ਹੋਏ ਹਿੰਦੂ ਰਾਜਿਆਂ ਨੂੰ ਆਪੋ ਵਿਚ ਪਾੜਨ ਤੇ ਸ਼ਰਨ ਲੈ ਆਉਣ ਵਿਚ ਚੰਗੇ ਕੰਮ ਦੇ ਸਾਬਤ ਹੋਣਗੇ।

ਹੁਸੈਨ—ਬਹੁਤ ਅੱਛਾ ! ਜਿਵੇਂ ਆਗਿਆ ਹੈ।

ਅਲਫਖ਼ਾਂ—ਬਹੁਤ ਠੀਕ ਹੈ। ਮੇਰੀ ਕਾਂਗੜੇ ਦੇ ਰਾਜੇ (ਕਟੋਚੀਏ) ਨਾਲ ਚੰਗੀ ਰਫਾਕਤ ਹੈ, ਹੁਕਮ ਹੋਵੇ ਤਾਂ ਉਸ ਨੂੰ ਲਿਖ ਘੱਲਾਂ ਕਿ ਸਾਨੂੰ ਆ ਮਿਲੇ ਤੇ ਕੋਸ਼ਿਸ਼ ਕਰੇ ਕਿ ਭੀਮਚੰਦ ਨੂੰ ਨਾਲ ਗੰਢ ਲਿਆਵੇ। ਉਹ ਨਾ ਹੋਵੇ ਕਿ ਭੀਮ ਚੰਦ ਗੁਰੂ ਜੀ ਨਾਲ ਜਾ ਰਲੇ। ਨਾਦੌਣ ਵਾਲੇ ਜੁੱਧ ਤੋਂ ਗੁਰੂ ਜੀ ਨਾਲ ਉਸ ਦੀ ਰਫ਼ਾਕਤ ਹੈ। ਹਾਂ, ਪਰ ਜਦੋਂ ਭੀਮ ਚੰਦ ਨੇ ਸਾਡੇ ਨਾਲ ਚੋਰੀ ਸੁਲਹ ਕਰ ਲਈ ਸੀ ਤਦ ਗੁਰੂ ਜੀ ਨੇ ਇਸ ਗੱਲ ਨੂੰ ਪਸੰਦ ਨਹੀਂ ਸੀ ਕੀਤਾ। ਭੀਮ ਚੰਦ ਭਾਵੇਂ ਉਨ੍ਹਾਂ ਨਾਲ ਉੱਤੋਂ ਮਿੱਤ੍ਰਤਾ ਨਿਬਾਹ ਰਿਹਾ ਹੈ, ਪਰ ਜਦ ਕਟੋਚੀਆ ਉਸ ਨੂੰ ਦੱਸੇਗਾ ਕਿ ਇਹ ਜੰਗ ਗੁਰੂ ਜੀ ਨਾਲ ਹੈ ਤਾਂ ਉਹ ਸ੍ਵਾਰਥ ਅੱਗੇ ਰੱਖਕੇ ਮੈਨੂੰ ਨਿਸ਼ਚਾ ਹੈ ਕਿ ਸਾਡੇ ਨਾਲ ਆ ਰਲੇਗਾ। ਐਉਂ ਰੋਅਬ ਪਾ ਕੇ ਰਾਜੇ ਰਾਣੇ ਨਿੱਕੇ ਮੋਟੇ ਸਾਰੇ ਸ਼ਰਨ ਮੰਨਣਗੇ ਤੇ ਅਚਰਜ ਨਹੀਂ ਕਿ ਗੁਰੂ ਜੀ ਬੀ ਇੱਡੀ ਤਾਕਤ ਨਾਲ ਅੜਨਾ ਪਸੰਦ ਨਾ ਕਰਨ।

ਦਿਲਾਵਰ—ਬਹੁਤ ਖੂਬ ! ਅਲਫ਼ ਖ਼ਾਂ ! ਤੂੰ ਬੜਾ ਸ਼ਤ੍ਰੰਜ ਬਾਜ਼ ਹੈਂ, ਤੇਰੀਆਂ ਚਾਲਾਂ ਦੀ ਸਾਰੇ ਧਾਕ ਹੈ। ਹੁਸੈਨ ਤੇਰੇ ਮਸ਼ਵਰੇ ਤੋਂ ਲਾਭ ਲੈਂਦਾ ਰਹੇਗਾ।

ਹੁਸੈਨ—ਜਿਸ ਤਰ੍ਹਾਂ ਫੁਰਮਾਓਗੇ ਕਰਾਂਗਾ; ਪਰ ਮੈਂ ਬਹੁਤਾ ਤਲਵਾਰ ਤੇ ਭਰੋਸਾ ਰੱਖਦਾ ਹਾਂ ਤੇ ਭੈ ਬਿਠਾਕੇ ਜ਼ੋਰ ਜ਼ੁਲਮ ਨਾਲ, ਸਮਝਦਾ ਹਾਂ ਕਿ, ਛੇਤੀ ਕੰਮ ਸੰਵਰਦਾ ਹੈ।

ਦਿਲਾਵਰ—ਠੀਕ ਹੈ, ਪਿਆਰ ਬੜੇ ਕੰਮ ਸੁਆਰਦਾ

---

1. ਅਲਫ਼ਖ਼ਾਂ, ਚੰਦਨ ਸਿੰਹ ਰਾਜਾ ਨੂਰਪੁਰੀਆ ਸ਼ਮਸ਼ੇਰ ਖ਼ਾਂ, ਕ੍ਰਿਤਾਰਾਮ ਰਈਸ ਬੀ ਆਪਣੀ ਆਪਣੀ ਫੌਜ ਸਮੇਤ ਉਹਦੇ ਨਾਲ ਤੋਰੇ। (ਤਵਾ : ਖਾਲਸਾ)

ਹੈ, ਪਰ ਮੌਲਾ ਬਖਸ਼ (ਸੋਟਾ) ਸਾਰੇ ਕੰਮ ਸਾਰਦਾ ਹੈ, ਤੇ ਅਕਲ ਦੀ ਚੁੰਝ ਪੱਥਰਾਂ ਨੂੰ ਪਾੜਦੀ ਹੈ।

ਹੁਸੈਨ—ਦਰੁਸਤ ! ਅਲਫ਼ ਖ਼ਾਂ ਮੇਰੇ ਨਾਲ ਮੇਰਾ ਮੁੱਖ ਸਲਾਹਗੀਰ ਰਹੇਗਾ। ਅਸਾਂ ਕੰਮ ਸਿਰੇ ਚਾੜ੍ਹਨਾ ਹੈ ਜਿਵੇਂ ਬੀ ਚੜ੍ਹੇ।

ਦਿਲਾਵਰ—ਮੁਨਸ਼ੀ ! ਲਿਖੋ ਪਰਵਾਨੇ ਸਾਰਿਆਂ ਨੂੰ ਜਿਨ੍ਹਾਂ ਦੇ ਨਾਮ ਹੁਣ ਲਏ ਹਨ, ਸਾਡੀ ਵਲੋਂ ਕਿ ਸਾਰੇ ਆ ਮਿਲਣ ਹੁਸੈਨ ਨੂੰ। ਕਟੋਚ ਤੇ ਭੀਮ ਚੰਦ ਦਾ ਫਿਕਰ ਅਲਫ਼ ਖ਼ਾਂ ਆਪ ਕਰੇਗਾ।

੨.

**ਹੁਸੈਨ** ਸੈਨਾਂ ਤੇ ਸਰਦਾਰ ਤੇ ਰਈਸ ਨਾਲ ਲੈ ਕੇ ਟੁਰ ਪਿਆ। ਇਹ ਆਦਮੀ ਬੜਾ ਜ਼ਾਲਮ ਸੀ[1]। ਸੋ ਪਹਾੜੀ ਦੂਨਾਂ ਦੇ ਇਲਾਕੇ ਵੜਦਾ ਹੀ ਜ਼ੋਰ ਜ਼ੁਲਮ ਤੇ ਉਤਰ ਪਿਆ। ਰਸਤੇ ਵਿਚ ਜੋ ਰਈਸ, ਰਾਉ, ਰਾਣਾ ਆਇਆ ਯਾ ਤਾਂ ਉਸ ਤੋਂ ਚੱਟੀ ਲਈ ਯਾ ਮਾਰ ਕੁੱਟਕੇ ਬਰਬਾਦ ਕੀਤਾ। ਰਸਤੇ ਵਿਚ ਜੋ ਜ਼ਰਾ ਸਿਰ ਕੱਢਦੇ ਪਿੰਡ ਨਜ਼ਰ ਆਏ ਸਭ ਨੂੰ ਲੁੱਟਦੇ ਕੁੱਟਦੇ ਟੁਰੀ ਗਏ। ਜਦੋਂ ਡਢਵਾਲ ਅੱਪੜੇ ਤਾਂ ਰਾਜਾ ਨੇ ਮੁਕਾਬਲਾ ਕੀਤਾ, ਪਰ ਇਕੱਲਾ ਹੋਣ ਕਰਕੇ ਹਾਰ ਗਿਆ ਤੇ ਸ਼ਰਨ ਲੈ ਕੇ ਪ੍ਰਾਣ ਬਚਾਏ। ਅਲਫ਼ਖ਼ਾਂ ਦੇ ਲਿਖਣ ਤੇ ਤ੍ਰੈ ਰੋਜ਼ ਦੀ ਕੁੱਟ ਮਾਰ ਅਰ ਕਾਮਯਾਬੀਆਂ ਸੁਣ ਕੇ ਕ੍ਰਿਪਾਲ ਕਟੋਚੀਆ ਬੀ ਆ ਮਿਲਿਆ ਤੇ ਆਪਣੀ ਕੁਛ ਸੈਨਾਂ ਬੀ ਨਾਲ ਲੈ ਆਇਆ। ਇਸ ਨਾਲ ਤਾਕਤ ਹੋਰ ਵਧ ਗਈ। ਹੁਣ ਅਲਫ਼ ਖ਼ਾਂ ਨੇ ਭੀਮ ਚੰਦ ਨੂੰ ਨਾਲ ਰਲਾਉਣ ਦੇ ਜੋ ਮਨਸੂਬੇ ਬੱਧੇ ਸਨ ਹੋਰ ਅਮਲੀ ਸ਼ਕਲ ਲੈਣ ਲੱਗੇ। ਭੀਮ ਚੰਦ ਦਾ ਚਾਹੇ ਸਤਿਗੁਰਾਂ ਨਾਲ ਇਕਰਾਰ ਨਾਮਾ ਹੋ ਚੁਕਾ ਸੀ ਕਿ ਦੁਵੱਲੀ ਇਕ ਦੂਸਰੇ ਦੀ ਫੌਜੀ ਕੁਮਕ ਕਰਿਆ ਕਰਨਗੇ, ਅਜੇ ਹੁਣ ਹੀ ਨਾਦੌਣ ਦੇ ਜੁੱਧ ਵਿਚ ਗੁਰੂ ਜੀ ਕੁਮਕ ਕਰ ਕੇ ਉਹਨਾਂ ਦਾ ਧਨ, ਧਾਮ ਤੇ ਸਨਮਾਨ ਬਚਾ ਚੁਕੇ ਸੇ, ਪਰ ਹੁਣ ਭੀਮ ਚੰਦ ਸਮਾਂ ਵਿਚਾਰ ਕੇ ਧਰਮ ਹਾਰ ਗਿਆ ਤੇ ਗੁਰੂ ਜੀ ਦੀ ਕੁਮਕ ਤੇ ਖੜੋਨ ਦੀ ਥਾਂ ਉਹਨਾਂ ਉਤੇ ਹੱਲਾ ਕਰਨ ਵਾਲਿਆਂ ਨਾਲ ਆ ਰਲਿਆ। ਇਹ ਸੀ ਉਸ ਸਮੇਂ ਦੇ ਹਿੰਦੂ ਸੂਰਬੀਰਾਂ ਦਾ ਧਰਮ ਕਿ ਨਾ ਕੇਵਲ ਵੇਲੇ ਸਿਰ ਮਦਦ ਦੇਣੋਂ ਸਿਰ ਫੇਰ ਦੇ ਸਨ, ਮਗੋਂ ਬਦੇਸ਼ੀ ਸ਼ੱਤ੍ਰੂਆਂ ਨਾਲ ਮਿਲਕੇ ਆਪਣਿਆਂ ਦੇ ਸ਼ੱਤ੍ਰੂ ਬਣ ਕੇ ਮਾਰਨ ਟੁਰ ਪੈਂਦੇ ਸਨ।

ਜਦੋਂ ਇਤਨੀ ਜਮੀਅਤ ਕੱਠੀ ਹੋ ਗਈ ਤਾਂ ਪਹਾੜੀ ਰਾਜਿਆਂ ਰਾਣਿਆਂ, ਦੂਨ ਦੇ ਰਈਸ ਤੇ ਰਾਉ ਤੇ ਰਾਇਆਂ ਵਿਚ ਭੈ ਛਾ ਗਿਆ। ਇਕ ਦੂਸਰੇ ਤੋਂ ਅੱਗੇ ਆ ਆ ਕੇ ਖ਼ਿਰਾਜ ਦੇਣ ਤੇ ਈਨਾਂ ਮੰਨਣ ਲਗ ਪਏ। ਜਿਨ੍ਹਾਂ ਜਿਨ੍ਹਾਂ ਵਲ ਮਾਮਲੇ ਕੱਠੇ ਹੋ ਰਹੇ ਸੇ ਤੇ ਕੁਛ ਚਿਰਾਂ ਤੋਂ ਨਹੀਂ ਸੇ ਤਰੇ, ਸਭ ਭਰਨ ਲਗ ਪਏ।

੩.

**ਸਾਹਿਬ** ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਸ੍ਰੀ ਸਾਹਿਬ ਦੇ ਧਨੀ ਆਨੰਦਪੁਰ ਵਿਚ ਆਪਣੇ ਗੁਪਤ ਸਲਾਹ ਵਾਲੇ ਘਰ ਵਿਚ ਬੈਠੇ ਆਪਣੀ ਸੈਨਾਂ ਦੇ ਸਿਰ ਕਰਦਿਆਂ ਨਾਲ ਵਿਚਾਰਾਂ ਕਰ ਰਹੇ ਹਨ। ਇਸ ਵੇਲੇ ਮਾਤਾ ਜੀ, ਕੁਛ ਸਿਰਕਰਦੇ ਮਸੰਦ ਤੇ ਤ੍ਰੈਏ ਭਾਣਜੇ ਬੀਰ ਆ ਗਏ। ਮਾਤਾ ਜੀ ਨੇ ਹੁਸੈਨੀ ਦੇ ਹੱਲੇ ਦਾ ਹਾਲ ਸੁਣ ਕੇ ਆਖਿਆ ਕਿ—ਉਹ ਭਾਰੀ ਸੈਨਾਂ ਨਾਲ ਆ ਰਿਹਾ ਹੈ ਭੀਮ ਚੰਦ ਬੀ ਜਾ ਰਲਿਆ ਹੈ। ਆਪ ਨੇ ਅਜੇ ਕੋਈ ਤਿਆਰੀ ਨਹੀਂ ਕੀਤੀ। ਜੇ ਕਰ ਬੀ ਲੈਂਦੇ ਤਾਂ ਸਾਡੀ ਸੈਨਾਂ ਥੋੜੀ ਹੈ, ਮੁਕਾਬਲਾ ਮੁਸ਼ਕਿਲ ਹੈ, ਇਸ ਲਈ ਇਹ ਚੰਗੀ ਗੱਲ ਹੋਵੇ ਕਿ ਕਿਸੇ ਸਿਆਣੇ ਮਸੰਦ ਨੂੰ ਘੱਲਕੇ ਹੁਸੈਨ ਨਾਲ ਸੁਲਹ ਸਾਲਸੀ ਕਰ ਲਈ ਜਾਏ, ਜਾਂ ਕੋਈ ਐਸੀ ਜੁਗਤ ਕਰੋ ਕਿ ਜੰਗ ਨਾ ਹੋਵੇ, ਆਨੰਦਪੁਰ ਸੁਖੀ ਵੱਸੇ।

ਗੁਰੂ ਜੀ—ਮਾਤਾ ਜੀ ! ਘਬਰਾਉਣ ਦੀ ਲੋੜ ਨਹੀਂ ਹੈ, ਮੈਂ ਆਪਣਾ ਕੰਮ ਆਪ ਨਹੀਂ ਕਰ ਰਿਹਾ, ਜਿਸ ਦਾ ਕੰਮ ਇਹ ਹੈ ਉਹ ਆਪ ਆਪਣੇ ਕੰਮ ਨੂੰ ਸੁਆਰ ਰਿਹਾ ਹੈ, ਉਹ ਅਕਾਲ ਪੁਰਖ ਇਸ ਵੇਲੇ ਆਪ ਰੱਖਿਆ ਕਰ ਰਿਹਾ ਹੈ ਤੇ ਉਸਨੇ ਹੁਸੈਨ ਨੂੰ ਇਥੋਂ ਤਕ ਅੱਪੜਨ ਹੀ ਨਹੀਂ ਦੇਣਾ। ਹੁਸੈਨ ਆਨੰਦਪੁਰ ਪੁੱਜਣ ਤੋਂ ਪਹਿਲਾਂ ਤਬਾਹ ਹੋ ਜਾਏਗਾ। ਮਸੰਦ ਘਾਬਰਦੇ ਹਨ, ਉਹ ਸੱਚੇ ਹਨ, ਉਨ੍ਹਾਂ ਨੂੰ ਜੰਗ ਜੁੱਧ ਦੀ ਸੋਝੀ ਨਹੀਂ। ਉਹ ਆਪਣਾ ਤੇ ਮੇਰਾ ਭਲਾ ਲੋਚਦੇ ਹਨ ਪਰ ਉਹ ਨਹੀਂ ਵੇਖ ਸਕਦੇ ਕਿ ਮੈਂ ਅਰਾਮ ਕਰਨ ਵਾਸਤੇ ਨਹੀਂ ਆਇਆ, ਮੈਂ ਦੁਖੀ ਜਗਤ ਦੇ ਦੁਖ ਦਗਧ ਕਰਨ ਆਇਆ ਹਾਂ, ਆਪਣੇ ਸਿਰ ਬਲਾਈਂ ਲੈਕੇ ਬਲਾਈਂ ਟਾਲਣ ਆਇਆ ਹਾਂ।

ਨੰਦ ਚੰਦ—ਆਪ ਦੇ ਵਾਕ ਸਤਿ ਹਨ, ਸਦਾ ਸਤਿ

1. ਤਵਾ : ਖਾ :।

ਰਹਿਣਗੇ, ਪਰ ਸੰਸਾਰਕ ਮਰਿਯਾਦਾ ਹੈ ਕਿ ਸਮੇਂ ਤੋਂ ਪਹਿਲਾਂ ਕੁਛ ਫਿਕਰ ਕਰ ਲਿਆ ਜਾਵੇ। ਮੁਗਲਰਾਜ ਦੁਪਹਿਰਾਂ ਦਾ ਸੂਰਜ ਹੈ, ਇਸ ਵੇਲੇ ਇਸ ਨਾਲ ਵਿਗਾੜ ਨਾ ਪਏ ਤਾਂ ਚੰਗਾ ਹੈ। ਇਹ ਸੁਣਕੇ ਗੁਰੂ ਜੀ-

ਗਰਜੇ ਸਭਾ ਬੀਚ ਬਲ ਭਾਰੀ। "ਹਮ ਇਨਕੀ ਜੜ ਦੇਇ ਉਖਾਰੀ। ਰਾਜ ਪ੍ਰਤਾਪ ਦੂਰ ਸਭ ਜੈਹੈ! ਨਹੀਂ ਨਗਾਰਬੰਦ ਕੋ ਹ੍ਵੈ ਹੈ॥ ੧੧॥ ਧਨ ਗਨ ਛੀਨਹਿ ਰੰਕ ਬਨਾਵਹਿਂ। ਨਿਜ ਦਾਸਨ ਕੋ ਰਾਜ ਵਧਾਵਹਿਂ। ਜੇ ਗੁਲਾਮ ਲੇ ਦਲ ਸਮੁਦਾਈ। ਆਇ ਕਰੈ ਹਮ ਸੰਗ ਲਰਾਈ॥ ੧੨॥ ਇਮ ਰਣ ਕਰਹਿਂ ਉਪਾਵਹਿਂ ਤ੍ਰਾਸਾ। ਹੱਥਜਾਰਨ ਤੇ ਹੋਇ ਬਿਨਾਸਾ। ਖੜਗ ਕੇਤ ਕੇ ਕੌਤਕ ਪਿਖੋ। ਕਹਾਂ ਕਰਤ ਹੈ ? ਸੁਖ ਸੌਂ ਲਖੋ॥ ੧੩॥ ਅਪਰ ਥਾਨ ਹੀ ਮਰ ਕਰਿ ਰਹੈ। ਹਮਰੀ ਨਹਿਂ ਸਮੀਪਤਾ ਲਹੈ। ਘਟਾ ਸਮਾਨ ਬਨਾਵਤ ਆਵੈ। ਕਾਲ ਕਰਮ ਕੋ ਕਰਮ ਨ ਪਾਵੈ॥ ੧੪॥ ਬਾਯੁ ਮਨਿੰਦ ਉਡਾਇ ਖਪਾਵੈਂ। ਪਿਖਿਨ ਰਹੇ ਕਿਤ ਸੁਨਿਯੋ ਨ ਜਾਵੈ। ਤਊ ਨੰਦ ਚੰਦ ! ਸੁਨੀਅਹਿ ਕਾਨ। ਰਣ ਸਮਾਜ ਕਰਿ ਬਨਿ ਸਵਧਾਨ॥ ੧੫॥ ਗੁਲਕਾਂ ਗਨ ਬਰੂਦ ਬਰਤਾਵੋ। ਸੁਧ ਕੋ ਰਖੋ ਜਸੂਸ ਪਠਾਵੋ। ਸਰਬ ਪ੍ਰਕਾਰ ਧਾਰਿ ਤਕਰਾਈ। ਆਵਹਿ ਰਣ ਕਰਿ ਹੈ ਅਗੁਵਾਈ॥ ੧੬॥" (ਸੂ: ਪ੍ਰ: ਰੁ: ੨ ਅੰਸੂ ੪੮)

ਗੁਰੂ ਕੇ ਗਰਜਵੇਂ ਪਰ ਗੰਭੀਰ ਵਾਕ ਸੁਣਕੇ ਮਾਤਾ ਜੀ ਨੂੰ ਤਾਂ ਨਿਸ਼ਚਾ ਆ ਗਿਆ; ਉਹ ਜਾਣਦੇ ਸਨ ਕਿ ਜੋ ਵਾਕ ਮੂੰਹੋਂ ਨਿਕਲਦੇ ਹਨ ਸਦਾ ਸੱਚ ਹੁੰਦੇ ਹਨ। ਸੋ ਉਹ ਦਿਲੋਂ ਮੰਨ ਗਏ ਕਿ ਹੁਸੈਨ ਆਨੰਦਪੁਰ ਅੱਪੜਨ ਤੋਂ ਪਹਿਲਾਂ ਮਰ ਮਿਟ ਜਾਵੇਗਾ। ਨੰਦ ਚੰਦ ਨੂੰ ਤਸੱਲੀ ਹੋ ਗਈ ਕਿ ਤਿਆਰੇ ਦਾ ਹੁਕਮ ਹੋ ਗਿਆ ਹੈ; ਉਹ ਜੇ ਆ ਬੀ ਗਿਆ ਤਾਂ ਸਗੋਂ ਸਾਨੂੰ ਬੇਤਿਆਰਾਂ ਨੂੰ ਤਾਂ ਨਾ ਆਕੇ ਮਾਰ ਲਏਗਾ, ਪਰ ਧੁਖ ਧੁਖੀ ਕਾਲਜੇ ਵਿਚ ਰਹੀ ਕਿ ਖ਼ਬਰੇ ਜੰਗ ਦਾ ਰੰਗ ਕਿਸ ਢੰਗ ਤੇ ਬੈਠੇ, ਪਰ ਬੀਰਤਾ ਵਾਲੀ ਤਿਆਰੀ ਲਈ ਦਿਲ ਵਿਚ ਉੱਦਮ ਦੇ ਉਤਸ਼ਾਹ ਵੀ ਸੀ। ਤ੍ਰੈ ਭਣੇਵੇਂ ਬੀਰ ਸਨ ਉਹ ਜੁੱਧ ਲਈ ਤਿਆਰ ਸਨ। ਇਹ ਬੀ ਜਾਣਦੇ ਸਨ ਕਿ ਉਂਞ ਤਾਂ ਸਭ ਵਾਕ ਸਦਾ ਸੱਤਿ ਹੁੰਦੇ ਹਨ ਪਰ ਜਦੋਂ ਕਦੇ ਗੁਰੂ ਜੀ ਇਸ ਪ੍ਰਕਾਰ ਦੇ ਵਾਕ ਗਰਜਵੀਂ ਸੁਰ ਵਿਚ ਕਰਿਆ ਕਰਦੇ ਹਨ, ਉਹ ਵਾਕ ਬ੍ਰਹਮ ਅਸਤ੍ਰ ਵਾਂਙੂ ਅਮੋਘ ਹੋਯਾ ਕਰਦੇ ਹਨ। ਪਰ ਹੋਰ ਮਸੰਦ ਉਦਾਸੀਨ ਹੀ ਉੱਠਕੇ ਗਏ, ਕਿਉਂਕਿ ਉਨ੍ਹਾ ਦਾ ਧਿਆਨ ਏਥੇ ਰਹਿੰਦਾ ਸੀ ਕਿ ਸਮਾਜ ਬਣਿਆ ਰਹੇ, ਟੁਰਿਆ ਰਹੇ, ਵਿਘਨ ਨਾ ਪਵੇ, ਸਾਨੂੰ ਖੇਚਲ ਨਾ ਪਵੇ।

ਚਤਰ ਸਿੰਘ ਨਾਮੇ ਬੈਰਾੜ ਇਕ ਸੂੰਹੀਆਂ ਸੀ ਗੁਰੂ ਜੀ ਦਾ। ਇਸ ਨੂੰ ਟੋਰ ਦਿੱਤਾ ਗਿਆ ਸਾਰਾ ਹੋਰ ਪ੍ਰਬੰਧ ਤੇ ਸਾਮਾਨ ਕਰਕੇ ਕਿ ਜਾਕੇ ਸਾਰੇ ਹਾਲਾਤ ਪਤਾ ਕਰਦਾ ਰਹੇ ਤੇ ਰੋਜ਼ ਦੇ ਰੋਜ਼ ਖ਼ਬਰ ਘੱਲਦਾ ਰਹੇ। ਤਵਾਰੀਖ਼ ਖ਼ਾਲਸਾ ਵਿਚ ਲਿਖਿਆ ਹੈ ਕਿ ਇਹ ਚਤਰ ਸਿੰਘ ਫ਼ਾਰਸੀ ਪਸ਼ਤੋ ਤੇ ਪਹਾੜੀ ਬੋਲੀਆਂ ਦਾ ਚੰਗਾ ਜਾਣੂੰ ਸੀ। ਐਉਂ ਆਨੰਦਪੁਰ ਵਿਚ ਹੱਲੇ ਦੀਆਂ ਖ਼ਬਰਾਂ ਅੱਪੜਨ ਦਾ ਤੇ ਜੇ ਵੈਰੀ ਆ ਹੀ ਪਵੇ ਤਾਂ ਅਗੋਂ ਟਾਕਰਾ ਕਰਨ ਦਾ ਤਿਆਰਾ ਹੋਇਆ।

ਮਸੰਦ ਦੇ ਚਲੇ ਜਾਣ ਮਗਰੋਂ ਸਤਿਗੁਰਾਂ ਨੇ ਸਾਰੀ ਤਿਆਰੀ ਤੇ ਵਿਉਂਤ ਆਪਣੇ ਸੈਨਾਂਪਤੀ ਨਾਲ ਵਿਚਾਰ ਲਈ ਤੇ ਅੱਡ ਅੱਡ ਪਹਿਲੂਆਂ ਤੇ ਹੋਰ ਬੀ ਸੋਚਾਂ ਸੋਚ ਲਈਆਂ।

ਇਸ ਤੋਂ ਕੁਛ ਦਿਨ ਮਗਰੋਂ ਚਤਰ ਸਿੰਘ ਦੀ ਘੱਲੀ ਖ਼ਬਰ ਆਈ ਕਿ 'ਹੁਸੈਨੀ ਦਾ ਦਲ ਹੁਣ ਗੁਲੇਰ ਨੂੰ ਪ੍ਰਾਜੈ ਕਰਨ ਤੇ ਉਤਰਿਆ ਪਿਆ ਹੈ। ਜੇ ਤਾਂ ਗੁਲੇਰ ਮਿਲ ਪਿਆ ਤਾਂ ਫੇਰ ਹਮਲਾ ਆਨੰਦਪੁਰ ਤੇ ਹੋਵੇਗਾ, ਨਹੀਂ ਤਾਂ ਹੁਸੈਨ ਪਹਿਲਾਂ ਗੁਲੇਰ ਵੱਲ ਰੁਖ਼ ਕਰੇਗਾ, ਮਗਰੋਂ ਆਨੰਦਪੁਰ ਵਲ ਟੁਰੇਗਾ। ਗੁਪਤ ਖ਼ਬਰ ਇਹ ਭੀ ਹੈ ਕਿ ਗੁਲੇਰ ਦੇ ਘਰ ਜੰਗ ਦੀ ਤਿਆਰੀ ਬੀ ਹੈ, ਪਰ ਉਹ ਕੁਛ ਰੁਪੱਯੇ ਦੇਕੇ ਜੇ ਬਲਾ ਟਲੇ ਤਾਂ ਟਾਲਣ ਨੂੰ ਭੀ ਤਿਆਰ ਹੈ। ਭੀਮ ਚੰਦ ਤੇ ਕਟੋਚੀਆ ਵਿਚ ਪਏ ਹੋਏ ਹਨ ਤੇ ਨਾਲੇ ਇਹ ਬੀ ਕਿ ਗੁਲੇਰੀਆ ਕੁਛ ਆਪ ਤੇ ਬੀ ਆਸ ਧਰੀ ਬੈਠਾ ਹੈ, ਅਰ ਉਸ ਦਾ ਕੋਈ ਆਦਮੀ ਆਪ ਪਾਸ ਅੱਪੜੇਗਾ ਬੀ।

## ੪.

**ਹੁਸੈਨ** ਆਪਣੇ ਵਡੇ ਸ਼ਾਮਯਾਨੇ ਹੇਠਾਂ ਬੈਠਾ ਹੈ, ਉਸ ਦੇ ਫੌਜੀ ਹੁੱਦੇਦਾਰ ਤੇ ਰਾਜੇ ਆਏ ਹੋਏ ਹਨ ਤੇ ਗੁਲੇਰ ਬਾਬਤ ਵਿਚਾਰ ਹੋ ਰਹੀ ਹੈ। ਇੰਨੇ ਨੂੰ ਹੁਸੈਨ ਵਲੋਂ ਗਏ ਪਰਵਾਨੇ ਦਾ ਜਵਾਬ ਆ ਗਿਆ, ਪੜ੍ਹਿਆ ਤਾਂ ਉਸ ਦਾ ਇਹ ਭਾਵ ਸੀ ਕਿ ਗੁਲੇਰੀਆ ਰਾਜਾ ਗੁਪਾਲ ਜੰਗ ਕਰਨ ਨੂੰ ਤਿਆਰ ਨਹੀਂ ਹੈ। ਹਾਂ ਜਥਾ ਸ਼ਕਤ

ਮਾਮਲਾ ਲੈ ਕੇ ਹਾਜ਼ਰ ਹੋਣ ਨੂੰ ਤਿਆਰ ਹੈ, ਜੇ ਆਗਜਾ ਹੋਵੇ ਤਾਂ ਆਵੇ। ਹੁਸੈਨ ਨੇ ਗਨੀਮਤ ਜਾਣਕੇ ਹਾਂ ਕਰ ਘੱਲੀ। ਗੁਲੇਰੀਏ ਰਾਜਾ ਗੁਪਾਲ ਦਾ ਇਕ ਹੋਰ ਰਾਜਾ ਚੰਗਾ ਮਿੱਤ੍ਰ ਸੀ ਜਿਸਦਾ ਨਾਮ ਰਾਮ ਸਿੰਹ ਸੀ। ਇਹ ਰਾਮ ਸਿੰਹ ਬੜਾ ਸੂਰਬੀਰ ਆਦਮੀ ਸੀ। ਇਹ ਦੋਵੇਂ ਹੁਸੈਨ ਨੂੰ ਮਿਲਣ ਲਈ ਆਏ ਤੇ ਨਾਲ ਮਾਮਲੇ ਦੀ[1] ਕੁਛ ਰਕਮ ਬੀ ਲਈ ਆਏ। ਮੇਲ ਮਿਲਾਪ ਸਾਹਬ ਸਲਾਮਤ ਹੋਣ ਮਗਰੋਂ ਗੁਲੇਰ ਨੇ ਰੁਪੱਯਾ ਪੇਸ਼ ਕੀਤਾ।

ਹੁਸੈਨ—ਰਾਜਾ ਸਾਹਿਬ, ਆਪ ਵੱਲ ਸਾਰੇ ਖਿਰਾਜ ਦਾ ਰੁਪੱਯਾ ਬਹੁਤ ਸਾਰਾ ਹੈ। ਇਹ ਰਕਮ, ਜੋ ਆਪਨੇ ਆਂਦੀ ਹੈ, ਥੋੜ੍ਹੀ ਹੈ।

ਰਾਜਾ—ਇਹ ਸੱਚ ਹੈ; ਪਰ ਕੁਛ ਸਮੇਂ ਕਾਲ ਅਕਾਲ ਦੇ ਰਹੇ ਹਨ, ਮਾਮਲੇ ਠੀਕ ਤਰ੍ਹਾਂ ਉੱਗਰੇ ਨਹੀਂ, ਆਪ ਇਤਨਾ ਹੀ ਪ੍ਰਵਾਨ ਕਰ ਲਓ। ਮੈਂ ਤੁਰ ਕੇ ਆਇਆ ਹਾਂ ਆਪ ਪਾਸ।

ਹੁਸੈਨ—ਇਹ ਗੱਲ ਠੀਕ ਹੈ; ਪਰ ਸ਼ਾਹੀ ਖ਼ਿਰਾਜ ਵਿਚੋਂ ਮੈਂ ਕਿਵੇਂ ਕੁਛ ਛੱਡ ਸਕਦਾ ਹਾਂ ?

ਕਟੋਚੀਆ—ਦਸ ਹਜ਼ਾਰ ਦੀ ਰਕਮ ਬਾਕੀ ਹੈ।

ਰਾਮ ਸਿੰਹ—ਹਜ਼ਰਤ ਸਲਾਮਤ ! ਹੈ ਤਾਂ ਠੀਕ ਜੇ ਆਪ ਛੋਟ ਨਹੀਂ ਕਰ ਸਕਦੇ ਤਾਂ ਕਿਸ਼ਤਾਂ ਕਰ ਲਓ, ਸਨੇ ਸਨੇ ਰਾਜਾ ਸਾਹਿਬ ਘੱਲ ਦੇਣਗੇ।

ਕਟੋਚੀਅ—ਇਹ ਨਹੀਂ ਹੋ ਸਕਦਾ।

ਹੁਸੈਨ—ਰੋਜ਼ ਰੋਜ਼ ਕੌਣ ਮੁਹਿੰਮਾ ਲੈ ਕੇ ਆਉਂਦਾ ਹੈ। ਜਦ ਤੋਂ ਹਜ਼ਰਤ ਦੀਨ ਪਨਾਹ ਦੱਖਣ ਗਏ ਹਨ ਤੁਸੀਂ ਲੋਕ ਸਿੱਧੇ ਹੱਥੀਂ ਖ਼ਿਰਾਜ ਕਦੇ ਨਹੀਂ ਦੇਂਦੇ ਹੋ। ਹੁਣੇ ਇਕੱਠਾ ਹੀ ਦਿਓ ਤਾਂ ਠੀਕ ਹੈ।

ਗੁਲੇਰ—ਜੇ ਨਾ ਦਿੱਤਾ ਜਾ ਸਕੇ ਤਾਂ ਕੀ ਕੀਤਾ ਜਾਵੇ ?

ਕਟੋਚ—ਇਹ ਟਾਲੇ ਹਨ, ਗੁਲੇਰ ਦੇ ਕਿਲ੍ਹੇ ਵਿਚ ਬਹੁਤ ਰੁਪਯਾ ਹੈ, (ਹੁਸੈਨ ਵੱਲ ਤੱਕ ਕੇ) ਰਾਜਾ ਸਾਹਿਬ ਅਮੀਰ ਹਨ, ਆਪ ਦੇ ਗੁਲੇਰ ਅੱਪੜਨ ਦੀ ਦੇਰ ਹੈ, ਮਾਲੀਆ ਆਪੇ ਤੁਰ ਕੇ ਆਵੇਗਾ।

ਹੁਸੈਨ—ਰਾਜਾ ਗੁਪਾਲ ! ਯਾ ਤਾਂ ਸਾਰੀ ਰਕਮ ਦਿਓ ਯਾ ਲੜਾਈ ਮੰਨੋ। ਹੋਰ ਕਾਹਨੂੰ ਬਹਿਸਾਂ ਵਿਚ ਪੈਕ ਪਏ ਸਮਾਂ ਗੁਆਈਏ। ਮੈਂ ਆਨੰਦਪੁਰ ਛੇਤੀ ਅੱਪੜਨਾ ਹੈ। ਰਾਮ ਸਿੰਹ ਤੇ ਗੁਪਾਲ ਨੇ ਆਪੋ ਵਿਚ ਕੁਛ ਲੁਕਵੀਂ ਸੈਨਤ ਕੀਤੀ, ਉਧਰ ਹੁਸੈਨ ਤੇ ਕਟੋਚ ਕੰਨਾ ਵਿਚ ਕੁਛ ਘੁਰ ਘੁਰ ਕਰ ਰਹੇ ਸਨ ਕਿ ਗੁਪਾਲ ਨੇ ਥੈਲੀਆਂ ਆਪਣੇ ਦਾਸਾਂ ਨੂੰ ਚੁਕਵਾਈਆਂ ਤੇ ਆਖਿਆ ਦੋ ਦਿਨ ਮੋਹਲਤ ਦਿਓ, ਫਿਰ ਮੈਂ ਸਾਰੀ ਰਕਮ ਇਕੱਠੀ ਲੈ ਕੇ ਹਾਜ਼ਰ ਹੋਵਾਂਗਾ। ਜੇ ਆਪ ਨੇ ਰਿਆਇਤ ਨਹੀਂ ਕਰਨੀ, ਕਿਸ਼ਤ ਨਹੀਂ ਮੰਨਣੀ, ਤਾਂ ਹਾਰੇ ਦਾ ਨਿਆਂ ਮੈਂ ਤਾਂ ਮੰਨਣਾ ਹੈ। ਦੋ ਦਿਨਾਂ ਵਿਚ ਸਾਰੀ ਰਕਮ ਲੈ ਕੇ ਹਾਜ਼ਰ ਹੋਵਾਂਗਾ।

ਕਟੋਚੀਆ—ਠੀਕ ਹੈ ਰਾਜਾ ਸਾਹਿਬ ! ਸਮੇਂ ਦੀ ਨੀਤੀ ਇਹੋ ਹੈ ਕਿ ਸਾਰਾ ਦਿਓ ਤੇ ਨਾਲ ਆ ਰਲੋ, ਫੇਰ ਚਲੋ ਨਾਲ ਤੇ ਜੰਗ ਦਾ ਰੰਗ ਤੱਕੋ ਆਨੰਦਪੁਰ ਦੀਆਂ ਕੰਧਾਂ ਉਤੇ, ਕਾਹਨੂੰ ਆਪਣੇ ਘਰ ਅੱਗ ਪਾਉਂਦੇ ਹੋ, ਅੱਗ ਵਸਦੀ ਤੱਕੋ ਗੁਆਂਢੀਆਂ ਦੀ ਅਟਾਰੀ ਉਤੇ।

ਹੁਸੈਨ—ਬਹੁਤ ਖ਼ੂਬ, ਰਾਜਾ ਸਾਹਿਬ ਗੁਲੇਰ ! ਆਪ ਦਾਨਾ ਹੋ, ਹਮਾਰਾ ਕਹਾ ਮਾਨ ਲੀਆ, ਹਮ ਆਪ ਪਰ ਬਹੁਤ ਖੁਸ਼ ਹੈਂ।

ਗੁਲੇਰ ਸਭਨਾਂ ਦਾ ਸ਼ੁਕਰੀਆ ਕਰਦਾ ਆਪਣੇ ਮਿੱਤਰ ਰਾਮ ਸਿੰਹ ਸਣੇ ਥੈਲੀਆਂ ਲੈ ਕੇ ਘਰ ਨੂੰ ਟੁਰ ਗਿਆ।

ਪਿਛੋਂ ਹੁਸੈਨ ਨੂੰ ਪਤਾ ਲਗਾ ਕਿ ਗੁਪਾਲ ਤਾਂ ਘਰ ਜਾ ਵੜਿਆ ਹੈ ਤੇ ਉਸਨੇ ਸਾਰਾ ਖਿਰਾਜ ਲੈ ਕੇ ਨਹੀਂ ਪਰਤਨਾ। ਉਹ ਤਾਂ ਆਪਣੀ ਜਾਨ ਤੇ ਮਾਲ ਦੋਵੇਂ ਹਿਕਮਤ ਨਾਲ ਸਲਾਮਤ ਲੈ ਗਿਆ ਹੈ ਤੇ ਜੇ ਮੈਂ ਜੰਗ ਚਾਹਾਂਗਾ ਤਾਂ ਉਹ ਕਰਨ ਨੂੰ ਤਿਆਰ ਹੈ। ਹੁਸੈਨ ਸੁਭਾ ਦਾ ਤ੍ਰਿੱਖਾ ਤੇ ਕਾਹਲਾ ਸੀ, ਉਸਨੇ ਦੂਰ ਅੰਦੇਸ਼ੀ ਕੋਈ ਨਾ ਸੋਚੀ, ਝਟ ਪਟ ਆਪਣਾ ਰਾਹ ਵਟਾ ਕੇ ਗੁਲੇਰ ਦੇ ਗਿਰਦੇ ਜਾ ਘੇਰਾ ਪਾਇਆ ਤੇ ਸਭ ਨਾਕੇ ਬੰਦ ਕਰ ਦਿੱਤੇ।

ਪੰਦਰਾਂ ਪਹਿਰ ਗੁਲੇਰ ਨੂੰ ਘੇਰਾ ਪਿਆਂ ਹੋ ਗਏ, ਸੈਨਾਂ ਰਾਜੇ ਨੂੰ ਤੰਗ ਕਰੇ ਕਿ ਸਾਨੂੰ ਬਾਹਰ ਜਾਕੇ ਇਕ ਦਮ ਹਥਾਵਥੀ ਜੰਗ ਕਰਕੇ ਲੜਨ ਮਰਨ ਦੀ ਆਗਿਆ ਦਿਓ। ਰਾਜੇ ਨੇ ਉਧਰ ਆਪਣੇ ਦੂਤ ਗੁਰੂ ਸਾਹਿਬਾਂ ਦੀ ਸੇਵਾ ਵਿਚ ਸਹਾਇਤਾ ਵਾਸਤੇ ਘੱਲੇ ਹੋਏ ਸਨ, ਤਾਂ ਇਧਰ ਦੁਸ਼ਮਨਾਂ ਵੱਲ ਦੂਤ ਘੱਲੇ ਹੋਏ ਸਨ, ਤੇ ਦੁਵੱਲੀ ਉਡੀਕ ਵਿਚ ਸੀ। ਪਹਿਲਾ ਜਵਾਬ ਹੁਸੈਨ

1. ਚਾਰ ਹਜਾਰ। (ਤਵਾਰੀਖ਼ ਖ਼ਾਲਸਾ)।

ਵਲੋਂ ਆਇਆ ਕਿ ੧੦ ਹਜ਼ਾਰ[1] ਨਕਦ ਦੇਵੋ ਤਾਂ ਸੁਲਹ ਹੁੰਦੀ ਹੈ ਨਹੀਂ ਤਾਂ ਨਹੀਂ। ਤਵਾਰੀਖ ਖਾਲਸਾ ਵਿਚ ਲਿਖਿਆ ਹੈ, ਕਿ ਗੁਰੂ ਜੀ ਨੇ ਤਿੰਨ ਸੌ ਸਵਾਰ ਚਾਰ ਸਰਦਾਰ: ਲਾਲ ਚੰਦ, ਰੀਗਾ ਰਾਮ, ਅਘੜੀ ਬੈਰਾੜ ਭਾਈ ਸੰਗਤੀਏ[2] ਦੀ ਕਮਾਨ ਵਿਚ ਦੇ ਕੇ ਕੁਮਕ ਲਈ ਭੇਜ ਦਿੱਤੇ। ਫੇਰ ਤਾਂ ਗੁਲੇਰੀਏ ਦੇ ਮਿੱਤ੍ਰ ਸਾਕ ਸਨਬੰਧੀ ਰਾਜੇ ਰਾਣੇ ਬੀ ਆਪਣੀ ਆਪਣੀ ਫੌਜ ਲੈਕੇ ਗੁਲੇਰ ਆ ਗਏ।

ਹੁਸੈਨ ਤਾਂ ਉਸੇ ਆਕੜ ਦੇ ਦਮ ਖ਼ਮ ਵਿਚ ਸੀ ਪਰ ਭੀਮ ਚੰਦ ਤੇ ਕ੍ਰਿਪਾਲ ਚੰਦ ਸਨ ਚਲਾਕ, ਉਹ ਸਮਝਦੇ ਸਨ ਕਿ ਕੁਮਕ ਵਧ ਗਈ ਹੈ ਅਰ ਗੁਰੂ ਜੀ ਦੀ ਸੈਨਾ ਆ ਗਈ ਹੈ ਹੁਣ ਗੁਲੇਰ ਨੂੰ ਮਾਰਨਾ ਸੌਖਾ ਨਹੀਂ। ਉਹਨਾਂ ਨੇ ਸੋਚਿਆ ਕਿ ਕੋਈ ਦੰਭ ਰਚੋ ਤੇ ਲੜਨ ਦੀ ਜੋਖੋਂ ਨਾ ਲੈਣੀ ਪਵੇ। ਇਸ ਕਰਕੇ ਉਹ ਸੰਗਤੀਆ ਸਿੰਘ ਨੂੰ ਜਾ ਮਿਲੇ ਤੇ ਉਸ ਨੂੰ ਆਖਿਓ ਨੇ ਕਿ ਰਾਜਾ ਗੋਪਾਲ ਨਾਹਕ ਜੰਗ ਕਰਦਾ ਹੈ ਤੁਸੀਂ ਉਸਨੂੰ ਸਮਝਾਓ ਤੇ ਆਪਣੇ ਨਾਲ ਲੈ ਕੇ ਸਾਡੇ ਡੇਰੇ ਆ ਜਾਓ; ਏਥੇ ਅਸੀਂ ਬੀ ਉਸਨੂੰ ਸਮਝਾਵਾਂਗੇ, ਐਉਂ ਸੁਲਹ ਹੋ ਜਾਏਗੀ। ਸੰਗਤੀਆ ਸਿੰਘ ਜਾਣਦਾ ਸੀ ਕਿ ਏਹ ਲੋਕ ਦਾਉ ਘਾਉ ਬੜੇ ਕਰਦੇ ਹਨ। ਉਸਨੇ ਦੋਹਾਂ ਰਾਜਿਆਂ ਤੋਂ ਧਰਮ ਦੀਆਂ ਸੁਗੰਦਾਂ ਲਈਆਂ ਤਾਂ ਵਿਚ ਆਉਣ ਦੀ ਗੱਲ ਮੰਨੀ। ਸੰਗਤੀਆ ਸਿੰਘ ਨੂੰ ਗੁਰੂ ਜੀ ਦਾ ਹੁਕਮ ਸੀ ਕਿ ਹਰ ਤਰ੍ਹਾਂ ਨਾਲ ਗੁਪਾਲ ਰਾਜਾ ਦੀ ਭਲਿਆਈ ਕਰਨੀ ਹੈ। ਸੋ ਇਸ ਮੌਕਿਆ ਤੇ ਇਸ ਵਿਚ ਰਾਜਾ ਦਾ ਭਲਾ ਸਮਝਕੇ ਉਸਨੇ ਸੁਲਹ ਦਾ ਦੂਤ ਬਣਨਾ ਮੰਨ ਲਿਆ ਤੇ ਰਾਜਾ ਗੁਪਾਲ ਨੇ ਸਾਰਾ ਬੋਝ ਇਸ ਵੇਲੇ ਸੰਗਤੀਏ ਤੇ ਪਾਇਆ ਤੇ ਉਸ ਨੇ ਮੰਨ ਲਿਆ ਕਿ ਜੇ ਤੁਸਾਂ ਦੀ ਸੁਲਹ ਨਾ ਹੋ ਗਈ ਤਾਂ ਮੈਂ ਤੈਨੂੰ ਡੇਰੇ ਵਾਪਸ ਪੁਚਾਵਾਂਗਾ ਅਰ ਗੁਰੂ ਮੇਹਰ ਨਾਲ ਜੰਗ ਵਿਚ ਓਹ ਕਲਾ ਵਰਤੇਗੀ ਕਿ ਤੇਰੀ ਬਿਜੈ ਹੋਵੇਗੀ।

ਜਦੋਂ ਸੰਗਤੀਆ ਸਿੰਘ ਨਾਲ ਰਾਜਾ ਗੁਪਾਲ ਭੀਮਚੰਦ ਤੇ ਕਿਰਪਾਲ ਦੇ ਡੇਰੇ ਪੁੱਜਾ ਤਾਂ ਬਹੁਤ ਚਿਰ ਗੱਲਾ ਬਾਤਾਂ ਹੋਈਆਂ। ਭੀਮ ਚੰਦ ਨੇ ਤੇ ਕ੍ਰਿਪਾਲ ਨੇ ਹਰ ਤਰ੍ਹਾਂ ਨਾਲ ਉਸਨੂੰ ਡਰਾਇਆ ਕਿ ਹੁਸੈਨ ਜ਼ਬਰਦਸਤ ਹੈ ਤੇ ਤੇਰੀ ਭਲਿਆਈ ਇਸੇ ਵਿਚ ਹੈ ਕਿ ਦਸ ਹਜ਼ਾਰ ਦੇ ਕੇ ਸੁਲਹ ਕਰ ਲੈ। ਪਰ ਗੁਪਾਲ ਨੇ ਆਖਿਆ ਕਿ ਜੇ ਮੈਂ ਇਤਨੀ ਰਕਮ ਤਾਰਨੀ ਹੁੰਦੀ ਤਾਂ ਪਹਿਲੇ ਦਿਨ ਨਾ ਤਾਰ ਦਿੰਦਾ। ਮੈਂ ਤਾਂ ਜੋ ਕੁਛ ਆਖਿਆ ਸੀ ਸੋ ਕੁਝ ਦੇਣਾ ਹੈ, ਨਹੀਂ ਤਾਂ ਲੜ ਮਰਨਾ ਹੈ। ਜਦ ਇਸ ਤਰ੍ਹਾਂ ਦੀ ਗਲਬਾਤ ਵਿਚ ਭੀਮ ਚੰਦ ਤੇ ਕਿਰਪਾਲ ਨੇ ਤਾੜ ਲਿਆ ਕਿ ਗੁਪਾਲ ਮੰਨਦਾ ਨਹੀਂ ਤੇ ਅਪਣੀ ਨਵੀਂ ਕੁਮਕ ਆ ਜਾਣ ਨਾਲ ਜੁੱਧ ਬੀ ਡਟਕੇ ਕਰ ਸਕਦਾ ਹੈ ਤਾਂ ਆਪੋ ਵਿਚ ਸੈਨਤਾਂ ਲੜਾਈਆਂ ਤੇ ਰਾਜਾ ਗੁਪਾਲ ਨੂੰ ਫੜਕੇ ਕੈਦ ਕਰ ਲੈਣ ਜਾਂ ਜੇ ਅੜੇ ਤਾਂ ਮਾਰ ਦੇਣ ਦੀ ਠਾਣ ਲਈ। ਪਰ ਇਨ੍ਹਾਂ ਦੇ ਇਸ਼ਾਰਿਆਂ ਤੇ ਗੁਪਾਲ ਨੇ ਬੀ ਕੁਛ ਤਾੜ ਲਿਆ ਸੀ, ਸੋ ਸੰਗਤੀਏ ਨੂੰ ਕੰਨ ਵਿਚ ਕਹਿਣ ਲੱਗਾ ਕਿ ਤੁਸੀਂ ਮੇਰੇ ਨਾਲ ਨੇਮ ਕਰਕੇ ਲਿਆਏ ਸੀ ਤੇ ਏਥੇ ਇਹ ਕੰਮ ਵਰਤਣ ਲਗਾ ਜੋ ਉਲਟ। ਤਦ ਸੰਗਤੀਆ ਸਿੰਘ ਨੇ ਕਮਾਲ ਦੀ ਫੁਰਤੀ ਕੀਤੀ। ਦੁਹਾਂ ਰਾਜਿਆਂ ਦੇ ਇਸ਼ਾਰਿਆ ਤੇ ਅਮਲ ਹੁੰਦੇ ਹੁਵੰਦੇ ਵਿਚ ਆਪਣੇ ਸਿਪਾਹੀਆਂ ਦੀ ਓਟ ਵਿਚ ਗੁਪਾਲ ਨੂੰ ਲੈਕੇ ਨਿਕਲ ਗਿਆ ਤੇ ਸਾਰਿਆਂ ਨੂੰ ਹੈਰਾਨ ਤੇ ਨਿਰਾਸ ਕਰਦਾ ਹੋਇਆ ਉਸ ਨੂੰ ਗੁਲੇਰ ਲੈ ਵੜਿਆ[1]। ਗੁਰੂ ਜੀ ਨੇ ਇਸ ਹਾਲ ਨੂੰ ਐਉਂ ਆਪ ਲਿਖਿਆ ਹੈ:-

ਤਿਨ ਕੇ ਸੰਗ ਨ ਉਨਕੀ ਬਨੀ॥ ਤਬ ਕ੍ਰਿਪਾਲ
ਚਿਤ ਮੋ ਇਹ ਗਨੀ। ਐਸਿ ਘਾਤ ਫਿਰਿ ਹਾਥ
ਨ ਐਹੈ॥ ਸਬਹੂ ਫੇਰਿ ਸਮੋ ਛਲਿ ਜੈ ਹੈ॥ ੧੪॥
ਗੋਪਾਲੈ ਸੁ ਅਬੈ ਗਹਿ ਲੀਜੈ॥ ਕੈਦ ਕੀਜੀਐ ਕੈ
ਬਧ ਕੀਜੈ॥ ਤਨਕ ਭਨਕ ਜਬ ਤਿਨ ਸੁਨ ਪਾਈ॥ ਨਿਜ
ਦਲ ਜਾਤ ਭਯੋ ਭਟਰਾਈ॥ ੧੫॥

ਹੁਣ ਸਿਵਾ ਜੰਗ ਦੇ ਹੁਸੈਨ ਲਈ ਕੋਈ ਚਾਰਾ ਨਹੀਂ ਸੀ। ਸਾਲਸੀ ਨਾਲ ਨਜਿੱਠਣ ਦੇ ਸਮੇਂ ਹੱਥੋਂ ਗੁਆ ਚੁਕਾ ਸੀ ਤੇ ਕਪਟ ਨਾਲ ਫੜ ਯਾ ਮਾਰ ਦੇਣ ਦਾ ਦਾਉ ਨਿਕੰਮਾ ਪੈ ਚੁਕਾ ਸੀ ਸੋ ਜੰਗ ਛਿੜ ਪਿਆ। ਦੂਜੇ ਪਾਸਿਓਂ ਬੀ ਜੁਝਾਊ ਵਾਜੇ ਵੱਜ ਪਏ। ਫੌਜਾਂ

---

1. ਬਚਿਤ੍ਰ ਨਾਟਕ। 2. ਗੁਰੂ ਜੀ ਨੇ ਐਉਂ ਲਿਖਿਆ ਹੈ:--'ਸਿੰਘ ਸੰਗਤੀਆ ਤਹਾਂ ਪਠਾਏ' ਇਸ ਤੋਂ ਪਤਾ ਲਗਾ ਕਿ ਨਾਮ ਸੰਗਤੀਆ ਸਿੰਘ।

1. ਤਵਾ: ਖਾ:--'ਤਾਂ ਸੰਗਤੀਆ ਸਿੰਘ ਆਪਣੇ ਤਿੰਨ ਸੌ ਸਿਖ ਸਿਪਾਹੀ ਸਮੇਤ ਤਲਵਾਰਾਂ ਖਿੱਚ ਖੜੋਤਾ ਤੇ ਗੁਪਾਲ ਚੰਦ ਨੂੰ ਆਪਣੀ ਸੈਨਾਂ ਵਿਚ ਲੈ ਆਏ।

ਮੈਦਾਨ ਵਿਚ ਉਤਰ ਆਈਆਂ, ਇਕ ਪਾਸੇ ਤਾਂ ਹੁਸੈਨ, ਰਾਜਾ ਕ੍ਰਿਪਾਲ ਚੰਦ ਤੇ ਭੀਮ ਚੰਦ ਤੇ ਦੂਏ ਪਾਸੇ ਗੁਪਾਲ, ਰਾਮ ਸਿੰਹ ਰਾਜਾ ਤੇ ਸੰਗਤੀਆ ਸਿੰਘ ਆਦਿ ਸੂਰਮੇ। ਦੋਹਾਂ ਪਾਸਿਆਂ ਤੋਂ ਘੋਰ ਸੰਗ੍ਰਾਮ ਮਚ ਪਿਆ, ਗੁਰੂ ਜੀ ਨੇ ਆਪ ਇਸ ਜੰਗ ਦਾ ਹਾਲ ਐਉਂ ਦਿੱਤਾ ਹੈ:--

ਜਬ ਗਯੋ ਗੁਪਾਲ॥ ਕੁਪਿਯੋ ਕ੍ਰਿਪਾਲ॥
ਹਿੰਮਤ ਹੁਸੈਨ॥ ਜੁੰਮੈ ਲੁਝੈਨ॥ ੧੬॥

ਤ੍ਰਿਭੰਗੀ ਛੰਦ॥

ਕੁਪਿਯੋ ਕ੍ਰਿਪਾਲੰ ਸੱਜਿ ਮਰਾਲੰ ਬਾਹ ਬਿਸਾਲੰ ਧਰਿ ਢਾਲੰ॥ ਧਾਏ ਸਭ ਸੂਰੰ ਰੂਪ ਕਰੂਰੰ ਚਮਕਤ ਨੂਰੰ ਮੁਖ ਲਾਲੰ॥ ਲੈ ਲੈ ਸੁ ਕ੍ਰਿਪਾਣੰ ਬਾਣ ਕਮਾਣੰ ਸਜੇ ਜੁਆਣੰ ਤਨ ਤੱਤੰ॥ ਰਣਿ ਰੰਗ ਕਲੋਲੰ ਮਾਰਹੀ ਬੋਲੰ ਜਨ ਗਜ ਡੋਲੰ ਬਨ ਮੱਤੰ॥ ੨੫॥

ਭੁਜੰਗ ਛੰਦ॥

ਤਬੈ ਕੋਪੀਯੰ ਕਾਂਗੜੇਸੰ ਕਟੋਚੰ॥ ਮੁਖੰ ਰਕਤ ਨੈਨੰ ਤਜੈ ਸਰਬ ਸੋਚੰ॥ ਉਤੇ ਉੱਠੀਯੰ ਖਾਨ ਖੇਤੰ ਖਤੰਗੀ॥ ਮਨੋ ਬਿਹਚਰੇ ਮਾਸ ਹੇਤੂੰ ਪਿਲੰਗੀ॥ ੨੬॥ ਬਜੀ ਭੇਰਿ ਭੁੰਕਾਰ ਤੀਰੰ ਤੜੱਕੇ॥ ਮਿਲੇ ਹੱਥਿ ਬੱਥੰ ਕ੍ਰਿਪਾਣੰ ਕੜੱਕੇ॥ ਬਜੇ ਜੰਗ ਨੀਸਾਣ ਕੱਥੇ ਕਥੀਰੰ॥ ਫਿਰੇ ਰੁਡ ਮੁੰਡੰ ਤਨੰ ਤੱਛ ਤੀਰੰ॥ ੨੭॥ ਉਠੈ ਟੋਪ ਟੂਕੰ ਗੁਰੱਜੈ ਪ੍ਰਹਾਰੇ॥ ਰੁਲੇ ਲੁੱਥ ਜੁੱਥੰ ਗਿਰੇ ਬੀਰ ਮਾਰੇ॥ ਪਰੈ ਕੱਟੀਯੰ ਘਾਤ ਨਿਰਘਾਤ ਬੀਰੰ॥ ਫਿਰੈ ਰੁੰਡ ਮੁੰਡੰ ਤਨੱ ਤੱਛ ਤੀਰੰ॥ ੨੮॥ ਬਹੀ ਬਾਹੁ ਆਘਾਤ ਨਿਰਘਾਤ ਬਾਣੰ॥ ਉਠੇ ਨੱਦ ਨਾਦੰ ਕੜੱਕੇ ਕਿਪਾਣੰ॥ ਛਕੇ ਛੋਭ ਛਤ੍ਰੀ ਤਜੈ ਬਾਣ ਰਾਜੀ॥ ਬਹੇ ਜਾਹਿ ਖਾਲੀ ਫਿਰੈਂ ਛੂਛ ਤਾਜੀ॥ ੨੯॥ ਜੁਟੇ ਆਪ ਮੈਂ ਬੀਰ ਬੀਰੰ ਜੁਝਾਰੇ॥ ਮਨੋ ਗੱਜ ਜੁੱਟੇ ਦੰਤਾਰੇ ਦੰਤਾਰੇ॥ ਕਿਥੋ ਸਿੰਘ ਸੋ ਸਾਰਦੂਲੰ ਅਰੁੱਝੇ॥ ਤਿਸੀ ਭਾਂਤਿ ਕਿਰਪਾਲ ਗੋਪਾਲ ਜੁੱਝੇ॥ ੩੦॥ ਹਰੀ ਸਿੰਘ ਧਾਯੋ ਤਹਾਂ ਇਕ ਬੀਰੰ॥ ਸਹੇ ਦੇਹ ਆਪੰ ਭਲੀ ਭਾਂਤਿ ਤੀਰੰ॥ ਮਹਾਂ ਕੋਪ ਕੈ ਬੀਰ ਬ੍ਰਿੰਦੰ ਸੰਘਾਰੇ॥ ਬਡੋ ਜੁੱਧ ਕੈ ਦੇਵ ਲੋਕੰ ਪਧਾਰੇ॥ ੩੧॥ ਹਠਿਯੋ ਹਿੰਮਤੰ ਕਿਮਤੰ ਲੈ ਕ੍ਰਿਪਾਨੰ॥ ਲਏ ਗੁਰਜ ਚੱਲੰ ਸੁ ਜੱਲਾਲ ਖਾਨੰ॥ ਹਠੇ ਸੂਰਮਾ ਮੱਤ ਜੋਧਾ ਜੁਝਾਰੰ॥ ਪਰੀ ਕੁੱਟ ਕੁੱਟੰ ਉਠੀ ਸਸਤ੍ਰ ਝਾਰੰ॥ ੩੨॥

ਇਸ ਤਰ੍ਹਾਂ ਦਾ ਜੁੱਧ ਪਿਆ ਕਿ ਦੁਵੱਲੀ ਕਿਸੇ ਪਾਸੇ ਸੁਰ ਸੁਧ ਨਾ ਰਹੀ। ਇਕ ਟਿਕਾਣੇ ਹੁਸੈਨ ਆਪ ਵਧਕੇ ਲੜਿਆ, ਇਸ ਪਰ ਐਸਾ ਜ਼ੋਰ ਪਿਆ ਕਿ ਪੁੱਛੋ ਨਾ। ਜਸਵਾਲੀਆ ਸੈਨਾਂ ਲੈਕੇ ਇਸ ਪਰ ਜਾ ਪਿਆ। ਇਸ ਤਰ੍ਹਾਂ ਸੂਰਮੇ ਨੇ ਮਾਰ ਕੀਤੀ ਕਿ ਹੁਸੈਨ ਨੂੰ ਬੀ ਹੋਸ਼ ਆ ਗਈ। ਫਿਰ ਇਸ ਤਰ੍ਹਾਂ ਦੀ ਕਟਾ ਵਢ ਹੋਈ ਕਿ ਹੁਸੈਨੀ ਇਕੱਲਾ ਰਹਿ ਗਿਆ।

ਪਰਿਯੋ ਘੋਰ ਜੁੱਧੰ ਸੁ ਸੈਨੰ ਪਰਾਨੀ॥ ਤਹਾਂ ਖਾਂ ਹੁਸੈਨੀ ਮੰਡਿਓ ਬੀਰ ਬਾਨੀ॥ ਉਤੈ ਬੀਰ ਧਾਏ ਸੁ ਬੀਰੰ ਜਸ੍ਵਾਰੰ॥ ਸਬੈ ਬਿਉਂਤ ਡਾਰੇ ਬਗਾਸੇ ਅਸਵਾਰੰ॥ ੫੦॥ ਤਹਾਂ ਖਾਂ ਹੁਸੈਨੀ ਰਹਿਯੋ ਏਕ ਠਾਵੰ॥ ਮਨੋ ਜੁੱਧ ਖੰਭੰ ਰਣੰ ਭੂਮਿ ਗਾਡੰ॥ ਜਿਸੈ ਕੋਪ ਕੈ ਕੈ ਹਠੀ ਬਾਨਿ ਮਾਰਿਯੋ॥ ਤਿਸੈ ਛੇਦਕੇ ਪੈਲ ਪਾਰੇ ਪਧਾਰਿਯੋ॥ ੫੧॥ ਸਹੇ ਬਾਣ ਸੂਰੰ ਸਭੈ ਆਨਿ ਢੂਕੇ॥ ਚਹੂੰ ਓਰ ਤੇ ਮਾਰ ਹੀ ਮਾਰ ਕੂਕੇ॥ ਭਲੀ ਭਾਂਤ ਸੋਂ ਅਸਤ੍ਰ ਅਉ ਸ਼ਸਤ੍ਰ ਝਾਰੇ॥ ਗਿਰੇ ਭਿਸਤ ਕੋ ਖਾਂ ਹੁਸੈਨੀ ਸਿਧਾਰੇ॥ ੫੨॥

ਜਦ ਹੁਸੈਨੀ ਮਾਰਿਆ ਗਿਆ ਤਦ ਕਟੋਚੀਆ ਤਾਂ ਗੁੱਸੇ ਵਿਚ ਆਕੇ ਹੋਰ ਭੂਏ ਹੋ ਲੜਿਆ, ਪਰ ਹੁਸੈਨ ਦੀ ਕੁਝ ਸੈਨਾਂ ਭੱਜ ਗਈ।

ਕੋਪ ਕਟੋਚ ਸਬੈ ਮਿਲਿ ਧਾਏ॥ ਹਿੰਮਤ ਕਿੰਮਤ ਸਹਿਤ ਰਿਸਾਏ। ਹਰੀ ਸਿੰਘ ਤਬ ਕੀਆ ਉਠਾਨਾ॥
ਚੁਨਿ ਚੁਨਿ ਹਨੇ ਪਖਰੀਯਾ ਜੁਆਨਾ॥ ੫੪॥

ਕਟੋਚ ਦਾ ਇਹ ਹਮਲਾ ਬੜਾ ਜੋਰਦਾਰ ਸੀ, ਜਿੱਧਰ ਪਿਆ ਉੱਧਰ ਹੀ ਮਾਰਦਾ ਚਲਾ ਗਿਆ।

ਇਸੇ ਹੱਲੇ ਵਿਚ ਸੰਗਤੀਆ ਸਿੰਘ ਸਤ ਸਵਾਰਾਂ ਸਮੇਤ ਇਕ ਘੇਰੇ ਵਿਚ ਆ ਗਿਆ। ਸੂਰਮਾ ਇਸ ਤਰ੍ਹਾਂ ਡਟ ਕੇ ਲੜਿਆ ਕਿ ਹੱਲਾ ਕਰਨ ਵਾਲਿਆਂ ਨੂੰ ਹੈਰਾਨ ਕਰ ਦਿੱਤਾ। ਪਰ ਬਹੁਤਿਆਂ ਦੇ ਘੇਰੇ ਵਿਚ ਆ ਜਾਣ ਕਰ ਕੇ ਨਿਕਲ ਨਾ ਸਕਿਆ, ਅੰਤ ਤੱਕ ਸੱਤੇ ਜੁਆਨਾਂ ਸਮੇਤ ਅਤਿ ਸੂਰਮਤਾ ਨਾਲ ਲੜਦਾ ਮਰਦਾ ਮਾਰਦਾ ਰਣ ਵਿੱਦਜਾ ਦੇ ਜੌਹਰ ਦਿਖਾਲਦਾ ਸ਼ਹੀਦ ਹੋ ਗਿਆ। ਪਰ ਇਸ ਘੋਰ ਜੁਟਾ ਜੁੱਟਦੇ ਸਮੇਂ ਦੂਜੇ ਪਾਸੇ ਦੇ ਹਿੰਮਤ ਖਾਂ ਤੇ ਹੋਰ ਸਰਦਾਰ ਬੀ ਮਾਰੇ ਗਏ, ਕਟੋਚੀ ਕ੍ਰਿਪਾਲ ਬੀ ਕਤਲ ਹੋ ਗਿਆ। ਕੀਮਤ ਖਾਂ ਬੀ ਪਾਰ ਬੋਲਿਆ। ਐਉਂ ਜਦ ਸਾਰੇ ਸਰਦਾਰ

ਤੇ ਰਾਜਾ ਕ੍ਰਿਪਾਲ ਹੁਸੈਨੀ ਸਮੇਤ ਮਾਰੇ ਗਏ ਤਾਂ ਕਹਿਲੂਰੀਆ ਆਪਣੀ ਸੈਨਾਂ ਸੰਭਾਲਦਾ ਇਕ ਪਾਸੇ ਖਿਸਕ ਗਿਆ। ਉਧਰ ਫਤੇ ਦੇ ਨਗਾਰੇ ਵੱਜ ਪਏ।

ਤਵਾ; ਖਾ: ਨੇ ਲਿਖਿਆ ਹੈ ਕਿ ਗੁਰੂ ਦਾ ਜੋਧਾ ਅਘੜੀ ਬੈਰਾੜ ਦਸਾਂ ਸਵਾਰਾਂ ਸਮੇਤ ਇਸ ਜੰਗ ਵਿਚ ਸ਼ਹੀਦ ਹੋ ਗਿਆ। ਗੁਪਾਲ ਦੇ ਪੱਖੀਆਂ ਵਿਚੋਂ ਰਾਜਾ ਪ੍ਰਿਥੀ ਚੰਦ, ਰਾਣਾ ਰਾਮਚੰਦ ਤੇ ਅਮਰਚੰਦ ਬੀ ਮਾਰੇ ਗਏ ! ਹੁਸੈਨੀ ਵਲੋਂ ਹੁਸੈਨੀ ਆਪ, ਹਿੰਮਤ ਕਿੰਮਤ, ਸਰਦਾਰ ਸ਼ਮਸ਼ੇਰ ਖਾਂ, ਦਲੇਰ ਖਾਂ, ਰਾਜਾ ਕ੍ਰਿਪਾਲ ਤੇ ਹਰੀ ਚੰਦ ਕੰਮ ਆਏ। ਇਕ ਹਿੰਮਤ ਕੋਈ ਰਾਜਪੂਤ ਬੀ ਜਾਪਦਾ ਹੈ, ਜਿਸ ਨੇ ਸਾਰਾ ਬਖੇੜਾ ਖੜਾ ਕੀਤਾ ਸੀ, ਉਹ ਘਾਇਲ ਪਿਆ ਸੀ, ਜਿਸ ਨੂੰ ਜੀਉਂਦਾ ਛੱਡਣਾ ਪਸੰਦ ਨਾ ਕਰਕੇ ਗੁਪਾਲ ਨੇ ਮਾਰ ਦਿੱਤਾ।

ਤਹ ਘਾਇਲ ਹਿੰਮਤ ਕਹ ਲਹਾ॥ ਰਾਮ ਸਿੰਘ
ਗੋਪਾਲ ਸਿਉ ਕਹਾ॥ ੬੭॥ ਜਿਨ ਹਿੰਮਤ ਅਸ
ਕਲਹ ਬਢਾਯੋ॥ ਘਾਇਲ ਆਜ ਹਾਥ ਵਹਿ
ਆਯੋ॥ ਜਬ ਗੁਪਾਲ ਐਸੇ ਸੁਨਿ ਪਾਵਾ॥ ਮਾਰਿ
ਦੀਯੋ-ਜੀਯਤ ਨ ਉਠਾਵਾ॥ ੬੮॥

ਰਾਜਾ ਗੁਪਾਲ ਹੁਣ ਫਤੇ ਦਾ ਨਗਾਰਾ ਵਜਾਉਂਦਾ ਆਪ ਆਨੰਦਪੁਰ ਆਇਆ, ਗੁਰੂ ਜੀ ਦੇ ਹਜ਼ੂਰ ਦਰਬਾਰ ਵਿਚ ਹਾਜ਼ਰ ਹੋਇਆ ਤੇ ਭੇਟਾ ਅੱਗੇ ਧਰ ਕੇ ਮੱਥਾ ਟੇਕ ਕੇ ਲਖ ਲਖ ਸ਼ੁਕਰਾਨੇਂ ਕਰਨ ਲੱਗਾ ਕਿ ਪਹਿਲਾਂ ਆਪ ਦੇ ਸੂਰਮਿਆਂ ਨੇ ਮੇਰੀ ਸਹਾਇਤਾ ਕੀਤਾ। ਫੇਰ ਜਾਨ ਜੋਖੋਂ ਵਿਚ ਪਈ ਤੇ ਮਦਦ ਕਰਕੇ ਕੱਢ ਆਂਦਾ ਫੇਰ ਜੰਗ ਵਿਚ ਮਦਦ ਕੀਤੀ ਐਸੇ ਲੜੇ ਕਿ ਮਹਿਮਾ ਨਹੀਂ ਹੋ ਸਕਦੀ। ਸਤਾਰਾਂ ਜੁਆਨ ਤੇ ਦੋ ਸਰਦਾਰ ਆਪ ਦੇ ਜੰਗ ਵਿਚ ਕੰਮ ਆਏ, ਜਿਨ੍ਹਾਂ ਦਾ ਮੈਨੂੰ ਅਤਯੰਤ ਸ਼ੋਕ ਹੈ। ਇਹ ਸਾਰੀ ਫਤੇ ਆਪਦੀ ਬਰਕਤ ਨਾਲ, ਆਪ ਦੀ ਸਹਾਇਤਾ ਨਾਲ, ਆਪ ਦੇ ਇਸ ਨਮੂਨੇ ਨੂੰ ਤੱਕ ਕੇ ਹੋਈ ਹੈ ਕਿ ਸਾਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ, ਅਸੀਂ, ਐਵੇਂ ਡਰਕੇ ਆਨ ਸ਼ਾਨ ਲਿਤੜਵਾਕੇ ਜਾ ਓਪਰਿਆਂ ਦੀਆਂ ਸ਼ਰਨਾਂ ਪਏ ਪੱਕੜਦੇ ਹਾਂ। ਜੇ ਆਪ ਦੀ ਸਹਾਇਤਾ ਹੋਵੇ ਤੇ ਅੜ ਖੜੋਈਏ ਤਾਂ ਫਤੇ ਨਸੀਬ ਹੁੰਦੀ ਹੈ।

ਗੁਰੂ ਜੀ ਨੇ ਬਹੁਤ ਪਿਆਰ ਕੀਤਾ, ਅਸੀਸ ਦਿੱਤੀ ਤੇ ਕਿਹਾ ਜੋ ਕੁਛ ਆ ਬਣੇ ਜੁੱਧ ਕਿ ਸੁਲਹ, ਵਿਹਾਰ ਕਿ ਸੇਵਾ, ਸਰਦਾਰੀ ਕਿ ਅਗੁਵਾਨੀ ਸਭ ਵਿਚ ਸੱਚ ਤੇ ਟਿਕ ਕੇ ਸੂਰਬੀਰ ਰਹਿਣਾ ਚਾਹੀਏ। ਅੰਤਰ ਆਤਮੇ ਲਿਵ ਤੇ ਵਰਤੋਂ ਵਿਚ ਸੱਚ ਧਾਰਨ ਕਰ ਕੇ ਫਿਰ ਕਾਂਪ ਨਹੀਂ ਖਾਈਦੀ, ਦੀਨ ਦੁਨੀਆਂ ਸਫਲ ਹੁੰਦੇ ਹਨ।

ਇਸ ਜੁੱਧ ਦਾ ਹਾਲ ਦਿੰਦਿਆਂ ਸਤਿਗੁਰ ਨੇ ਅੰਤਮ ਸਤਰਾਂ ਇਹ ਲਿਖੀਆਂ ਹਨ:-

ਜੀਤ ਭਈ ਰਨ ਭਯੋ ਉਝਾਰਾ॥ ਸਿੰਮ੍ਰਿਤਿ ਕਰਿ
ਸਭ ਘਰੋ ਸਿਧਾਰਾ॥ ਰਾਖਿ ਲੀਯੋ ਹਮਕੋ
ਜਗਰਾਈ॥ ਲੋਹ ਘਟਾ ਅਨਤੈ ਬਰਸਾਈ॥ ੬੯॥

(ਬਚਿ: ਨਾ: ਅਧਯਾਯ ੧੧

ਸੂਚਨਾ-ਹੁਣ ਜਦ ਹੁਸੈਨੀ ਦੇ ਸਾਥੀ ਬੀ ਹਾਰ ਖਾਕੇ ਲਾਹੌਰ ਪੁੱਜੇ ਤਾਂ ਫੇਰ ਸੈਨਾਂ ਲਾਹੌਰੋਂ ਆਈ ਤੇ ਜੁਝਾਰ ਸਿੰਘ ਹਾਂਡਾ ਆਦਿ ਬਹਾਦਰ ਰਾਜਪੂਤ ਨਾਲ ਕੀਤੇ। ਜਮਵਾਲੀਆ ਦੇ ਰਾਜ ਵਿਚ ਇਨ੍ਹਾਂ ਦਾ ਪਹਾੜੀਆਂ ਨਾਲ ਜੰਗ ਛਿੜਿਆ ਤੇ ਸ਼ਾਹੀਸੈਨਾਂ ਦੀ ਹਾਰ ਹੋਈ। ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਕ ਵਬਾ ਬੀ ਫੈਲ ਗਈ, ਸੋ ਸਾਰੀ ਸੈਨਾਂ ਵਬਾ ਦੇ ਬਹਾਨੇ ਮੁੜ ਗਈ। ਪੰਜਾਬ ਦੇ ਪਹਾੜਾਂ ਦਾ ਇਹ ਹਾਲ ਸੁਣ ਔਰੰਗਜ਼ੇਬ ਨੇ ਆਪਣੇ ਪੁਤ੍ਰ ਮੁਅੱਜ਼ਮ ਨੂੰ ਘੱਲਿਆ। ਸ਼ਾਹਜ਼ਾਦਾ ਆਪ ਤਾਂ ਲਾਹੌਰ ਵਲ ਗਿਆ ਤੇ ਇਕ ਮੁਨਸਬਦਾਰ ਤੇ ਸੈਨਾ ਨੂੰ ਇਧਰ ਘੱਲ ਗਿਆ। ਇਸ ਆਦਮੀ ਨੇ ਰਾਜਿਆਂ ਨਾਲ ਲੜਨ ਤੋਂ ਪਹਿਲਾਂ ਤੇ ਗੁਰੂ ਜੀ ਉਤੇ ਹਮਲਾ ਕਰਨ ਤੋਂ ਪਹਿਲਾਂ ਗੁਰੂ ਜੀ ਨਾਲ ਮਿਲਕੇ ਗਲਬਾਤ ਕਰਨੀ ਚੰਗੀ ਜਾਤੀ! ਮੁਲਾਕਾਤ ਵਿਚ ਉਨ੍ਹਾਂ ਨੂੰ ਪੂਰੇ ਰੱਬੀ ਜਲਾਲ ਵਾਲੇ ਸਾਂਈਂ ਲੋਕ, ਸੱਚ ਤੇ ਖੜੇ ਸਮਝ ਕੇ ਉਨ੍ਹਾਂ ਦਾ ਪੱਖੀ ਹੋ ਗਿਆ। ਗੁਰੂ ਜੀ ਨਾਲ ਜੰਗ ਨਾ ਕੀਤਾ ਤੇ ਉਧਰ ਕੁਛ ਨੀਤੀ, ਕੁਛ ਡਰ, ਕੁਛ ਥੋੜਾ ਲੜਕੇ ਕੰਮ ਸਾਰ ਲਿਆ ਤੇ ਮਾਮਲਾ ਲੈ ਕੇ ਚਲਾ ਗਿਆ।

ਪਹਾੜੀ ਰਾਜਿਆਂ ਨੇ ਫੇਰ ਲਾਹੌਰ ਆਦਮੀ ਭੇਜ ਚੁੱਕ ਚੁਕਾ ਕਰ, ਕੋਲੋਂ ਰੁਪਯਾ ਦੇਕੇ ਇਕ ਹਮਲਾ ਆਨੰਦਪੁਰ ਤੇ ਦਲੇਲ ਖਾਂ ਦੀ ਸਰਕਰਦਗੀ ਵਿਚ ਕਰਵਾ ਦਿੱਤਾ। ਇਸਨੇ ਅਚਾਨਕ ਪੈਕੇ ਅੱਧਾ ਆਨੰਦਪੁਰ ਲੁੱਟ ਲਿਆ। ਸਿੱਖ ਬੜੀਆਂ ਜਾਨਾਂ ਤੋੜ ਕੇ ਲੜੇ ਪਰ ਅੱਧਾ ਸ਼ਹਿਰ ਲੁਟੇ ਜਾਣ ਬਾਦ ਸਿਖ ਕਿਸੇ ਐਸੇ ਰੋਹ ਵਿਚ ਭਰਕੇ

ਪਏ ਕਿ ਬਾਕੀ ਅੱਧੇ ਨੂੰ ਬਚਾ ਲਿਆ ਤੇ ਐਸੇ ਡਟੇ ਕਿ ਫੇਰ ਵੈਰੀ ਅੱਗੇ ਨਾ ਵਧ ਸਕੇ। ਪਰ ਵੈਰੀ ਇਸ ਕਾਮਯਾਬੀ ਨੂੰ ਫਤਹ ਦੱਸ ਕੇ ਮੁੜ ਗਏ ਤੇ ਪੰਜ ਕੋਹ ਉਤੇ ਜਾ ਉਤਰੇ, ਅਤੇ ਰੰਗ ਰਲੀਆ ਵਿਚ ਮਗਨ ਹੋ ਗਏ। ਪਰ ਸਿੱਖ ਅਚੇਤ ਨਹੀਂ ਸਨ। ਜਾਂ ਚੁੱਪ ਚਾਂ ਹੋਈ ਤਾਂ ਧਾਵਾ ਕਰਕੇ ਛੋਪਲੇ ਜਾ ਪਏ ਤੇ ਐਸਾ ਦਬਾ ਪਾਇਆ ਕਿ ਉਹ ਉਠ ਨੱਠੇ ਤੇ ਲੁੱਟ ਦਾ ਮਾਲ ਸਾਰਾ ਛੋੜ ਗਏ। ਲਾਹੌਰ ਵਿਚ ਹੁਣ ਸ਼ਾਹਜ਼ਾਦਾ ਮੁਅੱਜ਼ਮ ਪਸ਼ੌਰੋਂ ਹੋ ਕੇ ਆ ਗਿਆ ਸੀ। ਸੂਬੇ ਨੇ ਸ਼ਿਕੈਤ ਕੀਤੀ, ਪਰ ਸ਼ਾਹਜ਼ਾਦੇ ਨੂੰ ਉਸਦੇ ਮੀਰ ਮੁਨਸ਼ੀ ਨੰਦ ਲਾਲ ਨੇ ਗੁਰੂ ਜੀ ਦੀ ਰੱਬੀਅਤ ਦਾ ਹਾਲ ਦੱਸਿਆ, ਜਿਸ ਤੋਂ ਸ਼ਾਹਜ਼ਾਦੇ ਨੇ ਹੋਰ ਧਾਵਾ ਕਰਨਾ ਬੰਦ ਕਰ ਦਿੱਤਾ ਤੇ ਨੰਦ ਲਾਲ ਨੂੰ ਗੁਰੂ ਜੀ ਪਾਸ ਘੱਲਿਆ ਕਿ ਉਸ ਲਈ ਅਰਦਾਸ ਕਰਨ ਕਿ ਪਿਤਾ ਦੇ ਮਗਰੋਂ ਗੱਦੀ ਉਸ ਨੂੰ ਮਿਲੇ (ਤਵਾ : ਖਾ :)। ਇਸ ਤੋਂ ਬਾਦ ਕੁਛ ਸਮਾਂ ਅਮਨ ਦਾ ਲੰਘਿਆ। ਆਨੰਦਪੁਰ ਵਿਚ ਜੀਆਦਾਨ ਦੇ ਅਨੇਕ ਕੌਤਕ ਵਰਤੇ ਵੰਨਗੀ ਮਾਤ੍ਰ ਅਗਲਾ ਪ੍ਰਸੰਗ ਮੋਹਿਨਾ ਸੋਹਿਨਾ ਹੈ :-

# ੨੦. ਮੋਹਿਨਾ-ਸੋਹਿਨਾ[1]।

## ੧. (ਮੋਹਨਾ ਤੇ ਅੰਮੀ ਜੀ)।

**ਅਸਮਾਨ** ਤੇ ਬੱਦਲਾਂ ਦੀ ਭੂਰੀ ਭੂਰੀ ਚਾਂਦਨੀ ਘੋਪੇ ਵਾਂਙ ਤਣ ਗਈ ਹੈ। ਨਿੱਕੀਆਂ ਨਿੱਕੀਆਂ ਬੂੰਦਾਂ ਪੈ ਰਹੀਆਂ ਹਨ। ਮੱਧਮ ਮੱਧਮ ਵੇਗ ਦੀ ਹਵਾ ਬੀ ਰੁਮਕ ਰਹੀ ਹੈ। ਰੁੱਤ ਉਂਞ ਹੀ ਮਹਾਂ ਸਿਆਲੇ ਦੀ ਹੈ, ਪਰ ਇਸ ਬਰਖਾ ਤੇ ਹਵਾ ਦੇ ਰੰਗ ਨੇ ਸੀਤ ਨੂੰ ਬਹੁਤ ਚੁਭਵਾਂ ਕਰ ਦਿੱਤਾ ਹੈ। ਪਾਲੇ ਦੇ ਮਾਰੇ ਲੋਕੀਂ ਘਰਾਂ ਦੇ ਅੰਦਰ ਨਿੱਘੇ ਹੋਏ ਬੈਠੇ ਹਨ।

ਇਕ ਸੁੰਦਰ ਟਿਕਾਣੇ ਇਕ ਸੁਹਾਉਣਾ ਬਾਗ਼ ਹੈ, ਜਿਸਨੂੰ ਇਨਸਾਨੀ ਤੇ ਕੁਦਰਤੀ ਸੁੰਦਰਤਾ ਦਾ ਇਕ ਨਮੂਨਾ ਆਖ ਸਕਦੇ ਹਾਂ, ਪਰ ਇਸ ਵੇਲੇ ਲਹਿਲਹਾਉਂਦਾ ਨਹੀਂ ਆਖ ਸਕਦੇ, ਕਿਉਂਕਿ ਸੁੱਤੀ ਹੋਈ ਕੁਦਰਤ ਦੇ ਨੌਨਿਹਾਲ ਇਸ ਵੇਲੇ ਉਦਾਸ, ਵਿਰਾਗੇ ਹੋਏ ਤੇ ਅਪੱਤ ਖੜੇ ਹਨ। ਕਿਸੇ ਵਧੀਕ ਚਤੁਰਾਈ ਨੇ ਕੋਈ ਨੁੱਕਰ ਖੂੰਜਾ ਸਾਵਾ ਕਰ ਰਖਿਆ ਹੋਵੇਗਾ ਤਾਂ ਵੱਖਰੀ ਗਲ ਹੈ, ਉਂਞ ਸਾਰੇ ਬਾਗ਼ ਦਾ ਉਹੋ ਹਾਲ ਹੈ ਜੋ ਇਸ ਵੇਲੇ ਸਾਰੇ ਉੱਤ੍ਰੀ ਦੇਸਾਂ ਦੇ ਬਨਾਂ ਤੇ ਬਾਗ਼ਾਂ ਦਾ ਹੋ ਰਿਹਾ ਹੈ। ਬਾਗ਼ ਦੇ ਵਿਚਕਾਰ ਕਈ ਜਗ੍ਹਾ ਹੌਜ਼ ਹਨ, ਕਈ ਥਾਂ ਫੁਹਾਰੇ ਹਨ, ਕਈ ਜਗ੍ਹਾ ਸੰਖ ਮਰਮਰੀ ਚਾਦ੍ਰਾਂ ਤੇ ਝਰਨੇ ਹਨ, ਪਰ ਗਰਮੀ ਦੀ ਤਪਤ ਨਾ ਹੋਣ ਕਰਕੇ ਇਨ੍ਹਾਂ ਦਾ ਬਾਜ਼ਾਰ ਗਰਮ ਨਹੀਂ ਰਿਹਾ। ਇਸ ਬਾਰਾਂਦਰੀਆਂ ਤੇ ਫੁਹਾਰਿਆਂ, ਸੁਨਹਿਰੀ ਕਲਸਾਂ ਲਾਜ ਵਰਦੀ ਮਹਿਰਾਬਾਂ ਤੇ ਸੰਖਮਰਮਰੀ ਸਜਾਵਟਾਂ ਨਾਲ ਸਜੇ ਬਾਗ਼ ਦੇ ਇਕ ਖੂੰਜੇ ਇਕ ਛੋਟਾ ਜਿਹਾ ਘਰ ਹੈ, ਜੋ ਬਾਹਰੋਂ ਕੱਚੀ ਲਿਪਾਈ ਦਾ ਲਿੱਪਿਆ ਹੋਇਆ ਹੈ। ਇਕ ਪਾਸੇ ਕੁਛ ਛੋਲੀਏ ਦੇ ਬੂਟੇ ਨਿੱਕੇ ਨਿੱਕੇ ਹਨ, ਆਸ ਪਾਸ ਸਰਹੋਂ ਤੇ ਕੁਛ ਗੌਂਗਲੂ ਖੜੇ ਖਿੜ ਰਹੇ ਹਨ, ਪਰ ਲਾਏ ਐਸੇ ਪੜਚੋਲਵੇਂ ਦਿਲ ਵਾਲੇ ਦੇ ਜਾਪਦੇ ਹਨ ਕਿ ਕੱਚੇ ਕੋਠੇ ਦੇ ਉਦਾਲੇ ਇਸ ਕੱਕਰੀ ਰੁੱਤ ਵਿਚ ਸਬਜ਼ੀ ਦੇ ਵਿਚਕਾਰ ਬਸੰਤ ਖਿੜਿਆ ਹੈ ਤੇ ਲਾਉਣ ਵਾਲੇ ਦੀ ਕਾਰੀਗਰੀ ਦੀ ਸਾਖ ਭਰ ਰਿਹਾ ਹੈ।

ਵੇਲਾ ਕੋਈ ਕੱਚੀਆਂ ਦੁਪਹਿਰਾਂ ਦਾ ਹੈ, ਪਰ ਘੜੀਆਂ ਦੇ ਪਹਿਰੇ ਦੱਸਣ ਵਾਲੇ ਸੂਰਜ ਹੁਰੀਂ ਤਾਂ ਭੂਰੇ ਲੇਫਾਂ ਵਿਚ ਮੂੰਹ ਲੁਕਾਈ ਫਿਰਦੇ ਹਨ; ਇਹੋ ਜਾਪਦਾ ਹੈ ਕਿ ਪਹੁ ਫੁਟਾਲਾ ਹੁਣ ਹੀ ਹਟਿਆ ਹੈ। ਇਸ ਕੱਚੇ ਕੋਠੇ ਦੇ ਬੂਹੇ ਬੰਦ ਹਨ, ਅੰਦਰ ਪਤਾ ਨਹੀਂ ਕੀ ਹੈ, ਪਰ ਬਾਹਰ ਇਕ ਬੜੇ ਗੰਭੀਰ ਤੇ ਆਤਮ ਸੁੰਦਰਤਾ ਨਾਲ ਭਰੇ ਚਿਹਰੇ ਵਾਲੀ ਲੰਮੀ ਪਤਲੀ ਡੌਲ ਦੀ ਕ੍ਰਿਪਾਲਤਾ ਦੀ ਦੇਵੀ ਖੜੀ ਹੈ ਜੋ ਦਰਵਾਜ਼ੇ ਨੂੰ 'ਹੱਥ ਫੜੀ ਕ੍ਰਿਪਾਨ ਦੀ ਪਿੱਠ ਨਾਲ' ਠਕੋਰਦੀ ਹੈ। ਅਚਰਜ ਹੈ ! ਇਹ ਕੱਚਾ ਕੋਠਾ, ਗ੍ਰੀਬਾਂ ਦਾ 'ਚਿੜੀਆਂ ਰੈਣ ਬਸੇਰਾ' ਇਸ ਦੇ ਬੂਹੇ ਤੇ ਇਕ ਰਾਣੀਆਂ ਤੋਂ ਵਧੀਕ ਜਥੇ ਤੇ ਪੁਸ਼ਾਕੇ ਵਾਲੀ, ਤੇਜਮਯ-ਮਹਾ ਰਾਣੀ ਆ ਕੇ ਦਰ ਖੜਕਾ ਰਹੀ ਹੈ। ਕੁਛ ਪਲਾਂ ਦੇ ਮਗਰੋਂ ਦਰਵਾਜ਼ਾ ਖੁਲ੍ਹ ਗਿਆ ਅਰ ਇਹ ਰਾਣੀ ਅੰਦਰ ਲੰਘ ਗਈ। ਲੰਘਦੇ ਹੀ ਫੇਰ ਬੂਹਾ ਢੋ ਹੋ ਗਿਆ ਤੇ ਬਾਹਰ ਦੀ ਹੱਡ ਕੁੜਕਾਵੀਂ ਪੌਣ ਨੂੰ ਅੰਦਰ ਵੜਨਾ ਨਾ ਮਿਲਿਆ।

1. ਇਹ ਪ੍ਰਸੰਗ ਗੁਰ: ਸਪ: ਸੰ: ਗੁ: ਨਾ: ਸਾ: ੪੪੪ (੧੯੧੩ ਈ.) ਨੂੰ 'ਮਾਲਣ' ਨਾਮ ਹੇਠ ਟ੍ਰੈਕਟ ਦੀ ਸੂਰਤ ਵਿਚ ਛਪਿਆ ਸੀ।



**AMI JI AND MOHINA**

ਅੰਦਰ ਬਿੱਜੜੇ ਦੇ ਆਹਲਣੇ ਵਾਂਙ ਰੰਗ ਲੱਗ ਰਿਹਾ ਹੈ। ਘਰ ਇਸ ਤਰ੍ਹਾਂ ਦਾ ਸਾਫ਼ ਹੈ ਕਿ ਕੱਖ ਕੁਥਾਵੇਂ ਨਹੀਂ ਪਿਆ ਦਿੱਸਦਾ। ਕੰਧਾਂ ਪਰ ਪਾਂਡੋ ਵਰਗੀ ਚਿੱਟੀ ਮਿੱਟੀ ਦਾ ਪੋਚਾ ਹੈ, ਹੇਠਾਂ ਸੁਥਰਾ ਲੇਪਣ ਹੈ; ਜਿਸ ਪਰ ਸਫ਼ਾਂ ਦੀ ਵਿਛਾਈ ਹੈ ਤੇ ਇਕ ਪਾਸੇ ਦਰੀ ਵਿਛੀ ਹੈ। ਇਕ ਖੂੰਜੇ ਲਟਲਟ ਕਰਦੀ ਅੱਗ ਮਘ ਰਹੀ ਹੈ।

ਅੱਗ ਦੇ ਨੇੜੇ ਪੀੜ੍ਹੀ ਡਾਹ ਕੇ ਇਕ ਪ੍ਰਬੀਨ, ਪਰ ਸਾਫ਼ ਤੇ ਨਿਰਛਲ ਨੁਹਾਰ ਦੀ ਜੁਆਨ ਇਸਤ੍ਰੀ ਬੈਠੀ ਸੀ, ਜਿਸ ਨੇ ਉਠ ਕੇ ਬੂਹਾ ਖੋਹਲਿਆ ਸੀ। ਹੁਣ ਪੀੜ੍ਹੀ ਉਤੇ ਆਸਣ ਵਿਛਾ ਕੇ ਆਪਣੀ ਉਚੀ ਪ੍ਰਾਹੁਣੀ ਦੇ ਅੱਗੇ ਕੀਤੀਓਸੁ ਤੇ ਆਪ ਫੂਹੜੀ ਤੇ ਬੈਠ ਕੇ ਮੱਥਾ ਟੇਕ ਕੇ ਪ੍ਰੇਮ ਦੇ ਵੇਗ ਵਿਚ ਬੋਲੀ :-

"ਅੰਮੀ ਜੀ ! ਮੇਰੀ ਮਾਤਾ ਜੀ ! ਤੁਸੀਂ ਕੇਡੇ ਚੰਗੇ ਹੋ ? ਅੰਮੀ ਜੀ ! ਐਡੀ ਠੰਢ ਤੇ ਮੀਂਹ ਵਿਚ ਖੇਚਲ ਕੀਤੀ, ਦਾਸੀ ਨੂੰ ਹੁਕਮ ਕਰ ਘੱਲਦੇ, ਦਾਸੀ ਹਾਜ਼ਰ ਹੋ ਜਾਂਦੀ।"

ਅੰਮੀ ਜੀ—ਮੋਹਿਨਾ ! ਮੈਂ ਆਖ ਜੁ ਗਈ ਸਾਂ ਕਿ ਆਵਾਂਗੀ।

ਮੋਹਿਨਾ—ਫੇਰ ਕਿਹੜੀ ਗੱਲ ਸੀ ? ਮੈਂ ਜੋ ਟਹਿਲਣ ਹਾਜ਼ਰ ਸਾਂ।

ਅੰਮੀ ਜੀ—ਮੇਰੀਆਂ ਤਾਂ ਸਾਰੀਆਂ ਵਾੜੀਆਂ ਹਨ, ਟਹਿਲਣ ਮੇਰੀ ਕੋਈ ਕਿਉਂ ? ਸਗੋਂ 'ਹਰਿ-ਸੇਵਾ' ਦੀ ਮੰਗ ਤਾਂ ਵਾਹਿਗੁਰੂ ਦੇ ਦਰ ਤੋਂ ਮੈਂ ਆਪ ਮੰਗਦੀ ਹਾਂ।

ਮੋਹਿਨਾ—ਮੇਰੀ ਚੰਗੀ ਚੰਗੇਰੀ ਅੰਮੀਏ! ਰੁੱਖਾ ਮਿੱਸਾ ਪ੍ਰਸ਼ਾਦ; ਬੱਕਰੀ ਦਾ ਦੁੱਧ, ਆਪਣੇ ਛੱਤਿਆਂ ਦੀ ਮਾਖਿਓਂ ਹਾਜ਼ਰ ਹੈ, ਆਗਿਆ ਕਰੋ, ਹਾਜ਼ਰ ਕਰਾਂ?

ਅੰਮੀ—ਬੇਟਾ ਜੀਉ ! ਮੈਂ ਪ੍ਰਸ਼ਾਦ ਛਕਾ ਕੇ ਤੇ ਆਪ ਛਕਕੇ ਆਈ ਹਾਂ। ਛਕਾਉਣਾ ਹੈ ਤਾਂ ਉਹੋ ਛਕਾਓ ਜਿਸਦੀ ਭੁੱਖ ਮੈਨੂੰ ਤੁਸਾਂ ਪਾਸ ਲਿਆਈ ਹੈ। ਮੋਹਿਨਾ 'ਸਤਿ ਬਚਨ' ਕਹਿ ਕੇ ਉਠੀ, ਇਕ ਖੂੰਜੇ ਕਿੱਲੀ ਨਾਲ ਸਰੋਦਾ ਲਟਕ ਰਿਹਾ ਸੀ, ਲਾਹ ਲਿਆਈ, ਸੁਰ ਕੀਤਾ ਤੇ ਲੱਗੀਆਂ ਉਸ ਦੀਆਂ ਤ੍ਰਿਖੀਆਂ ਉਂਗਲਾਂ ਮੱਧਮ ਤੇ ਕਲੇਜਾ ਹਿਲਾਵੀਆਂ ਠੁਹਕਰਾਂ ਦੇਣ। ਪਹਿਲੇ ਮਲਾਰ ਦਾ ਅਲਾਪ ਛਿੜਿਆ, ਪਰ ਫੇਰ ਸਾਰੰਗ ਦੀ ਗਤ ਬੱਝ ਗਈ। ਕਮਰੇ ਦੇ ਅੰਦਰ ਇਕ ਬੈਕੁੰਠ ਦਾ ਨਕਸ਼ਾ ਬਣ ਗਿਆ। ਇਸ ਵੇਲੇ ਅੰਮੀਂ ਜੀ ਪੀੜ੍ਹੀ ਤੋਂ ਉਤਰਕੇ ਹੇਠਾਂ ਹੋ ਬੈਠੇ, ਅੱਖਾਂ ਬੰਦ ਹੋ ਗਈਆਂ ਤੇ ਸ਼ਰੀਰ ਐਸਾ ਅਡੋਲ ਹੋਇਆ, ਮਾਨੋਂ ਸ਼ਬਦ ਦੀ ਝੁਨਕਾਰ ਦੇ ਵਿਚ ਹੀ ਲੀਨ ਹੋ ਗਿਆ ਹੈ। ਮੋਹਿਨਾ ਜੀ ਦਾ ਹੁਣ ਸਰੋਦੇ ਨਾਲੋਂ ਵੀ ਸੁਰੀਲਾ ਤੇ ਮਿੱਠਾ ਗਲਾ ਖੁਲਿਆ:--

(ਸਾਰੰਗ ਮਹਲਾ ੧)

ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ॥
ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ
ਕਾਲੁ ਸੰਤਾਪੈ॥੧॥ ਰਹਾਉ॥ ਜਬ ਲਗੁ ਦਰਸੁ
ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥
ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ
ਕਮਲ ਬਿਗਾਸੀ॥੧॥ ਊਨਵਿ ਘਨਹਰੁ ਗਰਜੈ
ਬਰਸੈ ਕੋਕਿਲ ਮੋਰ ਬੈਰਾਗੈ ॥ ਤਰਵਰ ਬਿਰਖ
ਬਿਹੰਗ ਭੁਇਅੰਗਮ ਘਰਿ ਪਿਰੁ ਧਨ
ਸੋਹਾਗੈ॥੨॥ ਕੁਚਿਲ ਕੁਰੂਪਿ ਕੁਨਾਰਿ ਕੁਲਖਨੀ
ਪਿਰ ਕਾ ਸਹਜੁ ਨ ਜਾਨਿਆ॥ ਹਰਿ ਰਸ
ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ
ਸਮਾਨਿਆ॥੩॥ ਆਇ ਨ ਜਾਵੈ ਨਾ ਦੁਖੁ ਪਾਵੈ
ਨਾ ਦੁਖਦਰਦੁ ਸਰੀਰੇ॥ ਨਾਨਕ ਪ੍ਰਭ ਤੇ ਸਹਜ
ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ॥੪॥੨॥

ਸ਼ਬਦ ਦੀ ਇਹ ਗਾਯਨ ਰੀਤਿ ਬੈਠਵੀਂ ਲੈ ਵਿਚ ਕੁਛ ਐਸੀ ਦਿਲ ਖਿੱਚਵੀਂ ਤੇ ਰਸ ਭਰੀ ਸੀ ਕਿ ਕਿਤਨਾ ਚਿਰ ਲੰਘ ਗਿਆ। ਫਿਰ ਹੋਰ ਸ਼ਬਦ ਛਿੜਿਆ। ਲੌਢਾ ਪਹਿਰ ਹੋ ਗਿਆ। ਮੋਹਿਨਾ ਦੀ ਜਲਘੜੀ ਨੇ ਦੱਸਿਆ ਕਿ ਤ੍ਰਿਪਹਿਰਾ ਵੱਜ ਚੁਕਾ ਹੈ। ਇੰਨੇ ਨੂੰ ਕਿਲ੍ਹੇ ਤੋਂ ਤ੍ਰਿਪਹਿਰਾ ਵਜ ਕੇ ਤ੍ਰੈ ਘੜੀਆਂ ਦੀ ਟੁੰਕਾਰ ਸੁਣਾਈ ਦਿੱਤੀ। ਕੀਰਤਨ ਸਮਾਪਤ ਹੋ ਚੁੱਕਾ ਸੀ, ਅੰਮੀ ਜੀ ਜਾਣਾ ਚਾਹੁੰਦੇ ਸਨ ਪਰ ਮੋਹਿਨਾਂ -ਤੇ ਪਿਆਰ ਭਰੀ ਮੋਹਿਨਾਂ-ਨੇ ਐਵੇਂ ਜਾਣ ਨਾਂ ਦਿੱਤਾ। ਠੰਢ ਦੇ ਕਾਰਨ ਅਖਰੋਟ, ਬਦਾਮ ਤੇ ਅਬਜੋਸ਼ ਅੱਗੇ ਲਿਆ ਧਰੇ ਤੇ ਲੂਣ ਵਾਲੀ ਚਾਹ ਦੀ ਇਕ ਕਟੋਰੀ ਨਾਲ। ਅੰਮੀ ਜੀ ਨੇ ਪ੍ਰੇਮ ਦੇ ਰੰਗ ਅੱਗੇ ਨਾਂਹ ਨਾ ਕੀਤੀ 'ਵਾਹਿਗੁਰੂ! ਤੂੰ ਧੰਨ ਤੂੰ ਧੰਨ' ਕਿਹਾ ਤੇ ਮੂੰਹ ਚੋਲ੍ਹਿਆ।

ਜਦੋਂ ਮਾਤਾ ਜੀ ਟੁਰੇ ਤਾਂ ਮੋਹਿਨਾਂ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ। ਚਿਹਰਾ ਹਵਾਈ ਵਾਂਙ

ਉੱਡ ਗਿਆ, ਚੱਕਰ ਖਾਂਦੀ ਤੇ ਬਹਿੰਦੀ ਬਹਿੰਦੀ ਹੇਠਾਂ ਢਹਿ ਪਈ ਤੇ ਨਿਢਾਲ ਹੋ ਲੇਟ ਗਈ। ਅੰਮੀ ਜੀ ਨੇ ਸਿਰ ਤੇ ਹੱਥ ਫੇਰਿਆ, ਪਿਆਰ ਦਿੱਤਾ, ਗੋਦੀ ਵਿਚ ਸਿਰ ਲੈ ਕੇ ਥਾਪੜੇ ਦਿੱਤੇ ਤਾਂ ਸਾਵਧਾਨ ਹੋਈ। ਅਜੇ ਅੱਥਰੂ ਨਹੀਂ ਖੜੋਂਦੇ ਸਨ ਤੇ ਕਲੇਜਾ ਥਾਂਵੇਂ ਨਹੀਂ ਸੀ ਆਉਂਦਾ:-"ਮੋਹਿਨਾਂ ! ਤੈਨੂੰ ਹੁਣ ਕਿਉਂ ਫਿਕਰ ਹੈ ? ਮੈਂ ਜੁ ਫਿਕਰ ਲੈ ਲਿਆ ਹੈ; ਸਾਰੇ ਕਾਜ ਸੁਹੇਲੜੇ ਹੋ ਜਾਸਣ, ਤੂੰ ਜਿਸ ਰਾਹੇ ਟੁਰੀ ਹੈਂ ਤੁਰੀ ਰਹੁ।" ਇਉਂ ਧੀਰਜਾਂ ਤੇ ਅਸੀਸਾਂ ਦੇਂਦੀ ਦੈਵੀ ਅੰਮੀ ਟੁਰ ਗਈ!

## ੨. (ਮੋਹਿਨਾ ਤੇ ਸੋਹਿਨਾ)

**ਅੰਮੀਂ** ਜੀ ਨੂੰ ਗਿਆਂ ਕੁਝ ਚਿਰ ਬੀਤ ਗਿਆ ਸੀ, ਦਿਨ ਅੰਦਰ ਬਾਹਰ ਹੋਣ ਲੱਗ ਪਿਆ, ਸੂਰਜ ਤਾਂ ਚੜ੍ਹਿਆ ਹੀ ਨਹੀਂ ਸੀ ਪਰ ਬੱਦਲਾਂ ਵਿਚੋਂ ਛਣ ਕੇ ਜੋ ਚਾਨਣ ਆਉਂਦਾ ਸੀ ਉਹ ਬੀ ਘਟਣ ਲੱਗ ਪਿਆ। ਇਸ ਵੇਲੇ ਮੋਹਿਨਾ ਨੇ ਬਾਹਰ ਆ ਕੇ ਕੂਲੀਆਂ ਕੂਲੀਆਂ ਸਰਹੋਂ ਦੀਆਂ ਗੰਦਲਾਂ ਤੋੜੀਆਂ ਤੇ ਅੰਦਰ ਜਾ ਕੇ ਸਾਗ ਧਰ ਦਿੱਤਾ। ਥੋੜੇ ਹੀ ਚਿਰ ਮਗਰੋਂ ਬੂਹਾ ਫੇਰ ਖੜਕਿਆ, ਰਹਿਰਾਸ ਦਾ ਭੋਗ ਪਾ ਕੇ ਅਰਦਾਸਾ ਕਰ ਰਹੀ ਮੋਹਿਨਾ ਨੇ ਅਰਦਾਸਾ ਹੋ ਚੁਕਣ ਪਰ ਬੂਹਾ ਖੋਲ੍ਹਿਆ, ਤਾਂ ਉਸ ਦੇ ਪ੍ਰਾਣਪਤੀ ਜੀ ਨਜ਼ਰ ਪਏ ਜੋ ਕਈ ਦਿਨਾਂ ਦੇ ਵਾਂਢੇ ਗਏ ਹੋਏ ਸੇ। ਇਸ ਨੇ ਸੀਸ ਨਿਵਾਇਆ, ਉਨ੍ਹਾਂ ਨੇ ਅਸੀਸ ਦਿੱਤੀ, ਸੁਖਸਾਂਦ ਪੁੱਛੀ ਤੇ ਮੂੰਹ ਹੱਥ ਧੋ ਕੇ ਫੇਰ ਅੱਗ ਉਦਾਲੇ ਆ ਬੈਠੇ।

ਪਤੀ-ਮੋਹਿਨਾ ! ਮੇਰੇ ਪਿੱਛੋਂ ਅੰਮੀ ਜੀ ਦੇ ਦਰਸ਼ਨ ਫੇਰ ਤੁਸਾਂ ਨਹੀਂ ਕੀਤੇ ?

ਮੋਹਿਨਾ—ਜੀ ਦੋ ਵੇਰ ਹੋਏ ਹਨ, ਅੱਠ ਦਿਨ ਹੋਏ ਤਾਂ ਮੈਂ ਗਈ ਸਾਂ, ਅਜ ਆਪ ਆਏ ਸਨ। ਹੁਣੇ ਗਏ ਨੇ।

ਪਤੀ—ਧੰਨ ਭਾਗ ! ਅੰਮੀ ਜੀ ਕੇਡੇ ਦਿਆਲੂ ਹਨ ? ਕੰਗਲਿਆਂ ਨੂੰ ਨਿਹਾਲ ਕਰਦੇ ਹਨ।

ਮੋਹਿਨਾ—ਚਰਨ ਪਾਉਣੇ ਹੀ ਨਹੀਂ ਉਹ ਤਾਂ ਕੀਟਾਂ ਨੂੰ ਥਾਪਦੇ ਹਨ, ਮੈਂ ਕਿਸੇ ਵੇਲੇ ਆਪਣੇ ਆਪ ਨੂੰ ਦਾਸ ਜਾਂ ਟਹਿਲਣ ਆਖਾਂ ਤੇ ਝਿੜਕ ਕੇ ਆਖਦੇ ਹਨ- 'ਮੈਂ ਤੈਨੂੰ ਗੋਦੀ ਲਿਆ ਹੈ, ਆਪਣਾ ਬੱਚਾ ਬਣਾਇਆ ਹੈ, ਤੂੰ ਕਿਉਂ ਦਾਸੀ ?' ਅੰਮੀ ਆਖਾਂ ਤਾਂ ਖ਼ੁਸ਼ ਹੁੰਦੇ ਹਨ। ਕੋਈ ਹੋਰ ਵਡਿਆਈ ਦਾ ਨਾਮ ਲੈ ਕੇ ਸੱਦਾਂ ਤਾਂ ਸਦਾ ਖਿੜੇ ਮੱਥੇ ਤੇ ਵੱਟ ਪਾ ਲੈਂਦੇ ਹਨ।

ਪਤੀ—ਸੱਚ ਹੈ, ਸ਼ੁਕਰ ਹੈ ਮਾਲਕ ਦਾ ਜੋ ਸਾਡੇ ਜੇਹਿਆਂ ਪਰ ਦਿਆਲੂ ਹੈ। ਪ੍ਰੇਮ ਵਿਚ ਖਿੱਚਦਾ ਹੈ। ਪਰ ਮੋਹਿਨਾ ਜੀਉ ! ਕੋਈ ਸਾਡੀ ਮੁਸ਼ਕਲ ਖੁਲ੍ਹ ਪੈਣ ਦਾ ਨਿਸ਼ਾਨ ਬੀ ਨੇੜੇ ਨੇੜੇ ਆਇਆ ਹੈ ?

ਮੋਹਿਨਾ—ਸੁਆਮੀ ਜੀ ! ਨਹੀਂ ਅੰਮੀ ਜੀ ਅਜੇ ਇਹੋ ਆਖਦੇ ਹਨ 'ਹੁਕਮ ਨਹੀਂ।'

ਸੋਹਿਨਾ—ਹੱਛਾ ! ਜਿਵੇਂ ਰਜ਼ਾ, ਪ੍ਰਿਯਾ ਜੀ ! ਤੁਸੀਂ ਘਬਰਾਉਂਦੇ ਤਾਂ ਨਹੀਂ ?

ਮੋਹਿਨਾ—ਟੋਟ ਵਾਲਾ ਘਬਰਾ ਤਾਂ ਹੁਣ ਨਹੀਂ, ਪਰ ਵੈਰਾਗ ਤੇ ਪ੍ਰੇਮ ਦੀ ਖਿੱਚ ਤਾਂ ਹਰ ਘੜੀ ਹੈ।

ਸੋਹਿਨਾ—ਇਹੋ ਮੇਰਾ ਹਾਲ ਹੈ, ਪਤਾ ਨਹੀਂ ਮੈਂ ਇਹ ਸਫਰ ਕੀਕੂੰ ਬਿਤਾਇਆ ਹੈ, ਪ੍ਰੇਮ ਦੀ ਖਿੱਚ ਤੇ ਬਿਰਹੇ ਹੀ ਧੂਹ ਨੇ ਇਕ ਪਲ ਨਹੀਂ ਛੱਡਿਆ। ਜੇ ਕਦੀ ਇਹ ਕੰਮ ਅੰਮੀ ਜੀ ਦਾ ਨਾ ਹੁੰਦਾ ਤਾਂ ਮੈਂ ਅਧਵਾਟਿਓਂ ਮੁੜ ਆਉਂਦਾ।

ਮੋਹਿਨਾ—ਪਤੀ ਜੀ ! ਅਸੀਂ ਦਾਸ ਜੋ ਠਹਿਰੇ, ਜੋ ਮਾਲਕ ਦੀ ਰਜ਼ਾ ਉਹ ਸਾਡੀ ਕਰਨੀ ਕਰਤੂਤ ਤੇ ਉਸੇ ਵਿਚ ਸਾਡਾ ਭਲਾ। ਸਾਂਈਂ ਮਿਹਰ ਕਰੇ, ਉਹ ਕਰੀਏ ਜੋ ਉਸ ਨੂੰ ਭਾਵੇ, ਪਰ ਇਹ ਕਰਦਿਆਂ ਸਾਡੀ ਧੂਹ ਤੇ ਖਿਚ ਦੂਣ ਸਵਾਈ ਹੁੰਦੀ ਜਾਵੇ। ਜਿੰਨਾਂ ਚਿਰ ਇਸ ਧੂਹ ਨੂੰ ਮਨ ਝੱਲੇ ਜਰੀ ਜਾਵੇ। ਵਾਹ ਵਾਹ, ਜਦ ਜਰ ਨਾ ਸਕੇ ਤੇ ਇਸਦੇ ਭਾਰ ਹੇਠ ਟੁੱਟ ਜਾਵੇ, ਤਦ ਇਸ ਤੋਂ ਉੱਤਮ ਵਸੀਲ਼ਾ ਹੋਰ ਕੀ ਹੋਸੀ ਜਿਸ ਨਾਲ ਕਲਿਆਣ ਮਿਲੇ ?

ਸੋਹਿਨਾ—ਜੋ ਮਾਲਕ ਕੰਮ ਸੌਂਪੇ ਉਹ ਕਰੀਏ, ਜੋ ਹੁਕਮ ਦੇਵੇ ਮੰਨੀਏ, ਮਾਲਕ ਚਾਹੇ ਝਿੜਕੇ ਚਾਹੇ ਦੁਰਕਾਰੇ, ਪਰ ਚੰਗਾ ਲੱਗਦਾ ਰਹਵੇ, ਪਿਆਰ ਵੱਧਦਾ ਰਹਵੇ ਤੇ ਪ੍ਰੇਮ ਹੁਲਾਰੇ ਲੈਂਦਾ ਰਹਵੇ। ਫੇਰ ਕਦੇ ਆਪੇ...

ਮੋਹਿਨਾ—ਹਾਂ, ਪ੍ਰਿਯਵਰ ਜੀ ਦਰਸ਼ਨ ਦਾਤ ਹੈ, ਮਿਹਰ ਹੈ, ਨਦਰ ਹੈ। ਅੰਮੀ ਜੀ ਆਖਦੇ ਸੇ ਸਾਡੇ ਸਾਧਨ ਮੁਰਦਾ ਸਾਧਨ ਹਨ; ਅਸੀਂ ਜੋ ਮੁਰਦੇ ਹੋ ਰਹੇ ਹਾਂ। ਇਹ ਤਾਂ ਲੂਲ੍ਹੇ ਪਿੰਗਲੇ ਦੇ ਟੁੰਡ ਮਾਰਨ ਵਾਲੀ ਗੱਲ ਹੈ। ਲੂਲ੍ਹਾ ਪਿੰਗਲਾ ਪਰਬਤ ਤੇ ਕਦੇ ਪਹੁੰਚ ਸਕਦਾ ਹੈ ? ਸਾਂਈਂ ਦੀ ਨਦਰ, ਸਾਂਈਂ ਦੀ ਮਿਹਰ ਉਸ ਨੂੰ ਖਿਨ ਵਿਚ ਲੈ ਜਾ ਸਕਦੀ ਹੈ। 'ਦਰਸ਼ਨ' ਤਾਂ ਮਿਹਰ ਹੈ, ਮਿਹਰ ਦਾਤੇ ਦੇ ਵੱਸ ਹੈ, ਸਾਡੇ ਵੱਸ ਨਹੀਂ। ਅਸੀਂ ਤਾਂ ਮੰਗਤੇ ਹਾਂ, ਮੰਗਤਾ ਝੋਲੀ ਅੱਡੀ

ਰਖੇ, ਆਸਾ ਵੰਦ ਰਹੇ, ਮਨ ਹਰ ਵੇਲੇ ਯਾਚਨਾ ਵਿਚ ਰਹੇ, ਬੱਸ। ਬਾਕੀ 'ਦੇਣਾ' ਮਿਹਰਾਂ ਵਾਲੇ ਦੇ ਵੱਸ ਹੈ। ਉਸਦੇ ਦੁਆਰੇ ਆਸਾਵੰਦ ਰਹਿਣਾ; ਇਤਨਾ ਹੀ ਮੰਗਤੇ ਦਾ ਕਰਤੱਵ ਹੈ। ਮੰਗਤਾ ਕਾਹਲਾ ਨਾ ਪਵੇ, ਮੰਗਤਾ ਨਿਰਾਸ ਨਾ ਹੋਵੇ, ਮੰਗਤਾ ਮਾਨ ਨਾ ਕਰੇ, ਮੰਗਤਾ ਦਾਵਾ ਨਾ ਬੰਨ੍ਹੇ, ਹੰਕਾਰ ਨ ਧਾਰੇ ਕਿ ਜ਼ਰੂਰ ਮਿਲਸੀ, ਪਰ ਮੰਗਤਾ ਕਦੇ ਸਿਦਕ ਨਾ ਹਾਰੇ, ਨਿਹਚਾ ਰਖੇ ਕਿ ਦਾਤਾ ਕਦੇ ਨਾ ਕਦੇ ਜ਼ਰੂਰ ਤ੍ਰੁਠਸੀ। ਆਸਾਵੰਦ ਰਹੋ, 'ਮੰਗ-ਧਰਮ' ਧਾਰੋ, ਇਹ ਅੰਮੀ ਜੀ ਦਾ ਵਾਕ ਸੀ। ਸੋ ਪਤੀ ਜੀ ! ਅੱਗੇ ਆਪਣੇ ਹਠ ਤੇ ਹਉਂ ਭਰੇ ਸਾਧਨਾਂ ਦਾ ਫਲ ਵੇਖ ਹੀ ਚੁਕੇ ਹਾਂ, ਕੀ ਪਾਇਆ ਹੈ ! ਹੁਣ ਤਾਂ ਅੰਮੀ ਜੀ ਦੀ ਸੁਮੱਤ ਸਾਨੂੰ ਲਗੇ। ਅਸੀਂ ਨੌਕਰ ਰਹੀਏ ਤੇ ਨਖ਼ਰਾ ਚੁਕਾਈਏ, ਅਸੀਂ ਸ਼ੁਕਰ ਕਰੀਏ ਕਿ ਸਾਨੂੰ ਅੰਮੀ ਜੀ ਦੀ ਮਿਹਰ ਮਿਲ ਗਈ ਹੈ। ਦੇਖੋ ਅਜ ਕਿੱਡੀ ਠੰਢ ਤੇ ਮੀਂਹ ਦਾ ਕਣੀ ਕਣੋਟ ਸੀ, ਪਰ ਸੁਖਨਾ ਦੀ ਪੱਕੀ ਅੰਮੀ, ਜਿਸ ਦੇ ਅਸੀਂ ਮੁੱਲ ਖ਼ਰੀਦੇ ਗੋਲਿਆਂ ਤੋਂ ਭੀ ਹੀਣੇ ਦਾਸ ਹਾਂ, ਆਪ ਟੁਰਕੇ ਇਸ ਕੱਖਾਂ ਦੀ ਕੁੱਲੀ ਵਿਚ ਆਈ ਅਰ ਮੈਨੂੰ ਆਤਮ ਉਪਦੇਸ਼ਾਂ ਨਾਲ ਕ੍ਰਿਤਾਰਥ ਕਰਕੇ ਗਈ ਹੈ।

ਮੋਹਿਨਾ ਇਹ ਕਹਿ ਰਹੀ ਸੀ ਤੇ ਸੋਹਿਨਾ ਜੀ ਦੇ ਨੇਤ੍ਰ ਮਿਟਦੇ ਜਾਂਦੇ ਸੇ ਅਰ ਅੱਖਾਂ ਵਿਚੋਂ ਕੋਈ ਕੋਈ ਟੇਪਾ ਤ੍ਰਪ ਤ੍ਰਪ ਕਿਰ ਰਿਹਾ ਸੀ, ਹੁਣ ਮੋਹਿਨਾ ਕਹਿੰਦੀ ਕਹਿੰਦੀ ਆਪ ਬੀ ਗੁੰਮ ਹੋ ਗਈ।

ਕੈਸਾ ਅਦਭੁਤ ਦਰਸ਼ਨ ਹੈ, ਕੈਸੇ ਇਸਤ੍ਰੀ ਭਰਤਾ ਇਕ ਰੰਗ ਦੇ ਹਨ, ਕੈਸਾ ਘਰ ਦਾ ਸਤਿਸੰਗ ਹੈ। ਗੁਰ ਨਾਨਕ ਸੋਹਿਲੇ ਦੀ ਕਿਆ ਤਾਸੀਰ ? 'ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ।' ਕੈਸਾ ਮਿੱਠਾ ਫਲ ਲੱਗਾ ਹੈ ? ਜਿਸਦਾ ਬੀਜ ਗੁਰ ਨਾਨਕ ਕੇਰਦਾ ਹੈ, ਜਿਸ ਦਾ ਪਤਾ ਸਤਿਗੁਰ ਐਉਂ ਦੇਂਦਾ ਹੈ: 'ਕਹੁ ਨਾਨਕ ਗੁਰਿ ਮੰਤ੍ਰ ਦ੍ਰਿੜਾਇਆ।' ਸੱਚ ਹੈ ਗੁਰ ਨਾਨਕ ਦਾ ਮੰਤ੍ਰ ਕਾਇਆਂ ਪਲਟਦਾ ਹੈ, ਮਨ ਪਲਟਦਾ ਹੈ ਤੇ ਆਤਮ ਜੀਵਨ ਦਾਨ ਕਰਦਾ ਹੈ। ਅਸਲ ਰਸਾਇਣ ਗੁਰ ਨਾਨਕ ਦੇ ਗਾਰੁੜੀ ਮੰਤ੍ਰ ਵਿਚ ਹੈ, ਜੋ ਵਿਸ ਝਾੜਦਾ ਹੈ, ਪ੍ਰੇਮ ਅੰਮ੍ਰਿਤ ਪਾਉਂਦਾ ਹੈ ਤੇ 'ਸਦਾ ਰਹੈ ਕੰਚਨ ਸੀ ਕਾਇਆਂ ਕਾਲ ਨ ਕਬਹੂੰ ਬਿਆਪੈ' ਦਾ ਅਮਰ ਸੋਨਾਂ ਤਿਆਰ ਕਰਦਾ ਹੈ।

ਦੰਪਤੀ ਕਿੰਨਾ ਚਿਰ ਇਸੇ ਅਡੋਲਤਾ, ਬ੍ਰਿਤੀ ਦੀ ਰਸ ਭਰੀ ਏਕਾਗ੍ਰਤਾ ਵਿਚ ਬੈਠੇ ਰਹੇ। ਅੱਗ ਬਲ ਬਲ ਕੇ ਹਿੱਸ ਰਹੀ ਤੇ ਸਾਗ ਉੱਬਲ ਉੱਬਲ ਕੇ ਰਿੱਝ ਰਿਹਾ, ਦੀਵਾ ਜਗ ਜਗ ਕੇ ਬੁਝ ਰਿਹਾ, ਪਰ ਇਹਨਾਂ ਨੂੰ ਆਪਣੀ ਮੰਗ ਦੇ ਸ਼ੁਕਰਾਨੇ ਵਿਚ ਜੋ ਠੰਢਾ ਠੰਢਾ ਰਸ ਆਇਆ ਸੀ ਉਹ ਆਪਣੇ ਵਿਚ ਇੰਨਾ ਗ਼ਰਕ ਕਰ ਗਿਆ ਕਿ ਪਤਾ ਹੀ ਨਹੀਂ ਰਿਹਾ ਕਿ ਸਥੂਲ ਸੰਸਾਰ ਕੀਹ ਕੀਹ ਰੰਗ ਵਟਾ ਚੁਕਾ ਹੈ। ਤਦੇ ਅੱਖ ਖੁੱਲ੍ਹੀ ਜਦੋਂ ਬੂਹੇ ਨੇ ਫੇਰ ਖਟ ਖਟ ਕੀਤੀ। ਹਿਤ ਅਲਸਾਈਆਂ ਪ੍ਰੇਮ ਨਾਲ ਜੁੜੀਆਂ ਅੱਖਾਂ ਖੁੱਲ੍ਹੀਆਂ। ਮੋਹਿਨਾ ਨੇ ਦਰਵਾਜ਼ਾ ਖੁਹਲਿਆ, ਤਾਂ ਇਕ ਦਾਸ ਸੀ, ਜਿਸ ਨੇ ਬੜੇ ਪ੍ਰੇਮ ਨਾਲ ਕਿਹਾ, "ਬੀਬੀ ਜੀ ! ਮੈਂ ਸੱਚੇ ਦੁਆਰੋਂ ਆਇਆ ਹਾਂ, ਅੰਮ੍ਰਿਤ ਵੇਲੇ ਤੁਸਾਂ ਨੂੰ ਧਿਆਨ ਵਿਚੋਂ ਉਠਾਇਆ ਹੈ, ਪਰ ਅੰਮੀ ਜੀ ਨੇ ਘੱਲਿਆ ਤੇ ਆਖਿਆ ਹੈ ਕਿ ਰਾਤ ਮਹਾਰਾਜ ਜੀ ਦੇ ਸਮਰਪਨ ਲਈ ਫੂਲ ਕਿਤੋਂ ਨਹੀਂ ਆਏ ਤੇ ਸਾਡੇ ਦਰਸ਼ਨ ਦਾ ਵਕਤ ਨੇੜੇ ਹੈ, ਹੋ ਸਕੇ ਤਾਂ ਇਕ ਸਿਹਰੇ ਜੋਗੇ ਫੁਲ ਦਿਓ, ਅਰ ਛੇਤੀ ਦਿਓ ਜੋ ਸਾਡੇ ਨੇਮ ਵਿਚ ਭੰਗ ਨਾ ਪਵੇ। ਰਾਤ ਸੁਨੇਹਾ ਘੱਲਣਾ ਯਾਦ ਨਹੀਂ ਰਿਹਾ।"

ਲੇਖਿਆਂ ਤੇ ਪੜਚੋਲਾਂ ਵਾਲੀਆਂ ਸਮਝਾਂ ਉਸ ਖੁਸ਼ੀ ਨੂੰ ਕੀਹ ਸਮਝਣ ਜੋ ਇਸ ਸੁਖ ਸੁਨੇਹੜੇ ਨੇ ਦਿੱਤੀ ? ਪ੍ਰੇਮ ਦੇ ਬੇ-ਗ਼ਮ ਰਾਹ, ਇਲਾਹੀ ਤੇ ਅਲੇਲ ਰਸਤੇ ਤੇ ਟੁਰਾਊ ਮੋਹਿਨਾ ਤੇ ਸੋਹਿਨਾ ਉਠੇ, ਆਪਣੀ ਸਾਂਭ ਸਾਂਭ ਤੇ ਖੋਰੀਆਂ ਪਰਾਲੀਆਂ ਨਾਲ ਕੱਜ ਕੱਜ ਰਖੀ ਫੁਲਵਾੜੀ ਵਿਚ ਜਾ ਵੜੇ। ਆਕਾਸ਼ ਵਿਚ ਬੱਦਲਾਂ ਦਾ ਚਿੱਟਾ ਤੇ ਕਾਲਾ ਰੂਪ ਛਾ ਰਿਹਾ ਹੈ, ਇਨ੍ਹਾਂ ਦੇ ਪਿੱਛੇ ਚੰਦ੍ਰਮਾਂ ਹੈ, ਬੱਦਲਾਂ ਵਿਚੋਂ ਦਾਮਨੀ ਖਿਉਂਦੀ ਤੇ ਲਿਸ਼ਕਾਰਾ ਮਾਰਦੀ ਹੈ। ਇਸ ਲਿਸ਼ਕਾਰੇ ਵਿਚ ਪਯਾਰੇ ਲਈ ਪ੍ਰੇਮੀ ਫੁੱਲ ਤੋੜ ਰਹੇ ਹਨ।

ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥
ਦਹਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ॥
ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ॥
ਹਰਿਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ॥ ੯॥ (ਫੁਨਹੇ ਮਹਲਾ ੫)

ਫੁੱਲ ਤੋੜਦੇ ਹਨ, ਜੀ ਖੁਸ਼ੀ ਨਾਲ ਉਛਲਦਾ ਹੈ, ਅੰਮੀ ਜੀ ਕੇਡੇ ਚੰਗੇ ਹਨ ਜੋ ਐਸੇ ਸੁਹਣੇ ਕੰਮ ਲਈ

ਸਾਨੂੰ ਯਾਦ ਕਰਦੇ ਹਨ। ਜਿਨ੍ਹਾਂ ਦੇ ਦੁਆਰੇ ਬਨਰਾਇ ਹੱਥ ਬੱਧੀ ਖੜੀ ਹੈ, ਉਹ ਸਾਨੂੰ ਸੇਵਾ ਦੇ ਕੇ ਵਡਿਆਉਂਦੇ ਹਨ। ਅੰਮੀ, ਅੰਮੀ, ਅੰਮੀ ਤੂੰ ਧੰਨ ਹੈਂ ! ਫੇਰ ਫੁੱਲਾਂ ਨੂੰ ਐਸ ਤਰ੍ਹਾਂ ਦੇ ਪਜਾਰ ਭਾਵ ਨਾਲ ਬੁਲਾਉਂਦੇ ਹਨ, ਆਖਦੇ ਹਨ :--

*"ਨੇਕ ਨਸੀਬ ਤੁਸਾਡੇ, ਮਿੱਤਰੋ !*
*ਜਿਨ੍ਹਾਂ ਜਾਇ ਪੀਆ ਗਲ ਪੈਣਾਂ।*
*ਵਾਹ ਉੱਗਣਾ ਤੇ ਸੁਫਲਾ ਲਗਣਾ,*
*ਖਿੜ ਖਿੜ ਹਸ ਹਸ ਰਹਿਣਾ।*
*ਵਾਹ ਤ੍ਰੁਟਣਾ, ਵਾਹ ਸੂਈ ਚੜ੍ਹਨਾ,*
*ਵਾਹ ਗੁੰਦੇ ਰਲ ਬਹਿਣਾ।*
*ਵਾਹ ਹੱਸਣ, ਵਾਹ ਰੋਣ ਤੁਹਾਡੇ,*
*ਜਿਨ੍ਹਾਂ ਜਾਇ ਪੀਆ ਗਲ ਪੈਣਾ॥"*

ਐਉਂ ਪ੍ਰੇਮ ਭਰੇ ਪ੍ਰੇਮੀਆਂ ਨੇ ਸੁਹਣੇ ਸੁਹਣੇ ਗੈਂਦੇ ਦੇ ਫੁੱਲ ਅੰਮੀ ਜੀ ਲਈ ਇਕ ਸੁਹਣੀ ਪਟਾਰੀ ਵਿਚ ਪਾ ਕੇ ਘੱਲ ਦਿੱਤੇ।

ਤ੍ਰਿਪਹਿਰਾ ਬੀਤ ਚੁਕਾ ਸੀ, ਹੁਣ ਸੌਣ ਦਾ ਵੇਲਾ ਹੀ ਨਹੀਂ ਸੀ, ਦੰਪਤੀ ਨੇ ਇਸ਼ਨਾਨ ਕੀਤਾ ਤੇ ਆਪਣੇ ਪਾਠ ਸਿਮਰਨ ਵਿਚ ਲੱਗ ਪਏ।

## ੩. (ਮੋਹਿਨਾਂ ਤੇ ਠਾਕੁਰ ਜੀ)

**ਮੋਹਿਨਾ** ਸੋਹਿਨਾ ਜੀ ਕੌਣ ਹਨ ? ਇਸ ਗ਼ਰੀਬੀ ਵਿਚ ਕਿਉਂ ਹਨ ? ਇੰਨੇ ਪ੍ਰੇਮੀ ਕਿਸ ਲਈ ਹਨ ? ਅੰਮੀ ਜੀ ਐਡੇ ਪਿਆਰਾਂ ਵਾਲੇ ਕੌਣ ਹਨ ?

ਰਾਇਪੁਰ ਦੇ ਰਹਿਣ ਵਾਲੇ ਇਕ ਰਸੀਏ ਅਮੀਰ ਇਹ ਸੋਹਨਾ ਜੀ ਹਨ ਇਨ੍ਹਾਂ ਦੀ ਇਸਤ੍ਰੀ ਮੋਹਿਨਾ ਹੈ। ਰਾਗ ਵਿਦਜਾ ਤੇ ਕਵਿਤਾ ਵਿਚ ਦੁਏ ਪ੍ਰਬੀਨ ਸੇ। ਸਮਾਂ ਪਾ ਕੇ ਕੁਛ ਭਗਤੀ ਵਿਚ ਲਗ ਪਏ ਸੇ। ਇਕ ਬੈਰਾਗੀ ਫਕੀਰ ਨੇ ਇਨ੍ਹਾਂ ਨੂੰ ਠਾਕੁਰ ਪੂਜਾ ਸਿਖਾਈ ਤੇ ਭਗਤੀ ਦੀ ਜਾਚ ਦੱਸੀ ਸੀ, ਭਾਵੇਂ ਇਹ ਚੰਗੇ ਘਰੋਂ ਬਾਹਰੋਂ ਖੁੱਲੇ ਸੇ, ਪੈਸੇ ਦੀ ਤੋਟ ਨਹੀਂ ਸੀ, ਪਰ ਜਦ ਭਗਤੀ ਨੇ ਰੰਗ ਜਮਾਇਆ ਤਾਂ ਸਵੇਰੇ ਖੂਹ ਤੋਂ ਜਾ ਕੇ ਆਪ ਇਸ਼ਨਾਨ ਕਰਕੇ ਸੁੱਚਾ ਜਲ ਠਾਕੁਰਾਂ ਲਈ ਲਿਆਉਣਾ, ਇਸ਼ਨਾਨ ਕਰਕੇ ਆਪਣੇ ਲਾਏ ਫੁੱਲਾਂ ਦੀ ਮਾਲਾ ਪਰੋਣੀ, ਪੂਜਾ, ਅਰਚਾ, ਡੰਡਉਤ, ਸਾਰੀ ਰੀਤਿ ਦੇਵ ਪੂਜਾ ਦੀ ਨਿਬਾਹੁਣੀ। ਸੰਕੀਰਤਨੀਏਂ ਵੀ ਤਕੜੇ ਸਨ। ਸੋਹਿਨਾ ਨੂੰ ਵੀਣਾ ਵਿਚ ਤੇ ਮੋਹਿਨਾ ਨੂੰ ਸਰੋਦੇ ਵਿਚ ਪ੍ਰਬੀਨਤਾ ਪ੍ਰਾਪਤ ਸੀ, ਠਾਕੁਰਾਂ ਦੇ ਅੱਗੇ ਓਹ ਸੰਗੀਤ ਤੇ ਨ੍ਰਿਤਕਾਰੀ ਕਰਨੀ ਕਿ ਅਵਧੀ ਕਰ ਦੇਣੀ। ਇਕ ਦਿਨ ਦੋਏ ਜਣੇ ਖੂਹ ਤੋਂ ਸੁੱਚਾ ਪਾਣੀ ਲਿਆ ਰਹੇ ਸਨ ਕਿ ਇਕ ਸਿੱਧੇ ਦਸਤਾਰੇ ਵਾਲਾ ਗੁਰਮੁਖ ਰੂਪ ਆਦਮੀ ਭੱਜਾ ਆਇਆ, ਇਸਦੇ ਇਕ ਕਰਾਰਾ ਫੱਟ ਲੱਗਾ ਸੀ ਅਰ ਤਰੇਹ ਨਾਲ ਬੇਹਾਲ ਹੋ ਰਿਹਾ ਸੀ। ਇਨ੍ਹਾਂ ਦੇ ਪੈਰਾਂ ਪਾਸ ਹਫ਼ ਕੇ ਡਿੱਗਾ ਤੇ ਪਾਣੀ ਪਾਣੀ ਕੂਕ ਪਿਆ। ਉਸ ਦੀ ਲੋੜ ਨੇ ਇਨ੍ਹਾਂ ਨੂੰ ਤ੍ਰਬ੍ਹਕਾ ਤਾਂ ਦਿੱਤਾ ਪਰ ਨੇਮ ਧਰਮ ਨੇ ਇਹੋ ਮੱਤ ਦਿਤੀ ਕਿ ਠਾਕੁਰਾਂ ਲਈ ਸੁੱਚਾ ਜਲ ਲਿਜਾ ਰਹੇ ਹਾਂ, ਇਹ ਉਹਨਾਂ ਦੇ ਨਾਉਂਗੇ ਦਾ ਹੈ; ਜੂਠਾ ਕਿਸ ਤਰ੍ਹਾਂ ਕਰੀਏ ? ਉਹ ਮੱਛੀ ਦੀ ਤਰ੍ਹਾਂ ਤੜਫਦਾ ਤੇ 'ਪਾਣੀ ਪਾਣੀ' ਕੂਕਦਾ ਰਿਹਾ ਤੇ ਇਹ ਆਪਣੇ ਕਠੋਰ ਧਰਮ ਵਿਚ ਪੱਕੇ ਘੇਸ ਮਾਰਕੇ ਕੋਲ ਦੀ ਟੁਰੀ ਗਏ। ਉਸ ਦੀ ਸਿਸਕਦੀ ਅਖ਼ੀਰ ਅਵਾਜ, ਜੋ ਇਨ੍ਹਾਂ ਦੇ ਕੰਨ ਪਈ, ਉਹ ਇਹ ਸੀ :--

**"ਨਾਲੇ ਪਿਆਰ ਨਾਲੇ ਦੋ ਘੁਟ ਪਾਣੀ ਤੋਂ ਤਰਸਾਣਾ ! ਦਰਸ਼ਨ ਨਹੀਂ ਜੇ ਦੇਣ ਲੱਗਾ।"**

ਇਹ ਸੁਣ ਕੇ ਬੀ ਏਹ ਦੋਵੇਂ ਟੁਰੀ ਗਏ, ਘਰ ਜਾ ਕੇ ਠਾਕੁਰਾਂ ਨੂੰ ਨੁਹਾਲਿਆ, ਪੂਜਾ ਕੀਤੀ, ਪਰ ਅਜ ਕਲੇਜੇ ਵਿਚ ਚੋਭ ਪੈਂਦੀ ਹੈ, ਪੂਜਾ ਵਿਚ ਮਨ ਲਗਦਾ ਨਹੀਂ। ਘਬਰਾ ਕੇ ਉੱਠੇ ਤੇ ਸੋਚ ਕੇ ਟੁਰੇ ਚਲੋ ਬਈ ਉਸ ਨੂੰ ਪਾਣੀ ਪਿਲਾ ਆਈਏ, ਕਿਤੇ ਕੋਈ ਮਾੜੀ ਅਸੀਸ ਨਾ ਲਗ ਜਾਵੇ। ਜਦ ਪਾਣੀ ਦਾ ਭਬਕਾ ਲੈ ਕੇ ਆਏ, ਤਾਂ ਉਹ ਘਾਇਲ ਆਪਣੇ ਹਫ਼ੇ ਹੁੱਟੇ ਮਿੱਟੀ ਦੇ ਸਰੀਰ ਨੂੰ ਛੱਡਕੇ ਅਕਾਸ਼ਾਂ ਨੂੰ ਜਾ ਚੁਕਾ ਸੀ। ਉਸਦੀ ਮੜੋਲੀ ਪਈ ਸੀ ਤੇ ਐਉਂ ਜਾਪਦਾ ਸੀ ਕਿ ਸਦਾ ਲਈ ਮਿਟ ਗਏ ਬੁਲ੍ਹਾਂ ਤੋਂ ਕਹਿ ਰਿਹਾ ਹੈ, '**ਦਰਸ਼ਨ ਨਹੀਂ ਜੇ ਦੇਣ ਲਗਾ।**' ਦੋਹਾਂ ਦੇ ਕਲੇਜੇ ਧੱਕ ਕਰ ਕੇ ਮੁੱਠ ਵਿਚ ਆ ਗਏ, ਦਿਲ ਦੀ ਜਿਸ ਚੋਭ ਨੂੰ ਮੇਟਣ ਆਏ ਸਨ, ਉਹ ਚੋਭ ਦੂਣ ਸਵਾਈ ਹੋ ਗਈ। ਇੰਨੇ ਨੂੰ ਇਕ ਰੁਖੋਂ ਪੰਜ ਸਤ ਆਦਮੀ ਆ ਗਏ ਤੇ ਬੋਲੇ 'ਇਹੋ ਹੈ।' ਪੁੱਛਣ ਤੋਂ ਪਤਾ ਲਗਾ ਕਿ ਇਹ ਸੂਰਬੀਰ ਮਹਾਂ ਭਜਨੀਕ ਸਾਧੂ ਹੈ, ਜੋ ਆਨੰਦਪੁਰ ਵਾਲੇ ਗੁਰੂ ਜੀ ਦਾ ਚੇਲਾ ਸੀ। ਬਨ ਵਿਚ ਸਦਾ ਵੱਸਦਾ ਸੀ ਪਰ ਮਾਲਾ ਦੇ ਨਾਲ ਤਲਵਾਰ ਭੀ ਰਖਦਾ ਹੈ ਸੀ। ਅੱਜ ਇਕ ਗ਼ਰੀਬ ਟੋਲੇ ਤੇ ਡਾਕੇ ਪਏ ਦੀ ਆਵਾਜ਼ ਸੁਣਕੇ ਕੁਮਕ ਨੂੰ ਪਹੁੰਚਾ, ਇਸ ਤਰ੍ਹਾਂ ਲੜਿਆ ਕਿ ਡਾਕੂ ਭਜਾ ਦਿੱਤੇ ਤੇ ਟੋਲਾ ਵਾਲ ਵਾਲ ਬਚਾ ਦਿੱਤਾ। ਅਪਣੇ ਜ਼ਖ਼ਮ ਤੇ ਤਪਤ ਨਾਲ ਬਿਆਕੁਲ ਹੋ ਕੇ ਭੱਜਾ ਹੈ ਤੇ ਫੇਰ ਨਹੀਂ ਲੱਭਾ। ਨੇੜੇ ਤੇੜੇ ਦੇ

ਕਦਰਾਂ ਵਾਲੇ ਤੇ ਪ੍ਰੇਮੀ ਸੁਣਕੇ ਚਾਰ ਚੁਫੇਰੇ ਭੱਜੇ ਹਨ, ਪਰ ਇਥੇ ਆਣ ਮਿਲਿਆ ਹੈ ਤੇ ਇਸ ਹਾਲ ਲੱਭਾ ਹੈ।

**"ਦਰਸ਼ਨ ਨਹੀਂ ਜੇ ਦੇਣ ਲੱਗਾ"** ਇਹ ਸ਼ਬਦ ਦੋਹਾਂ ਦੇ ਕੰਨਾਂ ਵਿਚ ਹੁਣ ਹੋਰ ਤਕੜੇ ਹੋ ਕੇ ਗੂੰਜੇ। ਅੱਖਾਂ ਵਿਚ ਨੀਰ ਭਰ ਆਇਆ, ਆਪਣੇ ਆਪ ਨੂੰ ਧ੍ਰਿਕਾਰ ਦਿੱਤੀ, ਪਰ ਹੁਣ ਧ੍ਰਿਕਾਰ ਕੀਹ ਕਰਦੀ ਹੈ ? ਉਹ ਸਮਾਂ ਲੰਘ ਗਿਆ ਜਦੋਂ ਠਾਕੁਰ ਦਾ ਪੁਤ 'ਪਾਣੀ ਪਾਣੀ' ਕੂਕਦਾ ਸੀ। ਉਸ ਵੇਲੇ ਦਾ ਇਕ ਘੁੱਟ ਦਿੱਤਾ ਹੋਇਆ ਠਾਕੁਰ ਨੂੰ ਉਹ ਪ੍ਰਸੰਨ ਕਰਦਾ ਕਿ ਹੁਣ ਖੂਹਾ ਅਰਪਨ ਕੀਤਿਆਂ ਨਹੀਂ ਕਰਨਾ, ਪਰ:-"ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ।"

ਰਾਇ ਪੁਰ ਦੀ ਰਾਣੀ ਨੂੰ ਖ਼ਬਰ ਲੱਗੀ ਕਿ ਮੇਰੇ ਨੇੜੇ ਹੀ, ਜਿਸ ਦੇ ਦਰਸ਼ਨਾਂ ਨੂੰ ਮੈਂ ਤਰਸ ਰਹੀ ਹਾਂ, ਦਾ ਇਕ ਲਾਡਲਾ ਬਾਲਕਾ ਪਰਉਪਕਾਰ ਵਿਚ ਜਾਨ ਤੇ ਖੇਡ ਗਿਆ ਹੈ ਤਾਂ ਬੜਾ ਅਕੁਲਾਈ। ਜਦੋਂ ਪਤਾ ਲਗਾ ਕਿ ਜਿਸ ਟੋਲੇ ਦੀ ਰੱਖਿਆ ਵਿਚ ਜਾਨ ਦਿੱਤੀ ਸੂ ਉਹ ਨਾਮ ਦੇ ਰਸੀਏ 'ਗੁਰੂ-ਦਰਸ਼ਨ' ਨੂੰ ਆ ਰਹੇ ਸਨ, ਤਦ ਹੋਰ ਬੀ ਰੋਈ। ਹਾਇ ਅਭਾਗ ਮੇਰੀਆਂ ਸਿੱਕਾਂ ਤੇ ਉਮੈਦਾਂ ਦੇ ਮਾਲਕਾ ! ਹੇ ਜਗਤ ਤਾਰਕ ਸਤਿਗੁਰਾ ! ਮੇਰੇ ਰਾਜ ਵਿਚ ਤੇਰੇ ਪਿਆਰੇ ਲਈ ਸੀਸ ਦੇਣਾ ਹਿੱਸੇ ਆਯਾ। ਉਸ ਦੀ ਸੇਵਾ ਸਾਥੋਂ ਕੁਛ ਨਾ ਸਰੀ, ਇਕ ਬੂੰਦ ਤੇਲ ਫੱਟਾਂ ਤੇ ਨਾ ਡਿੱਗਾ, ਇਕ ਗਿੱਠ ਲੀਰ ਉਸ ਦੇ ਪਵਿੱਤ੍ਰ ਜ਼ਖ਼ਮ ਨੂੰ ਨਸੀਬ ਨਾ ਹੋਈ। ਇਹ ਹਾਵੇ ਕਰ ਰਹੀ ਸੀ ਕਿ ਉਸ ਦੀ ਸਤਿਸੰਗਣ ਮਾਈ ਆ ਗਈ। ਗੁਰਸਿੱਖੀ ਦੀ ਸੱਚੀ ਜਾਣੂੰ ਮਾਈ ਆਖਣ ਲੱਗੀ: "ਰਾਣੀਏਂ ! ਇਹ ਜੀਉਂਦੀ ਰੂਹ ਹੈ ਸੀ ਜਿਸ ਨੂੰ ਸਾਡੇ ਬੋਲੇ ਵਿਚ 'ਜੀਅ ਦਾਨ ਪ੍ਰਾਪਤ' ਆਖਦੇ ਹਨ। ਜਦੋਂ ਕਿਸੇ ਜੀਉਂਦੇ ਬੰਦੇ ਨੂੰ, ਜਿਸ ਨੂੰ ਅਸੀਂ 'ਹਰਿਜਨ' ਭੀ ਆਖਦੇ ਹਾਂ, ਦੁਖ ਮਿਲੇ ਤਾਂ ਸਾਂਈਂ ਤਕ ਪੀੜ ਜਾਂਦੀ ਹੈ। ਪਰ ਤੂੰ ਹੁਣ ਦੁਖ ਨਾ ਕਰ, ਤੇਰਾ ਦੋਸ਼ ਨਹੀਂ, ਤੈਨੂੰ ਕੇਵਲ ਮੜੋਲੀ ਦੀ ਸੇਵਾ ਮਿਲੀ ਹੈ, ਸੋ ਤੂੰ ਧੰਨ ਭਾਗ ਜਾਣ ਕੇ ਕਰ। ਇਸ ਦੇ ਸਰੀਰ ਨੂੰ ਸਤਿਕਾਰ ਯੋਗ ਦਾਹ ਦੇਹ ਜੋ ਇਹ ਮੰਦਰ, ਜਿਸ ਵਿਚ ਨਾਮੀ ਵਸ ਗਿਆ ਹੈ, ਰੁਲੇ ਨਾ।" ਇਹ ਸੁਣਕੇ ਰਾਣੀ ਨੇ ਬੜੇ ਸਤਿਕਾਰ ਨਾਲ ਉਸ ਸ਼ਹੀਦ ਦਾ ਦਾਹ ਕੀਤਾ, ਅਰ ਇਕ ਛੋਟਾ ਜਿਹਾ ਮਠ ਉਸ ਟਿਕਾਣੇ ਬਣਾਇਆ।

ਸੋਹਿਨਾ ਮੋਹਿਨਾ ਦੀ ਹੁਣ ਅਚਰਜ ਦਸ਼ਾ ਪਲਟੀ। ਠਾਕੁਰ ਪੂਜਾ ਕਰਦੇ ਹਨ, ਪਰ ਕਲੇਜੇ ਵਿਚ ਅਸ਼ਾਂਤਿ ਤੇ ਅਸੁਖ ਚੁਭਦਾ ਰਹਿੰਦਾ ਹੈ, ਜਦ ਹੱਥ ਜੋੜ ਕੇ ਬੈਠਦੇ ਹਨ, ਉਹੋ ਸ਼ਬਦ ਕੰਨਾਂ ਵਿਚ ਗੂੰਜਦੇ ਹਨ-**"ਦਰਸ਼ਨ ਨਹੀਂ ਜੇ ਦੇਣ ਲੱਗਾ"**, ਅਕੁਲਾਕੇ ਅੱਖਾਂ ਖੋਹਲ ਦੇਂਦੇ ਹਨ। ਜਦ ਕਿਸੇ ਸੰਗੀਤ ਦੇ ਉੱਚੇ ਰਸ ਵਿਚ ਆਉਂਦੇ ਹਨ ਤਾਂ ਚੇਤਾ ਇਨ੍ਹਾਂ ਸ਼ਬਦਾਂ ਨੂੰ ਕੰਨਾਂ ਵਿਚ ਲੈ ਆਉਂਦਾ ਹੈ। ਗੱਲ ਕਾਹਦੀ ਉਨ੍ਹਾਂ ਦੇ ਹਰ ਰੰਗ ਤੇ ਹਰ ਗੇੜ ਵਿਚ ਇਸ ਇਕ ਵਾਕ ਦੀ ਗੁੰਜਾਰ ਖਹਿੜਾ ਨਹੀਂ ਛਡਦੀ। ਵਿਦਿਆ ਅਰ ਸਮਝ ਦੇ ਸਾਧਨ ਅਰ ਤਪ ਹਠ ਤੇ ਦਾਨ ਦੇ ਤਰੱਦਦ ਦੇ ਜਿਤਨੇ ਸਾਧਨ ਹੋ ਸਕਦੇ ਸੇ ਕੀਤੇ, ਪਰ ਇਸ ਮਹੀਨ ਆਵਾਜ਼ ਦੇ ਚੇਤੇ ਨੇ ਚਿੱਤ ਵਿਚੋਂ ਆਪਣਾ ਨਕਸ਼ ਨਾ ਮਿਟਣ ਦਿੱਤਾ, ਪਰ ਨਾ ਮਿਟਣ ਦਿੱਤਾ।

ਛੇਤੀ ਹੀ ਉਹ ਭਾਗੇ ਭਰਿਆ ਦਿਨ ਆ ਗਿਆ ਸ੍ਰੀ ਦਿਆਲ ਸਤਿਗੁਰੂ ਜੀ ਨੇ ਰਾਇਪੁਰ ਚਰਨ ਪਾਏ[1]। ਰਾਣੀ ਤੇ ਰਾਣੀ ਦੇ ਅਹਿਲਕਾਰ ਤੇ ਪਰਵਾਰ ਪਰਜਾ ਵਿਚੋਂ ਅਨੇਕਾਂ ਤਰੇ, ਸੋਹਿਨਾ ਤੇ ਮੋਹਿਨਾ ਨੇ ਬੀ ਸੁਣਿਆਂ ਕਿ ਉਸ ਮਹਾਂਪੁਰਖ ਦੇ ਗੁਰੂ ਜੀ ਆਏ ਹਨ, ਜਿਨ੍ਹਾਂ ਨੇ ਆਪਣਾ ਆਪ ਕਿਸੇ ਪਰਉਪਕਾਰ ਵਿਚ ਹੋਮ ਦਿੱਤਾ ਸੀ, ਅਰ ਜਿਨ੍ਹਾਂ ਨੂੰ ਅਸਾਂ ਇਕ ਘੁੱਟ ਪਾਣੀ ਦਾ ਨਹੀਂ ਸੀ ਦਿੱਤਾ। ਏਹ ਸੋਆਂ ਕੰਨੀਂ ਪੈ ਚੁਕੀਆਂ ਸਨ ਕਿ ਉਹ ਸੂਰਾ ਤੇ ਪੂਰਾ ਗੁਰੂ ਹੈ। ਇਸ ਸਿਖ ਦੀ ਕਰਨੀ ਤੇ ਜੀਵਨ ਸਮਾਚਾਰ ਨੇ ਬੀ ਨਿਸ਼ਚਾ ਕਰਾ ਦਿੱਤਾ ਸੀ, ਅਰ ਦਰਸ਼ਨਾਂ ਦੀ ਤਾਂਘ ਪੈਦਾ ਕਰ ਦਿੱਤੀ ਸੀ। ਜਦ ਗੁਰੂ ਜੀ ਰਾਇਪੁਰ ਆਏ ਅਰ ਰਾਣੀ ਸਮੇਤ ਅਨਗਿਣਤਾਂ ਨੂੰ ਜੀਅ ਦਾਨ ਮਿਲਿਆ, ਤਦ ਇਨ੍ਹਾਂ ਦੀ ਦਰਸ਼ਨ ਦੀ ਲੋੜ ਬੀ ਕਰਾਰੀ ਭੁੱਖ ਵਿਚ ਬਦਲ ਗਈ, ਪਰ ਜਿੰਨੀ ਵੇਰ ਏਹ ਦਰਸ਼ਨ ਲਈ ਗਏ, ਉਨੀਂ ਵੇਰ ਹੀ ਦਰਸ਼ਨ ਨਹੀਂ ਹੋਏ। ਛੇਕੜ ਜਦ ਸਤਿਗੁਰ ਟੁਰੇ ਤਾਂ ਸੜਕ ਉਤੇ ਅੱਧ ਕੁ ਮੀਲ ਅਗੇਰੇ ਜਾ ਖੜੋਤੇ। ਸੰਗਤਾਂ ਤਾਂ ਉਧਰ ਦੀ ਹੀ ਲੰਘੀਆਂ, ਪਰ ਕਲਗੀਆਂ ਵਾਲੇ

---

1. ਦੇਖੋ ਇਸੇ ਪੋਥੀ ਦਾ ਸਫ਼ਾ ੧੪੩।

ਚੋਜੀ ਰਸਤਾ ਹੀ ਛੱਡ ਗਏ ਅਰ ਖੇਤਾਂ ਥਾਣੀਂ ਘੋੜਾ ਪਾ ਕੇ ਉਪਰ ਉਪਰ ਦੀ ਲੰਘ ਗਏ। ਤਦੋਂ ਨਿਰਾਸਤਾ ਨੇ ਇਨ੍ਹਾਂ ਨੂੰ ਨਿਸ਼ਚਾ ਕਰਾ ਦਿੱਤਾ ਕਿ **"ਦਰਸ਼ਨ ਨਹੀਂ ਜੇ ਦੇਣ ਲਗਾ"** ਏਹ ਅਟੱਲ ਵਾਕ ਹਨ। ਉਦਾਸੀ ਤੇ ਨਿਰਾਸਤਾ ਹੁਣ ਜ਼ੋਰ ਦੇ ਕੇ ਵਧੀ ਅਰ ਸਤਿਗੁਰ ਜੀ ਦੇ ਚੰਦ ਮੁਖ ਦਰਸ਼ਨਾਂ ਦੀ ਸਿੱਕ ਅਤਿ ਵਧਣ ਲੱਗੀ। ਜੀ ਆਖੇ ਕਿ ਸਿਖ ਦਾ ਪਾਣੀ ਮੰਗਣਾ ਤੇ ਸਾਡਾ ਨਾ ਦੇਣਾ ਇਕ ਉਸ ਨੂੰ ਮਲੂੰਮ ਸੀ ਤੇ ਇਕ ਸਾਨੂੰ, ਚੌਥੇ ਕੰਨ ਕਨਸੋ ਨਹੀਂ ਪਈ, ਸਤਿਗੁਰ ਨੇ ਸਾਨੂੰ ਦਰਸ਼ਨ ਦੇਣੋਂ ਕਿਉਂ ਵਿਰਵਿਆਂ ਰੱਖਿਆ ? ਸਾਡੇ ਇਲਾਕੇ ਦੇ ਹਰ ਇਕ ਬੰਦੇ ਨੂੰ ਖੁੱਲ੍ਹੇ ਦਰਸ਼ਨ ਮਿਲੇ ਤੇ ਸਾਨੂੰ--ਜੋ ਭਗਤ ਹਾਂ, ਰਾਗ ਤੇ ਕਾਵਜ ਦੇ ਰਸੀਏ ਹਾਂ--ਕਦਰਦਾਨ ਸਤਿਗੁਰੂ ਨੇ ਕਿਉਂ ਦਰਸ਼ਨ ਨਾ ਦਿੱਤੇ ? ਕੇਵਲ ਇਕੋ ਕਾਰਣ ਹੈ ਕਿ ਉਸ ਮਰਨਹਾਰ ਦੇ ਵਾਕ ਅਟੱਲ ਵਾਕ ਸਨ ਅਰ ਆਪਣੇ ਅਸਰ ਵਿਚ ਅਮੋਘ ਸਨ, ਜਿਸ ਦੀ ਆਨ ਠਾਕੁਰ ਨੇ ਨਹੀਂ ਮੋੜੀ। ਹਾਂ, ਉਹ ਠਾਕੁਰ, ਜੋ ਅੰਤਰਜਾਮੀ ਤੇ ਦਾਤਾ ਹੈ, ਜਾਂ ਤਾਂ ਇਸੇ ਕਲਗੀਆਂ ਵਾਲੇ ਦੇ ਰੂਪ ਵਿਚ ਆਇਆ ਹੋਇਆ ਹੈ ਤੇ ਜਾਂ ਇਹ ਰੂਪ ਉਸ ਦਾ ਨਿਜ ਪ੍ਰੀਤਮ ਹੈ।

ਏਨ੍ਹਾਂ ਸੋਚਾਂ ਨੇ ਨਿਸ਼ਚੇ ਨੂੰ ਹੋਰ ਪੱਕਾ ਕੀਤਾ; ਪ੍ਰੇਮ ਦੀ ਖਿੱਚ ਵਧੀ, ਘਰ ਘਰ ਸਤਿਗੁਰਾਂ ਦੀ ਚਰਚਾ, ਉਨ੍ਹਾਂ ਦੇ ਕੌਤਕ, ਆਤਮ ਸੱਤਿਆ, ਦਿਆਲਤਾ ਤੇ ਕੀਰਤੀ ਨੇ ਹੋਰ ਖਿੱਚਿਆ ਤੇ ਨਿਸ਼ਚੇ ਹੋ ਗਿਆ ਕਿ ਇਹ ਧੁਰੋਂ ਅਵਤਾਰ ਆਇਆ ਹੈ। ਇਕ ਪਾਸੇ ਪ੍ਰੇਮ ਵਧਦਾ ਹੈ, ਇਕ ਪਾਸੇ ਕੀਤੇ ਪਾਪ ਯਾ ਅਨਕੀਤੇ ਪੁੰਨ ਦੀ ਕਮਾਈ ਸ਼ਰਮਾਂ ਵਿਚ ਦਗਧ ਕਰਦੀ ਹੈ। ਗੱਲ ਕੀ, ਸਮਾਂ ਪਾ ਕੇ ਜਦ ਇਹ ਖਿੱਚ ਹੱਦ ਬੰਨੇ ਤ੍ਰੋੜ ਕੇ ਵਧੀ, ਤਦ ਦੋਹਾਂ ਦੀ ਇਹ ਸਲਾਹ ਠਹਿਰੀ ਕਿ ਆਪਦੇ ਕਿਸੇ ਕਰਮ, ਧਰਮ, ਗੁਣ ਵਿਦਿਆ ਵਿਚ ਰਸ ਨਹੀਂ ਰਿਹਾ, ਮਨ ਚਰਣਾਰਬਿੰਦ ਨੂੰ ਸ਼ੁਦਾਈ ਹੋ ਹੋ ਕੇ ਤਰਸਦਾ ਹੈ; ਤਦ ਕਿਉਂ ਨਾ ਸਤਿਗੁਰ ਦੇ ਦੁਆਰੇ ਜਾ ਕੇ ਸੇਵਾ ਕਰੀਏ; ਦਰਸ਼ਨ ਪਾਈਏ ਤੇ ਕ੍ਰਿਤ ਕ੍ਰਿਤ ਹੋਈਏ। ਮਨੁੱਖਾ ਜਨਮ ਕੋਈ ਛੇਤੀ ਛੇਤੀ ਲੱਭਦਾ ਹੈ ? ਫੇਰ ਸੋਚ ਪਈ, **"ਦਰਸ਼ਨ ਨਹੀਂ ਜੇ ਦੇਣ ਲੱਗਾ"** ਤੇ ਅੱਗੇ ਘਰ ਆਇਆਂ ਸਾਰਿਆਂ ਨੂੰ ਖੁੱਲੇ ਦਿਦਾਰ ਦੇਂਦਾ ਸਾਨੂੰ ਦਰਸ਼ਨਾਂ ਤੋਂ ਵਾਂਜ ਕੇ ਗਿਆ ਹੈ, ਦੁਆਰੇ ਗਿਆਂ ਬਿਰਦ ਦੀ ਬਾਣ ਕਦ ਛੱਡਣ ਲੱਗਾ ਹੈ ? ਸਾਨੂੰ ਦਰਸ਼ਨ ਨਹੀਂ ਹੋਣਗੇ। ਫੇਰ ਸਲਾਹ ਠਹਿਰੀ ਕਿ ਨੌਕਰ ਬਣ ਕੇ ਚੱਲੀਏ, ਆਪਣੇ ਅਮੀਰੀ ਗੁਣ ਦਾ ਪਤਾ ਥਹੁ ਨਾ ਦੇਵੀਏ ਤੇ ਚੁਪ ਚਾਪ ਸੇਵਾ ਕਰਦੇ ਰਹੀਏ। ਪਰ ਫੇਰ ਜੀ ਨੇ ਕਿਹਾ ਕਿ ਹੋਣਾ ਅਮੀਰ ਤੇ ਦਸਣਾ ਗ਼ਰੀਬ ? ਜਦੋਂ ਸਰੀਰ ਸੇਵਾ ਕਰੇਗਾ, ਮਨ ਅਮੀਰੀ ਦੇ ਖਿਆਲ ਵਿਚ ਢਵੇਗਾ ਨਹੀਂ, ਕਿਉਂਕਿ ਅੰਦਰ ਤਾਂ ਅਮੀਰੀ ਦਾ ਪੱਕਾ ਵਿਸ਼ਵਾਸ ਰਹਿਣਾ ਹੈ। ਜੇ ਸੁਰਤ ਸੱਚ ਮੁੱਚ ਗਰੀਬ ਹੋ ਕੇ ਦਰ ਤੇ ਨਾ ਢੱਠੀ ਤਾਂ ਜਿੱਕੂੰ ਨਿਮਾਣੇ ਸੇਵਕ ਸੇਵਾ ਕਰਦੇ ਹਨ ਉੱਕਰ ਅੰਦਰੋਂ ਬਾਹਰੋਂ ਢਹਿਕੇ ਸੇਵਾ ਕਿੱਕੂੰ ਹੋਵੇਗੀ ? ਸੋ ਗਰੀਬੀ ਧਾਰਨ ਕਰਕੇ ਹੀ ਚੱਲਣਾ ਸੱਚਾ ਪ੍ਰਾਯਸਚਿਤ ਹੈ। ਇਸ ਤਰ੍ਹਾਂ ਸੋਚ ਸ਼ਾਚ ਕੇ ਸੱਚੀਆਂ ਲੋਚਾਂ ਵਾਲਿਆਂ ਨੇ ਮਾਲ ਮਿਲਖ ਵੇਚਕ ਦਾਨ ਕੀਤਾ ਅਤੇ ਲੋੜੀਂਦੀਆਂ ਥਾਵਾਂ ਤੇ ਪੁੰਨ ਅਰਥੀ ਖੂਹ ਬੀ ਲੁਆ ਦਿੱਤੇ ਜੋ ਇਕ ਘੁੱਟ ਪਾਣੀ ਨਾ ਦੇਣ ਬਦਲੇ ਹਜ਼ਾਰਾਂ ਨੂੰ ਸਦਾ ਤੀਕ ਪਾਣੀ ਮਿਲੇ। ਇਉਂ ਧਰਮਸਾਲਾ ਲਈ ਅਰ ਹੋਰ ਗਰੀਬਾਂ ਨੂੰ ਦਾਨ ਕਰਕੇ ਅਖੀਰ ਤਨ ਤੇ ਗ਼ਰੀਬੀ ਦਾਵੇ ਦੇ ਕਪੜਿਆਂ ਨਾਲ ਠਾਕਰ ਦੇ ਦਰਸ਼ਨਾਂ ਨੂੰ ਟੁਰ ਪਏ।

## ੪. (ਮੋਹਿਨਾ ਦੇ ਦਰਸ਼ਨ)

**ਮੋਹਿਨਾ ਤੇ ਸੋਹਿਨਾ** ਵਿਦਵਾਨ ਤੇ ਗੁਣੀ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਗੁਣੀਆਂ ਦੀ ਬੜੀ ਕਦਰ ਸੀ। ਗੁਣੀ ਬਣਕੇ ਗੁਣ ਦੇ ਗਾਹਕ ਕੋਲ ਜਾਈਏ ਤਾਂ ਕਦਰਾਂ ਨਾਲ ਮਿਲ ਪੈਣ, ਪਰ ਕਦਰ ਕਰਾਉਣ ਲਈ ਤਾਂ ਅਮੀਰੀ ਨੂੰ ਸੱਟ ਕੇ ਗ਼ਰੀਬੀ ਨਹੀਂ ਲਈ? ਅੰਦਰ ਤਾਂ ਪ੍ਰੇਮ ਦੀ ਚਿਣੰਗ ਚਉ ਨਹੀਂ ਕਰਨ ਦਿੰਦੀ। ਪ੍ਰੇਮ ਆਖਦਾ ਹੈ, ਪਿਆਰ ਕਰਨਾ ਹੈ ਪਿਆਰ ਕਰਾਉਣ ਦੀ ਹਉਮੈਂ ਵਿਚ ਨਹੀਂ ਫਸਣਾ। ਸੱਚ ਮੁੱਚ ਨਿੰਮ੍ਰਤਾ ਭਾਵ ਵਿਚ ਸੇਵਿਆਂ 'ਪਜਾਰ' ਹੋਣਾ ਹੈ। ਸੋ ਸੇਵਾ ਹੀ ਹੋਵੇ ਤਾਂ ਠੀਕ ਹੈ। ਹੁਣ ਜੀ ਵਿਚ ਇਹ ਠਾਣੀ ਕਿ ਜੇ ਸਤਿਗੁਰ ਦੇ ਬਾਗ਼ ਵਿਚ ਬੇਲਦਾਰ ਜਾਂ ਛੋਟੇ ਮਾਲੀ, ਜਾਂ ਕਾਮੇਂ ਮਜ਼ੂਰ ਦੀ ਜਗ੍ਹਾ ਮਿਲ ਜਾਵੇ ਤਾਂ ਕਰ ਲਈਏ। ਇਹ ਇਕ ਹੁਨਰ ਸੀ, ਜਿਸ ਵਿਚ ਦੋਹਾਂ ਨੂੰ ਚੰਗੀ ਸਿਆਣ, ਸਮਝ ਤੇ ਪਹੁੰਚ ਸੀ।

ਪ੍ਰਸ਼ਾਦੇ ਕਿੱਥੋਂ ਛਕੀਏ ? ਤਲਬ ਮੰਗਣੀ ਨਹੀਂ ਤੇ ਪ੍ਰੀਤਮ ਉਤੇ ਆਪਣੀ ਲੋੜ ਦਾ ਕੋਈ ਬੋਝ ਪਾਉਣਾ ਨਹੀਂ; ਸੋ ਇਹ ਵਿਉਂਤ ਸੋਚੀ ਕਿ ਵਿਹਲੇ ਸਮੇਂ ਪਟਾਰੀਆਂ ਤੇ ਟੋਕਰੀਆਂ ਬਣਾਇਆ ਕਰਾਂਗੇ ਅਰ ਇਨ੍ਹਾਂ ਦੀ ਵਿਕਰੀ ਉੱਪਰ ਉਪਜੀਵਕਾ ਟੋਰਿਆ ਕਰਾਂਗੇ ਤੇ ਬਾਕੀ ਵਕਤ ਸੇਵਾ ਕਰਾਂਗੇ। ਇਸ ਆਸ ਤੇ ਪਹੁੰਚੇ ਤੇ ਆਨੰਦਪੁਰ ਦੇ ਗੁਰੂ ਕੇ ਬਾਗ਼ ਦੇ ਵੱਡੇ ਮਾਲੀ ਪਾਸ ਜਾ ਅਰਜ਼ੋਈ ਕੀਤੀ। ਪੰਜ ਸੱਤ ਦਿਨ ਕੰਮ ਕਰਾਕੇ ਮਾਲੀ ਨੇ ਡਿੱਠਾ ਕਿ ਸਿਆਣੇ ਹਨ, ਨੌਕਰ ਰੱਖ ਲਿਆ। ਬਾਗ਼ ਦੀ ਪਿਛਲੀ ਨੁੱਕਰੇ ਇਕ ਕੋਠਾ ਵਸੇਬੇ ਲਈ ਦੇ ਦਿੱਤਾ ਅਰ ਕੰਮ ਵੰਡਵਾਂ ਸਪੁਰਦ ਕਰ ਦਿੱਤਾ। ਪ੍ਰੇਮੀਆਂ ਦੀ ਸੇਵਾ ਨੇ ਬਾਗ ਵਿਚ ਕੁਛ ਸੁੰਦਰਤਾ ਤੇ ਸੁਆਦ ਪੈਦਾ ਕਰਨਾ ਹੀ ਸੀ। ਇਕ ਦਿਨ ਸ੍ਰੀ ਦਸਮੇਸ਼ ਜੀ ਬਾਗ਼ ਵਿਚ ਫਿਰਦੇ ਫਿਰਦੇ ਇਕ ਸੁੰਦਰ ਕਿਆਰੇ ਨੂੰ ਦੇਖਕੇ ਖ਼ੁਸ਼ ਹੋਏ। ਕੇਸਰਾ ਸਿੰਘ[1] ਨੂੰ ਸ਼ਾਬਾਸ਼ ਦਿੱਤੀ। ਤਦ ਉਸ ਨੇ ਹੱਥ ਬੰਨ੍ਹਕੇ ਆਖਿਆ: 'ਸ੍ਵਾਮੀ ਜੀ ! ਆਪ ਦੀ ਕ੍ਰਿਪਾ ਦੀ ਭੁੱਖ ਤਾਂ ਸਦਾ ਹੈ, ਪਰ ਇਹ ਕਾਰਜ, ਜਿਸ ਪਰ ਸ੍ਵਾਮੀ ਜੀ ਰੀਝੇ ਹਨ, ਦਾਸ ਦਾ ਨਹੀਂ, ਇਹ ਛੋਟੇ ਮਾਲੀ ਦਾ ਕੰਮ ਹੈ, ਜੋ ਥੋੜੇ ਦਿਨਾਂ ਤੋਂ ਸੇਵਾ ਕਰਦਾ ਹੈ। ਰੋਟੀ ਕਿਰਤ ਕਰ ਕੇ ਖਾਂਦਾ ਹੈ ਤੇ ਪ੍ਰੇਮ ਦੇ ਚਾਉ ਭਰਿਆ ਬਾਕੀ ਸਮਾਂ ਸਰੇਸ਼ਟ ਸੇਵਾ ਵਿਚ ਲਾਉਂਦਾ ਹੈ। ਬੜਾ ਗ਼ਰੀਬ ਤੇ ਆਪ ਦੇ ਚਰਨਾਂ ਦਾ ਗੁੱਝਾ ਪ੍ਰੇਮੀ ਹੈ।

ਸਤਿਗੁਰ ਸੁਣ ਕੇ ਚੁਪ ਹੋ ਗਏ ਤੇ ਅੱਖਾਂ ਉਪਰ ਨੂੰ ਖਿੱਚ ਗਈਆਂ, ਫੇਰ ਰੋਹ ਜਿਹਾ ਪਲਟਿਆ ਤੇ ਬੋਲੇ, "ਦਰਸ਼ਨ ਨਹੀਂ ਜੇ ਦੇਣ ਲੱਗਾ।"

ਇਹ ਗੱਲ ਜਦ ਮਾਲੀ ਨੇ ਸੋਹਿਨਾ ਨਾਲ ਕੀਤੀ ਤੇ ਸੋਹਿਨਾਂ ਨੇ ਘਰ ਜਾ ਕੇ ਦੱਸੀ ਤਾਂ ਸਮਝਿਓ ਨੇ "ਅੰਤਰਯਾਮੀ ਠਾਕੁਰ ਇਹੋ ਹੈ ਪਰ ਅੱਛਾ ਜੇ ਦਰਸ਼ਨ ਨਹੀਂ ਤਾਂ, ਸ਼ੁਕਰ ਹੈ, ਸੇਵਾ ਹੀ ਸਹੀ !" ਏਹ ਦੋਵੇਂ ਏਨ੍ਹਾਂ ਵਿਚਾਰਾਂ ਵਿਚ ਹੀ ਸਨ ਕਿ ਕੇਸਰਾ ਸਿੰਘ ਇਨ੍ਹਾਂ ਦੇ ਘਰ ਆ ਗਿਆ ਤੇ ਆਖਣ ਲੱਗਾ: "ਸੋਹਣਿਆਂ ! ਬਈ ਸਤਿਗੁਰੂ ਦੀ ਆਗਿਆ ਮੱਥੇ ਲੱਗਣ ਦੀ ਨਹੀਂ; ਕੰਮ ਕਰੋ, ਸੇਵਾ ਕਰੋ, ਆਓ ਜਾਓ, ਫਿਰੋ ਸਭ ਖੁੱਲ੍ਹ ਹੈ, ਪਰ ਸਤਿਗੁਰ ਜੀ ਦੇ ਸਾਹਮਣੇ ਨਹੀਂ ਹੋਣਾ, ਜਦ ਕਿਤੇ ਪਤਾ ਲੱਗੇ, ਤੁਸਾਂ ਦਰਸ਼ਨ ਨਹੀਂ ਕਰਨਾ ਤੇ 'ਦਰਸ਼ਨ ਨਹੀਂ ਦੇਣਾ' ਇਹ ਹੁਕਮ ਹੈ। ਜੇ ਪਰਵਾਨ ਨਹੀਂ ਤਾਂ ਸੇਵਾ ਸੁਖ, ਜਿਵੇਂ ਚਿੱਤ ਕਰੇ ਕਰ ਲੈਣਾ।" ਦੋਹਾਂ ਨੇ ਹੱਥ ਜੋੜ ਕੇ ਕਿਹਾ, "ਪ੍ਰਭੋ ! ਨੌਕਰੀ ਕੀਹ ਤੇ ਨਖਰਾ ਕੀਹ ? ਜਿਸ ਰੰਗ ਵਿਚ ਸਾਹਿਬ ਰਾਜ਼ੀ ਹਨ ਅਸੀਂ ਰਾਜ਼ੀ ਹਾਂ, ਰਜ਼ਾ ਉਹੋ ਹੈ, ਜੋ ਸਾਹਿਬ ਦੀ ਹੈ। ਉਸ ਵਿਚ ਦਾਸ ਰਾਜ਼ੀ। ਫੇਰ ਉਹ ਤਾਂ ਸਾਹਿਬ ਆਪ ਹੈ। ਪਰ ਹੇ ਉਪਕਾਰੀ ! ਇਕ ਗੱਲ ਸਾਡੇ ਵੱਸ ਦੀ ਨਹੀਂ, ਹੁਕਮ ਤੇਰੀ ਮਿਹਰ ਨਾਲ ਮੰਨਾਂਗੇ, ਪਰ ਦਰਸ਼ਨ ਦੀ ਸਿੱਕ ਅੰਦਰੋਂ ਟੁੱਟ ਜਾਵੇ, ਇਹ ਸਾਡੇ ਵੱਸ ਦੀ ਗੱਲ ਨਹੀਂ !" ਇਹ ਸੁਣਕੇ ਕੇਸਰਾ ਸਿੰਘ ਦੇ ਨੈਣ ਭਰ ਆਏ, ਕਈ ਵੇਰ ਡੁੱਲ੍ਹੇ ਤੇ ਕਈ ਵੇਰ ਭਰੇ। ਹੁਕਮ ਦੀ ਝਾਲ ਤੇ ਪ੍ਰੇਮ ਦੀ ਅਣਿਆਲੀ ਕਣੀ, ਤੇ ਕਣੀ ਵਿਚ ਜਿੰਦ ਦੇਖਕੇ ਵੈਰਾਗ ਨ ਠਲ੍ਹੀਵੇ। ਛੇਕੜ ਬਿਨਾਂ ਕੁਛ ਬੋਲੇ ਟੁਰ ਗਿਆ। ਹੁਣ ਮੋਹਿਨਾ ਸੋਹਿਨਾ ਜੀ ਨੇ ਆਪਣਾ ਨਵਾਂ ਜੀਵਨ ਨਵੀਂ ਠਾਕੁਰ ਪੂਜਾ ਸ਼ੁਰੂ ਕੀਤੀ। ਜੋ ਠਾਕੁਰ ਜੀਉਂਦਾ ਹੈ, ਜੋ 'ਠਾਕੁਰ ਸਦਾ ਸਦਾ ਹਜ਼ੂਰੇ' ਠਾਕੁਰ ਵਿਚ ਅਪੜਾਉਂਦਾ ਹੈ, ਹੁਣ ਉਸਦੀ ਪੂਜਾ ਹੈ। ਪਰ ਕੇਹੀ ਅਣੋਖੀ ਪੂਜਾ ਹੈ? ਦਰਸ਼ਨ ਨਹੀਂ ਪਰ ਪੂਜਾ ਕਰੋ। ਸਰਬੰਸ ਵਾਰ ਆਏ, ਸੁਖ ਘੋਲ ਘੱਤੇ ਕਰ ਦਿੱਤੇ, ਗੁਣ ਵਿਦਿਆ ਸਭ ਵਾਰੇ, ਫੇਰ ਅਜੇ ਸੇਵਾ ਮਿਲੀ, ਪਰ ਦਰਸ਼ਨ ਤੋਂ ਖਾਲੀ ਸੇਵਾ। ਸ਼ੁਕਰ ਹੈ!

ਇਹ ਹੈ ਮੋਹਿਨਾ ਸੋਹਿਨਾ ਦੀ ਵਿਥਿਆ।

ਸਾਡੀ ਮਾਤਾ ਜੀਤੋ ਜੀ ਇਤਨੇ ਸਿਮਰਨ ਦੇ ਪ੍ਰੇਮੀ ਹੋਏ ਹਨ ਅਰ ਐਸੇ ਲਿਵਲੀਨ ਰਹਿੰਦੇ ਸਨ ਕਿ ਅਕਸਰ ਲੋਕ ਉਨ੍ਹਾਂ ਨੂੰ ਜੋਗੀ ਜੀ ਆਖਿਆ ਕਰਦੇ ਸੇ। ਅੰਮ੍ਰਿਤ ਵੇਲੇ ਤੋਂ ਪਹਿਲੇ ਹੀ ਓਹ ਭਜਨ ਵਿਚ ਲਗ ਪਿਆ ਕਰਦੇ ਸੇ ਅਰ ਮਹਾਰਾਜ ਜੀ ਜਦ ਸਵੇਰ ਸਾਰ ਦੀਵਾਨ ਨੂੰ ਟੁਰਦੇ ਸੇ ਤਾਂ ਮਾਤਾ ਜੀ ਚਰਣਾਂ ਤੇ ਮੱਥਾ ਟੇਕ ਕੇ ਸਿਹਰਾ ਗਲੇ ਪਾ ਕੇ ਟੋਰਦੇ ਸੇ ਤੇ ਇਸੇ ਰੂਪ ਨੂੰ ਨੈਣਾਂ ਵਿਚ ਵਸਾ ਕੇ ਸੂਰਜ ਚੜ੍ਹੇ ਤਕ ਧਿਆਨ ਮਗਨ ਬੈਠ ਰਹਿੰਦੇ ਸੇ। ਕੇਸਰਾ ਸਿੰਘ ਇਸ ਸਿਹਰੇ ਲਈ ਫੁਲ ਮਾਤਾ ਜੀ ਨੂੰ ਆਪ ਪੁਚਾਇਆ

---

1. ਇਹ ਜਨਮ ਦਾ ਰਾਜਪੂਤ ਸੀ, ਪਰ ਨੌਵੇਂ ਸਤਿਗੁਰਾਂ ਦੇ ਸਮੇਂ ਸਿੱਖੀ ਧਾਰਨ ਕਰਕੇ ਚਰਨ ਸ਼ਰਨ ਹੀ ਰਹਿ ਪਿਆ ਸੀ, ਤਦ ਤੋਂ ਹੀ ਬਾਗ਼ ਦਾ ਮਾਲੀ ਹੋ ਕੇ ਸੇਵਾ ਕਰਦਾ ਸੀ।

ਕਰਦਾ ਸੀ। ਇਕ ਦਿਨ ਬੇਲੇ ਦੇ ਫੁੱਲ ਜੋ ਲੈਕੇ ਗਿਆ, ਤਾਂ ਮਾਤਾ ਜੀ ਨੇ ਆਖਿਆ, "ਕੇਸਰਾ ਸਿੰਘ ! ਤੇਰੇ ਕੱਲ੍ਹ ਦੇ ਇਨ੍ਹਾਂ ਫੁਲਾਂ ਪਰ ਸ੍ਰੀ ਕਲਗੀਧਰ ਜੀ ਬੜੇ ਪ੍ਰਸੰਨ ਹੋਏ ਹਨ।" ਤਦ ਕੇਸਰਾ ਸਿੰਘ ਨੇ ਕਿਹਾ: "ਅੰਮੀਂ ਜੀ ! ਇਹ ਮੇਰੀ ਕਾਰੀਗਰੀ ਨਹੀਂ ਹੈ, ਇਕ ਗ੍ਰੀਬ ਸੇਵਕ ਦੀ ਮੇਹਨਤ ਹੈ ਜੋ ਨਿਸ਼ਕਾਮ ਸੇਵਾ ਕਰ ਰਿਹਾ ਹੈ ਪਰ ਉਸ ਨੂੰ ਦਰਸ਼ਨ ਨਸੀਬ ਨਹੀਂ।"

ਅੰਮੀ ਜੀ—ਕਿਉਂ ?

ਕੇਸਰਾ ਸਿੰਘ—ਸਤਿਗੁਰੂ ਜੀ ਦਾ ਹੁਕਮ ਇਹੋ ਹੈ?

ਅੰਮੀ—ਫੇਰ ਕੇਸਰਾ ਸਿੰਘ ! ਉਸ ਦੇ ਹੱਥਾਂ ਦੇ ਫੁਲ ਸਾਨੂੰ ਕਿਉਂ ਦੇਂਦਾ ਹੈਂ ?

ਕੇਸਰਾ ਸਿੰਘ—ਅੰਮੀਂ ਜੀ ! ਸੇਵਾ ਦੀ ਸਤਿਗੁਰ ਜੀ ਵਲੋਂ ਆਗਿਆ ਹੈ ਪਰ ਦਰਸ਼ਨ ਮਨ੍ਹੇ ਹਨ।

ਸੁਣਕੇ ਅੰਮੀਂ ਜੀ ਬੋਲੇ—ਤਦ ਮਹਾਰਾਜ ਜੀ ਦਾ ਉਨ੍ਹਾਂ ਨਾਲ ਡੂੰਘਾ ਪਿਆਰ ਹੈ, ਕਿਸੇ ਅਵਗੁਣ ਦੀ ਯਾ ਭੁੱਲ ਦੀ ਸੋਧ ਹੋ ਰਹੀ ਹੈ।

ਕੇਸਰਾ ਸਿੰਘ ਨੂੰ ਤਾਂ ਟੋਰਿਆ ਤੇ ਰਾਤ ਜਦ ਮਹਾਰਾਜ ਜੀ ਮਹਿਲਾਂ ਵਿਚ ਆਏ ਤਾਂ ਅੰਮੀ ਜੀ ਨੇ ਆਪਣੇ ਭਗਤੀ ਤੇ ਟਿਕਾਉ ਨਾਲ ਭਰੇ ਬਚਨਾਂ ਦੁਆਰਾ ਮੋਹਿਨਾ ਸੋਹਿਨਾ ਬਾਬਤ ਪੱਛਿਆ, ਤਦ ਸ੍ਰੀ ਮੁਖ ਤੋਂ ਉਚਾਰ ਹੋਇਆ:-

"ਇਕ ਸਾਂਈ ਦਾ ਜੀਉਂਦਾ ਬੰਦਾ ਇਹ ਵਾਕ ਇਨ੍ਹਾਂ ਲਈ ਕਰ ਗਿਆ ਹੈ, ਕਿ—ਤੁਸਾਂ ਨੂੰ ਠਾਕੁਰ ਦਰਸ਼ਨ ਨਹੀਂ ਜੋ ਦੇਣ ਲੱਗਾ। ਗੁਰੂ ਮਾਰੇ ਤਾਂ ਸਿਖ ਬਖਸ਼ਾ ਲੈਂਦੇ ਹਨ, ਸਿਖ ਮਾਰੇ ਨੂੰ ਗੁਰੂ ਨਹੀਂ ਬਖਸ਼ਦੇ ਇਹ ਬਿਰਦ ਧੁਰਾਂ ਦਾ ਹੈ। ਮੋਹਿਨਾ ਸੋਹਿਨਾ ਮੈਨੂੰ ਪਿਆਰੇ ਹਨ, ਪਰ ਸਿਖ ਦਾ ਬਚਨ ਅੱਟਲ ਹੈ, ਇਹ ਤਦੋਂ ਟਲ ਸਕਦਾ ਹੈ, ਜਦੋਂ ਇਨ੍ਹਾਂ ਦੀ ਸੁਰਤ ਜੀਉ ਪਵੇਗੀ, ਜਦੋਂ ਮੌਤ ਨਦੀ ਦੇ ਉਰਾਰ ਪਾਰ ਇਨ੍ਹਾਂ ਨੂੰ ਇਕਸਾਰ ਗਤੀ ਹੋ ਜਾਏਗੀ। ਜਾਂ ਸਿਖ ਦੇਹ ਵਿਚ ਹੁੰਦਾ ਤੇ ਆਪਣੇ ਵਾਕ ਨੂੰ ਪਲਟ ਦੇਂਦਾ।"

ਅੰਮੀ ਜੀ—ਹੇ ਸਤਿਗੁਰ ਜੀ ! ਜੇ ਮੈਂ ਸੋਹਿਨਾ ਜੀ ਨੂੰ ਮਿਲਾਂ ਤੇ ਉਨ੍ਹਾਂ ਦੀ ਸੁਰਤ ਨੂੰ ਜੀਵਨ ਰੌ ਨਾਲ ਭਰਨ ਵਿਚ ਯਤਨ ਕਰਾਂ ਤਾਂ ਸ੍ਰੀ ਜੀ ਦੀ ਕੀਹ ਆਗਿਆ ਹੈ ?

ਸਤਿਗੁਰ ਜੀ—ਇਸ ਤੋਂ ਵੱਧ ਭਲਿਆਈ ਕੀਹ ਹੋ ਸਕਦੀ ਹੈ ? ਮੈਂ ਖੁਸ਼ ਹਾਂ ਅਰ ਮੈਨੂੰ ਭੇਜਣ ਵਾਲਾ ਇਸ ਵਿਚ ਖੁਸ਼ ਹੈ। ਸਾਡਾ ਬਾਬਾ ਆਖਦਾ ਹੈ-

ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।

ਕਿਸੇ ਨੂੰ ਜੀਅਦਾਨ ਦੇਣਾ, ਕਿਸੇ ਦੇ ਮੁਰਦੇਪਨ ਵਿਚ ਜੀਵਨ ਦੀ ਨਵੀਂ ਰੂਹ ਫੂਕਣਾਂ, ਵਾਹਿਗੁਰੂ ਨੂੰ ਸਭ ਤੋਂ ਪਿਆਰਾ ਕੰਮ ਹੈ। ਅੰਦਰਲੇ ਵਿਚ ਜੀਵਨ ਲਹਿਰ ਆਕੇ ਜੋ ਜਾਨ ਪੈਂਦੀ ਹੈ, ਉਸ ਨੂੰ ਤਾਂ ਜੀਉਂਣਾ ਕਹੀਦਾ ਹੈ; "ਸੋ ਜੀਵਤ ਜਿਹ ਜੀਵਤ ਜਪਿਆ।" "ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।। ਨਾਨਕ ਅਵਰੁ ਨ ਜੀਵੈ ਕੋਈ।।" ਜੋ ਇਹ ਜੀਵਨ ਜੀਉਂਦੇ ਹਨ, ਓਹੀ ਜੀਉਂਦੇ ਹਨ। ਬਾਕੀ "ਹੋਰ ਮਿਰਤਕ ਹੈ ਸੰਸਾਰ"। ਜੀਉਂਦੀਆਂ ਰੂਹਾਂ ਇਸ ਜੀਵਨ ਵਾਲੇ ਅਕਾਲ ਪੁਰਖ ਰੂਪੀ ਬ੍ਰਿਛ ਦੀਆਂ ਡਾਲੀਆਂ ਹਨ, ਇਨ੍ਹਾਂ ਦੀ ਕਹਿਣੀ ਕਰਣੀ ਦੀ ਤਾਰ ਸਾਂਈਂ ਨਾਲ ਸਾਂਝੀ ਗਮਕਾਰ ਪੈਦਾ ਕਰਦੀ ਹੈ[1] ਤੇ ਆਪਣੀ ਤਾਸੀਰ ਵਿਚ ਉਹੋ ਅਸਰ ਰਖਦੀ ਹੈ। ਇਹੋ ਕਾਰਨ ਹੈ ਕਿ ਉਸ ਜੀਉਂਦੇ ਸਿਖ ਦੇ ਵਾਕ ਅਟੱਲ ਰਹੇ।

ਮਾਤਾ—ਆਪ ਕਰਨ ਕਾਰਨ ਹੋ, ਆਪਦਾ ਬਿਰਦ ਪਤਿਤ ਪਾਵਨ ਹੈ। ਅਸੀਂ ਸਭ ਮ੍ਰਿਤਕ ਸਾਂ, ਤੁਸਾਂ ਮਿਹਰ ਕਰਕੇ ਜੁਆਲਿਆ ਹੈ। ਅਸਾਡੀਆਂ ਭੁੱਲਾਂ ਤੇ ਕੀ ਅਚਰਜ ! ਭੁੱਲ ਤਾਂ ਸਾਡਾ ਰੂਪ ਹੈ। ਮੇਰੀ ਇਹ ਬਿਨੈ ਨਹੀਂ ਕਿ ਆਪਣੀ ਪ੍ਰਤੱਗਿਆ ਭੰਗ ਕਰੋ, ਪਰ ਮੈਨੂੰ ਪ੍ਰਸੰਨਤਾ ਤੇ ਬਲ ਬਖਸ਼ੋ ਜੋ ਮੈਂ ਇਸ ਵੀਰ ਭੈਣ ਨੂੰ ਆਪ ਦੇ ਦਰ ਜੋਗਾ ਕਰ ਸਕਾਂ।

ਕਲਗੀਆਂ ਵਾਲੇ—ਜੀਤ ਜੀ ! ਵਾਹਿਗੁਰੂ ਬਲ ਦੇਵੇ, ਤੁਸੀਂ ਇਸ ਜੋੜੀ ਦਾ ਸੰਕਟ ਹਰੋ।

੫.

**ਪਰਮਾਰਥ** ਨੂੰ ਗੁਰਬਾਣੀ ਵਿਚ ਖੰਡੇ ਦੀ ਧਾਰ ਲਿਖਿਆ ਹੈ, ਇਸਦਾ ਅਰਥ ਧਾਰ ਵਾਂਙੂ ਚੁਭਣ ਵਾਲਾ ਨਹੀਂ ਪਰ ਇਤਨਾ ਬ੍ਰੀਕ ਤੇ ਸੂਖਮ ਹੈ ਕਿ ਜਿੰਨੀ ਖੰਡੇ ਦੀ ਧਾਰ ਹੁੰਦੀ ਹੈ। ਐਸੀ ਸੂਖਮ ਧਾਰਾ ਤੇ ਤੁਰਨਾ ਔਖਾ ਹੁੰਦਾ ਹੈ, ਕਿਸੇ ਨਾ ਕਿਸੇ ਪਾਸੇ ਉਲਰ ਜਾਈਦਾ ਹੈ। ਕਈ ਪਰਮਾਰਥੀ ਲੋਕ ਸੰਸਾਰ ਤੋਂ ਵੈਰਾਗ ਕਰਦੇ ਕਰਦੇ ਐਨੇ ਓਪਰੇ ਹੋ ਜਾਂਦੇ ਹਨ ਕਿ ਉਨ੍ਹਾਂ ਦਾ ਸੁਭਾਵ ਗੁਸੈਲਾ ਤੇ ਗਮਰੁੱਠ ਜੇਹਾ ਹੋ ਜਾਂਦਾ ਹੈ, ਕਈ ਢੱਠੇ ਜੇਹੇ ਮਨ ਵਾਲੇ ਹੋ ਜਾਂਦੇ ਹਨ। ਦੂਜੇ ਪਾਸੇ ਜੋ ਲੋਕ

1. ਬਾਜ਼ ਤਾਰ ਤੇ ਤਰਬ ਤਾਰ ਇਕ ਸੁਰਕੰਪ ਪੈਦਾ ਕਰਦੀਆਂ ਹਨ।

ਪਰਮੇਸੁਰ ਪਿਤਾ ਨੂੰ ਭੁਲਦੇ ਹਨ ਓਹ ਖੁਦਗਰਜ਼ ਹੋ ਜਾਂਦੇ ਹਨ। ਖੁਦਗਰਜ਼ੀ ਦੇ ਕਾਰਣ ਸ੍ਰਿਸ਼ਟੀ ਲਈ ਦੁਖਦਾਈ ਤੇ ਆਪੇ ਲਈ ਪੈਰ ਕੁਹਾੜਾ ਮਾਰਨ ਵਾਲੇ ਬਣਦੇ ਹਨ। ਪਰ ਕਈ ਐਸੇ ਬੀ ਹਨ ਕਿ ਓਹ ਨਿਰਾ ਪਰਉਪਕਾਰ ਕਰਦੇ ਹਨ। ਉਨ੍ਹਾਂ ਦੀ ਸੁਰਤ ਖਿਡਾਉ ਵਿਚ ਰਹਿੰਦੀ ਹੈ ਤੇ ਜਿਨ੍ਹਾਂ ਦਾ ਭਲਾ ਕਰਦੇ ਹਨ, ਉਨ੍ਹਾਂ ਵਿਚ ਹੀ ਰੁੱਝਕੇ ਆਪੇ ਤੋਂ ਗੁਆਚ ਜਾਂਦੇ ਹਨ। ਅਸਲ ਵਿਚ ਏਹ ਦੂਜਿਆਂ ਨੂੰ ਪਜਾਰ ਨਹੀਂ ਕਰਦੇ, ਅਪਣੀ ਹਉਂ ਨੂੰ ਕਰਦੇ ਹਨ, ਜੋ ਲੋਕਾਂ ਦੀ ਵਾਹ ਵਾਹ ਤੇ ਪਲਦੀ ਹੈ। ਦੁਹਾਂ ਤਰ੍ਹਾਂ ਦੇ ਔਗੁਣਾਂ ਤੋਂ ਬਚਣ ਲਈ ਗੁਰੂ ਜੀ ਦਾ ਵਾਕ ਹੈ: 'ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰਹਾਈ।'

ਅਰਥਾਤ--ਵਾਹਿਗੁਰੂ ਨੂੰ ਪਿਤਾ ਸਮਝੋ, ਆਪ ਨੂੰ ਬੱਚਾ ਤੇ ਬਾਕੀਆਂ ਨੂੰ ਆਪਣੇ ਭਿਰਾਉ ਸਮਝ ਕੇ ਭਲਿਆਈ ਦੀ ਵਰਤਣ ਕਰੋ। ਐਸਾ ਕਰਨ ਵਾਲੇ ਜੋ ਸ੍ਰਿਸ਼ਟੀ ਪ੍ਰੇਮ ਕਰਦੇ ਹਨ ਹਉਂ ਲਈ ਨਹੀਂ, ਪਰ ਵਾਹਿਗੁਰੂ ਦੇ ਪ੍ਰੇਮ ਤੇ ਹੁਕਮ ਵਿਚ ਕਰਦੇ ਹਨ। ਓਹ ਜੋ ਭਲਜਾਈ, ਨੇਕੀ, ਪੁੰਨ ਕਰਮ ਕਰਦੇ ਹਨ ਸਾਂਈਂ ਨੂੰ ਅਰਪਦੇ ਹਨ ਇਉਂ ਹਉਂ ਤੋਂ ਬਚ ਜਾਂਦੇ ਹਨ। ਗੁਰੂ ਜੀ ਦਾ ਵਾਕ ਹੈ, 'ਬ੍ਰਹਮਗਿਆਨੀ ਪਰਉਪਕਾਰ ਉਮਾਹਾ'। ਅਰਥਾਤ ਉਨ੍ਹਾਂ ਵਿਚੋਂ ਉਪਕਾਰ ਚਸ਼ਮੇਂ ਦੇ ਉਛਲਣ ਵਾਂਙੂ ਆਪੇ ਤੇ ਸਹਜ ਸੁਭਾਵ ਪਿਆ ਹੁੰਦਾ ਹੈ, ਹਉਂ ਦੇ ਧੱਕੇ ਦੀ ਲੋੜ ਨਹੀਂ ਰੱਖਦਾ। ਜੀਵਨ ਲਗਾਤਾਰੀ ਸ਼ੈ ਹੈ; ਇਹ ਜੀਵਨ-ਰੁਹਾਨੀ ਜ਼ਿੰਦਗੀ ਭੀ ਲਗਾਤਾਰੀ ਸ਼ੈ ਹੈ, ਇਹ ਜੀਵਨ ਲਗਾਤਾਰੀ ਚਸ਼ਮੇ ਵਾਂਙੂ ਲਗਾ-ਤਾਰਤਾ ਤੇ ਸੁਤੇ ਉਮਾਹ ਵਿਚ ਹੁੰਦਾ ਹੈ, ਆਪ ਸੀਤਲ, ਸੁਖ ਰੂਪ ਤੇ ਸੁਖ ਸੀਤਲਤਾ ਦਾ ਦਾਤਾ।

ਮੋਹਿਨਾ ਸੋਹਿਨਾ ਇਸ ਜੀਵਨ ਪੱਥ ਤੇ ਨਹੀਂ ਸਨ ਟੁਰੇ, ਓਹ ਕਰਮਕਾਂਡੀ ਪੂਜਾ ਅਰਚਾ ਵਿਚ ਲਗੇ ਹੋਏ ਸੇ। ਜੀਵਨ ਰੌ ਨਹੀਂ ਰੁਮਕੀ ਸੀ, 'ਕੇਵਲ ਕਰਮ ਕਾਂਡ' ਵਿਚ ਮਨ ਕਰੜਾਈ ਫੜ ਗਿਆ ਸੀ। ਇਸ ਕਰਕੇ ਜੀਉਂਦੇ ਇਨਸਾਨ ਦੇ ਕਸ਼ਟ ਵਿਚ ਸੁਰਤ ਨੇ ਦੋ ਘੁੱਟ ਪਾਣੀ ਦੇਣ ਦਾ ਉਛਾਲ ਨਾ ਖਾਧਾ। ਹੁਣ ਇਸ ਕੜ ਤੋੜਨ ਦਾ ਉਪਰਾਲਾ ਗੁਰੂ ਕੇ ਦੁਆਰੇ ਹੋ ਰਿਹਾ ਹੈ।

## ੯. (ਮੋਹਿਨਾਂ ਤੇ ਰੋੜਾ ਜਲਾਲੀ)

**ਸ੍ਰੀ ਜੀਤ** ਜੀ ਦਾ ਆਪਣੇ ਆਤਮਾਂ ਵਿਚ ਅਡੋਲ ਰਹਿਣਾ, 'ਸਾਂਈਂ-ਧਿਆਨ' ਵਿਚ ਸਾਵਧਾਨ ਰਹਿਣਾ, ਜੀਵਨ ਦੇ ਹੁਲਾਰੇ ਟਿਕਵੇਂ ਵੇਗ ਵਿਚ ਜਾਰੀ ਰਹਿਣੇ ਤੇ ਸਹਿਸੁਭਾ ਉਨ੍ਹਾਂ ਤੋਂ ਪਿਆਰ ਤੇ ਭਲਿਆਈ ਹੁੰਦੀ ਰਹਿਣੀ, ਉਨ੍ਹਾਂ ਦਾ ਜੀਵਨ ਸੀ। ਇਸੇ ਕਰਕੇ ਪਜਾਰ ਨਾਲ ਲੋਕ ਆਪ ਨੂੰ ਐਮੀ ਜੀ ਸੱਦਦੇ ਸਨ। ਮਾਤਾ ਜੀ ਦਾ ਮੋਹਿਨਾਂ ਨਾਲ ਪਿਆਰ ਉਨ੍ਹਾਂ ਦੇ ਪ੍ਰੇਮ ਦਾ ਇਕ ਨਮੂਨਾ ਸੀ। ਜਦ ਤੋਂ ਸ੍ਰੀ ਮਤੀ ਜੀ ਨੂੰ ਇਹ ਪਤਾ ਲਗ ਗਿਆ, ਤਦ ਤੋਂ ਮੋਹਿਨਾਂ ਨੂੰ ਸੱਦ ਘੱਲਣਾ, ਕਦੇ ਬਾਗ ਸੈਰ ਨੂੰ ਗਏ ਉਨ੍ਹਾਂ ਦੀ ਕੁੱਲੀ ਵਿਚ ਆਪ ਜਾਣਾ, ਸਤਿਸੰਗ ਦੀ ਵਾਰਤਾਲਾਪ ਕਰਨੀ ਤੇ ਸਭ ਤੋਂ ਵਧੀਕ ਆਪਣੀ ਚਿੱਤ ਦੀ ਅਸਰ ਵਾਲੀ ਅਸੀਸ ਤੇ ਉੱਚੀ ਛੁਹ ਦੇਣੀ ਤੇ ਸੁਰਤ ਨਾਲ ਸੁਰਤ ਨੂੰ ਉੱਚਿਆਂ ਕਰਨਾ।

ਹੌਲੇ ਹੌਲੇ ਮਾਤਾ ਜੀ ਦੇ ਪ੍ਰੇਮ ਨੇ ਮੋਹਿਨਾ ਵਿਚ ਵਾਹਿਗੁਰੂ ਜੀ ਦੇ ਸਿਮਰਨ ਦਾ ਐਸਾ ਨਿਵਾਸ ਕਰਾਇਆ ਕਿ ਠੰਢ, ਸ਼ਾਂਤੀ, ਰਸ, ਮਿਠਾਸ ਤੇ ਸੁਆਦ ਦਾ ਇਕ ਮੱਧਮ ਲਹਿਰਾਉ ਉਸ ਦੇ ਅੰਦਰ ਪੈ ਗਿਆ। ਇਹੋ ਦਸ਼ਾ ਸੋਹਿਨਾ ਦੀ ਹੋ ਗਈ।

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ
ਜਾਇ॥ ਜਨਮ ਮਰਨ ਕਾ ਭਉ ਗਇਆ ਜੀਵਨ
ਪਦਵੀ ਪਾਇ॥ (ਬਿਹਾ: ਵਾਰ ਮ: ੩-੧੯)

ਓਹ ਜੋ ਨਿਜ ਨੂੰ ਸ੍ਰਾਪਤ ਸਮਝਦੇ ਸੇ, ਓਹ ਜੋ ਸਰਵੰਸ਼ ਦਾਨ ਕਰਕੇ ਸੁਖ ਨੂੰ ਪਹੁੰਚੇ ਸੇ, ਓਹ ਜਿਨ੍ਹਾਂ ਨੂੰ ਵਿਦਿਆ ਤੇ ਸੂਖਮ ਗੁਣਾਂ ਨੇ ਠੰਢ ਨਹੀਂ ਸੀ ਪਾਈ; ਓਹ ਜੋ ਸਾਧਨਾਂ ਤੇ ਨਿਰਤਕਾਰੀਆਂ ਨਾਲ ਬੀ ਠਾਕੁਰ ਤੋਂ ਅਤ੍ਰਿਪਤ ਰਹੇ ਸੇ, ਨਿਮਾਣੇ ਹੋ ਕੇ ਸਤਿਸੰਗ ਦੁਆਰੇ ਆ ਢੱਠੇ ਤੇ ਜੀਉ ਉਠੇ।

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ
ਹਰਿ ਕੇ ਦੁਆਰ॥ ਮਤਿ ਹਰਿ ਪੂਛੈ ਕਉਨੁ
ਹੈ ਪਰਾ ਹਮਾਰੈ ਬਾਰ॥੬੧॥ (ਸ: ਕਬੀਰ)

ਹੁਣ ਦੁਹਾਂ ਦੀ ਚਿੱਤ ਬ੍ਰਿਤੀ ਖਿਡਾਉ ਵਿਚ ਘੱਟ ਜਾਂਦੀ ਹੈ, ਹਾਹੁਕੇ ਵਿਚ ਨਹੀਂ ਪੈਂਦੀ। ਇਕ ਮੱਧਮ ਵੇਰਾਦਾ ਲਗਾਤਾਰ ਰਸ ਅੰਦਰ ਰਹਿੰਦਾ ਹੈ। ਸਿਮਰਨ ਵਿਚ ਜ਼ੋਰਵੀਂ ਖਿੱਚ ਲੱਗੀ ਰਹਿੰਦੀ ਹੈ, ਦਰਸ਼ਨ ਦੀ ਸਿੱਕ ਅੱਗੇ ਨਾਲੋਂ ਬਹੁਤੀ, ਪਰ ਉਸ ਵਿਚ ਨਿਰਾਸਾ

ਤੇ ਟੋਟ ਨਹੀਂ ਹੈ: ਸ਼ੁਕਰ ਤੇ ਆਸ ਹੈ ਅਰ ਆਸ ਦੇ ਹੁਲਾਰਿਆਂ ਵਿਚ ਵਿਸ਼ਵਾਸ਼ ਹੈ, ਨੈਣ ਛਹਿਬਰਾਂ ਲਾਉਂਦੇ ਹਨ, ਪਰ ਸ਼ੁਕਰ ਵਿਚ :-

ਜੇਤੇ ਸਾਸ ਸਾਸ ਹਮ ਲੇਤੇ ਤੇਤੇ ਹੀ ਗੁਣ ਗਾਇਆ॥
ਨਿਮਖ ਨ ਬਿਛੁਰੈ ਘਰੀ ਨ ਬਿਸਰੈ ਸਦ ਸੰਗੇ ਜਤ ਜਾਇਆ॥ (ਸਾਰੰਗ ਮਹਲਾ ੫)

ਇਸ ਤਰ੍ਹਾਂ ਕਰਦਿਆਂ ਸਮਾਂ ਲੰਘਦਾ ਗਿਆ, ਏਨ੍ਹਾਂ ਦੇ ਅੰਦਰ ਦੀ ਬਿਧਿ ਪਕਿਆਈ ਪਾਂਦੀ ਗਈ, 'ਮੌਤ-ਨਦੀ' ਦੇ ਪਾਰ ਉਰਾਰ ਚਿੱਤ ਗੇੜੇ ਲਾਉਣ ਲਗ ਪਿਆ। ਐਉਂ ਜਾਪੈ ਕਿ ਇਸ ਭਵਨ ਦਾ ਇਕ ਠਾਕੁਰ ਹੈ, ਜਿਸ ਦੀ ਠਕੁਰਾਈ 'ਮੌਤ ਨਦੀ' ਦੇ ਪਾਰ ਉਰਾਰ ਹੈ। ਉਹ ਠਾਕੁਰ ਜਿਸ ਨੂੰ ਚਾਹੇ ਪਾਰ ਸੱਦੇ ਜਿਸ ਨੂੰ ਚਾਹੇ ਉਰਾਰ ਸੱਦੇ। ਮੌਤ ਕੋਈ ਦੁਖਦਾਈ ਸ਼ੈ ਨਹੀਂ, ਨਾ ਇਹ ਵਿਨਾਸ਼ ਹੈ, ਨਾ ਇਹ ਪੱਕਾ ਵਿਛੋੜਾ ਹੈ। ਇਹ ਭੀ ਭਾਸੇ ਕਿ ਜੋ ਸਿਮਰਨ ਵਿਚ ਜੀਵੇ ਹਨ, ਉਹਨਾਂ ਲਈ ਵਿਛੋੜਾ ਨਹੀਂ, ਸਾਂਈ ਨਾਲੋਂ ਕਿ ਸਾਂਈਂ ਦੇ ਪਿਆਰਿਆਂ ਨਾਲੋਂ, ਸਤਿਗੁਰ ਨਾਲੋਂ ਕਿ ਸਤਿਸੰਗ ਨਾਲੋਂ ਸਿਮਰਨ ਵਾਲੇ ਕਦੇ ਵਿਛੁੜਦੇ ਨਹੀਂ :-

ਕਬਹੂ ਸਾਧ ਸੰਗਤਿ ਇਹੁ ਪਾਵੈ॥
ਉਸ ਅਸਥਾਨ ਤੇ ਬਹੁਰਿ ਨ ਆਵੈ॥ (ਸੁਖਮਨੀ)

ਐਉਂ ਇਕ ਨਦੀ ਦੇ ਪਾਰ ਉਰਾਰ ਵਾਹਿਗੁਰੂ ਦੀਆਂ ਨਗਰੀਆਂ ਵਿਚ ਆਉਣਾ ਜਾਣਾ ਦਿੱਸਕੇ ਮਨ 'ਭੈ ਮਰਬੇ' ਤੋਂ ਨਿਕਲ ਗਿਆ ਤੇ ਜੀਵਨ ਅਤਿ ਸੁਆਦਲੀ ਤੇ ਰੰਗੀਲੀ ਦਾਤ ਲੱਗਣ ਲੱਗ ਪਿਆ। ਬਿਨ ਸਿਮਰਨ ਜੀਵਨ ਇਕ ਬਲਨਾ ਦਿੱਸੇ, ਜਿਮ ਤਰ੍ਹਾਂ ਚੁਲ੍ਹੇ ਵਿਚ ਲਕੜਾਂ ਦਾ ਬਲਨਾ, ਇਸ ਤਰ੍ਹਾਂ ਸਰੀਰ ਵਿਚ ਅੰਨ ਦਾਣੇ ਫਲਾਂ ਆਦਿ ਭੋਜਨਾਂ ਦਾ ਬਲਨਾਂ। ਪਰ ਹਾਂ ਜਦ ਪ੍ਰਭੂ ਸਿਮਰਨ ਦਾ ਨਿਵਾਸ ਹੋ ਗਿਆ, ਤਦ ਜੀਵਨ ਇਕ ਅਤਿ ਰਸਦਾਇਕ ਸੁਆਦਲਾ ਆਤਮ ਲਹਿਰਾ ਹੈ! ਜਿਸ ਦਾਤੇ ਨੇ ਮਨੁੱਖ ਜੀਵਨ ਰਚਿਆ, ਉਸ ਨੇ ਇਸ ਨੂੰ 'ਪੀੜਾ' ਨਹੀਂ ਸੀ ਰਚਿਆ, ਉਸ ਨੇ ਇਹ 'ਦੁਖ ਰੂਪ' ਨਹੀਂ ਸੀ ਬਣਾਇਆ, ਸਗੋਂ ਅਸਾਂ, ਜੋ ਰਚਣਹਾਰ ਨੂੰ ਵਿਸਾਰ ਕੇ ਮਰਨਹਾਰਾਂ ਤੇ ਵਿਛੁੜਨਹਾਰਾਂ ਨਾਲ ਪਿਆਰ ਪਾ ਲਿਆ, ਦੁਖ ਉਥੋਂ ਜੰਮਿਆਂ। ਮੋਹਿਨਾ ਸੋਹਿਨਾ ਜੀ ਨੂੰ ਹੁਣ ਜੀਵਨ ਰਸ ਰੂਪ ਨਜ਼ਰ ਆਵੇ। ਸੁਰਤ ਜੀਉਂਦੀ ਹੋ ਗਈ ਹੈ। ਜੀਉਂਦੀ ਸੁਰਤ ਜਿੱਧਰ ਤੱਕਦੀ ਹੈ ਸੁੰਦਰਤਾ, ਰਸ ਤੇ ਸੁਆਦ ਫਰਾਟੇ ਮਾਰ ਰਿਹਾ ਹੈ। ਜਿਮ ਰਚਣਹਾਰ ਨੂੰ ਕਰੜਾ ਹਾਕਮ ਖਿਆਲਕੇ ਜਾਨ ਸਹਿਮਾਂ ਵਿਚ ਰਹਿੰਦੀ ਸੀ, ਉਹ ਸਦਾ ਪਿਆਰ ਕਰਨ ਵਾਲਾ ਦਿੱਸ ਪਿਆ।

'ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ॥ (ਸੂਹੀ ਮ:੫)

'ਜੀਉ ਪਈ ਸੁਰਤ' ਰਚਣਹਾਰ ਨੂੰ ਹਾਕਮ, ਤੇ ਦੰਡ ਦਾਤਾ ਨਹੀਂ ਤੱਕਦੀ, ਜੀਉ ਪਈ ਸੁਰਤ ਨੂੰ ਉਹ ਪਿਤਾ, ਉਹ ਮਾਤਾ, ਉਹ ਬੰਧਪ, ਉਹ ਭਰਾਤਾ, ਉਹ ਪਿਆਰਾਂ ਦਾ ਪੁੰਜ, ਮਿਹਰਾਂ ਦਾ ਸਾਂਈਂ, ਬਖ਼ਸ਼ਿਸ਼ ਦਾ ਘਰ ਤ੍ਰੁਠਣ ਤੇ ਨਿਵਾਜਣ ਦਾ ਮੇਘ, ਕੱਜ ਲੈਣ ਦਾ ਪਰਬੱਤ ਤੇ ਰੱਖ ਲੈਣ ਵਾਲਾ ਓਲ੍ਹਾ ਦਿੱਸ ਪੈਂਦਾ ਹੈ। ਇਉਂ ਦੇ ਹੋ ਕੇ ਦੁਇ ਠਾਕੁਰ ਦੇ ਚੋਜਾਂ ਪਰ ਮੋਹਿਤ ਹੁੰਦੇ ਤੇ ਕੀਰਤਨ ਕਰਦੇ ਹਨ।

"ਹਰਿ ਕੀਰਤ ਸਾਧ ਸੰਗਤਿ ਹੈ
ਸਿਰਿ ਕਰਮਨ ਕੈ ਕਰਮਾ।।" (ਸੋਰਠ: ਮ: ੫)

ਵਿਦਜਾ ਤੇ ਗੁਣ ਜਿਥੇ ਨਹੀਂ ਲੈ ਜਾਂਦੇ, ਉੱਥੇ 'ਜੀਅ ਦਾਨ' ਦਾ ਇਕ ਕਿਣਕਾ ਲੈ ਜਾਂਦਾ ਹੈ। ਸੁਖੀ ਹਨ ਪਰ ਦਾਤੇ ਦਾ ਪਿਆਰ ਕਸਕਾਂ ਮਾਰਦਾ ਹੈ। "ਹੁਕਮ ਨਹੀਂ" ਇਸ ਕਰਕੇ ਰਜ਼ਾ ਵਿਚ ਖੜੇ ਹਨ-

ਮੇਜੈ ਰਮਤੁ ਨੈਨ ਨਹੀਂ ਪੇਖਉ ਇਹੁ ਦੁਖੁ ਕਾਸਉ ਕਹਉਰੇ॥ (ਆਸਾ ਕਬੀਰ)

ਇਨ੍ਹਾਂ ਹੀ ਦਿਨਾਂ ਵਿਚ ਇਕ ਦਿਨ ਇਕ ਰਮਤਾ ਫਕੀਰ ਬਾਗ ਵਿਚ ਆ ਗਿਆ, ਸਾਰੇ ਸੈਰ ਕਰਦਾ ਮੋਹਿਨਾ ਦੇ ਦਰਵਾਜ਼ੇ ਆ ਖੜੋਤਾ, ਕਹਿਣ ਲੱਗਾ--

ਮਾਲਣ ! ਆਲੱਖ, ਮਾਲਣ ! ਅਲੱਖ। ਫ਼ਕੀਰ ਸਾਂਈਂ ਆਏ ਹਨ, ਖ਼ੈਰ ਪਾ ਦੇਹ।

ਮੋਹਿਨਾ ਅੰਦਰੋਂ ਲੱਪ ਜੁਆਰ ਦੇ ਆਟੇ ਦਾ ਲਿਆਈ। ਫਕੀਰ ਨੇ ਕਿਹਾ :-

ਦੇਖਦੀ ਨਹੀਂ !

ਏ ਹੈ ਰੱਬ ਦਾ ਫਕੀਰ, ਏ ਹੈ ਰੋਡਾ ਜਲਾਲੀ।
ਅੱਖ ਜੇ ਏਹ ਫੇਰੇ ਦੇਵੇ ਪੁੱਠੜੀ ਭੁਆਲੀ।
ਮਾਲਣ ! ਰੋਡਾ ਜਲਾਲੀ, ਏ ਹੈ ਰੋਡਾ ਜਲਾਲੀ।
ਰੱਬ ਨੂੰ ਜੇ ਮੰਗੇਂ ਮੇਲੂ ਰੋਡਾ ਜਲਾਲੀ।
ਰੋਡਾ ਪਰ ਲੈਂਦਾ ਮੂੰਹ ਮੰਗੀ ਦਲਾਲੀ।
ਮਾਲਣ ! ਆਇਆ ਫਕੀਰ, ਡੇਰੇ ਰੋਡਾ ਜਲਾਲੀ।
ਮੰਗੋ ਮੁਰਾਦ, ਦੇਵੇ ਰੋਡਾ ਜਲਾਲੀ।
ਦੁਆਰੇ ਤੇ ਆਯਾ ਜਾਵੇ ਰੋਡਾ ਨ ਖਾਲੀ।

ਮਾਲਣ ! ਨਾਗਨ ਫਕੀਰ; ਰੋਡਾ ਨਾਗਨ ਈ ਕਾਲੀ।
ਦੇ ਦੇ ਜੁ ਮੰਗੇ: ਮੂੰਹੋਂ ਕੱਢੀਂ ਨ ਗਾਲੀ।
ਨਖ਼ਰੇ ਬਹਾਨੇ ਕਰ ਇਹਨੂੰ ਨ ਟਾਲੀਂ।
ਮਾਲਣ ! ਰੋਡਾ ਰਿਝਾ ਦੇ ਤੇਰਾ ਜੀਵੇਗਾ ਮਾਲੀ।
ਰੋਡਾ ਮੰਗੇ ਨ ਦੰਮ, ਰੋਡਾ ਨਹੀਓਂ ਪਲਾਲੀ।
ਨਾਲ ਚਮਿਆਰਾਂ ਇਹਦੀ ਨਹੀਓਂ ਭਿਆਲੀ।
ਮਾਲਣ ! ਸਬਰਾਂ ਦੇ ਹੁਜਰੇ ਦਾ ਰੋਡਾ ਜਲਾਲੀ।
ਮਾਲਣ ਬੀ ਤਰੇ, ਨਾਲੇ ਤਰੇਗਾ ਮਾਲੀ।
ਖਾਲੀ ਜੇ ਨਾ ਟੋਰਿਆ ਏ ਰੋਡਾ ਜਲਾਲੀ।
ਮਾਲਣ ! ਆਯਾ ਜਲਾਲੀ, ਤੇਰੇ ਰੋਡਾ ਜਲਾਲੀ।

ਰੋਡਾ ਗੁਰਜ ਭੁਆਵੇ ਤੇ ਨੱਚੇ ਤੇ ਇਹ ਟੱਪੇ ਗਾਵੇਂ। ਮੋਹਿਨਾ ਜਿਉਂ ਜਿਉਂ ਤੱਕੇ ਹਰਿਆਨ ਹੋਵੇ, ਸਹਿਮ ਖਾਵੇ ਤੇ ਕੁਛ ਬੇਚੈਨ ਹੋਵੇ। ਜਦੋਂ ਫਕੀਰ ਨੇ ਚੁਪ ਕੀਤੀ ਤੇ ਨੀਲੀਆਂ ਪੀਲੀਆਂ ਅੱਖਾਂ ਕਰਕੇ ਫੇਰੀਆਂ ਤਾਂ ਮੋਹਿਨਾਂ ਨੇ ਕਿਹਾ, 'ਸਾਂਈ ਜੀ ! ਮੰਗੋ ਜੋ ਕੰਗਾਲਾਂ ਤੋਂ ਸਰੇਗਾ ਹਾਜ਼ਰ ਹੋ ਜਾਸੀ, ਪਰ ਮਿਹਰ ਕਰਕੇ ਮੰਗਣਾ, ਅਸੀਂ ਬਹੁਤ ਨਿਮਾਣੇ ਹਾਂ, ਅਸੀਂ ਮੰਗਤੇ ਹਾਂ, ਦਾਤੇ ਨਹੀਂ, ਜੋ ਹੈ ਆਪ ਦਾ ਹੈ।'

ਰੋਡਾ--ਮਾਲਣ ! ਇਹ ਮੋਤੀਆ, ਬੇ-ਬਹਾਰਾ ਮੋਤੀਆ ਇਹ ਹਰਿਨੀ(ਗੁਲ ਦਾਊਦੀ), ਇਹ ਰੁਹਣੀ, ਇਹ ਗੇਂਦਾ, ਇਹ ਖੱਟਾ ਗੇਂਦਾ ਜੋ ਲੁਕਾ ਲੁਕਾ ਧਰਿਆ ਈ, ਰੋਡਾ ਤੱਕ ਤੱਕ ਕੇ ਰੀਝ ਰਿਹਾ ਹੈ, ਇਹ ਦੇ ਦੇਹ।

ਮਾਲਣ ਨੂੰ ਸੁਣਦਿਆਂ ਹੀ ਸੁਨਸੁਨੀ ਛਾ ਗਈ, ਕਲੇਜਾ ਕੰਬਿਆ, ਰਸ ਦੀ ਤਾਰ ਟੁੱਟੀ, ਆਕਾਸ਼ ਤੇ ਜ਼ਮੀਨ ਹਿਠਾਂਹ ਉਤਾਂਹ ਹੋਏ, ਨਿਰਬਲ ਤੇ ਸੁੰਨ ਹੋ ਕੇ ਮਾਲਣ ਜਿੱਥੇ ਖੜੀ ਸੀ, ਬਹਿ ਗਈ। ਰੋਡਾ ਇਹ ਕੌਤਕ ਦੇਖਦਾ ਰਿਹਾ, ਫੇਰ ਰੋਡਾ ਗਾਉਂਦਾ ਤੇ ਤ੍ਰੁੱਪਦਾ ਟੁਰ ਗਿਆ। ਕੁਝ ਚਿਰ ਮਗਰੋਂ ਸੋਹਿਨਾ ਜੀ ਆਏ। ਇਸਤ੍ਰੀ ਨੂੰ ਛੱਟੇ ਮਾਰਕੇ ਹੋਸ਼ ਆਂਦੀ ਤੇ ਉਠਾਲਿਆ ਤੇ ਪੁੱਛਿਆ: ਮੋਹਿਨਾ ! ਇਹ ਕੀ ਗਤੀ ਹੈ ? ਮੋਹਿਨਾ ਜੀ ਨੇ ਸਹਿਜ ਨਾਲ ਸਾਰਾ ਹਾਲ ਸੁਣਾਇਆ ਤੇ ਆਖਿਆ, "ਏਹ ਫੁਲ ਸ੍ਰੀ ਕਲਗੀਧਰ ਜੀ ਲਈ ਪਾਲੇ, ਐਮੀ ਜੀ ਦੀ ਖ਼ਾਸ ਆਗਜਾ ਸੀ ਕਿ ਪ੍ਰੀਤਮ ਜੀ ਦੀ ਵਰ੍ਹੇ ਰੀਢ ਵਾਲੇ ਦਿਨ ਅਸੀਂ ਮੋਤੀਏ ਦਾ ਸਿਹਰਾ ਪਹਿਨਾਈਏ। ਉਨ੍ਹਾਂ ਦੀ ਖ਼ਾਤਰ ਤੁਸਾਂ ਨੇ ਇਹ ਤਰੱਦਦ ਜਾਲ ਕੇ ਏਹ ਕੁਰੁੱਤੇ ਬੂਟੇ ਤਿਆਰ ਕੀਤੇ ਸਨ। ਅੱਜ ਇਕ ਫਕੀਰ ਇਨ੍ਹਾਂ ਦਾ ਸੁਆਲੀ ਆਇਆ, ਜੇ ਮੈਂ ਨਹੀਂ ਦੇਂਦੀ ਤਾਂ ਅੱਗੇ ਠਾਕੁਰਾਂ ਦੇ ਨਾਉਂਗੇ ਦਾ ਪਾਣੀ ਠਾਕੁਰਾਂ ਦੇ ਬਾਲਕੇ ਨੂੰ ਨਾ ਦੇਣ ਕਰਕੇ ਦਰਸ਼ਨਾਂ ਤੋਂ ਵਾਂਜੇ ਗਏ, ਹੁਣ ਠਾਕੁਰ ਦਾ ਬਾਲਕ ਠਾਕੁਰ ਜੀ ਦੇ ਨਾਉਂਗੇ ਦੇ ਫੁੱਲ ਮੰਗਦਾ ਹੈ, ਨਾ ਦਿਆਂ ਤਾਂ ਕਿਸ ਹਾਲ ਨੂੰ ਪਹੁੰਚਾਂ, ਤੇ ਜੇ ਦਿਆਂ ਤਾਂ ਐਮੀਂ ਜੀ ਨੂੰ ਕੀਹ ਮੂੰਹ ਦਿਆਂ ? ਜਿਨ੍ਹਾਂ ਨੇ ਸਾਨੂੰ ਮੁਰਦਿਆਂ ਨੂੰ ਜਿਵਾਲਿਆ ਹੈ ਉਨ੍ਹਾਂ ਲਈ ਇਹ ਤੁੱਛ ਸੇਵਾ ਸਿਰੇ ਨਾ ਚਾੜ੍ਹਾਂ ? ਇਸ ਦੁਚਿਤਾਈ ਵਿਚ ਐਸੀ ਨਿਰਾਸਾ ਪਈ ਕਿ ਮੈਂ ਤਾਂ ਆਪਣੇ ਭਾਣੇ ਮਰ ਗਈ ਸਾਂ, ਪਰ ਦੇਖਦੀ ਹਾਂ ਕਿ ਇਹ ਕਰੜੀ ਮੁਸ਼ਕਲ ਅਜੇ ਮੇਰੇ ਸਾਹਮਣੇ ਹੈ ਤੇ ਤੁਸੀਂ ਮੇਰੇ ਨਾਲ ਇਸ ਦੇ ਭਿਆਲ ਹੋ।"

ਇਹ ਹਾਲ ਸੁਣ ਕੇ ਸੋਹਿਨਾ ਜੀ ਨੂੰ ਬੀ ਬੜੀ ਘਾਟ ਪਈ। ਬਨਸਪਤੀ ਵਿਦਿਆ ਵਿਚ ਪ੍ਰਬੀਨ ਸੋਹਿਨਾ ਜੀ ਨੇ ਚਾਰ ਮੋਤੀਏ ਦੇ ਬੂਟਿਆਂ ਨੂੰ ਐਮੀਂ ਜੀ ਦੀ ਪ੍ਰਸੰਨਤਾ ਲਈ ਵੱਡੀਆਂ ਵੱਡੀਆਂ ਚੁਕਾਠਾਂ ਵਿਚ ਸ਼ੀਸ਼ੇ ਜੜਾਕੇ ਇਨ੍ਹਾਂ ਬੂਟਿਆਂ ਦੇ ਉੱਤੇ ਸਰਪੋਸ਼ ਵਾਂਙੂ ਧਰ ਕੇ ਕੁਰੁੱਤੇ ਫੁੱਲਣ ਲਈ ਤਿਆਰ ਕੀਤਾ ਸੀ। ਦਿਨ ਨੂੰ ਸੂਰਜ ਦੀ ਤਪਸ਼ ਸ਼ੀਸ਼ਿਆਂ ਥਾਣੀਂ ਕਰੜੀ ਹੋ ਕੇ ਅੰਦਰ ਲਗਦੀ ਸੀ ਤੇ ਰਾਤ ਨੂੰ ਸ਼ੀਸ਼ਿਆਂ ਦੇ ਉਦਾਲੇ ਵਿਥ ਤੇ ਧੂਣੀ ਲਾਈ ਜਾਂਦੀ ਸੀ। ਸੋ ਬੂਟਿਆਂ ਦੇ ਉਦਾਲੇ ਸ਼ੀਸ਼ਿਆਂ ਦੇ ਅੰਦਰ ਸਾਉਣ ਦੀ ਗਰਮੀ ਜਿੰਨੀ ਨਿੱਘੀ ਪੌਣ ਬਣੀ ਰਹਿੰਦੀ ਸੀ। ਖਾਦ ਖਾਸ ਇਕ ਤਵੇਲੇ ਦੀ ਅਰੂੜੀ ਤੋਂ ਤਿਆਰ ਕਰ ਕੇ ਦਿੱਤੀ ਸੀ, ਸਿੱਟਾ ਇਹ ਸੀ ਕਿ ਚਾਰੇ ਬੂਟੇ ਹੁਣ ਕਲੀਆਂ ਨਾਲ ਭਰੇ ਪਏ ਸਨ। ਇਸੇ ਤਰ੍ਹਾਂ ਹੁਣ ਹਰਿਨੀ (ਗੁਲਦਾਊਦੀ) ਦੇ ਬੂਟਿਆਂ ਨੂੰ ਪਰਾਲੀ ਦੀ ਛੱਤ ਪਾ ਕੇ ਕੱਜਿਆ ਸੀ। ਦਿਨੇ ਰੋਜ਼ ਪਰਾਲੀ ਲਾਹ ਕੇ ਪੂਰੀ ਧੁੱਪ ਲੁਆਉਣੀ ਤੇ ਸੂਰਜ ਆਥਣ ਤੋਂ ਪਹਿਲੇ ਫੇਰ ਕੱਜ ਦੇਣੀ, ਅਤੇ ਰਾਤ ਗਿਰਦ ਗਿਰਦ ਵਿੱਥ ਤੇ ਧੂਣੀ ਰਹਿਣੀ, ਜਿਸ ਨਾਲ ਹਵਾ ਦੀ ਨਿਘ ਘਟਣੀ ਨਾ। ਇਸੇ ਤਰ੍ਹਾਂ ਕੱਚੇ ਖੱਟੇ ਰੰਗ ਦੇ ਗੇਂਦੇ ਨੂੰ ਕੱਕਰਾਂ ਤੋਂ ਕੱਜਕੇ ਐਮੀਂ ਜੀ ਦੇ ਚਾਉ ਲਈ ਹੁਣ ਤੱਕ ਸੰਭਾਲਿਆ

ਸੀ। ਅੱਜ ਉਹ ਵਿਘਨ ਆ ਕੇ ਪਿਆ ਕਿ ਜਿਸ ਦਾ ਸੁਲਝਾ ਨਹੀਂ ਸੁੱਝਦਾ। ਇਹ ਤਾਂ ਮੋਹਿਨਾ ਜੀ ਤਾੜ ਗਏ ਸਨ ਕਿ ਇਹ ਫਕੀਰ ਉਸ ਸਿਖ ਵਰਗਾ ਨਹੀਂ ਨਜ਼ਰੀ ਪੈਂਦਾ, ਪਰ ਆਖ਼ਰ ਵਾਹਿਗੁਰੂ ਦਾ ਹੈ, ਇਸ ਦੀ ਸੇਵਾ ਨਾ ਕਰਨੀ ਬੀ ਮਾੜੀ ਹੋਊ। ਇਸ ਤਰ੍ਹਾਂ ਦੀਆਂ ਗਿਣਤੀਆਂ ਇਸਤ੍ਰੀ ਭਰਤਾ ਸਾਰੀ ਰਾਤ ਕਰਦੇ ਰਹੇ। ਸਵੇਰੇ ਹੀ ਰੋਡੇ ਹੁਰੀਂ ਫਿਰ ਆ ਗਏ, ਉਹ ਸਾਰਾ ਗੀਤ ਉਸੇ ਤਰ੍ਹਾਂ ਗਾਉਂਦੇ ਤੇ ਨੱਚਦੇ ਟੱਪਦੇ ਸੇ। ਹੁਣ ਸੋਹਿਨਾ ਜੀ ਨੂੰ, ਜੋ ਆਪਣੀ ਅਕਲ ਨਾਲ ਕੁਛ ਨਹੀਂ ਸੀ ਫੁਰਿਆ, ਸਗੋਂ ਚਿੰਤਾ ਨੇ ਸਿਮਰਨ ਵਿਚੋਂ ਕੱਢਕੇ ਦੁਖੀ ਕਰ ਦਿੱਤਾ ਸੀ, ਸਾਂਈਂ ਤੇ ਟੇਕ ਧਰਦਿਆਂ ਸਾਰ ਸੱਚ ਦਾ ਝਲਕਾ ਵੱਜਾ। ਫਕੀਰ ਨੂੰ ਆਖਣ ਲੱਗੇ- "ਦੇਖੋ ਸਾਂਈਂ ਲੋਕ ਜੀ! ਇਹ ਬਾਗ਼ ਗੁਰੂ ਕਾ ਹੈ, ਜੋ ਇਸ ਵਿਚ ਹੈ ਗੁਰੂ ਕਾ ਹੈ, ਅਸੀਂ ਅਮੁੱਲੇ ਨੌਕਰ ਹਾਂ, ਕਿਸੇ ਸ਼ੈ ਦੇ ਅਸੀਂ ਮਾਲਕ ਨਹੀਂ, ਨੌਕਰਾਂ ਦਾ ਕੰਮ ਨਹੀਂ ਕਿ ਮਾਲਕਾਂ ਦੀ ਸ਼ੈ ਆਪੇ ਦੇ ਦੇਣ। ਫੁੱਲਾਂ ਵਾਸਤੇ ਤੁਸੀਂ ਕੇਸਰਾ ਸਿੰਘ ਵੱਡੇ ਮਾਲੀ ਜੀ ਨੂੰ ਆਖੋ, ਉਹ ਮਾਲਕ ਦੇ ਹੁਕਮ ਵਿਚ ਦੇ ਸਕਦੇ ਹਨ। ਅਸੀਂ, ਫੁੱਲ ਬੀਜਣ ਵਾਲੇ, ਪਾਲਣ ਵਾਲੇ, ਰਾਖੀ ਕਰਨ ਵਾਲੇ ਹਾਂ ਅਰ ਇਥੇ ਸਾਡਾ ਧਰਮ ਬੱਸ ਹੈ, ਤ੍ਰੋੜਨਾ ਧਰਮ ਮਾਲਕ ਦਾ ਹੈ, ਅਸੀਂ ਮਾਲਕ ਨਹੀਂ ਹਾਂ। ਇਹ ਵਿਚਾਰਕੇ ਅਸਾਂ ਪਰ ਖਿਮਾ ਕਰਨੀ, ਅਸੀਂ ਦਾਸ ਹਾਂ।" ਰੋਡਾ ਇਹ ਸੁਣਕੇ ਟੱਪਿਆ ਤੇ ਬੋਲਿਆ:-

ਰੋਡਾ ਜਲਾਲੀ ਜਾਵੇ ਰੋਡਾ ਜਲਾਲੀ।
ਤੇਰੇ ਦੁਆਰੇ ਤੋਂ ਏ ਚਲਿਆ ਏ ਖਾਲੀ।
ਮਾਲੀ ! ਖਾਲੀ ਨ ਟੋਰ ਪੁੱਠੀ ਪਏਗੀ ਭ੍ਵਾਲੀ।
ਫੁਲ ਛੱਡਣੇ ਨ ਰੋਡੇ, ਰੋਡੇ ਭਰਨੀ ਏ ਥਾਲੀ।
ਗੁਰੂ ਕੇ ਫੁੱਲ, ਦੇਣੀ ਗੁਰੂ ਨੂੰ ਹੈ ਡਾਲੀ।
ਮਾਲੀ ! ਖਾਲੀ ਨ ਟੋਰ ਰੋਡਾ ਜਾਏ ਨ ਖਾਲੀ।

ਸੋਹਿਨਾ—ਫਕੀਰ ਸਾਂਈਂ ! ਮੈਂ ਸੱਚ ਅਰਜ਼ ਕੀਤੀ ਹੈ, ਮੇਰੇ ਘਰ ਜੋ ਕੁਛ ਹੈ ਸਰਬੰਸ ਲੈ ਜਾਓ, ਹਾਜ਼ਰ ਹੈ। ਮਾਲਕ ਦੀ ਸ਼ੈ ਤੇ ਮਾਲਕਾਂ ਦੇ ਹੁਕਮ ਵਿਚ ਤਿਆਰ ਹੋਈ ਸ਼ੈ ਮਾਲਕ ਹੀ ਦੇਣ, ਜਾਂ ਵਡੇ ਮਾਲੀ ਨੂੰ ਪੁੱਛ ਲਓ।

ਰੋਡਾ ਹੁਣ ਸਰਾਪ ਦਿੰਦਾ 'ਤੇਰੀ ਜੜ੍ਹ ਨਾ ਮੇਖ' ਟੁਰ ਗਿਆ: ਮੋਹਿਨਾ ਤੇ ਸੋਹਿਨਾ ਨੇ ਸ਼ੁਕਰ ਕੀਤਾ ਆਖਣ ਲੱਗੇ—"ਐਤਕੀ ਠਾਕੁਰ ਦੇ ਬਾਲਕੇ ਗਾਲ ਨਹੀਂ ਦਿੱਤੀ, ਅਸੀਸ ਦਿੱਤੀ ਹੈ। ਅਸੀਂ ਜਗਤ ਵਿਚ ਜੜ੍ਹ ਮੇਖ ਕਦ ਚਾਹੁੰਦੇ ਹਾਂ, ਇਥੋਂ ਪੁੱਟੀ ਹੀ ਜਾਵੇ ਤਦ ਚੰਗੀ ਹੈ।" ਦਿਲ ਪਰ ਜੋ ਡਰ ਸੀ ਸੋ ਲੱਥਾ ਤੇ ਮਨ ਕੁਛ ਉੱਚਾ ਹੋ ਆਇਆ। ਇਸਤ੍ਰੀ ਭਰਤਾ ਅੰਦਰ ਬੈਠ ਕੇ ਕੀਰਤਨ ਕਰਦੇ ਰਹੇ। ਸੁਰਤਿਆਂ ਲੋਕਾਂ ਪਾਸ ਮੈਲੀ ਹੋ ਗਈ ਤੇ ਢਹਿ ਪਈ ਚਿਤ ਗਤੀ ਦਾ ਦਾਰੂ ਸਤਿਸੰਗ ਹੈ ਜਾਂ ਕੀਰਤਨ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥
ਬਿਨਸਿ ਜਾਇ ਹਉਮੈ ਬਿਖੁ ਫੈਲੁ॥ (ਸੁਖਮਨੀ)

ਸੰਞ ਵੇਲੇ ਅੰਦਰਲੇ ਬੱਦਲਾਂ ਨੇ ਉਡਾਰੀ ਖਾਧੀ, ਕੁਹੀੜ ਉਠੀ ਤੇ ਧੁੰਦ ਬਿਲਾ ਗਈ। ਮਨ ਨਿਰਮਲ ਹੋਕੇ ਚਮਕਿਆ, ਬ੍ਰਿਤੀ ਦਾ ਪ੍ਰਵਾਹ ਤੇਲ ਦੀ ਧਾਰ ਵਾਂਙ ਇਕ ਰੰਗ ਵਗਿਆ ਤੇ ਸੁਰਤ ਚੜ੍ਹ ਗਈ! ਰਾਤ ਬੜੇ ਆਨੰਦ ਨਾਲ ਸੁੱਤੇ, ਸਵੇਰੇ ਮਗਨ ਉਠੇ, ਨਿਤਨੇਮ ਦੇ ਧਿਆਨ ਵਿਚ ਲੱਗੇ। ਜਦੋਂ ਸੂਰਜ ਚੜੇ ਬਾਹਰ ਆਏ ਤਾਂ -

ਬੁਲਬੁਲ ਹੈ ਬਾਗ ਦੇਖੇ, ਸਾਰਾ ਵਰਾਨ ਹੋਯਾ,
ਜ਼ਾਲਮ ਕਠੋਰ ਹੱਥਾਂ ਖਿੱਚ ਖਿੱਚ ਤਰੋੜ ਖੋਹਯਾ।

ਸ਼ੀਸ਼ੇ ਭੱਜੇ ਪਏ ਹਨ ਤੇ ਮੋਤੀਏ ਦੇ ਫੁਲ ਡਾਲਾਂ ਨਾਲ ਨਹੀਂ ਹਨ। ਪਰਾਲੀ ਦਾ ਕੱਜਣ ਵਲੂੰਧਰਿਆ ਪਿਆ ਹੈ ਤੇ ਗੁਲਾਦਾਊਦੀ ਦੀਆਂ ਟਾਹਣੀਆਂ ਤੋਂ ਫੁੱਲ ਟੁੱਟ ਟੁੱਟ ਕੇ ਲਟਕ ਰਹੇ ਹਨ ਤੇ ਖੱਟੇ ਗੇਂਦੇ ਦੇ ਫੁੱਲਾਂ ਦਾ ਕਿਤੇ ਮੁਸ਼ਕ ਨਹੀਂ।

ਮੋਹਿਨਾ ਤੇ ਸੋਹਿਨਾ ! ਸ਼ਰਮ ਆ ਗਈ, "ਉਸ ਐਮੀ ਜੀ ਨੂੰ ਕੀਹ ਆਖਾਂਗੇ, ਜਿਨ੍ਹਾਂ ਨੇ ਜੀਵਨ ਪਦ ਬਖ਼ਸ਼ਿਆ, ਅਸੀਂ ਉਨ੍ਹਾਂ ਦੇ ਇਕ ਚਾਉ ਲਈ ਇਨ੍ਹਾਂ ਫੁਲਾਂ ਦੀ ਰਾਖੀ ਨਾ ਕਰ ਸਕੇ ? ਹਾ ਨੀਂਦ ਹਤਜਾਰੀ !" ਕਲੇਜੇ ਇਕ ਤੀਰ ਵੱਜਾ। ਜੀਅਦਾਨ ਦਾਤਾ ਐਮੀ ਜੀ ਸਾਹਮਣੇ ਦਿੱਸੇ ਤੇ ਮੁੜ੍ਹਕਾ ਮੁੜ੍ਹਕਾ ਸਰੀਰ ਹੋ ਗਿਆ। ਫੇਰ ਸਹਿਸਾ ਜਿਹਾ ਪਿਆ ਤੇ ਕਲੇਜਾ ਤੜੱਕ ਦੇਕੇ ਹੋਇਆ, ਫੁੱਲ-ਟੁੱਟੀ ਹਰਿਣੀ ਦੀ ਕਿਆਰੀ ਵਿਚ ਧੜ ਕਰਕੇ ਢੱਠੇ। ਅਫੁੱਲ ਬੂਟਿਆਂ ਵਿਚ ਅਣਹੋਸ਼ੀਆਂ ਲੋਥਾਂ ਸਥਾਰ ਹੋ ਪਈਆਂ।

## ੭. (ਮੋਹਿਨਾ ਸੋਹਿਨਾ ਤੇ ਸੂਰਾ ਗੁਰੂ)

ਕਲਗੀਆਂ ਵਾਲੇ ਸਤਿਗੁਰੂ ਦਾ ਦੀਵਾਨ ਲਗ ਰਿਹਾ ਹੈ, ਚਾਰ ਚੁਫੇਰੇ ਦੀ ਸੰਗਤ ਭਰੀ ਪਈ ਹੈ। ਦੂਰ

ਹੈ, ਚਾਰ ਖੁਫੇਰੇ ਦੀ ਸੰਗਤ ਭਰੀ ਪਈ ਹੈ। ਦੂਰ ਦੂਰ ਦੇ ਗੁਣੀ ਗਿਆਨੀ, ਮਤ ਮਤਾਂਤਰਾਂ ਦੇ ਸਾਧੂ ਬੈਠੇ ਹਨ, ਕੀਰਤਨ ਹੋ ਰਿਹਾ ਹੈ, ਜਦੋਂ ਭੋਗ ਪਿਆ ਤਾਂ ਭੇਟਾ ਪੇਸ਼ ਹੋਈਆਂ। ਇਹਨਾਂ ਵਿਚੋਂ ਇਕ ਅਨੋਖੀ ਨੁਹਾਰ ਦੇ ਫਕੀਰ ਨੇ ਇਕ ਸੁਹਣੇ ਸੁਹਣੇ ਲਹਿਲਹਾਂਦੇ ਫੁਲਾਂ ਨਾਲ ਭਰੀ ਸੁੰਦਰ ਪਟਾਰੀ ਸਤਿਗੁਰੂ ਜੀ ਦੇ ਅੱਗੇ ਤਖ਼ਤ ਪਰ ਲਿਜਾ ਧਰੀ। ਅੱਗੇ ਤਾਂ ਸਿਰੋਂ ਨੰਗਾ ਰਹਿੰਦਾ ਸੀ; ਪਰ ਅੱਜ ਸਿਰ ਤੇ ਲੰਮੀਂ ਟੋਪੀ ਧਰੀ ਸੀ। ਸਤਿਗੁਰ ਨੇ ਪੁੱਛਿਆ:--

ਫਕੀਰ ਸਾਈ ! ਤੂੰ ਕੌਣ ?

ਫਕੀਰ--ਜੀ ਮੈਂ ਰੋਡਾ ਜਲਾਲੀ।

ਗੁਰੂ ਜੀ--ਰੋਡਾ ਪਲਾਲੀ ?

ਫਕੀਰ--ਨਾ ਸੱਚੇ ਪਾਤਸ਼ਾਹ ! ਰੋਡਾ ਜਲਾਲੀ !

ਗੁਰੂ ਜੀ--ਜਲਾਲੀ ? ਜੇ ਜਲਾਲੀ ਤਾਂ ਸਾਡੇ ਲਈ ਕੋਈ ਨਿੱਗਰ ਸ਼ੈ ਕਿਉਂ ਨਹੀਂ ਲਿਆਇਆ ?

ਫਕੀਰ--ਭੱਜੇ ਘੜੇ ਨੀਰ ਨਹੀਂ ਟਿਕਦਾ,
ਨੰਗਾਂ ਪਾਸ ਨ ਟਿਕਦਾ ਮਾਲ।
ਮਾਲ ਬਿਨਾਂ ਕੀ ਨੰਗ ਲਿਆਵਨ,
ਖਾਲੀ ਹੱਥ ਸਦਾ ਕੰਗਾਲ।

ਗੁਰੂ ਜੀ--ਫੇਰ ਖਾਲੀ ਹੱਥ ਹੀ ਆ ਜਾਣਾ ਸੀ, ਫਕੀਰਾਂ ਦੇ ਸੱਖਣੇ ਹੱਥ ਸੁਹਣੇ ਲੱਗਦੇ ਹਨ।

ਫਕੀਰ--ਮਹਾਂ ਪੁਰਖਾਂ ਕੋਲ ਖਾਲੀ ਹੱਥ ਜਾਣਾ ਮਰਿਯਾਦਾ ਵਿਰੁੱਧ ਹੈ।

ਗੁਰੂ ਜੀ--ਨੰਗ ਕੀਹ ਤੇ ਮਰਿਯਾਦਾ ਕੀਹ ?

ਫਕੀਰ--ਫਕੀਰਾਂ ਦੇ ਰੰਗ।

ਗੁਰੂ ਜੀ--ਰੰਗ ਨਹੀਂ ਢੰਗ।

ਇਹ ਕਹਿੰਦੇ ਹੀ ਕੌਤਕੀ ਸਤਿਗੁਰੂ ਨੇ ਇਕ ਸਿਖ[1] ਨੂੰ ਸੈਨਤ ਕੀਤੀ, ਓਹ ਰੋਡੇ ਦੇ ਲਾਗੇ ਬੈਠੇ ਸੇ, ਮਾਲਕ ਦੀ ਸੈਨਤ ਤੱਕ ਕੇ ਉਨ੍ਹਾਂ ਨੇ ਰੋਡੇ ਦੀ ਟੋਪੀ ਨੂੰ ਹੱਥ ਮਾਰਿਆ, ਟੋਪੀ ਹੇਠਾਂ ਆ ਪਈ ਤੇ ਨਾਲ ਹੀ ਛਣਨ ਛਣਨ ਕਰਦੀਆਂ ਪੰਜ ਸਤ[2] ਮੋਹਰਾਂ ਢਹਿ ਪਈਆਂ। ਹੁਣ ਸਾਰੀ ਸੰਗਤ ਹੱਸ ਪਈ, ਅਰ ਰੋਡੇ ਜਲਾਲੀ ਦਾ ਚਿਹਰਾ ਪਿੱਲਾ ਹੋ ਗਿਆ।

ਗੁਰੂ ਜੀ--ਰੋਡਾ ਜਲਾਲੀ! ਜਲਾਲੀ ਦਾ ਰੋਡਾ ਕਿ ਜਲਾਲ ਵਾਲਾ ਰੋਡਾ ? ਰੱਬ ਦੇ ਜਲਾਲ ਵਾਲਾ ਕਿ ਸੋਨੇ ਦੇ ਜਲਾਲ ਵਾਲਾ ਰੋਡਾ ? ਬਈ ਏਹ ਲਹਿਲਹਾਉਂਦੇ ਫੁਲ ਆਪਣੀਆਂ ਡਾਲਾਂ ਤੋਂ ਕਿਉਂ ਤ੍ਰੋੜੇ ?

ਰੋਡਾ--ਚੁਪ।

ਗੁਰੂ ਜੀ--ਦਿਲਾਂ ਨਾਲ ਪੈਵੰਦ ਹੋਏ ਫੁਲ ਕਿਸ ਤੋਂ ਪੁੱਛਕੇ ਤੋੜੇ ?

ਰੋਡਾ--ਸਿਰ ਨੀਵਾਂ ਚੁੱਪ।

ਗੁਰੂ ਜੀ--ਉੱਫ ! ਫੁਲਾਂ ਵਿਚ ਖੁਸ਼ਬੋ ਨਹੀਂ ਸਹਿਮ ਦੀ ਧੁੰਕਾਰ ਹੈ, ਫੁਲਾਂ ਵਿਚ ਸੁੰਦਰਤਾ ਨਹੀਂ ਗ਼ਮ ਦੀ ਆਵਾਜ਼ ਹੈ। ਬੇਜਾਨ ਫਰਿਆਦ ਕਰਦੇ ਹਨ। ...ਕੀਹ ਫਰਿਆਦ ਕਰਦੇ ਹੋ ਬਈ ?

ਇਹ ਕਹਿੰਦਿਆਂ ਨੈਣ ਮੁੰਦ ਗਏ, ਅੱਧੀ ਘੜੀ ਮਗਰੋਂ ਖੁੱਲ੍ਹੇ, ਸਦਾ ਖਿੜੇ ਮੱਥੇ ਤੇ ਨਿੱਕੀ ਨਿੱਕੀ ਤੀਉੜੀ ਸੀ, ਬੁਲ੍ਹ ਘੁਟੀਜ ਰਹੇ ਸੇ, ਨੈਣ ਖਦਲ ਰਹੇ ਸੇ, ਦੋ ਮੋਤੀ ਕਿਰੇ ਤੇ ਆਵਾਜ਼ ਆਈ :

ਰੋਡਿਆ ! ਫੁਲ ਨਹੀਂ ਤ੍ਰੁੱਟੇ, ਦੋ ਦਿਲ ਤ੍ਰੁੱਟ ਗਏ। ਦਿਲ ਨਹੀਂ ਤ੍ਰੁੱਟੇ, ਦੋ ਜੀਉਂਦੀਆਂ ਰੂਹਾਂ ਤ੍ਰੁੱਟ ਗਈਆਂ, ਰੂਹਾਂ ਨਹੀਂ ਤ੍ਰੁੱਟੀਆਂ, ਵਾਹਿਗੁਰੂ ਦੀ ਗੋਦ ਵਿਚੋਂ ਦੋ ਲਾਲ ਤ੍ਰੋੜੇ ਨੀ। ਲਾਡਾਂ ਵਾਲਾ ਪਿਤਾ ਢੱਠੇ ਲਾਲਾਂ ਵੱਲ ਵੈਰਾਗ ਨਾਲ ਤੱਕ ਰਿਹਾ ਹੈ। ਰੋਡੇ ! ਤੂੰ ਜਗਤਾਧਾਰ ਦੇ ਭਗਤੀ ਰਸ ਵਿਚ ਹੱਥ ਪਾਇਆ ਹੈ। ਤੂੰ ਬ੍ਰਿਛ ਨਾਲ ਲਗੀ ਡਾਲੀ ਨੂੰ ਵਲੂੰਧਰਿਆ ਤੇ ਝਰਨਾਟ ਸਾਰੇ ਬ੍ਰਿਛ ਨੂੰ ਪਹਿੰਚੀ ਹੈ। ਹਾਂ ਹਾਂ ਗੋਦੀਓਂ ਢੱਠੇ ਲਾਲਾਂ ਵਲ ਮਾਂ ਕਿਵ ਤੱਕਦੀ ਹੈ ?

ਐਉਂ ਦੇ ਕੁਛ ਵਾਕ ਕਹਿੰਦੇ ਗਏ, ਨੈਣਾ ਵਿਚ ਮੋਤੀ ਭਰਦੇ ਗਏ, ਦਾਸਾਂ ਦੇ ਪ੍ਰੇਮੀ, ਦਾਸਾਂ ਨੂੰ ਆਪਣਾ 'ਜੀਵਨ' ਆਖਣ ਵਾਲੇ ਬਿਹਬਲ ਹੁੰਦੇ ਗਏ। ਪ੍ਰੇਮ ਦਾ ਵੇਗ ਕਾਂਗਾਂ ਬੰਨ੍ਹੀ ਉਮੰਡ ਆਇਆ। ਉਠੇ, ਤੁਰੇ ਤੇ ਹੁਣ ਭੱਜੇ ਜਾ ਰਹੇ ਹਨ, 'ਮੇਰੇ ਲਾਲ, ਮੇਰੇ ਲਾਲ ਆਖਦੇ ਹਨ, ਅਰ ਸਭ ਮਰਿਆਦਾ ਦੇ ਹੱਦ ਬੰਨੇ ਤੇ ਵਡਿਆਈਆਂ ਨੂੰ ਟੱਪਦੇ ਭੱਜੀ ਜਾਂਦੇ ਹਨ। ਸੰਗਤ ਵੈਰਾਗੀ ਹੋਈ ਮਗਰ ਮਗਰ ਜਾ ਰਹੀ ਹੈ। ਨਿਜ ਹਿਰਦੇ ਦੇ ਮਹਰਮ ਇਕ ਸਿੰਘ ਜੀ ਫੁਲਾਂ ਦੀ ਪਟਾਰੀ ਨੂੰ ਕਿਸੇ ਭੇਤ ਤੇ ਹਿਤ ਨਾਲ ਬੱਧਾ ਜਾਣਕੇ ਹੱਥਾਂ ਵਿਚ ਲਈ ਮਗਰੇ ਜਾ ਰਹੇ ਹਨ। ਔਹ ਦੇਖੋ ਦਾਸਾਂ ਦੇ ਅੰਗ-ਪਾਲ, ਜੋ ਸੱਚ ਖੰਡ ਤੋਂ ਤਾਰਨ ਹਿਤ ਮਾਤ ਲੋਕ ਵਿਚ ਆਏ, ਆਨੰਦ ਪੁਰ ਦੇ ਆਨੰਦ ਦਰਬਾਰ ਵਿਚੋਂ

1. ਤ੍ਵਾ: ਖਾ: ਵਿਚ ਭਾਈ ਮਨੀ ਸਿੰਘ ਲਿਖਿਆ ਹੈ।
2. ਪੰਜ ਮੋਹਰਾਂ ਤੇ ਦੋ ਰੁਪਏ ਵਿਚੋਂ ਨਿਕਲ ਪਏ। (ਤ੍ਵਾ: ਖਾ:)

ਵੜੇ। ਕੋਈ ਅਗੀਮ ਦੀ ਸੇਧ, ਕੋਈ ਨਾ ਦਿੱਸਣ ਵਾਲੀ ਖਿੱਚ, ਕੋਈ ਅਰੂਪ ਧੂਹ ਕਿਸੇ ਇਕ ਟਿਕਾਣੇ ਵਲ ਲੈ ਜਾ ਰਹੀ ਹੈ। ਬਾਗ਼ ਦੇ ਛੇਕੜਲੇ ਖੂੰਜੇ ਔਪੜੇ। ਠੀਕ ਹੈ, ਜਗਤ ਰੱਖਜਕ ਸਤਿਗੁਰੂ, ਹੇ ਤ੍ਰਾਣ ਕਰਤਾ ਪ੍ਰੀਤਮ ਜੀ ! ਠੀਕ ਹੈ, ਇਥੇ ਦੋ ਲੋਥਾਂ ਵਲੂੰਧਰੇ ਚਮਨ ਵਿਚ ਸਿਸਕਦੀਆਂ ਪਈਆਂ ਹਨ। ਮਾਤਾ ਜੀਤੋ ਜੀ ਹੁਣੇ ਹੀ ਉਸ ਵਿਰਾਨੀ ਵਿਚ ਪਹੁੰਚੇ ਸਨ, ਉਸ ਵਿਰਾਨੀ ਵਿਚ ਵਾਹਿਗੁਰੂ ਦੇ ਬਾਗ਼ ਲਈ ਤਿਆਰ ਕੀਤੀ ਆਪਣੀ ਵਾੜੀ ਨੂੰ ਵਿਰਾਨਿਆਂ ਪਿਆ ਤੱਕ ਰਹੇ ਸਨ ਕਿ ਮਾਵਾਂ ਤੋਂ ਵਧੀਕ ਉਤਾਵਲੇ ਮੋਹ ਵਾਲੇ ਦਾਤੇ ਗੁਰੂ ਜੀ ਬੀ ਔਪੜੇ। 'ਮੇਰੇ ਲਾਲ, ਮੇਰੇ ਲਾਲ !' ਕਹਿੰਦਿਆਂ ਨੇ ਦੋਵੇਂ ਸੀਸ ਗੋਦ ਵਿਚ ਲੈ ਲਏ, ਸਿਰ ਤੇ ਹੱਥ ਫੇਰਦੇ ਹਨ, ਅੱਖਾਂ ਪੂੰਝਦੇ ਹਨ, ਮੱਥਾ ਠਕੋਰਦੇ ਹਨ ਤੇ ਆਖਦੇ ਹਨ—'ਨਿਹਾਲ ! ਮੇਰੇ ਲਾਲੋ ਨਿਹਾਲ।'

ਕੈਸਾ ਅਦਭੁਤ ਦਰਸ਼ਨ ਹੈ, ਜਿਸ ਦੇ ਦਰਸ਼ਨਾਂ ਦੀ ਸਿੱਕ ਨੇ ਜਨਮਾਂ ਦੀਆਂ ਤ੍ਰੀਕਾਂ ਪਾ ਰਖੀਆਂ ਸਨ, ਸ਼ੁਕ੍ਰ ਤੇ ਆਗਯਾ ਸਿਰ ਧਰ ਲੈਣ ਨੇ ਕੀ ਰੰਗ ਜਮਾਇਆ ਹੈ? ਜਿਸਦੇ ਦਰਸ਼ਨਾਂ ਦੀ ਪ੍ਰਾਪਤੀ ਸਾਧੂ ਜਨ ਦੇ ਸ੍ਰਾਪ ਨੇ ਬੰਦ ਕਰ ਦਿੱਤੀ ਸੀ, ਓਹ ਦੀਨ ਦਿਆਲ ਆਪ ਤ੍ਰੁਠ ਕੇ ਪਿਆ ਦਰਸ਼ਨ ਦੇਂਦਾ ਹੈ। ਮੋਹਿਨਾ ਤੇ ਸੋਹਿਨਾ! ਜਾਗੋ ਪਿਆਰਿਓ ਹੋਸ਼ ਕਰੋ ਜ਼ਰਾ ਨੈਣ ਉਘੇੜੋ, ਜਿਨ੍ਹਾਂ ਦਰਸ਼ਨਾਂ ਨੂੰ ਤੁਸੀਂ ਤਰਸਦੇ ਸਾਓ, ਅੱਜ ਆਪ ਖ਼ਰੀਦਾਰ ਹੋਕੇ ਤੁਹਾਡੇ ਦਰਸ਼ਨ ਮੁੱਲ ਲੈਣ ਆਏ ਹਨ, ਗੁਰੂ ਕੇ ਲਾਲੋ ! ਦੇਖੋ ਤਾਂ ਸਹੀ। "**ਦਰਸ਼ਨ ਨਹੀਂ ਜੋ ਦੇਣ ਲੱਗਾ**" ਵਿਚੋਂ "**ਨਹੀਂ**" ਉਡ ਗਈ ਜੇ; ਪਰ ਕੌਣ ਉੱਠੇ? ਵਾਹ ਸਾਂਈਂ ਦੇ ਰੰਗ! ਜੇ ਦਰਸ਼ਨ ਆਏ ਹਨ ਤਾਂ ਦਰਸ਼ਨਾਂ ਵਾਲੇ ਹਾਜ਼ਰ ਨਹੀਂ ਹਨ। ਪ੍ਰੇਮਾ ਭਗਤੀ ਦੇ ਚੋਜ ਅਨੂਠੇ ਹਨ।

ਮਾਤਾ ਜੀ ਨੇ ਮੋਹਿਨਾਂ ਦੇ ਹੱਥ ਫੜ ਰਖੇ ਹਨ ਤੇ ਘੁੱਟਦੇ ਹਨ ਤੇ ਆਖਦੇ ਹਨ, "ਮੇਰੇ ਬੱਚਿਓ ! ਅੱਖਾਂ ਖੋਲ੍ਹੋ, ਦਰਸ਼ਨ ਦੇਖੋ।"

ਵਿਚਕਾਰ ਇਹ ਇਲਾਹੀ ਦਰਸ਼ਨ ਹੈ, ਦੁਆਲੇ ਸਾਰੀ ਸਾਧ ਸੰਗਤ ਦੀ ਭੀੜ ਹੈ। ਆਪਣੇ ਤੇਜਾਂ ਵਾਲੇ ਮਾਲਕ ਦੇ ਪ੍ਰੇਮ ਰੰਗ ਨੂੰ ਸਾਰੇ ਤੱਕ ਰਹੇ ਹਨ। ਮਾਲੀ ਕੇਸਰਾ ਸਿੰਘ ਪਾਣੀ ਲੈ ਕੇ ਪਹੁੰਚ ਪਿਆ ਹੈ। ਸਤਿਗੁਰ ਦੇ ਪਵਿੱਤ੍ਰ ਹੱਥਾਂ ਨੇ ਆਪ ਉਨ੍ਹਾਂ ਦੇ ਮੂੰਹ ਵਿਚ ਜਲ ਚੋਇਆ, ਛੱਟੇ ਮਾਰੇ ਪਿਆਰ ਦੇ ਦੇ ਕੇ ਆਖਿਆ: 'ਮੇਰੇ ਨਿਹਾਲੋ ! ਅੱਖਾਂ ਖੋਲ੍ਹੋ'।

ਹੁਣ ਮਲਕੜੇ ਜਿਹੇ ਨੈਣ ਖੁਲ੍ਹੇ ਦਰਸ਼ਨ, ਇਲਾਹੀ ਦਰਸ਼ਨ ਅੱਖਾਂ ਵਿਚ ਪਿਆ, ਪਰ ਕਿਸ ਵੇਲੇ ? ਜਦ ਨੈਣ ਨਿਤਾਣੇ ਹੋ ਚੁੱਕੇ ਹਨ, ਸਰੀਰ ਵਿਚ ਉਠਣ ਦੀ ਆਸੰਙ ਨਹੀਂ ! ਦਰਸ਼ਨਾਂ ਦੀ ਝਾਲ ਨੈਣ ਨਾ ਝੱਲ ਸਕੇ, ਫੇਰ ਮੁੰਦ ਗਏ, ਪਰ ਆਪਣੇ ਨਾਲ ਇਕ ਖੁਸ਼ੀ ਦੀ ਝਰਨਾਟ ਅੰਦਰ ਲੈ ਗਏ, ਪਲ ਮਗਰੋਂ ਫੇਰ ਖੁਲ੍ਹੇ ਫੇਰ ਮਿਟੇ। ਇਸ ਤਰ੍ਹਾਂ ਕਿੰਨਾਂ ਚਿਰ ਖੁਲ੍ਹਦੇ ਤੇ ਮਿਟਦੇ ਰਹੇ। ਹੋਸ਼ ਪਰਤਦੀ ਆਈ, ਤਾਕਤ ਫਿਰਦੀ ਆਈ, ਸੁਰਤ ਮੁਹਾੜਾਂ ਮੋੜਦੀ ਆਈ, ਤਦ ਮਾਤਾ ਜੀ ਨੇ ਕਿਹਾ: "ਬੱਚਿਅਓ ! ਠਾਕੁਰ ਜੀ ਦੇ ਦਰਸ਼ਨ ਆ ਗਏ"। ਇਹ ਖੁਸ਼ੀ ਹੁਣ ਸਮਝ ਵਿਚ ਪਈ ਪਰ ਮਨ ਨਿਰਬਲ ਐਡੀ ਖੁਸ਼ੀ ਦੇ ਭਾਰ ਲਈ ਤਿਆਰ ਨਹੀਂ ਸੀ, ਇਕ ਦਮ ਖੁਸ਼ੀ ਦਾ ਧੱਕਾ ਵੱਜਾ ਅਰ ਫੇਰ ਨਿਢਾਲਤਾ ਜੇਹੀ ਹੋ ਗਈ। ਹੁਣ ਕਲਗੀਆਂ ਵਾਲੇ ਸਤਿਗੁਰੂ ਜੀ ਨੇ ਉਨ੍ਹਾਂਦੇ ਚਿਤ ਨੂੰ ਆਪਣੇ ਆਤਮ ਬਲ ਨਾਲ ਸਹਾਰਾ ਦੇ ਕੇ ਚੁੱਕਿਆ ਤਾਂ ਹੋਸ਼ ਪਰਤੀ, ਮਲਕੜੇ ਜਿਹੇ ਉਠੇ ਤੇ ਮੂਧੇ ਹੋਕੇ ਸੀਸ ਬੰਦਨਾਂ ਵਿਚ ਢੱਠੇ। ਪਰ ਸਤਿਗੁਰੂ ਜੀ ਨੇ ਦੋਵੇਂ ਸੀਸ ਗੋਦ ਵਿਚ ਫੇਰ ਲੈ ਕੇ ਸੀਸ ਤੇ ਪਿਆਰ ਦਿੱਤਾ। ਜਿਉਂ ਜਿਉਂ ਪਿਤਾ ਨੇ ਆਪਣੇ ਬੱਚਿਆਂ ਦੀ ਕੰਡ ਤੇ ਹੱਥ ਫੇਰਿਆ ਸੁਰਤ ਫਿਰੀ ਤੇ ਉੱਠ ਕੇ ਬੈਠ ਗਏ। ਅੰਮੀ ਜੀ ਨੇ ਪਿਆਰ ਨਾਲ ਕਿਹਾ:—ਬੱਚਿਓ ! ਸਫਲ ਸਫਲ, ਯਾਤ੍ਰਾ ਸਫਲ।

ਪ੍ਰੇਮ ਦੇ ਸਿਕਦੇ ਨੇਤ੍ਰ ਰੱਜਦੇ ਨਹੀਂ, ਪਰਾਲੀ ਤੇ ਬੈਠੇ ਪ੍ਰੀਤਮ ਨੂੰ ਤੱਕਦੇ ਅੰਮ੍ਰਿਤ ਛਕਦੇ, ਫੇਰ ਛਕ ਛਕ ਕੇ ਝੁਕਦੇ ਮਿਟਦੇ ਹਨ, ਸੀਸ ਨਾਲ ਨੀਉਂਦਾ ਹੈ, ਇਸ ਤਰ੍ਹਾਂ ਭਗਤੀ ਰਸ ਦਾ ਇਹ ਗੁਰੂ ਸਮੁੰਦਰ ਤੇ ਨਦੀ ਸਿੱਖੀ ਦਾ ਸੰਗਮ-ਦਰਸ਼ਨ ਕੁਛ ਚਿਰ ਬਣਿਆ ਰਿਹਾ। ਜਿਸ ਜਿਸ ਦਰਸ਼ਨ ਪਾਏ, ਜੀ ਉਠਿਆ।

ਹੁਣ ਮੋਹਿਨਾ ਸੋਹਿਨਾ ਨੂੰ ਸਮਝ ਪਈ ਕਿ ਸਤਿਗੁਰ ਭੁੰਞੇ ਬੈਠੇ ਹਨ ਤੇ ਬਿਅਦਬੀ ਹੋ ਰਹੀ ਹੈ। ਸਜਲ ਨੇਤ੍ਰ ਹੋ ਕੇ ਕਿਹਾ: "ਠਾਕੁਰ ਜੀ ! ਬੜੀ ਬਿਅਦਈ ਹੋ ਰਹੀ ਹੈ ਮਿਹਰ ਕਰੋ"। ਹੁਣ ਸਤਿਗੁਰੂ ਜੀ ਦੋਹਾਂ ਨੂੰ ਨਾਲ ਲੈਕੇ ਕੱਚੀ ਕੁੱਲੀ ਦੇ ਅੰਦਰ ਜਾ ਬਿਰਾਜੇ। ਜੀਤੋ ਜੀ ਨਾਲ ਗਏ। ਬਾਕੀ ਸੰਗਤ ਬਾਹਰ ਦੀਵਾਨ ਲਾਕੇ ਬੈਠ ਗਈ। ਘਰ ਆਏ ਠਾਕੁਰ ਦਾ ਕੀ ਆਦਰ

ਕਰਨ ਉਹ ਕੀਰਤਨ ਜਿਸ ਦੀ ਠਾਕੁਰ ਨੂੰ ਸਦਾ ਲੋੜ ਹੈ, ਸਰੋਦਾ ਲੈਕੇ ਦੋਵੇਂ ਬੈਠ ਗਏ ਤੇ ਗਾਂਵਿਆਂ-

ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ ਰਾਖਨ ਜੋਗੁ॥ ਤੁਧੁ ਜੇਵਡੁ ਮੈ ਅਵਰੁ ਨ ਸੂਝੈ ਨਾ ਕੋ ਹੋਆ ਨ ਹੋਗੁ॥੧॥ ਹਰਿ ਜੀਉ ਸਦਾ ਤੇਰੀ ਸਰਣਾਈ॥ ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ ਏਹ ਤੇਰੀ ਵਡਿਆਈ॥੧॥ ਰਹਾਉ॥ ਜੋ ਤੇਰੀ ਸਰਣਾਈ ਹਰਿ ਜੀਉ ਤਿਨ ਕੀ ਕਰਹਿ ਪ੍ਰਤਿਪਾਲ॥ ਆਪ ਕ੍ਰਿਪਾ ਕਰਿ ਰਾਖਹੁ ਹਰਿ ਜੀਉ ਪੋਹਿ ਨ ਸਕੈ ਜਮਕਾਲੁ॥੨॥ ਤੇਰੀ ਸਰਣਾਈ ਸਚੀ ਹਰਿ ਜੀਉ ਨ ਓਹ ਘਟੈ ਨ ਜਾਇ॥ ਜੋ ਹਰਿ ਛੋਡਿ ਦੂਜੈ ਭਾਇ ਲਾਗੈ ਓਹੁ ਜੰਮੈ ਤੈ ਮਰਿ ਜਾਇ॥੩॥ ਜੋ ਤੇਰੀ ਸਰਣਾਈ ਹਰਿ ਜਉ ਤਿਨਾ ਦੂਖ ਭੂਖ ਕਿਛੁ ਨਾਹਿ॥ ਨਾਨਕ ਨਾਮੁ ਸਲਾਹਿ ਸਦਾ ਤੂ ਸਚੈ ਸਬਦਿ ਸਮਾਹਿ॥੪॥੪॥ (ਪ੍ਰਭਾਤੀ ਮਹਲਾ ੩)

### ੮.(ਮੋਹਿਨਾ ਤੇ ਗੁਰਪੁਰਬ)

**ਇਹ** ਹਾਲ ਸੰਮਤ ੧੭੫੦-੫੧ ਬਿ: ਦੇ ਲਗਪਗ ਦੇ ਹਨ। ਅਜੇ ਐਮ੍ਰਿਤ ਸ਼ੁਰੂ ਨਹੀਂ ਸੀ ਹੋਇਆ, ਪਰ ਹੋਰ ਠਾਠ ਤੇ ਸਮਾਜ ਸਾਰੀ ਸ੍ਰਿਸ਼ਟੀ ਉਧਾਰ ਦਾ ਪੂਰੇ ਜੋਬਨਾਂ ਵਿਚ ਲਹਿਰਾ ਰਿਹਾ ਸੀ ਤੇ ਦੇਸ਼ ਰੱਖਿਆ ਦਾ ਸਾਮਾਨ ਸਾਰਾ ਬੱਝਦਾ ਜਾਂਦਾ ਸੀ।

ਉਹ ਫੁਲਾਂ ਦੀ ਪਟਾਰੀ ਮਾਤਾ ਜੀ ਨੇ ਉਹਨਾਂ ਪ੍ਰੇਮੀਆਂ ਦੇ ਹਵਾਲੇ ਕੀਤੀ ਕਿ ਜਿਸ ਨੀਯਤ ਤੇ ਤਿਆਰ ਹੋਏ ਹਨ, ਕੱਲ ਉਸੇ ਵਰਤਣ ਵਿਚ ਆਉਣ। ਸੋ ਦੋਹਾਂ ਨੇ ਠੀਕ ਵਕਤ ਉਤੇ ਫੁਲਾਂ ਨੂੰ ਸਵਾਰ ਬਨਾ, ਕਈ ਭਾਂਤ ਦੇ ਸਿਹਰੇ ਮਾਲਾ ਬਣਾ, ਮਾਤਾ ਜੀ ਨੂੰ ਦਿੱਤੇ ਤੇ ਉਨ੍ਹਾਂ ਨੇ ਕੁਛ ਆਪ ਤੇ ਕੁਛ ਉਹਨਾਂ ਦੀ ਹੱਥੀਂ ਸਤਿਗੁਰ ਜੀ ਦੀ ਭੇਟ ਕੀਤੇ ਤੇ ਕਰਵਾਏ। ਇਸ ਵੇਲੇ ਸਤਿਗੁਰੂ ਜੀ ਨੇ ਭਰੇ ਦੀਵਾਨ ਵਿਚ ਮੋਹਿਨਾ ਸੋਹਿਨਾ ਨੂੰ ਵਡਿਆਇਆ।

ਫੇਰ ਹੋਰ ਕ੍ਰਿਪਾਲ ਹੋ ਕੇ ਕਿਹਾ ਕਿ "ਹੇ ਲਾਲ! ਮੈਂ ਇਤਨਾ ਪ੍ਰਸੰਨ ਹਾਂ ਜੋ ਮੰਗੋ ਸੋ ਦਿਆਂ।" ਤਾਂ ਸੋਹਿਨਾ ਜੀ ਨੇ ਬਿਨੈ ਕੀਤੀ ਕਿ "ਰੋਡੇ ਨੂੰ ਸਿਖਾਂ ਨੇ ਡੱਕ ਛੱਡਿਆ ਹੈ, ਬਖਸ਼ਿਸ਼ ਹੋ ਜਾਵੇ। ਹੇ ਦਾਤਾ ਜੀ! ਅਸੀਂ ਜੀਵ ਭੁੱਲ ਦੇ ਸਰੀਰ ਹਾਂ, ਸਾਡੇ ਔਗੁਣਾਂ ਲਈ ਇਕ ਤੇਰੀ ਬਖਸ਼ਿਸ਼ ਤੇ ਇਕ ਤੇਰਾ ਬਖਸ਼ਿਆ ਸਿਮਰਨ, ਦੋ ਹੀ ਦਾਰੂ ਹਨ। ਰੋਡੇ ਨੂੰ ਬੀ ਤਾਰੋ।"

ਇਹ ਕੋਮਲਤਾ ਤੇ ਖਿਮਾਂ ਦੇਖ ਕੇ ਸਤਿਗੁਰੂ ਜੀ ਨੇ ਰੋਡੇ ਨੂੰ ਬੁਲਾ ਕੇ ਅਸ਼ੀਰਵਾਦ ਦਿੱਤੀ ਤੇ ਪਿੱਠ ਤੇ ਹੱਥ ਫੇਰ ਕੇ ਕਿਹਾ: 'ਤੂੰ ਫਕੀਰ ਹੈਂ ਜੋ ਕਸਰ ਸੀ ਹੁਣ ਨਿਕਲ ਗਈ, ਤਕੜਾ ਹੋ। ਹਾਂ, ਜੁੜ ਹੁਸਨਾਂ ਦੇ ਸਰਵਰ--ਵਾਹਿਗੁਰੂ--ਨਾਲ, ਹੁਣ ਤੂੰ ਜਲਾਲੀ ਦਾ ਨਹੀਂ ਪਰ ਜਲਾਲ ਵਾਲਾ ਰੋਡਾ ਹੋ ਗਿਆ। ਜਲਾਲ ਜ਼ੁਲ ਜਲਾਲ[1] ਨਾਲ ਜੁੜ ਜਾਹ!' ਤਦ ਤੋਂ ਮਗਰੋਂ ਰੋਡਾ ਸੱਚੀਂ ਮੁਚੀਂ ਜਲਾਲ ਵਾਲਾ ਹੋ ਗਿਆ ਅਰ ਸੱਚੇ ਸਾਂਈਂ ਦੇ ਸਿਮਰਨ ਵਿਚ ਸਾਂਈਂ ਨਾਲ ਪੇਵੰਦ ਹੋ ਗਿਆ।

ਸੰਗਤ ਵਿਚ ਜਦ ਇਨ੍ਹਾਂ ਦਾ ਅਸਲੀ ਪਤਾ ਲੱਗਾ ਕਿ ਕਿਸ ਗੁਣ ਵਿਦਿਆ ਤੇ ਹੈਸੀਅਤ ਦੇ ਆਦਮੀ ਸਨ, ਕਿਸ ਤਰ੍ਹਾਂ ਘਾਲ ਤੇ ਸੇਵਾ ਕੀਤੀ ਹੈ, ਕੀਕੂੰ ਕੇਸਰਾ ਸਿੰਘ ਦੇ ਔਗੇ ਕਾਮੇ ਹੋ ਕੇ ਵਗੇ ਹਨ, ਤਦ ਹੋਰ ਬੀ ਪਿਆਰ ਵਧਿਆ; ਪਰ ਇਨ੍ਹਾਂ ਦੇ ਸ਼ੁਧ ਆਤਮਾਂ ਨੇ ਸੱਚੀ ਗ਼ੀਬੀ ਵਿਚ ਹੀ ਪ੍ਰੇਮੀ ਜੀਵਨ ਬਿਤਾਇਆ[2]।

(ਸੂਚਾ—ਇਸ ਸਮੇਂ ਦੇ 'ਆਤਮ-ਆਰੂੜ੍ਹ 'ਧਿਆਨ ਸਿੱਧ' ਗੁਰ ਸਿਖਾਂ ਦੇ ਦਰਸ਼ਨਾਂ ਲਈ ਅਗਲਾ ਪ੍ਰਸੰਗ ਕੁਛ ਵੰਨਗੀ ਮਾਤ੍ਰ ਹੈ:-

## ੨੧. ਬੀਬੀ ਰੰਗ ਕੌਰ[3]।

ਸਤਸੰਗਣਾਂ—"ਅਸੀਂ ਚੱਲੀਆਂ ਹਾਂ ਗੁਰੂ ਦਰਸ਼ਨਾਂ ਨੂੰ, ਤੂੰ ਬੀ ਰੰਗ ਕੌਰੇ ! ਨਾਲ ਚੱਲ ਪਜਾਰੀ !
"ਅੜੀਏ ! ਉਂਵ ਤਾਂ ਬਹੁਤ ਤੂੰ ਬਹੁਤ ਚੰਗੀ ਤੇਰੇ ਸਿਦਕ ਦੀ ਖਿੜੀ ਹੈ ਖ਼ੂਬ ਕਜਾਰੀ,

1. ਜਲਾਲ ਦਾ ਮਾਲਕ-ਵਾਹਿਗੁਰੂ। 2. ਸੋਹਿਨਾ ਜੀ ਮਹਾਰਾਜ ਦੇ ਵਿਦਵਾਨਾਂ ਵਿਚ ਸ਼ਾਮਲ ਕੀਤੇ ਗਏ। ਸੋਹਿਨਾਂ ਜੀ ਫੇਰ ਐਮ੍ਰਿਤ ਜਾਰੀ ਹੋਣ ਵੇਲੇ ਮਗਰੋਂ ਸੋਹਣ ਸਿੰਘ ਜੀ ਕਰਕੇ ਪੰਥ ਵਿਚ ਪ੍ਰਸਿੱਧ ਹੋਏ ਤੇ ਉਪਦੇਸ਼ ਕਰਨ ਵਿਚ ਸੇਵਾ ਕਰਦੇ ਰਹੇ, ਮੋਹਿਨਾਂ ਜੀ ਤੋਂ ਇਸਤ੍ਰੀ ਜਾਤੀ ਵਿਚ, ਜਿਕੂੰ ਮਾਤਾ ਜੀ ਤੋਂ ਸੁਗੰਧੀ ਮਿਲੀ ਸੀ, ਪਰਮੇਸ਼ਰ ਦੇ ਪਿਆਰ ਤੇ ਨਾਮ ਦੀ ਸੁਗੰਧੀ ਫੈਲਦੀ ਰਹੀ। 3. ਇਹ ਕਵਿਤਾ ਸੰ: ਗੁ: ਨਾ: ਸ: ੪੩੯ (੧੯੦੮ ਈ:) ਦੇ ਗੁ: ਸਪਤਮੀ ਪਰ ਖਾ: ਸਮਾ: ਵਿਚ ਪ੍ਰਕਾਸ਼ੀ ਸੀ।

"ਤੇਰੇ ਸੰਗ ਨੇ ਕਈ ਸਤਿਸੰਗ ਲਾਏ, ਵਿਗੜੀ ਕਈਆਂ ਦੀ ਜਿੰਦ ਤੂੰ ਆਪ ਸੁਆਰੀ,
"ਐਪਰ ਘੱਟ ਹੀ ਗਈਓਂ ਗੁਰਧਾਮ ਨੂੰ ਤੂੰ, ਘਰ ਰਹੀਏਂ ਤੂੰ ਜੋਗੀਆਂ ਵਾਂਙ ਨਜਾਰੀ॥੧॥
"ਅੜੀਏ ! ਐਤਕੀਂ ਚੱਲ ਤੂੰ ਨਾਲ ਸਾਡੇ, ਸਾਡਾ ਆਖਿਆ ਮੋੜ ਨਾਂ, ਕਰੀਂ ਤਜਾਰੀ।
"ਤੈਨੂੰ ਵਾਸਤਾ ਘੱਤ ਕੇ ਆਖਿਆ ਏ, ਰੰਗ 'ਸੰਗ' ਦਾ ਭੰਗ ਨਾ ਕਰੀਂ ਵਾਰੀ !
"ਸੰਗ ਬੜਾ ਹੈ ਐਤਕੀਂ ਜਾਣ ਵਾਲਾ, ਸਭ ਨੂੰ ਸਿੱਕ, ਚਲੇਂ ਤੂੰ ਬੀ ਨਾਲ ਪਜਾਰੀ !
"ਰਸਤੇ ਵਿੱਚ ਬੀ ਰੰਗ ਸਤਿਸੰਗ ਵਾਲਾ, ਹੋਊ ਕੀਰਤਨ, ਕਥਾ ਅਖੰਡ ਜਾਰੀ"॥੨॥
ਸੁਣਕੇ ਸਿੱਕ ਦੇ ਬੋਲ ਓ ਰੰਗ ਕੌਰਾਂ, ਕਹਿੰਦੀ "ਪਜਾਰੀਓ ਗੁਰੂ ਦੁਲਾਰੀਓ ਨੀ !
"ਤੁਸੀਂ ਜਾਓ, ਨ ਅਸਾਂ ਦੇ ਪਵੋ ਖਹਿੜੇ, ਸਾਨੂੰ ਬਖਸ਼ ਦੇਵੋ ਗੁਰੂ ਸੁਆਰੀਓ ਨੀ !
"ਕਰਮੋਂ ਬੜੇ ਹੀਣੇ ਤਪ ਨਹੀਂ ਕੀਤੇ, ਦਰਸ਼ਨ ਜੋਗ ਨਾ, ਸੁਣੋਂ ਪਿਆਰੀਓ ਨੀ !
"ਜਦੋਂ ਜਾਗਣਗੇ ਭਾਗ ਤਾਂ ਸੱਦ ਲਏਗਾ, ਹਾਲੇ ਬਖਸ਼ ਦੇਵੋ, ਸਿਦਕਾਂ ਵਾਲੀਓ ਨੀ"॥੩॥
ਗਲੇ ਪਾਏ ਪੱਲੇ ਸਹੀਆਂ ਨੈਣ ਕੇਰਨ, ਹੱਥ ਜੋੜਕੇ ਕਹਿੰਦੀਆਂ : "ਰੰਗ ਕੌਰੇ !
"ਜਿਵੇਂ ਗੁਰੂ ਦਾ ਪਜਾਰ ਤੂੰ ਅਸਾਂ ਲਾਜਾ, ਬਿਨਾਂ ਡਿੱਠਿਆਂ ਕੀਤਾ ਈ ਚਰਨ ਭੌਰੇ !
"ਦਰਸ਼ਨ ਗੁਰਾਂ ਦਾ ਤਿਵੇਂ ਕਰਾਇ ਤੈਨੂੰ, ਅਸੀਂ ਜਾਣੀਏ ਅਸਾਂ ਦਾ ਜਨਮ ਸੌਰੇ।
"ਅਸਾਂ ਵਾਸਤਾ ਘੱਤਿਆ ਗੁਰਾਂ ਸੰਦਾ, ਸਾਡਾ ਆਖਿਆ ਮੋੜ ਨ ਰੰਗ ਕੌਰੇ !"॥੪॥
ਠੰਢਾ ਸਾਹ ਲੈ ਕੇ ਆਖੇ ਰੰਗ ਕੌਰਾਂ--"ਤੁਹਾਡੀ ਆਗਿਆ ਮੋੜ ਨਾ ਹੰਗਨੀ ਹਾਂ।
"ਰਾਤੀਂ ਕੰਤ ਨੂੰ ਬਿਨੈ ਏ ਕਰਾਂਗੀ ਮੈਂ, ਜਿਸ ਦੇ ਪਜਾਰ ਰੱਤੀ ਅਰਧ ਅੰਗਨੀ ਹਾਂ।
"ਓਸ ਪ੍ਰੀਤਮ ਦੀ ਖੁਸ਼ੀ ਵਿਚ ਖੁਸ਼ੀ ਮੇਰੀ ਬਿਨਾਂ ਖੁਸ਼ੀ ਲੀਤੇ ਜਾਣੋਂ ਸੰਗਨੀ ਹਾਂ।
"ਗੁਰੂ ਬਖਸ਼ ਲੇਵੇ ਮੈਨੂੰ ਦਰਸ ਦੇਵੇ, ਪਾਪ ਨਾਸ਼ ਹੋਵਨ, ਏਹੋ ਮੰਗਨੀ ਹਾਂ"॥੫॥
ਜਦੋਂ ਪਤੀ ਨੇ ਸੁਣੀ ਏ ਗੱਲ ਸਾਰੀ, ਨਾਲ ਇਸਤਰੀ ਦੇ ਆਪ ਤਜਾਰ ਹੋਇਆ।
ਤੁਰਿਆ ਸੰਗ, ਏ ਦੰਪਤੀ ਤੁਰੇ ਨਾਲੇ, ਕਈ ਦਿਲਾਂ ਵਿਚ ਜਿਨ੍ਹਾਂ ਸੀ ਨਾਮ ਬੋਇਆ।
ਲੋਕੀ ਇਕ ਝਾਕੀ ਲੈਣ ਤੁਰੇ ਜਾਂਦੇ, ਦਿਨ ਰੈਣਿ ਹਿਰਦੇ ਇਨ੍ਹਾਂ ਗੁਰੂ ਭੋਇਆ।
ਸਹਿਜ ਧਜਾਨ ਦੇ ਵਿੱਚ ਏ ਸਦਾ ਰਹਿੰਦੇ, ਕਦੀ ਗ਼ਾਫ਼ਲੀ ਵਿਚ ਨਾ ਰਿਦਾ ਸੋਇਆ॥੬॥
ਜਦੋਂ ਜਾਇ ਆਨੰਦਪੁਰ ਵਿਚ ਪਹੁੰਚੇ, ਡੇਰੇ ਲਾਇਕੇ ਹੋਇ ਤਿਆਰ ਚੱਲੇ,
ਫੇਰ ਪਾਸ ਦੀਵਾਨ ਦੇ ਜਾਇ ਪਹੁੰਚੇ, ਡਾਢੀ ਭੀੜ ਸੀ ਸੰਗਤਾਂ ਰਾਹ ਮੱਲੇ,
ਚੜ੍ਹੇ ਗੁੱਥ ਤੇ ਗੁੱਥ ਸਨ ਸਿਦਕੀਆਂ ਦੇ, ਖੜੇ ਹੋਏ ਸਾਰੇ, ਨਹੀਂ ਕੋਈ ਹੱਲੇ।
ਸੀਗੀ ਚੁੱਪ, ਸੀ ਸ਼ਬਦ ਦੀ ਲਹਿਰ ਬੱਝੀ ਸੁਰਤ ਕੀਰਤਨ ਦੇ ਸੀਗੀ ਲਗੀ ਪੱਲੇ॥੭॥
ਪਿੱਛੇ ਸਭਸ ਦੇ ਖੜੀ ਸੀ ਰੰਗ ਕੌਰਾਂ, ਅਜੇ ਬਾਹਰ ਦਹਿਲੀਜ ਦੇ ਰੁਕੀ ਪਜਾਰੀ॥
ਦਰਸ਼ਨ ਤਾਂਘ ਨੇ ਉਥੇ ਹੀ ਘੁੱਟ ਲੀਤੀ, ਲਾਂਭੇ ਥੜੇ ਤੇ ਥਾਉਂ ਏਕੰਤ ਤਾੜੀ।
ਬੇਵਸੀ ਹੋ ਕੇ ਗਈ ਬੈਠ ਓਥੇ, ਸੁਰਤ ਸੁਰਤੇ ਵਿਚ ਹੁਈ ਧਿਆਨ ਧਾਰੀ।
ਭੀੜ ਰੋਕ ਨਾ ਅੱਖੀਆਂ ਰਹੀ ਅੱਗੇ, ਬਿਮਲ ਵਿਚ ਪ੍ਰਗਟੀ ਜੋਤਿ ਗੁਰੂ ਵਾਰੀ॥੮॥
ਦਰਸ਼ਨ ਸਾਫ ਦਿੱਸੇ ਤੇਜ ਸ਼ਾਂਤਿ ਵਾਲਾ ਹਿਰਦਾ 'ਯਾਦ' ਨੇ ਮੱਲ ਸੰਵਾਰਿਆ ਏ।
ਫੇਰ ਦੇਖਦੀ 'ਯਾਦ' ਚੌਫੇਰ ਫੈਲੀ, ਬ੍ਰਹਮਾਂਡ ਨੂੰ ਨਾਮ ਨੇ ਧਾਰਿਆ ਏ।
ਅਹੋ ਨਾਮ ਹੁਣ ਆਤਮੇ ਜਾਇ ਧਸਿਆ, ਅਨਹਤ ਰੂਪ, ਅਰੂਪ ਪਸਾਰਿਆ ਏ।
ਨਾਲ ਪਤੀ ਬੀ ਏਸੇ ਧਿਆਨ ਬੈਠਾ, ਆਪਾ ਸਹਜ ਨੇ ਜਿਹਦਾ ਲਿਸ਼ਕਾਰਿਆ ਏ॥੯॥
ਓਧਰ ਭੋਗ ਪਿਆ, ਸੰਗਤ ਦਰਸ ਪਰਸੇ, ਵਾਰੋ ਵਾਰ ਹਾਜ਼ਰ, ਫੇਰ ਵਿਦਾ ਸਾਰੇ।
ਕਿੰਨੀ ਚਿਰਕ ਲੱਗੀ, ਆਖ਼ਰ ਅੰਤ ਆਯਾ, ਲੋਕੀਂ ਆਪਣੇ ਡੇਰਿਆਂ ਜਾਨ ਪਜਾਰੇ।
ਇਸ ਦੀ ਸੰਗਤ ਦੀ ਬੀ ਹੁਣ ਆਈ ਵਾਰੀ, ਭੇਟਾ ਪੇਸ਼ ਕੀਤੀ, ਜਾਗੇ ਭਾਗ ਭਾਰੇ।

ਗੁਰਾਂ ਸਭਸ ਦੀ ਆਸ ਮੁਰਾਦ ਪੂਰੀ, ਫੇਰ ਪੁੱਛਦੇ : "ਤੁਸਾਂ ਨੂੰ ਰੱਬ ਸੁਆਰੇ !॥੧੦॥
"ਕਿਥੇ, ਬੰਨ੍ਹ ਕੇ ਜਿਨ੍ਹੂੰ ਸੇ ਨਾਲ ਲਜਾਏ ? ਕੇੜ੍ਹੇ ਰਹੀ ਦ੍ਵਾਰੇ ? ਨਾਲ ਨਹੀਂ ਆਈ ?"
ਸੁਣਕੇ ਸਭਨਾਂ ਨੇ ਪਰਤ ਪਿਛਾਂਹ ਡਿੱਠਾ, ਰੰਗ ਕੌਰ ਦੀ ਨਜ਼ਰ ਨ ਪਈ ਛਾਈ।
ਹੁਣ ਹੈਰਾਨ ਹੋਏ, ਕੌਤਕ ਕੀਹ ਹੋਇਆ ? ਦ੍ਵਾਰੇ ਤੱਕ ਸੀ ਸੰਗ ਦੇ ਨਾਲ ਮਾਈ।
ਪਿੱਠ ਦੇਣ ਵਾਲੀ ਨਹੀਂ ਗੁਰੂ ਤਾਈਂ, ਫੇਰ ਲੋਪ ਹੋਈ ਕਿੱਧਰ ਗਈ ਧਾਈ !॥੧੧॥
ਗੁਰੂ ਹੱਸ ਕਹਿੰਦੇ "ਜ਼ੋਰ ਦੇਣ ਵਾਲੇ, ਨਹੀਂ ਸਮਝਦੇ ਪ੍ਰੇਮੀਆਂ ਤਾਰ ਤਾਂਈਂ॥
"ਜਿਨ੍ਹਾਂ ਰੱਬ ਨੂੰ ਲਿਆ ਵਸਾ ਹਿਰਦੇ, ਧਯਾਨ ਵਿਚ ਜਿਨ ਧੇਯ ਵਸਾਇਆ ਈ।
"ਅੱਠੇ ਪਹਿਰ ਜੋ ਦਰਸ ਵਿਚ ਮਸਤ ਰਹਿੰਦੇ, ਤਾਰ ਜਿਨ੍ਹਾਂ ਦੀ ਲਿਵੋਂ ਨ ਪਾਰ ਆਈ।
"ਉਨ੍ਹਾਂ ਮਿਲਣਾਂ ਦਾ ਹੋਰ ਹੈ ਮੇਲਣਾ ਕੀ, ਅੰਤਰ ਆਤਮੇ ਮੇਲ ਜਿਨ੍ਹ ਪਾਇਆ ਈ॥੧੨॥
"ਪਤੀ ਸੇਂਵਦੀ ਪਯਾਰਦੀ ਰੰਗ ਕੌਰਾਂ, ਪਤੀਬ੍ਰਤ ਨੂੰ ਠੀਕ ਹੈ ਪਾਲਦੀ ਓ।
"ਸੱਚੇ ਨਾਮ ਵਿਚ ਰੱਤੜਾ ਪਤੀ ਸੇਵੇ, ਸੱਚੇ ਨਾਮ ਦੀ ਘਾਲਣਾ ਘਾਲਦੀ ਓ।
"ਭਲਾ ਹੋਸੁ ਤੇ ਕਦੀ ਨਾ ਰੱਬ ਭੁੱਲਸੇ, ਸਫ਼ਲ ਸੇਵ 'ਹਰਿ ਸੇਵ' ਸੰਭਾਲਦੀ ਓ।
"ਉਹ ਤੇ ਮਿਲੀ ਨ ਵਿਛੁੜੇ ਕਿਸੇ ਵੇਲੇ, ਵਿੱਛੜੇ ਹੋਇਆਂ ਦੇ ਮੇਲ ਨੂੰ ਭਾਲਦੀ ਓ॥੧੩॥
"ਆਓ ਚੱਲੀਏ ਓਸ ਦਾ ਦਰਸ ਪਾਈਏ, ਸਾਂਈਂ ਨਾਲ ਜੋ ਮਿਲੀ ਅਭੇਦ ਹੋਈ।
"ਭੌਰੇ ਵਾਂਙ ਹੈ ਕਮਲ ਦੇ ਵਿੱਚ ਬੱਝੀ, ਬੱਝੀ ਲਪਟ ਦੇ ਵਿੱਚ ਹੈ ਆਪ ਹੋਈ।
"ਵਿੱਥ ਰਹੀ ਨ ਸਾਂਈਂ ਤੇ ਵਿੱਚ ਉਹਦੇ, ਡੁੱਬੀ ਆਤਮੇ ਹਉਮੈਂ ਹੈ ਉਹਦੀ ਮੋਈ;
"ਮੋਈ ਡੁੱਬਕੇ, ਤਰੀ ਹੈ ਮਰਨ ਮਗਰੋਂ, ਨਵੀਂ ਜਿੰਦ ਜੀਵੀ, ਅਮਰ ਜਿੰਦ ਸੋਈ"॥੧੪॥
ਇਹ ਆਖ ਕੇ ਗੁਰੂ ਜੀ ਬਿਰਦ ਪਾਲਕ, ਤਖਤੋਂ ਉੱਠ ਕੇ ਆਪ ਹੀ ਤੁਰੇ ਬਾਹਰ,
ਸਿਖੀ ਨਦੀ ਨੂੰ ਲੈਣ ਸਮੁੰਦ ਸਤਿਗੁਰ ਜਾਂਦਾ ਜਗਤ ਖਾਬਾ ਗੁਰੂ ਪੀਰ ਜ਼ਾਹਰ।
ਦੁਆਰਜੋਂ ਬਾਹਰ ਹੋ ਕੇ ਥੜੇ ਪਾਸ ਆਏ, ਮਹਿਰਮ ਦਿਲਾਂ ਦੇ ਮਨਾਂ ਦੇ ਆਪ ਮਾਹਰ।
ਠਹਿਰੇ ਠੌਰ ਉਸ ਜਾਇਕੇ ਪ੍ਰੇਮ ਬੱਧੇ, ਜਿਹੜੇ ਜਗਤ ਦੇ ਠੌਰ ਤੇ ਹੈਨ ਠਾਹਰ॥੧੫॥
ਨੈਣੀਂ ਪਯਾਰ ਆਯਾ ਦੇਖ ਪ੍ਰੇਮ ਭਾਰਾ, ਸੁਰਤ ਪ੍ਰੇਮ ਦੇ ਸਿੰਧ ਗ਼ਰਕਾਬ ਪਾਈ।
ਨੈਣ ਮੁੰਦ ਕੇ ਸੁਰਤਿ ਬੀ ਗੁਰਾਂ ਸੰਦੀ, ਪਹੁੰਚੀ ਸਿਖ ਦੇ ਧੇਯ ਦੇ ਰੂਪ ਜਾਈ।
ਓਥੇ ਆਖਦੇ "ਖੋਲ੍ਹ ਦੇ ਨੈਣ ਵਾਰੀ ! ਸੰਗਤ ਖੜੀ ਹੈ ਪ੍ਰੇਮ ਦੀ ਤਾਂਘ ਲਾਈ।
"ਤੇਰੀ ਆਪ ਕਲਯਾਣ ਹੈ ਰੱਬ ਕੀਤੀ, ਵਾਸਾ ਵਿੱਚ ਅਕਾਲ ਦੇ ਪਾਇਆਈ"॥੧੬॥
ਨੈਣ ਖੁੱਲ੍ਹੇ, ਕੀ ਦੇਖਦੀ, ਗੁਰੂ ਆਏ, ਪੈਰੀਂ ਡਿੱਗ ਦੋਵੇਂ ਰੋਂਦੇ ਪ੍ਰੇਮ ਕੁੱਠੇ।
ਤਾਬ ਕਹਿਣ ਦੀ ਕੱਖ ਨਾ ਵਿੱਚ ਜੁੱਸੇ, ਅੰਝੂ ਦੱਸਦੇ ਪ੍ਰੇਮ-ਅਣਲਿਖੇ ਚਿੱਠੇ।
ਗੁਰੂ ਸਮਝਦੇ ਨੈਣ ਜੋ ਅਰਜ਼ ਕਰਦੇ, ਤ੍ਰੇਲ ਵਾਂਙ ਗੁਰ-ਦਇਆ ਭੀ ਚੁੱਪ ਵੁੱਠੇ[1]।
ਅੰਦਰੋਂ ਮਿਲਿਆਂ ਨੇ ਪ੍ਰਭੂ ਨੂੰ ਖਿੱਚ ਪਾਈ, ਪ੍ਰਭੂ ਪ੍ਰੇਮ ਬੱਧੇ ਆਪ ਆਣ ਤੁੱਠੇ॥੧੭॥
ਤਦੋਂ ਸਮਝੀਆਂ ਸੰਗਤਾਂ ਕਦਰ ਉਹਦਾ, ਜਿਹੜੀ ਦਿੱਸਦੀ ਸੀ ਚੁੱਪ ਚਾਪ ਨਾਰੀ,
ਜਿਹੜੀ ਪ੍ਰੇਮ ਦੀ ਡੋਰ ਪਾ ਬੰਨ੍ਹਦੀ ਸੀ, ਪਯਾਰ ਤੀਰ ਜੋ ਲਾਉਂਦੀ ਕੱਸਿ ਕਾਰੀ।
ਭੇਤ ਜਾਣਿਆਂ, ਅਸੀਂ ਹਾਂ ਕਦੇ ਮਿਲਦੇ, ਦਿਨੇ ਰਾਤ ਇਹ ਮਿਲੀ ਹੈ ਗੁਰੂ ਪਯਾਰੀ।
ਪਤੀ ਪਯਾਰਿਆ, ਰਬ ਨੂੰ ਯਾਦ ਕੀਤਾ, ਗੁਰੂ ਧਯਾਨਿਆਂ, ਏਸਨੇ ਸ੍ਰਿਸ਼ਟਤਾਰੀ॥੧੮॥

1. ਗੁਰਾਂ ਦੀ ਦਇਆ ਬੀ ਤਰੇਲ ਵਾਂਗੂ ਹੀ ਚੁਪ ਚਾਪ ਪੈ ਰਹੀ ਸੀ।

# ੨੨. ਦਿਲਗੀਰ, ਦਿਲ-ਜ਼ੋਰ, ਦਿਲ-ਸ਼ਾਦ[1]।

## ੧. (ਦਿਲਗੀਰ)।

ਜਗਤ ਦੁਖੀ ਵੇਖ ਕੇ ਸ਼ਾਹਜ਼ਾਦੇ ਸਿੱਧਾਰਥ[2] ਨੂੰ ਦਿਲਗੀਰੀ ਆਈ, ਰਾਜ ਭਾਗ ਤਿਆਗ ਕੇ ਫਕੀਰੀ ਲਈ, ਤਪ ਕੀਤੇ ਉਮਰਾ 'ਸ਼ੁਭ ਕਰਨੀ' ਦੇ ਉਪਦੇਸ਼ ਵਿਚ ਲਗਾਈ।

ਜਗਤ ਜਲੰਦਾ ਵੇਖ ਕੇ ਗੁਰ ਨਾਨਕ ਨੂੰ ਦਿਲਗੀਰੀ ਆਈ—"ਬਾਬਾ ਦੇਖੈ ਧਿਆਨ ਧਰਿ, ਜਲਤੀ ਸਭ ਪ੍ਰਿਥਮੀ ਦਿਸਿ ਆਈ॥"

ਜਗਤ ਦਾ ਦੁਖ, ਜੋ ਭੈੜੀ ਕਰਨੀ ਕਰਕੇ ਸੀ, ਜੋ ਸਿੱਧਾਰਥ ਨੇ ਦੇਖ ਕੇ ਉਦਾਸੀ ਲਈ, ਹੁਣ ਉਸ ਦੁਖ ਦੇ ਨਾਲ ਧਰਮ ਗਰਦੀ ਤੇ ਰਾਜ ਗਰਦੀ ਦਾ ਹੋਰ ਦੁੱਖ ਵਧ ਗਿਆ ਹੋਇਆ ਸੀ। ਪ੍ਰਜਾ ਧਰਮ ਤੋਂ ਗਿਰ ਚੁਕੀ ਸੀ, ਵਿਦਯਾ ਹੀਨ ਸੀ। ਸਤਿਸੰਗ ਕੁਸੰਗ ਬਣ ਗਏ ਸਨ, ਜ਼ਾਲਮ ਪਠਾਣਾਂ ਦਾ ਰਾਜ ਸੀ ਤੇ ਜਰਵਾਣੇ ਮੁਗਲ ਪੈਰ ਜਮਾਈ ਦੇ ਫਿਕਰ ਵਿਚ ਸਨ, ਬਾਬੇ ਹੋਰ ਦਿਲਗੀਰੀ ਖਾਧੀ ਤੇ ਪੁੱਤਰ ਇਸਤ੍ਰੀ ਪਰਵਾਰ ਤਿਆਗ :-

"ਚੜਿਆ ਸੋਧਣ ਧਰਤ ਲੁਕਾਈ"

'ਬਾਬੇ ਡਿੱਠੀ ਪ੍ਰਿਥਵੀ ਨਵੈ ਖੰਡ ਜਿਥੈ ਤਕ ਆਹੀ'। ਸਾਰੇ ਫਿਰਕੇ ਸ਼ਬਦ ਸ਼ਾਂਤ ਵਰਤਾਈ ਅਰ ਮਾਰਗ ਗ੍ਰਿਹਸਤ ਉਦਾਸ ਦਾ ਟੋਰਿਆ।

ਆਹ ! ਅੱਜ ਫੇਰ ਮਹਾਂ ਜਜੋਤੀ ਨੂੰ ਜਗਤ ਮਜ਼ਲੂਮ ਤੇ ਦਿਲਗੀਰੀ ਆਈ। ਉਸੇ ਗੁਰੂ ਨਾਨਕ ਦੀ ਦਸਮੀਂ ਜੋਤਿ ਨੇ ਡਿੱਠਾ ਕਿ ਅਗਿਆਨ ਤੇ ਰਾਜ ਕਸ਼ਟ ਤੋਂ ਵੱਧ ਹੁਣ ਪਰਜਾ ਪਰ 'ਧਰਮ ਦਾ ਧੱਕਾ' ਇਕ ਹੋਰ ਕਲੇਸ਼ ਵਧਕੇ ਪੈ ਰਿਹਾ ਹੈ, ਰਾਜ ਗਰਦੀ ਨਹੀਂ ਪਰ ਰਾਜ ਵਲੋਂ ਤ੍ਰੀਕੇ ਵਾਰ ਪਰਜਾ ਪਰ ਜ਼ੋਰ ਤੇ ਜ਼ੋਰ ਨਾਲ ਧਰਮ ਪ੍ਰਾਜੈ ਕਰਨ ਦਾ ਧੱਕਾ ਹੋ ਰਿਹਾ ਹੈ। ਇਸ ਜੋਤਿ ਨੇ ਦਿਲਗੀਰੀ ਖਾਧੀ ਕਿ ਪਰਜਾ ਦਾ ਕਲਿਆਨ ਕਿਵੇਂ ਹੋਵੇ। ਨਾਲੇ ਤਾਂ ਧਰਮੀ ਰਹਿਣ, ਨਾਲੇ ਸੁਤੰਤ੍ਰ ਹੋਣ; ਕੈਦ, ਬੰਦਸ਼, ਜ਼ੁਲਮ ਹੇਠ ਨਾ ਹੋਣ ! ਦਿਲਗੀਰੀ ਖਾਧੀ ਅੱਜ ਦਸਮੀ ਜੋਤਿ ਨੇ ਆਨੰਦ ਨਾਲ ਭਰੇ ਆਨੰਦਪੁਰ ਵਿਚੋਂ, ਕਿਲੇ, ਇਸਤ੍ਰੀ, ਪੁਤ੍ਰ, ਪਦਾਰਥ, ਐਸ਼੍ਵਰਜ, ਸੇਵਕ, ਪਿਆਰੇ ਤੇ ਮਿੱਤ੍ਰ ਛਡ ਕੇ ਬਨ ਵਿਚ, ਪਹਾੜ ਦੀ ਕੁੱਖ ਵਿਚ ਜਾ ਬੈਠਾ, ਬੈਠਾ ਰਿਹਾ ਦਿਨ ਤੇ ਰਾਤ। ਹਾਥੀ, ਘੋੜੇ, ਪੀਨਸਾਂ ਵਿਹਲੇ ਖੜੇ ਹਨ, ਮਹਿਲ ਮਾੜੀਆਂ ਕਿਲ੍ਹੇ ਆਪ ਬਿਨਾਂ ਬੇਰੌਣਕ ਹਨ, ਦਰਸ਼ਨ ਪਿਆਸੇ ਆਉਂਦੇ ਤੇ ਮੁੜ ਮੁੜ ਜਾਂਦੇ ਹਨ। ਦਿੱਸਣ ਵਾਲੇ ਜਗਤ ਦਾ ਕੋਈ ਪਦਾਰਥ, ਕੋਈ ਹਰਖ, ਸੁਖ ਦਾ ਸਾਮਾਨ, ਕੋਈ ਮੋਹ ਪਿਆਰ ਦਾ ਮੁਹਾਰਾ ਖਿੱਚ ਨਹੀਂ ਰਿਹਾ, ਸਾਰਾ ਸਾਜ਼ ਬਾਜ਼ ਪਿਆ ਹੈ, ਪਰ ਆਪ ਏਕਾਂਤ ਬੈਠੇ ਦਿਨ ਰਾਤ ਇਸ ਦਿਲਗੀਰੀ ਵਿਚ ਹਨ ਕਿ "ਧਰਾ ਦਾ ਭਾਰ ਕਿਵੇਂ ਹਰਾਂ ?"

ਸਾਰੇ ਮੰਡਲ ਵਿਚ ਧੁੰਮ ਗਈ ਕਿ ਆਪ ਮਸਤ ਤੇ ਕਮਲੇ ਹੋ ਗਏ ਹਨ, ਪਰ ਆਹ ! ਦਾਨਿਆਂ ਦਾ ਸਿਰਤਾਜ ਜਗਤ ਜਲੰਦੇ ਦੀ ਕਸ਼ਟਣੀ ਹਰਨ ਵਾਲਾ ਦਿਲਗੀਰ ਹੈ।

ਅਵਤਾਰ ਹੈ, ਬ੍ਰਹਮ ਵੇਤਾ ਹੈ, ਉਸਨੂੰ ਦਿਲਗੀਰੀ ਕਾਸਦੀ ? ਕਾਹਦੀ ਦਿਲਗੀਰੀ ਜੀਉ ਜੀ ! ਜਿਹੜਾ ਦਿਲਗੀਰ ਸ੍ਰਿਸ਼ਟੀ ਦੀ ਦਿਲਗੀਰੀ ਦਾ ਦਾਰੂ ਟੋਲ ਰਿਹਾ ਹੈ, ਓਹ ਦਿਲਗੀਰ ਜਗਤ ਕੇ ਦਿਲਗੀਰ ਧਿਆਨ ਵਿਚ ਵੱਸ ਰਿਹਾ ਹੈ, ਇਉਂ ਦਿਲਗੀਰੀ ਹੈ। ਯਾਰ੍ਹਵੇਂ ਮਹੀਨੇ ਬੈਠੇ ਬੈਠੇ ਅੱਖ ਲੱਗ ਗਈ, ਫੇਰ ਆਵਾਜ਼ ਆਈ।

ਮੈਂ ਅਪੁਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥ ਜਾਹਿ ਤਹਾਂ ਤੈ ਧਰਮ ਚਲਾਇ॥ ਕੁਬੁਧ ਕਰਨ ਤੇ ਲੋਕ ਹਟਾਇ॥੨੯॥

ਸੋਚਦੇ ਹਨ :—"ਠੀਕ ਇਹ ਵਰ ਸਚਖੰਡੋਂ ਹੀ ਟੁਰਨ ਲੱਗੇ ਮਿਲਿਆ ਸੀ, ਹੁਕਮ ਹੋਇਆ ਸੀ ਪਰ ਕੀਕੂੰ ਕਰਾਂ ? ਪਰ ਨਵੇਂ ਉਪੱਦ੍ਰਵ ਜ਼ਬਰਦਸਤ ਹਨ, ਹੇ ਪਿਤਾ ! ਹੇ ਪਿਆਰੇ ਪਿਤਾ !! ਸਹਾਇਕ ਹੋਵੋ ਜੋ ਜਗਤ ਜਲੰਦੇ ਵਿਚ ਠੰਢੀ ਰੌ ਵਗੇ।।"

ਦਿਲਗੀਰ ਸਤਿਗੁਰੂ ਕਲਗੀਆਂ ਵਾਲੇ ਤੇ ਹੋਰ

---

1. ਇਹ ਪ੍ਰਸੰਗ ੧੨ ਪੋਹ ਸੰ: ੪੫੦ ਸੰ: ਗੁ: ਨਾ: ਸਾ: (੨੬ ਦਸੰਬਰ ੧੯੧੮) ਦੇ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਆ ਸੀ। ਇਸ ਵਿਚ ਸ਼ਾਮਲ ਕੀਤਾ ਗਿਆ ਹੈ ਖਾਲਸਾ ਸਮਾਚਾਰ ਦਾ ਸਿਰਲੇਖ 'ਸਤ ਪਰਤਾਵੇ' ਸੰਮਤ ੪੭੩ (੨੫ ਦਸੰਬਰ ੧੯੪੧ ਈ:) ਵਾਲਾ।

2. ਬੁੱਧ ਦੇਵ ਜੀ।

ਭਾਰੀ ਨੀਂਦ ਛਾਈ, ਹੋਰ ਅਗੀਮ ਵਿਚ ਰੀਮਤਾ ਆਈ, ਅੰਦਰਲੀ ਜੋਤਿ 'ਜਾਗਤ' ਹੈ, ਪਰ ਸਰੀਰ ਤੇ ਸੰਸਾਰ ਵਲੋਂ ਹੁਣ ਮਾਨੋਂ ਨੀਂਦ ਹੈ, ਇਸ ਮਗਨਤਾ ਵਿਚ ਇਕ ਗੂੰਜ ਉੱਠੀ, ਇਕ ਧੁਨੀ ਹੋਈ-

"ਖਾਲਸਾ"

ਤ੍ਰੈ ਵੇਰ ਧੁਨਿ ਹੋਈ। ਹੁਣ ਇਸ ਧੁਨਿ ਦੇ ਸੂਖਮ ਅਵੈਵ, ਇਸ ਦਾ ਨਾ ਦਿੱਸਣ ਵਾਲਾ ਲਹਿਰਾਉ, ਕੁਛ ਕੱਠਾ ਹੋਣ ਲੱਗ ਪਿਆ, ਕੁਛ ਰੂਪ ਬਣਨ ਲੱਗ ਪਿਆ, ਕੁਛ ਮੂਰਤਿ ਬਣੀ। ਹਾਂ ਜੀ, ਇਕ ਸੱਚ ਮੁਚ ਨਮੂਨਾ ਬਣ ਗਿਆ; ਸਾਖਿਆਤ ਰੂਪ ਧਾਰਕੇ ਇਹ ਸੂਰਤ ਜੀਉਂਦੀ ਜਾਗਦੀ ਖੜੀ ਹੋ ਗਈ, ਜਿਸ ਦਾ ਰੂਪ-ਵਰਣਨ ਇਹ ਹੈ--

"ਸਾਬਤ ਸੂਰਤਿ ਦਸਤਾਰ ਸਿਰਾ"

ਨੂਰੀ ਚਿਹਰਾ, ਸੁਹਣੀ ਨੁਹਾਰ, ਅੰਗ ਨਕਸ਼ ਇਕੋ ਜੇਹੇ, ਸਰੀਰ ਸਡੌਲ, ਸਿਰ ਤੇ ਕੇਸ ਤੇ ਤੇਜ ਵਾਲੀ ਦਸਤਾਰ, ਮੱਥਾ ਲਿਸ਼ਕਦਾ, ਨੈਣ ਚਮਕਦੇ ਤੇ ਪਿਆਰ ਭਰੇ, ਗੱਲ੍ਹਾਂ ਸੇਉ ਵਰਗੀਆਂ ਸ਼ੋਖ, ਪਰ ਮਿਠਾਸ ਵਾਲੀਆਂ, ਬੁੱਲ੍ਹ ਸੂਹੇ ਪਰ ਉਨਾਬਾਂ ਵਰਗੇ ਸ਼ੀਰੀਂਦਾਰ। ਪਿਆਰੀ ਪਿਆਰੀ ਦਾਹੜੀ, ਛਾਤੀ ਚੌੜੀ ਤੇ ਤਕੜੀ, ਡੌਲੇ ਭਰਵੇਂ ਤੇ ਜ਼ੋਰਦਾਰ, ਬਾਹਾਂ ਲੰਮੀਆਂ, ਲੱਕ ਸ਼ੇਰ ਵਾਂਗੂੰ ਕੱਸਿਆ, ਲੱਤਾਂ ਭਾਰੇ ਭਾਰ ਦੇ ਸਹਿਣ ਵਾਲੀਆਂ ਤੇ ਫੁਰਤੀ ਭਰੀਆਂ, ਦਿਲ ਵਿਚ ਬਹਾਦਰੀ ਦੀ ਚਮਕਾਰ ਪਰ ਜ਼ੋਰ ਜ਼ੁਲਮ ਨਹੀਂ। ਉਤਸ਼ਾਹ ਦਾ ਉਛਾਲਾ ਪਰ ਗੁੱਸਾ ਨਹੀਂ। ਜਬ੍ਹਾ ਰੋਅਬ ਪਰ ਨਿਆਉਂ ਦਾ ਤੱਕੜ ਅਡੋਲ। ਪਿਆਰ ਹੈ, ਪਰ ਮਨ ਖਚਿਤ ਨਹੀਂ। ਉਪਕਾਰ ਹੈ ਪਰ ਉਪਰਾਮਤਾ ਨਾਲ ਹੈ। ਗ੍ਰਿਹਸਤ ਹੈ, ਪਰ ਉਦਾਸੀ ਦੀ ਲਹਿਰ। ਤਿਆਗ ਹੈ, ਪਰ ਹੁਕਮ ਹਾਸਲ। ਫਕੀਰੀ ਨਾਲ ਹੈ, ਪਰ ਦਿਲਗੀਰੀ ਨਹੀਂ। ਤਲਵਾਰ ਹੱਥ ਹੈ ਪਰ ਢਾਲ ਦੀ ਸੂਰਤ ਵਾਲੀ। ਕਲਮ ਬੀ ਹੱਥ ਵਿਚ ਹੈ, ਪਰ ਨਿਆਂ ਤੇ ਰਹਿਮ ਵਾਲੀ। ਗਲ ਅੰਗਾ ਤੇ ਕਮਰ ਕੱਸਾ ਹੈ, ਤੇੜ ਕੱਛ ਹੈ। ਬਲਦੇ ਹੀਰਿਆਂ ਦਾ ਬੁਹੱਟਾ ਡੌਲੇ ਬੱਧਾ ਹੈ, ਪਰ ਸੀਨੇ ਵਿਚ ਨਾਮ ਦਮਕ ਜ਼ੋਰਦਾਰ ਹੈ। ਦਿਲ ਵਿਚ ਨਕਸ਼ਾ ਕੋਮਲਤਾਈ ਤੇ ਰਸ ਭਰੀ ਸੁੰਦਰਤਾ ਦਾ ਹੈ, ਪਰ ਦਿਮਾਗ਼ ਵਿਚ ਨਕਸ਼ਾ ਵਿਵੇਕ ਦਾ ਹੈ; ਜ਼ੋਰ ਹੈ ਆਪੇ ਤੇ ਭਰੋਸਾ ਬੇਮੁਹਤਾਜੀ ਦਾ। ਮੱਥੇ ਤੇ ਰੇਖਾਂ ਹਨ ਜਿਨ੍ਹਾਂ ਵਿਚ ਅਗੀਮੀ ਅੱਖਰ ਲਿਖੇ ਹਨ :-

"ਚੜ੍ਹਦੀਆਂ ਕਲਾਂ"

ਦਿਲਗੀਰੀ, ੧੧ ਮਹੀਨੇ ੧੧ ਦਿਨ ਦੀ ਦਿਲਗੀਰੀ ਵਿਚ ਬੈਠੇ ਮਹਾਂ ਮੁਨਿ ਜੀ ਪੁੱਛਦੇ ਹਨ ਤੂੰ ਕੌਣ ਹੈਂ ?

ਸੂਰਤ ਮਾਨੋ ਬੋਲੀ 'ਮੈਂ ਖਾਲਸਾ ਹਾਂ।'

ਆਪ ਨੇ ਗਹੁ ਨਾਲ ਤੱਕ ਕੇ ਕਿਹਾ: ਕਿਥੋਂ ਦਾ ਵਾਸੀ ਹੈਂ ? ਕਿਸ ਨੇ ਤੈਨੂੰ ਜਨਮ ਦਿੱਤਾ ਹੈ ? ਸੂਰਤ ਬੋਲੀ: ਆਪ ਦੇ ਪਵਿੱਤ੍ਰ ਹਿਰਦੇ ਤੋਂ ਮੇਰਾ ਜਨਮ ਹੋਇਆ ਹੈ; ਵਾਸੀ ਮੈਂ ਆਪ ਦੇ ਹੀ ਅੰਦਰਲੇ ਸਰਮਖੰਡ ਦਾ ਹਾਂ, 'ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ'। ਹਾਂ ਸਰਮ ਖੰਡ ਮੇਰਾ ਵਤਨ ਹੈ[1]। ਦਿਲਗੀਰ ਜੀ ਨੇ ਪੁੱਛਿਆ:—ਕਿਉਂ ਆਇਆ ਹੈਂ ? ਸੂਰਤ ਬੋਲੀ :- ਮੈਨੂੰ ਆਪ ਆਪਣੇ ਅੰਦਰੋਂ ਬਾਹਰ ਦੇ ਦੇਸ ਵਿਚ ਜਨਮ ਬਖਸ਼ੋ, ਮੈਂ ਆਦਮੀ ਦੇ ਅੰਦਰ ਵੜ ਜਾਵਾਂ। ਇਕ ਨਮੂਨੇ ਦਾ, ਇਕ ਵੰਨਗੀ ਦਾ, ਆਪਣੇ ਵਰਗਾ ਇਨਸਾਨ ਪੈਦਾ ਕਰਾਂ, ਦਿੱਸਦੇ ਵੱਸਦੇ ਜਗਤ ਵਿਚ 'ਖਾਲਸਾ' ਪੈਦਾ ਕਰਾਂ! ਉਹ ਧਰਾ ਦਾ ਭਾਰ ਹਰੇ।

ਸੂਰਤ ਇਹ ਕਹਿਕੇ ਹੁਣ ਦਿਮਾਗ਼ ਵਿਚ ਆ ਬੈਠੀ, ਧੁਨਿ ਨੇ ਕੰਨਾਂ ਦੇ ਪਰਦੇ ਤੇ ਡੇਰਾ ਲਾ ਲਿਆ। ਦਿਲਗੀਰੀ ਵਿਚ ਬੈਠੇ ਅਚਾਹ ਤੇ ਬੇਲੋੜ ਜੀ ਨੇ ਨੈਣ ਖੋਹਲੇ। ਹਰ ਪੱਤੇ ਹਰ ਸ਼ਾਖ ਉਤੇ ਉਹੋ 'ਖਾਲਸਾ' 'ਖਾਲਸਾ' ਹੋ ਰਹੀ ਹੈ। ਆਹਾ ! ਯਾਰਾਂ ਮਹੀਨੇ ਦੀ ਦਿਲਗੀਰੀ ਨੇ ਇਕ ਲਾਲ ਪੈਦਾ ਕੀਤਾ ਹੈ, ਹੁਣ ਆਪ ਦਿਲਗੀਰ ਨਹੀਂ, ਜਗਤ ਲਈ ਬੀ ਚੜ੍ਹਦੀਆਂ ਕਲਾਂ ਹਨ। ਲੋਕਾਂ ਦੇ ਭਾਣੇ ਕਮਲੇ, ਪਰ ਅਕਲਾਂ ਦੇ ਸਰਦਾਰ, ਬਨਾਂ ਨੂੰ ਵਿਦੈਗੀ ਦੇ ਕੇ ਫਿਰ ਆਨੰਦਪੁਰ ਆ ਗਏ।

## ੨. (ਦਿਲ-ਜ਼ੋਰ)

**ਉਹ** ਜੋ ਦਿਲਗੀਰ ਸਨ, ਹੁਣ ਦਿਲਜ਼ੋਰ ਹਨ। ਆਪ ਜੀ ਨੇ ਜਦ ਉਹ ਵੇਲੇ ਦੀ ਕਰੜੀ ਮੁਸ਼ਕਲ ਨੂੰ ਹੱਲ ਕਰਨਾ ਵਿਚਾਰਿਆ ਤੇ ਇਲਾਜ 'ਖਾਲਸਾ ਆਦਰਸ਼' ਨਿਰਣੇ ਕਰ ਲਿਆ ਸੀ ਤਾਂ ਪਹਿਲੋਂ ਲੋੜ ਸੀ ਕਿ ਕੋਈ ਚੋਣ ਹੋਵੇ, ਤਾਂ ਜੋ ਖਰੇ ਖਰੇ ਪਰਖੇ ਹੋਏ ਬੰਦੇ ਲੈ ਕੇ ਕੰਮ ਆਰੰਭ ਕੀਤਾ ਜਾਵੇ। ਸੋ ਆਪ ਨੇ ਚੁਣਨ ਦਾ ਤ੍ਰੀਕਾ ਧਰਮ ਦੀ ਪ੍ਰੀਖਿਆ ਰਖਿਆ।

---

1. ਸਰਮ ਖੰਡ ਕੀ ਬਾਣੀ ਰੂਪੁ। (ਜਪੁਜੀ)

(ਪਹਿਲਾ ਪਰਤਾਵਾ-ਵੈਸ਼ਨਵ ਬ੍ਰਾਹਮਣ)

**ਆਚਰਣ** ਹੀ ਇਨਸਾਨ ਦਾ ਸਭ ਤੋਂ ਮੁੱਢਲਾ ਗੁਣ ਹੈ। ਕੌਮ ਦੇ ਗਿਰਾਉ ਤੇ ਉਭਰਾਉ ਆਚਰਣ ਦੇ ਸਿਰ ਤੇ ਹੁੰਦੇ ਹਨ। ਆਚਰਣਹੀਨ ਜਿਤਨੇ ਬਲ ਨਾਲ ਕਾਮਯਾਬ ਹੁੰਦੇ ਹਨ ਜੇ ਆਚਰਣ ਵਾਲੇ ਉਤਨਾ ਬਲ ਲਾਉਣ ਤਾਂ ਲਾਭ ਦਾ ਕੋਈ ਅੰਤ ਨਹੀਂ ਰਹਿੰਦਾ। ਆਚਰਣ ਹੀ ਧਰਮ ਦੀ ਨੀਂਹ ਹੈ, ਆਚਰਣ ਹੀ ਜਗਤ ਕਾਮਯਾਬੀ ਦੀ ਬੁਨਿਯਾਦ ਹੈ। ਗੁਰੂ ਜੀ ਆਚਰਣ ਤੇ ਧਰਮ ਸਾਹਸ ਨੂੰ ਕੱਠਿਆਂ ਕਰਨਾ ਚਾਹੁੰਦੇ ਸਨ, ਸੋ ਆਪ ਨੇ ਪਹਿਲੋਂ ਧਰਮ ਤੇ ਆਚਰਣ ਵਾਲਿਆਂ ਦੀ ਪ੍ਰੀਖਯਾ ਕਰਨੀ ਚਾਹੀ। ਹਿੰਦੁਸਤਾਨ ਵਿਚ ਸਦੀਆਂ ਤੋਂ ਬ੍ਰਾਹਮਣ ਉੱਚੇ ਤੇ ਆਦਰਸ਼ਕ ਮੰਨੇ ਗਏ ਸਨ! ਕਦੇ ਸੀ ਸਮਾਂ ਜਦੋਂ ਉਹ ਸਮੇਂ ਅਨੁਸਾਰ ਆਦਰਸ਼ਕ ਸਨ ਤੇ ਅਗੁਵਾਨੀ ਦੇ ਜੋਗ ਸਨ, ਪਰ ਹੁਣ ਗਿਰਾਉ ਵਰ੍ਤ ਰਿਹਾ ਸੀ ਆਦਰਸ਼ ਤੋਂ। ਸਤਿਗੁਰੂ ਜੀ ਨੇ ਹੁਣ ਪਹਿਲ ਇਹਨਾਂ ਤੋਂ ਹੀ ਕੀਤੀ। ਸੋ ਆਪ ਨੇ ਆਗਜਾ ਕੀਤੀ ਕਿ ਇਕ ਬ੍ਰਹਮ ਭੋਜ ਕੀਤਾ ਜਾਵੇ। ਦੋ ਤਰ੍ਹਾਂ ਦਾ ਪਕਵਾਨ ਤਿਆਰ ਹੋਵੇ, ਇਕ ਮਾਸ ਵਾਲਾ, ਦੂਸਰਾ ਖੀਰ ਖੰਡ ਭਾਜੀਆਂ ਵਾਲਾ। ਜੋ ਬ੍ਰਹਾਮਣ ਮਾਸ ਖਾਣ ਵਾਲੀ ਪੰਕਤ ਵਿਚ ਬੈਠਣ ਉਹਨਾਂ ਨੂੰ ਦੱਛਣਾ ਅਸ਼ਰਫੀ ਮਿਲੇ ਤੇ ਜੋ ਸਾਗ ਸਬਜ਼ੀ ਦੇ ਪਾਸੇ ਬੈਠਣ ਉਹਨਾਂ ਨੂੰ ਰੁਪੱਯਾ ਦੱਛਣਾ ਮਿਲੇ। ਜਦੋਂ ਪੰਕਤਿ ਲੱਗੀ ਤਾਂ ਲਗ ਪਗ ਸਾਰੇ ਬ੍ਰਾਹਮਣ ਮਾਸ ਪੰਕਤਿ ਵਿਚ ਜਾ ਬੈਠੇ ਤੇ ਖੀਰ ਖੰਡ ਸਬਜ਼ੀਆਂ ਵਾਲੇ ਪਾਸੇ ਅਤਿ ਥੋੜੇ ਬੈਠੇ। ਜਦੋਂ ਭੋਜਨ ਹੋ ਚੁਕਾ ਤਾਂ ਮਾਸ ਪੰਕਤੀ ਵਾਲਿਆਂ ਨੂੰ ਤਾਂ ਅਸ਼ਰਫੀ ਹੀ ਦੱਛਣਾ ਮਿਲੀ, ਪਰ ਖੀਰ ਖੰਡ ਵਾਲਿਆਂ ਨੂੰ ਬਚਨ ਕੀਤੇ ਇਕ ਰੁਪੱਯੇ ਦੀ ਦੱਛਣਾ ਤੋਂ ਵੱਧ ਪੰਜ ਪੰਜ ਅਸ਼ਰਫੀਆਂ ਹੋਰ ਇਨਾਮ ਮਿਲੀਆਂ। ਇਹ ਕੌਤਕ ਦੇਖਕੇ ਸਾਰੇ ਦੰਗ ਰਹਿ ਗਏ, ਕੋਈ ਨਾ ਸਮਝਿਆ ਕਿ ਕਾਰਣ ਕੀਹ ਹੈ! ਇਹ ਖ਼ਿਆਲ ਆ ਸਕਦਾ ਹੈ ਕਿ ਗੁਰੂ ਜੀ ਨੇ ਇਸ ਵਿਚ ਮਾਸ ਖਾਣ ਨਾ ਖਾਣ ਦਾ ਨਿਰਣਾ ਕੀਤਾ ਹੈ। ਨਹੀਂ ! ਸਤਿਗੁਰੂ ਜੀ ਤਾਂ ਇਹ ਦੇਖਦੇ ਸੀ ਕਿ ਇਨ੍ਹਾਂ ਵਿਚ ਸ੍ਵੈਧਰਮ ਵਾਲੇ ਯਾ ਅਸੂਲ ਵਾਲੇ ਬੰਦੇ ਕਿੰਨੇ ਕੁ ਹੈਨ। ਬ੍ਰਾਹਮਣ ਆਪਣੇ ਸ੍ਵੈ-ਧਰਮ ਅਨੁਸਾਰ ਅਹਿੰਸਾ ਦੇ ਕਾਯਲ ਹੈਨ, ਉਨ੍ਹਾਂ ਵਿਚ ਮਾਸ ਖਾਣਾ ਵਿਹਤ ਨਹੀਂ। ਅਹਿੰਸਾ ਪਰਮੋ ਧਰਮ:। ਇਸ ਵਰਤਾਉ ਨਾਲ ਸਤਿਗੁਰੂ ਜੀ ਨੇ ਡਿੱਠਾ ਕਿ ਆਪਣੇ ਮੰਨੇ ਅਸੂਲ ਤੇ ਕਾਯਮ ਇਨ੍ਹਾਂ ਵਿਚ ਬਹੁਤ ਘੱਟ ਹੈਨ। ਸੋ ਥੋੜਿਆਂ; ਪਰ ਧਰਮ ਵਾਲਿਆਂ ਨੂੰ ਸਨਮਾਨ ਨਾਲ ਪਾਸ ਰੱਖ ਲਿਆ ਤੇ ਦੂਸਰਿਆਂ ਨੂੰ ਜਵਾਬ ਦੇ ਦਿੱਤਾ। ਪਰ ਡਿੱਠਾ ਕਿ ਇਨ੍ਹਾਂ ਆਪਣੇ ਅਸੂਲ ਵਾਲੇ ਬ੍ਰਾਹਮਣਾਂ ਵਿਚ ਸਾਹਸ ਨਹੀਂ ਹੈ !

(ਦੂਜਾ ਪਰਤਾਵਾ-ਸ਼ਕਤੀ ਉਪਾਸ਼ਕਾਂ ਦਾ)

**ਦੂਸਰਾ** ਫਿਰਕਾ ਹਿੰਦੂ ਵਡਕਿਆਂ ਦਾ ਓਹ ਬ੍ਰਾਹਮਣ ਹੈਸਨ ਜੋ ਦੇਵੀ ਦੇ ਉਪਾਸਕ ਹੈਨ। ਇਨ੍ਹਾਂ ਵਿਚ ਦੇਵੀ ਨੂੰ ਭੇਗ ਮਾਸ ਆਦਿ ਦਾ ਲਗਦਾ ਹੈ। ਜਿਸ ਨੂੰ ਗੁਰੂ ਜੀ ਦਾ ਦੇਵੀ ਪੂਜਨ ਆਖਦੇ ਹਨ; ਜਾਪਦਾ ਹੈ ਕਿ ਉਹ ਦੂਸਰੀ ਪ੍ਰੀਖਜ਼ਾ ਸੀ ਸ਼ਾਕਤਿਕ ਅਸੂਲ ਵਾਲਿਆਂ ਵਡਕਿਆਂ ਦੀ। ਸੋ ਨੈਣਾਂ ਦੇਵੀ ਦੇ ਟਿੱਲੇ ਤੇ ਮੁਖੀ ਬ੍ਰਾਹਮਣ ਪਹਿਲੋਂ ਤੇ ਮਗਰੋਂ ਸਭ ਤੋਂ ਮੁਖੀ ਹੋਤਾ[1] ਕੇਸ਼ੋ ਦਾਸ ਆਦਿ ਆਪਣੇ ਦੱਸੇ ਆਦਰਸ਼ ਮੂਜਬ ਨਾ ਰਹੇ। ਦੇਵੀ ਦੇ ਪ੍ਰਗਟ ਹੋਣ ਦਾ ਦਾਅਵਾ ਕੀਤਾ, ਪਰ ਉਸ ਜਤਨ ਵਿਚ ਅੰਤ ਤਕ ਨਾ ਨਿਭੇ ਤੇ ਖਿਸਕ ਆਏ। ਇਹ ਖਿਸਕ ਆਉਣਾ ਉਹਨਾਂ ਦਾ ਇਸ ਪ੍ਰੀਖਜ਼ਾ ਵਿਚ ਕੱਸੇ ਨਿਕਲਣਾ ਸੀ। ਗੁਰੂ ਜੀ ਨੇ ਉਸ ਤੋਂ ਮਗਰੋਂ ਇਕ ਜੱਗ ਕੀਤਾ ਸੀ, ਉਸ ਵਿਚ ਇਨ੍ਹਾਂ ਬ੍ਰਾਹਮਣਾਂ ਨੂੰ ਨਹੀਂ ਬੁਲਾਯਾ। ਜਿਸ ਤੋਂ ਥਹੁ ਪੈਂਦਾ ਹੈ ਕਿ ਏਹ ਬੀ ਕੱਸੇ ਨਿਕਲੇ ਸਤਿਗੁਰਾਂ ਨੇ ਪ੍ਰਤੀਤ ਕੀਤੇ ਤਾਂ ਹੀ ਏਹ ਚੇਤੇ ਤੱਕ ਤੋਂ ਵਿਸਰ ਗਏ। ਉਸ ਵੇਲੇ ਇਸ ਕੇਸ਼ੋ ਦਾਸ ਬ੍ਰਾਹਮਣ ਦੇ ਨਾ ਸੱਦੇ ਜਾਣ ਕਰਕੇ ਰੋਸ ਕਰਨ ਤੇ ਜੋ ਵਾਕ ਸਤਿਗੁਰ ਜੀ ਦੇ ਉਚਾਰੇ ਸਾਡੇ ਪਾਸ ਹੈਨ ਓਹ ਦੱਸਦੇ ਹਨ ਕਿ ਪਰਤਾਵੇ ਵਿਚ ਏਹ ਕੱਸੇ ਨਿਕਲੇ ਸਨ ਤੇ ਮਿਸਰ ਜੀ ਅਸੂਲ ਲਈ ਨਹੀਂ, ਪਰ ਰੋਜ਼ੀ ਲਈ ਅਡੰਬਰ ਰਚੀ ਬੈਠੇ ਸਨ, ਯਥਾ—ਖੋਜ ਰੋਜਿ ਕੇ ਹੇਤ ਲਗ ਦੀਓ ਮਿਸਰ ਜੂ ਰੋਇ। (ਪਾ: ੧੦)। ਯੱਗ ਜੋ ਇਸ ਵੇਲੇ ਕੀਤਾ ਉਸ ਵਿਚ ਆਪਣੇ ਸਿੱਖਾਂ ਨੂੰ ਮੁੱਖ ਰਖਿਆ ਸੀ ਤੇ ਬਚਨ ਕੀਤਾ ਸੀ, 'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ।'

---

1. ਸੰਸ:,—ਹੋਮ ਕਰਨ ਵਾਲਾ (ਬ੍ਰਾਹਮਣ)। (ਅ) ਪ੍ਰਧਾਨ ਰਿਤ੍ਵਿਜ।

(ਤੀਜਾ ਪਰਤਾਵਾ--ਜੋਗੀਆਂ ਸੰਨਜਾਸੀਆਂ ਦਾ)

**ਇਸੀ** ਤਰ੍ਹਾਂ ਜਾਪਦਾ ਹੈ ਕਿ ਆਪ ਜੀ ਨੇ ਸੰਨਜਾਸੀ ਅਰ ਜੋਗੀਆਂ ਆਦਿਕ ਦੀ ਪ੍ਰੀਖਜਾ ਕੀਤੀ ਹੈ ਤੇ ਉਹ ਬੀ ਆਪਣੇ ਆਦਰਸ਼ਾਂ ਤੋਂ ਨੀਵੇਂ ਪਾਏ ਹਨ ਕਿਉਂਕਿ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਉਹਨਾਂ ਦਾ ਐਉਂ ਜ਼ਿਕਰ ਕੀਤਾ ਹੈ, ਜੇ ਜੁਗਿਆਨ ਕੇ ਜਾਯ ਕਹੈਂ- ਸਭ ਜੋਗਨ ਕੋ ਗ੍ਰਿਹਮਾਲ ਉਠੈਦੈ। ਜੋ ਪਰੋ ਭਾਜ ਸੰਨਜਾਸਨ ਕੇ ਕਹਿੰ-ਦੱਤ ਕੇ ਨਾਮ ਪੈ ਧਾਮ ਲੁਟੈਦੈ।' ਚਾਹੋ ਜੋਗੀ ਸੰਨਜਾਸੀਆਂ ਦਾ ਕੋਈ ਪ੍ਰਸੰਗ ਪੂਰੀ ਤਰ੍ਹਾਂ ਕਲਮ ਬੰਦ ਨਹੀਂ ਅਜੇ ਲੱਭਾ ਪਰ ਸੰਨਜਾਸੀਆਂ ਦੀਆਂ ਚਿੱਪੀਆਂ ਤੋਂ ਲਾਖ ਵਿਚੋਂ ਮੁਹਰਾਂ ਕੱਢਣੀਆਂ ਤੇ ਹੋਰ ਜੋਗੀਆਂ ਨਾਲ ਵਿਚਾਰਾਂ ਤੇ ਉਪਰਲੇ ਸ੍ਰੀ ਮੁਖ ਵਾਕ ਦੱਸਦੇ ਹਨ ਕਿ ਜ਼ਰੂਰ ਉਨ੍ਹਾਂ ਦੇ ਆਦਰਸ਼ ਤੋਂ ਨੀਵੇਂ ਹੋਣ ਦੀ ਪ੍ਰੀਖਜਾ ਕਰਕੇ ਸਬੂਤ ਲੀਤੇ ਸਨ। ਇਸ ਤਰ੍ਹਾਂ ਪਰਖ ਪਰਖ ਕੇ ਉਚਾਰੇ ਵਾਕ ਬੀ ਹਨ:-ਸ੍ਰਾਵਗ, ਸੁਧ, ਸਮੂਹ ਸਿਧਾਨ ਕੇ ਦੇਖ ਫਿਰਿਓ ਘਰ ਜੋਗ ਜਤੀ ਕੇ[1]। ਪੁਨਾ--ਪਉਣ ਅਹਾਰ ਜਤੀ ਜਤਧਾਰ, ਸਭੈ ਸੁ ਬਿਚਾਰ ਹਜਾਰਕ ਦੇਖੇ।[2] (ਦਸ ਸਵੱਯੇ)

(ਚੌਥਾ ਪਰਤਾਵਾ--ਰਾਜਿਆਂ ਦਾ)

**ਜਦੋਂ** ਧਰਮ ਦੇ ਆਗੂ ਪਰਤਾਏ ਗਏ, ਕੱਸੇ ਨਿਕਲੇ ਤੇ ਜੋ ਇਨ੍ਹਾਂ ਵਿਚੋਂ ਅਸੂਲੀ ਬੰਦੇ ਨਿਕਲੇ, ਓਹ ਸਾਹਸਹੀਨ ਸਨ, ਤਦ ਆਪਨੇ ਸਾਹਸ ਵਾਲਿਆਂ ਦਾ ਪਰਤਾਵਾ ਲੈਣਾ ਸੀ। ਇਸ ਲਈ ਰਾਜੇ ਰਾਣੇ ਪਰਖਣੇ ਸੇ। ਅਸਲ ਵਿਚ ਰਾਜੇ ਰਾਣਿਆਂ ਦੀ ਪਰਖ ਤਾਂ ਸਭ ਤੋਂ ਵਧੀਕ ਹੋ ਚੁਕੀ ਸੀ। ਆਪੋ ਵਿਚ ਏਹ ਪਾਟੋ ਧਾੜ ਹੈਸਨ, ਦੇਸ਼ ਕਿ ਪਰਜਾ, ਧਰਮ ਕਿ ਸੱਚ ਲਈ ਇਨ੍ਹਾਂ ਵਿਚ ਕੁਰਬਾਨੀ ਹੈ ਨਹੀਂ ਸੀ। ਏਹ ਕਈ ਵੇਰ ਗੁਰੂ ਜੀ ਨਾਲ ਜੁੱਧ ਕਰ ਕੇ ਉਹਨਾਂ ਨੂੰ ਪ੍ਰਾਜੈ ਕਰਨ ਦੇ ਹੀਲੇ ਕਰ ਚੁਕੇ ਸੇ, ਪਰ ਜਦ ਤੋਂ ਸ਼ਾਹਜ਼ਾਦਾ ਮੁਅੱਜ਼ਮ ਪੰਜਾਬ ਵਿਚ ਆਇਆ ਤੇ ਗੁਰੂ ਜੀ ਨਾਲ ਸਜਨਾਈ ਦਾ ਵਰਤਾਉ ਕਰ ਗਿਆ ਸੀ ਤਦ ਤੋਂ ਪਹਾੜੀ ਰਾਜੇ ਸੁਲਹ ਸਾਲਸੀ ਨਾਲ ਵਰਤਦੇ ਸੇ। ਇਨ੍ਹਾਂ ਦਿਨਾਂ ਵਿਚ ਕਿਸੇ ਮੇਲ ਵੇਲੇ ਸ੍ਰੀ ਗੁਰੂ ਜੀ ਨੇ ਉਹਨਾਂ ਨੂੰ ਪ੍ਰੇਰਨਾ ਕੀਤੀ ਤੇ ਵੀਚਾਰ ਆਰੰਭੀ ਤੇ ਉਹਨਾਂ ਨੂੰ ਸਮਝਾਇਆ ਕਿ ਸਾਨੂੰ ਹਿੰਦ ਵਾਸੀਆਂ ਨੂੰ ਜ਼ਾਤ ਭੇਦ ਤੇ ਜ਼ਾਤ ਭੇਦ ਤੋਂ ਉਪਜੀ ਨਫਰਤ ਨੇ ਵਿਕੋਲਿਤ੍ਰੇ ਕਰ ਦਿਤਾ ਹੈ ਤੇ ਅਸੀਂ ਦੁਬੇਲ ਅਵਸਥਾ ਤੇ ਪ੍ਰਾਧੀਨਤਾ ਵਿਚ ਦੁਖੜੇ ਭਰ ਰਹੇ ਹਾਂ, ਮੈਂ ਹੁਣ ਚਾਹੁੰਦਾ ਹਾਂ ਕਿ ਇਹ ਭੇਦ ਮਿਟਾ ਦਿੱਤਾ ਜਾਵੇ। ਇਕ ਐਸੀ ਰੀਤਿ ਜਾਰੀ ਕਰਾਂ ਕਿ ਜੋ ਇਸ ਦੁਆਰਾ ਜਨਮੇ ਸੋ ਜ਼ਾਤ ਭੇਦ ਤੋਂ ਛੁੱਟਕੇ ਇੱਕੋ ਖ਼ਜ਼ਤ੍ਰਤ ਧਰਮ ਵਿਚ ਆ ਜਾਵੇ ਤਦ ਆਪਣੇ ਦੇਸ਼ ਦਾ ਭਾਰ ਹਰਿਆ ਜਾ ਸਕੇਗਾ। ਚਾਹੀਦਾ ਹੈ ਕਿ ਪਰਸਪਰ ਪਜਾਰ ਵਧੇ, ਸਾਰੇ ਭਰਾ ਭਰਾ ਬਣ ਜਾਣ ਤੇ ਇਕ ਦੂਏ ਤੋਂ ਜਾਨਾਂ ਵਾਰਨ। ਪੂਜਾ ਲਈ ਸਰਨ ਇਕ ਮਹਾਂ ਕਾਲ ਅਕਾਲ ਦੀ ਲਈ ਜਾਵੇ ਜੋ ਸਭ ਦਾ ਪੂਜਜ ਹੈ। ਫਿਰ ਧਰਮ ਤੇ ਆਚਰਨ ਦੀ ਉੱਚਤਾ ਮਰਦ ਦੀ ਪਰਖ ਠਹਿਰਾਈ ਜਾਵੇ। ਐਸੇ ਬੰਦੇ ਕੁਰਬਾਨੀ ਕਰ ਸਕਣਗੇ। ਤੁਸੀਂ ਇਸ ਦੇਸ਼ ਉਧਾਰ ਦੇ ਕੰਮ ਵਿਚ ਨਾਲ ਰਲੋ, ਚਾਹੋ ਅਗੁਵਾਨੀ ਲੈ ਲਵੋ। ਪਰ ਰਾਜਿਆਂ ਨੇ ਤੁਰਕ ਬਲ ਨੂੰ ਅਜਿੱਤ ਜਾਤਾ, ਗੁਰੂ ਕੀ ਤਜਵੀਜ਼ ਨੂੰ ਅਵਰਤੋਂ ਵਾਲੀ ਸਮਝਿਆ ਤੇ ਸਾਥ ਦੇਣੋਂ ਕਿ ਨਾਲ ਰਲਣੋਂ ਨਾਂਹ ਕਰ ਦਿੱਤੀ[1]।

(ਪੰਜਵਾਂ ਪਰਤਾਵਾ-ਆਪਣੇ ਧਰਮ ਦੇ ਆਗੂਆਂ ਦਾ)

ਹੁਣ ਸਤਿਗੁਰੂ ਜੀ ਨੂੰ 'ਪਹਿਲੇ ਧਰਮੀਆਂ ਵਲੋਂ ਤੇ 'ਪਹਿਲੇ ਬਲ ਪ੍ਰਾਕ੍ਰਮ ਵਾਲਿਆਂ' ਦੋਹਾਂ ਪਾਸਿਆਂ ਵਲੋਂ ਨਿਰਾਸਤਾ ਹੋ ਚੁਕੀ ਸੀ। ਇਹਨਾਂ ਵਲੋਂ ਆਸ ਚੁਕਾ ਕੇ ਜਿਸ ਮਹਾਨ ਕੰਮ ਨੂੰ ਚਾਉਣਾ ਸੀ ਉਸ ਲਈ ਬਾਕੀ ਨਜ਼ਰ ਆਪਣੇ ਹੀ ਘਰ ਤੇ ਅਵਸੋਂ ਪੈਣੀ ਸੀ ਸੋ ਆਪ ਨੇ ਆਪਣੇ ਘਰ ਵਿਚ ਬਣੇ ਹੋਏ ਵਡਕਿਆਂ ਵੱਲ ਨਜ਼ਰ ਫੇਰੀ। ਉਹ ਕੌਣ ਸਨ ਜੋ ਗੁਰੂ ਕੇ ਗ੍ਰਹਿ ਵਿਚ ਵਡੇ ਸਨ ? ਉਹ ਸਨ ਮਸੰਦ। ਇਹ ਲੋਕ ਚੌਥੇ ਪਾਤਸ਼ਾਹ ਦੇ ਵਕਤ ਤੋਂ ਬਣੇ ਸਨ ਜੋ ਸੰਗਤਾਂ ਵਿਚ ਪ੍ਰਚਾਰ ਕਰਦੇ, ਨਾਮ ਦਾਨ ਦੇਂਦੇ ਤੇ ਜੋ ਸੰਗਤਾਂ ਵਲੋਂ ਭੇਟਾ ਦਸਵੰਧ ਮਿਲੇ ਗੁਰੂ ਕੇ ਦਰਬਾਰ ਪਹੁੰਚਾਉਂਦੇ ਹੁੰਦੇ ਸਨ। ਗੁਰੂ ਕੇ ਧਾਮ ਆਈ ਮਾਯਾ ਸਾਰੀ ਪਰ-ਸੁਆਰਥ ਤੇ ਸੰਗਤਾਂ ਦੇ ਭਲੇ ਤੇ ਖ਼ਰਚ ਹੁੰਦੀ ਸੀ।

---

1. ਸ੍ਰਾਵਗ-ਸ੍ਰੇਓੜੇ। ਸੁਧ—ਵੈਸ਼ਨਵ: ਜੋਗ-ਜੋਗੀ: ਜਤੀ—ਜਤ ਵਾਲੇ ਯਾ ਸੰਨਜਾਸੀ। 2. ਪਉਣ ਅਹਾਰ—ਪ੍ਰਾਣਾਯਾਮੀ। ਸੁਵਿਚਾਰ—ਪੰਡਿਤ: ਹਜਾਰਕ ਦੇਖੇ—ਇਕ ਹਜ਼ਾਰ ਦੇ ਲਗ ਪਗ ਮੈਂ ਪਰਤਾਏ ਹਨ।

1. ਸੂ: ਪ੍ਰ: ਵਿਚ ਰਾਜਿਆਂ ਦਾ ਮੇਲ ਅੰਮ੍ਰਿਤ ਤੋਂ ਪਹਿਲੇ ਦਿੱਤਾ ਹੈ, ਤਵਾ: ਖਾ: ਵਿਚ ਪਿਛੋਂ। ਮੇਲ ਦੋ ਵਾਰ ਹੋਯਾ ਜਾਪਦਾ ਹੈ।

ਪਹਿਲੋਂ ਪਹਿਲ ਏਹ ਨਾਮਬਾਣੀ ਦੇ ਪ੍ਰੇਮੀ, ਗੁਰਮੁਖ ਤੇ ਸੱਚੇ ਸੇਵਕ ਹੁੰਦੇ ਸਨ। ਜਿਵੇਂ ਪਹਿਲੇ ਸਤਿਗੁਰੂ ਮੰਜੀ ਬਖਸ਼ਦੇ ਸਨ ਤਿਵੇਂ ਏਹ ਸੰਗਤ ਵਿਚ ਮਸਨਦ ਲਾ ਕੇ ਬੈਠਦੇ ਸਨ ਤੇ ਪ੍ਰਚਾਰ ਕਰਦੇ ਸਨ। ਪਰ ਸਹਿਜੇ ਸਹਿਜੇ ਇਹਨਾਂ ਵਿਚ ਬੀ ਲੋਭੀ ਰਲਦੇ ਗਏ ਤੇ ਛੇਵੇਂ ਸਤਿਗੁਰਾਂ ਤੋਂ ਮਗਰੋਂ ਸਤਿਗੁਰੂ ਜੀ ਦੇ ਦੂਰ ਜਾ ਰਹਿਣੇ ਕਰਕੇ, ਫੇਰ ਅੱਠਵੇਂ ਪਾਤਸ਼ਾਹ ਦੇ ਸਮੇਂ ਤੇ ਨੌਵੇਂ ਪਾਤਸ਼ਾਹ ਦੇ ਪਟਨੇ ਆਦਿ ਚਲੇ ਜਾਣ ਕਰਕੇ ਫੇਰ ਗੁਰੂ ਗੋਬਿੰਦ ਸਿੰਘ ਜੀ ਦੀ ਛੋਟੀ ਉਮਰਾ ਵਿਚ ਕੁੱਲਕੁੱਲਾਂ ਹੋ ਗਏ ਸਨ। ਪੁਰਾਣੇ ਭਲੇ ਭਲੇ ਮਸੰਦ ਮਰ ਚੁਕੇ ਸੇ, ਕੁਛ ਬ੍ਰਿਧ ਹੋ ਘਰੀਂ ਬੈਠ ਗਏ ਸਨ, ਨਵੇਂ ਨਵੇਂ ਕਰਨੀ ਹੀਨ ਰਲਦੇ ਗਏ ਸਨ ਸੋ ਏਹ ਬਾਣੀ ਨਾਮ ਤੋਂ ਖਾਲੀ ਹੁੰਦੇ ਗਏ ਸਨ। ਲੋਭ ਵਧ ਗਿਆ ਸੀ, ਪੂਜਾ ਦਾ ਧਾਨ ਤੇ ਉਹ ਬੀ ਚੋਰੀ ਲੁਕਾ ਛਿਪਾ ਨਾਲ ਹੜੱਪ ਕਰਦੇ ਸਨ। ਅਜੇ ਬੀ ਵਿਚ ਵਿਚ ਚੰਗੇ ਸਨ ਪਰ ਥੋੜੇ, ਭਾਈ ਫੇਰੂ ਵਰਗੇ। ਜੋ ਮਹਾਨ ਕੰਮ ਗੁਰੂ ਜੀ ਆਰੰਭਣਾ ਚਾਹੁੰਦੇ ਸਨ, ਆਪ ਦੇਖਦੇ ਸਨ ਕਿ ਉਸ ਵਿਚ ਕਿਸ ਪਾਸਿਓਂ ਸਹਾਇਤਾ ਮਿਲੇਗੀ, ਕਿਸ ਪਾਸਿਓਂ ਵਿਰੋਧ। ਵਿਰੋਧ ਦਾ ਪ੍ਰਬੰਧ ਕਰਨਾ ਤੇ ਸਹਾਯਤਾ ਤੇ ਆਸ ਰਖਣੀ ਪਹਿਲੋਂ ਤੋਲ ਲੈਣੀ ਹਰ ਵਡੇ ਕੰਮ ਕਰਨ ਤੋਂ ਮੂਹਰੇ ਜ਼ਰੂਰੀ ਹੁੰਦੀ ਹੈ। ਇਧਰ ਆਪ ਨੂੰ ਏਹ ਖਬਰਾਂ ਬੀ ਮਿਲਦੀਆਂ ਸਨ ਕਿ ਮਸੰਦ ਉਪੱਦ੍ਰਵ ਬੀ ਕਰਨ ਲਗ ਪਏ ਹਨ। ਗੁਰਸਿਖਾਂ ਨੂੰ ਪਖੰਡ ਕਰਕੇ ਠਗਦੇ ਤੇ ਦੁਖ ਬੀ ਦੇਂਦੇ ਹਨ। ਇਸ ਦੇ ਇਸ ਰਵੱਯੇ ਨੂੰ ਬੰਦ ਕਰਨਾ ਬੀ ਪ੍ਰਯੋਜਨ ਸੀ। ਪਰ ਆਪ ਦੇ ਰਾਹ ਵਿਚ ਕਠਨਤਾ ਸੀ ਬੜੀ ਭਾਰੀ, ਕਿਉਂਕਿ ਸੰਗਤਾਂ ਸਭ ਇਨ੍ਹਾਂ ਦੇ ਹੱਥ ਵਿਚ ਸਨ। ਸਾਧਾਰਣ ਵੀਚਾਰ ਦੱਸਦੀ ਹੈ ਕਿ ਇਨ੍ਹਾਂ ਦੇ ਵਿਗੜਨ ਨਾਲ ਆਮਦਨ ਦੇ ਦਰਵਾਜ਼ੇ ਬੰਦ ਹੋਣ ਦਾ ਭਾਰੀ ਖ਼ਤਰਾ ਹੈ ਸੀ। ਮਸੰਦਾਂ ਨੂੰ ਬੀ ਆਪਦੇ ਇਸ ਬਲ ਦਾ ਪਤਾ ਸੀ ਤੇ ਗੁਰੂ ਜੀ ਨੂੰ ਆਪਣੇ ਮਹਾਨ ਪਰਉਪਕਾਰ ਦੇ ਕੰਮਾਂ ਲਈ ਧਨ ਦੀ ਲੋੜ ਬੀ ਸੀ, ਪਰ ਸੱਚ ਦੇ ਪਜਾਰੇ ਬਦੀ ਤੇ ਝੂਠ ਨਾਲ ਕਦੇ ਵਟਾਂਦਰਾ ਨਾ ਕਰਨ ਵਾਲੇ ਸਤਿਗੁਰੂ ਜੀ ਨੇ ਸਭ ਨੂੰ ਮੁੱਖ ਰਖਕੇ ਉਸ ਵੇਲੇ ਜੋ ਕੁਰਬਾਨੀ ਕਰਨ ਵਾਲੀ ਛਾਲ ਮਾਰੀ ਉਸ ਦਾ ਅੰਦਾਜ਼ਾ ਅਸੀਂ ਨਹੀਂ ਲਾ ਸਕਦੇ। ਸੋਚੋ, ਦੇਸ਼ ਗੁਲਾਮੀ ਵਿਚ ਹੈ, ਆਮ ਪ੍ਰਜਾ ਵਿਚ ਸਾਹਸ ਨਹੀਂ, ਪਾਤਸ਼ਾਹ ਦਾ ਜ਼ੋਰ ਹੈ, ਉਸਦੀ ਤਾਕਤ ਮਧਯਾਨ ਦੇ ਸੂਰਜ ਵਾਂਗ ਪ੍ਰਬਲ ਹੈ, ਜ਼ੁਲਮ ਹੋ ਰਿਹਾ ਹੈ, ਰਾਜੇ ਤੇਜ ਹੀਨ ਤੇ ਸਾਹਸਹੀਨ ਹੋ ਰਹੇ ਹਨ, ਧਰਮ ਦੇ ਆਗੂ ਲੋਭੀ ਹੋ ਰਹੇ ਹਨ, ਘਰ ਵਿਚ ਮਸੰਦਾਂ ਨੇ ਸੰਗਤਾਂ ਵਿਚ ਜ਼ੁਲਮ ਸ਼ੁਰੂ ਕਰ ਰਖਿਆ ਹੈ ਤੇ ਆਪ ਨੇ ਕਾਬੂ ਇਸ ਤਰ੍ਹਾਂ ਕੀਤਾ ਹੈ ਕਿ ਗੁਰੂ ਤੇ ਸੰਗਤਾਂ ਦੇ ਵਿਚਕਾਰ ਇਕ ਕੋਟ ਹੋ ਉਸਰੇ ਹਨ। ਕਿਤਨੀ ਕਠਨਤਾ ਹੈ ਪਰ ਸੱਚ ਦੇ ਮਾਲਕ ਨੇ ਸੱਚ ਵਰਤਾਇਆ। ਇਕ ਦਿਨ ਹੁਕਮਨਾਮੇ ਘਲਵਾ ਦਿੱਤੇ ਕਿ ਵੈਸਾਖੀ ਪਰ ਦੀਵਾਨ ਸਜੇਗਾ, ਸਾਰੇ ਮਸੰਦ ਇਕੱਤ੍ਰ ਕੀਤਾ ਧਨ ਲੈਕੇ ਆਉਣ ਤੇ ਸੰਗਤਾਂ ਬੀ ਨਾਲ ਲੈ ਕੇ ਆਉਣ।

ਵੈਸਾਖੀ ਤੋਂ ਪਹਿਲੇ ਹੀ ਸੰਗਤਾਂ ਆ ਜੁੜੀਆਂ। ਮਸੰਦ ਬੀ ਆ ਇਕੱਠੇ ਹੋਏ। ਸਤਿਗੁਰੂ ਦੇ ਹਜ਼ੂਰ ਦਸਵੰਧ ਕਾਰ ਭੇਟ ਸਭ ਮਾਯਾ ਅਰਪਨ ਹੋਈ। ਤਦ ਸਤਿਗੁਰੂ ਨੇ ਮਸੰਦਾਂ ਨੂੰ ਅਲੱਗ ਬੁਲਾ ਕੇ ਆਖਿਆ ਕਿ ਤੁਸੀਂ ਆਏ, ਮਾਯਾ ਲਿਆਏ, ਪਰ ਮਾਯਾ ਜੋ ਕੱਠੀ ਹੋਈ ਬਹੁਤ ਥੋੜੀ ਹੈ ਤੇ ਹਰ ਸਾਲ ਘਟਦੀ ਜਾ ਰਹੀ ਹੈ, ਇਧਰ ਜਗਤ ਰਖਯਾ ਦੇ ਵਡੇ ਵਡੇ ਕੰਮ ਜ਼ਾਰੀ ਹੋ ਰਹੇ ਤੇ ਹੋਣੇ ਹਨ। ਕੀਹ ਕਾਰਣ ਹੈ ? ਤਾਂ ਉਨ੍ਹਾਂ ਨੇ ਕਿਹਾ ਕਿ ਹਜ਼ੂਰ ! ਧਨੀ ਸਿਖ ਮਰ ਗਏ ਹਨ, ਗ੍ਰੀਬ ਸਿਖਾਂ ਤੋਂ, ਜੋ ਕੁਛ ਉਹ ਪ੍ਰੇਮ ਭਾਵਨਾਂ ਨਾਲ ਦੇਂਦੇ ਹਨ, ਹਜ਼ੂਰ ਪਹੁੰਚਾ ਦੇਈਦਾ ਹੈ। ਗੁਰੂ ਜੀ ਮੁਸਕ੍ਰਾਏ ਤੇ ਬੋਲੇ: ਨਾ ਮੇਰੇ ਸਿਖਾਂ ਵਿਚ ਖਾਸ ਕੋਈ ਮਰੀ ਪਈ ਹੇ ਕਿ ਹੋਰ ਜੀਉਂਦੇ ਰਹਿਣ ਤੇ ਸਿਖ ਮਰਨ, ਨਾ ਇਹ ਕਿ ਸਿਖਾਂ ਵਿਚੋਂ ਵੀ ਧਨਵਾਨ ਹੀ ਚੁਣ ਚੁਣਕੇ ਮਰੀ ਮਾਰੇ ਤੇ ਗ੍ਰੀਬਾਂ ਨੂੰ ਛੱਡੀ ਜਾਵੇ। ਮਾਯਾ ਸਿਖਾਂ ਦੇ ਘਰੋਂ ਆ ਕੇ ਰਸਤੇ ਅਟਕੀ ਹੈ, ਉਸਨੂੰ ਉਥੋਂ ਚਾਲੇ ਪਾਕੇ ਖਜ਼ਾਨੇ ਵਿਚ ਪਹੁੰਚਾ ਦਿਓ।

ਮਸੰਦ ਉਦਾਸ ਹੋ ਕੇ ਉਠ ਆਏ ਤੇ ਆਪਣੇ ਵਿਚੋਂ ਸਭ ਤੋਂ ਵਡੇ ਮਸੰਦ 'ਚੇਤੋ' ਦੇ ਘਰ ਗਏ ਤੇ ਸ਼ਿਕਾਯਤ ਕੀਤੀ ਕਿ ਗੁਰੂ ਜੀ ਨੂੰ ਪਤਾ ਨਹੀਂ ਕੀਹ ਹੋ ਗਿਆ ਹੈ ਕਠੋਰ ਤ੍ਰੀਕੇ ਨਾਲ ਗੱਲਾਂ ਕਰਦੇ ਹਨ ਸਿੱਧੀ ਮੂੰਹ ਤੇ ਮਾਰਦੇ ਹਨ, ਸਾਨੂੰ ਚੋਰ ਸਮਝਦੇ ਹਨ। ਅੱਗੇ ਤਾਂ ਇਹ ਰਵੱਯਾ ਨਹੀਂ ਸੀ ਕਿ ਗੁਰੂ ਸਾਨੂੰ ਤਾੜਨਾ ਕਰੇ। ਸਾਡਾ ਬਨਾਯਾ ਗੁਰੂ ਹੈ ਇਕੱਲਾ ਕੀਹ ਕਰ ਸਕਦਾ ਹੈ। ਤਾਂ ਚੇਤੋ ਨੇ ਕਿਹਾ ਡਰੋ ਨਾ ਸਭ ਠੀਕ ਹੋ ਜਾਸੀ। ਜਦ ਦੀ ਨੈਣਾਂ ਦੇ ਟਿੱਲੇ ਤੇ ਦੇਵੀ ਦੀ ਠਾਟਨਾ ਠਟੀ

ਹੈ ਤਦ ਤੋਂ ਸੁਭਾਵ ਹੀ ਐਸਾ ਹੋ ਗਿਆ ਹੈ।

ਅਗਲੇ ਦਿਨ ਚੇਤੋ, ਦੁਨੀਆਂ ਦੀ ਚਲਾਕੀ ਤੇ ਰਾਹਕਾਰੀ ਦੀ ਇਕ ਵੰਨਗੀ ਚੇਤੋ, ਏਕਾਂਤ ਗੁਰੂ ਜੀ ਨੂੰ ਜਾ ਮਿਲਿਆ ਤੇ ਸਮਝਾਉਣ ਲੱਗਾ—ਹੇ ਪਾਤਸ਼ਾਹ; ਆਪ ਮਾਲਕ ਹੋ, ਅਸੀਂ ਦਾਸ ਹਾਂ; ਸਭ ਮਸੰਦ ਆਪ ਦੇ ਸੇਵਕ ਹਨ। ਪਰ ਸੇਵਕ ਸੇਵਾ ਕਰਦੇ ਸਾਹਿਬ ਤੋਂ ਸਨਮਾਨੇ ਜਾਂਦੇ ਹਨ, ਇਨ੍ਹਾਂ ਦਾ ਦਿਲ ਰੱਖਣਾ ਆਪ ਨੂੰ ਬਣਦਾ ਹੈ। ਆਪ ਹੁਣ ਏਥੇ ਰਹਿੰਦੇ ਹੋ, ਆਪ ਕਿਥੇ ਕਿਥੇ ਜਾ ਸਕਦੇ ਹੋ, ਸਿਖੀ ਸੁਖ ਨਾਲ ਦੱਖਣ ਰਾਮੇਸ਼ਰ ਤਕ, ਪੂਰਬ ਅਸਾਮ ਚਿਟਗਾਂਮ ਤਕ, ਪੱਛਮ ਬਲਖ਼ ਬੁਖ਼ਾਰੇ ਤਕ, ਉਤਰ ਕਸ਼ਮੀਰ ਤਿੱਬਤ ਤੱਕ ਹੋਈ; ਸਭ ਥਾਂਵਾਂ ਦੇ ਦਸਵੰਧ ਮਸੰਦਾਂ ਹੀ ਲਿਆਉਣੇ ਹੋਏ, ਇਨ੍ਹਾਂ ਦੀ ਸੇਵਾ ਕਦਰ ਯੋਗ ਹੈ ਤੇ ਡੇਰੇ ਦੀ ਲੋੜ ਦਾ ਸਾਨੂੰ ਥਹੁ ਹੈ ਜੋ ਪੂਰੀ ਕਰਦੇ ਹਾਂ। ਫਿਰ ਇਹ ਸਭ ਆਪ ਦੇ ਅਨੁਸਾਰੀ ਹਨ, ਆਪ ਦੇ ਬਖਸ਼ੇ ਧਨ ਨਾਲ ਪਲਦੇ ਹਨ ਤੇ ਹਰ ਤਰ੍ਹਾਂ ਸੇਵਾ ਨੂੰ ਹਾਜ਼ਰ ਹੈਨ, ਇਨ੍ਹਾਂ ਤੇ ਕ੍ਰਿਪਾ ਕਰੋ ਤੇ ਪਰਤਾਵੇ ਨਾ ਲਓ। ਗੁਰੂ ਜੀ ਮੁਸਕ੍ਰਾਏ ਤੇ ਬੋਲੇ—ਚੇਤੋ, ਏਹ ਆਪਦੇ ਹਨ ਧਨੀ ਸਿਖ ਮਰ ਗਏ ਹਨ, ਕੀਹ ਧਨੀਆਂ ਵਾਸਤੇ ਕੋਈ ਖਾਸ ਬੀਮਾਰੀ ਉਗਮੀ ਹੈ ? ਹੈਂ..... ? ਇਕ ਤਾਂ ਇਹ ਧਨ ਚੁਰਾਉਂਦੇ ਹਨ, ਦੂਜੇ ਝੂਠ ਬੋਲਦੇ ਹਨ, ਤੀਜੇ ਸੰਗਤਾਂ ਵਿਚ ਉਪਦ੍ਰਵ ਬੀ ਕਈ ਕਰ ਗੁਜ਼ਰਦੇ ਹਨ। ਮੈਨੂੰ ਧਨ ਦਾ ਲਾਲਚ ਨਹੀਂ, ਸੰਗਤਾਂ ਦੇ ਭਲੇ ਲਈ, ਪ੍ਰਜਾ ਦੀ ਕਲਜਾਨ ਹਿਤ ਸੰਗਤਾਂ ਦਾ ਖੁਸ਼ੀ ਨਾਲ ਦਿੱਤਾ ਧਨ ਏਥੇ ਸਫਲ ਹੋਣਾ ਹੈ। ਇਹ ਸੰਗਤਾਂ ਦਾ ਧਨ ਮੇਰੀ ਲੋਭ ਪੂਰਣਾ ਨਹੀਂ, ਇਹ ਜ਼ਿੰਮੇਵਾਰੀ ਹੈ ਜੋ ਮੈਂ ਸੰਗਤ ਦੇ ਭਲੇ ਲਈ ਲੈਂਦਾ ਹਾਂ ਤੇ ਇਸ ਨੂੰ ਸਫਲਾਉਂਦਾ ਹਾਂ। ਏਹ ਧਨ ਤਸੀਹੇ ਦੇ ਕੇ ਸਿਖਾਂ ਤੋਂ ਲੈਂਦੇ ਹਨ, ਇਹ ਸਿਖਾਂ ਦੀ ਪੀੜਾ ਮੈਨੂੰ ਪੀੜਾ ਹੁੰਦੀ ਹੈ। ਮੈਂ ਸਿਖਾਂ ਵਿਚ ਵਰਤਦਾ ਹਾਂ। ਮੈਂ ਤਾਂ ਪਰਜਾ ਦੀ ਪੀੜਾ ਦੇ ਦਰਵਾਜ਼ੇ ਬੰਦ ਕਰਨੇ ਹਨ, ਆਪਣੇ ਸਿੱਖਾਂ ਦੀ ਪੀੜਾ ਕਿਵੇਂ ਸਹਾਰਾਂ! ਜੇ ਏਹ ਭਲੇ ਹੋ ਜਾਣ ਤਾਂ ਕੰਮ ਸੌਖੇਰਾ ਹੋ ਜਾਏ, ਨਹੀਂ ਤਾਂ ਪਹਿਲਾਂ ਸੋਧ ਘਰ ਦੀ ਕਰਨੀ ਪਵੇਗੀ। ਤਾਂ ਚੇਤੋ ਨੇ ਹੱਥ ਬੰਨ੍ਹ ਕੇ ਕਿਹਾ: ਮਸੰਦ ਸਾਰੇ ਆਪ ਦੇ ਅਨੁਕੂਲ ਹਨ, ਕਿਹਾ ਨਹੀਂ ਜਾਂਦਾ, ਕੋਈ ਟਾਂਵਾਂ ਜੇ ਮਾੜਾ ਹੋਇਆ ਤਾਂ ਅਸੀਂ ਆਪ ਮੱਖਣ ਵਿਚੋਂ ਵਾਲ ਵਾਂਗੂ ਕੱਢ ਦਿਆਂਗੇ। ਬੇਖ਼ਤਰ ਰਹੋ ਤੇ ਇਨ੍ਹਾਂ ਤੇ ਇਤਬਾਰ ਕਰੋ ਤੇ ਕ੍ਰਿਪਾ ਕਰਦੇ ਰਹੋ। ਲੋਕਾਂ ਦੀਆਂ ਗੱਲਾਂ ਤੇ ਇਤਬਾਰ ਨਾ ਕਰੋ। ਮਸੰਦਾਂ ਦੇ ਦੋਖੀ ਐਵੇਂ ਵਧਾ ਵਧਾ ਕੇ ਗੱਲਾਂ ਕਰ ਜਾਂਦੇ ਹਨ। ਜਦ ਤਕ ਮੈਂ ਬੈਠਾ ਹਾਂ ਇਨ੍ਹਾਂ ਦਾ ਫਿਕਰ ਨਾ ਕਰੋ।

ਗੁਰੂ ਜੀ—ਮੈਂ ਜਗਤ ਦੀ ਰਖਜਾ ਕਰਨੀ ਹੈ; ਮੈਂ ਆਪ ਪੀੜਾ ਝੱਲਣੀ ਹੈ, ਪਰ ਦੁਨੀਆਂ ਦੀ ਨਾਸ਼ ਕਰਨੀ ਹੈ। ਇਸ ਗਲ ਤੇ ਜੇ ਟੁਰੋ ਤੇ ਟੋਰੋ ਮਸੰਦਾਂ ਨੂੰ ਤਾਂ ਮੇਰੇ ਹੋ, ਨਹੀਂ ਤਾਂ ਮੈਂ ਹੁਣ ਇਕ ਪਾਸੇ ਗਲ ਕਰਨੀ ਹੈ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਦਿਆਂ ਹੋਰ ਪੱਖ ਛਿੜ ਪਿਆ ਤੇ ਗੁਰੂ ਜੀ ਹੋਰ ਕਾਰੇ ਲਗ ਗਏ। ਸਮਾਂ ਬੀਤਦਾ ਰਿਹਾ। ਗੁਰੂ ਜੀ ਉਪਚਾਰ ਵੀਚਾਰਦੇ ਰਹੇ। ਇਧਰ ਮਸੰਦ ਮਾਤਾ ਜੀ ਵਡਿਆਂ ਪਾਸ ਆਪਣੇ ਪੱਖ ਦੇ ਵਾਕ ਪੁਚਾਉਂਦੇ ਰਹੇ। ਮਾਤਾ ਜੀ ਨੇ ਇਕ ਦੋ ਵੇਰ ਉਹਨਾਂ ਦੀ ਸਿਪਾਰਸ਼ ਕੀਤੀ ਪਰ ਗੁਰੂ ਜੀ ਨੇ ਉੱਤਰ ਇਹੀ ਦੇਣਾ—ਕਿ ਜੇ ਖਰੇ ਹਨ ਤਾਂ ਮੇਰੇ ਹਨ ਜੇ ਖੋਟੇ ਨਿਕਲੇ ਤਾਂ ਮੇਰੇ ਨਹੀਂ ਹੋਣਗੇ।

ਇਕ ਦਿਨ ਸਤਿਗੁਰੂ ਜੀ ਦੀਵਾਨ ਵਿਚ ਸਜੇ ਬੈਠੇ ਸਨ। ਕੀਰਤਨ ਹੋ ਚੁਕਾ ਸੀ, ਸੰਗਤਾਂ ਪੇਸ਼ ਹੋ ਚੁਕੀਆਂ ਸਨ, ਆਪ ਕੁਛ ਵਾਰਤਾਲਾਪ ਕਰ ਰਹੇ ਸੇ ਕਿ ਅਚਾਨਕ ਚੁਪ ਹੋ ਗਏ ਤੇ ਨੈਣ ਬੰਦ ਕਰ ਲੀਤੇ। ਸੰਗਤ ਬੀ ਚੁੱਪ ਹੋ ਗਈ। ਸੰਗਤ ਉਵ ਹੀ ਅਦਬ ਵਿਚ ਹੁੰਦੀ ਸੀ, ਪਰ ਜੇ ਆਪ ਅਡੋਲ ਹੋ ਜਾਣ ਤਾਂ ਸੰਗਤ ਵਿਚ ਬਿਲਕੁਲ ਚੁਪ ਹੋ ਜਾਂਦੀ ਸੀ ਤੇ ਸਾਰੇ ਧਜਾਨ ਮਗਨ ਹੋ ਜਾਂਦੇ ਸੇ। ਕੁਛ ਚਿਰ ਮਗਰੋਂ ਆਪ ਜੀ ਨੇ ਰਸ੍ਹਾਲੇ ਨੈਣ ਖੁਹਲੇ ਤੇ ਇਧਰ ਉਪਰ ਤੱਕੇ। ਫੇਰ ਚੋਬਦਾਰ ਨੂੰ ਇਸ਼ਾਰਾ ਹੋਇਆ। ਉਹ ਅਦਬ ਨਾਲ ਅੱਗੇ ਵਧਿਆ ਤਾਂ ਆਗਜਾ ਹੋਈ ਕਿ ਬਾਹਰ ਜਾਓ, ਇਕ ਸਿਖ ਅਮਕੇ ਥਾਂ ਦੇ ਇਧਰ ਉਧਰ ਇਕ ਬ੍ਰਿਛ ਹੇਠਾਂ ਬੈਠਾ ਹੈ, ਉਸ ਦੇ ਨੈਣਾਂ ਵਿਚ ਪਾਣੀ ਹੈ, ਚਿਹਰੇ ਤੇ ਉਦਾਸੀਨਤਾ ਹੈ, ਕਦੇ ਚੁਪ ਹੁੰਦਾ ਹੈ ਕਦੇ ਆਪੇ ਨਾਲ ਆਪੇ ਗੱਲਾਂ ਕਰਦਾ ਹੈ; ਉਸ ਨੂੰ ਜਾ ਕੇ ਪਜਾਰ ਨਾਲ ਨਾਲ ਲੈ ਆ। ਸੀਸ ਨਿਵਾਕੇ ਚੋਬਦਾਰ ਚਲਾ ਗਿਆ। ਜਾਂ ਟਿਕਾਣੇ ਕੋਲ ਪਹੁੰਚਾ ਤਾਂ ਠੀਕ ਇਕ ਸਿਖ ਉਸੀ ਤਰ੍ਹਾਂ ਬੈਠਾ ਸੀ, ਨੈਣ ਬੰਦ ਸਨ ਤੇ ਕੋਈ ਕੋਈ ਕਿਸੇ ਵੇਲੇ ਹੰਝੂ

ਕਿਰਦਾ ਸੀ। ਚੋਬਦਾਰ ਮਲਕੜੇ ਬ੍ਰਿਛ ਦੇ ਮੁੱਢ ਉਹਲੇ ਜਾ ਖੜੋਤਾ ਕਿ ਅੱਖ ਖੁੱਲ੍ਹੇ ਸੁ ਤਾਂ ਅੱਗੇ ਹੋਕੇ ਹੁਕਮ ਸੁਣਾਵਾਂ, ਜੁੜੇ ਬੈਠੇ ਨੂੰ ਵਿਘਨ ਨਾ ਪਾਵਾਂ। ਪਲ ਮਗਰੋਂ ਸਿਖ ਦੇ ਮਨੋਵਾਦ ਦੀ ਆਵਾਜ਼ ਆਉਣ ਲਗ ਪਈ—ਮਨਾਂ ਸੋਚ, ਸਤਿਗੁਰ ਦਾ ਦਰ ਸਭ ਲਈ ਖੁੱਲ੍ਹਾ ਹੈ, ਸਤਿਗੁਰ ਸਿਖਾਂ ਨੂੰ ਪੁੱਤਾਂ ਵਾਂਙੂ ਪਿਆਰ ਕਰਦਾ ਹੈ, ਸਤਿਗੁਰ ਸੋਝੀ ਦੇਂਦਾ ਹੈ ਤੇ ਓਸ ਰਾਹੇ ਪਾ ਦੇਂਦਾ ਹੈ ਜਿਸ ਤੇ ਤੁਰ ਕੇ ਸਿਖ ਦਾ ਅੰਦਰ ਪ੍ਰਬੁਧ ਹੋ ਜਾਂਦਾ ਹੈ ਤੇ ਉਸ ਦੀ ਕਰਨੀ ਤੇ ਕਹਿਣੀ ਇਕ ਹੋ ਜਾਂਦੀ ਹੈ। ਇਹ ਸਤਿਗੁਰ ਕੋਈ ਮਾਯਾ ਦਾ ਪ੍ਰੇਮੀ ਹੈ ਕਿ ਕੋਈ ਸ਼ੋਭਾ ਦਾ ਲੋਭੀ ਹੈ ? ਇਹ ਤਾਂ ਸਿਖਾਂ ਤੋਂ ਆਪਾ ਵਾਰਦਾ ਤੇ ਬਲਦੀਆਂ ਬੁਝਾਉਂਦਾ ਹੈ ਆਪਣੇ ਹੱਥਾਂ ਨਾਲ। ਹੋਰ ਅਨੇਕਾਂ ਗੁਰੂ ਘਰ ਘਰ ਬੈਠੇ ਹਨ, ਸਭ ਨੂੰ ਛੱਡ ਕੇ ਏਸ ਦਰ ਡਿੱਗੇ ਸਾਂ ਕਿ ਏਥੇ ਸੱਚ ਵਰਤਦਾ ਹੈ ਤੇ ਦਾਤ ਹੁੰਦੀ ਹੈ। ਲੈਣ ਦੀ ਇੱਛਾ ਏਥੇ ਹੈ ਨਹੀਂ, ਇਹ ਤਾਂ 'ਦਾਤਾ ਦਰ' ਹੈ। ਜੇ ਅਸੀਂ ਦੁਨੀਆਂ ਦੀ ਮੈਲ-ਮਾਯਾ-ਏਥੇ ਲਿਆ ਧਰਦੇ ਹਾਂ ਤਾਂ ਉਸ ਨੂੰ ਸਫਲਾ ਦੇਂਦਾ ਹੈ ਭਲੇ ਅਰਥ ਲਾਕੇ ਆਪ ਤਾਂ ਦਾਤਾ 'ਨਿਰਾਹਾਰ ਨਿਰਵੈਰ ਸੁਖਦਾਤਾ' ਹੈ[1]। ਇਹ ਹੋ ਨਹੀਂ ਸਕਦਾ ਕਿ ਐਸੇ ਦਾਤੇ ਨੇ ਆਪਣਾ ਦਰ ਮੇਰੇ ਲਈ ਬੰਦ ਕੀਤਾ ਹੋਵੇ।... (ਚੁੱਪ)...ਮੈਂ ਕਿੰਨੀ ਵੇਰ ਗਿਆ ਚੋਬਦਾਰ ਕਹਿੰਦਾ ਹੈ ਤੇਰੇ ਲਈ ਹੁਕਮ ਨਹੀਂ। ਚੇਤੋ ਨੂੰ ਆਖਿਆ ਉਹ ਅੱਜ ਕਲ ਕਹਿ ਦੇਂਦਾ ਹੈ। ਆਖਦਾ ਹੈ: 'ਤੇਰੀ ਭੇਟ ਸਾਹਿਬ ਕਬੂਲ ਲਈ ਹੈ ਤੇ ਵਰਦਾਨ ਦਿੱਤੇ ਹਨ', ਫੇਰ ਦਰਸ਼ਨ ਕਿਉਂ ਨਹੀਂ ਹੁੰਦੇ ? ਇਹ ਦਰ ਸੱਚ ਦਾ ਹੈ ਚੋਬਦਾਰ ਕਿਉਂ ਕੂੜ ਆਖੇ ? ਚੋਬਦਾਰ ਸਿਖ ਹਨ ਸੱਚ ਦੇ ਪਜਾਰੇ ਹਨ, ਸੰਗਤਾਂ ਦੇ ਅਨੁਸਾਰੀ ਹਨ, ਚੇਤੋ ਗੁਰੂ ਕਾ ਨਿਕਟਵਰਤੀ ਹੈ।—ਤਾਂਤੇ ਮਨਾ ! ਤੇਰੇ ਵਿਚ ਹੀ ਕੋਈ ਖੋਟ ਹੈ, ਕੋਈ ਕਸਰ ਹੈ; ਹਾਂ, ਤੈਂ ਵਿਚ ਹੀ ਕੋਈ ਪਾਪ ਹੈ, ਤਦੇ 'ਸਚ ਦਾ ਪਜਾਰਾ ਗੁਰੂ' ਤੈਨੂੰ ਮੂੰਹ ਨਹੀਂ ਲਾਉਂਦਾ। ਦੇਖੋ ਰਾਹ ਖਹਿੜੇ ਬੀ ਤਾਂਘਦਾ ਰਿਹਾ ਹਾਂ, ਸੁਤੇ ਦਰਸ਼ਨ ਬੀ ਨਹੀਂ ਹੋਏ। ਹੁਣ ਮੈਂ ਕੀਹ ਕਰਾਂ ? ਨਿਰਾਸਾ ਦੇ ਕੁੱਛੜ ਚੜ੍ਹਿਆ ਜਾਨ ਸੁਕਵਾ ਲਵਾਂ?...। ਨਹੀਂ ਨਹੀਂ ਮੈਂ ਗੁਰੂ ਕਾ ਸਿਖ ਹਾਂ, ਜੇ ਮਾੜਾ ਹਾਂ ਤਾਂ ਮਾੜਾ ਸਹੀ ਗੁਰੂ ਨੂੰ ਲਾਜ ਹੈ। ਮੈਂ ਗੁਰੂ ਕਾ ਹਾਂ, ਮਹਾਰਾਜ ਦਾ ਵਾਕ ਹੈ: 'ਭਗਤ ਹੀਣੁ ਨਾਨਕੁ ਜੇ ਹੋਇਗਾ ਤਾਂ ਖਸਮੈ ਨਾਉ ਨ ਜਾਈ।' ਗੁਰੂ ਅੰਤਰਯਾਮੀ ਹੈ, ਸਿਖਾਂ ਦੇ ਸੰਕਲਪ ਵਾਚ ਲੈਂਦਾ ਹੈ ਆਪੇ; ਤਾਂ ਤੇ ਅਰਦਾਸ ਕਰ ਹੇ ਮਨ ! ਅਰਦਾਸ। ਅਰਦਾਸ ਬੀ ਬੈਠਾ ਕਿੰਨੇ ਚਿਰ ਤੋਂ ਕਰ ਰਿਹਾ ਹਾਂ, ਵਾਚ ਲਈ ਹੋਸੀ ਗੁਰੂ ਨੇ, ਸੁਣ ਲਈ ਹੋਸੀ ਦਾਤੇ ਨੇ, ਮੈਂ ਪਾਪੀ ਹਾਂ ਤਦੇ ਨਹੀਂ ਨਾ ਪਸੀਜਦਾ। ਮੈਂ ਪਾਪੀ ਮੈਂ ਪਾਪੀ...। (ਚੁਪ)...ਮਨਾਂ ਨਿਰਾਸ ਨਾ ਹੋ। ਗੁਰੂ ਘਰ ਨਿਰਾਸਾ ਨਹੀਂ ਸਿਖਾਲਦਾ। ਗੁਰੂ ਬਾਬੇ ਨੇ ਰਾਇ ਬੁਲਾਰ ਨੂੰ ਕਿਹਾ ਸੀ, ਜਦੋਂ ਆਪ ਸੁਲਤਾਨਪੁਰ ਜਾਣ ਲੱਗੇ ਸੇ-ਹੇ ਰਾਇ ! ਜਦੋਂ ਤੇਰੀ ਆਪਣੀ ਸਤਜਾ ਕੁਝ ਨਾ ਸਾਰ ਸਕੇ ਦੁਇ ਹੱਥ ਜੋੜਕੇ ਕਰਤਾਰ ਦੀ ਸ਼ਰਨੀ ਪੈ ਜਾਯਾ ਕਰ। ਹੇ ਮਨ ਪਿਆ ਰਹੁ ਸ਼ਰਨ, ਜੋੜੀ ਰੱਖ ਧਯਾਨ, ਕਰੀ ਚਲ ਅਰਦਾਸ, ਆਪੇ ਦਾਤਾ ਬਖਸ਼ੇਗਾ। ਇਹ ਕਹਿਕੇ ਸਿਖ ਦੁਇ ਹੱਥ ਜੋੜਕੇ ਨਮਸਕਾਰ ਵਿਚ ਪੈ ਗ਼ਿਆ, ਕੁਛ ਚਿਰ ਬਾਦ ਉਠਿਆ ਤੇ ਇਧਰ ਉਧਰ ਤੱਕਿਆ। ਹੁਣ ਚੋਬਦਾਰ ਨੇ ਅੱਗੇ ਹੋ ਕੇ ਆਖਿਆ: ਗੁਰੂ ਦੇ ਪਜਾਰੇ ! ਤੈਨੂੰ ਗੁਰੂ ਕਿਆਂ ਨੇ ਯਾਦ ਕੀਤਾ ਹੈ, ਆ ਮੇਰੇ ਨਾਲ ਸਿੱਖਾ! ਗੁਰੂ ਦਾ ਦਰ ਵਾਹਿਗੁਰੂ ਦਾ ਦਰ ਹੈ ਜਿਥੇ ਸਾਰੇ ਸਿਖ ਪਜਾਰੇ ਹਨ—'ਸਿਖਾਂ ਪੁਤਾਂ ਭਾਈਆ ਭਾ ਇਕੋ ਜੇਹਾ॥' ਆ ਉਦਾਸ ਨਾ ਹੋ! ਭਲਿਆ ਐਸਾ ਦਰ ਕਿਥੇ ਹੈ ਜੋ ਸਿਖ ਨੂੰ ਦੁਖਦਾਈ 'ਹਉਮੈਂ' ਤੋਂ ਛੁਡਾਕੇ ਗੁਰਮੁਖ ਬਣਾ ਦੇਂਦਾ ਹੈ, ਗੁਰਮੁਖ ਆਪ ਸੁਖੀ ਹੋ ਕੇ ਜਗਤ ਨੂੰ ਸੁਖ ਦੇਂਦਾ ਹੈ। ਸੰਸਾ ਨਾ ਕਰ ਆਪਣੇ ਤੇ; ਤੂੰ ਸੱਚ ਤੇ ਤੁਰਨ ਵਾਲਾ ਹੈਂ, ਭੁੱਲ ਚੁਕ ਗੁਰੂ ਬਖਸ਼ੇ। ਚੋਬਦਾਰ ਤੋ ਹਮਦਰਦੀ ਨਾਲ ਭਰੇ ਗੁਰੂ ਹੁਕਮ ਸੁਣਕੇ ਸਿਖ ਦਾ ਮਨ ਮਉਲ ਪਿਆ। 'ਧੰਨ ਦਾਤਾ, 'ਧੰਨ ਦਾਤਾ' ਕਰਦਾ ਉਠਿਆ, ਆਖਣ ਲਗਾ, ਗੁਰੂ ਕਿਆ! ਤੇਰੇ ਦਾਨ ਗੁਲਾਬ ! ਇਹ ਗੁਰੂ ਕਾ ਘਰ ਹੀ ਹੈ ਕਿ ਜਿਥੋਂ ਦੇ ਚੋਬਦਾਰ ਦਰਦਾਂ ਵਾਲੇ ਹਨ, ਰਾਜਸੀ ਚੋਬਦਾਰ ਹੁੰਦਾ ਤਾਂ ਖ਼ਬਰੇ ਕਿਸ ਤਰ੍ਹਾਂ ਕੂੰਦਾ। ਸ਼ਾਬਾਸ਼ ਤੇਰੇ !

ਦੋਏ ਟੁਰ ਪਏ, ਜਦ ਦਰਵਾਜ਼ੇ ਅੱਗੇ ਆਏ ਤਾਂ ਪਹਿਰੇ ਤੇ ਖੜੇ ਚੋਬਦਾਰ ਨੇ ਆਖਿਆ, ਇਸ ਸਿਖ

---

1. ਅਜ਼ ਹਰਤਾਇਤ ਵ ਅਜ਼ਹਰਖ਼ਿਦਮਤ ਬੇ-ਨਿਆਜ਼(ਰੰਜਨਾਮਹ) ਅਰਥਾਤ ਗੁਰੂ ਗੋਬਿੰਦ ਸਿੰਘ ਕਿਸੇ ਖ਼ਿਦਮਤ ਯਾ ਬੰਦਗੀ ਦੀ ਲੋੜ ਨਹੀਂ ਰਖਦਾ।

ਪਹਿਰੇ ਤੇ ਖੜੇ ਚੋਬਦਾਰ ਨੇ ਆਖਿਆ, ਇਸ ਸਿਖ ਦੇ ਅੰਦਰ ਜਾਣ ਦਾ ਹੁਕਮ ਮਨ੍ਹੇ ਹੈ।

ਨਾਲ ਆਯਾ ਚੋ:- ਕਿਸਦਾ ਹੁਕਮ ਹੈ ਮਨਾਹੀ ਦਾ ?

ਪਹਿਰੇ ਵਾਲਾ--ਮੈਨੂੰ ਚੇਤੋ ਜੀ ਨੇ ਆਖਿਆ ਹੈ ਕਿ ਇਸ ਦੇ ਅੰਦਰ ਜਾਣੇ ਦੀ ਮਨਾਹੀ ਹੈ, ਆਵੇ ਤਾਂ ਰੋਕ ਦਿਓ।

ਨਾਲ ਆਯਾ ਚੋ:-ਮੈਂ ਇਸ ਨੂੰ ਚੇਤੋ ਦੇ ਮਾਲਕ ਦੇ ਹੁਕਮ ਨਾਲ ਲੈਣ ਗਿਆ ਸਾਂ ਤੇ ਲੈ ਕੇ ਆਯਾ ਹਾਂ।

ਪਹਿਲੇ ਚੋਬਦਾਰ ਨੇ ਸੀਸ ਨਿਵਾ ਦਿੱਤਾ ਤੇ ਰਸਤਾ ਦੇ ਦਿੱਤਾ। ਹਜ਼ੂਰੀ ਵਿਚ ਹਾਜ਼ਰ ਹੋ ਕੇ ਸਿੱਖ ਨੇ ਦਰਸ਼ਨ ਕੀਤਾ। ਨਿਹਾਲ ਹੋ ਗਿਆ, ਮੱਥਾ ਟੇਕਿਆ ਤੇ ਚਕੋਰ ਨਜਾਈਂ ਨੈਣ ਚੰਦ-ਦਰਸ਼ਨਾਂ ਵਿਚ ਲਾ ਕੇ ਬਹਿ ਗਿਆ। ਦਿਲ ਨੂੰ ਆਖੇ : ਹੈ ਨਾ ਦਾਤਾ ਗੁਰੂ, ਕਿਵੇਂ ਪੀੜਾ ਪਛਾਣੀ ਸੂ ਤੇ ਕਿਵੇਂ ਮੇਰੇ ਸੰਕਲਪ ਵਾਚ ਲਏ ਸੂ ਤੇ ਆਪੇ ਸੱਦ ਲਿਆ ਸੂ। ਇੰਨੇ ਨੂੰ ਕੌਤਕੀ ਸਤਿਗੁਰ ਜੀ ਚੋਜੀ ਸੁਰ ਬਣਾ ਕੇ ਆਖਣ ਲਗੇ : ਸਿੱਖਾ ! ਮੇਰੇ ਲਈ ਕੀ ਲਿਆਇਆ ਹੈਂ ?

ਸਿਖ ਬੋਲਿਆ--ਤੇਰਾ ਦਿੱਤਾ ਖਾਂਦੇ ਪੀਂਦੇ ਹਾਂ, ਸਿਖ ਕੀ ਤੇ ਦੇਣਾ ਕੀਹ ਤੂੰ ਦਾਤਾ ਜਗ ਮੰਗਤਾ ਤੇਰੇ ਬਖਸ਼ੇ ਵਿਚੋਂ ਜੋ ਤਿਲ ਫੁਲ ਸਰਿਆ ਹਾਜ਼ਰ ਕਰ ਦਿਤਾ ਹੈ।

ਗੁਰੂ ਜੀ--ਹਾਜਰ ! ਕਦੋਂ..?

ਸਿਖ ਬੋਲਿਆ--ਜੀ, ਚੇਤੋ ਮਸੰਦ ਨੂੰ ਦਿੱਤਾ ਸੀ ਉਹ ਦੱਸਦਾ ਹੈ ਕਿ ਹਜ਼ੂਰੀ ਵਿਚ ਅਰਪਨ ਹੋ ਚੁੱਕਾ ਹੈ।

ਸਤਿਗੁਰ ਜੀ ਨੇ ਤੋਸ਼ੇਖਾਨੇ ਤੋਂ ਪਤਾ ਮੰਗਾਯਾ ਤਾਂ ਖ਼ਜ਼ਾਨਚੀ ਨੇ ਦੱਸਿਆ ਕਿ ਇਤਨੀ ਮਾਯਾ ਕਾਰ ਭੇਟ ਦੀ ਇਸ ਸਿਖ ਦੀ ਖਜ਼ਾਨੇ ਜਮ੍ਹਾਂ ਹੋ ਚੁਕੀ ਹੈ। ਤਦ ਸਿੱਖ ਨੇ ਦਸਿਆ ਕਿ ਇਕ ਹੀਰੇ ਕਣੀਆਂ ਦੀ ਜੜਤ ਦਾ ਚੂੜਾ ਸੀ ਗੈਂਡੇ ਦਾ ਬਣਿਆ ਹੋਇਆ, ਜੋ ਦੈਵ ਸੰਜੋਗ ਨਾਲ ਕਾਰੀਗਰ ਲੈ ਆਯਾ ਸੀ: ਸੋ ਮੈਂ ਗੁਰੂ ਹਜ਼ੂਰੀ ਵਿਚ ਹਾਜ਼ਰ ਕਰਨ ਲਈ ਨਾਲ ਲਿਆਯਾ ਸੀ ਸੋ ਬੀ ਚੇਤੋ ਨੂੰ ਦਿੱਤਾ ਸੀ, ਪਰ ਖ਼ਜ਼ਾਨੇ ਵਿਚ ਇਸ ਦੇ ਦਾਖ਼ਲ ਹੋਣ ਦਾ ਜ਼ਿਕਰ ਨਹੀਂ।

ਇਹ ਸੁਣਕੇ ਗੁਰੂ ਜੀ ਮੁਸਕ੍ਰਾਏ ਤੇ ਚੇਤੋ ਨੂੰ ਬੁਲਾ ਭੇਜਿਆ। ਜਦੋਂ ਕੋਈ ਗਿਣਤੀਆਂ ਕਰਦਾ ਚੇਤੋ ਆਇਆ ਤੇ ਹਾਜ਼ਰ ਹੋਇਆ, ਚੂੜੇ ਵਾਲਾ ਸਿਖ ਬੈਠਾ ਵੇਖਕੇ ਤ੍ਰਬ੍ਰਕਿਆ। ਕਵੀ ਜੀ ਲਿਖਦੇ ਹਨ:—ਗੁਰ ਮਾਯਾ

ਚੇਤੋ ਬਿਰਮਾਇਓ। ਲੋਭ ਲਹਰ ਮੈ ਗੋਤਾ
ਖਾਇਓ। ਜਿਸ ਨੇ ਬੜੇ ਬੜੇ ਡਹਿਕਾਏ। ਕਜਾ
ਬਪੁਰਾ ਚੇਤੋ ਠਹਿਰਾਏ। (ਸੂ: ਪ੍ਰ:)

ਚੇਤੋ ਨੂੰ ਦੇਖ ਕੇ ਸਿਖ ਨੇ ਆਖਿਆ ਭਾਈ ਚੇਤੋ ਜੀ ! ਜੋ ਤਿਲ ਫੁਲ ਮੈਂ ਗੁਰੂ ਚਰਨਾਂ ਵਾਸਤੇ ਲਿਆਇਆ ਸਾਂ ਤੇ ਆਪ ਨੂੰ ਦਿੱਤਾ ਸੀ ਉਹ ਤਾਂ ਖਜ਼ਾਨੇ ਪਹੁੰਚ ਗਿਆ ਹੈ ਪਰ ਚੂੜਾ ਨਹੀਂ ਪੁੱਜਾ।

ਚੇਤੋ—ਸਿਖਾ ਕਿਉਂ ਕੂੜ ਮਾਰਦਾ ਹੈਂ, ਤੂੰ ਕਿਸੇ ਹੋਰ ਨੂੰ ਦਿੱਤਾ ਹੋਣਾ ਹੈ, ਚੇਤੇ ਕਰ ਕਿਸਨੂੰ ਦਿੱਤਾ ਹਈ ? ਮੇਰੇ ਸਿਰ ਐਵੇਂ ਦੋਸ਼ ਨਾ ਲਾ ਚੂੜੇ ਦਾ ਕੂੜਾ।

ਸਤਿਗੁਰੂ—ਚੇਤੋ ! ਮੈਨੂੰ ਚੂੜੇ ਦੀ ਲੋੜ ਨਹੀਂ, ਤੈਨੂੰ ਚੰਗਾ ਲੱਗਾ ਹੈ ਤਾਂ ਤੈਨੂੰ ਹੀ ਮਿਲ ਜਾਏਗਾ, ਸਿਖ ਦੀ ਐਤਨੀ ਭਾਵਨੀ ਪੂਰਨ ਕਰ ਦੇਹ ਕਿ ਇਕ ਵੇਰੀ ਲਿਆ ਕੇ ਦਿਖਾ ਦੇਹ, ਫੇਰ ਤੈਨੂੰ ਹੀ ਦੇ ਦਿਆਂਗੇ।

ਇਹ ਸੁਣਕੇ ਚੇਤੋ ਗੁੱਸੇ ਵਿਚ ਆ ਗਿਆ, ਪਹਿਲੋਂ ਤਾਂ ਸਿਖ ਨੂੰ ਝਿੜਕਿਆ, "ਇਸ ਗੁਰੂ ਮਾਰੇ ਨੇ ਕੂੜ ਮਾਰਿਆ ਹੈ।" ਫੇਰ ਗੁਰੂ ਜੀ ਨੂੰ ਕਹਿਣ ਲੱਗ ਪਿਆ ਕਿ "ਆਪ ਸਾਨੂੰ ਚੋਰ ਸਮਝਦੇ ਹੋ ਤੇ ਇਸ ਕੀਰ ਸਿਖ ਨੂੰ ਸਾਧ ਸਮਝਦੇ ਹੋ। ਇਸ ਸਾਕਤ ਨੂੰ, ਇਸ ਝੂਠੇ ਨੂੰ, ਇਸ ਮਤਿ ਮਾਰੇ ਨੂੰ ਚੰਗਾ ਸਮਝਦੇ ਹੋ ਤੇ ਸਾਨੂੰ ਮਾੜਾ, ਜੋ ਸਾਰੀ ਮਾਯਾ ਅਸੀਂ ਲਿਆਉਂਦੇ ਤੇ ਭੇਟਾ ਕਰਦੇ ਹਾਂ, ਸਭ ਕੁਛ ਖ਼ਜ਼ਾਨੇ ਅਰਪਦੇ ਹਾਂ। ਦੇਸ਼ ਪ੍ਰਦੇਸ਼ ਸਾਡੀ ਪਤ ਹੈ, ਆਪ ਕਦਰ ਨਹੀਂ ਪਾਉਂਦੇ, ਝੂਠ ਸੱਚ ਦੀ ਪਰਖ ਨਹੀਂ ਕਰਦੇ, ਐਵੇਂ ਕੋਸਣ ਲਗ ਪੈਂਦੇ ਹੋ। ਸਾਰੇ ਕੰਮ ਅਸੀਂ ਸੁਧਾਰਦੇ ਹਾਂ, ਦੇਖੋ ! ਬੁਲਾਓ ਖਜ਼ਾਨਚੀ ਨੂੰ, ਜੋ ਕੁਛ ਇਸ ਨੇ ਮੈਨੂੰ ਦਿਤਾ ਮੈਂ ਜਮ੍ਹਾਂ ਕਰਵਾ ਦਿੱਤਾ ਹੈ ਖਜ਼ਾਨੇ ਕਿ ਨਹੀਂ ? ਚੂੜਾ ਜਾਂ ਦਿੱਤਾ ਨਹੀਂ ਜਾਂ ਕਿਸੇ ਹੋਰਸ ਨੂੰ ਦੇ ਬੈਠਾ ਹੈ, ਕੰਗਲਾ ਮੱਥੇ ਮੇਰੇ ਮੜ੍ਹਦਾ ਹੈ। ਜਿਥੇ ਮੈਂ ਸਾਰੀ ਮਾਯਾ ਜਮ੍ਹਾਂ ਕਰਵਾਈ ਸੀ ਚੂੜਾ ਮੈਂ ਸਿਰ ਮਾਰਨਾ ਸੀ।" ਤਦ ਗੁਰੂ ਜੀ ਬੋਲੇ—ਚੇਤੋ ! ਹੋਸ਼ ਕਰ, ਤੈਨੂੰ ਦਸਾਂ ਸੱਚ ਝੂਠ ਦੇ ਨਿਤਾਰਨ ਦੀ ਜਾਚ ਮੈਨੂੰ ਹੈ ਕਿ ਨਹੀਂ ? ਤੁਸਾਡੀ ਦਰੁਸਤ ਕੀਮਤ ਪਾ ਸਕਦਾ ਹਾਂ ਕਿ ਨਹੀਂ, ਇਹ ਕਰਕੇ ਦਿਖਾਵਾਂ ? ਨਹੀਂ ਤਾਂ ਸੱਚ ਬੋਲ ਦੇਹ।"

ਚੇਤੋ ਬੋਲਿਆ—ਆਪ ਜ਼ੋਰਾਵਰੀਆਂ ਕਰਦੇ ਹੋ, ਦੇਵੀ ਕੇਹੀ ਆਈ, ਸਾਡੇ ਭਾ ਦਾ.....।

ਹੁਕਮ ਦਿੱਤਾ : ਜਾਓ ਚੇਤੋ ਦੇ ਘਰ ! ਧੁਰ ਉਪਰਲੇ ਚੁਬਾਰੇ ਤੇ ਚੜ੍ਹ ਜਾਓ, ਉਸ ਵਿਚ ਤਾਕੀ ਹੈ, ਜੰਦਰਾ ਤੋੜ ਦਿਓ ਤੇ ਉਸ ਵਿਚ ਇਕ ਜੜਾਊ ਚੂੜਾ ਹੈ, ਕੱਢ ਲਿਆਓ। ਸਿਖ ਟੁਰ ਗਏ, ਪਰ ਚੇਤੋ ਨਿਮੋਝਾਣ ਹੋ ਗਿਆ, ਹੁਣ ਅਹੁੜਦੀ ਨਹੀਂ। ਮੰਦੇ ਕੰਮਾਂ ਦਾ ਅੰਤ ਇਹੋ ਹੁੰਦਾ ਹੈ ਕਿ ਓਹ ਅੰਤ ਆਦਮੀ ਨੂੰ ਕਿਸੇ ਨੁੱਕਰੇ ਫਸਾ ਦੇਂਦੇ ਹਨ, ਜਿਥੋਂ ਨਿਕਲਣਾ ਨਹੀਂ ਹੋ ਮਕਦਾ। ਥੋੜੇ ਚਿਰ ਮਗਰੋਂ ਸਿਖ ਆ ਗਏ ਤੇ ਚੂੜਾ ਪੇਸ਼ ਕੀਤਾ। ਗੁਰੂ ਜੀ ਨੇ ਸਿਖ ਨੂੰ ਦਿਖਾਕੇ ਪੁੱਛਿਆ : ਇਹੋ ਹੈ ? ਉਸ ਕਿਹਾ : ਜੀ ਹਾਂ ਇਹੋ ਹੈ। ਸਿਖ ਵਲ ਤਾਂ ਆਪ ਨੇ ਮਿਹਰ ਤੇ ਪਜਾਰ ਨਜ਼ਰ ਨਾਲ ਡਿੱਠਾ, ਪਰ ਚੇਤੋ ਵਲ ਝਿੜਕਵੇ ਨੈਣਾਂ ਨਾਲ ਤੱਕੇ ਤੇ ਬੋਲੇ; ਚੇਤੋ ! ਨਾਲੇ ਚੋਰ ਨਾਲੇ ਚਤੁਰ। ਹੁਣ ਦੱਸ, ਮੇਰਾ ਸਿਖ ਝੂਠਾ ਹੈ ਕਿ ਤੂੰ ? ਮੇਰਾ ਸਿਖ ਸਾਕਤ ਹੈ ਕਿ ਤੂੰ ? ਮਤ ਮੇਰੇ ਸਿਖ ਦੀ ਮਾਰੀ ਗਈ ਕਿ ਤੇਰੀ ? ਕਦਰ ਮੈਂ ਨਹੀਂ ਪਾਈ ਤੁਸਾਡੀ ਕਿ ਤੁਸਾਂ ਨਹੀਂ ਸਿਞਾਤਾ ਮੈਨੂੰ ਤੇ ਮੇਰੇ ਉਸ ਮਹਾਨ ਕੰਮ ਨੂੰ ਜਿਸ ਲਈ ਮੈਂ ਜਨਮ ਧਾਰਕੇ ਜਗਤ ਆਯਾ ਹਾਂ[1]।

ਇਸ ਪ੍ਰਕਾਰ ਮਸੰਦਾਂ ਦੇ ਪਰਤਾਵੇ ਕਰ ਕੇ ਮਸੰਦ ਤਜਾਗ ਦਿੱਤੇ ਤੇ ਸਿਖੀ ਨੂੰ ਸਿਧਾ ਆਪਣੇ ਨਾਲ ਟੋਰਨੇ ਦਾ ਵੀਚਾਰਿਆ।[2]

(ਛੇਵਾਂ ਪਰਤਾਵਾ-ਸਿਖੀ)

ਗੁਰੂ ਜੀ ਨੇ ਜੋ ਮਹਾਨ ਕੰਮ ਕਰਨ ਲਈ ਵੀਚਾਰਿਆ ਸੀ, ਉਸ ਲਈ ਪਰਤਾਵੇ ਲੈ ਰਹੇ ਸਨ ਕਿ ਕਿਸ ਪਾਸਿਓਂ ਮਦਦ ਮਿਲੇਗੀ ਤੇ ਕਿਸ ਪਾਸਿਓਂ ਮੁਖ਼ਾਲਫਤ ਹੋਵੇਗੀ! ਇਹ ਸਭ ਤੋਂ ਮੁਖੀ ਮਸੰਦ ਸੀ, ਇਹਦਾ ਪਾਜ ਖੁਲ੍ਹ ਗਿਆ। ਇਸ ਤੋਂ ਮਗਰੋਂ ਹੋਰ ਬੀ ਦੇਖੇ। ਅੰਤ ਵਿਚ ਆਪ ਇਸੇ ਸਿੱਟੇ ਤੇ ਪਹੁੰਚੇ ਕਿ ਇਨ੍ਹਾਂ ਵਿਚ ਲੋਭ ਲਹਿਰ ਘਰ ਕਰ ਗਈ ਹੈ, ਮਾਯਾ ਦਾ ਪ੍ਰੇਮ ਇਨ੍ਹਾਂ ਦੀ ਸਿਖੀ ਨੂੰ ਉੱਲੀ ਲਾ ਗਿਆ ਹੈ, ਏਹ ਹੁਣ ਕੰਮ ਨਹੀਂ ਆ ਸਕਦੇ। ਚਾਹੋ ਵਿਚ ਕੋਈ ਖਰਾ ਬੀ ਹੈ, ਪਰ ਉਹ ਬਹੁਤ ਥੋੜੇ ਹਨ। ਮਸੰਦਾਂ ਨੂੰ ਪਰਤਾਕੇ ਸਤਿਗੁਰ ਨੇ ਪਰਦਾ ਨਹੀਂ ਪਾਯਾ। ਜਿਵੇਂ ਕੇਸ਼ੋ ਦਾਸ ਆਦਿ ਦੇ ਪਰਤਾਵੇ ਤੇ ਸੱਚੇ ਵਾਕ ਕਹੇ, ਜਿਵੇਂ ਜੋਗੀ ਸੰਨਯਾਸੀ ਪਰਖ ਕੇ ਵਾਕ ਕੀਤੇ, ਓਸੇ ਤਰ੍ਹਾਂ ਮਸੰਦਾਂ ਨੂੰ ਪਰਖ ਕੇ ਏਹ ਵਾਕ ਉਚਾਰੇ:—ਜੇਕਰ ਕੋਊ ਮਸੰਦਨ ਸੌਂ, ਕਹੈਂ "ਸਰਬ ਦਰਬਿ ਲੈ ਮੋਹਿ ਅਬੈਦੈ।" ...ਜੌ ਕਰ ਸੇਵ ਮਸੰਦਨ ਕੀ ਕਹਿੰ—" ਆਨਪ੍ਰਸਾਦਿ ਸਭੈ ਮੁਹਿ ਦੀਜੈ। ਜੋ ਕੁਛ ਮਾਲ ਤਵਾਲਯ ਸੋ ਅਬਹੀ ਉਠ ਭੇਟ ਹਮਾਰੀ ਹੀ ਕੀਜੈ। ਮੇਰੋ ਹੀ ਧਜਾਨ ਧਰੋ ਨਿਸ ਬਾਸੁਰ ਭੂਲਕੇ ਔਰ ਕੋ ਨਾਮ ਨ ਲੀਜੈ। ਦੀਨੇ ਕੋ ਨਾਮ ਸੁਨੇ ਭਜ ਰਾਤਹਿ ਲੀਨੇ ਬਿਨਾ ਨਹਿ ਨੈਕ ਪ੍ਰਸੀਜੈ।"

ਮਸੰਦਾਂ ਦੀਆਂ ਪਰਖਣਾਂ ਤੋਂ ਬਾਦ ਗੁਰੂ ਜੀ ਨੇ ਇਨ੍ਹਾਂ ਤੋਂ ਸਾਰੀ ਆਸ ਚੁਕਾ ਦਿੱਤੀ ਤੇ ਪੰਥ ਵਿਚੋਂ ਕੱਢ ਦੇਣ ਦੀ ਠਾਣ ਲਈ। ਇਹ ਕੰਮ ਬੜਾ ਔਖਾ ਸੀ, ਕਿਉਂਕਿ ਸਾਰਾ ਪ੍ਰਬੰਧ ਇਨ੍ਹਾਂ ਦੇ ਹੱਥ ਵਿਚ ਸੀ। ਬਾਕੀ ਸੰਗਤ ਸੀ ਜਿਸਦੀ ਸਤਿਗੁਰ ਤੇ ਟੇਕ ਸੀ। ਆਪ ਨੂੰ ਪਤਾ ਸੀ ਨਵਾਂ ਗੁਰੂ ਸਾਹਿਬਾਂ ਦੀਆਂ ਘਾਲਣਾ ਨਾਲ ਸਿਖੀ ਵਿਚ ਨਾਮ ਹੈ, ਬਾਣੀ ਦਾ ਪ੍ਰੇਮ ਹੈ, ਸਿਖੀ ਵਿਚ ਵਾਹਿਗੁਰੂ ਦਾ ਸਿਦਕ ਭਰੋਸਾ ਹੈ, ਸਿਖੀ ਵਿਚ ਸੱਚ ਹੈ, ਸੱਚ ਦਾ ਵਰਤਾਉ ਹੈ, ਪਰਸਪਰ ਪ੍ਰੇਮ ਹੈ, ਕੁਰਬਾਨੀ ਦਾ ਮਾਦਾ ਹੈ, ਪਰ ਆਪ ਚਾਹੁੰਦੇ ਸੀ ਕਿ ਜੋ ਜਾਚ ਛੇਵੇਂ ਸਤਿਗੁਰਾਂ ਨੇ ਸਿਖਾਈ ਸੀ ਕਿ 'ਮਰੀਦਾ ਕੀਕੂੰ ਹੈ' ਉਹ ਜਾਚ ਹੁਣ ਨਿਰੀ ਆਪਣੀ ਸੈਨਾਂ ਵਿਚ ਹੀ ਨਾ ਰਹੇ ਪੰਥ ਵਿਚ ਪਰਵਿਰਤ ਹੋ ਜਾਵੇ, ਪਰ ਇਥੇ ਬੀ ਆਪ ਦੇ ਮਹਾਨ ਆਤਮਾ ਨੇ ਪਰਤਾਵਾ ਕਰਨਾ ਜ਼ਰੂਰੀ ਜਾਤਾ। ਜੈਸਾ ਕਿ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—"ਪੁਨ ਸੋਧਨ ਸੰਗਤਿ ਗੁਰ ਚਾਹਤ। ਪਰਖਨਿ ਸਿਖੀ ਬੀਚ ਓਮਾਟਤ। ਖੋਜਨ ਕਰਿ ਕੈ ਪੰਥ ਚਲਾਵਨ। ਅਜਬ ਖਾਲਸਾ ਕਰੌਂ ਉਪਾਵਨ। ਰਿਦੈ ਮਨੋਰਥ ਕੋ ਧਰਿ ਐਸੇ। ਚਿਤਵਤਿ ਸ੍ਰੀ ਸਤਿਗੁਰ ਬਿਧਿ ਤੈਸੇ।" ਇਸ ਮਨੋਰਥ ਸਿੱਧੀ ਲਈ ਆਪ ਜੀ ਨੇ ਪ੍ਰਵਾਨੇ ਜ਼ਾਰੀ ਕਰਵਾਏ ਕਿ ਵੈਸਾਖੀ ਪਰ ਸੰਗਤਾਂ ਸਭ ਦੇਸ਼ ਦੇਸ਼ਾਂਤ੍ਰਾਂ ਤੋਂ ਆਉਣ। ਤਦੋਂ ਸੰਮਤ ੧੭੫੬ ਬਿ: (੧੬੯੯ ਈ:) ਸੀ।

ਸੰਗਤਾਂ ਆ ਗਈਆਂ, ਇਕ ਦਿਨ ਇਕ ਦੀਵਾਨ ਸਜ ਰਿਹਾ ਸੀ, ਵਿਚ ਸ੍ਰੀ ਗੁਰੂ ਜੀ ਬਿਰਾਜ ਰਹੇ ਸਨ।

1. ਤਵਾ: ਖਾ: ਵਿਚ ਲਿਖਿਆ ਹੈ ਕਿ ਜਦ ਚੇਤੋ ਨੂੰ ਦੰਡ ਦੀ ਆਗਿਆ ਹੋਈ ਤਾਂ ਉਸ ਦੀ ਵਹੁਟੀ ਨੇ ਮਾਤਾ ਜੀ ਦੇ ਚਰਨ ਫੜ ਲਏ; ਭਾਵੇਂ ਮਾਤਾ ਜੀ ਨੇ ਉਸ ਦੀ ਇਸਤ੍ਰੀ ਤੇ ਦਇਆ ਕਰਕੇ ਚੇਤੋ ਨੂੰ ਗੁਰੂ ਜੀ ਤੋਂ ਛੁਡਵਾ ਦਿੱਤਾ ਪਰ ਤਾੜਨਾ ਸਭ ਮਸੰਦਾਂ ਨੂੰ ਹੋਈ। 2. ਮਸੰਦਾਂ ਦੇ ਪਰਤਾਵੇ ਹੋਏ ਉਨ੍ਹਾਂ ਦੇ ਦੰਡਾਂ ਬਾਬਤ ਕਈ ਕਰੜੇ ਮਾਜਰੇ ਜ਼ੁਬਾਨੀ ਟੁਰ ਪਏ ਤੇ ਲਿਖੇ ਗਏ ਪਰ ਸਭ ਤੋਂ ਪੁਰਾਤਨ ਗ੍ਰੰਥ ਵਿਚ ਕੇਵਲ ਇਸ ਪ੍ਰਕਾਰ ਲਿਖਿਆ ਹੈ:-

ਤਦ ਮਸੰਦ ਪ੍ਰਭ ਏਕ ਜਪ ਯਹਿ ਬਿਬੇਕ ਤਹਾ ਕੀਨ।। ਸਤਿਗੁਰ ਸੋ ਸੇਵਕ ਮਿਲੇ ਨੀਰ ਮੱਧ ਜਜੋਂ ਮੀਨ।। (ਗੁਰ ਸੋਭਾ

ਜਦ ਸਾਰਾ ਦੀਵਾਨ ਭਰ ਗਿਆ ਤਾਂ ਆਪ ਨੇ ਹੱਥ ਫੜਿਆ ਤੀਰ ਭੱਥੇ ਪਾਯਾ, ਤਲਵਾਰ ਖਿੱਚ ਲਈ ਤੇ ਖੜੇ ਹੋ ਕੇ ਬੋਲੇ "ਓ ਮੇਰੇ ਸਦਾਵਣ ਵਾਲਿਓ ! ਆਓ, ਸੀਸ ਭੇਟ ਦਿਓ। ਮੈਨੂੰ ਤੁਹਾਡੇ ਸੀਸਾਂ ਦੀ ਲੋੜ ਹੈ, ਆਓ ਮੇਰੀ ਤਲਵਾਰ ਦੀ ਭੇਟ ਆਪਾ ਕਰ ਦਿਓ ! ਮੇਰੀ ਪਿਆਰੀ ਸੰਗਤ ਜੀ ! ਕੋਈ ਮੇਰਾ ਐਸਾ ਅਤਿ ਪ੍ਰੇਮੀ ਸਿਖ ਹੈ ਜੋ ਆਪਣਾ ਸੀਸ ਭੇਟਾ ਦੇ ਸਕੇ ? ਹਾਂ, ਕੋਈ ਐਸਾ ਕੰਮ ਹੈ ਕਿ ਉਸ ਲਈ 'ਸੀਸ ਭੇਟ' ਦੀ ਲੋੜ ਹੈ।" ਇਹ ਕਹਿ ਕੇ ਸੂਤੀ ਤਲਵਾਰ ਤੇ ਨਜ਼ਰ ਟਿਕਾ ਲਈ ਤੇ ਸੰਗਤ ਵਿਚ ਹਲਚਲੀ ਮਚ ਗਈ। ਇਕ ਦੂਏ ਦੇ ਮੂੰਹ ਵਲ ਤੱਕਣ, ਸੋਚਣ, ਵਿਚਾਰਨ, ਉਮਲਣ, ਫੇਰ ਸੋਚੀਂ ਪੈਂ ਜਾਣ। ਗੁਰੂ ਜੀ ਵਲ ਤੱਕਣ ਤਾਂ ਤੱਕਿਆ ਨਾ ਜਾਵੇ, ਐਸਾ ਕੋਈ ਤੇਜ ਚਮਕ ਰਿਹਾ ਦਿੱਸੇ। ਆਪ ਫਿਰ ਦੂਜੀ ਵਾਰ ਗਰਜ ਕੇ ਬੋਲੇ—"ਹੈ ਕੋਈ ਸਿਖ ! ਦੇਹ ਦਾ ਪਯਾਰ ਤਯਾਗਕੇ ਜੋ ਆਪਣੇ ਆਪ ਦਾ ਦਾਨ ਦੇ ਦੇਵੇ ?"

ਆਹ ! ਕੌਣ ਨਿੱਤਰੇ ? ਲੋਕੀ ਆਖਦੇ ਹਨ :- "ਅਗੇ ਤਾਂ ਮਸਤ ਕਮਲਾ ਸੀ : ਹੁਣ ਸ਼ੋਰੀ ਕਮਲਾ ਹੋ ਗਿਆ ਹੈ।" ਹਾਂ ਸ਼ੋਕ, ਹੇ ਜਗਤ ! ਤੂੰ, ਜਿਸ ਦੇ ਲਈ ਸੁਹਣਿਆਂ ਦਾ ਸੁਲਤਾਨ ਤਲਵਾਰ ਸੂਤੀ ਖੜਾ ਹੈ--ਤੂੰ ਉਸ ਨੂੰ ਸ਼ੋਰੀ ਕਮਲਾ ਆਖਦਾ ਹੈਂ। ਆਖ, ਤੇਰੀ ਰਵਸ਼ ਇਹੋ ਹੈ, ਪਰ ਦਾਤੇ ਨੇ ਤੇਰਾ ਰੋਗ ਕੱਟਣਾ ਹੈ।

'ਦਿਲ ਜ਼ੋਰ' ਜੀ ਹੁਣ ਫੇਰ ਲਲਕਾਰਦੇ ਹਨ ਤੇ ਸਿਰ ਮੰਗਦੇ ਹਨ :- "ਕੋਈ ਹੈ ?"

ਸੰਗਤਾਂ ਵਿਚ ਚੁਪ ਤੇ ਸਤੰਭ ਅਵਸਥਾ ਛਾ ਰਹੀ ਸੀ, ਅਕਲ ਕੰਮ ਨਹੀਂ ਸੀ ਕਰਦੀ। 'ਨਾਂਹ' ਕੀਤੀ ਨਹੀਂ ਸੀ ਜਾਂਦੀ, ਸਿਖੀ ਰਹੁਰੀਤੀ ਦੇ ਉਲਟ ਸੀ ਹਾਂ ਕੀਤੀ ਨਹੀਂ ਸੀ ਜਾਂਦੀ, ਪ੍ਰਾਨ ਅਤਿ ਪਯਾਰੇ ਹਨ। 'ਦੇਵੀ ਪੁੱਠੀ ਪੈ ਗਈ ਹੈ' ਇਹ ਖਯਾਲ ਮਸੰਦਾਂ ਨੇ ਸਿਖੀ ਵਿਚ ਬਹੁਤ ਪਰਵਿਰਤ ਕਰ ਰਖਿਆ ਸੀ। ਸੋਚਦੇ ਸਨ : ਸਿਰ ਲੈ ਕੇ ਕੀਹ ਕਰਨਗੇ, ਮਸੰਦ ਸੱਚੇ ਹਨ ਜੋ ਕਹਿੰਦੇ ਹਨ ਕਿ ਦੇਵੀ ਹੀ ਪੁਠੀ ਪਈ ਹੈ। ਫੇਰ ਸੋਚ ਫੁਰੀ; ਗੁਰੂ ਪੂਰਾ ਹੈ, ਦਾਨਾ ਹੈ, ਦਾਤਾ ਹੈ, ਪ੍ਰੇਮ ਹੈ, ਭੁੱਲ ਕਦੇ ਨਹੀਂ ਕਰ ਸਕਦਾ। ਐਸੀ ਦੁਚਿਤਾਈ ਅਖ਼ੀਰ ਸਤੰਭ ਕਰ ਦੇਂਦੀ ਸੀ ਕਿ ਇੰਨੇ ਵਿਚ ਲਾਹੌਰ ਦਾ ਇਕ ਖਤ੍ਰੀ ਸਿਖ, ਜੋ ਗੁਰੂ ਘਰ ਦੀ ਅਨੁਭਵੀ ਵਿਦਯਾ ਦੇ ਸਿਵਾ ਵੇਦਾਂਤੇ ਤੇ ਜੋਗ ਮਤ ਦਾ ਗਯਾਤਾ ਸੀ, ਉਠਿਆ, ਇਹ ਸੋਚਦਾ ਕਿ ਸਰੀਰ ਤਾਂ ਰਹਿਣਾ ਨਹੀਂ, ਆਤਮਾ ਮਰਨਾ ਨਹੀਂ, ਸਰੀਰ ਵਰਗੀ ਨਾਸ਼ਵਾਨ ਸ਼ੈ ਗਯਾਨ ਭਗਤੀ ਦਾ ਦਾਤਾ ਗੁਰੂ ਮੰਗਦਾ ਹੈ, ਐਸਾ ਸਮਾਂ ਫੇਰ ਕਦ ਲੱਭਣਾ ਹੈ, ਸਫਲ ਕਰ ਜਨਮ, ਇਹ ਮਿੱਟੀ ਦੀ ਹਾਂਡੀ ਨੂੰ ਫੋੜ ਦੇਹ ਦਾਤੇ ਦੇ ਚਰਨਾਂ ਵਿਚ। ਇਉਂ ਅਮਰ ਭਾਵਨਾਂ ਵਿਚ ਆ ਕੇ ਸਿਖ ਸਿਰ ਨੁਛਾਵਰ ਕਰਨ ਲਈ ਅੱਗੇ ਹੋਇਆ।

'ਸਿਰ ਸਿਖ ਦੀ ਹੈ ਤੂੰਬੜੀ ਤੂੰ ਅੰਮ੍ਰਿਤ ਦੀ ਖਾਣ।
ਰੀਝੇਂ ਜੇ ਸਿਰ ਲੀਤਿਆਂ, ਲੈ ਮੇਰੇ ਸੁਲਤਾਨ !'

'ਦਿਲ-ਜ਼ੋਰ', ਜੀ ਸਿਰ ਭੇਟ ਦੇਣ ਵਾਲੇ ਨੂੰ ਬਾਹੋਂ ਖਿੱਚ, ਤੰਬੂ ਵਿਚ ਲੈ ਗਏ, ਲਹੂ ਨ੍ਹਾਤੀ ਤਲਵਾਰ ਚਮਕਾਉਂਦੇ ਫੇਰ ਬਾਹਰ ਆਏ।

ਸਿਖਾਂ ਨੇ ਲਹੂ ਭਰੀ ਤਲਵਾਰ ਤੱਕ ਲਈ ਤੇ ਸਿਖ ਮਾਰਿਆ ਗਿਆ ਜਾਣ ਗਏ। ਹੁਣ ਪਹਿਲੀਆਂ ਸੋਚਾਂ ਉਤੇ ਡਰ ਵਧੇਰੇ ਛਾ ਗਿਆ, ਸੰਸੇ ਦੇ ਬਦਲਾਂ ਵਾਲੇ ਅਕਾਸ਼ ਤੇ ਭੈ ਦੀਆਂ ਹੋਰ ਕਾਲੀਆਂ ਘਟਾਂ ਛਾ ਗਈਆਂ। ਆਪ ਫੇਰ ਆ ਖੜੋਤੇ, ਫੇਰ ਲਲਕਾਰੇ, ਹੁਣ ਸੁਰ ਵਧੇਰੇ ਗਰਜਵੀਂ ਸੀ, ਤ੍ਰੈ ਵੇਰ ਫੇਰ ਉਸੀ ਤਰ੍ਹਾਂ ਸੀਸ ਦੀ ਮੰਗ ਪਾਈ। ਆਹ ਸੀਸ ! ਖਿਲਬਲੀ ਮਚਦੀ ਹੈ।... ਕਮਲਾ ਹੋ ਗਿਆ...। ਗੁਰੂ ਨਾਨਕ ਦੀ ਗੱਦੀ ! ਹੈਂ ਸੀਸ...। ਪਰ ਔਹ ਦੇਖੋ ਇਕ ਹੋਰ ਗਰੀਬ ਪਰ ਮਜ਼ਬੂਤ ਸੂਰਤ ਕਮਲਾ ਆਖਣ ਵਾਲਿਆਂ ਵਿਚੋਂ ਉਠ ਤੁਰੀ, ਅੱਗੇ ਵਧੀ, ਤਲਵਾਰ ਦੇ ਵਾਰ ਦੇ ਘੇਰੇ ਵਿਚ ਜਾ ਖੜੋਤੀ:

'ਜਿਸ ਦਿਨ ਸੀਸ ਨਿਵਾਇਆ, ਭੇਟਾ ਹੋ ਗਿਆ
ਸੀਸ। ਦਿਤਾ ਹੋਇਆ ਕੀਹ ਦਿਆਂ ? 'ਤੇਰਾ'
ਇਹੋ ਜਗਦੀਸ਼ !'

'ਦਿਲ-ਜ਼ੋਰ' ਜੀ ਇਸਨੂੰ ਫੜਕੇ ਅੰਦਰ ਲੈ ਗਏ, ਪਹਿਲੇ ਸਿਖ ਦਇਆ ਰਾਮ ਦੇ ਪਾਸ ਇਸ ਧਰਮ ਦਾਸ ਨੂੰ ਬਿਠਾ ਦਿਤਾ ਤੇ ਲਹੂ ਰੰਗੀ ਭਗਵਤੀ ਚਮਕਾਉਂਦੇ ਫੇਰ ਬਾਹਰ ਆ ਖੜੇ ਹੋਏ ਤੇ ਤੀਸਰੀ ਵੇਰ ਫੇਰ ਸਿਰ ਦੀ ਮੰਗ ਕੀਤੀ।

ਸੰਗਤਾਂ ਵਿਚੋਂ ਹੁਣ ਕੁਛ ਮਸੰਦ ਸਹਿਜੇ ਸਹਿਜੇ ਤਿਲਕ ਗਏ ਸਨ ਤੇ ਮਾਤਾ ਜੀ ਪਾਸ ਜਾ ਫਰਯਾਦੀ ਹੋਏ। ਮਾਤਾ ! ਦੇਵੀ ਪੁੱਠੀ ਪੈ ਗਈ, ਗੁਰੂ ਕੇ ਬਾਵਲੇ ਹੋ ਗਏ; ਇਨ੍ਹਾਂ ਨੂੰ ਘਰ ਵਿਚ ਬੰਦ ਕਰਕੇ ਪਹਿਰੇ ਹੇਠ ਰਖੋ ਤੇ ਗੱਦੀ ਪਰ ਪੋਤ੍ਰੇ ਨੂੰ ਬਿਠਾਓ ਤਾਂ ਗੁਰੂ

ਘਰ ਦੀ ਕਾਰ ਚੱਲੇਗੀ। ਮਾਤਾ ਜੀ ਨੇ ਸੁਣਕੇ ਇਕ ਦਾਸ ਨੂੰ ਠੀਕ ਖ਼ਬਰ ਲਿਆਉਣ ਲਈ ਘੱਲਿਆ। ਉਧਰ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਗੁਰੂ ਕਿਆਂ ਨੂੰ ਕੁਛ ਹੋ ਗਿਆ ਹੈ, ਆਪਣੇ ਸਿੱਖਾਂ ਦੇ ਸਿਰ ਵੱਢੀ ਜਾਂਦੇ ਹਨ। ਪਰ ਦਿਲਜ਼ੋਰ ਜੀ ਆਪਣਾ ਕੰਮ ਉਸੇ ਅਹਿੱਲ ਰੰਗ ਵਿਚ ਕਰ ਰਹੇ ਹਨ। ਤੀਜੀ ਵੇਰ ਫੇਰ ਆ ਕੇ ਲਲਕਾਰੇ: 'ਇਕ ਸੀਸ ! ਕੋਈ ਸਿਖ ਸੀਸ ਭੇਟਾ ਕਰੇ।' ਤ੍ਰੈ ਵੈਰ ਦੀ ਪੁਕਾਰ ਮਗਰੋਂ ਮੁਹਕਮ ਨਾਮ ਦਾ, ਜਾਤ ਦਾ ਨਾਮਾਬੰਸੀ, ਦ੍ਵਾਰਕਾ ਦਾ ਵਾਸੀ ਇਕ ਸਿਖ ਉਠਿਆ ਤੇ ਆ ਸਿਰ ਨਿਹੁੜਾਕੇ ਸੀਸ ਪੇਸ਼ ਕੀਤਾ। 'ਪਾਤਸ਼ਾਹ ! ਲਓ ਸੀਸ' ਤੇ ਛਿਮਾ ਕਰੋ ਜੋ ਐਤਨੀ ਦੇਰ ਲਾਕੇ ਤੇਰਾ ਦਿੱਤਾ ਤੈਨੂੰ ਅਰਪਨ ਆਯਾ ਹਾਂ।

'ਤੇਰੀ ਧੁਰੋਂ ਅਮਾਨ, ਜੋ ਕੁਛ ਮੇਰੇ ਪਾਸ ਹੈ।
ਮਿਲਦਾ ਸੁੱਖ ਮਹਾਨ ਮਾਲ ਅਮਾਨਤ ਦਿੱਤਿਆਂ।'

ਇਸ ਸਿਰ-ਨੁਛਾਵਰੀਏ ਨੂੰ ਬੀ ਤੰਬੂ ਦੇ ਅੰਦਰ ਲੈ ਗਏ, ਫੇਰ ਧੂਈ ਤਲਵਾਰ ਲੈ ਕੇ ਬਾਹਰ ਆਏ ਤੇ ਗੱਜ ਕੇ ਬੋਲੇ: "ਇਕ ਹੋਰ"।

ਹੁਣ ਹੋਰ ਸਹਿਮ ਛਾ ਗਿਆ। ਪਰ ਫੇਰ ਇਕ ਸੂਰਤ ਨਿਕਲੀ, ਨੈਣਾ ਵਿਚ ਲਾਲੀ ਤੇ ਲਾਲੀ ਵਿਚ ਖੁਸ਼ਹਾਲੀ, ਸੂਰਤ[1] ਅੱਗੇ ਆਈ ਤੇ ਝੁਕ ਗਈ:-

'ਨਿਉਂਕੇ ਸਿਰ ਜਗ ਆਇਆ ਝੁਕਿਆ ਦ੍ਵਾਰੇ ਦ੍ਵਾਰ॥
ਏ ਵਡਭਾਗੀ ਜੋ ਝੁਕੇ ਅਗੇ ਤੈਂ ਤਲਵਾਰ।'

'ਦਿਲ-ਜ਼ੋਰ' ਜੀ ਇਸ ਨੂੰ ਵੀ ਤੰਬੂ ਵਿਚ ਛਿੱਕ ਕੇ ਲੈ ਗਏ ਤੇ ਲਾਲ ਅੰਗਾਰੇ ਨੇਤ੍ਰੀਂ ਫੇਰ ਆ ਕੇ ਬੋਲੇ "ਕੋਈ ਹੋਰ ਨਿਤਰੇਗਾ ?"

ਜਦ ਚਾਰ ਸਿਖ ਮਾਰੇ ਗਏ ਸੰਗਤ ਨੇ ਲਖ ਲਏ ਤਾਂ ਮਰੋਣੀ ਛਾ ਗਈ। ਦੂਰ ਦੂਰ ਵਾਲਿਆਂ ਵਿਚੋਂ ਦਬੇ ਪੈਰੀਂ ਖਿਸਕੰਤ ਸ਼ੁਰੂ ਹੋ ਗਈ। ਕਈ ਸਤੰਭ ਹੋਏ ਬੈਠੇ ਰਹੇ, ਕਈ ਲਾਜ ਦੇ ਮਾਰੇ ਨਾ ਉਠੇ, ਪਰ ਬਹੁਤੇ ਦੁਚਿਤਾਈ ਵਿਚ ਸਜੇ ਰਹੇ। ਕਦੇ ਚਿਤ ਕਹੇ ਗੁਰੂ ਸਰਵੱਗ ਹੈ, ਅਭੁੱਲ ਹੈ, ਉਠੋ ਕਰੋ ਸੀਸ ਭੇਟਾ, ਕਿਸੇ ਰੋਗ ਨਾਲ ਮਰਨਾ ਹੀ ਹੈ ਨਾ, ਇਹ ਤਾਂ ਤਤ ਫਟ ਸ਼ਸਤ੍ਰ ਦੀ ਮੌਤ ਹੈ। ਕਦੇ ਚਿਤ ਕਹੇ, ਗੁਰੂ ਜੀ ਕਾਲੀ ਦੇ ਪ੍ਰਭਾਵ ਹੇਠ ਹਨ, ਆਪੇ ਵਿਚ ਨਹੀਂ ਹਨ, ਇਸ ਵੇਲੇ ਕੁਰਬਾਨੀ ਦੇਣ ਦਾ ਕੀ ਲਾਭ ? ਪਰ ਫਿਰ ਬੀ ਇਕ ਸਿਖ ਹਿੰਮਤ ਨਾਮ ਦਾ ਹਿੰਮਤੀਆ ਉਠ ਬੈਠਾ। ਇਹ ਜਗਨ ਨਾਥ ਦਾ ਵਾਸੀ ਸੀ, ਜਾਤ ਦਾ ਝੀਵਰ ਸੀ, ਆ ਗਿਆ :-

'ਧੁਰ ਤੋਂ ਉਸ ਨੱਕਾਸ਼ ਨੇ ਨੱਕਸ਼ਾ ਕੀਤਾ ਤਯਾਰ।
ਸਿਰ ਝੁਕਿਆ ਮੇਰਾ ਰਹੇ ਹੇਠਾਂ ਤੁਧ ਤਲਵਾਰ।
ਖਿਚੇ ਜੋ ਧਰਤੀ ਉੱਪਰੇ ਓਹੋ ਧੁਰ ਦਾ ਨਕਸ਼।
ਅਚਰਜ ਦੀ ਕੀ ਗਲ ਹੈ ? ਪੈਂਦਾ ਉਸਦਾ ਅਕਸ।'

ਇਸ ਸੂਰਤ ਨੂੰ ਬੀ ਅੰਦਰ ਲੈ ਗਏ।

## ੩. (ਦਿਲ-ਸ਼ਾਦ)

**ਸੰਗਤ** ਨੇ ਸਮਝ ਲਿਆ ਕਿ ਗਿਆ ਇਹ ਬੀ। ਅੰਦਰ ਹੁਣ ਕੀ ਵਰਤਿਆ, ਸੀਸ ਭੇਟਾ ਮੰਗਣ ਵਾਲੇ ਨੇ ਪੰਜਾਂ ਨੂੰ ਗਲਵੱਕੜੀ ਪਾ ਪਾ ਪਜਾਰਿਆ ਤੇ ਏਹ ਵਾਕ ਉਚਾਰੇ:—ਤੁਸੀਂ ਆਪੇ ਤੋਂ ਮਰ ਗਏ ਹੋ, ਹੁਣ 'ਮਮ ਸਰੂਪ ਤੁਮ ਅਬ ਭਏ, ਹਉਂ ਭਾ ਤੁਮਹਿ ਸਰੂਪ। ਬ੍ਰਹਮ ਗਯਾਨ ਦ੍ਰਿਢ ਰਿਦੈ ਹ੍ਵੈ ਪਦ ਅਤਿ ਲੀਨ ਅਨੂਪ।' ਇਹ ਵਰ ਬਖਸ਼ ਕੇ ਬਾਹਰ ਨਿਕਲੇ। ਹਾਂ ਦਿਲਗੀਰ ਜੀ, ਜੋ ਦਿਲਜ਼ੋਰ ਹੋ ਅੰਦਰ ਵੜੇ ਸਨ, ਹੁਣ ਨਿਕਲੇ ਹਨ ਦਿਲਸ਼ਾਦ ਹੋ। ਲਹੂ ਭਰੀ ਤਲਵਾਰ ਹੁਣ ਮਿਆਨ ਵਿਚ ਹੈ, ਪੰਜੇ ਜੀਉਂਦੇ ਜਾਗਦੇ ਸਹੀ ਸਲਾਮਤ ਤਾਰਿਆਂ ਦੇ ਪਰਵਾਰ ਵਾਂਛੂ ਗੁਰੂ ਚੰਦ ਨੂੰ ਆਪਣੇ ਵਿਚ ਪਰਵਾਰਿਤ ਕਰੀ ਆ ਰਹੇ ਹਨ। ਸੰਗਤ ਦੇ ਅਸਚਰਜ ਦਾ ਕੋਈ ਅੰਤ ਨਾ ਰਿਹਾ। ਮਰੇ ਹੋਏ ਜੀਉਂਦੇ ਹਨ। ਕੀਹ ਜਾਣੀਏ ਮਾਰ ਮਾਰ ਕੇ ਗੁਰੂ ਨੇ ਆਪਣੀ ਦੈਵੀ ਸ਼ਕਤਿ ਨਾਲ ਫੇਰ ਜਿਵਾ ਆਂਦੇ ਹਨ; ਖਬਰੇ ਕੋਈ ਹੋਰ ਕੌਤਕ ਹੋਵੇ, ਗੁਰੂ ਕੀ ਗਤਿ ਗੁਰੂ ਜਾਣੇ, ਪਰ ਮਸੰਦ ਗਲਤ ਕਹਿੰਦੇ ਹਨ ਕਿ ਦੇਵੀ ਪੁੱਠੀ ਪਈ ਹੈ। ਗੁਰੂ ਤਾਂ ਗੁਰੂ ਹੀ ਹੈ, ਬਉਰਾਨਿਆ ਨਹੀਂ ਹੈ। ਸੰਗਤ ਦੀ ਇਸ ਹੈਰਾਨੀ ਵਿਚ ਸਤਿਗੁਰੂ ਉੱਚੀ ਗਗਨ ਗੰਭੀਰ ਸੁਰ ਵਿਚ ਬੋਲੇ:—ਸ੍ਰੀ ਗੁਰੂ ਨਾਨਕ ਦੇਵੇ ਜੀ ਦੀ ਪਰਖਨਾ ਵਿਚ ਸਿੱਖੀ ਦੀ ਆਨ ਗੁਰੂ ਅੰਗਦ ਦੇਵ ਜੀ ਨੇ ਰੱਖੀ ਸੀ, ਅੱਜ ਦੀ ਪਰਖਨਾ ਵਿਚ ਸਿਖੀ ਦੀ ਆਨ ਪੰਜਾਂ ਸਿਖਾਂ ਨੇ ਰੱਖੀ ਹੈ। ਇਨ੍ਹਾਂ ਪੰਜਾਂ ਦੇ ਸਮੁਦਾਇ ਨੂੰ ਹੁਣ ਮੇਰੇ ਤੁੱਲ ਸਮਝੋ, ਮੇਰੇ ਤੇ ਇਨ੍ਹਾਂ ਵਿਚ ਕੋਈ ਭੇਦ ਨਹੀਂ ਜਾਣੋ। ਹੁਣ ਸਿਖ ਸੰਗਤ ਸਮਝੀ ਕਿ ਓਹ ਹੋ ਇਹ ਤਾਂ ਕਸੌਟੀ ਸੀ, ਅਸੀਂ ਕਿਉਂ ਕੱਸੇ ਨਿਕਲੇ। ਫੇਰ ਸ਼ੁਕਰ ਕਰਨ ਕਿ ਸਾਡੇ ਵਿਚੋਂ ਪੰਜ ਨਿੱਤਰੇ, ਸਿੱਖੀ ਦੀ ਲਾਜ ਰਹਿ ਆਈ। ਜੇ ਇਹ ਬੀ ਨਾ ਨਿੱਤਰਦੇ ਤਾਂ ਖ਼ਬਰੇ ਗੁਰੂ ਜੀ ਅਜ ਮਸੰਦਾਂ ਵਾਂਙੂ ਸਿਖੀ ਤੋਂ ਬੀ

1. ਸਾਹਿਬ ਰਾਮ ਜ਼ਾਤ ਦਾ ਨਾਈ। ਵਾਸੀ ਬਿਦਰ ਸ਼ਹਿਰ।

ਉਦਾਸ ਹੋ ਜਾਂਦੇ। ਧੰਨ ਇਹ ਪੰਜ ਆਪਾ ਵਾਰੂ ਸਿਖ ਜਿਨ੍ਹਾਂ ਸਾਰੀ ਸਿੱਖੀ ਦੀ ਰਖ ਦਿਖਾਈ। ਸਾਰੇ ਉਨ੍ਹਾਂ ਪੰਜਾ ਨੂੰ ਸਤਿਕਾਰ ਨਾਲ ਸੀਸ ਨਿਵਾਉਣ। ਕੁਛ ਸਮਾਂ ਇਸ ਤਰ੍ਹਾਂ ਗੁਰੂ ਸਾਹਿਬ ਜੀ ਤੇ ਪੰਜਾਂ ਪਿਆਰਿਆਂ ਨੂੰ ਦਰਸ਼ਨ ਦੇਂਦੇ ਲੰਘਿਆ।

ਹੁਣ ਉਸ ਭੀੜ ਵਿਚੋਂ ਇਕ ਹੋਰ ਸਿੱਖ ਅੱਗੇ ਵਧਿਆ ਝਿਜਕਦਾ ਤੇ ਚਰਨਾਂ ਤੇ ਢਹਿ ਪਿਆ: "ਪਾਤਸ਼ਾਹ ! ਬਖਸ਼; ਤ੍ਰੈ ਪੀੜ੍ਹੀਆਂ ਤੋਂ ਸਿਖ ਹਾਂ, ਜੀਅ ਦਾਨ ਪਾਇਆ ਹੈ, ਹਾਂ ਮੈਂ ਤਾਂ ਤੱਕਦਾ ਤੱਕਦਾ ਹੀ ਰਹਿ ਗਿਆ ਕਿ ਆਵੇਗੀ ਵਾਰੀ, ਪਰ ਮੇਰੀ ਵਾਰੀ ਨਹੀਂ ਆਈ ! ਹੁਣ ਲੈ ਲੈ ਇਹ ਸੀਸ ਨਿਕਾਰਾ। ਖੁੰਝੇ ਸਮੇਂ ਮਗਰੋਂ ਹੀ ਲੈ ਲੈ। ਫਿਰ ਇਕ ਹੋਰ ਨੇ ਅੱਗੇ ਹੋਕੇ ਕਿਹਾ, ਕਈ ਵੇਰ ਅੱਗੇ ਵਧਿਆ, ਕਈ ਵਾਰ ਅਝਕਿਆ, ਬਖਸ਼ ਦਾਤੇ ! ਮੈਂ ਕੱਸਾ ਹਾਂ, ਪਰ ਤੇਰੀ ਪ੍ਰੀਤ-ਤਾਰ ਅੰਦਰ ਹੈ, ਜੇ ਨਾਂਹ ਨਿਤਰਨ ਕਰਕੇ ਤ੍ਰਾਸ ਦਿਓਗੇ ਤਾਂ ਮੈਂ ਰੋ ਰੋ ਕੇ ਮਰ ਜਾਸਾਂ ਕਿਉਂਕਿ ਤੈਂ ਬਿਨਾਂ ਮੇਰਾ ਆਸਰਾ ਹੋਰ ਕੋਈ ਨਹੀਂ। ਤੀਸਰਾ ਇਕ ਹੋਰ ਢਹਿ ਪਿਆ ਰੋ ਕੇ ਬੋਲਿਆ-- ਪਾਤਸ਼ਾਹ ! ਪੰਜ ਸੀਸ ਤਾਂ ਖੁਸ਼ੀ ਨਾਲ ਭੇਟ ਹੋਏ, ਮੇਰਾ ਸੀਸ ਇਸ ਦੰਡ ਵਿਚ ਕੱਟ ਦੇਹ ਕਿ ਮੈਂ ਆਪਣੇ ਦਾਤਾ ਦੀ ਮੰਗ ਪਰ ਪਹਿਲੋਂ ਅੱਗੇ ਕਿਉਂ ਨਹੀਂ ਹੋਇਆ, ਮੈਂ 'ਦੇਹ' ਨੂੰ 'ਹੁਕਮ' ਨਾਲੋਂ ਵੱਧ ਕਿਉਂ ਪਿਆਰ ਕੀਤਾ ? ਹੁਣ ਇਹ ਸੀਸ ਲੈ ਲਓ। ਇਸ ਤਰ੍ਹਾਂ ਪੰਜ ਹੋ ਗਏ। ਜਦ ਸਤਿਗੁਰੂ ਜੀ ਨੇ ਡਿੱਠਾ ਕਿ ਅਨੇਕਾਂ ਤੇ ਅਨਗਿਣਤ ਹੋਰ ਹਨ ਜੋ ਰੋ ਰਹੇ ਹਨ ਤੇ ਪਿਆਰ ਵਿਚ ਪੱਛੋਤਾ ਰਹੇ ਹਨ :

"ਦਰਸ਼ਨ ਕਰਦੀ ਪਈ ਨੂੰ ਝੁਲੀ ਹਨੇਰੀ ਆਂਣ,
ਨੈਣ ਝਮੱਕਾ ਖਾ ਗਏ, ਕਸਰ ਇਸ਼ਕ ਨੂੰ ਲਾਣ।
ਗਈ ਹਨੇਰੀ ਲੰਘ ਹੁਣ ਫਿਰ ਖੁਲ ਆਏ ਨੈਣ।
ਦੇਹ ਦਰਸ਼ਨ ਕਰ ਬਖਸ਼ ਏ ਫਿਰ ਨ ਝਮੱਕਾ ਲੈਣ।"

ਤਦ ਬੋਲੇ--"ਤੁਸੀਂ ਸਾਰੇ ਮੇਰੇ ਹੋ, ਮੈਂ ਤੁਸਾਡਾ ਹਾਂ, ਤੁਸੀਂ ਬੇਮੁਖ ਨਹੀਂ ਹੋ, ਬੇਮੁਖ ਨੱਸ ਗਏ, ਕੋਈ ਦੋ ਕੋਹ, ਕੋਈ ਚਾਰ ਕੋਹ ਨਿਕਲ ਗਿਆ ਹੈ, ਭੱਜੇ ਜਾਂਦੇ ਹਨ ਤੇ ਮੁੜ ਮੁੜ ਪਿੱਛੇ ਤੱਕਦੇ ਹਨ ਕਿ ਮਤਾਂ ਕੋਈ ਸਵਾਰ ਉਹਨਾਂ ਨੂੰ ਫੜਨ ਨਾ ਆ ਰਿਹਾ ਹੋਵੇ। ਤੁਸੀਂ ਸਨਮੁਖ ਹੋ ਜੋ ਪਿਆਰ ਵਿਚ ਉਮੱਲਦੇ ਬੀ ਰਹੇ ਹੋ, ਡਰਦੇ ਬੀ ਰਹੇ ਹੋ, ਹੀਆ ਉਛਲਦਾ ਬੀ ਰਿਹਾ ਹੈ, ਫੇਰ ਫਿਕਰ ਮੇਰਾ ਬੀ ਕਰਦੇ ਰਹੇ ਹੋ, ਪਰ ਢਿੱਲੇ ਨਹੀਂ। ਸਨਮੁਖ ਬੈਠੇ ਰਹੇ ਤੇ ਗਏ ਨਹੀਂ ਤੇ ਲੜ ਛੁਡਾਇਆ ਨਹੀਂ। ਆਪਣੀ ਭੁੱਲ ਸਮਝਦੇ ਹੋ, ਦੁਆਰੇ ਹੀ ਢੱਠੇ ਪਏ ਹੋ ਤੇ ਸੀਸ ਅਰਪ ਰਹੇ ਹੋ। ਹਾਂ ਤੁਸੀਂ ਸਨਮੁਖ ਹੋ, ਜਿਨ੍ਹਾਂ ਦੀ ਨਜ਼ਰ ਲੋਕਾਂ ਦੇ ਖਿਆਲ ਵਿਚ ਮੇਰੇ ਕਮਲੇ ਹੋ ਜਾਣ ਤੇ ਬੀ ਟੋਰ ਪਾਸੇ ਨਹੀਂ ਗਈ; ਮੇਰੇ ਤੇ ਹੀ ਟਿਕੀ ਰਹੀ। ਏਹ ਜੋ ਮੇਰੇ ਲਾਲ ਹਨ ਪਿਆਰੇ ਪੰਜ ਏਹ ਗੁਰਮੁਖ ਹਨ, ਤੁਸੀਂ ਸਾਰੇ ਸਨਮੁਖ ਹੋ। ਜੋ ਹੁੱਜਤਾਂ ਪੜ੍ਹਦੇ ਰਹੇ ਹਨ, ਸੋ ਮਨਮੁਖ ਹਨ। ਜੋ ਭੱਜ ਗਏ ਹਨ ਬੇਮੁਖ ਹਨ। ਸਿਖੀ ਧੰਨ ਹੈ, ਜਿਸ ਵਿਚੋਂ ਗੁਰਮੁਖ ਤੇ ਸਨਮੁਖ ਨਿੱਤਰੇ ਹਨ, ਇਹ ਪੰਥ ਜੀਉਂਦਾ ਹੈ ਜਿਸ ਦੀ ਜਾਨ ਇਹ ਪੰਜ ਪਿਆਰੇ ਹਨ। ਮੈਂ ਦਿਲ-ਸ਼ਾਦ ਹਾਂ ਕਿ ਪੰਜ ਗੁਰਮੁਖ ਤੇ ਤੁਸੀਂ ਸਾਰੇ ਸਨਮੁਖ ਨਿੱਤਰੇ ਹੋ ਤੇ ਹੋਰ ਆਮਵੰਦ ਹਜ਼ਾਰਾਂ ਖੜੇ ਦਿੱਸਦੇ ਹਨ। ਮੈਨੂੰ ਸੱਜਣੋਂ ! ਜਿੰਦਾਂ ਦੀ ਲੋੜ ਨਹੀਂ, ਤੁਸਾਨੂੰ ਮਾਰਨਾ ਨਹੀਂ ਜਿਵਾਉਣਾ ਹੈ, ਤੁਹਾਡੇ ਵਿਚੋਂ 'ਤੁਸਾਂ' ਨੂੰ ਮਾਰਕੇ ਮੈਂ ਇਕ ਰੱਬੀ ਸੂਰਤ ਆਂਦੀ ਹੈ, ਉਹ ਤੁਸਾਂ ਵਿਚ ਵਾੜਨੀ ਹੈ, ਤੁਹਾਨੂੰ ਜੀਵਨ ਪਜਾਰ ਵੱਲੋਂ ਮੌਤ ਦੇ ਭੈ ਵੱਲੋਂ[1] ਮਾਰਨਾ ਹੈ ਤੇ ਤੁਸਾਂ ਵਿਚ ਕੁਛ ਹੋਰ ਜਿਵਾਲਣਾ ਹੈ, ਸੀਸ ਮੰਗੇ ਸੀ ਐਉਂ।"

ਕੁਛ ਚਿਰ ਹੋਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਚੰਦ ਸਮਾਨ ਚਮਕਦੇ ਦਮਕਦੇ ਖੜੇ ਰਹੇ, ਪੰਜੇ ਦੁਆਲੇ ਚਮਕਦੇ ਸਿਤਾਰਿਆਂ ਵਾਂਙੂ ਪਰਵਾਰ ਪਾਈ ਦਰਸ਼ਨ ਦੇਂਦੇ ਰਹੇ, ਫੇਰ ਗੁਰੂ ਜੀ ਤੇ ਪੰਜੇ ਗੁਰੂ ਜੀ ਦੇ ਨਾਲ ਚਲੇ ਗਏ ਤੇ ਸੰਗਤ ਆਪੋ ਆਪਣੇ ਟਿਕਾਣੇ ਜਾ ਟਿਕੀ।

### (ਅੰਮ੍ਰਿਤ)

**ਜਿੱਥੇ** ਕੱਲ ਸਿੱਖੀ ਪਰਖੀ ਸੀ, ਜਿੱਥੇ ਤਲਵਾਰ ਸੀਸ ਮੰਗ ਰਹੀ ਸੀ, ਜਿੱਥੇ ਕੰਬ ਰਹੇ ਸਨ ਮਸੰਦ ਤੇ ਸਤੰਭ ਹੋਈ ਬੈਠੀ ਸੀ ਸੰਗਤ, ਅਜ ਓਥੇ[2] ਸਿੰਘਾਸਨ ਲਗ ਰਿਹਾ ਹੈ। ਸੰਗਤ ਜੁੜੀ ਬੈਠੀ ਹੈ, ਚੁਫੇਰੇ ਸਨੱਧ ਬੱਧ ਸੂਰਮੇ ਸ਼ਸਤ੍ਰਧਾਰੀ ਖੜੇ ਹਨ,

---

1. ਪੰਜਵਾਂ ਕਲੇਸ਼ ਅਭਿਨਿਵੇਸ਼ ਹੈ। ਅਰਥਾਤ ਜਿੰਦ ਨਾਲ ਪਯਾਰ ਯਾ ਮੌਤ ਦਾ ਭੈ, ਇਹ ਸੀ ਸੀਸ ਭੇਟਾ ਜੋ ਗੁਰੂ ਨੇ ਮੰਗੀ ਸੀ। ਅਭਿਨਿਵੇਸ਼ ਦੂਰ ਕਰਕੇ ਨਿਕੰਮੇ ਨਹੀਂ ਕਰਨਾ ਪਰ ਜਗਤ ਸੁਖ ਲਈ ਸੀਸ ਭੇਟਾ ਕਰਨ ਵਾਲੇ ਜੀਵਨ ਮੁਕਤ ਸੂਰਮੇ ਸਾਜਣਾ ਸੀ। 2. ਕੇਸ਼ਗੜ੍ਹ।

ਯਾਰਾਂ ਸੌ ਦਾ ਕੜਾਹ ਪ੍ਰਸ਼ਾਦ ਸਜ ਰਿਹਾ ਹੈ[1] ਲੱਠੇ ਦੀਆਂ ਚਾਦਰਾਂ ਉਤੇ। ਸਿੰਘਾਸਨ ਤੇ ਬਿਰਾਜ ਰਹੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਵੇਤ ਬਸਤ੍ਰਾਂ ਵਿਚ, ਅਗੇ ਧਰਿਆ ਹੈ ਚਮਕਦਾ ਲੋਹੇ ਦਾ ਬਾਟਾ, ਵਿਚ ਪਿਆ ਹੈ ਜਲ ਜਿਸ ਵਿਚ ਰਖਿਆ ਹੈ ਦੁਧਾਰਾ ਖੰਡਾ। ਸਾਹਮਣੇ ਖੜੇ ਹਨ ਕੱਲ ਵਾਲੇ ਪੰਜੇ ਸੀਸ ਭੇਟ ਕਰਨ ਵਾਲੇ ਜੀਵਨ ਮੁਕਤ, ਸਫੈਦ ਬਸਤ੍ਰ ਧਾਰੇ ਹੋਏ, ਤੇੜ ਕਛਹਿਰਾ, ਗਲ ਅੰਗਾ, ਸੀਸ ਸਿਧੀ ਚਿੱਟੀ ਦਸਤਾਰ, ਕਮਰਕਸਾ ਸਜਿਆ, ਗਾਤ੍ਰੇ ਲਗੀ ਹੈ ਸ੍ਰੀ ਸਾਹਿਬ ਤੇ ਹੱਥ ਜੋੜੇ ਖੜੇ ਹਨ। ਸੰਗਤ ਬਿਸਮਯ ਭਾਵ ਵਿਚ ਹੈ, ਅਜ ਤੌਖਲਾ, ਡਰ ਨਹੀਂ ਪਿਆ, ਪਰ ਬਿਸਮਯ ਹੈ ਕਿ ਦੇਖੀਏ ਹੋਰ ਕੀਹ ਰੰਗ ਖਿਲਦਾ ਹੈ ਅਜ। ਇੰਨੇ ਨੂੰ ਸਾਹਿਬਾਂ ਨੇ ਆਵਾਜ਼ ਦਿਤੀ ਨਿੱਤਰੇ ਹੋਏ ਤੇ ਤਲਵਾਰ ਨਾਲ ਨਿਤਾਰੇ ਹੋਏ ਪੰਜਾਂ ਨੂੰ ਕਿ ਭਾਈ 'ਵਾਹਿਗੁਰੂ ਗੁਰਮੰਤ੍ਰ ਹੈ ਗੁਰੂ ਬਾਬੇ ਦਾ, ਇਕ ਚਿਤ ਹੋ ਜਪੋ; "ਵਾਹਿਗੁਰੂ।" ਪੰਜੇ ਤਾਂ ਇਹ ਕਾਰੇ ਲਗ ਗਏ ਆਪ ਸਾਹਿਬਾਂ ਦਾ ਬਲੀ ਤੇ ਦਾਤਾ ਹੱਥ ਗਿਆ ਖੰਡੇ ਉਤੇ ਜੋ ਫਿਰਨ ਲਗ ਗਿਆ ਜਲ ਵਿਚ ਤੇ ਆਪ ਕਰਨ ਲਗ ਗਏ ਪਾਠ ਬਾਣੀਆਂ ਦਾ, ਇਸ ਧੁਨਿ ਨਾਲ ਕਿ ਵਾਯੂ ਮੰਡਲ ਵਿਚ ਮਾਨੋ ਦਿਲ ਹਿਲਾਕੇ ਉੱਚਾ ਕਰਨ ਵਾਲੀ ਸੱਟ ਪੈ ਰਹੀ ਹੈ। ਆ ਗਏ ਸ੍ਰੀ ਪਰਮ ਪਵਿਤ੍ਰ ਯੋਗੀ ਰਾਜ ਮਾਤਾ ਜੀਤੋ ਜੀ। ਸਾਰੀ ਸੰਗਤ ਨੇ ਅਦਬ ਨਾਲ ਰਸਤਾ ਦਿੱਤਾ, ਸਭ ਸਿਰ ਡਾਢੇ ਡੂੰਘੇ ਸਤਿਕਾਰ ਨਾਲ ਝੁਕ ਗਏ। ਪਵਿੱਤ੍ਰਤਾ ਦੀ ਦੇਵੀ ਪੱਕੇ ਪਰ ਸੁਬਕ ਕਦਮਾਂ ਨਾਲ ਅੱਗੇ ਵਧੀ ਜਿਸ ਤਰ੍ਹਾਂ ਸਵੇਰ ਦੀ ਪਵਿੱਤ੍ਰ ਤੇ ਮੱਧਮ ਸਮੀਰ ਫੂਲਾਂ ਦੀ ਖ਼ੁਸ਼ਬੋ ਨਾਲ ਲੱਦੀ ਸਰੂਆਂ ਦੇ ਬਾਗ ਦੇ ਵਿਚਦੀ ਲੰਘਦੀ ਹੈ। ਦੇਵੀ ਐਨ ਸਿੰਘਾਸਨ ਦੇ ਪਾਸ ਆਈ, ਹਸਮੁਖ ਚਿਹਰੇ ਤੇ ਖਿੜੇ ਮੱਥੇ ਨੇ ਮੁਸਕ੍ਰਾਂਦੇ ਬੁਲ੍ਹ ਖੁਹਲੇ ਤੇ ਕਿਹਾ: 'ਮੇਰਾ ਹਿੱਸਾ ਬੀ'। ਇਹ ਕਹਿਕੇ ਝੋਲੀ ਵਿਚੋਂ ਆਕਾਸ਼ ਦੇ ਤਾਰਿਆਂ ਵਰਗੇ ਚਿੱਟੇ ਚਮਕਦੇ ਪਤਾਸੇ ਉਸ ਬਾਟੇ ਵਿਚ ਪਾ ਦਿੱਤੇ, ਜਿਸ ਵਿਚ ਕਿ 'ਦਿਲਸ਼ਾਦ' ਜੀ ਖੰਡਾ ਫੇਰ ਰਹੇ ਸਨ। "ਮੇਰਾ ਹਿੱਸਾ 'ਪਿਆਰ' ਸ਼ਾਤੀ ਤੇ ਬੀਰਤਾ ਵਿਚ 'ਪਿਆਰ', ਵੈਰਾਗ ਤੇ ਉਤਸ਼ਾਹ ਵਿਚ 'ਪਿਆਰ', ਮੇਰਾ 'ਪਿਆਰ' ਆਪ ਦਾ 'ਪਿਆਰ' ਸੱਚੇ ਵਾਹਿਗੁਰੂ ਦਾ 'ਪਿਆਰ' ਜੀਓ ਜੀ 'ਪਿਆਰ' ਬੀਰਤਾ, ਸ਼ਾਂਤੀ।"

ਇਹ ਤੱਕਕੇ ਸਤਿਗੁਰ ਦੇ ਨੇਣ ਕਟੋਰੇ ਉੱਠੇ, ਕ੍ਰਿਪਾ ਨਾਲ ਤੱਕੇ।

"ਤੇਰਾ ਹਿੱਸਾ ਪਹਿਲਾਂ ਪਿਆ ਕਰੇਗਾ।"

ਦੇਵੀ ਮਾਤਾ, ਸੱਚੀ ਮਾਤਾ, ਪਿਆਰ ਤੇ ਪਵਿੱਤ੍ਰਤਾ ਦਾ ਅਵਤਾਰ ਮਾਤਾ, ਮਾਤਾ ਜੀਤੋ ਜੀ,--ਇਹ ਹਿੱਸਾ ਪਾਕੇ ਪਾਸ ਬੈਠ ਗਈ ਤੇ ਸਾਰੇ ਦੂਲਨਾ ਵੱਲ ਕ੍ਰਿਪਾ ਨਾਲ ਤੱਕਿਆ।

ਹੁਣ ਬੀਰ ਰਸ ਤੇ ਸ਼ਾਂਤਿ ਰਸ ਇਕੱਠੇ ਕਰ ਕੇ ਪ੍ਰਵੇਸ਼ ਕਰਨ ਲਗੇ ਹਨ ਪੰਥ ਵਿਚ। ਬਾਣੀਆਂ ਪੜ੍ਹਕੇ ਆਪ ਖੜ੍ਹੇ ਹੋ ਗਏ। 'ਕੱਲ ਦੇ ਤਲਵਾਰ ਦੀ ਧਾਰ ਅੱਗੇ ਮਰਨੇ ਲਈ ਨਿਵੇਂ ਆਪਾ ਵਾਰੂਆਂ' ਦੇ ਸਨਮੁਖ ਖੜੇ ਕੇ ਇਕ ਤੌਂ ਮੂਲਮੰਤ੍ਰ ਦਾ ਪਾਠ ਕਰਵਾਯਾ ਪੰਜ ਵੇਰ। ਪਹਿਲਾਂ ਉਹ ਜੋ ਬਾਟੇ ਵਿਚ ਤਯਾਰ ਹੋਇਆ ਸੀ, ਮਰਿਆਂ ਨੂੰ ਅਮਰ ਕਰਨੇ ਵਾਲਾ ਅੰਮ੍ਰਿਤ, ਸਤਿਗੁਰ ਨੇ ਬਾਟੇ ਵਿਚੋਂ ਲਿਆ, ਛੱਟੇ ਮਾਰੇ ਪੰਜ ਵੇਰ ਨੈਣਾਂ ਵਿਚ ਤੇ ਗੱਜ ਕੇ ਬੁਲਵਾਇਆ ਨਵਾਂ ਬੋਲਾ, ਜੋ ਆਪ ਹੀ ਪਹਿਲੀ ਵੇਰ ਸਤਿਗੁਰ ਦੇ ਮੁਖਾਰਬਿੰਦ ਤੌਂ ਰੂਪ ਧਾਰੀ ਹੋਇਆ--

**ਵਾਹਿਗੁਰੂ ਜੀ ਕਾ ਖਾਲਸਾ**
**ਸ੍ਰੀ ਵਾਹਿਗੁਰੂ ਜੀ ਕੀ ਫਤੇ।**

ਪੰਜ ਵੇਰ ਅੰਮ੍ਰਿਤ ਦੇ ਚੁਲੇ ਛਕਾਏ, ਫੇਰ ਨੇਤ੍ਰਾਂ ਪਰ ਪੰਜ ਛੱਟੇ ਲਾਏ, ਪੰਜ ਵੇਰ ਕੇਸਾਂ ਵਿਚ ਦਸਮ ਦਆਰ ਦੇ ਟਿਕਾਣੇ ਪਾ ਕੇ ਇਸੇ ਅੰਮ੍ਰਿਤ ਦੇ ਚੁਲੇ ਦੇ ਦੇ ਕੇ ਹਰ ਵੇਰ ਇਹੋ ਜੈਕਾਰਾ ਗਜਵਾਯਾ[1]। ਐਉਂ ਪੰਜਾਂ ਨੂੰ ਅੰਮ੍ਰਿਤ ਛਕਾਯਾ, ਫੇਰ ਹੁਕਮ ਦਿੱਤਾ, ਅਕਾਲ ਪੁਰਖ ਵਾਹਿਗੁਰੂ ਦਾ ਅੰਮ੍ਰਿਤ ਤੁਸਾਂ ਛਕਿਆ ਹੈ, ਉਸ ਦੇ ਨਾਮ ਦੀ ਦਾਤ ਦਾਨ ਹੋਈ ਹੈ, ਨਾਮ ਜਪਣਾ ਸਿਮਰਨਾ ਹੈ--ਵਾਹਿਗੁਰੂ ! ਵਾਹਿਗੁਰੂ ਦਾ ਸਰੂਪ ਤੁਸਾਂ ਮੂਲਮੰਤ੍ਰ ਵਿਚ ਸੁਣਿਆ ਹੈ, ਸਮਝਿਆ ਹੈ, ਇਸ ਰੂਪ ਵਾਲਾ ਨਾਮੀ ਹੈ ਵਾਹਿਗੁਰੂ, ਜਿਸ ਉਤੇ ਸਿਦਕ ਰਹੇ ਕਾਯਮ ਤੁਸਾਂ ਦਾ ਸਦਾ ਸਦਾ; ਤੁਸਾਂ ਨੂੰ **ਖਾਲਸਾ** ਸਾਜਿਆ ਹੈ ਉਸ ਵਾਹਿਗੁਰੂ ਦਾ, ਤੁਸੀਂ ਹੁਣ **ਖਾਲਸਾ** ਹੋ, ਤੁਸੀਂ ਵਾਹਿਗੁਰੂ ਦੇ ਹੋ, ਫਤੇ

1. ਤ੍ਰਾ: ਖਾ:। 2. ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥

1. ਅੰਮ੍ਰਿਤ ਦੀ ਵਿਧੀ ਤੇ ਰਹਿਤ ਮਰਿਯਾਦਾ ਦੇ ਸਾਰੇ ਵਿਸਥਾਰ ਲਈ ਦੇਖੋ ਗੁਰਮਤ ਪ੍ਰਕਾਸ਼, ਸੰਸਕਾਰ ਭਾਗ ਸਫ਼ਾ ੨੯-੩੦ ਜੋ ਚੀ: ਖਾ: ਦੀ: ਤੌਂ ਮਿਲਦਾ ਹੈ।

ਸਦਾ ਵਾਹਿਗੁਰੂ ਦੀ ਹੈ, ਜੋ ਉਸ ਦਾ ਹੈ ਤੁਸਾਡਾ ਹੈ, ਇਉਂ ਤੁਹਾਡੀ ਫਤੇ ਹੈ। ਓਸ ਵਾਹਿਗੁਰੂ ਦੀ ਸਿਫਤ ਸਲਾਹ, ਗੁਣ ਕੀਰਤੀ, ਵਡਿਆਈ ਵੀਚਾਰ ਵੀਚਾਰ ਕੇ ਉਸ ਨਾਲ ਮਿਲੇ ਰਹੋ--ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।। ਇਹ ਗੱਲ ਬਾਣੀ ਨਾਲ ਹੋਣੀ ਹੈ। ਸੋ ਬਾਣੀ ਨਿਤਨੇਮ ਪੜ੍ਹਨੀ ਹੈ, ਗੁਰਬਾਣੀ ਤੋਂ ਅਵੇਸਲੇ ਨਹੀਂ ਹੋਣਾ। ਬਾਣੀ ਪੜ੍ਹਨੀ, ਕੀਰਤਨ ਸੁਣਨਾ, ਕਰਨਾ, ਬਾਣੀ ਵੀਚਾਰਨੀ, ਅਮਲ ਕਰਨਾ, ਨਿਤਨੇਮ ਨਹੀਂ ਘੁਸਾਉਣਾ। ਨਾਮ ਬਾਣੀ ਦੀ ਟੇਕ ਧਾਰਕੇ ਰਹਿਤ ਧਾਰੋ। ਦਾਤੇ ਨੇ ਫਿਰ ਰਹਿਤ ਦਾ ਉਪਦੇਸ਼ ਦਿਤਾ। ਫੇਰ ਤਾਕੀਦ ਕੀਤੀ ਕਿ ਕੇਸਾ ਧਾਰੀ ਰਹਿਣਾ ਹੈ। ਇਸੇ ਤੋਂ ਉਸ ਸਥਾਨ ਦਾ ਨਾਮ ਕੇਸ ਗੜ੍ਹ ਹੋਇਆ ਜਿਥੇ ਕਿ ਅੱਜ ਦਾਤੇ ਕੇਸਾਧਾਰੀ ਪੰਥ ਰਚਿਆ। ਫਿਰ ਮਸੰਦਾ, ਮੀਣਿਆਂ, ਧੀਰਮੱਲੀਆਂ ਆਦਿ ਨਾਲ ਵਰਤਣੋਂ ਵਰਜਿਆ, ਆਪਸ ਦਾ ਪ੍ਰੇਮ ਉਪਦੇਸਿਆ। ਅੱਜ ਤੋਂ ਵਾਸੀ ਆਨੰਦ ਪੁਰ, ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਨਾਮ ਸਿੰਘ ਰੱਖਣ ਦਾ ਹੁਕਮ ਕੀਤਾ। ਸਿੰਘ ਸਿੰਘ ਦਾ ਭਰਾ। ਫੇਰ ਪੰਥ ਸੇਵਾ ਤੇ ਸੇਵਾ ਵਿਚ ਆਪਾ ਵਾਰਨ ਦਾ ਉਪਦੇਸ਼ ਦਿੱਤਾ:--ਤੁਸੀਂ ਪੰਜੇ ਇਕ ਪੰਥ ਹੋਏ ਹੋ, ਤੁਸਾਂ ਪੰਜਾ ਦੇ ਸਮੂਹ ਵਿਚ ਮੈਂ ਆਪਣੀ ਜੋਤਿ ਧਰੀ ਹੈ!

--'ਕਰ ਅਰਦਾਸ ਰਹਤ ਕੀ ਭਲੇ। ਪੰਚਾਂਮ੍ਰਿਤ ਅਚਿ ਪਾਂਚਉਂ ਮਿਲੇ। ਜਾਤ ਪਾਤ ਕੋ ਭੇਦ ਨ ਕੋਈ। ਚਾਰ ਬਰਨ ਅਚਵਹਿੰ ਇਕ ਹੋਈ। ਮਤਿ ਊਚੀ ਰਾਖਹੁ ਮਨ ਨੀਵਾਂ। ਸਿਮਰਹੁ ਵਾਹਿਗੁਰੂ ਸੁਖ ਸੀਵਾਂ। ਗੋਰ ਮੜ੍ਹੀ ਅਰ ਪੰਥ ਅਨੇਕਾ। ਆਨ ਨ ਮਾਨਹਿ ਰਾਖ ਵਿਵੇਕਾ।'

ਕਵੀ ਸੰਤੋਖ ਸਿੰਘ ਜੀ ਖਾਲਸੇ ਦੇ ਜਨਮ ਪਰ ਲਿਖਦੇ ਹਨ:-"ਵਾਹਿਗੁਰੂ ਜੀ ਦਾ ਭਯੋ ਖਾਲਸਾ ਸੁ ਨੀਕਾ ਅਤਿ ਵਾਹਿਗੁਰੂ ਜੀ ਕੀ ਮਿਲਿ ਫਤੇ ਸੁ ਬੁਲਾਈ ਹੈ। ਪੀਰ ਪਾਤਸ਼ਾਹ ਕਰਾਮਾਤੀ ਜੇ ਅਪਰ ਪੰਥ, ਹਿੰਦੂ ਕਿ ਤੁਰਕ ਹੂੰ ਕੀ ਕਾਨ ਕੌ ਮਿਟਾਈ ਹੈ। ਤੀਸਰਾ ਮਜਬ ਜਗ ਦੇਖਿ ਕੇ ਅਜਬ ਮਹਾਂ, ਬੈਰੀ ਕੇ ਗਜਬ ਪਰਜੋ ਛੀਨੈ ਠਕੁਰਾਈ ਹੈ। ਧਰਮ ਸਥਾਪਬੇ ਕੋ ਪਾਪਨ ਕੇ ਖਾਪਬੇ ਕੋ ਗੁਰੂ ਗੁਰੂ ਜਾਪਬੇ ਕੌ ਨਈ ਰੀਤਿ ਯੌ ਚਲਾਈ ਹੈ।"

**ਖਾਲਸਾ** ਰਚਿਆ ਗਿਆ ਸੀ। ਇਹ ਸੀ ਆਦਰਸ਼ ਜੋ ਸਤਿਗੁਰੂ ਨੇ ਆਪਣੇ ਅਰਸ਼ੀ ਦਿਮਾਗ ਵਿਚੋਂ, ਸੁਰਤ ਵਿਚੋਂ, ਜੋ ਸਦਾ ਵਾਹਿਗੁਰੂ ਵਿਚ ਖਭੀ ਰਹਿੰਦੀ ਸੀ, ਕੱਢਿਆ ਤੇ ਮੂਰਤੀਮਾਨ ਕਰ ਦਿੱਤਾ। ਛੇ ਪਰਤਾਵੇ ਹੋ ਚੁਕੇ ਸੇ; ਹੁਣ ਇਕ ਪਰਤਾਵਾ ਬਾਕੀ ਸੀ, ਉਹ ਸੀ ਗੁਰੂ ਦੀ ਆਪਣੀ ਪ੍ਰੀਖਜਾ। ਗੁਰੂ ਪੂਰਨ ਹੈਸੀ, ਪੂਰਨ ਹੈ, ਪੂਰਨ ਰਹੇਗਾ। ਸਾਡੀ ਪਰਿਭਾਖਾ ਵਿਚ ਗੁਰੂ ਉਸਤਾਦ ਮਾਤ੍ਰ ਦਾ ਨਾਮ ਨਹੀਂ; ਪਰ ਵਾਹਿਗੁਰੂ ਜਜੋਤਿ, ਜੋ ਪੂਰਨ ਪੁਰਖ ਦਸਾਂ ਸਤਿਗੁਰਾਂ ਵਿਚ ਟਿਕੀ ਉਸ ਦਾ ਨਾਮ ਹੈ 'ਗੁਰੂ'। "ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ", ਅਭੁਲ ਨੂੰ ਕੌਣ ਪਰਖੇ, ਪੂਰੇ ਨੂੰ ਪਰਖਣਾ ਕਿਸ ਦਾ ਬਲ ਤੇ ਲੋੜ ਕਾਹਦੀ। ਪਰ ਕੌਤਕੀ ਦਾਤਾ ਗੁਰੂ ਨਾਨਕ ਵਲ ਤੱਕ ਰਿਹਾ ਹੈ, ਜਦੋਂ ਸਿੱਖੀ ਪਰਖੀ ਤੇ ਸ੍ਰੀ ਪਾਵਨ ਲਹਿਣਾ ਜੀ ਪੂਰੇ ਉਤਰੇ ਤਾਂ ਗੁਰੂ ਨਾਨਕ ਨੇ ਆਪ ਨੂੰ ਪਰਖਿਆ ਆਪੇ ਆਪਣੇ ਅਲੱਖ ਤ੍ਰੀਕੇ ਨਾਲ ਤੇ ਸਾਨੂੰ ਕਿਵੇਂ ਦਿੱਸਿਆ ਜਦੋਂ 'ਸਿਖ ਲਹਿਣਾ' ਜੀ ਨੂੰ ਆਪਣੀ ਜੋਤਿ ਦੇ ਕੇ 'ਗੁਰੂ' ਬਣਾ ਲਿਆ। ਪੂਰੇ ਉੱਤਰੇ ਨੂੰ ਗੁਰਤਾ ਦੇ ਦੇਣੀ ਇਹ ਸੀ ਪੂਰੇ ਗੁਰੂ ਦਾ ਸਾਡੇ ਨੈਣਾਂ ਵਿਚ ਪੂਰੇ ਉਤਰਨਾ। ਅਜ ਪੂਰਿਆਂ ਉਤਰਿਆਂ ਨੂੰ ਦਸਮੇ ਜਾਮੇ ਨੇ ਅੰਮ੍ਰਿਤ ਛਕਾਕੇ ਆਪਣੇ ਤੁੱਲ ਬਣਾ ਲਿਆ ਹੈ। ਤੁੱਲਤਾ ਬਖਸ਼ਣੀ ਗੁਰੂ ਦਾ ਆਪੇ ਆਪ ਕੀਤੇ ਆਪਣੇ ਪਰਤਾਵੇ ਦੀ ਪੂਰਣਤਾ ਹੈ। ਪਰ ਏਥੇ ਹੀ ਬੱਸ ਨਹੀਂ ਕਰ ਰਿਹਾ। ਔਹ ਦੇਖੋ ਸਿੰਘਾਸਨ ਤੋਂ ਛਾਲ ਮਾਰਕੇ ਥੱਲੇ ਆ ਖੜੋਤਾ ਹੈ ਤੇ ਪੰਜਾਂ ਨੂੰ ਆਖਦਾ ਹੈ ਤੁਸੀਂ 'ਪੰਜ' ਮੇਰਾ ਰੂਪ ਹੋ, ਹੁਣ ਮੇਰੇ ਵਾਂਙ ਅੰਮ੍ਰਿਤ ਤਯਾਰ ਕਰੋ ਤੇ ਮੈਨੂੰ ਛਕਾਓ। ਗੁਰੂ ਨੇ ਸਿੱਖੀ ਪਰਖੀ, ਸਿੱਖੀ ਪੂਰੀ ਨਿਕਲੀ ਤਦ ਗੁਰੂ ਦੀ ਪੂਰਣਤਾ ਦੇਖੋ ਕਿ ਸਿੱਖੀ ਵਿਚ, ਸਿੱਖੀ ਨੂੰ ਤੁੱਲਤਾ ਦੇਣ ਵਿਚ ਦਰੇਗ ਨਹੀਂ ਕੀਤਾ, ਇਥੋਂ ਤਾਂਈਂ ਕਿ ਹੁਣ ਪੂਰੀ ਸਿੱਖੀ ਅਗੇ ਦਾਤਾ ਆਪ ਖੜੋ ਗਿਆ ਹੈ। ਆਪਾ ਸਾਰਾ ਵਾਰ ਰਿਹਾ ਹੈ ਸਿਖੀ ਉਤੇ। ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀਂ।। ਇਹ ਵਾਕ ਸੁਣਕੇ ਸੰਗਤ ਵਿਚ ਫੇਰ ਅਚਰਜ ਛਾ ਗਿਆ ਹੈ, ਸੰਭ੍ਰਮ ਹੁੰਦੇ ਹਨ ਕਿ ਹੈਂ!

ਗੁਰੂ ਸਿਖਾਂ ਅੱਗੇ ਖੜੋ ਗਿਆ ਹੈ, ਕਹਿੰਦਾ ਹੈ— ਮੈਨੂੰ ਅੰਮ੍ਰਿਤ ਛਕਾਓ! ਸਿਖ ਗੁਰੂ ਹੋ ਗਏ, ਗੁਰੂ ਸਿਖ ਹੋ ਗਿਆ! ਇਉਂ ਅਚਰਜ ਹੁੰਦਿਆਂ ਫੇਰ ਲਹਿਰ ਫਿਰੀ ਸੰਸੇ ਦੀ ਕਿ ਗੁਰੂ ਜੀ ਨੂੰ ਕੀਹ ਹੋ ਗਿਆ ਹੈ? ਪਰ ਅੱਜ ਸੰਸਾ ਪਰਾਂ ਵਾਲਾ ਹੈ, ਉਡਦਾ ਆਉਂਦਾ ਤੇ ਉਡਦਾ ਚਲਾ ਜਾਂਦਾ ਹੈ ਤੇ ਵੀਚਾਰ ਫੁਰਦੀ ਹੈ ਕਿ ਕੋਈ ਕੌਤਕ ਹੈ ਸਾਡੀ ਸਮਝੋਂ ਪਰੇ, ਕੱਲ ਵਾਂਙੂ ਅਸੀਂ ਭੁੱਲ ਨਾ ਕਰੀਏ ਤੇ ਡਰੀਏ ਨਾ। ਏਧਰ ਪੰਜ ਪਜਾਰੇ ਹੈਰਾਨ ਹਨ, ਅਸਮੰਜਸ ਵਿਚ ਹਨ ਕਿ ਸੇਵਕ ਹੋਕੇ ਸਾਹਿਬ ਨੂੰ ਅਸੀਂ ਅੰਮ੍ਰਿਤ ਛਕਾਈਏ ? ਪੰਜਾਂ ਦਾ ਭਗਤੀ ਭਾਵ ਤੇ ਅਟੁੱਟ ਪ੍ਰੇਮ ਇਸ ਗੱਲ ਨੂੰ ਆਪਣੇ ਪਜਾਰੇ ਦੀ ਬੇਅਦਬੀ ਸਮਝਦਾ ਹੈ। ਦੇਖੋ ਕਵੀ ਜੀ ਕਿਵੇਂ ਇਸ ਦਾ ਰੂਪ ਦੱਸਦੇ ਹਨ:-

'ਅਦਭੁਤ ਬਾਨੀ ਸੁਨਿ ਕਾਨ ਮੈ ਹਰਾਨੀ ਹੋਇ
ਸਿੰਘਨ ਬਖਾਨੀ 'ਕਹਾਂ ਕਹੋ ਆਪ ਬੈਨ ਕੋ ?
ਜਾਤ ਕੇ ਕਮੀਨ, ਦੀਨ, ਰੰਕ ਹੈਂ ਅਧੀਨ, ਹੀਨ,
ਕਾਮ, ਕ੍ਰੋਧ, ਪੀਨ, ਮਨ ਖੀਨ ਹੈ ਨ ਚੈਨ ਕੋ।
ਬਿਸ਼ਈ ਮਲੀਨ ਜੀਵ ਸਭਿ ਤੇ ਸਦੀਵ ਨੀਵ
ਜੰਤੁ ਸੁ ਗਰੀਬ ਹਮ, ਭਲੇ ਗੁਨ ਹੈ ਨ ਕੋ।
ਏਕ ਬਲ ਭਯੋ ਤੁਮ ਹਾਥ ਦਯੋ ਸੀਸ ਪਰ;
ਨਯੋ ਰੰਗ ਥਿਯੋ ਮਯੋ ਕਿਯੋ ਸੁਖ ਐਨ ਕੋ।'

ਦੇਖੋ ਇਸ ਦੇ ਉੱਤਰ ਵਿਚ ਸ੍ਰੀ ਦਸਮੇਸ਼ ਪਿਤਾ ਜੀ ਕੀ ਫੁਰਮਾਉਂਦੇ ਹਨ—

'ਜੋਤੀ ਰੂਪ ਏਕੰਕਾਰ ਸਭਿ ਕੇ ਆਧਾਰ ਨਿਤ ਆਪ ਨਿਰਾਧਾਰ ਜਾਂ ਕੋ ਜਾਨਤ ਅਸੇਸ ਹੈਂ। ਭਗਤਿ ਅਧੀਨ ਕਾਲ ਛੀਨ ਮਹੀਆਨ ਮਹਾਂ ਤਾਂ ਕੋ ਸੁਤ ਜਾਨੋ ਮੋਹਿ ਸਭਿ ਤੇ ਵਿਸ਼ੇਸ਼ ਹੈ। ਸਿੱਖਨ ਅਧੀਨ ਤਿਮ ਮੋਕਉ ਚੀਨ ਲੇਹੁ ਚਿਤ, ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ।' ਅਰਥਾਤ ਜਿਵੇਂ ਪਰਮੇਸ਼ੁਰ ਨਿਰਾਧਾਰ ਤੇ ਸ੍ਰਬੰ (ਆਪਣੇ) ਆਧਾਰ ਹੈ ਪਰ ਉਹ ਆਖਦਾ ਹੈ ਕਿ ਮੈਂ ਭਗਤਾਂ ਦੇ ਅਧੀਨ ਹਾਂ[1] ਤਿਵੇਂ, ਮੈਂ ਉਸ ਦਾ ਪੁਤ੍ਰ ਸਿਖਾਂ ਦੇ ਅਧੀਨ ਹਾਂ।

ਪੰਚਾਂ ਨੇ ਹੁਣ ਵੀਚਾਰਿਆ ਕਿ ਚਾਹੋ ਸਾਡਾ ਗੁਰੂ ਨੂੰ ਅੰਮ੍ਰਿਤ ਛਕਾਉਣਾ ਬੇਅਦਬੀ ਹੈ, ਸਾਡੇ ਅਦਬ ਤੇ ਭਗਤੀ ਭਾਵ ਦੇ ਨੁਕਤੇ ਤੋਂ, ਪਰ ਗੁਰੂ ਕਾ ਹੁਕਮ ਸਿਰ ਧਰਨਾ ਬੀ ਸਾਡਾ ਧਰਮ ਹੈ। ਅਸੀਂ ਸੀਸ ਭੇਟ ਕਰ ਚੁਕੇ ਹਾਂ, ਅਸੀਂ ਮਰ ਚੁਕੇ ਹਾਂ, ਹੁਣ ਜੋ ਕੁਛ ਹੈ ਗੁਰੂ ਕਾ ਹੈ, ਇਨ੍ਹਾਂ ਸਰੀਰਾਂ ਨਾਲ, ਜੋ ਸਾਡੇ ਨਹੀਂ, ਗੁਰੂ ਜੋ ਚਾਹੇ ਸੋ ਕਰੇ, ਏਹ ਉਸ ਦੇ ਹਨ, ਇਸ ਕਰਕੇ ਹੁਣ ਜੋ ਕੁਛ ਕਰਨਾ ਹੈ ਕਾਠ ਦੀ ਪੁਤਲੀ ਦੇ ਖੇਲਾਵਨਹਾਰ ਦੇ ਹੱਥ ਵਿਚ ਕੌਤਕ ਮਾਤ੍ਰ ਹੈ। ਇਉਂ ਆਪਣੇ ਪੂਰਨ ਪ੍ਰੇਮ, ਪੂਰਨ ਆਪਾ ਵਾਰ ਭਾਵ ਤੇ ਭਗਤੀ ਦੀ ਅਵਧੀ ਦੇ ਆਸ਼ੇ ਨਾਲ ਉਠੇ ਤੇ ਪੂਰੇ ਨੂੰ ਪੂਰਾ ਕਰਨ ਵਾਸਤੇ ਪੂਰੇ ਦਾ ਹੁਕਮ ਬਜਾ ਲਿਆਂਦਾ। ਨਦੀਆਂ ਸਾਗਰ ਨੂੰ ਵਧਾ ਘਟਾ ਨਹੀਂ ਸਕਦੀਆਂ, ਉਹ ਪੂਰਨ ਹੈ ਪਰ ਨਦੀਆਂ ਉਸੇ ਵਿਚ ਪੈਂਦੀਆਂ ਹਨ, ਤਿਵੇਂ ਸਿਖ ਨਦੀਆਂ ਨੇ ਗੁਰੂ ਵਿਚ ਹੁਕਮ ਅਨੁਸਾਰ ਆਪਾ ਵਾਰਨ ਵਾਂਙ ਹੀ ਹੁਕਮ ਮੰਨ ਕੇ ਗੁਰੂ ਨੂੰ ਅੰਮ੍ਰਿਤ ਛਕਾਇਆ : 'ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮ ਤੇਰਾ ਤੁਹੀ ਚਵਰ ਢੋਲਾਰੇ।।' ਕਿਸੇ ਪ੍ਰੇਮੀ ਨੇ ਪ੍ਰੇਮ ਹੁਲਾਸ ਵਿਚ ਜੈ ਕਾਰਾ ਗਜਾਇਆ- -'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ[1]।' ਇਹ ਵਾਕ ਅਜ ਤਕ ਸਦੀਆਂ ਟੱਪਕੇ ਵੀ ਖਾਲਸੇ ਦੀ ਯਾਦ ਵਿਚ ਹੈ।

ਗੁਰੂ ਜੀ ਦਾ ਇਹ ਕੌਤਕ ਉਹਨਾਂ ਦੀ ਬਜ਼ੁਰਗੀ ਤੇ ਆਪਾ ਵਾਰ ਕੁਰਬਾਨੀ ਹੈ, ਜੋ ਉਨ੍ਹਾਂ ਨੇ ਆਪਣੇ ਸਾਰੇ ਜੀਵਨ ਵਿਚ ਆਪਣੇ ਪੰਥ ਲਈ, ਦੁਖੀ ਪ੍ਰਜਾ ਲਈ ਤੇ ਸ੍ਰਿਸ਼ਟੀ ਮਾਤ੍ਰ ਲਈ ਕੀਤੀ। ਇਸ ਦਾ ਇਹ ਭਾਵ ਨਹੀਂ ਕਿ ਅਸੀਂ ਗੁਸਤਾਖ ਹੋ ਕੇ ਬਰਬਰੀ ਤੇ ਬੇਅਦਬੀ ਦੇ ਭਾਵ ਵਿਚ ਆ ਕੇ ਗੁਰੂ ਤੁੱਲਤਾ ਦਾ ਮਾਣ ਧਾਰੀਏ। ਗੁਰੂ ਅੰਮ੍ਰਿਤ ਛਕ ਕੇ ਫੇਰ ਤਖਤ ਤੇ ਜਾ ਬਿਰਾਜੇ, ਖਾਲਸਾ ਸਦਾ ਅਦਬ ਵਿਚ ਰਿਹਾ। ਗੁਰੂ ਸੱਚਾ ਪਿਤਾ ਰਿਹਾ, ਅਜ ਤਾਂਈਂ ਗੁਰੂ ਤੇ ਸੱਚਾ ਪਿਤਾ ਤੇ ਸੱਚਾ ਪਾਤਸ਼ਾਹ ਆਖੀਦਾ ਹੈ, ਖਾਲਸਾ ਸਦਾ ਮੱਥਾ ਟੇਕਦਾ ਤੇ ਸਿਦਕ ਸ਼੍ਰਧਾ ਭਗਤੀ ਵਿਚ ਰਿਹਾ ਤਿਵੇਂ ਅਸਾਂ ਰਹਿਣਾ ਹੈ।

ਜਦੋਂ ਦਾਤਾ ਆਪ ਅੰਮ੍ਰਿਤ ਛਕਕੇ ਜਾ ਸਿੰਘਾਸਣ ਬੈਠਾ ਤਾਂ ਸੰਗਤ ਵਿਚ ਆਪ ਦਾ ਇਕ ਐਲਾਨ ਸੁਣਾਇਆ ਗਿਆ[2] ਹੁਣ ਕੁਛ ਤਾਂ ਡਰੇ, ਕੁਛ ਮਨਮੁਖਤਾ ਵਿਚ

1. ਵਾਹਿਗੁਰੂ ਜੀ ਦਾ ਵਾਕ--ਮੈਂ ਗੁਨ ਬੰਧ ਮਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ। (ਸਾਰੰਗ-ਨਾਮਦੇਵ)

1. ਦੂਜੇ ਭਾ: ਗੁ: ਨੇ ਇਹ ਪ੍ਰਸਿਧ ਤੁਕ ਆਪਣੀ ਵਾਰ ਵਿਚ ਦਿੱਤੀ ਹੈ।

2. ਏਅਲਾਨ ਲਈ ਦੇਖੋ ਸਫਾਂ ੪੯੯੮ ਸੂ : ਪ੍ਰਕਾਸ਼ ਪ੍ਰਯਾਵਾਂ ਵਾਲੇ ਦਾ।

ਦ੍ਰਿੜ ਰਹੇ ਪਰ ਬਹੁਤੇ ਨਿਤਰੇ ਤੇ ਖਾਲਸਾ ਸਜਣ ਲਈ ਤਿਆਰ ਹੋਏ।

ਬਹੁਰ ਪੰਚ ਸਿੰਘ ਖਰੇਕਰਿ ਅੰਮ੍ਰਿਤ ਦਿਯੋਛਕਾਇ। ਸੰਗਤਾ ਮੁਕਤੇ ਜਿਨ ਕਹੇ ਭਏ ਸਿੰਘ ਹਰਖਾਇ। ਚੌਪਈ। ਦੇਵਾ ਸਿੰਘ ਰਾਮ ਸਿੰਘ ਧੀਰ। ਟਹਿਲ ਸਿੰਘ ਈਸ਼ਰ ਸਿੰਘ ਬੀਰ। ਫਤੇ ਸਿੰਘ ਪੰਚਹੁੰ ਇਹ ਭਏ। ਮੁਕਤੇ ਨਾਮ ਗੁਰੂ ਕਹਿ ਦਏ। ਅਪਰ ਅਨੇਕ ਖਰੇ ਪੁਨ ਹੋਇ। ਅੰਮ੍ਰਿਤ ਖੰਡੇ ਕਾਲੇ ਸੋਇ[1]। ਅਪਨੀ ਵਾਸੀ ਨਾਮ ਬਤਾਵੈਂ। ਗੁਰਤੇ ਸੀਖਹਿ ਰਹਿਤ ਦ੍ਰਿੜਾਵੈਂ। ਬਹੁਰ ਇਕਾਦਸ਼ ਹ੍ਵੈ ਸਿਖ ਖਰੇ। ਅੰਮ੍ਰਿਤ ਲੀਨ ਬੀਰਰਸ ਭਰੇ। ਬਖਸ਼ ਸਿੰਘ ਬਖਸ਼ੀਸ਼ ਸਿੰਘ ਪੁਨ। ਸਿੰਘ ਕਲਾਲ ਜਾਤਿ ਰਹਿਤੈ ਸੁਨਿ। ਭੈਰੋਵਾਲ ਗ੍ਰਾਮ ਕੇ ਸੋਇ। ਰਹੈ ਹਜ਼ੂਰ ਸਦਾ ਈ ਦੋਇ। ਸੁਰ ਸਿੰਘ ਕਾ ਸਿੱਧੂ ਸਿਖ ਭਯੋ। ਨਾਮ ਦਯਾਲ ਸਿੰਘ ਕਹਿ ਦਯੋ। ਖਤ੍ਰੀ ਸਿਖ ਗੁਲਾਬ ਸਿੰਘ ਜਾਨੋ। ਗੋਤਮਰਿਖਿ ਜੀ ਕੀਨਬਖਾਨੋ। ਬੇਗ ਸਿੰਘ ਅੰਖਰੀਕ ਸਿੰਘ ਦੁਇ। ਜੰਬਰ ਮਘਯਾਨੇ ਵਾਸੀ ਸੁਇ। ਭੰਡਾਰਾ ਸਿੰਘ ਸਿੰਘ ਹਜਾਰਾ। ਦਰਬਾਰਾ ਸਿੰਘ ਤ੍ਰਿਤੀ ਉਚਾਰਾ। ਸੀਰੰਦ ਕੇ ਵਾਸੀ ਸਿਖ ਬਨੀਏ। ਅੰਮ੍ਰਿਤ ਲੀਨ ਰਹਿਤ ਸਭ ਮਨੀਏ। ਭਯੋ ਖਰੋ ਘਨ ਸਿੰਘ ਸੁਨਾਮੂ। ਬਚਨ ਸਿੰਘ ਫਾਜਲ ਤਿਹਗ੍ਰਾਮੂ। ਆਲਮ ਸਿੰਘ ਨਚਨਾ ਗੁਰ ਕਹੈਂ। ਸਜਾਲਕੋਟ ਕੀ ਵਾਸੀ ਅਹੈ। ਜਾਤ ਹੁਤੀ ਰਜਪੂਤ ਤਿਸੀਕੀ। ਸੀਖਰਹਿਤ ਲੇ ਪਾਹੁਲ ਨੀਕੀ। ਪੁਰਿ ਮੁਲਤਾਨ ਅਲੀਪੁਰ ਨੇਰੇ। ਮਾਈ ਦਾਸ ਰਜਪੂਤ ਬਸੇਰੇ। ਤਿਸ ਕੇਮਨੀ ਰਾਮ ਸੁਤਹੋਯੋ। ਆਇ ਤਹਾਂ ਗੁਰਦਰਸ਼ਨ ਜੋਯੋ। ਪੰਚ ਪੁੱਤ੍ਰ ਲੈ ਅਪਨੇ ਸਾਥ। ਸ਼ਰਨੀ ਪਰਜੋ ਰਹਜੋ ਗੁਰ ਨਾਥ। ਸੋ ਪੰਚਹੁੰ ਭ੍ਰਾਤਾ ਕਰਿ ਖਰੇ। ਸਿੰਘ ਨਾਮ ਤਿਨ ਕੇ ਗੁਰ ਧਰੇ। ਬਡੋ ਬਚਿੱਤ੍ਰ ਸਿੰਘ ਭਟ ਭਯੋ। ਉਦੇ ਸਿੰਘ ਦੂਸਰ, ਬਿਦਤਯੋ! ਅਨਕ ਸਿੰਘ ਅਰ ਅਜਬ ਸਿੰਘ ਪੁਨ। ਪੰਚਮ ਭਯੋ ਅਜਾਇਬ ਸਿੰਘ ਗੁਨਿ। ਅੰਮ੍ਰਿਤ ਖੰਡੇ ਕੋ ਤਿਨਦੀਨਾ। ਮਨਹੁੰ ਪੰਚ ਪਾਂਡਵ ਬਲ ਪੀਨਾ। ਰਣਮਹਿ ਕਰੇ ਕਰਮ ਜਿਨ ਭੀਖਨ। ਰਿਪੁ ਮਾਰੇ ਜਿਨਸ਼ਸਤ੍ਰਨ ਤੀਖਨ। ਇਨ ਤੇ ਆਦਿਕ ਭਏ ਹਜ਼ਾਰੇ[1]। ਅੰਮ੍ਰਿਤ ਲੇਤ ਰਹਿਤ ਕੋ ਧਾਰੇ।

(ਆਦਰਸ਼ ਖਾਲਸਾ)

ਹੁਣ ਖਾਲਸਾ ਮੁਕੰਮਲ ਸਜ ਗਿਆ ਹੈ, ਕਲਗੀਆਂ ਵਾਲੇ ਪਾਤਸ਼ਾਹ ਨੇ ਖਾਲਸਾ ਦਾ ਆਦਰਸ਼ ਆਪ ਇਉਂ ਲਿਖਿਆ ਹੈ :--

ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥ ਪੂਰਨ ਜੋਤ ਜਗੈ ਘਟ ਮਹਿ ਤਬ ਖਾਲਸਾ ਤਾਹਿ ਨਖਾਲਸ ਜਾਨੈ॥ (੩੩ ਸ੍ਵੈਯੇ)

ਜਦੋਂ ਇਹ ਖਾਲਸਾ ਮੂਰਤੀਮਾਨ ਹੋ ਗਿਆ ਤਾਂ ਕਵੀ ਸੈਨਾਪਤ ਜੀ ਆਨੰਦ ਪੁਰ ਸਨ, ਆਪ ਨੇ ਖਾਲਸਾ ਦੇ ਪ੍ਰਗਟ ਹੋ ਪੈਣ ਬਾਬਤ ਅੱਖੀਂ ਦੇਖ ਕੇ ਐਉਂ ਲਿਖਿਆ ਹੈ :--ਨਿਰਮਲ ਕਰ ਸੰਸਾਰ ਜਗਤ ਮੈਂ ਬਚਨ ਸੁਨਾਏ।

ਕੀਓ ਖਾਲਸਾ ਪ੍ਰਗਟ ਸੁਨਤਿ ਦੁਰਜਨ ਡਰ ਪਾਏ। ਮੁਨਿ ਜਨ ਕਰਤ ਬਿਚਾਰ ਚਾਰ ਅਚਰਜ ਸੁਨਿ ਭਾਈ। ਗੁਪਤ ਬਾਤ ਭਈ ਪ੍ਰਗਟਿ ਐਤ ਗੁਰਦੇਵ ਬਤਾਈ। ਪੁਨਾ--ਖਾਲਸਾ ਖਾਸ ਕਹਾਵੈ ਸੋਈ। ਜਾਂਕੇ ਹਿਰਦੇ ਭਰਮ ਨ ਹੋਈ। ਭਰਮ ਭੇਖੁ ਤੇ ਰਹੈ ਨਿਆਰਾ। ਸੋ ਖਾਲਸਾ ਸਤਿਗੁਰੂ ਹਮਾਰਾ॥ ਗੁਰੂ ਹਮਾਰਾ ਅਪਰ ਅਪਾਰਾ ਸ਼ਬਦ ਬਿਚਾਰਾ ਅਜਰ ਜਰੰ। ਹਿਰਦੈ ਧਰ ਧਜਾਨੀ ਉਚਰੇ ਬਾਨੀ ਪਦ ਨਿਰਬਾਨੀ ਅਪਰ ਪਰੰ[2]।

ਇਹ ਖਾਲਸਾ ਸਤਿਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਦੇ ਕੇ ਮੂਰਤੀਮਾਨ ਕੀਤਾ। ਇਸ ਪਰ ਸ੍ਰੀ ਸੈਨਾਪਤ

---

1. ਜਿਨ੍ਹਾਂ ੧੦੫ ਨੇ ਮਗਰੋਂ ਛਕਿਆ, ਦੀਦਾਰੀ ਤੇ ਉਸ ਤੋਂ ਮਗਰੋਂ ਦੇ ਅਪਰ ਅਪਾਰੀ ਨਾਮ ਨਾਲ ਗੁਰੂ ਜੀ ਨੇ ਬੁਲਾਏ।

1. ਇਸ ਦਿਨ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ ਜੋ ਖਬਰ ਔਰੰਗਜ਼ੇਬ ਨੂੰ ਭੇਜੀ ਉਸ ਵਿਚ ਉਸ ਨੇ ਲਿਖਿਆ ਕਿ ੨੦੦੦੦ ਨੇ ਉਸ ਦਿਨ ਗੁਰੂ ਕੀ ਆਗਯਾ ਪਰਵਾਨ ਕਰ ਲਈ : ਅਰਥਾਤ ਅੰਮ੍ਰਿਤ ਛਕਿਆ---ਦੇਖੋ ਸੰਪਾਦਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਸਫਾ ੪੯੯੮। 2. ਖਾਲਸਾ ਵੈਸਾਖੀ ਵਾਲੇ ਦਿਨ ਸਾਜਿਆ, ਸੈਨਾਪਤ ਜੀ ਲਿਖਦੇ ਹਨ--ਚੇਤ ਮਾਸ ਬੀਤਤ ਸਕਲ ਮੇਲਾ ਭਯੋ ਅਪਾਰ। ਬੈਸਾਖੀ ਕੇ ਦਿਵਸ ਮੈਂ ਸਤਿਗੁਰ ਕੀਯੋ ਬਿਚਾਰ॥ ੧੧੯॥.. ਗੋਬਿੰਦ ਸਿੰਘ ਗੁਰਕੀ ਖੁਸ਼ੀ ਸੰਗਤ ਕਰੀ ਨਿਹਾਲ॥ ਕਿਯੋ ਪ੍ਰਗਟ ਤਬ ਖਾਲਸਾ ਚੁਕਯੋ ਸਕਲ ਜੰਜਾਲ॥ ੧੨੦॥ ਤਬ ਸਮੂਹ ਸੰਗਤ ਮਿਲੀ ਸੁਭ ਸਤੱਦ੍ਰਵ ਕੇ ਤੀਰ॥ ਕੇਤਿਕ ਸੁਨ ਭਏ ਖਾਲਸਾ, ਕੇਤਿਕ ਭਏ ਅਧੀਰ॥ ੧੨੧॥ ਤਜਿ ਮਸੰਦ ਪ੍ਰਭੁ ਏਕ ਜਪ, ਯਹਿ ਬਿਬੇਕ ਤਹਿ ਕੀਨ। ਸਤਿਗੁਰ ਸੌਂ ਸੇਵਕ ਮਿਲੇ ਨੀਰ ਮੱਧ ਜਯੋਂ ਮੀਨ॥ ੧੨੨॥

ਜੋ ਆਪਣੀ ਅਖੀਂ ਦੇਖੀ ਹੋਈ ਸਾਖ ਐਉਂ ਭਰਦੇ ਹਨ :--

'ਖਾਂਡੇ ਕੀ ਪਾਹੁਲ ਦਈ ਕਰਨਹਾਰ ਪ੍ਰਭੁ ਸੋਇ॥ ਕੀਓ ਦਸੋ ਦਿਸ ਖਾਲਸਾ ਤਾਂ ਬਿਨ ਅਵਰ ਨ ਕੋਇ॥' (ਗੁ: ਸ਼ੋ)

ਇਹ ਖਾਲਸਾ ਖੰਡੇ ਦਾ ਅੰਮ੍ਰਿਤ ਛਕ ਕੇ ਤੇਜਵਾਨ ਤੇ ਬਲਵਾਨ ਹੋ ਗਿਆ, ਸੈਨਾਪਤ ਜੀ ਲਿਖਦੇ ਹਨ-- 'ਦੇ ਖਾਂਡੇ ਕੀ ਪਾਹੁਲ ਤੇਜ ਬਢਾਇਆ ! ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ'। ਸੈਨਾਪਤ ਜੀ ਦੱਸਦੇ ਹਨ ਕਿ ਖਾਲਸੇ ਨੂੰ ਮੂਰਤੀਮਾਨ ਕਰਕੇ ਗੁਰੂ ਜੀ ਨੇ ਰਹਿਤ ਐਉਂ ਦੱਸੀ--'ਕੀਏ ਜਦ ਬਚਨ ਸਤਿਗੁਰੂ ਕਾਰਨ ਕਰਨ ਸਰਬ ਸੰਗਤ ਆਦਿ ਅੰਤ ਮੇਰਾ ਖਾਲਸਾ। ਮਾਨੇਗਾ ਹੁਕਮ ਸੋ ਤੋ ਹੋਵੇਗਾ ਸਿੱਖ ਸਹੀ, ਨ ਮਾਨੇਗਾ ਹੁਕਮ ਸੋ ਤੋ ਹੋਵੇਗਾ ਬਿਹਾਲਸਾ। ਪਾਂਚ ਕੀ ਕੁਸੰਗਤ ਤਜਿ ਸੰਗਤ ਸੋਂ ਪ੍ਰੀਤ ਕਰੇ ਦਯਾ ਔਰ ਧਰਮ ਧਾਰ ਤਜਾਗੇ ਸਭ ਲਾਲਸਾ। ਹੁੱਕਾ ਨਹੀਂ ਪੀਵੇ, ਸੀਸ ਦਾੜ੍ਹੀ ਨ ਮੁੰਡਾਵੈ, ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ।' ਪੁਨਾ : 'ਜਾਂਕੈ ਹਿਰਦੈ ਭਰਮ ਨ ਹੋਈ। ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸਾ ਸਤਿਗੁਰੂ ਹਮਾਰਾ।'

ਫਰ ਆਪ ਦੱਸਦੇ ਹਨ ਕਿ ਖਾਲਸਾ ਦੇ ਆਦਰਸ਼ ਵਿਚ ਪਰਮੇਸ਼ੁਰ ਜੀ ਦਾ ਭਜਨ ਇਕ ਮੁੱਖ ਅਸੂਲ ਸਾਹਿਬ ਜੀ ਨੇ ਦ੍ਰਿੜ੍ਹ ਕੀਤਾ ਸੀ-- ਜਿਨ ਉਪਜਤਿ ਨਾਮ ਧੁਨਿ ਤਿਨ ਜਨ ਨਿਰਮਲ ਰੀਤਿ। ਭਜਿ ਗੋਬਿੰਦ ਭਏ ਖਾਲਸਾ ਜਿਨ ਅੰਤਰਿ ਪਰਤੀਤਿ। ਪੁਨਾ--ਜਹਿ ਦੂਤਨ ਕੋ ਤ੍ਰਾਸ ਪਰਤ ਜਮ ਜਾਲਸਾ। ਸਾਚਾ ਨਾਮ ਪੁਨੀਤ ਓਟ ਭਈ ਢਾਲਸਾ। ਬਿਨਸੇ ਸਗਲ ਕਲੇਸ਼ ਗਯੋ ਜੰਜਾਲਸਾ। ਚੂਕਿਓ ਆਵਨ ਜਾਨ ਮਿਟੀ ਸਭ ਲਾਲਸਾ। ਖਾਲਸ ਜਪ ਗੋਬਿੰਦ ਭਯੋ ਹੈ ਖਾਲਸਾ।

ਖਾਲਸੇ ਦੀ ਕਮਾਈ, ਜੋ ਸਤਿਗੁਰ ਜੀ ਨੇ ਦੱਸੀ, ਸੈਨਾਪਤ ਜੀ ਨੇ ਐਉਂ ਲਿਖੀ ਹੈ: ਬਚਨ ਕੀਓ ਕਰਨਹਾਰ, ਸੰਤਨ ਕੀਓ ਬਿਚਾਰ, ਸੁਪਨੇ ਸੰਸਾਰ ਜਾਨ ਕਾਹੇ ਲਪਟਾਈਐ। ਬਿਖਿਅਨ ਸੋਂ ਤਜ ਸਨੇਹ ਸਤਿਗੁਰ ਕੀ ਸਿੱਖ ਲੇਹਿ, ਬਿਨਸੈ ਛਿਨ ਮਾਂਹਿ ਦੇਹਿ ਜਮਪੁਰਿ ਨ ਜਾਈਐ। ਸੀਸ ਨ ਮੁੰਡਾਵੇ ਮੀਤ, ਹੁੱਕਾ ਤਜਿ ਭਲੀ ਰੀਤਿ, ਮਨ ਮੈਂ ਕਰਿ ਪ੍ਰੇਮ ਪ੍ਰੀਤਿ, ਸੰਗਤ ਮੇਂ ਜਾਈਐ। ਜੀਵਨ ਦਿਨ ਚਾਰ ਸਮਝ ਦੇਖਿ, ਬੂਝਿ, ਮਨ ਵਿਚਾਰ, ਵਾਹਿਗੁਰੂ ਗੁਰੂ ਜੀ ਕਾ ਖਾਲਸਾ ਕਮਾਈਐ। (ਗੁਰ ਸ਼ੋਭਾ)

ਅਜ ਖਾਲਸਾ ਦੇ ਅਰਥ ਕੇਵਲ ਇਕ ਸਿਖ ਜਾਂ ਸਮੂਹ ਪੰਥ ਦਾ ਲਿਆ ਜਾਂਦਾ ਦਿੱਸਦਾ ਹੈ, ਪਰ ਖਾਲਸਾ ਇਕ ਅਮੁੱਕ ਅਰਥਾਂ ਵਾਲਾ ਆਦਰਸ਼ ਹੈ। ਉਚੇ ਸੁਚੇ ਗੁਰਮੁਖ ਸਿਖ ਦਾ ਜੋ ਵਾਹਿਗੁਰੂ ਨਾਲ ਹਜ਼ੂਰੀ ਵਾਸ ਰੱਖਦਾ, ਪਵਿੱਤ੍ਰਤਾ, ਧਰਮ, ਨੇਕੀ, ਉਪਕਾਰ ਤੇ ਇਖ਼ਲਾਕ ਦੀ ਮੂਰਤੀ ਹੈ। ਹਰੇਕ ਅੰਮ੍ਰਿਤਧਾਰੀ ਸਿਖ ਜੋ ਰਹਤਵਾਨ ਤੇ ਭਜਨਵਾਨ ਤੇ ਇਖ਼ਲਾਕਵਾਨ ਹੈ, ਖਾਲਸਾ ਹੈ। ਪਰ ਖਾਲਸਾ ਪੰਥ ਬੀ ਹੈ। ਸਾਰੇ ਪੰਥ ਨੂੰ ਬੀ ਖਾਲਸਾ ਕਹੀਦਾ ਹੈ। ਖਾਲਸਾ ਗੁਰੂ ਹੈ, ਦੇਖੋ ਅਜ ਗੁਰੂ ਅੰਮ੍ਰਿਤ ਧਾਰਨ ਕਰਕੇ ਖਾਲਸਾ ਹੈ। 'ਗੁਰ ਸਿਖ' ਸਮੁੱਚਾ ਪੰਥ ਹੈ, ਇਹ ਸਮੁੱਚਾ ਖਾਲਸਾ ਹੈ। ਖਾਲਸਾ ਆਦਰਸ਼ਕ ਇਨਸਾਨ ਹੈ। ਜਿਸ ਦਾ ਕੰਮ ਹੈ ਹਰੇਕ ਨੂੰ ਖਾਲਸਾ ਬਨਾਉਣਾ। ਖਾਲਸਾ ਇਕ ਸਫੁਰਨ ਮੰਤ੍ਰ ਹੈ, ਇਕ ਜੀਉਂਦੀ ਸਤਜਾ ਹੈ, ਜਿਸ ਵਿਚ ਆਪਾ ਵਾਰ ਕੁਰਬਾਨੀ ਦਾ ਜ੍ਵਾਲਾ ਭਰਿਆ ਪਰਬਤ ਹਰ ਵੇਲੇ ਦਮਕਦਾ ਰਹਿੰਦਾ ਹੈ। ਖਾਲਸੇ ਦੇ ਹਿੱਤ ਵਿਚ ਹਰ ਇਕ ਖਾਲਸਾ ਲਈ ਸਭ ਤੋਂ ਵਧੀਆ ਪਿਆਰ ਤੇ ਕੁਰਬਾਣੀ ਦਾ ਮਾਦਾ, ਸਦਕੇ ਹੋਣ ਦਾ ਚਾਉ ਅਤੇ ਆਪਾ ਨੁਛਾਵਰ ਕਰ ਦੇਣ ਦਾ ਅਮਿਟ ਉਮਾਹ ਰਹਿੰਦਾ ਸੀ। ਖਾਲਸਾ ਕਹਿਣ ਨਾਲ ਹਰ ਖਾਲਸੇ ਵਿਚ ਇਕ ਝਰਨਾਟ ਛਿੜਦੀ ਸੀ ਪਿਆਰ ਦੀ ਹਰ ਇਕ ਦੂਜੇ ਲਈ, ਜੋ ਅਖਵਾਉਂਦਾ ਸੀ ਖਾਲਸਾ। ਜਦੋਂ ਵੰਗਾਰ ਪੈਂਦੀ ਸੀ ਖਾਲਸਾ ਲਈ : ਆਹ ਕੁਛ ਕਰਨਾ ਹੈ ਤਦ ਭੀੜ ਪੈਂਦੀ ਸੀ ਪਰਵਾਨਿਆਂ (ਭੰਬਟਾਂ) ਦੀ ਜੋਤਿ ਉੱਤੇ ਤੇ ਜੋਤਿ ਨੂੰ ਮੁਸ਼ਕਲ ਹੋ ਜਾਂਦੀ ਸੀ ਐਨੀਆਂ ਸ਼ਹਾਦਤਾਂ ਨੂੰ ਇੰਨੀ ਛੇਤੀ ਕਬੂਲ ਕਰਦਿਆਂ। ਸਮੇਂ ਯਾ ਦੇਸ਼ਾਂ ਦੀ ਵਿੱਥ ਖਾਲਸੇ ਵਿਚ ਕੋਈ ਵਿੱਥ ਨਹੀਂ ਸੀ। ਜਿੰਨਾ ਕੁਛ ਖਾਲਸੇ ਦੇ ਅਰਥ ਵਿਚ ਕਿਹਾ ਜਾਵੇ ਉਹ ਕੁਛ ਨਹੀਂ ਦਸ ਸਕਦਾ ਜੋ ਕੁਛ ਕਿ ਅਮਲ ਵਿਚ, ਕਰਨੀ ਵਿਚ, ਰਹਿਣੀ ਵਿਚ ਪ੍ਰਤੱਖ ਨਮੂਨੇ ਵਿਚ ਖਾਲਸਾ ਹੋ ਚੁਕਾ ਹੈ ਤੇ ਅਜੇ ਵੀ ਦਮਕਾਂ ਮਾਰਨੋਂ ਨਹੀਂ ਟਲਦਾ। 'ਵਾਹਿਗੁਰੂ ਪ੍ਰੇਮ' ਅਰਥਾਤ ਨਾਮ ਵਿਚ ਲਿਵ, ਹਿਰਦੇ ਦੀ ਪਵਿੱਤ੍ਰਤਾ ਉੱਚਾ ਆਚਰਣ, ਨਿਰਭੈਤਾ, ਚੜ੍ਹਦੀਆਂ ਕਲਾਂ,

ਕੌਮੀ ਭਰਾਵਾਂ ਲਈ ਪਜਾਰ, ਕੁਰਬਾਨੀ, ਸਦਕੇ ਹੋਣ ਦਾ ਮਲ੍ਹਾਰ ਤੇ ਚਾਉ, ਸੁਖ ਦੇਣ ਦੀ ਖੁਸ਼ੀ, ਫੇਰ ਸੇਵਾ ਕਰਕੇ ਖੁਸ਼ੀ, ਫੇਰ ਸੇਵਾ ਕਰਕੇ ਸਫਲ ਹੋ ਗਿਆਂ ਦਾ ਭਾਵ ਇਹ ਸਾਰਾ ਅਰਥ ਤ੍ਰੈ ਅੱਖਰੇ 'ਖ਼ਾਲਸਾ' ਵਿਚ ਸ਼ਾਮਲ, ਅਮਲ ਵਿਚ, ਤੇ ਵਰਤੋਂ ਵਿਚ। ਜਿਥੇ ਖ਼ਾਲਸਾ ਹੈ ਇਨਾਂ ਕੁਛ ਕਹਿਕੇ ਖ਼ਾਲਸਾ ਦਾ ਅਰਥ ਫੇਰ ਬਾਕੀ ਹੈ। ਇਹ ਇਕ ਫ਼ਕੀਰੀ ਰਮਜ਼ ਸੀ ਜੋ--ਗਰੀਬੀ ਵਿਚ ਸ਼ਖਸੀ ਤੇ ਕੌਮੀ ਹਾਲਤ ਵਿਚ, ਆਪਣੇ ਆਪ ਨੂੰ ਪਵਿਤ੍ਰਤਾ ਕੁਰਬਾਨੀ ਤੇ ਪਿਆਰ ਵਿਚ ਪ੍ਰਕਾਸ਼ਦੀ ਹੋਈ, ਅਜੇ ਹੋਰ ਹੈ ਤੇ ਹੋਸੀ ਦੀ--ਅਣਡਿੱਠੇ ਜਗਤ ਵਿਚ ਲਿਵ ਦੀ ਤਾਰ ਲਵਾਈ ਰੱਖਦੀ ਸੀ। ਇਕ ਖ਼ਾਲਸੇ ਨੂੰ ਪ੍ਰਸ਼ਾਦ ਛਕਾ ਕੇ ਭਾਵ ਐਉਂ ਉਛਲਦਾ ਸੀ ਕਿ ਕਲਗੀਆਂ ਵਾਲੇ ਤੇ ਅਕਾਲ ਪੁਰਖ ਨੇ ਪ੍ਰਸ਼ਾਦ ਪਾਇਆ ਹੈ ਤੇ ਛਕਾਉਣਹਾਰ ਕ੍ਰਿਤ ਕ੍ਰਿਤ ਹੋਇਆ ਹੈ। ਧਨ ਧਾਮ, ਪੁੱਤ੍ਰ, ਸਰਬੰਸ ਹਰ ਵੇਲੇ ਖ਼ਾਲਸੇ ਦਾ ਸਮਝਿਆ ਜਾਂਦਾ ਸੀ। ਅੰਦਰ ਨਾਮ ਦਾ ਨਿਵਾਸ ਤੇ ਉਸ ਆਸਰੇ ਚੜ੍ਹਦੀਆਂ ਕਲਾਂ ਦਾ ਪ੍ਰਭਾਵ, ਪਾਪ ਤੇ ਬਦੀ ਅਗੇ ਅੜ੍ਹਕਤਾ, ਫ਼ਤਹ ਦਾ ਨਿਸ਼ਚਾ, ਆਪਣੇ ਆਪ ਤੇ ਭਰੋਸਾ, ਹਰ ਸ਼ੈ ਤੇ ਹਰ ਵਜੂਦ ਤੇ ਹਾਵੀ ਹੋਣਾ, ਇਹ ਖ਼ਾਲਸਾ ਹੋਣ ਦੇ ਸੁਤੇ ਭਾਵ ਸਨ ਤੇ ਹਨ।

ਖ਼ਾਲਸਾ ਕਹਿੰਦਿਆਂ ਸਾਰੇ ਹੋ ਚੁੱਕੇ ਇਤਿਹਾਸ, ਹਠਾਂ, ਤਪਾਂ, ਜਪਾਂ, ਕਰਨੀਆਂ, ਸ਼ਰੀਦੀਆਂ, ਕੁਰਬਾਨੀਆਂ, ਫਤਹਯਾਬੀਆਂ ਦੇ ਸਾਕੇ ਅੱਖਾਂ ਵਿਚ ਫਿਰ ਜਾਂਦੇ ਹਨ ਤੇ ਰੂਹ ਫੂਕ ਕੇ ਜੀਉਂਦਾ ਕਰ ਜਾਂਦੇ ਹਨ। ਖਾਲਸਾ ਵਾਹਿਗੁਰੂ ਦਾ ਹੈ ਤੇ ਫਤਹ ਵਾਹਿਗੁਰੂ ਦੀ ਹੈ, ਸੋ ਫ਼ਤਹ ਖ਼ਾਲਸੇ ਦੀ ਹੈ।

# ੨੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਹਾੜੀ ਰਜਿਆਂ ਨੂੰ ਉਪਦੇਸ਼[1]॥

ਹੁਣ ਖ਼ਾਲਸਾ—ਤਜਾਰ-ਬਰ ਤਜਾਰ ਖ਼ਾਲਸਾ, ਸਜਿਆ ਸਜਾਇਆ ਸਨੱਧਬੱਧ, ਸੱਚੇ ਪਾਤਸ਼ਾਹ ਦੇ ਖਿਆਲ ਮੰਡਲਾਂ ਵਿਚੋਂ, ਉਨ੍ਹਾਂ ਦੇ ਅੰਦਰਲੇ ਦੀਆਂ ਸੁੰਦਰਤਾਈਆਂ ਦੇ ਮੰਡਲਾਂ ਵਿਚੋਂ, ਉੱਚੇ ਉੱਚੇ ਪਾਰਲੌਕਿਕ ਸੁਪਨ ਦੇਸ਼ਾਂ ਵਿਚੋਂ ਰੂਪ ਰੰਗ ਧਾਰਦਾ ਪ੍ਰਤੱਖ ਧਰਤੀ ਤੇ ਆ ਖਲੋਤਾ ਤੇ ਆਨੰਦਪੁਰ ਦੀ ਭੂਮੀ ਤੇ ਮਨੁੱਖੀ ਜਾਮਿਆਂ ਵਿਚ ਟੁਰਦਾ ਫਿਰਦਾ ਦਿਸ ਪਿਆ। ਔਰੰਗਜ਼ੇਬ ਪਾਸ ਬੀ ਖ਼ਬਰ ਪੁੱਜ ਗਈ ਤੇ ਦੇਸ਼ ਵਿਚ ਬੀ ਧੁੰਮ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪ੍ਰਗਟ ਕੀਤਾ ਹੈ। ਪਹਾੜੀ ਰਾਜਿਆਂ ਨੂੰ ਖ਼ਬਰ ਸਭ ਤੋਂ ਪਹਿਲੇ ਮਿਲੀ ਸੀ, ਹੁਣ ਉਹਨਾਂ ਵਿਚ ਫੇਰ ਵਿਚਾਰ ਤੁਰੀ। ਸਾਰੇ ਬਿਲਾਸਪੁਰ ਇਕੱਠੇ ਹੋਏ ਕਿ ਇਹ ਜੋ ਸਤਿਗੁਰ ਜੀ ਨੇ ਸਾਡੇ ਰਾਜ ਵਿਚ ਰਹਿਕੇ ਫਤੂਰ ਆਰੰਭਿਆ ਹੈ ਇਸ ਦਾ ਅੰਤ ਕੀ ਹੋਵੇਗਾ ? ਕਈ ਵੇਰ ਲੜੇ, ਕਈ ਵੇਰ ਜੁੱਧ ਜੰਗ ਹੋਏ, ਸਾਡਾ ਬਣਿਆ ਕੁਝ ਨਾ ਤੇ ਹੁਣ ਤਾਂ ਉਨ੍ਹਾਂ ਨੇ ਧਰਮ ਕਰਮ ਦੇ ਸਿਰ ਬੀ ਮਿੱਟੀ ਪਾਈ ਤੇ ਨਾਲ ਜੁੱਧ ਜੰਗ ਦਾ ਸਾਮਾਨ ਹੋਰ ਕਰ ਲਿਆ ਹੈ, ਸਾਡੀ ਭਲਾਈ ਕਿਸ ਗੱਲ ਵਿਚ ਹੈ ?

ਇਸ ਵੇਲੇ ਦੀਆਂ ਵੀਚਾਰਾਂ ਉਵੇਂ ਹੀ ਸਨ ਜਿਵੇਂ ਕਿਸੇ ਫਟੀ ਹੋਈ ਕੌਮ ਵਿਚ ਹੁੰਦੀਆਂ ਹਨ। ਕਈਆਂ ਨੇ ਵਿਚੋਂ ਆਖਿਆ ਕਿ ਜੇ ਅਸੀਂ ਰਾਜੇ ਰਹਿ ਜਾਈਏ ਤਾਂ ਇਹ ਗਲ ਤਾਂ ਗੁਰੂ ਜੀ ਦੀ ਮੰਨਣ ਵਾਲੀ ਹੈ ਕਿ ਤੁਰਕਾਂ ਨੇ ਅੱਤਿ ਦੀ ਅੱਤਿ ਚਾਈ ਹੋਈ ਹੈ ਅਰ ਸਾਡੇ ਜੀਉਣੇ ਦਾ ਕੋਈ ਧਰਮ ਨਹੀਂ ਹੈ। ਜੇ ਕੋਈ ਉਪਰਾਲਾ ਬਣੇ ਤਾਂ ਇਹ ਨਸ਼ਟ ਹੋ ਜਾਣ; ਸੁਖ ਤਾਂ ਤਦੇ ਹੈ। ਪਰ ਇਹ ਡਾਢੇ ਹਨ, ਆਪੋ ਵਿਚ ਜੁੜੇ ਹਨ; ਇਨ੍ਹਾਂ ਦੇ ਅੱਗੇ ਕੌਣ ਟਿਕੇਗਾ ? ਕਈ ਸੋਚਾਂ ਮਗਰੋਂ ਇਥੇ ਅੱਪੜੇ ਕਿ ਆਨੰਦਪੁਰ ਆਪ ਚੱਲਕੇ ਵੇਖੀਏ ਤਾਂ ਸਹੀ ਕੀ ਗੁਰੂ ਕਿ ਆਖਦਾ ਤੇ ਕਰਦਾ ਹੈ। ਸੋ ਉਹਨਾਂ ਦੀ ਆਪੋ ਵਿਚ ਵਿਚਾਰ ਦੇ ਸਿੱਟੇ ਤੇ ਆਨੰਦ-ਪੁਰ ਜਾਣਾ ਹੀ ਠੱਟ ਗਿਆ। ਪੰਜ ਸਤ

1. ਇਹ ਲੇਖ ੭ ਪੋਹ ਸੰ: ਗੁ: ਨਾ: ਸਾ: ੪੫੪ ਅਰਥਾਤ ੨੧ ਦਸੰਬਰ ੧੯੨੨ ਈ: ਦੇ ਗੁਰਪੁਰਬ ਸਪਤਮੀ ਪਰ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ।

ਰਾਣੇ ਚੁਣੇ ਗਏ ਤੇ ਬਿਲਾਸ ਪੁਰੀਆ ਉਹਨਾਂ ਦਾ ਬੋਲਾਰਾ ਬਣਿਆ। ਇਨ੍ਹਾਂ ਦੇ ਜਾਣ ਦਾ ਕਾਰਨ ਇਕ ਤਾਂ ਭਾਰੀ ਅਸਚਰਜ ਸੀ, ਜ਼ੋ ਉਨ੍ਹਾਂ ਨੂੰ ਗੁਰੂ ਜੀ ਦੇ ਕਾਰਨਾਮੇ ਸੁਣ ਸੁਣਕੇ ਵਾਪਰ ਰਿਹਾ ਸੀ, ਦੂਜੇ ਆਪਣੇ ਬਚਾਉ ਦਾ ਖ਼ਤਰਾ ਸੀ ਤੇ ਤੁਰਕਾਂ ਨਾਲ ਦਿਲੀ ਵੈਰ ਕਰਕੇ ਉਨ੍ਹਾਂ ਦੀ ਤਬਾਹੀ ਦੇ ਸਾਮਾਨ ਨੂੰ ਦੇਖਣ ਦਾ ਦਬਵਾਂ ਚਾਉ ਬੀ ਸੀ, ਤੇ ਲੋੜ ਆ ਪਈ ਤੇ ਤੁਰਕ ਨਰੇਸ਼ ਵਾਸਤੇ ਇਹ ਜ਼ਾਹਰਦਾਰੀ ਬੀ ਸੋਚ ਲਈ ਸੀ ਕਿ ਅਸੀਂ ਭੇਤ ਲੈਣ ਗਏ ਸਾਂ।

ਆਨੰਦਪੁਰ ਅੱਪੜੇ। ਗੁਰੂ-ਦਰਬਾਰ ਵਲੋਂ ਸਨਮਾਨ ਦਾ ਉਤਾਰਾ ਦਿੱਤਾ ਗਿਆ। ਰਾਜਿਆਂ ਨੇ ਖ਼ਾਲਸਾ ਡਿੱਠਾ, ਸ਼ਕਲ ਸੂਰਤ ਵੇਖੀ, ਤੇਜ ਜਬ੍ਹਾ ਅਝੱਲ ਪਾਇਆ। ਲੱਛਣ ਦੱਸਣ ਕਿ ਏਹ ਲੋਕ ਧਰਤੀ ਦਾ ਭਾਰ ਹਰ ਸਕਦੇ ਹਨ, ਮਾਤ ਭੂਮੀ ਦੇ ਕਸ਼ਟ ਕੱਟ ਸਕਦੇ ਹਨ, ਪਰ ਇਨ੍ਹਾਂ ਦੇ ਬਲ ਪਾ ਜਾਣ ਤੇ ਤੁਰਕਾਂ ਦੇ ਨਾਲ ਹੀ ਆਪਣੇ ਨਸ਼ਟ ਦਾ ਭੈ ਬੀ ਪਵੇ, ਫੇਰ ਹੌਸਲਾ ਹੋ ਆਵੇ ਤੇ ਕਦੇ ਖ਼ੁਸ਼ੀ ਬੀ ਹੋਵੇ। ਇਸ ਪ੍ਰਕਾਰ ਦੇ ਜੱਕੋ-ਤੱਕਿਆਂ ਵਿਚ ਮੁਲਾਕਾਤ ਦਾ ਵੇਲਾ ਆ ਗਿਆ ਤੇ ਇਕ ਚੰਗੇ ਸਜੇ ਸ਼ਾਮਿਆਨੇ ਹੇਠ ਰਾਜਿਆਂ ਨੇ ਆ ਕੇ ਦਰਸ਼ਨ ਪਾਇਆ, ਸੀਸ ਨਿਵਾਇਆ, ਸੁਖ ਸਾਂਦ ਪੁੱਛ ਕੇ ਵਧਾਈ ਦਿੱਤੀ। ਨੀਤੀ ਦੇ ਤ੍ਰੀਕੇ ਨਾਲ ਵਾਰਤਾਲਾਪ ਕਰਕੇ ਇਨ੍ਹਾਂ ਪੁੱਛਾਂ ਤੇ ਆ ਗਏ, ਜਿਨ੍ਹਾਂ ਦਾ ਸਾਰ ਇਹ ਸੀ ਕਿ ਕਿੱਕੂੰ ਖ਼ਾਲਸਾ ਤੁਰਕਾਂ ਦੀ ਸਮਾਪਤੀ ਕਰੇਗਾ ? ਅਰ ਆਪ ਧਰਮ ਦੇ ਅਵਤਾਰ ਹੋ ਕੇ ਸੁਲਹ ਦੇ ਦਾਤਾ ਗੁਰੂ ਨਾਨਕ ਦੇ ਗੱਦੀ ਨਸ਼ੀਨ ਹੋ ਕੇ ਕੀਕੂੰ ਤਲਵਾਰ ਨਾਲ ਮਾਰਨਾ ਰਵਾ ਰਖੋਗੇ।

ਜੁਾਬ—ਖ਼ਾਲਸਾ ਕਿਸੇ ਦੀ ਸਮਾਪਤੀ ਨਹੀਂ ਕਰੇਗਾ, ਪਰ ਨਾਖ਼ਾਲਿਸਤਾ ਨੂੰ ਸੋਧੇਗਾ। ਤੁਰਕਾਂ ਵਿਚ ਪਾਪ ਵੱਸਦਾ ਹੈ। ਪਹਿਲੇ ਗੁਰਾਂ ਨੇ ਉਹਨਾਂ ਦਾ 'ਪਾਪ ਧੋਣ' ਤੇ ਹਿੰਦੂਆਂ ਵਿਚ 'ਜਾਨ ਭਰਨ' ਤੇ ਜ਼ੋਰ ਲਾਇਆ ਹੈ। ਤੁਰਕਾਂ ਨੇ ਪਾਤਸ਼ਾਹੀ ਹੈਸੀਅਤ ਵਿਚ ਜ਼ੁਲਮ ਨਹੀਂ ਛੋੜੇ ਤੇ ਹੁਣ ਤਾਂ ਸਗੋਂ ਹੱਦ ਨੂੰ ਅੱਪੜ ਗਏ ਹਨ ਤੇ ਹਿੰਦੂਆਂ ਨੇ ਕੌਮੀ ਹੈਸੀਅਤ ਵਿਚ ਗੁਰੂ ਕੇ ਬਖਸ਼ੇ ਨਵਜੀਵਨ ਨੂੰ ਲੈ ਕੇ ਪਲਟਾ ਨਹੀਂ ਖਾਧਾ, ਇਸ ਲਈ ਜ਼ਰੂਰੀ ਹੋ ਗਿਆ ਹੈ ਕਿ ਜਿਨ੍ਹਾਂ ਲੋਕਾਂ ਨੇ ਗੁਰੂ ਘਰ ਤੋਂ ਜੀਵਨ ਪ੍ਰਾਪਤ ਕੀਤਾ ਹੈ, ਉਹਨਾਂ ਨੂੰ ਹੀ ਜਥੇਬੰਦ ਕਰ ਲਿਆ ਜਾਵੇ। ਇਹ ਲੋਕੀ ਸਾਂਈਂ ਦੇ ਦਰ ਪ੍ਰਵਾਨ ਹੋਣ ਲਈ ਜੀਵਨ ਮੁਕਤ ਬਣਾਏ ਗਏ ਸਨ, ਪਰ ਹੁਣ ਵਕਤ ਆ ਗਿਆ ਹੈ ਕਿ ਯਾ ਇਹ ਭੂਮੀ ਤਬਾਹ ਹੋ ਜਾਏ ਯਾ ਇਨ੍ਹਾਂ ਜੀਵਨ ਮੁਕਤਾਂ ਦੇ ਹਥੋਂ ਹੀ ਇਸ ਦੀ ਰੱਖਿਆ ਕਰਾਈ ਜਾਵੇ। ਇਹ ਰੱਖਿਆ ਕਰਨੀ ਤੁਹਾਡਾ ਰਾਜਿਆਂ ਦਾ ਧਰਮ ਸੀ, ਪਰ ਹੁਣ ਇਨ੍ਹਾਂ ਫਕੀਰਾਂ ਦੇ ਸਿਰ ਦੇਸ਼ ਰਖਯਾ ਦਾ ਕਰ ਆ ਪਿਆ ਹੈ, ਕਿਉਂਕਿ ਤੁਸੀਂ ਇਕ ਮੁੱਠ ਹੋ ਕੇ ਨਿੱਤਰਦੇ ਨਹੀਂ। ਤਿਹਾਈ ਧਰਤੀ ਤੋਂ ਵਧੀਕ ਅਜੇ ਬੀ ਹਿੰਦੂ ਰਾਜਿਆਂ ਦੀ ਹੈ, ਪਰ ਰਾਜੇ ਬੀ ਮੁਰਦਿਹਾਨ ਵਿਚ ਹਨ, ਆਪੋ ਵਿਚ ਏਕਾ ਨਹੀਂ, ਪਰਜਾ ਅੰਨ੍ਹੀ ਗਿਆਤ ਵਿਹੂਣੀ ਮਰ ਰਹੀ ਹੈ। ਨਾ ਪਰਜਾ ਵਿਚ ਜਾਨ ਹੈ ਨਾ ਤਾਣ, ਨਾ ਰਾਜਿਆਂ ਵਿਚ ਜਥੇਬੰਦੀ ਹੈ ਨਾ ਸਾਹਸ ਤੇ ਨਾ ਕੁਰਬਾਨੀ, ਨਾ ਉਪਕਾਰ, ਇਸ ਲਈ ਹੁਣ ਫਕੀਰਾਂ ਨੇ ਤਲਵਾਰ ਚਾਈ ਹੈ।

ਅਜਮੇਰ ਚੰਦ[1]--ਧਰਮ ਵਿਚ ਦਇਆ ਚਾਹੀਏ ਤੇ ਜੁੱਧ ਵਿਚ ਕੁਦਇਆ, ਫਕੀਰੀ ਤੇ ਸਮਸ਼ੇਰ ਕਿਵੇਂ ਨਿਭਣਗੀਆਂ ?

ਗੁਰੂ ਜੀ--ਇਸੇ ਲਈ ਖ਼ਾਲਸਾ ਅਰਸ਼ਾਂ ਤੋਂ ਉਤਰਕੇ ਆਇਆ ਹੈ। ਰੂਹ ਦੇ ਮੰਡਲ ਤੋਂ ਤਲਵਾਰ ਦੀ ਘਾਟ ਦੇ ਰਸਤੇ ਇਸ ਦਾ ਜਨਮ ਹੋਇਆ ਹੈ। 'ਰੂਹ ਤੇ ਸ਼ਮਸ਼ੇਰ' ਅੰਮ੍ਰਿਤ ਵਿਚ ਰਲਕੇ, ਲੋਹਾ ਤੇ ਮਿਸ਼ਰੀ ਘੁਲ ਮਿਲ ਕੇ ਇਕ ਹੋਕੇ 'ਨਵੇਂ ਇਨਸਾਨ'-ਰੱਬੀ ਇਨਸਾਨ--ਦੀ ਕਾਇਆਂ ਘੜਨ ਵਾਲੇ ਬਣੇ ਹਨ। ਇਹ ਇਨਸਾਨ ਜੋ 'ਰੂਹ ਤੇ ਸ਼ਮਸ਼ੇਰ' ਦੇ ਕੱਠੇ ਪਿਘਲ ਜਾਣ ਤੋਂ ਬਣਿਆਂ ਹੈ ਹੁਣ ਧਰਾ ਦਾ ਭਾਰ ਹਰੇਗਾ।

ਅਜ : ਚੰਦ--ਇਹ ਖ਼ਾਲਸਾ ਇਕ ਨਵਾਂ ਮਜ਼੍ਹਬ ਹੈ ?

ਗੁਰੂ ਜੀ--ਇਹ ਦ੍ਵੈਖੀ ਮਜ਼੍ਹਬ ਨਹੀਂ ਵਿਤਕਰੇ ਵਾਲਾ ਰਸਤਾ ਨਹੀਂ, ਨਸਲ ਨਹੀਂ, ਕੁਲ ਨਹੀਂ, ਜਾਤਿ ਨਹੀਂ, ਗੋਤ ਨਹੀਂ, ਇਉਂ ਅਰਸ਼ਾਂ ਵਿਚੋਂ ਸੰਕਲਤ ਕਰਕੇ, ਚੁਣਕੇ, ਕੱਠਿਆਂ ਕਰਕੇ ਸੁਪਨ ਦੇਸ਼ ਵਿਚੋਂ ਆਇਆ 'ਆਦਰਸ਼' ਹੈ; ਜੋ ਉਸ ਇਨਸਾਨ ਦਾ ਹੈ, ਜੋ ਜੀਉਂਦਾ ਹੈ। ਇਹ ਗੁਰੂ ਨਾਨਕ ਸੁਲਹ ਕੁੱਲ ਦੇ ਪੈਦਾ ਕੀਤੇ ਫਕੀਰ ਇਨਸਾਨੀ ਜਥੇਬੰਦੀ ਦਾ ਇਕ ਸਮੁੱਚਾ ਵਜੂਦ ਹੈ। ਇਹ ਸੁਲਾਹ ਕੁੱਲ ਜੀਉਂਦੇ ਇਨਸਾਨਾਂ ਦਾ ਇਕ

---

1. ੧੭੪੯ ਬਿ: ਵਿਚ ਭੀਮ ਚੰਦ ਰਾਜਾ ਬਿਲਾਸਪੁਰ ਦਾ ਮਰ ਚੁੱਕਾ ਸੀ ਤੇ ਉਸਦਾ ਪੁੱਤ ਅਜਮੇਰ ਚੰਦ ਗੱਦੀ ਤੇ ਬੈਠਾ ਸੀ। (ਤ: ਖਾ:)

ਇਕ ਦਾ ਤੇ ਫੇਰ ਜਥੇ ਬੰਦ ਹੋਇਆਂ ਦਾ ਰੂਪ ਹੈ, ਜੋ ਸੁਲਹ ਵਿਚ ਵੱਸਦਾ ਹੈ, ਪਰ ਸੁਲਹ ਦੇ ਵੈਰੀਆਂ ਨੂੰ ਲੋੜ ਵੇਲੇ ਤਲਵਾਰ ਨਾਲ ਬੀ ਸੁਲਹ ਤੇ ਰਹਿਣ ਲਈ ਮਜਬੂਰ ਕਰੇਗਾ ਤੇ ਅੰਦਰੋਂ ਸਾਂਈਂ ਦੇ ਦਰ ਹਾਜ਼ਰ ਖੀ ਰਹੇਗਾ ਜਿਸ ਦੇ 'ਚਿਤ ਵਿਚ ਹਰਿ ਵਸੇਗਾ, ਜਿਸਦੀ ਜਿਹਵਾ ਤੇ ਪਾਪ ਨਾਲ ਜੁੱਧ[1] ਵੱਸੇਗਾ'। ਆਪ ਇਹ ਨਿਰਭੈਤਾ ਵਿਚ ਵਿਚਰ ਕੇ ਦੱਸੇਗਾ। ਭੈ ਦੇਣ ਹਾਰਿਆਂ ਨੂੰ ਭੈ ਦੇ ਕੇ ਭੈ ਦੇਣੋਂ ਅਸਮਰੱਥ ਕਰ ਕੇ ਦੱਸੇਗਾ ਤਾਂ ਜੋ ਜਗਤ ਨਿਰਭੈ ਪਦ ਤੇ ਅੱਪੜੇ। ਇਹ ਖੜਗਧਾਰੀ ਹੋ ਕੇ ਅਨਿਆਉਂ (ਬੇ-ਇਨਸਾਫੀ) ਨੂੰ ਡਾਂਟੇਗਾ, ਧਰਮ ਨੂੰ ਅਭੈ ਕਰੇਗਾ।

ਅਜਮੇਰ--ਗੁਰੂ ਜੀ ! ਆਪ ਬੜੇ ਉੱਚੇ ਦਰਜੇ ਤੇ ਹੋ, ਗਿਆਨ ਫਕੀਰੀ ਆਪ ਜਿਵੇਂ ਚਾਹੋ ਸਿਰੇ ਚਾੜ੍ਹੋ, ਗੁਰੂ ਨਾਨਕ ਦੇ ਜੁ ਹੋ, ਪਰ ਭਗਵਨ ! ਇਕ ਇਕ ਤੁਰਕ ਇਕ ਇਕ ਦੁੰਬਾ ਖਾ ਜਾਂਦਾ ਹੈ, ਇਹ ਅਸੀਂ ਸਾਗ ਪਾਤ ਖਾਣ ਵਾਲੇ ਉਨ੍ਹਾਂ ਨਾਲ ਕੀਕੂੰ ਲੜਾਂਗੇ, ਚਿੜੀਆਂ ਬਾਜ ਕੀਕੂੰ ਮਾਰਨਗੀਆਂ ?

ਗੁਰੂ ਜੀ--ਚਿੜੀਆਂ ਬਾਜ਼ ਤੋੜਨਗੀਆਂ, ਸਾਗ ਪਾਤ ਰੁੱਖਾਂ ਨੂੰ ਖਾ ਜਾਣਗੇ, ਦੁੰਬੇ ਸ਼ੇਰਾਂ ਦਾ ਭੋਜਨ ਕਰਨਗੇ।

ਅਜਮੇਰ--ਸਤਿ ਹੈ, ਪਰ ਸਾਨੂੰ ਦਿੱਸਦਾ ਨਹੀਂ, ਕਿਵੇਂ ਹੋਸੀ ?

ਗੁਰੂ ਜੀ--ਤੁਸੀਂ ਖਾਲਸਾ 'ਇਕ ਸ਼ਖਸੀਅਤ' ਤੱਕ ਰਹੇ ਹੋ, ਇਹ ਠੀਕ ਹੈ, ਪਰ ਇਨ੍ਹਾਂ ਸ਼ਖਸੀਅਤਾਂ ਦਾ ਇਕ ਸਮੁਦਾਯ ਯਾ ਇਕੱਠ ਬੀ ਹੈ। ਤੁਸੀਂ ਖਾਲਸੇ ਦਾ ਸਮੁਦਾਯ ਬਜ਼ਾਰਾਂ ਵਿਚ, ਜੂਹਾਂ ਵਿਚ ਡਿੱਠਾ ਹੋਊ, ਪਰ ਖਾਲਸਾ ਅਜੇ ਹੋਰ ਹੈ। ਇਕ 'ਇਕੱਠਯਾ ਸਮੁਦਾਯ ਇਕ ਜਥੇਬੰਦੀ' ਹੈ, ਪੱਕੀ ਜਥੇਬੰਦੀ ਹੈ, ਬਾਤਰੀਕਾ ਤੇ ਬਾਕਾਇਦਾ। ਇਹ ਜਥੇਬੰਦੀ ਤੁਰਕਾਂ ਦੀ ਜਥੇਬੰਦੀ ਦੇ ਟਾਕਰੇ ਦੀ ਨਹੀਂ ਕਿ ਆਪ ਬਚਾਉਣ ਤੇ ਹੋਰਨਾਂ ਦੇ ਘਰ ਬਾਰ, ਭੋਆਂ, ਵਲੈਤਾਂ ਖੋਹ ਕੇ ਜ਼ੁਲਮ ਕਮਾਉਣ ਦੇ ਮਨੋਰਥ ਉੱਤੇ ਆਪੋ ਵਿਚ ਬੱਝੀ ਹੋਵੇ। ਇਹ ਜਥੇਬੰਦੀ ਇਕ ਦੂਏ ਨੂੰ ਸੱਕੇ ਵੀਰ ਸਮਝ ਕੇ ਬਣੀ ਹੈ, ਇਸ ਜਥੇਬੰਦੀ ਦੇ ਬੰਦੇ ਮੌਤ ਲਈ ਪਹਿਲੇ ਤਿਆਰ ਹਨ। ਇਨ੍ਹਾਂ ਨੇ ਪਹਿਲਾਂ ਸੀਸ ਭੇਟ ਦੇ ਦਿਤੇ ਹਨ, ਜਾਨ ਅਰਪ ਦਿੱਤੀ ਹੈ, ਤਨ ਦੀ ਪੀੜਾ ਬ੍ਰਹਮ ਗਿਆਨੀ ਤੁੱਲ ਫ਼ਤਹ ਕਰ ਲਈ ਹੈ। ਆਪਣੇ ਜੀਵਨ ਦੀ ਕਿਸੇ ਸ਼ੈ ਦਾ ਇਨ੍ਹਾਂ ਨੂੰ ਪਿਆਰ ਨਹੀਂ। ਜੀਵਨ ਜਿਨ੍ਹਾਂ ਨੇ ਦੇ ਦਿੱਤਾ, ਹੇ ਰਾਜਾ ! ਉਹਨਾਂ ਨੂੰ ਫੇਰ ਕਿਸ ਨਾਲ ਮੋਹ ? ਏਹ ਅਸਲ ਸੰਨਿਆਸੀ ਹਨ। ਤੁਸੀਂ ਪੁੱਛੋ ਸੰਨਯਾਸੀ ਜਥੇਬੰਦੀ ਕਿਉਂ ਹੋਏ ਹਨ ? ਇਸ ਲਈ ਕਿ ਪਾਪੀ ਧਰਮ ਨੂੰ ਨਸ਼ਟ ਕਰ ਰਹੇ ਹਨ, ਪਰਜਾ ਨੂੰ ਦੁਖਾ ਰਹੇ ਹਨ, ਸ੍ਰਿਸ਼ਟੀ ਭਾਰ ਹੇਠ ਦੱਬੀ ਬਿਲਬਿਲਾ ਰਹੀ ਹੈ। ਏਹ ਜਥੇਬੰਦ ਹੋ ਰਹੇ ਹਨ ਕਿ ਸਾਰੇ ਦੁਖਾਂ ਨੂੰ ਦੂਰ ਕਰਨ ਤੇ ਰਾਜ ਜੋਗੀ ਹੋ ਕੇ ਸ੍ਰਿਸ਼ਟੀ ਨੂੰ ਰਾਜ ਕਰਕੇ ਦੱਸਣ, ਐਸਾ ਰਾਜ ਜੈਸਾ ਕਿ ਪਰਜਾ ਸੁਖ ਲਈ ਲੋੜੀਦਾ ਹੈ। ਇਹ ਜਥੇਬੰਦੀ ਉਹਨਾਂ ਦੀ ਹੈ, ਜਿਨ੍ਹਾਂ ਦੇ ਵੱਡੇ ਵਡੇਰੇ ਦੋ ਸੌ ਬਰਸ ਤੋਂ ਨਾਮ ਜਪਦੇ ਆਏ ਤੇ ਜਪ ਰਹੇ ਹਨ। ਇਨ੍ਹਾਂ ਦੇ ਆਤਮਾਂ ਪਰਮਾਤਮਾ ਦੀ ਲਗਨ ਨਾਲ ਸੁਰਜੀਤ ਹੋਏ ਹੋਏ ਹਨ। ਏਹ ਆਤਮ ਪਦ ਤੇ ਚੜ੍ਹ ਕੇ ਜੀਉ ਉਠੇ ਲੋਕ ਆਪੋ ਵਿਚ ਜੁੜ ਕੇ ਜਥੇਬੰਦ ਹੋਏ ਹਨ, ਉੱਚੇ ਖਾਲਸਾ ਦੇ ਆਦਰਸ਼ ਵਿਚ ਜਿੱਥੇ ਖੁਸ਼ੀ ਤੇ ਉਮਾਹ ਇਹਨਾਂ ਪਾਸ ਅਪਣਾ ਅੰਦਰਲਾ ਹੈ, ਰੂਹਾਨੀ ਹੈ। ਦੌਲਤ ਮਾਲ ਤੋਂ ਉਤਪਤ ਹੋਈ ਖੁਸ਼ੀ ਦੇ ਭੁੱਖੇ ਏਹ ਨਹੀਂ। ਅੰਦਰੋਂ ਅੰਦਰਲੇ ਦੇ ਸੁਖ ਦੇ ਅਨੁਭਵੀ ਲੋਕ ਜਥੇਬੰਦ ਹੋਏ ਹਨ-ਮੌਤ ਦਾ ਬ੍ਰਤ ਲੈ ਕੇ ! ਇਹ ਇਕ ਇਕ ਖਾਲਸਾ ਹੈ, ਇਨ੍ਹਾਂ ਦਾ ਇਕੱਠ ਖਾਲਸਾ ਹੈ, ਏਨ੍ਹਾਂ ਦੀ ਜਥੇਬੰਦੀ (ਅਸਿਪਾਨ[1] ਤੇ ਅਸੀ[2]) 'ਰੂਹ ਤੇ ਤਲਵਾਰ' ਨਾਲ ਹੋਈ ਹੈ। ਇਹ ਜਥੇਬੰਦੀ ਖਾਲਸਾ ਹੈ, ਮੈਂ ਬੀ ਖਾਲਸਾ ਹਾਂ, ਹਰ ਇਕ ਸਿਖ ਖਾਲਸਾ ਹੈ, ਖਾਲਸਾ ਗੁਰੂ ਹੈ ! ਖਾਲਸਾ ਫੇਰ ਹਰੇਕ ਸਿਖ ਦੇ ਦਿਮਾਗ ਵਿਚ ਇਕ ਉੱਚਾ 'ਆਦਰਸ਼' ਹੈ ਸਭ ਕੁਛ ਉਸ ਖਾਲਸੇ ਦਾ ਹੈ। ਇਕ ਖਾਲਸਾ ਆਪਣਾ ਸਭ ਕੁਛ ਸਾਰੇ ਖਾਲਸੇ ਦਾ ਜਾਣਦਾ ਹੈ। ਏਹ ਜੁੜੇ ਹਨ ਮੇਰੇ ਵਿਚ ਮੇਰੇ ਹੋਕੇ, ਇਹ ਜੁੜੇ ਹਨ ਆਪੋ ਵਿਚ ਮੇਰੇ ਪੁੱਤ ਹੋ ਕੇ, ਏਹ ਜਥੇਬੰਦ ਨਹੀਂ ਹੋਏ, ਭਰਾ ਹੋਏ ਹਨ, ਪਰਵਾਰ ਬਣੇ ਹਨ। ਇਨ੍ਹਾਂ ਦਾ ਲੰਗਰ ਇਕ ਹੈ, ਧਰਮ ਇਸ਼ਟ ਇਕ ਹੈ, ਆਸਾ ਇਕ

1. ਮੁਖ ਤੇ ਹਰਿ ਚਿੱਤ ਮੈ--ਜੁੱਧ ਵਿਚਾਰੈ।। (ਪਾ : ੧੦) ਮੂੰਹ ਤੋਂ ਜੁੱਧ ਤੇ ਚਿੱਤ ਵਿਚ ਹਰੀ ਦੀ ਵਿਚਾਰ ਕਰੇਗਾ।

1. ਅਸਿਪਾਨ--ਵਾਹਿਗੁਰੂ। 2. ਅਸੀ--ਤਲਵਾਰ।

ਹੈ, ਇਨ੍ਹਾਂ ਦਾ ਲਿਬਾਸ ਬੀ ਇਕ ਹੋਇਆ ਹੈ, ਸੂਰਤ ਇਕ ਨਮੂਨੇ ਤੇ ਕੀਤੀ ਗਈ ਹੈ। ਇਨ੍ਹਾਂ ਦਾ ਨਾਮ ਇਕ ਹੈ 'ਸਿੰਘ'। ਇਹ ਇਕ ਸਰੀਰ ਬਣਿਆਂ ਹੈ, ਜਿਸ ਦੇ ਇਹ ਸਾਰੇ ਅੰਗ ਹਨ। ਇਹ ਨਿਰੇ ਜਥੇਬੰਦ ਨਹੀਂ ਹਨ, ਇਹ 'ਇਕ ਅੰਗ' ਹੋਏ ਹਨ। ਇਹਨਾਂ ਦੀ ਜਥੇਬੰਦੀ 'ਇਕ ਅੰਗ-ਅੰਗੀ' ਹੋਣਾ ਹੈ। ਅੰਗ ਅੰਗ ਤੋਂ ਕਦੇ ਜੁਦਾ ਨਹੀਂ, ਸਿੱਖ ਸਿੱਖ ਤੋਂ ਕਦੇ ਜੁਦਾ ਨਹੀਂ। ਹੇ ਰਾਜਨ ! ਇਹ ਆਦਰਸ਼ ਹੈ ਸੰਖੇਪ ਮਾਤ੍ਰ ਉਸ ਇਨਸਾਨ ਦਾ, ਜਿਸ ਬਿਨ ਧਰਤੀ ਦਾ ਭਾਰ ਹਰਿਆ ਨਹੀਂ ਜਾ ਸਕਦਾ। ਇਹ ਉਸ ਉੱਚੇ ਆਦਰਸ਼ ਦਾ ਪ੍ਰਤਖ ਸਰੂਪ ਖਾਲਸਾ ਰਾਜ ਰਿਹਾ ਹੈ, ਇਸ ਦੇ ਵਰਤੋਂ ਵਿਚ ਆਇਆਂ ਦੁਖੀ ਪਰਜਾ ਦੀ ਕਲਿਆਨ ਹੋਵੇਗੀ।

ਅਸਾਂ ਇਕ ਵੇਰ ਆਪ ਦੇ ਪਿਤਾ ਨੂੰ ਤੇ ਆਪ ਨੂੰ ਅੱਗੇ ਭੀ ਕਿਹਾ ਸੀ ਕਿ ਦੇਸ਼ ਦਾ ਭਾਰ ਹਰੋ; ਇਹ ਭੀ ਕਿਹਾ ਸੀ: ਦੇਸ਼ ਮਰ ਰਿਹਾ ਹੈ, ਅਰਸ਼ਾਂ ਤੋਂ ਇਕ ਧਰਤੀ ਦਾ ਭਾਰ ਹਰਨ ਵਾਲਾ ਨਵਾਂ ਆਦਰਸ਼ ਉਤਰੇਗਾ ਤਾਂ ਭਾਰ ਹਰੀਏਗਾ ਤੇ ਉਸ ਨਾਲ ਤੁਸੀਂ ਤਦਰੂਪ ਹੋਣ ਲਈ ਤਿਆਰ ਹੋ ਜਾਓ। ਮੋਈਆਂ ਕੌਮਾਂ ਨਵੇ ਰੂਹਾਨੀ ਆਦਰਸ਼ ਬਿਨ ਜਿਉਂ ਨਹੀਂ ਸਕਦੀਆਂ। ਅੱਜ ਫੇਰ ਨਿਉਤਾ ਦੇਂਦੇ ਹਾਂ ਕਿ ਤੁਸੀਂ ਨਿੱਤਰੋ ਅਰ ਖਾਲਸਾ ਹੋਕੇ ਵਾਗ ਡੋਰ ਸੰਭਾਲੋ, ਤੁਹਾਡੀ ਪੀੜ੍ਹੀਆਂ ਦੀ ਅਗੁਵਾਨੀ ਬਣੀ ਰਹੇਗੀ।

ਅਜਮੇਰ ਚੰਦ(ਖਿਸਿਆਕੇ)—ਮਹਾਰਾਜ ! ਸਾਡਾ ਹਿੰਦੂ ਧਰਮ ਹੈ; ਸਿਖਾ, ਸੂਤ, ਧੋਤੀ ਤੁਸਾਂ ਉਡਾ ਦਿੱਤੀ ਹੈ; ਵਰਨ ਜਾਤ, ਭੇਤ ਸੱਟ ਦਿੱਤੇ ਹਨ, ਲੰਗਰ ਇਕ ਕਰਕੇ ਚੌਂਕਾ ਦੂਰ ਕਰ ਦਿੱਤਾ ਹੈ, ਨੀਵੇਂ ਤੇ ਅਛੋਹ ਲੋਕਾਂ ਨੂੰ ਰਲਾ ਲਿਆ ਹੈ, ਇਹ ਮੰਨਣਾ ਸਾਡੇ ਲਈ ਕਠਨ ਹੈ। ਫੇਰ ਤੁਸੀਂ ਜੋਗੀ ਹੋ, ਜੋਗ ਸੱਤਾ ਨਾਲ ਤੁਰਕ ਮਾਰ ਸਕਦੇ ਹੋ, ਅਸੀਂ ਕਮਜ਼ੋਰ ਰਾਜੇ ਹਾਂ, ਤੁਰਕ ਦੇ ਬਲ ਅੱਗੇ ਨਹੀਂ ਠਹਿਰ ਸਕਦੇ।

ਗੁਰੂ ਜੀ—ਹੇ ਰਾਜਾ ! ਆਪਣਾ ਰਜਪੂਤੀ ਦਾ ਅਸਲਾ ਵਿਚਾਰੋ। ਕਦੇ ਕੋਈ ਭਾਰ ਹਰਨ ਨੂੰ ਅਗਨੀ ਕੁੰਡ ਤੋਂ ਤੁਸੀਂ ਉਪਜਾਏ ਗਏ ਸੇ, ਓਹ ਯਾਦ ਕਰੋ; ਤਦੋਂ ਬੀ ਜਾਤ ਵਰਨ ਇਕ ਕਰਕੇ ਰਾਜਪੂਤ ਬਣ ਸੇ ਤੇ ਪ੍ਰਜਾ ਦੀ ਧਰਮ ਦੀ ਰਾਖੀ ਕੀਤੀ ਸੀ। ਅੱਜ ਤੁਹਾਡੇ ਟਬਰ ਕਬੀਲੇ; ਬਹੂ ਬੇਟੀ, ਧਨ ਧਾਮ, ਤੁਰਕ ਖੋਹੀ ਫਿਰਦੇ ਹਨ। ਦੇਸ਼ ਵਿਚ ਅਣਖ ਨਹੀਂ ਰਹੀ, ਸ੍ਵੈ ਸਤਿਕਾਰ ਨਹੀਂ ਰਿਹਾ। ਕਈ ਰਾਜੇ ਧੀਆਂ ਤੱਕ ਜ਼ਾਲਮਾਂ ਨੂੰ ਦੇਂਦੇ ਹਨ, ਧਰਮ ਕਿੱਥੇ ਹੈ ? ਸਿਖਾ ਸੂਤ ਕਿੱਥੇ ਹੈ ? ਵਰਨ ਜਾਤ ਦੀ ਉੱਚਤਾ ਕਿੱਥੇ ਹੈ ? ਖਾਣ ਪਾਨ ਦੀ ਸੁੱਚਤਾ ਕਿੱਥੇ ਹੈ ? ਵਿਸ਼ਵ ਨਾਥ ਵਰਗੇ ਮੰਦਰ ਢੈਕੇ ਮਸੀਤਾਂ ਬਣ ਗਏ ਹਨ, ਤਲਵਾਰ ਦੇ ਜ਼ੋਰ ਹਿੰਦਵਾਨੀ ਤੁਰਕਾਨੀ ਹੋ ਰਹੀ ਹੈ। ਕਸ਼ਮੀਰ ਤੋਂ ਕਸ਼ਮੀਰੀ ਭੱਜੇ ਹਨ, ਜੋ ਰਹੇ ਹਨ ਮੁਸਲਮਾਨ ਹੋ ਕੇ ਗੁਲਾਮੀਆਂ ਕਰ ਰਹੇ ਹਨ। ਰੀਧਾਰ ਸਿੰਧ ਸਾਗਰ, ਚਜ, ਸਾਰੇ ਲਗ ਪਗ ਬਦਲ ਚੁਕੇ ਹਨ, ਘਰ ਘਰ, ਪਿੰਡ ਪਿੰਡ ਨਿਮਾਜ਼ਾਂ ਰੋਜ਼ੇ ਆ ਗਏ ਹਨ, ਬ੍ਰਤ ਤੇ ਧਰਮ ਭੰਗ ਹੋ ਰਹੇ ਹਨ। ਜਿਸ ਵੇਲੇ ਕਾਜ਼ੀ ਫਤਵਾ ਦੇਂਦੇ ਹਨ, ਅਮਕੇ ਰਾਜੇ ਦੀ ਧੀ ਅਮਕਾ ਨੁਵਾਬ ਵਿਆਹ ਲਏ ਤੇ ਰਾਜਾ ਜੀ ਦਾਜ ਸਮੇਤ ਡੋਲਾ ਲੈਕੇ ਅੱਪੜਦੇ ਹਨ, ਉਸ ਵੇਲੇ ਧਰਮ ਕਿੱਥੇ ਜਾਂਦਾ ਹੈ ? ਧਰਮ ਤਾਂ ਕਿਤੇ ਰਿਹਾ ਸ੍ਵੈਸਤਿਕਾਰ ਹੀ ਨਹੀਂ ਰਿਹਾ। ਆਪ ਦਾ ਆਦਰ, ਅਣਖ ਦਾ ਮਾਦਾ ਹੀ ਤਬਾਹ ਹੋ ਚੁਕਾ ਹੈ ਸ੍ਵਤੰਤ੍ਰਤਾ ਨਹੀਂ ਰਹੀ। ਰਾਜ ਠੇਕੇਦਾਰੀਆਂ ਹਨ, ਤੀਰਥਾਂ ਪਰ ਕਰ ਤੇ ਜਜ਼ੀਏ ਲਗ ਗਏ ਹਨ, ਧਰਮ ਕਿੱਥੇ ਹੈ? ਇਹ ਰਾਜਾ ! ਹਿੰਦੀਆਂ ਦਾ ਜੀਵਨ ਹੈ ਕਿ ਨਿਰ-ਜੀਵਨ ? ਕਿ ਇਹ ਹੈ—'ਹਾਇ ਜੀਵਿਆ'?

ਹੇ ਰਾਜਨ ! ਮੈਂ ਜੋ ਖਾਲਸਾ ਰਚਿਆ ਹੈ, ਧਰਮ ਸਰੂਪ ਰਚਿਆ ਹੈ, ਸਾਬਤ ਸੂਰਤ ਦਿੱਤੀ ਹੈ, ਜੋ ਸਨਾਤਨ ਹੁੰਦੀ ਸੀ। ਇਹ ਸੂਰਤ ਰੂਹਾਨੀ ਤਾਕਤ ਸਲਾਮਤ ਰੱਖਦੀ ਹੈ। ਇਸ ਸੂਰਤ ਵਿਚ ਰੋਅਬ ਹੈ, ਜਬ੍ਹਾ ਹੈ, ਸ਼ੱਤ੍ਰੂ ਲਈ ਭੈ ਹੈ, ਆਨ ਹੈ ਬਾਨ ਹੈ। ਕੋਈ ਕੌਮ ਜੀ ਨਹੀਂ ਸਕਦੀ ਜਿਸ ਦਾ ਸਰੀਰ ਤਕੜਾ ਨਾ ਹੋਵੇ ਤੇ ਸ਼ਾਨਦਾਰ ਨਾ ਹੋਵੇ।

ਰਾਜਾ—ਸਾਨੂੰ ਇਸੇ ਤਰ੍ਹਾਂ ਜ਼ਾਤ ਪਾਤ ਵਿਚ ਰਹਿਣ ਦਿਓ ਤੇ ਫੇਰ ਜਾਨ ਭਰ ਦਿਓ।

ਗੁਰੂ ਜੀ—ਜਿਸ ਕੌਮ ਵਿਚ ਗੁਲਾਮੀ ਦਾ ਮੁਰਦਾਪਨ ਆ ਗਿਆ, ਜਿਸ ਨੂੰ ਜ਼ਾਤ ਅਭਿਮਾਨ ਨੇ ਤ੍ਰੇੜੋ ਤ੍ਰੇੜ ਕਰ ਦਿੱਤਾ ਓ ਕਿਸੇ ਅਗਨ ਕੁੰਡ ਵਿਚੋਂ ਕਿ ਅੰਮ੍ਰਿਤ ਕੁੰਡ ਵਿਚੋਂ ਪੁਨਰ ਜਨਮ ਲਏ ਬਿਨਾਂ ਜੀਉਂਦੀ ਨਹੀਂ ਹੋ ਸਕਦੀ। ਉਸ ਤੋਂ ਤਾਂ ਸਗੋਂ ਡਰ

ਰਹਿੰਦਾ ਹੈ ਕਿ ਜੀਉਂਦਿਆਂ ਨੂੰ ਆਪਣਾ ਲੋਦਾ—ਆਪਣੀ ਛੋਤ--ਲਾਕੇ ਮਾਰ ਨ ਘੱਤੇ।

ਰਾਜਾ—ਉੱਚ ਜ਼ਾਤ ਲਈ ਬੜਾ ਕਠਨ ਹੈ, ਨੀਵੀਆਂ ਜਾਤਾਂ ਲਈ ਸੌਖਾ ਹੈ ਅੰਮ੍ਰਿਤ ਲੈਣਾ।

ਗੁਰੂ ਜੀ--ਜਾਤ ਭੇਦ ਨੇ ਦੇਸ਼ ਨੂੰ ਤ੍ਰੇੜੋ ਤ੍ਰੇੜ ਕੀਤਾ ਹੈ। ਹੇ ਰਾਜਾ ! ਪਹਿਲਾਂ ਵਰਣ ਆਸ਼੍ਰਮ ਸੀ, ਉਹ ਜਾਤੀ ਅਭਿਮਾਨ ਬਣ ਗਿਆ। ਹੁਣ ਤਾਂ ਹਜ਼ਾਰਾਂ ਜਾਤਾਂ ਨੇ ਤੁਾਡੀ ਜਥੇਬੰਦੀ ਤਬਾਹ ਕਰ ਸਿਟੀ ਹੈ, ਇਸ ਕਰਕੇ ਤੁਰਕ ਤੁਹਾਡੀ ਕਮਜ਼ੋਰੀ ਤੇ ਪਲ ਰਹੇ ਹਨ। ਰਾਜਾ ! ਓਹ ਦੇਸ਼, ਓਹ ਲੋਕ ਕੀਕੂੰ ਸੁਤੰਤ੍ਰ ਹੋ ਸਕਦੇ ਹਨ ਜੋ ਆਪਣੇ ਭਰਾਵਾਂ ਵਿਚ ਨੀਚਤਾ ਤੇ ਊਚਤਾ ਦੇ ਫਰਕ ਨਾਲ ਫਟੇ ਪਏ ਹਨ ? ਸੈਂਕੜੇ ਤੁਸੀਂ ਰਾਜੇ, ਦੇਸ਼, ਮਾਲ, ਰੁਪਏ, ਸ਼ਸਤ੍ਰ, ਹਾਥੀ, ਘੋੜੇ ਅਤੇ ਸਿਪਾਹ ਵਾਲੇ ਹੋ, ਫੇਰ ਨਿਰਬਲ ਤੇ ਗੁਲਾਮਾ ਹਾਰ ਨਿਤਾਣੇ ਹੋ ਰਹੇ ਹੋ ਫਿਰ ਆਪੋ ਵਿਚ ਜੁੜ ਜਾਓ, ਕੁਰਬਾਨੀ ਦੀ ਗੂੰਦ ਨਾਲ, ਦੇਖੋ ਗੁਲਾਮੀ ਦੂਰ ਹੁੰਦੀ ਹੈ ਕਿ ਨਹੀਂ। ਜਾਤ ਦਾ ਘੁਮੰਡ ਛੱਡ ਦਿਓ, ਮਿਲ ਬੈਠੋ, ਤੱਕੋ ਪ੍ਰਤਾਪ ਮਿਲ ਬੈਠਣ ਦਾ। ਸੁਣ ਲਓ ਰਾਜਾ ਜੀ ! ਸੱਚਾ ਬਚਨ, ਜੋ ਤੁਸਾਂ ਰਜਪੂਤਾਂ, ਖੱਤ੍ਰੀਆਂ, ਬ੍ਰਾਹਮਣਾ ਨੇ ਅੰਮ੍ਰਿਤ ਦੇ ਹਵਨ ਕੁੰਡ ਵਿਚ ਪੈ ਕੇ ਨਵਾਂ ਜਨਮ ਲੈਕੇ ਇਕ ਨਹੀਂ ਹੋਣਾ ਤਾਂ ਫੇਰ ਹੋਰ ਜਾਤਾਂ ਜ਼ਰੂਰ ਲੈਣਗੀਆਂ, ਓਹ ਉਭਰਨਗੀਆਂ ਤੇ ਜਾਤ ਅਭਿਮਾਨ ਨੀਵਾਂ ਕਰਨਗੀਆਂ। ਸਮਾਂ ਆਵੇਗਾ ਕਿ ਤੁਸੀਂ ਜਾਤ ਭੇਤ ਤੇ ਛੂਤ ਨੂੰ ਆਪ ਬੁਰਾ ਤੱਕੋਗੇ ਅਰ ਨੀਚ ਜਾਤਾਂ ਨਾਲ ਵਰਤੋਗੇ, ਪਰ ਸਦੀਆਂ ਗੁਲਾਮੀ ਵਿਚ ਬੀਤਣਗੀਆਂ। ਹਾਂ ਅੱਜ ਹੈ ਵੇਲਾ ਸਮਝਣ ਦਾ ਤੇ ਦੇਸ਼ ਨੂੰ ਉਬਾਰ ਲੈਣ ਦਾ।

ਰਾਜਾ---ਠੀਕ ਆਖਦੇ ਹੋ, ਪਰ ਸੋਚੇ ਬਿਨਾਂ ਧਰਮ ਤਜਾਗਣਾ ਕਠਨ ਹੈ।

ਗੁਰੂ ਜੀ--ਸਾਨੂੰ ਦੀਹਦਾ ਹੈ ਕਿ ਤੁਸਾਂ ਸੋਚਣਾਂ ਹੈ ਤੇ ਸੋਚਣਾ ਹੈ ਤੇ ਸੋਚਣਾ ਹੈ ਤੇ ਸਮੇਂ ਨੇ ਲੰਘ ਜਾਣਾ ਹੈ। ਅਸਾਂ ਤੁਹਾਨੂੰ ਮੌਕਾ ਦੇ ਦਿੱਤਾ ਹੈ। ਹੁਕਮ ਅਟੱਲ ਆ ਗਿਆ ਤੇ ਵਰਤ ਰਿਹਾ ਹੈ। ਤੁਰਕ ਜੋ ਇਸ ਵੇਲੇ ਮਾਲਕ ਤੇ ਘਾਤਕ ਤੇ ਕੁੱਲਕੁੱਲਾਂ ਹੋ ਰਹੇ ਹਨ, ਜਿਸ ਅੱਗੇ ਮਹਾਰਾਣੇ ਥਰ ਥਰ ਕੰਬਦੇ ਹਨ, ਇਨ੍ਹਾਂ ਦੇ ਚਕ੍ਰਵਰਤੀ ਰਾਜ ਦਾ ਮੁਸ਼ਕ ਨਹੀਂ ਲੱਭਣਾ।

ਰਾਜਾ (ਦੰਦ ਟੁਕਕੇ)--ਅਸਤੰਬੋਲ ਤੋਂ ਲੈ ਬ੍ਰਹਮ ਪੁੱਤਰ ਤਕ ਇਨ੍ਹਾਂ ਦਾ ਇਕ ਸਮੁੰਦਰ ਠਾਠਾਂ ਮਾਰ ਰਿਹਾ ਹੈ, ਇਨ੍ਹਾਂ ਦਾ ਰਾਜ ਹਿੰਦ ਵਿਚ ਨਹੀਂ ਰਹੇਗਾ ?

ਗੁਰੂ ਜੀ--ਨਹੀਂ ਰਹੇਗਾ, ਅਰ ਕੌਣ ਉਡਾਉਣਗੇ ? ਓਹ ਜਿਨ੍ਹਾਂ ਨੂੰ ਤੁਸੀਂ ਨੀਚ ਕਹਿੰਦੇ ਹੋ, ਓਹ ਜੋ ਤੁਹਾਡੇ ਸਾਹਮਣੇ ਸ਼ੂਦ੍ਰ ਹਨ।

ਰਾਜਾ---ਔਰੰਗਜ਼ੇਬ ਦੇ ਮਰਨ ਦੇ ਬਾਦ ਸ਼ਾਯਦ ਸਮਾਂ ਆ ਜਾਵੇ। ਉਸ ਕੱਲ ਤੇ ਗੱਲ ਪਾਓ।

ਗੁਰੂ ਜੀ—ਕੱਲ ਨਾਮ ਕਾਲ ਦਾ ਹੈ। ਉੱਠਣ ਦਾ ਹੁਣੇ ਸਮਾਂ ਹੈ। ਇਸ ਨਵੀਂ ਜਥੇਬੰਦੀ ਦੇ ਅੰਗ ਬਣ ਜਾਓ ਤੇ ਅਗੁਵਾਨੀ ਅਪਣੇ ਹਥਿ ਲਓ। ਸ੍ਰਿਸ਼ਟੀ ਬਚ ਰਹੇਗੀ ਤੇ ਤੁਸੀਂ ਸਦਾ ਬੀਰਤਾ ਵਿਚ ਜੀਉਗੇ, ਨਹੀਂ ਤਾਂ ਮਰਨਾ ਤਾ ਇਕ ਦਿਨ ਹੈ ਹੀ, ਸੁਖ ਭੋਗ ਕੇ ਮਰ ਗਿਆ ਤਾਂ ਭੀ ਮਰਨਾ ਹੈ, ਜੇ ਕੁਰਬਾਨੀ ਕਰਕੇ ਯਸ਼ ਖੱਟਕੇ ਮਰ ਗਿਆ ਤਾਂ ਭੀ ਅੰਤ ਮਰਨਾ ਹੈ, ਪਰ ਫਰਕ ਤੱਕ ਲਓ।

ਅਜਮੇਰ ਚੰਦ ਨੇ ਕਿਹਾ: ਪਾਤਸ਼ਾਹ ! ਆਪ ਦਾ ਕਥਨ ਜ਼ੋਰਦਾਰ ਹੈ। ਅਸੀਂ ਵਿਚਾਰ ਵਾਸਤੇ ਵਕਤ ਚਾਹੁੰਦੇ ਹਾਂ, ਸਾਰੇ ਬਾਈਧਾਰ ਦੇ ਰਾਜੇ ਕੱਠੇ ਹੋਕੇ ਸੋਚਕੇ ਫੈਸਲਾ ਕਰਾਂਗੇ, ਫੇਰ ਆਪ ਜੋਗ ਬੇਨਤੀ ਕਰ ਘੱਲਾਂਗੇ। ਅੱਜ ਤਾਂ ਅਸੀਂ ਹੰਡੂਰ, ਗੁਲੇਰ, ਜਸਵਾਲ, ਕਾਠਗੜ੍ਹ ਆਦਿ ਪੰਜ ਸੱਤ ਹੀ ਹਾਜ਼ਰ ਹੋਏ ਹਾਂ।

ਇਉਂ ਰਾਜੇ ਟਾਲਵਾਂ ਉੱਤਰ ਦੇਕੇ ਗੁਰੂ ਜੀ ਤੋਂ ਵਿਦਾ ਹੋਏ। ਸਾਰੇ ਰਾਜਿਆਂ ਵਿਚ ਇਹ ਸੰਦੇਸ਼ਾ ਅੱਪੜਿਆ, ਪਰ ਓਹ ਉਸੇ ਜਿੱਲ੍ਹਣ ਵਿਚ ਪਏ ਰਹੇ ਜਿਸ ਵਿਚ ਤੁਰਕ ਜ਼ੁਲਮ ਨੇ ਸਦੀਆਂ ਤੋਂ ਮਾਨ ਤੋੜ ਕੇ ਪਾ ਰੱਖੇ ਸੇ। ਉਹਨਾਂ ਨੂੰ ਦੱਸਿਆ ਗਿਆ ਸੀ ਕਿ ਗੁਰੂ ਜੀ ਜੋ ਕਹਿੰਦੇ ਹਨ ਸਾਡੇ ਭਲੇ ਲਈ ਹੈ, ਪਰ ਨਾ ਉਠਣ ਦਿੱਤਾ ਉਹਨਾਂ ਨੂੰ ਆਪਾਧਾਪੀ ਨੇ, ਜਾਤਿ ਅਭਿਮਾਨ ਤੇ ਸ੍ਵਾਰਥ ਨੇ। ਗੁਲਾਮੀ ਦੀ ਜਿੱਲ੍ਹਣ ਵਿਚ ਪਈ ਹਿੰਦੀ ਪਰਜਾ ਤੇ ਰਾਜੇ ਰਾਣੇ ਖੁੱਭ ਰਹੇ ਸੇ ਸੋ ਨਾ ਉਠੇ ਪਰ ਨਾ ਉੱਠੇ।

ਸੱਚੇ ਪਾਤਸ਼ਾਹ ਨੇ ਰਾਜਿਆਂ ਦੇ ਜਾਣ ਮਗਰੋਂ ਆਪਣੀ ਸੰਗਤ ਨੂੰ ਸਮਝਾਇਆ-

"ਤੁਹਾਡੀ ਆਤਮਾ ਨੂੰ ਭਜਨ ਸਿਮਰਨ ਨੇ ਸ਼ੁੱਧ ਕੀਤਾ ਹੈ, ਤੁਸੀਂ ਖਾਲਸਾ ਹੋ। ਤੁਸਾਂ ਮਰਨ ਬ੍ਰਤ ਧਾਰਿਆ

੮, ਤੁਸੀਂ ਮਰ ਕੇ ਜੀਵੇ ਹੋਏ ਹੋ। ਤੁਹਾਡੇ ਸ਼ੁੱਧ ਮਨਾਂ ਨੂੰ ਮੈਂ ਆਪਣੀ ਗੋਦੀ ਲੈ, ਪੁੱਤ੍ਰ ਬਣਾ ਕੇ ਇਕ ਕੀਤਾ ਹੈ, ਤੁਸੀਂ ਇਕ ਪਰਿਵਾਰ ਖਾਲਸਾ ਹੋ। ਤੁਹਾਡੇ ਹੱਥ ਮੈਂ ਤਲਵਾਰ ਦੇਕੇ ਤੁਹਾਨੂੰ 'ਇਕ ਅੰਗੀ' ਬਣਾਇਆ ਹੈ, ਤੁਸੀਂ ਸਰਦਾਰ ਖਾਲਸਾ ਹੋ। ਤੁਸਾਂ ਤਲਵਾਰ ਨਾਲ ਬੁਰਾ ਨਹੀਂ ਕਰਨਾ। ਗੁਲਾਮੀ ਤੇ ਬਦੀ, ਜੋ ਹੁਣ ਬਲ ਪਾਈ ਬੈਠੀ ਹੈ, ਉਸ ਦੀ ਜੜ ਕੱਟਣੀ ਹੈ।

"ਹੇ ਖਾਲਸਾ ! ਪਰਜਾ ਮੋਈ ਪਈ ਹੈ, ਰਾਜੇ ਫਾਥੇ ਪਏ ਹਨ, ਜੇ ਤੁਸੀਂ--ਜੋ ਜਾਗ ਰਹੇ ਹੋ--ਨਾ ਉੱਠੇ ਤਾਂ ਸ੍ਰਿਸ਼ਟੀ ਮਰ ਮਿਟੇਗੀ, ਧਰਮ ਨਹੀਂ ਰਹੇਗਾ ਖ਼ੁੱਲ੍ਹ ਮੁੜ ਕੇ ਨਹੀਂ ਆਵੇਗੀ, ਪਰਜਾ ਦੇ ਕਸ਼ਟ ਨਿਵਿਰਤ ਨਹੀਂ ਹੋਣਗੇ। ਜੇ ਤੁਸੀਂ--ਜੋ ਜਾਗੇ ਹੋ, ਸਿੰਘ ਨਾਦ ਨਾਲ ਗਰਜ ਪਏ ਤਦ ਸਭ ਦੁਸ਼ਟ ਸਭਾ ਬਿਲਾ ਜਾਏਗੀ, ਮੁਰਦੇ ਜੀ ਉਠਣਗੇ, ਸਮਾਂ ਆਵੇਗਾ ਕਿ ਤੁਹਾਡੀਆਂ ਕਰਨੀਆਂ ਨੂੰ, ਜਗਤ ਦੇਖੇਗਾ ਤੇ ਸਲਾਹੇਗਾ।"

# ੨੪. ਨੇਹ ਗ੍ਰਾਮ ਦੀ ਸੋਧ[1]।

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੧੭੫੬ ਬਿ-੧੬੯੯ ਈ ਵਿਚ ਖਾਲਸਾ ਸਜਾ ਚੁਕੇ ਹਨ। ਸਾਂਤਿ ਰਸੀ ਸਿਖ ਪੰਥ ਹੁਣ ਨਾਲ ਹੀ ਬੀਰ ਰਸੀ ਖਾਲਸਾ ਬਣ ਚੁੱਕਾ ਹੈ। ਬੀਰ ਰਸੀਏ ਲੋਕਾਂ ਨੂੰ ਨੀਤੀ ਦੀ ਲੋੜ ਪੈਂਦੀ ਹੈ। ਨੀਤੀ ਵਾਲੇ ਝੂਠ, ਕੁਸੱਤਿ, ਪਾਪ ਤੇ ਇਖਲਾਕ ਤੋਂ ਵਿਰੁੱਧ ਗੱਲਾਂ ਵਰਤਦਿਆ ਸੰਕੋਚ ਨਹੀਂ ਕਰਦੇ। ਉਨ੍ਹਾਂ ਦਾ ਖਿਆਲ ਇਹ ਬਣ ਜਾਂਦਾ ਹੈ ਕਿ ਆਪਣੀ ਗੱਲ ਸਿਰੇ ਚਾੜ੍ਹਨੀ ਹੈ, ਆਪਣੇ ਸਾਰੇ ਹਠ ਨੂੰ ਪੁਗਾਉਣਾ ਹੈ, ਕਾਮਯਾਬੀ ਕਰਨੀ ਹੈ, ਚਾਹੇ ਕਿਸੇ ਮੁੱਲੋਂ ਮਿਲੇ। ਧਰਮ, ਇਖਲਾਕ, ਅਕਲ, ਧਨ ਸਭ ਕੁਝ ਵਾਰ ਦੇਣਾ ਹੈ। ਇਹ ਸੀ ਜਗਤ ਦਾ ਰਵੱਯਾ, ਪਰ ਸ੍ਰੀ ਕਲਗੀਧਰ ਮਹਾਰਾਜ ਨੇ ਬੀਰ ਰਸੀ ਸਾਮਾਨ ਕਰਕੇ ਇਹ ਗੱਲ ਨਾ ਸਿਖਾਈ। ਉਨ੍ਹਾਂ ਨੇ ਜਗਤ ਨੂੰ ਇਕ ਨਵਾਂ ਤਜਰਬਾ ਕਰਕੇ ਦੱਸਿਆ ਕਿ ਨੇਕੀ, ਧਰਮ, ਇਖਲਾਕ, ਸਦਾਚਾਰ ਨੂੰ ਹੱਥੋਂ ਨਹੀਂ ਦੇਣਾ, ਬਾਣੀ, ਨਾਮ ਦੀ ਟੇਕ ਰੱਖਣੀ ਹੈ ਤੇ ਫੇਰ ਬੀਰ ਰਸੀ ਕਾਰਜ ਕਰਨੇ ਹਨ। ਆਪ ਨੇ ਕੀ, ਦਸਾਂ ਹੀ ਸਤਿਗੁਰਾਂ ਨੇ ਕਦੇ ਬੀ ਬਦੀ ਨਾਲ ਆਂਟ ਸਾਂਟ ਕੇ ਵਟਾਂਦਰਾ ਨਹੀਂ ਕੀਤਾ। ਆਨੰਦਪੁਰ ਦੇ ਆਖਰੀ ਜੰਗ ਵਿਚ ਹਮਲਾਆਵਰਾਂ ਨੇ ਝੂਠ ਤੇ ਬਦਇਖਲਾਕੀ ਤੋਂ ਕੰਮ ਲਿਆ, ਪਰ ਗੁਰੂ ਜੀ ਸੱਚ ਪਰ ਟਿਕੇ ਰਹੇ। ਮੈਦਾਨ ਹਮਲਾਆਵਰਾਂ ਦੇ ਹੱਥ ਆਇਆ, ਪਰ ਝੂਠ ਫ੍ਰੇਬ ਤੇ ਬਦਇਖ਼ਲਾਕੀ ਨਾਲ। ਗੁਰੂ ਜੀ ਇਕਰਾਰ ਪਰ ਟਿਕੇ ਰਹੇ ਤੇ ਸੱਚ ਪਰ ਤੁਲੇ ਰਹੇ। ਜੋ ਤਬਾਹੀ ਹੋਈ ਉਹ ਸਾਰੀ ਝੱਲ ਲੀਤੀ, ਚਾਹੇ ਉਹ ਜਗਤ ਨੈਣਾਂ ਵਿਚ 'ਹਾਰ' ਸੀ, ਪਰ ਸ੍ਰੀ ਗੁਰੂ ਜੀ ਨੇ ਉਸ ਨੂੰ 'ਬਿਜੈ' ਕਰਕੇ ਵਰਣਨ ਕੀਤਾ। ਔਰੰਗਜੇਬ ਨੂੰ ਖਤ ਲਿਖਿਆ ਉਸ ਦਾ ਨਾਉਂ 'ਜ਼ਫਰਨਾਮਾ' ਧਰਿਆ। ਦੁਨੀਆਂ ਦੇ ਹਿਸਾਬ ਉਸ ਦਾ ਨਾਉਂ ਸ਼ਿਕਸਤਨਾਮਾ ਚਾਹੀਦਾ ਸੀ, ਪਰ ਗੁਰੂ ਜੀ ਇਖ਼ਲਾਕੀ ਨੁਕਤੇ ਤੋਂ ਬਿਜੈਮਾਨ ਸਨ। ਔਰੰਗਜ਼ੇਬ ਤੇ ਉਸ ਦੇ ਕਾਰਕੁਨ ਇਖ਼ਲਾਕੀ ਨੁਕਤੇ ਤੋਂ ਹਾਰੇ ਸਨ, ਉਨ੍ਹਾਂ ਦੀ ਸ਼ਿਕਸਤ ਸੀ। ਉਸ ਵੇਲੇ ਨਹੀਂ ਸੀ ਪਤਾ ਲੱਗਦਾ ਕਿ ਹਿੰਦ ਦੇ ਸ਼ਹਿਨਸ਼ਾਹ ਦੀ ਸ਼ਿਕਸਤ ਕਿਵੇਂ ਹੋਈ ਹੈ, ਪਰ ਉਸ ਦੀ ਹਾਰ ਦਾ ਮੁੱਢ ਬੱਝ ਗਿਆ ਸੀ ਅਰ ਉਸਦੇ ਮਰਦੇ ਸਾਰ ਕੱਟੀ ਹੋਈ ਗੁਡੀ ਵਾਂਗ ਉਹਦੀ ਸਲਤਨਤ ਰਸਾਤਲ ਨੂੰ ਚਲੀ ਗਈ। ਇਸ ਵਾਸਤੇ ਗੁਰੂ ਸਾਹਿਬ ਜੀ ਨੇ ਆਪਣੇ ਖਤ ਦਾ ਨਾਮ 'ਜ਼ਫਰਨਾਮਾ' ਲਿਖਿਆ ਸੀ: ਕਿ ਸ਼ਹਿਨਸ਼ਾਹ ਤੇਰੀ ਹਾਰ ਤੇ ਸਾਡੀ ਫਤਹ ਦਾ ਇਹ ਖਤ ਹੈ। ਗੁਰੂ ਜੀ ਧਰਮ, ਨੇਕੀ, ਇਖ਼ਲਾਕ ਨੂੰ ਮੁੱਖ ਰੱਖ ਰਹੇ ਸੇ, ਨੀਤੀ ਤੇ ਬੀਰ ਰਸੀ ਜੀਵਨ ਵਿਚ ਬੀ ਇਹੋ ਵਰਤਾਉ ਸਿਖਾ ਰਹੇ ਸੇ। ਉਨ੍ਹਾਂ ਨੇ ਆਪਣੀ ਕਥਨੀ ਵਿਚ ਤੇ ਆਪਣੇ ਅਮਲਾਂ ਵਿਚ ਦੀਨ ਤੇ ਦੁਨੀਆਂ ਇਕੱਠੀ ਮੁਮਕਿਨ ਕਰ ਦਰਸਾਈ ਸੀ। ਉਨ੍ਹਾਂ ਦੇ ਸਮੇਂ ਅਤੇ ਆਪ ਤੋਂ ਮਗਰੋਂ ਸਿੱਖ ਬੀ ਕਰਕੇ ਦੱਸਦੇ ਰਹੇ ਹਨ।

ਸੋ ਗੁਰੂ ਜੀ ਨੇ ਆਪਣਾ ਖਾਲਸਾ ਨਿਰੋਲ ਸ਼ੁਭ

1. ਸੰਮਤ ੪੭੩ ਗੁ: ਨਾ: ਸਾ: (੨੫ ਦਸੰਬਰ ੧੯੪੧) ਨੂੰ ਗੁਰਪੁਰਬ ਪੋਹ ਸੁਦੀ ਸਪਤਮੀ ਪਰ ਲਿਖੇ ਗਏ ਪ੍ਰਸੰਗਾਂ ਵਿਚੋਂ ਇਕ ਇਹ ਸੀ।

ਆਚਰਣ ਦੇ ਸੱਚੇ ਵਿਚ ਢਾਲਿਆ ਸੀ। ਅੰਮ੍ਰਿਤ ਛਕ ਕੇ ਖਾਲਸਾ ਸਾਜਿਆ ਗਿਆ ਤਾਂ ਸਾਰੇ ਪੰਥ ਦੀ ਇਕ ਕਾਂਇਆਂ ਪਲਟ ਹੋ ਗਈ। ਉਹ ਜੋ ਸਹਿਨਸ਼ੀਲ ਤੇ ਜ਼ੁਲਮ ਸਹਾਰੂ ਸਨ, ਹੁਣ ਦਯਾਸ਼ੀਲ ਜ਼ੁਲਮ ਨਿਵਾਰੂ ਬਣ ਗਏ ਸਨ। ਅੱਗੇ ਤਾਂ ਜੋ ਇਸ ਕਾਰਜ ਤੇ ਲਾਏ ਜਾਂਦੇ ਸਨ ਚੌਣਵੇਂ ਤੇ ਥੋੜੇ ਹੁੰਦੇ ਸੇ, ਪਰ ਹੁਣ ਤਾਂ ਆਮ ਸਿਖਾਂ ਨੂੰ ਹੁਕਮ ਅੰਮ੍ਰਿਤ ਛਕ ਸ਼ਸਤ੍ਰਧਾਰੀ ਹੋਣ ਦਾ ਹੋ ਗਿਆ ਸੀ। ਇਸ ਦਾ ਫਲ ਇਹ ਹੋਇਆ ਸੀ ਕਿ ਹਰ ਇਕ ਸਿਖ ਖੜਗ ਧਾਰਨ ਵਾਲਾ ਹੋ ਗਿਆ ਤੇ ਤੁਫੰਗ ਬੰਦੂਕ ਦੇ ਨਿਸ਼ਾਨੇ ਫੁੰਡਣ ਦਾ ਅਭਯਾਸੀ ਹੋ ਗਿਆ ਸੀ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਸੁਪਨੇ ਮਾਤ੍ਰ ਨ ਆਯੁਧ ਜਾਨਹਿ॥ ਸੁਨਤ ਲਰਾਈ
ਜੋ ਡਰ ਮਾਨਹਿ। ਸੋ ਅੰਮ੍ਰਿਤ ਛਕ ਹੋਵਤ ਜੋਧੇ।
ਪਿਖਅਨੀਤਿ ਸ਼ਤ੍ਰੁਨ ਪਰ ਕ੍ਰੋਧੇ। ਸ਼ਸਤ੍ਰਨ ਕੇ ਬਿਸਾਹ
ਨਹਿ ਕਰੈਂ। ਰਾਤ ਦਿਵਸ ਅੰਗਨ ਸੰਗ ਧਰੈਂ।

ਅਗੇ ਆਉਂਦੀਆਂ ਸੰਗਤਾਂ ਨੂੰ ਜੇ ਕੋਈ ਰਾਹ ਖਹਿੜੇ ਦੁੱਖ ਤਸੀਹਾ ਦੇਵੇ ਤਾਂ ਝੱਲ ਗੁਜ਼ਰਦ ਸਨ; ਹੁਣ ਅਗੋਂ ਟਾਕਰਾ ਕਰਦੇ ਤੇ ਆਪਣੇ ਤੇ ਅਨੀਤੀ ਹੋਣੋਂ ਰੋਕ ਕਰਦੇ ਹਨ, ਮਰਨਾ ਪਏ ਤਾਂ ਮਰਦੇ ਹਨ, ਡਰਦੇ ਨਹੀਂ। ਆਨੰਦਪੁਰ ਦੇ ਰਾਹ ਵਿਚ ਇਕ 'ਨੋਹ' ਨਾਮੇ ਪਿੰਡ ਸੀ, ਜੋ ਰੰਘੜਾਂ ਦਾ ਸੀ। ਇਕ ਸੰਗਤ ਜੋ ਇਥੋਂ ਲੰਘੀ ਤਾਂ ਰੰਘੜਾਂ ਨੇ ਮਤਾ ਪਕਾਇਆ ਕਿ ਲੁੱਟ ਪਾ ਦਿਓ, ਇਨ੍ਹਾਂ ਕੋਲ ਧਨ ਬਹੁਤ ਜਾਪਦਾ ਹੈ, ਜੋ ਗੁਰੂ ਪਾਸ ਲਿਜਾ ਰਹੇ ਹਨ। ਸੋ ਸਾਰਿਆਂ ਨੇ ਆ ਘੇਰਾ ਪਾਇਆ। ਜੋ ਵਿਚ ਸਿੰਘ ਸਨ ਤੇ ਸ਼ਸਤ੍ਰਧਾਰੀ ਸਨ ਉਨ੍ਹਾਂ ਨੇ ਟਾਕਰਾ ਕੀਤਾ। ਉਹ ਸਨ ਗਿਣਤੀ ਵਿਚ ਥੋੜੇ, ਲੜੇ ਪਰ ਲੁਟੇਰਿਆਂ ਤੇ ਕਾਬੂ ਨਾ ਪਾ ਸਕੇ। ਸੰਗਤਾਂ ਨੂੰ ਰੰਘੜਾਂ ਨੇ ਮੂਲੋਂ ਹੀ ਲੁੱਟ ਲਿਆ! ਸੱਖਣੀ ਹੋਈ ਸੰਗਤ ਅਤਿ ਦੁਖੀ ਤੇ ਕਈ ਜ਼ਖਮੀ ਲੈਕੇ ਆਨੰਦਪੁਰ ਪਹੁੰਚੀ, ਇਨ੍ਹਾਂ ਦੀ ਦਰਦਨਾਕ ਵਿਥਯਾ ਸੁਣ ਕੇ ਗੁਰੂ ਜੀ ਨੇ ਖਾਲਸੇ ਨੂੰ ਵੰਗਾਰਿਆ ਕਿ ਦੇਖੋ ਇਹ ਅਨਯਾਯ ਹੋਇਆ ਹੈ ਇਸ ਦਾ ਦੰਡ ਦੇਣਾ ਚਾਹੀਦਾ ਹੈ। ਖਾਲਸਾ ਦਲ ਨਵੇਂ ਰੰਗ ਤੇ ਉੱਚੇ ਢੰਗ ਤੇ ਚੜ੍ਹਦੀਆਂ ਕਲਾਂ ਵਿਚ ਸੀ, ਝਟ ਪਟ ਤਿਆਰੀ ਹੋ ਗਈ। 'ਨੋਹ' ਗਾਉਂ ਉਤੇ ਚੜ੍ਹਾਈ ਹੋ ਗਈ, ਪਰ ਚੁਪ ਚਾਪ। ਇਸ ਪਿੰਡ ਦੇ ਵਾਸੀ ਤੇ ਲੁਟੇਰੇ ਰੰਘੜਾਂ ਤੇ ਗੁੱਜਰਾਂ ਨੂੰ ਕਦੇ ਆਸ ਨਹੀਂ ਸੀ ਕਿ ਸਾਡੀ ਕੀਤੀ ਦਾ ਫਲ ਐਡੀ ਛੇਤੀ ਮਿਲ ਸਕਦਾ ਹੈ। ਨਾ ਉਹ ਖਾਲਸੇ ਨੂੰ ਇੰਨਾਂ ਬਲੀ ਖਿਆਲਦੇ ਸਨ, ਸੋ ਅਵੇਸਲੇ ਸਨ। ਹੁਣ ਰਣਜੀਤ ਨਗਾਰਾ ਵੱਜ ਰਿਹਾ ਹੈ, ਖਾਲਸਾ ਜਾ ਰਿਹਾ ਹੈ ਪਿਛੇ ਪਿਛੇ; ਪਰ ਜਾਪਦਾ ਇਉਂ ਹੈ ਕਿ ਸ਼ਿਕਾਰ ਨੂੰ ਦਲ ਚੜ੍ਹਿਆ ਹੈ, ਕਿਉਂਕਿ ਗਿਣਤੀ ਬਹੁਤ ਨਹੀਂ ਸੀ। ਜਦੋਂ 'ਨੋਹ' ਪਹੁੰਚੇ ਤਾਂ ਲੁਟੇਰਿਆਂ ਨੇ ਡਿਠਾ ਕਿ ਨਵਾਂ ਸਜਿਆ ਖਾਲਸਾ ਆਇਆ ਹੈ, ਪਰ ਬੇਪਰਵਾਹ ਖੜੇ ਦੇਖਦੇ ਰਹੇ। ਜਦੋਂ ਸਿੰਘ ਪਿੰਡ ਵਲ ਨੂੰ ਝੁਕ ਪਏ ਤਾਂ ਸਮਝੇ ਕਿ ਇਹ ਤਾਂ ਕਟਕ ਸਾਡੇ ਤੇ ਆਇਆ ਹੈ। ਸਿਰ ਤੇ ਦਲ ਪਹੁੰਚਾ ਦੇਖਕੇ ਤਲਵਾਰਾਂ ਬੰਦੂਕਾਂ ਲੈ ਕੇ ਛੇਤੀ ਛੇਤੀ ਸਾਹਮਣੇ ਆ ਡਟੇ। ਬਿਨਾਂ ਪੁੱਛੇ ਕਿ ਕਿਧਰ ਤੇ ਕਿਉਂ ਆਏ ਹੋ, ਬਿਨਾਂ ਖਾਲਸੇ ਵਲੋਂ ਕੋਈ ਗੋਲੀ ਛੁਟੇ ਦੇ ਰੰਘੜਾਂ ਵਲੋਂ ਕੋਈ ਕੋਈ ਬੰਦੂਕ ਪਿਹਿਲੋਂ ਹੀ ਸਰ ਹੋਣ ਲਗ ਪਈ, ਤਦ ਸਿੰਘਾਂ ਨੇ ਜਾਤਾ ਕਿ ਇਨ੍ਹਾਂ ਦੀ ਮਰਜੀ ਸਾਲਸੀ ਦੀ ਨਹੀਂ, ਜੰਗ ਦੀ ਹੈ। ਹੁਣ ਇਧਰੋਂ ਭੀ ਗੋਲੀ ਤੀਰ ਚਲ ਪਏ, ਕੁਝ ਇਧਰੋਂ ਸਿੰਘ ਤੇ ਕੁਝ ਉਧਰੋਂ ਰੰਘੜ ਮਾਰੇ ਗਏ। ਰੰਘੜ ਹੁਣ ਗੋਲ ਬੰਨ੍ਹ ਕੇ ਇਕ ਪਾਸਿਓਂ ਵਾਰ ਕਰ ਕੇ ਪਏ ਤੇ ਇਸੇ ਤਰ੍ਹਾਂ ਦੂਜੇ ਪਾਸਿਓਂ ਗੁਜਰ ਉਮਡ ਕੇ ਪਏ ਤੇ ਤੀਰਾਂ ਤੁਫੰਗਾਂ ਦੀਆਂ ਬਾੜ੍ਹਾਂ ਲਗੀਆਂ ਵੱਸਣ। ਇਸ ਵਾਰ ਵਿਚ ਜਦ ਖਾਲਸੇ ਦੇ ਕੁਝ ਸਿੰਘ ਕੰਮ ਆਏ ਤਾਂ ਤੁਫੰਗਾਂ ਦੀ ਇਕ ਮਿਲਵੀਂ ਬੁਛਾੜ ਛੋੜਕੇ ਖਾਲਸਾ ਜੀ ਅਤਿ ਤੇਜ਼ੀ ਦਾ ਹੱਲਾ ਕਰ ਕੇ ਵੈਰੀ ਉਤੇ ਜਾ ਪਏ ਤੇ ਹੱਥੋ ਹੱਥੀ ਲੜਾਈ ਤੇ ਉਤਰ ਪਏ। ਤਲਵਾਰਾਂ ਨਾਲ ਐਡੀ ਛੇਤੀ ਜਾ ਵਾਰ ਕੀਤਾ ਕਿ ਵੈਰੀ ਦੇ ਹੱਥ ਤੁਫੰਗਾਂ ਫੜੀਆਂ ਹੀ ਰਹਿ ਗਈਆਂ। ਇਹ ਹੱਲਾ ਇਸ ਜ਼ੋਰ ਦਾ ਤੇ ਤੁੰਦੀ ਦਾ ਸੀ ਕਿ ਰੰਘੜ ਤਾਬ ਨਾ ਲਿਆ ਸਕੇ। ਪੰਝੀ ਕੁ ਆਦਮੀ ਜਦ ਉਨ੍ਹਾਂ ਦੇ ਕੰਮ ਆ ਗਏ ਤਾਂ "ਗੁਰੂ ਦੁਹਾਈ" ਮਚਾ ਦਿਤੀਓ ਨੇ। ਖਾਲਸੇ ਨੂੰ ਇਸ ਵੇਲੇ ਗੁਰੂ ਹੁਕਮ ਦਾ ਪਤਾ ਨਹੀਂ ਸੀ ਤੇ ਗੁਰੂ ਜੀ ਦੂਰ ਖੜੇ ਜੰਗ ਦਾ ਰੰਗ ਦੇਖ ਰਹੇ ਸਨ, ਸੋ ਖਾਲਸੇ ਨੇ ਆਪਣੇ ਹੱਲ੍ਹੇ ਨੂੰ ਰੋਕਿਆ ਨਾ। ਇੰਨੇ ਨੂੰ ਦਇਆ ਸਿੰਘ ਜੀ ਆ ਗਏ, ਰੰਘੜਾਂ ਨੂੰ ਕਿਹੋ ਨੇ ਸਲਾਮਤੀ ਚਾਹੁੰਦੇ ਹੋ ਤਾਂ ਉਧਰ ਨੂੰ

ਜਾਓ। ਸੋ ਬਹੁਤੇ ਗੁੱਜਰ ਤੇ ਰੰਘੜ ਮੈਦਾਨ ਛੱਡਕੇ ਤੇ ਸਸ਼ਤ੍ਰ ਰਸਤੇ ਵਿਚ ਸੁੱਟਕੇ 'ਗੁਰੂ ਦੁਹਾਈ' 'ਰੱਖ ਲਓ' 'ਰੱਖ ਲਓ' ਕਰਦੇ ਗੁਰੂ ਜੀ ਦੀ ਸ਼ਰਨ ਜਾ ਪਏ। ਗੁਰੂ ਜੀ ਨੇ ਅੱਗੋਂ ਆਇਆਂ ਨੂੰ ਅਮਾਨ ਦਿੱਤੀ। ਇਧਰ ਸਿੰਘਾਂ ਨੇ ਲੜਨ ਆਇਆਂ ਨੂੰ ਜ਼ੇਰ ਕਰ ਕੇ ਸਾਰਾ ਮਾਲ ਲੁੱਟ ਦਾ ਕਢਾ ਲਿਆ ਤੇ ਲੁਟੇਰਿਆਂ ਦੇ ਕਈ ਘਰ ਢੁਆ ਦਿੱਤੇ। ਇਸ ਤਰ੍ਹਾਂ ਹੁਣ ਸਾਰੇ ਸ਼ਰਨੀ ਪੈ ਚੁਕੇ ਸਨ, ਸੋ ਗੁਰੂ ਕਾ ਹੁਕਮ ਮਿਲਿਆ--ਜਾਓ ਆਰਾਮ ਨਾਲ ਰਹੋ। ਜੇ ਫੇਰ ਕਿਸੇ ਨੂੰ ਰਾਹ ਖਹਿੜੇ ਜਾਂਦਿਆਂ ਜਾਂ ਸੰਗਤ ਨੂੰ ਲੁੱਟਿਆ ਤਾਂ ਮਾਰ ਦਿੱਤੇ ਜਾਓਗੇ ! ਇਸ ਝਟਾਪਟੀ ਕਾਰਵਾਈ ਦਾ ਸਾਰੇ ਇਲਾਕੇ ਤੇ ਅਸਰ ਪਿਆ ਤੇ ਖਾਲਸੇ ਦਾ ਰੋਅਬਦਾਬ ਛਾਉਣ ਲੱਗ ਪਿਆ। ਐਸੇ ਐਸੇ ਜ਼ਾਲਮ, ਜੋ ਹਾਕਮਾਂ ਨਾਲ ਮਿਲਕੇ ਉਪੱਦਰ ਕਰਦੇ ਰਹਿੰਦੇ ਸਨ, ਡਰਨ ਲਗ ਪਏ।

ਸੂਚਨਾ--ਗੁਰੂ ਜੀ ਨਿਰੇ ਤੇਗ ਦੇ ਧਨੀ ਨਹੀਂ ਸਨ, ਪਰ ਕਲਮ ਦੇ ਬੀ ਮਹਾਨ ਧਨੀ ਸਨ ਤੇ ਕਲਮ ਦੇ ਧਨੀਆਂ ਦੇ ਬੜੇ ਕਦਰਦਾਨ ਸਨ। ਇਕ ਕਲਮ ਦੇ ਧਨੀ ਦਾ ਜੀਵਨ ਇਸ ਪ੍ਰਕਾਰ ਹੈ।

# ੨੫. ਭਾਈ ਨੰਦਲਾਲ ਨਿਸਤਾਰਾ[1]।

੧.

ਕਦੇ ਪਠਾਣੀ ਧਰਤੀ ਤੇ ਘੁੱਘ ਵਸਦੇ ਨਗਰ ਕੰਧਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੇਰਾ ਪਾਇਆ ਸੀ। ਓਥੇ ਤਾਰਿਆ ਸੀ ਰੱਬ ਦੇ ਰਸਤੇ ਲੱਗ ਰਿਹਾਂ, ਪਰ ਅਟਕਾਂ ਵਿਚ ਭਟਕ ਰਿਹਾਂ--ਯਾਰ ਵਲੀ, ਸ਼ਾਹ ਸ਼ਰਫ ਤੇ ਖੱਤ੍ਰੀ ਆਦਿਕਾਂ ਨੂੰ। ਸ੍ਰੀ ਗੁਰੂ (ਨਾਨਕ ਦੇਵ) ਜੀ ੧੫੯੬ ਬਿ: (੧੫੩੯ ਈ) ਨੂੰ ਆਪਣੇ ਅਰਸ਼ੀ ਵਤਨਾਂ ਵਲ ਟੁਰੇ ਹਨ ਤੇ ਹੁਣ ਹੈ ਸੰਮਤ (੧੭੫੦ ਬੀ:) ੧੬੯੩ ਈ.। ਇਸ ਕੰਧਾਰ ਤੋਂ ਸਵਾ ਕੁ ਦੋ ਸੌ ਮੀਲ ਉੱਤਰ ਰੁਖ ਨੂੰ ਕੰਧਾਰ ਤੋਂ ਕਾਬਲ ਦੀ ਸੜਕ ਉਤੇ ਨਗਰ ਗਜ਼ਨੀ ਵਿਚ ਅੱਜ ਜਨਮ ਹੋਇਆ ਹੈ ਇਕ ਗੁਰੂ ਨਾਨਕ ਪਿਆਰੇ ਦਾ। ਹਾਂ ਉਸੇ ਗਜ਼ਨੀ ਵਿਚ ਜਿਸ ਦੇ ਮਹਮੂਦ ਨੇ ਹਿੰਦੁਸਤਾਨ ਨੂੰ ਸਤਾਰਾਂ ਵੇਰ ਲੁਟਿਆ, ਬਰਬਾਦ ਕੀਤਾ ਤੇ ਲਾਹੌਰ ਵਿਚ ਬਦੇਸ਼ੀ ਓਪਰੇ ਰਾਜ ਦੀ ਨੀਂਹ ਧਰੀ ਸੀ; ਇਹ ਥਾਂਉਂ ਪਹਾੜੀ ਹੈ ਤੇ ਲਗ ਪਗ ਸ਼ਿਮਲੇ ਜਿੰਨਾ ਉੱਚਾ ਹੈ। ਜਿਸ ਭਗਤ ਪੁਰਖ ਦਾ ਅੱਜ ਪਠਾਣੀ ਧਰਤੀ ਵਿਚ ਜਨਮ ਹੋਇਆ ਹੈ ਇਸ ਦਾ ਨਾਉਂ ਨੰਦਲਾਲ ਧਰਿਆ ਗਿਆ। ਪਿਤਾ ਇਸ ਦਾ ਹਿੰਦੂ ਹੈ, ਨਾਮ ਉਸ ਦਾ ਛੱਜੂ ਰਾਮ ਹੈ, ਜ਼ਾਤ ਦਾ ਖੱਤ੍ਰੀ ਹੈ। ਇਹ ਰੁਜ਼ਗਾਰ ਦੀ ਤਲਾਸ਼ ਵਿਚ ਆਪਣਾ ਪਿਆਰਾ ਵਤਨ ਪੰਜਾਬ ਛੋੜਕੇ ਗਜ਼ਨੀ ਆ ਵੱਸਿਆ ਸੀ, ਫਾਰਸੀ ਵਿਦਯਾ ਵਿਚ ਨਿਪੁੰਨ ਸੀ ਤੇ 'ਪ੍ਰਬੰਧਕ ਯੋਗਤਾ' ਵਿਚ ਕਮਾਲ ਰਖਦਾ ਸੀ, ਇਸ ਕਰ ਕੇ ਇਥੋਂ ਦੇ ਹਾਕਮ ਦਾ ਮੀਰ ਮੁਨਸ਼ੀ ਹੋ ਕੇ ਸੁਖ ਪਾ ਰਿਹਾ ਤੇ ਸੁਖ ਦੇ ਰਿਹਾ ਸੀ। ਆਪ ਵਿਦਵਾਨ ਹੋਣ ਕਰਕੇ ਪੁੱਤ੍ਰ ਨੂੰ ਚੰਗੀ ਵਿਦਿਆ ਦੇਣ ਦਾ ਸ਼ੌਕ ਹੋਣਾ ਇਕ ਕੁਦਰਤੀ ਗੱਲ ਸੀ। ਬਾਲਪਨੇ ਤੋਂ ਹੀ ਛੱਜੂ ਰਾਮ ਜੀ ਨੇ ਨੰਦ ਲਾਲ ਜੀ ਨੂੰ ਚੰਗੇ ਮਕਤਬ ਵਿਚ ਪੜ੍ਹਨੇ ਪਾਇਆ ਤੇ ਘਰ ਵਿਚ ਆਪ ਬੀ ਬਾਲਕ ਨੂੰ ਵਿਦਿਆ ਵਿਚ ਪ੍ਰਬੀਨ ਕਰਨ ਦਾ ਜਤਨ ਜਾਰੀ ਰਖਿਆ। ਛੱਜੂ ਰਾਮ ਜੀ ਦੀ ਪਹਿਲਾਂ ਬਹੁਤ ਸੰਤਾਨ ਹੋ ਹੋਕੇ ਮਰ ਚੁਕੀ ਸੀ, ਨੰਦ ਲਾਲ ਜੀ ਪੰਜਾਹ ਬਰਸ ਦੀ ਆਯੂ ਵਿਚ ਹੋਏ ਸੇ। ਆਪ ਦਾ ਸੁਭਾਵ ਕੁਛ ਸੁਭਾਵਕ ਹੀ ਤੇ ਕੁਛ ਇਨ੍ਹਾਂ ਸਦਮਿਆਂ ਕਰਕੇ ਨਰਮੀ ਵਾਲਾ, ਭਗਤੀ ਅੰਗ ਵਾਲਾ ਤੇ ਔਲਾਦ ਵਲ ਬਹੁਤੇ ਪਜਾਰ ਵਾਲਾ ਹੋ ਚੁਕਾ ਹੋਯਾ ਸੀ। ਆਪਣੇ ਬੱਚੇ ਨੂੰ ਸਮੇਂ ਦੀ ਪ੍ਰਧਾਨ ਵਿਦਯਾ ਵਿਚ ਸਿਆਣਿਆਂ ਕਰਨ ਦੇ ਨਾਲ ਨਾਲ ਛੱਜੂ ਰਾਮ ਦੀ ਇਹ ਕੋਸ਼ਿਸ਼ ਬੀ ਰਹਿੰਦੀ ਸੀ ਕਿ ਬੱਚਾ ਧਰਮ ਭਾਵ ਵਾਲਾ ਉੱਠੇ। ੧੨ ਬਰਸ ਦੀ ਨਿੱਕੀ ਵਰੇਸ ਵਿਚ ਨੰਦ ਲਾਲ ਚੰਗਾ ਪੜ੍ਹ ਗਿਆ ਸੀ, ਜੈਸਾ ਕਿ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ :-

ਨੰਦ ਲਾਲ ਨਿਤ ਮਕਤਬ ਜਾਏ। ਇਲਮ ਫਾਰਸੀ
ਪਢਹਿ ਬਨਾਏ। ਤੀਖਣ ਬੁੱਧਿ ਪੁਨਿਹਿ

1. ਇਹ ਲੇਖ ਮਾਘ ਦੀ ੨ ਸ਼ੁਕਰਵਾਰ ਸੰ: ਗੁ: ਨਾ: ਸਾ: ੪੬੩ (੧੫ ਜਨਵਰੀ ਸੰ: ੧੯੩੨ ਈ:) ਨੂੰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਅੱਭਯਾਸੇ। ਨਿਤਪ੍ਰਤਿ ਵਿੱਦਜਾ ਬਹੁਤ ਪ੍ਰਕਾਸ਼ੇ।
ਬ੍ਰਿੰਦ ਕਿਤਾਬਨਿ ਕੋ ਪਢਿ ਗਇਓ। ਇਲਮ
ਬਿਖੇ ਕਾਮਲ ਬਹੁ ਭਇਓ।

ਹੋਣਹਾਰ ਸਪੁਤ੍ਰ ਦੀ ਫ਼ਾਰਸੀ ਅਰਬੀ ਵਿਚ ਚੰਗੀ ਤ੍ਰੱਕੀ ਹੁੰਦੀ ਵੇਖਕੇ ਛੱਜੂ ਰਾਮ ਜਾਮੇ ਵਿਚ ਨਹੀਂ ਸਮਉਂਦਾ ਸੀ ਤੇ ਅੱਗੋਂ ਹੋਰ ਹੋਰ ਪੜ੍ਹਾਉਣ ਦੇ ਆਹਰ ਤੁਰੇ ਰਹਿੰਦੇ ਸਨ ਕਿ ਇਨ੍ਹਾਂ ਦਿਨਾਂ ਵਿਚ ਬੈਰਾਗੀ ਮਤਿ ਦੇ ਇਕ ਆਗੂ, ਜੋ ਵੈਸ਼ਨਵ ਮਤ ਉਪਾਸ਼ਕ ਖੱਤ੍ਰੀਆਂ ਦੇ ਕੁਲ ਗੁਰੂ ਸਨ, ਆਪਣੀ ਕਾਰ ਭੇਟ ਦੇ ਸਿਲਸਿਲੇ ਵਿਚ ਗਜ਼ਨੀ ਆ ਪਹੁੰਚੇ। ਗਜ਼ਨੀ ਪਠਾਣੀ ਧਰਤੀ ਹੈ, ਓਥੇ ਇਹ ਅਵਸਰ ਮਿਲਣਾ ਇਕ ਦੁਰਲਭ ਗੱਲ ਸੀ। ਛੱਜੂ ਰਾਮ ਜੀ ਆਪ ਵੈਸ਼ਨਵ ਸਨ, ਵੈਰਾਗੀ ਆਚਾਰਯ ਦੇ ਆਉਣ ਨੂੰ ਧੰਨ ਭਾਗ ਜਾਣਕੇ ਪੁਤ੍ਰ ਨੂੰ ਦੀਖਜਤਿ ਕਰਨ ਦੀ ਸੋਚ ਫੁਰੀ ਕਿ ਹੋਵੇ ਨਾਂ ਤਾਂ ਇਨ੍ਹਾਂ ਤੋਂ ਪੁਤ੍ਰ ਦੇ ਗਲ ਕੰਠੀ ਪੈ ਜਾਏ, ਮੰਤ੍ਰ ਮਿਲ ਜਾਏ ਤੇ ਇਹ ਆਪਣੇ ਧਰਮ ਕਰਮ ਵਿਚ ਵਿਧੀ ਮੂਜਬ ਪ੍ਰਵੇਸ਼ ਕਰ ਲਵੇ, ਇਸ ਤਰ੍ਹਾਂ ਦੀ ਵੀਚਾਰ ਕਰਕੇ ਆਪ ਨੇ ਇਕ ਦਿਨ ਥਾਪਿਆ ਤੇ ਆਪਣੇ ਘਰ ਮਹਾਤਮਾਂ ਨੂੰ ਸੱਦਿਆ। ਕੰਠੀ ਪਾਉਣ ਵਾਲਾ ਭਲਾ ਪੁਰਖ ਸੀ, ਸਿੱਧਾ ਸਾਦਾ ਸੀ, ਪਰ ਅਮਲੀ ਆਤਮ ਜੀਵਨ ਵਲੋਂ ਕੋਰਾ ਸੀ। ਉਹ ਰਸਮ ਤਾਂ ਪੂਰੀ ਕਰਨੀ ਜਾਣਦਾ ਸੀ ਪਰ ਕਿਸੇ ਜੀਵ ਦੀ ਰੂਹਾਨੀ ਭੁੱਖ ਲਈ ਤ੍ਰਿਪਤੀ ਦਾ ਸਾਮਾਨ ਨਹੀਂ ਸੀ ਕਰ ਸਕਦਾ। ਨੰਦ ਲਾਲ ਬਾਲਕਾ ਇਕ ਤਾਂ ਆਪ ਚਮਤਕਾਰੀ ਬੁਧਿ ਵਾਲਾ ਪੁਰਖ ਸੀ, ਜੈਸਾ ਕਿ ਵਡੇਰੀ ਉਮਰ ਵਿਚ ਆਪ ਦੀ ਕੀਤੀ ਕਵਿਤਾ ਆਪ ਨੂੰ ਸਿੱਧ ਕਰਦੀ ਹੈ ਦੂਜੇ ਫ਼ਾਰਸੀ ਅਰਬੀ ਪੜ੍ਹਕੇ ਬੁੱਧੀ ਵਿਚਾਰ ਵਲ ਪੈਂਦੀ ਤੇ ਹਰ ਗੱਲ ਦੀ ਖੋਜ ਵਲ ਰੁਖ ਕਰਦੀ ਸੀ। ਬਾਲਕੇ ਨੇ ਇਖ਼ਲਾਕ ਦੇ ਪੁਸਤਕ ਪੜ੍ਹੇ ਹੋਏ ਸਨ ਤੇ ਫ਼ਕੀਰੀ ਰੰਗ ਵਾਲੀਆਂ ਕਿਤਾਬਾਂ ਘੋਟੀਆਂ ਹੋਈਆਂ ਸਨ, ਇਸ ਲਈ ਉਸ ਨੂੰ ਇਕ ਮਾਮੂਲੀ ਸੰਪ੍ਰਦਾਈ ਚਿੰਨ੍ਹ ਧਾਰਨ ਕਰਾਉਣ ਵਾਲੇ ਤੋਂ ਕਿਵੇਂ ਤਸੱਲੀ ਹੋ ਸਕਦੀ ਸੀ। ਘਰ ਵਿਚ ਸਾਰੀ ਤਿਆਰੀ ਹੋਈ ਸੀ। ਕੇਵਲ ਆਚਾਰਯ ਦੇ ਰਸਮ ਅਦਾ ਕਰਨ ਦੀ ਦੇਰੀ ਸੀ। ਜਦ ਉਹ ਮਹੂਰਤ ਦਾ ਸਮਾਂ ਆ ਪੁੱਜਾ ਤਾਂ ਬਾਬਾ ਬੈਰਾਗੀ ਜੀ ਲੱਗੇ ਕੰਠੀ ਪਹਿਰਾਉਣ, ਤਦੋਂ ਨੰਦ ਲਾਲ ਜੀ ਨੇ ਸਮਿਤਕਾਰ ਨਾਲ ਕਿਹਾ:—ਹੇ ਸਾਧੂ ਹੇ ਭਲੇ ਪੁਰਖ ! ਇਹ ਕੰਠੀ ਮੇਰੇ ਗਲੇ ਕਿਉਂ ਪਾਉਂਦੇ ਹੋ ?

ਬੈਰਾਗੀ—ਬੱਚਾ ! ਤੈਨੂੰ ਵੈਸ਼ਨਵ ਮਤ ਵਿਚ ਲੈਣ ਲੱਗੇ ਹਾਂ। ਤੂੰ ਅਜ ਤੋਂ ਇਸ ਮਤ ਦਾ ਸੇਵਕ ਹੋਵੇਂਗਾ। ਕੰਠੀ ਤੇਰੇ ਗਲੇ ਵਿਚ ਤੈਨੂੰ ਯਮ ਤੋਂ ਬਚਾਏਗੀ। ਇਹ ਚਿੰਨ੍ਹ ਹੋਵੇਗਾ ਤੇਰੇ ਇਸ ਮਤ ਦੇ ਸੇਵਕ ਹੋਣ ਦਾ, ਫਿਰ ਤੈਨੂੰ ਮੰਤ੍ਰ ਦਿਆਂਗੇ, ਇਹ ਕੰਠੀ ਮੰਤ੍ਰ ਦੀ ਧਾਰਨੀ ਹੋਵੇਗੀ। ਇਸ ਕੰਠੀ ਨਾਲ ਤੂੰ ਨਿਗੁਰਾ (ਬੇ-ਮੁਰਸ਼ਿਦਾ) ਨਾ ਰਹੇਂਗਾ, ਤੂੰ ਬਾਲਕਾ ਤੇ ਅਸੀਂ ਤੇਰੇ ਗੁਰੂ ਹੋਵਾਂਗੇ।

ਨੰਦ ਲਾਲ—ਖਿਮਾ ਕਰਨੀ ਗੁਸਾਂਈਂ ਜੀ ! ਇਸ ਕੰਠੀ ਦੇ ਪਹਿਰਨ ਨਾਲ ਮੈਂ ਇਕ ਭਾਰੀ ਜ਼ਿੰਮੇਵਾਰੀ ਲੈਣ ਲੱਗਾ ਹਾਂ ਕਿ ਮੈਂ ਸੇਵਕ ਹੋ ਗਿਆ ਤੇ ਆਪ ਗੁਰੂ ਹੋ ਗਏ। ਅਗੋਂ ਨੂੰ ਮੇਰੇ ਲਈ ਬੂਹੇ ਬੰਦ ਹੋ ਗਏ ਜੋ ਮੈਂ ਹੋਰ ਦੀ ਢੂੰਡ ਨਾ ਕਰਾਂ ਤੇ ਜੇ ਮੈਨੂੰ ਅਵੱਸੋਂ ਕੋਈ ਕਲਜਾਣ ਕਰਨ ਵਾਲਾ ਰਹਿਬਰ ਮਿਲ ਪਵੇ ਤਾਂ ਮੈਂ ਆਪਣੇ ਅੱਜ ਦੇ ਕੀਤੇ ਨੇਮ ਤੋਂ ਬੇਮੁਖ ਹੋਵਾਂ। ਸੋ ਤੁਸੀਂ ਹਾਲੇ ਮੈਨੂੰ ਇਸ ਧਰਮ ਨੇਮ ਵਿਚ ਨਾ ਬੰਨ੍ਹੋ, ਮੈਂ ਸਿਆਣਾ ਹੋਕੇ ਆਪਣਾ ਗੁਰੂ ਆਪ ਲੱਭ ਲਵਾਂਗਾ, ਜਿਥੇ ਮੇਰੀ ਨਿਸ਼ਾ ਹੋ ਜਾਏ, ਉਥੋਂ ਫੇਰ ਆਪਣੇ ਗਲੇ ਕੰਠੀ ਕਿ ਕੋਈ ਹੋਰ ਚਿਨ੍ਹ ਪਵਾ ਲਵਾਂਗਾ।

ਬਾਵਾ—ਬੇਟਾ ! ਇਹ ਤਾਂ ਕੁਲਾਰੀਤ ਹੈ। ਗੱਲਾਂ ਤੂੰ ਸਿਆਣੀਆਂ ਕਰਦਾ ਹੈਂ ! ਤੇ ਤੇਰੇ ਭਾਗਾਂ ਵਿਚ ਹੋਵੇਗਾ ਤਾਂ ਕੋਈ ਮਹਾਂ ਪੁਰਖ ਤੈਨੂੰ ਆ ਮਿਲੇਗਾ, ਪਰ ਇਸ ਗੱਲ ਦੇ ਹੁਣ ਕਰ ਲੈਣ ਵਿਚ ਕੋਈ ਡਰ ਨਹੀਂ ਹੈ।

ਨੰਦ ਨਾਲ—ਗੁਸਾਂਈਂ ਜੀ ! ਬਾਰ ਬਾਰ ਗੁਰੂ ਧਾਰਨ ਕਰਨਾ ਖੇਡ ਹੋ ਜਾਏਗੀ। ਮੇਰਾ ਚਿੱਤ ਉਸ ਕੰਠੀ ਦੇ ਪਹਿਰਨ ਤੇ ਹੈ ਕਿ ਜੋ ਬਾਣੀ ਰੂਪ ਹੋਵੇ, ਅਰ ਮੇਰੇ ਕੰਠ ਵਿਚੋਂ ਉਸਦਾ ਉਚਾਰ ਹੋਵੇ ਤੇ ਉਸ ਵਿਚ ਭਗਵੰਤ ਦਾ ਜਸ ਹੋਵੇ। ਮੇਰਾ ਰੁਖ ਹਮਦੋਸਨਾ ਵਲ ਹੈ।

ਗੁਸਾਂਈਂ—ਬਰਖ਼ੁਰਦਾਰ ਤੂੰ ਧੰਨ ਹੈਂ ਤੇਰੀ ਲੋਚਾ ਸੁਹਣੀ ਹੈ। ਭਗਵੰਤ ਤੈਨੂੰ ਬਾਣੀ ਰੂਪ ਕੰਠੀ ਆਪ ਦੇਵੇ, ਮੇਰੇ ਪਾਸ ਐਸੀ ਕੰਠੀ ਨਹੀਂ ਹੈ। ਇਹ ਕੰਠੀ ਜਿਸ ਪਾਸ ਹੈ ਉਹ ਆਪ ਹੀ ਤੈਨੂੰ ਦੇਵੇਗਾ।

ਇਸ ਤਰ੍ਹਾਂ ਦੇ ਵਾਕ ਕਹਿ ਕੇ ਗੁਸਾਂਈਂ ਆਪਣੇ ਡੇਰੇ ਨੂੰ ਚਲਾ ਗਿਆ।

ਪਿਤਾ ਨੇ ਸਮਝਿਆ ਕਿ ਗੁਸਾਂਈਂ ਜੀ ਬਾਲਕ ਦੇ

ਹਠ ਕਰਨੇ ਪਰ ਗੁੱਸੇ ਹੋ ਗਏ ਹਨ। ਇਸ ਕਰਕੇ ਪਹਿਲਾਂ ਪੁੱਤ੍ਰ ਨੂੰ ਸਮਝਾਇਆ ਕਿ "ਬੇਟਾ ! ਇਹ ਕੁਲਾਰੀਤ ਹੈ ਤੇ ਕਰਨੀ ਜ਼ਰੂਰੀ ਹੈ। ਇਸ ਦੇ ਨਾਂ ਕੀਤੇ ਅਪਜਸ ਹੋਵੇਗਾ ਤੇ ਦੂਸਰੇ ਕੁਲ ਗੁਰੂ ਨਾਰਾਜ ਹੋ ਗਏ ਹਨ।" ਤਾਂ ਨੰਦ ਲਾਲ ਜੀ ਹੱਥ ਜੋੜਕੇ ਬੋਲੇ: "ਪਿਤਾ ਜੀਓ ! ਆਪ ਦੀ ਆਗਜਾ ਸਿਰ ਮੱਥੇ ਤੇ ਹੈ ਪਰ ਗੁਸਾਂਈ ਜੀ ਆਖਦੇ ਹਨ ਕਿ ਕੰਠੀ ਪਹਿਰ ਕੇ ਅਸੀਂ ਗੁਰੂ ਤੇ ਤੂੰ ਸੇਵਕ ਹੋ ਜਾਏਂਗਾ ਤੇ ਮੈਨੂੰ ਗੁਸਾਈਂ ਜੀ ਗੁਰੂ ਹੋਕੇ ਭਾਸੇ ਨਹੀਂ। ਮੈਂ ਮੁਰਸ਼ਿਦ ਦੀ ਟੋਲ ਆਪ ਕਰਨੀ ਹੈ, ਇਸ ਕਰਕੇ ਅਜ ਝੂਠ ਮੂਠ ਗੁਰੂ ਧਾਰ ਲੈਣਾ ਠੀਕ ਨਹੀਂ ਲੱਗ ਰਿਹਾ ! ਮੈਂ ਹੁਣੇ ਆਪਣੇ ਆਪ ਨੂੰ ਬੰਨ੍ਹ ਲਵਾਂ ਇਹ ਚੰਗਾ ਨਹੀਂ ਪਿਆ ਲਗਦਾ"। ਪਿਤਾ ਇਹ ਵਾਕ੍ਯ ਸੁਣਕੇ ਪੁੱਤਰ ਦੀ ਸਚਿਆਈ ਲਾਲ ਕੁਛ ਤਸੱਲੀ ਵਾਲਾ ਹੋਕੇ ਚੁੱਪ ਹੋ ਗਿਆ ਕਿ ਬੱਚਾ ਗਲ ਠੀਕ ਕਹਿ ਰਿਹਾ ਹੈ, ਮੈਂ ਜ਼ੋਰ ਨਾ ਦਿਆਂ ਮਤੇ ਉਦਾਸੀ ਮੰਨੇ ਤੇ ਸੁਖੀ ਨਾ ਰਹੇ। ਫੇਰ ਪਿਤਾ ਗੁਸਾਂਈਂ ਜੀ ਪਾਸ ਖਿਮਾਂ ਵਾਸਤੇ ਗਿਆ। ਪਰ ਉਸ ਭਲੇ ਪੁਰਖ ਨੇ ਉੱਤਰ ਦਿੱਤਾ ਕਿ "ਭਾਈ ! ਤੇਰਾ ਬੱਚਾ ਸੁਤੇ ਸਿੱਧ ਪਰਮਾਰਥ ਦਾ ਜਗਿਆਸੂ ਹੈ, ਇਸ ਨੇ ਕੋਈ ਉੱਚ ਕੋਟੀ ਦਾ ਪੁਰਖ ਲੱਭਣਾ ਹੈ; ਉਸ ਤੋਂ ਹੀ ਕਲਿਆਣ ਪਾਏਗਾ। ਐਸੇ ਸੰਸਕਾਰੀ ਜੀਵਾਂ ਪਰ ਸਾਨੂੰ ਤੇ ਤੁਹਾਨੂੰ ਜ਼ੋਰ ਕਰਨਾ ਭਲਾ ਨਹੀਂ। ਮੈਂ ਗੁੱਸੇ ਨਹੀਂ, ਮੈਂ ਅਸ਼ੀਰਵਾਦ ਦੇਂਦਾ ਹਾਂ ਕਿ ਤੇਰੀ ਕੁਲ ਵਧੇ। ਸਦਾ ਸੁਖੀ ਰਹੋ !" ਛੱਜੂ ਰਾਮ ਨੇ ਮੱਥਾ ਟੇਕਿਆ ਤੇ ਫੇਰ ਪਿਤਰੀ ਮੋਹ ਵਿਚ ਬੱਧੇ ਤੇ ਲੋਕ ਲਾਜ ਵਲੋਂ ਸੋਚਾਂ ਕਰਦੇ ਨੇ ਉਸ ਦੇ ਮਕਤਬ ਦੇ ਉਸਤਾਦ ਤੇ ਉਸ ਦੇ ਨਾਲ ਪੜ੍ਹਨੇ ਵਾਲੇ ਮਿਤ੍ਰਾਂ ਤੋਂ ਅਖਵਾਇਆ ਪਰ ਨੰਦ ਲਾਲ ਨੇ ਸਭ ਨੂੰ ਨਿੰਮ੍ਰਤਾ ਨਾਲ ਇਹੋ ਆਖਿਆ ਕਿ "ਮੇਰੇ ਅੰਦਰ ਕਈ ਲੱਛਣ ਹੈਨ ਗੁਰੂ ਪਛਾਣ ਦੇ, ਮੈਂ ਭਾਲ ਕਰਨੀ ਹੈ, ਜੇ ਮੈਂ ਹੁਣ ਬੱਝ ਗਿਆ, ਜਿੱਥੇ ਕਿ ਬੱਝਣ ਨੂੰ ਮੇਰਾ ਚਿੱਤ ਨਹੀਂ ਹੈ, ਤਾਂ ਮੈਂ ਦੁਖੀ ਹੋਵਾਂਗਾ ਤੇ ਦੁਖੀ ਰਹਾਂਗਾ। ਵੈਸੇ ਪਿਤਾ ਜੀ ਦੀ ਆਗਜਾ ਮੈਂ ਮੋੜਨੀ ਨਹੀਂ ਚਾਹੁੰਦਾ।" ਇਸ ਪ੍ਰਕਾਰ ਦੀ ਵਾਰਤਾਲਾਪ ਦੇ ਮਗਰੋਂ ਪਿਤਾ ਜੀ ਵਲੋਂ ਹੋਰ ਖਿੱਚ ਬੰਦ ਹੋ ਗਈ ਤੇ ਨੰਦ ਲਾਲ ਜੀ ਆਪਣੀ ਵਿਦਜਾ ਵਧਾਉਣ ਵਿਚ ਲਗੇ ਰਹੇ।

## ੨.

**ਪੰਜ** ਬਰਸ ਹੋਰ ਲੰਘ ਗਏ। ਨਾ ਨੰਦ ਲਾਲ ਜੀ ਨੇ ਕੰਠੀ ਧਾਰੀ ਨਾ ਵਿਵਾਹ ਕੀਤਾ, ਵਿਦਜਾ ਵਿਚ ਹੀ ਜੁਟੇ ਰਹੇ। ਇਸ ਸਮੇਂ ਆਪਦੀ ਪਿਆਰੀ ਮਾਤਾ ਜੀ ਦਾ ਚਲਾਣਾ ਹੋ ਗਿਆ। ਇਸ ਸਦਮੇ ਨੂੰ ਆਪ ਨੇ ਜ਼ਰਾ ਉਖੇਰਾ ਝੱਲਿਆ। ਘਰ ਦੇ ਤ੍ਰੈ ਹੀ ਤਾਂ ਪਰਦੇਸ਼ ਵਿਚ ਬੰਦੇ ਸਨ: ਇਕ ਮਾਤਾ, ਇਕ ਪਿਤਾ ਤੇ ਇਕ ਆਪ, ਸੋ ਹੁਣ ਦੋ ਰਹਿ ਗਏ। ਮਾਤਾ ਦੇ ਵਿਯੋਗ ਮਗਰੋਂ ਦੋ ਬਰਸ ਨੰਦ ਲਾਲ ਜੀ ਨੂੰ ਹੋਰ ਬੀਤੇ। ਅਜੇ ਵਿਦਜਾ ਪ੍ਰਾਪਤੀ ਵਿਚ ਹੀ ਧੁਨਿ ਲਗ ਰਹੀ ਸੀ ਕਿ ਆਪ ਦੇ ਪਿਤਾ ਜੀ ਦਾ ਚਲਾਣਾ ਹੋ ਗਿਆ। ਇਹ ਸਦਮਾ ਹੁਣ ਬੜਾ ਡਾਢਾ ਸੀ। ਆਪ ਪਰਾਏ ਮੁਲਕ ਤੇ ਪਰਾਏ ਰਾਜ ਤੇ ਪਰਾਏ ਲੋਕਾਂ ਵਿਚ ਇਕੱਲੇ ਰਹਿ ਗਏ, ਪਰ ਬੰਦੇ ਦੇ ਸਿਰ ਜੋ ਆਵੇ ਸਹਿ ਗੁਜ਼ਰਦਾ ਹੈ। ਆਪ ਨੇ ਇਹ ਸੱਟ ਬੀ ਸਹਾਰੀ। ਜਦੋਂ ਸਾਰੇ ਪਿਤਰੀ ਕਰਮਾਂ ਤੋਂ ਵਿਹਲੇ ਹੋਏ ਤਾਂ ਸੱਜਣਾਂ ਮਿੱਤ੍ਰਾਂ ਸਲਾਹ ਦਿੱਤੀ ਕਿ 'ਹੁਣ ਹਾਕਮ ਪਾਸ ਜਾਣਾ ਚਾਹੀਏ ਜੋ ਓਹ ਪਿਤਾ ਵਾਲੀ ਥਾਂ, ਆਪ ਨੂੰ ਦੇ ਦੇਵੇ। ਆਪ ਹਰ ਤਰ੍ਹਾਂ ਲਾਇਕ ਹੋ, ਇਸ ਨਾਲ ਦਿਲ ਆਹਰੇ ਲੱਗੇਗਾ, ਪਰਚੇਗਾ। ਕੰਮ ਕਹਿੰਦੇ ਹਨ ਅਸਲੀ ਬੰਦਗੀ ਹੁੰਦਾ ਹੈ। ਫਿਰ ਆਪ ਦਾ ਕਿਸੇ ਚੰਗੇ ਘਰ ਵਿਆਹ ਸਾਦੀ ਹੋ ਜਾਏਗਾ"। ਇਸ ਵੀਚਾਰ ਮਗਰੋਂ ਹਾਕਮ ਪਾਸ ਅਰਜ਼ ਗੁਜ਼ਾਰੀ ਹੋਈ। ਹਾਕਮ ਛੱਜੂ ਰਾਮ ਜੀ ਪਰ ਪ੍ਰਸੰਨ ਸੀ ਤੇ ਨੰਦ ਲਾਲ ਜੀ ਦੀ ਵਿਦਜਾ ਤੇ ਲਿਆਕਤ ਦਾ ਜਾਣੂ ਸੀ, ਆਖਣ ਲੱਗਾ ਕਿ "ਮੈਂ ਤੁਹਾਡੇ ਪਿਤਾ ਦੇ ਉਹਦੇ ਤੇ ਤੁਸਾਂ ਨੂੰ ਹੀ ਥਾਪਾਂਗਾ ਤੁਸੀਂ ਲਾਇਕ ਹੋ ਪਰ ਅਜੇ ਤਜਰਬਾ ਕੋਈ ਨਹੀਂ, ਇਸ ਕਰਕੇ ਕੁਛ ਚਿਰ ਦਫ਼ਤਰ ਵਿਚ ਹੇਠਲੇ ਦਰਜੇ ਤੇ ਕੰਮ ਸਿੱਖੋ।" ਨੰਦ ਲਾਲ ਜੀ ਨੇ ਇਹ ਗਲ ਸਮਝ ਲਈ ਪਰ ਚਿਤ ਹੋਰ ਉਦਾਸ ਹੋ ਗਿਆ। ਇਹ ਉਦਾਸੀ ਇਨੀ ਵਧੀ ਕਿ ਆਪ ਨੇ ਫੇਰ ਵਤਨਾਂ ਵਲ ਮੁਹਾਰਾਂ ਮੋੜੀਆਂ ਤੇ ਆਪਣਾ ਲਟਾ ਪਟਾ, ਨੌਕਰ ਚਾਕਰ ਸੰਭਾਲਕੇ ਇਕ ਕਾਫ਼ਲੇ ਦੇ ਨਾਲ ਚੁਪ ਕੀਤੇ ਟੁਰ ਪਏ ਤੇ ਪੰਜਾਬ ਵਿਚ ਆ ਗਏ। ਮੁਲਤਾਨ ਅੱਪੜਕੇ ਆਪ ਨੂੰ ਇਹ ਜਗ੍ਹਾ ਪਸਿੰਦ ਆ ਗਈ ਤੇ ਏਥੇ ਡੇਰੇ ਲਾ ਦਿਤੇ। ਗਜ਼ਨੀ ਤੋਂ ਪਿਤਾ ਦਾ ਸੰਚਿਤ ਧਨ ਆਪਣੇ ਨਾਲ ਲਿਆਏ ਸਨ, ਇਸ ਕਰਕੇ ਛੇਤੀ ਦੀ ਕੋਈ

ਤਾਂਘ ਰੁਜ਼ਗਾਰ ਤਲਾਸ਼ ਦੀ ਨਹੀਂ ਸੀ। ਏਥੇ ਰਹਿਕੇ ਆਪ ਨੇ ਦਿੱਲੀ ਦਰਵਾਜ਼ੇ ਦੇ ਬਾਹਰਵਾਰ ਨਵੇਕਲਾ ਥਾਉਂ ਤੱਕ ਕੇ ਕੁਛ ਭੋਂ ਮੁੱਲ ਲੈਕੇ ਆਪਣੇ ਰਹਿਣ ਦਾ ਘਰ ਬਣਾ ਲਿਆ। ਇਹ ਟਿਕਾਣਾ ਹੌਲੇ ਹੌਲੇ ਮਹੱਲਾ ਬਣ ਗਿਆ ਤੇ ਬਹੁਤ ਵਸੋਂ ਹੋ ਗਈ। ਇਸ ਦਾ ਨਾਉਂ 'ਆਗਾ ਪੁਰ' ਪੈ ਗਿਆ, ਗਾਲਬਨ ਇਸ ਕਰਕੇ ਕਿ ਨੰਦ ਲਾਲ ਜੀ ਨੂੰ ਉਹਨਾਂ ਦੇ ਗਜ਼ਨੀ ਤੋਂ ਨਾਲ ਆਏ ਨੌਕਰ 'ਆਗਾ' ਕਰਕੇ ਸੱਦਦੇ ਸਨ। 'ਆਗਾ' ਫ਼ਾਰਸੀ ਵਿਚ 'ਮਾਲਕ' ਨੂੰ ਕਹਿੰਦੇ ਹਨ ਤੇ ਉਧਰ ਦੇ ਨੌਕਰ ਮਾਲਕਾਂ ਨੂੰ 'ਆਗਾਂ' ਕਰਕੇ ਬੁਲਾਉਂਦੇ ਹਨ[1] ! ਖਿਆਲ ਇਹ ਬੀ ਕੀਤਾ ਜਾਂਦਾ ਹੈ ਕਿ ਭਾਈ ਸਾਹਿਬ ਜੀ ਨੇ ਪਰਦੇਸੋਂ ਆਕੇ ਆਪ ਇਹ ਨਾਮ 'ਆਗਮਨ ਪੁਰਾ' ਰੱਖਿਆ ਜੋ ਵਿਗੜਕੇ 'ਆਗਾਪੁਰ' ਹੋ ਗਿਆ ਹੈ। ਉਂਵ ਮਹੱਲੇ ਦਾ ਨਾਮ ਹੁਣ ਤੱਕ 'ਆਗਾ ਪੁਰ' ਹੈ।

ਨੰਦ ਲਾਲ ਜੀ ਦਾ ਸੁਭਾਵ ਮਿਲਾਪੜਾ ਸੀ, ਵਿਦਜਾ ਬਹੁਤ ਸੀ, ਧਨ ਬੀ ਪਾਸ ਸੀ, ਮੁਲਤਾਨ ਵਿਚ ਆਪ ਦਾ ਮੇਲ ਜੋਲ ਛੇਤੀ ਹੀ ਵਧ ਗਿਆ। ਪੁਰਾਣੇ ਵੱਡਿਆਂ ਦੇ ਮੇਲੀ ਸਾਕ ਸਨਬੰਧੀ ਬੀ ਆਦਰ—ਭਾਉ ਕਰਨ ਲੱਗ ਪਏ। ਚਾਹੇ ਅਜੇ ਰੁਜ਼ਗਾਰ ਕੋਈ ਨਹੀਂ ਸੀ ਲੱਭਾ ਪਰ ਭਾਈਚਾਰੇ ਬਿਰਾਦਰੀ ਵਿਚ ਨੱਕ ਨਮੂਜ਼ ਉਜਲਾ ਕਾਇਮ ਹੋ ਗਿਆ। ਆਪ ਦੀ ਸਹਿਨ ਸ਼ੀਲਤਾ ਤੇ ਉਪਰ ਕਥੇ ਗੁਣਾਂ ਦੇ ਭਾਈਚਾਰਕ ਨਮੂਜ ਕਰਕੇ ਆਪ ਦਾ ਇਕ ਚੰਗੇ ਖੱਤ੍ਰੀ ਘਰਾਣੇ ਵਿਚ ਵਿਆਹ ਹੋ ਗਿਆ। ਇਸ ਗਲ ਨੇ ਆਪ ਦੇ ਦਿਲ ਨੂੰ ਹੋਰ ਸੁਹਣਾ ਤੇ ਉੱਚਾ ਕਰ ਦਿੱਤਾ ਤੇ ਇਕ ਨਵੀਂ ਰੰਗਤ ਅੰਦਰਲੇ ਰੰਗ ਨੂੰ ਚਮਕਾਉਣ ਲੱਗ ਪਈ। ਫ਼ਕੀਰਾਂ ਸਾਧਾਂ ਦੇ ਮੇਲੀ ਆਪ ਸਨ ਹੀ। ਕੰਠੀ ਅਜੇ ਨਹੀਂ ਸੀ ਲਈ ਇਹ ਕਸਰ ਆਪ ਨੂੰ ਪਤਾ ਸੀ ਪਰ ਅਜੇ ਕੋਈ ਲੱਭਾ ਬੀ ਨਹੀਂ ਸੀ ਕਿ ਜਿਸ ਦੇ ਹੱਥੋਂ ਕੰਠੀ ਕੰਠਹਾਰ ਕਰਨ ਲਈ ਧੌਣ ਨੀਉਂਦੀ। ਵਿਆਹ ਹੋਏ ਕੁਛ ਸਮਾਂ ਬੀਤਿਆ ਸੀ ਕਿ ਆਪਨੂੰ ਆਪਣੀ ਸਤਵੰਤੀ ਇਸਤ੍ਰੀ ਵਿਚ ਸੁਸ਼ੀਲ ਹੋਣ ਤੋਂ ਵੱਖਰੀ ਇਕ ਹੋਰ ਘਟਨਾ ਦਿੱਸ ਪਈ ਤੇ ਇਹ ਗੱਲ ਸਮਝ ਵਿਚ ਆਈ ਕਿ ਸਤਵੰਤੀ ਅੰਮ੍ਰਿਤ ਵੇਲੇ ਜਾਗਦੀ ਤੇ ਇਸ਼ਨਾਨ ਕਰ ਲੈਂਦੀ ਹੈ; ਕੁਛ ਸਮਾਂ ਚੁਪ ਕਰਕੇ ਬੈਠਦੀ ਹੈ ਤੇ ਫੇਰ ਕੁਛ ਪੜ੍ਹਦੀ ਹੈ ਜਿਸ ਦੀ ਸੁਰ ਤਾਂ ਸੁਣਾਈ ਦੇਂਦੀ ਹੈ, ਪਰ ਇੰਨਾ ਉੱਚੀ ਨਹੀਂ ਪੜ੍ਹਦੀ ਕਿ ਸਮਝ ਪੈ ਸਕੇ। ਆਪ ਵਿਦਵਾਨ ਤਾਂ ਸਨ, ਸੁਭਾਗਾ ਇਸਤ੍ਰੀ ਦੇ ਲੱਛਣਾਂ ਵਿਚ ਜੋ ਆਮ ਇਸਤ੍ਰੀਆਂ ਨਾਲੋਂ ਵਿਲੱਖਣਤਾਈ ਤੱਕਦੇ ਸਨ ਉਹ ਇਸ ਕਾਰਣ ਤੋਂ ਭਾਸੀ। ਤਦ ਆਪ ਨੇ ਇਕ ਦਿਨ ਇਸਤ੍ਰੀ ਨੂੰ ਪੁੱਛਿਆ ਕਿ "ਭਾਗ ਭਰੀ ਸੁਲੱਖਣਾਂ ਵਾਲੀ ! ਜੋ ਅਭਿਆਸ ਤੇ ਆਰਾਧਨਾ ਤੂੰ ਸਵੇਰ ਵੇਲੇ ਕਰਦੀ ਹੈਂ, ਤੇ ਜੋ ਆਪ ਫੇਰ ਚੜ੍ਹੇ ਦਿਨ ਜਪਦੀ ਯਾ ਉਚਾਰਦੀ ਹੈਂ ਉਹ ਕੋਈ ਸੁਹਣੀ ਗਲ ਹੈ ਤੇ ਮੈਂ ਖੁਸ਼ ਹਾਂ, ਮੈਂ ਕਿਸੇ ਭਲੇ ਕੰਮ ਨਾਲ ਵਿਰੋਧੀ ਪੱਖ ਚਿੱਤ ਵਿਚ ਕਿਸੇ ਤਰ੍ਹਾਂ ਦਾ ਨਹੀਂ ਰੱਖਦਾ। ਤੂੰ ਡਰਦੀ ਜਾਪਦੀ ਹੈਂ ਜੋ ਖੁੱਲ੍ਹਕੇ ਨਹੀਂ ਪੜ੍ਹਦੀ, ਮੇਰੀ ਵਲੋਂ ਡਰ ਕੋਈ ਨਹੀਂ।" ਇਸ ਪ੍ਰਕਾਰ ਦੇ ਪਿਆਰੇ ਵਾਕ ਸੁਣਕੇ ਬੀਬੀ ਨੇ ਬਾਣੀ ਖੁੱਲ੍ਹਕੇ ਸੁਰ ਨਾਲ ਪੜ੍ਹਨੀ, ਜਿਵੇਂ ਪੇਕੇ ਘਰ ਦਾ ਸੁਭਾਉ ਸੀ, ਆਰੰਭ ਦਿੱਤੀ। ਬਾਣੀ ਦੇ ਪਾਠ ਨਾਲ ਨੰਦ ਲਾਲ ਜੀ ਦੇ ਕੰਨ ਪਿਆਰ ਵਾਲੇ ਹੋਣ ਲਗ ਪਏ, ਬਾਣੀ ਦਾ ਰਸ ਅਸਰ ਕਰੇ, ਅਰਥ ਭਾਵ ਮਨ ਨੂੰ ਕਦਰ ਦੇਵੇ। ਐਉਂ ਆਪ ਨੂੰ ਪਤਾ ਲੱਗਾ ਕਿ ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਹੈ ਤੇ ਜੋ ਸਤਵੰਤੀ ਮੇਰੇ ਲੜ ਲੱਗੀ ਹੈ ਗੁਸਾਈਆਂ ਦੀ ਚੇਲੀ ਨਹੀਂ, ਨਾ ਹੀ ਕੇਵਲ ਸਿਖ ਘਰਾਣੇ ਦੀ ਬੀਬੀ ਹੈ ਸਗੋਂ ਸਿੱਖੀ ਅਮਲ ਵਿਚ ਤਕੜੀ ਹੈ[1]। ਬਾਣੀ ਸੁਣ ਸੁਣ ਕੇ ਉਸ ਦਾ ਸਨਮਾਨ ਦਿਲ ਵਿਚ ਵਧਦਾ ਗਿਆ ਤੇ ਅੰਦਰ ਕਦੇ ਕਦੇ ਭਾਵ ਉਠਣ ਲੱਗ ਪਿਆ ਕਿ ਇਸ ਮਿੱਠੀ ਵਹਿ ਰਹੀ ਅੰਮ੍ਰਿਤ ਨਦੀ ਦੇ ਚਸ਼ਮੇਂ ਦੇ ਕਦੇ ਦਰਸ਼ਨ ਮੇਲੇ ਹੋਣ ਤਾਂ ਸ਼ਾਇਦ ਮਨ ਦੀ ਚਿਰੋਕੀ ਦੱਬੀ ਅਭਿਲਾਖਾ ਪੂਰੀ ਹੋ

---

1. ਫ਼ਾਰਸੀ ਪਦ ਹੈ 'ਆਕਾ' ਤੇ ਤੁਰਕੀ ਹੈ 'ਆਗਾ' ਪਰ ਅਫ਼ਗਾਨਾਂ ਦੀ ਬੋਲ ਚਾਲ ਵਿਚ 'ਆਗਾ' ਲਫ਼ਜ਼ ਆਮ ਹੈ।

---

1. ਭਾਈ ਰਾਮ ਕਿਸ਼ਨ ਸਿੰਘ ਜੀ, ਸਿੱਖ ਇਤਿਹਾਸ ਦੇ ਖੋਜੀ ਦੱਸਿਆ ਕਰਦੇ ਸਨ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਮੁਲਤਾਨ ਵਿਚ ਭਾਈ ਨੰਦ ਲਾਲ ਜੀ ਨੂੰ ਗੁਰੂ ਘਰ ਦੇ ਇਕ ਉਦਾਸੀ ਸੰਤ ਨਾਲ ਭੀ ਭੇਟ ਹੋਈ ਸੀ ਇਸ ਦੇ ਸ਼ੁਭ ਸੰਗ ਵਿਚ ਆਪਨੇ ਗੁਰੂ ਗੱਦੀ ਦਾ ਜਸ ਸੁਣਿਆਂ ਤੇ ਗੁਰਸਿਖੀ ਦੀ ਸੋਝੀ ਪਾਈ।

ਭਾਈ ਮੇਘ ਰਾਜ ਜੀ ਲਿਖਦੇ ਹਨ ਕਿ ਮੁਲਤਾਨ ਵਿਚ ਇਕ ਬੇਦੀ ਸਾਹਿਬ ਦਾ ਗੁਰਦੁਆਰਾ ਸੀ, ਉਸ ਦਾ ਅੱਜ ਕੱਲ ਦਾ ਨਾਮ ਬਾਵਾ ਕਾਨ੍ਹਪਤਿ ਦੀ ਧਰਮਸ਼ਾਲਾ ਹੈ, ਭਾਈ ਜੀ ਦੇ ਸਹੁਰੇ ਇਸ ਗੁਰਦਵਾਰੇ ਦੇ ਸੇਵਕ ਸਨ।

ਜਾਵੇ।

ਸਹਿਜੇ ਸਹਿਜੇ ਆਪ ਦਾ ਵਿਸ਼ਵਾਸ ਸ੍ਰੀ ਗੁਰੂ ਨਾਨਕ ਦੇਵ ਜੀ ਪਰ ਆਉਂਦਾ ਗਿਆ ਤੇ ਗੁਰ ਬਾਣੀ ਪੜ੍ਹਨ ਤੇ ਕੰਠ ਕਰਨ ਦਾ ਸੁਭਾ ਪੈਂਦਾ ਗਿਆ। ਉੱਧਰ ਆਪ ਦੀ ਫ਼ਾਰਸੀ ਅਰਬੀ ਦੀ ਲਿਆਕਤ ਦਾ ਸ਼ਹਿਰ ਵਿਚ ਚਰਚਾ ਹੋ ਗਿਆ, ਜਿਸ ਤੋਂ ਕਿ ਹਾਕਮ ਮੁਲਤਾਨ ਤਕ ਬੀ ਖ਼ਬਰ ਪੁੱਜੀ। ਉਸ ਨੇ ਆਪ ਦੀ ਲਿਆਕਤ ਦੇਖ ਕੇ ਆਪ ਨੂੰ ਮੀਰ ਮੁਨਸ਼ੀ ਥਾਪ ਲਿਆ। ਮੁੱਦਤਾਂ ਆਪ ਮੁਲਤਾਨ ਵਿਚ ਟਿਕੇ ਰਹੇ ਤੇ ਆਪਣੇ ਇਸ ਅਹੁਦੇ ਦਾ ਕੰਮ ਦਿਆਨਤਦਾਰੀ ਨਾਲ ਨਿਬਾਹੁੰਦੇ ਰਹੇ। ਆਪ ਦੀ ਲਿਆਕਤ ਤੇ ਗੁਣਾਂ ਤੇ ਹਰ ਗੱਲ ਵਿਚ ਆਪ ਦੀ ਪੁੱਛ ਹੋਣ ਲੱਗ ਪਈ, ਇਸ ਗੱਲ ਪਰ ਅਮਲੇ ਵਿਚ ਈਰਖਾ ਹੋ ਗਈ, ਇਹ ਈਰਖਾ ਦਿਨੋ ਦਿਨ ਵਧਦੀ ਗਈ ਪਰ ਆਪ ਦਾ ਕੁਝ ਵਿਗਾੜ ਨਾ ਸਕੀ।

੩.

**ਇਕ** ਦਿਨ ਆਪ ਨੇ ਆਪਣੀ ਇਸ ਹਾਲਤ ਨੂੰ ਚੰਗਾ ਨਾ ਸਮਝਕੇ ਨੌਕਰੀ ਛੋੜ ਦਿਤੀ ਤੇ ਆਪਣਾ ਜੀਵਨ ਮੁੜ ਸੁਤੰਤ੍ਰ ਕਰ ਲਿਆ, ਪਰ ਟਿਕੇ ਮੁਲਤਾਨ ਹੀ ਰਹੇ। ਲਗਪਗ ਚਾਲੀ ਵਰ੍ਹੇ ਦੀ ਉਮਰ ਵਿਚ ਆਪਦੇ ਘਰ ਸੰਤਾਨ ਹੋਈ। ਕਾਕੇ ਦਾ ਨਾਮ ਲਖਪਤ ਰਾਇ ਰੱਖਿਆ ਤੇ ਇਸ ਤੋਂ ਦੋ ਵਰ੍ਹੇ ਮਗਰੋਂ ਇਕ ਹੋਰ ਬੱਚਾ ਹੋਇਆ ਜਿਸ ਦਾ ਨਾਮ ਲੀਲ੍ਹਾ ਰਾਮ ਰਖਿਆ। ਦੋਹਾਂ ਦੀ ਪਾਲਣ ਪੋਖਣ ਇਕ ਨਵਾਂ ਆਹਰ ਸੀ ਜੋ ਵਡੇਰੀ ਉਮਰਾ ਵਿਚ ਇਕ ਨਵਾਂ ਡਾਢਾ ਮਿੱਠਾ ਕੰਮ ਸੀ। ਇਸ ਵਿਚ ਕੁਛ ਬਰਸ ਦਿਲ ਪਰਚਿਆ ਰਿਹਾ, ਪਰ ਉਹ ਚਿਣਗ ਜੁ ਅੰਦਰ ਧੁਰੋਂ ਨਾਲ ਆਈ ਸੀ ਤੇ ਜਿਸਨੇ ਕੰਠੀ ਨਹੀਂ ਸੀ ਬੈਰਾਗੀ ਤੋਂ ਪੁਆਉਣ ਦਿੱਤੀ ਅਤੇ ਜਿਹੜੀ ਮੁਲਤਾਨ ਆਕੇ ਸਤਿਸੰਗ ਪ੍ਰਾਪਤੀ ਨਾਲ ਵਿੱਚੇ ਵਿਚ ਸੁਲਗਦੀ ਰਹੀ ਸੀ, ਹੁਣ ਮੱਚ ਖਲੋਤੀ।

ਇਕ ਦਿਨ ਗੁਰਦੁਆਰੇ ਕੀਰਤਨ ਵਿਚ ਪ੍ਰਮਾਣ ਦੇਂਦਿਆਂ ਰਾਗੀ ਨੇ ਇਹ ਸਲੋਕ ਪੜ੍ਹਿਆ :-

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

ਹਾਂ, ਨੰਦ ਲਾਲ ਜੀ ਨੂੰ ਖ਼ਿਆਲ ਆਇਆ ਕਿ ਉਮਰ ਪੰਜਾਹ ਦੇ ਨੇੜੇ ਆ ਰਹੀਂ ਹੈ। ਸ਼ਾਸਤ੍ਰਾਂ ਮੂਜਬ ਬੀ ਬਾਨਪ੍ਰਸਤੀ ਹੋਣ ਦਾ ਸਮਾ ਆ ਗਿਆ ਹੈ ਤੇ ਅੱਜ ਦੇ ਵਾਕ ਨੇ ਬੀ ਅੱਗਾ ਨੇੜੇ ਆਇਆ ਦਾ ਸੁਨੇਹਾ ਸੁਣਾਇਆ ਹੈ! ਕਦ ਤਕ ਹੇ ਮਨ ! ਕਦ ਤਕ ਇਹ ਬਾਲ ਬੱਚੇ ਇਸਤ੍ਰੀ ਇੱਜ਼ਤ ਵਿਚ ਗ਼ਾਫ਼ਲੀ? ਰਾਹ ਤਾਂ ਲੱਭਾ ਹੈ ਪਰ ਰਹਬਰ-ਅਰਸ਼ੀ ਰਹਬਰ-ਜਦ ਪ੍ਰਿਥਵੀ ਤੇ ਹੈ ਤਾਂ ਦਰਸ਼ਨ ਤੋਂ ਵਾਂਜੇ ਰਹਿਣਾ ਕੈਸੀ ਅਭਾਗਤਾ ਹੈ। ਇਹ ਫੁਰਨੇ ਡੂੰਘੇ ਹੁੰਦੇ ਤੇ ਵੈਰਾਗ ਦੀ ਸੂਰਤ ਪਕੜਦੇ ਗਏ। ਆਖ਼ਰ ਅੰਦਰ ਦੀਆਂ ਲੱਗੀਆਂ ਤ੍ਰਿਖੀਆਂ ਹੋ ਬਲੀਆਂ। ਆਪ ਨੇ ਆਪਣੀ ਇਸਤ੍ਰੀ ਤੋਂ ਗੁਰ ਦਰਸ਼ਨਾਂ ਵਾਸਤੇ ਖੁਸ਼ੀ ਲਈ, ਬੱਚਿਆਂ ਦੇ ਪੜ੍ਹਨ ਦਾ ਪ੍ਰਬੰਧ ਕੀਤਾ ਤੇ ਟੱਬਰ ਨੂੰ ਸਹੁਰਿਆਂ ਦੀ ਸਪੁਰਦੀ ਵਿਚ ਕਰਕੇ ਉਨ੍ਹਾਂ ਦੇ ਗੁਜ਼ਾਰੇ ਦਾ ਪੱਕਾ ਬੰਦੋਬਸਤ ਕਰ ਦਿਤਾ ਤੇ ਘਰੋਂ ਟੁਰ ਪਏ। ਗ਼ਜ਼ਨੀ ਤੋਂ ਆਪ ਦੇ ਨਾਲ ਦੋ ਨੌਕਰ ਆਏ ਸਨ, ਦੁਇ ਬੜੇ ਆਗਜਾਕਾਰ, ਅੰਗਪਾਲ ਤੇ ਦਿਆਨਤਦਾਰ ਸਨ। ਦੋਹਾਂ ਵਿਚੋਂ ਇਕ ਨੂੰ ਤਾਂ ਘਰ ਛੋੜਿਆ ਕਿ ਬੱਚਿਆਂ ਤੇ ਪਰਵਾਰ ਦੀ ਸੇਵਾ ਤੇ ਸੁਖ ਵਿਚ ਫ਼ਰਕ ਨਾ ਪਵੇ ਤੇ ਇਕ ਨੂੰ ਨਾਲ ਲੈ ਲਿਆ। ਪਹਿਲੋਂ ਮੰਜ਼ਲ ਮੰਜ਼ਲ ਚੱਲਦੇ ਆਪ ਲਾਹੌਰ ਪਹੁੰਚੇ। ਕੁਛ ਦਿਨ ਇਥੇ ਠਹਿਰੇ, ਸਤਿਸੰਗ ਦਾ ਆਨੰਦ ਲਿਆ ਤੇ ਫਿਰ ਅੰਮ੍ਰਿਤਸਰ ਪੁੱਜੇ। ਅੰਮ੍ਰਿਤਸਰ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ। ਕੀਰਤਨ ਤੇ ਸਤਿਸੰਗ ਦਾ ਆਨੰਦ ਅੰਦਰਲੇ ਵੈਰਾਗ ਨੂੰ ਦੂਣੇ ਭਾਗ ਲਾ ਗਿਆ। ਰੂਹਾਨੀ ਪ੍ਰਭਾਵ ਤੇ ਵਿਸਮਾਦੀ ਖੇੜਾ ਜੋ ਹਰਿਮੰਦਰ ਵਿਚ ਸਦਾ ਰਹਿੰਦਾ ਹੈ, ਅਚਰਜ ਦੀ ਰਮਜ਼ ਪਾ ਗਿਆ। ਆਪ ਹੁਣ ਬਿਹਬਲ ਹੋ ਖੜੋਤੇ ਅਤੇ ਗਾਦੀ ਦੇ ਮਾਲਕ ਜੀ ਦੀ ਚਰਨ ਸ਼ਰਨ ਪ੍ਰਾਪਤ ਹੋਣ ਦੀ ਖਿੱਚ ਵਧੇਰੇ ਤੁਣੁੱਕੇ ਮਾਰਨ ਲਗੀ। ਸੋ ਆਪ ਇਥੋਂ ਬੀ ਟੁਰ ਪਏ ਤੇ ਸਨੇ ਸਨੇ ਚਲਦੇ ਸ੍ਰੀ ਆਨੰਦਪੁਰ ਅਪੜੇ ਤੇ ਇੱਕਲਵਾਂਜੇ ਇਕ ਮਕਾਨ ਲੈਕੇ ਉਸ ਵਿਚ ਜਾ ਟਿਕੇ। ਇਹ ਸਮਾਂ ਸੰਮਤ ੧੭੪੦-੪੩ ਬਿ: ਦੇ ਲਗ ਪਗ ਪੈਂਦਾ ਹੈ। ਆਪ ਇਸ ਵੇਲੇ ਸਿਆਣੀ ਅਵਸਥਾ ਵਿਚ ਹਨ, ਵਿਦਜਾ ਤੇ ਜਹਾਨ ਦੇ ਤਜਰਬੇ ਦਾ ਕਮਾਲ ਹੈ, ਸੁਹਬਤਾਂ ਹਰ ਰੰਗ ਦੇ ਫ਼ਕੀਰਾਂ ਦੀਆਂ ਦੇਖ ਚੁਕੇ ਹਨ। ਅਗੇ ਜਿਸ ਸਾਹਿਬ ਦੀ ਖ਼ਿਦਮਤ ਵਿਚ ਜਾ ਰਹੇ ਹਨ ਉਹ

ਚੜ੍ਹਦੀ ਜਵਾਨੀ ਦੀ ਵਰੇਸ ਵਿਚ ਹੈ, ਰਾਜ ਸਾਜ ਸ਼ਾਹਾਨਾ ਹੈ, ਇਰਦ ਗਿਰਦ ਦੇ ਸਾਮਾਨ ਤਿਆਗ ਵਿਰਾਗ ਦੇ ਨਜ਼ਰ ਨਹੀਂ ਪੈਂਦੇ। ਕੁਦਰਤੀ ਗੱਲ ਹੈ ਕਿ ਸਿਆਣਾ ਤੇ ਸੋਚਵਾਨ ਮਨ ਸੋਚਾਂ ਵਿਚ ਪਵੇ। ਪਰੰਤੂ ਦੂਜੇ ਪਾਸੇ ਵੈਰਾਗ ਹੈ, ਚਿੱਤ ਉਦਾਸੀਨ ਹੈ, ਨਾਲੇ ਗੁਰਬਾਣੀ ਦੀ ਘਾਸ ਹੈ। ਗੁਰਬਾਣੀ ਤੋਂ ਅੰਦਾਜ਼ਾ ਲਗ ਚੁਕਾ ਹੈ ਕਿ ਇਸ ਗੱਦੀ ਦੇ ਮਾਲਕ ਨਾ ਕੇਵਲ ਮੁਰਸ਼ਿਦ (ਗੁਰਮੁਖ) ਹਨ, ਸਗੋਂ ਕਾਰਕ ਹਨ, ਅਵਤਾਰ ਹਨ ਤੇ ਅਵਤਾਰਾਂ ਤੋਂ ਉੱਚੇ 'ਗੁਰ ਅਵਤਾਰ' ਹਨ। ਹਾਂ, ਨੰਦ ਲਾਲ ਜੀ ਮਹਿਮਾਂ ਸੁਣਦੇ ਹਨ ਕਿ ਇਸ ਛੋਟੀ ਵਰੇਸ ਤੋਂ ਹੀ ਗਾਦੀ ਦੇ ਗੁਰੂ ਪੂਰਨ ਗੁਰ ਅਵਤਾਰ ਦੇ ਲੱਛਣ ਦਿਖਾਲਦੇ ਹਨ, ਅੰਤਰਯਾਮੀ ਹਨ ਤੇ ਤਾਰਨਹਾਰ ਹਨ, ਦੋਹਾਂ ਤਰ੍ਹਾਂ ਦੀਆਂ ਵਿਚਾਰਾਂ ਨੇ ਹੁਣ ਦਿਲ ਵਿਚ ਇਹ ਸੂਰਤ ਪਕੜੀ ਕਿ ਪਹਿਲੋਂ ਹੀ ਸਤਿਗੁਰੂ ਜੀ ਦੇ ਦਰਬਾਰ ਹਾਜ਼ਰੀ ਨਾ ਭਰੀਏ, ਕੋਈ ਟਿਕਾਣਾ ਕਰ ਕੇ ਬਹਿ ਜਾਵੀਏ ਤੇ ਵੇਖੀਏ ਸਤਿਗੁਰ ਜੀ ਮੈਨੂੰ ਆਪ ਸੱਦਦੇ ਹਨ ਕਿ ਨਹੀਂ। ਰਿਦੇ ਦਾ ਇਹ ਮਨੋਰਥ ਜੇ ਸਿੱਧ ਹੋ ਜਾਏ ਤਾਂ ਨਿਸ਼ਚਿਤ ਹੋ ਗਿਆ ਕਿ ਗੁਰੂ ਕਾਮਿਲ ਮੁਰਸ਼ਿਦ ਹੈ ਤੇ ਅੰਤਰਯਾਮੀ ਗੁਰੂ (ਅਵਤਾਰ ਗੁਰੂ) ਹੈ। ਫਿਰ ਮਨ ਵਿਚ ਸੋਚ ਫੁਰੇ ਕਿ ਐਸਾ ਕਰਨਾ ਸਿਦਕ ਦੀ ਕਮੀ ਹੈ ਤੇ ਗੁਰੂ ਪ੍ਰੀਖਜਾ ਹੈ। ਪਰ ਵਿਦਵਾਨ ਦਿਮਾਗ਼ ਨੇ ਵਿੱਤ੍ਰੇਕ ਕਰ ਲਿਆ ਕਿ ਅਗਨੀ ਨਾਲ ਅਗਨੀ ਰੂਪ ਹੋਣ ਵਾਲੇ ਦੋ ਤਰ੍ਹਾਂ ਦੇ ਪਦਾਰਥ ਹਨ--'ਇਕ ਤਾਂ ਨੇੜੇ ਹੋ ਕੇ ਯਾ ਸਪਰਸ਼ ਮਾਤ੍ਰ ਨਾਲ ਅਗਨੀ ਹੋ ਜਾਂਦੇ ਹਨ ਜੈਸੇ ਕਾਗਜ਼, ਘਿਉ, ਖੰਡ ਆਦਿ। ਦੂਜੇ ਜ਼ਰਾ ਵਧੇਰਾ ਤਾਉ ਲੈ ਕੇ ਉਸ ਰੂਪ ਵਿਚ ਵੜਦੇ ਹਨ ਜੈਸੇ ਮੋੜ੍ਹੇ, ਸੋਨਾ ਆਦਿ। ਜਗਿਆਸੂ ਬੀ ਤਿਵੇਂ ਦੋ ਤਰ੍ਹਾਂ ਦੇ ਹਨ। ਇਕ ਤਾਂ ਦਰਸ਼ਨ ਮਾਤ੍ਰ ਨਾਲ ਵਿਸ਼ਵਾਸ ਦੇ ਘਰ ਅੱਪੜਦੇ ਹਨ, ਦੂਜੇ ਢੂੰਡ ਭਾਲ ਪ੍ਰੀਖਜਾ ਕਰ ਕੇ ਵਿਸ਼ਵਾਸ ਦੇ ਘਰ ਪੁੱਜਦੇ ਹਨ। ਇਸ ਵੇਲੇ ਕੁਛ ਸਮੇਂ ਦੇ ਪ੍ਰਭਾਵ ਕਰਕੇ ਯਾ ਆਪਣੇ ਵਿਤ੍ਰੇਕੀ ਸੁਭਾਵ ਕਰ ਕੇ ਹੀ ਮੈਂ ਦੂਜੀ ਭਾਂਤਿ ਦਾ ਜਗਜਾਸੂ ਹਾਂ।' ਫਿਰ ਸੋਚਣ ਕਿ 'ਕੀ ਮੇਰਾ ਪੱਖ ਕੁਛ ਬੇਅਦਬ ਹੈ ?' ਪਰ ਵਿਚਾਰਨ ਕਿ 'ਮੇਰਾ ਮਨ ਹੈ ਨਿਸ਼ਚੇ ਵਾਲਾ, ਠੀਕ ਨਿਸ਼ਚੇ ਵਾਲਾ ਹੈ'। ਇਸ ਕਰ ਕੇ ਆਪ ਘਰ ਬਹਿ ਗਏ। ਦਿਲ ਦਾ ਭਾਵ ਕਿਸੇ ਨੂੰ ਨਾ ਦੱਸਿਆ ਤੇ ਸਤਿਗੁਰੂ ਜੀ ਦੇ ਦਰਸ਼ਨ ਦੀ ਤਾਂਘ ਨੂੰ ਅੰਦਰ ਨੱਪਿਆ। ਏਹ ਤਾਂਘ ਉਪਰਲੇ ਮਨ ਅਰਥਾਤ ਵਿਚਾਰਵਾਲੇ ਮਨ ਤੋਂ ਡੂੰਘੇਰੇ ਥਾਂ ਵੱਸਦੀ ਸੀ ਤੇ ਵਿਚਾਰ ਵਾਲੇ ਮਨ ਨੇ ਇਸ ਵੇਲੇ ਪ੍ਰੀਖਜਾ ਦੀ ਬ੍ਰਿਤੀ ਧਾਰ ਲਈ ਸੀ। ਉਹ ਅੰਦਰ ਡੂੰਘੇਰੇ ਥਾਂਉਂ ਵਾਲੀ ਵਧੀ ਹੋਈ ਤਾਂਘ ਹੁਲਾਰੇ ਮਾਰਦੀ ਸੀ ਤੇ ਕਸਕਾਂ ਵਾਲੀ ਖਿੱਚ ਹੋਕੇ ਉੱਭਰਦੀ ਸੀ ਤੇ ਵਿਚਾਰ ਵਾਲਾ ਮਨ ਆਪਣੇ ਇਰਾਦੇ ਕੀਤੇ ਸੰਕਲਪ ਨਾਲ ਉਸ ਨੂੰ ਨੱਪਦਾ ਸੀ ਤੇ ਅਮਲ ਵਿਚ ਪਲਟਣੋਂ ਰੋਕਦਾ ਸੀ। ਇਸ ਖਿਚੋਤਾਣ ਵਿਚ ਦਰਸ਼ਨ ਦੀ ਤਾਂਘ ਵਧੇਰੇ ਕਸਕਦੀ ਸੀ। ਕਈ ਦਿਨ ਬੀਤ ਗਏ, ਆਪ ਟਿਕਾਣੇ ਟਿਕੇ ਹਨ, ਹਾਂ ਟਿਕਿਆ ਹੈ ਸਰੀਰ ਤੇ ਵਿਚਾਰ ਵਾਲਾ ਮਨ, ਪਰ ਅਟਿਕ ਹੈ ਡੂੰਘਾ ਮਨ ਤੇ ਨਹੀਂ ਟਿਕਦਾ ਸਰੀਰ ਦੇ ਪੁਲਾੜ ਵਿਚ, ਹੰਭਲੇ ਮਾਰਦਾ ਤੇ ਉਡ ਉਡ ਕੇ ਜਾਂਦਾ ਹੈ ਪਿਆਰੇ ਦੇ ਦੇਸ਼ ਤੇ ਤੜਫਨੀ ਲੈ ਲੈਕੇ ਤਾਂਘਦਾ ਹੈ ਦਰਸ਼ਨਾਂ ਨੂੰ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਸਤਿਗੁਰ ਚਰਨ ਪ੍ਰੇਮ ਬਡ ਜਾਗਾ।
ਨਿਸ ਬਾਸੁਰ ਇਕ ਸਮ ਅਨੁਰਾਗਾ।

ਆਪ ਦਾ ਦਿਲੀ ਪਿਆਰ ਵਾਲਾ ਨੌਕਰ ਦੇਖਦਾ ਹੈ ਕਿ ਸੁਆਮੀ ਜੀ ਬਾਹਰ ਅੰਦਰ ਨਹੀਂ ਜਾਂਦੇ, ਘਰੇ ਹੀ ਟਿਕੇ ਰਹਿੰਦੇ ਹਨ, ਖਾਣਾ ਪੀਣਾ ਘਟ ਗਿਆ ਹੈ, ਰੰਗ ਪੀਲਾ ਪੈ ਗਿਆ ਹੈ, ਠੰਢੇ ਸਾਹ ਅਕਸਰ ਆਉਂਦੇ ਹਨ ਤੇ ਨੈਣ-ਉਹ ਨੈਣ ਜੋ ਵਿਦਯਾ ਦੇ ਚਮਤਕਾਰ ਨਾਲ ਸਦਾ ਚਮਕਦੇ ਤੇ ਹਰਇਕ ਦੇ ਉੱਤੇ ਉਚਜਾਵੀਂ ਨਜ਼ਰ ਸੱਟਿਆ ਕਰਦੇ ਸਨ--ਅਕਸਰ ਪਾਣੀ ਨਾਲ ਭਰੇ ਦਿੱਸਦੇ ਹਨ ਤੇ ਕਈ ਵੇਰ ਆਪ ਦੇ ਜਤਨ ਕਰਦਿਆਂ, ਬੁੱਲ੍ਹ ਟੁਕਦਿਆਂ; ਮੱਥੇ ਵੱਟ ਪਾਉਂਦਿਆਂ ਉਹ ਨੈਣਾਂ ਵਿਚ ਭਰੇ ਅੱਥਰੂ ਬੇਵਸੇ ਢਹਿ ਪੈਂਦੇ ਤੇ ਗੱਲ੍ਹਾਂ ਤੇ ਪਲਮਦੇ ਪਲਮਦੇ ਨੂਰਾਨੀ ਦਾੜ੍ਹੇ ਵਿਚ ਆ ਕੇ ਮੋਤੀ ਆਭਾ ਨਾਲ ਚਮਕਦੇ ਐਉਂ ਭਾਸਦੇ ਹਨ ਕਿ ਮਾਨੋ ਇਹ ਬੀ ਕਿਸੇ ਨੂੰ ਤੱਕ ਰਹੇ ਹਨ ਤੇ ਤੱਕ ਵਿਚ ਕੋਈ ਡਾਢੀ ਢੂੰਡ ਦਾ ਭਾਵ ਹੈ, ਵਿਦਵਾਨ ਜੀ ਦਾ ਉਮਰਾਂ ਦਾ ਚਾਕਰ ਤੇ ਦਿਲੀ ਪ੍ਰੀਤ ਵਾਲਾ ਚਾਕਰ ਘਾਬਰਦਾ ਹੈ ਪਰ ਪੁੱਛ ਨਹੀਂ ਸਕਦਾ, ਸਾਰੇ ਸਾਮਾਨ

ਸੁਖ ਦੇ ਕਰਦਾ ਹੈ, ਕਿਸੇ ਗਲੇ ਕੋਈ ਖੇਚਲ ਹੋਣ ਨਹੀਂ ਦੇਂਦਾ, ਪਰ ਸੰਕੋਚ ਕਰਦਾ ਹੈ ਕਿ ਪੁੱਛਣਾ ਮਤਾਂ ਚਿੱਤ ਦੇ ਵੇਗ ਨੂੰ, ਜੋ ਪਤਾ ਨਹੀਂ ਕਿ ਕੀ ਹੈ, ਠੁਹਕਰ ਦੇਵੇ। ਕਈ ਦਿਨ ਬੀਤ ਜਾਣ ਪਰ ਪਿਆਰ ਵਾਲੇ ਦਾਸ ਦੀ ਬਿਹਬਲਤਾ ਆਪਣੇ ਮਨ ਦੀਆਂ ਰੋਕਾਂ ਤੋਂ ਨਾ ਰੁਕ ਸਕੀ। ਬਥੇਰਾ ਹੋੜਦਾ ਰਿਹਾ ਆਪਣੇ ਵਿਤ ਦੀ ਅਕਲ ਨਾਲ, ਪਰ ਅੰਦਰਲੇ ਡੂੰਘੇ ਆਪੇ ਦੀ ਬਿਹਬਲਤਾ ਨਾ ਰੁਕੀ ਤੇ ਹੱਥ ਬੰਨ੍ਹ ਖੜੋਤਾ : "ਆਗਾ ! ਆਪ ਕਿਸ ਖੇਚਲ ਵਿਚ ਹੋ ? ਕਿਸ ਸੋਚ ਵਿਚ ਹੋ ? ਆਪ ਦੀ ਉਦਾਸੀ ਤੇ ਵਜਾਕੁਲਤਾ ਮੈਥੋਂ ਡਿੱਠੀ ਨਹੀਂ ਜਾਂਦੀ। ਮੈਂ ਹਾਂ ਤਾਂ ਨੌਕਰ ਪਰ ਕੋਈ ਗੱਲ, ਜੋ ਮੈਂ ਕਰ ਸਕਾਂ ਤੇ ਤੁਸੀਂ ਸੁਖੀ ਥੀ ਵੰਞੋ ਤਾਂ ਆਖੋ, ਇਹ ਨਕਾਰਾ ਸਰੀਰ ਜੇ ਅਪਨੇ ਆਗਾ ਦੇ ਕੰਮ ਨਾ ਆਵੇ ਤਾਂ ਇਸ ਨੂੰ ਕਿਸ ਦਿਨ ਵਰਤਣਾ ਹੈ। ਮਿਹਰ ਕਰੋ ਤੇ ਹੁਕਮ ਕਰੋ।"

ਨੰਦ ਲਾਲ ਜੀ ਪ੍ਰੇਮ ਪ੍ਰਵੇਧੇ ਮਨ ਵਾਲੇ ਅੱਗੇ ਹੀ ਅੰਦਰੋਂ ਜਲਹਾਰ ਹੋ ਰਹੇ ਸਨ, ਇਸ ਪ੍ਰੇਮ ਭਾਵਨਾ ਨਾਲ ਹੋਰ ਧ੍ਰਵੇ, ਕੁਛ ਦੇਰ ਤੋਂ ਜੋ ਅੱਥਰੂ ਰੋਕੇ ਰਹੇ ਸਨ ਨਾ ਰੁਕੇ ਤੇ ਬੇਵਸੇ ਵਹਿ ਤੁਰੇ। ਬੋਲਣ ਲੱਗੇ ਪਰ ਬੁੱਲ੍ਹ ਘੁੱਟ ਗਏ ਤੇ ਗਲਾ ਰੁਕ ਗਿਆ। ਪਿਆਰਾਂ ਵਾਲਾ ਸੇਵਕ ਤੱਕ ਕੇ ਹੋਰ ਬਿਹਬਲ ਹੋਇਆ ਕਿ ਮੇਰੇ ਪਿਆਰੇ ਨੂੰ ਕੈਸੀ ਖੇਚਲ ਹੈ ਕਿ ਜੋ ਇੰਨਾ ਬੇਵਸਾ ਕਰ ਰਹੀ ਹੈ ! ਕੁਛ ਚਿਰ ਦੁਵੱਲੀ ਇਹ ਸਮਾਂ ਖੱੜਾ ਰਿਹਾ, ਸੇਵਕ ਆਪਣੇ ਪਿਆਰ ਵਿਚ ਪੀੜਿਤ ਹੈ ਤੇ ਮਾਲਕ ਇਕ ਪਾਸੇ ਆਪਣੇ ਪ੍ਰੀਤਮ ਦੀ ਖਿੱਚ ਵਿਚ ਤੇ ਦੂਏ ਪਾਸੇ ਸੇਵਕ ਦੀ ਖਿੱਚ ਭਰੀ ਦਿਲਪੀੜਾ ਦੇ ਅਸਰ ਨਾਲ ਦ੍ਰਵ ਰਿਹਾ ਹੈ। ਅੰਤ ਬੇਵਸ ਹੋ ਕੇ ਨੰਦ ਲਾਲ ਜੀ ਦੇ ਨੈਣ ਬਰਖਾ ਕਰ ਚੁਕੇ ਤੇ ਠੰਢੇ ਸਾਹ ਆਉਣ ਲੱਗ ਪਏ। ਜਿਉਂ ਜਿਉਂ ਇਹ ਆਏ ਤਿਉਂ ਤਿਉਂ ਸਰੀਰ ਹਲਕਾ ਜਿਹਾ ਤੇ ਸੁਖਾਵਾਂ ਭਾਵ ਪ੍ਰਤੀਤ ਕਰਨ ਲੱਗ ਪਿਆ। ਹੁਣ ਆਪ ਦੀ ਰਸਨਾ ਬੀ ਖੁਲ੍ਹੀ ਤੇ ਆਖਣ ਲੱਗੇ, "ਬਰਖ਼ੁਰਦਾਰ, ਉਦਾਸ ਨਾ ਹੋ, ਮੈਂ ਦੁੱਖੀ ਨਹੀਂ ਹਾਂ। ਕਿਸੇ ਮਨ ਦੇ ਵੇਗ ਵਿਚ ਹਾਂ, ਜੋ ਸੁਖਦਾਈ ਪੀੜਾ ਵਾਲਾ ਹੋ ਰਿਹਾ ਹੈ। ਤੂੰ ਫਿਕਰ ਨਾ ਕਰ, ਰੱਬ ਭਲੀ ਕਰੇਗਾ।"

ਇਧਰ ਪ੍ਰੇਮੀ ਨੰਦ ਲਾਲ ਜੀ ਇਨ੍ਹਾਂ ਰੰਗਾਂ ਤੇ ਤ੍ਰੰਗਾਂ ਵਿਚ ਸਨ, ਉੱਧਰ 'ਪ੍ਰੀਤਮ ਜੀ' ਦੇ ਮਨ ਪਰ ਖਿੱਚ ਦੇ ਤੁਣੱਕੇ ਵੱਜ ਰਹੇ ਸਨ, ਪਿਆਰ--ਭਾਵ ਤਸਵੀਰਾਂ ਬੰਨ੍ਹ ਬੰਨ੍ਹ ਨੈਣਾਂ ਅੱਗੇ ਆ ਖੜੋਂਦੇ ਸਨ ਤੇ ਦਿਲ ਵਿਚ ਜਾ ਕੇ ਉਸ ਨੂੰ ਆਪਣੇ ਵੱਲ ਪੰਘਾਰ ਦੇਂਦੇ ਸਨ। ਆਪ ਕਈ ਵੇਰ ਇਧਰ ਉਧਰ ਇਕ ਅਸਚਰਜ ਚੰਚਲਤਾ ਨਾਲ ਤੱਕਦੇ ਤੇ ਇਕ ਲੰਮਾ ਸਵਾਸ ਲੈ ਕੇ ਕਹਿ ਉਠਦੇ "ਅੱਛਾ"....ਫੇਰ ਚੁਪ ਹੋ ਜਾਂਦੇ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

> ਸ੍ਰੀ ਗੁਰੂ ਗੋਬਿੰਦ ਸਿੰਘ ਸੁਜਾਨਾ। ਕਰੀ ਪ੍ਰੇਮ
> ਨੇ ਖੈਂਚ ਮਹਾਨਾ। ਰਹਜੋ ਨ ਗਯੋ ਧੀਰ ਕਰ
> ਗੁਰ ਤੇ। ਜੋ ਸਿਮਰਤਿ ਅਨੁਰਾਗਤਿ ਉਰ ਤੇ।

ਇਕ ਦਿਨ ਆਪ ਨੇ ਮੇਵੜੇ ਨੂੰ ਸੈਨਤ ਕੀਤੀ, ਜਦ ਉਹ ਪਾਸ ਆਇਆ ਤਾਂ ਫੁਰਮਾਉਣ ਲਗੇ ਕਿ ਅਮਕੇ ਟਿਕਾਣੇ ਇਕ ਸਿਖ ਹੈ, ਉਸ ਦੀ ਉਮਰ ਪੰਜਾਹ ਕੁ ਦੇ ਅਨੁਮਾਨ ਹੈ ਤੇ ਨਾਉਂ ਨੰਦ ਲਾਲ ਹੈ, ਜਾਹੁ ਕਹੁ ਕਿ ਤੈਨੂੰ ਯਾਦ ਕਰ ਰਹੇ ਹਨ। ਨਾਲ ਲਈ ਆਵੀਂ। ਮੇਵੜਾ ਉਸ ਵੇਲੇ ਸਿੱਧਾ ਗਿਆ ਤੇ ਉਸ ਟਿਕਾਣੇ ਜਾ ਪੁੱਜਾ। ਆਪ ਅੰਦਰ ਦਲਾਨ ਵਿਚ ਇਕ ਸਫ ਪਰ ਬੈਠੇ ਸਨ, ਨੈਣ ਬੰਦ ਸਨ, ਪਰ ਭਰੇ ਹੋਏ, ਮੱਥਾ ਟਿਕਵਾਂ ਸੀ ਪਰ ਖਿੱਚ ਦੇ ਚਿੰਨ੍ਹਾਂ ਵਾਲਾ। ਦਾਸ ਅੰਦਰ ਗਿਆ ਤੇ ਹੱਥ ਜੋੜ ਕੇ ਖੜਾ ਹੋ ਗਿਆ। ਆਪ ਨੇ ਕੁਛ ਚਿਰ ਮਗਰੋਂ ਖੰਘੂਰਾ ਭਰਿਆ ਤਾਂ ਸੇਵਕ ਨੇ ਕਿਹਾ "ਆਗਾ ! ਇਕ ਆਦਮੀ ਆਇਆ ਹੈ, ਆਖਦਾ ਹੈ ਕਿ ਮੈਂ ਸਤਿਗੁਰੂ ਜੀ ਦਾ ਮੇਵੜਾ ਹਾਂ ਤੇ ਮੇਰਾ ਸੁਨੇਹਾ ਇਹ ਹੈ ਕਿ ਸਾਹਿਬਾਂ ਆਪ ਨੂੰ ਯਾਦ ਕੀਤਾ ਹੈ ਤੇ ਹੁਕਮ ਹੈ ਕਿ ਨਾਲ ਲੈਕੇ ਆਓ।" ਨੰਦ ਲਾਲ ਜੀ 'ਸਤਿਗੁਰੂ ਜੀ ਦਾ ਮੇਵੜਾ' ਸੁਣਦੇ ਸਾਰ ਅੰਦਰ ਦ੍ਰਵ ਰਹੇ ਮਨ ਦੀ ਦ੍ਰਵਣਤਾ ਵਿਚ ਰੁੜ੍ਹੇ ਜਾ ਰਹੇ ਕਿਸੇ ਨਿਰਾਸਾ ਵਿਚ ਪੁੱਜ ਰਹੀ ਆਸਾ ਦੇ ਅਚਾਨਕ ਪੈਣ ਵਾਲੇ ਪ੍ਰਭਾਵ ਨਾਲ ਹੋਰ ਦ੍ਰਵਦੇ ਸੂਖਮ ਹੁੰਦੇ ਮਾਨੋ ਵਾਯੂ ਰੂਪ ਹੁੰਦੇ ਉਠ ਖੜੋਤੇ। ਹਾਂ ਉਡੀ ਪਰਾਂ ਮਾਰਦੀ ਹੋਸ਼ ਤੇ ਆਪ ਸੁਣਦੇ ਅਣਸੁਣਦੇ ਹੁੰਦੇ ਅੰਦਰੋਂ ਗੁੰਮ ਹੋ ਗਏ। ਨੌਕਰ ਕਹਿ ਚੁੱਕਾ ਤੇ ਅੱਗੋਂ ਆਵਾਜ਼ ਨਾ ਆਈ ਤਾਂ ਉਸ ਨੇ ਫਿਰ ਦੁਹਰਾਇਆ। ਇੰਨੇ ਨੂੰ ਆਪ ਦੇ ਅੰਦਰਲੇ ਨੇ ਮੋੜਵਾਂ ਕੰਮ ਕੀਤਾ ਤੇ ਹੋਸ਼ ਦਿੱਤੀ ਕਿ 'ਦੇਖ ਆਸਾ ਪੂਰਨ ਹੁੰਦੀ ਹੈ।' ਸ਼ੁਕਰਾਨੇ ਦਾ ਭਾਵ ਆਇਆ। ਅਣਸੁਣੀ ਗਲ ਵਿਚ ਸੁਣਨ ਲਈ ਨਿੱਕਾ ਜਿਹਾ ਖੰਘੂਰਾ ਦੇ ਕੇ ਬੋਲੇ: "ਕੀਹ ਆਖਿਆ ਹਈ

?" ਜਾਂ ਨੌਕਰ ਨੇ ਤੀਜੀ ਵੇਰ ਸੰਦੇਸਾ ਸੁਣਾਇਆ ਤੇ ਡਾਢੇ ਜਕੜੇ ਹੋਏ ਨੈਣ ਖੁੱਲ੍ਹੇ, ਇਕ ਨਜ਼ਰ ਚੁਫੇਰੇ ਪਾਕੇ ਉੱਪਰ ਤੱਕੇ ਤੇ ਬੋਲੇ :

"ਅਲਹਮਦੁਲਿੱਲਾ, ਸ਼ੁਕਰ, ਅਹਿਸਾਨ ਤੇਰਾ ਯਾ ਰੱਬ ਅਹਿਸਾਨ ਤੇਰਾ, ਨਾਚੀਜ਼ ਤੇ ਮੇਹਰ ! ਸ਼ੁਕਰ ਸ਼ੁਕਰ, ਸ਼ੁਕਰ।" ਫਿਰ ਅਸਮਾਨਾਂ ਵੱਲ ਤੱਕੇ, ਫਿਰ ਚੁਫੇਰੇ ਨਜ਼ਰ ਪਾਈ, ਫਿਰ ਦਾਸ ਵਲ ਤੱਕੇ "ਸ਼ੁਕਰ ਤੇਰਾ ਮੇਰੇ ਪਿਆਰਿਆ ! ਤੇਰੀ ਜ਼ੁਬਾਨ ਤੋਂ ਸਦਕੇ ਸ਼ੁਕਰ"। ਇਉਂ ਕੁਛ ਚਿਰ ਸਿਰ ਫੇਰਦੇ ਤੱਕਦੇ ਬੋਲਦੇ ਤੇ ਅੱਥਰਾਂ ਕੇਰਦੇ ਕਵਿ ਰਸ-ਰੰਗ ਰਤੜੇ ਸੁਹਣੇ ਸੁਹਣੇ ਨੰਦ ਲਾਲ ਜੀ ਐਉਂ ਜਾਪਦੇ ਰਹੇ ਜਿਵੇਂ ਪ੍ਰੇਮ ਰਸਾਂ ਦਾ ਕਾਵਜ ਮੂਰਤ ਧਾਰੀ ਬੈਠਾ ਹੈ ਤੇ ਪੰਘਰ ਪੰਘਰ ਵਹਿ ਵਹਿ ਦ੍ਰਵ ਦ੍ਰਵਕੇ ਆਪਣੀ ਮੂਰਤੀਮਾਨ ਸੂਰਤ ਵਿਚੋਂ ਫਿਰ ਅਮੂਰਤ ਹੋ ਰਿਹਾ ਹੈ। ਸੇਵਕ ਦੀ ਸਮਝ ਵਿਚ ਆਪਣੇ ਆਕਾ ਦੀ ਇਹ ਹਾਲਤ ਕੁਝ ਨੀਮ ਜਿਹੇ ਬਾਵਰੇ ਵਰਗੀ ਨਜ਼ਰ ਪੈ ਰਹੀ ਸੀ ਤੇ ਉਸ ਦੇ ਕੋਮਲ ਭਾਵ ਅੰਦਰੋਂ ਉਠ ਉਠਕੇ ਅੱਥਰੂ ਬਣ ਬਣਕੇ ਵਹਿ ਰਹੇ ਸਨ। ਸਚਮੁਚ ਨੰਦ ਲਾਲ ਜੀ ਬਾਵਰੇ ਲਗ ਰਹੇ ਸਨ। ਹੋਸ਼ਾਂ ਵਾਲਾ ਮਨ, ਅਮਿੱਤ ਸ਼ੁਕਰ ਭਾਵ ਵਿਚ ਇਛ ਪੁੰਨੀ ਦੇ ਅਚਾਨਕ ਮਦਮੇ ਦੀ ਮਿਜ਼ਰਾਬ ਵਰਗੀ ਰਸ ਭਰੀ ਜ਼ਰਬ ਨਾਲ ਥੱਰ੍ਰਾ ਉਠਿਆ ਸੀ ਤੇ ਡੂੰਘਾ ਆਪਾ ਇਸ ਜ਼ਰਬ ਨਾਲ ਤਰਬਾਂ ਦੇ ਠਾਠ ਵਾਂਙੂ ਕੰਬ ਰਿਹਾ ਸੀ। ਹਾਂ ਇਸ ਅੰਦਰਲੇ —ਜ਼ਿੰਦਗੀ ਵਿਚ ਕਦੇ ਹੀ ਕਿਸੇ ਨੂੰ ਵਾਪਰਨ ਵਾਲੇ —ਸੰਗੀਤ ਵਿਚ ਆਪਾ ਲਹਿਰ ਲਹਿਰ ਹੋ ਰਿਹਾ ਸੀ। ਚਿਹਰੇ ਦੀ ਕ੍ਰਾਂਤਿ ਇਸ ਵੇਲੇ ਨੀਮ ਬਾਵਰੀ ਨਾਂ ਦਿੱਸਦੀ ਤਾਂ ਕੀ ਦਿੱਸਦੀ ! ਦਾਸ ਆਪਣੇ ਮੋਹ ਵਿਚ, ਮੋਹ ਦੀ ਦ੍ਰਵਣਤਾ ਵਿਚ, ਆਪ ਨੂੰ ਇਸ ਹਾਲ ਵਿਚ ਵੇਖ ਵੇਖ ਪਿਆਰ ਨਾਲ ਪੰਘਰਦਾ ਲਹਿਰਾ ਰਿਹਾ ਹੈ।

ਸਮਾਂ ਠਹਿਰਦਾ ਨਹੀਂ, ਹਾਂ ਸਾਡੇ ਲਈ ਟੁਰਦਾ ਗਿਆ ਹੀ ਭਾਸਦਾ ਹੈ, ਸੋ ਟੁਰਦਾ ਗਿਆ ਤੇ ਉਹ ਛਿਨਾਂ, ਜੋ ਸੰਗੀਤਕ ਰੂਪ ਲੈ ਕੇ ਆਪੇ ਨੂੰ ਰਾਗ ਰੂਪ ਨਾਦ ਰੂਪ ਕਰ ਰਹੀਆਂ ਸਨ, ਲੰਘ ਗਈਆਂ। ਅੰਦਰਲਾ-ਤਰਬਾਂ ਵਾਙੂ ਲਹਿਰਾ ਉਠਣ ਦੀ ਯੋਗਤਾ ਵਾਲਾ—ਤਰਬ ਠਾਠ ਟਿਕ ਗਿਆ ਤਾਂ ਆਪ ਜੀ ਦੇ ਨੈਣ ਖੁੱਲ੍ਹੇ, ਨੈਣੋਂ ਨੀਰ ਵਹਿ ਰਹੇ ਸੇਵਕ ਵਲ ਤੱਕੇ: "ਕਾਕਾ ! ਤੇਰੀ ਰਸਨਾ ਧੰਨ ਹੈ। ਜਾਹੁ ਬੇਟਾ ! ਮੇਵੜੇ ਦਾ ਸਤਿਕਾਰ ਕਰ, ਸਿਰ ਤੇ ਚਾ, ਮੇਰੇ ਨੈਣਾਂ ਵਿਚ ਬਹਾ, ਕਹੁ ਸਦਕੇ ਤੇਰੀਆਂ ਰਾਹਾਂ ਤੋਂ, ਮੈਂ ਆਇਆ"। ਆਪ ਉਠੇ, ਹਾਂ ਉਠੇ ਮਾਨੋਂ ਸਰੀਰ ਬੇਭਾਰ ਹੈ, ਜੋ ਕਿਸੇ ਤੋਲ ਰਹਿਤ ਵਸਤੂ ਦਾ ਬਣਿਆ ਹੋਇਆ ਹੈ। ਆਪ ਉਠੇ ਤੇ ਟੁਰ ਪਏ ਦੋ ਕਦਮ ਟੁਰਕੇ ਅਟਕੇ ਤੇ ਬੋਲੇ : "ਖਾਲੀ ਹੱਥ ! ਓਹ ਬੇ-ਅਦਬ ਖਾਲੀ ਹੱਥ !" ਮੁੜ ਅੰਦਰ ਗਏ, ਪ੍ਰਸ਼ਾਦ ਲੀਤਾ, ਬਾਹਰ ਵਿਹੜੇ ਵਿਚ ਆਏ। ਦੋ ਕਦਮ ਟੁਰੇ : "ਓ ਬੇ-ਅਦਬ ! ਹੈਂ ਦਸਤਾਰ ਅਟਪਟੀ ਹੈ, ਸ਼ਾਹਾਂ ਦੀ ਹਜ਼ੂਰੀ ਵਿਚ ਟੇਢੀ ਪਾਗ !" ਫਿਰ ਮੁੜੇ ਅੰਦਰ ਆ ਗਏ, ਦਸਤਾਰ ਅਦਬ ਵਾਲੀ ਬੱਧੀ, ਚਾਦਰ ਦੀ ਬੁੱਕਲ ਮਾਰੀ, ਪ੍ਰਸਾਦਿ ਚਾਇਆ ਤੇ ਟੁਰ ਪਏ।

੪.

**ਬੈਠੇ** ਹਨ ਆਨੰਦ ਨਾਲ ਮਗਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਮਿੱਠਾ ਮਿੱਠਾ ਕੀਰਤਨ ਹੋ ਰਿਹਾ ਹੈ। ਸਰੰਦੇ ਦੀ ਦਿਲਖਿੱਚ ਲਮਕਵੀਂ ਸੁਰ ਤੇ ਰਬਾਬ ਦੀ ਦਿਲਚੁਭਵੀਂ ਟੁੰਕਾਰ ਅਸਚਰਜ ਮੇਲ ਖਾ ਰਹੀ ਹੈ। ਜੋੜੀ ਇੰਨੀ ਹਲਕੀ ਵਜ ਰਹੀ ਹੈ ਕਿ ਬਜਈਏ ਦੇ ਪੋਟੇ ਛੋਂਦੇ ਹੀ ਜਾਪਦੇ ਹਨ; ਜਿਵੇਂ ਕੋਈ ਰਾਜ ਹੰਸ ਪਾਣੀ ਵਿਚ ਤਰੇ ਨਾ ਪਰ ਉਹਦੇ ਉਤੇ ਇਸੇ ਤਾਲ ਬੱਝਵੀਂ ਚਾਲ ਵਿਚ ਮਲਕੜੇ ਮਲਕੜੇ ਤਿਲਕੇ। ਸਾਰੰਗ ਦਾ ਅਲਾਪ ਹੋ ਰਿਹਾ ਹੈ, ਵਿਚ ਵਿਚ ਰਾਗੀ ਸਿੰਘ ਬਰਵੈ ਦੀ ਤਾਨ ਇਕ ਡਾਢੀ ਖ਼ੂਬਸੂਰਤੀ ਨਾਲ ਲਾ ਜਾਂਦੇ ਹਨ ਤੇ ਫਿਰ ਸਾਰੰਗ ਵਿਚ ਜਾ ਵੜਦੇ ਹਨ। ਇਸ ਤਰ੍ਹਾਂ ਅਚਰਜ ਟਿਕਵਾਂ ਰਸ ਬੱਝ ਰਿਹਾ ਹੈ। ਦਿਨ ਢਾਲੇ ਪੈ ਰਿਹਾ ਹੈ: ਸੰਗੀਤ ਦੀ ਲਹਿਰ ਬਿਰਹੋਂ ਦੇ ਤਣੁੱਕੇ ਦੇ ਰਹੀ ਹੈ, ਸੁਣਨ ਵਾਲਿਆਂ ਦੇ ਕੰਨ ਅਡੋਲ ਟਿਕੇ ਪਏ ਹਨ ਤੇ ਰਸ ਮਾਣਨਹਾਰ ਮਨ ਗਗਨ-ਮੰਡਲਾਂ ਵਿਚ ਸੇਧਾਂ ਬੰਨ੍ਹੀ ਬੈਠੇ ਹਨ। ਇਸ ਤਰ੍ਹਾਂ ਦੇ ਸੁਹਾਵੇ ਪ੍ਰਭਾਵ ਦੇ ਮੰਡਲ ਵਿਚ ਅੰਦਰੋਂ ਬਾਹਰੋਂ ਸੁਹਾਉ ਹੀ ਸੁਹਾਉ ਵਾਲੇ ਸਤਿਗੁਰੂ ਜੀ ਇਸਥਿਤ ਹੋਏ ਬੈਠੇ ਸਨ ਕਿ ਮੇਵੜੇ ਨੇ ਸ੍ਰੀ ਨੰਦਲਾਲ ਜੀ ਨੂੰ ਪਹੁੰਚਾਇਆ। ਸਤਿਗੁਰਾਂ ਨੂੰ ਆਵਾਜ਼ ਦੇ ਕੇ ਇਸ ਵੇਲੇ ਦੱਸਣਾ ਕਿ ਆ ਗਏ ਹਨ, ਠੀਕ ਹੀ ਨਹੀਂ ਸੀ, ਉਸ ਨੇ ਆਪ ਨੂੰ ਸ੍ਰੀ ਜੀ ਦੇ ਸਨਮੁਖ ਥੋੜ੍ਹੀ ਦੂਰ ਤੇ ਬੈਠ ਜਾਣ ਦੀ ਸੈਨਤ ਕੀਤੀ ਤੇ ਆਪ ਭੀ

ਇਸ ਵਿਪਲ ਵਿਪਲ ਕਰਕੇ ਵਹਿ ਰਹੇ ਸੰਗੀਤ-ਰਸ ਦੇ ਅਦਭੁਤ ਰੌ ਵਿਚ ਟਿਕ ਗਿਆ।

ਸਤਿਗੁਰ ਦੀ ਵਰੇਸ ਇਸ ਵੇਲੇ ਜਵਾਨੀ ਦੀ ਹੈ। ਨਖ਼ ਸ਼ਿਖ਼ ਤ੍ਰਿਖੇ ਤੇ ਮੋਹਨਹਾਰ ਹਨ। ਰੰਗ ਮੋਹ ਲੈਣ ਵਾਲੀਆਂ ਦਮਕਾਂ ਵਾਲਾ ਹੈ। ਸੁੰਦਰਤਾ ਚਿਹਰੇ ਤੋਂ ਐਉਂ ਬਾਹਰ ਨੂੰ ਪਸਰਦੀ ਤੇ ਵਸਦੀ ਮਲੂਮ ਹੁੰਦੀ ਹੈ, ਜਿਵੇਂ ਕਿਸੇ ਸ਼ਮਅ ਤੋਂ ਚਾਨਣੇ ਦੀਆਂ ਰਿਸ਼ਮਾਂ। ਸਰੀਰਕ ਆਭਾ ਦੇ ਨਾਲ ਰੂਹਾਨੀ ਸੁਹਜ ਤੇ ਇਸ ਵੇਲੇ ਟਿਕਾਉ ਦੀ ਛਬੀ ਹੋਰ ਜਾਦੂ ਕਰ ਰਹੀਆਂ ਹਨ, ਮਾਨੋਂ ਸ਼ਾਂਤਿ ਰਸ, ਅਦਭੁਤ ਰਸ, ਸ਼ਿੰਗਾਰ ਰਸ ਇਕ ਰੂਪ ਹੋਕੇ ਸਮਾਧੀ ਲਾਏ ਬੈਠੇ ਹਨ।

ਸ਼ਿੰਗਾਰ ਰਸ ਕਿਹੜਾ ? ਜਿਸ ਵਿਚ ਆਤਮ ਮੰਡਲਾਂ ਦਾ ਸੁਾਮੀ ਪ੍ਰੀਤਮ ਹੋਵੇ, ਉਸਦੇ ਸੁਹਣੇ ਸਰੂਪ ਨਾਲ ਪ੍ਰੇਮ ਭਾਵ ਦੀ ਸਥਾਈ ਹੋਵੇ, ਇਹ ਭਾਵ ਪ੍ਰੀਤਮ ਵਿਚ ਸੁਰਤ ਚੋਭੀ ਰਖਦਾ ਹੋਵੇ ਤੇ ਪਿਰਮਰਸੀ ਤ੍ਰੰਗਾਂ ਦੇ ਲਹਿਰਾਉ ਦੇ ਦੇਕੇ ਰੰਗਾਂ ਰੰਗ ਦੇ ਬਿਰਿਹਾਂ ਵਿਚ ਆਨੰਦ ਦੇਂਦਾ ਹੋਵੇ। ਹਾਂ ਸ਼ਾਂਤਿ ਰਸ ਕਿਹੜਾ ? ਜਿਸ ਦਾ ਸਥਾਈ ਭਾਵ ਜਗਤ ਨਾਲ ਵੈਰਾਗ ਪਰ ਜਗਤਾਧਾਰ ਨਾਲ ਰਾਗ ਹੋਵੇ। ਤੇ ਅਦਭੁਤ ਰਸ ਕਿਹੜਾ ? ਜਿਸ ਦਾ ਸਥਾਈ ਭਾਵ ਉਹ ਅਸਚਰਜ ਹੋਵੇ ਕਿ ਜਿਹੜਾ ਇਕ ਪਾਸੇ ਆਪਣੇ ਪ੍ਰੀਤਮ ਵਾਹਿਗੁਰੂ ਜੀ ਨੂੰ ਸਭ ਤੋਂ ਅਲੱਗ, ਵੱਖਰਾ, 'ਅਵਿਧੂਤ' ਆਪੇ ਵਿਚ ਸੰਪੂਰਨ, ਅਕ੍ਰੈ, ਅਬਿਨਾਸ਼ੀ ਦੇਖਕੇ ਦੂਏ ਪਾਸੇ ਹਰ ਰੰਗੇ, ਹਰ ਥਾਂ, ਹਰ ਭੇਸ, ਦੇਸ਼ ਵਿਚ 'ਪ੍ਰੇਮ' ਹੋਕੇ ਪਸਰ ਰਿਹਾ ਤੱਕ ਕੇ ਵਿਸਮਾਦੀ ਰੰਗ ਵਿਚ ਅਦਭੁਤ ਹੋ ਰਿਹਾ ਹੋਵੇ। ਜੁੜੇ ਬੈਠੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਗਤ ਨਾਲ ਰੁੱਠ ਕੇ ਆਪ ਵਿਚ ਗੁੰਮ ਹੋਕੇ ਨਹੀਂ, ਪਰ ਜਗਤਾਧਾਰ ਦੇ ਪ੍ਰੇਮ ਵਿਚ ਪ੍ਰੇਮ ਸਰੂਪ ਹੋਕੇ, ਇਸ਼ਕ ਵਿਚ, ਖਿੱਚ ਵਿਚ, ਖਿੱਚੇ ਹੋਏ ਮਿਲ ਹੋਏ ਇਕ ਹੋਏ ਹੋਏ। ਪਰ ਇਧਰ ਜਗਤ ਨਾਲ ਮਿਲੇ ਜਗਤ ਨੂੰ ਜਗਤ ਵਿਚ ਸੁਖੀ ਤੇ ਪ੍ਰਲੋਕ ਵਿਚ ਸੁਹੇਲੇ ਕਰ ਦੇਣ ਦੀ ਸਮਰਥਾ ਵਾਲੇ। ਵੇਖੋ ਨਾਂ ਵਗਦੀਆਂ ਲਹਿਰਾਂ ਤੇ ਉਸਾਰਦੇ ਹਨ ਘਰ ਤੇ ਫੇਰ ਉਸ ਨੂੰ ਟਿਕਾਉਂਦੇ ਹਨ ਜਲ ਉੱਤੇ ਤੇ ਉਸ ਵਿਚ ਤਾਣ ਭਰਦੇ ਹਨ ਨਾ ਡੁੱਬਣ ਦਾ ਤੇ ਸਮਰੱਥਾ ਭਰਦੇ ਹਨ ਪਾਰ ਲਗਣ ਤੇ ਪਾਰ ਪਹੁੰਚਣ ਪਹੁੰਚਾਉਣ ਦੀ, ਆਖਦੇ ਹਨ :-

ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ
ਮਾਹਿ ਉਦਾਸਾ।। (ਪਾਤਸ਼ਾਹੀ ੧੦)

ਹਾਂ; ਅਜ ਡਿੱਠਾ ਦੀਦਾਰ ਕਾਵਜ ਰਸਾਂ ਦੇ ਰਸਿਕ ਮਨ ਨੇ, ਬਿਰਹੋਂ ਕਸਾਈ ਦੇ ਹੱਥੀਂ ਕੁੱਠੇ ਮਨ ਨੇ ਉਸ ਮਨ ਨੇ ਜੋ ਪਿਆਰ ਝਰਨਾਟਾਂ ਨਾਲ ਮਹੀਨ ਹੁੰਦਾ ਹੁੰਦਾ ਇੰਨਾ ਸੂਖਮ ਹੋ ਰਿਹਾ ਸੀ ਕਿ ਰਸਾਵੇਸ਼ ਹੁੰਦੇ ਹੀ ਰਸ ਰੂਪ ਹੋ ਜਾਵੇ। ਡਿੱਠਾ ਸੁਹਣੇ ਨੇ ਸੁਹਣਿਆਂ ਦੇ ਸੁਲਤਾਨ ਦਾ ਦੀਦਾਰ। ਹਾਂ ਉਸ ਮੋਹਨ ਮੂਰਤੀ ਉੱਤੇ, ਉਸ ਛਬੀਆਂ ਦੀ ਪੁਤਲੀ ਉਤੇ ਉਸ ਸੁਹਜ ਸੁਹਲੱਪ ਦੀ ਸੂਰਤ ਉੱਤੇ, ਉਸ ਸੁੰਦਰਤਾ ਦੇ ਰੂਪ ਧਾਰੀ ਦਰਸ਼ਨ ਉਤੇ, ਉਸ ਫਬਨਾਂ ਦੇ ਝਾਕੇ ਤੇ ਉਸ ਹੁਸਨਾਂ ਦੇ ਦੀਦਾਰ ਉਤੇ ਨੈਣ ਪਏ ਹਨ ਬਿਰਹੀ ਮਨ ਦੇ, ਜਿਸ ਨੇ ਦੀਦਾਰ ਦੇ ਰਾਹ ਵਿਚ ਆਪੇ ਆਪਣੀ ਅਕਲ ਦੇ ਮੰਡਲਾਂ ਦੀਆਂ ਅਟਕਾਂ ਪਾ ਲਈਆਂ ਸਨ, ਜੋ ਅੱਜ ਤੋੜ ਵਿਖਾਈਆਂ ਹਨ ਪਿਆਰ ਮੰਡਲ ਦੀਆਂ ਨਰਮ ਤੇ ਸੁਹਲ ਕਲਾਈਆਂ ਨੇ। ਦਰਸ਼ਨ ਹੋਏ ਬਿਜਲੀ ਸਰੂਪ ਦੇ, ਜਿਸ ਦੀ ਝਾਲ ਐਡੇ ਨੂਰੀ ਨੈਣਾਂ ਨੇ ਬੀ ਨਾ ਝੱਲੀ। ਡਾਢੀ ਕਸਕ ਕਲੇਜੇ ਪੁੜੀ। ਮਨ ਦੇ ਨੈਣਾਂ ਦੇ ਛੱਪਰ ਢਾ ਦਿਤੇ ਤੇ ਰਸਨਾਂ ਨੇ ਅਣਸੁਣੀ ਕੂਕ ਵਿਚ ਕਿਹਾ :

ਬੱਸ ਮੇਰੇ ਖ਼ੂਬਾਂ ਦੇ ਸੁਲਤਾਨ ! ਹੋਰ ਚਮਕਾਰਾ ਹੁਸਨ ਦਾ ਨਾ ਮਾਰ, ਮੇਰੇ ਵਿਚ ਤਾਬ ਸਹਿਣ ਦੀ ਨਹੀਂ। ਹਾਂ, ਬੱਸ ਮੇਰੇ ਹੁਸਨਾਂ ਦੇ ਸਰਦਾਰ ! ਬੱਸ ਮੈਂ ਵਿਚ ਮਜਾਲ ਨਹੀਂ ਕਿ ਤਾਬ ਲਿਆ ਸੱਕਾਂ ਤੇਰੇ ਰੂਪ ਦੀ। ਹੇ ਸੁੰਦਰਤਾ ਦੀ ਅਵਧੀ ! ਹੋਰ ਸੁਹਣਾ ਨਾ ਹੋ ਜੋ ਮੇਰੇ ਵਿਚ ਝੱਲਣ ਦੀ ਝਾਲ ਨਹੀਂ :-

ਨੈਣਾਂ ਮਸਤ ਅੰਗਾਰਿਆਂ ਅਪਨਿਆਂ ਤੋਂ
ਹਾਇ ਰੱਖ ਲੈ, ਦਿਆਂ ਦੁਹਾਈ ਤੇਰੀ !
ਮਿੱਠੇ ਮੁਖੜੇ ਤੇ ਸ਼ੀਰੀਂ ਲਬਾਂ ਕੋਲੋਂ
ਹਾਇ, ਰੱਖ ਲੈ ਦਿਆਂ ਦੁਹਾਈ ਤੇਰੀ !
ਤੈਥੋਂ ਵਿਛੁੜਿਆਂ ਬੀਤਿਆਂ ਦਮਾਂ ਉਤੇ
ਹਾਇ, ਸ਼ੋਕ ਹੈ, ਸ਼ੋਕ ਹੈ, ਸ਼ੋਕ ਸੁਹਣੇ,
ਏਸ ਗ਼ਾਫ਼ਲੀ ਗ਼ਫ਼ਲਤਾਂ ਵਾਲੜੀ ਤੋਂ
ਹੈ ਫਰਯਾਦ ਤੇ ਹੈ ਦੁਹਾਈ ਤੇਰੀ !
ਓਦਰ ਗਿਆ ਹਾਂ ਦੇਖਦਾ ਝਗੜਿਆਂ ਨੂੰ,
ਦੀਨ ਧਰਮ ਤੇ ਕੁਫਰ ਅਧਰਮ ਵਾਲੇ,
ਹੇ ਸਭ ਨਾਂ ਦੇ ਮਾਲਕਾ ! ਦੁਾਰ ਤੇਰੇ

--ਰੱਖ ਲਵੀਂ ਤੂੰ--ਦਿਆਂ ਦੁਹਾਈ ਤੇਰੀ!
ਮੋਹਨਹਾਰੀਆਂ ਠੱਗਣਾਂ ਠੱਗਾਂ ਲੀਤਾ,
ਸਾਰਾ ਜੱਗ ਹੈ ਮੁੱਠਿਆ ਹਾਇ, ਹਾਏ !
ਕਰੀਂ ਰੱਖਿਆ ਇਨ੍ਹਾਂ ਤੋਂ ਆਪ ਬਹੁੜੀਂ,
ਪਾਵਾਂ ਵਾਸਤਾ ਦਿਆਂ ਦੁਹਾਈ ਤੇਰੀ !
ਤੇਰੇ ਨੈਣ ਮਟੱਕਿਆਂ ਤ੍ਰਿਖਿਆਂ ਤੋਂ
ਜਿਹੜੇ ਖੰਜਰਾਂ ਵਾਂਙ ਹਨ ਘਾਉ ਲਾਂਦੇ,
ਕਿਵੇਂ ਚੁੱਪ ਹੋਵਾਂ ਸੁਹਣੇ ਸੱਜਣਾ ਵੇ !
ਆਪੇ ਰੱਖੀਓ, ਦਿਆਂ ਦੁਹਾਈ ਤੇਰੀ[1] !

ਹਾਂ ਜੀ ਰਸਿਕ ਮਨ ਅਝੱਲ ਅਜਰ ਚਮਤਕਾਰ ਦੇਖਕੇ ਮਨ ਤੋਂ ਅ+ਮਨ ਹੋ ਗਿਆ, ਨੈਣ ਮੁੰਦ ਗਏ, ਸਿਰ ਝੁਕ ਗਿਆ ਤੇ ਅਨੇਕ ਰਸਾਂ ਵਿਚਦੀ ਲੰਘਦਾ ਸੁਹਣੀ ਧਰਤੀ ਤੇ ਟਿਕ ਗਿਆ ਤੇ ਟਿਕਿਆ ਰਿਹਾ।

ਸਮਾਂ ਲੰਘਦਾ ਨਹੀਂ ਲਖਿਆ ਗਿਆ। ਲਖਨ ਵਾਲਾ ਮਨ ਅਲੱਖ ਸੁੰਦਰਤਾ ਦੇ ਹਲਕੇ ਵਿਚ ਫਸ ਰਿਹਾ ਹੈ, ਪ੍ਰਸੰਨ ਮੂਰਤੀ ਦਾਤਾ ਜੀ ਦੇ ਸਾਂਈਂ-ਰੰਗ-ਰੱਤੇ ਅੰਦਰਲੇ ਭਾਵ ਆਪਣੇ ਰਸਾਵੇਸ਼ ਦੇ ਦੇਸ਼ ਤੋਂ ਰਸਦਾਨ ਕਰਨ ਦੇ ਦੇਸ਼ ਵਲ ਹੇਠਾਂ ਨੂੰ ਉਤਰੇ।

1. ਇਹ ਗ਼ਜ਼ਲ ਭਾਈ ਨੰਦ ਲਾਲ ਜੀ ਦੀ ਪੰਦ੍ਰਵੀਂ ਗ਼ਜ਼ਲ ਦਾ ਅਨੁਵਾਦ ਹੈ, ਜਿਸ ਵਿਚ ਉਨ੍ਹਾਂ ਦੇ ਤਰਜ਼ੇ ਬਿਆਨ ਨੂੰ ਤੇ ਦਿਲੀ ਭਾਵ ਨੂੰ ਮੁੱਖ ਰਖਕੇ ਅਸਲ ਦੇ ਅਤਿ ਨੇੜੇ ਰਹਿਕੇ ਪੰਜਾਬੀ ਵਿਚ ਉਲਥਾ ਕੀਤਾ ਹੈ ! ਫ਼ਾਰਸੀ ਜੁਬਾਨ ਵਿਚ ਗ਼ਜ਼ਲ ਇਉਂ ਹੈ:-
ਅਜ਼ ਦੂਚਸ਼ਮੇ ਮਸਤ ਸੁਅਲਾ ਅਲ਼ਗਜਾਸ।
ਅਜ਼ ਲਬੇ ਦਹਿਨੇ ਸ਼ਕਰਖ਼ਾ ਅਲ਼ਗਜਾਸ।
ਵਾਇ ਬਰ ਨਫ਼ਸੇ ਕਿ ਬੇਹੂਦਹ ਗੁਜ਼ਸ਼ਤ,
ਅਲ਼ਗਜਾਸ ਅਜ਼ ਗ਼ਫ਼ਲਤੇ ਮਾ ਅਲ਼ਗਜਾਸ।
ਅਜ਼ ਨਿਜ਼ਅਏ ਕੁਫ਼ਿਰੇ ਦੀਂ ਦਿਲ ਬਰਹਮ ਅਸਤ,
ਬਰ ਦਰੇ ਦਰਗਾਹੇ ਮੌਲਾ ਅਲ਼ਗਜਾਸ।
ਲੋਲੀਆਨੇ ਸ਼ੋਖ਼ ਆਲਮ ਦਰ ਰਬੂਦ,
ਮੇ ਕੁਨਮ ਅਜ਼ ਦਸਤੇ ਆਂਹਾ ਅਲ਼ਗਜਾਸਾ।
ਐ ਜ਼ਿ ਦਸਤੇ ਖੰਜਰੇ ਮਿਯਗਾਨੇ ਊ,
ਕੈ ਸ਼ਵਦ ਖ਼ਾਮੋਸ਼ ਗੋਯਾ ਅਲ਼ਗਜਾਸ।

ਹਾਫ਼ਜ਼ ਜੀ ਨੇ ਬੀ 'ਸੇ' ਦੀ ਤਖਤੀ ਵਿਚ ਇਕੋ ਗਜ਼ਲ ਆਖੀ ਹੈ ਤੇ ਉਸ ਦੀ ਰਦੀਫ ਬੀ 'ਅਲ਼ਗਜਾਸ' ਹੈ! ਇਹ ਅਰਬੀ ਦਾ ਪਦ ਹੈ ਇਸ ਦੇ ਅਰਥ ਹਨ :--ਫਰਯਾਦ, ਦੁਹਾਈ, ਹਾਇ, ਨਿਆਂ ਕਰੋ, ਰੱਖ ਲਵੋ। ਹਾਫ਼ਜ਼ ਦੀ ਗ਼ਜ਼ਲ ਦਾ ਤੇ ਭਾਈ ਸਾਹਿਬ ਜੀ ਦੀ ਗ਼ਜ਼ਲ ਦਾ ਵਜ਼ਨ ਇਕੋ ਹੈ। ਹਾਫ਼ਜ਼ ਜੀ ਰਿੰਦੀ ਤ੍ਰੀਕੇ ਵਿਚ ਹਿਜਰ ਵਿਚ ਦੁਹਾਈ ਦੇਂਦੇ ਹਨ, ਭਾਈ ਸਾਹਿਬ ਜੀ ਸਾਲਕੀ ਤਰੀਕੇ ਤੋਂ ਸ਼ਾਇਰੀ ਦਾ ਮੇਲ ਕਰਕੇ ਦੁਹਾਈ ਦੇਂਦੇ ਤੇ ਆਪਣੀ ਅਝੱਲਤਾਈ ਤੇ ਆਪਣੀਆਂ ਗ਼ਫ਼ਲਤਾਂ ਦੇ ਹਥੋਂ ਫਰਯਾਦ ਕਰ ਕੇ ਪਨਾਹ ਮੰਗਦੇ ਹਨ ਤੇ ਸਤਿਗੁਰ ਤੋਂ ਉਹਨਾਂ ਦੀ ਸੁੰਦਰਤਾ ਦੇ ਗੁਣਾਂ ਨੂੰ ਝੱਲਣ ਤੇ ਅਜਰ ਜਰਣ ਦੀ ਦਾਤ ਮੰਗਦੇ ਹਨ।

ਸੁਹਣੇ ਨੈਣ ਕਟੋਰੇ, ਜੋ ਅੰਮ੍ਰਿਤ ਨਾਲ ਭਰਪੂਰ ਸਨ ਖੁਲ੍ਹੇ, ਅੰਮ੍ਰਿਤ ਫੁਹਾਰ ਨਾਲ ਡੁੱਲ੍ਹ ਡੁਲ੍ਹ ਪੈਂਦੀ ਨਿਗਾਹ ਮਿਹਰਾਂ ਦਾ ਮੀਂਹ ਵਸਾਉਂਦੀ ਹੋਈ ਚੁਫੇਰੇ ਫਿਰੀ। ਜਿਸ ਜਿਸ ਤੇ ਇਹ ਨਿਗਾਹ ਪਈ ਉਸ ਉਸਨੂੰ ਝਰਨਾਟ ਛੇੜ ਗਈ। ਜਿਸ ਜਿਸ ਇਹ ਨਿਗਾਹ ਤੱਕੀ ਉਹ ਉਹ ਅੱਖ ਭਰ ਗਈ ਅੰਮ੍ਰਿਤ ਨਾਲ। ਸਾਰੇ ਦੇਖਣਹਾਰਾਂ ਦੇ ਨੈਣ ਕਟੋਰੇ ਰਸ ਨਾਲ ਲਬਾਲਬ ਹੋ ਗਏ। ਸ਼ਾਲਾ ! ਹੁਣ ਐਉਂ ਹੋਵੇ ਕਿ ਅਜ ਸਦੀਆਂ ਟੱਪ ਕੇ ਸਾਡੇ ਪੜ੍ਹਨ ਸੁਣਨ ਵਾਲੇ ਮਨਾਂ ਨੂੰ ਬੀ ਇਸ ਨਿਗਾਹ ਦਾ ਸਿਮਰਨ ਉਹੀ ਰਸ ਦਾਨ ਦੇਵੇ।

ਪਿਆਰ ਪੁੰਜ ਜੀ ਦੀ ਵਰੋਸਾਉ ਦੇ ਰੁਖ਼ ਵਿਚ ਕਾਹਲੀ ਹੋਈ ਨਜ਼ਰ ਉਸ ਨਿਸ਼ਾਨੇ ਨੂੰ ਤੱਕ ਰਹੀ ਹੈ, ਜਿਸ ਪਰ ਅੱਜ ਨਿਗਾਹ ਦੇ ਤੀਰਾਂ ਨੇ ਵਿੰਨ੍ਹਵਾਂ ਘਾਉ ਲਾਉਣਾ ਹੈ। ਹਾਂ ਓਸ ਪਰ ਕਿ ਜਿਹੜਾ 'ਨਿਸ਼ਾਨਾ' ਸਤਿਗੁਰਾਂ ਦੀਆਂ ਮਸਤ ਤੇ ਰਸ ਵਿਚ ਬੰਦ ਅੱਖਾਂ ਵਿਚੋਂ ਪੈ ਰਹੇ ਹੁਸਨ ਦੀ ਸ਼ੋਖੀ ਦੇ ਸ਼ੁਅਲੇ ਦੇਖ ਕੇ ਪਹਿਲਾਂ ਹੀ ਤੜਫਕੇ ਕਹਿ ਰਿਹਾ ਸੀ:-
ਨੈਣਾਂ ਮਸਤ ਅੰਗਾਰਿਆਂ ਅਪਣਿਆਂ ਤੋਂ,
ਹਾਇ ਰੱਖ ਲੈ ਦਿਆਂ ਦੁਹਾਈ ਤੇਰੀ !
ਮਿੱਠੇ ਮੁਖੜੇ ਤੇ ਸ਼ੀਰੀਂ ਲਬਾਂ ਕੋਲੋਂ,
ਹਾਇ, ਰੱਖ ਲੈ ਦਿਆਂ ਦੁਹਾਈ ਤੇਰੀ !

ਹਾਂ, ਕੋਮਲ-ਰਸੀਆ ਮਨ ਪਹਿਲਾਂ ਹੀ ਤੜਫਣੀਂ ਵਿਚ ਸੀ। ਜਿਸ ਰਸਿਕ ਮਨ ਦੇ ਮਸਤ ਨੈਣਾਂ ਤੋਂ ਜੋ ਅਜੇ ਖੁੱਲ੍ਹੇ ਨਹੀਂ ਸਨ, ਇਸ਼ਕ ਦੀ ਅੱਗ ਦੀਆਂ ਲਾਟਾਂ ਨਿਕਲਦੀਆਂ ਤੱਕੀਆਂ ਸਨ, ਬੰਦ ਲਬਾਂ ਤੋਂ ਸੀਰੀਂ ਤੇ ਟਿਕੇ ਚਿਹਰੇ ਤੋਂ ਮਿਠਾਸ ਚੋਂਦੀ ਚੱਖੀ ਸੀ, ਉਹ ਦੁਹਾਈ ਦੇ ਰਿਹਾ ਸੀ ਕਿ ਜਦ ਇਹ ਖੁੱਲ੍ਹਣਗੇ ਤਾਂ ਕੌਣ ਤਾਬ ਲਿਆਵੇਗਾ। ਹਾਂ, ਅਜਰ ਨੂੰ ਕੌਣ ਜਰੇਗਾ, ਤਦੇ ਤਾਂ ਦੁਹਾਈ ਦੇ ਰਿਹਾ ਸੀ। ਪਰ ਲਓ ਦੇਖੋ ਓਹ ਨੈਣ ਹੁਣ ਖੁੱਲ੍ਹ ਪਏ ਹਨ ਤੇ ਚੁਫੇਰ ਆਪਣਾ ਨਿਸ਼ਾਨਾ ਲੱਭ ਰਹੇ ਹਨ। ਹਾਂ ਲੱਭਦੇ ਨੈਣ ਟਿਕ ਗਏ ਆਪਣੇ ਸਾਹਮਣੇ ਸਿਰ ਨਿਹੁੜਾਏ ਗਰਦਨ ਝੁਕਾਏ ਨਖਚੀਰ[1] ਉਤੇ, ਜਿਮ ਨੂੰ ਪੈਂਦਿਆਂ ਸਾਰ ਵਿੰਨ੍ਹ ਗਈ ਇਕ ਨਿਗਾਹ ਮਿਹਰਾਂ ਦੀ। ਸਰੀਰ ਕੰਬਿਆ ਤੇ ਉਸੇ ਤ੍ਰਿਖੀ ਪੈ ਰਹੀ ਨਿਗਾਹ ਦੀ ਖੈਂਚ ਨਾਲ ਖਿੱਚਿਆ ਸਿਰ ਉੱਠਿਆ। ਰਸ ਨਾਲ ਸਰੀਰ ਭਰ ਗਿਆ ਹੈ ਤੇ

1. ਸ਼ਿਕਾਰ।

ਸਿਰ ਉਠ ਨਹੀਂ ਸਕਦਾ, ਪਰ ਉਚਾਉਣ ਵਾਲੇ ਦੀ ਨਿਗਾਹ ਉਠਾ ਰਹੀ ਹੈ। ਸਿਰ ਉਠਿਆ, ਦਾਤੇ ਵਲ ਨੈਣ ਉੱਠੇ, ਨੈਣਾਂ ਦੇ ਮਗਰ ਸਰੀਰ ਉਠਿਆ, ਪੈਰ ਉਠੇ ਤੇ ਤੁਰੇ ਕੁਛ ਕਦਮ ਅੱਗੇ ਵਧਕੇ ਖ਼ੂਬਾਂ ਦੇ ਸੁਲਤਾਨ ਦੇ ਨੇੜੇ ਲੈ ਗਏ, ਜਿੱਥੇ ਚਰਨਾਂ ਤੇ ਨਿਉਂਕੇ ਸਿਰ ਟਿਕ ਗਿਆ। ਸਿਜਦਿਆਂ ਦੀ ਸਿੱਕ ਵਾਲਾ, ਕਦਮਬੋਸੀ ਦੀ ਤੜਫਨੀ ਵਾਲਾ, ਚਰਨ ਛੁਹ ਦੀ ਸੱਧਰ ਵਾਲਾ ਮੱਥਾ ਟਿਕ ਗਿਆ ਰਸ ਭਰੇ ਚਰਨਾਂ ਉਤੇ, ਹਾਂ ਰਸਿਕ ਮੱਥਾ ਰਸ-ਸੋਮੇ ਨਾਲ ਜਾ ਲੱਗਾ।

ਜਦੋਂ ਕਦੇ ਆਪਣੀ ਸੁੰਦਰਤਾ ਦੀ ਲਹਿਰ ਵਾਹਿਗੁਰੂ ਜੀ ਨੇ ਚਮਕਾਈ ਸੀ ਤਾਂ ਕਦਰਾਂ ਵਾਲੇ ਦੀ ਲੋੜ ਨਾਲ ਹੀ ਪਈ ਸੀ, ਇਸ ਕਰਕੇ ਵਾਹਿਗੁਰੂ ਜੀ ਨੇ ਨਾਲ ਹੀ—ਤਦੋਂ ਹੀ—ਕਦਰ ਰਚੀ ਸੀ। 'ਸੁੰਦਰਤਾ' ਤੇ 'ਕਦਰ' ਕੱਠੇ ਰਚੇ ਗਏ ਸਨ, ਸਾਂਝੇ ਸੱਚੇ ਵਿਚ ਢਾਲੇ ਗਏ ਸਨ। ਸੁਹਣੱਪ ਵਿਚ ਕਦਰ ਲਈ ਖੈਂਚ ਹੈ ਤੇ ਕਦਰ ਵਿਚ ਸੁਹਣੱਪ ਲਈ ਤਲਾਸ਼ ਹੈ। ਦੁਹਾਂ ਦਾ ਸੰਗਮ 'ਰਸ' ਹੈ।

ਇਸ ਵੇਲੇ ਕਦਰ ਤੇ ਸੁਹਣੱਪ ਦਾ ਸੰਗਮ ਹੋ ਗਿਆ ਹੈ, ਦੋਇ ਮਿਲ ਰਹੇ ਹਨ, ਹਾਂ ਵਸਲ ਹੋ ਰਿਹਾ ਹੈ 'ਸੁੰਦਰਤਾ' ਦਾ ਤੇ 'ਕਦਰ' ਦਾ। ਦੁਇ ਮਿਲਕੇ ਇਕ ਯਕਰੰਗੀ ਵਿਚ ਹਨ। ਰਸਿਕ ਮਨ ਤਾਂ ਮਗਨ ਹੈ ਕਦਰਯੋਗ ਵਸਤੂ ਦੀ ਪ੍ਰਾਪਤੀ ਵਿਚ ਅਤੇ ਕਦਰ ਯੋਗ ਵਸਤੂ ਮਸਤ ਹੈ ਰਸਿਕ ਮਨ ਦੇ ਆਪਾ ਵਾਰ ਪਿਆਰ ਵਿਚ! ਸੁਹਣੱਪ ਕਦਰਦਾਨ ਹੋ ਰਿਹਾ ਹੈ ਕਦਰ ਪਾਉਣ ਵਾਲੇ ਦੀ ਕਦਰ ਸ਼ਿਨਾਸ ਸੁੰਦਰਤਾ ਦਾ[1]।

ਸੁਹਣੇ ਦਾਤਾ ਜੀ ਦੇ ਹੱਥ ਉੱਠੇ ਤੇ ਸਿਰ ਤੇ ਫਿਰੇ ਪਿਆਰੇ ਦੇ, ਅਸੀਸ ਨਿਕਲੀ 'ਨੰਦ ਲਾਲ ਸਾਵਧਾਨ'।

ਆਪ ਜੀ ਦਾ ਸਿਰ ਉੱਠਿਆ ਸਾਵਧਾਨ ਹੋ ਬੈਠੇ। ਆਪ ਬੇ-ਸੁਰਤੀ ਦੀ ਮਸਤੀ ਵਿਚ ਨਹੀਂ ਸੇ, ਆਪਾ ਵਾਰ ਪਿਆਰ ਦੇ ਨਿਰਮਲ ਹੋਸ਼ ਭਰੇ ਮਗਨ ਪ੍ਰਵਾਹ ਵਿਚ ਸਨ, ਜੈਸਾ ਕਿ ਆਪ ਦੱਸਦੇ ਹਨ:--

'ਬਾਦਹ ਹਾਏ ਸ਼ੌਕ ਮੇ ਨੋਸ਼ਦ ਦਿਲੇ ਹੁਸ਼ਿਆਰੇ ਮਾ'।

ਹੁਸ਼ਿਆਰ ਦਿਲ ਹੁਸ਼ਿਆਰੀ ਦੇ ਕਮਾਲ ਵਿਚ ਮੋਹਨਹਾਰੇ ਸਾਰੇ ਅਸਰਾਂ ਤੋ ਸਫਾ ਹੋਕੇ ਜਦ ਬਿਮਲ ਹੋ ਕੇ ਟਿਕਦਾ ਹੈ, ਉਹ ਹੈ ਮਸਤੀਨੁਮਾ ਨਿਰਮਲ ਪਰਵਾਹ[1] ਆਤਮ ਵਿਗ਼ੈਣੀ ਅਵਸਥਾ ਦਾ, ਜਿਸ ਨੂੰ ਭਾਈ ਨੰਦ ਲਾਲ ਵਰਗੇ ਅਰੋਗ ਲੋਕ 'ਮਸਤੀ' ਸੱਦਦੇ ਹਨ, ਦੂਸਰੀ ਸਰੀਰਕ ਯਾ ਮਾਨਸਿਕ ਮਸਤੀ ਪਰ ਆਪ ਫੁਰਮਾਉਂਦੇ ਹਨ :-

'ਸਰ ਤਾ ਬਕਦਮ ਬਹੋਸ਼ ਮਸਤੀ ਨ ਕੁਨੰਦ।' ਸਿਰ ਤੋਂ ਪੈਰਾਂ ਤਕ ਮੇਰੇ ਮਜ਼ਹਬ ਵਾਲੇ ਹੋਸ਼ ਵਿਚ ਰਹਿੰਦੇ ਹਨ ਮਸਤੀ ਨਹੀਂ ਕਰਦੇ। ਹਾਂ ਇਸ ਕਮਾਲ ਦੀ ਬਿਮਲ ਹੋਸ਼ਾਂ ਵਾਲੀ ਮਸਤੀ ਵਿਚ ਕਦਮਾਂ ਤੇ ਪਏ ਰਸਿਕ ਮਨ ਜੀ ਨੇ ਸਿਰ ਚਾਇਆ, ਨਿਗਾਹ ਉੱਚੀ ਕੀਤੀ, ਤੱਕੇ, ਉਧਰੋਂ ਇਕ ਨਿਗਾਹ ਦਾਤ ਹੋਈ! ਇਕ ਪਲਕਾਰੇ ਵਿਚ ਲੰਘ ਗਿਆ ਝਲਕਾ ਨੈਣਾਂ ਮਤਵਾਲਿਆਂ ਨੰਦਲਾਲ ਜੀ ਦਿਆਂ ਵਿਚੋਂ :-

'ਝੱਲੀ ਨ ਜਾਵੇ ਤਾਬ ਸਾਥੋਂ ਨੈਣ ਮਸਤ
ਮਟੱਕਿਆਂ, ਇਕ ਨਿਗਾਹ ਜਿੰਦ ਪਾਣ ਵਾਲੀ
ਬਸ ਅਸਾਂ ਦਰਕਾਰਦੀ।'[2]

ਅਰਥਾਤ ਅਸੀਂ ਆਪਣੇ ਪ੍ਰੀਤਮ ਦੀਆਂ ਅੱਖਾਂ ਵਿਚੋਂ ਜੋ ਕਟਾਖਯ ਵੱਸਦੇ ਹਨ ਝੱਲ ਨਹੀਂ ਸਕਦੇ, ਇਕ ਨਿਗਾਹ ਮਿਹਰ ਦੀ ਜੇ ਉਹ ਪਾ ਦੇਣ ਦਾਸ ਉਤੇ ਤਾਂ ਜਿੰਦੜੀ ਜੀਉ ਉਠਦੀ ਹੈ ਬੱਸ ਇੰਨੀ ਹੀ ਮੇਹਰ ਅਸਾਂ ਲਈ ਕਾਫੀ ਹੈ। ਮੁਰਾਦ ਇਹ ਹੈ ਕਿ ਉਹਨਾਂ ਦੀ ਨਜ਼ਰ ਵਿਚ ਅਨੇਕ ਆਤਮ ਬਲ ਤੇ ਸ਼ਕਤੀਆਂ ਹਨ, "ਹਰਨ ਭਰਨ ਜਾਕਾ ਨੇਤ੍ਰ ਫੋਰੁ" ਸਾਨੂੰ ਤਾਂ ਉਨ੍ਹਾਂ ਦੀ ਉਹ ਮਿਹਰ ਦੀ ਨਜ਼ਰ ਕਾਫੀ ਹੈ ਕਿ ਜਿਸ ਨਾਲ ਨਾਮ ਵਾਲੀ ਜੀਵਨ ਰੌ ਸਾਡੇ ਅੰਦਰ ਰੁਮਕ ਪਵੇ। ਸਾਰੇ ਦੀ ਝੱਲਣ ਤੇ ਜਰਣ ਦੀ ਤਾਕਤ ਅਸਾਂ ਵਿਚ ਨਹੀਂ ਹੈ! ਅਸਲੀ ਰਬ ਪਿਆਰੇ ਸਹਿੰਦਾ ਸਹਿੰਦਾ ਨਾਮ ਰਸ ਲੈਂਦੇ ਤੇ ਜਰਦੇ ਹਨ।

ਸੋ ਦਾਤੇ ਦੀ ਇਕ ਐਸੀ ਨਿਗਾਹ ਨਾਲ ਰੁਮਕ

---

1. ਭਾਵੇਂਹ ਕਿ ਗੁਰ ਜੀ ਭਾਈ ਨੰਦ ਲਾਲ ਜੀ ਦੀ ਕਦਰ ਸ਼ਿਨਾਸਨ ਵਾਲੀ ਸੁੰਦਰਤਾ ਦੇ ਕਦਰ ਸ਼ਿਨਾਸ ਹੋ ਰਹੇ ਹਨ।

1. ਮਾਈ ਰੀ ਮਨੁ ਮੇਰੋ ਮਤਵਾਰੋ॥ ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ॥੧॥ ਰਹਾਉ॥ ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ॥ ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖੁ ਅਪਾਰੋ॥੧॥ ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ॥ ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ॥੨॥੮੭॥੧੧੦॥

(ਸਾਰੰਗ ਮ: ੫)

2. ਮਾ ਨਮੇ ਆਰੇਮ ਤਾਬੇ ਗਮਜ਼ਹਏ ਮਸਤਾਨੇ ਊ, ਯਕ ਨਿਗਾਹੇ ਜਾਂ ਫ਼ਜ਼ਾਇਸ਼ ਬਸ ਬਵੱਦ ਦਰਕਾਰੇ ਮਾ। ਇਹ ਸਾਰੀ ਗਜ਼ਲ ਦੇਖੋ ਪੰਨਾ ੨੫੩-੨੫੪ ਪਰ।

ਪਈ 'ਯਾਦੇ ਖ਼ੁਦਾ' ਦੀ ਵਿਦਵਾਨ ਦੇ ਹਿਰਦੇ ਅੰਦਰ, ਜੋ ਬਾਣੀ ਦੇ ਜਾਣੂ ਸਨ, ਜਿਨ੍ਹਾਂ ਨੂੰ ਪਰਮਾਰਥ ਅਨੇਕ ਮਜ਼੍ਹਬਾਂ ਦੇ ਪਤਾ ਸਨ, ਜਿਨ੍ਹਾਂ ਨੇ ਧਾਰਨਾ ਧਿਆਨ ਆਦਿ ਬੀ ਸੁਣੇ ਸਮਝੇ ਹੋਏ ਸਨ। ਹਾਂ ਜੋ 'ਨਾਮ' ਰਸ ਰੂਪ ਹੋ ਕੇ ਇਸ ਵੇਲੇ ਆਪ ਦੇ ਅੰਦਰ ਪ੍ਰਵੇਸ਼ ਕਰ ਗਿਆ ਉਹ ਅਵਤਾਰ ਗੁਰੂ ਦੀ ਮਹਾਨਤਾ ਦਾ ਬੀ ਡੂੰਘਾ ਅਸਰ ਪਾ ਕੇ ਅੰਦਰ ਬਹਿ ਗਿਆ।

ਸ੍ਰੀ ਗੁਰੂ ਜੀ ਨੇ ਸ਼ਕਰਖਾਰਾ(ਸ਼ੀਰੀਂ) ਲਬ ਖੁਹਲੇ ਤੇ ਬੋਲੇ : "ਨੰਦ ਲਾਲ ਨਿਹਾਲ" ਹੁਣ ਨੰਦ ਲਾਲ ਜੀ ਨੂੰ ਝੱਲਣ ਦੀ ਤਾਬ ਬੀ ਮਿਲੀ ਤੇ ਬੋਲਣ ਲਈ ਬੀ ਗੋਯਾ[1](ਬੋਲਣ ਵਾਲੇ) ਹੋ ਆਏ ਤੇ ਆਪ ਦੇ ਮੁਖ ਤੋਂ ਵਾਕ ਨਿਕਲੇ :-

"ਨਾਨਕ ਨਦਰੀ ਨਦਰਿ ਨਿਹਾਲ॥"

ਨਿਹਾਲ ਹੋ ਗਏ ਅੱਧੀ ਸਦੀ ਤੋਂ ਨਿਹਾਲ ਹੋਣ ਦੀ ਸਿੱਕ ਤੇ ਯਾਚਨਾ ਵਾਲੇ ਨੰਦ ਲਾਲ ਜੀ। ਇਸ ਪਰ ਕਵਿ ਸੰਤੋਖ ਸਿੰਘ ਜੀ ਲਿਖਦੇ ਹਨ:-

ਕ੍ਰਿਪਾ ਦ੍ਰਿਸ਼ਟਿ ਸੋਂ ਦੇਖਨਿ ਕਰਯੋ॥ ਭ੍ਰਮ ਅਗਯਾਨ ਸੁ ਤਿਸ ਪਰਹਰਯੋ॥ ਮੋਹ ਮਹਾਨ ਨੀਂਦ ਮੈਂ ਸੋਵਾ॥ ਜਾਗਤ ਭਯੋ ਗੁਰੂ ਰਵਿ ਜੋਵਾ। ਤਾਉ ਕਸੌਟੀ ਬਿਨਮਲ ਖੋਵਾ। ਬਾਰਹਿਬੰਨੀ ਕੰਚਨ ਹੋਵਾ।

ਅਰਸ਼ੀ ਛੁਹ ਪ੍ਰਾਪਤ ਕਰਕੇ ਉਹ 'ਆਵਰਣ' ਜੋ ਹਿਰਦਾ ਕਵੀ ਹੁੰਦਿਆਂ, ਮਾਨ ਵਿਦਵਾਨ ਹੁੰਦਿਆਂ, ਅੰਦਰਲਾ ਸਰਲ ਗੁਣਗ੍ਰਾਹੀ ਤੇ ਖੋਜੀ ਹੁੰਦਿਆਂ, ਭਲਿਆਈ ਭਾਲਦਿਆਂ ਤੇ ਨੇਕੀ ਦਾਨ ਤੇ ਤਜਰਬਿਆਂ ਦੇ ਹੁੰਦਿਆਂ ਵੀ ਪੰਜਾਹ ਵਰ੍ਹਿਆਂ ਤੋਂ ਛਾ ਰਿਹਾ ਸੀ, ਦੂਰ ਹੋ ਗਿਆ। ਅੰਦਰਲਾ, ਜਿਸ ਨੀਂਦ[2] ਵਿਚ ਸੀ ਉਸ ਤੋਂ ਜਾਗ ਉਠਿਆ।[3] ਹੁਣ ਇਕ ਅਚਰਜ ਤਾਜ਼ਗੀ ਦਾ ਭਾਵ ਅੰਦਰ ਜਾਪਦਾ ਹੈ। ਇਕ ਮਿੱਠਾ ਉਮਾਹ ਬੀ ਹੈ ਨਾਲ। ਐਉਂ ਬੀ ਭਾਸਦਾ ਹੈ ਕਿ ਅੱਖਾਂ ਖੁੱਲ੍ਹ ਗਈਆਂ ਹਨ, ਕੋਈ ਨਵਾਂ ਸੂਰਜ ਚੜ੍ਹਿਆ ਹੈ, ਕੋਈ ਨਵੀਂ ਗਿਆਤ ਉਪਜੀ ਹੈ, ਜਿਸ ਵਿਚ ਉਚਿਆਈ ਦੀ ਪ੍ਰਭਾ ਹੈ। ਕੋਈ ਗਿਆਨ ਹੋ ਆਇਆ ਹੈ ਜੋ ਅੱਗੇ ਬੁਰਕੇਪੋਸ਼ ਸੀ ਤੇ ਹੁਣ ਘੁੰਡ

1. ਫ਼ਾਰਸੀ ਵਿਚ ਗੋਯਾ' ਦਾ ਅਰਥ ਹੈ ਬੋਲਣਹਾਰ।।
2. ਮਨ ਸੋਇਆ ਮਾਇਆ ਬਿਸਮਾਦਿ।। (ਗਉੜੀ ਮ: ੫)
3. ਸਿਮਰਿ ਸਿਮਰਿ ਸਿਮਰਿ ਗੁਰੁ ਆਪਨਾ ਸੋਇਆ ਮਨੁ ਜਾਗਾਈ।। ਪੁਨਾ:--ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।। (ਗਉ: ਮ: ੫)

ਚਾਕੇ ਦੀਦਾਰ ਪਿਆ ਦੇਂਦਾ ਹੈ। ਸਤਿਗੁਰ ਨਾਨਕ ਪਿਆਰ ਨੇ ਕੀ ਕਲਾ ਵਰਤਾਈ ਕਿ ਛੁਹ ਚਿਣੰਗ ਮਿਲਦਿਆਂ ਹੀ ਉਹ ਸੈ ਮੜ੍ਹਿਆਂ ਦੇ ਭਾਰ ਦਗਧ ਹੋ ਗਏ। ਪਰ ਕੀ ਪਿਆਰ ਦਾ ਬੈਸੰਤਰ ਦੇਉਤਾ ਸੈ ਮੜ੍ਹਿਆਂ ਦੇ ਭਾਰਾਂ ਨੂੰ ਸਾੜ ਕੇ ਆਪ ਮੁੱਕ ਗਿਆ ? ਨਹੀਂ 'ਉੱਜਲ ਪਿਆਰ' ਹੋ ਕੇ ਰਗ ਰੇਸ਼ੇ ਵਿਚ ਬਹਿ ਗਿਆ ਹੈ। ਸਾਂਈਂ ਆਪ ਜੁ ਪਿਆਰ ਹੋਇਆ, ਸਾਰੀ ਰਚਨਾਂ ਵਿਚ ਆਪ ਅਲੱਗ ਹੋ ਕੇ ਟਿਕ ਰਿਹਾ ਹੈ ਅਖੰਡ[1], ਪਰ ਹਰ ਦੇਸ਼ ਭੇਸ, ਦਿਸ਼ਾ ਵਿਸ਼ਾ ਵਿਚ ਪ੍ਰੇਮ ਦਾ ਰੂਪ ਧਾਰ ਕੇ ਬੀ ਫੈਲ ਰਿਹਾ ਹੈ।[2]

ਜਿਵੇਂ ਕਾਗਜ਼ਾਂ ਨੂੰ ਜੋੜਨਹਾਰ ਗੋਂਦ ਹੈ, ਪੱਥਰਾਂ ਨੂੰ ਜੋੜਨਹਾਰ ਚੂਨਾ ਹੈ, ਲਕੜੀ ਨੂੰ ਜੋੜਨਹਾਰ ਸਰੇਸ਼ ਹੈ ਤਿਵੇਂ ਰੂਹਾਂ ਦੀ ਮੇਲਣਹਾਰ ਰੂਹਾਂ ਦੀ ਖਿੱਚ ਹੈ। ਹਾਂ, ਸਾਡੀ ਆਤਮਾ ਨੂੰ ਪਰਮਾਤਮਾ ਨਾਲ ਜੋੜਨਹਾਰ ਗੋਂਦ 'ਪ੍ਰੇਮ' ਹੈ। ਸਾਡਾ ਆਪਾ ਨਿਰਮਲ ਹੋਕੇ ਰੂਹ ਹੈ, ਸਾਈਂ ਜੋ ਸਦਾ ਹੈ ਉਹ 'ਪਰਮ ਰੂਹ' ਹੈ। ਰੂਹਾਂ ਨੂੰ ਮੇਲਣਹਾਰ ਗੋਂਦ 'ਪ੍ਰੇਮ' ਹੈ, ਹੋਰ ਕੋਈ ਸਾਧਨ ਰੂਹ ਨੂੰ ਮੇਲਣਹਾਰ ਨਹੀਂ।[3]

ਕਵੀ, ਗਿਆਨੀ ਤੇ ਪ੍ਰੇਮੀ ਭਾਈ ਜੀ ਅਗੰਮੀ ਸੋਮੇ ਤੋਂ ਤ੍ਰਿਪਤ ਹੋ ਕੇ ਜਦ ਘਰ ਆਏ ਤਾਂ ਆਪ ਦਾ ਪਿਆਰਾ ਦਾਸ ਦੇਖਕੇ ਖਿੜ ਗਿਆ, ਅੱਜ ਉਸ ਨੇ ਆਪ ਦੇ ਮੁਰਝਾਏ, ਪੀਲੇ ਪੈ ਗਏ ਚਿਹਰੇ ਪਰ ਨੂਰ ਡਿੱਠਾ[4], ਨੂਰ ਦੀ ਖ਼ੁਸ਼ਹਾਲੀ ਤੱਕੀ, ਬੁਲ੍ਹਾਂ ਤੇ ਮੁਸਕ੍ਰਾਹਟ ਬੈਠੀ ਵੇਖੀ, ਮੱਥੇ ਤੇ ਖੇੜਾ ਡਿੱਠਾ, ਨੈਣਾਂ ਵਿਚ ਦਮਕ ਵੇਖੀ[5] ਕਦਮਾਂ ਵਿਚ ਇਕ ਫੁਰਤੀ ਤੇ ਬਾਹਾਂ ਵਿਚ ਬਲਕਾਰ ਦੀ ਚਾਲ ਉਸ ਦੀ ਨਜ਼ਰੇ ਪਈ। ਹਾਂ, ਉਸ ਦੀ ਨਿਗਾਹ ਇਹ ਕੁਛ ਤੱਕ ਕੇ ਸਾਰੀ ਠਰ ਗਈ। ਠਰਦੀ ਨਿਗਾਹ ਨੇ ਹੋਰ ਨੀਝ ਲਾਈ ਤਾਂ ਦ੍ਰਿਸ਼ਟਿ ਪਿਆ ਕਿ ਆਪਣੇ ਪਿਆਰੇ ਦਾ ਉਮਾਹ ਆਪਣੇ ਮੁਲਤਾਨ ਵਾਲ ਨਰੋਏ ਰੰਗ ਤੋਂ ਬੀ ਵਧਦੇ ਚੜ੍ਹਦੇ ਉਛਾਲੇ ਵਿਚ ਹੈ। ਇਹੋ ਜਿਹਾ ਦੀਦਾਰ ਕਰਕੇ ਪਿਆਰਾਂ ਵਾਲਾ

1. ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ॥ (ਜਾਪੁ ਜੀ)
2. ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥ (ਜਾਪੁ ਜੀ)
3. ਸਾਚ ਕਹੋ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ (ਪਾ: ੧੦) ਤਥਾ-ਪ੍ਰੇਮ ਕਰੇ ਪ੍ਰਭ ਪਾਈਅਤ ਹੈ। (ਪਾ: ੧੦)
4. ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰ ਸਚੁ ਮੁਖੁ ਉਜਲਾ, ਖਸਮੈ ਮਾਹਿ ਸਮਾਇ।। (ਵਾਰ ਸੂਹੀ ਮ: ੩)
5. ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ॥ (ਬਿਲਾਵਲ ਮ: ੫ ਛੰਤ)

ਦਾਸ ਖੁਸ਼ ਹੋ ਗਿਆ ਤੇ ਖ਼ੁਸ਼ੀ ਦੇ ਅੱਥਰੂ ਭਰ ਲਿਆਇਆ। ਕਦਮਾਂ ਤੇ ਸਿਰ ਰਖਿਓਸੁ ਤੇ ਆਪਣੀਆਂ ਤੱਕਣੀਆਂ ਨਾਲ ਹੀ ਲਖਾ ਦਿਤੋਸੁ ਕਿ ਉਸ ਨੂੰ ਆਪਣੇ ਮਾਲਕ ਦਾ ਰੰਗ ਲਗਣ ਵਿਚ ਕਿੰਨਾਂ ਕੁ ਚਾਉ ਚੜ੍ਹਿਆ ਹੈ।

ਸ਼ਾਮਾਂ ਹੋ ਆਈਆਂ, ਹਨੇਰਾ ਪੈ ਰਿਹਾ ਹੈ, ਵਧਦਾ ਜਾ ਰਿਹਾ ਹੈ, ਪੈਰ ਪੈਰ ਸਹਿਮਵਾਂ ਹੁੰਦਾ ਜਾਂਦਾ ਹੈ, ਡੂੰਘਾ ਛਾਉਂਦਾ ਜਾਂਦਾ ਹੈ। ਅਚਾਨਕ ਗਗਨ ਮੰਡਲ ਵਿਚ ਛਾ ਰਹੇ ਹਨੇਰੇ ਦੇ ਡੂੰਘ ਵਿਚੋਂ ਦਮਕ ਉਠਿਆ ਚਾਨਣਾ, ਹਾਂ ਪ੍ਰਕਾਸ਼ ਦੀਆਂ ਅਨਗਨ ਜੋਤਾਂ ਜਗ ਉਠੀਆਂ। ਨੂਰ ਫੁਹਾਰ ਅਰਸ਼ਾਂ ਤੋਂ ਪੈਣ ਲੱਗ ਪਈ। ਆਪਣੇ ਵਿਹੜੇ ਦੇ ਥੜੇ ਤੇ ਬੈਠੇ ਹਨ ਭਾਈ ਸਾਹਿਬ। ਦਾਸ ਕੰਮਾਂ ਕਾਜਾਂ ਤੋਂ ਵਿਹਲਾ ਹੋਕੇ ਕੋਲ ਆ ਬੈਠਾ। ਹੈ ਤਾਂ ਦਾਸ, ਪਰ ਪੁਰਾਣਾ ਹੈ ਤੇ ਦਰਦੀ ਹੈ ਤੇ ਪਿਆਰਾਂ ਵਾਲਾ ਹੈ ਤੇ ਮਹਿਰਮ ਹੋਣ ਕਰਕੇ ਕੁਛ ਖੁੱਲ੍ਹ ਬੀ ਰਖਦਾ ਹੈ। ਪਿਆਰ ਤੇ ਖੁੱਲ੍ਹ ਕੱਠੇ ਹੀ ਰਹਿੰਦੇ ਹਨ ਪਰ ਖੁੱਲ੍ਹ ਤੇ ਪਿਆਰ ਦੂਰ ਦੂਰ ਰਹਿੰਦੇ ਹਨ। ਪਿਆਰਹੀਨ ਖੁੱਲ੍ਹ ਬੇਅਦਬੀ ਦੇ ਵਿਹੜੇ ਵੜਦੀ ਹੈ। ਪਿਆਰ ਵਾਲੀ ਖੁੱਲ੍ਹ ਅਦਬ ਦੇ ਕੁਛੜ ਰਹਿੰਦੀ ਹੈ। ਹਾਂ ਪਿਆਰਾਂ ਨਾਲ ਥਿੰਧੇ ਤੇ ਖੁੱਲ੍ਹ ਨਾਲ ਪੰਘਰੇ ਸੇਵਕ ਨੇ ਹੁਣ ਪੁੱਛਿਆ : 'ਆਗਾ ! ਦਿਲ ਨਹੀਂ ਕਰਦਾ ਕਿ ਆਪ ਨੂੰ ਖਿੰਡਾਉ ਵੱਲ ਲਿਜਾਵਾਂ ਆਪ ਸੁਖੀ ਬੈਠੇ ਹੋ, ਪਰ ਅਜ ਸੁਖੀ ਵੇਖਕੇ ਸੁਖ ਦੀ ਵੰਡ ਵਿਚੋਂ ਬਖ਼ਸ਼ਿਸ਼ ਲੈਣ ਨੂੰ ਜੀ ਕਰਦਾ ਹੈ।"

ਨੰਦ ਲਾਲ ਜੀ--ਕਹੋ ਬੇਟਾ, ਖੁੱਲ੍ਹ ਕੇ ਆਖੋ !

ਸੇਵਕ--ਆਪ ਚਾਵਾਂ ਨਾਲ ਏਥੇ ਆਏ ਸੇ, ਫੇਰ ਆਕੇ ਹੋ ਗਏ ਸਾਓ ਗੋਸ਼ਾ ਨਸ਼ੀਨ, ਬਹਿ ਗਏ ਸਾਓ ਇਕਲਵੰਜੇ, ਫਿਰ ਇਸ ਤਰ੍ਹਾਂ ਪੀਲੇ ਹੋਏ, ਇਸ ਤਰ੍ਹਾਂ ਘਟੇ ਕਿ ਮਾਨੋਂ ਰੋਗ ਹੈ ਕੋਈ ਦੁਸ਼ਮਣਾਂ ਨੂੰ। ਮੈਂ ਉਸ ਵੇਲੇ ਆਪ ਦੀ ਖੇਚਲ ਵਧਣੋਂ ਡਰਦਿਆਂ ਪੁੱਛਿਆ ਨਹੀਂ, ਪਰ ਜਿਵੇਂ ਬਲਦੀ ਅੱਗ ਦੇ ਸੇਕ ਨਾਲ ਦੂਰ ਪਿਆ ਕਾਠ ਧੁਖ ਉਠਦਾ ਹੈ ਮੈਂ ਤਿਵੇਂ ਧੁਖਦਾ ਰਿਹਾ ਹਾਂ ਕਿ ਹਾਇ ਮਾਲਕ ਕਿਉਂ ਸੋਜ਼ ਵਿਚ ਹੈ, ਖਿੜਦਾ ਕਿਉਂ ਨਹੀਂ, ਸੁਖੀ ਕਿਉਂ ਨਹੀਂ ? ਅੱਜ ਆਪ ਨੂੰ ਡਾਢੇ ਮਲ੍ਹਾਰਾਂ ਵਾਲੀ ਹਾਲਤ ਵਿਚ ਦੇਖਕੇ ਪੁਛਦਾ ਹਾਂ ਕਿ ਕੀਹ ਸੀ ਜੋ ਆਪ ਨੂੰ ਦੁਖੀ ਕਰ ਰਿਹਾ ਸੀ ਤੇ ਕੀਹ ਸੀ ਜਿਸ ਨੇ ਅਜ ਖੁਸ਼ੀਆਂ ਦੀਆਂ ਵਾਗਾਂ ਮੋੜੀਆਂ ਹਨ ?

ਨੰਦ ਲਾਲ ਜੀ--ਤੈਨੂੰ ਪਤਾ ਹੈ ਕਿ ਮੈਂ ਇਥੇ ਮਹਿਬੂਬ ਦੀ--ਮੁਰਸ਼ਿਦ ਕਾਮਲ ਦੀ--ਤਲਾਸ਼ ਵਿਚ ਆਇਆ ਸਾਂ ?

ਸੇਵਕ--ਜੀ ਹਾਂ ਮੁਰਸ਼ਿਦ ਕਾਮਲ ਤਾਂ ਮੌਜੂਦ ਸੀ ਏਥੇ ?

ਨੰਦ ਲਾਲ ਜੀ--ਮੁਰਸ਼ਿਦ ਕਾਮਲ ਹੀ ਨਹੀਂ ਮੁਰਸ਼ਿਦ ਤੇ ਰਸੂਲ ਦੁਹਾਂ ਸਿਫਤਾਂ ਦਾ ਜਾਮਾ-ਏ-ਅਉਸਾਫ(ਸਿਫਤਾਂ ਦਾ ਘਰ) ਇੱਥੇ ਮੌਜੂਦ ਸੀ, ਮੇਰਾ ਦਿਲ ਹੀ ਕਾਫ਼ਰ ਹੋ ਗਿਆ ਸੀ, ਸਾਂਈਂ ਨਾਲ ਜੰਗ ਕਰਨ ਵਾਲਾ ਨਾ ਪਰ ਅਜ਼ਮਾਇਸ਼ ਲੈਣ ਵਾਲਾ, ਆਪਣੇ ਮਹਿਬੂਬ ਨੂੰ ਪਰਤਾਵੇ ਵਿਚ ਪਾਉਣ ਵਾਲਾ। ਮੈਂ ਨੀਯਤ ਕੀਤੀ ਕਿ ਜੇ ਉਹ, ਜਿਸ ਦੇ ਪਾਸ ਕਿ ਮੈਂ ਸਿਰ ਵੇਚਣ ਆਇਆ ਹਾਂ, ਜਾਣੀ ਜਾਣ ਹੈ ਤਾਂ ਮੇਰੇ ਮਨ ਦੀ ਬੁੱਝੇ ਤੇ ਮੈਨੂੰ ਆਪ ਸਦਵਾ ਘੱਲੇ। ਜੇ ਨਾ ਬੁੱਝੇ ਤੇ ਨਾ ਸਦਵਾਏ ਤਾਂ ਮੈਂ ਜਾਣ ਲੈਸਾਂ ਕਿ ਜਾਣੀ ਜਾਣ ਨਹੀਂ ਹੈ। ਇਹ ਧਾਰਕੇ ਘਰੇ ਹੀ ਬੈਠ ਗਿਆ ਸਾਂ।

ਸੇਵਕ--ਫਿਰ ਇਤਨੇ ਤੜਫਣ ਸੁੱਕਣ ਗਮਜ਼ਦਹ ਹੋ ਜਾਣ ਦੀ ਲੋੜ ਕਿਉਂ ਆ ਬਣੀ ਸੀ ?

ਨੰਦ ਲਾਲ ਜੀ--ਬਰਖ਼ੁਰਦਾਰ ! ਮੁੱਦਤਾਂ ਤੋਂ ਦਿਲ ਵਿਚ ਖਿੱਚ ਇਸ ਪਾਕ ਹਸਤੀ ਨਾਲ ਘਰ ਕਰੀ ਬੈਠੀ ਸੀ, ਬੜੇ ਉਮਾਹ ਤੇ ਚਾਉ ਨਾਲ ਆਇਆ ਸਾਂ, ਇੱਥੇ ਆ ਕੇ ਜੋ ਉਮਾਹ ਨੂੰ ਰੋਕਿਆ ਤੇ ਨਵਾਂ ਨੇਮ ਧਾਰ ਲਿਆ ਸੋ ਉਸ ਨਾਲ ਸਰੀਰ ਤਾਂ ਬਹਿ ਗਿਆ ਪਰ ਡੂੰਘੇ ਮਰਮਾਂ ਵਿਚ ਵਸਦੀ ਖਿੱਚ ਤਾਂ ਤੋੜਕੇ ਲਹਿ ਜਾਣ ਵਾਲੀ ਸ਼ੈ ਨਹੀਂ ਸੀ। ਉਹ ਖਿੱਚ, ਸੋਚ ਵਿਚਾਰ, ਬਾਣੀ ਪੜ੍ਹ ਪੜ੍ਹ, ਜੋਖ ਜੋਖ, ਤੋਲ ਤੋਲ ਕੇ ਸਨੇ ਸਨੇ ਅੰਦਰ ਧਸੀ ਸੀ, ਕੋਈ ਨਵੀਂ ਲਾਈ ਪਨੀਰੀ ਨਹੀਂ ਸੀ, ਜੋ ਚੁਟਕੀ ਨਾਲ ਪੁੱਟੀ ਜਾ ਸਕਦੀ। ਸੋ ਅੰਦਰ ਦੁਚਿਤਾਈ ਹੋ ਗਈ, ਮੈਂ ਰੋਕਾਂ ਤੇ ਉਹ ਡੂੰਘੀ ਖਿੱਚ ਉੱਠ ਨਸੇ ਦਰਸ਼ਨਾਂ ਨੂੰ। ਮਨ ਦੀ ਖਾਨਾ ਜੰਗੀ ਸਰੀਰ ਦੇ ਬਲ ਦੀ ਵੈਰਨ ਹੈ। ਇਸ ਰੋਕ ਨਾਲ ਸਗੋਂ ਖਿੱਚ ਵਧ ਖਲੋਤੀ, ਜਦ ਉਸ ਨੂੰ ਸਰੀਰਕ ਤੌਰ ਤੇ ਰੋਕ ਪੈ ਗਈ ਤਾਂ ਉਹ ਮਨ ਨੂੰ ਹੀ ਲੱਗੀ ਗਮ ਬਣਕੇ ਖਾਣ ! ਅੰਦਰਲੇ ਨੇ ਫੇਰ ਧਿਆਨ ਬੱਧਾ। ਅਣਡਿੱਠੇ ਦਾ ਧਿਆਨ ਕੀ ? ਲੋ ਲਾਈ ਉਸ ਰੁਖ਼ ਨੂੰ ਪਿਆਰਾਂ

ਵਾਲੀ ਕਿ ਆਪ ਜਾਨੀ ਜਾਣ ਹੋ, ਹਾਇ ਅਜਾਣ ਦੀ ਬਾਂਹ ਫੜੋ, ਆਪਦੇ ਪਾਸ ਆ ਜਾਣ ਦੀ ਆਪ ਆਗਯਾ ਘੱਲੋ, ਇਸ ਤਰ੍ਹਾਂ ਜਿਉਂ ਇਸ਼ਕ ਦੀ ਅੱਗ ਭੜਕੀ ਕਿ ਜਿਸ ਨੇ ਮੈਨੂੰ ਖ਼ੂਬ ਸਾੜਿਆ। ਇਹ ਕਹਿੰਦਿਆਂ ਭਾਈ ਜੀ ਦੇ ਨੈਣ ਫਿਰ ਭਰ ਆਏ, ਉੱਪਰ ਨੂੰ ਉਠੇ ਤੇ ਉਸੇ ਰੰਗ ਵਿਚ ਬੱਝੇ ਹੋਏ ਬੋਲੇ :- ਬੱਚਾ ਕਲਮਦਾਨ ਤੇ ਕਾਗਜ਼ ਚੁੱਕ ਲਿਆ। ਦਾਸ ਭੱਜਾ ਗਿਆ ਤੇ ਕਲਮਦਾਨ ਕਾਗਜ਼ ਪਾਸ ਲਿਆ ਰੱਖਿਆ ਤੇ ਨਾਲ ਸ਼ਮਾਦਾਨ ਜਗਾ ਕੇ ਰੱਖ ਦਿਤਾ। ਭਾਈ ਜੀ ਨੇ ਕਲਮ ਪਕੜੀ ਤੇ ਲਿਖਣ ਲੱਗ ਪਏ ਤੇ ਇਹ ਕੁਛ ਲਿਖਿਆ :-

ਦਿਲੇ ਮਨ ਦਰ ਫਿਰਾਕੇ ਯਾਰ ਬਿਸੋਖ਼ਤ।
ਜਾਨੇ ਮਨ ਬਹਿਰੇ ਆਂ ਨਿਗਾਰ ਬਿਸੋਖ਼ਤ।
ਆਂ ਚੁਨਾਂ ਸੋਖ਼ਤਮ ਅਜ਼ਾਂ ਆਤਿਸ਼,
ਹਰਕਿਹ ਬਿਸ਼ੁਨੀਦ ਚੂੰ ਚਨਾਰ ਬਿਸੋਖ਼ਤ।
ਮਨ ਨ ਤਨਹਾ ਬਿਸੋਖ਼ਤਮ ਅਜ਼ ਇਸ਼ਕ,
ਹਮਹ ਆਲਮ ਅਜ਼ੀਂ ਸ਼ਰਾਰ ਬਿਸੋਖ਼ਤ।
ਸੋਖ਼ਤਮ ਦਰ ਫਿਰਾਕੇ ਆਤਿਸ਼ੇ ਯਾਰ,
ਹਮਚੁ ਕੀਮੀਆਂ ਬਕਾਰ ਬਿਸੋਖ਼ਤ।
ਆਫਰੀਂ ਬਾਦ ਬਰ ਦਿਲੇ ਗੋਯਾ,
ਕਿ ਬ-ਉਮੀਦੇ ਰੂਏ ਯਾਰ ਬਿਸੋਖ਼ਤ[1]।

ਅਰਥਾਤ :- ਗ਼ਜ਼ਲ[2]

ਦਿਲ ਯਾਰ ਦੇ ਵਿਛੋੜੇ ਹਾਏ ਕਿ ਸੜ ਗਿਆ ਹੈ, ਸੁਹਣੇ ਦੇ ਹਾਵਿਆਂ ਵਿਚ ਜਿੰਦੜੀ ਜਲਾ ਰਿਹਾ ਹੈ। ਐਦਾਂ ਹੈ ਹਾਏ ਮੈਨੂੰ ਉਸ ਅੱਗ ਨੇ ਜਲਾਇਆ, ਵਾਂਙੂ ਚਨਾਰ ਬਲਿਆ ਜਿਸ ਨੇ ਕਿ ਸੁਣ ਲਿਆ ਹੈ। ਕੱਲਿਆਂ ਨ 'ਇਸ਼ਕ ਅੱਗ' ਨੇ, ਮੈਨੂੰ ਹੈ ਅੱਗ ਲਾਈ, ਏਸੇ ਚਿਣਗ ਨੇ ਸਾਰੀ ਦੁਨੀਆਂ ਨੂੰ ਜ਼ਾਲਿਆ ਹੈ। ਮੈਨੂੰ 'ਫ਼ਿਰਾਕਿ ਮਾਹੀ' ਨੇ ਸਾੜਿਆ ਹੈ ਐਦਾਂ ਰਸਾਇਣੀ ਨੇ ਜੀਕੂੰ ਰਸਾਯਣ ਨੂੰ ਸਾੜਿਆ ਹੈ। ਸ਼ਾਬਸ ਦਿਲਾ ਹੈ ਤੈਨੂੰ ! ਪਜਾਰੇ ਦੇ ਮੁੱਖੜੇ ਦੇ ਦਰਸ਼ਨ ਦੀ ਆਸ ਵਿਚ ਤੂੰ ਆਪਾ ਸੁਕਾ ਲਿਆ ਹੈ।

ਇਹ ਲਿਖਕੇ ਆਪ ਨੇ ਕਲਮ ਤੇ ਕਾਗਜ਼ ਹੱਥੋਂ ਰੱਖ ਦਿਤਾ। ਨੈਣ, ਜੋ ਅਥਰੂ ਭਰ ਰਹੇ ਤੇ ਫੇਰ ਹਾਵਿਆਂ ਦੇ ਧੂਏਂ ਲਾਲ ਗੁਬਾਰ ਵਾਲੇ ਹੋ ਰਹੇ ਸਨ, ਚਮਕ ਆਏ ! ਦੋ ਤ੍ਰੈ ਠੰਢੇ ਸਾਹ ਆਏ, ਤਬੀਅਤ ਹਲਕੀ ਹੋ ਆਈ, ਖੇੜਾ ਪਿਆ ਤੇ ਮੁਸਕ੍ਰਾਏ।

ਸੇਵਕ ਨੇ ਫੇਰ ਹੀਆ ਕੀਤਾ :- ਆਗਾ ! ਮੇਰੇ ਪੁੱਛਣ ਨਾਲ ਖੇਚਲ ਹੋਈ ਹੈ ? ਹਾਇ ਮੈਂ ਕੁਛ ਨਾ ਪੁੱਛਦਾ !

ਨੰਦ ਲਾਲ ਜੀ—ਖੇਚਲ ਨਹੀਂ, ਬੱਚਾ, ਦਿਲ ਦੀ ਪੀੜਾ ਤੇ ਸਾੜਾਂ ਦੀ ਯਾਦ ਆ ਗਈ ਸੀ, ਮੈਂ ਕਿਹਾ ਕਿ ਦਿਲ ਦੀ ਉਸ ਅੱਗ ਝੱਲਣ ਦੀ ਤਸਵੀਰ ਲਿਖ ਛੱਡੀਏ। ਲਫ਼ਜ਼ ਹੱਥ ਬੰਨ੍ਹ ਆ ਖੜੋਤੇ ਸਨ, ਉਸ ਵਲੇ ਦੇ ਭਾਵ ਲਿਖ ਲਏ ਹਨ, ਕਦੇ ਕਿਸੇ ਨੂੰ ਸੁਆਦ ਦੇਣਗੇ।

ਸੇਵਕ--ਫਿਰ ਹੁਣ ਤਾਂ ਸੁਖੀ ਹੋ ? ਓਥੇ ਕਿਵੇਂ ਗੁਜ਼ਰੀ ? ਮੁਰਸ਼ਿਦ ਤਾਂ ਕਾਮਲ ਸਾਬਤ ਹੋ ਗਿਆ ?

ਨੰਦ ਲਾਲ--ਹਾਂ।

ਸੇਵਕ—ਤੁਸਾਂ ਨੂੰ ਜੋ ਮਾਲਕ ਮਿਲਿਆ ਹੈ ਕੀ ਇਸ ਤਰ੍ਹਾਂ ਦਾ ਸੁਖਦਾਈ ਹੈ ਜਿਵੇਂ ਤੁਸੀਂ ਮੈਨੂੰ ਹੋ ?

ਭਾਈ ਜੀ(ਹੱਸਕੇ)—ਮੈਂ ਕੌਣ ਕੀਟ ਹਾਂ, ਕਿਸ ਗਿਣਤੀ ਵਿਚ ਹਾਂ, ਉਹ ਤਾਂ ਮੁਰਸ਼ਿਦ ਹੈ ਕਾਮਲ, ਉਹ ਤਾਂ ਰਸੂਲ ਹੈ ਧੁਰਾਂ ਦਾ, ਉਹ ਅਵਤਾਰ ਹੈ। ਇਹ ਕਹਿੰਦਿਆਂ ਆਪ ਦੇ ਨੈਣ ਫੇਰ ਭਰ ਆਏ, ਸ਼ੁਕਰ ਤੇ ਉਮਾਹ ਨੇ ਅੱਖਾਂ ਦੇ ਕਚਕੌਲ ਉਂਡੇਲਵੇਂ ਭਰ ਦਿਤੇ, ਪਿਆਰ ਅਥਰੂ ਵਹਿ ਤੁਰੇ। ਫਿਰ ਨੈਣ ਬੰਦ ਹੋ ਗਏ, ਫਿਰ ਕਲਮ ਪਕੜੀ ਗਈ ਤੇ ਕਾਗਜ਼ ਦੇ ਸੀਨੇ ਤੇ ਅਥਰੂ ਕੇਰਨ ਲਗੀ। ਕੁਛ ਚਿਰ ਬਾਦ ਇਹ ਕੁਛ ਲਿਖਿਆ ਗਿਆ :-

ਦੀਨ ਦੁਨੀਆਂ ਦਰ ਕਮੰਦੇ ਆਂ ਪਰੀ ਰੁਖ਼ਸਾਰੇ ਮਾ,
ਹਰ ਦੋ ਆਲਮ ਕੀਮਤੇ ਯਕ ਤਾਰੇ ਮੂਏ ਯਾਰੇ ਮਾ।
ਮਾ ਨਮੇ ਆਰੇਮ ਤਾਬੇ ਗ਼ਮਜ਼ਹਏ ਮਸਤਾਨੇ[1] ਊ,
ਯਕ ਨਿਗਾਹੇ ਜਾਂ ਫ਼ਜ਼ਾਇਸ਼ ਬਸ ਬਵੱਦ ਦਰਕਾਰੇਮਾ।
ਗਾਹੇ ਸੂਫੀ ਗਾਹੇ ਜ਼ਾਹਿਦ ਗਹਿ ਕਲੰਦਰ ਮੇਸ਼ਵੱਦ।
ਰੰਗਹਾਏ ਮੁਖ਼ਤਲਿਫ਼ ਦਾਰਦ ਬੁਤੇ ਅੱਯਾਰੇ ਮਾ।
ਕਦਰੇ ਲਾਅਲੇ ਊ ਬਜੁਜ਼ ਆਸ਼ਿਕ ਨਦਾਨ ਦਹੇ ਚਕਸ,
ਕੀਮਤੇ ਯਾਕੂਤ ਦਾਨਦ ਚਸ਼ਮੇ ਗੌਹਰ ਬਾਰੇ ਮਾ।
ਹਰ ਨਫ਼ਸ ਗੋਯਾ ਬ-ਯਾਦੇ ਨਰਗਸੇ ਮਖ਼ਮੂਰ ਊ,

1. ਇਹ ਦੀਵਾਨ ਗੋਯਾ ਦੀ ੧੪ਵੀਂ ਗ਼ਜ਼ਲ ਹੈ।
2. ਉਪਰਲੀ ਗ਼ਜ਼ਲ ਦਾ ਇਹ ਫ਼ਾਰਸੀ ਦੇ (ਇਕ ਗ਼ਜ਼ਲ ਦੇ ਵਜ਼ਨ ਵਿਚ) ਨੇੜੇ ਤੋਂ ਨੇੜੇ ਰਹਿਕੇ ਤਰਜੁਮਾ ਕੀਤਾ ਗਿਆ ਹੈ।

1. ਪਾਠਾਂਤ੍ਰ-ਮਿਯਗਾਨੇ।

ਬਾਦਹਹਾਏ ਸ਼ੋਕ ਮੇ ਨੋਸ਼ਦ ਦਿਲੇ ਹੁਸ਼ਿਆਰੇ ਮਾ[1]।

ਅਰਥਾਤ :- ਗਜ਼ਲ

ਦੀਨ ਦੁਨੀਆਂ ਬਝ ਰਹੇ ਹਨ ਵਿਚ ਕਮੰਦ ਉਸ ਯਾਰਦੀ,
ਦੋ ਜਹਾਂ ਕੀਮਤ ਜਿਹਦੇ ਇਕ ਕੇਸ ਦੇ ਦੀਦਾਰ ਦੀ।
ਝੱਲੀ ਨ ਜਾਵੇ ਤਾਬ ਸਾਥੋਂ ਨੈਣ ਮਸਤ ਮਟੱਕਿਆਂ,
ਇਕ ਨਿਗ੍ਹਾ ਜਿੰਦ ਪਾਣ ਵਾਲੀ ਬੱਸ ਅਸਾਂ ਦਰਕਾਰਦੀ।
ਕਦੇ ਸੂਫ਼ੀ, ਕਰਮ ਕਾਂਡੀ, ਕਦੇ ਵੇਸ ਕਲੰਦਰੀ,
ਬਹੁਰੰਗ ਸੂਰਤ ਦਿੱਸਦੀ ਮਹਿਬੂਬ ਕੌਤਕਹਾਰ ਦੀ।
ਲਾਅਲ ਮੇਰੇ ਦੀ ਜੁ ਕੀਮਤ ਆਸ਼ਿਕਾਂ ਬਿਨ ਪਾਇ ਕੌਣ?
'ਮੋਤੀ ਵਸਾਣੀ ਅੱਖ' ਮੈਂ ਮਹਿਰਮ ਹੈ ਲਾਲਾਂ ਸਾਰਦੀ।
ਦਮ ਦਮ ਸਮ੍ਹਾਲਾਂ ਹਾਂ ਪਿਆ 'ਨਰਗਸ-ਨਸ਼ੀਲੇ' ਨੈਣ ਓਹ;
ਦਿਲ ਮਿਰਾ ਹੁਸ਼ਿਆਰ ਪੀਂਦਾ ਹੈ ਸ਼ਰਾਬ ਹੁਣ ਪਜਾਰ ਦੀ।[2]

ਕਵਿ ਸ਼ਿਰੋਮਣ ਜੀ ਜਦ ਆਪਣੇ ਪਿਆਰ—ਵਲਵਲੇ ਨੂੰ ਕਾਗਜ਼ ਦੇ ਹਵਾਲੇ ਕਰ ਚੁਕੇ ਤਾਂ ਸੇਵਕ ਨੇ ਫੇਰ ਦਲੇਰੀ ਕੀਤੀ ਤੇ ਪੁੱਛਿਆ : ਆਪ ਨੇ ਹੁਣ ਆਪਣੀ ਮੁਰਾਦ ਪਾ ਲਈ ਹੈ ? ਸ਼ੁਕਰ ਹੈ।

ਨੰਦ ਲਾਲ ਜੀ—ਹਾਂ ਭਾਈ ਮਦਰੱਸੇ ਵਿਚ ਉਸਤਾਦ ਕਾਮਲ ਨੇ ਸਾਰੇ ਅਵਗੁਣ ਮੇਟਕੇ ਦਾਖ਼ਲ ਕਰ ਲਿਆ ਹੈ। ਝੂਠੀ ਵਿਦਜਾ ਸਮੇਂ ਲੈਂਦੀ ਹੈ, ਇਹ ਸੱਚੀ ਵਿਦਜਾ ਬੀ ਸਮਿਆਂ ਦੀ ਹੈ, ਪਰ ਉਸ ਰਮਜ਼ਾਂ ਨਾਲ ਰਾਜ਼ਾਂ ਨੂੰ ਖੁਹਲਣ ਵਾਲੇ ਕਾਰੀਗਰ ਨੇ ਮੇਰੇ ਡੂੰਘੇ ਥਾਂਈਂ ਉਹ ਕੁਝ ਲਖਾ ਦਿੱਤਾ ਹੈ ਤੇ ਓਹ ਨਵੀਆਂ ਰੇਖਾਂ ਪਾ ਦਿਤੀਆਂ ਹਨ ਤੇ ਨਵਾਂ ਨਿਰੋਆਪਨ ਲਾ ਦਿਤਾ ਹੈ ਕਿ ਮੈਂ ਅੱਜ ਬੁੱਢਾ ਆਪਣਾ ਨਵਾਂ ਜਨਮ ਹੋਇਆ ਸਮਝ ਰਿਹਾ ਹਾਂ[3]। ਮਾਤਾ ਦੇ ਗ੍ਰਿਹ ਜਨਮ ਹੋਣ ਤੇ ਤਾਂ ਹਾਲ ਹੈਰਾਨੀ ਪਰੇਸ਼ਾਨੀ ਵਾਲਾ ਹੋਯਾ ਹੋਣਾ ਹੈ, ਜਿਸ ਦਾ ਲੱਛਣ ਰੋਣਾ ਸੀ, ਪਰ ਇਸ ਨਵੇਂ ਜਨਮ ਵਿਚ ਅਸਚਰਜ ਹੈ ਉਮਾਹ ਭਰਿਆ; ਵੈਰਾਗ ਹੈ ਤੇ ਚਾਉ ਵਾਲਾ, ਸ਼ੁਕਰ ਵਾਲਾ, ਸੁਆਦ ਵਾਲਾ ! ਦਿੱਸਣ ਵਾਲੇ ਦੀ ਨਾਪਾਇਦਾਰੀ[4] ਤੇ ਬੇ ਇਅਤਨਾਈ[5] ਤੋਂ ਸਦਮੇ ਖਾ ਕੇ ਉਖੜੀ ਬਿਰਤੀ ਵਾਲਾ ਘਬਰਾ ਭਰਿਆ ਵੈਰਾਗ ਨਹੀਂ ਹੈ। ਹਾਂ ਬੱਚਾ। ਪੈਸੇ ਦੇ ਮੁਕਾਬਲੇ ਤੇ ਮੋਤੀ ਲਾਲ ਲੱਭ ਪੈਣ ਵਾਲਾ ਪੈਸਿਆਂ ਨਾਲ ਵੈਰਾਗ ਹੈ ਤੇ ਮੋਤੀਆਂ ਨਾਲ ਚਾਉ ਹੈ। ਪਰ ਇਸ ਚਾਉ ਵਿਚ ਜਾਂਗਲੀ ਉਮਾਹ ਨਹੀਂ ਹੈ, ਸ਼ੁਕਰ, ਰਸ, ਅਰਦਾਸ ਦੇ ਰੰਗ ਭਰੇ ਪਏ ਹਨ। ਵਾਇ ਬਰ ਇਲਮੇ ਮਾ! ਹਾਂ ਸਾਰੀ ਉਮਰ ਪੜ੍ਹਿਆ, ਪੜ੍ਹਦਿਆਂ ਅੱਧੀ ਸਦੀ ਲੰਘ ਚੁੱਲੀ ਹੈ, ਇਹ ਮੱਧਮ ਵੇਗ ਦਾ ਉੱਚਾ ਪ੍ਰਭਾਵ, ਇਹ ਹੁਸ਼ਿਆਰੀ ਵਿਚ ਖੀਵਾਪਨ, ਇਹ ਲੂੰ ਲੂੰ ਵਿਚ ਟੁਰ ਪਈ ਨਾਮ ਸਿਮਰਨ ਦੀ ਰੌ, ਜੋ ਕਾਦਰੇ ਮੁਤਲਿਕ ਦੀ ਹਜ਼ੂਰੀ ਵਿਚ ਖੜਾ ਕਰ ਰਹੀ ਹੈ ਕਦੇ ਨਹੀਂ ਸੀ ਡਿੱਠੀ, ਵਾਹ ਵਾਹ ਕਾਮਲਾ! ਫਿਰ ਨੈਣ ਭਰ ਆਏ ਤੇ ਗਾਵੇਂ:

ਗੋਯਾ ਖ਼ਬਰ ਅਜ਼ ਯਾਦੇ ਖ਼ੁਦਾ ਯਾਫਤਹ ਏਮ।
ਈਂ ਜਾਮੇ ਲਬਾਲਬ ਅਜ਼ ਕੁਜਾ ਯਾਫ਼ਤਹ ਏਮ?
ਜੁਜ਼ ਤਾਲਬੇ ਹੱਕ ਨਸੀਬੇ ਹਰ ਕਸ ਨ ਬਵੱਦ,
ਕੀਂ ਦੌਲਤੇ ਨਾਯਾਬ ਕਿ ਮਾ ਯਾਫਤਹ ਏਮ[1]।

ਅਰਥਾਤ :-

ਲੱਭ ਗਈ ਹੁਣ ਸਾਨੂੰ ਸਹੀਓ, ਯਾਦਿ ਖ਼ੁਦਾ ਦੀ ਸੋਝੀ,
ਭਰਜਾ ਜਾਮ ਏ ਕਿਥੋਂ ਮਿਲਿਆ, ਦਿਤਾ ਕਿਸ ਹੈ ਚੋਜੀ?
ਸਚ ਦੀ ਤਲਬ ਬਿਨਾ ਏ ਸਹੀਓ ਮਿਲਦਾ ਨਹੀਂ ਕਿਸੇ ਨੂੰ,
ਇਹ ਦੌਲਤ ਦੁਰਲਭ ਹੈ ਮਿਲਣੀ ਦਈ ਜੁ ਦਾਤੇ ਗੋਝੀ।

ਦੇਖ ਭਾਈ ! ਮੈਨੂੰ ਜੋ ਸਾਂਈ ਨੇ ਜ਼ਰ ਦਿੱਤਾ ਸੀ ਉਸ ਵਿਚ ਤੇਰਾ ਭਾਗ ਰਲਿਆ ਸੀ, ਅੰਨ ਪਾਣੀ ਖਰਚ ਖੱਬਲ ਉਸ ਵਿਚੋਂ ਨਿਭਦੇ ਹਨ ਮੇਰੇ ਬੀ ਤੇਰੇ ਬੀ। ਅੱਜ ਮੈਨੂੰ ਸੱਚਾ ਧਨ ਮਿਲਿਆ ਹੈ, ਇਸ ਵਿਚ ਬੀ ਤੇਰਾ ਹਿੱਸਾ ਬਖ਼ਰਾ ਹੋਣਾ ਚਾਹੀਏ। ਚੱਲ ਕੱਲ ਮੈਂ ਤੈਨੂੰ ਬੀ ਦਾਤੇ ਦੇ ਦਰ ਲੈ ਚੱਲਾਂ, ਕੋਈ ਬੁੱਕ ਇਸ ਯਾਦੇ ਇਲਾਹੀ ਦੇ ਆਬੇਹਯਾਤ ਦਾ, ਭਲਾ ਜੇ ਤੈਨੂੰ ਬੀ ਮਿਲ ਪਵੇ, ਤਾਂ ਭਾਗ ਰਲੇ ਰਹਿਣ ਸਾਡੇ।

ਸੇਵਕ(ਨੈਣ ਭਰਕੇ)—ਸੱਚ ਹੈ ਆਗ਼ਾ, ਸੱਚ ਹੈ, ਤੂੰ ਬੜਾ ਦਾਤਾ ਹੈਂ, ਆਕਾਏ ਨਾਮਦਾਰ ਹੈਂ, ਜੁਗਾਂ ਜੀਓ। ਪਰ ਇਕ ਅਰਜ਼ ਹੈ, ਜੇ ਜ਼ਰੇ-ਦੁਨੀਆਂ ਵਿਚ ਹਿੱਸਾ ਰਲਾਇਓ ਈ ਤਾਂ ਆਪ ਮੇਰਾ ਦਾਤਾ ਬਣਕੇ, ਜੇ ਹੁਣ ਯਾਦੇ ਇਲਾਹੀ ਵਿਚ ਹਿੱਸਾ ਪਾਉਂਦੇ ਹੋ ਤਾਂ ਇਹ ਧਨ ਭੀ ਆਪਣੇ ਹੱਥੀਂ ਆਪਣੇ ਕੋਲੋਂ ਦਿਓ। ਓਹ ਧਨ ਅੱਲਾ ਨੇ ਮੈਨੂੰ ਆਪਣੇ ਹੱਥੀਂ ਸਿੱਧਾ ਨਹੀਂ

1. ਦੀਵਾਨ ਗੋਯਾ ਦੀ ਇਹ ਦੂਸਰੀ ਗ਼ਜ਼ਲ ਹੈ।
2. ਗ਼ਜ਼ਲ ਤੇ ਵਜ਼ਨ ਵਿਚ ਹੀ ਇਹ ਅਸਲ ਦੇ ਨੇੜੇ ਤੋਂ ਨੇੜੇ ਰਹਿਣ ਦੇ ਯਤਨ ਵਿਚ ਅਨੁਵਾਦ ਹੈ।
3. ਸਤਿਗੁਰ ਕੈ ਜਨਮੈ ਗਵਨੁ ਮਿਟਾਇਆ।। (ਰਾ:ਮ:੧)
4. ਅਸਾਰਤਾ। 5. ਨਾ ਮੇਹਰਬਾਨੀ।

1. ਇਹ ਭਾਈ ਜੀ ਦੀ ਰੁਬਾਈ ਹੈ, ਜਿਸ ਦਾ ਪੰਜਾਬੀ ਵਿਚ ਤਰਜੁਮਾ ਕਰ ਦਿੱਤਾ ਹੈ।

ਦਿਤਾ ਸੀ, ਇਹ ਧਨ ਬੀ ਉਹ ਤੁਸਾਂ ਦੇ ਹਥੋਂ ਹੀ ਦਿਵਾਵੇ (ਆਕਾਸ਼ ਵਲ ਤੱਕ ਕੇ) ਯਾ ਰੱਬ। ਮੇਰੀ ਅਰਦਾਸ ਸੁਣ !

ਭਾਈ ਨੰਦ ਲਾਲ ਜੀ ਅੱਜ ਅਸਚਰਜ ਦ੍ਰਵਣਤਾ ਵਿਚ ਸਨ, ਭਗਤੀ ਭਾਵ ਦਾ ਰੰਗ ਮਾਣ ਰਹੇ ਸਨ, ਅੰਮ੍ਰਿਤ ਰਸ ਦਾ ਜਾਮ ਲਬਾਲਬ ਡੁਲ੍ਹਦਾ ਡੁਲ੍ਹਦਾ ਲੱਭਾ ਸਾਨੇ, ਪੀ ਰਹੇ ਸਨ ਤੇ ਸਰਸ਼ਾਰ ਹੋ ਰਹੇ ਸਨ। ਦੇਖੋ ਕਿ ਜਦ 'ਹਜ਼ੂਰੀ' ਰੰਗ ਆ ਜਮਾਵੇ ਤਾਂ ਹਰ ਸ਼ੈ ਉਹੋ ਰਮਜ਼ ਮਾਰਦੀ ਹੈ। ਸੇਵਕ ਨੇ ਖ਼ਿਦਮਤਗਾਰ ਨੇ ਜਦ ਆਪਣੀ ਅਰਦਾਸ ਕਹੀ, ਭਾਈ ਸਾਹਿਬ ਦੇ ਲੂੰ ਕੰਡੇ ਹੋ ਗਏ, ਉਸ ਦੇ ਭਗਤੀ ਭਾਵ ਤੇ ਪ੍ਰੇਮ ਦਾ ਕਮਾਲ ਇਕ ਅਚਰਜ ਝਰਨਾਟ ਲਾ ਗਿਆ, ਖਿਆਲ ਨੇ ਕਿਹਾ :— ਦੇਖ ! ਤੂੰ ਆਪਣੇ ਸ਼ੌਕ ਦਾ ਨਾਜ਼ ਨਾ ਕਰ, ਇਲਮ ਤੇ ਨਾ ਫ਼ਖ਼ਰ ਕਰ, ਦੇਖ ਅੱਲਾ ਆਪਣੇ ਪਿਆਰ ਦੇ ਨੂਰ-ਕਿਣਕੇ ਜਦ ਵੰਡਦਾ ਹੈ ਤਾਂ ਨਾ ਸਾਹਿਬ ਦੇਖਦਾ ਹੈ ਨਾ ਚਾਕਰ, ਨਾ ਇਲਮ ਦੇਖਦਾ ਹੈ ਨਾ ਜਿਹਲ, ਨਾ ਗਰੀਬੀ ਤੱਕਦਾ ਹੈ ਨਾ ਅਮੀਰੀ, ਦੇਖੋ, ਇਸ ਅਨਪੜ੍ਹ ਨੂੰ ਪਿਆਰ ਦੀ ਕੇਡੀ ਦਾਤ ਮਿਲੀ ਹੈ; ਮੂਰਖ ਅਨਪੜ੍ਹ ਹੈ ਪਰ ਕੈਸਾ ਨੁਕਤੇ ਤੇ ਖੜਾ ਹੈ।

ਫੇਰ ਬੋਲੇ—ਭਾਈ ਤੇਰੇ ਸਿਦਕ ਦਿਲ ਦੇ ਸਦਕੇ ਹਾਂ, ਪਰ ਇਹ ਰਾਹ ਹੋਰ ਹੈ, ਕੁੰਜੀਆਂ ਦੇ ਮਾਲਕ ਮੈਨੂੰ 'ਅੱਜ ਮਿਲੇ' ਦਾਤਾ ਜੀ ਹਨ, ਮੈਨੂੰ ਦੌਲਤ ਬਖਸ਼ੀ ਹੈ, ਵੰਡਣ ਦਾ ਹੁਕਮ ਅਜੇ ਨਹੀਂ, ਸੋ ਤੈਨੂੰ ਉਥੋਂ ਹੀ ਸਿੱਧੀ ਖ਼ੈਰ ਲੈ ਦਿਆਂਗਾ।

ਸੇਵਕ—ਸ਼ੁਕਰ ਹੈ ਤੁਸਾਨੂੰ ਮਿਲੀ ਹੈ, ਤੁਸਾਂ ਪਾਸ ਆਈ ਹੈ, ਇਹ ਸੱਚੀ ਦੌਲਤ ਆਈ ਹੋਈ ਜਾ ਨਹੀਂ ਸਕਦੀ, ਹੁਣ ਰਹੇਗੀ ਇਹ ਤੁਸਾਂ ਪਾਸ। ਮੈਨੂੰ ਕਾਹਲੀ ਨਹੀਂ, ਜਦੋਂ ਸਹੀ ਤਦੋਂ ਸਹੀ, ਹਾਲੇ ਮੈਨੂੰ ਤੁਸਾਂ ਦੇ ਦਰਸ਼ਨ, ਹੁਣ ਵਾਲੇ ਨੂਰ ਭਰੇ ਦਰਸ਼ਨ ਹੁੰਦੇ ਰਹਿਣ ਤੇ ਇਕ ਰੱਬੀ ਰੰਗ ਵਾਲੇ ਸਰੀਰ ਦੀ ਸੇਵਾ ਹੀ ਮੇਰੇ ਲਈ ਕਾਫੀ ਧਨ ਹੈ। ਮੈਂ ਮੂਰਖ ਨੂੰ, ਕੰਗਾਲ ਨੂੰ ਦੌਲਤ ਮਿਲੇ ਤਾਂ ਜਰ ਨਹੀਂ ਸਕਾਂਗਾ, ਤੁਸੀਂ ਦਾਨੇ ਹੋ ਰੱਖੋ ਸਾਂਭੇ ਤੇ ਮੈਂ ਤੁਸਾਂ ਦੀ ਖ਼ਿਦਮਤ ਵਿਚ ਹੀ ਰੱਬ ਦੀ ਖ਼ਿਦਮਤ ਦੇਖਾਂ। ਅੱਗ ਦੇ ਸੰਗ ਵਾਲੇ ਲੋਹੇ ਗਰਮ ਹੋ ਜਾਂਦੇ ਹਨ, ਤਿਵੇਂ ਖ਼ੁਦਾ ਦੇ ਬੰਦੇ ਉਸੇ ਦੀ ਖ਼ੁਦਾਈ ਨਾਲ ਖ਼ੁਦਾ ਨੁਮਾ ਹੋ ਜਾਂਦੇ ਹੋਣੇ ਹਨ, ਤੁਹਾਡੇ ਦੀਦਾਰ ਖ਼ੁਦਾ ਨਾਲ ਲੱਗ ਕੇ ਖ਼ੁਦਾ-ਨੁਮਾ ਹੋ ਕੇ ਮੈਨੂੰ ਦਿੱਸ ਪੈਣ।.....ਹਾਂ ਜੀ ਹੁਣ ਆਰਾਮ ਕਰੋ।

ਨੰਦ ਲਾਲ ਜੀ—ਤੂੰ ਸਉਂ ਤੇ ਮੈਂ ਅਜੇ ਜਾਗਣਾਂ ਹੈ, ਮੈਂ ਕਿਸੇ ਸੁਆਦ ਵਿਚ ਹਾਂ, ਸੁੱਤਿਆਂ ਮਤਾਂ ਗਾਫ਼ਲੀ ਆ ਕੇ ਛਲ ਜਾਵੇ।

### ੬.

**ਜੀਵਨ** ਦੀ ਮੁਰਾਦ[1] ਪਾ ਕੇ ਜੀਵਨ ਤਲਬ[2] ਨਿਵਾਰ ਕੇ, ਜੀਵਨ ਪਦ[3] ਤੇ ਅੱਪੜ ਕੇ ਨੰਦ ਲਾਲ ਜੀ ਆਪਣੇ ਰੰਗਾਂ ਵਿਚ ਖੁਸ਼ ਹਨ ਤੇ ਆਨੰਦਪੁਰ ਵਿਚ ਆਨੰਦ ਲੈ ਰਹੇ ਹਨ। ਸਤਿਗੁਰਾਂ ਦੀ ਹਜ਼ੂਰੀ ਨਸੀਬ ਹੈ, ਤੇ ਦਿਲ ਵਿਚ ਹਜ਼ੂਰੀ ਦਾ ਸਬਕ ਹੁਣ ਸਦਾ ਜਾਰੀ ਰਹਿੰਦਾ ਹੈ, ਨੈਣਾਂ ਵਿਚ ਹਜ਼ੂਰੀ ਦਿੱਸਦੀ ਹੈ ਤੇ ਉਹਲੇ ਨਹੀਂ ਹੁੰਦੀ। ਸਮਾਂ ਲੰਘਦਾ ਗਿਆ ਤੇ ਆਨੰਦ ਵਧਦਾ ਗਿਆ, ਅੰਮ੍ਰਿਤ ਵੇਲੇ ਤੇ ਸੰਧਿਆ ਵੇਲੇ ਦੇ ਸਤਿਸੰਗ ਵਿਚ ਸਤਿਗੁਰ ਦੇ ਦਰਸ਼ਨ ਤੇ ਕੀਰਤਨ ਦਾ ਰੰਗ ਸੁਖਾਂ ਦੇ ਪੰਘੂੜੇ ਝੁਟਾਉਂਦਾ ਰਿਹਾ। ਸਤਿਗੁਰਾਂ ਦੇ ਚਰਨਾਂ ਦਾ ਪ੍ਰੇਮ ਵਧਦਾ ਗਿਆ; ਨਿਕਟ ਵਰਤੀ ਹੋਣ ਕਰਕੇ ਸਤਿਗੁਰ ਦੇ ਹਰ ਹਾਲ ਦੇ ਵਾਕਫ ਹੋ ਗਏ। ਜਿਉਂ ਜਿਉਂ ਨੇੜੇ ਹੋ ਕੇ ਡਿੱਠਾ ਤਿਉਂ ਤਿਉਂ ਸਤਿਗੁਰ ਦੇ ਕਮਾਲ ਤੇ ਰੂਹਾਨੀਅਤ ਦਾ ਰਾਜ਼ ਖੁੱਲ੍ਹਦਾ ਗਿਆ। ਅੰਤ ਭਾਈ ਜੀ ਨੇ ਜੋ ਕੁਛ ਅੰਦਰਲੀਆਂ ਅੱਖਾਂ ਨਾਲ ਡਿਠਾ ਸੀ ਇਨਸਾਨੀ ਤਜਰਬੇ ਨਾਲ ਬੀ ਦੇਖ ਲਿਆ ਕਿ ਸਤਿਗੁਰ ਇਲਾਹੀ ਜੋਤਿ ਹੈ। ਸਤਿਗੁਰ ਦੇ ਪ੍ਰੇਮੀ ਤੇ ਧਿਆਨੀ ਭਾਈ ਜੀ ਹੁਣ ਸਤਿਗੁਰ ਜੀ ਤੋਂ ਭਾਈ ਜੀ ਕਰਕੇ ਕੁਆਏ ਜਾਂਦੇ ਸਨ ਤੇ ਮਿਹਰਾਂ ਹੁੰਦੀਆਂ ਰਹਿੰਦੀਆਂ ਸਨ ਨਿਤ ਨਵੀਆਂ। ਅੰਮ੍ਰਿਤ ਵੇਲੇ ਦਾ ਜਾਗਣਾ ਭਾਈ ਜੀ ਨੇ ਸਤਿਗੁਰ ਜੀ ਦੇ ਇਕ ਪ੍ਰੇਮ ਭਰੇ ਸਰੂਪ ਵਰਣਨ ਵਿਚ ਦਰਸਾਇਆ ਹੈ ਕਿ ਮਿਹਰ ਹੋ ਜਾਣ ਦੇ ਦਿਨ ਤੋਂ ਆਪ ਨੇ ਅੰਮ੍ਰਿਤ ਵੇਲੇ ਦਾ ਜਾਗਣਾ ਆਪਣਾ ਸੁਭਾਵ ਹੀ ਬਣਾ ਲਿਆ ਸੀ :

ਐ ਜ਼ੁਲਫ਼ੇ ਅੰਬਰੀਨੇ ਤੋ ਗੋਯਾ ਨਕਾਬੇ ਸੁਬਹ਼।
ਪਿਨਹਾਂ ਚੁੰ ਜ਼ੇਰੇ ਅਬਰੇ ਸਿਯਾਹ ਆਫ਼ਤਾਬੇ ਸੁਬਹ਼;
ਬੇਰੂੰ ਬਰਾਂਮਦ ਆ ਮਹੇ ਮਨ ਜ਼ਿ ਖ਼੍ਵਾਬੇ ਨਾਜ਼,
ਸਦ ਤਾਅਨਾ ਮੇ ਜ਼ਨੰਦ ਬਰੁਖ਼ੇ ਅਫ਼ਤਾਬੇ ਸੁਬਹ਼।
ਬਾ ਦੀਦਹ ਖ਼੍ਵਾਬਨਾਕ ਚੂੰ ਬੇਰੂੰ ਬਰ ਆਮਦੀ,

---

1. ਨਾਮ ਸਿਮਰਨ ਦੀ ਦਾਤ। 2. ਮਾਇਕ ਜ਼ਿੰਦਗੀ ਦੀ ਇੱਛਾ। 3. ਅਸਲ ਆਤਮਕ ਜੀਵਨ।

ਸ਼ਰਮਿੰਦਹ ਗਸ਼ਤ ਅਜ਼ ਰੁਖੇ ਤੋ ਆਫ਼ਤਾਬੇ ਸੁਬਹ਼।
ਅਜ਼ ਮਕ਼ਦਮੇ ਸ਼ਰੀਫ ਜਹਾਂ ਰਾ ਦਿਹਦ ਫ਼ਿਰੋਗ!
ਚੂੰਬਰ ਕਸ਼ੱਦ ਨਕਾਬ ਜ਼ਿ ਰੁਖ਼ੇ ਆਫ਼ਤਾਬੇ ਸੁਬਹ਼।
ਬੇਦਾਰੀ ਅਸਤ ਜ਼ਿੰਦਗੀਏ ਸਾਹ਼ਿਬਾਨੇ ਸ਼ੌਕ
ਗੋਯਾ ਹਰਾਮ ਕਰਦਮ ਅਜ਼ ਆਇੰਦਹ ਖ਼ੁਬੇ ਸੁਬਹ਼।

ਅਰਥਾਤ :-

ਚਿਹਰੇ ਜੁ ਕੇਸ ਕਾਲੇ ਤੁਹਾਡੇ ਤੇ ਛਾ ਰਹੇ ਹਨ,
ਸਵੇਰਾਂ ਦੇ ਮੂੰਹ ਉਤੇ ਘੁੰਡ ਮਾਨੋਂ ਆ ਰਹੇ ਹਨ।
ਯਾ ਕਿ ਉ 'ਬਾਲ ਸੂਰਜ' ਸਵੇਰੇ ਜੁ ਚੜ੍ਹ ਰਿਹਾ ਸੀ,
ਖੱਦਲ ਹੁਣ ਆ ਕੇ ਕਾਲੇ ਉਸ ਨੂੰ ਲੁਕਾ ਰਹੇ ਹਨ।
ਕਰਕੇ ਉ ਨੀਂਦ ਸੁਹਣੀ, ਲਾਡਾਂ ਲਡਾਣ ਵਾਲੀ,
ਬਾਹਰ ਆ ਚੰਦ ਮੇਰੇ ਹੁਣ ਮੁਸਕਰਾ ਰਹੇ ਹਨ।
ਸੂਰਜ ਜੀ ਚੜ੍ਹ ਰਹੇ ਹਨ ਉਹਨਾਂ ਦੀ ਵੱਲ ਤੱਕ ਕੇ
ਪਰਭਾਤ ਜੀ ਸੌ ਤਾਅਨੇ ਸੂਰਜ ਨੂੰ ਲਾ ਰਹੇ ਹਨ।
ਨੀਂਦਰ ਖੁਮਾਰ ਭਰੀਆਂ ਅੱਖਾਂ ਜੋ ਨਾਲ ਆਏ,
ਸੂਹਜ ਸਵੇਰ ਵਾਲੇ ਮੁਖ ਤਕ ਲਜਾ ਰਹੇ ਹਨ।
ਅੰਮ੍ਰਿਤ ਸਮੇਂ ਜਾਂ ਸੂਰਜ ਚਿਹਰੇ ਤੋਂ ਘੁੰਡ ਚਾਵੇ,
ਰੌਸ਼ਨ ਕਰੇ ਹੈ ਜਗ ਨੂੰ, ਸਤਿਗੁਰ ਜੀ ਆ ਰਹੇ ਹਨ।
'ਜਾਗਣ' ਨੂੰ ਜਿੰਦ ਜਾਣਨ ਸ਼ੌਕਾਂ ਜੁ ਵਾਲੜੇ ਹਨ,
'ਗੋਯਾ ਜੀ' ਤਾਹੀਂ ਸਹੀਓ ਉੱਚੀ ਸੁਣਾ ਰਹੇ ਹਨ-
ਅਜ ਤੋਂ ਹਰਾਮ ਕੀਤੀ ਨੀਂਦਰ ਸਵੇਰ ਵਾਲੀ
ਨੀਂਦਰ ਸਵੇਰ ਵਾਲੀ ਸਹੀਓ ਲੁਟਾ ਰਹੇ ਹਨ[1]।

ਇਸ ਤਰ੍ਹਾਂ ਗੁਰੂ ਜੀ ਦੇ ਪਿਆਰ ਪ੍ਰੋਤਿਆਂ ਸਮਾਂ ਲੰਘਦਾ ਰਿਹਾ, ਭਾਈ ਜੀ ਸਤਿਗੁਰਾਂ ਦੇ ਧਿਆਨ ਮਸਤ ਤੇ ਸਾਂਈ ਦੇ ਨਾਮ ਮਸਤ ਰੰਗ ਰਤੜੇ ਸੁਖੀ ਦਿਨ ਬ਼ਿਤਾਉਂਦੇ ਰਹੇ ਤੇ ਕਦੇ ਪ੍ਰੇਮ ਵਿਚ ਆਇਆਂ ਜਦੋਂ ਤਬੀਅਤ 'ਗੋਯਾ' ਹੁੰਦੀ, ਅਰਥਾਤ ਕਹਿਣ ਵਲ ਰੁਖ਼ ਕਰਦੀ, ਤਾਂ ਕੁਛ ਲਿਖਦੇ। ਕਵਿਤਾ ਦੀ ਸਫੁਰਣਤਾ ਦਰਸ਼ਨਾਂ ਦੀ ਅਗਨੀ ਨੇ ਮਚਾਈ ਜਾਪਦੀ ਹੈ, 'ਨੈਣ ਦਿਦਾਰਿਆਂ' ਵਿਚ ਮਸਤ ਭਾਈ ਜੀ ਨੇ ਇਕ ਦਿਨ ਗ਼ਜ਼ਲ ਆਖੀ:-[2]

ਮੇ ਖ਼ੁਰੱਦ ਦੀਨੋ ਦਿਲਮ ਈਂ ਚਸ਼ਮੇਂ ਸ਼ੋਖ਼,
ਮੇ ਕਸ਼ਦ ਅਜ਼ ਚਾਹੇ ਗ਼ਮ ਈਂ ਚਸ਼ਮੇ ਸ਼ੋਖ਼।
ਕਾਕੁਲੇ ਓ ਫ਼ਿਤਨਹਜ਼ਨ ਈਂ ਆਲਮ ਅਸਤ,
ਰੌਨਕੇ ਬਖ਼ਸ਼ੇ ਜਹਾਂ ਈ ਚਸ਼ਮੇ ਸ਼ੋਖ।
ਖ਼ਾਕੇ ਪਾਯਸ਼ ਰੌਸ਼ਨੀ-ਦਿਹ ਦਿਲ ਬਵੱਦ,
ਹਾਦੀਏ ਰਾਹੇ ਖ਼ੁਦਾ ਈਂ ਚਸ਼ਮੇ ਸ਼ੋਖ਼!
ਕੈ ਕੁਨਦ ਓ ਸੂਏ ਗੁਲ ਨਰਗਸ ਨਿਗਾਹ,
ਹਰਚਿਹ ਦੀਦਹ ਲੱਜ਼ਤੇ ਆਂ ਚਸ਼ਮੇ ਸ਼ੋਖ਼।
ਹਰ ਕਿਰਾ 'ਗੋਇਆ' ਗ਼ੁਬਾਰੇ ਦਿਲ ਬਿਸ਼ੁਸਤ,
ਆਂ ਕਿ ਦੀਦਹ ਯਕ ਨਿਗਾਹੇ ਚਸ਼ਮੇ ਸ਼ੋਖ਼ !

ਅਰਥਾਤ :-

ਦੀਨ ਦਿਲ ਹੈ ਲੈ ਗਈ ਇਹ ਅੱਖ ਸ਼ੋਖ਼,
ਗ਼ਮ ਦੇ ਖ਼ੂਹੋਂ ਖਿੱਚ ਰਹੀ ਇਹ ਅੱਖ ਸ਼ੋਖ਼ !
ਜ਼ੁਲਫ਼ ਪਜਾਰੇ ਦੀ ਨੇ ਜਗ ਨੂੰ ਮੋਹ ਲਿਆ,
ਦੇ ਰਹੀ ਰੌਣਕ ਹਈ ਇਹ ਅੱਖ ਸ਼ੋਖ਼!
ਧੂੜ ਚਰਨਾਂ ਦੀ ਨੇ ਦਿਲ ਰੁਸ਼ਨਾਇਆ,
'ਰਾਹਿ-ਰਬ' ਹਾਦੀ ਭਈ ਇਹ ਅੱਖ ਸ਼ੋਖ਼।
ਨਰਗਸੀ ਫੂਲ ਗਥਰ ਉਹ ਨਹੀਂ ਲਜਾਂਵਦਾ,
ਸੁਆਦ ਜਿਸ ਲੈ ਲਜਾ ਬਈ ਇਸ ਅੱਖ ਸ਼ੋਖ।
ਗਰਦ ਦਿਲ ਦੀ ਧੋ ਲਈ ਹੈ ਓਸਨੇ
ਦੇਖ ਜਿਸ ਇਕ ਵਾਰ ਲਈ ਇਹ ਅੱਖ ਸ਼ੋਖ਼।

ਭਾਈ ਸਾਹਿਬ ਹੁਣ ਇਤਨੇ ਪ੍ਰੇਮ ਵਿਚ ਸਨ ਕਿ ਸਿਵਾ ਸਤਿਗੁਰਾਂ ਦੇ ਦੀਦਾਰ ਦੇ ਉਹਨਾਂ ਨੂੰ ਹਰ ਪਾਸੇ, ਹਰ ਰੰਗ, ਹਰ ਹਾਲ ਵਿਚ ਹੋਰ ਕੁਛ ਨਹੀਂ ਸੀ ਦਿੱਸਦਾ। ਸੂਰੇ ਸਤਿਗੁਰ ਨੂੰ ਪਰ ਹੋਰ ਤਰ੍ਹਾਂ ਭਾ ਰਹੀ ਸੀ। ਓਹ ਬੇਪਰਵਾਹ ਪਰ ਸਿਖਾਂ ਨੂੰ ਤਾਰਨ ਵਾਲੇ, ਜਗਿਆਸੂ ਰੂਪੀ ਨਰਦਾਂ ਨੂੰ ਪੁਗਾਉਣ ਵਾਲੇ ਚਾਹੁੰਦੇ ਸਨ ਕਿ ਭਾਈ ਜੀ ਹੁਣ ਕੁਛ ਵਿੱਥ ਤੇ ਹੋ ਜਾਣ। ਤੇਰੇ ਚੋਜ ਤੂੰਹੋਂ ਜਾਣੇਂ। ਜਗਤ ਐਡੇ ਡਾਢੇ ਪ੍ਰੇਮੀ ਸੇਵਕ ਨੂੰ ਪਾਕੇ ਇਕ ਪਲ ਨਾ ਵਿਛੋੜੇ, ਸਾਰਾ ਸਦਕੜੇ ਹੋ ਜਾਵੇ, ਪਰ ਆਪੇ ਤੋਂ ਹਰ ਤਰ੍ਹਾਂ ਬੇਪਰਵਾਹ ਬੇਨਿਆਜ਼ ਤੇ ਬੇਲੋੜ ਦਾਨਾ ਲੜ ਲੱਗਿਆਂ ਨੂੰ ਸੁਹਣੀਆਂ ਤਰਕੀਬਾਂ ਨਾਲ ਤਾਰਨ ਵਾਲਾ, ਸਿੱਖਾਂ ਦੇ ਭਲੇ ਵਿਚ ਵਸਦਾ ਹੈ ਤੇ ਉਹਨਾਂ ਦੇ ਭਲੇ ਦੀ ਲੋਚਦਾ ਹੈ। ਇਕ ਦਿਨ ਗੁਰੂ ਜੀ ਭਾਈ ਜੀ ਨੂੰ ਆਖਣ ਲਗੇ :- "ਪਰਵਾਣ ਗ੍ਰਿਹਸਤ ਉਦਾਸ ਹੈ, ਤੁਸੀਂ ਤਿਆਗ ਵਿਚ ਘਰੋਂ ਆਏ ਹੋ, ਜਗਤ ਵਿਚ ਫਿਰ ਜਾਓ, ਕੰਮ ਕਰੋ, ਉਲਝਣਾਂ ਵਿਚ ਪਓ ਫੇਰ ਤੇ ਫੇਰ ਸੁਰਤ ਸੁਲਝੀ ਰਹੇ, ਐਸਾ

1. ਇਹ ਭਾਈ ਸਾਹਿਬ ਜੀ ਦੀ ੧੭ਵੀਂ ਗਜ਼ਲ ਦਾ ਇਕ ਗਜ਼ਲ ਦੇ ਬਹਿਰ ਵਿਚ ਤਰਜਮਾ ਹੈ, ਜਿਸ ਗ਼ਜ਼ਲ ਦਾ ਵਜ਼ਨ ਤੰਗ ਹੋਣ ਕਰਕੇ ਕਈ ਥਾਂ ਦੋ ਦੋ ਸ਼ਿਅਰਾਂ ਵਿਚ ਭਾਵ ਆਯਾ ਹੈ ਤੇ ਕੁਛ ਲਫ਼ਜ਼ ਭਾਵ ਨਾਲ ਸਾਰਥਕ ਵਾਧੂ ਆਏ ਹਨ।

2. ਇਹ ੧੯ਵੀ ਗਜ਼ਲ ਹੈ, ਤਰਜੁਮਾ ਫ਼ਾਰਸੀ ਗਜ਼ਲ ਦੇ ਖ਼ਹਿਰ ਵਿਚ ਹੀ ਪੰਜਾਬੀ ਵਿਚ ਕੀਤਾ ਗਿਆ ਹੈ।

ਹੁਣ ਅਭਿਆਸ ਕਰਨਾ ਲੋੜੀਂਦਾ ਹੈ।"

ਭਾਈ ਜੀ--ਦਾਤਾ ! ਵਿਛੁੜਨਾ ਮੌਤ ਹੈ, ਕਿਵ ਜੀਵਸਾਂ ਦੂਰ ਰਹਿਕੇ ?

ਗੁਰੂ ਜੀ--ਜਿਵੇਂ ਗੁਰੂ ਬਾਬਾ ਜੀ ਨੇ ਦੱਸਿਆ ਹੈ, 'ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।।' ਯਾਦ ਜਿਵਾਲਦੀ ਹੈ, ਯਾਦ ਪਾਲਦੀ ਹੈ, ਨਾਮ ਜੀਵਨ ਹੈ, ਯਾਦ ਜ਼ਿੰਦਗੀ ਹੈ, ਸਿਮਰਨ ਮੇਲ ਹੈ, ਸਿਮਰਨ ਵਿਚ ਵੱਸਣਾ ਵਿਛੁੜਨ ਨਹੀਂ ਹੈ।

ਮਨ ਨਾਲ ਮਨ ਤੇ ਸੁਰਤ ਨਾਲ ਸੁਰਤ ਮੇਲ ਚੁਕੇ ਪਿਆਰ-ਪੁਤਲੇ, ਆਗਜਾ ਵਿਚ ਜੀਉਣ ਵਾਲੇ ਟੁਰ ਪਏ ਤੇ ਟੁਰੀ ਗਏ। ਸੁਰ ਹੋਈਆਂ ਤਰਬਾਂ ਨੂੰ ਥਰਕਾਵਨਹਾਰ ਕੋਈ ਹੋਰ ਹੁੰਦੀ ਹੈ ਤਾਰ, ਓਸ ਤਾਰ ਦੇ ਥਰਕਾਵਨ ਨਾਲ ਥਰਕਦੇ ਆਪ ਆਨੰਦਪੁਰ ਤੋਂ ਟੁਰੇ। ਆਪਣੇ ਕਦਮਾਂ ਨੂੰ ਤੱਕਦੇ ਹਨ ਕਿ ਕਿੱਧਰ ਲੈ ਜਾਂਦੇ ਹਨ। ਲੈ ਗਏ ਕਦਮ ਆਗਰੇ। ਭਾਗਾਂ ਦੀ ਡੋਰ ਜਿਸ ਵਾਹਿਗੁਰੂ ਦੇ ਹੱਥ ਹੈ, ਹੁਣ ਉਸ ਨਾਲ ਜਿੰਦ ਇਕ ਹੋ ਰਹੀ ਹੈ, ਉਹ ਕੌਤਕਹਾਰ ਲੈ ਗਿਆ ਤੇ ਢੋ ਢੁਕਾ ਦਿੱਤਾ ਆਪੇ। ਸ਼ਹਿਨਸਾਹ ਦੇ ਬੇਟੇ ਟਿੱਕਾ ਸ਼ਾਹਜ਼ਾਦਾ ਮੁਅੱਜ਼ਮ ਦੇ ਮੀਰ ਮੁਨਸ਼ੀ ਬਣ ਗਏ। ਕਿੱਥੇ ਗ਼ਜ਼ਨੀ ਦੇ ਮਕਤਬ ਤੇ ਬੇਪਰਵਾਹ ਜੀਵਨ, ਕਿੱਥੇ ਸਭ ਪਿਆਰਿਆਂ ਦੇ ਵਿਛੋੜੇ ਤੇ ਇਕੱਲੇ, ਕਿੱਥੇ ਆਪਣੇ ਦੇਸ਼ ਵਿਚ ਜੋ ਜਨਮ ਭੂਮੀ ਨਾ ਹੋਣ ਕਰਕੇ ਪਰਦੇਸ਼ ਨਾਲੋਂ ਓਪਰਾ ਹੈ, ਇਕੱਲਿਆਂ ਆਕੇ ਟਿਕਣਾ। ਵਾਹਵਾ ਇਕੱਲ ! ਫੇਰ ਗ੍ਰਿਹਸਤ, ਕੰਮ, ਸ਼ੋਭਾ, ਮਾਨ, ਇੱਜ਼ਤ, ਬੱਚੇ, ਪਰਵਾਰ ਸੁਖ। ਫਿਰ ਕਿੱਥੇ ਸਭ ਤੋਂ ਵੈਰਾਗ ਫੇਰ ਇਕੱਲ। ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਚ ਟੁੱਭੇ ਤੇ ਫੇਰ ਆਨੰਦਪੁਰ ਪ੍ਰੀਤਮ ਦੇ ਦੇਸ਼ ਤੇ ਆਪੇ ਪਾਈ ਆਪਣੀ ਰੋਕ ਦੀ ਕੈਦ, ਪ੍ਰੇਮ ਤੇ ਪ੍ਰੇਮ ਦੇ ਤਲੁੱਕੇ। ਹਾਂ ਫੇਰ ਦਰਸ਼ਨ, ਮਿਹਰਾਂ, ਪਿਰਮ ਰਸਾਂ ਦੇ ਪਿਆਲੇ, 'ਲਬਾਲਬ ਕੁਨੋ ਦਮ ਬਦਮ ਨੌਸ਼ਕੁਨ, ਗ਼ਮੇ ਹਰ ਦੋ ਆਲਮ ਫ਼ਰਾਮੋਸ਼ ਕੁਨ[1] ਵਾਲੀ ਅਵਸਥਾ। ਜੀਉਂਦਿਆਂ ਮੁਕਤੀ, ਜੀਵਨ ਮੁਕਤੀ ਦਾ ਰਸ, ਪ੍ਰੇਮ ਭਰੀ ਮੁਕਤੀ ਦਾ ਰਸ, ਨਾ ਪਤਾ ਦੁਨੀਆਂ ਕਿੱਥੇ ਹੈ, ਗ਼ਮ ਕਿੱਥੇ ਹੈ; ਭਾਈ ਜੀ ਹਨ, ਪ੍ਰੀਤਮ ਜੀ ਹਨ ਤੇ ਪ੍ਰੇਮ ਦੀਆਂ ਪੀਂਘਾਂ ਤੇ ਸੁਰਤ ਹੁਲਾਰੇ ਹਨ। ਆਪੇ ਦੇ ਆਪਣੇ ਨਿਖਰੇ ਰੰਗ ਹਨ ਤੇ ਆਪੇ ਦੇ ਸਾਂਈਂ ਦੇ ਰੰਗ ਵਿਚ ਗ਼ੋਤੇ ਤੇ ਟੁੱਭੇ ਹਨ। ਇਥੋਂ ਦੇਖੋ ਕਿਵੇਂ ਸੋਝੀਆਂ ਵਾਲੇ ਨੇ ਆਪਣੇ ਤੋਂ ਨਿਖੇੜਕੇ ਕਿਸੇ ਹੋਰ ਭਲੇ ਲਈ ਪਿਆਰੇ ਨੂੰ ਜਗਤ ਦੀ ਅਗਨੀ ਵਿਚ ਟੋਰ ਦਿੱਤਾ ਹੈ ਤੇ ਕੰਮੀਂ ਪਾ ਦਿਤਾ ਹੈ। ਠੀਕ ਹੈ, ਘੁਮਿਆਰ ਜਦ ਟਿੰਡ ਘੜਦਾ ਹੈ ਤਾਂ ਥਾਪੀਆਂ ਮਾਰਕੇ, ਪਰ ਥਾਪੀਆਂ ਦੀ ਮਾਰ ਤਾਂ ਸਹਿ ਹੁੰਦੀ ਹੈ ਜੇ ਦੂਜਾ ਹੱਥ ਘੁਮਿਆਰ ਟਿੰਡ ਦੇ ਅੰਦਰ ਦਿੰਦਾ ਹੈ ਤਾਂ। ਹਾਂ ਉਹ ਅੰਦਰੋਂ ਦਿੱਤਾ ਹੱਥ, ਸਾਰੀਆਂ ਥਾਪੀਆਂ ਦਾ ਆਸਰਾ ਹੈ। ਵਰ੍ਹਾ ਕੁ ਦਿਨ ਆਨੰਦਪੁਰ ਦਾ ਆਨੰਦ ਲੈ ਕੇ ਹੁਣ ਬਿਰਹੋਂ ਵਿਚ ਪਿਆਰੇ ਦੇ ਵਸਲ ਦਾ ਅੰਤਰ ਆਤਮੇ ਰਸ ਲੈਣ ਪਰਦੇਸ਼ ਆਏ ਹਨ। ਇਹ ਸਮਾਂ ਕੁਛ ਲੰਮਾ ਹੈ। ਕਈ ਸਾਲ ਏਸ ਤਰ੍ਹਾਂ ਬੀਤੇ ਹਨ। ਵਿਚੋਂ ਵਿਚੋਂ ਆਗਜਾ ਪਾ ਕੇ ਆਪ ਸਾਹਿਬਾਂ ਦੇ ਦਰਸ਼ਨ ਨੂੰ ਆਨੰਦਪੁਰ ਜਾਂਦੇ ਰਹੇ ਹਨ, ਨਿਹਾਲ ਹੁੰਦੇ, ਰਮ ਰੰਗ ਮਾਣਦੇ ਰਹੇ ਹਨ। ਆਗਜਾ ਹੋਣ ਤੇ ਮੁਲਤਾਨ ਬੀ ਫੇਰਾ ਕਰਦੇ ਰਹੇ ਹਨ ਪਰਵਾਰ ਨੂੰ ਬੀ ਮਿਲਦੇ ਰਹੇ ਹਨ। ਆਪ ਦੀ ਅੰਤ੍ਰੀਵ ਅਵਸਥਾ ਚੜ੍ਹਦੀ ਰਹੀ ਹੈ, ਉਹਨਾਂ ਦੀ ਆਪਣੀ ਰਚਨਾ ਤੋਂ ਇਨ੍ਹਾਂ ਆਤਮਕ, ਉਚਿਆਈਆਂ ਦੇ ਸਾਫ ਪਤੇ ਲਗਦੇ ਹਨ।

੭.

**ਆਗਰੇ** ਦੇ ਜੀਵਨ ਦੇ ਵਿਸ਼ੇਸ਼ ਹਾਲਾਤ ਨਹੀਂ ਮਿਲਦੇ ਸਿਵਾ ਇਕ ਦੁੰਹ ਦੇ। ਪਾਤਸ਼ਾਹ ਔਰੰਗਜ਼ੇਬ ਨੂੰ ਕਿਸੇ ਅਰਬੀ ਸ਼ੈ ਦੇ ਤਰਜਮੇ ਵਿਚ ਆਲਮਾਂ ਦੇ ਕੀਤੇ ਤਰਜਮੇ ਨਾਲ ਨਿਸ਼ਾ ਨਾ ਹੋਈ। ਸ਼ਾਹਜ਼ਾਦੇ ਮੁਅੱਜ਼ਮ ਨੇ ਕਿਹਾ ਕਿ ਇਸ ਦਾ ਉਤਾਰਾ ਮੈਨੂੰ ਦਿਓ, ਮੈਂ ਕੁਛ ਵਕਤ ਵਿਚ ਇਸ ਪਰ ਸ਼ਾਯਦ ਚੰਗੀ ਰੌਸ਼ਨੀ ਪਾ ਸਕਾਂ। ਸ਼ਾਹਜ਼ਾਦੇ ਨੂੰ ਆਪਣੇ ਮੀਰ ਮੁਨਸ਼ੀ ਦੀ ਲਿਆਕਤ ਤੇ ਬੜਾ ਭਰੋਸਾ ਤੇ ਮਾਣ ਸੀ, ਸੋ ਉਹ ਘਰ ਲੈ ਆਇਆ ਤੇ ਗੁੰਝਲ ਦੇ ਦਿੱਤੀ ਮੀਰ ਮੁਨਸ਼ੀ ਨੂੰ। ਮੀਰ ਮੁਨਸ਼ੀ ਨੇ ਉਹ ਸਾਂਈਂ ਦੀ ਬਖ਼ਸ਼ੀ ਰੌਸ਼ਨ ਜ਼ਮੀਰੀ ਨਾਲ ਹੱਲ ਕਰ ਲਈ। ਜਦੋਂ ਸ਼ਾਹਜ਼ਾਦੇ ਨੇ ਉਹ ਹੱਲ ਪਿਤਾ ਦੇ ਪੇਸ਼ ਕੀਤਾ ਤਾਂ ਉਸ ਦੀ ਤਸੱਲੀ ਹੋ ਗਈ ਕਿ ਇਹ ਠੀਕ ਹੈ ਅਰ ਦਰੁਸਤ ਹੈ, ਪਰ ਪਾਤਸ਼ਾਹ ਨੂੰ ਹੈਰਾਨੀ ਹੋਈ, ਕਿ ਇਤਨੀ ਅੱਛੀ ਵਿਆਖਯਾ ਸ਼ਾਹਜ਼ਾਦੇ ਦੀ ਇਲਮੀ ਲਿਆਕਤ ਤੋਂ ਬਹੁਤ ਉਚੇਰੀ ਹੈ। ਉਸਨੇ ਪੁੱਛਿਆ ਕਿ ਇਹ ਗਿਰਹ ਤੁਸਾਂ ਆਪ ਖੁਹਲੀ ਹੈ

1. ਇਸ ਦਾ ਅਰਥ ਹੈ : ਲਬਾ ਲਬ ਭਰੋ ਤੇ ਪੀਓ ਦਮ ਬਦਮ ਭੁਲਾ ਹੀ ਦਿਓ ਦੋ ਜਹਾਨਾਂ ਦਾ ਗ਼ਮ। ਨਾਮ ਰਸ ਤੋਂ ਭਾਵ ਹੈ।

ਕਿ ਕਿਸੇ ਦੀ ਮਦਦ ਲਈ ਹੈ ? ਸ਼ਾਹਜ਼ਾਦੇ ਨੇ ਵਲਾ ਨਾ ਕੀਤਾ ਤੇ ਸੱਚ ਸੱਚ ਕਹਿ ਦਿਤਾ। ਔਰੰਗਜ਼ੇਬ ਨੇ ਮੀਰਮੁਨਸ਼ੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ।

ਅਗਲੇ ਦਿਨ ਪਾਤਸ਼ਾਹ ਦੀ ਕਚਹਿਰੀ ਵਿਚ ਭਾਈ ਸਾਹਿਬ ਹਾਜ਼ਰ ਹੋਏ। ਉਸ ਵੇਲੇ ਪਹਿਲਾਂ ਉਸ ਮੁਸ਼ਕਲ ਦੀ ਹੱਲ ਦਾ[1] ਭਾਈ ਸਾਹਿਬ ਜੀ ਨਾਲ ਜ਼ਿਕਰ ਛਿੜਿਆ। ਜਿਸ ਵੇਲੇ ਆਪ ਨੇ ਉਸ ਦੇ ਸਾਰੇ ਪਹਿਲੂ ਖੁਹਲੇ ਤਾਂ ਉਨ੍ਹਾਂ ਦੀ ਅਰਬੀ ਫ਼ਾਰਸੀ ਦੀ ਇਲਮੀਯਤ, ਮੁਆਮਲਾ ਫਹਿਮੀ ਤੇ ਨੁਕਤਾਰਸੀ ਤੱਕ ਤੱਕ ਕੇ ਔਰੰਗਜ਼ੇਬ ਹੈਰਾਨ ਰਹਿ ਗਿਆ, ੫੦੦ ਆਪ ਨੂੰ ਇਨਾਮ ਮਿਲਿਆ[2] ਤੇ ਸਨਮਾਨ ਨਾਲ ਰੁਖ਼ਸਤ ਕੀਤੇ ਗਏ। ਪਰੰਤੂ ਇਹ ਇਨਾਮ ਵਿਹੁਲੀ ਕਦਰਦਾਨੀ ਸੀ। ਆਪ ਦੇ ਦਰਬਾਰ ਵਿਚੋਂ ਉੱਠ ਆਉਣ ਮਗਰੋਂ ਔਰੰਗਜ਼ੇਬ ਨੇ ਸ਼ਾਹਜ਼ਾਦੇ ਨੂੰ ਆਖਿਆ : ਦੇਖੋ ਬੇਟਾ !

"ਇਹ ਤੌਂ ਹਿੰਦੂ ਹੈ ਮਤਿਵੰਦਾ। ਹੈ ਅਨੀਤਿ ਮੁਝ ਨਹੀਂ ਸੁਹੰਦਾ। ਦੀਨ ਬਿਖੈ ਇਸ ਕੋ ਲੇ ਆਵਹੁ। ਜਿਉਂ ਕਿਉਂ ਕਰਿ ਨੀਕੇ ਸਮਝਾਵਹੁ॥ ੨੬॥ ਅਸ ਨਰ ਦੀਨ ਬਿਖੇ ਜਬਿ ਹੋਇ। ਚਲਹਿ ਸ਼ਰਹ ਮੈਂ ਸਭ ਹੀ ਕੋਇ। ਹਿੰਦੁਨਿ ਮਹਿ ਮਤਿਵੰਤ ਨ ਚਹੀਅਹਿ। ਕਰਹਿ ਧਰਮ ਦ੍ਰਿੜ ਤਿਨ ਕੋ ਲਹੀਅਹਿ॥ ੨੭॥ ਤੁਰਕ ਦੀਨ ਮੈਂ ਜਬਿ ਅਸ ਆਵੈ।। ਨੀਕੇ ਬਿਧਿ ਕਰ ਸ਼ਰਹ ਬਧਾਵੈ"। ਇਮ ਸ਼ਹਜ਼ਾਦੇ ਕੋ ਸਮੁਝਾਇ। 'ਜਤੋਂ ਕਤੋਂ ਦੀਨ ਬਿਖੈ ਇਸ ਲਜਾਇ।' (ਸੂ: ਪ੍ਰ:)

ਸ਼ਾਹਜ਼ਾਦਾ ਸਿਰ ਨਿਹੁੜਾ ਕੇ ਆਪਣੇ ਡੇਰੇ ਚਲਾ ਗਿਆ, ਭਾਈ ਜੀ ਨੂੰ ਬੁਲਾ ਕੇ ਬੋਲਿਆ : 'ਐ ਰੋਸ਼ਨੀਏ ਤਬਅ ਤੂ ਬਰ ਮਨ ਬਲਾ ਸ਼ੁਦੀ[3]' ਵਾਲੀ ਗਲ ਤੁਸਾਂ ਨਾਲ ਵਰਤੀ ਹੈ, ਬਾਦਸ਼ਾਹ ਤੁਸਾਂ ਨੂੰ ਮੁਸਲਮਾਨ ਵੇਖਣਾ ਚਾਹੁੰਦਾ ਹੈ। ਖ਼ੁਸ਼ੀ ਨਾਲ ਹੋ ਜਾਓ ਤਾਂ ਖ਼ੁਸ਼ੀ ਹੈ, ਸ਼ਾਹ ਬੀ ਖ਼ੁਸ਼ ਹੋਵੇਗਾ, ਤੁਸੀਂ ਬੀ ਕੋਈ ਬੜਾ ਮਨਸਬ ਪਾਓਗੇ, ਨਾ ਖ਼ੁਸ਼ੀ ਹੋਵੇ ਤਾਂ ਆਪਣਾ ਆਪ ਵਿਚਾਰ ਲਓ। ਮੈਂ ਤੁਸਾਂ ਦਾ ਕਦਰਦਾਨ ਹਾਂ, ਮੈਂ ਕੋਈ ਜਬਰੀ ਨਹੀਂ ਕਰਨੀ, ਜੋ ਸਰੇ ਸਹਾਇਤਾ ਕਰਨੀ ਹੈ। ਪਰ ਮੈਂ ਮਜਬੂਰ ਹਾਂ ਕਿ ਮੈਂ ਆਪ ਦੀ ਰਖਜਾ ਬੀ ਨਹੀਂ ਕਰ ਸਕਣ ਲੱਗਾ।

ਨੰਦ ਲਾਲ ਜੀ--ਤੁਸੀਂ ਮੈਨੂੰ ਇਸ ਮਹਾਨ ਗੁਪਤ ਮਸ਼ਵਰੇ ਦੇਣ ਵੇਲੇ ਵਿਦੈਗੀ ਦੀ ਆਗਜਾ ਦੇ ਦਿਓ ਤਾਂ ਮੈਂ ਆਪਣਾ ਬੰਦੋਬਸਤ ਆਪ ਕਰ ਲਵਾਂਗਾ, ਦੀਨ ਬਦਲਣ ਦੀ ਮੈਨੂੰ ਇੱਛਾ ਨਹੀਂ ਕਿਉਂਕਿ ਦੀਨ ਮੈਨੂੰ ਲੱਭ ਚੁਕਾ ਹੈ, ਲੋੜ ਜਿਸ ਦੇ ਭਾਲਣ ਦੀ ਹੈ ਨਹੀਂ ਹੁਣ। ਸ਼ਾਹਜ਼ਾਦੇ ਨੇ ਕਿਹਾ ਕਿ ਜਿਵੇਂ ਜੀ ਕਰੇ ਕਰੋ, ਖੁਸ਼ ਰਹੋ, ਮੈਂ ਤੁਹਾਡੀਆਂ ਖ਼ਿਦਮਤਾਂ ਨੂੰ ਭੁੱਲਣ ਨਹੀਂ ਲੱਗਾ, ਜਦ ਅੱਲਾ ਮੇਰੇ ਤੇ ਵਕਤ ਲਿਆਵੇਗਾ ਤਾਂ ਆਪ ਨੇ ਜ਼ਰੂਰ ਮਿਲਣਾ, ਹੁਣ ਮੈਨੂੰ ਕੁਛ ਨਾ ਦੱਸੋ ਤੇ ਆਪਣੀ ਮੁਸ਼ਕਲ ਆਪ ਨਜਿੱਠ ਲਓ, ਜੇ ਕਦੇ ਲੋੜ ਬਣੇ ਤਾਂ ਮੈਨੂੰ ਗੁਪਤ ਪਤਾ ਦਿਓ। ਇਉਂ ਸ਼ਾਹਜ਼ਾਦੇ ਤੋਂ ਵਿਦਾ ਹੋ ਕੇ ਆਪਣੇ ਸਤਿਸੰਗੀ ਮਿੱਤ੍ਰ ਮੀਰ ਦਰੋਗਾ ਗ਼ਯਾਸੁੱਦੀਨ ਨੂੰ ਮਿਲੇ। ਇਹ ਸੱਜਣ ਜ਼ਾਤ ਦਾ ਸੱਯਦ ਸੀ ਤੇ ਆਗਰੇ ਦੇ ਸ਼ਾਹੀ ਤਵੇਲੇ ਦਾ ਮੀਰ ਦਰੋਗਾ ਸੀ। ਇਸ ਨੂੰ ਦਰੋਗਿਆਂ ਦਾ ਸਰਦਾਰ ਤੇ ਸੱਯਦ ਹੋਣ ਕਰਕੇ ਮੀਰ ਸਾਹਿਬ ਸੱਦਿਆ ਕਰਦੇ ਸਨ। ਇਹ ਸੱਜਣ ਪੁਰਖ ਸਤਿਸੰਗੀ ਤੇ ਮਅਰਫਤ ਦੇ ਸ਼ੌਕ ਵਾਲਾ ਸੀ। ਭਾਈ ਨੰਦ ਲਾਲ ਦੀ ਸੁਹਬਤ ਵਿਚ ਉਹ ਬਹੁਤ ਲਾਭ ਪਾ ਚੁਕਾ ਸੀ, ਨਾਮ ਦੀ ਲਗਨ ਵਿਚ ਲਿਵ ਵਾਲਾ ਹੋ ਚੁਕਾ ਸੀ। ਸੂਫ਼ੀ ਸ਼ਾਇਰਾਂ ਤੇ ਫ਼ਕੀਰਾਂ ਨੇ ਜੋ ਇਸ਼ਕ ਕੂਕਿਆ ਹੈ, ਇਸ਼ਕ ਮਜਾਜ਼ੀ ਨਾ ਪਰ ਇਸ਼ਕ ਹਕੀਕੀ, ਉਹ ਇਸ਼ਕ ਰੱਬ ਦਾ ਜ਼ਿਕਰ ਤੇ ਫ਼ਿਕਰ ਹੈ, ਇਹ ਗਲ ਮੀਰ ਨੇ ਸੁਣੀ ਹੋਈ ਸੀ, ਪਰ ਨਾਮੀ ਪੁਰਖ ਭਾਈ ਨੰਦ ਲਾਲ ਜੀ ਦੀ ਸੁਹਬਤ ਵਿਚ ਉਸ ਨੂੰ ਨਾਮ ਹੁਣ ਸੱਚਮੁਚ ਪ੍ਰਾਪਤ ਹੋ ਗਿਆ ਸੀ। ਭਾਈ ਸਾਹਿਬ ਜੀ ਉਸ ਨੂੰ ਦਿਖਾ ਚੁਕੇ ਸਨ ਕਿ ਕੀਕੂੰ ਅੱਲਾ ਦਾ ਨਾਮ ਉਸਦਾ ਇਸ਼ਕ ਹੈ। ਨਾਮ ਜਪਕੇ ਨਾਮ ਵਿਚ ਪੱਕ ਕੇ

---

1. ਸ਼ੋਕ ਹੈ ਕਿ 'ਇਹ ਮੁਸ਼ਕਿਲ ਕੀਹ ਸੀ' ਦਾ ਥਹੁ ਰਖਿਆ ਨਹੀਂ ਗਿਆ। ਕਈ ਸੱਜਣ ਲਿਖਦੇ ਹਨ ਕਿ ਇਹ ਕੁਰਾਨ ਦੀ ਇਕ ਆਇਤ ਸੀ, ਕਿਹੜੀ ਆਇਤ ਸੀ ਉਸ ਵਿਚ ਕੀ ਅੜਚਨ ਸੀ ? ਤੇ ਭਾਈ ਸਾਹਿਬ ਦਾ ਹੱਲ ਕੀ ਸੀ ਇਹ ਪਤਾ ਨਹੀਂ। ਕੋਈ ਲਿਖਦੇ ਹਨ ਕਿ ਕਿਸੇ ਸਲਤਨਤ ਗ਼ੈਰ ਦਾ ਕੋਈ ਪਰਵਾਨਾ ਸੀ ਤੇ ਉਸ ਵਿਚ ਕੋਈ ਗਲ, ਹੱਲ ਨਹੀਂ ਸੀ ਹੁੰਦੀ, ਪਰ ਥਹੁ, ਕਿ ਉਹ ਕੀਹ ਸੀ, ਲਿਖਤ ਵਿਚ ਨਹੀਂ ਰਖੀ ਗਈ।

2. ਇਹ ਇਨਾਮ ਦੀ ਗਲ ਭਾਈ ਮੇਘਰਾਜ ਜੀ ਨੇ ਲਿਖੀ ਹੈ।

3. ਆਪਣੀ ਅਕਲ ਆਪ ਨੂੰ ਹੀ ਬਲਾ ਹੋ ਢੁਕੀ।

ਦਰੋਗਾ ਸੁਖੀ ਹੋ ਚੁਕਾ ਸੀ। ਭਾਈ ਨੰਦ ਲਾਲ ਜੀ ਨੇ ਜਦ ਆਪਣੀ ਮੁਸ਼ਕਲ ਸੁਣਾਈ ਤਾਂ ਦਰੋਗਾ ਬਹੁਤ ਉਦਾਸ ਹੋਇਆ। ਫਿਰ ਜਦ ਆਪ ਨੇ ਇਸ ਦਾ ਹੱਲ ਸੁਣਾਇਆ ਕਿ ਮੈਂ ਹੁਣ ਚੁਪ ਕੀਤੇ ਇਥੋਂ ਤੁਰ ਜਾਣਾ ਹੈ ਤਾਂ ਉਹ ਬਹੁਤ ਦੁਖੀ ਹੋਇਆ, ਕਿਉਂਕਿ ਉਨ੍ਹਾਂ ਦੇ ਵਿਛੋੜੇ ਨੂੰ ਉਹ ਆਪਣੀ ਹਾਨੀ ਸਮਝਦਾ ਸੀ। ਇਕ ਭਾਈ ਜੀ ਦੀ ਖੇਚਲ ਦੂਜੇ ਆਪਣਾ ਵਿਛੋੜਾ, ਦਰੋਗਾ ਹੁਣ ਦੂਹਰੀ ਚਿੰਤਾ ਵਿਚ ਸੀ। ਜਿਸ ਹਿਰਦੇ ਵਿਚ ਨਾਮ ਵੱਸਦਾ ਸੀ ਹੁਣ ਉਸ ਵਿਚ ਤਣੁੱਕਾ ਵੱਜਾ ਬਿਰਹੋਂ ਦਾ। ਭਾਈ ਜੀ ਨੇ ਸਮਝਾਇਆ ਤੇ ਬਹੁਤ ਸਮਝਾਇਆ, ਤਦ ਬੀ ਦਰੋਗੇ ਨੇ ਬਿਨੈ ਕੀਤੀ ਕਿ ਮੈਂ ਨਾਲ ਜਾਸਾਂ। ਦਰੋਗਾ ਭਾਈ ਸਾਹਿਬ ਨੂੰ ਨਿਰਾ ਦੋਸਤ ਨਹੀਂ ਸੀ ਸਮਝਦਾ ਸਗੋਂ ਆਪਣਾ ਮੁਰਸ਼ਿਦ, ਇਸ ਲਈ ਜੋ ਕੁਛ ਉਸ ਦਾ ਮਨ; ਪ੍ਰੇਮ ਦੀ ਬਹਿਬਲਤਾ ਵਿਚ ਕਰਨਾ ਚਾਹੁੰਦਾ ਸੀ ਉਸ ਲਈ ਮੁਰਸ਼ਿਦ ਦੇ ਇਰਸ਼ਾਦ (ਆਗਜਾ) ਨੂੰ ਉਡੀਕਦਾ ਸੀ। ਭਾਈ ਜੀ ਨੇ ਬਹੁਤ ਸੋਚ ਕੇ ਕਿਹਾ ਕਿ ਸਾਨੂੰ ਤਾਂ ਟੁਰਨ ਦਿਓ ਤੇ ਤੁਸੀਂ ਨੌਕਰੀ ਨਾ ਛੋੜੋ, ਛੁੱਟੀ ਲੈ ਕੇ ਮਗਰੋਂ ਸਾਨੂੰ ਆ ਮਿਲੋ; ਇਉਂ ਮਸ਼ਵਰਾ ਕਰਕੇ ਇਕ ਰਾਤ ਨੰਦ ਲਾਲ ਜੀ ਚੁਪਾਤੇ ਆਪਣੇ ਨਿਮਕ ਹਲਾਲ ਤੇ ਪਿਆਰ ਕੁੱਠੇ ਗ਼ਜ਼ਨੀ ਵਾਲੇ ਨੌਕਰ ਸਮੇਤ ਆਗਰੇ ਤੋਂ ਟੁਰ ਪਏ ਤੇ ਮਜ਼ਲੋ ਮਜ਼ਲ ਆਨੰਦਪੁਰ ਨੂੰ ਧਾਈ ਕਰ ਦਿੱਤੀ। ਨੌਕਰ ਭਾਈ ਸਾਹਿਬ ਨੂੰ ਹੁਣ ਸਤਿਸੰਗੀ ਮਿੱਤ੍ਰ ਬੀ ਸੀ ਤੇ ਇਉਂ ਇਕ ਸੁਰਤ ਦਾ ਸੁਖਦਾਈ ਆਧਾਰ ਬੀ ਸੀ। ਵਾਹਿਗੁਰੂ ਜੀ ਦੇ ਭਾਣੇ ਹਨ ਕਿ ਇਸ ਸਫਰ ਵਿਚ ਉਹ ਪਿਆਰਾ ਸੇਵਕ ਵਾਹਿਗੁਰੂ ਦੇ ਦੇਸ਼ ਨੂੰ ਟੁਰ ਪਿਆ[1]।

ਨੌਕਰ ਦਾ ਕੀ ਮੁੱਲ, ਉਸ ਸਮੇਂ ਜਦੋਂ ਰੁਪੱਯਾਂ ਨੂੰ ਗ਼ੁਲਾਮ ਵਿਕਦੇ ਸਨ, ਪਰ ਆਜ਼ਾਦੀ ਦੇ ਅਵਤਾਰ, ਖੁੱਲ੍ਹਾਂ ਦੇ ਸਾਂਈਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੇਮੀ ਨੰਦ ਲਾਲ ਆਪਣੇ ਸੇਵਕ ਨੂੰ ਬੀ ਸਿੱਖੀ ਦਾਨ ਦੇ ਕੇ ਗੁਰਸਿਖ ਬਣਾ ਚੁਕਾ ਸੀ। ਸੇਵਕ ਉਹ ਜੋ ਪੁੱਤ੍ਰਾਂ ਤੋਂ ਵਧਕੇ ਪ੍ਰੇਮੀ ਸੀ। ਇਸ ਤਰ੍ਹਾਂ ਆਪਣੇ ਪ੍ਰੇਮੀ ਤੇ ਗੁਰਸਿਖ ਦੇ ਅਚਾਨਕ ਵਿਛੋੜੇ ਕਰਕੇ ਆਪ ਦਾ ਮਨ ਦ੍ਰਵਿਆ। ਇਕ ਵਿਗੋਚਾ ਆਇਆ ਹੈ, ਇਕ ਆਸਰਾ, ਜੋ ਸਰੀਰਕ ਨੁਕਤੇ ਤੋਂ ਇਸ ਵੇਲੇ ਇਕੋ ਹੀ ਨੇੜੇ ਦਾ, ਆਸਰਾ ਸੀ, ਭੱਜਾ ਹੈ। ਹਾਂ ਹੁਣ ਵੇਲਾ ਹੈ ਪਰਤਾਵੇ ਦਾ। ਭਾਈ ਜੀ ਦਾ ਮਨ ਸੋਚੇ ਕਿ ਇਕ ਨੌਕਰੀ ਗਈ ਇੱਜ਼ਤਾਂ ਵਾਲੀ, ਇਕ ਸ਼ਾਹ ਦਾ ਕੋਪ ਵਾਯੂ ਮੰਡਲ ਵਿਚ ਉੱਮਡ ਰਿਹਾ ਹੈ, ਇਕ ਪਾਣੀ ਦੇਣ ਜੋਗਾ ਪਿਆਰਾ ਬੀ ਨਾਲ ਨਾ ਰਿਹਾ। ਪਰ ਭਾਈ ਜੀ ਕਾਂਪ ਨਹੀਂ ਖਾਂਦੇ, ਉਹ ਜਾਣਦੇ ਹਨ ਕਿ ਸਾਂਈਂ ਨਾਲ ਸੌਦਾਗਰੀ ਦਾ ਨਾਉਂ ਇਸ਼ਕ ਨਹੀਂ, ਸਗੋਂ "ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ" ਸਚਾ ਪ੍ਰੇਮ ਹੈ।

ਪਹਿਲਾ ਕਦਮ ਇਨਸਾਨ ਦਾ ਪਸ਼ੂਪਨੇ ਤੋਂ ਨਿਕਲਕੇ ਇਨਸਾਨ ਤੇ ਫੇਰ ਦੇਵਤਾ ਬਣਨਦਾ ਇਹ ਹੈ ਕਿ ਮਨ ਵਿਚੋਂ ਪਸ਼ੂ ਬ੍ਰਿਤੀ ਦੇ ਸੁਭਾਵਾਂ ਨੂੰ ਬਦਲਾਵੇ। ਹਾਂ ਬਦਲਾਵੇ, ਪਰ ਮਾਰੇ ਕੋਹੇ ਨਾਂ, ਇਸ ਨੂੰ ਬਦਲਾਵੇ ਦੇਵ ਸੁਭਾਵਾਂ ਵਿਚ। ਇਹ ਹੈ ਮਨ ਨੂੰ ਸੁਸਿਖਜਤ ਕਰਨਾ। ਮਾਰਨਾ ਕੰਮ ਹੈ ਨਿਰਾ ਹਠ ਧਾਰਨ ਵਾਲਿਆਂ ਦਾ। ਮਨ ਮਾਰਨ ਨਾਲ ਸਰੀਰ ਬੀ ਸਰੀਰ ਨਹੀਂ ਰਹਿੰਦਾ। ਮਨ ਮਰਦਾ ਹੈ ਹਠਾਂ ਨਾਲ ਤੇ ਹਠ ਕਰਨ ਨਾਲ ਮਨ ਕਈ ਵੇਰੀ ਸਗੋਂ ਉਲਟਾ ਟੁਰਦਾ ਹੈ ਤੇ ਹਠ ਪਰ ਲਗਦਾ ਆਪਣਾ ਹੀ ਬਲ ਹੈ। ਸੋ ਹਠ ਕਰਨ ਪਰ ਤੇ ਮਨ ਵਧੇਰੇ ਆਕੀ ਹੋਣ ਪਰ ਅਰ ਹੋਰ ਵਧੇਰੇ ਹਠ ਕਰਨ ਪਰ ਸਰੀਰ ਦੁਖੀ ਹੁੰਦਾ ਹੈ। ਜੇ ਮਨ ਆਕੀ ਨਾ ਹੋਵੇ, ਹਠਾਂ ਅਗੇ ਝੁਕ ਪਵੇ, ਤਾਂ ਮਨ ਅਰੋਗਤਾ ਵਿਚ ਅਨੁਕੂਲ ਨਹੀਂ ਹੋ ਟੁਰਦਾ, ਸਗੋਂ ਗਮਰੁੱਠ ਜਿਹਾ, ਘੁੱਟਿਆ ਬੰਨ੍ਹਿਆਂ ਜਿਹ ਹੋ ਜਾਂਦਾ ਹੈ। 'ਮਨ ਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ[1]॥' ਕੀਕੂੰ ਜਿੱਤੀਦਾ ਹੈ? ਫ਼ੁਰਮਾਉਂਦੇ ਹਨ- "ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ॥" ਹਾਂ ਕਰੀਦੇ ਹਨ ਮਨ ਨਾਲ ਝਗੜੇ, ਪਾਈਦੀਆਂ ਹਨ ਇਸ ਨਾਲ ਸੱਥਾਂ[2], ਦੇਈਦੇ ਹਨ ਉਪਦੇਸ਼ ਤੇ ਵਿਚਾਰਾਂ। ਸੁਣਾਈਦਾ ਹੈ ਕੀਰਤਨ ਤੇ ਪੜ੍ਹੀ ਤੇ ਵੀਚਾਰੀਦੀ ਹੈ ਗੁਰਬਾਣੀ॥ ਐਉਂ ਅੰਦਰ ਉਮਗਦੀ ਹੈ ਸਾਵਧਾਨਤਾ।[3]

1. ਭਾਈ ਮੇਘ ਰਾਜ ਜੀ ਇਹ ਘਟਨਾ ਲਾਹੌਰ ਦੀ ਦੱਸਦੇ ਹਨ ਕਿ ਆਪ ਆਗਰੇ ਤੋਂ ਲਾਹੌਰ ਅੱਪੜੇ ਤੇ ਓਥੇ ਦਾਸ ਚਲਾਣਾ ਕਰ ਗਿਆ।

1. ਹਠੁ ਕਰਿ ਮਰੈ ਨ ਲੇਖੈ ਪਾਵੈ।। (ਗਉ: ਮ: ੧)

2. ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ॥ (ਵਾ:ਸਿਰੀ: ਮ: ੩)

3. ਪ੍ਰਭ ਕੀ ਉਸਤਤਿ ਕਰਹੁ ਸੰਤਮੀਤ॥ ਸਾਵਧਾਨ ਏਕਾਗਰ ਚੀਤ॥ (ਸੁਖਮਨੀ)

ਹਠ ਤੇ ਜ਼ੋਰ[1] ਨੂੰ ਜਦ ਨਾ ਵਰਤੀਏ ਪਸ਼ੂਪਨੇ ਨਾਲ ਪਰ ਵਿਚਾਰ ਕੇ ਤੇ ਤਕੜਾਈ ਤੇ ਚੜ੍ਹਦੀਆਂ ਕਲਾਂ ਨਾਲ ਵਰਤੀਏ ਤਾਂ ਅੰਦਰਲੀ ਕਾਬੂ ਪਾਉਣ ਵਾਲੀ ਸ਼ਕਤੀ ਬਣ ਜਾਂਦੀ ਹੈ--ਸਾਵਧਾਨਤਾ। ਸਾਵਧਾਨਤਾ ਨਾਲ ਜਪੀਦਾ ਹੈ ਨਾਮ।। ਐਉਂ ਜੋ ਨਾਮ ਦਾ ਅਭਜਾਸ ਕਰੀਦਾ ਹੈ; ਉਸ ਨਾਲ ਰਹਿੰਦਾ ਹੈ ਸਰੀਰ ਬੀ ਅਰੋਗ ਤੇ ਮਨ ਬੀ ਅਰੋਗ ਤੇ ਮਨ ਹੋ ਜਾਂਦਾ ਹੈ ਸੁਸਿਖਜਤ, ਉੱਚਾ ਤੇ ਆਪੇ ਤੇ ਕਾਬੂ ਵਾਲਾ ਤੇ ਫਿਰ ਆਨੰਦਮਯ। ਹਾਂ, ਸਿਖ ਇਸ ਵਾਸਤੇ ਸਿਖ ਹੈ ਕਿ ਗੁਰੂ ਮਤਿ ਸਿੱਖੇ[2] ਸਿੱਖਣਾ ਆਪਣੇ ਆਪ ਨੂੰ ਸੁਸਿੱਖਜਤ ਕਰਕੇ ਉੱਚਿਆਂ ਕਰਨਾ ਹੈ ਤੇ ਕਿਸੇ ਕਮਾਲ ਤੇ ਅੱਪੜਨਾ ਹੈ। ਫਿਰ ਵਾਪਰਨ ਵਾਲੇ ਦੁਖ ਸੁਖ ਵਿਛੋੜੇ ਤੇ ਜੁਦਾਈਆਂ, ਕੌੜੇ ਕਸੈਲੇ ਤਜਰਬੇ ਤੇ ਹਰ ਤਰ੍ਹਾਂ ਦੇ ਕਸ਼ਟ 'ਸਿੱਖ ਦੀ ਮੰਜ਼ਲ' ਦੀਆਂ ਮਸ਼ਕਾਂ ਹਨ, ਜਿਨ੍ਹਾਂ ਨਾਲ ਵਿਚਾਰ ਦੇ ਆਸਰੇ ਮਨ ਸਿੱਖਦਾ ਹੈ ਸਭ ਤੋਂ ਉੱਚੇ ਉੱਠਣਾ। ਨਾਮ ਨਾਲ ਟੁੱਟਦੀਆਂ ਹਨ ਤਣਾਵਾਂ ਪਸ਼ੂ ਬ੍ਰਿਤੀ ਦੇ ਅਮੋੜ ਤੇ ਲੁਕਵੇਂ ਸੰਬੰਧਾਂ ਦੀਆਂ। ਨਾਮ ਅਭਜਾਸੀ ਦੀ ਵਿਚਾਰ ਨਾਲ ਕਾਮ, ਕ੍ਰੋਧ, ਲੋਭ, ਮੋਹ ਹੋ ਜਾਂਦੇ ਹਨ ਵੱਸ ਤੇ ਫੇਰ ਬਣ ਜਾਂਦੇ ਹਨ ਸ਼ਕਤੀਆਂ, ਸ਼ੁਭ ਗੁਣਾਂ ਦੀਆਂ ਸਹਾਯਕ ਹਾਂ ਮਦਦਗਾਰ ਉੱਚਿਆਂ ਉੱਠਣ ਦੀਆਂ। ਪੰਜੇ ਕਾਯਾਂ ਪਲਟ ਜਾਂਦੇ ਹਨ ਤੇ ਗੁਣ ਹੋਕੇ ਸਹਾਈ ਬਣਦੇ ਹਨ[3]। ਸੋ ਮਨ ਨੂੰ ਨਾ ਮਾਰੇ, ਮਨ ਵਿਚੋਂ ਮਾੜੇ ਸੁਭਾਵਾਂ ਨੂੰ ਮਾਰੇ। ਮਾਰੇ ਕਿਵੇਂ ਕਿ ਉਹਨਾਂ ਨੂੰ ਬਦਲੇ 'ਦੇਵ ਸੁਭਾਵਾਂ' ਵਿਚ। ਇਸੇ ਤਰ੍ਹਾਂ ਦੁਖ ਸੁਖ ਹੈਨ ਜੋ ਅਭਜਾਸੀ ਨੂੰ ਡੇਗਦੇ ਨਹੀਂ ਪਰ ਵਿਛੋੜੇ ਦੇ ਸੱਲ ਤੇ ਗ੍ਰਿਹਸਤ ਦੇ ਸਦਮੇਂ ਤ੍ਰਕੀ ਦੀ ਪੌੜੀ ਦੇ ਡੰਡੇ ਬਣਦੇ ਹਨ; ਇਸ ਰਸਤੇ ਦੇ ਤੁਰਨਹਾਰ ਲਈ।

ਭਾਈ ਸਾਹਿਬ ਜੀ ਨੂੰ ਪਰਤਾਵਾ ਆਇਆ ਹੈ ਕਰੜਾ। ਇਸ ਤੋਂ ਆਪ ਨੇ ਵੈਰਾਗ ਦਾ ਅਸਰ ਲਿਆ ਹੈ ਕਿ ਜਗਤ ਅਸਾਰ ਹੈ, ਚੱਲਣੀ ਸਰਾਂ ਹੈ। ਪਰ ਨਹੀਂ ਘਾਬਰੇ ਕਿ ਹਾਇ ਰੱਬਾ ਯਾ ਗੁਰੂ ਜੀ ! ਮੈਂ ਆਪ ਦਾ ਸਿਖ ਹਾਂ, ਮੇਰਾ ਪਿਆਰਾ ਦਾਸ ਇਸ ਔਕੜ ਤੇ ਭਾਜੜ ਦੇ ਵੇਲੇ ਕਿਉਂ ਖੁੱਸ ਲਿਆ ਜੇ। ਭਾਈ ਸਾਹਿਬ ਹੁਣ ਭਗਤ ਹਨ, ਗਿਆਨਵਾਨ ਹਨ, ਆਰਿਫ਼ ਹਨ, ਜਾਣਦੇ ਹਨ ਕਿ ਕਮਾਲ ਹੀ ਇਹ ਹੈ ਕਿ ਅੰਦਰਲਾ ਉੱਚਾ ਉਠੇ, ਦੁਖ ਸੁਖ ਹਰਖ ਸੋਗ ਆਪਣੇ ਆਪ ਨੂੰ ਓਪਰੇ ਤੇ ਨੀਵੇਂ ਦਿੱਸਣ ਤੇ ਆਪਾ ਆਪੇ ਦੇ ਆਧਾਰ ਤੇ ਆਪੇ ਵਿਚ ਟਿਕੇ। ਫਿਰ ਆਪਾ ਰੁਖ ਕਰੇ ਆਪ ਤੋਂ ਉੱਚੇ ਸੁੱਚੇ ਸਦਾ ਥਿਰ 'ਪਰਮਾਤਮਾਂ' ਵੱਲ, ਜਿਸ ਦੇ ਪਿਆਰ ਤੇ ਖਿੱਚ ਵਿਚ ਇਹ ਨਿਰਮਲ 'ਆਪਾ' ਲਗਾ ਰਹੇ ਉਸੇ ਤਰ੍ਹਾਂ ਜਿਸ ਤਰ੍ਹਾਂ ਨੀਵਾਂ 'ਆਪਾ' ਲਗਾ ਰਹਿੰਦਾ ਸੀ ਨੀਵੀਆਂ ਰੁਚੀਆਂ ਵੱਲ। ਜਦੋਂ ਨਿਰਮਲ ਆਪਾ ਉੱਚਾ ਹੋ ਕੇ ਖਿੱਚ ਖਾਂਦਾ ਰਹੇ ਉੱਚੇ ਸਰਬੱਗ ਤੇ ਸਦਾ ਥਿਰ ਪਰਮ ਆਪੇ ਵੱਲ-ਪਰਮਾਤਮਾ ਵੱਲ--ਤਾਂ ਸਿਖ ਨੇ ਸਿਖਜਾ ਪਾ ਲਈ[1], ਸਿਖ ਹੋ ਗਿਆ। ਇਸ ਹਿਸਾਬ ਵਿਚ ਸੋਚਿਆਂ ਫਿਰ ਦੁਖ ਸੁਖ, ਹਰਖ ਸ਼ੋਕ, ਬਿਰਹੋ, ਜੁਦਾਈਆਂ ਸਭ ਮਸ਼ਕ (ਅਭਜਾਸ) ਦਾ ਕੰਮ ਦੇਂਦੇ ਹਨ। ਸੋ ਪਰਤਾਵੇ ਮੁਸਕਿਲਾਂ ਤੇ ਦੁੱਖ ਬਲਵਾਨ ਕਰਦੇ ਹਨ ਮਨ ਨੂੰ--ਲੱਗੇ ਹੋਏ ਮਨ ਨੂੰ--ਜਿਵੇਂ ਬਾਹਾਂ ਨੂੰ ਬਲਵਾਨ ਕਰਨ ਵਾਸਤੇ ਮੁੰਗਲੀਆਂ ਮਸ਼ਕ ਦਾ ਕੰਮ ਦੇਂਦੀਆਂ ਹਨ। ਹੈ ਕਠਨ-ਸਭ ਲਈ ਕਠਨ ਹੈ, ਪਰ ਹੈ ਸੱਚ ਇਹੋ। ਸਾਂਈਂ ਆਪ ਆਪਣਿਆਂ ਨੂੰ ਪਿਆਰ ਕਰਦਾ ਹੈ, ਬਿਖੜੇ ਦਾਵਾਂ ਤੇ ਪਰਤਾਵਿਆਂ ਵਿਚ ਆਪ ਸਹਾਈ ਹੁੰਦਾ ਹੈ, ਪਰ ਸਿੱਖ--ਜਿਸ ਨੇ ਸਿੱਖਣਾ ਹੈ ਉਚਾ ਮਾਰਗ--ਜੇ ਇਹੋ ਸ਼ਰਤ ਲਾਵੇ ਕਿ ਮੇਰੇ ਕੰਮ ਸਾਰੇ ਆਸਾਨ ਹੋ ਕੇ ਲੰਘਣ ਤਾਂ ਹੀ ਇਸ ਮਾਰਗ ਟੁਰਨਾ ਹੈ ਤਾਂ ਆਪਾ ਸੁਸਿੱਖਜਤ ਨਹੀਂ ਹੋਵੇਗਾ, ਆਪਾ ਤਾਂ ਵਧੇਰੇ ਕਮਜ਼ੋਰੀ ਵੱਲ ਜਾਏਗਾ, ਆਪਾ ਸੁਸਿੱਖਜਤ, ਮਜ਼ਬੂਤ ਤੇ ਉੱਚਾ ਤਾਂ ਤਾਂਹੀ ਹੋਵੇਗਾ ਜੇ ਪਰਤਾਵਿਆਂ ਵਿਚ ਦੀ ਲੰਘੇ ਤੇ ਵਾਹਿਗੁਰੂ ਜੀ ਦੀ ਰਜ਼ਾ ਵੱਲ ਤੱਕਦਾ ਆਪਣੀਆਂ ਕਮਜ਼ੋਰੀਆਂ ਨੂੰ ਉਸ ਤੇ ਟੇਕ ਰੱਖ ਕੇ ਜਿੱਤੇ। ਜਿਉਂ ਜਿਉਂ ਘੁਲੇ ਤਿਉਂ ਤਿਉਂ ਬਲਵਾਨ। ਆਪੇ ਨੇ ਪਸ਼ੂ ਭਾਵਾਂ ਤੋਂ ਹਟਕੇ ਦੇਵ ਭਾਵਾਂ ਵਿਚ ਜਾਣਾ ਹੈ, ਸਿਖਜਾ ਪਾਉਣੀ ਹੈ, ਸੁਸਿੱਖਜਤਾ ਹੋ ਕੇ ਸਿੱਖ ਬਣਨਾ ਹੈ। ਇਹ ਕੁਛ ਸਿਖਾਉਣਾ ਹੈ ਗੁਰਮਤਿ ਨੇ। ਗੁਰਮਤਿ ਕਹਿੰਦੀ ਹੈ ਨਾਮ ਜਪੋ ਜੋ ਮੈਲ ਉਤਰੇ। ਨਾਮ ਜਪੋ

1. ਜੋਰੁ ਨ ਸੁਰਤੀ ਗਿਆਨਿ ਵੀਚਾਰਿ।। (ਜਪੁਜੀ)
2. ਗੁਰ ਕੀ ਮਤਿ ਤੂ ਲੇਹਿ ਇਆਨੇ।। (ਗਉ : ਮ : ੫)
3. ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ।। (ਵਾਰ:ਬਸੰਤ ਮ:੫)
ਅਰਥਾਤ ਇਹ ਪੰਜੇ ਮਹਾਂਬਲੀ ਸਚ ਦੇ ਰਸਤੇ ਦੀ ਸੁਗਾਤ ਬਣ ਜਾਂਦੇ ਹਨ, ਭਾਵ ਇਹ ਕਿ ਨੀਵੀਆਂ ਰੁਚੀਆਂ ਊਰਧਗਾਮੀ ਹੋ ਉਚੇ ਮਨ ਵਾਲੇ ਬਣਾਉਂਦੀਆਂ ਹਨ।

1. ਗੁਰਸਿਖੀ ਦਾ ਸਿੱਖਣਾ ਸ਼ਬਦ ਸੁਰਤਿ ਸਤਿਸੰਗਤ ਸਿਖੇ। (ਭਾ: ਗੁ)

ਜੋ ਰਸ ਪਵੇ ਆਪੇ ਦਾ ਤੇ ਆਪਣੇ ਰੱਬ ਦਾ ਤੇ ਓਪਰੇ ਲੱਗਣ ਪਸ਼ੂ ਬ੍ਰਿਤੀ ਦੇ ਰਸ ਤੇ ਪਲਟ ਜਾਣ ਉੱਚੇ ਰਸਾਂ ਵਿਚ। ਹਾਂ ਵੀਚਾਰ ਨੂੰ ਵਰਤੋ, ਇਸ ਨਾਲ ਵਿੱਤ੍ਰੇਕ ਕਰੋ : ਕਿਹੜੇ ਕੰਮ ਹਨ ਪਸ਼ੂਆਂ ਨਾਲ ਸਾਂਝੇ ? ਕਿਹੜੇ ਹਨ ਸੁਭਾਵ ਜੋ ਇਹ ਨੀਵੇਂ ਕੰਮ ਕਰਵਾਉਂਦੇ ਹਨ ? ਉਹਨਾਂ ਨੂੰ ਸਮਝਕੇ ਸਮਝੋ ਕਿ ਇਨਸਾਨ ਆਪਣੇ ਖਿਆਲ ਵਿਚ ਕਿੱਥੇ ਅੱਪੜ ਚੁੱਕਾ ਹੈ। ਇਨਸਾਨੀਅਤ ਵਿਚ ਆਪਣੇ ਸੁਭਾਵ ਨੂੰ ਲਿਆਉਣਾ ਹੈ ਅਰਥਾਤ ਪਹਿਲਾਂ ਨਿਆਉਂ ਤੇ ਸਦਾਚਾਰ ਸਮਝਣਾ ਹੈ, ਫਿਰ ਨੇਕੀ ਭਲਿਆਈ ਸੇਵਾ ਸਿੱਖਣੀ ਹੈ[1]। ਫਿਰ ਉੱਚੇ ਉੱਠਕੇ ਦੇਵ ਸੁਭਾਵ ਬਣਨਾ ਹੈ, ਆਪੇ ਵਿਚ ਟਿਕ ਜਾਣਾ ਹੈ, ਫਿਰ ਸਾਂਈਂ ਦੇ ਆਪੇ ਨਾਲ ਲਗਕੇ ਉਸ ਪਰਮ ਤੱਤ ਦੇ ਜੋਗ ਵਿਚ ਟਿਕਣਾ ਹੈ, ਇਉਂ ਗੁਰਮੁਖ ਬਣਨਾ ਹੈ ਉਸ ਸੁਭਾਵ ਵਿਚ ਆਕੇ ਜੋ 'ਦਾਤਾ-ਕਰਮ' ਕਰਵਾਉਂਦਾ ਹੈ। ਕੰਗਾਲ-ਸੁਰਤੇ ਨਹੀਂ ਹੋਣਾ; ਅਰਥਾਤ ਸੁਭਾਵ ਵਿਚ, ਮਨ ਵਿਚ, 'ਯਾਚਨਾ ਰੁਚੀ' ਨਹੀਂ ਰੱਖਣੀ! ਕਿਸੇ ਦੇ ਰੂਪ ਦਾ, ਧਨ ਦਾ, ਧਾਮ ਦਾ, ਮਾਲ ਦਾ, ਕਿਸੇ ਤੋਂ ਸ਼ੋਭਾ ਦਾ, ਵਡਿਆਈ ਦਾ, ਕਿਸੇ ਤੋਂ ਸੇਵਾ ਦੀ ਲੋੜ ਦਾ ਮੰਗਣ ਵਾਲਾ ਸੁਭਾਵ--ਹਾਂ ਅੰਦਰੋਂ ਮੰਗ ਦੀ ਇੱਛਾ ਹੱਖਣ ਦਾ ਸੁਭਾਵ--ਬਦਲਨਾ ਹੈ। ਨਿਰਇੱਛਤ ਹੋ ਜਾਣ ਨੂੰ--ਗਨੀ ਤੇ ਆਤਮਰਸ ਵਿਚ ਰੱਜੇ ਹੋਏ ਸੁਭਾਵ ਨੂੰ ਤੇ ਦਾਤ ਦੇਣ ਵਾਲੇ ਰੰਗ ਨਾਲ ਸੁਰਤ ਦੇ ਭਰ ਜਾਣ ਨੂੰ 'ਦਾਤਾ ਪਦ' ਕਹੀਦਾ ਹੈ। ਇਥੇ ਅੱਪੜਕੇ ਸਾਡਾ ਸੁਭਾਵ ਆਪਣੇ ਤੇ ਦੂਸਰਿਆਂ ਦੇ ਦੁਖ ਕੱਟਣ ਵਾਲਾ ਬਣਦਾ ਹੈ[2]। ਨਾਲ ਹੀ ਨਿਰਮਲ ਆਪੇ ਤੋਂ ਅੱਗੇ 'ਪਰਮ ਆਪੇ'--ਪਰਮਾਤਮਾ--ਵੰਨੇ ਚਿੱਤ ਦੀਆਂ ਰੁਚੀਆਂ ਤੇ ਬ੍ਰਿਤੀਆਂ ਦੀਆਂ ਸਿਮਰਣ--ਸ਼ਕਤੀਆਂ ਲੱਗੀਆਂ ਰਹਿੰਦੀਆਂ ਹਨ। ਇਹ ਲਗਾਉ, ਉੱਚੇ ਪਾਸੇ ਦਾ ਲਗਾਤਾਰ ਅੰਦਰਲੇ ਦਾ ਲਗਾਉ, ਸੁਰਤ ਨੂੰ ਹੇਠਾਂ ਨਹੀਂ ਆਉਣ ਦੇਂਦਾ, ਨਾ ਭਾਵ[3] ਵਿਚ, ਨਾ ਸੁਭਾਵ ਵਿਚ, ਨਾ ਅਮਲ ਵਿਚ। ਇਸ ਰੰਗ ਵਿਚ ਰਿਹਾਂ ਉੱਚੇ ਰਹੀਦਾ ਹੈ, ਸੁਖੀ ਰਹੀਦਾ ਹੈ ਤੇ ਅਮਰ ਹੋ ਜਾਈਦਾ ਹੈ। ਇਹ ਰੰਗ ਫਿਰ ਮੋਇਆਂ ਜੀਉਂਦਿਆਂ ਬਦਲਦਾ ਟੁੱਟਦਾ ਨਹੀਂ, ਇਹ ਸਾਰੀ ਵਿਦਜਾ, ਸਾਰੀ ਸੁਸਿੱਖਯਾ ਦਾ ਨਾਉਂ ਹੈ 'ਨਾਮ'-ਨਾਮ ਦੀ ਵਿਦਜਾ--। ਇਹੋ ਹੈ ਗੁਰਮਤਿ ਜੋ ਇਸ ਵਿਦਜਾ ਦੀ ਦਾਤੀ ਹੈ।

ਸੋ ਭਾਈ ਜੀ ਦਾ ਦੇਵਤਾਮਨ ਵਾਲੇਵੇ ਦੇ ਰੁਦਨ ਵਿਚ ਨਹੀਂ ਗਿਆ, ਨਿਰਮਲ ਪਿਆਰ ਦੇ ਬਿਰਹੇ ਵਿਚ ਗਿਆ[1]। ਸੇਵਕ ਦਾ ਸੰਸਕਾਰ ਭਲੀ ਤਰ੍ਹਾਂ ਕੀਤਾ, ਸਤਿਗੁਰੂ ਜੀ ਅੱਗੇ ਕਲਿਆਣ ਹਿਤ ਅਰਦਾਸ ਕੀਤੀ, ਵਿਛੁੜੇ ਵਾਸਤੇ ਤੇ ਆਪਣੇ ਲਈ ਅਰਦਾਸ ਕੀਤੀ, ਕਿ ਇਹ ਨਵੀਂ ਮੁੰਗਲੀ, ਜੋ ਆਪ ਨੇ ਅੱਗੇ ਤੋਂ ਵਧੇਰੇ ਭਾਰ ਵਾਲੀ ਫੇਰਨ ਲਈ ਘੱਲੀ ਹੈ, ਮੈਂ ਫੇਰ ਲਵਾਂ। ਹੁਣ ਮੇਰੇ ਨਿਤਾਣੇ ਡੌਲਿਆਂ ਵਿਚ ਬਲ ਆਪ ਹੀ ਭਰੋ ਜੋ ਮੇਰੀ ਸੁਰਤ ਨੂੰ ਪ੍ਰਾਪਤ ਹੋ ਚੁਕੀ ਉਚਿਆਈ ਇਸ ਭਾਰ ਨਾਲ ਝਵੇਂ ਨਾ, ਝੁਕੇ ਨਾ, ਨੀਵੀਂ ਆਕੇ ਟੁੱਟੇ ਨਾ, ਸਗੋਂ ਇਸ ਭਾਰ ਨਾਲ ਮੁਕਾਬਲਾ ਕਰਕੇ ਹੋਰ ਤਕੜੀ ਤੇ ਹੋਰ ਬਲਵਾਨ ਹੋ ਜਾਵੇ। ਫਿਰ ਦਾਤ ਕਰੋ ਕਿ ਮੇਰੀ ਸੁਰਤ ਵਿਚ ਲਚਕ ਬੀ ਕਾਇਮ ਰਹੇ, ਕਰੜੀ ਸੁੱਕਾ ਕਾਠ ਨਾ ਹੋ ਜਾਵੇ। ਜਿਵੇਂ ਖਰੜ ਗਿਆਨੀਆਂ ਦੀ ਬ੍ਰਿਤੀ ਖੁਸ਼ਕ, ਕਰੜੀ ਤੇ ਲਚਕਹੀਨ ਹੋ ਜਾਂਦੀ ਹੈ।

ਇਸ ਰੰਗ ਵਿਚ ਤ੍ਰੈ ਚਾਰ ਦਿਨ ਬੀਤ ਗਏ ਆਪ ਆਪਣੇ ਵੈਰਾਗ ਵਿਚ ਹੋਰ ਨੇੜੇ ਹੋਕੇ ਵਾਹਿਗੁਰੂ ਤੇ ਗੁਰੂ ਦੀਆਂ ਪ੍ਰਕਰਮਾਂ ਕਰਦੇ ਰਹੇ। ਬੇਨਤੀ, ਅਰਦਾਸ ਬਾਣੀ ਦੇ ਪਠਨ, ਗਾਇਨ, ਨਾਮ ਦੇ ਅਭਿਆਸ ਤੇ ਸ਼ੁਕਰ ਦੇ ਹੰਭਲਿਆਂ ਨੇ ਨਵੀਂ ਮੁੰਗਲੀ ਫੇਰ ਲਈ ਤੇ ਵਾਹਿਗੁਰੂ ਦੇ ਉਪਾਸ਼ਕ ਜੀ ਵਾਹ ਵਾਹ ਵਿਚ ਦਮਕ ਉਠੇ। 'ਧੰਨ ਸਾਂਈਆਂ ਜੀਓ ! ਮੇਰਾ ਆਧਾਰ ਆਸਰਾ ਤੂੰ ਹੈਂ, ਮੈਂ ਸਦਾ ਤੁਧੇ ਦਰ ਤੱਕਣਾ ਹੈ, ਉੱਚਾ ਜੁ ਹੋਇਓਂ, ਤੂੰ ਸਭ ਤੋਂ ਉੱਚਾ[2]। ਮੇਰੇ ਮਨ ਦਾ ਨਿੱਕਾ ਜਿਹਾ ਆਧਾਰ ਇਸ ਸੇਵਕ ਤੇ ਸੀ ਕਿ ਦਰਦੀ ਤੇ ਇਤਬਾਰੀ ਮਿੱਤਰ ਹੈ। ਦਰਦੀ ਤੇ ਮਿੱਤ੍ਰ ਤਾਂ ਤੁਸੀਂ ਹੋ ਤੇ ਜਿੰਨੇ ਦਰਦੀ ਤੇ ਮਿੱਤ੍ਰ ਚਾਹੋ ਤੁਸੀਂ ਮੇਲ ਸਕਦੇ

---

1. ਗੁਰਸਿਖੀ ਦਾ ਸਿਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ।।, (ਭਾ: ਗੁ:।) 2. ਓਇ ਦਾਤੇ ਦੁਖ ਕਾਟਨਹਾਰ।। ਜਾਕੈ ਸੰਗਿ ਤਰੈ ਸੰਸਾਰ।। (ਗਉ: ਮ: ੫) 3. ਪ੍ਰਤੀਤੀ।

1. ਨਾਨਕ ਰੁਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।। ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ।। (ਵਡ: ਮ: ੧)
2. ਮੈ ਪੇਖਿਓ ਰੀ ਊਚਾ ਮੋਹਨ ਸਭ ਤੇ ਊਚਾ।। (ਦੇਵ: ਮ: ੫)

ਹੋ ਤੇ ਮੈਂ ਤਾਂ ਸੁਰਤ ਸਭ ਟੇਕਾਂ ਤੋਂ ਚੁੱਕ ਕੇ ਹੇਠਲੇ ਆਸਰਿਆਂ ਤੋਂ ਨਿਰਾਧਾਰ ਕਰਕੇ ਉਪਰਲੇ ਪਾਸੇ ਇਕ ਤੇਰੇ ਆਸਰੇ ਉੱਚੇ ਉੱਠਣਾ ਹੈ। ਮੇਰਾ ਆਸਰਾ ਤੂਹੀਂ ਹੈਂ, ਏਕ ਤੂਹੀ ਹੈਂ। ਤੂੰ ਹੀ ਹੈਂ। ਮੇਰਾ ਆਧਾਰ ਅਰ ਆਸਰਾ[1], ਮੈਂ ਤੈਨੂੰ ਚੰਬੜਿਆ ਹਾਂ, ਤੇਰੇ ਨਾਲ ਬੱਝਕੇ ਮੈਂ ਪਲਮਾਂ, ਜਦ ਪਲਮਣ ਦੀ ਲੋੜ ਹੋਵੇ, ਪਰ ਮੈਂ ਕਦੇ ਟੁੱਟ ਕੇ ਨਾ ਡਿੱਗਾਂ।'

ਇਸ ਤਰ੍ਹਾਂ ਸ਼ੁਕਰ ਤੇ ਉੱਚੇ ਭਾਵਾਂ ਵਿਚ ਆਪ ਆਪਣੇ ਆਤਮ ਰਸ ਵਿਚ ਝੂੰਮ ਰਹੇ ਸਨ ਕਿ ਦਾਰੋਗਾ ਗ਼ਿਆਸੁੱਦੀਨ ਜੀ ਆ ਮਿਲੇ। ਭਾਈ ਜੀ ਹੁਣ ਵਧੇਰੇ ਸ਼ੁਕਰ ਵਿਚ ਆ ਗਏ। ਵਾਹ ਸਾਂਈਂ ਜੀਓ, ਤਸੀਂ ਜੋ ਮੇਰੇ ਉੱਚੇ ਆਧਾਰ ਹੋ ਤੁਸਾਂ ਨੇ ਦਿੱਸਦਾ ਆਧਾਰ ਬੀ ਘੱਲ ਦਿੱਤਾ ਹੈ। ਮੈਂ ਸ਼ੁਕਰ ਕਰਾਂ ਪਰ ਮੇਰੀ ਟੇਕ ਇਕ ਤੁਸੀਂ ਹੋਵੋ। ਜੋ ਦੇਵੋ ਸ਼ੁਕਰ ਨਾਲ ਲਵਾਂ ਪਰ ਪਜਾਰ ਤਣਾਂਵਾਂ, ਤੁਸਾਂ ਵਿਚ ਗਡੀਆਂ ਰਹਿਣ।

ਦੋਵੇਂ ਸਜਣ ਸਫਰ ਕਰਦੇ ਹੁਣ ਆਨੰਦਪੁਰ ਸਾਹਿਬ ਅੱਪੜੇ। ਭਾਈ ਸਾਹਿਬ ਫ਼ਾਰਸੀ ਬੈਂਤਾਂ ਵਿਚ ਕਦੇ ਕਦੇ ਬੰਦਗੀ ਦੇ ਪਹਿਲੂਆਂ ਤੇ ਸ਼ਿਅਰ ਲਿਖਿਆ ਕਰਦੇ ਸਨ। ਰਸਤੇ ਦੇ ਰੰਗ ਵਿਚ ਆਪ ਨੇ ਹੋਰ ਸ਼ਿਅਰ ਕਹਿ ਕਹਿ ਕੇ ਇਕ ਕਿਤਾਬ ਬਣਾ ਲਈ ਤੇ ਉਸ ਉਪਰ ਉਸ ਦਾ ਨਾਮ ਲਿਖਿਆ 'ਬੰਦਗੀ ਨਾਮਾ'। ਜਦੋਂ ਆਨੰਦਪੁਰ ਪਹੁੰਚ ਕੇ ਡੇਰਾ ਕਰ ਲਿਆ ਤਾਂ ਉਹ ਖੋਥੀ ਲੈ ਕੇ ਫਿਰ ਸਾਹਿਬਾਂ ਦੇ ਹਜ਼ੂਰ ਹਾਜ਼ਰ ਹੋਏ। ਮੁੱਦਤਾਂ ਬਾਦ ਪ੍ਰੀਤਮ ਜੀ ਮਿਲੇ ਸਨ, ਪੋਥੀ ਅੱਗੇ ਰੱਖ ਕੇ ਸੁਹਣੇ ਚਰਨਾਂ ਤੇ ਸਿਰ ਧਰਿਆ। ਯਾਦ ਰੱਬ ਦੀ ਹੁਣ ਨੰਦ ਲਾਲ ਜੀ ਦੇ ਹਗ਼ ਰੇਸ਼ੇ ਵਿਚ ਥਾਂ ਕਰ ਚੁਕੀ ਸੀ। ਆਂਖਦੇ ਹਨ ਕਿ ਰੂਹਾਨੀ ਉੱਚਤਾ ਵਾਲਿਆਂ ਦੀ ਪਛਾਣ ਰੂਹਾਨੀ ਬੰਦੇ ਹੀ ਕਰ ਸਕਦੇ ਹਨ। ਹੁਣ ਆਪ ਨੂੰ ਨਾਮ ਰੰਗ ਵਿਚ ਕਮਾਲ ਹੋ ਜਾਣ ਤੇ ਆਪਣੇ ਪ੍ਰੀਤਮ ਦੀ ਰੂਹਾਨੀਅਤ ਦਾ ਔਜ ਉਚਿਆਈ ਹੋਰ ਉੱਚੀ ਹੋ ਭਾਸੀ। ਜੌਹਰੀ ਬਣ ਗਏ, ਨੰਦ ਲਾਲ ਜੀ ਨੇ ਆਪਣੇ ਲਾਲ ਦੀ ਕਦਰ ਅਗੇ ਤੋਂ ਬੀ ਅਮੋਲਕ ਪਛਾਣੀ। ਠੰਢ ਪਈ, ਦਿਲ ਨੇ ਕਿਹਾ 'ਸਾਂਈਂ ਜੋ ਕਰਦਾ ਹੈ ਭਲੇ ਦਾ, ਮੈਂ ਕਿਥੋਂ ਸ਼ਾਹਜ਼ਾਦੇ ਦੀ ਨੌਕਰੀ ਛੱਡਣੀ ਤੇ ਇਸ ਰਸ ਸਾਗਰ ਵਿਚ ਮੁੜ ਆ ਕੇ ਡਿੱਗਣਾ ਸੀ। ਸਾਂਈਂ ਨੇ ਢੋ ਢੁਕਾਏ ਸਾਰੇ, ਮਨਾ! ਹੁਣ ਨਾ ਸਿਰ ਚਾ, ਬੱਸ ਏਥੇ ਹੀ ਮਿਲ ਜਾ ਸ਼ਹੁ ਸਾਗਰ ਵਿਚ ਸਦਾ ਲਈ।'

ਸ੍ਰੀ ਗੁਰੂ ਜੀ ਨੇ ਬੜਾ ਪਿਆਰ ਦਿੱਤਾ, ਬੜਾ ਮਾਣ ਦਿੱਤਾ, ਸਿਰ ਆਪ ਚਾਇਆ, ਨਿਹਾਲ ਨਿਹਾਲ ਦਾ ਵਰ ਦਿੱਤਾ ਤੇ ਪੋਥੀ ਚਾਕੇ ਡਿੱਠੀ, ਵਰਕੇ ਉਲਟਾਏ, ਸ਼ੇਅਰ ਪੜ੍ਹੇ, ਪੜ੍ਹ ਕੇ ਖਿੜੇ, ਹੁਕਮ ਕੀਤਾ "ਪੜ੍ਹਕੇ ਸੁਣਾਓ"। ਭਾਈ ਜੀ ਨੇ ਖੜੇ ਹੋ ਕੇ ਸਾਰੀ ਪੋਥੀ ਪੜ੍ਹੀ। ਸਾਰੀ ਸਭਾ ਦੰਗ ਰਹਿ ਗਈ। ਗੁਰਮਤਿ ਦੇ ਨੁਕਤੇ, ਗੁਰਬਾਣੀ ਦੀਆਂ ਤੁਕਾਂ ਦੇ ਭਾਵ ਕਮਾਲ ਦੇ ਭਰੇ ਪਏ ਸਨ। ਕਦਰਾਂ ਵਾਲੇ ਸਾਂਈਂ, ਨੈਣਾਂ ਵਾਲੇ ਸਾਂਈਂ, ਦਿਲ ਵਾਲੇ ਸਾਂਈਂ ਖ਼ੁਸ਼ ਹੋਏ, ਪੋਥੀ ਹੱਥ ਵਿਚ ਲਈ ਤੇ ਉਸ ਦੇ ਸਰਵਰਕ ਤੇ ਆਪਣੀ ਕਲਮ ਨਾਲ ਲਿਖਿਆ :--

ਆਬੈ ਹੈਵਾਂ ਪੁਰ ਸ਼ੁਦਹ ਚੂੰ ਜਾਮੇ ਊ।
ਜ਼ਿੰਦਗੀ ਨਾਮਹ ਸ਼ੁਦਹ ਜ਼ਾਂ ਨਾਮੇ ਊ।
ਅਰਥ--ਨਾਲ ਅੰਮ੍ਰਿਤ ਜਾਮ ਇਸ ਦਾ ਭਰ ਗਿਆ।
ਜ਼ਿੰਦਗੀ ਨਾਮਾ ਤਦੇ ਹੁਣ ਨਾਂ ਭਇਆ।

ਸਤਿਗੁਰ ਨੇ ਬੰਦਗੀ ਨਾਮੇ ਦਾ ਨਾਉਂ ਜ਼ਿੰਦਗੀ ਨਾਮਾ ਧਰਿਆ। ਭਾਈ ਸਾਹਿਬ ਤਾਂ ਨਿੰਮ੍ਰਤਾ ਵਿਚ ਸਨ, ਇਸ ਪੋਥੀ ਵਿਚ ਬੰਦਗੀ ਦੀ ਮਹਿਮਾ ਸੀ। ਸਾਰੇ ਭਾਵ ਗੁਰੂ ਮਤਿ ਵਾਲੀ ਭਗਤੀ ਦੇ ਸਨ ਤੇ ਗੁਰਬਾਣੀ ਦੇ ਆਸ਼ੇ ਜਗ੍ਹਾ ਜਗ੍ਹਾ ਸਨ, ਜਿਨ੍ਹਾਂ ਨੂੰ ਪੜ੍ਹਕੇ ਨਾਮ ਦਾ ਚਾਉ ਪੈਦਾ ਹੁੰਦਾ ਹੈ ਤੇ ਜਿੰਦ ਰੁਮਕਦੀ ਹੈ, ਸਤਿਗੁਰ ਜੀ ਨੇ ਹੁਣ ਨਾਮ 'ਜ਼ਿੰਦਗੀ ਨਾਮਾ' ਧਰਿਆ ਕਿ ਇਸ ਪਰ ਅਮਲ ਕਰਨੇ ਤੇ ਰੂਹਾਨੀ ਜ਼ਿੰਦਗੀ ਮਿਲੇਗੀ। ਇਸ ਰਚਨਾ ਵਿਚ ਲਗ ਪਗ ੫੦੦ ਸ਼ਿਅਰ ਹਨ। ਨਮੂਨੇ ਮਾਤ੍ਰ ਰਚਨਾ ਇਸ ਪ੍ਰਕਾਰ ਹੈ :--

ਐ ਜ਼ਿਹੇ ਇਨਸਾਂ ਕਿ ਹੱਕ ਰਾ ਯਾਫ਼ਤਹ
ਰੂ ਜ਼ਿ ਯਾਦੇ ਗ਼ੈਰ ਹਕ ਅਰ ਤਾਫ਼ਤਹ।।੩੨੫।।
ਹੈ ਮੁਬਾਰਕ ਜਨ ਕਿ ਜਿਸ ਰੱਬ ਪਾ ਲਿਆ।
'ਗ਼ੈਰ ਹੱਕ' ਦੀ ਯਾਦ ਤੋਂ ਮੂੰਹ ਭੁਆ ਲਿਆ[1]।।੩੨੫।।
ਦਰ ਲਿਬਾਸੇ ਦੁਨਿਯਵੀ ਫ਼ਾਰਗ਼ ਅਜ਼ਾਂ।
ਹਮਚੁ ਜ਼ਾਤਸ਼ ਆਸ਼ਕਾਰਾ ਓ ਨਿਹਾਂ।।੩੨੬।।
ਵੇਸ਼ ਦੁਨੀਆਂ ਪਰ ਦੁਨੀ ਤੋਂ ਛੁਟ ਰਹੇ।

1. ਏਕ ਓਟ ਏਕੋ ਆਧਾਰ।। ਨਾਨਕੁ ਮਾਗੈ ਨਾਮੁ ਪ੍ਰਭ ਸਾਰੁ।। (ਗਉ: ਸੁਖਮਨੀ)

1. ਇਹ ਫ਼ਾਰਸੀ ਸ਼ਿਅਰਾਂ ਦੇ ਵਜ਼ਨ ਤੇ ਹੀ ਪੰਜਾਬੀ ਅਨੁਵਾਦ ਕੀਤਾ ਗਿਆ ਹੈ।

ਰੱਬ ਵਾਂਙੂ ਪ੍ਰਗਟ ਹਨ ਪਰ ਲੁਕ ਰਹੇ॥ ੩੨੬॥
ਜ਼ਾਹਰ ਓ ਦਰ ਕੈਦੇ ਮੁਸ਼ਤੇ ਖ਼ਾਕ ਹਸਤ।
ਬਾਤਨੇ ਓ ਬਾ ਖ਼ੁਦਾਏ ਪਾਕ ਹਸਤ॥ ੩੨੭॥
ਹਨ ਓ ਬਾਹਰੋਂ ਕੈਦ ਮੁੱਠੀ ਖ਼ਾਕ ਵਿਚ।
ਅੰਦਰੋਂ ਹਨ ਲਗ ਰਹੇ ਰਬ ਪਾਕ ਵਿਚ॥ ੩੨੭॥
ਜ਼ਾਹਰ ਅੰਦਰ ਮਾਯਲੇ ਫ਼ਰਜ਼ੰਦੋ ਜ਼ਨ,
ਦਰਹਕੀਕਤ ਬਾ-ਖ਼ੁਦਾਏ ਖ਼ੇਸ਼ਤਨ॥ ੩੨੮॥
ਇਸਤਰੀ ਪੁਤ ਵਿਚ ਲਗੇ ਹਨ ਬਾਹਿਰੋਂ।
ਰੱਬ ਅਪਣੇ ਨਾਲ ਪਰ ਹਨ ਅੰਦਰੋਂ॥ ੩੨੮॥
ਜ਼ਾਹਰ ਅੰਦਰ ਮਾਯਲੇ ਹਿਰਸੋ ਹਵਾ।
ਬਾਤਨੇ ਓ ਪਾਕ ਅਜ਼ ਯਾਦੇ ਖ਼ੁਦਾ॥ ੩੨੯॥
ਲੋਭ ਲਾਲਚ ਵਿਚ ਫਸੇ ਹਨ ਬਾਹਰੋਂ।
ਯਾਦ ਰਬ ਤੇ ਸਾਫ ਸੀਨਾ ਅੰਦਰੋਂ॥ ੩੨੯॥
ਰਫ਼ਤਹ ਰਫ਼ਤਹ ਬਾਤਨਸ਼ ਜ਼ਾਹਰ ਸ਼ੁਦਹ,
ਦਰ ਹਕੀਕਤ ਤਬਲਹਏ ਅੰਬਰ ਸ਼ੁਦਹ॥ ੩੩੨॥
ਸਹਿਜੇ ਸਹਿਜੇ ਅੰਦਰੂਲਾ ਪ੍ਰਗਟਾਂਵਦਾ।
ਡੱਬਾ ਅੰਬਰ ਦਾ ਉ ਬਣ ਹੈ ਜਾਂਵਦਾ[1]॥ ੩੩੨॥
ਜ਼ਾਹਰੋ ਬਾਤਨ ਸ਼ੁਦਹ ਯਕਸਾਨੇ ਓ।
ਹਰਦੋ ਆਲਮ ਬੰਦਹ ਏ ਫੁਰਮਾਨੇ ਓ॥ ੩੩੩॥
ਅੰਦਰੋਂ ਬਾਹਰੋਂ ਓ ਇੱਕੋ ਹੋ ਗਏ।
ਦੋ ਜਹਾਂ ਵਿਚ ਹੁਕਮ ਉਹਨਾਂ ਦੇ ਆਏ॥ ੩੩੩॥
ਹਮ ਬ-ਦਿਲ ਯਾਦੇ ਖ਼ੁਦਾ ਓ ਬਰ ਜ਼ੁਬਾਂ।
ਈਂ ਜ਼ੁਬਾਨਸ਼ ਦਿਲਸ਼ੁਦਹ ਦਿਲ ਸ਼ੁਦ ਜ਼ੁਬਾਂ॥ ੩੩੪॥
ਜੀਭ ਦਿਲ ਤੇ ਯਾਦ ਰੱਬ ਦੀ ਬਹਿ ਗਈ।
ਦਿਲ ਜ਼ੁਬਾਂ ਹੋ ਰਿਹਾ ਜਿਭ ਦਿਲ ਹੋ ਰਹੀ॥ ੩੩੪॥
ਵਾਸਲਾਨੇ ਹਕ ਚੁਨੀ ਫ਼ੁਰਮੂਦਹ ਅੰਦ,
ਬੰਦਹਹਾ ਦਰ ਬੰਦਗੀ ਆਸੂਦਹ ਅੰਦ॥ ੩੩੫॥
'ਵਾਹਿਗੁਰੂ ਮਿਲਿਆਂ' ਨੇ ਐਦਾਂ ਹੈ ਕਿਹਾ :
ਬੰਦਗੀ ਵਿਚ ਬੰਦਿਆਂ ਸੁਖ ਪਾ ਲਿਆ॥ ੩੩੫॥
ਸਾਹਿਬੀ ਬਾਸ਼ਦ ਮੁਸੱਲਮ ਸ਼ਾਹ ਰਾ,
ਕੁਰਨਸ਼ੇ ਮਨ ਸਾਲਕੇ ਈ ਰਾਹ ਰਾ[2]॥ ੩੩੬॥
ਸਾਹਿਬੀ ਸ਼ਾਹਾਂ ਨੂੰ ਸੋਹੇ ਸਾਹਿਬੀ,
ਹੈ ਮੇਰੀ ਡੰਡੌਤ ਰਹਿਬਰ ਦੇ ਤਈਂ॥ ੩੩੬॥

1. ਅੰਬਰ ਬੜੀ ਕੀਮਤੀ ਖ਼ੁਸ਼ਬੋ ਹੈ। ਉਸ ਨੂੰ ਡੱਬੇ ਵਿਚ ਪਾਕੇ ਸਾਂਭੀਏ ਤਾਂ ਬਿਨਾਂ ਖੁਹਲੇ ਹੀ ਖ਼ੁਸ਼ਬੋ ਬਾਹਰ ਨਿਕਲ ਜਾਂਦੀ ਹੈ ਐਉਂ ਭਾਈ ਜੀ ਦੱਸਦੇ ਹਨ ਕਿ ਅੰਦਰ ਰੱਬ ਦਾ ਨਾਉਂ ਲੁਕਿਆ ਲੁਕਦਾ ਨਹੀਂ, ਖ਼ੁਸ਼ਬੋ ਉਹਦੀ ਖਿੱਲਰ ਜਾਂਦੀ ਹੈ।
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲ ਇਸ਼ਾਰਾ ਹੈ।

ਆਂ ਜ਼ਿਹੇ ਸਰ ਕੋ ਬਰਾਹਸ਼ ਦਰ ਸਜੂਦ,
ਹਮਚੁ ਗੋ ਚੌਗਾਨ ਸ਼ੌਕਸ਼ ਦਰ ਰਬੂਦ॥ ੩੪੭॥
ਉਹ ਮੁਬਾਰਕ ਸੀਸ ਜੋ ਦਰ ਪੈ ਰਿਹਾ,
ਪ੍ਰੇਮ ਖੂੰਡੀ ਵਾਂਙ ਖਿੱਧੂ ਲੈ ਗਿਆ[1]॥ ੩੪੭॥
ਆਂ ਜ਼ਿਹੇ ਦਸਤੇ ਕਿ ਵਸਫੇ ਓ ਨਵਿਸ਼ਤ,
ਆਂ ਜ਼ਿਹੇ ਪਾਏ ਕਿ ਦਰ ਕੂਇਸ਼ ਗੁਜ਼ਸ਼ਤ॥ ੩੪੮॥
ਧੰਨ ਹਨ ਓ ਰੱਬ ਲਿਖਿਆ ਜਸ ਜਿਨ੍ਹਾਂ,
ਧੰਨ ਹਨ ਓਹ ਚਰਨ ਚਾਲੈਂ ਪ੍ਰਭੁ ਪਥਾ॥ ੩੪੮॥
ਆਂ ਜ਼ੁਬਾਨੇ ਬਿਹ ਕਿ ਜ਼ਿਕਰੇ ਓ ਕੁਨੱਦ;
ਖ਼ਾਤਿਰੇ ਆਂ ਬਿਹ ਕਿ ਫ਼ਿਕਰੇ ਓ ਕੁਨੱਦ॥ ੩੪੯॥
ਉਹ ਮੁਬਾਰਕ ਜੀਭ ਜਿਸ ਤੇ ਨਾਉਂ ਹੈ।
ਦਿਲ ਮੁਬਾਰਕ ਉਹ ਕਿ ਧਜਾਨ ਸ਼ਆਉ ਹੈ॥ ੩੪੯॥

ਜਦੋਂ ਭਾਈ ਸਾਹਿਬ ਸਾਹਿਬਾਂ ਦੀਆਂ ਮਿਹਰਾਂ ਨਾਲ ਮਾਲਾ ਮਾਲ ਹੋ ਚੁਕੇ ਤਾਂ ਮਹਿਰਮ ਦਾਤੇ ਨੇ ਦਰੋਗ਼ਾ ਜੀ ਵਲ ਤੱਕਿਆ, 'ਮੀਰ ਸਾਹਿਬ ਅੱਛੇ ਹੋ ?' ਮੀਰ ਸਾਹਿਬ ਭੇਟ ਅੱਗੇ ਧਰਕੇ ਚਰਨਾਂ ਨੂੰ ਲਿਪਟ ਗਏ। ਗੁਰੂ ਜੀ ਨੇ ਕਰਮ ਦਾ ਹੱਥ, ਹਾਂ ਮੇਹਰ ਦਾ ਹੱਥ, ਸਿਰ ਤੇ ਫੇਰਿਆ ਤੇ ਬੋਲੇ : 'ਮੁਰਸ਼ਿਦ ?' ਦਰੋਗ਼ੇ ਨੇ ਸਿਰ ਚਾਇਆ ਜੋ ਰਸ ਭਰਪੂਰ ਹੋ ਰਿਹਾ ਸੀ, ਬੋਲ ਨਾ ਸਕਿਆ ਪਰ ਹੱਥ ਨਾਲ ਭਾਈ ਸਾਹਿਬ ਵਲ ਸੈਨਤ ਕੀਤੀ। ਆਲਮ ਸਿੰਘ ਚਰਨਾ ਨੇੜੇ ਬੈਠਾ ਸੀ, ਰਹਿ ਨਾ ਸਕਿਆ, ਆਖਣ ਲੱਗਾ "ਗੁਰੂ ਸਤਿਗੁਰੂ ਅਭੁੱਲ ਹੁੰਦਾ ਹੈ[2]। ਅਭੁੱਲ ਗੁਰੂ ਆਹ ਬੈਠਾ ਹੈ ਸਾਮਰਤੱਖ। ਭਾਈ ਨੰਦ ਲਾਲ ਸਿੱਖ ਹੈ, ਪੂਰਨ ਸਿੱਖ ਹੈ, ਪਰ ਗੁਰੂ ਦੀ ਹਜ਼ੂਰੀ ਵਿਚ ਕੀਹ ਦੱਸ ਰਹੇ ਹੋ ਮੀਰ ਸਾਹਿਬ !" ਮੀਰ ਸਾਹਿਬ ਤਾਂ ਕੁਛ ਨਾ ਬੋਲੇ, ਪਰ ਦਿਲ ਪੀੜਾ ਦੇ ਮਹਿਰਮ, ਸਭ ਸੋਭਾ ਤੋਂ ਬੇਨਿਆਜ਼, ਹਰ ਲੋੜ ਤੋਂ ਬੇਪਰਵਾਹ, ਸੁਰਤ ਦੇ ਪਾਤਸ਼ਾਹ, ਸ਼ਹਿਨਸ਼ਾਹ ਬੋਲੇ : "ਆਲਮ ਸਿੰਘ ! ਤੈਨੂੰ ਪਤਾ ਨਹੀਂ ਕਿ ਨੰਦ ਲਾਲ ਨੇ ਮੈਨੂੰ ਜਾਣ ਲਿਆ ਹੈ। ਅੰਦਰ ਵਸਾ ਲਿਆ ਹੈ ਤੇ ਅੰਦਰ ਬਾਹਰ ਲਖ ਲਿਆ ਹੈ। ਤੈਨੂੰ ਪਤਾ ਨਹੀਂ ਕਿ ਇਸ ਪਰ ਮਿਹਰਾਮਤ 'ਬਖ਼ਸ਼ਿਸ਼' ਦੀ ਹੋ ਚੁਕੀ ਹੈ, ਇਹ ਹੁਣ ਬਖ਼ਸ਼ਿਸ਼ ਵਾਲਾ ਹੈ ਤੇ ਗੁਰੂ

1. ਸਿਰ ਖਿਧੂ ਹੈ, ਸ਼ੌਕ ਖੂੰਡੀ ਹੈ, ਮੈਦਾਨ ਸਰੀਰ ਹੈ, ਜਿਸ ਵਿਚ ਸ਼ਰੀਰਕ ਤ੍ਰਿਸ਼ਨਾ ਦੀ ਫ਼ਸੌਤੀ ਹੈ। ਗੁਰਾਂ ਦੇ ਚਰਨ ਖਿਧੂ ਦੇ ਪੁੱਗਣ ਤੇ ਸਲਾਮਤੀ ਦੀ ਥਾਂ ਹੈ, ਸੋ ਸਿਜਦੇ ਵਾਲੇ ਸਿਰ ਨੂੰ ਪ੍ਰੇਮ ਸਲਾਮਤੀ ਦੇ ਥਾਂ ਲੈ ਗਿਆ ਹੈ, ਇਹ ਭਾਵ ਹੈ।
2. ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ॥ (ਸਿਰੀ:ਮ:੧)

ਕਿਆਂ ਨੇ ਇਸਨੂੰ 'ਆਪਿ ਜਪੈ ਅਵਰਹ ਨਾਮੁ ਜਪਾਵੈ' ਵਾਲੀ ਗੁਰਸਿੱਖੀ ਬਖਸ਼ੀ ਹੈ, ਇਹ ਧੰਨ ਸਿੱਖ ਹੈ ਜੋ ਅਨੇਕਾਂ ਨੂੰ ਜਪਾਵੇਗਾ, ਭਾਈ ਜੀ ਗੁਰਮੁਖ ਹੋਏ ਹਨ, ਇਨ੍ਹਾਂ ਦੀ ਰਸਨਾ ਤੇ ਇਨ੍ਹਾਂ ਦੀ ਕਲਮ ਭੈ ਸਾਗਰ ਤੋਂ ਤਾਰਨਹਾਰ ਚੱਪੇ ਹੋਣਗੇ[1]।"

ਇਹ ਸੁਣਕੇ ਭਾਈ ਜੀ ਕੰਬੇ ਤੇ ਨੈਣ ਜਲ ਪੂਰਤ ਹੋ ਗਏ, ਕੁਛ ਚਿਰ ਤਾਂ ਕੰਠ ਰੁਕਿਆ ਰਿਹਾ, ਪਰ ਫਿਰ ਇਕ ਡਾਢੀ ਵੈਰਾਗ ਭਰੀ ਸੁਰ ਵਿਚ ਆਪਣੇ ਜ਼ਿੰਦਗੀ ਨਾਮੇ ਵਿਚੋਂ ਗਾਂਵੇਂ –

ਦੀਦਹਅਮ ਰਾ ਲੱਜ਼ਤੇ ਦੀਦਾਰ ਬਖ਼ਸ਼,
ਸੀਨਹਅਮ ਰਾ ਮਖ਼ਜ਼ਨੇ ਇਕਰਾਰ ਬਖ਼ਸ਼।
ਈਂ ਦਿਲੇ ਬਿਰੀਆਨਿ ਮਾਰਾ ਸ਼ਉਕ ਦਿਹ।
ਦਰ ਗਲੂਯਮ ਬੰਦਗੀ ਰਾ ਤਉਕ ਦਿਹ।
ਹਿਜਰੇ ਸਾ ਰਾ ਆਰਜ਼ੂਏ ਵਸਲ ਬਖ਼ਸ਼।
ਈਂ ਖ਼ਿਜ਼ਾਂਨੇ ਜਿਸਮ ਮਾਰਾ ਫਜ਼ਲ ਬਖਸ਼।
ਹਰ ਸਰੇ ਮੂਯਮ ਜ਼ੁਬਾਂ ਕੁਨ, ਅਜ਼ ਕਰਮ।
ਤਾ ਬਗੋਯਮ ਵਮਫੇ ਹਕ ਰਾ ਦਮ ਬਦਮ॥ ੪੫੮॥

ਅਰਥ:-

ਦੀਦਿਆਂ ਨੂੰ ਦੇਹ ਰਸ ਦੀਦਾਰ ਦਾ,
ਸੀਨਾ ਬਣੇ ਘਰ ਭੇਤ ਦੇ ਭੰਡਾਰ ਦਾ,
ਭੁੱਜ ਚੁਕੇ ਦਿਲ ਮੈਂਡੜੇ ਨੂੰ ਪ੍ਰੇਮ ਲਾ,
ਬੰਦਗੀ ਦਾ ਤੌਕ ਮੇਰੇ ਗਲੇ ਪਾ।
ਹਿਜਰ ਮੇਰੇ ਵਿਚ ਵਸਲ ਦਾ ਸ਼ਉਕ ਭਰ,
ਬੁੱਢੜੇ ਤਨ ਮੈਂਡੜੇ ਤੇ ਫ਼ਜ਼ਲ ਕਰ,
ਹਰ ਰੋਮ ਕਰਦੇ ਜੀਭ ਮੇਰਾ, ਕਰ ਕਰਮ,[2]
ਸਿਫ਼ਤ ਸਾਂਈਂ ਦੀ ਕਰਾਂ ਫਿਰ ਦਮਬਦਮ।

ਇਮ ਦਿਲ ਕੰਬਾ ਦੇਣ ਵਾਲੀ ਅਰਦਾਸ ਪਰ ਕੌਣ ਸੀ ਜਿਸ ਦੇ ਨੈਣ ਨਾ ਭਰ ਆਏ ਹੋਣ। ਇਹ ਮਰਤਬਾ ਤੇ ਇਹ ਨਿੰਮ੍ਰਤਾ, ਇਹ ਦਰ-ਢੱਠਣੀ ਪ੍ਰੇਮ ਭਾਵ ਤੇ ਬੰਦਗੀ ਦਾ ਨਕਸ਼ਾ ਦਿਲਾਂ ਤੇ ਵਹਿ ਗਿਆ। ਭਾਈ ਸਾਹਿਬ ਫਿਰ ਹੌਲੀ ਹੌਲੀ ਆਪਣੇ ਆਪ ਨੂੰ ਕਹਿਣ ਲੱਗ ਪਏ 'ਹੇ ਨੰਦ ਲਾਲ ! ਬੰਦਗੀ ਮੰਗ', ਤੇ ਸਹਿਜੇ ਸਹਿਜੇ ਆਪਣੇ ਬਣਾਏ ਸ਼ਿਅਰ ਪੜ੍ਹਿਓ ਨੇ :-

ਗਰ ਦਿਹਦ ਤੌਫੀਕ ਫ਼ਜ਼ਲੇ ਜ਼ੁਲ-ਜਲਾਲ,
ਬੰਦਹ ਰਾ, ਅਜ਼ ਬੰਦਗੀ ਬਾਸ਼ਦ ਕਮਾਲ।
ਜ਼ੀਸਤਨ ਦਰ ਬੰਦਗੀ ਮੌਲਾ ਬਵੱਦ,
ਗਰਚਿਹ ਸਰ ਤਾ ਪਾ ਹਮਹ ਮੌਲਾ ਬਵੱਦ।
ਬੰਦਗੀ ਬਾਸ਼ਦ ਕਮਾਲੇ ਬੰਦਗੀ।
ਬੰਦਗੀ ਬਾਸ਼ਦ ਨਿਸ਼ਾਨੇ ਜ਼ਿੰਦਗੀ।
ਗਰ ਨਿਸ਼ਾਨੇ ਜ਼ਿੰਦਗੀ ਮੇ ਬਾਯਦਤ,
ਬੰਦਗੀਏ ਹੱਕ ਤੁਰਾ ਸੇ ਸ਼ਾਯਦਤ।
ਜ਼ਿੰਦਗੀਏ ਬੰਦਹ ਰਾ ਈਂ ਬੰਦਗੀਸਤ।
ਬੰਦਗੀਏ ਹੱਕ ਕਿ ਐਨੇ ਜ਼ਿੰਦਗੀਸਤ।
ਤਾਂ ਤਵਾਨਾ ਬੰਦਹ ਸ਼ੌ, ਸਾਹਿਬ ਮਬਾਸ਼।
ਬੰਦਹ ਰਾ ਜੁਜ਼ ਬੰਦਗੀ ਨ ਬਵੱਦ ਤਲਾਸ਼।

ਅਰਥਾਤ –

ਜੇ ਦਏ ਸਮਰੱਥ ਈਸ਼੍ਵਰ ਓ ਕ੍ਰਿਪਾਲ,
ਬੰਦਗੀ ਤੋਂ ਪਾਂਵਦਾ ਬੰਦਾ ਕਮਾਲ।
ਰੂਪ ਰੱਬ ਦਾ ਚਾਹੇ ਸਾਰਾ ਹੋ ਜਏਂ,
ਬੰਦਗੀ ਵਿਚ ਜੀਉ, ਇਸ ਤੋਂ ਸੁਖ ਪਏਂ।
ਬੰਦਗੀ ਦੀ ਸਫਲਤਾ ਹੈ ਬੰਦਗੀ,
ਬੰਦਗੀ ਹੀ ਜਾਣ ਲੱਛਣ ਜ਼ਿੰਦਗੀ।
ਜ਼ਿੰਦਗੀ ਦੀ ਲੋੜ ਤੈਨੂੰ ਜੇ ਪਈ,
ਬੰਦਗੀ ਕਰ ਬੰਦਗੀ ਬਣਦੀ ਸਹੀ।
ਜੀਵਣਾ ਬੰਦੇ ਦਾ ਹੈ ਵੇ ਬੰਦਗੀ।
ਬੰਦਗੀ ਰੱਬ ਦੀ ਹੈ ਅਸਲੀ ਜ਼ਿੰਦਗੀ।
ਵੱਸ ਚਲਦੇ ਦਾਸ ਬਣ ਸਾਹਿਬ ਨ ਬਨ,
ਬੰਦੇ ਨੂੰ ਬਿਨ ਬੰਦਗੀ ਸਭ ਹਨ ਅ+ਬਨ[1]।

ਆਰਿਫ ਕਾਮਲ ਗੁਰੂ ਸਾਹਿਬ ਭਾਈ ਨੰਦ ਲਾਲ ਆਪਣੇ ਅਨਿੰਨ ਭਗਤ ਦੀ ਮਹੀਨ ਮਨ ਸੰਬੋਧ ਕਰਨ ਵਾਲੀ ਗਲ ਸੁਣਦੇ ਰਹੇ ਸਨ, ਹੱਸੇ ਤੇ ਕਹਿਣ ਲਗੇ: 'ਨੰਦ ਲਾਲ ! ਤੂੰ ਪਾਈ ਰਮਜ਼ ਹਉਂ ਤੋਂ ਪਾਰ ਹੋਣ ਦੀ ਤੇ ਰੰਗ ਰੱਤੜੇ ਰਹਿਣ ਦੀ, ਬੰਦਗੀ ਹੈ ਹਉਂ ਤੋਂ ਛੁਟਕਾਰੇ ਦੀ ਅਵਸਥਾ। ਆਪਾ-ਨਿਵਾਰੇ ਟਿਕਾਣੇ ਤੇ ਹੀ ਸਾਂਈਂ ਦਾ ਵਾਸਾ ਹੁੰਦਾ ਹੈ। ਦੂਈ ਦੀ ਕਾਈ ਬੰਦਗੀ ਨਾਲ ਹੀ ਲਹਿੰਦੀ ਹੈ ਤੇ ਸਾਂਈਂ ਦੇ ਨੂਰ ਨੂੰ ਬੰਦਗੀ ਹੀ ਖਿੱਚਕੇ ਆਪਣੇ ਵਿਚ ਲਿਆ ਵਸਾਉਂਦੀ ਹੈ।'

ਫਿਰ ਆਪ ਗ਼ਜਾਸੁੱਦੀਨ ਵਲ ਤੱਕੇ ਉਸ ਤੇ ਮਿਹਰ

1. ਸਿਖ ਧਰਮ ਵਿਚ ਭਾਈ ਨੰਦ ਲਾਲ ਜੀ ਦੀ ਬਾਣੀ ਪ੍ਰਮਾਣੀਕ ਬਾਣੀ ਦਾ ਦਰਜਾ ਰੱਖਦੀ ਹੈ। 2. ਮਿਹਰ ਕਰ।

1. ਆ + ਬਨ = ਅਜੋਗ।

ਦੀ ਨਜ਼ਰ ਪਾਈ। ਨਾਮ ਦਾਨ ਤੇ ਪ੍ਰੇਮਾ ਭਗਤੀ ਦਾ ਦਾਨ ਬਖ਼ਸ਼ਿਆ ਤੇ ਉਹ ਭੀ ਨਿਹਾਲ ਹੋ ਗਿਆ।

ਕੁਛ ਚਿਰ ਦਰੋਗਾਜੀ ਆਨੰਦਪੁਰ ਰਹੇ, ਫੇਰ ਭਾਈ ਜੀ ਦੀ ਆਗਿਆ ਹੋਣ ਕਰਕੇ ਆਗਰੇ ਚਲੇ ਗਏ। ਭਾਈ ਸਾਹਿਬ ਜੀ ਆਨੰਦਪੁਰ ਸਾਹਿਬ ਰਹਿ ਪਏ। ਸਾਂਈਂ ਦੇ ਰੰਗਰੱਤੜੇ ਤੇ ਗੁਰੂ ਦਰਸ਼ਨਾਂ ਨਾਲ ਨਿਹਾਲ ਸਦਾ ਖੀਵੇ ਰਹਿਣ, ਪਰ ਹੋਸ਼ਾਂ ਵਾਲੇ ਰੰਗ ਵਿਚ ਰਸ ਮੱਤੇ। ਮੁਲਤਾਨ ਵਾਲੇ ਸਨਬੰਧੀਆਂ ਨੂੰ ਪਤਾ ਸੀ ਕਿ ਭਾਈ ਜੀ ਆਨੰਦਪੁਰ ਅੱਪੜ ਗਏ ਹਨ, ਉਹਨਾਂ ਦੇ ਖ਼ਤ ਪਤ੍ਰ ਆਉਣ ਤੇ ਮੁਲਤਾਨ ਆਉਣ ਦੇ ਸੱਦੇ ਪਹੁੰਚਣ। ਜਦ ਸਤਿਗੁਰਾਂ ਨੂੰ ਖ਼ਬਰ ਹੋਈ ਤਾਂ ਉਨ੍ਹਾਂ ਨੇ ਭਾਈ ਜੀ ਨੂੰ ਘਰ ਜਾਣ ਦੀ ਆਗਜਾ ਕੀਤੀ। ਹੁਣ ਐਉਂ ਵਰਤਾਰਾ ਹੋ ਗਿਆ ਕਿ ਕਦੇ ਭਾਈ ਜੀ ਨੇ ਮੁਲਤਾਨ ਚਲੇ ਜਾਣਾ, ਟੱਬਰ ਕਬੀਲੇ ਦੀ ਸਾਰ ਲੈਣੀ ਫਿਰ ਖਿੱਚ ਖਾਣੀ ਤੇ ਆਨੰਦਪੁਰ ਆ ਰਹਿਣਾ। ਏਥੇ ਆਪਣਾ ਡੇਰਾ ਬਣਾ ਲਿਆ ਹੋਇਆ ਸੀ, ਜਿਥੇ ਆਪਣਾ ਨਿਵਾਸ ਰਖਦੇ ਸਨ।

ਇਕ ਵੇਰ ਗੁਰੂ ਕੇ ਦਰਬਾਰ ਵਿਚ ਉਨ੍ਹਾਂ ਸਿਖਾਂ ਦੀ ਮਹਿਮਾਂ ਚਲੀ ਜਿਨ੍ਹਾਂ ਨੇ ਆਨੰਦਪੁਰ ਡੇਰੇ ਕਰ ਰਖੇ ਸਨ ਤੇ ਜੋ ਆਪਣਾ ਲੰਗਰ ਕਰਦੇ ਤੇ ਆਏ ਗਏ ਸਿਖ ਸਾਧੂ ਅਭਜਾਗਤ ਨੂੰ ਅੰਨ ਛਕਾਉਂਦੇ ਸਨ। ਗੁਰੂ ਕਾ ਲੰਗਰ ਤਾਂ ਅਤੁੱਟ ਚਲਦਾ ਸੀ, ਪਰ ਟਿਕ ਕੇ ਚਿਰ ਤਕ ਰਹਿਣ ਵਾਲੇ ਸਿਖ ਭੀ ਆਪਣੇ ਡੇਰੇ ਅੰਨ ਬਣਾਉਂਦੇ ਸਨ ਤੇ ਸਿਖੀ ਦੇ ਅਸੂਲ ਮੂਜਬ ਅੰਨ ਦਾਨ ਨੂੰ ਪਰਮ ਦਾਨ ਸਮਝਕੇ ਆਏ ਸਿਖ ਦੀ ਸੇਵਾ ਕਰਦੇ ਸਨ। ਜਦੋਂ ਸਭ ਦੀ ਮਹਿਮਾਂ ਸੁਣੀ ਤਾਂ ਗੁਰੂ ਜੀ ਨੇ ਕਿਹਾ, "ਜੋ ਭਲਿਆਈ ਕਰਦੇ ਹਨ ਚੰਗਾ ਕਰਦੇ ਹਨ।" ਕੌਤਕੀ ਗੁਰੂ ਜੀ ਇਕ ਦਿਨ ਬਿਹੰਗਮੀ ਵੇਸ ਧਾਰ ਕੇ ਲੰਗਰਾਂ ਵਾਲਿਆਂ ਦੇ ਡੇਰਿਆਂ ਵਿਚ ਅੰਨ ਮੰਗਣ ਚਲੇ ਗਏ। ਵੇਲਾ ਜ਼ਰਾ ਸਵੇਰਾ ਸੀ, ਜਿਥੇ ਜਾਣ, ਕੋਈ ਕਹੇ ਅਜੇ ਸਵੇਰਾ ਹੈ ਫਿਰ ਆਓ। ਕੋਈ ਕਹੇ ਤਿਆਰ ਨਹੀਂ। ਕੋਈ ਕਹੇ ਫਲਾਣੇ ਵੇਲੇ ਆਉਣਾ, ਕੋਈ ਕਹੇ ਝੱਟ ਕੁ ਨੂੰ ਆਉਣਾ, ਅਰਦਾਸ ਹੋ ਲਵੇ। ਸਭ ਦਰੋਂ ਖਾਲੀ ਮੁੜੇ। ਚੋਜੀ ਜਦ ਭਾਈ ਨੰਦ ਲਾਲ ਜੀ ਦੇ ਡੇਰੇ ਗਏ ਤਾਂ ਆਪ ਨੇ ਕਿਹਾ : ਦਾਲ ਰਿੱਝ ਰਹੀ ਹੈ, ਆਟਾ ਗੁੱਧਾ ਹੈ, ਇਹ ਹਾਜ਼ਰ ਕਰਦਾ ਹਾਂ, ਬੈਠੋ ਤਾਂ ਫੁਲਕੇ ਪੱਕਾ ਕੇ ਹਾਜ਼ਰ ਕਰਦਾ ਹਾਂ।' ਆਪ ਨੇ ਕਿਹਾ : 'ਠਹਿਰ ਨਹੀਂ ਸਕਦੇ'। ਨੰਦ ਲਾਲ ਜੀ ਨੇ ਰਿੱਝਣ ਲਾਗੇ ਅੱਪੜੀ ਹੋਈ ਦਾਲ ਤੇ ਗੁੱਧਾ ਆਟਾ, ਘਿਉ ਆਦਿ ਅਗੇ ਲਿਆ ਹਾਜ਼ਰ ਕੀਤਾ। ਆਪ ਡਾਢੇ ਪਿਆਰ ਨਾਲ ਲੈਕੇ ਅਸ਼ੀਰਬਾਦ ਦੇਂਦੇ ਆਪਣੇ ਟਿਕਾਣੇ ਆ ਗਏ। ਜਦ ਦਰਬਾਰ ਲੱਗਾ ਤਾਂ ਆਪ ਨੇ ਆਖਿਆ ਕਿ ਡੇਰਿਆਂ ਦੇ ਲੰਗਰਾਂ ਵਿਚੋਂ 'ਨੰਦ ਲਾਲ ਦਾ ਲੰਗਰ ਸ਼ਲਾਘਾ ਜੋਗ ਹੈ'। ਫਿਰ ਆਪ ਨੇ ਦਾਲ ਆਟਾ ਆਦਿ ਦਿਖਾਕੇ ਸਮਝਾਇਆ ਕਿ "ਲੋੜਵੰਦ ਨੂੰ 'ਨਾਂਹ' ਨਹੀਂ ਕਰਨੀ ਚਾਹੀਏ ਜੋ ਸਰੇ ਹਾਜ਼ਰ ਕਰ ਦਿਤਾ, ਮੰਗੇ ਤਾਂ ਦੇ ਦਿੱਤਾ।" ਸਮਝਾਇਆ ਇਹ ਕਿ "ਲੋੜਵੰਦ ਦੀ ਲੋੜ ਨੂੰ ਲੋੜਵੰਦ ਵਾਂਙੂ ਨਾ ਸਹਿ ਸਕਣਾ ਆਤਮ ਦ੍ਰਵਣਤਾ ਦਾ ਚਿੰਨ੍ਹ ਹੈ", ਫਿਰ ਆਪ ਲੇ ਫੁਰਮਾਇਆ :-

ਨੰਦ ਲਾਲ ਭਾ ਹਮਰੋ ਦਾਤਾ। ਭਗਤਿ ਭਾਉ
ਸੰਤਨ ਮਨ ਰਾਤਾ। ਛੁਧਤਿ ਨ ਦੇਖਿ ਸਕਹਿ ਚਿਰ
ਭਾਰੋ, ਦੇਗ ਕਰਤ ਸੋਈ ਹਮ ਪਜਾਰੋ। (ਸੂ: ਪ੍ਰ:)

ਭਾਈ ਸਹਿਬ ਦੇ ਦੀਵਾਨ ਵਿਚ ਇਕ ਗ਼ਜ਼ਲ ਹੋਲੀ ਦੀ ਮਿਲਦੀ ਹੈ, ਜਿਸ ਵਿਚ ਆਪ ਨੇ ਆਪਣੇ ਚਿਤ ਦੇ ਉਤਸ਼ਾਹ ਨੂੰ ਉਹਨਾਂ ਦੇ ਸੁਹਾਣੇ ਰੰਗ ਨੂੰ ਖਾਕੀ ਨੈਣਾਂ ਨਾਲ ਤੱਕ ਕੇ ਵਰਣਨ ਕੀਤਾ ਹੈ :-

ਗੁਲੇ ਹੋਲੀ ਬਬਾਗੇ ਦਹਿਰ ਈਂ ਬਿਸ਼ਿਗੁਫ਼ਤ,
ਲਬੇ ਚੂੰ ਗ਼ੁੰਚਹਹਾ ਫ਼ਰਖ਼ੰਦਹ ਖ਼ੂ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ,
ਚੂੰ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ।
ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ,
ਜ਼ਮੀਨੋਂ ਆਸਮਾਂ ਰਾ ਸੁਰਖ਼ਰੂ ਕਰਦ।
ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ,
ਕਿ ਹਰ ਬੇਰੰਗ ਰਾ ਖ਼ੁਸ਼ਰੰਗ ਰੂ ਕਰਦ।
ਦੁਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼,
ਚੁ ਸ਼ਾਹਮ ਜਾਮਹ ਰੰਗੀਂ ਦਰ ਗੁਲੂ ਕਰਦ।
ਕਸੇ ਕੋ ਦੀਦ ਦੀਦਾਰੇ ਮੁਕੱਦਸ,
ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ।
ਸ਼ਵੱਦ ਕੁਰਬਾਨ ਖ਼ਾਕੇ ਸਾਧ ਸੰਗਤ,
ਦਿਲੇ 'ਗੋਯਾ' ਹਮੀਂ ਰਾ ਆਰਜ਼ੂ ਕਰਦ।

ਅਰਥਾਤ :-

ਕਿ ਫੁਲ ਹੋਲੀ ਦਾ ਖਿੜਿਆ ਵਿੱਚ ਦੁਨੀਆਂ,
ਲਬਾਂ ਨੂੰ ਖੁਹਲਿਆ ਉਸ ਵਾਂਙ ਕਲੀਆਂ।

ਅਬੀਰ, ਅੰਬਰ ਗੁਲਾਲਾਂ ਤੇ ਕਥੂਰੀ,
ਵਸਣ ਹਰ ਤਰਫ਼ ਜਿਉਂ ਬਰਖਾ ਦੀ ਕਣੀਆਂ।
ਮੁਬਾਰਕ ਹੱਥ ਉਡਾਈ ਜਦ ਗੁਲਾਲੀ,
ਚੜ੍ਹੀ ਲਾਲੀ ਜ਼ਿਮੀਂ ਅਸਮਾਨ ਫੁਲੀਆਂ।
ਚਲੇ ਕੇਸਰ ਦੀ ਪਿਚਕਾਰੀ ਮੁਬਾਰਕ,
ਕਿ ਹਰ ਬੇਰੰਗ ਨੂੰ ਰੰਗ ਲਾਣ ਭਲੀਆਂ।
ਤੁਫੈਲ ਉਸ ਦੀ ਜਹਾਂ ਦੋ ਗਏ ਰੰਗੇ,
ਰੰਗੇ ਜਾਮੇ ਜਾਂ ਸੁਹਣੇ ਲਾਈਆਂ ਤਣੀਆਂ!
ਜਿਨ੍ਹੇ ਡਿੱਠੇ ਮੁਬਾਰਕ ਏਹ ਦਰਸ਼ਨ,
ਮੁਰਾਦਾਂ ਉਮਰ ਉਸ ਨੇ ਹੈਨ ਜਿਣੀਆਂ।
ਹੋਯਾ ਕੁਰਬਾਨ ਸਤਿਸੰਗਤ ਦੀ ਧੂੜੋਂ,
ਕਿ ਲੋਚਾਂ ਅੱਜ 'ਗੋਯਾ' ਦੀਆਂ ਫਲੀਆਂ।

ਇਸੀ ਤਰ੍ਹਾਂ ਅਨੇਕ ਸਮਿਆਂ ਪਰ ਸਮੇਂ ਦੇ ਹਾਲ ਮੂਜਬ ਆਪਣੇ ਦਿਲੀ ਵਲਵਲਿਆਂ ਤੇ ਉੱਚ ਭਾਵਾਂ ਦੇ ਉਭਾਰਾਂ ਵੇਲੇ ਕਈ ਗ਼ਜ਼ਲਾਂ ਆਪ ਨੇ ਕਹੀਆਂ ਹਨ ਤੇ ਜਿਨ੍ਹਾਂ ਦਾ ਸੰਚਾ ਦੀਵਾਨ ਗੋਯਾ ਕਹਿਲਾਉਂਦਾ ਹੈ। 'ਗੋਯਾ' ਉਹਨਾਂ ਦੀ ਛਾਪ ਹੈ ਕਿ ਮੈਂ ਗੁਰੂ ਆਸ਼ੇ ਨੂੰ ਕੇਵਲ ਕਹਿਣ ਵਾਲਾ ਹਾਂ।

ਇਕ ਜੰਗ ਵਿਚ ਜਦੋਂ ਬਚਿਤ੍ਰ ਸਿੰਘ ਨੇ ਹਾਥੀ ਮਾਰਿਆ ਹੈ, ਸਤਿਗੁਰ ਜੀ ਦੇ ਉਸ ਜਲਾਲੀ ਕਮਾਲ ਨੂੰ ਆਪ ਨੇ ਇਕ ਗ਼ਜ਼ਲ ਵਿਚ ਬੱਧਾ ਹੈ :—

ਕੀਸਤ ਇਮਰੋਜ਼ ਕਿ ਸੌਦਾਇ ਨਿਗਾਰੇ ਦਾਰਦ ?
ਬਾਦਸ਼ਾਹ ਹਸਤ[1] ਦਰੀਂ ਦਹਿਰ ਕਿ ਯਾਰੇ ਦਾਰਦ।
ਦਾਨਮ ਐ ਸ਼ੋਖ਼ ! ਕਿ ਖ਼ੂਨੇ ਦੋ ਜਹਾਂ ਖ਼ਾਹਦ ਰੇਖ਼ਤ,
ਚਸ਼ਮੇ ਮਸਤੇ ਤੋ ਕਿ ਇਮਰੋਜ਼ ਖੁਮਾਰੇ ਦਾਰਦ।
ਦਾਮਨੇ ਚਸ਼ਮੇ ਮਰਾ ਖ਼ੂਨੇ ਜਿਗਰ ਰੰਗੀਂ ਕਰਦ,
ਦਿਲੇ ਦੀਵਾਨਹਏ ਮਾ ਤੁਰਫਹ ਬਹਾਰੇ ਦਾਰਦ,
ਸਾਯਾਏ ਤੂਬਾਏ ਫਿਰਦੌਸ[2] ਨ ਖਾਹਦ ਹਰਗਿਜ਼
ਹਰਕਿ ਮਨਸੂਰੇ ਸਿਫਤ ਸਾਯਾਏ ਦਾਰੇ ਦਾਰਦ,
ਰੂਏ ਗੁਲਗੂਨਿ ਖ਼ੁਦ ਐ ਸ਼ਮਅ ਬਰਅਫ਼ਰੋਜ਼ ਦਮੇ,
ਦਿਲੇ ਪਰਵਾਨਹ ਓ ਬੁਲਬੁਲ ਬਤੋ ਕਾਰੇ ਦਾਰਦ।
ਬਹਿਰੇ ਦੀਵਾਨਹ ਅਗਰ ਸਿਲਸਿਲਹਾ ਮੇ ਸਜ਼ਿਦ,
ਦਿਲੇ 'ਗੋਯਾ' ਬਖ਼ਮੇ ਜ਼ੁਲਫ਼ ਕਰਾਰੇ ਦਾਰਦ।

(ਗ਼ਜ਼ਲ ਦਾ ਪੰਜਾਬੀ ਉਲਥਾ ਫ਼ਾਰਸੀ ਗ਼ਜ਼ਲ ਦੇ ਬਹਿਰ ਵਿਚ)

੧. ਹੈ ਕਮਲਾ ਪਿਆਰ ਕਿਸਨੇ ਅੱਜ
ਸੁਹਣੇ ਨਾਲ ਲਾਇਆ ਹੈ ?
ਕਿ ਉਸ ਨੇ ਪਿਆਰ ਪਿਆਰੇ ਵਿਚ,
ਜਗਤ ਦਾ ਰਾਜ ਪਾਇਆ ਹੈ।
੨. ਮਸਤ ਨੈਣਾਂ ਵਿਚ ਤੇਰੇ ਜੋ,
ਖ਼ੁਮਾਰ ਆਯਾ ਹੈ ਅੱਜ, ਪਜਾਰੇ !
ਕਰੂ ਖ਼ੂੰ ਦੋ ਜਹਾਨਾਂ ਦਾ,
ਸਮਝ ਮੇਰੀ 'ਚ ਆਇਆ ਹੈ,
੩. ਏ ਦਿਲ ਕਮਲੇ ਤਈਂ ਮੇਰੇ,
ਅਜਬ ਆਈ ਬਹਾਰ ਅੱਜ ਹੈ,
ਜਿਗਰ ਦੇ ਖ਼ੂਨ ਨੈਣਾਂ ਨੂੰ,
ਕਿ ਰੱਤਾ ਕਰ ਦਿਖਾਯਾ ਹੈ,
੪. ਜਿਨ੍ਹਾਂ ਨੂੰ ਛਾਉਂ ਸੂਲੀ ਦੀ,
ਜਿਵੇਂ ਮਨਸੂਰ ਭਾਈ ਹੈ,
ਉਨ੍ਹਾਂ ਫਿਰ ਸੁਰਗ ਦੇ ਬੂਟੇ,
ਦਾ ਛਾਯਾ ਨਾਂ ਤਕਾਯਾ ਹੈ।
੫. ਗ਼ੁਲਾਬਾਂ ਵਾਂਙ ਚਿਹਰਾ ਓ,
ਤੂੰ ਕਰ ਰੌਸ਼ਨ, ਸ਼ਮਾਂ ਮੇਰੇ !
ਕਿ ਬੁਲਬੁਲ ਨਾਲ ਪਰਵਾਨਾ,
ਸਦੱਕੜੇ ਹੋਣ ਆਯਾ ਹੈ।
੬. ਘੜੇ ਸੰਗਲ ਜਗਤ ਭਾਵੇਂ,
ਸ਼ੁਦਾਈ ਬੰਨ੍ਹਣੇ ਖ਼ਾਤਰ,
ਜ਼ੁਲਫ਼ ਦੇ ਘੇਰ ਵਿਚ 'ਗੋਯਾ',
ਨੇ ਦਿਲ ਆਪਣਾ ਟਿਕਾਯਾ ਹੈ।

ਭਾਵ—ਮਾਮੂਲੀ ਪਿਆਰ ਵਾਲੇ ਜੋ ਪਿਆਰੇ ਦੇ ਪਿਆਰ ਵਿਚ ਆ ਜਾਂਦੇ ਹਨ, ਓਹ ਧੰਨ ਹਨ, ਪਰੰਤੂ ਓਹ ਵਿਰਲੇ ਹਨ, ਜਿਨ੍ਹਾਂ ਦੇ ਪਿਆਰ ਨੂੰ ਸੌਦਾਅ ਦੇ ਦਰਜੇ ਤਕ ਪੁਚਾਇਆ ਹੈ। 'ਕੀਮਤ' ਪਦ ਦਾ ਇਸ਼ਾਰਾ ਦੂਨੀ ਚੰਦ ਵਲ ਜਾਪਦਾ ਹੈ ਤੇ 'ਪਾਤਸ਼ਾਹ' ਦਾ ਇਸ਼ਾਰਾ ਬਚਿੱਤ੍ਰ ਸਿੰਘ, ਉਦੇ ਸਿੰਘ ਆਦਿ ਸੱਚੇ ਪ੍ਰੇਮੀਆਂ ਵਲ ਹੈ। 'ਨਿਗਾਰ' (ਪਿਆਰ) ਤੋਂ ਮੁਰਾਦ ਸ੍ਰੀ ਗੁਰੂ ਸਾਹਿਬ ਜੀ ਦੀ ਹੈ।

ਅੱਜ ਦੀ ਗੁਰੂ ਜੀ ਦੀ ਬੀਰ-ਰਸੀ ਤੇ ਸ਼ਾਂਤਿ ਰਸੀ ਸੁੰਦਰਤਾ ਨੂੰ ਤੱਕ ਕੇ ਦੋ ਜਹਾਨ ਆਪ ਦੇ ਸਦਕੇ ਹੋ ਜਾਣ ਵਾਲੇ ਆਸ਼ਕ ਹੋ ਜਾਣਗੇ।

ਇਹ ਦੇਖਕੇ ਗੁਰੂ ਜੀ ਦੇ ਪਿਆਰੇ ਸਿਖ ਸੂਲੀ ਦੀ ਛਾਊਂ ਨੂੰ — ਜੋ ਗੁਰੂ ਜੀ ਦੇ ਹੁਕਮ ਵਿਚ ਹੈ — ਪਿਆਰ ਕਰਦੇ ਹਨ ਤੇ ਕਲਪ ਬ੍ਰਿਛ ਦੀ ਛਾਂ ਦੀ ਲੋੜ ਨਹੀਂ ਰੱਖਦੇ। ਪਿਆਰੇ ਦੇ ਹੁਕਮ ਵਿਚ ਮੌਤ

1. ਪਾਠਾਂਤ੍ਰ-ਬਾਦਸ਼ਾਹਿਸਤ। 2. ਪਾਠਾਂਤ੍ਰ-ਤੂਬਾਓ ਫਿਰਦੌਸ।

ਨੂੰ ਸੁਖਾਂ ਨਾਲੋਂ ਉੱਚਾ ਸਮਝਦੇ ਹਨ।

ਹੇ ਸਤਿਗੁਰੂ ! ਤੂੰ ਆਪਣੇ ਜੀਆਦਾਨ ਦਾਤੇ ਤੇ ਸੁਹਣੇ ਨੂਰਾਨੀ ਚਿਹਰੇ ਨੂੰ ਹੋਰ ਰੌਸ਼ਨ ਕਰ, ਕਿਉਂਕਿ ਆਸ਼ਕ ਲੋਕ ਉਹ ਮਸ਼ੂਕ ਲੱਭਦੇ ਫਿਰਦੇ ਹਨ ਕਿ ਜਿਸ ਉਤੋਂ ਉਹ ਸਦਕੇ ਹੋ ਜਾਣ; ਇਸ਼ਾਰਾ ਹੈ ਕਿ ਤੁਸਾਂ ਦੇ ਨੂਰੀ ਚਿਹਰੇ ਦੇ ਨੂਰ ਨੇ ਮੋਏ ਜਿਵਾਏ, ਉਨ੍ਹਾਂ ਵਿਚ ਪਿਆਰ ਦੀ ਜਿੰਦ ਪਾਈ ਹੈ ਤੇ ਉਹ ਹੁਣ ਪ੍ਰੇਮ ਭਰੇ ਆਪ ਤੋਂ ਸਦਕੇ ਹੋਣਾ ਲੋਚ ਰਹੇ ਹਨ।

ਰਾਜਿਆਂ ਤੇ ਤੁਰਕਾਂ ਨੇ ਤਨਖਾਹਾਂ ਤੇ ਜਾਗੀਰਾਂ ਦੇ ਲਾਲਚਾਂ ਦੇ ਸੰਗਲ ਘੜ ਘੜ ਕੇ ਫੌਜਾਂ ਭਰਤੀ ਕੀਤੀਆਂ ਹਨ, ਪਰ ਤੇਰੇ ਪ੍ਰੇਮੀਆਂ ਨੇ ਆਪਾ ਵਾਰਨਾ ਤੇਰੇ ਅੱਗੇ ਭੇਟ ਧਰਿਆ ਹੈ।

ਖਾਲਸੇ ਜੀ ਦੀ ਸਾਜਨਾ ਆਨੰਦ ਪੁਰ ਵਿਚ ਹੋਈ। ਜੁੱਧ ਜੰਗ, ਬੀਰ ਰਸੀ ਰੰਗ ਅਖਾੜੇ ਭਾਈ ਜੀ ਦੇ ਨੈਣਾਂ ਅਗੋਂ ਲੰਘਦੇ ਸਨ। ਇਹ ਕੀਕੂੰ ਹੋ ਸਕਦਾ ਸੀ ਕਿ ਆਪ ਦੇਖਦੇ ਤੇ ਉਸੇ ਜਗਵੇਦੀ ਤੇ ਆਹੂਤੀ ਹੋਣ ਲਈ ਤਿਆਰ ਨਾ ਹੁੰਦੇ; ਇਹ ਵਾਰਤਾ ਹੇਠ ਲਿਖੇ ਇਕ ਪ੍ਰਸੰਗ ਤੋਂ ਵਿਦਤ ਹੁੰਦੀ ਹੈ :--

> ਇਕ ਦਿਹਾੜੇ ਕਲਗੀਆਂ ਵਾਲੇ ਸਾਹਿਬ ਸਮਰਥ ਮੇਰੇ, ਸਤਲੁਜ ਨਦੀ ਬਰੇਤੀ ਬੈਠੇ ਜਲ ਨਿਰਮਲ ਚਉਫੇਰੇ। ਚੁਣਵੇਂ ਪਜਾਰੇ ਪਾਸ ਸਜੇ ਸਨ ਬ੍ਰਹਮ ਵਿਚਾਰਾਂ ਟੁਰੀਆਂ, ਸਾਈਂ ਦੇ ਦਰ ਵਾਲੀਆਂ ਗੱਲਾਂ, ਖੁੱਲ੍ਹੀਆਂ ਜਿਉਂ ਫੁਲਸਰੀਆਂ। ਸਭ ਨੂੰ ਉੱਤਰ ਦਿੱਤੇ ਦਾਤੇ ਖ਼ਾਤਰ ਨਿਸ਼ਾ ਕਰਾਈ, ਤ੍ਰਿਸ਼ਨਾਂ ਅਗਨਿ ਨਿਵਾਰ ਵਿਖਾਈ, ਲਿਵ ਦੀ ਜੋਤਿ ਜਗਾਈ। ਇਸ ਵੇਲੇ ਤੁਲਹੇ ਤੇ ਚੜ੍ਹਕੇ ਨੰਦ ਲਾਲ ਜੀ ਆਏ, ਚਰਨਾਂ ਨੂੰ ਭਉਰੇ ਜਿਉਂ ਲਿਪਟੇ, ਲਿਪਟੇ ਸੁਰਤ ਸਮਾਏ। ਫਿਰ ਉੱਠੇ ਤੇ ਰੰਢ ਖੋਹਲ ਕੇ ਗਾਤ੍ਰਾ ਬਾਹਰ ਕਢਾਯਾ, ਸਿਰੀ ਸਾਹਿਬ ਨਾਲੇ ਚਾ ਕੱਢੀ, ਤੁਹਫ਼ਾ ਪੇਸ਼ ਧਰਾਯਾ, ਹੱਥ ਜੋੜ ਏ ਕਿਹਾ:- 'ਪਾਤਸ਼ਾਹ! ਜੰਗ ਅਜੈਬ ਰਚਾਯਾ। ਪੰਥ ਖਾਲਸਾ ਸ਼ਸਤ੍ਰ ਬਸਤ੍ਰ ਲਾ ਜੋਧਾ ਬਲੀ ਬਨਾਯਾ। ਧਰਮ, ਪ੍ਰੇਮ ਅਰ ਦਇਆ, ਦਾਨ ਤੇ ਬੀਰ ਰਸਾਂ ਦੀ ਲਾਈ; ਪੇਂਵਦ ਸੁਹਣੀ ਲਾ ਕੇ ਸਾਰੀ ਅਪਣੀ ਕਲ ਵਰਤਾਈ। ਚਾ ਆਯਾ ਅੱਜ ਮੇਰੇ ਅੰਦਰ ਮੈਂ ਬੀ ਬਣਾਂ ਸਿਪਾਹੀ; ਪਜਾਰੇ ਦੇ ਦਰ ਪਹਿਰਾ ਦੇਵਾਂ ਰਣ ਤੱਤੇ, ਰਣ ਜਾਹੀਂ। ਮਾਰਾਂ ਤੇਗ, ਮੁਕਾਵਾਂ ਜ਼ਾਲਮ, ਹੋਲੀ ਖੇਡ ਖਿਡਾਵਾਂ, ਮਿਲੇ ਸ਼ਹਾਦਤ-ਸ਼ਰਬਤ ਜੇਕਰ, ਖੇਲ ਆਪ ਤੇ ਜਾਵਾਂ। ਅਪਣੇ ਤਾਰਨਹਾਰੇ ਹਥੀਂ ਗਾਤ੍ਰਾ ਮੈਂ ਪਹਿਨਾਓ। ਸ੍ਰੀ ਸਾਹਿਬ ਏ ਕਟ ਕਮਲੀਂ ਫਿਰ ਗਾਤ੍ਰੇ ਵਿਚ ਸਜਾਓ। ਮੈਂ ਵਡਭਾਗ ਹੋਇਕੇ ਸੇਵਾਂ, ਜਿੱਕੁਰ ਤੈਨੂੰ ਭਾਵੇ, ਤੇਰੇ ਦਰ ਤਨ ਸਫਲਾ ਹੋਵੇ, ਆਪਾ ਮਾਰ ਮਿਟਾਵੇ।' ਹੱਸ ਪਏ ਗੁਰ ਕਲਗੀਆਂ ਵਾਲੇ, ਗਾਤ੍ਰਾ ਆਪ ਸਜਾਯਾ। ਸ੍ਰੀ ਸਾਹਿਬ ਲਾ ਲਈ ਆਪ ਨੂੰ, ਕਲਮਦਾਨ ਅਣਵਾਯਾ। ਕਲਮ ਕੱਢ ਕੇ ਅੱਗੇ ਕੀਤੀ ਮੁੱਖ ਤੋਂ ਏ ਫ਼ੁਰਮਾਯਾ : 'ਨੰਦ ਲਾਲ ਜੀ ! ਲਓ ਤੇਗ ਏ ਇਸ ਨੂੰ ਹੱਥ ਸਜਾਓ, ਸੂਰੇ ਦੀ ਤਲਵਾਰ ਵਾਂਙ ਏ ਚੱਲੇ ਸਦਾ ਚਲਾਓ। ਏ ਤਲਵਾਰ ਤੁਸਾਂ ਹੱਥ ਦਿੱਤੀ ਤੁਸੀਂ ਏਸ ਦੇ ਸੂਰੇ, ਕੰਮ ਪੰਥ ਦੇ ਕਰਨੇ ਪਜਾਰੇ, ਕਾਰਜ ਸਗਲੇ ਪੂਰੇ। ਤੇਗ ਵਾਲਿਆਂ ਤੇਗ ਵਾਹੁਣੀ, ਤੁਸਾਂ ਕਲਮ ਹੈ ਵਾਹੁਣੀ। ਹੁਕਮ ਤੁਸਾਨੂੰ ਏਹੋ ਭਾਈ ਇਹ ਤੂੰ ਕਾਰ ਕਮਾਉਣੀ। ਕਲਮ ਟੁਰੇ ਦਿਲ ਘਾਉ ਲਗਾਵੇ ਦਿਲ ਉਤਸ਼ਾਹ ਭਰਾਵੇ। ਪ੍ਰੇਮ ਸਦਕੜੇ ਹੋਣਾ ਦੱਸੇ ਤੇਗਾਂ ਹੱਥ ਫੜਾਵੇ; ਜੰਗ ਹਟਾਵੇ, ਘਾਉ ਲਗਾਵੇ, ਨੁਸਰਤ ਫਤਹ ਦਿਵਾਵੇ; ਨੇਕੀ, ਧਰਮ, ਨਾਮ ਦਾ ਸਿਮਰਨ, ਸ਼ੁਭ ਆਚਰਨ ਸਿਖਾਵੇ। ਮਾਰੇ ਬਦੀ, ਬੁਰਾਈਆਂ ਵੱਢੇ, 'ਗਿੱਚੀ ਪਾਪ' ਕਟਾਵੇ, ਟੱਪ ਸਮੇਂ ਦੀ ਕੱਪ ਦਿਖਾਵੇ ਅਸਰ 'ਸਦਾ' ਤੇ ਪਾਵੇ। ਤੇਗ ਨਾਲ ਸ਼ਮਸ਼ੇਰ 'ਕਲਮ' ਏ ਮੈਂ ਸਿੱਖਾਂ ਨੂੰ ਬਖਸ਼ੀ। ਜੇ ਵਾਹੀ ਤਾਂ ਕੰਮ ਪੰਥ ਦੇ ਇਕ ਦੁਨੀਆਂ ਉਠ ਤਕਸੀ[1]।'

ੲ.

**ਇਸ** ਵਾਕਿਆ ਤੋਂ ਅਰ ਭਾਈ ਕਨ੍ਹਈਆ ਜੀ ਦੇ ਪ੍ਰਸੰਗ ਤੋਂ ਅਰ ਭਾਈ ਮਨੀ ਸਿੰਘ ਜੀ ਦੇ ਜੀਵਨ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਅਪਣੇ ਵਿਦਜਾ

1. ਇਹ ਕਵਿਤਾ ੨੨ ਪੋਹ ਸੰ: ਗੁ: ਨਾ: ਸਾ: ੪੫੩ ਅਰਥਾਤ ੫ ਜਨਵਰੀ ੧੯੨੨ ਦੇ ਗੁਰਪੁਰਖ ਸਪਤਮੀ ਪਰ ਖ਼ਾਲਸਾ ਸਮਾਚਾਰ ਵਿਖੇ ਪ੍ਰਕਾਸ਼ੀ ਸੀ।

ਪ੍ਰਬੀਨ ਸਿੱਖਾਂ ਨੂੰ ਤੇ ਧਰਮ ਪ੍ਰਚਾਰ ਦੇ ਵਿਸ਼ੇਸ਼ ਗੁਣਾਂ ਵਾਲੇ ਰਸੀਆਂ ਨੂੰ ਕਿਵੇਂ ਜੁੱਧ ਜੰਗਾਂ ਤੋਂ ਅਲੱਗ ਰਖਦੇ ਸੇ ਤੇ ਇਨ੍ਹਾਂ ਨੂੰ ਇਨ੍ਹਾਂ ਦੇ ਯੋਗ ਅਰ ਲੁੜੀਂਦੇ ਕੰਮਾ ਦੀ ਸੇਵਾ ਪਰ ਸਫਲ ਜੀਵਨ ਬਖਸ਼ਦੇ ਸਨ।

ਭਾਈ ਨੰਦ ਲਾਲ ਜੀ ਚੋਖਾ ਚਿਰ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਟਿਕੇ ਰਹੇ ਤੇ ਜੀਵਨ ਰਸ ਮਾਣਦੇ ਰਹੇ। ਜਦੋਂ ਸ੍ਰੀ ਗੁਰੂ ਜੀ ਨੇ ਆਪਣੇ ਭਾਣੇ ਵਰਤਾਉਣ ਦੇ ਰੰਗ ਰਚਣੇ ਸਨ; ਉਸ ਤੋਂ ਪਹਿਲੇ ਭਾਈ ਜੀ ਨੂੰ ਆਗਿਆ ਹੋਈ ਕਿ ਆਪ ਹੁਣ ਮੁਲਤਾਨ ਜਾ ਰਹੋ, ਸਿੱਖੀ ਦਾ ਪ੍ਰਚਾਰ ਕਰੋ ਤੇ ਆਪਣੇ ਦਿਨ ਨਾਮ ਰਸ ਵਿਚ ਸਫਲ ਕਰੋ। ਵਿਛੋੜਾ ਕਦੇ ਵੀ ਸੁਖਦਾਈ ਨਹੀਂ ਹੁੰਦਾ ਪਰ ਹੁਣ ਹਰ ਰੰਗ ਤੇ ਹਰ ਜਾਏ ਸਾਂਈਂ ਤੇ ਸਤਿਗੁਰੂ ਦੇ ਰੂਪ ਨਾਲ ਜੁੜੇ ਰਹਿਣ ਵਾਲੇ ਭਾਈ ਸਾਹਿਬ ਰਜ਼ਾ ਦੀ ਤਾਰ ਨਾਲ ਸੁਰ ਹੋਏ ਅੰਦਰਲੇ ਵਾਲੇ ਆਗਜਾ ਸਿਰ ਤੇ ਧਰਕੇ ਟੁਰ ਪਏ। ਜਾਣਦੇ ਹਨ ਹੁਕਮ ਹੈ ਤੇ ਹੁਕਮ ਵਿਚ ਕਲਜਾਨ ਤੇ ਉਚਜਾਈ ਹੈ, ਹਾਂ, ਭਲਿਆਈ ਇਸੇ ਵਿਚ ਹੈ ਪਰ ਫੇਰ ਬੀ ਸਰੀਰਾਂ ਤੋਂ ਨਿੱਖੜਨ ਵੇਲੇ ਮਨ ਵਿਯੋਗ ਖਾਂਦੇ ਹਨ ਤੇ ਜਿੱਥੇ ਲੱਗੀਆਂ ਹਨ ਸੱਚ ਪ੍ਰੀਤਾਂ ਉਥੋਂ ਦੇ ਬਿਰਹੋਂ ਦੇ ਹਾਲ ਦਾ ਤਾਂ ਕਹਿਣਾ ਹੀ ਕੀ ਹੈ, ਭਾਈ ਸਾਹਿਬ ਹੁਣ ਅਵਿੱਛੜਦੇ ਦਿਲ ਨਾਲ ਵਿਛੁੜੇ, ਮੁਲਤਾਨ ਜਾ ਟਿਕੇ ਤੇ ਗੁਰਸਿੱਖੀ ਦੇ ਪ੍ਰਚਾਰ ਦਾ ਇਕ ਕੇਂਦਰ ਬਣੇ। ਸਤਿਗੁਰ ਨੇ ਜੋ ਭਾਣੇ ਆਨੰਦਪੁਰ ਦੇ ਆਖਰੀ ਜੁੱਧ ਵਿਚ ਤੇ ਚਮਕੌਰ ਜਾ ਕੇ ਵਰਤਾਏ ਉਹ ਭਾਈ ਜੀ ਤੱਕ ਅੱਪੜੇ। ਆਪ ਜਾਣਦੇ ਸਨ ਕਿ ਸਮਰੱਥ ਗੁਰੂ ਜੀ ਸ੍ਰਿਸ਼ਟੀ ਰਖਜਾ ਲਈ ਕੌਤਕ ਰਚਾ ਰਹੇ ਹਨ ਤੇ ਇਨ੍ਹਾਂ ਹੀ ਕਾਰਣਾਂ ਕਰਕੇ ਸਾਨੂੰ ਪਹਿਲੋਂ ਟੋਰ ਦਿੱਤਾ ਸਾਨੇ ਪਰ ਖੇਦ ਸੁਣਕੇ ਖੇਦ ਕਿਵੇਂ ਨਾ ਹੋਵੇ ਤੇ ਭਵਰੇ ਹੋਏ ਪ੍ਰੇਮੀਆਂ ਨੂੰ ਪੀੜ ਦੀ ਝਰਨਾਟ ਕਿਵੇਂ ਨਾ ਛਿੜੇ ? ਭਾਈ ਸਾਹਿਬ ਜੀ ਨੇ ਖੇਦ ਸੁਣੇ ਤੇ ਬਿਰਹ ਅਗਨੀ ਦੇ ਸੇਕ ਵਿਚ ਇਸ ਤਪਸ਼ ਨੂੰ ਬੀ ਰਜ਼ਾ ਦੀ ਫੁਹਾਰ ਹੇਠ ਝੱਲਿਆ, ਅੰਤ ਆਪ ਨੂੰ ਸ੍ਰੀ ਗੁਰੂ ਜੀ ਦੇ ਮੁਕਤਸਰ ਦੇ ਸਾਕੇ ਵਿਚ ਫਤੇ ਤੇ ਫਿਰ ਆਨੰਦ ਨਾਲ ਦਮਦਮੇ ਸਾਹਿਬ ਵਿਚ ਨਿਵਾਸ ਦੇ ਸੁਖ ਸੁਨੇਹੇ ਬੀ ਅੱਪੜ ਗਏ।

ਗੁਰੂ ਸਾਹਿਬ ਜਦੋਂ ਦਮਦਮੇਂ ਤੋਂ ਵਿਦਾ ਹੋ ਕੇ ਦੱਖਣ ਵਲ ਨੂੰ ਟੁਰੇ ਜਾ ਰਹੇ ਸਨ ਤਾਂ ਔਰੰਗਜ਼ੇਬ ਮਰ ਗਿਆ। ਔਰੰਗਜ਼ੇਬ ਦੇ ਛੋਟੇ ਪੁਤ ਆਜ਼ਮ ਨੇ, ਜੋ ਦੱਖਣ ਵਿਚ ਸੀ, ਪਿਤਾ ਦੀ ਵਸੀਅਤ ਦੇ ਉਲਟ ਆਪਣੇ ਆਪ ਨੂੰ ਪਿਤਾ ਦਾ ਜਾਨਸ਼ੀਨ ਥਾਪ ਲਿਆ। ਕਾਮ ਬਖਸ਼; ਪਾਤਸ਼ਾਹ ਦੇ ਇਕ ਹੋਰ ਛੋਟੇ ਪੁੱਤ ਨੇ ਆਜ਼ਮ ਨੂੰ ਸ਼ਹਿਨਸ਼ਾਹ ਪ੍ਰਵਾਨ ਕਰ ਲਿਆ। ਵੱਡਾ ਪੁੱਤ ਮੁਅੱਜ਼ਮ ਤਦੋਂ ਕਾਬਲ ਸੀ, ਇਸ ਨੇ ਕਾਬਲ ਵਿਚ ਹੀ ਆਪ ਨੂੰ ਪਾਤਸ਼ਾਹ ਥਾਪਿਆ ਤੇ ਹਿੰਦੁਸਤਾਨ ਨੂੰ ਟੁਰਿਆ। ਫੌਜਾਂ ਦੇ ਸਾਮਾਨ ਵਗੈਰਾ ਆਜ਼ਮ ਕੋਲ ਬਹੁਤੇ ਸਨ, ਪਰ ਮੁਅੱਜ਼ਮ ਭੀ ਯਤਨਾਂ ਵਿਚ ਸੀ। ਪੰਜਾਬ ਵਿਚ ਆ ਕੇ ਇਸ ਨੇ ਹੋਰਨਾਂ ਤਿਆਰੀਆਂ ਵਿਚ ਭਾਈ ਨੰਦ ਲਾਲ ਜੀ ਨੂੰ ਬੀ ਬੁਲਾਇਆ ਤੇ ਸ੍ਰੀ ਗੁਰੂ ਸਾਹਿਬ ਜੀ ਦੀ ਮੇਹਰ ਤੇ ਸਿੱਖਾਂ ਦੀ ਸਹਾਇਤਾ ਚਾਹੀ। ਭਾਈ ਸਾਹਿਬ ਜੀ ਪਾਤਸ਼ਾਹ ਦੇ ਇਕ ਹੋਰ ਅਹਿਲਕਾਰ 'ਹਾਕਮ ਰਾਇ' ਸਣੇ ਬਘੌਰ ਜਾਕੇ ਗੁਰੂ ਸਾਹਿਬ ਜੀ ਨੂੰ ਮਿਲੇ।

> ਹਾਕਮ ਰਾਇ ਸੰਗ ਨਿਜ ਲੀਨਾ। ਨੰਦ ਲਾਲ
> ਗਮਨਜੋ ਜਿਤ ਚੀਨਾ। ਪਾਰ ਬਘੌਰ ਸਿਵਰ ਕਿਯ
> ਜਹਾਂ। ਪਹੁੰਚੇ ਤੂਰਨ ਕਰਕੇ ਤਹਾਂ। (ਸੂ: ਪ੍ਰ:)

ਅਪਣੇ ਪ੍ਰੀਤਮ ਨੂੰ, ਭਾਈ ਸਾਹਿਬ ਜੀ, ਜੋ ਸਿਰ ਤੋਂ ਪੈਰਾਂ ਤਕ ਵਾਹਿਗੁਰੂ ਰੰਗ ਵਿਚ ਰੱਤੇ ਰਹਿੰਦੇ ਹਨ; ਹੁਣ ਏਲਚੀ ਹੋ ਕੇ ਮਿਲੇ ਹਨ। ਸਤਿਗੁਰੂ ਜੀ ਡਾਢੇ ਪਿਆਰ ਨਾਲ ਮਿਲੇ। ਫਿਰ ਬਹਾਦਰ ਸ਼ਾਹ ਦਾ ਸੰਦੇਸਾ ਸੁਣਕੇ ਕਿਹਾ ਕਿ "ਰਾਜ ਬਹਾਦਰ ਸ਼ਾਹ ਨੂੰ ਲੈ ਦੇਂਦੇ ਟਾਂ, ਇਕਰਾਰ ਕਰੇ ਕਿ ਨਿਆਂ ਕਰੇਗਾ, ਧਰਮੀ ਰਹੇਗਾ, ਦੀਨ ਦਾ ਤਅੱਸਬ ਨਹੀਂ ਕਰੇਗਾ, ਜ਼ਾਲਮ ਹਾਕਮਾਂ ਨੂੰ ਦੰਡ ਦੇਵੇਗਾ, ਸਾਡੇ ਅਪਰਾਧੀ ਅਪਰਾਧ ਨਿਰਨੇ ਕਰ ਕੇ ਸਾਡੇ ਹਵਾਲੇ ਕਰੇਗਾ[1]"। ਨੰਦ ਲਾਲ ਜੀ ਨੇ ਪਾਤਸ਼ਾਹ ਨੂੰ ਦੱਸਿਆ, ਉਸ ਨੇ ਖੁਸ਼ੀ ਨਾਲ ਮਨਜ਼ੂਰ ਕੀਤਾ। ਆਜ਼ਮ ਤੇ ਬਹਾਦਰ ਸ਼ਾਹ ਦੇ ਜੰਗ ਵਿਚ ਗੁਰੂ ਜੀ ਦੀ ਮਦਦ ਪਹੁੰਚੀ। ਆਜ਼ਮ ਦੋ ਪੁੱਤਾਂ ਸਣੇ ਮਾਰਿਆ ਗਿਆ। ਬਹਾਦਰ ਸ਼ਾਹ ਦੀ ਸ਼ਾਹੀ ਦੇ ਆਗਰੇ ਆਕੇ ਸ਼ਾਦੀਆਲੇ ਵੱਜੇ। ਗੁਰੂ ਜੀ ਬੀ ਆਗਰੇ ਅੱਪੜੇ ਤੇ ਕੁਝ ਦਿਨ ਆਗਰੇ ਹੀ ਰਹੇ। ਸ੍ਰੀ ਨੰਦ ਲਾਲ ਜੀ ਬੀ ਓਥੇ ਰਹੇ, ਜੈਸਾ ਕਿ ਸੂਰਜ ਪ੍ਰਕਾਸ਼ ਵਿਚ 'ਨੰਦ

---

1. ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਪਾਤਸ਼ਾਹ ਨੇ ਲਿਖਕੇ ਦਿੱਤਾ ਕਿ ਤੁਸੀਂ ਜੋ ਇਕ ਸਵਾਲ ਆਖੋਗੇ ਮੈਂ ਪੂਰਾ ਕਰਾਂਗਾ ਅਤੇ ਇਹ ਕਿ ਗੁਰੂ ਜੀ ਨੇ ਜੰਗ ਵਿਚ ਮਦਦ ਦਿੱਤੀ।

ਲਾਲ ਜੁਤ ਅਪਰ ਕੋ ਕਹਜੋ ਸੁਨਾਇ ਹਵਾਲ' ਵਿਚ ਜ਼ਿਕਰ ਹੈ। ਇਹ ਹਾਲ ਸੰ: ੧੭੬੩-੬੪ ਦੇ ਲਗਪਗ ਦੇ ਹਨ। ਗੁਰੂ ਜੀ ਏਥੋਂ ਦੱਖਣ ਨੂੰ ਗਏ ਤੇ ਭਾਈ ਜੀ ਯਾ ਮੁਲਤਾਨ ਆਕੇ ਯਾ ਆਗਰੇ ਵਿਚ ਹੀ ੭੨ ਬਰਸ ਦੀ ਆਯੂ ਵਿਤੀਤ ਕਰਕੇ ਪ੍ਰੀਤਮ ਜੀਦੇ ਅਗੰਮ ਦੇਸ਼ਾਂ ਨੂੰ ਉਨ੍ਹਾਂ ਤੋਂ ਪਹਿਲੋਂ ਪਧਾਰ ਗਏ ਕਿ ਓਥੋਂ ਅਗੋਂ ਆਪ ਦੇ ਆਗਮਨ ਪਰ ਜੀ ਆਇਆਂ ਨੂੰ ਕਹਿਣ ਵਾਲੇ 'ਦੈਵੀ ਮੰਡਲ' ਵਿਚ ਸ਼ਾਮਲ ਹੋਣ।

੯.

**ਭਾਈ** ਸਾਹਿਬ ਜੀ ਬੜੀ ਨੁਕਤਾਚੀਨ ਤੇ ਨੁਕਤਾ ਰਸ ਬੁੱਧੀ ਵਾਲੇ ਸਨ। ਉਹਨਾਂ ਨੇ ਨਿਰੇ ਕਹਿਣ ਕਹਾਉਣ ਤੇ ਯਾ ਐਵੇਂ ਪਤੇ ਖੋਜੇ ਬਿਨਾਂ ਕੋਈ ਗਲ ਯਕੀਨ ਨਹੀਂ ਕੀਤੀ। ਆਪ ਆਪਣੀ ਪੱਕੀ ਉਮਰਾ ਤਕ ਖੋਜ ਭਾਲ ਪੜਤਾਲ ਪ੍ਰੀਖਯਾ ਕਰਦੇ ਰਹੇ। ਵਿਦਯਾ ਦੀ ਗਤੀ ਸਭ ਪਾਸੇ ਕਮਾਲ ਦੀ ਸੀ। ਆਪ ਹਿੰਦੀ ਸੰਸਕ੍ਰਿਤ ਬੀ ਜਾਣਦੇ ਸੇ, ਫ਼ਾਰਸੀ ਅਰਬੀ ਦੇ ਆਲਿਮ ਫਾਜ਼ਿਲ ਤੇ ਕਵੀ ਤਾਂ ਸਨ ਹੀ। ਰਿਆਜ਼ੀ ਆਦਿਕ ਦੇ ਬੀ ਚੰਗੇ ਜਾਣਕਾਰ ਦੱਸੇ ਜਾਂਦੇ ਹਨ। ਇਸ ਦਿਮਾਗ਼ ਤੇ ਖੋਜ ਨਾਲ ਆਪ ਨੇ ਸ੍ਰੀ ਗੁਰੂ ਜੀ ਦੀ ਬੀ ਪ੍ਰੀਖਯਾ ਕੀਤੀ ਤੇ ਪੂਰੀ ਤਸੱਲੀ ਕਰਕੇ ਕਾਮਲ ਮੁਰਸ਼ਿਦ, ਗੁਰੂ ਅਵਤਾਰ ਤੇ ਰਾਮ ਕ੍ਰਿਸ਼ਨ ਅਵਤਾਰਾਂ ਤੋਂ ਸ਼ਿਰੋਮਣ ਮੰਨਿਆ, ਜੈਸਾ ਕਿ ਉਨ੍ਹਾਂ ਦੀ ਰਚਨਾਂ ਤੋਂ ਪ੍ਰਗਟ ਹੈ[1]:-

ਆਪ ਨੇ ਇਕ ਹੋਰ ਛੋਟੀ ਜੇਹੀ ਪੁਸਤਕ ਦਸਾਂ ਪਾਤਸ਼ਾਹੀਆਂ ਦੀ ਮਹਿਮਾਂ ਪਰ ਲਿਖੀ ਹੈ, ਉਸ ਵਿਚੋਂ ਦਸਮੇਂ ਪਾਤਸ਼ਾਹ ਦੀ ਮਹਿਮਾਂ ਦੇ ਕੁਛ ਸ਼ੇਅਰ ਦੇਂਦੇ ਹਾਂ :-

੧੦੫. ਨਾਸਰੋ ਮਨਸੂਰ ਗੁਰ ਗੋਬਿੰਦ ਸਿੰਘ।
ਏਜ਼ਦੀ ਮਨਜ਼ੂਰ ਗੁਰ ਗੋਬਿੰਦ ਸਿੰਘ।
ਅਰਥਾਤ: ਬਿਜਈ ਬਿਜੈ ਮਾਨ ਗੁਰ ਗੋਬਿੰਦ ਸਿੰਘ।
ਰੱਬ ਦਰ ਪਰਵਾਨ ਗੁਰ ਗੋਬਿੰਦ ਸਿੰਘ।
੧੦੬. ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ।
ਜੁਮਲਾ ਫੈਜ਼ੇ ਨੂਰ ਗੁਰ ਗੋਬਿੰਦ ਸਿੰਘ।
ਅਰਥਾਤ: ਰੱਬ ਦਾ ਭੰਡਾਰ ਗੁਰ ਗੋਬਿੰਦ ਸਿੰਘ।
ਬਖਸ਼ਿਸ਼ਾਂ ਦਾਤਾਰ ਗੁਰ ਗੋਬਿੰਦ ਸਿੰਘ।
੧੦੭. ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ।

1. ਦੇਖੋ 'ਜੋਤਿ ਬਿਗਾਸ' ਫ਼ਾਰਸੀ ਦੇ ਬੈਂਤ ਅੰਕ੧੧,੧੨,੧੩ ਤੇ ੧੪

ਸ਼ਾਹਿ ਸ਼ਾਹਨਸ਼ਾਹ ਗੁਰ ਗੋਬਿੰਦ ਸਿੰਘ,
ਅਰਥਾਤ: ਸਾਂਈਂ ਜਾਨਣਹਾਰ ਗੁਰ ਗੋਬਿੰਦ ਸਿੰਘ,
ਸ਼ਹਨਸ਼ਾਹਾਂ ਸਰਦਾਰ ਗੁਰ ਗੋਬਿੰਦ ਸਿੰਘ।
੧੦੮. ਬਰ ਦੋ ਆਲਮਸ਼ਾਹ ਗੁਰ ਗੋਬਿੰਦ ਸਿੰਘ,
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ।
ਅਰਥਾਤ: ਦੋ ਜਹਾਂ ਤੇ ਸ਼ਾਹ ਗੁਰ ਗੋਬਿੰਦ ਸਿੰਘ,
ਵੈਰੀਆਂ ਜਿੰਦ ਠਾਹ ਗੁਰ ਗੋਬਿੰਦ ਸਿੰਘ।
੧੦੯. ਫ਼ਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ,
ਕਾਸ਼ਿਫੁਲ ਅਸਰਾਰ ਗੁਰ ਗੋਬਿੰਦ ਸਿੰਘ।
ਅਰਥਾਤ: ਫੇਜ਼ ਨੂਰੀ ਦੇਂਵਦਾ ਗੋਬਿੰਦ ਸਿੰਘ,
ਭੇਤ-ਰੱਬ ਖੁਲ੍ਹੇਂਵਦਾ ਗੋਬਿੰਦ ਸਿੰਘ।
੧੧੦. ਆਲਮੁਲ ਅਸਰਾਰ ਗੁਰ ਗੋਬਿੰਦ ਸਿੰਘ,
ਅਬਰੇ ਰਹਮਤ ਬਾਰ ਗੁਰ ਗੋਬਿੰਦ ਸਿੰਘ।
ਅਰਥਾਤ: ਗੁਪਤ ਜਾਣਨਹਾਰ, ਗੁਰ ਗੋਬਿੰਦ ਸਿੰਘ।
ਰਹਮਤ ਵਸਾਵਣਹਾਰ ਗੁਰ ਗੋਬਿੰਦ ਸਿੰਘ
੧੧੧. ਮੁਕ਼ਬਲੋ ਮਕ਼ਬੂਲ ਗੁਰ ਗੋਬਿੰਦ ਸਿੰਘ,
ਵਾਸਲੋ ਮੌਸੂਲ ਗੁਰ ਗੋਬਿੰਦ ਸਿੰਘ।
ਅਰਥਾਤ: ਆਪ ਦਰ ਪਰਵਾਨ ਗੁਰ ਗੋਬਿੰਦ ਸਿੰਘ,
ਕਰਾਂਵਦਾ ਪਰਵਾਨ ਗੁਰ ਗੋਬਿੰਦ ਸਿੰਘ।
ਆਪ ਪਹੁੰਚਣ ਵਾਲੜਾ ਗੋਬਿੰਦ ਸਿੰਘ।
ਹੋਰਨਾਂ ਪਹੁੰਚਾਂਵਦਾ ਗੋਬਿੰਦ ਸਿੰਘ।
੧੧੨. ਜਾਂ ਫਰੋਜ਼ੇ ਨਹਿਰ ਗੁਰ ਗੋਬਿੰਦ ਸਿੰਘ,
ਫ਼ੈਜ਼ੇਹਕ਼ ਰਾ ਬਹਿਰ ਗੁਰ ਗੋਬਿੰਦ ਸਿੰਘ।
ਅਰਥਾਤ: ਜਿੰਦ ਪਾਣੀ ਨਹਿਰ ਗੁਰ ਗੋਬਿੰਦ ਸਿੰਘ,
'ਮਿਹਰ-ਰੱਬ ਸਮੁੰਦ' ਗੁਰ ਗੋਬਿੰਦ ਸਿੰਘ।
੧੧੩. ਹੱਕ ਰਾ ਮਹਬੂਬ ਗੁਰ ਗੋਬਿੰਦ ਸਿੰਘ,
ਤਾਲਬੋ ਮਤਲੂਬ ਗੁਰ ਗੋਬਿੰਦ ਸਿੰਘ।
ਅਰਥਾਤ: ਰੱਬ ਦਾ ਮਹਿਬੂਬ ਗੁਰ ਗੋਬਿੰਦ ਸਿੰਘ।
ਆਪ ਚੇਲਾ ਤੇ ਗੁਰੂ ਗੋਬਿੰਦ ਸਿੰਘ।
੧੧੪. ਤੇਗ਼ ਰਾ ਫ਼ੱਤਾਹ਼ ਗੁਰ ਗੋਬਿੰਦ ਸਿੰਘ,
ਜਾਨੋ ਦਿਲ ਰਾ ਰਾਹ ਗੁਰੂ ਗੋਬਿੰਦ ਸਿੰਘ।
ਅਰਥਾਤ: ਤੇਗ਼ ਦਾ ਹੈ ਧਨੀ ਗੁਰੂ ਗੋਬਿੰਦ ਸਿੰਘ,
ਦਿਲ ਖੁਸ਼ੀ ਦੀ ਕਣੀ ਗੁਰੂ ਗੋਬਿੰਦ ਸਿੰਘ।

**੨. ਗੁਰੂ ਜੀ ਦਾ ਦਰਜਾ ਪੈਗ਼ੰਬਰਾਂ ਤੇ ਵਲੀਆਂ ਵਿਚ ਕੀ ਹੈ, ਇਸ ਪਰ ਦੱਸਦੇ ਹਨ :-**

੧੧੫. ਖ਼ਾਸਿਗਾਂ ਦਰ ਪਾਇ ਗੁਰ ਗੋਬਿੰਦ ਸਿੰਘ,
ਕੁਦਸੀਆਂ ਬਾ ਰਾਇ ਗੁਰ ਗੋਬਿੰਦ ਸਿੰਘ।

ਅਰਥਾਤ: ਨਿਕਟ ਵਰਤੀ ਰੱਬ ਦੇ ਜੋ ਹਨ ਵਡੇ
ਦਾਸ ਓ, ਸਾਹਿਬ ਗੁਰੂ ਗੋਬਿੰਦ ਸਿੰਘ।
ਪਵਿੱਤ੍ਰ ਲੋਕੀਂ ਰਾਇ ਅੰਦਰ ਟੁਰ ਰਹੇ,
ਰਾਇ ਦੇਵਨਹਾਰ ਗੁਰ ਗੋਬਿੰਦ ਸਿੰਘ।

੧੨੦. ਮੁਕਬਲਾਂ ਮੱਦਾਹ਼ ਗੁਰ ਗੋਬਿੰਦ ਸਿੰਘ,
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ।

ਅਰਥਾਤ: ਪਰਵਾਨ ਜੋ ਦਰਗਾਹ, ਸੋ ਹਨ ਕਰ ਰਹੇ
ਕੀਰਤੀ ਤੇ ਜੱਸ ਗੁਰੂ ਗੋਬਿੰਦ ਸਿੰਘ।
ਉਨ੍ਹਾਂ ਦੇ ਦਿਲ ਜਿੰਦ ਤਾਂਈਂ ਦੇਂਵਦੇ
ਰਾਹਿਤਾਂ ਤੇ ਰੱਸ ਗੁਰੂ ਗੋਬਿੰਦ ਸਿੰਘ।

੧੨੧. ਲਾਮਕਾਂ ਪਾਬੋਸ ਗੁਰ ਗੋਬਿੰਦ ਸਿੰਘ,
ਬਰ ਦੋ ਆਲਮ ਕੋਸ ਗੁਰ ਗੋਬਿੰਦ ਸਿੰਘ।

ਅਰਥਾਤ: ਬੈਕੁੰਠ ਚੁਮਦਾ ਚਰਨ ਗੁਰ ਗੋਬਿੰਦ ਸਿੰਘ।
ਦੋ ਜਹਾਂ ਵਿਚ ਸ਼ਰਨ ਗੁਰ ਗੋਬਿੰਦ ਸਿੰਘ।

### ੩. ਗੁਰੂ ਸਾਹਿਬ ਜੀ ਦੇ ਉੱਚ ਆਚਰਨ ਬਾਬਤ ਕਹਿੰਦੇ ਹਨ :-

੩੪. ਖ਼ਾਲਿਸੋ ਬੇ ਕੀਨਾ ਗੁਰ ਗੋਬਿੰਦ ਸਿੰਘ,
ਹੱਕ਼ ਹੱਕ਼ ਆਈਨਾ ਗੁਰ ਗੋਬਿੰਦ ਸਿੰਘ।

ਅਰਥਾਤ: ਕੀਨਿਓਂ ਹੈ ਸਾਫ ਸੀਨਾ ਜਿਨ੍ਹਾਂ ਦਾ,
ਹੈ ਪਵਿਤਰ ਮਨ ਗੁਰੂ ਗੋਬਿੰਦ ਸਿੰਘ।
ਸਹੁੰ ਕਹਾਂ ਹਾਂ ਰੱਬ ਦੀ ਤੇ ਆਖਦਾ
'ਰੱਬ ਸ਼ੀਸ਼ਾ' ਹੈ ਗੁਰੂ ਗੋਬਿੰਦ ਸਿੰਘ,

੩੫. ਹਕ਼ ਹਕ਼--ਅੰਦੇਸ਼ ਗੁਰ ਗੋਬਿੰਦ ਸਿੰਘ,
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ।

ਅਰਥਾਤ: 'ਰਬ-ਧਜਾਨ' ਆਵੇਸ਼ ਗੁਰ ਗੋਬਿੰਦ ਸਿੰਘ।
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ।

### ੪. ਗੁਰੂ ਜੀ ਦਾ ਮਰਤਬਾ ਰੂਹਾਨੀਅਤ ਵਿਚ ਦੇਵਤਿਆਂ ਤੇ ਅਵਤਾਰਾਂ ਤੋਂ ਉੱਚਾ ਹੈ, ਇਸ ਪਰ ਭਾਈ ਸਾਹਿਬ ਨੰਦ ਲਾਲ ਜੀ ਲਿਖਦੇ ਹਨ :-

ਸਦ ਹਜ਼ਾਰਾਨ ਈਸ਼ਰ ਵ ਬ੍ਰਹਮਾ ਵ ਅਰਸ਼ੀ
ਵ ਕੁਰਸੀ ਖ਼੍ਰਾਹਿੰਦਾਏ ਪਨਾਹਸ਼।

ਅਰਥਾਤ: ਲਖਾਂ ਈਸ਼੍ਵਰ (ਸ਼ਿਵ) ਤੇ ਬ੍ਰਹਮਾਂ ਅਰਸ਼ਾਂ ਤੇ ਕੁਰਸ਼ਾਂ ਦੇ ਵਾਸੀ ਗੁਰੂ ਗੋਬਿੰਦ ਸਿੰਘ ਜੀ ਦੀ ਪਨਾਹ ਚਾਹੁੰਦੇ ਹਨ।

ਵ ਸਦ ਹਜ਼ਾਰਾਂ ਰਾਮ ਰਾਜਾ ਵਾ ਕਾਹਨ
ਵ ਕ੍ਰਿਸ਼ਨ ਖ਼ਾਕ ਬੋਸੇ ਅਕ਼ਦਾਮਸ਼।।

ਅਰਥਾਤ: ਤੇ ਲੱਖਾਂ ਰਾਮ ਤੇ ਰਾਜੇ ਤੇ ਕਾਹਨ ਤੇ ਕ੍ਰਿਸ਼ਨ ਉਸ ਦੇ ਚਰਨਾਂ ਦੀ ਧੂੜੀ ਚੁੰਮਣ ਵਾਲੇ ਹਨ।

ਹਜ਼ਾਰਾਂ ਮੁਕ਼ਬਲੇ ਖ਼ਾਸ ਹ਼ਮਦੀਯਤ
ਸਤਾਇਗਰਸ਼।।

ਅਰਥਾਤ: ਲੱਖਾਂ ਦਰ ਕਬੂਲ ਪਏ ਹੋਏ ਉਸ ਦੀ ਮਹਿਮਾ ਕਰਦੇ ਹਨ।

ਸਦ ਹਜ਼ਾਰਾਂ ਇੰਦਰ ਵ ਮਾਰ ਹਜ਼ਾਰਜ਼ਬਾਂ
ਤੌਸੀਫ ਗੋਇਅਸ਼।।

ਅਰਥਾਤ: ਲੱਖਾਂ ਇੰਦਰ ਤੇ ਸ਼ੇਸ਼ਨਾਗ ਹਜ਼ਾਰ ਜੀਭਾਂ ਨਾਲ ਮਹਿਮਾਂ ਕਰਦੇ ਹਨ।

ਵ ਸਦ ਹਜ਼ਾਰਾਂ ਉੱਮਿ ਕ਼ਦਸੀ ਦਰਾਂ
ਖ਼ਿਦਮਤਸ਼।

ਅਰਥਾਤ:-- ਤੇ ਲੱਖਾਂ ਦੇਵੀਆਂ ਹਨ ਉਸ ਦੀ ਸੇਵਾ ਕਰਨਹਾਰੀਆਂ।

### ੫. ਭਾਈ ਨੰਦ ਲਾਲ ਜੀ ਨੇ ਸਨਮੁਖ ਬੈਠਕੇ ਨੂਰੀ ਤੇ ਖ਼ਾਕੀ ਦੋਹਾਂ ਨੈਣਾਂ ਨਾਲ ਦੇਖਕੇ ਇਹ ਯਾਚਨਾ ਕੀਤੀ ਸੀ :-

ਲਾਲ ਸਗੇ ਗ਼ੁਲਾਮ ਗੁਰ ਗੋਬਿੰਦ ਸਿੰਘ,
ਦਾਗ਼ਦਾਰੇ ਲਾਮ ਗੁਰ ਗੋਬਿੰਦ ਸਿੰਘ।
ਕਮਤਰੀਂ ਜ਼ਿ ਸਗਾਨਿ ਗੁਰ ਗੋਬਿੰਦ ਸਿੰਘ,
ਰੇਜ਼ਹ ਚੀਨੇ ਖ਼ਾਨਿ ਗੁਰ ਗੋਬਿੰਦ ਸਿੰਘ।
ਬਾਦ ਜਾਨਸ਼ ਫਿਦਾਇ ਗੁਰ ਗੋਬਿੰਦ ਸਿੰਘ,
ਫਰਕਿ ਓ ਬਰਪਾਇ ਗੁਰ ਗੋਬਿੰਦ ਸਿੰਘ।

ਅਰਥਾਤ-
ਨੰਦ ਲਾਲ ਗੁਲਾਮ ਕੂਕਰ ਹੈ ਸਦਾ,
ਦੁਆਰ ਤੇਰੇ, ਹੇ ਗੁਰੂ ਗੋਬਿੰਦ ਸਿੰਘ।
ਛਾਪਾ ਹੈ ਇਕ ਨਾਮ ਤੇਰੇ ਦਾ ਲਗਾ,
ਤਨ ਮੇਰੇ ਤੇ, ਹੇ ਗੁਰੂ ਗੋਬਿੰਦ ਸਿੰਘ!
ਕੂਕਰਾਂ ਤੋਂ ਘੱਟ ਹਾਂ, ਪਰ ਤੁੱਧ ਦਾ,
ਟੁੱਕ ਥਾਲੋਂ ਮਿਲੇ, ਗੁਰ ਗੋਬਿੰਦ ਸਿੰਘ।
ਜਾਨ ਮੇਰੀ ਹੋਇ ਸਦਕਾ ਆਪ ਦਾ,
ਸਿਰ ਟਿਕੇ ਚਰਨੀ, ਗੁਰੂ ਗੋਬਿੰਦ ਸਿੰਘ।[1]

[1] ਇਸ ਪੁਸਤਕ ਦੇ ਉਤ੍ਰਾਰਧ ਦੇ ਪਨਾਂ ੪੩੬-੪੪੦ ਵੀ ਦੇਖੋ ਜੀ।

ਸੂਚਨਾ ਕੀਕੂੰ ਦੇਸ਼ ਵਿਚ ਦੁਖ ਤੇ ਕਸ਼ਟ ਸੀ, ਕੀਕੂੰ ਸਿੱਖ ਸੇਵਾ ਤੇ ਪਿਆਰ ਦੇ ਕੰਮ ਕਰਦੇ ਸੀ, ਅਰ ਕੀਕੂੰ ਅੰਮ੍ਰਿਤ ਨੇ ਨਵੀਂ ਜਾਨ ਪਾਈ, ਅਗਲੇ ਪ੍ਰਸੰਗ ਵੰਨਗੀ ਮਾਤ੍ਰ ਹੈਨ :-

# ੨੯. ਗੁਲਾਬੇ[1]।

੧.

**ਔਰੰਗਜ਼ੇਬੀ** ਨੀਤੀ ਤੇ ਤਲਵਾਰ ਜਦ ਹਿੰਦੁਸਤਾਨ ਵਿਚ ਕਹਿਰ ਕਰ ਰਹੀ ਸੀ ਤਦੋਂ ਕੌਮਾਂ ਦੀਆਂ ਕੌਮਾਂ ਯਾ ਡਰਦੀਆਂ ਯਾ ਲਾਲਚਾਂ ਬੱਧੀਆਂ ਪੈਰੋ ਪੈਰ ਮੁਸਲਮਾਨ ਹੁੰਦੀਆਂ ਤੁਰੀਆਂ ਗਈਆਂ। ਮਲਾਹ, ਤੇਲੀ, ਜੁਲਾਹੇ, ਗੁੱਜਰ ਆਦਿ ਤਾਂ ਸਮੂਲਚੇ ਹੀ ਜਾ ਰਲੇ। ਛੀਂਬੇ, ਨਾਈ, ਕੰਬੋ ਆਦਿਕਾਂ ਦੇ ਢੇਰ ਸਾਰੇ ਹਿੱਸੇ ਮੁਸਲਮਾਨ ਹੋ ਗਏ। ਇਨ੍ਹਾਂ ਕੌਮਾਂ ਨੂੰ ਜਿਸ ਤਰ੍ਹਾਂ ਦੀਨ ਮਨਵਾਇਆ ਗਿਆ ਉਹਨਾਂ ਸਮਾਚਾਰਾਂ ਦੇ ਵਾਸਤੇ ਵੱਖਰੇ ਪੁਸਤਕ ਦੀ ਲੋੜ ਹੈ, ਇਥੇ ਕੇਵਲ ਇਹ ਦੱਸਣਾ ਹੈ ਕਿ ਇਨ੍ਹਾਂ ਹੀ ਦਿਨਾਂ ਵਿਚ ਇਕ ਕੰਬੋ ਜਾਤੀ ਦੇ ਇਸਤ੍ਰੀ ਭਰਤਾ ਹੁਸ਼ਿਆਰ ਪੁਰ ਦੇ ਰਹਿਣ ਵਾਲੇ ਸਨ, ਇਨ੍ਹਾਂ ਦੇ ਸਾਰੇ ਸਨਬੰਧੀ ਤੇ ਪੱਤੀ ਵਾਲੇ ਭਰਾ ਭਾਈ ਦੀਨ ਵਿਚ ਲਿਆ ਕੇ ਅਰਾਈਆਂ ਦੀ ਬਰਾਦਰੀ ਨਾਲ ਰਲਾਏ ਗਏ। ਕੇਵਲ ਇਹ ਜੋੜਾ ਬਾਕੀ ਸੀ, ਸੋ ਆਪਣੇ ਆਪਨੂੰ ਸੰਸਾਰ ਵਿਚ ਇਕੱਲਾ ਤੇ ਦੁਖਾਂ ਨਾਲ ਚੁਫੇਰਿਓਂ ਘਿਰਿਆ ਹੋਇਆ ਦੇਖਕੇ ਛਾਤੀ ਤੇ ਪੱਥਰ ਰੱਖ ਮੂੰਹੋਂ ਕਲਮਾਂ ਉਚਾਰਕੇ ਮੁਸਲਮਾਨ ਹੋ ਗਿਆ। ਮੁਸਲਮਾਨ ਹੋਣ ਦੇ ਬਾਦ ਇਨ੍ਹਾਂ ਦੀ ਇਜ਼ਤ ਇਹ ਕੀਤੀ ਗਈ ਕਿ ਹਕੀਮ ਅਬੂਤ੍ਰਾਬ ਬਾਹਮਣੀ ਦੇ ਬਾਗ਼ਾਂ ਦੇ ਮਾਲੀ ਦੀ ਪਦਵੀ ਦਿਤੀ ਗਈ ਅਰ ਦਿੱਲੀ ਸ਼ਹਿਰ ਨਿਵਾਸ ਮਿਲਿਆ।

ਹਕੀਮ ਅਬੂਤ੍ਰਾਬ ਬਾਹਮਣੀ ਗੋਲਕੰਡਾ ਦੇ ਬਾਹਮਣੀ ਖ਼ਾਨਦਾਨ ਵਿਚੋਂ ਸੀ। ਇਤਿਹਾਸ ਵੇਤਾ ਜਾਣਦੇ ਹਨ ਕਿ ਇਕ ਗੰਗੂ ਨਾਮੇ ਬ੍ਰਾਹਮਣ ਦਾ ਮੁਸਲਮਾਨ ਨੌਕਰ ਦੱਖਣ ਵਿਚ ਰਾਜਾ ਹੋ ਗਿਆ ਸੀ, ਉਸਨੇ ਆਪਣੇ ਸੁਆਮੀ ਦੀ ਯਾਦਗਾਰ ਵਿਚ ਆਪਣੇ ਖ਼ਾਨਦਾਨ ਦਾ ਨਾਮ ਬਾਹਮਣੀ ਰੱਖਿਆ ਸੀ। ਦੱਖਣ ਦੇ ਏਹ ਰਾਜੇ ਭਾਵੇਂ ਮੁਸਲਮਾਨ ਸੇ, ਪਰ ਖ਼ਾਨਦਾਨ ਬਾਹਮਣੀ ਕਰਕੇ ਕਹਿਲਾਉਂਦੇ ਸੇ, ਔਰੰਗਜ਼ੇਬ ਦੇ ਜੰਗ ਜਦਲ ਦੱਖਣ ਵਿਚ ਬਹੁਤ ਰਹੇ ਹਨ ਅਰ ਉਸਦੀ ਤਾਕਤ ਦਾ ਢੇਰ ਸਾਰਾ ਹਿੱਸਾ ਦੱਖਣ ਦੇ ਜੰਗਾਂ ਵਿਚ ਬੀਤਦਾ ਰਿਹਾ। ਦੱਖਣ ਦੇ ਇਹ ਪੰਜ ਮਸ਼ਹੂਰ ਰਾਜ ਅੱਡੋ ਅੱਡ ਸੇ, ਉਨ੍ਹਾਂ ਸਭਨਾਂ ਦੇ ਤੋੜਨ ਦੇ ਮਨਸੂਬੇ ਰਚ ਕੇ ਔਰੰਗਜ਼ੇਬ ਨੇ ਅਨੇਕ ਚਾਲਾਂ ਖੇਡੀਆਂ, ਜਿਨ੍ਹਾਂ ਵਿਚੋਂ--ਇਕ ਇਹ ਸੀ ਕਿ ਹਰ ਖ਼ਾਨਦਾਨ ਦੇ ਇਕ ਦੋ ਆਦਮੀ ਕਢਾ ਮੰਗਾਏ ਸਨ, ਜਿਨ੍ਹਾਂ ਪਾਸੋਂ ਸ਼ਤ੍ਰੂਆਂ ਦੇ ਘਰ ਦੇ ਭੇਤ ਮਲੂਮ ਕਰ ਲਏ। ਹਰ ਥਾਂ ਆਪਣੇ ਵਡਿਆਂ ਨਾਲ ਅਸੰਤੁਸਟ ਲੋਕ ਹੁੰਦੇ ਹਨ, ਜੋ ਸ਼ਹਿ ਮਿਲਣ ਤੇ ਧਰੋਹੀ ਬਣ ਜਾਂਦੇ ਹਨ। ਐਸੇ ਘਰ ਦੇ ਭੇਤੀ ਮਿਤ੍ਰਾਂ ਵਿਚੋਂ ਹਕੀਮ ਅਬੂਤ੍ਰਾਬ ਜੀ ਸਨ ਕਿ ਜਿਨ੍ਹਾਂ ਨੇ ਆਪਣੇ ਘਰਾਣੇ ਤੇ ਪਾਤਸ਼ਾਹ ਦੇ ਸਾਰੇ ਅੰਦਰਲੇ ਹਾਲ ਔਰੰਗਜ਼ੇਬ ਨੂੰ ਦੱਸ ਦਿੱਤੇ ਸਨ। ਔਰੰਗਜ਼ੇਬ ਨੇ ਇਸ ਨੂੰ ਦਿੱਲੀ ਵਿਚ ਇਕ ਵੱਡੀ ਜਾਗੀਰ ਤੇ ਅਮੀਰੀ ਠਾਠ ਦਾ ਨਿਰਬਾਹ ਤੇ ਇੱਜ਼ਤ ਬਖਸ਼ ਦਿੱਤੀ ਸੀ। ਸੋ ਇਹ ਹਕੀਮ ਸਾਹਿਬ ਚੰਗੇ ਵਿਦਵਾਨ, ਸੁਭਾਵ ਦੇ ਨਰਮ ਤੇ ਸਹਾਰੇ ਵਾਲੇ, ਧਰਮ ਦੀ ਆੜ ਤੋਂ ਬੇਪਰਵਾਹ, ਸਦੀਵ ਰੰਗ ਰਲੀਆਂ ਵਿਚ ਮਸਤ ਰਹਿਣ ਵਾਲੇ ਸੇ ਅਰ ਦਿੱਲੀ ਸ਼ਹਿਰ ਦੇ ਬਾਹਰ ਇਕ ਮਹਿਲ ਦੇ ਨਾਲ ਬਾਗ਼ ਬਣਾ ਕੇ ਆਪਣਾ ਜੀਵਨ ਬਿਤੀਤ ਕਰਦੇ ਸੇ। ਸਾਡੇ ਪੰਜਾਬੀ ਕੰਬੋ ਤੇ ਕੰਬੋਣੀ ਗੁਲਾਬਾ ਗੁਲਾਬੀ ਮੁਸਲਮਾਨ ਹੋਕੇ ਇਸ ਪੁਰਸ਼ ਦੇ ਬਾਗ਼ ਦੇ ਵਡੇ ਮਾਲੀ ਬਣਾਏ ਗਏ। ਚੰਗਾ ਟਿਕਾਣਾ ਤਾਂ ਮਿਲ ਗਿਆ ਪਰ ਬਿਨਾਂ ਮਰਜ਼ੀ ਮੁਸਲਮਾਨ ਹੋ ਜਾਣ ਦਾ ਸੱਲ ਕੰਡੇ ਦੀ ਤਰ੍ਹਾਂ ਰੜਕਦਾ ਰਹਿੰਦਾ। ਪਰ ਹਿਹ ਕਮਜ਼ੋਰੀ ਕਿ ਜਿੰਦ ਨਾ ਜਾਏ, ਉਹਨਾਂ ਨੂੰ ਇਸ ਮੁਸ਼ਕਲ ਤੋਂ ਕਿਸੇ ਤਰ੍ਹਾਂ ਨਿਕਲਣ ਨਾ ਦੇਂਦੀ। ਜਿਸ ਪਤਿਤ ਅਵਸਥਾ ਵਿਚ ਰਾਜ ਦੇ ਕਹਿਰ ਨੇ ਉਹਨਾਂ ਨੂੰ ਘੱਤਿਆ ਸੀ ਇਸ ਵਿਚ ਓਹ ਨਹੀਂ ਰਹਿਣਾ ਚਾਹੁੰਦੇ ਸੇ ਤੇ ਇਸ ਅਵਸਥਾ ਤੋਂ ਕੇਵਲ ਤਲਵਾਰ ਦੀ ਆਬ ਹੀ ਉਨ੍ਹਾਂ ਨੂੰ ਕੱਢ ਸਕਦੀ ਸੀ, ਜਿਸ ਦੇ ਚੁੱਕਣੋਂ ਓਹ ਕੰਬਦੇ ਸੇ। ਇਸ ਹਾਲ ਵਿਚ ਉਹ ਜੀਵਨ ਬਸਰ ਕਰ ਰਹੇ ਸੇ। ਮਾਲੀ ਦੇ ਕੰਮ ਦੇ ਜਾਣੂ ਚੰਗੇ ਸੇ, ਇਨ੍ਹਾਂ ਦੇ ਧਿਆਨ ਨਾਲ ਹਕੀਮ ਸਾਹਿਬ ਦੇ ਬਾਗ਼ ਲਹਿ ਲਹਿ ਕਰ ਉੱਠੇ। ਬਾਗ਼ਾਂ ਬੂਟਿਆਂ ਦੇ ਸ਼ੁਕੀਨ ਹਕੀਮ ਸਾਹਿਬ ਆਪਣੇ ਨਵੇਂ ਮਾਲੀ ਤੇ ਮਾਲਣ ਪਰ ਬੜੇ ਹੀ ਦਿਆਲੂ

1. ਇਹ ਲੇਖ ਸੰ: ਗੁ: ਨਾ: ਸਾ: ੪੩੫ (੧੯੦੪ ਈ:) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਹੋ ਗਏ। ਇਨ੍ਹਾਂ ਦੇ ਬੱਚਿਆਂ ਨਾਲ ਪਿਆਰ ਕਰਦੇ ਅਰ ਇਨ੍ਹਾਂ ਨੂੰ ਇਨਾਮਾਂ, ਦਾਤਾਂ ਤੇ ਸੁਗ਼ਾਤਾਂ ਨਾਲ ਖੁਸ਼ ਰਖਦੇ। ਏਹ ਵਿਚਾਰੇ ਸੋਨੇ ਦੇ ਪਿੰਜਰੇ ਪਏ ਪੰਛੀ ਵਾਂਙੂ ਇਨ੍ਹਾਂ ਸੁੱਖਾਂ ਨੂੰ ਆਪਣੇ ਕੈਦਖਾਨੇ ਦੀਆਂ ਸੀਖਾਂ ਤੋਂ ਵਧੀਕ ਨਹੀਂ ਸੇ ਜਾਣਦੇ। ਅਜੇ ਬੀ ਤੁਰਕਾਂ ਦੇ ਟੱਥ ਦਾ ਨਾ ਖਾਂਦੇ, ਮੁਸਲਮਾਨਾਂ ਦੀਆਂ ਜ਼ਿਆਫਤਾਂ ਵਿਚ ਕਦੇ ਸ਼ਰੀਕ ਨਾ ਹੁੰਦੇ, ਨਾ ਆਪ ਕਿਸੇ ਨੂੰ ਸੱਦਦੇ। ਜਦ ਮੀਆਂ ਬੀਬੀ ਕੱਠੇ ਹੋ ਕੇ ਬੈਠਦੇ ਤਾਂ ਹਉਕੇ ਲੈਂਦੇ ਕਿ ਸਾਡਾ ਧਰਮ ਭ੍ਰਿਸ਼ਟ ਹੋ ਗਿਆ।

ਕੁਝ ਸਮਾਂ ਪਾ ਕੇ ਔਰੰਗਜ਼ੇਬ ਪਾਤਸ਼ਾਹ ਨੂੰ ਹਕੀਮ ਸਾਹਿਬ ਦੀ ਸੇਵਾ ਦੀ ਇਕ ਨਵੀਂ ਲੋੜ ਪਈ। ਇਹ ਉਹ ਵੇਲਾ ਸੀ ਕਿ ਜਦੋਂ ਰੱਬੀ ਜੋਤਿ ਵਾਲਾ ਗੁਰੂ ਫ਼ਕੀਰ ਠਾਠ ਵਿਚ ਬੈਠਾ ਆਨੰਦਪੁਰ ਦੀਆਂ ਪਹਾੜੀਆਂ ਵਿਚ ਜੰਗੀ ਸਮਾਨ ਤਿਆਰ ਕਰ ਰਿਹਾ ਸੀ। ਜਿਸ ਵੇਲੇ ਦੁਨੀਆਂ ਦਾ ਤ੍ਰਾਣ ਕਰਤਾ ਸੰਸਾਰ ਨੂੰ ਮੁਕਤੀ ਦਾ ਪੁਲ ਸਾਜ ਕੇ ਪਾਰ ਹੋਣ ਲਈ ਵੰਗਾਰ ਰਿਹਾ ਸੀ। ਹਾਂ ਜਿਸ ਵੇਲੇ ਭਾਰਤ ਭੂਮੀ ਦੀ ਬੰਦਖਲਾਸ ਕਰਨੇ ਵਾਲਾ ਇਸਦੇ ਜ਼ਨਾਨੇ ਬਣ ਰਹੇ ਪੁੱਤਾਂ ਨੂੰ ਮਰਦ ਤੇ ਮਰਦੋਂ ਸ਼ੇਰ-ਮਰਦ ਬਣਾ ਰਿਹਾ ਸੀ, ਜਿਸ ਵੇਲੇ ਸੱਚਾ ਹਿਤੈਸ਼ੀ ਵਿਦਵਾਨ ਕੱਠੇ ਕਰਕੇ ਜੰਦਰੇ ਪਈ ਵਿਦਜਾ ਨੂੰ ਹਿੰਦੀ ਬੋਲੀ ਵਿਚ ਲਿਆਕੇ ਪ੍ਰਜਾ ਦਾ ਅਗਜਾਨ ਦੂਰ ਕਰ ਰਿਹਾ ਸੀ। ਜਿਸ ਵੇਲੇ ਸੰਸਾਰ ਦਾ ਸੂਰਜ ਪਰਬਤਾਂ ਵਿਚੋਂ ਆਪਣੀਆਂ ਉਦੈ-ਕਿਰਨਾਂ ਸੰਸਾਰ ਵਿਚ ਭੇਜ ਰਿਹਾ ਸੀ। ਔਰੰਗਜ਼ੇਬ ਨੂੰ ਤਅੱਸਬੀਆਂ ਵਲੋਂ ਖ਼ਬਰ ਪਹੁੰਚ ਰਹੀ ਸੀ ਕਿ ਇਕ ਤਾਕਤ ਪੈਦਾ ਹੋ ਰਹੀ ਹੈ, ਇਕ ਹਕੂਮਤ ਦਾ ਅੰਗੂਰ ਫੁੱਟ ਰਿਹਾ ਹੈ ਕਿ ਜਿਸ ਵਿਚ ਮੁਕਤ ਤੇ ਭੁਗਤ ਦੀ ਸਮਿਲਤ ਰੌਸ਼ਨੀ ਲਸੇਗੀ। ਇਕ ਐਸੀ ਮਿਆਨ ਬਣ ਰਹੀ ਹੈ ਕਿ ਜਿਸ ਵਿਚੋਂ 'ਸਸਾਰ ਸਿੱਧੀ' ਤੇ 'ਪਰਮਾਰਥ ਪ੍ਰਾਪਤੀ' ਦੀ ਦੁਧਾਰੀ ਤਲਵਾਰ ਨਿਕਲੇਗੀ ਜੋ ਤੇਰਾ ਰਾਜ ਨਸ਼ਟ ਕਰੇਗੀ, ਉਧਰ ਪਰਜਾ ਨੂੰ ਧਰਮ ਸਿਖਾ ਕੇ ਪਾਰਗਿਰਾਮੀ ਕਰੇਗੀ। ਭਲਾ ਔਰੰਗਜ਼ੇਬ ਇਹ ਸਮਝਕੇ ਕਦ ਨਿਚੱਲਾ ਬੈਠਾ ਸਕਦਾ ਸੀ ? ਪਹਿਲਾਂ ਤਾਂ ਰਾਜਿਆਂ ਨੂੰ ਇਸ਼ਾਰੇ ਹੋਏ। ਪਰ ਪਹਾੜੀਆਂ ਅਤੇ ਲਾਗੇ ਦਿਆਂ ਸੂਬਿਆਂ ਦੇ ਦੰਦ ਭੱਜਣੇ ਮੁਣੇ : ਹੁਣ ਆਪਣੇ ਅਖਬਾਰ ਨਵੀਸ ਦੀ ਖਬਰ ਪਹੁੰਚੀ ਕਿ ਹੋਰ ਠਾਠ ਬਦਲਿਆ ਹੈ। ਤਦ ਔਰੰਗਜ਼ੇਬ ਨੇ ਗੁਪਤ ਏਲਚੀ ਭੇਜਣੇ ਦੀ ਤਜਵੀਜ਼ ਕੀਤੀ। ਉਹ ਕੰਮ ਹਕੀਮ ਅਬੂਤ੍ਰਾਬ ਜੀ ਦੇ ਸਿਰ ਪਿਆ। ਇਨ੍ਹਾਂ ਨੂੰ ਖਾਸ ਹਦਾਇਤ ਕੀਤੀ ਗਈ ਕਿ ਭੇਸ ਵਟਾਕੇ ਓਪਰੇ ਬਣ ਕੇ ਜਾਓ, ਛਿਪਕੇ ਕੁਛ ਦਿਨ ਰਹੋ, ਫੇਰ ਆਪਣੀ ਅੱਖੀਂ ਡਿੱਠੇ ਹਾਲਾਤ ਲਿਖੋ, ਆਪਣੀ ਰਾਇ ਭੇਜੋ, ਤਦ ਉਸ ਨੂੰ ਦੇਖ ਕੇ ਸਾਡੀ ਵਲੋਂ ਜੋ ਹੁਕਮ ਪਹੁੰਚੇ ਤਾਂ ਇਕਦਮ ਠਾਠ ਬਦਲਕੇ ਏਲਚੀ ਬਣਕੇ, ਜੋ ਸੰਦੇਸਾ ਸਮਝਾਉਂਦੇ ਹਾਂ, ਦੇ ਕੇ, ਯੋਗ ਉੱਤਰ ਲੈ ਕੇ ਸਾਨੂੰ ਭੇਜਣਾ ਯਾ ਆਪਣੀ ਵਲੋਂ ਤੀਸਰੇ ਤਿਹਾਕ ਹੋਕੇ ਸਮਝਾਉਣਾ।

ਇਸ ਹੁਕਮ ਨੂੰ ਪਾ ਕੇ ਹਕੀਮ ਸਾਹਿਬ ਤਿਆਰ ਹੋਏ। ਕਿਉਂਕਿ ਛਿਪਾਉ ਵਿਚ ਰਹਿਣਾ ਸੀ, ਇਸ ਕਰਕੇ ਇਕ ਰਸੋਈਆ ਤੇ ਇਕ ਖ਼ਿਦਮਤਗਾਰ ਹੀ ਨਾਲ ਲਿਆ। ਮਾਲੀ ਤੇ ਮਾਲਣ ਪਰ ਇਤਬਾਰ ਵੱਧ ਹੋ ਗਿਆ ਸੀ ਤੇ ਦੋਵੇਂ ਉਸੇ ਇਲਾਕੇ ਦੇ ਸੇ ਕਿ ਜਿਥੇ ਜਾਣਾ ਸੀ, ਇਸ ਕਰਕੇ ਉਹਨਾਂ ਨੂੰ ਬੀ ਘੱਲਿਆ ਕਿ ਰਹਿਣ ਜੁਦਾ ਚੱਲਕੇ ਪਰ ਨੇੜੇ ਨੇੜ। ਇਸ ਪ੍ਰਕਾਰ ਮਾਲੀ ਮਾਲਣ ਤਾਂ ਹਿੰਦੂ ਪਹਿਰਾਵੇ ਵਿਚ ਪਹਿਲੇ ਤੋਰੇ ਗਏ। ਵਿਚਾਰੇ ਹਿੰਦੂ ਜਨਮ ਗੁਆ ਕੇ ਰੋਂਦੇ ਸੇ ਕਿ ਇਹ ਫੇਰ ਕਿਵੇਂ ਹੱਥ ਆਵੇ, ਪਰ ਫੇਰ ਬੀ ਸ਼ੁਕਰ ਹੈ ਕਿ 'ਜਨਮ ਦੀ ਥਾਂ ਹਿੰਦੂ ਪਹਿਰਾਵਾ' ਤਾਂ ਫੇਰ ਆਇਆ। ਇਨ੍ਹਾਂ ਨੇ ਆਨੰਦ ਪੁਰ ਪਹੁੰਚਕੇ ਆਪਣੇ ਰਹਿਣ ਤੇ ਵੱਸਣ ਲਈ ਮਕਾਨ ਲੀਤਾ। ਵਣਜਾਰੇ ਬਣ ਕੇ ਉਥੇ ਨਿਰਬਾਹ ਕਰਨਾ ਆਰੰਭਿਆ ਤੇ ਹਕੀਮ ਸਾਹਿਬ ਵਾਸਤੇ ਇਕ ਹੋਰ ਮਕਾਨ ਲੀਤਾ। ਇਧਰ ਹਕੀਮ ਜੀ ਵੀ ਸਿੰਧੀ ਸਰੂਪ ਬਣਾ ਕੇ ਤੁਰਨੇ ਦੇ ਸਾਮਾਨ ਕਰਨ ਲਗੇ।

ਗੁਲਾਬੋ ਜਦ ਆਨੰਦਪੁਰ ਜਾ ਕੇ ਰਹੇ ਤਦ ਮੁਸਲਮਾਨੀ ਜਲ ਜਲੌ ਇਕ ਦਮ ਅੱਖਾਂ ਅੱਗੋਂ ਦੂਰ ਹੋ ਗਿਆ। ਉਹ ਰੋਜ਼ ਦੀਆਂ ਪੰਜ ਵੇਲੇ ਦੀਆਂ ਅਨੇਕਾਂ ਮਸੀਤਾਂ ਦੀਆਂ ਬਾਂਗਾਂ, ਉਹ ਸ਼ਰਹ ਦੇ ਮਸਲਿਆਂ ਦੇ ਝਗੜੇ, ਉਹ ਮਾਰੋ, ਕਤਲ ਕਰੋ, ਕਾਫ਼ਰ ਹੈ, ਮੁਲਹਿਦ ਹੈ, ਮੁਸਰਿਕ ਹੈ ਦੇ ਫ਼ਤਵੇ ਸੁਪਨੇ ਵਤ ਬਿਲਾ ਗਏ। ਰਥਾਂ, ਡੋਲਿਆਂ, ਬਹਿਲੀਆਂ, ਹਾਥੀਆਂ, ਘੋੜਿਆਂ ਦੇ ਬਾਜ਼ਾਰਾਂ ਵਿਚ ਧੂਮ ਧੜੱਕੇ ਲੋਪ ਹੋ ਗਏ। ਬਾਜ਼ਾਰਾਂ ਦੇ ਰੌਲੇ ਤੇ ਬਾਗਾਂ ਦੇ

ਲੁਕਵੇਂ ਨਾਚ, ਚਮਨਾਂ ਦੇ ਛਿਪਵੇਂ ਸ਼ਰਾਬੀ ਦੌਰ ਗੁੰਮ ਹੋ ਗਏ। ਹੁਣ ਇਕ ਚੁਪ ਚਾਪ ਸ਼ਾਂਤਿ ਤੇ ਇਕੱਲੀ ਥਾਂ ਦਾ ਵਸੇਬਾ ਮਿਲਿਆ, ਜਿਥੇ ਇਕ ਨਿੱਕੇ ਜਿਹੇ ਸ਼ਹਿਰ ਦੇ ਰਤਾ ਕੁ ਪਰੇ ਗਿਆਂ ਇਕ ਰਸ ਏਕਾਂਤ ਦਾ ਰਾਜ ਫੈਲ ਰਿਹਾ ਹੈ, ਠੰਢੀ ਤੇ ਸੁਹਾਉਣੀ, ਸਤਲੁਜ ਨਦੀ ਏਕਾਂਤ ਨੂੰ ਹੋਰ ਬੀ ਰੂਪ ਦੇ ਦੇ ਕੇ ਸ਼ਾਂਤਿ ਰੌਆਂ ਵਿਚ ਵਗ ਰਹੀ ਹੈ। ਪਹਾੜੀ ਦਰਸ਼ਨ, ਸਬਜ਼ੇ, ਘਾਟੀਆਂ, ਹਰਿਆਉਲਾਂ, ਚਿਤ ਨੂੰ ਖਲੇਰ ਤੇ ਖਿੰਡਾਉ ਤੋਂ ਜੁੜਨ ਵਾਲੇ ਰੁਖ ਵਿਚ ਲਿਜਾ ਰਹੇ ਹਨ। ਐਸੀ ਸੁਖਦਾਈ ਏਕਾਂਤ ਵਿਚ ਪਹੁੰਚ ਕੇ ਗੁਲਾਬਿਆਂ ਦਾ ਮਨ ਗੁਲਾਬ ਵਾਂਙੂ ਖਿੜ ਗਿਆ। ਹੁਣ ਸਹਿਜੇ ਸਹਿਜੇ ਮਹਾਰਾਜ ਜੀ ਦੇ ਸਤੋਗੁਣੀ ਪ੍ਰਤਾਪ ਵਲ ਦ੍ਰਿਸ਼ਟੀ ਲਗੀ ਪੈਣ। ਕਿਥੇ ਉਸ ਝੂਠੇ ਪਾਤਸ਼ਾਹ ਦੀਆਂ ਤਨਖਾਹਦਾਰ ਫੌਜਾਂ, ਕਿੱਥੇ ਪ੍ਰੇਮ ਮਈ ਸੰਗਤਾਂ ਦੇ ਜਮਘਟ। ਕਿਥੇ ਦਿਲੋਂ ਦੂਰ ਤੇ ਉਤੋਂ ਹਜ਼ੂਰ ਕਰਨ ਵਾਲੇ ਮੁਸਾਹਿਬ, ਕਿੱਥੇ ਇਹ ਤਨ ਮਨ ਤੋਂ ਕੁਰਬਾਨ ਹੋਏ ਹੋਏ ਸਿਖਾਂ ਦੇ ਸਚੇ ਪ੍ਰੇਮ ਤੇ ਕੁਰਬਾਨੀਆਂ। ਗੁਲਾਬਾ ਭਾਵੇਂ ਸੂੰਹੀਏਂ ਦਾ ਨੌਕਰ ਸੀ ਅਰ ਸੂੰਹਾਂ ਲੈਂਦਾ ਹੀ ਦਿਨ ਰਾਤ ਬਿਤਾਉਂਦਾ ਸੀ, ਪਰ ਤਦ ਬੀ ਉਸ ਦੇ ਦਿਲ ਉਤੇ ਏਹ ਦਰਸ਼ਨ ਕੁਝ ਹੋਰ ਹੀ ਅਸਰ ਕਰਦੇ ਸਨ। ਉਹ ਆਪਣੇ ਮਾਲਕ ਦਾ ਕੰਮ ਬੀ ਕਰ ਰਿਹਾ ਸੀ, ਪਰ ਉਸ ਦਾ ਦਿਲ ਉਸ ਦੇ ਬਿਨਾ ਪੁੱਛੇ ਕਿਸੇ ਹੋਰ ਪਾਸੇ ਨੂੰ ਖਿੱਚਿਆ ਜਾ ਰਿਹਾ ਸੀ। ਸ਼ਬਦਾਂ ਦੀ ਘਨਘੋਰ ਦੂਹਾਂ ਮੀਆਂ ਬੀਬੀ ਨੂੰ ਅਨੇਕ ਵਾਰ ਖਿੱਚ ਖਿੱਚਕੇ ਦੀਵਾਨ ਦੇ ਨੇੜੇ ਲੈ ਜਾਂਦੀ, ਰਹਿਰਾਸ ਦਾ ਦੀਵਾਨ ਜਦ ਕਦੇ ਸਤਲੁਜ ਕਿਨਾਰੇ ਜਾ ਲਗਦਾ ਤਦ ਵਡੇ ਰੁੱਖਾਂ ਦੇ ਉਹਲੇ ਹੋਕੇ ਦੋਵੇਂ ਜਣੇ ਕਈ ਵੇਰ ਪਾਠ ਤੇ ਕੀਰਤਨ ਸੁਣਦੇ। ਪਿਆਰੇ ਕਲਗੀਧਰ ਦਾ ਮਨਮੋਹਨ ਚਿਹਰਾ, ਜਿਸ ਨੂੰ ਦੇਖਕੇ ਆ ਮੁਹਾਰੇ ਜੀਵ ਪ੍ਰੇਮੀ ਹੋ ਜਾਂਦੇ ਸੇ, ਇਨ੍ਹਾਂ ਪਰ ਬੀ ਆਪਣਾ ਅਸਰ ਪਾ ਰਿਹਾ ਸੀ।

ਇਕ ਦਿਨ ਦੀ ਗਲ ਹੈ ਕਿ ਇਕ ਸਿੱਖ ਦਾ ਬਿਬਾਨ ਜਾ ਰਿਹਾ ਸੀ, ਜਿਸ ਦੇ ਨਾਲ ਅਨੇਕਾਂ ਸਿੱਖ ਸੰਗਤਾਂ ਸਨ ਅਰ ਫੌਜੀ ਇੱਜ਼ਤ ਤੀਰਾਂ ਤੇ ਬੰਦੂਕਾਂ ਦੀ ਮਾਤਮੀ ਸ਼ਲਕ ਨਾਲ ਹੋਈ ਤੇ ਮਹਾਰਾਜ ਦਾ ਖਾਸ ਨਫੀਰ ਖਾਨਾ ਮਾਰੂ ਦੀ ਦਿਲ ਖਿੱਚਵੀਂ ਸੁਰ ਵਿਚ ਵੈਰਾਗਮਈ ਸੁਰਾਂ ਵਜਾ ਰਿਹਾ ਸੀ। ਨਾਲ ਸੁਰੀਲੇ ਸ਼ਬਦ ਦਿਲ ਖਿੱਚਵੇਂ ਰਹਾ ਵਿਚ ਰਬਾਬੀ ਗਾਉਂ ਰਹੇ ਸੇ। ਇੰਨੇ ਨੂੰ ਕੀ ਦੇਖਦੇ ਹਨ ਕਿ ਸਿੱਖਾਂ ਦੇ ਸਿਰਤਾਜ ਕਲਗੀਧਰ ਜੀ ਸਿਰਪੱਟ ਘੋੜਾ ਸੱਟੀ ਚਲੇ ਆ ਰਹੇ ਹਨ ਅਰ ਬਿਬਾਨ ਦੇ ਨੇੜੇ ਆਏ ਘੋੜੇ ਤੋਂ ਉਤਰਕੇ ਆਪਣਾ ਪਵਿਤ੍ਰ ਹੱਥ ਬਿਬਾਨ ਨੂੰ ਲਾਕੇ ਕਹਿੰਦੇ ਹਨ "ਜਾਓ ਸਪੁੱਤ੍ਰ ! ਅਕਾਲ ਪੁਰਖ ਦੇ ਚਰਨਾਂ ਵਿਚ ਵਾਸਾ ਪਾਓ। ਧੰਨ ਜਨਮ ! ਸਫਲਾ ਆਉਣਾ"। ਨਦੀ ਕਿਨਾਰੇ ਜਾ ਕੇ ਗੁਲਾਬੇ ਨੇ ਇਕ ਸਿੱਖ ਨੂੰ ਪੁੱਛਿਆ, ਕਿ "ਇਹ ਕੌਣ ਸੀ ਕਿ ਜਿਸ ਦੀ ਐਤਨੀ ਇੱਜ਼ਤ ਹੋਈ ਹੈ।" ਸਿਖ ਨੇ ਉੱਤਰ ਦਿਤਾ ਕਿ "ਇਹ ਇਕ ਕਿਰਤੀ ਸਿਖ ਸੀ, ਜੋ ਥੋੜੀ ਜੇਹੀ ਕਿਰਤ ਕਰ ਕੇ ਪ੍ਰਸ਼ਾਦ ਛਕਦਾ ਹੁੰਦਾ ਸੀ। ਤੇ ਬਾਕੀ ਦਿਨ ਰਾਤ ਗੁਰੂ ਮਹਾਰਾਜ ਜੀ ਦੀਆਂ ਸੰਗਤਾਂ ਦੀ ਸੇਵਾ ਵਿਚ ਖਰਚ ਕਰਦਾ ਹੁੰਦਾ ਸੀ। ਪਰਦੇਸੀ ਸੰਗਤਾਂ ਨੂੰ ਕੋਈ ਲੋੜ ਹੋਵੇ ਇਸਨੇ ਪੂਰੀ ਕਰਨੀ, ਗ਼ਰੀਬਾਂ ਦੇ ਅੰਨ ਬਸਤ੍ਰ ਦਾ ਫ਼ਿਕਰ ਕਰਨਾ: ਦੁਖੀ ਸੁਖੀ ਨੂੰ ਦਵਾ ਦਾਰੂ ਪੁਚਾਉਣਾ। ਹੁਣ ਕੁਝ ਚਿਰ ਤੋਂ ਇਸ ਨੂੰ ਅੰਨ੍ਹਿਆਂ ਤੇ ਦਇਆ ਵਧ ਗਈ ਸੀ : ਜਿਥੇ ਜਿਥੇ ਕਿਤੇ ਅੰਨ੍ਹਾਂ ਸੁਣਨਾ ਮਹਾਰਾਜ ਦੇ ਦੁਆਰੇ ਲੈ ਆਉਣਾ, ਅੰਨ ਬਸਤ੍ਰ ਦੀ ਸੇਵਾ ਲੰਗਰੋਂ ਕਰਨੀ। ਕਿਸੇ ਨੂੰ ਰਾਗ ਵਿਦਯਾ ਸਿਖਾਈ, ਕਿਸੇ ਨੂੰ ਅਰਥ ਸਿਖਾ ਕੇ ਗਿਆਨੀ ਬਣਾਇਆ। ਇਹ ਕਾਰ ਗੁਰੂ ਘਰ ਵਿਚ ਅਗੇ ਹੀ ਹੈ ਸੀ। ਸਾਡੇ ਵਿਚ ਅੰਨ੍ਹੇ ਨੂੰ ਸੂਰਦਾਸ ਕਹਿੰਦੇ ਹਨ। ਪਰ ਇਥੇ ਆਨੰਦਪੁਰ ਵਿਚ ਇਕ ਪਾਠਸ਼ਾਲਾ ਦੀ ਡੌਲ ਇਸ ਨੇ ਟੋਰੀ ਹੈ। ਅੰਨ੍ਹਿਆਂ ਨੂੰ ਇਸ ਨੇ ਬਸਤ੍ਰ ਸੀਉਂਣੇ ਬੀ ਸਿਖਾਏ ਹਨ, ਇਥੋਂ ਤਕ ਕਿ ਸੂਈ ਵਿਚ ਧਾਗਾ ਬੀ ਅੰਨ੍ਹੇ ਆਪ ਪਾ ਲੈਂਦੇ ਹਨ ! ਕਈ ਸਫਾਂ ਫੂੜੀਆਂ ਉਣਦੇ ਤੇ ਨਵਾਰਾਂ ਬੁਣਦੇ ਹਨ। ਅੱਜ ਚਾਰ ਦਿਨ ਹੋਏ ਕਿ ਇਹ ਪਿਆਰਾ ਸਿੰਘ ਬਨ ਵਿਚੋਂ ਇਕ ਫਟੇ ਹੋਏ ਅੰਨ੍ਹੇ ਨੂੰ ਕੰਧਾੜੇ ਚੁੱਕੀ ਲਿਆ ਰਿਹਾ ਸੀ ਕਿ ਬਿਲਾਸ ਪੁਰ ਦੇ ਰਾਜਾ ਦੇ ਨੌਕਰਾਂ ਨੇ ਪਕੜ ਲੀਤਾ ਅਰ ਸੂੰਹੀਆਂ ਸੂੰਹੀਆਂ ਕਰਕੇ ਆਪਣੇ ਇਲਾਕੇ ਲੈ ਗਏ। ਇਸ ਨੂੰ ਕਿਹਾ ਗਿਆ ਕਿ ਕੇਸਾਂ ਦੀ ਬੇਅਦਬੀ ਕਰਾ ਕੇ ਠਾਕਰਾਂ ਦਾ ਉਪਾਸ਼ਕ ਹੋ ਜਾ, ਪਰ ਇਸਨੇ ਇਕ ਨਾ ਮੰਨੀ; ਛੇਕੜੇ ਇਸ ਨੂੰ ਜ਼ਹਿਰ ਦੀ ਕਟੋਰੀ ਦਿਤੀ ਗਈ। ਸਤਿਗੁਰਾਂ ਦਾ ਧਿਆਨ ਧਰਕੇ ਸਿੰਘ ਨੇ ਪੀ ਲੀਤੀ ਤੇ ਅਕਾਲ ਪੁਰਖ ਦਾ ਸ਼ੁਕਰ ਕਰਦੇ

ਹੋਏ ਆਪਣੇ ਪਿਆਰੇ ਪ੍ਰਾਣ ਦੇ ਦਿੱਤੇ। ਰਾਜਾ ਦੇ ਨੌਕਰਾਂ ਨੇ ਇਸ ਦੀ ਲੋਥ ਬਨ ਵਿਚ ਸੁਟਾ ਦਿੱਤੀ ਪਰ ਕਿਸੇ ਸਿਖ ਨੂੰ ਪਤਾ ਲੱਗ ਗਿਆ, ਉਹ ਮੋਢੇ ਤੇ ਚੁੱਕ ਕੇ ਇਥੇ ਲੈ ਆਇਆ। ਸੋ ਇਸ ਪਿਆਰੇ ਦੀ ਪਰਉਪਕਾਰ ਦੀ ਜ਼ਿੰਦਗੀ, ਆਪਣੇ ਆਪ ਨੂੰ ਤਿਆਗ ਕੇ ਗੁਰੂ ਚਰਨਾਂ ਨਾਲ ਪ੍ਰੇਮ ਤੇ ਅੰਤ ਧਰਮ ਤੋਂ ਜਾਨ ਵਾਰਨ ਦੀ ਕੁਰਬਾਨੀ ਦੇ ਕਾਰਨ ਸਿੱਖਾਂ ਨੇ ਐਨੀ ਕਦਰ ਕੀਤੀ ਹੈ। ਗੁਰੂ ਦਸ਼ਮੇਸ਼ ਜੀ ਨੇ ਜੋ ਸਿੱਖਾਂ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਦੇ ਹਨ, ਸਿਖ ਦਾ ਉਹ ਸਨਮਾਨ ਕੀਤਾ ਹੈ ਜੋ ਤੁਸੀਂ ਅਖੀਂ ਦੇਖਿਆ ਹੈ। ਹੋਰ ਪਾਤਸ਼ਾਹ ਡਰ ਦੇ ਕੇ ਧੱਕੇ ਨਾਲ ਰਾਜ ਕਰਦੇ ਹਨ ਸਾਡੇ ਸਤਿਗੁਰੂ 'ਸੱਚੇ ਪਾਤਸ਼ਾਹ' ਇਸੇ ਕਰਕੇ ਹਨ ਕਿ ਆਪ ਪ੍ਰੇਮ ਤੇ ਸਚ ਨਾਲ ਦਿਲਾਂ ਪੁਰ ਰਾਜ ਕਰਦੇ ਹਨ। ਸਾਰੇ ਸਿਖ ਸਿਰ ਵਾਰਨੇ ਨੂੰ ਤਿਆਰ ਹਨ, ਪਰ ਗੁਰੂ ਜੀ ਛੋਟੇ ਤੋਂ ਛੋਟੇ ਸਿਖ ਨੂੰ ਵਡੇ ਪੁੱਤਰ ਨਾਲੋਂ ਬੀ ਵਧੀਕ ਪਿਆਰ ਕਰਦੇ ਹਨ।" ਇਮ ਸਮਾਚਾਰ ਦਾ ਅੱਖਾਂ ਅਗੋਂ ਲੰਘਣਾ ਗੁਲਾਬੀ ਜੋੜੇ ਵਾਸਤੇ ਕਹਿਰ ਦਾ ਸਾਹਮਣਾ ਸੀ। "ਕਿਸ ਥੋੜੇ ਜੀਵਨ ਪਿੱਛੇ ਮੁਸਲਮਾਨ ਹੋ ਗਏ ਹਾਂ....? ਕਿੰਨੀਕੁ ਹੈ ਜ਼ਿੰਦਗੀ....? ਅਸੀਂ ਕੈਸੇ ਦੁਸ਼ਟ ਹਾਂ ਕਿ ਧਰਮ ਅਵਤਾਰ ਦੀ ਨਗਰੀ ਵਿਚ ਇਸ ਲਈ ਆਏ ਹਾਂ ਕਿ ਉਸ ਨਾਲ ਧਰੋਹ ਕਰੀਏ। ਧ੍ਰਿਕਾਰ ਹੈ ਸਾਡੇ ਜੀਵਨ ਪਰ, ਧ੍ਰਿਕਾਰ ਸਾਡੇ ਸ੍ਵਾਸਾਂ ਪਰ, ਅਸੀਂ ਪੌਣ, ਪਾਣੀ, ਅੰਨ, ਤਿੰਨਾਂ ਨੂੰ ਭ੍ਰਿਸ਼ਟ ਕਰ ਰਹੇ ਹਾਂ। ਕਿਆ ਹੀ ਚੰਗਾ ਹੁੰਦਾ ਕਿ ਅਸੀਂ ਮਰ ਜਾਂਦੇ ਅਰ ਸੰਸਾਰ ਤੋਂ ਇਸ ਉਪਕਾਰੀ ਵਾਂਙ ਨਿਸ਼ਕਲੰਕ ਜਾਂਦੇ।"

ਇਸ ਤਰ੍ਹਾਂ ਦੇ ਪਛੁਤਾਵੇ ਵਿਚ ਰਾਤ ਬਿਤੀਤ ਹੋਈ। ਦਿਨ ਚੜ੍ਹਿਆ ਪਰ ਉਹਨਾਂ ਦੇ ਭਾਗ ! ਦੂਸਰੇ ਦਿਨ ਕੀ ਦੇਖਦੇ ਹਨ ਕਿ ਫੌਜਾਂ ਵਾਲੇ ਕਲਗੀਧਰ ਜੀ ਇਕ ਖੁੱਲੇ ਪਾਸੇ ਨਦੀ ਵੰਨੀਂ ਪੱਧਰ ਜਿਹੀ ਤੇ ਖੜੇ ਹਨ, ਚਰਨੀਂ ਪਤਲੀ ਜਿਹੀ ਜੁੱਤੀ ਹੈ, ਤੇੜ ਕਛਹਿਰਾ, ਗਲ ਨਿੱਕੀ ਅੰਗੀ ਤੇ ਸਿਰ ਤੇ ਨਿੱਕੀ ਦਸਤਾਰ ਹੈ, ਇਕ ਸਰੀਰ ਮੁਰਦੇ ਵਾਂਗ ਪਿਆ ਹੈ। ਕਲਗੀਧਰ ਜੀ ਆਪ ਉਸ ਦੇ ਸਿਰ ਹੱਥ ਫੇਰ ਰਹੇ ਹਨ ਅਰ ਕੁਛ ਕਹਿ ਰਹੇ ਹਨ ਤੇ ਇਕ ਸਿਖ ਹੋਰ ਪਾਸ ਖੜਾ ਹੈ। ਕੋਈ ਦੋ ਮਿੰਟ ਦੇ ਬਾਦ ਉਹ ਮੁਰਦਾ ਜਿਹੀ ਦੇਹ ਉੱਠ ਕੇ ਬੈਠ ਗਈ ਅਰ ਗੁਰ ਚਰਨਾਂ ਨੂੰ ਲਿਪਟ ਗਈ। ਗੁਲਾਬੇ ਨੇ ਜਦ ਪਤਾ ਕਢਿਆ ਤਾਂ ਮਲੂਮ ਹੋਇਆ ਕਿ 'ਸਤਿਗੁਰ ਜਾਗਤਾ ਹੈ ਦੇਉ' ਸ੍ਰੀ ਕਲਗੀਧਰ ਜੀ ਕਈ ਵੇਰ ਨੀਂਦਰ ਦੇ ਬੜੇ ਹੀ ਘਟ ਵਾਕਫ ਹੁੰਦੇ ਹਨ। ਕਦੇ ਕਦੇ ਰਾਤ ਤ੍ਰਿਪਹਿਰੇ ਤੋਂ ਪਹਿਲੇ ਹੀ ਨਿਕਲਕੇ ਬਾਹਰ ਚਲੇ ਜਾਂਦੇ ਹਨ। ਪਰ ਆਪਣੇ ਵੇਲੇ ਸਿਰ ਦੀਵਾਨ ਵਿਚ ਪਹੁੰਚ ਜਾਂਦੇ ਹਨ। ਅੱਜ ਆਪ ਨਦੀ ਕਿਨਾਰੇ ਇਕ ਸ਼ਿਲਾ ਪੁਰ ਐਸੇ ਨਿਜਾਨੰਦ ਵਿਚ ਮਗਨ ਹੋ ਕੇ ਬੈਠੇ ਕਿ ਪਹੁ ਫੁਟਾਲਾ ਹੋ ਗਿਆ। ਇਸ ਵੇਲੇ ਕੀ ਦੇਖਦੇ ਹਨ ਕਿ ਕੋਈ ਰੁੜ੍ਹਿਆ ਆ ਰਿਹਾ ਹੈ, ਅਰ ਕਿਨਾਰੇ ਤੇ ਦੋ ਰਾਹੀ ਜਾ ਰਹੇ ਹਨ, ਇਕ ਕੋਈ ਪੰਡਿਤ ਹੈ ਤੇ ਇਕ ਕੋਈ ਮੁਸਲਮਾਨ ਹੈ। ਬ੍ਰਾਹਮਣ ਤਾਂ ਇਹ ਕਹਿ ਕੇ ਤੁਰ ਪਿਆ ਕਿ ਕਿਤੇ ਮਲੇਛ ਨਾ ਹੋਵੇ। ਮੁਸਲਮਾਨ ਨੇ ਤੱਕ ਕੇ ਕਿਹਾ, ਸੂਰਤ ਤਾਂ ਕਿਸੇ ਕਾਫ਼ਰ ਦੀ ਹੈ, ਮਰਨ ਦਿਓ, ਜਿੰਨੇ ਮਰਨ ਉੱਨੇ ਹੀ ਚੰਗੇ। ਕਲਗੀਧਰ ਜੀ ਸੁਣਕੇ ਹੱਸੇ, ਚਾਰ ਚੁਫੇਰੇ ਤੱਕੇ ਅਰ ਕਿਹਾ: ਮੇਰੇ ਪਿਆਰੇ ਦੇ ਹੱਥਾਂ ਦੀ ਕਾਰੀਗਰੀ ਨਿਰਜੀਵ ਜਲ ਅਣਜਾਣ ਪੁਣੇ ਨਾਲ ਨਾਸ਼ ਕਰਨੇ ਲੱਗਾ ਹੈ। ਇਹ ਕਹਿਕੇ ਛਾਲ ਮਾਰੀ ਅਰ ਉਸ ਨੂੰ ਕਢ ਲਿਆਏ ਤੇ ਜਤਨ ਕਰਕੇ ਉਸਨੂੰ ਹੋਸ਼ ਲਿਆਂਦੀ[1]।

ਇਸ ਤਰ੍ਹਾਂ ਦੇ ਕਲਗੀਧਰ ਜੀ ਦੇ ਦਰਸ਼ਨ, ਕਲਗੀਧਰ ਜੀ ਦੀਆਂ ਸੰਗਤਾਂ ਦੇ ਦੀਦਾਰ, ਕਲਗੀਧਰ ਜੀ ਦੇ ਕੌਤਕ ਗੁਲਾਬਿਆਂ ਦੇ ਦਿਲ ਨੂੰ 'ਪੂਰੀ ਨਾ ਜਾਣ ਵਾਲੀ ਸਿੱਕ' ਨਾਲ ਭਰ ਰਹੇ ਹਨ ਕਿਉਂਕਿ ਸਮਝਦੇ ਹਨ ਕਿ ਹਿੰਦੂ ਧਰਮ ਕੱਚਾਧਰਮ ਹੈ, ਅਸੀਂ ਮੁੜ ਹਿੰਦੂ ਨਹੀਂ ਹੋ ਸਕਦੇ। ਪਰ ਫਿਰ ਭੀ ਮਨ ਬੇਨਤੀ ਕਰ ਰਿਹਾ ਹੈ, ਜਿੱਕੁਰਾਂ ਦੀ ਇਸ ਗੁਰਬਾਣੀ ਦੇ ਬਿਰਹੇ ਵਿਚ ਹੈ :-

ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ

1. ਇਹ ਆਦਮੀ ਰਾਜੇ ਬਿਲਾਸਪੁਰ ਦਾ ਇਕ ਅਹਿਲਕਾਰ ਭਾਰਾ ਗੁਰ ਦਰੋਹੀ ਸੀ, ਅਜ ਉਸ ਦੀ ਇਸਤ੍ਰੀ ਨੇ ਕਿਸੇ ਭੈੜੇ ਕਾਰਨ ਕਰ ਕੇ ਸਵੇਰੇ ਹੀ ਉਸ ਨੂੰ ਸੁੱਤਿਆਂ ਪਿਆਂ ਹੀ--ਕਿਸੇ ਨਸ਼ੇ ਵਿਚ ਬਿਹੋਸ਼ ਨੂੰ, ਨਦੀ ਵਿਚ ਸੁਟਵਾ ਦਿਤਾ ਸੀ। ਜਿਸ ਨੂੰ ਹੁਣ ਮਹਾਰਾਜ ਜੀ ਨੇ ਹੋਸ਼ ਆਂਦੀ ਸੀ। ਅੱਜ ਤੋਂ ਉਸ ਦਾ ਵੈਰ ਪ੍ਰੇਮ ਵਿਚ ਬਦਲ ਗਿਆ, ਉਸ ਦੀ ਪਾਪ ਭਰੀ ਜ਼ਿੰਦਗੀ, ਪਲਟਾ ਖਾ ਕੇ ਸਿੱਖੀ ਵਿਚ ਵਟੀਜ ਗਈ, "ਗਜਰਾਜ ਸਿੰਘ" ਬਣ ਕੇ ਮਹਾਰਾਜ ਦੇ ਛੇਕੜਲੇ ਜੰਗ ਵਿਚ ਸ਼ਹੀਦੀ ਪਾਈ।

ਆਵੈ ਵਾਰੀ॥ ਸਭਿ ਸੁਹਾਗਣਿ ਮਾਣਹਿ ਰਲੀਆ
ਇਕ ਦੇਵਹੁ ਰਾਤਿ ਮੁਰਾਰੀ॥੧॥

(ਵਾ: ਰਾਮ: ਮ:੫-੬)

੨.

ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ॥
ਪਾਥਰੁ ਡੁਬਦਾ ਕਾਢਿ ਲੀਆ ਸਾਚੀ
ਵਡਿਆਈ॥੪॥ ਬਿਖੁ ਸੇ ਅੰਮ੍ਰਿਤ ਭਏ ਗੁਰਮਤਿ
ਬੁਧਿ ਪਾਈ॥ ਅਕਹੁ ਪਰਮਲ ਭਏ ਅੰਤਰਿ
ਵਾਸਨਾ ਵਸਾਈ॥੫॥ (ਵਡ: ਮ: ੩ ਅਸ-੨)

ਸਰਬ ਵਿਦਯਾ ਦੇ ਸੋਮੇ, ਸਰਬ ਗੁਣਾਂ ਦੀ ਖਾਣਿ ਸਰਬ ਹੁਨਰਾਂ ਦੇ ਕਰਤਾ ਸ੍ਰੀ ਕਲਗੀਧਰ ਜੀ ਬਨਸਪਤੀ ਵਿਦਯਾ ਦੇ ਬੀ ਬੜੇ ਪ੍ਰੇਮੀ ਸੇ। ਆਨੰਦ ਪੁਰ ਬਾਗ਼ ਲਗਵਾਏ ਹੋਏ ਸੇ। ਇਕ ਤਾਂ ਨਦੀ ਦੇ ਕਿਨਾਰੇ ਸੀ। ਨਦੀ ਦਾ ਕਿਨਾਰਾ ਤੱਛ ਮੁੱਛ ਕੇ ਸੁੰਦਰ ਪੌੜੀਆਂ ਕੱਢ ਦਿੱਤੀਆਂ ਸਨ ਅਰ ਫੂਲਾਂ ਦੇ ਬੂਟੇ ਤੇ ਕਿਆਰੇ ਫੈਲਾ ਰਖੇ ਸੇ। ਦੇਸ਼ ਦੇਸ਼ ਦੇ ਬੂਟੇ ਇਸ ਬਾਗ਼ ਵਿਚ ਸੇ, ਅੰਗੂਰ ਤੇ ਬਦਾਮ, ਸੇਬ ਤੇ ਨਾਸ਼ਪਾਤੀਆਂ, ਬਿਨਫ਼ਸ਼ਾ ਦੇ ਫੂਲ ਤੇ ਹੋਰ ਸੁਗੰਧਤ ਝਾੜੀਆਂ, ਹਿਮਾਲਾ ਦੇ ਜੰਗਲੀ ਗੁਲਾਬ-ਸੇਉਤੀ, ਦੇਸੀ ਗੁਲਾਬ, ਮੋਟੀਆਂ ਲਾਚੀਆਂ ਆਦਿਕ ਵੰਨ ਵੰਨ ਦੀ ਬਨਾਸਪਤੀ ਦਾ ਮਾਨੋ ਨਗਰ ਵਸਾ ਦਿੱਤਾ ਸੀ। ਇਥੋਂ ਤਾਂਈਂ ਕਿ ਹਰ ਸਾਲ ਕਸ਼ਮੀਰੋਂ ਕੇਸਰ ਦੀਆਂ ਜੜ੍ਹਾਂ (ਗੰਢੀਆਂ) ਮੰਗਵਾਈਆਂ ਜਾਂਦੀਆਂ ਸੀ ਜੋ ਬੜੀ ਹਿਕਮਤ ਨਾਲ ਪੱਥਰ ਤੇ ਮਿੱਟੀ ਦੇ ਗੋਲ ਗਮਲਿਆਂ ਵਰਗੇ ਭਾਂਡਿਆਂ ਵਿਚ ਲਾਈਆਂ ਜਾਂਦੀਆਂ ਅਰ ਇਕ ਲੌ ਫੁੱਲਾਂ ਦਾ ਮਹਾਰਾਜ ਜੀ ਦੇ ਬਗੀਚੇ ਵਿਚ ਜ਼ਰੂਰ ਹੀ ਬਹਾਰ ਦੇ ਜਾਂਦਾ। ਮੋਂਗਰਾ, ਮੋਤੀਆ, ਚੰਬਾ, ਸੋਨ ਜੂਹੀ, ਸ੍ਵੇਤ ਜੂਹੀ; ਬੇਲਾ, ਮਾਲਤੀ, ਚੰਬੇਲੀ; ਕਈ ਭਾਂਤ ਦਾ ਗੁਲਾਬ, ਮਰੂਆ, ਰਤਨ ਗੁਲਾਬ ਆਦਿ ਸੁਗੰਧਿਦਾਰ ਫੁੱਲਾਂ ਦਾ ਕੁਝ ਸ਼ੁਮਾਰ ਨਹੀਂ ਸੀ। ਅਚਰਜ ਹੈ ਕਿ ਦਿਨ ਰਾਤ ਧਰਮ, ਰਾਜ ਤੇ ਵਿਦਯਾ ਦੇ ਇਤਨੇ ਕਾਰਜ ਕਿ ਵਿਹਲ ਨਾ ਲਗੇ, ਪਰ ਵਕਤ ਦੇ ਗੁਰੂ ਸ੍ਰੀ ਕਲਗੀਧਰ ਜੀ ਇਸ ਬਾਗ਼[1] ਦੀ ਕਦਰਦਾਨੀ ਵਾਸਤੇ ਬੀ ਵਕਤ ਕਢਦੇ ਅਰ ਉਹਨਾਂ ਦੀ ਦਇਆ ਦ੍ਰਿਸ਼ਟੀ ਦੇ ਕਾਰਨ ਇਸ ਬਗ਼ੀਚੇ ਦੀ ਜਵਾਨੀ ਬਾਰਾਂ ਮਹੀਨੇ ਜੋਬਨ ਪਰ ਰਹਿੰਦੀ।

ਗੁਲਾਬਿਆਂ ਦਾ ਚਿੱਤ ਆਪਣੇ ਹੀ ਸੋਚਾਂ ਦੇ ਲਹਾਉ ਤੇ ਚੜ੍ਹਾਉ ਵਿਚ ਰਹਿ ਰਹਿ ਕੇ ਮੰਨ ਬੈਠਾ ਸੀ ਕਿ ਇਹ ਉਮੈਦ ਕਰਨੀ ਕਿ ਸਾਡਾ ਸੀਸ ਬੀ ਕਲਗੀਧਰ ਜੀ ਦੇ ਚਰਨਾਂ ਨੂੰ ਕਦੀ ਛੋਹੇ, ਸਾਡੇ ਹੱਥ ਭੀ ਕੋਈ ਸੇਵਾ ਇਸ ਪਵਿੱਤ੍ਰ ਸਰੀਰ ਦੀ ਕਰ ਲੈਣ, ਅਸੰਭਵ ਹੈ। ਅਸੀਂ ਉਖੜੇ ਹੋਏ ਵਾਲ, ਟੁੱਟੇ ਹੋਏ ਦੰਦ ਤੇ ਲਥੇ ਹੋਏ ਨਹੁੰ ਦੀ ਤਰ੍ਹਾਂ ਆਪਣੇ ਅਸਥਾਨ ਤੇ ਕਦੀ ਨਹੀਂ ਜਾ ਸਕਦੇ। ਇਸ ਕਰਕੇ ਇਸ ਉਮੈਦੋਂ ਹੱਥ ਧੋਕੇ ਇਹ ਪ੍ਰਯਤਨ ਕੀਤਾ ਕਿ ਦੂਰ ਰਹਿਕੇ ਕੋਈ ਐਸੀ ਸੇਵਾ ਕਰੀਏ ਜੋ ਕਿਸੇ ਬਿਧਿ ਜਗਤ ਦਾਤੇ ਦੀ ਨਜ਼ਰੋਂ ਲੰਘ ਜਾਵੇ। ਇਸ ਸੋਚ ਪੁਰ ਉਸ ਗੁਰੂ ਕੇ ਬਾਗ਼ ਦੀ ਮਾਲਣ ਨਾਲ ਗੁਲਾਬੋ ਨੇ ਵਾਕਬੀ ਪਾਈ, ਸਹਿਜੇ ਸਹਿਜੇ ਮੀਆਂ ਬੀਬੀ ਨੇ ਮਹਾਰਾਜ ਦੇ ਉਪਬਨ (ਬਾਗ਼) ਵਿਚ ਜਾਣ ਦੀ ਵਿਉਂਤ ਬਣਾ ਲਈ। ਉੱਥੇ ਜਾਕੇ ਖਾਸ ਖਾਸ ਸੇਵਾ ਨੂੰ ਹੱਥ ਪਾਉਣਾ ਬੀ ਆਰੰਭ ਦਿਤਾ। ਇਨ੍ਹਾਂ ਨੇ ਇਕ ਖ਼ਾਸ ਕਿਆਰੇ ਵਿਚ, ਗੁਲ ਦੁਪਹਿਰ ਦੇ ਬੂਟੇ ਇਸ ਖ਼ੂਬੀ ਨਾਲ ਲਗਾਏ ਕਿ ਜਦ ਦੁਪਹਿਰ ਵੇਲੇ ਫੁੱਲ ਖਿੜਨ ਤਦ ਇਹ ਪੜ੍ਹਿਆ ਜਾਏ : 'ਪਤਿਤ ਪਾਵਨੁ ਬਿਰਦੁ ਹਰਿ ਸੁਆਮੀ'। ਇਸ ਕਿਆਰੇ ਤੋਂ ਵੱਖਰੇ ਕੁਛ ਫੁੱਲਾਂ ਵਾਲੇ ਬੂਟੇ ਇਸ ਤਰ੍ਹਾਂ ਗੁੰਥ ਕੇ ਲਾਏ ਕਿ ਫੁੱਲਾਂ ਦਾ ਰੁਖ ਇਕ ਪਾਸੇ ਰੱਖ ਲਿਆ ਅਰ ਛੜਕਾਂ ਗੱਡ ਕੇ ਫੁੱਲਾਂ ਦੀਆਂ ਲਿਫ਼ਵੀਆਂ ਟਾਹਣੀਆਂ ਨੂੰ ਐਉਂ ਟਿਕਾਣੇ ਟਿਕਾਣੇ ਲਿਆ ਕੇ ਬੱਧਾ ਕਿ ਮਾਨੋ ਕੋਈ ਤ੍ਰੀਮਤ ਖੜੀ ਹੈ। ਇਸ ਪ੍ਰਕਾਰ ਬਾਗ਼ ਵਿਚ ਕਿਤੇ ਕਿਤੇ ਕਈ ਕੌਤਕ ਰਚ ਦਿਤੇ। ਇਕ ਦਿਨ ਸ੍ਰੀ ਦਸਮੇਸ਼ ਜੀ ਸਾਹਿਬਜ਼ਾਦਿਆਂ ਸਮੇਤ ਲੌਢੇ ਕੁ ਪਹਿਰ ਬਾਗ਼ ਵਿਚ ਆਏ ਤਦ ਇਨ੍ਹਾਂ ਨਵੀਆਂ ਕਾਰੀਗਰੀਆਂ ਨੂੰ ਵੇਖ ਕੇ ਮੁਸਕ੍ਰਾਏ, ਪਰ ਕਿਹਾ, ਪੁੱਛਿਆ ਕੁਝ ਨਹੀਂ। ਇਧਰ ਇਨ੍ਹਾਂ ਦੀ ਲਗਨ ਵਧਦੀ ਰਹੀ। ਸਿੱਖੀ ਦੀ ਰਾਜਧਾਨੀ ਵਿਚ ਰਹਿ ਕੇ ਪਸਚਾਤਾਪੀ ਹਿਰਦੇ ਦੇ ਹੁੰਦਿਆਂ ਸਿੱਖੀ ਸਿੱਖਣ ਦੀ ਕੋਈ ਲੋੜ ਨਹੀਂ ਸੀ। ਆਪ ਤੋਂ ਆਪ ਨਮੂਨਾ ਅਸਰ ਕਰਦਾ ਗਿਆ ਅਰ ਇਨ੍ਹਾਂ ਦੀ ਮਰਿਯਾਦਾ ਸਿੱਖੀ ਦੀ ਹੋ ਗਈ। ਸਿਖ

1. ਸ਼ੋਕ ਦੀ ਗੱਲ ਹੈ ਕਿ ਆਨੰਦਪੁਰ ਦੇ ਲੈਂਦੇ ਸਾਰ ਹੀ ਤੁਰਕਾਂ ਅਤੇ ਰਾਜਪੂਤਾਂ ਨੇ ਇਸ ਬਾਗ ਨੂੰ ਵੈਰਾਨ ਕੀਤਾ, ਜੋ ਅੱਜ ਕਲ ਦੇ ਵਿਦਿਆਵਾਨਾਂ ਨੂੰ ਆਪਣੇ ਸਤਿਗੁਰਾਂ ਦੇ ਹਰ ਵਿਦਯਾ ਦੇ ਪਿਆਰ ਦੀ ਜੀਉਂਦੀ ਮਿਸਾਲ ਹਥ ਆਉਂਦੀ।

ਮਾਲੀ ਦੀ ਸੰਗਤ ਨੇ ਬਾਣੀ ਪੜ੍ਹਨੀ, ਸੇਵਾ ਕਰਨੀ, ਨਿਰਮਾਣ ਹੋਣਾ, ਛਲ ਛਿੱਦ੍ਰ ਤੋਂ ਪਾਰ ਰਹਿਣਾ, ਏਹ ਗੁਣ ਸਿਖਾ ਦਿੱਤੇ। ਸਿਆਲ ਦੀ ਸੀਤ ਵਧਦੀ ਜਾਂਦੀ ਸੀ ਤੇ ਬਾਗ਼ ਦੇ ਫੁੱਲ ਮਾਰੇ ਕੱਕਰ ਤੇ ਪਾਲੇ ਦੇ ਸੁਕਦੇ ਜਾਂਦੇ ਸੇ। ਇਕ ਦਿਨ ਗੁਲਾਬਿਆਂ ਨੇ ਕੀ ਡਿੱਠਾ ਕਿ ਸਿਖ ਮਾਲੀ ਹੁਰੀਂ ਇਕ ਛਾਏਦਾਰ ਜਗ੍ਹਾ ਵਿਚ ਗੁਲਾਬ ਤੇ ਗੁੱਟੇ ਦੇ ਗਮਲੇ ਇਕੱਤ੍ਰ ਕਰ ਰਹੇ ਹਨ। ਪੁੱਛਣੇ ਤੇ ਪਤਾ ਲੱਗਾ ਕਿ ਦਸ਼ਮੇਸ਼ ਜੀ ਦਾ ਗੁਰਪੁਰਖ (ਵਰ੍ਹੇ ਗੰਢ) ਨੇੜੇ ਆ ਰਿਹਾ ਹੈ। ਉਸ ਦਿਨ ਭਾਰੀ ਦੀਵਾਨ ਲੱਗਣਾ ਹੈ ਤੇ ਫੁਲਾਂ ਨੇ ਲੱਭੇ ਹੱਥ ਨਹੀਂ ਆਉਣਾ, ਇਸ ਕਰਕੇ ਛਾਇਆ ਵਿਚ ਸੰਭਾਲ ਰਿਹਾ ਹਾਂ ਕਿ ਜਿੰਨੇਕੁ ਵਧੀਕ ਬੂਟੇ ਬਚ ਸਕਣ ਉਨੇ ਹੀ ਸਹੀ। ਬਾਗ਼ ਦੇ ਵੱਡੇ ਮਾਲੀ ਭਾਈ ਕੇਸਰਾ ਸਿੰਘ ਜੀ ਕੇਵਲ ਮਾਲੀ ਹੀ ਨਹੀਂ ਸੇ, ਸਗੋਂ ਸੇਵਾ ਦੇ ਭਾਰੀ ਸ਼ੁਕੀਨ ਸੇ। ਬਾਗ ਦੇ ਕਾਰਦਾਰ ਹੋਣ ਕਰ ਕੇ ਇਨ੍ਹਾਂ ਨੂੰ ਅਸਚਰਜ ਮੂਰਤੀਆਂ ਦੇ ਮੇਲ ਮਿਲਾਪ ਹੁੰਦੇ ਸੇ, ਇਸ ਕਰ ਕੇ ਅਮੋਲਕ ਸੇਵਾ ਦੇ ਵੇਲੇ ਬੀ ਹੱਥ ਆਇਆ ਕਰਦੇ ਸੇ।

ਕਾਂਸ਼ੀ ਦੇ ਪੰਡਤ ਰਾਘੋਬਾ ਨੂੰ ਜਦ ਔਰੰਗਜ਼ੇਬ ਨੇ ਇਸ ਜੁਰਮ ਵਿਚ ਕਤਲ ਕਰਾ ਦਿਤਾ ਸੀ ਕਿ ਬਿਸ਼ੇਸ਼ਰ ਨਾਥ ਦੇ ਮੰਦਰ ਨੂੰ ਮਸੀਤ ਬਨਾਉਣ ਦੀ ਤਜਵੀਜ਼ ਵੇਲੇ ਏਸ ਨੇ ਰਤਾ ਕੁ ਚੂੰ ਚਰਾਂ ਕੀਤੀ ਸੀ।ਪੰਡਤ ਦੀ ਇਸਤ੍ਰੀ ਤ੍ਰਿਯੰਬਕਾ ਬਾਈ ਆਪਣੇ ਇਕਲੌਤੇ ਪੁਤਰ ਤਿਲਕ ਨਾਥ ਨੂੰ ਨਾਲ ਲੈ ਕੇ ਮਰਦਾਵਾਂ ਭੇਸ ਕਰਕੇ ਕਾਂਸ਼ੀ ਤੋਂ ਉੱਠ ਨੱਸੀ ਸੀ, ਕਿਉਂਕਿ ਉਸ ਨੂੰ ਆਪਣੇ ਤੇ ਬੱਚਿਆਂ ਦੇ ਤਸੀਹਾ ਮਿਲਣ ਦੀ ਖ਼ਬਰ ਲਗ ਗਈ ਸੀ। ਹਾਂ, ਹਾਂ, ਐਤਨੇ ਭਾਰੇ ਹਿੰਦੁਸਤਾਨ ਜੈਸੇ ਦੇਸ਼ ਵਿਚ ਇਸ ਅਨਾਥ ਇਸਤ੍ਰੀ ਵਾਸਤੇ ਕੋਈ ਜਗ੍ਹਾ ਸਿਰ ਲੁਕਾਉਣੇ ਦੀ ਨਹੀਂ ਸੀ ਕਿ ਜਿਥੇ ਔਰੰਗਜ਼ੇਬ ਦੇ ਕਹਿਰ ਦੀ ਤਪਤ ਤੋਂ ਛਾਇਆ ਮਿਲੇ। ਘਾਬਰਦੀ ਤੇ ਬਉਰਾਨੀ ਹੋਈ ਨੂੰ ਚੇਤਾ ਆ ਗਿਆ ਕਿ ਪਤੀ ਜੀ ਦੇ ਮਿੱਤ੍ਰ ਕਾਂਸ਼ੀ ਨਾਥ ਜਦ ਅਤਿ ਸਤਾਏ ਗਏ; ਤਦ ਕਾਂਸ਼ੀ ਤੋਂ ਨਸਕੇ ਦਸ਼ਮੇਸ਼ ਕਲਗੀਧਰ ਜੀ ਦੀ ਓਟ ਉਹਨਾਂ ਨੇ ਲਈ ਸੀ। ਇਸ ਤੋਂ ਖਿਆਲ ਫੁਰਿਆ ਕਿ ਮੈਨੂੰ ਬੀ ਜੇ ਇਸ ਭਾਰੀ ਕਲੂਕਾਲ ਵਿਚ ਓਹੀ ਓਟ ਮਿਲੇ ਤਾਂ ਦਿਨ ਬੀਤਣਗੇ। ਸੋ ਵਿਚਾਰੀ ਅਨੇਕ ਜੱਫਰ ਜਾਲਦੀ ਕਿਤਨੇ ਚਿਰ ਬਾਦ ਆਨੰਦ ਪੁਰ ਪਹੁੰਚੀ। ਦੈਵ ਨੇਤ ਨਾਲ ਕੇਸਰਾ ਸਿੰਘ ਦੀ ਵਹੁਟੀ ਕਰਮਕੌਰ ਨੂੰ ਇਹ ਮਾਈ ਮਿਲ ਪਈ। ਕਰਮ ਕੌਰ ਉਸਨੂੰ ਸਫਰਾਂ ਮਾਰੀ ਥੱਕੀ ਤੇ ਟੁੱਟੀ ਹੋਈ ਦੇਖ ਕੇ ਆਪਣੀ ਕੁਟੀਆ ਵਿਚ ਲੈ ਗਈ, ਅਰ ਚੰਗੀ ਆਗਤ ਭਾਗਤ ਕੀਤੀ। ਤ੍ਰਿਯੰਬਕਾ ਬਾਈ ਅਸਲ ਵਿਚ ਸਪੁਤ੍ਰ ਸਣੇ ਬੀਮਾਰ ਸੀ, ਕਰਮ ਕੌਰ ਨੇ ਇਸ ਇਸਤ੍ਰੀ ਦੀ ਸੇਵਾ ਸਿਰ ਚੁਕੀ, ਆਪਣੀ ਇਕ ਨਾਲ ਦੀ ਕੁਟੀ ਵਿਚ ਬਿਸ੍ਰਾਮ ਦਿੱਤਾ, ਇਲਾਜ ਵਾਸਤੇ ਹਕੀਮ, ਸੇਵਾ ਵਾਸਤੇ ਆਪ, ਦਿਲਾਸੇ ਵਾਸਤੇ ਮਹਾਰਾਜ ਜੀ ਦੀ ਬਾਣੀ; ਧੀਰਜ ਵਾਸਤੇ ਕਲਗੀਧਰ ਜੀ ਦੇ ਗੁਣਾਨੁਵਾਦ ਤੇ ਪਾਰਲੌਕਿਕ ਸੁਖਾਂ ਦੀ ਆਸ਼ਾ ਵਾਸਤੇ ਸਿੱਖੀ ਦਾ ਵਰਣਨ ਆਦਿ ਉਪਰਾਲੇ ਹਰ ਵੇਲੇ ਕਰਦੀ। ਹੁਣ ਇਹ ਪੰਡਤਾਣੀ ਰਾਜ਼ੀ ਹੋ ਗਈ ਸੀ ਤੇ ਸੇਵਾ ਵਿਚ ਕੁਝ ਕੁਝ ਹੱਥ ਪੈਰ ਮਾਰਦੀ ਸੀ। ਚੰਬੇਲੀ ਦੇ ਫੁੱਲ ਆਪ ਤੋੜਦੀ ਅਰ ਸੁਹਣੇ ਸਿਹਰੇ ਗੁੰਦ ਕੇ ਸ੍ਰੀ ਕਲਗੀਧਰ ਜੀ ਵਾਸਤੇ ਕਰਮ ਕੌਰ ਦੇ ਹੱਥੀਂ ਭੇਜਦੀ। ਕਰਮ ਕੌਰ ਨੇ ਇਕ ਕੁਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਰਚੀ ਹੋਈ ਸੀ, ਤ੍ਰਿਯੰਬਕਾ ਬਾਈ ਗੁਰਮੁਖੀ ਪੜ੍ਹ ਗਈ ਸੀ, ਉਸ ਕੁਟੀ ਵਿਚ ਇਹ ਬੀ ਪਾਠ ਕਰਦੀ।

ਸਨੇ ਸਨੇ ਗੁਲਾਬੋ ਨੂੰ ਬੀ ਕਰਮ ਕੌਰ ਦੀ ਗੁਪਤ ਸੇਵਾ ਦਾ ਪਤਾ ਲੱਗਣ ਲਗ ਗਿਆ, ਐਥੋਂ ਤਾਂਈਂ ਕਿ ਇਕ ਦਿਨ ਗੁਲਾਬੋ ਨੇ ਪੁੱਛਿਆ ਕਿ ਹੇ ਮਾਤਾ ਕਰਮ ਕੌਰ ! ਮੈਂ ਤਾਂ ਪਤਿਤ ਹੋਣੇ ਕਰ ਕੇ ਤੁਸਾਂ ਧਰਮੀ ਜੀਵਾਂ ਦੇ ਨਿਕਟ ਖੜੋਣ ਦੇ ਲਾਇਕ ਨਹੀਂ, ਪਰ ਇਹ ਬੀਬੀ ਤਾਂ ਹਿੰਦੂ ਧਰਮ ਹੈ, ਇਸ ਨੂੰ ਕਿਉਂ ਅੰਮ੍ਰਿਤ ਛਕਾ ਕੇ ਮਹਾਰਾਜ ਦੇ ਚਰਨੀਂ ਨਹੀਂ ਲਾਇਆ ? ਕਰਮ ਕੌਰ ਨੇ ਉੱਤਰ ਦਿੱਤਾ ਕਿ ਇਹ ਸਭੋ ਕੁਝ ਹੋਵੇਗਾ, ਸਿੰਘ ਜੀ ਤੇ ਇਹ ਦਾਸੀ ਗੁਰਪੁਰਬ ਵਾਸਤੇ ਕਈ ਸੁਗਾਤਾਂ ਮਹਾਰਾਜ ਲਈ ਤਿਆਰ ਕਰ ਰਹੇ ਹਾਂ। ਇਹ ਪੰਡਤਾਣੀ ਜੀ ਗੁਰੂ ਜੀ ਵਾਸਤੇ ਛੰਦ ਰਚ ਰਹੇ ਹਨ। ਉਸ ਦਿਨ ਇਹ ਸਾਰੇ ਪੇਸ਼ ਹੋਣਗੇ। ਆਓ ਮੇਰੇ ਨਾਲ, ਇਹ ਕਹਿ ਕੇ ਨਾਲ ਲੈ ਟੁਰੀ।

ਇਕ ਹੋਰ ਕੁਟੀ ਵਿਚ ਜਾ ਕੇ ਕੀ ਡਿੱਠਾ ਕਿ ਦੋ ਛੋਟੇ ਛੋਟੇ ਬਾਲਕ ਪੰਘੂੜੇ ਝੂਟ ਰਹੇ ਹਨ ਅਰ ਦੋ ਪਹਾੜਨਾਂ ਉਨ੍ਹਾਂ ਦੀ ਪਾਲਨਾ ਕਰ ਰਹੀਆਂ ਹਨ। ਪੁੱਛਣ ਪਰ ਪਤਾ ਲੱਗਾ ਕਿ ਇਹ ਦੋ ਬੱਚੇ ਇਕ

ਪਹਾੜੀ ਰਾਜ ਕੰਨਿਆਂ ਨੂੰ ਜਨਮੇ ਸੇ, ਸੋ ਉਸ ਨੇ ਆਪਣੇ ਮਾਰੇ ਜਾਣੇ ਦੇ ਭੈ ਕਰਕੇ ਇਕ ਨਉਕਾ ਜਿਹੀ-ਲਕੜੀ ਦੀ ਵਡੀ ਪ੍ਰਾਤ ਮਮਝੋ-ਵਿਚ ਪਾ ਕੇ ਨਦੀ ਵਿਚ ਰੋੜ੍ਹ ਦਿੱਤੇ ਸੇ। ਪਤੀ ਜੀ ਨੂੰ ਸ਼ਨਾਨ ਕਰਦਿਆਂ ਇਹ ਲੱਭ ਪਏ ਸੇ। ਅਸਾਂ ਨੇ ਇਨ੍ਹਾਂ ਨੂੰ ਲਿਆ ਕੇ ਪਾਲਣਾ ਪਾ ਦਿੱਤਾ। ਮਾਇਆ ਗੁਰੂ ਕਲਗੀਧਰ ਜੀ ਦੀ ਹੈ, ਮਾਸੂਮਾਂ ਦੀ ਸੇਵਾ ਗੁਰੂ ਜੀ ਦੀ ਪ੍ਰੇਰਨਾ ਨੇ ਕਰਾ ਦਿੱਤੀ ਹੈ। ਸਪਤਮੀ ਵਾਲੇ ਦਿਨ ਇਹ ਭੀ ਦੀਨਾਬੰਧੂ ਦੀ ਸੇਵਾ ਵਿਚ ਹਾਜ਼ਰ ਕਰਾਂਗੇ। ਫੇਰ ਮਾਈ ਨੇ ਇਕ ਬਸਤਾ ਖੋਹਲ ਕੇ ਕੋਈ ਚਾਲੀ ਪੰਜਾਹ ਗੁਟਕੇ ਦੱਸੇ ਕਿ ਇਹ ਜਪੁ ਸਾਹਿਬ ਦੇ ਗੁਟਕੇ ਹਨ, ਜੋ ਰਾਤ੍ਰਿ ਸਮੇਂ ਮੈਂ ਤੇ ਪਤੀ ਜੀ ਲਿਖਦੇ ਰਹੇ ਹਾਂ, ਇਹ ਬੀ ਸਪਤਮੀ ਵਾਲੇ ਦਿਨ ਸ੍ਰੀ ਗੁਰੂ ਜੀ ਪ੍ਰੇਮੀਆਂ ਨੂੰ ਆਪਣੇ ਹੱਥੀਂ ਦੇਣਗੇ।

ਕਰਮ ਕੌਰ ਨੂੰ ਗੁਲਾਬਿਆਂ ਨਾਲ ਧਰਮ ਦਾ ਮੋਹ ਹੋ ਗਿਆ ਸੀ। ਓਹ ਚਾਹੁੰਦੀ ਸੀ ਕਿ ਇਸ ਜੋੜੀ ਨੂੰ ਬੀ ਸਪਤਮੀ ਦੀਆਂ ਭੇਟਾਂ ਵਿਚ ਹੀ ਮਹਾਰਾਜ ਜੀ ਦੇ ਹਜ਼ੂਰ ਪੇਸ਼ ਕਰੇ। ਇਸ ਕਰਕੇ ਗੁਲਾਬੋ ਨੂੰ ਨਾਲ ਲੈਕੇ ਆਪਣੀ ਇਕ ਦੁਭੈਣ ਦੇ ਘਰ ਗਈ ਅਰ ਪੁਛਿਆ ਕਿ ਭੈਣ ਜੀ ! ਸਪਤਮੀ ਦੀ ਭੇਟਾ ਆਪ ਨੇ ਕੀ ਤਿਆਰ ਕੀਤੀ ਹੈ ? ਉਸ ਦੁਭੈਣ ਨੇ ਉੱਤਰ ਦਿੱਤਾ ਬੀਬੀ ਜੀ ! ਭੇਟਾ ਜੋਗੇ ਅਸੀਂ ਕੌਣ ਨਿਕਾਰੇ ਹਾਂ। ਦਸ਼ਮੇਸ਼ ਜੀ ਨੇ ਆਪਣੀ ਪ੍ਰੇਰਨਾ ਨਾਲ ਮੈਂ ਮੂੜ੍ਹ ਦੇ ਹਥ ਸਫ਼ਲ ਕਰਵਾਏ ਹਨ। ਇਹ ਦੋ ਜੋੜੇ ਲੋਈਆਂ ਦੇ ਤਿਆਰ ਹੋਏ ਹਨ, ਜੋ ਭੇਟਾ ਕਰਾਂਗੀ, ਜੇ ਕਬੂਲ ਪੈ ਗਏ ਤਾਂ। ਫਿਰ ਇਕ ਹੋਰ ਘਰ ਗਏ, ਉਥੇ ਪ੍ਰਸ਼ਨ ਕਰਨੇ ਤੇ ਦੱਸਿਆ ਗਿਆ ਕਿ ਇਕ ਗ਼ਰੀਬ ਰਾਜਪੂਤ ਨੂੰ ਘਾਉ ਪੈ ਕੇ ਕਿਰਮ ਤੁਰ ਪਏ ਸੇ, ਉਸ ਦੀ ਸੇਵਾ ਵਾਹਿਗੁਰੂ ਪ੍ਰੇਰਨਾ ਵਿਚ ਹੋਈ ਹੈ, ਹੁਣ ਤੰਦਰੁਸਤ ਹੈ, ਸਿੱਖੀ-ਧਰਮ ਦਾ ਪਿਆਸਾ ਹੈ, ਬਾਣੀ ਪੜ੍ਹਦਾ ਹੈ, ਸਪਤਮੀ ਦੀ ਭੇਟਾ ਉਸ ਭਲੇ ਪੁਰਖ ਨੂੰ ਕਰਕੇ ਯਾਚਨਾ ਕਰਾਂਗੀ ਕਿ ਦੀਨਾਬੰਧੂ ਜੀ ਉਸਨੂੰ ਚਰਨੀਂ ਲਾ ਲੈਣ। ਇਸੀ ਪ੍ਰਕਾਰ ਇਕ ਹੋਰ ਘਰ ਗਏ ਤਦ ਉਸ ਨੇ ਦੱਸਿਆ ਕਿ ਮੈਂ ਤਾਂ ਕੁਝ ਨਹੀਂ ਕਰ ਸਕੀ, ਕਿਉਂਕਿ ਅੱਠ ਨੌ ਮਹੀਨੇ, ਹੁਸ਼ਿਆਰ ਪੁਰੇ ਹੀ ਰਹੀ ਹਾਂ, ਕੇਵਲ ਇੰਨੀ ਪ੍ਰੇਰਨਾਂ ਮਹਾਰਾਜ ਜੀ ਦੀ ਹੋਈ ਹੈ ਕਿ ਮੇਰੀ ਭੈਣ ਭਣਵੱਯਾ ਸਦਾ ਲੜਦੇ ਰਹਿੰਦੇ ਹੁੰਦੇ ਸੇ, ਉਨ੍ਹਾਂ ਦੀ ਸਾਮਤਾ ਹੋ ਗਈ ਹੈ, ਹੁਣ ਬੜੇ ਪਿਆਰ ਨਾਲ ਵੱਸਦੇ ਹਨ, ਅੱਜ ਇਥੇ ਆ ਗਏ ਹਨ, ਸਪਤਮੀ ਨੂੰ ਚਰਨ ਸ਼ਰਨ ਪ੍ਰਾਪਤ ਹੋਣਗੇ।

ਸੋ ਗੁਲਾਬੋ ਨੇ ਪਿਆਰ ਦੇ ਅਨੇਕ ਕਾਰਜ ਦੇਖੇ। ਕਿਸੇ ਨੇ ਸਪਤਮੀ ਦੇ ਦਿਨ ਲਈ ਫੁਲਕਾਰੀਆਂ ਤੇ ਬਾਗ਼ ਕਢੇ, ਕਿਸੇ ਨੇ ਪੋਥੀਆਂ ਦੇ ਉਤਾਰੇ ਕਰੇ ਸੇ, ਕਿਸੇ ਨੇ ਕੰਘੇ ਕ੍ਰਿਪਾਨਾਂ ਤਿਆਰ ਕੀਤੇ ਕਰਵਾਏ ਸੇ। ਕਿਸੇ ਵਿਰਲੇ ਨੇ ਅੰਨ ਇਕੱਤ੍ਰ ਕੀਤਾ ਸੀ, ਕਿਸੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਤਾਰਾ ਕਰਕੇ ਬੀੜ ਤਿਆਰ ਕਰਵਾਈ ਸੀ। ਕਈਆਂ ਨੇ ਰੰਡੀਆਂ, ਰੋਗੀਆਂ, ਅਨਾਥਾਂ ਦੀ ਪਾਲਣਾ ਕੀਤੀ ਸੀ ਤੇ ਉਪਦੇਸ਼ ਦੇ ਕੇ ਅੰਮ੍ਰਿਤ ਦੇ ਅਧਿਕਾਰੀ ਤਿਆਰ ਕਰੇ ਸੇ। ਕਈਆਂ ਨੇ ਅੰਨ੍ਹਿਆਂ, ਗੁੰਗਿਆਂ, ਬੋਲਿਆਂ, ਲੂਲ੍ਹਿਆਂ ਦੀ ਪਾਲਣਾ ਕਰੀ ਸੀ, ਕਈਆਂ ਨੇ ਰੱਬ ਅਰਥੀ ਸੜਕਾਂ ਦੀ ਮੁੰਰਮਤ ਕੀਤੀ ਸੀ, ਕਿਸੇ ਨੇ ਖੂਹ ਬਾਉਲੀ ਲਵਾਈ ਸੀ, ਗੱਲ ਕੀ ਗੁਰਪੁਰਬ ਦੇ ਪ੍ਰੇਮੀ ਸੱਚੇ ਸਿਦਕੀ ਸਿਖ ਯਥਾਸ਼ਕਤ ਸੇਵਾ ਕਰ ਕਰਕੇ ਆਨੰਦਪੁਰ ਜੀ ਨੂੰ ਉਮਡੇ ਚਲੇ ਆ ਰਹੇ ਸਨ ਕਿ ਆਪਣੇ ਸੱਚੇ ਸ਼ਹਿਨਸ਼ਾਹ ਦੇ ਦਰਬਾਰ ਵਿਚ ਪੇਸ਼ ਕਰਕੇ ਦੈਵੀ ਖੁਸ਼ੀ ਦਾ ਹਿੱਸਾ ਲੈਕੇ ਕਿਰਤਾਰਥ ਹੋਈਏ। ਇਨ੍ਹਾਂ ਸਤੋਗੁਣੀ ਖੁਸ਼ੀਆਂ ਦੀਆਂ ਤਿਆਰੀਆਂ ਦੇਖ ਦੇਖ ਕੇ ਗੁਲਾਬਾ ਤੇ ਗੁਲਾਬੋ ਬੜੇ ਅਚਰਜ ਹੁੰਦੇ ਸਨ। ਈਰਖਾ ਤੇ ਦ੍ਵੈਖ, ਲਾਲਚ ਤੇ ਹਠ ਨਾਲ ਸੜਦੀ ਧਰਤੀ ਵਿਚ ਇਹ ਬੈਕੁੰਠ ਦਾ ਟੁਕੜਾ ਉਨ੍ਹਾਂ ਦੀ ਨਜ਼ਰ ਵਿਚ ਕਿਨ੍ਹਾ ਪੁੰਨਾਂ ਕਰਕੇ ਪੈ ਗਿਆ ? ਕਿਥੇ ਸਾਰੀ ਭਾਰਤਭੂਮੀ ਤਮੋਗੁਣ ਨਾਲ ਦਗਧ ਹੋ ਰਹੀ ਹੈ ? ਕਿਥੇ ਇਹ ਸਤੋਗੁਣੀ ਟੁਕੜਾ, ਜੋ ਸਾਰੇ ਦੇਸ਼ ਵਿਚ ਸ਼ਾਂਤਿ ਦੇ ਸੁਨੇਹੇ ਭੇਜ ਰਿਹਾ ਹੈ। ਸੁਖੀ ਧਰਮ ਦੇ ਪਿਆਰੇ ਸਾਲ ਭਰ ਥਾਂਓਂ ਥਾਂਈਂ ਧਰਮ ਪ੍ਰਚਾਰ ਕਰਦੇ ਰਹੇ, ਆਪਣੀ ਆਪਣੀ ਸੇਵਾ ਦੇ ਚਿੱਠੇ ਲਈ ਆ ਰਹੇ ਹਨ। ਗੁਲਾਬੇ ਇਨ੍ਹਾਂ ਨੂੰ ਦੇਖਦੇ ਤੇ ਪ੍ਰਸੰਨ ਹੁੰਦੇ ਹਨ, ਖਿੜਦੇ ਹਨ ਤੇ ਮੌਲਦੇ ਹਨ, ਪਰ ਜਦ ਇਹ ਸੋਚ ਪੈਦਾ ਹੁੰਦੀ ਹੈ ਕਿ ਕਿਵੇਂ ਅੰਮ੍ਰਿਤ ਦਾ ਛਾਂਦਾ ਸਾਡੇ ਤਪਤ ਹਿਰਦਿਆਂ ਨੂੰ ਬੀ ਨਸੀਬ ਹੋਵੇ ਤਦ ਨਿਰਾਸ ਹੋ ਹੋ ਕੇ ਰਹਿ ਜਾਂਦੇ ਹਨ, ਇਹ ਵਿਚਾਰੇ ਜਾਣਦੇ ਹਨ ਕਿ ਅਸੀਂ ਕੱਟੇ ਜਾ ਚੁਕੇ ਹਾਂ।

ਇਨ੍ਹਾਂ ਸੋਚਾਂ ਵਿਚ ਦਿਨ ਕੱਟ ਰਹੇ ਸੇ ਕਿ ਹਕੀਮ

ਸਾਹਿਬ ਆ ਗਏ। ਗੁਲਾਬਿਆਂ ਨੇ ਉਹਨਾਂ ਨੂੰ ਨਿਯਤ ਮਕਾਮ ਵਿਚ ਉਤਾਰਾ ਦਿਤਾ, ਪਰ ਕਲੇਜਾ ਹਿਲ ਗਿਆ। ਸੁਰਤ ਜੋ ਇਕ ਵਹਿਣ ਵਿਚ ਜਾ ਰਹੀ ਸੀ ਮਾਨੋਂ ਠੁਹਕਰ ਖਾਕੇ ਚੌਂਕ ਉੱਠੀ ਕਿ ਹਾ, ਅਸੀਂ ਕਿਸ ਕੁਕਰਮ ਦੇ ਕਾਰਜ ਲਈ ਇੱਥੇ ਆਏ ਹੋਏ ਹਾਂ ! ਕਿਆ ਗੁਰ ਦ੍ਰੋਹੀ ਦਾ ਲੂਣ ਖਾਵਾਂਗੇ ? ਕਿਆ ਗੁਰਦ੍ਰੋਹ ਵਿਚ ਹਿੱਸਾ ਲਵਾਂਗੇ ? ਕਿਆ ਅਸੀਂ ਇਸ ਦਾਤੇ ਨਾਲ ਦਗ਼ਾ ਕਰਾਂਗੇ ? ਧ੍ਰਿਕਾਰ ਹੈ ਐਸੇ ਜੀਵਨ ਪਰ ਤੇ ਐਸੇ ਕਰਮਾਂ ਪਰ ! ਪਰੰਤੂ ਹੁਣ ਉਹ ਦਿਲ ਨਹੀਂ ਜੋ ਦਿਕਤਪੀਆਂ ਵਿਚ ਜੰਮਿਆਂ ਪਲਿਆ ਸੀ, ਹੁਣ ਤਾਂ ਸ਼ੇਰਾਂ ਦੀ ਸੰਗਤ ਨੇ ਬਹਾਦਰੀ ਦੀ ਰੰਗਤ ਲਾ ਦਿਤੀ ਸੀ। ਉਹ ਦਿਲ ਜੋ ਕਾਇਰ ਸੀ, ਠੋਕ ਠੋਕ ਕੇ ਆਵਾਜ਼ਾਂ ਦਿੰਦਾ ਹੈ ਕਿ ਸਰੀਰ ਦਿਆਂਗੇ ਪਰ ਆਪਣੇ ਦਿਲ ਦੇ ਭਾਵ ਨੂੰ ਟੋਆ ਨਹੀਂ ਦਿਆਂਗੇ। ਮੌਤ ਨੂੰ ਪਾਪ ਜੀਵਨ ਨਾਲੋਂ ਵਧੀਕ ਪਿਆਰ ਕਰਾਂਗੇ, ਪਰ ਹੈਂ ! ਉਧਰ ਲੂਣ ਖਾਧਾ ਹੋਇਆ ਹੈ, ਹੁਣ ਤੱਕ ਨੌਕਰੀ ਹੈ 'ਸੁਆਮਿ-ਦ੍ਰੋਹ' ਦੀ ਹੱਤਿਆ ਤੋਂ ਡਰ ਲਗਦਾ ਹੈ। ਐਸਾ ਚਿਤ ਦੁਥੋੜ ਹੋਇਆ ਕਿ ਸੰਭਲਦਾ ਹੀ ਨਹੀਂ! ਹਕੀਮ ਸਾਹਿਬ ਹਾਲ ਚਾਲ ਪੁੱਛਦੇ ਹਨ ਇਹ ਮਾਮੂਲੀ ਗੱਲਬਾਤ ਕਹਿ ਛੱਡਦੇ ਹਨ। ਛੇਕੜ ਇਕ ਦਿਨ ਹਕੀਮ ਪਾਸ ਜਾ ਕੇ ਗ਼ੁਲਾਬੇ ਨੇ ਤਲਵਾਰ ਕੱਢਕੇ ਰੱਖ ਦਿਤੀ ਅਰ ਕਿਹਾ ਕਿ "ਤੁਸੀਂ ਮਾਲਕ ਹੋ, ਤੁਹਾਡਾ ਨਮਕ ਖਾਧਾ ਹੈ ਧ੍ਰੋਹ ਨਹੀਂ ਕਰਨਾ, ਸੱਚ ਸੁਣ ਲਵੋ ਤੇ ਕਤਲ ਕਰ ਦਿਓ।" ਇਹ ਕਹਿ ਕੇ ਆਪਣੀ ਨੇਸ਼ਟਾ ਦਾ ਹਾਲ ਸਾਰਾ ਕਹਿ ਦਿਤਾ। ਹਕੀਮ ਜੀ ਸਾਰਾ ਬਿਰਤਾਂਤ ਸੁਣਕੇ ਬੋਲੇ : "ਗੁਲਾਬੇ ! ਮੈਂ ਆਪ ਸ਼ਰਈ ਮੁਸਲਮਾਨ ਨਹੀਂ ਹਾਂ। ਸਾਡਾ ਵੱਡਾ ਇਕ ਹਿੰਦੂ ਸੀ, ਮੁਸਲਮਾਨ ਹੋਕੇ ਬੀ ਹਿੰਦੂ ਦੀ ਨੌਕਰੀ ਵਿਚ ਹੀ ਰਿਹਾ, ਪਾਤਸ਼ਾਹ ਹੋ ਕੇ ਭਾਵੇਂ ਕੁਝ ਕੀਤੋਸੁ; ਪਰ ਮੈਂ ਤਾਂ ਜਦ ਦਾ ਵਿਦਯਾ ਪੜ੍ਹਿਆ ਹਾਂ ਇਨ੍ਹਾਂ ਕਾਜ਼ੀਆਂ ਦੇ ਮਜ਼ਹਬ ਨੂੰ ਤੁਛ ਜਾਣਦਾ ਹਾਂ, ਤੁਸੀਂ ਕੋਈ ਧਰਮ ਰਖੋ ਮੇਰੀ ਵਲੋਂ ਖੁੱਲ੍ਹ ਹੈ। ਦਿੱਲੀ ਦੇ ਕਾਜ਼ੀਆਂ ਦਾ ਫਿਕਰ ਆਪ ਕਰ ਲੈਣਾ, ਬਾਕੀ ਰਿਹਾ ਕਾਰਜ ਸੋ ਤਾਂ ਹੁਣ ਕਰਨਾ ਹੋਇਆ। ਖ਼ਬਰ ਸੁਰਤ ਕੱਢ ਕੇ ਪਾਤਸ਼ਾਹ ਨੂੰ ਹਾਲ ਲਿਖੀਏ।" ਗੁਲਾਬੇ ਨੇ ਕਿਹਾ -- "ਦਿਆਲੂ ਜੀ ! ਤੁਸੀਂ ਜੋ ਰਜ਼ਾ ਆਵੇ ਸੋ ਕਰੋ, ਪਰ ਸਾਨੂੰ ਆਪਣੀ ਨੌਕਰੀਓਂ ਮੌਕੂਫ ਕਰ ਦਿਓ, ਅਸਾਂ ਇਸ ਪਾਪ ਕਾਰਜ ਵਿਚ ਹਿੱਸਾ ਨਹੀਂ ਜੇ ਲੈਣਾਂ, ਅਸੀਂ ਤਾਂ ਬੰਦਗੀ ਕਰਕੇ ਜੀਵਨ ਸਫ਼ਲਾ ਕਰਨਾ ਹੈ ਤੇ ਦੁਖੀਆਂ ਦੀ ਸੇਵਾ ਵਿਚ ਦਿਨ ਕਟਣੇ ਹਨ, ਚਾਹੇ ਮਾਰੋ ਤੇ ਚਾਹੇ ਰੱਖੋ। ਆਪ ਦਾ ਲੂਣ ਖਾਧਾ ਹੈ ਸੋ ਮਾਫ਼ ਕਰ ਦਿਓ, ਨਾ ਕਰੋ ਤਾਂ ਕੌਡੀ ਕੌਡੀ ਮਿਹਨਤ ਮਜ਼ੂਰੀ ਕਰਕੇ ਅਦਾ ਕਰਾਂਗੇ। ਜੇ ਮਾਰਨਾ ਚਾਹੋ ਤਾਂ ਹਾਜ਼ਰ ਹਾਂ।" ਹਕੀਮ ਮੁਸਕ੍ਰਾਉਂਦਾ ਰਿਹਾ ਤੇ ਗੁਲਾਬਾ ਆਗਯਾ ਲੈਕੇ ਵਿਦਿਆ ਹੋ ਆਇਆ ਤੇ ਹਕੀਮ ਜੀ ਨੇ ਉਸ ਪਰ ਕੋਈ ਕਹਿਰ ਨਾ ਕੀਤਾ। ਜੋ ਹਾਲਾਤ ਜ਼ਾਹਿਰਾ ਗੁਰੂ ਜੀ ਦੇ ਦੇਖੇ ਤੇ ਸੁਣੇ ਹਕੀਮ ਨੇ ਲਿਖਕੇ ਦਿੱਲੀ ਨੂੰ ਘੱਲ ਦਿੱਤੇ।

ਦੂਏ ਦਿਨ ਹਕੀਮ ਨੂੰ ਤਾਪ ਹੋ ਗਿਆ, ਤਾਪ ਬੀ ਐਸਾ ਹੋਇਆ ਕਿ ਮਾਨੋ ਮੌਤ ਦਾ ਆਗੂ ਹੈ। ਸ਼ੁਦਾਈਆਂ ਵਾਂਙੂ ਕਪੜੇ ਪਾੜੇ, ਤੜਫੇ ਤੇ ਲੁੱਛੇ, ਕਿਸੇ ਵੇਲੇ ਤਪ ਜ਼ਰਾ ਕੁ ਝਵੇਂ, ਪਰ ਫੇਰ ਫੂਕਕੇ ਚੜ੍ਹ ਜਾਵੇ। ਤਪ ਮੁਹਰਕਾ ਸਹੀ ਹੁੰਦਾ ਸੀ। ਦੋਵੇਂ ਨੌਕਰ, ਜੋ ਨਾਲ ਆਏ ਸੇ, ਹੌਲੀ ਹੌਲੀ ਖਿਸਕ ਗਏ। ਇਕ ਭਤੀਜਾ ਨਾਲ ਆਇਆ ਸੀ ਉਹ ਭੀ ਨੱਸ ਤੁਰਿਆ ਕਿ ਜਾ ਕੇ ਜਾਇਦਾਦ ਸਾਂਭ ਲਵਾਂ, ਇਸ ਤਾਂ ਹੁਣ ਬਚਣਾਂ ਹੀ ਨਹੀਂ ਹੈ। ਜਦ ਗੁਲਾਬਿਆਂ ਨੇ ਇਹ ਦਸ਼ਾ ਦੇਖੀ ਤਦ ਸੋਚਣ ਲੱਗੇ ਕਿ ਗੁਰਦਰੋਹੀ ਹੈ, ਸਾਨੂੰ ਕੀ, ਮਰ ਜਾਏ ਤਾਂ ਚੰਗਾ ਹੈ। ਪਰ ਫੇਰ ਕਰਮ ਕੌਰ ਨੇ, ਜਿਸ ਨੂੰ ਇਹ ਸਾਰੇ ਭੇਤ ਦੱਸ ਚੁਕੇ ਸੇ, ਸਮਝਾਇਆ ਕਿ "ਤੁਹਾਡਾ ਇਹ ਮਾਲਿਕ ਹੈ, ਫੇਰ ਪਰਮੇਸ਼ੁਰ ਦੀ ਕ੍ਰਿਤ ਹੈ, ਭਲਾ ਬੁਰਾ ਜੋ ਹੈ ਸੋ ਇਸ ਦਾ ਫਲ ਆਪੇ ਪਾਵੇਗਾ, ਤੁਸੀਂ ਫਲ ਪ੍ਰਦਾਤਾ ਨਹੀਂ ਹੋ, ਪਰਮੇਸ਼ੁਰ ਦੇ ਕਾਰਜ ਨੂੰ ਆਪਣੇ ਹੱਥ ਵਿਚ ਕਿਉਂ ਲੈਂਦੇ ਹੋ ? ਤੁਸੀਂ ਦੀਨ ਦੁਖੀ ਜਾਣਕੇ ਸੇਵਾ ਕਰਕੇ ਆਪਣੇ ਗੁਰੂ ਦੀ ਪ੍ਰਸੰਨਤਾ ਲਵੋ।" ਇਹ ਉਪਦੇਸ਼ ਮਾਮੂਲੀ ਨਹੀਂ ਸੀ, ਘਾਉ ਕਰ ਗਿਆ, ਦੋਵੇਂ ਜਣੇ ਸੇਵਾ ਨੂੰ ਲਗ ਪਏ। ਦਿਨੇ ਰਾਤ ਵਾਰੋਵਾਰੀ ਚਾਰ ਚਾਰ ਘੜੀਆਂ ਪਹਿਰਾ ਦੇਂਦੇ, ਦਵਾ ਦਾਰੂ ਲਿਆਉਂਦੇ ਅਰ ਹਰ ਪ੍ਰਕਾਰ ਟਹਿਲ ਕਰਦੇ ਰਹੇ। ਕੋਈ ੨੧ ਦਿਨਾਂ ਮਗਰੋਂ ਤਾਪ ਟੁੱਟ ਗਿਆ। ਬਚਣ ਦੀ ਉਮੈਦ ਘੱਟ ਸੀ ਪਰ 'ਜਿਸ ਰਾਖੈ ਤਿਸ ਕੋਇ ਨ ਮਾਰੈ'। ਇਧਰ ਇਹ ਅਲੌਕਿਕ ਸੇਵਾ, ਉਧਰ ਭਤੀਜੇ ਤੇ ਤਨੀ ਨੌਕਰ ਦਾ ਨੱਸ ਜਾਣਾ ਅਜੀਬ ਅਸਰ ਕਰ ਗਿਆ। ਬੀਮਾਰੀ ਕੀਹ ਸੀ ?

ਮਾਨੋ ਹਕੀਮ ਜੀ ਨੂੰ ਮੌਤ ਦਿਖਲਾਈ ਦੇ ਗਈ ਸੀ। ਓਹ ਸੁਖ, ਜਿਨ੍ਹਾਂ ਦੀ ਖ਼ਾਤਰ ਉੱਗਰ ਪਾਪ ਕੀਤੇ ਸੇ; ਕੌੜੇ ਭਾਸਣ ਲੱਗੇ। ਉਹ ਜਿੱਲ੍ਹਣ, ਜਿਸ ਵਿਚੋਂ ਮਨ ਉੱਖੜਦਾ ਹੀ ਨਹੀਂ ਸੀ, ਢਿੱਲੀ ਹੋ ਗਈ। ਤੰਦਰੁਸਤੀ ਦੇਹ ਦੀ ਮੁੜ ਆਈ ਪਰ ਮਨ ਉਦਾਸੀਨਤਾ ਤੋਂ ਨਾ ਮੁੜਿਆ। ਗੁਲਾਬਾ ਗੁਲਾਬੀ ਪਿਆਰੇ ਲੱਗਦੇ ਹਨ ਅਰ ਚਿਤ ਉਪਕਾਰ ਮੰਨਦਾ ਹੈ। ਨਾਲ ਇਹ ਬੀ ਸਮਝ ਪੈ ਗਈ ਹੈ ਕਿ ਇਨ੍ਹਾਂ ਨੇ ਜੋ ਸੇਵਾ ਕੀਤੀ ਹੈ, ਇਹ ਇਸ ਨਵੇਂ ਧਰਮ ਦੀ ਖ਼ਾਤਰ ਕੀਤੀ ਹੈ, ਜਿਸ ਵਿਚ ਇਨ੍ਹਾਂ ਦਾ ਮਨ ਹੁਣ ਗੱਡਿਆ ਗਿਆ ਹੈ। ਫੇਰ ਦਸ਼ਮੇਸ਼ ਜੀ ਨੂੰ ਗੁਰੂ ਤੇ ਮੈਨੂੰ ਉਹਨਾਂ ਦੇ ਵੈਰੀਆਂ ਦਾ ਦੂਤ ਜਾਣ ਕੇ ਵੈਰ ਕਰਨ ਦੀ ਥਾਂ ਪ੍ਰੇਮ ਕੀਤਾ ਹੈਨੇ। ਵਾਹ, ਧੰਨ ਹੈ ਇਹ ਧਰਮ ! ਧੰਨ ਇਹ ਹਾਦੀ ! ਧੰਨ ਇਨ੍ਹਾਂ ਦੀ ਤਾਲੀਮ ਤੇ ਧੰਨ ਇਹ ਸਿੱਖ ਹਨ। ਇਹ ਹੈ ਮਜ਼ਹਬ ਜੋ ਇਨ੍ਹਾਂ ਉਜਾੜਾਂ ਵਿਚ ਪ੍ਰਫੁਲਤ ਹੋ ਰਿਹਾ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਤੇ ਸੋਚਾਂ ਵਿਚ ਦਿਨ ਰਾਤ ਖਚਿਤ ਰਹਿੰਦਾ, ਪਰ ਖੁੱਲ੍ਹਕੇ ਪੁੱਛਦਾ ਕੁਛ ਨਾ। ਛੇਕੜ ਨਾ ਰਿਹਾ ਗਿਆ, ਇਕ ਦਿਨ ਗੁਲਾਬੇ ਨੂੰ ਸਿੱਖੀ ਦਾ ਹਾਲ ਪੁੱਛ ਬੈਠਾ। ਗੁਲਾਬੇ ਨੇ ਫੇਰ ਤਾਂ ਆਪਣੇ ਧਰਮ ਦਾ ਸਾਰਾ ਹਾਲ ਕਹਿ ਸੁਣਾਇਆ। ਭਜਨ ਬੰਦਗੀ ਤੇ ਸਿਮਰਨ ਦੇ ਰਸ ਦੇ ਅੰਤਰ ਆਤਮੇ ਜਾਗ੍ਰਤ ਦੇ ਸਾਰੇ ਹਾਲ ਕਹਿ ਸੁਣਾਏ, ਪਰੋਪਕਾਰ ਦੇ ਤੇ ਅਕਾਲ ਪੁਰਖ ਨੂੰ ਵਿਆਪਕ ਜਾਣਕੇ ਹਉਮੈਂ ਤੋਂ ਰਹਿਤ ਹੋ ਕੇ ਸੇਵਾ ਕਰਨ ਦੇ ਜੋ ਨਮੂਨੇ ਦੇਖੇ ਸੇ, ਸਾਰੇ ਆਖ ਸੁਣਾਏ। ਉਹ ਧਰਮ ਤੋਂ ਵੇਮੁਖ ਤੇ ਦੇਸ਼ ਘਾਤੀ ਅਬੂਤ੍ਰਾਬ ਚਕਰਾ ਗਿਆ, ਪਰ ਏਹ ਚਕਰਾਉ ਉਸ ਤਰ੍ਹਾਂ ਦਾ ਸੀ ਕਿ ਜਿਸ ਤਰ੍ਹਾਂ ਕੋਈ ਕੀੜਾ ਗੁਲਾਬ ਦੀ ਸੁਗੰਧੀ ਨਾਲ ਚਕਰਾਵੇ। ਕਿੱਥੇ ਉਹ ਧਰੋਹ ਤੇ ਧੱਕੇ ਦਾ ਔਰੰਗਜ਼ੇਬੀ ਵਾਯੂ ਮੰਡਲ, ਕਿੱਥੇ ਇਹ ਸੱਚ ਤੇ ਉਪਕਾਰ ਦਾ ਮਹਿਕਿਆ ਹੋਇਆ ਬੈਕੁੰਠ ! ਸਹਿਜੇ ਸਹਿਜੇ ਹਕੀਮ ਹੁਰੀਂ ਲਗੇ ਫਿਰਨ ਟੁਰਨ ਤੇ ਜਜੋਤੀ ਪੁੰਜ ਕਲਗੀਧਰ ਜੀ ਦੇ ਆਪਣੇ ਤੇ ਉਹਨਾਂ ਦੇ ਪਿਆਰੇ ਸਿੱਖਾਂ ਦੇ ਕੌਤਕ ਵੇਖਣ। ਉਸ ਵਿਚਾਰੇ ਨੇ 'ਤਲਵਾਰ ਤੇ ਭਗਤੀ' ਦਾ ਮੁਰੱਬਾ ਕਾਸ ਨੂੰ ਕਿਤੇ ਸੁਣ੍ਹਿਆਂ ਸੀ। ਇਥੇ ਸੁਣਨ ਤੋਂ ਵਧੀਕ ਪ੍ਰਤੱਖ ਨਜ਼ਰ ਆ ਰਿਹਾ ਸੀ। ਜਿਤਨੇ ਗੁਣ ਮਾਨੁੱਖ ਵਿਚ ਚਾਹੀਏ ਸ੍ਰੀ ਕਲਗੀਧਰ ਜੀ ਵਿਚ ਦਿੱਸਦੇ ਸਨ ! ਜਿਤਨੇ ਗੁਣ ਅਵਤਾਰ ਪੈਗੰਬਰ ਵਿਚ ਚਾਹੀਏ ਸ੍ਰੀ ਗੁਰੂ ਜੀ ਵਿਚ ਪੂਰਨ ਝਲਕਦੇ ਸਨ। ਜਿਤਨੇ ਗੁਣ ਅਕਾਲ ਪੁਰਖ ਦੇ ਸਰਗੁਣ ਸਰੂਪ ਵਿਚ ਸ੍ਰਿਸ਼ਟੀ ਪ੍ਰੇਮ ਤੇ ਉਪਕਾਰ ਦੇ ਚਾਹੀਏ ਇਥੇ ਵਿਦਮਾਨ ਸਨ। ਹੁਣ ਕੁਟਿਲ ਤੇ ਫੇਣੀ ਵਾਂਙ ਵਲਦਾਰ ਹਿਰਦਾ ਬੀ ਖੁੱਡ ਵਿਚ ਵੜਨ ਵਾਲੇ ਸੱਪ ਵਾਂਙੂ ਸਿੱਧਾ ਹੋਣ ਲਗਾ। ਪਦਾਰਥਾਂ ਦਾ ਜਾਦੂ, ਸੁਖਾਂ ਦਾ ਟੂਣਾ, ਮਾਇਕ ਮੌਜਾਂ ਦਾ ਇੰਦਰ ਜਾਲ ਅੱਖਾਂ ਅੱਗੋਂ ਝੜ ਗਿਆ, ਚਿੱਤ ਕੁਝ ਪਰਉਪਕਾਰ, ਕੁਰਬਾਨੀ, ਦੂਜੇ ਦੇ ਸੁਖ ਹਿਤ ਦੁਖ ਝੱਲਣ ਦੀ ਕਦਰ ਕਰਨ ਲਗ ਪਿਆ। ਔਰੰਗਜ਼ੇਬ ਦੀ ਖ਼ੁਦਗਰਜ਼ੀ, ਪਾਪ ਭਰੇ ਮਨਸੂਬੇ, ਦਗ਼ਿਆਂ ਨਾਲ ਰਾਜ ਲੈਣ ਦਾ ਨਕਸ਼ਾ ਬੁਰਾ ਭਾਸਿਆ। ਗੁਰੂ ਜੀ ਦਾ ਉਪਦੇਸ਼ ਤੇ ਉਹਨਾਂ ਦੇ ਤਲਵਾਰ ਪਕੜਨ ਦਾ ਉਪਕਾਰੀ ਤੇ ਦੀਨ ਰਖਯਾ ਦਾ ਅਸੂਲ ਸਮਝ ਆ ਗਿਆ। ਸਹਿਜੇ ਸਹਿਜੇ ਉਧਰੋਂ ਹਮਦਰਦੀ ਟੁੱਟ ਕੇ ਗੁਰ ਚਰਨਾਂ ਨਾਲ ਦਰਦ ਹੋ ਗਿਆ।

ਇਕ ਦਿਨ ਆਨੰਦ ਪੁਰ ਦੇ ਹੇਠਾੜ ਨੂੰ ਹਕੀਮ ਸਾਹਿਬ ਆਪਣੀਆਂ ਡੂੰਘੀਆਂ ਸੋਚਾਂ ਵਿਚ ਪਏ ਹੋਏ ਸੈਰ ਕਰਦੇ ਕਰਦੇ ਬਨ ਵਿਚ ਜਾ ਨਿਕਲੇ। ਕੀ ਦੇਖਦੇ ਹਨ ਕਿ ਇਕ ਜੁਆਨ ਗ੍ਰਾਂਡੀਲ ਆਦਮੀ ਲੰਮਾ ਪਿਆ ਹੈ, ਇਸ ਦੀ ਇਕ ਲੱਤ ਕਿਸੇ ਖ਼ਖਮ ਨਾਲ ਗਲ ਰਹੀ ਹੈ ਅਰ ਕਿਰਮ ਚੱਲ ਰਹੇ ਹਨ, ਜਿਸ ਕਰਕੇ ਮੂਲੋਂ ਹੀ ਤੁਰਨ ਫਿਰਨ ਜੋਗਾ ਨਹੀਂ ਹੈ। ਭੁੱਖ ਨਾਲ ਅਤਿ ਨਿਰਬਲ ਤੇ ਨਿਤਾਣਾ ਹੋ ਰਿਹਾ ਹੈ। ਇਕ ਸਿਖ ਆਇਆ, ਜਿਸਨੇ ਉਸਦੇ ਅੱਗੇ ਕੁਝ ਭੋਜਨ ਧਰਿਆ ਅਰ ਨੇੜੇ ਹੋਕੇ ਉਸਦੇ ਫੱਟ ਤੇ ਚੀਲ ਦਾ ਤੇਲ ਪਾਇਆ ਅਰ ਲਤ ਸਾਰੀ ਨੂੰ ਚੰਗੀ ਤਰ੍ਹਾਂ ਤੇਲ ਨਾਲ ਤਰ ਕਰ ਦਿਤਾ। ਕੁਝ ਚਿਰ ਇਸ ਤਰ੍ਹਾਂ ਦੀ ਸੇਵਾ ਦੇ ਮਗਰੋਂ ਸਿੰਘ ਜੀ ਜਦ ਵਿਹਲੇ ਹੋਕੇ ਤੁਰੇ ਤਦ ਹਕੀਮ ਜੀ ਨੇ ਪਰੇ ਜਾ ਕੇ ਪੁੱਛਿਆ — ਇਹ ਕੌਣ ਹੈ ? ਸਿਖ ਨੇ ਨਾਮ ਪਤਾ ਦਿਤਾ, ਤਾਂ ਹਕੀਮ ਨੇ ਕਿਹਾ : "ਇਹ ਤਾਂ ਨਾਮੀ ਡਾਕੂ ਹੈ। ਇਸ ਪਾਪੀ ਦਾ ਤਾਂ ਮਾਰ ਦੇਣਾ ਧਰਮ ਹੈ, ਤੁਸੀਂ ਇਸਦੀ ਸੇਵਾ ਕਰਕੇ ਇਸ ਪਾਪੀ ਨੂੰ ਹੋਰ ਪਾਪ ਕਰਨੇ ਲਈ ਕਿਉਂ ਉੱਦਿਤ ਕਰ ਰਹੇ ਹੋ ?" ਸਿੰਘ ਹੁਰਾਂ ਨੇ ਉਤਰ ਦਿੱਤਾ : "ਮਹਾਰਾਜ ! ਜੋ ਕੁਝ ਤੁਸਾਂ ਕਿਹਾ ਦਰੁਸਤ ਹੈ, ਪਰ

ਦੁਖੀ ਨੂੰ ਮਾਰਨਾ, ਮੋਏ ਹੋਇ ਤੇ ਕਹਿਰ ਕਰਨਾ; ਇਹ ਕੋਈ ਬਹਾਦਰੀ ਨਹੀਂ ਹੈ। ਇਹ ਤੰਦਰੁਸਤ ਹੋਵੇ, ਇਹ ਬਲ ਵਿਚ ਹੋਵੇ ਫਿਰ ਵੰਗਾਰਕੇ ਇਸਨੂੰ ਮਾਰਾਂਗੇ ਤਦ ਤਾਂ ਸਾਡੀ ਬੀਰਤਾ ਹੈ, ਤੇ ਹੁਣ ਦੁਖੀ ਨੂੰ ਹੋਰ ਦੁਖ ਦੇਕੇ ਆਪਣੀ ਬੀਰਤਾ ਨੂੰ ਵੱਟਾ ਲੁਆਈਏ? ਕੀਹ ਜਾਣੀਏ ਮੇਰੀ ਸੇਵਾ ਨਾਲ ਇਸ ਦਾ ਹਿਰਦਾ ਦ੍ਰਵਕੇ ਨੇਕੀ ਵੱਲ ਆ ਜਾਵੇ ਤੇ ਇਹ ਸੰਵਰ ਜਾਵੇ। ਪਾਪੀ ਨੂੰ ਮਾਰਨ ਨਾਲੋਂ ਸੰਵਾਰਨਾ ਸਰੇਸ਼ਟ ਹੈ, ਕਿਉਂਕਿ ਪਾਪ ਦੂਰ ਕਰਨਾ ਸਾਡਾ ਧਰਮ ਹੈ, ਨਾ ਕਿ ਮਾਰਨਾ। ਇਹ ਦੁਖੀ ਭਾਵੇਂ ਪਾਪੀ ਹੋਵੇ, ਪਰ ਸਾਥੋਂ ਕੁਹਾੜਾ ਖਾਣ ਦਾ ਹੱਕਦਾਰ ਨਹੀਂ। ਇਸ ਦੀ ਰੋਗ ਨਵਿਰਤੀ ਵਿਚ ਹਿੱਸਾ ਲੈਣਾ, ਡਿੱਗੇ ਹੋਏ ਸ਼ੱਤ੍ਰ ਪਰ ਦਇਆ ਕਰਨੀ ਹੈ। ਸਿੰਘ ਕਾਇਰ ਨਹੀਂ, ਸਿੰਘ ਸੂਰਬੀਰ ਹਨ, ਸ਼ਾਂਤਿ ਰਸ ਵਿਚ ਨਿਮਗਨ ਰਹਿੰਦੇ ਹਨ, ਪਰ ਵਰਤਣ ਵਿਚ ਬੀਰ ਰਸ ਦਾ ਆਸਰਾ ਰੱਖਦੇ ਹਨ, ਕਦੇ ਹਿਰਦੇ ਨੂੰ ਤਮੋਗੁਣ ਯਾ ਧਰੋਹ ਤੇ ਵੈਰ ਦਾ ਘੁਰਾ ਨਹੀਂ ਬਣਾਉਂਦੇ। ਇਸਤ੍ਰੀ, ਬਾਲਕ, ਰੋਗੀ, ਦੀਨ, ਦੁਖੀ, ਨਿਤਾਣੇ ਦੀ ਰਖਯਾ ਕਰਦੇ ਹਨ, ਚਾਹੇ ਸਜਨ ਹੋਵੇ ਚਾਹੇ ਦੁਸ਼ਮਨ ਹੋਵੇ। ਸਿੰਘ ਅਕਾਲ ਪੁਰਖ ਨੂੰ ਘਟ ਘਟ ਵਿਚ ਵੇਖਦੇ ਹਨ, ਉਸ ਦੀ ਕਿਰਤ ਦਾ ਆਦਰ ਕਰਦੇ ਹਨ, ਉਹ ਦੁਖੀ ਸ਼ੱਤ੍ਰ ਦੀ ਸੇਵਾ ਬੀ ਮਿੱਤ੍ਰਾਂ ਵਾਂਙ ਕਰਦੇ ਹਨ। ਹਾਂ ਰਣ ਤੱਤੇ ਜੁੱਧ ਮੈਦਾਨ ਮੱਤੇ ਵਿਚ ਜੋ ਬੀਰਤਾ ਨਾਲ ਨਿੱਤਰੇ ਤੇ ਦੇਸ ਦਾ ਘਾਤਕ ਪ੍ਰਜਾ ਦਾ ਦਰੋਹੀ ਹੋਵੇ, ਉਸਨੂੰ ਵੰਗਾਰਕੇ ਮਾਰਦੇ ਹਨ, ਸਿੰਘ ਇਸ ਨੂੰ ਬੀਰਤਾ ਜਾਣਦੇ ਹਨ। ਮੈਂ ਆਪਣੇ ਹੱਥੀਂ ਦੋ ਸ਼ੇਰ ਮਾਰ ਚੁਕਾ ਹਾਂ ਜੋ ਰਾਹੀਆਂ ਪੁਰ ਆ ਪੈਂਦੇ ਸੇ। ਸਿੰਘ ਤੁਰਕਾਂ ਨਾਲ ਬੀ ਤੁਰਕ ਜਾਣਕੇ ਵੈਰ ਨਹੀਂ ਕਰਦੇ। ਪ੍ਰਜਾ ਦਰੋਹੀ ਅਨਿਆਈ ਹੋਣ ਕਰਕੇ ਬੀਰਤਾ ਨਾਲ ਉਹਨਾਂ ਨੂੰ ਮਤ ਦੇਣੀ ਚਾਹੁੰਦੇ ਹਨ। ਜੇ ਉਹ ਸਾਡੇ ਆਖੇ ਜ਼ੁਲਮ ਛੋੜ ਦੇਣ ਤੇ ਸਮ ਵਰਤਣ ਲਗ ਜਾਣ ਤਾਂ ਅਸੀਂ ਸਮਝਾਂਗੇ ਕਿ ਮਨੋਰਥ ਸਿੱਧ ਹੋ ਗਿਆ।" ਹਕੀਮ ਜੀ ਬੋਲੇ--"ਇਹ ਤਾਂ ਤੁਸਾਂ ਬਹੁਤ ਉੱਤਮ ਕਿਹਾ ਹੈ, ਪਰ ਕ੍ਰਿਪਾ ਕਰਕੇ ਇਹ ਦੱਸੋ ਕਿ ਤੁਸੀਂ ਘਰ ਬਾਰ ਛੱਡਕੇ ਮਿਤ੍ਰਾਂ ਪਿਆਰਿਆਂ ਤੋਂ ਮੂੰਹ ਮੋੜਕੇ ਗੁਰੂ ਜੀ ਦੀ ਸੇਵਾ ਵਿਚ ਦੁਖ ਭੋਗਣ ਤੇ ਅਜਾਈਂ ਮੌਤ ਸਹੇੜਨ ਕਿਉਂ ਆ ਗਏ ਹੋ ?"

ਸਿੰਘ ਜੀ ਬੋਲੇ : "ਆਪਣੇ ਜਨਮ ਨੂੰ ਸਫ਼ਲ ਕਰਨੇ ਨਮਿੱਤ। 'ਦੇਹ ਨਹੀਂ ਰਹਿਣੀ' ਇਹ ਨਿਸ਼ਚਾ ਹੋ ਗਿਆ ਹੈ। ਇਸ ਕਰਕੇ ਦੇਹ ਨਾਲ ਪਿਆਰ ਨਹੀਂ ਰਿਹਾ। ਜਦ ਦੇਹ ਨਾਲ ਪਜਾਰ ਨਹੀਂ ਰਿਹਾ, ਤਦ ਦੇਹ ਦੇ ਭੋਗਾਂ ਨਾਲ ਸੁਤੇ ਹੀ ਮੋਹ ਘਟ ਗਿਆ। ਇਸ ਸਮਝ ਵਿਚ ਇਹ ਅਕਲ ਮਿਲੀ ਕਿ ਨਾ ਰਹਿਣੇ ਵਾਲੀ ਵਸਤੂ ਨੂੰ ਪਰਮ ਉੱਤਮ ਕਾਰਜ ਤੇ ਲਾਉਣਾ ਚਾਹੀਏ; ਸੋ ਗੁਰੂ ਆਗਜਾ ਅਨੁਸਾਰ ਲੋੜਵੰਦ ਦੀ ਸੇਵਾ ਕਰਨੀ ਇਸ ਤੋਂ ਸਰੇਸ਼ਟ ਦੇਹ ਦਾ ਕੋਈ ਕੰਮ ਨਜ਼ਰ ਨਹੀਂ ਪਿਆ, ਏਹ ਤਾਂ ਹੈ ਦੇਹ ਦੀ ਸਫਲਤਾ। ਸਾਡਾ ਪਰਮ ਪ੍ਰਯੋਜਨ -- ਜ਼ਿੰਦਗੀ ਦਾ ਮਨੋਰਥ -- ਉਸ ਦਿਨ ਸਿੱਧ ਹੋ ਗਿਆ ਜਿਸ ਦਿਨ 'ਨਾਮ' ਅੰਤਰ ਆਤਮੇਂ ਵੱਸ ਗਿਆ। ਅਰਥਾਤ ਆਪਣਾ ਆਪ ਆਪਣੇ ਵਿਚ ਏਕਾਗਰ ਹੋ ਕੇ ਮਾਨਸਿਕ ਸੁਤੰਤ੍ਰਤਾ ਵਿਚ ਆ ਗਿਆ।"

ਲੰਮੀਂ ਨਜ਼ਰ ਕਰਕੇ ਦੇਖੋ ਸੰਸਾਰ ਸਾਰਾ ਦੁਖ ਨਾਲ ਵੇੜ੍ਹਿਆ ਪਿਆ ਹੈ, ਹਰ ਕੋਈ ਆਪਣੇ ਸੁਖਾਂ ਦਾ ਚਾਹਵਾਨ ਹੈ। ਅਵਿੱਦਜਾ ਦੇ ਕਾਰਣ ਹਰ ਕੋਈ ਆਪਣੇ ਸੁਖੀ ਹੋਣ ਦੀ ਖਾਤਰ ਦੂਸਰੇ ਨੂੰ ਦੁਖ ਦੇਣੋਂ ਸੰਗਦਾ ਨਹੀਂ। ਸੋ ਇਕ ਤਾਂ ਇਸ ਖੋਟੀ ਇੱਛਾ ਨੇ ਸੰਸਾਰ ਵਿਚ ਦੁਖ ਪਸਾਰ ਰੱਖਿਆ ਹੈ। ਦੂਜੇ ਦੇਹ ਰੋਗਾਂ ਦੀ ਖਾਣ ਹੈ, ਹਰ ਪੁਰਖ ਵੈਦੰਗੀ ਨਹੀਂ ਜਾਣਦਾ, ਜੇ ਜਾਣੇ ਭੀ ਤਦ ਸਾਰੇ ਨਿਯਮਾਂ ਨੂੰ ਪਾਲ ਨਹੀਂ ਸਕਦਾ। ਜਦ ਕੋਈ ਜਾਣੇ ਅਨਜਾਣੇ ਭੁੱਲ ਹੋਈ ਦੇਹ ਰੋਗ ਗ੍ਰਸਤ ਹੋ ਗਈ! ਅਨੇਕ ਤਰ੍ਹਾਂ ਦੇ ਕਸ਼ਟ ਸੰਸਾਰ ਵਿਚ ਇਸ ਬਿਧ ਫੈਲ ਰਹੇ ਹਨ। ਇਨ੍ਹਾਂ ਦੁਖਾਂ ਦੇ ਨਾਲ ਹੀ ਮੌਤ ਕਿਸੇ ਦੇ ਵੱਸ ਨਹੀਂ, ਇਸ ਨੂੰ ਕੋਈ ਰੋਕ ਨਹੀਂ ਸਕਦਾ, ਨਾ ਇਸ ਦਾ ਕੋਈ ਮੁਕੱਰਰ ਵੇਲਾ ਹੈ। ਕੋਈ ਨਹੀਂ ਜਾਣਦਾ ਇਹ ਕਿਸ ਵੇਲੇ ਆਉਂਦੀ ਹੈ। ਇਹ ਬੇਵਕਤ ਆਈ ਸਬੰਧੀਆਂ ਤੇ ਸੱਜਣਾ ਨੂੰ, ਜੋ ਇਸ ਦੇ ਪਿਆਰ ਦੇ ਆਸਰੇ ਹੁੰਦੇ ਹਨ,. ਤਰ੍ਹਾਂ ਤਰ੍ਹਾਂ ਦੇ ਦੁੱਖਾਂ ਵਿਚ ਘੱਤ ਜਾਂਦੀ ਹੈ। ਏਹ ਦੁੱਖ ਮਹਾਨ ਕਸ਼ਟਾਂ ਦੇ ਕਾਰਨ ਹੁੰਦੇ ਹਨ। ਉਮਰ ਇਕ ਰਸ ਨਹੀਂ ਰਹਿੰਦੀ, ਜੁਆਨੀ ਢਲਕੇ ਬੁਢਾਪਾ ਆਉਂਦਾ ਹੈ,

ਜਦੋਂ ਬਿਨਾਂ ਰੋਗ ਬੀ ਬਲ ਖੀਣ ਹੋ ਜਾਂਦਾ ਹੈ। ਇਸ ਦਸ਼ਾ ਵਿਚ ਭੀ ਦੁਖ ਵਾਪਰਦਾ ਹੈ। ਹੁਣ ਉੱਪਰਲੀ ਵਿਚਾਰ ਨੂੰ ਗਹੁ ਕਰਕੇ ਸੋਚੋ, ਜ਼ਬਰਦਸਤ ਤੇ ਪਦਾਰਥਾਂ ਵਾਲੇ ਕ੍ਰੋੜਹਾ ਗਰੀਬਾਂ ਨੂੰ ਤਰ੍ਹਾਂ ਤਰ੍ਹਾਂ ਦੇ ਕਸ਼ਟਾਂ ਵਿਚ ਪਾ ਕੇ ਮਨੁਖ ਸ੍ਰਿਸ਼ਟੀ ਦੇ ਕਿੰਨੇ ਭਾਰੇ ਹਿੱਸੇ ਨੂੰ ਦੁਖੀ ਕਰ ਰਹੇ ਹਨ ? ਕਿਤਨੇ ਦਿਲ ਰਾਤ ਨੂੰ ਆਹਾਂ ਮਾਰਦੇ ਸੌਂਦੇ ਹਨ। ਕੈਦ ਖ਼ਾਨੇ ਸਾਰੇ ਉਹਨਾਂ ਲੋਕਾਂ ਨੇ ਭਰੇ ਹਨ ਜੋ ਆਪ ਦੁਖ ਸਹਿਣ ਦੀ ਥਾਂ ਲੋਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੁਖੀ ਕਰਦੇ ਹਨ। ਇਨ੍ਹਾਂ ਲੋਕਾਂ ਨੇ ਸਤਵੰਤੀਆਂ ਨੂੰ ਸਤਾਇਆ, ਪਤਵੰਤਿਆਂ ਨੂੰ ਖ਼ਾਕ ਸ਼ਾਹ ਕੀਤਾ ਅਰ ਹਜ਼ਾਰਹਾ ਖਿੜੇ ਹੋਏ ਦਿਲਾਂ ਨੂੰ ਦਗਧ ਕਰ ਦਿੱਤਾ। ਰੋਗਾਂ ਨੇ, ਮੈਂ ਕੀ ਦੱਸਾਂ-ਸੰਸਾਰ ਵਿਚ ਅਨਗਿਣਤ ਬਿਮਤਰੇ ਪਾਕੇ ਹਾ ਹਾ ਦਾ ਉਚਾਰਕ ਬਣਾਇਆ ਹੈ। ਮੌਤ ਦੇ ਕਾਰਨ ਹੀ ਦਿਨ ਰਾਤ ਰੋਣ ਵਾਲੇ ਯਤੀਮਾਂ(ਅਨਾਥਾਂ) ਦੀ ਗਿਣਤੀ ਵਧੀ, ਮੌਤ ਦੇ ਕਾਰਣ ਕੀਰਨੇ ਪਾਉਣ ਵਾਲੀਆਂ ਵਿਧਵਾਂ ਦੇ ਸ਼ੁਮਾਰ ਨਾ ਰਹੇ। ਮੌਤ ਦੇ ਕਾਰਨ ਮਾਵਾਂ ਦੇ ਕਲੇਜੇ ਤੋਂ ਦਿਲ ਪਾੜਵੇਂ ਨਾਅਰੇ ਨਿਕਲਦੇ ਹਨ, ਮੌਤ ਦੇ ਕਾਰਣ ਕਈ ਭੁੱਖੇ ਕੁੱਸ ਕੁੱਸ ਕੇ ਮਰ ਗਏ, ਧਰਮ ਨੂੰ ਪਾਪਾਂ ਦੇ ਹੱਥ ਵੇਚ ਬੈਠੇ। ਸੱਜਣ ਜੀ ! ਮੈਂ ਕੀ ਕੁਝ ਆਖਾਂ; ਨਜ਼ਰ ਪਸਾਰੋ ਤਾਂ ਦੁਖ ਹੀ ਦੁਖ ਵਿਆਪ ਰਿਹਾ ਹੈ। ਹੁਣ ਵਿਚਾਰ ਦੀ ਬਾਤ ਇਹ ਹੈ ਕਿ ਜਦ ਮੇਰਾ ਦੇਹ ਅਭਿਮਾਨ ਤੁੱਟਾ ਹੈ, ਜਦ ਗੁਰਾਂ ਨੇ ਇਹ ਵਿਚਾਰ ਬਖ਼ਸ਼ੀ ਹੈ ਕਿ ਇਹ ਨਾਸ਼ਵੰਤ ਹੈ ਤੇ ਇਸੇ ਦਾ ਹੀ ਮੋਹ ਮੁੜ ਇਸੇ ਘੁੰਮਣ ਘੇਰ ਵਿਚ ਫਸਾਉਂਦਾ ਹੈ, ਤਦ ਇਸ ਤੋਂ ਹੱਥ ਧੋਤੇ। ਪਰ ਹੱਥ ਧੋਣ ਨਾਲ ਦੇਹ ਦੂਰ ਨਹੀਂ ਹੁੰਦੀ, ਨਾ ਇਸ ਦੀਆਂ ਲੋੜਾਂ ਮੁਕਦੀਆਂ ਹਨ, ਹਾਂ, ਇਹ ਇਕ ਕਪੜੇ ਦੀ ਨਿਆਈਂ ਪ੍ਰਤੀਤ ਦੇਣ ਲੱਗ ਜਾਂਦੀ ਹੈ। ਆਪਣਾ ਆਪ ਇਕ ਆਨੰਦ ਦੇ ਸਮੁੰਦਰ ਵਿਚ ਮਛਲੀ ਵਾਂਙ ਤਾਰੀਆਂ ਲਾਉਣ ਲਗ ਜਾਂਦਾ ਹੈ ਇਸ ਕਰਕੇ ਇਸ ਦੇਹੀ ਨੂੰ ਉੱਪਰ ਕਥਨ ਕੀਤੇ ਦੁੱਖਾਂ ਦੀ ਨਵਿਰਤੀ ਵੱਲ ਝੁਕਾਉ ਹੋ ਜਾਂਦਾ ਹੈ। ਜੇ ਸਾਡੀ ਨਾ ਰਹਿਣੇ ਵਾਲੀ ਦੇਹ ਦੀ ਕਿਸੇ ਖੇਚਲ ਨਾਲ ਕਿਸੇ ਦੁਖੀ ਦਾ ਦੁੱਖ ਦੂਰ ਹੋ ਸਕਦਾ ਹੈ, ਕੋਈ ਰੋਂਦੀ ਅੱਖ ਸੁੱਕ ਸਕਦੀ ਹੈ, ਕੋਈ ਤੜਫਦਾ ਦਿਲ ਬਚ ਸਕਦਾ ਹੈ, ਕੋਈ ਤਪਦੀ ਛਾਤੀ ਸੀਤਲ ਹੋ ਸਕਦੀ ਹੈ, ਤਦ ਜੀ ਸਦਕੇ ਸਾਥੋਂ ਭਲਾ ਹੋ ਜਾਵੇ। ਸਿਖ ਵੀਰ ਸੋਚ ਦੇ ਹਨ ਕਿ ਜੇ ਸਾਡੇ ਕਥਨ ਨਾਲ ਯਾ ਲਿਖਣ ਨਾਲ ਕੋਈ ਭਰਾਉ ਐਸੇ ਪੈਦਾ ਹੋ ਸਕਦੇ ਹਨ ਜੋ ਆਪ ਦੇਹ ਅਭਿਮਾਨ ਤੋਂ ਛੁਟ ਜਾਣ ਤੇ ਸੰਸਾਰ ਦੇ ਦੁਖ ਹਰਨ ਵਿਚ ਕੁਛ ਸੇਵਾ ਕਰਨ, ਤਦ ਅਸੀਂ ਇਸ ਨਾ ਰਹਿਣੇ ਵਾਲੀ ਦੇਹ ਤੋਂ ਇਹ ਸੇਵਾ ਕਿਉਂ ਨਾ ਲਈਏ ? ਇਸ ਵਿਚਾਰ ਪਰ, ਸੱਜਣ ਜੀ ! ਅਸੀਂ ਗੁਰੂ ਪਰਮੇਸ਼ੁਰ ਦੀ ਸੇਵਾ ਵਿਚ ਤਨ, ਮਨ, ਧਨ ਸਮਰਪੀ ਬੈਠੇ ਹਾਂ। ਸਾਡਾ ਹੈ ਹੀ ਕੁਝ ਨਹੀਂ, ਅਸੀਂ ਬੀ ਹੈ ਨਹੀਂ, ਜਦ 'ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ' ਤਦ 'ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ'। ਸਾਡਾ ਆਪਨਾ ਆਪ ਪਰਮੇਸ਼ੁਰ ਦੀ ਸ਼ਰਨ ਰੂਪੀ ਸਮੁੰਦਰ ਵਿਚ ਗ਼ਰਕ ਹੈ, ਸਾਡਾ ਮਨ ਪਿਆਰੇ ਦੇ ਪਿਆਰ ਵਿਚ ਖਚਿਤ ਹੈ, ਸਾਡੀ ਦੇਹ ਪਿਆਰੇ ਦੇ ਸਾਜੇ ਹੋਇਆਂ ਦੇ ਦੁੱਖ ਹਰਨ ਵਿਚ ਸਹਿ ਸੁਭਾ ਭਲਾ ਕਰ ਰਹੀ ਹੈ, ਇਹੋ ਕਾਰਨ ਹੈ ਕਿ ਸੱਚੇ ਪਾਤਿਸ਼ਾਹ ਅਚਾਹਤਾ ਦੇ ਮਾਲਕ, ਵਾਸ਼ਨਾ ਦੇ ਹੱਥੋਂ ਸੁਤੰਤ੍ਰ, ਪੂਰਨ ਦਿਆਲੂ ਜੰਗੀ ਸਾਮਾਨ ਕਰ ਰਹੇ ਹਨ,--ਹਿੰਦੁਸਤਾਨ ਦੇ 'ਰਾਜ-ਦੁਖ' ਨੂੰ ਦੂਰ ਕਰਨੇ ਲਈ। ਉਂਞ ਆਪ ਸਾਰੀ ਸ੍ਰਿਸ਼ਟੀ ਦੇ ਪਾਪ ਦੇ ਦੁਖ ਦੂਰ ਕਰਨੇ ਲਈ ਦਿਨ ਰਾਤ ਲੱਗ ਰਹੇ ਹਨ। ਉਹਨਾਂ ਨੂੰ ਰਾਜ ਦੀ ਲੋੜ ਨਹੀਂ, ਹਕੂਮਤ ਦੀ ਚਾਹ ਨਹੀਂ ਕੇਵਲ ਦੁਖ ਹਰਨ ਦੀ ਪ੍ਰੀਤਿ ਹੈ। ਓਹ ਧਰਮੀਆਂ ਦਾ ਰਾਜ ਬੰਨ੍ਹਣਾ ਚਾਹੁੰਦੇ ਹਨ। ਉਹਨਾਂ ਦੇ ਚਰਨ ਸੇਵੀ ਅਸੀਂ ਬੀ ਉਹਨਾਂ ਦੀ ਆਗਯਾ ਵਿਚ ਉਹਨਾਂ ਦੇ ਤੋਰੇ ਤੁਰਦੇ ਹਾਂ। ਲੜਦੇ ਹਾਂ, ਮਰਦੇ ਹਾਂ, ਜੰਗ ਕਰਦੇ ਹਾਂ, ਪਰ ਸੇਵਾ ਤ ਉਪਕਾਰ ਜਾਣਕੇ, ਸੰਸਾਰ ਵਿਚ ਦੁੱਖ ਪਸਾਰਨ ਵਾਸਤੇ ਨਹੀਂ। ਸਾਡਾ ਧਰਮ ਤਅੱਸਬ ਤੇ ਵੈਰ ਦਾ ਨਹੀਂ। ਸਾਡੇ ਵਿਚ ਹਰੇਕ ਸਿੰਘ ਰਾਜ ਰਿਖੀਆਂ ਤੋਂ ਬੀ ਸ੍ਰੇਸ਼ਟ ਹੈ। ਅਸੀਂ ਨਾਮ ਰਸੀਏ ਤੇ ਚਿਤ ਬ੍ਰਿਤੀ ਨੂੰ ਸਾਂਈਂ ਵਿਚ ਲਾਉਣ ਵਾਲੇ ਹਾਂ। ਜੀਅ ਦਾਨ ਪਾਕੇ ਜੀ ਉੱਠੇ ਹਾਂ ਤੇ ਹਰ ਛਿਨ ਸਿਮਰਨ ਵਿਚ ਹੋਣ ਕਰਕੇ ਜੀਉਂਦੇ ਹਾਂ। ਸੋ ਹੇ ਮਿੱਤ੍ਰ ! ਤੁਸੀਂ ਬੀ ਵਿਚਾਰ ਕਰੋ, ਜੇ ਵਾਹਿਗੁਰੂ ਸੁਮਤ ਬਖਸ਼ੇ, ਤਦ ਕੋਈ ਦਿਨ ਦਾ ਜੀਵਨ, ਮਨੁੱਖਾ ਜਨਮ, ਸਫਲਾ ਕਰ ਲਵੋ।

ਇਸ ਪ੍ਰਕਾਰ ਕਥਨ ਕਰਕੇ ਸਿੰਘ ਜੀ ਤਾਂ ਵਿਦਾ

ਹੋਏ! ਹਕੀਮ ਜੀ ਦਾ ਕਲੇਜਾ ਵਿੰਨ੍ਹ ਹੋ ਗਿਆ, ਵਿਦਵਾਨ ਹਿਰਦੇ ਨੂੰ ਏਹ ਯਥਾਰਥ ਬਾਤਾਂ ਪ੍ਰੋ ਗਈਆਂ। ਪਿਛਲੇ ਜੀਵਨ ਪਰ ਪਛੁਤਾਵਾ ਆਇਆ। ਉਹ ਜੋ ਆਪਣੇ ਖ਼ਾਨਦਾਨ ਨਾਲ, ਆਪਣੇ ਦੇਸ਼ ਨਾਲ, ਆਪਣੀ ਕੌਮ ਨਾਲ ਧਰੋਹ ਕੀਤੇ ਸੀ, ਅਰ ਜਿਨ੍ਹਾਂ ਦੇ ਬਦਲੇ ਪਾਤਸ਼ਾਹ ਦੀ ਉੱਪਰਲੀ ਪੁਚਕਾਰ ਤੇ ਵਾਹ ਵਾਹ ਯਾ ਕੁਝ ਪਦਾਰਥ ਤੇ ਵਡਿਆਈ ਪਾਈ ਸੀ, ਅੱਖਾਂ ਅੱਗੇ ਆ ਖਲੋਤੇ। ਜੋ ਜੋ ਕਲੇਸ਼ ਆਪਣੇ ਦੇਸ਼ ਦੇ ਸੇਵਕਾਂ ਨੂੰ ਪਹੁੰਚਾਏ ਸੇ, ਜੋ ਜੋ ਬਿਪਤਾਂ ਇਸ ਦੇ ਵਿਸ਼ਈ ਜੀਵਨ ਨੇ ਭਲੇ ਭਲੇ ਘਰਾਂ ਵਿਚ ਪਾਈਆਂ ਸਨ, ਜੋ ਜੋ ਖੁਆਰੀਆਂ ਇਸ ਨੇ ਨਿਰਅਪਰਾਧਾਂ ਨੂੰ ਦਿੱਤੀਆਂ ਸਨ, ਸਭ ਹੁਣ ਸਰੂਪ ਧਾਰ ਧਾਰ ਕੇ ਅੱਗੇ ਆ ਗਈਆਂ। ਇਸ ਦੇ ਛਲਾਂ ਤੋਂ ਸੰਸਾਰ ਨੂੰ ਪਹੁੰਚੇ ਹੋਏ ਦੁਖ, ਇਸ ਦੇ ਹਠ, ਧੱਕੇ ਤੇ ਵੈਰ ਦੇ ਜਾਏ ਹੋਏ ਕਲੇਸ਼ ਫੌਜ ਵਾਙ ਸਫ ਬੰਨ੍ਹ ਅੱਖਾਂ ਅੱਗੇ ਆ ਖੜੋਤੇ। ਖ਼ੁਦਾ ਰਸੂਲ ਤੋਂ ਬੇਮੁਖ, ਕੁਲਘਾਤਕ, ਕੌਮ ਘਾਤਕ, ਵਿਸ਼ਈ ਤੇ ਕਠੋਰ ਹਕੀਮ ਜੀ ਦੇ ਦੁਆਲੇ ਆਪਣੀਆਂ ਕੀਤੀਆਂ ਦੇ ਪੁਤਲੇ ਜਮ-ਘਟੇ ਬੰਨ੍ਹਕੇ ਆ ਖੜੋਤੇ, ਮਾਨੋਂ ਹਕੀਮ ਜੀ ਨੂੰ ਕਹਿ ਰਹੇ ਹਨ ਕਿ ਤੂੰ ਸਾਡਾ ਪਿਤਾ ਹੈਂ, ਤੂੰ ਸਾਨੂੰ ਪੈਦਾ ਕੀਤਾ ਹੈ, ਅਸੀਂ ਤੇਰੀ ਵੰਸ਼ ਹਾਂ। ਇਸ ਵੇਲੇ ਹਕੀਮ ਜੀ ਦਾ ਦਿਲ ਟੁੱਟ ਗਿਆ, ਕਲੇਜਾ ਪਾਟ ਗਿਆ, ਅੱਖਾਂ ਦੇ ਅੰਦਰਲੇ ਕੜ ਫੁੱਟ ਪਏ ਤੇ ਪਸਚਾਤਾਪ ਦਾ ਬੁੱਲਾ ਉਹ ਸਿਰ ਨੂੰ ਚੜ੍ਹਿਆ ਕਿ ਅੱਖਾਂ ਨੇ ਮੀਂਹ ਦੀ ਤਰ੍ਹਾਂ ਛਹਿਬਰ ਲਾ ਦਿਤੀ। ਆਪਣੇ ਉਪਜਾਏ ਦੁਖਾਂ ਨੂੰ ਦੇਖਦਾ ਹੈ ਤੇ ਰੋਂਦਾ ਹੈ, "ਧ੍ਰਿਕਾਰ ਮੇਰੇ ਜੀਵਨ ਤੇ ! ਮੈਂ ਕੈਸਾ ਸੂਲਾਂ ਵਾਲਾ ਬ੍ਰਿਛ ਸੰਸਾਰ ਵਿਚ ਉਤਪਤ ਹੋਇਆ ਹਾਂ ਕਿ ਹਜ਼ਾਰਾਂ ਮੀਲਾਂ ਵਿਚ ਮੇਰੇ ਕੰਢੇ ਝੜ ਝੜ ਕੇ ਉੱਡ ਉੱਡ ਕੇ ਫੈਲ ਰਹੇ ਹਨ। ਮੈਂ ਉਸ ਮਹਾਨ ਸੁਖ ਦੇ ਸੋਮੇ ਦੇ ਪਾਸ ਇਸ ਵਾਸਤੇ ਆਇਆ ਹਾਂ ਕਿ ਉਸ ਸੋਮੇ ਵਿਚ ਪੱਥਰ ਦੇ ਕੇ ਉਸ ਸ਼ਾਂਤਿ ਤੇ ਸੁਖ ਦੇ ਚਸ਼ਮੇ ਨੂੰ ਸੁਕਾ ਦਿਆਂ। ਮੈਂ ਦੁਖਾਂ ਦਾ ਬਾਪੂ ਸੁਖਾਂ ਦੇ ਜਨਕ ਨਾਲ ਧਰੋਹ ਕਰਨ ਆਇਆ ਹਾਂ ਅਰ ਇਸ ਦੁਰਾਚਾਰ ਦੇ ਸਿਰ ਮਹਿਲ ਮਾੜੀਆਂ ਤੇ ਬਾਗਾਂ ਦੇ ਆਨੰਦ ਭੋਗਾਂਗਾ ! ਖ਼ੁਦਾਵੰਦਾ ! ਕਾਸ਼ ਮੈਂ ਜੰਮਦਾ ਨਾ, ਕਾਸ਼ ਜੰਮਦਾ ਹੀ ਮਰ ਜਾਂਦਾ, ਕਾਸ਼ ਮੇਰੀ ਮਾਤਾ ਮੇਰਾ ਗਲਾ ਘੁੱਟ ਦੇਂਦੀ, ਕਾਸ਼ ਦਾਈ ਦਾ ਹੱਥ ਹੀ ਪੁੱਠਾ ਵਜਦਾ ਤੇ ਜੰਮਦਾ ਜੰਮਦਾ ਹੀ ਮਰ ਜਾਂਦਾ, ਸੀਤਲਾ ਨਿਕਲੀ ਮੈਂ ਨਾ ਮੋਇਆ, ਖਸਰਾ ਫੁੱਟਿਆ ਮੈਂ ਬਚ ਨਿਕਲਿਆ, ਮੈਦਾਨ ਜੰਗ ਵਿਚ ਗਿਆ ਕੋਈ ਗੋਲੀ ਮੇਰੇ ਪਾਪੀ ਹਿਰਦੇ ਦੇ ਨੇੜੇ ਨਾ ਆਈ। ਮੈਨੂੰ ਸੱਪ ਨੇ ਡੰਗਿਆ ਮੈਂ ਨਾ ਮੋਇਆ, ਸ਼ਰਾਬ ਪੱਠੇ ਨਾ ਲੱਗੀ, ਇਹ ਛੇਕੜਲਾ ਮੁਹਰਕਾ ਤਪ ਬੀ ਮੈਨੂੰ ਨਾਲ ਨ ਲੈ ਗਿਆ। ਹਾ! ਹਾ! ਮੈਂ ਦੁਸ਼ਟ ਤੋਂ ਮੌਤ ਬੀ ਪ੍ਰਹੇਜ਼ ਕਰਦੀ ਹੈ, ਹੁਣ ਕਿਆ ਇਲਾਜ ਹੈ? ਐ ਮੌਤ ! ਤੇਰੇ ਬਿਨਾਂ ਕੌਣ ਹੈ ਜੋ ਮੈਨੂੰ ਸਮੇਟੇ, ਆ ਅਰ ਇਸ ਧਰਤੀ ਨੂੰ ਮੇਰੇ ਜਿਹੇ ਪਲੀਦ ਗੁਨਹਗਾਰ ਤੋਂ ਪਾਕ (ਪਵਿਤ੍ਰ) ਕਰ।"

ਇਸ ਤਰ੍ਹਾਂ ਦੀ ਬਹਿਬਲ ਦਸ਼ਾ ਵਿਚ ਤਲਵਾਰ ਦੇ ਕਬਜ਼ੇ ਤੇ ਹੱਥ ਗਿਆ, ਤਲਵਾਰ ਧੂਹੀ ਹੀ ਸੀ ਕਿ ਕਿਸੇ ਬਲਵਾਨ ਹੱਥ ਨੇ ਵੀਣੀ ਪਕੜ ਲਈ। ਤੇ ਕਿਹਾ, "ਕੁਲਘਾਤਕ ! ਆਤਮਘਾਤੀ ਨਾ ਹੋ। ਪਰਮੇਸ਼ੁਰ ਦੀ ਦਇਆ ਦੇ ਦਰਵਾਜ਼ੇ ਤੇਰੇ ਵਾਸਤੇ ਬੀ ਬੰਦ ਨਹੀਂ।" ਜਲ ਦੇ ਹੜ੍ਹ ਵਿਚ ਡੁਬ-ਡੁਬਾਈਆਂ ਅੱਖਾਂ ਉਧਰ ਉਠ ਗਈਆਂ, ਪਰ ਪਾਪ ਦੇ ਹਨੇਰੇ ਵਿਚ ਪਲੀਆਂ ਚਿਹਰੇ ਦੀ ਝਾਲ ਨਾ ਝੱਲਕੇ ਨੀਉਂ ਗਈਆਂ। ਸਿਰ ਚਰਨਾਂ ਪਰ ਡਿੱਗ ਪਿਆ, ਤਲਵਾਰ ਹੱਥੋਂ ਛੁੱਟ ਗਈ ਅਰ ਏਹ ਦੁਹਾਈ ਦੇ ਵਾਕ ਰੁਕਦੇ ਗਲੇ ਤੋਂ ਨਿਕਲੇ-"ਹੇ ਖ਼ੁਦਾ ਦੇ ਨੂਰ! ਮੈਂ ਇਸ ਜੋਗ ਨਹੀਂ ਕਿ ਤੂੰ ਮੈਨੂੰ ਛੁਹੇਂ। ਆਪਣੇ ਪਵਿਤ੍ਰ ਹੱਥਾਂ ਨੂੰ ਮੈਂ ਪਲੀਦ ਤੋਂ ਪਰੇ ਰਖ, ਮੈਂ ਜੀਉਂਦਾ ਸ਼ੈਤਾਨ ਹਾਂ (ਪਰ ਗੁਰੂ ਜੀ ਨੇ ਹੱਥ ਫੜੀ ਰਖਿਆ ਤੇ ਸਿਰ ਤੇ ਪਿਆਰ ਦੇਈ ਗਏ)। ਮੈਂ ਅਰ ਇਹ ਕ੍ਰਿਪਾ, ਮੈਂ ਅਰ ਇਹ ਦਇਆ, ਮੈਂ ਅਰ ਇਹ ਤਰਸ, ਮੈਂ ਅਰ ਇਹ ਪਿਆਰ, ਮੈਂ....ਤੂੰ ਆਦਮੀ ਨਹੀਂ? ਤੂੰ ਖ਼ੁਦਾ ਦਾ ਨੂਰ ਹੈਂ। ਏਹ ਗੁਣ, ਏਹ ਤਾਕਤਾਂ, ਏਹ ਰਹਿਮਤਾਂ, ਹਾ ਹਾ ਹਾ! ਮੇਰੇ ਜਿਹੇ ਉਤੇ? ਤ੍ਰਾਹ ਤ੍ਰਾਹ।" ਇਹ ਕਹਿੰਦਾ ਕਹਿੰਦਾ ਬੇਹੋਸ਼ ਜਿਹਾ ਹੋ ਗਿਆ।

ਪਿਆਰੇ ਪਾਠਕ ! ਉਹ ਕਲਗੀਧਰ, ਜਿਸ ਦੀ ਸ਼ਰਨ ਵਿਚ ਅਨੇਕਾਂ ਹੀ ਸੀਸ ਲਈ ਹਾਜ਼ਰ ਹਨ, ਜਿਸ ਦੇ ਕਦਮਾਂ ਅੱਗੇ ਹਜ਼ਾਰਾਂ ਆਪਾ ਵਿਛਾਉਣ ਨੂੰ ਤਯਾਰ ਹਨ, ਜਿਸ ਦੇ ਹੁਕਮ ਵਿਚ ਗੁਪਤ ਤਾਕਤਾਂ ਹਨ, ਜੋ ਗੁਰੂ ਹੈ, ਅਵਤਾਰ ਹੈ, ਪੈਗ਼ੰਬਰ ਹੈ, ਸੱਚ

ਦਾ ਪਾਤਸ਼ਾਹ ਹੈ, ਕਵੀ ਹੈ, ਪੰਡਿਤ ਹੈ, ਜੋਧਾ ਹੈ, ਸੈਨਾਪਤ ਹੈ, ਆਗੂ ਹੈ, ਸੁੱਚੀ ਨੀਤੀ ਦਾ ਆਗੂ ਹੈ, ਧਰਮ ਧੁਰੰਧਰ ਹੈ, ਪਤਿਤ ਪਾਵਨ ਹੈ, ਸਰਬ ਸੰਸਾਰ ਕਿਆ ਬ੍ਰਹਮ ਲੋਕਾਂ ਤੋਂ ਬੀ ਅਚਾਹ ਹੈ, ਉਹ ਮਨੁੱਖ ਮਾਤ੍ਰ ਦੇ ਹਿਰਦੇ ਦੀ ਪੀੜਾ ਹਰਨ ਨੂੰ ਕੈਸਾ ਨਰਮ ਹੈ, ਕੈਸਾ ਨਿਰਮਾਣ ਹੈ, ਕੈਸਾ ਸਾਵਧਾਨ ਹੈ। ਕਿੱਥੇ ਇਹ ਪਾਪੀ ਸੂਹੀਆਂ ਜੋ ਇਕ ਸਿੱਖ ਦੀ ਚੁਪੇੜ ਨਾਲ ਮਰ ਜਾਏ, ਕਿਥੇ ਮਹਾਰਾਜ ਦਾ ਗੰਭੀਰ ਹਿਰਦਾ ਕਿ ਉਸ ਦੇ ਦਿਲ ਦੇ ਦੁਖ ਹਰਨ ਨੂੰ ਬੀ ਆਪ ਵੇਲੇ ਸਿਰ ਆਏ ਹਨ, ਉਸ ਧਰੋਹੀ ਦੇ ਦੁਖ ਨੂੰ ਬੀ ਓਪਰਾ ਦੁਖ ਨਹੀਂ ਜਾਣਦੇ। ਗੁਰੂ ਜੀ ਦੀ ਪੁਕਾਰ 'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ' ਪਰਤੱਖ ਹੋ ਰਹੀ ਹੈ। ਧੰਨ ਗੁਰੂ, ਜੋ ਪਾਪੀਆਂ ਤੇ ਧਰੋਹੀਆਂ ਨੂੰ ਬੀ ਪਿਆਰ ਕਰਦਾ ਹੈ, ਇਸੇ ਕਰਕੇ ਪਤਿਤ ਪਾਵਨ ਕਹੀਦਾ ਹੈ, ਭਾਈ ਗੁਰਦਾਸ ਜੀ ਨੇ ਸਚ ਕਿਹਾ ਹੈ :--

ਗੁਣ ਕੀਏ ਗੁਣ ਸਭ ਕੋਊ ਕਰੈ ਕ੍ਰਿਪਾ ਨਿਧਾਨ
ਅਵਗੁਣ ਕੀਏ ਗੁਣ ਤੋਹਿ ਬਨ ਆਇਓ ਹੈ।

ਗੁਰੂ ਜੀ ਦੀ ਮਿਹਰ ਨਾਲ ਹੋਸ਼ ਪਰਤੀ। ਹੁਣ ਉਹ ਪਹਿਲੀ ਹਨੇਰੀ ਲੰਘ ਚੁਕੀ ਸੀ, ਠੰਢ ਪੈ ਰਹੀ ਸੀ, ਚਰਨਾਂ ਨੂੰ ਛੁਹ ਛੁਹਕੇ ਸੀਸ ਸੀਤਲ ਹੋ ਰਿਹ ਸੀ। ਜਿਹੜਾ ਹਿਰਦਾ ਘੰਟਾ ਪਹਿਲੇ ਪਾਪਾਂ ਨਾਲ ਲੱਦਿਆ ਪਿਆ ਸੀ, ਹੁਣ ਹੌਲਾ ਹੋ ਰਿਹਾ ਹੈ। ਇਕ ਨਵੀਂ ਹੋਸ਼ ਆ ਗਈ, ਸੰਸਾਰ ਹੀ ਹੋਰ ਹੋ ਗਿਆ। ਉਹੋ ਬਨ ਹੈ, ਪਰ ਰੂਪ ਇਸਦਾ ਕੁਝ ਹੋਰ ਹੈ, ਸਰੀਰ ਬੀ ਓਹੋ ਹੈ ਪਰ ਰੰਗ ਹੋਰਵੇਂ ਹੈ। ਮਨ ਓਹੋ ਹੈ, ਪਰ ਵਾਸ਼ਨਾ ਓਹ ਨਹੀਂ ਰਹੀਆਂ। ਬਾਰ ਬਾਰ ਚਰਨਾਂ ਤੇ ਸੀਸ ਧਰਦਾ ਹੈ, ਨੇਤ੍ਰਾਂ ਵਿਚ ਜਲ ਭਰਦਾ, ਸਿਰ ਚੁੱਕਦਾ ਹੈ, ਫੇਰ ਧਰ ਦੇਂਦਾ ਹੈ। ਦਿਆਲੂ ਜੀ ਥਾਪੀ ਦੇਕੇ ਕਹਿੰਦੇ ਹਨ, "ਹੇ ਬਿਖ ਦੇ ਬ੍ਰਿਛ ! ਹੁਣ ਅੰਮ੍ਰਿਤ ਦਾ ਕੁੰਡ ਹੋਹੁ। ਲੂੰ ਲੂੰ ਵਿਚੋਂ ਸੁਖਾਂ ਦੀ ਸੋਤ ਛੱਡ, ਜੋ ਤੇਰੀ ਦੁਖਦਾਈ ਦੇਹ ਸੁਖਾਂ ਦੀ ਦਾਤੀ ਹੋ ਜਾਵੇ।"

ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ॥ ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ॥ ੪॥
ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ॥
ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ॥ ੫॥

(ਵਡ : ਮਹਲਾ ੩. ਅਸਟਪਦੀ-੨)

੩. (ਸਪਤਮੀ)

ਤਿਤ ਗ੍ਰਿਹਿ ਸੋਹਿਲੜੇ ਕੋਡ ਅਨੰਦਾ॥ ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ॥ ਹਰਿ ਕੰਤ ਅਨੰਤ ਦਇਆਲ ਸ੍ਰੀਧਰ ਗੋਬਿੰਦ ਪਤਿਤ ਉਧਾਰਣੋ॥ ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ॥ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹ ਬਿਰਦੁ ਸੁਆਮੀ ਸੰਦਾ॥ ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ॥ ੪॥ ੧॥ (ਬਿਹਾ: ਮਹਲ ੫)

ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਾ ਦਿਨ ਨੇੜੇ ਆ ਰਿਹਾ ਸੀ, ਸੰਗਤਾਂ ਬੀ ਕੱਠੀਆਂ ਹੋ ਰਹੀਆਂ ਸਨ, ਭਾਈ ਕੇਸਰਾ ਸਿੰਘ ਦੀ ਯਾਚਨਾ ਸੀ ਕਿ ਐਤਕੀ ਗੁਰਪੁਰਬ ਦਾ ਦੀਵਾਨ ਗੁਰੂ ਕੇ ਵੱਡੇ ਬਾਗ਼ ਵਿਚ ਲੱਗੇ। ਸਿਖਾਂ ਨਾਲ ਸਦਾ ਪਿਆਰ ਕਰਨ ਵਾਲੇ ਸੱਚੇ ਪਾਤਸ਼ਾਹ ਨੇ ਸਤਿ ਬਚਨ ਕਹਿ ਦਿਤਾ, ਇਸ ਲਈ ਬਾਗ਼ ਵਿਚ ਖਾਸ ਸਜਾਵਟ ਹੋ ਰਹੀ ਸੀ। ਦਿਨ ਰਾਤ ਦੋਵੇਂ ਜਣੇ ਗੁਲਾਬਿਆਂ ਸਮੇਤ ਲੱਗੇ ਰਹਿੰਦੇ। ਭਾਵੇਂ ਰੁੱਤ ਕਰੜੀ ਸੀਤ ਦੀ ਸੀ, ਪਰ ਫੇਰ ਬੀ ਪ੍ਰੇਮੀਆਂ ਨੇ ਅਨੇਕ ਪ੍ਰਕਾਰ ਦੇ ਫੁੱਲ ਬਚਾ ਲਏ ਹੋਏ ਸੇ, ਜੋ ਹੁਣ ਵਕਤ ਤੇ ਥਾਂਓਂ ਥਾਂਈਂ ਲਾ ਦਿਤੇ।

ਉੱਪਰ ਲਿਖੇ ਸਮਾਚਾਰ ਵਾਲੇ ਦਿਨ ਸੰਝ ਕੁ ਵੇਲੇ ਸਾਰੇ ਮਾਲੀ ਮਾਲਣਾ ਆਪਣੀ ਕਾਰ ਵਿਚ ਨਿਮਗਨ ਹੋ ਰਹੇ ਸੀ ਅਤੇ ਤ੍ਰਿਯੰਬਕਾ ਬਾਈ ਬੈਠੀ ਛੰਦ ਗਾਉਂ ਰਹੀ ਸੀ ਕਿ ਹਕੀਮ ਜੀ ਬੀ ਬਾਗ਼ ਵਿਚ ਪਹੁੰਚੇ। ਆਪਣੇ ਨੌਕਰ ਗੁਲਾਬੇ ਅੱਗੇ ਸਿਰ ਝੁਕਾਕੇ ਬੋਲੇ :-

"ਮੈਂ ਤੁਹਾਡਾ ਰਿਣੀ ਹਾਂ, ਮੇਰੀ ਗਰਦਨ ਤੁਸਾਡੇ ਅਹਿਸਾਨ ਹੇਠ ਦਬੀ ਪਈ ਹੈ, ਤੁਹਾਡੀ ਬਰਕਤ ਹੈ ਕਿ ਉਹਨਾਂ ਪਾਕ ਹੱਥਾਂ ਨੇ ਮੈਨੂੰ ਪਾਕੀਜ਼ਗੀ ਬਖ਼ਸ਼ੀ ਹੈ। ਉਪਕਾਰ ਨਹੀਂ ਦੇ ਸਕਦਾ"। ਗੁਲਾਬਿਆਂ ਨੇ ਨਿੰਮ੍ਰਤਾ ਕੀਤੀ ਪਰ ਦਿਲ ਦੀ ਪ੍ਰਸੰਨਤਾ ਇੰਨੀ ਵਧੀ ਕਿ ਕੁਝ ਹੱਦ ਨਾ ਰਹੀ। ਦੁਹਾਂ ਦੀ ਸੁਰਤ ਵੈਰਾਗ ਵਿਚ ਖਿੱਚੀ ਚਲੀ ਗਈ। ਸ਼ੁਕਰ ਦਾ ਭਾਵ ਲੂੰ ਲੂੰ ਵਿਚੋਂ ਨਿਕਲਿਆ। ਸ਼ੁਕਰ ਦੀ ਖੁਸ਼ਬੋ ਇਸਤਰ੍ਹਾਂ ਪਸਰੀ ਕਿ ਮਤਵਾਲੇ ਹੋ ਕੇ ਵਿੱਚੇ ਖਚਿਤ ਹੋ ਗਏ। ਪਿਆਰੇ ਦਾ ਮਨਮੋਹਨ ਚਿਹਰਾ ਧਯਾਨ ਵਿਚ ਆ ਖੜੋਤਾ ਹੈ। ਅੱਖਾਂ ਇਸੇ ਮੌਜ ਵਿਚ ਬੰਦ ਹਨ, ਪਰ ਅੰਦਰਲੇ ਭਾਵ ਦੇ ਡਾਢੇ ਜ਼ੋਰ ਕਰਕੇ ਕਿਸੇ ਵੇਲੇ ਤ੍ਰੁਪ ਤ੍ਰੁਪ ਕਰਕੇ

ਕੋਈ ਟੇਪਾ ਬੰਦ ਝਿੰਮਣੀਆਂ ਵਿਚੋਂ ਤਿਲਕ ਆਉਂਦਾ ਹੈ। ਇਨ੍ਹਾਂ ਦੀ ਇਹ ਅਡੋਲਤਾ ਦੇਖ ਕੇ ਹਕੀਮ ਜੀ ਤੇ ਸਿੰਘ ਹੁਰੀਂ ਤੇ ਸਿੰਘਣੀ ਜੀ ਚੁਪਾਤੇ ਖਿਸਕ ਗਏ, ਇਹ ਦੋਵੇਂ ਧਿਆਨ ਤੇ ਸ਼ੁਕਰ ਦੇ ਸੰਪੂਰਨ ਭਾਵ ਵਿਚ ਮਗਨ ਹੋਏ ਟਿਕੇ ਰਹੇ।

ਹੁਣ ਸੰਧਿਆ ਦਾ ਸੂਰਨ ਪੰਛੀ ਕਿਰਨਾਂ ਦੇ ਖੰਭ ਸਮੇਟਕੇ ਧਰਤੀ ਦੇ ਉਹਲੇ ਹੋ ਚੁਕਾ ਸੀ ਤੇ ਸ਼ਾਂਤੀ ਦਾ ਚੰਦ ਰਹਿਰਾਸ ਜੀ ਦਾ ਜਾਮਾ ਪਹਿਨ ਕੇ ਮਹਾਰਾਜ ਜੀ ਦੇ ਦੀਵਾਨ ਵਿਚ ਆਪਣੀਆਂ ਸਤੋਗੁਣੀ ਕਿਰਨਾਂ ਦਾ ਪ੍ਰਕਾਸ਼ ਫੈਲਾ ਰਿਹਾ ਸੀ। ਭਾਈ ਗੌਹਰ ਸਿੰਘ ਜੀ ਨੇ ਇਸ ਏਕਾਗ੍ਰਤਾ ਨਾਲ ਪਾਠ ਕੀਤਾ ਕਿ ਸਾਰਾ ਦੀਵਾਨ ਅਡੋਲ ਹੋ ਗਿਆ। ਜਦ ਭੋਗ ਪੈਕੇ ਅਰਦਾਸਾ ਹੋ ਚੁਕਾ ਤਦ ਸਚੇ ਪਾਤਸ਼ਾਹ ਜੀ ਬ੍ਰਿਜਰਾਜ ਸਿੰਘ ਜੀ ਨੂੰ ਬੋਲੇ ; "ਲੰਗਰ ਵਰਤਾਓ, ਅਸਾਂ ਇਕ ਕਾਰਜ ਜਾਣਾ ਹੈ। ਇਕ ਪ੍ਰੇਮੀ ਦੀ ਸੁਰਤ ਦੇ ਸਾਡੀ ਸੁਰਤੀ ਨਾਲ ਮਾਨੋ ਬੂੜੀਏ ਫਸ ਰਹੇ ਹਨ, ਇਕ ਗੇੜ ਦੇ ਆਵੀਏ।" ਇਹ ਆਖ ਕੇ ਆਪ ਨਦੀ ਰੁਖ਼ੇ ਹੋ ਤੁਰੇ ਅਰ ਬਾਗ ਵਿਚ ਅੱਪੜੇ : ਜਿੱਥੇ ਪ੍ਰੇਮ-ਸਮਾਧਿ ਲਗ ਰਹੀ ਸੀ। ਕੁਝ ਚਿਰ ਖੜੇ ਰਹੇ, ਵੇਖਦੇ ਰਹੇ, ਫਿਰ ਠਹਿਰ ਕੇ ਆਪ ਬਾਗ਼ ਦੇ ਹੋਰ ਰੁਖ਼ ਨੂੰ ਚਲੇ ਗਏ। ਇੰਨੇ ਨੂੰ ਸੰਧਿਆ ਡੂੰਘੀ ਹੋ ਗਈ। ਚੰਦਰਮਾਂ ਦੀ ਬ੍ਰੀਕ, ਚਾਂਦੀ ਦੇ ਥਾਲ ਦੇ ਕੰਢੇ ਵਰਗੀ, 'ਅਧ-ਚਕ੍ਰੀ' ਜਹੀ ਸੂਰਤ ਮੱਧਮ ਪ੍ਰਕਾਸ਼ ਦੇ ਰਹੀ ਸੀ ਤੇ ਉਪਰ ਚੜ੍ਹ ਰਹੇ ਤਾਰਿਆਂ ਦਾ ਚਾਨਣਾ ਇਸ ਮੱਧਮ ਪ੍ਰਕਾਸ਼ ਦੀ ਸਹਾਇਤਾ ਕਰ ਰਿਹਾ ਸੀ। ਬਾਗ਼ ਦਾ ਚੱਕਰ ਲਗਾ ਕੇ ਅਰ ਚੌਹਾਂ ਮਾਲੀ ਮਾਲਣਾਂ ਦੀ ਤਿਆਰੀ ਤੇ ਮਿਹਨਤ ਵੇਖ ਕੇ ਪ੍ਰਸੰਨ ਹੁੰਦੇ ਮਹਾਰਾਜ ਜੀ ਫੇਰ ਉਥੇ ਹੀ ਆ ਗਏ। ਅੱਗੇ ਕੀ ਦੇਖਦੇ ਹਨ ਕਿ ਦੋਵੇਂ ਵਹੁਟੀ ਗੱਭਰੂ ਉਥੇ ਹੈਨ ਨਹੀਂ ਅਰ ਰਤਾ ਕੁ ਵਾਟ ਤੇ ਕੁਝ ਹਾ ਹਾ ਦੀ ਆਵਾਜ਼ ਤੇ ਸਰਸਰ ਹੋ ਰਹੀ ਹੈ। ਅੱਗੇ ਵਧ ਕੇ ਜਾਨਣਹਾਰ ਗੁਰੂ ਜੀ ਕੀ ਦੇਖਦੇ ਹਨ ਕਿ ਦੋਵੇਂ ਜਣੇ ਇਕ ਬਾਲਕ ਦੀ ਸੇਵਾ ਕਰ ਰਹੇ ਹਨ। ਗੱਲ ਇਹ ਸੀ ਕਿ ਇਕ ਪਹਾੜਨ ਨਦੀ ਤੋਂ ਜਲ ਲੈਣ ਲੱਗੀ ਸੀ ਕਿ ਕੁਛੜੋਂ ਬਾਲਕ ਉੱਛਲਕੇ ਵਿਚ ਜਾ ਪਿਆ। ਮਮਤਾ ਦੀ ਮਾਰੀ ਨੇ ਘਬਰਾ ਕੇ ਦੁਹਾਈ ਦਿੱਤੀ "ਬਹੁੜੋ ਵੇ ਕੋਈ ਕਲਗ਼ੀਆਂ ਵਾਲੇ ਦੀ ਖ਼ਾਤਰ ਬਾਹੁੜੋ।" ਗੁਲਾਬੇ ਭਾਵੇਂ ਆਨੰਦ ਵਿਚ ਬੈਠੇ ਸੇ, ਪਰ ਇਹ ਸ਼ਬਦ ਕੰਨ ਚੀਰ ਕੇ ਟਿਕੀ ਹੋਈ ਸੁਰਤਿ ਨੂੰ ਪਰੋ ਗਿਆ। ਕਲਗੀਧਰ ਜੀ ਦਾ ਵਾਸਤਾ ਸੁਣਕੇ ਕੌਣ ਅਟਕੇ ? ਪੁੱਛਦੇ ਸਾਰ ਗੁਲਾਬੇ ਨੇ ਛਾਲ ਮਾਰੀ ਤੇ ਬਾਲ ਕੱਢਿਆ। ਉਸ ਨੂੰ ਹੁਣ ਪੂੰਝ ਪਾਂਝ, ਪਾਣੀ ਕਢਕੇ ਆਪਣੇ ਬਸਤ੍ਰ ਲਪੇਟਕੇ ਮਾਂ ਦੇ ਕੁਛੜ ਦੇ ਰਹੇ ਸਨ ਕਿ ਸਤਿਗੁਰ ਨੇ ਆਪ ਆ ਝਾਤੀ ਪਾਈ। ਅਸੀਸਾਂ ਦੇਂਦੀ ਮਾਈ ਘਰਾਂ ਨੂੰ ਗਈ, ਇਨ੍ਹਾਂ ਨੂੰ ਸਤਿਗੁਰਾਂ ਦੇ ਸਾਖਿਆਤ ਦਰਸ਼ਨ ਹੋਏ। ਦਰਸ਼ਨ ਹੀ ਕੀ ? ਸੱਚੇ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਇਹ ਅਸੀਸ ਕੰਨੀ ਪਈ, "ਧੰਨ ਪਿਆਰੇ ਜੋ ਪਿਆਰੇ ਨੂੰ ਸਾਰੇ ਵੇਖਦੇ ਹਨ।" ਦੌੜਕੇ ਦੋਵੇਂ ਚਰਨੀਂ ਢੱਠੇ। ਪਰ ਸਵਾ ਕੁ ਗਜ਼ ਦੀ ਵਿੱਥ ਤੇ ਪਰੇ ਹੀ ਡੰਡੌਤ ਵਿਚ ਪੈ ਗਏ। ਪ੍ਰੇਮ ਰਸਾਂ ਦੇ ਰਸੀਏ ਗੁਰੂ ਜੀ ਇਹ ਕਦ ਸਹਾਰ ਸਕਦੇ ਸੇ ? ਅੱਗੇ ਵਧਕੇ ਬੀਰ ਆਸਨ ਹੋ ਗਏ ਅਰ ਦੁਹਾਂ ਦੇ ਸਿਰ ਤੇ ਹੱਥ ਧਰ ਕੇ ਬੋਲੇ :-

"ਪਵਿੱਤ੍ਰ ਹੋਏ, ਪਾਵਨ ਹੋਏ, ਹਿਰਦੇ ਵਿਚ ਨਾਮ ਆ ਵਸਿਆ, ਘਟ ਦੀਪ ਜਗਿਆ, ਜਾਗਤ ਜੋਤ ਜਗੀ, ਵਾਹਿਗੁਰੂ ਦੇ ਅੰਕ ਵਿਚ ਸਮਾਈ। ਨੀਯਤ ਰਾਸ ਹੋਈ ਤਾਂ ਲੱਭੀ ਢੋਈ।" ਸਿਰ ਤੇ ਪਿਆਰ ਦੇ ਕੇ ਬਾਹੋਂ ਫੜਕੇ ਉਠਾਇਆ ਤੇ ਫਿਰ ਕਿਹਾ, 'ਕੱਚਾ ਧਾਗਾ ਟੁੱਟ ਚੁੱਕਾ, ਹੁਣ ਪੱਕੇ ਸੰਗਲ ਪੈ ਗਏ। ਪਜਾਰਦੇ ਕੁੰਡੇ ਟੁੱਟ ਨਹੀਂ ਸਕਦੇ।' ਆਪ ਟੁਰ ਪਏ, ਮਗਰੇ ਦੋਵੇਂ ਚੁੰਬਕ ਖਿੱਚੀ ਸੂਈ ਵਾਂਙੂ ਟੁਰੀ ਗਏ, ਭਾਈ ਕੇਸਰਾ ਸਿੰਘ ਜੀ ਸ਼ਬਦ ਉਚਾਰ ਰਹੇ ਸੀ :--

"ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥
ਕੋ ਆਨਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥
ਹਉ ਜੀਉ ਕਰੀ ਤਿਸੁ ਵਿਟਹੁ ਚਉਖੰਨੀਐ ਜੋ ਮੈ
ਪਿਰੀ ਦਿਖਾਵਏ'।। (ਅੱਗੋਂ ਗੁਲਾਬੇ ਦੇ ਮੂੰਹੋਂ ਸਹਿ
ਸੁਭਾ ਨਿਕਲਿਆ )— 'ਨਾਨਕ ਹਰਿ ਹੋਇ ਦਇਆਲੁ
ਤਾ ਗੁਰੁ ਪੂਰਾ ਮੇਲਾਵਏ"॥ ੫॥

(ਸ: ਵਾ: ਤੋ: ਵ: ਮ:੪)

ਇਹ ਤੁਕ ਸੁਣਕੇ ਸਿੰਘ ਜੀ ਤ੍ਰਬ੍ਹਕ ਕੇ ਤੱਕੇ ਤਾਂ ਸਚਮੁੱਚ ਪ੍ਰੇਮ ਦੇ ਆਕਾਸ਼ ਮੰਡਲ ਵਿਚ ਕਲ਼ਗੀਧਰ ਰੂਪ ਚੰਦ੍ਰਮਾਂ ਲਹਿ ਲਹਿ ਕਰ ਰਿਹਾ ਹੈ। ਦੌੜ ਕੇ ਚਰਨੀਂ ਢੱਠਾ। ਆਵਾਜ਼ ਸੁਣਕੇ ਕਰਮ ਕੌਰ ਅੰਦਰੋਂ ਆਟਾ ਗੁੰਨ੍ਹਦੀ ਨੱਸੀ ਆਈ ਤੇ ਚਰਨਾਂ ਤੇ ਢਹਿ ਪਈ। ਸਿੱਖਾਂ ਦੇ ਪਿਆਰੇ ਬਿਹਸਕੇ ਬੋਲੇ : "ਸੁਗਾਤਾਂ

ਤਾਂ ਦਿਖਾਓ।" ਲਾਜ ਤੇ ਅਦਬ ਨਾਲ ਮਾਈ ਨੇ ਸਿਰ ਨੀਵਾਂ ਕੀਤਾ ਅਰ ਕਿਹਾ :-- "ਮੈ ਨਾਹੀ ਕਛੁਹਉ ਨਹੀ ਕਿਛੁ ਆਹਿ ਨ ਮੋਰਾ।" ਫੇਰ ਗੁਰੂ ਜੀ ਆਪ ਅੱਗੇ ਹੋ ਤੁਰੇ ਤੇ ਮਗਰ ਸੱਭੇ ਜਣੇ ਟੁਰ ਪਏ। ਤ੍ਰਿਅੰਬਕਾ ਬਾਈ ਦੀ ਕੁਟੀਆ ਪਾਸ ਆ ਕੇ ਚੁਪ ਚਾਪ ਖੜੇ ਗਏ, ਕੀ ਦੇਖਦੇ ਹਨ ਕਿ ਉਹ ਪ੍ਰੇਮ ਦੀ ਪੁਤਲੀ ਮਗਨ ਬੈਠੀ ਗਾਉਂ ਰਹੀ ਹੈ। ਗਾਉਂ ਇਸ ਪ੍ਰੇਮ ਨਾਲ ਰਹੀ ਹੈ ਕਿ ਨੇਤ੍ਰਾਂ ਤੋਂ ਜਲ ਚਲ ਰਿਹਾ ਹੈ ਅਰ ਤਨ ਦੀ ਸੁਰਤਿ ਨਹੀਂ ਹੈ, ਉਸ ਦੇ ਸੰਗੀਤ ਦਾ ਭਾਵ ਇਸ ਪ੍ਰਕਾਰ ਦਾ ਸੀ :-

(ਵਿਖਮ ਪਦ)[1]

ਕਬਹੂੰ ਹਮਰੀ ਹੂੰ ਸੁਧ ਲੇਹੁ। ਦੀਨਾ ਨਾਥ ਕਹਾਇ ਦੀਨ ਗਨ ਦੇਖਤ ਦਰਸ਼ਨ ਦੇਹੁ। ਹਮਰੇ ਔਗੁਣ ਅਖਿਲ ਅਖਿਲ ਪ੍ਰਭੁ ਨਿਗੁਨਨਿ ਓਰ ਨਿਹਾਰ। ਗੁਨਵਾਨਨ ਗੁਨ ਕਰਤ ਸਭੈ ਕੋ, ਤੂ ਨਿਗੁਨਨਿ ਦਾਤਾਰ। ਬਾਲਕ ਕੋ ਇਕ ਅਹੈ ਰੁਦਨ ਬਲ ਅਰੁ ਜਪ ਤਪ ਬਲ ਨਾਹਿ। ਜੌ ਨ ਸੁਨੋ ਤੋ ਕੌਨ ਸੁਨੈਗੋ, ਕੋ ਪਕਰੈਗੋ ਬਾਂਹਿ। ਲਾਜ ਜਹਾਜ ਚਹਿਤ ਅਜ ਡੂਬਜੋ ਤਾਂਹਿ ਲਗਾਵਹੁ ਪਾਰ। ਲੋਕ ਔਰ ਪਰਲੋਕ ਦੁਹੂੰ ਕੇ ਹੋ ਤੁਮਹੀ ਰਖਵਾਰ। ਭਲੇ ਬੁਰੇ ਕਾਮੀ ਅਰ ਕ੍ਰੋਧੀ ਲੋਭੀ ਮੋਹ ਲਵਾਰ। ਹੈਂ ਤੁਮਰੇ ਈ ਜੀ ਕਲਗੀਧਰ! ਸ਼ਰਣਾਗਤਿ ਪ੍ਰਤਿਪਾਰ॥੧॥

(ਧ੍ਰੁਪਦ ਅਥਵਾ ਦੰਡਕ)[1]

ਦਿਵਸ ਸ਼ੁਭ ਨੇਖੱਤ੍ਰ ਸ਼ੁਭ, ਸ਼ੁਭ ਮਹੂਰਤ ਨਿਰਖ, ਪੁਨਰ ਭਵ ਭਯੋ ਭਵ ਭਵਹਿ ਹਾਰੀ। ਪੋਹ ਸੁਦਿ ਸਪਤਮੀ ਰਾਤਿ ਇਕ ਜਾਮ ਰਹਿ ਰਾਮ ਨਰ ਦੇਹਿ ਪੁਨ ਆਨ ਧਾਰੀ। ਬਾਲ ਲੀਲਾ ਲਲਿਤ, ਮਾਤ ਲਾਲਿਤ ਲਲਿਕ ਲਲਚ ਲੋਚਨ ਰਹੇ ਲੋਕ ਪਜਾਰੇ। ਧ੍ਰੈਸ ਪਾਖੰਡ, ਕਰ ਖੰਡ ਅਗਜਾਨ ਕੋ, ਮੰਡ ਕਰ ਨੇਹ ਬ੍ਰਹਮੰਡ ਭਾਰੇ। ਫਰੇ ਕਲਿ ਮਾਹਿ ਕ੍ਰਿਤ ਸੁਜੁਗ ਥਾਪਨ ਕਰੈ, ਪਾਪ ਖਾਪਨ ਕਰੈ ਜੀਯ ਜਾਨੀ। ਦੇਵ ਬ੍ਰਹਮਾਦਿ ਉਸਤਤਿ ਸਜਤ ਜੋਰ ਕਰ ਹੋਹੁ ਪ੍ਰਸੰਨ ਸ੍ਰੀ ਧਨੁਖ ਪਾਨੀ। ਦੇਹ ਕਰ ਅਭੈ ਹੈ ਅਭੈ ਨਿਜ ਸੇਵਕਨ, ਨਾਮ ਨਾਨਕ ਨਿਰੰਕਾਰ ਸਾਚਾ। ਜਾਗਤੀ ਜੋਤ ਸਭ ਜੋਤਿ ਮਹਿ ਜੋਤਿ ਤਵ ਜੋਤਿ ਤ੍ਰਿਗੁਣਾਤਮ ਕੀ ਭਵਨ ਰਾਚਾ॥੧॥ ਭਏ ਪਟਨੇਸ਼ ਜਗਤੇਸ਼ ਬਰ ਬੇਸ ਸ਼ੁਭ ਮਨੁਜ ਲੀਲਾ ਕਰਨ ਮਹਾਂ ਬਾਹੋ। ਮਾਨ ਮਲੇਛਾਨਿ ਕੇ ਛਾਨ ਹਿਤ ਹਾਨਬੇ ਤ੍ਰਾਨਬੇ ਸਿੱਖ ਗੁਣ ਦਾਸ ਚਾਹੋ। ਧਨੁਸ਼ ਰੁ ਭੂਮ ਬਰ ਬਯੋਮ ਆਨੰਦ ਭਰ; ਦਹਨ ਦੁਖ ਦੀਨ ਦਲ ਦੁਜਨ ਨਾਸੀ। ਧਰਮ ਧ੍ਰਿਤ ਧਾਰਨਾ ਧਰਮ ਧੁਰ ਧੀਰ ਉਦਿ, ਧੇਯ ਨਿਜ ਭਗਤ ਕੇ ਸਦ ਅਨਾਸੀ। ਚਕਤ ਸੁਰ ਥਕਤ ਮੁਖ ਬਕਤ ਤਮ ਦਾਨ ਨੁਤਿ ਛਕਤ ਆਨੰਦ ਸੁਖਕੰਦ ਬੰਦੇ। ਸਦਾ ਤੂੰ, ਨਿੱਤ ਤੂੰ, ਬਿੱਤ ਤੂੰ, ਚਿੱਤ ਤੂੰ, ਮਿੱਤ ਤੂੰ ਬਿੱਤ ਬਰ ਦੇਹ ਸੁਛੰਦੇ। ਭੂਪ ਭਵ ਕਾਇ ਭਟਕਾਇ ਬਹੁ ਭਾਇ ਜਗ ਆਇ ਤਵ ਪਾਇ ਬਰ ਪਾਇ ਪਾਏ। ਪਾਲ ਬਰ ਸਰਣ ਕੇ, ਸਰਣ ਪਰ ਬਿਨੈ ਮੁਰ, ਚਰਣ ਕੀ ਸਰਣ ਬਰ ਦੇਹੁ ਛਾਏ। ਕਲਗਿਧਰ, ਚੱਕ੍ਰ ਧਰ, ਦਾਨ ਕਰ ਮਾਨ ਦਿਹੁ, ਪਾਨ ਦਿਹੁ ਸੀਸ ਬਰ ਈਸ਼ ਮੇਰੇ। ਜਨਮ ਅਰ ਮਰਨ ਦੁਖ ਭੀਤ ਨਿਤ ਭੀਤ ਦੇ ਹੋਇ ਨਿਰਭੀਤ ਜੋ ਤਨਕ ਹੇਰੇ। ਹੋਹੁ ਕਿਰਪਾਲ ਕਿਰਪਾਲ ਕਰ ਪਾਲ ਮੁਹਿ ਦਜਾਲ ਤਵ ਬਿਰਦ ਮੁਖ ਸਬਦ ਚੰਦੋ। ਨਿੱਤਜ ਜੈ, ਸਦਾ ਜੈ, ਬਿਜੈ ਗੁਰ ਵਾਹਿਗੁਰੂ ਅਜੈ ਬਰ ਦੇਹੁ ਸਜੈ ਅਨਦ ਸੰਦੋ॥੨॥ ਨਾਮ ਦਿਹੁ, ਦਾਨ ਦਿਹੁ ਅੰਮ੍ਰਿਤ ਕੋ ਪਾਨ ਦਿਹੁ, ਕੇਸ ਦਿਹੁ, ਸਾਸ ਦਿਹੁ ਭਗਤਿ ਭਾਵਾ। ਬਰਸ ਦਿਹੁ, ਪਰਸ ਦਿਹੁ, ਪੈਰਕੋ ਹਰਸ ਦਿਹੁ, ਬਰਸੁ, ਦਿਹੁ ਮੋਹੁ ਜੋ ਕ੍ਰਿਪਾ ਛਾਵਾ। ਦਾਨ ਦਿਹੁ, ਮਾਨ ਦਿਹੁ, ਗਿਆਨ ਦਿਹੁ, ਭੈ ਹਰਹੁ ਸਿਦਕ ਦਿਹੁ, ਪ੍ਰੇਮ ਦਿਹੁ, ਨੇਮ ਸਿਖੀ। ਜੁਗਤ ਦਿਹੁ, ਭੁਗਤ ਦਿਹੁ, ਭਗਤ ਦਿਹੁ, ਭਾਉ ਦਿਹੁ ਭੈ ਦਿਜੈ ਰਜ਼ਾ ਕੀ ਰੀਤਿ ਤਿੱਖੀ।

ਟੇਕ—(ਗੁਰੂ ਤਵ ਦਰਸ਼ਨ ਅਗਮ ਅਪਾਰੋ)[1]

ਬਿਕਲ ਕਲਿਕਾਲ ਬਿਕਰਾਲ ਸੁ ਬਿਹਾਲ ਨਰ ਮਹਾਂ ਤਮ ਪੁੰਜ ਤਵ ਦਰਸ ਟਾਰੋ। ਆਨੰਦ ਘਨ ਰੂਪ ਅਵਛਿੰਨ ਅਵਕਾਸ਼ ਖਿਨ ਅਕਲ ਅਨਖਚਜ ਅਨਭੇਦ ਭਾਸੇ। ਧਾਰਿ ਹਰਿ ਰੂਪ ਨਰ ਰੂਪ ਭਵਕੂਪ ਤੇ ਕਾਢ ਨਿਜ ਦਾਸ ਸੁਖ ਰਾਸ ਭਾਸੇ। ਅਕਲਧਰ ਕਲਾ ਕਲਜਾਨ ਹਿਤ ਜਗਤ ਕੇ ਕਾਲਕਲਿ ਕਲੁਖ ਦਹਿ ਜਪ ਅਕਾਲਾ। ਦੁਘਟ ਕੁਟ ਬਿਕਟ ਸੰਘਟ ਸੁਸੰਕਟੁ ਨਿਪਟ ਕਿਯ ਦੂਰ ਦੇ ਨਾਮਾ ਮਾਲਾ।

1. ਪੰਨਾ ੨੮੮ ਦੇ ਪਹਲੇ ਕਾਲਮ ਦਾ ਫੁਟ ਨੋਟ ਦੇਖੋ ਜੀ।

ਦਮਨ ਦੁਖ ਸ਼ਮਨ ਕਲੁ ਜਨਮ, ਬਿਨ ਭੀਤ ਕਰ, ਰਸਨ ਦਿਯ ਨਾਮ ਸਤਿਨਾਮ ਸਾਚਾ। ਕਾਮ ਹਰਿ, ਕ੍ਰੋਧ ਹਰਿ, ਮੋਹ ਹਰਿ, ਲੋਭ ਦਹ, ਨਸ਼ਟ ਹੰਕਾਰ ਸਬਿਕਾਰ ਕਾਚਾ। ਗੁਰੂ ਗੋਬਿੰਦ ਹਰਿ ਤੇਜ ਬਰ ਦਿਵਾਕਰ ਬਖਸ਼ ਮੁਹਿ ਕ੍ਰਿਪਾ ਕਰ ਦਰਸ ਜੋਤੀ। ਕਲਗੀਧਰ, ਚੱਕ੍ਰ ਧਰ ਜਿਗਾ ਧਰ, ਧਰਮ ਧਰ; ਭਰਮ ਹਰ, ਸੀਤ ਹਰ, ਸ਼ਾਂਤ ਨੋਤੀ। ਤ੍ਰਾਹਿਮਾ ਤ੍ਰਾਹਿ ਹੇ ਪਾਹਿ ਗੁਰਬਰ ਪ੍ਰਭੋ, ਸ਼ਰਨ ਤਵ ਸ਼ਰਨ ਸੁਖ-ਕਰਨ ਮੂਲਾ। ਰੱਖਜ ਮਾਂ, ਰਖ਼ਜ ਹੈ ਰੱਖਜ ਤ੍ਰੈ ਲੋਕ ਕ੍ਰਿਤ ਸਦਾ ਪਰਤੱਖਜ ਸਿਖ ਜਗਤ ਭੂਲਾ। ਗੋਪ ਅਤਿ ਗੋਪ ਪਰ ਗੋਪ ਸੋ ਅਗੋਪ ਤੂੰ ਆਪਨੀ ਓਪ ਪ੍ਰਭ ਆਪ ਓਪਾ। ਧਾਰ ਹਰ ਬੁੱਧ ਅਨੁਰੁੱਧ ਸੁ ਬਿਸੁੱਧ ਮਨ ਸੁੱਧ ਤਵ ਰੂਪ ਅਨਸੁੱਧ ਰੋਪਾ। ਪਟਲ ਭ੍ਰਮ ਤਿਮਰ ਅਗਜਾਨ ਮਦ ਮੋਹ ਕੇ ਦੂਰ ਕਰ ਸਤਿਗੁਰ ਦਰਸ ਦੀਜੈ। ਦੀਨ ਹੌਂ ਦੂਬਰੀ ਦਾਰਿਦੀ ਦੁਖਿਤ ਦਿਲ ਦਯਾਨਿਧ ਦਰਦ ਕਰਕੈ ਪਸੀਜੈ।

ਇਸ ਦੀ ਵਾਤਸਲ ਤੇ ਸ਼ਾਂਤਿ ਰਸ ਦੀ ਅਰਦਾਸ ਐਸੀ ਅਸਰ ਵਾਲੀ ਸੀ ਕਿ ਸੁਣਨੇ ਵਾਲੇ ਚੁਪ ਚਾਪ ਸੁਣਦੇ ਰਹੇ। ਕਲਗੀਧਰ ਜੀ ਆਪ ਆਪਣੇ ਪਿਆਰੇ ਦੇ ਰਸ ਵਿਚੋਂ ਕਦੀ ਨਾ ਵਿਛੜਨ ਵਾਲੇ, ਉਸ ਨਿਰਾਕਾਰ ਦੇ ਪ੍ਰੇਮ ਦੀ ਲੈ ਵਿਚ ਜਲ ਪੂਰਤ ਹੋ ਗਏ। ਪਰ ਹੁਣ ਦੀਨਾਂ ਬੰਧੂ ਨਿਆਸਰਿਆਂ ਦੇ ਆਸਰਾ ਜੀ ਨੇ ਅੱਗੇ ਕੁਟੀ ਵਿਚ ਚਰਨ ਪਾ ਕੇ ਪੰਡਿਤਾਣੀ ਦੇ ਸੀਸ ਤੇ ਹੱਥ ਧਰ ਕੇ ਕਿਹਾ :-- "ਹੇ ਅਸੀਲ ਗਊ ! ਉੱਠ ਸ਼ੇਰਨੀ ਹੋ ਤੇ ਸ਼ੇਰਾਂ ਦੀ ਸੇਵਾ ਕਰ"। ਇਹ ਪਿਆਰੇ ਬਚਨ ਸੁਣ ਕੇ ਤੇ ਸਿਰ ਤੇ ਸਤਿਗੁਰਾਂ ਦਾ ਹੱਥ ਦੇਖ ਕੇ ਭੌਰ ਦੀ ਤਰ੍ਹਾਂ ਚਰਨ ਕਮਲਾਂ ਨੂੰ ਲਿਪਟ ਗਈ। ਸਤਿਗੁਰਾਂ ਨੇ ਕਿਹਾ :--

"ਪੁੱਤ੍ਰੀ ਦੁਖਾਂ ਦਾ ਖੇਤ ਕੱਟਿਆ ਗਿਆ। ਦੁੱਖਾਂ ਦਾ ਬੀਜ ਹਉਮੈ ਦੀ ਧਰਤੀ ਵਿਚ ਉੱਗਦਾ ਹੈ, ਇਸ ਧਰਤੀ ਨੂੰ ਅੰਮ੍ਰਿਤ ਦੇ ਛਿੱਟਿਆਂ ਨਾਲ ਅਭਾਵ ਕਰ ਦੇਹ ਅਰ ਆਪਣੇ ਆਪ ਨੂੰ ਅਮਰ ਕਰ ਲੈ। ਤਿਆਰ ਹੋ, ਤੇਰੇ ਲਈ ਅੰਮ੍ਰਿਤ ਤਿਆਰ ਹੈ। ਤੂੰ ਮਰ ਗਈ, ਮਰਨ ਤੋਂ ਪਹਿਲੇ ਮਰ ਗਈ। ਹੁਣ ਅਮਰ ਜੀਵਨ ਲੈ, ਅਮਰ ਹੋ ਕੇ ਤੂੰ ਬਾਕੀ ਉਮਰ ਭੋਗ, ਤੇਰੀ ਪ੍ਰਭੂ ਚਰਨਾਂ ਵਿਚ ਸਮਾਈ।"

ਇਸ ਤੇ ਮਗਰੋਂ ਕੌਤਕਹਾਰ ਸਤਿਗੁਰਾਂ ਨੇ ਖਬਰੇ ਕੀ ਕੀਤਾ, ਕਈ ਪ੍ਰੇਮ ਵਿਚ ਬਿਹਬਲ ਪ੍ਰੇਮੀਆਂ ਦੇ ਟਿਕਾਣੇ ਅੱਪੜੇ। ਇਕ ਇਕ ਨਾਲ ਹਿੱਤ ਵੰਡਿਆ, ਇਕ ਇਕ ਦੀ ਸਾਰ ਲਈ। ਅਣਗਿਣਤ ਪ੍ਰੇਮੀ ਦੇਸ ਪ੍ਰਦੇਸ ਤੋਂ ਆਏ ਹੋਏ ਸੇ, ਪਰ ਖ਼ਬਰੇ ਕੀ ਕਲਾ ਵਰਤੀ ਕਿ ਸਵੇਰੇ ਹਰੇਕ ਪ੍ਰੇਮੀ ਇਹੋ ਕਹਿੰਦਾ ਸੀ : "ਰਾਤੀਂ ਸਤਿਗੁਰਾਂ ਮੈਂ ਨਿਕਾਰੇ ਦੇ ਡੇਰੇ ਆਪ ਚਰਣ ਪਾਏ, ਆਪ ਪੁਛਕੀਤੀ, ਦਰਦ ਵੰਡਿਆ, ਦਿਲਾਸਾ ਦਿੱਤਾ।"

ਦਿਨ ਚੜ੍ਹਿਆ, ਕਿਹੜਾ ? ਪੋਹ ਸੁਦੀ ਸਪਤਮੀ ਦਾ, ਉਹ ਦਿਨ ਕਿ ਜਿਸ ਦਿਨ ਆਪ ਬਾਲਕ ਰੂਪ ਧਾਰ ਕੇ ਪਟਨੇ ਵਿਚ ਪਰਗਟ ਹੋਏ ਸੇ। ਜਿਸ ਦਿਨ ਧਰਤੀ ਦਾ ਦਿਲ ਖਿੜ ਗਿਆ ਸੀ ਕਿ ਪਾਪ ਦਾ ਨਾਸ਼ ਕਰਤਾ ਆ ਗਿਆ ਹੈ। ਹਾਂ ਸਚਮੁਚ ਬਦੀ ਦਾ ਸਰੂਪ ਸਮਝਾਕੇ ਬਦੀ ਦੇ ਤਿਆਗ ਦਾ ਵੱਲ ਸਿਖਾਕੇ ਸ੍ਵੈਸਰੂਪ ਵਿਚ ਇਸਥਿਤ ਕਰਕੇ ਵਾਹਿਗੁਰੂ ਪ੍ਰਾਪਤੀ ਕਰਾ ਕੇ ਉਪਕਾਰ ਕਰਨੇ ਵਾਲਾ ਸੱਚਾ ਗੁਰੂ ਪਹੁੰਚ ਪਿਆ ਸੀ। ਅੱਜ ਪਹੁ ਫੁਟਾਲਾ ਹੋਰ ਹੀ ਖੁਸ਼ੀ ਦੇ ਵੰਨ ਦਾ ਹੈ ਤ੍ਰੇਲ ਦੀ ਫੁਹਾਰ ਸੁਗੰਧੀ ਵਾਲੀ ਹੈ, ਪੌਣ ਦਾ ਰੁਮਕਣਾ ਆਨੰਦ ਦੇ ਹੁਲਾਰੇ ਵਾਲਾ ਹੈ। ਔਹ ਸੂਰਜ ਕਾਹਲੀ ਕਾਹਲੀ ਆ ਰਿਹਾ ਹੈ ਕਿ ਸਪਤਮੀ ਦਾ ਆਨੰਦ ਛੇਤੀ ਵੇਖਾਂ। ਕੈਸਾ ਖ਼ੁਸ਼ ਖਿੜੇ ਮੱਥੇ ਹਸੂੰ ਹਸੂੰ ਕਰਦਾ ਮੰਗਲ ਭਾਵ ਨਾਲ ਡਲ੍ਹਕਦਾ ਉਦੇ ਹੋਇਆ ਹੈ ? ਪੰਛੀ ਕੈਸੇ ਰਾਗ ਗਾਉਂਦੇ ਹਨ ? ਬਨਸਪਤੀ ਕੈਸੀ ਨਿੱਖਰੀ ਹੈ ? ਨਦੀ ਦਾ ਜਲ ਕੈਸਾ ਨਿਰਮਲ ਹੈ ? ਗੁਰੂ ਕੇ ਬਾਗ਼ ਦਾ ਜੋਬਨ ਇਸ ਪਤਝੜ ਦੀ ਰੁੱਤੇ ਕੈਸਾ ਉੱਤਮ ਹੈ ? ਦੂਰ ਦੂਰ ਤੋਂ ਆਕੇ ਲੱਗੇ ਫੁਲ ਬੂਟੇ ਕੈਸੀ ਬਸੰਤ ਦੀ ਬਹਾਰ ਨੂੰ ਮਾਤ ਕਰਵੀਂ ਬਹਾਰ ਦੇ ਰਹੇ ਹਨ ? ਸੂਰਜ ਨੇ ਅੱਖ ਪੱਟੀ ਹੀ ਸੀ ਕਿ ਚੌਹਾਂ ਕਿਲ੍ਹਿਆਂ ਤੋਂ ਪ੍ਰੇਮੀ ਸਿਖਾਂ ਨੇ ਤੋਪਾਂ ਦੀ ਸ਼ਲਕ ਕੀਤੀ। ਨਫੀਰ ਖਾਨਿਆਂ ਵਿਚ ਮੰਗਲ ਤੇ ਮੋਦ ਦੇ ਰਾਗ ਵੱਜਣੇ ਆਰੰਭ ਹੋ ਗਏ। ਆਨੰਦਪੁਰ ਦੀ ਸਾਰੀ ਜੂਹ ਵਿਚ ਅਚਰਜ ਖ਼ੁਸ਼ੀ ਦੀ ਲਹਿਰ ਭਰ ਗਈ। ਕੁੱਲ ਸਿਪਾਹ ਸਨੱਧ ਬੱਧ ਹੋ ਕੇ ਆਪਣੇ ਆਪਣੇ ਜਥੇਦਾਰਾਂ ਦੇ ਮਾਤਹਿਤ, ਮੈਦਾਨ ਵਿਚ, ਗੁਰੂ ਜੀ ਦੀ ਰਚੀ ਕ਼ਵਾਇਦ ਦੇ ਕਾਇਦਿਆਂ ਅਨੁਸਾਰ ਸਫਾਂ ਬੰਨ੍ਹਣ ਲਗ ਪਈ। ਗੁਰੂ ਜੀ ਦੇ ਸਾਹਿਬਜ਼ਾਦੇ ਤੇ ਪੰਜੇ ਪਿਆਰੇ

ਕੈਸੇ ਸਜੇ ਹਨ। ਸ਼ਹਿਰ ਤੋਂ ਲੈ ਕੇ ਬਾਗ਼ ਤਕ ਦੋਹੀਂ ਪਾਸੀਂ ਪੈਦਲਾਂ ਤੇ ਸਵਾਰਾਂ ਦੇ ਸਫੇ ਕੈਸੇ ਸਜੇ ਖੜੇ ਹਨ। ਭਾਈ ਦਇਆ ਸਿੰਘ ਸਬਜ਼ੇ ਘੋੜੇ ਤੇ ਸਵਾਰ ਕਿਸ ਤਰ੍ਹਾਂ ਇੰਤਜ਼ਾਮ ਕਰ ਰਹੇ ਹਨ। ਸਾਹਿਬ ਅਜੀਤ ਸਿੰਘ ਜੀ ਸਾਰੀ ਸਜਾਵਟ ਨੂੰ ਦੇਖਕੇ ਕੈਸੇ ਪ੍ਰਸੰਨ ਹੋਏ ਘੋੜੇ ਦੀਆਂ ਵਾਗਾਂ ਕੱਸ ਰਹੇ ਹਨ, ਜੋ ਲੱਕੇ ਕਬੂਤਰ ਦੀ ਤਰ੍ਹਾਂ ਪਾਇਲਾਂ ਪਾਉਂਦਾ, ਅਠਖੇਲੀਆਂ ਕਰਦਾ, ਲਾਡ ਤੇ ਨਖ਼ਰਿਆਂ ਨਾਲ ਟਾਪ ਟਾਪ ਤੇ ਉਛਲਵੇਂ ਤੇ ਲਿਫਵੇਂ ਵਲ ਫੇਰ ਖਾਂਦਾ ਤੁਰਦਾ ਹੈ। ਬਾਗ਼ ਵਿਚ ਦੇਖੋ ਮਾਲੀਆਂ ਦੀ ਕਾਰੀਗਰੀ ਨੇ ਕੀ ਆਨੰਦ ਦਿਤਾ ਹੈ। ਸਾਵੇ ਸਾਵੇ ਘਾਹ ਦੇ ਮਖ਼ਮਲੀ ਫਰਸ਼ ਪਰ ਕਿਰਮਚੀ ਮਖ਼ਮਲ ਦਾ ਫਰਸ਼, ਜੋ ਸਿੰਧ ਦੇ ਪ੍ਰੇਮੀ ਲਿਆਏ ਸਨ, ਕੈਸਾ ਸਜ ਰਿਹਾ ਹੈ। ਇਸ ਦੇ ਉਪਰ ਜੜਾਊ ਤਖ਼ਤ, ਅਤਲਸ, ਕਮਖ਼ਾਬ ਨਾਲ ਵੇੜ੍ਹਿਆ, ਜੋ ਕਾਬਲ ਦੀ ਸੰਗਤ ਲਿਆਈ ਸੀ, ਕੈਸਾ ਅਨੂਪਮ ਝਲਕ ਰਿਹਾ ਹੈ। ਸੁਨਹਿਰੀ ਛਤਰ ਸਿੰਘ ਦੇ ਹੱਥ ਵਿਚ ਕੈਸਾ ਸ਼ੋਭਾ ਦੇ ਰਿਹਾ ਹੈ। ਜਗਾ ਜਗਾ ਚੋਬਦਾਰ ਖੜੇ ਹਨ। ਇਸ ਵੇਲੇ ਦੀ ਪ੍ਰੇਮ ਨਾਲ ਕੀਤੀ ਹੋਈ ਪ੍ਰੇਮੀਆਂ ਦੀ ਸਜਾਵਟ ਰਜੋਗੁਣੀ ਹੋ ਕੇ ਬੀ ਭਗਤੀ ਭਾਵ ਦੇ ਕਾਰਨ ਸਤੋਗੁਣੀ ਰੰਗ ਝਲਕਾ ਰਹੀ ਹੈ। ਸੂਰਜ ਉੱਚਾ ਹੋ ਆਇਆ, ਕਸ਼ਮੀਰੀ ਤੂਤੀਆਂ ਵਾਲਾ ਵਾਜਾ ਸ਼ੁਰੂ ਹੋਇਆ। ਇਹ ਸੁਣਦੇ ਹੀ ਸੰਗਤਾਂ ਆਉਣੀਆਂ ਸ਼ੁਰੂ ਹੋਈਆਂ। ਮਾਝਾ, ਮਾਲਵਾ, ਧੰਨੀ, ਪੋਠੋਹਾਰ, ਕਾਬਲ, ਬੁਖ਼ਾਰਾ, ਕਸ਼ਮੀਰ, ਸਿੰਧ, ਲਹਿੰਦਾ, ਮੁਲਤਾਨ, ਮੈਨਦਾਬ, ਕੰਢੀ, ਹੇਠਾੜ, ਪੂਰਬ, ਮਧ, ਆਸਾਮ, ਉਜੈਨ ਤੇ ਹੋਰਨਾਂ ਦੇਸ਼ਾਂ ਦੀਆਂ ਸੰਗਤਾਂ ਸੁਥਰੇ ਬਸਤਰਾਂ ਵਿਚ ਸਜੀਆਂ ਸ਼ਬਦ ਪੜ੍ਹਦੀਆਂ ਵਾਰੋ ਵਾਰੀ ਪਹੁੰਚਕੇ ਸਜ ਗਈਆਂ। ਸਭ ਦੇਸ਼ਾਂ ਦੇ ਰਾਗੀਆਂ ਦੇ ਜਥੇ ਸਾਜ਼ ਖੁਹਲ ਕੇ ਮਿਲਕੇ ਬੈਠ ਗਏ। ਮੰਜੀਆਂ ਅਤੇ ਬਖ਼ਸ਼ਿਸ਼ਾਂ ਵਾਲੇ ਤੇ ਮਸੰਦ ਸਾਰੇ ਸਜ ਗਏ। ਅਤੇ ਕਲਗੀਆਂ ਵਾਲੇ ਸਤਿਗੁਰੂ ਗੋਬਿੰਦ ਸਿੰਘ ਜੀ ਘੋੜੇ ਪਰ ਸਵਾਰ ਮਹਲਾਂ ਤੋਂ ਪ੍ਰਗਟ ਹੋਏ। ਕੈਸਾ ਬਾਂਕਾ ਨੀਲਾ ਨੀਲਾ ਘੋੜਾ ਹੈ। ਆਪ ਕੈਸੀ ਸੁੰਦਰ ਰਾਣ ਪਟੜੀ ਜਮਾਏ ਬੈਠੇ ਹਨ, ਕੈਸਾ ਸੁੰਦਰ ਮੁਖੜਾ ਹੈ। ਸਿਧੀ ਦਸਤਾਰ ਤੇ ਜਿਗ੍ਹਾ ਦੇ ਉਪਰ ਸਜੀ ਹੋਈ ਕਲਗ਼ੀ ਕੈਸੀ ਲਗ ਰਹੀ ਹੈ। ਪਤਲਾ ਤੇ ਚੁਸਤ ਸਰੀਰ ਸਨੱਧ ਬੱਧ ਸ਼ਸਤ੍ਰ ਧਾਰੀ, ਘੋੜੇ ਪਰ ਐਸਾ ਸਜ ਰਿਹਾ ਹੈ ਕਿ ਝਾਲ ਨਹੀਂ ਝੱਲੀ ਜਾਂਦੀ। ਆਪ ਦੀ ਸਵਾਰੀ ਦੇ ਨਿਕਲਦੇ ਹੀ ਫੇਰ ਤੋਪਾਂ ਦੀ ਸ਼ਲਕ ਹੋਈ। ਇਸਦੇ ਬਾਦ ਕੁੱਲ ਸੈਨਾਂ ਨੇ ਬੰਦੂਕਾਂ ਦੀ ਸ਼ਲਕ ਨਾਲ ਫਤਹ ਗਜਾਈ। ਹੁਣ ਫੌਜੀ ਬਾਜੇ ਨੇ 'ਹਮ ਘਰਿ ਸਾਜਨ ਆਏ' ਦੀ ਧਾਰਨਾ ਦਾ ਅਲਾਪ ਸ਼ੁਰੂ ਕੀਤਾ। ਸਨੇ ਸਨੇ ਮਹਾਰਾਜ ਜੀ ਬਾਗ਼ ਪਹੁੰਚੇ, ਸਾਰੀ ਸੰਗਤ ਸਿਰ ਨਿਵਾ, ਹੱਥ ਜੋੜਕੇ ਖੜੋ ਗਈ। ਮਹਾਰਾਜ ਜੀ ਇਕ ਦਮ ਘੋੜੇ ਤੋਂ ਉਤਰੇ।

ਇਸ ਵੇਲੇ ਸਾਰੀ ਸੰਗਤ ਨੇ ਗਾਂਵਿਆਂ :-

"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥"

(ਸੂਹੀ:ਮ:੫-੫੪)

ਫੇਰ ਮਹਾਰਾਜ ਜੀ ਸਿੰਘਾਸਨ ਪਰ ਬਿਰਾਜੇ, ਅਰ ਸੰਗਤ ਨੇ ਸੀਸ ਨਿਵਾ ਕੇ ਸ਼ਬਦ ਜੋਟੀਆਂ ਦੇ ਗਾਂਵੇਂ। ਫੇਰ ਸਰਬ ਦੇਸ਼ਾਂ ਦੇ ਰਾਗੀਆਂ ਨੇ ਮਿਲਕੇ ਅਤਿ ਸੁੰਦਰ ਕੀਰਤਨ ਕੀਤਾ। ਇਸਤੋਂ ਮਗਰੋਂ ਹਰੇਕ ਨੇ ਸਪਤਮੀ ਦੀਆਂ ਭੇਟਾਂ ਪੇਸ਼ ਕੀਤੀਆਂ, ਜਿਨ੍ਹਾਂ ਦਾ ਕੁਛ ਵਰਣਨ ਅਸੀਂ ਪਿਛੇ ਕਰ ਆਏ ਹਾਂ। ਇਸ ਵੇਲੇ :-

(੧) ਪਹਿਲੇ ਬੇਦੀ, ਤ੍ਰੇਹਣ, ਭੱਲੇ ਤੇ ਸੋਢੀਆਂ ਦੇ ਵਡਕੇ ਆ ਕੇ ਮਿਲੇ। ਇਨ੍ਹਾਂ ਦੇ ਮਗਰੋਂ ਦਸਾਂ ਹੀ ਸਤਿਗੁਰਾਂ ਦੇ ਵੇਲੇ ਤੋਂ ਬਖ਼ਸ਼ਿਸ਼ਾਂ ਪ੍ਰਾਪਤ ਕਰ ਚੁਕੇ ਗੁਰਸਿਖੀ ਦੇ ਪ੍ਰਚਾਰ ਕਰਨ ਵਾਲੇ ਪੇਸ਼ ਹੋਏ।

(੨) ਬਹੁਤ ਪ੍ਰਾਣੀ ਐਸੇ ਪੇਸ਼ ਹੋਏ, ਜਿਨ੍ਹਾਂ ਨੂੰ ਜਗਾ ਜਗਾ ਤੇ ਉਤਸ਼ਾਹੀ ਸਿੰਘਾਂ ਨੇ ਅਨੇਕ ਦੁਖਾਂ ਤੇ ਪਾਪਾਂ ਤੋਂ ਕੱਢ ਕੇ ਸਚੇ ਅਧਿਕਾਰੀ ਬਣਾ ਕੇ ਅੰਮ੍ਰਿਤ ਛਕਣ ਦੇ ਪਿਆਸੇ ਬਣਾਇਆ ਸੀ।

(੩) ਅਨਗਿਣਤ ਬਸਤ੍ਰ ਗਰਮ, ਠੰਢੇ, ਰੇਸ਼ਮੀ, ਅਤਲਸੀ ਦੇ ਪੇਸ਼ ਹੋਏ ਜੋ ਪ੍ਰੇਮੀਆਂ ਨੇ ਆਪਣੇ ਹੱਥੀਂ ਇਸ ਮੌਕੇ ਲਈ ਧੰਨਭਾਗ ਜਾਣਕੇ ਤਿਆਰ ਕੀਤੇ ਸੇ, ਕਿ ਮਹਾਰਾਜ ਜੀ ਆਪਣੇ ਹੱਥੀਂ ਲੋੜਵੰਦਾਂ ਨੂੰ ਦੇਣ।

(੪) ਅਨਗਿਣਤ ਗੁਟਕੇ ਜਪੁ ਆਦਿ ਬਾਣੀਆਂ ਦੇ 'ਪੰਜ ਗ੍ਰੰਥੀ' ਦੀਆਂ ਪੋਥੀਆਂ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਪ੍ਰੇਮੀਆਂ ਨੇ ਇਸ ਪ੍ਰੇਮ ਵਿਚ ਆਪ ਲਿਖ ਕੇ ਆਂਦੇ ਸੇ ਕਿ ਸਤਿਗੁਰ ਜੀ ਯੋਗ ਅਸਥਾਨੀ ਇਨ੍ਹਾਂ ਦਾ ਬਿਰਾਜਣਾ ਕਰਾਕੇ ਜੀਵਾਂ ਦੀ

ਕਲਿਆਨ ਕਰਨਗੇ।

(੫) ਫੇਰ ਉਹ ਫ਼ਹਿਰਿਸਤ ਪੇਸ਼ ਹੋਈ ਜਿਸ ਵਿਚ ਦੇਸ਼ ਦੇਸ਼ ਤੇ ਪਿੰਡਾਂ ਦੇ ਕਾਰਜਾਂ ਦਾ ਵਰਣਨ ਸੀ ਕਿ ਲੰਗੇ, ਲੂਹਲੇ, ਅਨ੍ਹੇ ਰੋਗੀ ਆਦਿ ਅਪਾਹਜਾਂ ਵਿਚ ਸਿਖੀ ਪਰਚਾਰ ਕੀਤੇ ਤੇ ਉਨ੍ਹਾਂ ਵਾਸਤੇ ਸਿੱਖਾਂ ਸੰਗਤਾਂ ਨੇ ਇਹ ਉਪਰਾਲੇ ਕੀਤੇ।

(੬) ਫੇਰ ਮਹਾਰਾਜ ਜੀ ਦੀ ਸੈਨਾਂ ਲਈ ਦੇਸ਼ ਦੇਸ਼ ਦੇ ਘੋੜੇ ਪੇਸ਼ ਹੋਏ।

(੭) ਦੇਸ਼ ਦੇਸ਼ ਦੇ ਕਾਰੀਗਰ, ਤਲਵਾਰਾਂ, ਬੰਦੂਕਾਂ ਤੇ ਹੋਰ ਸ਼ਸਤ੍ਰ, ਜੋ ਤਿਆਰ ਕਰਕੇ ਲਿਆਏ, ਪੇਸ਼ ਹੋਏ।

(੮) ਫੇਰ ਦਸਵੰਧ ਆਦਿ ਭੇਟਾਂ ਦੀ ਦਰਬ ਪੇਸ਼ ਹੋਈ ਜੋ ਪ੍ਰੇਮੀ ਆਪ ਲਿਆਏ ਸੇ।

(੯) ਅਨਾਥ ਬਾਲਕ ਪੇਸ਼ ਹੋਏ, ਜੋ ਸਿੰਘਾਂ ਨੇ ਘਰੀਂ ਪਾਲੇ ਸੇ ਤੇ ਹੁਣ ਗੁਰੂ ਸੇਵਾ ਲਈ ਹਾਜ਼ਰ ਕੀਤੇ।

(੧੦) ਅਨੇਕ ਪ੍ਰੇਮੀਆਂ ਨੇ ਆਪਣੇ ਪੁਤ੍ਰ ਗੁਰੂ ਕੀ ਸੈਨਾਂ ਵਿਚ ਸੇਵਾ ਵਾਸਤੇ ਅਰਪਨ ਕੀਤੇ।

(੧੧) ਫੇਰ ਧਰਮ ਦੇ ਪ੍ਰਚਾਰ ਕਰਨ ਵਾਲੇ ਪ੍ਰੇਮੀਆਂ ਨੇ ਆਪਣੇ ਕਾਰਜਾਂ ਦੇ ਹਾਲ ਸੁਣਾਏ।

੧੨) ਇਸ ਤੋਂ ਉਪਰੰਤ ਕਵੀਆਂ ਨੇ ਆਪੋ ਆਪਣੀ ਰਚਿਤ ਕਵਿਤਾ, ਜੋ ਅਨੇਕ ਛੰਦਾਂ ਵਿਚ ਅਤੀ ਅਨਿੰਨਜ ਭਗਤੀ ਦੇ ਰਸ ਵਿਚ ਗੁੱਧੀ ਹੋਈ ਬਣਾਈ ਸੀ, ਹਾਜ਼ਰ ਕੀਤੀ ਅਤੇ ਵਾਰੋ ਵਾਰੀ ਪੜ੍ਹਕੇ ਸੁਣਾਈ। ਏਸੇ ਵੇਲੇ ਮਾਈ ਤ੍ਰਿਯੰਬਕਾ ਬਾਈ ਦੀ ਰਚਨਾ ਬੀ ਪੇਸ਼ ਹੋਈ[1], ਜਿਸ ਨੂੰ ਸੁਣ ਕੇ ਸਾਰੇ ਦੀਵਾਨ ਨੂੰ ਪੁਲਕਾਵਲੀ ਆ ਗਈ ਅਤੇ 'ਧੰਨ ਬਾਈ' ਦੀ ਗੂੰਜ ਖੂਬ ਗੂੰਜੀ। ਇਨ੍ਹਾਂ ਸਭਨਾਂ ਅਨੋਖੀਆਂ ਸੁਗਾਤਾਂ ਦੀ ਸੰਭਾਲ ਹੋਈ। ਪਰ ਸਭ ਤੋਂ ਪਹਿਲਾਂ ਆਪ ਦੀ ਆਗਜਾ ਪਾਕੇ ਭਾਈ ਮੁਹਕਮ ਸਿੰਘ ਜੀ ਨੇ ਦੀਵਾਨ ਵਿਚ ਸੁਣਾ ਦਿੱਤਾ: "ਅਸੀਂ ਇਕ ਪਰਿਵਾਰ ਹਾਂ, ਆਪਣੇ ਪ੍ਰਤੱਖ ਬੈਠੇ ਪਿਤਾ ਦੇ ਪੁੱਤ੍ਰ ਹਾਂ। ਇਸ ਪਿਆਰ ਦੇ ਹੱਕ ਨਾਲ ਅਸੀਂ ਇਕ ਹੋਏ ਹਾਂ, ਇਸ ਵੇਲੇ ਸਾਡੇ ਵਿਚ ਐਸਾ ਇਕ ਬੀ ਨਾ ਹੋਵੇ ਜੋ ਦੂਸਰੇ ਨਾਲੋਂ ਕਿਸੇ ਭਾਵ ਵਿਚ ਵਖੇਵੇਂ ਵਿਚ ਹੋਵੇ। ਜੇ ਕੋਈ ਭਰਾ ਆਪਣੇ ਭਰਾ ਨਾਲ ਕਿਸੇ ਗੱਲੇ ਉਦਾਸੀ, ਰੰਜ ਗੁੱਸੇ ਵਿਚ ਹੋਵੇ ਤਾਂ ਉਸ ਪਾਸ ਆ ਕੇ ਖੜੋ ਜਾਵੇ ਤੇ ਪਿਆਰ ਦਾਨ ਮੰਗੇ। ਦਿਲ ਅਕਾਲ ਪੁਰਖ ਦਾ ਮੰਦਰ ਹੈ, ਕ੍ਰੋਧ ਚੰਡਾਲ ਨੂੰ ਜਾਂ ਈਰਖਾ ਡਾਇਣ ਨੂੰ ਇਸ ਵਿਚ ਵੜਣ ਨਹੀਂ ਦੇਣਾ। ਜੇ ਕਿਸੇ ਤੋਂ ਇਹ ਉਕਾਈ ਹੋ ਰਹੀ ਹੈ ਤਾਂ ਉਹ ਕ੍ਰਿਪਾ ਕਰਕੇ ਸਚੋ ਸੱਚ ਹਾਲ ਬੇਨਤੀ ਕਰ ਦੇਣ, ਤਾਂ ਜੋ ਸਚੇ ਪਾਤਸ਼ਾਹ ਦੇ ਹਜ਼ੂਰ ਆਪਸ ਵਿਚ ਖਿਮਾਂ ਤੇ ਪਿਆਰ ਹੋ ਜਾਵੇ। ਭਾਈ ਸਾਹਿਬ ਦੀ ਇਹ ਪੁਕਾਰ ਸੁਣ ਕੇ ਕੌਣ ਉੱਠੇ ? ਕਿਉਂਕਿ ਸਾਰੇ ਹੀ ਸਚੇ ਭ੍ਰਾਤਾ ਸੇ। ਜਿਨ੍ਹਾਂ ਦੇ ਰੰਜ ਸੇ ਬੀ, ਉਹ ਘਰਾਂ ਤੋਂ ਤੁਰਨ ਲੱਗੇ ਹੀ ਆਪਸ ਵਿਚ ਸੁਲਹ ਸਫਾਈਆਂ ਕਰਕੇ ਤੁਰੇ ਸੇ, ਕਿਉਂਕਿ ਸਿਖਾਂ ਵਿਚ ਤਦੋਂ ਇਹ ਭਰੋਸਾ ਸੀ ਕਿ ਹਿਰਦੇ ਵਿਚ ਵੈਰ ਨੂੰ ਲੈ ਕੇ ਗੁਰ-ਦਰਸ਼ਨ ਅਥਵਾ ਗੁਰਦੁਆਰੇ ਦੇ ਦਰਸ਼ਨ ਨੂੰ ਗਿਆਂ ਲਾਭ ਦੀ ਥਾਂ ਹਾਨੀ ਹੁੰਦੀ ਹੈ। ਪਰ ਬੀਜ ਨਾਸ਼ ਕਿਸੇ ਸ਼ੈ ਦਾ ਨਹੀਂ, ਇਕ ਸਿੰਘ ਧੰਮੋਵਾਲ ਦਾ ਉੱਠਿਆ, ਗਲ ਵਿਚ ਪੱਲਾ ਪਾ ਕੇ ਬੇਨਤੀ ਕਰਨ ਲੱਗਾ ਕਿ "ਹੇ ਦੀਨਾਂ ਬੰਧੂ ! ਮੇਰਾ ਕਿਸੇ ਨਾਲ ਵੈਰ ਨਹੀਂ ਹੈ, ਪਰ ਹੁਣ ਹੁਕਮ ਸੁਣਕੇ ਚੇਤਾ ਆ ਗਿਆ ਹੈ ਕਿ ਮੈਂ ਆਪਣੇ ਇਕ ਪੱਤੀ—ਵਾਲ ਨਾਲ ਖੂਹ ਦਾ ਪਾਣੀ ਲਾਉਣੋਂ ਲੜ ਪਿਆ ਸਾਂ"। ਉਹ ਸਿੰਘ ਬੀ ਹਾਜ਼ਰ ਸੀ। ਦੁਹਾਂ ਨੂੰ ਆਪੋ ਵਿਚ ਜੱਫੀਆਂ ਪੁਆ ਕੇ ਇਕ ਕਰਾ ਦਿੱਤਾ ਗਿਆ। ਇਸ ਪ੍ਰਕਾਰ ਇਕ ਦੋ ਹੋਰ ਸਿੰਘ ਨਿਕਲੇ। ਜਦ ਖਿਮਾਂ ਖਿਮਾਉਣੀ ਹੋ ਚੁੱਕੀ, ਪਿਆਰ ਦੇ ਸੋਮੇਂ ਫੇਰ ਫੁਟ ਆਏ ਤਦ ਮਹਾਰਾਜ ਜੀ ਨੇ ਆਪਣੇ ਮੁਖਾਰਬਿੰਦ ਥੀਂ ਕਿਹਾ: "ਧੰਨ ਸਿੱਖੀ, ਧੰਨ ਸਿੱਖੀ, ਧੰਨ ਸਿੱਖੀ।"

ਫੇਰ ਉਪਰ ਲਿਖੇ ਕ੍ਰਮ ਅਨੁਸਾਰ ਸੰਭਾਲ ਸ਼ੁਰੂ ਹੋਈ :-

(੧) ਅੰਮ੍ਰਿਤ ਛਕਾਉਣ ਵਾਲੇ ਜਥਿਆਂ ਨੂੰ ਹੁਕਮ ਹੋਇਆ ਕਿ ਅੰਮ੍ਰਿਤ ਤਿਆਰ ਕਰਨ। ਇਹ ਜਥੇ ਇਤਨੇ ਸੇ ਕਿ ਇਤਨੇ ਸਿੰਘਾਂ ਨੂੰ ਢਾਈ ਘੰਟੇ ਵਿਚ ਉਹ ਦੈਵੀ ਅੰਮ੍ਰਿਤ ਛਕਾ ਦਿਤਾ ਗਿਆ ਕਿ ਜਿਸ ਦੈਵੀ ਦਾਤ ਨੂੰ ਪਾ ਕੇ ਸਾਰੇ ਸਚੇ ਤੇ ਤਿਆਰ ਬਰ ਤਿਆਰ ਸਿੰਘ ਹੋ ਗਏ।

(੨) ਇਕ ਪਾਸੇ ਤਾਂ ਇਹ ਕਾਰਜ ਹੁੰਦਾ ਰਿਹਾ, ਉਧਰ ਮਹਾਰਾਜ ਜੀ ਨੇ ਬਖ਼ਸ਼ਿਸ਼ਾਂ ਵਾਲਿਆਂ ਤੇ ਲੋੜਵੰਦਾਂ ਤੇ ਹੋਰਨਾਂ ਅਧਿਕਾਰੀ ਸਿੰਘਾਂ ਨੂੰ ਯਥਾ ਅਧਿਕਾਰ

1. ਇਹ ਰਚਨਾਂ ਅਜੇ ਮਿਲੀ ਨਹੀਂ। ਉੱਪਰ ਜੋ ਛੰਦ ਆਏ ਹਨ ਇਸਦੇ ਹਿਰਦੇ ਦੇ ਭਾਵਾਂ ਨੂੰ ਖਜਾਲਕੇ ਸ੍ਰੀ ਮਾਨ ਡਾ: ਚਰਨ ਸਿੰਘ ਜੀ ਨੇ ਬ੍ਰਿਜ ਬੋਲੀ ਵਿਚ ਰਚਕੇ ਦਿੱਤੇ ਸਨ।

ਸਿਰੋ-ਪਾਉ ਪ੍ਰਦਾਨ ਕੀਤੇ। ਇਨ੍ਹਾਂ ਖਾਸਤਰਾਂ ਵਿਚ ਵਡੀ ਮਾਤਾ ਗੁਜਰੀ ਜੀ ਤੇ ਮਾਤਾ ਸੁੰਦਰੀ ਜੀ ਦੇ ਆਪਣੇ ਹੱਥਾਂ ਦੇ ਤਿਆਰ ਕੀਤੇ ਹੋਏ ਖਸਤ੍ਰ ਬੀ ਸਨ।

(੪) ਫੇਰ ਗੁਰਬਾਣੀ ਦੇ ਗੁਟਕੇ ਅਧਿਕਾਰੀਆਂ ਵਿਚ ਤੇ ਲੋੜੀਂਦੀਆਂ ਧਰਮਸਾਲਾਂ ਗੁਰਦਵਾਰਿਆਂ ਲਈ ਵੰਡੇ ਗਏ। ਇਨ੍ਹਾਂ ਵਿਚ ਇਕ ਗੁਟਕਾ ਨਿੱਤਨੇਮ ਦਾ ਮਹਾਰਾਜ ਜੀ ਦੇ ਆਪਣੇ ਗਾਤ੍ਰੇ ਦਾ ਬੀ ਸੀ, ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਯੋਗ ਅਸਥਾਨੀ ਬਿਰਾਜਮਾਨ ਕਰਾਉਣ ਦੀ ਆਗਿਆ ਦਿੱਤੀ ਗਈ।

(੬) ਘੋੜੇ ਸੈਨਾਂ ਵਿਚ ਯਥਾਯੋਗ ਸਿੰਘਾਂ ਅਤੇ ਜਥੇਦਾਰਾਂ ਨੂੰ ਬਖ਼ਸ਼ੇ ਗਏ।

(੭) ਇਸ ਪ੍ਰਕਾਰ ਸ਼ਸਤ੍ਰ ਵੀ ਵੰਡੇ ਗਏ ਤੇ ਬਾਕੀ ਸਿਲਹਖਾਨੇ ਵਿਚ ਸਾਂਭੇ ਗਏ।

(੩ ਤੇ ੮) ਪਦਾਰਥ ਸਾਰੇ ਦੀ ਵੰਡ ਉਸੇ ਵੇਲੇ ਸ੍ਰੀ ਗੁਰੂ ਜੀ ਨੇ ਕਰ ਦਿੱਤੀ। ਫੌਜਾਂ ਵਾਸਤੇ ਖਾਸ ਰਕਮ, ਇਮਾਰਤਾਂ, ਖੂਹਾਂ, ਤਲਾਵਾਂ, ਬਾਉਲੀਆਂ, ਬਾਗਾਂ, ਗੁਰਦਵਾਰਿਆਂ ਵਾਸਤੇ ਖਾਸ ਰਕਮ, ਲੋੜਵੰਦਾਂ ਵਾਸਤੇ ਖਾਸ। ਇਸ ਪ੍ਰਕਾਰ ਮੁਨਸ਼ੀ ਸਿੰਘ ਜੋਗ ਉਸੇ ਵਕਤ ਵੰਡ ਕਰਾਕੇ ਖ਼ਜ਼ਾਨੇ ਦਾਖਲ ਕਰ ਦਿੱਤੀ।

(੯) ਜੁਆਨਾਂ ਨੂੰ ਉਹਨਾਂ ਦੀ ਯਾਚਨਾ ਅਨੁਸਾਰ ਅੰਮ੍ਰਿਤ ਛਕਣ ਮਗਰੋਂ ਫੌਜ ਵਿਚ ਦਾਖਲ ਕੀਤਾ ਗਿਆ। ਜੋ ਵਿਦਿਆ ਦੇ ਚਾਹਵਾਨ ਸੇ ਸੋ ਗਿਆਨੀ ਜਥੇ ਦੇ ਸਪੁਰਦ ਹੋਏ।

(੧੦) ਇਨ੍ਹਾਂ ਸਿਦਕੀਆਂ ਨੂੰ ਬੀ ਯਾਚਨਾ ਅਨੁਸਾਰ ਸੇਵਾ ਅਧਿਕਾਰ ਬਖਸ਼ੇ।

(੫,੧੧,ਤੇ੧੨) ਸਭ ਨੂੰ ਮਹਾਰਾਜ ਜੀ ਨੇ ਅਸੀਸਾਂ ਤੇ ਵਰ ਯਥਾ ਅਧਿਕਾਰ ਬਖਸ਼ੇ। ਇਸਤੋਂ ਬਾਦ ਇਨ੍ਹਾਂ ਸਭਨਾਂ ਤੇ ਦੇਸ਼ ਦੇਸ਼ ਦੀਆਂ ਸੰਗਤਾਂ ਤੇ ਮੋਹਰੀਆਂ ਅਰ ਅਧਿਕਾਰੀਆਂ ਨੂੰ ਆਪਣੇ ਹਥੀਂ ਸਿਰੋ ਪਾਉ ਬਖ਼ਸ਼ੇ।

ਜਦ ਇਹ ਕਾਰਜ ਹੋ ਚੁਕੇ ਤਦ ਮਾਈਆਂ ਦੇ ਸਾਰੇ ਦੀਵਾਨ ਨੇ ਆਨੰਦਮਈ ਸ਼ਬਦ ਉਚਾਰਨ ਕੀਤੇ।

ਇਸਤੋਂ ਪਿਛੋਂ ਸ੍ਰੀ ਕਲਗੀਧਰ ਜੀ ਨੇ ਆਪਣੇ ਤਖ਼ਤ ਪਰ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਭੋਗ ਪਾਇਆ, ਇਹ ਪਾਠ ਮਾਤਾ ਗੁਜਰੀ ਜੀ ਨੇ ਆਪਣੇ ਸਪੁਤ੍ਰ ਦੇ ਅਵਤਾਰ ਧਾਰਨ ਦੀ ਖੁਸ਼ੀ ਲਈ ਆਪ ਤਿਆਰ ਕੀਤਾ ਸੀ। ਭੋਗ ਤੋਂ ਪਿਛੋਂ ਜਪੁਜੀ ਸਾਹਿਬ ਦਾ ਪਾਠ ਹੋਕੇ, ਆਰਤੀ ਆਨੰਦ ਦੇ ਮਗਰੋਂ ਕੜਾਹ ਪ੍ਰਸ਼ਾਦ ਦੀ ਅਰਦਾਸ ਹੋਈ ਤੇ ਕੜਾਹ ਪ੍ਰਸ਼ਾਦ ਵਰਤਿਆ। ਨਾਲ ਨਾਲ ਸੰਗਤ ਜੋਟੀਆਂ ਦੇ ਸ਼ਬਦ ਪੜ੍ਹਦੀ ਰਹੀ।

ਇਸ ਤੋਂ ਬਾਅਦ ਦੀਵਾਨ ਵਿਸਰਜਨ ਹੋਇਆ। ਸੰਗਤਾਂ ਪ੍ਰਸ਼ਾਦ ਛਕ ਕੇ ਆਰਾਮ ਕਰਕੇ ਲੌਢੇ ਪਹਿਰ ਇਕ ਮੈਦਾਨ ਵਿਚ ਇਕੱਤ੍ਰ ਹੋਈਆਂ। ਪਹਿਲੇ ਖਿੱਦੋ ਪੱਟੀ, ਖਿਦੋ ਖੂੰਡੀ, ਚੌਗਾਨ ਦੀ ਖੇਡ, ਗੱਤਕੇ ਬਾਜ਼ੀ, ਨੇਜ਼ਾ ਬਾਜ਼ੀ, ਤੀਰੰਦਾਜ਼ੀ, ਕੁਸ਼ਤੀਆਂ, ਸੌਂਚੀ ਆਦਿ ਖੇਡਾਂ ਹੋਈਆਂ। ਇਸ ਤੋਂ ਬਾਦ ਸਾਰੀ ਸੈਨਾਂ ਦੇ ਦੋ ਧੜੇ ਕਰਕੇ ਹੱਲਾ ਹੋਇਆ ਅਰ ਬਨਾਵਟੀ ਜੁੱਧ ਮੱਚਿਆ। ਇਨ੍ਹਾਂ ਉਤਸ਼ਾਹੀ ਕਾਰਜਾਂ ਵਿਚ ਸੰਝ ਆ ਗਈ, ਫੇਰ ਸੰਗਤਾਂ ਡੇਰੇ ਆਈਆਂ, ਰਹਿਰਾਸ ਦੇ ਮਗਰੋਂ ਪ੍ਰਸ਼ਾਦਿ ਛਕ ਕੇ ਦੀਪ ਮਾਲਾ ਹੋਈ ਅਰ ਆਤਸ਼ਬਾਜ਼ੀ ਚੱਲੀ। ਫੇਰ ਸੰਗਤਾਂ ਨੇ ਆਪਣੇ ਆਪਣੇ ਡੇਰੇ ਸਾਰੀ ਰਾਤ ਅਖੰਡ ਕੀਰਤਨ ਕੀਤੇ, ਦੂਸਰੇ ਦਿਨ ਵਡੇ ਦੀਵਾਨ-ਘਰ ਵਿਚ ਅਖੰਡ ਪਾਠ ਜੀ ਦਾ ਭੋਗ ਪਿਆ।

ਜਿਨ੍ਹਾਂ ਪ੍ਰੇਮੀਆਂ ਦੇ ਹਾਲ ਪਿੱਛੇ ਕਹਿੰਦੇ ਆਏ ਹਾਂ, ਸਾਰੇ ਅੰਮ੍ਰਿਤ ਛਕ ਕੇ ਪਾਰਗਿਰਾਮੀ ਹੋਏ। ਹਕੀਮ ਸਾਹਿਬ ਦਾ ਨਾਮ ਦੁਸ਼ਟ ਦਮਨ ਸਿੰਘ ਰੱਖਿਆ ਗਿਆ, ਇਸ ਨੇ ਮਹਾਰਾਜ ਜੀ ਦੇ ਘੋੜਿਆਂ ਦੇ ਅਸਤਬਲ ਦੇ ਪ੍ਰਬੰਧ ਦੀ ਸੇਵਾ ਲਈ ਤੇ ਪਿੱਛੇ ਜਾਣਾ ਭੁਲਾ ਦਿੱਤਾ। ਨੌਕਰੀ ਛੋੜ ਦਿੱਤੀ, ਬਾਕੀ ਦਿਨ ਭਜਨ, ਸਿਮਰਨ, ਉਪਕਾਰ ਤੇ ਘੋੜਿਆਂ ਦੀ ਪ੍ਰੀਤ ਵਾਲੀ ਸੇਵਾ ਵਿਚ ਨਿਬਾਹੇ। ਇਹ ਸਿੰਘ ਗੁਰ ਚਰਨਾਂ ਦਾ ਐਸਾ ਅਨਿੰਨ ਪ੍ਰੇਮੀ ਸੀ ਕਿ ਮਹਾਰਾਜ ਜੀ ਦੇ ਸਵਾਰੀ ਦੇ ਘੋੜਿਆਂ ਤਕ ਤੋਂ ਬਲਿਹਾਰੇ ਜਾਂਦਾ। ਜਦ ਕੋਈ ਘੋੜਾ ਸਵਾਰੀ ਦੇ ਕੇ ਮੁੜਦਾ ਤਦ ਰੋਮਾਂਚ ਹੋ ਜਾਂਦਾ, ਨੇਤ੍ਰ ਜਲ ਭਰਦੇ ਕਿ ਹੇ ਜੀਵ ਧੰਨ ਤੂੰ ਹੈਂ ਜੋ ਮਹਾਰਾਜ ਜੀ ਦੀ ਸਵਾਰੀ ਦੇ ਕੇ ਕ੍ਰਿਤਾਰਥ ਹੁੰਦਾ ਹੈਂ। ਸ਼ੁਕਰ ਹੈ, ਮੇਰੇ ਜਿਹੇ ਪਤਿਤ ਨੂੰ ਸਤਿਗੁਰ ਨੇ ਲੜ ਲਾਕੇ ਐਸੀ ਉੱਚੀ ਸੇਵਾ ਬਖਸ਼ੀ ਹੈ। ਗੁਲਾਬੇ ਅੰਮ੍ਰਿਤ ਛਕ ਕੇ ਹੀਰਾ ਸਿੰਘ ਤੇ ਹਰਵੰਤ ਕੌਰ ਬਣੇ ਅਰ ਭਾਈ ਕੇਸਰਾ ਸਿੰਘ ਜੀ ਦੇ ਨਾਲ ਰਹਿਕੇ ਬਾਗ਼ ਦੀ ਬਾਗ਼ਬਾਨੀ ਹੀ ਕਰਦੇ ਰਹੇ। ਤ੍ਰਿਯੰਬਕਾ ਬਾਈ ਪੁਤ੍ਰ ਸਣੇ ਅਨਾਥ ਬਾਲਕਾਂ ਦੀ ਸੇਵਾ ਵਿਚ ਲਾਈ ਗਈ, ਇਨ੍ਹਾਂ ਦਾ ਨਾਮ ਸੇਉਤੀ ਕੌਰ ਰਖਿਆ ਗਿਆ।

ਪੁੱਤ੍ਰ ਇਨ੍ਹਾਂ ਦਾ ਕਾਂਸ਼ੀ ਜਿਤ ਸਿੰਘ ਤਕੜਾ ਸਿੰਘ ਹੋਇਆ ਅਰ ਘੱਲੂਘਾਰੇ ਵਿਚ ਸ਼ਹਾਦਤ ਦੀ ਪਦਵੀ ਨੂੰ ਪਹੁੰਚਾ। ਇਸ ਪਰਕਾਰ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ" ਵਾਲਾ ਬਿਰਦ ਆਪਣੇ ਕਾਰਜ ਕਰਦਾ ਰਿਹਾ।

ਜਿੱਕੁਰ ਲੀਕ ਵਾਹ ਕੇ ਨਕਸ਼ੇ ਵਾਲੇ ਗਿੱਠ ਥਾਂ ਵਿਚ ਦੋ ਦੋ ਹਜ਼ਾਰ ਮੀਲ ਲੰਮੇ ਦਰਯਾ ਦਾ ਖ਼ਾਕਾ ਖਿੱਚ ਦੱਸਦੇ ਹਨ, ਨਕਸ਼ੇ ਦੀ ਲੀਕ ਵਿਚ ਨਾ ਜਲ ਹੁੰਦਾ ਹੈ ਨਾ ਜਲ ਪਰਵਾਹ, ਪਰ ਦੇਖਣ ਵਾਲੇ ਵਿੰਗੀ ਟੇਢੀ ਲੀਕ ਤੋਂ ਹੀ ਜਲ, ਜਲ ਦਾ ਪ੍ਰਵਾਹ ਤੇ ਜਲ ਦੇ ਗੁਣ ਅਨੁਭਵ ਕਰ ਲੈਂਦੇ ਹਨ, ਤਿਵੇਂ ਆਸ ਹੈ ਕਿ ਨੈਣਾਂ ਵਾਲੇ ਉੱਪਰਲੀਆਂ ਸਤਰਾਂ ਤੋਂ ਸਤਿਗੁਰ ਦੇ ਮੁਕਤ ਭੁਗਤ ਦਾਤੇ ਕੌਤਕਾਂ, ਸ਼ਾਂਤਿ ਮਯ ਸਮਾਗਮਾਂ ਤੇ ਪ੍ਰੇਮੀ ਸਿਖਾਂ ਦੇ ਪਜਾਰ ਵਲਵਲਿਆਂ ਵਾਲੇ ਗੁਰਪੁਰਬਾਂ ਨੂੰ ਅਨੁਭਵ ਕਰ ਲੈਣਗੇ।

ਸੂਚਨਾ—ਇਸ ਮੌਕੇ ਦੇ ਕੁਛ ਪ੍ਰਸੰਗ ਹੋਰ ਹਨ:—

## ੨੭. ਦੀਪ ਕੌਰ[1]।

**ਮਾਝੇ** ਦੀ ਸੰਗਤ ਨੇ ਅਰਦਾਸ ਕੀਤੀ, "ਹੇ ਕਲਗੀਆਂ ਵਾਲੇ ਸਤਿਗੁਰ ! ਇਹ ਮਾਈ ਦੀਪ ਕੌਰ ਆਪ ਦੀ ਅੰਮ੍ਰਿਤ ਧਾਰੀ ਹੈ, ਜਦ ਅਸੀਂ ਤਲਬਣ ਪਿੰਡ ਖੂਹ ਤੇ ਜਲ ਛਕ ਰਹੇ ਸਾਂ ਤਾਂ ਇਹ ਕੁਝ ਵਾਟ ਅੱਗੇ ਨਿਕਲ ਆਈ। ਇਕੱਲੀ ਵੇਖਕੇ ਚਾਰ ਤੁਰਕਾਂ ਨੇ ਘੇਰ ਲਈ, ਇਸ ਨੇ ਕੰਗਣ ਲਾਹਕੇ ਸੁੱਟਿਆ। ਜਦ ਇਕ ਤੁਰਕ ਕੰਗਣ ਚੁੱਕਣ ਲੱਗਾ ਤਾਂ ਇਸ ਨੇ ਧੂਹਕੇ ਤਲਵਾਰ ਚਲਾਈ, ਉਹ ਘਾਇਲ ਹੋ ਢੱਠਾ। ਬਾਕੀ ਦੇ ਘਬਰਾ ਕੇ ਸ਼ਸਤ੍ਰ ਸੰਭਾਲਣ ਲੱਗੇ ਤਾਂ ਇਸ ਨੇ ਨਿਰਭੈ ਹੋ ਐਸੀ ਤਲਵਾਰ ਮਾਰੀ ਕਿ ਵਾਰੋ ਵਾਰੀ ਦੋ ਡੇਗ ਲਏ, ਚੌਥੇ ਨੂੰ ਜ਼ਖਮੀ ਕਰਕੇ ਉਸ ਉਤੇ ਚੜ੍ਹ ਬੈਠੀ ਅਰ ਤਲਵਾਰ ਸੀਨੇ ਖੋਭ ਰਹੀ ਸੀ ਕਿ ਅਸੀਂ ਪੁੱਜ ਪਏ। ਚਾਰੇ ਪਾਪੀ ਮਰ ਚੁਕੇ ਸਨ।[2] ਅਸੀਂ ਜਲਦੀ ਨਾਲ ਉਥੋਂ ਬੀਬੀ ਨੂੰ ਨਾਲ ਲੈਕੇ ਨਿਕਲੇ ਤੇ ਰਸਤਾ ਛੱਡਕੇ ਕੁਰਾਹੋਂ ਟੁਰਦੇ ਏਥੇ ਆ ਪੁੱਜੇ ਹਾਂ। ਹੁਣ ਕਈ ਸਾਡੇ ਸਾਥੀ ਭਰਮ ਕਰਦੇ ਹਨ ਕਿ ਬੀਬੀ ਨੇ ਹਤਯਾ ਕੀਤੀ ਹੈ ਤੇ ਬੀਬੀ ਤੁਰਕ ਨਾਲ ਛੁਹਕੇ ਭਿੱਟੀ ਗਈ ਹੈ।"

ਸਤਿਗੁਰ ਜੀ ਨੇ ਹੱਸ ਕੇ ਕਿਹਾ : "ਇਸ ਨੇ ਤਾਂ ਆਪਣੇ ਧਰਮ ਅਤੇ ਆਪਣੀ ਜਾਨ ਦੀ ਰਖਯਾ ਕੀਤੀ ਹੈ। ਬੀਬੀ ਸੂਰਬੀਰ ਸਿੰਘਣੀ ਪੰਥ ਦੀ ਪੁੱਤ੍ਰੀ ਹੈ। ਇਹ ਨਹੀਂ ਭਿੱਟੀ, ਅਛੂਤ ਜਾਤੀਆਂ ਇਸ ਦੇ ਚਰਨਾਂ ਨੂੰ ਛੂਹਕੇ ਪਾਵਨ ਹੋਣਗੀਆਂ। ਇਸਦਾ ਨਾਮ ਬੀਰਾਂ ਦੀ ਸ਼ਰੇਣੀ ਵਿਚ ਰਹੇਗਾ ਤੇ ਪਵਿਤ੍ਰ ਪਾਵਨ ਸਦਾਏਗੀ। ਤੁਸੀਂ ਸਾਰੇ ਅੰਮ੍ਰਿਤ ਛਕੋ ਜੋ ਭਰਮ ਭੈ ਦੂਰ ਹੋਵੇ ਤੇ ਸ਼ੇਰ-ਪੁੱਤ੍ਰ ਬਣ ਜਾਓ।" ਉਸੀ ਦਿਨ ਸਾਰੀ ਸੰਗਤ ਨੇ ਅੰਮ੍ਰਿਤ ਛਕਿਆ।

## ੨੮. ਹਾਇ ! ਨਾ ਤੋੜ।[3]

੧.

**ਇਕ** 'ਦੇਊ' ਨਾਮੇ ਸਿਖ ਹੁਸ਼ਿਆਰ ਪੁਰੇ ਵਿਚ ਰਹਿੰਦਾ ਸੀ। ਇਕ ਅਮੀਰ ਦੇ ਬਾਗ਼ ਵਿਚ ਵੱਡਾ ਮਾਲੀ ਸੀ। ਇਸਦੀ ਤਾਬਿਆ ਅਰਾਈਂ, ਕੰਬੋ, ਜੱਟ, ਅਨੇਕ ਜਾਤਾਂ ਦੇ ਕਾਮੇ ਨੌਕਰ ਸੇ, ਜਿਨ੍ਹਾਂ ਨੂੰ ਇਹ ਮਾਲੀ ਦਾ ਕੰਮ ਬੜੇ ਪਿਆਰ ਨਾਲ ਸਿਖਾਲਿਆ ਕਰਦਾ ਸੀ। ਪ੍ਰੇਮੀ ਦਾ ਆਪਣਾ ਆਪ ਵਾਹਿਗੁਰੂ ਦੇ ਪ੍ਰਕਾਸ਼ ਵਿਚ "ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ" ਦੇ ਅਨੁਸਾਰ ਆਨੰਦ ਨੂੰ ਪ੍ਰਾਪਤ ਰਹਿੰਦਾ ਸੀ। ਹੱਥ ਬੂਟੇ ਲਾਉਂਦੇ ਸੇ, ਦਿਲ ਵਾਹਿਗੁਰੂ ਨੂੰ ਸਿਮਰਦਾ ਸੀ, ਅੱਖਾਂ ਕਲਗੀਧਰ ਜੀ ਨੂੰ ਵੇਖਦੀਆਂ ਸਨ, ਤੇ ਸਰੀਰ ਇਸ ਉਮਾਹ ਨਾਲ ਭਰਿਆ ਰਹਿੰਦਾ

---

1. ਇਹ ਪ੍ਰਸੰਗ ੩ ਪੋਹ ਸੰ: ਗੁ: ਨਾ: ਸਾ: ੪੪੬ ਅਰਥਾਤ ੧੭ ਦਸੰਬਰ ੧੯੧੪ ਈ: ਦੇ ਗੁਰਪੁਰਬ ਸਪਤਮੀ ਪਰ ਖ਼ਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ। 2. ਤਵਾ: ਖਾ: ਪੰਨਾ ੫੬੧।
3. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੩੬(੧੯੦੫ ਈ:) ਦੇ ਗੁਰਪੁਰਬ ਪਰ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸਿਆ ਸੀ।

ਸੀ ਕਿ ਖ਼ਾਕ ਵਿਚ ਰਲਣ ਤੋਂ ਪਹਿਲਾਂ ਸੁਤੇ ਸਿੱਧ ਜਿੰਨਾ ਭਲਾ ਹੋ ਸਕੇ ਹੋ ਜਾਵੇ! ਇਸ ਪ੍ਰੇਮੀ ਦੀ ਵਹੁਟੀ ਬੀ ਸੀ, ਜੋ ਪਤੀ ਵਰਗਾ ਹੀ ਦੂਸਰਾ ਸਰੀਰ ਸੀ। ਵਾਹਿਗੁਰੂ ਦੀ ਯਾਦ, ਕਲਗ਼ੀਧਰ ਦਾ ਪ੍ਰੇਮ, ਪਤੀ ਦਾ ਪਿਆਰ, ਸਾਧ ਸੰਗਤ ਨਾਲ ਭਉ, ਉੱਚੀ ਸੇਵਾ ਦਾ ਉਮਾਹ, ਨਿਰਮਲ ਹਿਰਦੇ ਵਿਚ ਐਉਂ ਪ੍ਰਕਾਸ਼ੇ ਰਹਿੰਦੇ, ਜਿਸ ਤਰ੍ਹਾਂ ਆਕਾਸ਼ ਮੰਡਲ ਵਿਚ ਸੂਰਜ, ਚੰਦ, ਤਾਰੇ, ਤਾਰੀਆਂ ਤੇ ਗਿੱਟੀਆਂ ਪ੍ਰਕਾਸ਼ਦੇ ਹਨ। ਬਾਣੀ ਪੜ੍ਹਦੀ ਤਾਂ ਰਸ ਦੀ ਰੌ ਟੁਰ ਪੈਂਦੀ। ਅੰਨ ਪਕਾਉਂਦੀ ਤਾਂ ਲੋੜਵੰਦਾਂ ਨੂੰ ਵਰੋਸਾਉਂਦੀ। ਇਸ ਨਾਮ ਰਸੀਏ ਦੰਪਤੀ ਦੇ ਘਰ ਇਕ ਕੰਨਿਆਂ ਸੀ, ਜੋ ਇਸ ਵੇਲੇ ਦਸ ਯਾਰਾਂ ਵਰ੍ਹੇ ਦੀ ਸੀ। ਐਸੇ ਮਾਤਾ ਪਿਤਾ ਦੀ ਪੁਤ੍ਰੀ ਇਹ ਉਹਨਾਂ ਪੂਰਨਿਆਂ ਪਰ ਉਂਗਲੀ ਫੇਰ ਰਹੀ ਸੀ, ਜੋ ਮਾਤਾ ਪਿਤਾ ਦਾ ਪਵਿੱਤ੍ਰ ਜੀਵਨ ਅਰ ਸੱਚ ਦੀ ਵਰਤਣ ਆਪੇ ਹੀ ਇਸ ਦੇ ਲਈ ਵਾਹ ਰਹੇ ਸੀ। ਝੂਠ ਬੋਲਣਾ ਜਾਣਦੀ ਹੀ ਨਹੀਂ ਸੀ। ਇਸ ਵਿਚਾਰੀ ਨੂੰ ਇਹ ਸਮਝ ਹੀ ਨਾ ਸੀ ਕਿ ਹੋਵੇ ਹੋਰ ਤੇ ਕਿਉਂ ਉਸ ਨੂੰ ਕੁਝ ਹੋਰ ਕਰਕੇ ਕੋਈ ਆਖੇ! ਤੜਕੇ ਮਾਪਿਆਂ ਨਾਲ ਉੱਠਣਾ, ਬਾਣੀ ਪੜ੍ਹਨੀ, ਮਾਂ ਨਾਲ ਕੰਮ ਕਰਵਾਉਣਾ। ਦੁਪਹਿਰੇ ਮਾਤਾ ਨੇ ਜਦ ਅੰਨ ਲੈ ਕੇ ਬਾਗ਼ ਜਾਣਾ ਇਸ ਨੇ ਨਾਲ ਜਾਣਾ ਤੇ ਆਪਣੇ ਨਾਲੋਂ ਵਧੀਕ ਭੋਲੇ ਭਾਲੇ ਫੁੱਲਾਂ ਨਾਲ ਖੇਡਦੇ ਰਹਿਣਾ। ਫੁੱਲਾਂ ਵਿਚ ਪਾਣੀ ਦੇ ਡੌਂਗੇ ਭਰ ਭਰ ਪਾਉਣੇ, ਗੋਡੀ ਕਰਨੀ, ਖਾਦ ਪਾਉਣੀ, ਹੱਥ ਫੇਰਨੇ, ਖੁਸ਼ਬੂ ਲੈਣੀ, ਪਰ ਕਦੇ ਆਪਣੇ ਹੱਥੀਂ ਫੁੱਲ ਨੂੰ ਤੋੜਨਾ ਨਾ। ਬਾਲਪਨ ਨਿਸ਼ਕਪਟ ਸਿੱਧਾ ਸੁਭਾਉ, ਕੁਸੰਗ ਦਾ ਬਚਾਉ, ਇਕ ਮਾਤਾ ਪਿਤਾ ਦਾ ਪਾਰਸ ਸੰਗ, ਹਰ ਵੇਲੇ ਦਾ ਮੇਲ ਗੇਲ ਬੂਟਿਆਂ ਨਾਲ, ਜੋ ਖੁਸ਼ੀ ਦੇਂਦੇ ਤੇ ਖੇੜਦੇ ਹਨ। ਸਾਰਾ ਦਿਨ ਬਾਗ਼ ਵਿਚ ਦੌੜੇ ਫਿਰਨਾਂ, ਬਾਣੀ ਦੀ ਕੋਈ ਨ ਕੋਈ ਤੁਕ ਗਾਉਂਦਿਆਂ ਰਹਿਣੀ ਤੇ ਕਿਸੇ ਨਾ ਕਿਸੇ ਬੂਟੇ ਨਾਲ ਲਾਡ ਪਿਆਰ ਕਰਦੇ ਰਹਿਣਾ। ਇਸ ਦੇ ਲਾਡਲੇ ਬੂਟਿਆਂ ਵਿਚੋਂ ਇਕ ਚਕੋਧਰੇ ਦਾ ਕਲਮੀ ਬੂਟਾ ਸੀ। ਬਸੰਤ ਰੁਤ ਵਿਚ ਇਸ ਨੂੰ ਐਨੇ ਫਲ ਪਏ ਸੇ ਜੋ ਸਾਵਾ ਸਾਵਾ ਸਰੀਰ ਮਾਨੋਂ ਚਿੱਟੇ ਚਿੱਟੇ ਤਾਰਿਆਂ ਦੀ ਜੜਤ ਲਾਲ ਜੜਿਆ ਗਿਆ ਸੀ। ਇਹ ਭੋਲੀ ਕਾਕੀ ਇਹ ਵੇਖਕੇ ਬੜੀ ਪ੍ਰਸੰਨ ਹੁੰਦੀ ਸੀ ਕਿ ਇਸ ਬੂਟੇ ਨੂੰ ਐਨੇ ਫਲ ਲੱਗਣਗੇ। ਇਸ ਦੀ ਇਹ ਚਾਹ ਵੇਖ ਕੇ ਪਿਤਾ ਨੇ ਇਹ ਬੂਟਾ ਇਸੇ ਦੇ ਹਵਾਲੇ ਕੀਤਾ ਕਿ ਤੂੰਹੋਂ ਇਸ ਨੂੰ ਪਾਲ। ਇਕ ਉਚੇਰੇ ਬੂਟੇ ਦੀ ਛਾਂ ਇਸ ਉੱਤੇ ਪੈਂਦੀ ਸੀ, ਪਿਤਾ ਨੇ ਉਸ ਦੀ ਛਾਂਗ ਕਰ ਦਿੱਤੀ। ਇਸਨੂੰ ਪਾਣੀ ਪਾਉਣਾ, ਗਿਰਦੇ ਗੋਡੀ ਕਰਕੇ ਖਾਦ ਦੀ ਥੜੀ ਲਾ ਦੇਣੀ, ਇਸ ਕੰਨਿਆਂ ਦਾ ਕਿੰਨਾਂ ਹੀ ਵੇਲਾ ਲੈ ਗਿਆ। ਚਾਉ ਭਰੀ ਨੂੰ ਚੇਤਾ ਨਾ ਰਿਹਾ ਕਿ ਨਾਰੰਗੀ ਭਾਂਤ ਦੇ ਬੂਟਿਆਂ ਨੂੰ, ਜਦ ਉਹ ਫੁੱਲਾਂ ਤੇ ਆ ਜਾਣ ਤਾਂ, ਕੁਛ ਦਿਨ ਪਾਣੀ ਨਹੀਂ ਦੇਈਦਾ, ਡੋਡੀ ਬੱਝਦੇ ਤਕ ਪਾਣੀ ਵਲੋਂ ਬਚਾ ਰਖੀਦਾ ਹੈ। ਇਹ ਵਿਚਾਰੀ ਉਸ ਨੂੰ ਖੁੱਲ੍ਹਾ ਪਾਣੀ ਦੇ ਬੈਠੀ। ਉਵੇਂ ਬੀ ਨਾਰੰਗੀ ਭਾਂਤ ਦੇ ਬੂਟਿਆਂ ਦੇ ਫੁਲ, ਜਿਨ੍ਹਾਂ ਨੂੰ ਕਿਰਨਾਂ (ਯਾ ਕਰਨਾ) ਕਹੀਦਾ ਹੈ, ਕਿਰਦੇ ਰਹਿੰਦੇ ਹਨ, ਇਹ ਬੀ ਕਿਰਨ ਲੱਗੇ, ਫੁਲ ਘਟਦੇ ਘਟਦੇ ਗਿਣਤੀ ਦੇ ਰਹਿ ਗਏ, ਪਰ ਅਜੇ ਬੀ ਜੋ ਸਾਰੇ ਫਲ ਪੈਂਦੇ ਤਦ ਕੰਨਿਆਂ ਦੀ ਮੁਰਾਦ ਪੂਰੀ ਹੋ ਜਾਂਦੀ, ਪਰ ਵਿਸਾਖ ਚੜ੍ਹਦੇ ਤਾਈਂ ਹਨੇਰੀਆਂ ਦੀ ਕ੍ਰਿਪਾ ਨਾਲ ਸਹਾਈ ਹੋ ਗਈ। ਸੌਂਹ ਖਾਣ ਜੋਗਾ ਫੁਲ ਨਾਲ ਨਾ ਰਿਹਾ ! ਇਹ ਵੇਖਕੇ ਜਦ ਬਾਲਕੀ ਨਿਰਾਸ ਹੋਣ ਲਗੀ, ਤਦ ਪਿਤਾ ਨੇ ਉਸ ਨੂੰ ਸਮਝਾਇਆ ਕਿ ਜਿਤਨੇ ਫੁਲ ਬੂਟੇ ਨੂੰ ਪੈਣ, ਸਾਰੇ ਨਹੀਂ ਫਲਿਆ ਕਰਦੇ; ਫੇਰ ਗੋਡੀ ਕਰਨੀ, ਸੱਜਰੀ ਰੇਹ ਪਾਉਣੀ ਤੇ ਫੁਲੇ ਬੂਟੇ ਨੂੰ ਪਾਣੀ ਪਾਉਣਾ ਭੁੱਲ ਹੈ। ਹਨੇਰੀਆਂ ਬੀ ਫੁੱਲ ਤੇ ਪਏ ਹੋਏ ਫਲਾਂ ਨੂੰ ਤੋੜ ਦੇਂਦੀਆਂ ਹਨ, ਪਰ ਤੂੰ ਨਿਰਾਸ ਨਾ ਹੋ, ਸੇਵਾ ਕਰੀ ਜਾਹ, ਕੁਝ ਅਚਰਜ ਨਹੀਂ ਕਿ ਤੇਰੀ ਮਿਹਨਤ ਨੂੰ ਫਲ ਲਗ ਪਏ। ਹੁਣ ਜਿਉਂ ਜਿਉਂ ਗਰਮੀਆਂ ਆਈਆਂ, ਫਲਦਾਰ ਬੂਟਿਆਂ ਵਿਚ ਚਿੱਟੇ ਫੁਲਾਂ ਦੀ ਥਾਂ ਸਾਵੇ ਫਲਾਂ ਨੇ ਮੱਲ ਲਈ। ਬਾਗ਼ ਦੇ ਜਿਸ ਹਿੱਸੇ ਵਿਚ ਇਹ ਫਲਦਾਰ ਬੂਟੇ ਲਗੇ ਸੇ, ਉਥੇ ਸਭ ਨਾਰੰਗੀ ਭਾਂਤ ਦੇ ਬੂਟੇ ਹੀ ਸੇ, ਇਸ ਦੇ ਪਿਤਾ ਨੇ ਕੁਛ ਬੂਟਿਆਂ ਨੂੰ ਵੰਨੋ ਵੰਨੀਆਂ ਪੇਉਂਦਾਂ ਚਾੜ੍ਹੀਆਂ ਸੀਆਂ ਤੇ ਬੂਟੇ ਬੀ ਕਈ ਭਾਂਤ ਦੇ ਸੇ। ਕਾਗਜ਼ੀ ਗਲਗਲ, ਨਿੰਬੂ, ਕੌਲਾਂ, ਸੰਗਤਰਾ, ਮਿੱਠਾ, ਖੱਟਾ, ਨਾਰੰਗੀ, ਕਿੰਬ, ਚਕੋਧਰਾ, ਮਿੱਠੇ ਦੀ ਸ਼ਕਲ ਦਾ ਖੱਟਾ, ਅਸਾਮੀ ਸੰਤਰਾ, ਮੋਟੀ ਛਾਲ ਦੇ ਮਿੱਠੇ ਆਦਿ। ਇਕ ਬੂਟੇ ਨੂੰ ਕਈ ਤਰ੍ਹਾਂ ਦੇ ਫਲ ਲੱਗ ਪਏ ਸੇ। ਇਸ

ਖੱਤੇ ਦੇ ਹੋਰ ਬੂਟੇ ਸਾਰੇ ਦੇ ਸਾਰੇ ਫਲ ਪਏ ਸੀ, ਪਰ ਇਕ ਚਕੋਧਰੇ ਦਾ ਬੂਟਾ, ਜੋ ਭੋਲੀ ਕੁੜੀ ਦੇ ਹਿੱਸੇ ਆਇਆ ਸੀ, ਅਫ਼ਲ ਖੜਾ ਸੀ। ਪਿਤਾ ਦੀ ਆਗਯਾ ਮੂਜਬ ਇਹ ਵਿਚਾਰੀ ਸੇਵਾ ਤਾਂ ਕਰਦੀ, ਪਰ ਕਿਤੇ ਫੁੱਲ ਦੀ ਸ਼ਕਲ ਨਜ਼ਰ ਨਾ ਪੈਂਦੀ। ਹੁਣ ਜੇਠ ਦੀਆਂ ਲੋਆਂ ਤੇ ਧੁੱਪਾਂ ਆਪਣਾ ਕਹਿਰ ਵਰਤਾ ਰਹੀਆਂ ਸਨ। ਅਤਿ ਗਰਮੀ ਨੇ ਕੁਝ ਉਦਾਸੀ ਦਾ ਰੰਗ ਫੇਰ ਦਿੱਤਾ ਅਰ ਹਨੇਰੀਆਂ ਨੇ ਘੱਟੇ ਦੀਆਂ ਬ੍ਰੀਕ ਤੈਹਾਂ ਪੱਤਿਆਂ ਤੇ ਚੜ੍ਹਾ ਦਿੱਤੀਆਂ। ਅਜੇ ਹਾੜ ਚੜ੍ਹਿਆ ਹੀ ਸੀ ਕਿ ਅਸਮਾਨ ਦੇ ਗੂੜ੍ਹੇ ਨੀਲ ਵਿਚ ਬੀ ਫਿੱਕ ਪੈਣ ਲੱਗ ਪਿਆ, ਬੱਦਲ ਚਾਲ ਪੈ ਗਈ, ਕਦੇ ਕਦੇ ਘਨਛੱਤ ਹੋ ਕੇ ਬਿਜਲੀ ਦੇ ਲਿਸ਼ਕਾਰੇ ਵੱਜਣ, ਕਦੇ ਗੱਜ ਗੜ੍ਹਕ ਦੀ ਆਵਾਜ਼ ਉੱਠੇ, ਛੇਕੜ ਇਕ ਦਿਨ ਫੁਹਾਰ ਉਤਰੀ, ਫੇਰ ਕਣੀਆਂ ਹੋ ਗਈਆਂ। ਕਲੇਜੇ ਉਡੀਕ ਵਿਚ ਖਿੱਚੇ ਹੋਏ ਤੱਕ ਰਹੇ ਸੀ ਕਿ ਕਿਤੇ ਬੱਦਲ ਉੱਡ ਨਾ ਜਾਣ ਕਿ ਮੀਂਹ ਮੋਲੇਧਾਰ ਲਹਿ ਪਿਆ, ਜਲ ਥਲ ਹੋ ਗਿਆ। ਦੋ ਘੰਟੇ ਇਕਤਾਰ ਡੱਗਾ ਲਾ ਕੇ ਵੱਸਿਆ, ਫੇਰ ਬੱਦਲ ਚਾਲ ਪੈ ਗਈ, ਤੇ ਬਰਖਾ ਥੰਮ੍ਹ ਗਈ। ਬ੍ਰਿਛ ਧੋਤੇ ਗਏ, ਸਾਰੀ ਖਨਾਸਪਤੀ ਐਉਂ ਦਿੱਸੇ ਜਿਕੂੰ ਇਸ਼ਨਾਨ ਕਰ ਕੇ ਹਟੀ ਹੈ। ਬਾਗਾਂ ਦਾ ਜੋਬਨ ਨਿਖਾਰ ਵਿਚ ਆ ਗਿਆ। ਬਰਸਾਤ ਦਾ 'ਪਹਿਲਛੱਲਾ' ਅਗੇਤ੍ਰਾ ਹੀ ਹੋ ਗਿਆ। ਪਹਿਲੇ ਛੱਲੇ ਮਗਰੋਂ ਬਰਖਾ ਫੇਰ ਚੰਗੀ ਲੱਗ ਪਈ। "ਮੀਹੁ ਪਇਆ ਪਰਮੇਸਰਿ ਪਾਇਆ।। ਜੀਅ ਜੰਤ ਸਭਿ ਸੁਖੀ ਵਸਾਇਆ।।" ਲੋਕਾਂ ਨੇ ਮਕਈਆਂ, ਚਰ੍ਹੀਆਂ; ਬਾਜਰਾ, ਤਿਲ, ਝੋਨੇ, ਬਾਸਮਤੀਆਂ ਆਦਿ ਫਸਲਾਂ ਬੀਜ ਦਿੱਤੀਆਂ। ਬਰਸਾਤੀ ਫੁੱਲ ਬੀ ਕਿਆਰੀਆਂ ਵਿਚ ਖਿੜ ਉਠੇ। ਫਲਦਾਰਾਂ ਦੇ ਫਲ ਬੀ ਮੋਟੇ ਹੋ ਗਏ ! ਇਥੇ ਹੀ ਬੱਸ ਨਹੀਂ ਕੁਦਰਤ ਦਾ ਜ਼ੋਰ ਤੇ ਮਿਹਨਤ ਦਾ ਸਿੱਟਾ ਦੇਖੋ ਕੁੜੀ ਦੇ ਅੱਫਲ ਚਕੋਧਰੇ ਨੂੰ ਇਕ ਚਿੱਟੀ ਡੋਡੀ ਪੈ ਗਈ[1]। ਡੋਡੀ ਖਿੜਕੇ ਫੁਲ ਹੋ ਗਈ, ਇਕ ਨਹੀਂ ਅੱਠ ਦਸ ਫੁੱਲ ਹੋਰ ਪੈ ਗਏ। ਬੂਟਾ ਸਉਣੇਰੀ[2] ਫੁੱਲ ਪਿਆ।

1. ਭਾਈ ਦੇਊ ਨੂੰ ਜਦ ਕਦੇ ਬਾਗ਼ ਵਿਚੋਂ ਕਿਸੇ ਫਲ ਫੁਲ ਦੀ ਲੋੜ ਪੈਂਦੀ ਸੀ ਤੇ ਮਾਲਕ ਨੂੰ ਮੁੱਲ ਦੇ ਕੇ ਲੈ ਲਿਆ ਕਰਦੇ ਸੇ, ਕਦੇ ਆਪੇ ਕੁਝ ਗ੍ਰਹਣ ਨਾ ਕਰਦੇ। ਇਸ ਬੂਟੇ ਦੇ ਫਲ ਵੀ ਮੁੱਲ ਲੈਣ ਦਾ ਸੰਕਲਪ ਉਹਨਾਂ ਦੇ ਰਿਦੇ ਵਿਚ ਸੀ।

2. ਸਾਉਣ ਦੇ ਮਹੀਨੇ ਕਦੇ ਕਦੇ ਮਦ ਭਰੇ ਬੂਟੇ ਦੂਹਰੀ ਵਾਰ ਫਲ ਫੁਲ ਲੈ ਆਉਂਦੇ ਹਨ, ਉਨ੍ਹਾਂ ਨੂੰ ਸਉਣੇਰੀ ਕਹਿੰਦੇ ਹਨ।

ਬੇ ਬਹਾਰੇ ਫੁਲਿਆ ਬੂਟਾ ਤੱਕ ਕੇ ਕੰਨਿਆਂ ਦਾ ਦਿਲ ਕਿਸੇ ਉੱਚੇ ਪਾਸੇ ਚਲਾ ਗਿਆ। ਗਲ ਵਿਚ ਚੁੰਨੀ ਦਾ ਪੱਲਾ ਪੈਕੇ ਹੱਥ ਜੁੜ ਗਏ ਅੱਖਾਂ ਬੰਦ ਹੋ ਗਈਆਂ, ਮਨ ਪ੍ਰਾਰਥਨਾ ਦੇ ਖੰਭਾਂ ਨਾਲ ਉੱਡ ਕੇ ਆਨੰਦਪੁਰ ਪਹੁੰਚ ਕੇ ਇਹ ਪ੍ਰਾਰਥਨਾ ਕਰਨ ਲੱਗਾ :- "ਹੇ ਕਲਗੀਧਰ ! ਹੇ ਗੁਰੂ ! ਮੇਰੇ ਇਸ ਫੁਲ ਨੂੰ ਫਲ ਲਾ ਦਿਓ ਅਰ ਇਸਨੂੰ ਛੇਤੀ ਛੇਤੀ ਪਕਾ ਦਿਓ, ਇਹ ਫਲ ਮੈਂ ਆਪ ਲੈ ਕੇ ਚਰਨਾਂ ਵਿਚ ਹਾਜ਼ਰ ਹੋਵਾਂ।"

ਜਿਸ ਹਿਰਦੇ ਨੇ ਕਦੇ ਝੂਠ ਦੀ ਪਛਾਣ ਨਹੀਂ ਕੀਤੀ, ਜਿਸ ਹਿਰਦੇ ਵਿਚ ਕਦੇ ਸੰਸੇ ਭਰਮ ਨੇ ਫੇਰਾ ਨਹੀਂ ਪਾਇਆ, ਉਸ ਹਿਰਦੇ ਦੀ ਸਚਾਈ ਦਾ ਸਮਝਣਾ ਸੱਚੇ ਹੀ ਹਿਰਦਿਆਂ ਦਾ ਕੰਮ ਹੈ। ਇਸ ਭੋਲੇ ਪਨ ਦੀ ਅਵਸਥਾ ਵਿਚ ਬੇਨਤੀ ਵਿਖੇ ਲਿਵਲੀਨਤਾ ਡਾਢੀ ਡੂੰਘੀ ਹੁੰਦੀ ਹੈ। ਕੰਨਿਆਂ ਖੜੀ ਹੈ, ਦਿਲ ਕਲਗੀਧਰ ਜੀ ਦੇ ਚਰਨਾਂ ਤੇ ਡੁੱਲ੍ਹ ਰਿਹਾ ਹੈ, ਅੱਖਾਂ ਵਿਚੋਂ ਹੰਝੂ ਕਿਰ ਰਹੇ ਹਨ, ਜੋ ਇਕ ਨਵੇਂ ਲਗੇ ਫੁੱਲ ਦੀ ਸੁਹਲ ਪੰਖੜੀ ਨਾਲ ਛੁਹ ਛੁਹ ਕੇ ਹੇਠਾਂ ਡਿਗ ਰਹੇ ਹਨ। ਮਾਂ ਨੇ ਧੀ ਅਰਦਾਸ ਕਰਦੀ ਵੇਖੀ ! ਦੂਰੋਂ ਹੀ ਅਰਦਾਸ ਕੀਤੀਓਸੁ : "ਹੇ ਦਾਤਾ ! ਬੱਚੀ ਮਗਨ ਹੋਈ ਕੋਈ ਅਰਦਾਸ ਕਰ ਰਹੀ ਹੈ, ਮਿਹਰ ਕਰਨਾ ਜੋ ਆਪ ਤੋਂ ਆਪ ਦੀ ਮਿਹਰ ਦਾਨ ਮੰਗੇ। ਉਹ ਨਾ ਮੰਗੇ ਜੋ ਰਜ਼ਾ ਵਿਰੁੱਧ ਹੋਵੇ।"

ਕਾਕੀ ਬੇਨਤੀ ਦੇ ਅੰਮ੍ਰਿਤ ਸਰੋਵਰ ਵਿਚੋਂ ਇਸ਼ਨਾਨ ਕਰਕੇ ਨਿਕਲੀ; ਠੰਢੀ ਠਾਰ ਹਲਕੀ ਫੁੱਲ ਤੇ ਸੁਗੰਧਿਤ। ਮਾਂ ਨੇ ਹੁਣ ਬਚੜੀ ਨੂੰ ਗੋਦ ਵਿਚ ਲੈ ਲਿਆ, ਮੱਥਾ ਚੁੰਮਿਆ, ਅਰ ਗਲ ਨਾਲ ਘੁੱਟ ਘੁੱਟ ਕੇ ਲਾਇਆ। ਅਸੀਸ ਦੇ ਕੇ ਕਹਿਣ ਲੱਗੀ, "ਮੇਰੀ ਜਿਗਰ ਜਾਨ ! ਤੈਨੂੰ ਬਾਣੀ ਨਾ ਕਦੇ ਭੁੱਲੇ ! ਤੇਰੀ ਕੋਈ ਸੋਚ, ਫੁਰਨਾਂ ਬਚਨ, ਕੰਮ ਬਾਣੀ ਦੀ ਆਗਿਆ ਦੇ ਉਲਟ ਨਾ ਹੋਵੇ !" ਮਾਂ ਦੇ ਇਸ ਪਿਆਰ ਵਿਚ ਰੰਗੀ ਹੋਈ ਧੀ ਬੋਲੀ, "ਮਾਂ ਜੀ ! ਅੱਜ ਮੈਂ ਇਕ ਦਾਨ ਮੰਗਿਆ ਹੈ, ਤੁਸੀਂ ਵੇਖੋ ਖਾਂ ਬਾਣੀ ਦੇ ਉਲਟ ਤਾਂ ਨਹੀਂ ? ਮੈਨੂੰ ਬਾਣੀ ਦੀ ਸਾਰੀ ਸਮਝ ਨਹੀਂ ਪੈਂਦੀ, ਮੈਂ ਕਲਗੀਧਰ ਜੀ ਤੋਂ ਮੰਗਿਆ ਹੈ ਕਿ ਆਹ ਨਵਾਂ ਫੁੱਲ ਚਕੋਧਰਾ ਬਣੇ ਅਰ ਮੈਂ ਇਹ ਆਪ ਦੀ ਭੇਟਾ ਕਰਾਂ।" ਇਹ

ਪਜਾਰ ਦੀ ਸਿੱਕ ਸੁਣਕੇ ਮਾਂ ਸੋਚ ਵਿਚ ਪੈ ਗਈ। ਉਧਰੋਂ ਭਾਈ ਦੇਊ ਜੀ ਆ ਗਏ। ਮਾਂ ਨੇ ਧੀ ਦੀ ਬੇਨਤੀ ਕਹਿ ਸੁਣਾਈ। ਪਿਤਾ ਨੇ ਪੁਤ੍ਰੀ ਗਲ ਨਾਲ ਲਾ ਲਈ ਤੇ ਕਿਹਾ - "ਕੁਲ ਤਾਰੂ ਪੁੱਤ੍ਰੀ ! ਤੇਰਾ ਪ੍ਰੇਮ ਸਾਡਾ ਉਧਾਰ ਕਰੇਗਾ, ਤੇਰਾ ਪ੍ਰੇਮ ਕਈਆਂ ਨੂੰ ਤਾਰੇਗਾ, ਤੇਰਾ ਫੁੱਲ ਸਚਮੁੱਚ ਚਕੋਧਰਾ ਬਣੇਗਾ ਚਾਹੇ ਸਉਣੇਰੀ ਫਲ ਪਕਦੇ ਘੱਟ ਯਾ ਚਿਰਾਕੇ ਹਨ ਪਰ ਤੇਰੀ ਆਸ ਅਕਾਲ ਪੂਰੀ ਕਰੇਗਾ।" ਇਹ ਕਹਿੰਦਿਆਂ ਭਾਈ ਜੀ ਦਾ ਆਪਣਾ ਦਿਲ ਭਰਕੇ ਡੁੱਲ੍ਹ ਪਿਆ। "ਮੈ ਨੀਰੁ ਵਹੇ ਵਹਿ ਚਲੈ ਜੀਓ।" ਕੁਝ ਚਿਰ ਦੇ ਬਾਦ ਭਾਈ ਦੇਊ ਦੀ ਸੁਪਤਨੀ ਆਨੰਦ ਜੀ ਦਾ ਪਾਠ ਬੜੀ ਮਧੁਰ ਸੁਰ ਨਾਲ ਕਰਨ ਲੱਗ ਪਈ। ਇਸ ਪ੍ਰੇਮ ਦੇ ਪਾਠ ਨੇ ਸੰਝ ਪਾ ਦਿੱਤੀ, ਰਹੁਰਾਸ ਦਾ ਸਮਾਂ ਪੁੱਜ ਪਿਆ ਸੀ। ਪਾਠ ਕਰਕੇ ਤੇ ਅਰਦਾਸਾ ਸੋਧ ਕੇ ਡੂੰਘੀਆਂ ਸੰਧਿਆਂ ਹੋਈਆਂ। ਇਹ ਸਿਖੀ ਸਿਦਕੀ ਪਰ ਗ਼ਰੀਬ ਟੱਬਰ ਆਪਣੇ ਘਰ ਪਹੁੰਚਾ !

੨.

**ਸਾਉਣ** ਬੀਤਣ ਲੱਗਾ, ਉਸ ਸਉਣੇਰੀ ਫੁਲ ਦਾ ਫਲ ਬਣਨ ਲੱਗਾ; ਹੋਰ ਫੁੱਲ ਤਾਂ ਹਨੇਰੀ ਦੇ ਕਾਰਣ ਝੜ ਪਏ, ਪਰ ਇਸ ਜੇਠੇ ਫੁਲ ਦਾ ਫਲ ਬਣ ਗਿਆ ਅਰ ਦਿਨਾਂ ਵਿਚ ਹੀ ਪਲ ਪਿਆ। ਮੱਘਰ ਲੰਘ ਗਿਆ, ਇਸ ਦਾ ਰੰਗ ਪਲਟ ਪਿਆ, ਪੀਲਾ ਪੀਲਾ ਕੱਚਾ ਰੰਗ ਸਾਵੇ ਦੀ ਥਾਂ ਛਾ ਗਿਆ। ਤੋਤੇ ਖੱਟੇ ਭਾਂਤ ਦੇ ਫਲਾਂ ਨੂੰ ਘੱਟ ਟੁੱਕਦੇ ਹਨ, ਪਰ ਇਕ ਦਿਨ ਬਾਗ਼ ਵਿਚ ਤੋਤਿਆਂ ਦੀ ਡਾਰ ਦੇਖਕੇ ਬੀਬੀ ਨੂੰ ਡਰ ਪੈ ਗਿਆ ਕਿ ਕਿਤੇ ਕੋਈ ਤੋਤਾ ਮੇਰਾ ਚਕੋਧਰਾ ਨਾ ਟੁਕ ਜਾਵੇ : ਖੱਦਰ ਦੀ ਇਕ ਟਾਕੀ ਲੈ ਕੇ ਇਕ ਥੈਲੀ ਸੀਤੀ ਅਰ ਚਕੋਧਰੇ ਨੂੰ ਚੜ੍ਹਾ ਦਿੱਤੀ।

ਇਕ ਦਿਨ ਬਾਗ਼ ਦਾ ਮਾਲਕ ਰਾਇ ਜਸਵੰਤ ਰਾਉ ਬਾਗ਼ ਵਿਚ ਟਹਿਲਦਾ ਟਹਿਲਦਾ ਫਲਦਾਰ ਖੱਤੇ ਵੱਲ ਚਲਾ ਗਿਆ, ਨਾਲ ਇਕ ਕਾਮਾ ਸੀ। ਇਹ ਆਦਮੀ ਬੜਾ ਧਨ ਪਾਤ੍ਰ ਅਰ ਕੁਲੀਨ ਅਰ ਵਿਦਵਾਨ ਸੀ। ਪਰ ਧਨ ਅਰ ਵਿਦਯਾ ਨੇ ਨਿੰਮ੍ਰਤਾ ਤੇ ਸੇਵਾ ਦੀ ਥਾਂ ਹੰਕਾਰ ਅਰ ਆਕੜ ਦੀ ਲਾਗ ਕੁਝ ਵਧਾ ਰੱਖੀ ਸੀ। ਇਹ ਅਮੀਰ ਬੀ 'ਸਿੱਖ ਸੀ।' ਆਪ ਹੀ ਸਿੱਖ ਨਹੀ? ਪੁਤ੍ਰ ਬੀ ਸਿਖਦਾ ਹੀ ਸੀ। ਪਿਤਾ ਇਸਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾ ਕਮਲਾਂ ਦੇ ਬੜੇ ਪ੍ਰੇਮੀ ਸੇ। ਇਹ ਸੱਜਣ ਬੀ ਕੁਝ ਸ਼ਰਧਾਲੂ ਸੀ, ਪਰ ਬਾਣੀ ਨਾਲ ਪਿਆਰ ਘੱਟ ਕਰਦਾ ਸੀ ਅਰ ਆਪਣੀ ਅਕਲ ਨੂੰ ਐਨਾਂ ਪਿਆਰ ਕਰਦਾ ਸੀ ਕਿ ਉਹ ਪਿਆਰ ਹੰਕਾਰ ਬਣ ਜਾਂਦਾ ਸੀ, ਇਥੋਂ ਤਾਂਈਂ ਕਿ ਇਸ ਨੂੰ ਸਾਰੇ ਦੇਸ਼ ਵਿਚ ਅਪਣੀ ਅਕਲ ਦਾ ਕੋਈ ਨਜ਼ਰ ਨਹੀਂ ਸੀ ਪੈਂਦਾ। ਇਹ ਅਕਲ ਦਾ ਮਦ ਐਨਾਂ ਵਧ ਗਿਆ ਕਿ ਇਕ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇਣ ਦੇ ਸਾਕੇ ਪਰ ਵੀ ਤਰਕਾਂ ਸੋਚਣ ਲੱਗ ਗਿਆ ਕਿ ਗੁਰੂ ਜੀ ਨੂੰ ਸੱਚ ਉਤੇ ਸੀਸ ਦੇਣਾ ਨਹੀਂ ਸੀ ਚਾਹੀਦਾ, ਪਾਤਸ਼ਾਹ ਦਾ ਕਿਹਾ ਮੰਨ ਕੇ ਬਾਹਰੋਂ ਸ਼ਕਲ ਮੁਸਲਮਾਨਾਂ ਵਾਲੀ ਕਰਕੇ ਐਸਾ ਹੱਥ ਖੇਡਦੇ ਕਿ ਔਰੰਗਜ਼ੇਬ ਨੂੰ ਤਦੇ ਪਤਾ ਲੱਗਦਾ, ਜਦੋਂ ਮੁਗ਼ਲਾਂ ਦੀ ਕੈਦ ਵਿਚੋਂ ਨਿਕਲ ਜਾਂਦੇ। ਹੁਣ ਇਸ ਅਕਲ ਦੇ ਧਨੀ ਨੂੰ ਸ੍ਰੀ ਦਸ਼ਮੇਸ਼ ਜੀ ਦੀ ਫੌਜੀ ਤਾਕਤ ਪੈਦਾ ਕਰਨ ਵਾਲੀ ਬਾਤ ਵੀ ਪਸਿੰਦ ਨਾ ਆਈ। ਇਹ ਛਲ ਨੂੰ ਅਕਲ ਜਾਣਦਾ ਸੀ। ਸੱਚ ਵਾਲੀ ਦਾਨਾਈ ਤੇ ਬਹਾਦਰੀ ਨੂੰ ਸਿੱਧਾਪਨ ਸਮਝਦਾ ਸੀ। ਜਦੋਂ ਸਤਿਗੁਰਾਂ ਨੇ ਅੰਮ੍ਰਿਤ ਛਕਾਕੇ ਖਾਲਸਾ ਸਜਾਇਆ ਹੈ ਤਦ ਪੰਜ ਪਿਆਰੇ ਪਹਿਲੇ ਨਿੱਤਰੇ ਸੇ, ਇਸ ਦੇ ਬਾਦ ਵੀਹ ਹਜ਼ਾਰ ਨਿੱਤਰੇ ਅਰ ਇਕ ਦਮ ਅੰਮ੍ਰਿਤ ਛਕ ਕੇ ਸਿੰਘ ਸਜੇ। ਉਸ ਦਿਨ ਸਿਖਾਂ ਦਾ ਇਕ ਹਿੱਸਾ ਗੁਰੂ ਜੀ ਲਈ ਇਹ ਵਾਕ ਕਹਿੰਦਾ ਟੁਰ ਗਿਆ ਸੀ ਕਿ "ਇਹ ਗੁਰੂ ਜੀ ਅਜੇ ਅਞਾਣਾ ਹੈ, ਪਿਤਾ ਪੁਰਖੀ ਦੇ ਉਲਟ ਚਲਦਾ ਹੈ, ਅਸੀਂ ਇਸ ਦੇ ਆਖੇ ਨਹੀਂ ਲੱਗਣਾ, ਪੁਰਾਣੀ ਲੀਕੇ ਤੁਰਨਾ ਹੈ।" ਇਹ ਜਸਵੰਤ ਰਾਉ ਇਨ੍ਹਾਂ ਵਿਚੋਂ ਹੀ ਸੀ, ਤਦ ਤੋਂ ਇਹ ਕਦੇ ਦਰਸ਼ਨ ਨੂੰ ਨਹੀਂ ਸੀ ਗਇਆ। ਅਰ ਨਾ ਕਦੇ ਕੋਈ ਸੇਵਾ ਕੀਤੀ ਸੀ। ਇਸ ਤਰ੍ਹਾਂ ਬੇਮੁਖ ਹੋ ਜਾਣ ਕਰਕੇ ਬੇਮਲੂਮੇ ਸੁਭਾਉ ਕੁਛ ਕੁਰਖਤ ਹੋ ਗਿਆ ਸੀ, ਗੁੱਸਾ ਵਧ ਗਿਆ ਸੀ। ਇਸ ਦੇ ਪਿਤਾ ਦੇ ਵੇਲੇ ਆਨੰਦਪੁਰ ਜਾਂਦੀਆਂ ਸੰਗਤਾਂ ਨੂੰ ਇਨ੍ਹਾ ਦੇ ਟਿਕਾਣੇ ਬਿਸਰਾਮ ਮਿਲਦਾ ਸੀ, ਗ਼ਰੀਬਾਂ ਅਨਾਥਾਂ ਦੀ ਪ੍ਰਤਿਪਾਲਾ ਹੁੰਦੀ ਸੀ, ਸੋ ਹੁਣ ਲਗਪਗ਼ ਬੰਦ ਸੀ। ਰੁਚੀ ਦੈਵੀ ਗੁਣਾਂ ਵਲੋਂ ਘਟੇ ਤਾਂ ਅਸੁਰੀ ਗੁਣ ਬਲ ਪਾਉਣ ਲਗ ਜਾਂਦੇ ਹਨ:

ਐਸੇ ਮਾਲਕ ਦੀ ਨੌਕਰੀ ਦੇਊ ਦੇ ਸਿਰ ਸੀ। ਬੇਮੁਖ ਦੀ ਨੌਕਰੀ ਕਰਨੀ ਭਾਰੂ ਸੀ, ਪਰ ਕਲਗ਼ੀਧਰ

ਜੀ ਵਲੋਂ ਨੌਕਰੀ ਛੱਡਣ ਦੀ ਆਗਜਾ ਨਹੀਂ ਮਿਲੀ ਸੀ। ਜਸਵੰਤ ਰਾਉ ਜਾਣਦਾ ਸੀ ਕਿ ਭਾਈ ਦੇਊ ਗੁਰੂ ਦਾ ਪ੍ਰੇਮੀ ਹੈ, ਅਰ ਭਾਈ ਦੇਊ ਜੀ ਲਈ ਸਹਿੰਦੀ ਸਹਿੰਦੀ ਰੋਕ ਬੀ ਕਰਦਾ ਸੀ ਕਿਵੇਂ ਇਹ ਬੀ ਸੁਤੇ ਹੀ ਮੇਰੇ ਸੁਭਾਉ ਦਾ ਹੋ ਜਾਵੇ, ਪਰ ਸੱਚ ਦੀਆਂ ਲੱਗੀਆਂ ਕੌਣ ਤੋੜੇ ? ਪਰ ਭਾਈ ਜੀ ਜਸਵੰਤ ਰਾਉ ਦੀ ਬੀ ਕਲਜਾਨ ਲੋਚਦੇ ਸੇ। ਭਾਈ ਦੇਊ ਅੰਮ੍ਰਿਤ ਛੱਕਣ ਦੇ ਬੜੇ ਚਾਹਵਾਨ ਸੇ, ਪਰ ਇਧਰੋਂ ਮਾਲਿਕ ਵਲੋਂ ਪੁੱਠੇ ਸਿੱਧੇ ਢੰਗਾਂ ਨਾਲ ਵਿਘਨ ਪੈਂਦੇ ਸਨ। ਕੁਝ ਕੁਦਰਤ ਵੱਲੋਂ ਰਾਹ ਨਹੀਂ ਸੀ ਨਿਕਲਦਾ। ਸੋ ਰੋਜ਼ ਨਿੱਤ ਨੇਮ ਦੇ ਮਗਰੋਂ ਇਹ ਪਰਵਾਰ ਅਰਦਾਸਾ ਸੋਧਦਾ ਹੁੰਦਾ ਸੀ :- "ਹੇ ਵਾਹਿਗੁਰੂ ! ਸਾਨੂੰ ਅੰਮ੍ਰਿਤ ਦਾਨ ਦੇਕੇ ਭਰਾਵਾਂ ਨਾਲ ਰਲਾਵੋ ਤੇ ਉਚਿਆਂ ਕਰੋ।" ਸੰਗਤਾਂ ਦੀ ਸੇਵਾ ਭਾਈ ਦੇਊ ਹੁਣ ਵਧੇਰੇ ਕਰਦਾ ਸੀ। ਸੱਚ ਪੁੱਛੋ ਤਾਂ ਇਉਂ ਸੇਵਾ ਦੀ ਪਦਵੀ, ਜੋ ਪਹਿਲੇ ਮਾਲਕ ਦੇ ਘਰ ਸੀ, ਉਹ ਹੁਣ ਨੌਕਰ ਦੇ ਘਰ ਜਾ ਵੱਸੀ ਸੀ। ਭਾਈ ਜੀ ਨੇ ਜਦ ਸੁਣਨਾ ਕਿ ਕੋਈ ਸੰਗਤ ਆ ਰਹੀ ਹੈ, ਤਦ ਪ੍ਰਸ਼ਾਦਿ ਲੈ ਕੇ ਅੱਗੋਂ ਹੀ ਮਿਲਣਾ। ਫਿਰ ਸੰਗਤ ਨੂੰ ਉਤਾਰਾ ਦੇਣਾ, ਉਤਾਰੇ ਲਈ ਆਪਣੇ ਘਰ ਦੇ ਨਾਲ ਛੱਪਰ ਪਾ ਰੱਖਿਆ ਸੀ। ਜਲ ਤੇ ਬਾਲਣ ਭਾਈ ਦੇਊ ਨੇ ਪੁਚਾ ਦੇਣਾ। ਜਦ ਪੱਲੇ ਹੋਵੇ ਸਰੇ ਬਣੇ ਤਦ ਅੰਨ ਬੀ ਪੁਚਾ ਦੇਣਾ, ਜਦ ਨਾ ਸਰੇ ਤਦ ਦਾਤਣਾਂ, ਲੂਣ, ਭਾਂਡੇ, ਆਦਿ ਤਾਂ ਜ਼ਰੂਰ ਹੀ ਪੁਚਾਉਣੇ ਅਰ ਮਾਲਿਕ ਦਾ ਠੀਕ ਕੰਮ ਕਰਨ ਦੇ ਬਾਦ ਜੋ ਸਮਾਂ ਮਿਲੇ ਉਹ ਸੰਗਤ ਦੀ ਸੇਵਾ ਵਿਚ ਖਰਚ ਕਰਨਾ। ਭਾਈ ਦੇਊ ਅਤਿੱਥੀ ਲੋੜਵੰਦ ਦੀ ਲੋੜ ਬੀ ਕਦਰ ਮੂਜਬ ਪੂਰੀ ਕਰਦਾ ਸੀ। ਇਸ ਦੀ ਇਹ ਸੇਵਾ, ਬ੍ਰਿਤੀ ਦੀ ਅਡੋਲਤਾ, ਸੁਰਤਿ ਦਾ ਟਿਕਾਉ ਨਾਮ ਦੀ ਲਗਨ ਤੇ ਗੁਰ ਚਰਨਾਂ ਦਾ ਪ੍ਰੇਮ ਸੰਗਤ ਵਿਚ ਪ੍ਰਸਿਧ ਹੋ ਰਿਹਾ ਸੀ। ਕਿਹੜੀ ਸੰਗਤ ਜਾਂਦੀ ਸੀ ਜੋ ਆਨੰਦਪੁਰ ਵਿਚ ਭਾਈ ਦੇਊ ਦੀ ਮਹਿਮਾਂ ਨਹੀਂ ਕਰਦੀ ਸੀ ? ਸ੍ਰੀ ਕਲਗੀਧਰ ਜੀ ਮਹਾਰਾਜ ਸੰਗਤ ਦੇ ਪਿਆਰੇ, ਸੰਗਤ ਦੀ ਸੇਵਾ ਸੁਣਕੇ ਪਿਆਰੇ ਸਿਖ ਨੂੰ ਆਪਣੇ ਪਵਿੱਤ੍ਰ ਹਿਰਦੇ ਵਿਚ ਵਾਸਾ ਦੇਈ ਬੈਠੇ ਸੇ, ਨਾਮ ਰਸੀਆਂ ਦੀ ਸੰਗਤ ਨੂੰ ਗੁਰੂ ਆਪਣੇ ਆਪ ਤੋਂ ਵਧੀਕ ਪਿਆਰ ਕਰਦੇ ਸੇ। ਜੋ ਨਾਮ ਨਾਲ ਤਰੀ ਹੋਈ ਸੰਗਤ ਨਾਲ ਪਿਆਰ ਕਰੇ, ਉਹ ਗੁਰੂ ਨੂੰ ਕਿਉਂ ਸਭ ਤੋਂ ਪਿਆਰਾ ਨਾ ਲੱਗੇ ? ਗੁਰੂ ਜੀ ਦੇਖ ਰਹੇ ਸੀ ਕਿ ਮੇਰਾ ਸਿਖ ਚੰਦਨ ਹੋ ਗਿਆ ਹੈ, ਮੇਰਾ ਸਿਖ ਸਾਰੇ ਬ੍ਰਿਛਾਂ ਨੂੰ ਅਪਣੀ ਵਾਸ਼ਨਾਂ ਦੇ ਰਿਹਾ ਹੈ, ਮੇਰਾ ਚੰਦਨ ਸਿਖ ਆਪਣੇ ਕੱਟਣ ਵਾਲੇ ਕੁਹਾੜੇ ਨੂੰ ਬੀ ਖੁਸ਼ਬੂ ਹੀ ਦਾਨ ਕਰਦਾ ਹੈ। ਸਿਖ ਚੰਦਨ ਹੈ, ਜੋ ਸਭ ਭਾਂਤ ਦੇ ਬੂਟਿਆਂ ਨੂੰ ਨੇਕ ਬਣਾਉਂਦਾ ਹੈ ਤੇ ਜੋ ਬਾਂਸ ਰੂਪੀ ਸਾਕਤਾਂ ਤੋਂ ਬੀ ਨਿਰਾਸ ਨਹੀਂ ਹੁੰਦਾ।

ਇਕ ਦਿਨ ਜਸਵੰਤ ਰਾਉ ਬਾਗ਼ ਦੀ ਸੈਲ ਕਰ ਰਿਹਾ ਸੀ, ਜਦ ਖੱਟੇ ਦੀ ਭਾਂਤ ਦੇ ਫਲਾਂ ਦੇ ਖੱਤੇ ਵਿਚ ਆਇਆ, ਤਦ ਹਦਵਾਣੇ ਜਿੱਡੇ ਫਲ ਦਾ ਚਿੱਟਾ ਰੰਗ ਵੇਖਕੇ ਅੱਗੇ ਵਧਿਆ। ਨੇੜੇ ਜਾਕੇ ਪਤਾ ਲੱਗਾ ਕਿ ਇਕ ਚੰਗੇ ਪੱਕੇ ਹੋਏ ਚਕੋਧਰੇ ਉਤੇ ਗੁਥੀ ਚੜ੍ਹੀ ਹੋਈ ਹੈ, ਕਾਮੇ ਨੂੰ ਹੁਕਮ ਦਿੱਤਾ, ਉਸ ਨੇ ਗੁਥੀ ਲਾਹ ਦਿੱਤੀ। ਚਕੋਧਰੇ ਦੀ ਸੋਹਣੀ ਸ਼ਕਲ ਵੇਖ ਕੇ ਤੇ ਟੋਹ ਨਾਲ ਪੱਕਾ ਹੋਇਆ ਮਲੂਮ ਕਰਕੇ ਮਾਲਕ ਨੇ ਕਿਹਾ "ਤੋੜ ਲਓ ਅਰ ਮਹਿਲ ਪੁਚਾਓ।"

ਇਸ ਵੇਲੇ ਇਸ ਚਕੋਧਰੇ ਦੀ ਪਾਲਣਾ ਕਰਨ ਵਾਲੀ ਕਾਕੀ ਦੂਰੋਂ ਦੇਖ ਕੇ ਵਾਹੋਦਾਹੀ ਨੱਸੀ ਆਈ ਤੇ ਕਾਮੇ ਨੂੰ ਦੋਹੀਂ ਹੱਥੀਂ ਫੜਕੇ ਡਾਢੀ ਦਰਦਨਾਕ ਤਰਲਿਆਂ ਵਾਲੀ ਸੁਰ ਨਾਲ ਬੋਲੀ : "ਹਾਇ ! ਨਾ ਤੋੜ !" ਇਹ ਪੰਜ ਅੱਖਰ ਖਬਰ ਨਹੀਂ ਕਿ ਬਿਜਲੀ ਵਰਗਾ ਅਸਰ ਲੈ ਕੇ ਉਸ ਸੱਚੇ ਹਿਰਦੇ ਤੋਂ ਨਿਕਲੇ ਕਿ ਮਾਲਕ ਤੇ ਕਾਮਾਂ ਦੋਵੇਂ ਤ੍ਰਬਕੇ। ਨਜ਼ਰ ਚੱਕ ਕੇ ਦੇਖਣ ਲਗਿਆਂ ਮਾਲਕ ਦੀ ਅੱਖ ਤਾਂ ਹੰਕਾਰ ਅਰ ਹੁਕਮ ਦੀ ਹੋ ਗਈ ਤੇ ਕਾਮੇਂ ਦੀ ਅੱਖ ਜਿਸ ਵੇਲੇ ਕੰਨਿਆਂ ਦੇ ਸਾਹਮਣੇ ਹੋਈ ਤਦ ਠਿਠੰਬਰ ਗਈ, ਇਸ ਵੇਲੇ ਡੂੰਘੀ ਮਿੰਨਤ ਨਾਲ ਕੰਨਜਾਂ ਨੇ ਫੇਰ ਕਿਹਾ "ਨਾ ਤੋੜੀਂ ਵੀਰ ਵੇ !"

ਜਿਸ ਸਰਲ ਬੱਚੀ ਦੀ ਕਈ ਮਹੀਨਿਆਂ ਦੀ ਮਿਹਨਤ ਬਰਬਾਦ ਹੋਣ ਲਗੀ ਹੈ ਉਸ ਦੀ ਦਿਲ ਪੀੜਾ ਅਤਿ ਤ੍ਰਿਖੀ ਹੈ। ਹਾਂ ਉਸ ਦੇ ਦਿਲ ਦੀ ਉਹ ਆਸਾ, ਜੋ ਕਿੰਨੇ ਚਿਰ ਤੋਂ ਪਕਦੀ ਰਹੀ ਹੈ, ਉਸਦੀ ਸਿੱਕ ਜਿਸਦੇ ਪੂਰੇ ਹੋਣ ਵਿਚ ਦਿਨਾਂ ਦੀ ਹੀ ਕਸਰ ਬਾਕੀ ਹੈ, ਬੇਦਰਦ ਹੱਥਾਂ ਨਾਲ ਇਕ ਪਲ ਵਿਚ ਮਲੀਆਮੇਟ ਹੋਣ ਲਗੀ ਹੈ। ਉਸ ਲਈ ਉਹ ਖੁਸ਼ੀ ਦੀ ਘੜੀ, ਆਉਣ ਤੋਂ ਪਹਿਲੇ ਹੀ, ਵਿਦੈਗੀ ਲੈਣ ਲੱਗੀ ਹੈ,

ਜਿਸ ਘੜੀ ਦੇ ਦੇਖਣ ਦੀ ਉਮੈਦ ਨੇ ਉਸ ਦੇ ਆਤਮਾਂ ਵਿਚ ਡੂੰਘਾ ਵਾਸ ਕਰ ਲਿਆ ਸੀ। ਸਭ ਤੋਂ ਵਧੀਕ ਲੋਚੀ ਚੀਜ਼ ਦਾ ਵਿਛੋੜਾ ਸਭ ਤੋਂ ਵਧੀਕ ਡੂੰਘਾ ਘਾਉ ਲਾਉਂਦਾ ਹੈ। ਲੋਹ ਲੋਹ ਕੇ ਪਾਲੇ ਚਕੋਧਰੇ ਦੇ ਟੁੱਟਣ ਤੋਂ ਉਸ ਲੋਚਾ ਨਾਲ ਭਰੇ ਦਿਲ ਪਰ ਡੂੰਘਾ ਘਾਉ ਪਿਆ ? ਉਸ ਦੀਆਂ ਅੱਖਾਂ ਅਗੇ ਹਨੇਰਾ ਆ ਗਿਆ, ਉਸ ਦੇ ਦਿਲ ਅੱਗੇ ਨਿਰਾਸਤਾ ਛਾ ਗਈ, ਨਿਰਾਸਤਾ ਛਾਉਂਦੀ ਵਿਚ ਇਕ ਵੇਰ ਉਸ ਦੀ ਆਤਮਾ ਨੇ ਸਾਰੇ ਵਿਤ ਤੇ ਬਲ ਨਾਲ ਜ਼ੋਰ ਲਾਇਆ ਤੇ ਕੁਰਲਾਕੇ ਫੇਰ ਕੂਕ ਦਿੱਤੀ॰'**ਹਾਇ ਨਾ ਤੋੜ**' ਤੇ ਕਾਮੇ ਦੇ ਹਥ ਨੂੰ ਫੜ ਲਿਆ ਤੇ ਫੇਰ ਕਿਹਾ - "**ਹਾਇ ! ਨਾ ਤੋੜ, ਵੀਰ ਵੇ**"। ਕਾਮੇ ਪੁਰ ਅਸਰ ਪਿਆ, ਉਸ ਦੇ ਹੱਥ ਚਕੋਧਰਾ ਤੋੜਨ ਤੋਂ ਐਉਂ ਪਰੇ ਹਟ ਗਏ ਮਾਨੋਂ ਉਸ ਦੇ ਹਥ ਨੂੰ ਧਰਮ ਦੇ ਕਿਸੇ ਫੁਰਨੇ ਨੇ ਕਿਸੇ ਦਾ ਗਲ ਕੱਟਣ ਵਲੋਂ ਪਰੇ ਹਟਾ ਦਿੱਤਾ ਹੈ। ਹੰਕਾਰ ਦੇ ਪੁਤਲੇ ਜਸਵੰਤ ਰਾਉ ਪਰ ਬੀ ਲੜਕੀ ਦੀ ਪੁਕਾਰ ਨੇ ਸੱਟ ਮਾਰੀ, ਪਰ ਮਾਲਕ ਹੋ ਕੇ ਨੌਕਰ ਦੀ ਧੀ ਦੇ ਕਹੇ ਪਰ ਆਪਣੇ ਹੁਕਮ ਨੂੰ ਮੋੜ ਲੈਣਾਂ ਉਸ ਨੂੰ ਆਪਣੇ ਦਬਾਉ ਵਿਚ ਫਰਕ ਪਾ ਦੇਣ ਵਾਲਾ ਕੰਮ ਨਜ਼ਰ ਆਇਆ। ਮਨ ਭਾਵੇਂ ਉਸ ਨਿੱਕੇ, ਪਰ ਸੱਚੇ ਦਿਲ ਦੀ ਅਰਜ਼ੋਈ ਨੂੰ ਮੰਨ ਗਿਆ ਸੀ, ਪਰ ਉਸ ਨੇਕ ਸੰਕਲਪ ਨੂੰ ਹੈਂਕੜ ਨੇ ਦਬਾਇਆ। ਹਾ ਜਗਤ ! ਤੈਨੂੰ ਆਪਣੇ ਰੋਅਬ ਘਟਣ ਦੇ ਤੌਖਲੇ ਨੇ ਕਿੰਨੀ ਵੇਰ ਪਾਪੀ ਪਰਵਿਰਤ ਕੀਤਾ ਹੈ। ਅੱਜ ਜੇ ਜਸਵੰਤ ਰਾਉ ਸਿੱਖੀ ਸਿਦਕ ਵਿਚ ਹੁੰਦਾ ਤਦ ਦਇਆ ਤੇ ਪਿਆਰ ਵਿਚ ਹੁੰਦਾ। ਉਸਦਾ ਜੀ ਕਹਿੰਦਾ - ਕੀਹ ਇਕ ਦੋ ਚਾਰ ਆਨੇ ਦੀ ਸ਼ੈ ਬਦਲੇ ਆਪਣੇ ਨਿਮਕ ਹਲਾਲ ਨੌਕਰ ਦੀ ਕੰਨਿਆਂ ਦਾ ਦਿਲ ਦੁਖਾਉਣਾ ਹੈ ? ਕੋਈ ਇਨ੍ਹਾਂ ਨੇ ਚੋਰੀ ਥੋੜਾ ਲੈ ਜਾਣਾ ਹੈ। ਬੱਚੇ ਦੀ ਸਿੱਕ ਹੈ, ਉਹ ਜਾਣੇ। ਪਰ ਕਠੋਰ ਦਿਲ ਨੇ ਆਪਣੇ ਹਿਰਦੇ ਦਿਲ ਨੂੰ ਨੱਪ ਕੇ ਕੜੱਕੇ ਨਾਲ ਕਿਹਾ : "ਪਰੇ ਹਟ ਲੜਕੀ, ਤੋੜ ਓ ਕਾਮੇ।" "ਪਰੇ ਹਟ ਲੜਕੀ" ਖ਼ਬਰੇ ਕੋਈ ਬਿਜਲੀ ਸੀ, "ਤੋੜ ਓ ਕਾਮੇ" ਸ਼ਾਇਦ ਇੰਦਰ ਦਾ ਬੱਜਰ ਸੀ, ਕਿ ਉਧਰ ਡੰਡੀ ਟੁੱਟੀ, ਉਧਰ ਧਮੱਕੜਾ ਖਾ ਕੇ ਲੜਕੀ ਚੁਫਾਲ ਜਾ ਪਈ ਅਰ ਪੱਥਰ ਹੋ ਗਈ। ਜਸਵੰਤ ਰਾਉ ਨੂੰ ਇਹ ਆਸ ਨਹੀਂ ਸੀ ਕਿ ਲੜਕੀ ਇੰਨਾ ਸਖ਼ਤ ਸਦਮਾਂ ਖਾਏਗੀ, ਪਰ ਹੁਣ ਬੀ ਨਰਮੀ ਵਰਤਿਆਂ ਰੋਅਬਦਾਬ ਨਹੀਂ ਰਹਿੰਦਾ ਸੀ, ਇਹ ਵਿਚਾਰ ਕੇ ਆਪ ਜੀ ਨੇ ਅਣਡਿੱਠਵੀਂ ਕਰਕੇ ਅੱਗੇ ਦਾ ਰਸਤਾ ਲੀਤਾ। ਕਾਮਾਂ ਮਗਰ ਮਗਰ ਹੈ, ਪਰ ਕਦਮ ਉਸਦਾ ਮਣ ਮਣ ਦਾ ਹੈ। ਜਾਣਦਾ ਹੈ ਇਹ ਕਹਿਰ ਹੋਇਆ ਹੈ ਅਰ ਮੈਂ ਕਹਿਰ ਵਿਚ ਹਿੱਸਾ ਲੀਤਾ ਹੈ, ਜਾਣਦਾ ਹੈ ਕਿ ਮੈਂ ਮਾਲਕ ਦਾ ਹੁਕਮ ਬਜਾਇਆ ਹੈ, ਪਰ ਨਾਲ ਹੀ ਜਾਣਦਾ ਹੈ ਕਿ ਮੈਥੋਂ ਆਪਣੇ ਉਸਤਾਦ ਅਰ ਰੋਟੀ ਜੋਗਾ ਕਰਨ ਵਾਲੇ ਭਾਈ ਦੇਊ ਦੀ ਅਵਗਜਾ ਹੋਈ ਹੈ। ਉਸ ਦੀਆਂ ਅੱਖਾਂ ਭਰ ਰਹੀਆਂ ਹਨ, ਚਕੋਧਰਾ ਹੱਥ ਵਿਚ ਹੈ ਅਰ ਨੈਣਾਂ ਤੋਂ ਨੀਰ ਦੇ ਟੇਪੇ ਇਸ ਦੇ ਉਤੇ ਪੈ ਪੈ ਕੇ ਹੇਠ ਡਿਗ ਰਹੇ ਹਨ। ਅੱਖਾਂ ਅੱਗੇ ਹਨੇਰੇ ਦੇ ਚੱਕਰ ਉਠਦੇ ਹਨ ਤੇ ਹਰ ਚੱਕਰ ਵਿਚ ਕੰਨਿਆਂ ਦੀ ਉਹ ਤਰਸ ਵਾਲੀ ਸੂਰਤ "**ਹਾਇ ਨਾ ਤੋੜ**" ਦੀਆਂ ਵਿਲਕਣੀਆਂ ਕੱਢਦੀ ਦਿੱਸਦੀ ਹੈ! ਇਸ ਵਿਚਾਰੇ ਨੇ ਬਾਲ ਦੀ ਰਿਹਾੜ ਸਮਝੀ ਸੀ, ਪਰ ਉਸ ਦਾ ਗਸ਼ ਖਾ ਕੇ ਡਿੱਗਣਾ, ਉਸ ਦਾ ਦਿਲ ਤੋੜ ਗਿਆ। ਇਸ ਅਚਾਨਕ ਦੀ ਹੋਣੀ ਨੇ ਉਸਨੂੰ ਆਪੇ ਤੋਂ ਅਵਾਜ਼ਾਰ ਕਰ ਦਿਤਾ। ਬਾਗ ਦਾ ਫਾਟਕ ਲੰਘਣ ਲਗਿਆਂ ਇਕ ਹੋਰ ਕਾਮਾਂ ਦਿੱਸਿਆ, ਜ਼ਰਾ ਕੁ ਲਾਂਭੇ ਹੋ ਕੇ ਉਸ ਕਾਮੇ ਨੂੰ ਛੇਤੀ ਛੇਤੀ ਪਰ ਹੌਲੇ ਜਿਹੇ ਸਾਰਾ ਹਾਲ ਦੱਸਿਆ, ਤੇ ਮਾਲਕ ਦੇ ਮਗਰ ਨੱਸਾ। ਘਰ ਜਾ ਕੇ ਚਕੋਧਰਾ ਮਾਲਕ ਦੇ ਅੱਗੇ ਧਰਿਆ ਤੇ ਕਿਹਾ : "ਮੈਂ ਆਪਣੀ ਤਨਖਾਹ ਛੱਡੀ, ਮੈਨੂੰ ਛੁੱਟੀ। ਅਜ ਤੋਂ ਮੈਂ ਨੌਕਰ ਨਹੀਂ।"

ਜਸਵੰਤ ਰਾਉ(ਕਠੋਰਤਾ ਨਾਲ) - ਕੀ ਹੋਯਾ ?

ਕਾਮਾ ਦਿਲ ਵਿਚ ਕਹਿ ਰਿਹਾ ਸੀ - ਧਿਕਾਰ ਹੈ ਮੇਰੇ ਤੇ, ਜਿਸ ਨੇ ਉਸ ਵੇਲੇ ਨੌਕਰੀ ਨਾ ਛੱਡੀ, ਜਿਸ ਵੇਲੇ ਮੇਰੀਆਂ ਪਾਪੀ ਉਂਗਲਾਂ ਡੰਡੀ ਤੋੜਦਿਆਂ ਇਕ ਜਿੰਦ ਨੂੰ ਸੰਸਾਰ ਦੇ ਬੂਟੇ ਨਾਲੋਂ ਤੋੜ ਗਈਆਂ। ਸ਼ੋਕ ! ਉਸ ਬੁਰੀ ਪਲ ਉਤੇ ਜਿਸ ਵੇਲੇ ਕਿ ਮੈਂ ਮਰਨਾਊ ਸੱਟ ਮਾਰੀ। ਹਾਂ, ਸ਼ੋਕ ਮੇਰੀ ਕਾਇਰਤਾ ਉੱਤੇ ! ਮੈਂ ਉਸਤਾਦ ਨਾਲ ਧਰੋਹ ਕਮਾਇਆ। ਹੁਣ ਮੈਂ ਉਸ ਗੁਰਮੁਖ ਨੂੰ ਕੀਹ ਮੂੰਹ ਦੱਸਾਂਗਾ ? ਮੇਰੇ ਆਤਮਾ ਵਿਚ ਸ਼ਰਮ ਭਰ ਗਈ ਹੈ, ਮੈਂ ਮੁਕਾਲਾ ਉਸ ਰੋਟੀ ਰਿਜ਼ਕ ਦੇ ਜੋਗ ਕਰਨ ਵਾਲੇ ਦੇ ਸਾਮ੍ਹਣੇ ਨਹੀਂ ਹੋ ਸਕਦਾ।

ਜਸਵੰਤ ਫੇਰ ਬੋਲਿਆ-ਜਾਓ ਕੰਮ ਕਰੋ।

ਕਾਮਾ-ਮੈਂ ਪਾਪੀ ਹਾਂ, ਮੈਂ ਪਾਪੀ ਹਾਂ। ਇਹ ਕਹਿੰਦਾ ਤੇ ਉੱਤਰ ਨਾ ਉਡੀਕਦਾ ਬਾਉਲਿਆਂ ਵਾਂਙ **"ਹਾਇ ਨਾ ਤੋੜ, ਹਾਇ ਨਾ ਤੋੜ"** ਕਰਦਾ ਕਾਮਾਂ ਉਸ ਘਰੋਂ, ਸਗੋਂ ਹੁਸ਼ਿਆਰ ਪੁਰੇ ਦੀਆਂ ਜੂਹਾਂ ਵਿਚੋਂ ਹੀ ਨੱਸ ਗਿਆ। ਮਾਲਕ ਦਾ ਸਾਰਾ ਕਮਰਾ **"ਹਾਇ ਨਾ ਤੋੜ, ਹਾਇ ਨਾ ਤੋੜ"** ਨਾਲ ਗੂੰਜ ਉੱਠਿਆ। ਕਾਮਾ ਕਿਤੇ ਦਾ ਕਿਤੇ ਪਹੁੰਚ ਗਿਆ ਹੈ, ਪਰ **"ਹਾਇ ਨਾ ਤੋੜ"** ਦੀ ਗੂੰਜ ਮਾਲਿਕ ਦੇ ਕੰਨਾਂ ਵਿਚ ਗੂੰਜ ਰਹੀ ਹੈ।

ਉਧਰ ਜਿਸ ਵੇਲੇ ਭਾਈ ਦੇਊ ਨੂੰ ਖ਼ਬਰ ਪਹੁੰਚੀ, ਪ੍ਰਸ਼ਾਦ ਛਕਕੇ ਚੁਲਾ ਕਰ ਰਹੇ ਸਨ, ਸੁਣਦੇ ਸਾਰ ਦੋਹਾਂ ਦੇ ਮੂੰਹ ਤੋਂ ਏਹ ਵਾਕ ਨਿਕਲੇ : "ਤੇਰਾ ਕੀਆ ਮੀਠਾ ਲਾਗੈ।" ਇਹ ਕਹਿੰਦੇ ਬੜੇ ਧੀਰਜ ਤੇ ਹੌਸਲੇ ਨਾਲ ਸ਼ੁਕਰ ਸ਼ੁਕਰ ਕਰਦੇ ਫ਼ਲਦਾਰ ਖੱਤੇ ਵੱਲ ਉਸ ਸੁਭਾਗ ਚਕੋਧਰੇ ਪਾਸ ਪਹੁੰਚੇ, ਸੱਚਮੁਚ ਚਕੋਧਰਾ ਹੈ ਨਹੀਂ। ਉਹ ਪਿਆਰ ਨਾਲ ਪਾਣੀ ਪਾਉਣ ਵਾਲੀ ਅਰ ਕਲਗੀਧਰ ਦੀ ਖਾਤਰ ਇਕ ਦੋ ਚਾਰ ਆਨੇ ਦੇ ਫਲ ਦੀ ਐਸੀ ਪਿਆਰ ਭਰੀ ਸੇਵਾ ਕਰਨ ਵਾਲੀ ਹੋਣਹਾਰ ਪੁਤ੍ਰੀ ਗੱਥਰ ਲੱਥੀ ਪਈ ਹੈ। ਕੋਈ ਹੋਸ਼ ਨਹੀਂ ਹੈ। ਸਵਾਸ ਅਤਿ ਧੀਮਾਂ ਹੈ, ਅੱਖਾਂ ਬੰਦ ਹਨ, ਸਰੀਰ ਠੰਢਾ ਠਾਰ ਹੈ, ਨਾੜ ਬੀ ਬੜੀ ਮੱਧਮ ਹੈ। ਪਿਤਾ ਨੇ ਇਹ ਕਹਿ ਕੇ "ਪਰਾਈ ਅਮਾਣ ਕਿਉਂ ਰਖੀਐ ਦਿਤੀ ਹੀ ਸੁਖੁ ਹੋਇ" ਲਾਡਲੀ ਨੂੰ ਕਲਾਵੇ ਵਿਚ ਚੁੱਕ ਲਿਆ ਅਰ ਆਪਣੀ ਕੁਟੀਆ ਵਲ ਲੈ ਗਏ। ਭਲਾ ਭਾਈ ਦੇਊ ਦੀ ਕੰਨਯਾਂ ਦਾ ਇਹ ਹਾਲ ਹੋਵੇ ਅਰ ਗੁੱਝਾ ਰਹਿ ਜਾਵੇ ? ਇਹ ਖ਼ਬਰ ਨਿਕਲ ਗਈ ਸੀ ਅਰ ਇਕ ਵੈਦ ਰਾਜ ਜੀ, ਜਿਨ੍ਹਾਂ ਨੂੰ ਭਾਈ ਜੀ ਦੇ ਸਤਿਸੰਗ ਨੇ ਧਰਮ ਦੀ ਰੰਗਤ ਚਾੜ੍ਹੀ ਸੀ, ਝਟ ਪਟ ਆ ਪਹੁੰਚੇ। ਇਨ੍ਹਾਂ ਨੇ ਕੁਝ ਤਦਬੀਰ ਕੀਤੀ, ਸਰੀਰ ਵਿਚ ਨਿੱਘ ਪਰਤ ਆਈ। ਨਾੜੀ ਬੀ ਠੀਕ ਹੋ ਗਈ, ਪਰ ਅੱਖਾਂ ਨਹੀਂ ਖੁਲ੍ਹੀਆਂ। ਤੇ ਨੀਂਦ ਵਿਚ ਬੜਾਉਣ ਵਾਂਙੂ ਇਹ ਦਰਦਨਾਕ ਆਵਾਜ਼ ਆਈ : **"ਹਾਇ ! ਨਾ ਤੋੜ"** **"ਨਾ ਤੋੜੀਂ, ਵੀਰ ਵੇ"** ਇਹ ਆਵਾਜ਼ ਸੀ ਕਿ ਕੋਈ ਅਰੂਪ ਛੁਰੀ ਸੀ, ਸੰਗਤ ਜੋ ਹੁਣ ਕੱਠੀ ਹੋ ਗਈ ਸੀ, ਅਰ ਮਾਮਲਾ ਸੁਣ ਚੁਕੀ ਸੀ, ਬੇ-ਇਖ਼ਤਿਆਰ ਸਜਲ ਨੇਤ੍ਰ ਹੋ ਗਈ, ਸਭ ਦੇ ਦਿਲਾਂ ਉਤੇ ਇਨ੍ਹਾਂ ਅੱਖਰਾਂ ਨੇ ਉਸ ਡੂੰਘੇ ਪ੍ਰੇਮ ਦਾ ਨਕਸ਼ਾ ਖਿੱਚ ਦਿੱਤਾ ਜੋ ਇਸ ਹੋਣ ਹਾਰ ਭੁਜੰਗਣ ਦੇ ਜੀ ਵਿਚ ਗੁਰੂ ਦੇ ਚਰਨਾਂ ਦਾ ਸੀ। ਇਹ ਛੋਟਾ ਜਿਹਾ ਪਰ ਪਵਿੱਤ੍ਰ ਹਿਰਦਾ ਇਕ ਨਿਰਮਲ ਜਲ ਦੀ ਸੋਤ ਸੀ ਜੋ ਆਪਣੇ ਨਿੱਕੇ ਵਿਤ ਦਾ ਸਾਰਾ ਕੁਛ ਦਰਯਾ ਰੂਪੀ ਗੁਰੂ ਵਿਚ ਅਰਪਨ ਕਰ ਰਿਹਾ ਸੀ। ਇਹ ਨਿੱਕਾ ਜਿਹਾ ਦਿਲ ਨਰਮ ਮੱਖਨ ਸੀ ਜਿਸ ਨੇ 'ਸੰਸਾਰ ਉਧਾਰ ਦੇ ਹਵਨ ਕੁੰਡ' ਰੂਪੀ ਗੁਰੂ ਪ੍ਰੇਮ ਵਿਚ ਆਪਣਾ ਦਿਲ ਪਿਆਰ ਆਹੂਤੀ ਕਰ ਦਿਤਾ ਸੀ। ਉਸ ਨਿੱਕੇ ਜਿਹੇ ਪ੍ਰੇਮੀ ਹਿਰਦੇ ਦੇ ਵਰਨਣ ਕਰਨ ਲਈ ਵਿਸਥਾਰ ਦੀ ਲੋੜ ਹੈ, ਪਰ ਜੇ ਸੱਚੇ ਪ੍ਰੇਮ ਤੇ ਵੈਰਾਗ ਦਾ ਪ੍ਰਭਾਵ ਇਕ ਛਿਨ ਆਪਣੇ ਹਿਰਦੇ ਤੋਂ ਲੰਘ ਜਾਵੇ ਤਦ ਉਸ ਪ੍ਰੇਮ ਦੀ ਐਉਂ ਸਾਰੇ ਸਮਝ ਆ ਜਾਵੇ, ਜਿਸ ਤਰ੍ਹਾਂ ਨਿੱਕੇ ਜਿਹੇ ਦੂਰਬੀਨ ਦੇ ਸ਼ੀਸ਼ੇ ਨਾਲ ਨਾ ਦਿੱਸ ਸਕਣ ਵਾਲੇ ਤਾਰੇ ਦਿਸ ਪੈਂਦੇ ਹਨ।

ਰਾਤ ਭਰ ਲੜਕੀ ਨੀਮ ਬੇਸੁਧ ਜੇਹੀ ਪਈ ਰਹੀ। ਤਪ ਜਿਹਾ ਹੋ ਗਿਆ ਅਰ ਘੜੀ ਦੋ ਘੜੀ ਪਿੱਛੋਂ ਇਹ ਆਵਾਜ਼ ਬੜੀ ਦਰਦਨਾਕ ਹੋ ਕੇ ਨਿਕਲੇ "ਹਾਇ ! ਨਾ ਤੋੜ"। ਮਾਤਾ ਪਿਤਾ ਬੜੇ ਭਰੋਸੇ ਵਾਲੇ ਸੇ ਉਨ੍ਹਾਂ ਨੇ ਆਪਣੇ ਮਨ ਨੂੰ ਸ਼ੁਕਰ ਤੋਂ ਹਿੱਲਣ ਨਹੀਂ ਦਿੱਤਾ ਤੇ ਨਾ ਹੀ ਸੇਵਾ ਵਿਚ ਕਸਰ ਰੱਖੀ, ਪਰ ਜਦ ਇਹ ਦਰਦਨਾਕ ਅੱਖਰ ਮੂੰਹੋਂ ਨਿਕਲਣ, ਉਹਨਾਂ ਦੇ ਕਲੇਜੇ ਨੂੰ ਬੀ ਧਰੂਹ ਪਵੇ।

ੜ.

**ਜਦ** ਕਾਮਾ ਨਸ ਗਿਆ ਸੀ ਉਸ ਵੇਲੇ ਜਸਵੰਤ ਅਪਣੇ ਦਲਾਨ ਵਿਚ ਇਕੱਲਾ ਸੀ ਤੇ ਉਥੇ ਹੀ ਬੈਠ ਗਿਆ ਸੀ। ਸਾਮ੍ਹਣੇ ਘੜੇਥਣੀ ਤੇ ਚਕੋਧਰਾ ਪਿਆ ਸੀ, ਦਿਲ ਵਿਚ ਉਸ ਕੁੜੀ ਦੇ ਇਕ ਦਮ ਚੁਫਾਲ ਡਿੱਗਕੇ ਪਥਰਾ ਜਾਣ ਦਾ ਨਕਸ਼ਾ ਬੱਝ ਰਿਹਾ ਸੀ ਤੇ ਅੱਖਾਂ ਅੱਗੇ ਉਸ ਕਾਮੇ ਦੇ ਪਛੁਤਾਵੇ ਵਿਚ ਸਾਵੀ ਪੀਲੀ ਹੋਈ ਸ਼ਕਲ ਮੁੜ ਮੁੜ ਆਉਂਦੀ ਸੀ। ਗਿਣਤੀਆਂ ਗਿਣਦਾ ਸੀ, ਆਪਣੇ ਆਪ ਨੂੰ ਸੱਚਾ ਸਾਬਤ ਕਰਦਾ ਸੀ, ਪਰ ਸਚ ਜਾਣੋਂ ਪਾਪੀ ਤੇ ਨਾਸਤਕ ਦੇ ਦਿਲ ਨੂੰ ਦਲੀਲ ਬਾਜ਼ੀ ਨਾਲ ਕਦੇ ਠੰਢ ਨਹੀਂ ਪਈ। ਪਾਪੀ ਦੀ ਕਦੇ ਇਹ ਖੁਤਖੁਤੀ ਪੂਰੀ ਪੂਰੀ ਨਹੀਂ ਮਿਟੀ ਕਿ ਜੋ ਪਾਪ ਮੈਂ ਕੀਤਾ ਹੈ ਇਹ ਕਰਨਾ ਚੰਗਾ ਸੀ, ਤੇ ਨਾ ਕਦੇ ਨਾਸਤਕ ਦਾ

ਇਹ ਬ੍ਰੀਕ ਸੰਸਾ ਦੂਰ ਹੋਇਆ ਹੈ ਕਿ 'ਮਤਾਂ ਰਬ ਹੋਵੇ ਹੀ, ਮੈਂ ਐਵੇਂ ਕਹਿ ਰਿਹਾ ਹਾਂ।' ਸੋ ਦਲੀਲਾਂ ਨੇ ਇਸ ਦੇ ਜੀ ਨੂੰ ਬੇਚੈਨੀ ਤੋਂ ਨਹੀਂ ਕੱਢਿਆ। ਨੌਕਰ ਨੇ ਰੋਟੀ ਵਾਸਤੇ ਕਿਹਾ, ਵਹੁਟੀ ਆਈ ਰੋਟੀ ਵਾਸਤੇ ਕਿਹਾ, ਬਾਰ ਬਾਰ ਕਿਹਾ, ਪਰ ਬੇਦਿਲੇ ਨੇ ਨਾਂਹੋਂ ਨਾਂਹ ਵਰਤਾਈ ਤੇ ਛੇਕੜ ਉਹਨਾਂ ਗਿਣਤੀਆਂ ਵਿਚ ਲੇਟ ਗਿਆ। ਵਹੁਟੀ ਵਿਚਾਰੀ ਕੀ ਜਾਣਦੀ ਸੀ ਕਿ ਕੀਹ ਵਰਤੀ ਹੈ ? ਸਿੱਖ ਦੀ ਧੀ ਸੀ ਤੇ ਸਿੱਖ ਦੇ ਘਰ ਮਾਪਿਆਂ ਵਿਆਹ ਦਿਤੀ ਸੀ, ਪਰ ਕਿਸੇ ਨੂੰ 'ਜੋ' ਦੀ ਖ਼ਬਰ ਨਹੀਂ ਸੀ ਕਿ ਇਹ ਜਸਵੰਤ ਰਾਉ ਪਰਤਾਵੇ ਵੇਲੇ ਬੇਮੁਖ ਰਹਿਕੇ ਕਠੋਰ ਹੋ ਜਾਏਗਾ ਅਰ ਦੀਨਦੁਨੀ ਦੇ ਤਾਰਨ ਵਾਲੇ ਨੂੰ ਪਿੱਠ ਦੇ ਦਏਗਾ। ਪਰ ਇਸ ਸਿਦਕ ਵਾਲੀ ਨੇ ਸਿਦਕ ਨਹੀਂ ਹਾਰਿਆ ਅਰ ਸਦਾ ਪਤੀ ਜੀ ਨੂੰ ਸਮਝਾਉਣ ਤੇ ਲੱਕ ਬੱਧੀ ਰਖਿਆ। ਇਹ ਵਿਚਾਰੀ ਨਿਤਨੇਮ ਦੀ ਪਿਆਰੀ ਪਹਿਰ ਰਾਤ ਰਹਿੰਦੀ ਉਠਦੀ, ਪ੍ਰੇਮ ਨਾਲ ਨਿਤਨੇਮ ਨਿਬਾਹੁੰਦੀ ਤੇ ਅਰਦਾਸੇ ਵੇਲੇ ਬਿਨੈ ਕਰਦੀ ਕਿ "ਹੇ ਦੀਨ ਦਿਆਲ ! ਮੇਰੇ ਪਤੀ ਨੂੰ ਸਨਮੁਖ ਕਰੋ।"

ਕੌਣ ਜਾਣ ਸਕਦਾ ਹੈ ਕਿ ਬੇਨਤੀ ਕੀਹ ਵਸਤੂ ਹੈ। ਦਿਲ ਦੇ ਡੂੰਘੇ ਪਰਦਿਆਂ ਵਿਚ ਜੀਉਂਦੀ ਆਤਮਾ ਚੁਪ ਦੀ ਆਵਾਜ਼ ਨਾਲ ਜੋ ਸਿਰਜਣਹਾਰ ਤੋਂ ਮੰਗਦੀ ਹੈ ਉਹ ਕਿੱਕੁਰ ਅਰ ਕਿੰਨ੍ਹਾਂ ਸ਼ਕਲਾਂ ਵਿਚ ਕਦੋਂ ਪੂਰਾ ਹੁੰਦਾ ਹੈ। ਲੋਕ ਨਿਰਾਸਾ ਤੇ ਸੰਸਿਆਂ ਵਿਚ ਮਨ ਨੂੰ ਗਾਲਦੇ ਹਨ ਪਰ ਸਿਦਕ ਨਾਲ ਬੇਨਤੀ ਦੀ ਕੁਠਾਲੀ ਵਿਚ ਪਾਕੇ ਵੈਰਾਗ ਦੇ ਤਾਉ ਨਾਲ ਮਨ ਨੂੰ ਨਹੀਂ ਢਾਲਦੇ। ਸਥੂਲ ਸ੍ਰਿਸ਼ਟੀ ਸਥੂਲ ਲੋੜਾਂ ਲਈ ਸਥੂਲ ਸਿਖ਼ਜਾ ਹੇਠ ਮਨ ਨੂੰ ਬੀ ਸਥੂਲ ਕਰ ਲੈਂਦੀ ਹੈ, ਸਥੂਲ ਹੋਏ ਦਿਲ ਵਿਚ ਸਥੂਲ ਲੋੜਾਂ ਦੀ ਢੋਲ ਕੜਕੁਟ ਰਹਿੰਦੀ ਹੈ, ਕਦੇ ਦ੍ਰਵਣਤਾ ਨਹੀਂ ਆਉਂਦੀ, ਸੋ ਸਿਦਕ ਦੀ ਸਾਰੰਗੀ ਦੀ ਸੂਖਮ ਸੁਰ ਸੁਣਾਈ ਨਹੀਂ ਦੇਂਦੀ। ਪਰ ਸਥੂਲ ਸਾਮਾਨ ਜੋ ਦਿੱਸਦਾ ਹੈ ਭ੍ਰਾਂਤੀ ਵਾਲਾ ਹੈ, ਇਹ ਰਹਿੰਦਾ ਨਹੀਂ, ਛਿਨੇ ਛਿਨੇ ਟੁਰਿਆ ਜਾਂਦਾ ਹੈ। ਇਸ ਦੇ ਸੁਖ ਬੀ ਛਿਨ ਭੰਗਰ ਹਨ। ਜੋ ਨਹੀਂ ਦਿੱਸਦਾ ਉਹ ਅਸਲ ਹੈ, ਉਸ ਦੇ ਸੁਖ ਬੀ ਪੱਕੇ ਹਨ ਅਰ ਉਹ ਨਾਸ਼ ਬੀ ਨਹੀਂ ਹੁੰਦਾ। ਜਸਵੰਤ ਦੀ ਵਹੁਟੀ ਨਾ ਦਿੱਸਣ ਵਾਲੇ ਸਿਰਜਣਹਾਰ ਦੇ ਕੌਲ ਫੁੱਲਾਂ ਵਰਗੇ ਚਰਨਾਂ ਤੋਂ ਦਿਲ ਦੀ ਸੱਚੀ ਲਾਲਸਾ ਨਾਲ ਇਹੋ ਮੰਗਦੀ ਹੁੰਦੀ ਸੀ ਕਿ "ਹੇ ਪਤਿਤ ਪਾਵਨ ! ਮੇਰੇ ਪਤੀ ਨੂੰ ਸਨਮੁਖ ਕਰੋ।" ਉਸਦੀ ਇਸ ਬੇਨਤੀ ਦਾ ਅਜ ਤਕ ਪਰਤੱਖ ਅਸਰ ਕੁਝ ਨਾ ਦਿੱਸਿਆ। ਇਸ ਨਾ ਹੋਣ ਨੇ ਉਸ ਦਾ ਦਿਲ ਨਹੀਂ ਡੇਗਿਆ, ਲਗੀ ਰਹੀ ਅਰ ਸਿਦਕ ਨਾਲ ਲਗੀ ਰਹੀ। ਅਜ ਰਾਤ ਜਾਂ ਪਤੀ ਸੌਂ ਗਿਆ ਤੇ ਇਸ ਨੇ ਟਹਿਲਣ ਤੋਂ ਕੁੰਜੀਆਂ ਲਈਆਂ, ਓਸ ਵੇਲੇ ਟਹਿਲਣ ਨੇ ਬਾਗ਼ ਦਾ ਵਰਤਿਆ ਵਿਰਤੰਤ ਕਹਿ ਸੁਣਾਇਆ। ਇਹ ਦੁੱਖ ਸੁਣ ਕੇ ਭਲਾ ਉਸ ਸਿਦਕ ਵਾਲੀ ਤੋਂ ਕਿਥੋਂ ਸਹਾਰਾ ਹੋਵੇ ? ਫੁਟ ਫੁਟਕੇ ਰੋਈ, ਧੀਰਜ ਦੀ ਬੇੜੀ ਸਹਾਰੇ ਦੇ ਲੰਗਰ ਨਾਲੋਂ ਟੁੱਟ ਗਈ ਤੇ ਇਹ ਦੁਹਾਈ ਆਤਮਾਂ ਦੇ ਅੰਦਰੋਂ ਹੋ ਨਿਕਲੀ ਕਿ "ਹੇ ਵਾਹਿਗੁਰੂ ਮੈਨੂੰ ਸ਼ਾਂਤਿ ਬਖ਼ਸ਼, ਕ੍ਰਿਪਾ ਕਰ ਜੋ 'ਤੇਰਾ ਕੀਆ ਮੀਠਾ ਲਾਗੈ', ਆਪਣੇ ਚਰਨਾਂ ਦਾ ਆਸਰਾ ਤੇ ਅਪਣੇ ਨਾਮ ਨਾਲ ਪਿਆਰ ਬਖ਼ਸ਼ ! ਹੇ ਕਰੁਣਾਮਯ ! ਪਤੀ ਜੀ ਨੂੰ ਭੀ ਆਪਣੇ ਚਰਨਾਂ ਵਲ ਪ੍ਰੇਰ। ਤੇਰੇ ਦਰ ਦੀ ਬਖਸ਼ਿਸ਼ ਬੇਅੰਤ ਹੈ, ਉਸ ਦਾ ਕੋਈ ਪਾਰਾਵਾਰ ਨਹੀਂ, ਪਤੀ ਜੀ ਨੂੰ ਭੀ ਆਪਣੀ ਸ਼ਰਨੀ ਲਾ ਤੇ ਉਹਨਾਂ ਦੇ ਚਿਤ ਵਿਚ ਸਤਿਗੁਰਾਂ ਦੇ ਚਰਨਾਂ ਦੀ ਪ੍ਰੀਤੀ ਪ੍ਰਦਾਨ ਕਰ ਜੋ ਉਹਨਾਂ ਦਾ ਅਸਲੋਂ ਕੋਮਲ ਹਿਰਦਾ ਕੁਸੰਗ ਦੀ ਚਾਦਰ ਦੀ ਮੈਲ ਨੂੰ ਧੋ ਦੇਵੇ। ਉਹ ਆਤਮਾਂ, ਜੋ ਅਸਲੋਂ ਤੇਰੀ ਦਾਤ ਹੋਣ ਕਰਕੇ ਪਰਮ ਸੂਛ ਹੈ, ਤੇਰੇ ਨਾਮ ਦੇ ਵਿਸਾਰੇ ਤੇ ਬਾਣੀ ਦੇ ਤੱਙਣ ਕਰਕੇ ਮਾਯਾਵੀ ਭਾਰ ਨਾਲ ਦਬ ਗਈ ਹੈ, ਕ੍ਰਿਪਾ ਕਰ ਜੋ ਉਹ ਤੇਰੀ ਮਿਹਰ ਨਾਲ ਫਿਰ ਹੌਲੀ ਫੁੱਲ ਹੋ ਕੇ ਤੇਰੇ ਚਰਨੀਂ ਆਵਣ ਦੀ ਲੋਚਾਵੰਦ ਹੋ ਜਾਵੇ। ਤੂੰ ਬਿਰਦ ਪਾਲਣ ਵਾਲਾ ਹੈਂ, ਮੈਂ ਨਕਾਰੀ, ਨਾ ਚੀਜ਼, ਅਕ੍ਰਿਤਘਣ ਤੈਥੋਂ ਭੁੱਲੀ ਭਟਕੀ ਡੋਲ ਜਾਨੀ ਹਾਂ। ਤੇਰਾ ਹੁਕਮ 'ਹੁਕਮਿ ਰਜਾਈ ਚਲਣਾ' ਪੜ੍ਹਦੀ ਹਾਂ, ਸਮਝਦੀ ਹਾਂ, ਪਰ ਹੇ ਕ੍ਰਿਪਾਲੂ ਫੇਰ ਡੋਲਦੀ ਹਾਂ। ਤੂੰ ਦਯਾ ਕਰ ਜੋ ਇਹ ਹੁਕਮ ਹੱਡੀਂ ਵਰਤ ਜਾਵੇ। ਹੇ ਦਯਾ ਸਾਗਰ ! ਭਾਵੇਂ ਕਿਤਨੀ ਹੀ ਮਾੜੀ ਹਾਂ ਪਰ ਤੇਰੀ ਹਾਂ। ਤੂੰ ਆਪਣੀ ਜਾਣਕੇ ਮੇਰਾ ਦੁਖ ਨਿਵਿਰਤ ਕਰ। ਜਾਣਦੀ ਹਾਂ ਜੋ ਮੈਂ ਬੇਨਤੀ ਕਰਨ ਦੇ ਲਾਇਕ ਨਹੀਂ, ਮੈਂ ਇਸ ਯੋਗ ਨਹੀਂ ਕਿ ਤੇਰੇ ਦਰੋਂ ਮੇਰੀ ਫਰਿਆਦ ਦੀ ਬਾਹੁੜੀ ਹੋਵੇ, ਹੇ

ਪਿਤਾ! 'ਤੇਰੀ ਹੋਣ ਕਰਕੇ ਮੈਂ ਪੁਕਾਰ ਕਰਨੀ ਹਾਂ, ਇਕ ਤੇਰੀ ਹੋਣਾ ਹੀ ਮੇਰੇ ਸੁਖਾਂ ਦਾ ਆਸਰਾ, ਮੇਰੀਆਂ ਔਕੜਾਂ ਦਾ ਹੱਲ, ਮੇਰੇ ਦੁਖਾਂ ਦੀ ਨਿਵਿਰਤੀ ਹੈ। ਤੇਰੇ ਦਰ ਤੇਰੀ ਦੁਹਾਈ ਦੇਂਦੀ ਹਾਂ, ਬਾਹੁੜੀ ਕਰੋ, ਪਤੀ ਜੀ ਤੇ ਕ੍ਰਿਪਾ ਕਰੋ, ਆਪਣੇ ਚਰਨਾਂ ਵਲ ਖਿੱਚੋ ਤੇ ਜਿਸ ਜਿਲ੍ਹਣ ਵਿਚ ਉਹ ਫਸ ਗਏ ਹਨ ਉਥੋਂ ਕੱਢ ਲਵੋ। ਸੱਚੇ ਪਾਤਸ਼ਾਹ ਨੇ ਸਾਡੇ ਜਿਹੇ ਕਰਮਹੀਣਾਂ ਦੇ ਦੁਖ ਦੇਖਕੇ ਹੀ ਤੇਰੇ ਦਰ ਤੇ ਬਿਨੈ ਕੀਤੀ ਸੀ, 'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ'। ਹੇ ਪਿਤਾ! ਉਸ ਆਪਣੇ ਪਿਆਰੇ ਦੀ ਇਸ ਅਰਦਾਸ ਵਲ ਦ੍ਰਿਸ਼ਟੀ ਕਰੋ, ਉਸੇ ਸਤਿਗੁਰ ਦੇ ਵਾਸਤੇ, ਜਲੰਦਿਆਂ ਵਿਚੋਂ ਪਤੀ ਜੀ ਨੂੰ ਤੇ ਮੈਨੂੰ ਰੱਖ ਲਓ।''

ਇਹ ਅਰਦਾਸ ਕਰਦਿਆਂ ਕਰਦਿਆਂ ਚਿਤ ਆਪੇ ਵਿਚ ਜੁੜ ਗਿਆ ਤੇ ਇਸ ਇਕਾਗ੍ਰਤਾ ਵਿਚ ਬੇਮਲੂਮ ਧਰਵਾਸ ਬੱਝ ਗਿਆ ਕਿ ਬਖਸ਼ਿਸ਼ ਦਾ ਦਰ ਖੁੱਲ੍ਹ ਗਿਆ ਹੈ। ਹੁਣ ਨੀਂਦਰ ਯਾ ਖ਼ਬਰੇ ਕੀ ਆ ਗਈ ਤੇ ਪ੍ਰਾਰਥਨਾ ਕਰਨ ਵਾਲੀ ਪ੍ਰਾਰਥਨਾ ਦੀ ਲੀਨਤਾ ਦੇ ਆਨੰਦ ਵਿਚ ਮਗਨ ਹੋ ਗਈ।

ਅੱਧੀ ਰਾਤ ਤੋਂ ਮਗਰੋਂ ਕਮਰੇ ਵਿਚ 'ਹਾਇ ਹਾਇ' ਦੀ ਆਵਾਜ਼ ਆਉਣ ਲੱਗ ਪਈ, ਬੀਬੀ ਦੀ ਜਾਗ ਖੁੱਲ੍ਹੀ, ਦੀਵਾ ਨਿੰਮ੍ਹਾ ਹੋ ਰਿਹਾ ਤੇ ਸਹਿਮ ਦਾ ਨਕਸ਼ਾ ਬੱਝ ਰਿਹਾ ਸੀ, ਵਿਚ ਵਿਚ ਪਲ ਪਲ ਮਗਰੋਂ 'ਹਾਇ' ਦੀ ਲੰਮੀ ਤੇ ਮੱਧਮ ਆਵਾਜ਼ ਠਹਿਰ ਠਹਿਰ ਕੇ ਆਉਂਦੀ ਸੀ। ਰਜ਼ਾਈ ਵਿਚੋਂ ਉਠ ਕੇ ਦੇਖਿਆ ਤਾਂ ਪਤੀ ਦੀ ਆਵਾਜ਼ ਸੀ। ਨਾ ਰਿਹਾ ਗਿਆ, ਉੱਠਕੇ ਪਾਸ ਜਾ ਬੈਠੀ ਅਰ ਚਰਨ ਫੜ ਕੇ ਬੋਲੀ : ਕਿਉਂ ਸੁਖ ਤਾਂ ਹੈ ?

ਪਤੀ-ਮੈਂ ਪੁਰ ਪੁਰ ਦੁਖੀ ਹੋ ਗਿਆ ਹਾਂ।

ਵਹੁਟੀ-ਦੁਖ ਕੀ ਹੈ ? ਸਰੀਰ ਵੱਲ ਹੈ ?

ਪਤੀ-ਕੀ ਦੱਸਾਂ ?....ਸ਼ਰਮ ਲਗਦੀ ਹੈ।

ਵਹੁਟੀ-ਮੇਰੇ ਕੋਲੋਂ ਕੀ ਸ਼ਰਮ ਹੈ ? ਦੱਸਿਆਂ ਦੁੱਖ ਅੱਧਾ ਵੰਡਿਆ ਜਾਂਦਾ ਹੈ।

ਪਤੀ-ਤੂੰ ਕੁਝ ਆਪ ਬੀ ਸੁਣਿਆ ਹੈ ?

ਵਹੁਟੀ-ਕਿਸ ਪਾਰ੍ਹੂੰ ?

ਪਤੀ-ਬਾਗ਼ ਦੀ ਕੋਈ ਗੱਲ ?

ਵਹੁਟੀ-ਹਾਂ, ਸੁਣੀ ਹੈ।

ਪਤੀ-ਉਹ ਕੁੜੀ ਮਰ ਗਈ ਕਿ ਜੀਉਂਦੀ ਹੈ ?

ਵਹੁਟੀ-ਜੀਉਂਦੀ ਤਾਂ ਹੈ ਪਰ ਹੋਸ਼ ਨਹੀਂ, ਥਿਫਲਦੀ ਹੈ ਤੇ ਕਹਿੰਦੀ ਹੈ '**ਹਾਇ ! ਨਾ ਤੋੜ !**'

ਪਤੀ-ਇਸ '**ਹਾਇ ! ਨਾ ਤੋੜ**' ਨੇ ਮੈਨੂੰ ਮਰੋੜ ਸੁਟਿਆ ਹੈ।

ਵਹੁਟੀ-ਕੀ ਹੋਇਆ ?

ਪਤੀ (ਰੁਕ ਰੁਕ ਕੇ)-ਜੀ ਤੇ ਕੁਛ ਐਸਾ ਸਹਿਮ ਬੈਠ ਗਿਆ ਹੈ ਕਿ ਨੀਂਦ ਨਹੀਂ ਪੈਂਦੀ, ਪੈਂਦੀ ਏ ਤਾਂ ਤੜਫ ਤੜਫ ਉਠਦਾ ਹਾਂ।

ਵਹੁਟੀ-ਕੀ ਹੁੰਦਾ ਹੈ ?

ਪਤੀ-ਅੱਖ ਲੱਗਦੇ ਹੀ ਆਵਾਜ਼ ਆਉਂਦੀ ਹੈ '**ਹਾਇ ਨਾ ਤੋੜ**'। ਤ੍ਰਬ੍ਹਕ ਕੇ ਜਾਗ ਖੁਲ੍ਹ ਜਾਂਦੀ ਹੈ।

ਵਹੁਟੀ-ਤੁਸਾਂ ਸਚਮੁਚ ਚਕੋਧਰਾ ਜ਼ੋਰ ਧਿਙਾਣੇ ਤੁੜਵਾਯਾ ਸੀ ਤੇ ਕਾਕੀ ਵਾਸਤੇ ਪਾਉਂਦੀ ਰਹੀ ਸੀ ?

ਪਤੀ-ਹਾਂ।

ਵਹੁਟੀ-ਕੀਹ ਸੀ ਬਾਦਰ ਔਤਰਾ ਚਾਰ ਛੇ ਪੈਸੇ ਦਾ ਚਕੋਧਰਾ, ਜਿਸ ਬਦਲੇ ਦੁਖ ਪਾਇਆ ਨੇ।

ਪਤੀ-ਚਕੋਧਰਾ ਤਾਂ ਕੁਛ ਨਹੀਂ ਸੀ, ਮੈਂ ਆਖਾਂ ਤੋੜੋ ਤੇ ਉਹ ਕੌਣ ਹੋਵੇ 'ਨਾ ਤੋੜ' ਦਾ ਹੁਕਮ ਦੇਣ ਵਾਲੀ।

ਵਹੁਟੀ-ਠੀਕ ਹੈ, ਪਰ ਉਹ ਤਾਂ ਬੱਚੀ ਸੀ, ਉਸਦੀ ਗੱਲ ਦਾ ਰੋਸ ਕਾਹਨੂੰ ਕਰਨਾ ਸੀ। ਅਯਾਣੇ ਕੀ ਜਾਣਨ, ਸਿਰ ਤੇ ਪਜਾਰ ਦੇਣਾ ਚੰਗਾ ਰਹਿੰਦਾ ਹੈ।

ਪਤੀ-ਫੇਰ ਸਾਰੇ ਕਾਮੇ ਆਪਣੇ ਬੱਚਿਆਂ ਨੂੰ ਇਹੋ ਸਿਖਾ ਦੇਣ ਤੇ ਰੋਜ਼ ਕਹਾਂ 'ਹੱਛਾ ਬੱਚਾ' ਮੇਰਾ ਰੋਅਬ ਕੀ ਰਹੇ !

ਵਹੁਟੀ-ਸੱਚੀ ਪੁਛਾਂਦੇ ਹੋ ਪਤੀ ਜੀ, ਜੇ ਸਾਰੇ ਕਾਮੇ ਐਸੇ ਬੱਚੇ ਪੈਦਾ ਕਰ ਲੈਣ ਤਾਂ ਮੈਂ ਕਹਾਂਗੀ ਸਾਰਾ ਬਾਗ਼ ਬੱਚੇ ਮੰਗਣ ਤਾਂ ਦੇ ਦਿਓ, ਰੱਬ ਤੁਹਾਡੇ ਤੇ ਤੁਠੇਗਾ, ਜਿਵੇਂ ਤੁਸੀਂ ਉਸਦੇ ਬੱਚਿਆਂ ਤੇ ਤੁਠੋਗੇ....।

ਪਤੀ (ਤ੍ਰਬ੍ਹਕਕੇ)-'**ਹਾਇ ਨਾ ਤੋੜ !**' ਉਫ਼, ਫੇਰ ਵਾਜ ਆਈ ਏ....।

ਵਹੁਟੀ (ਗੱਲ ਦੀ ਲੜੀ ਫੇਰ ਫੜ ਕੇ)-ਕੀਹ ਸਾਰੇ ਬੱਚੇ 'ਨਾ ਤੋੜ' ਕਹਿਣ ਤਾਂ ਤੁਹਾਡਾ ਦਿਲ ਐਸੇ ਤਰ੍ਹਾਂ ਹਿੱਲ ਖੜੋਵੇ ?

ਪਤੀ-ਇਹੋ ਤਾਂ ਮੇਰੀ ਸਮਝੇ ਨਹੀਂ ਪੈਂਦਾ।

ਵਹੁਟੀ-ਤੇ ਏਹੋ ਸਮਝਣ ਵਾਲੀ ਗੱਲ ਏ ਕਿ ਕਾਕੀ ਅਤਿ ਸਰਲ ਤੇ ਸਫਾ ਦਿਲ ਏ, ਬਾਣੀ ਦੀ ਪ੍ਰੇਮਣ ਏ, ਸਿਦਕ ਭਰੋਸੇ ਵਾਲੀ ਏ। ਉਸਦੀ ਸਿੱਕ ਨੂੰ ਇਹ

ਸਉਨੇਰੀ ਫਲ ਪਿਆ ਸੀ, ਉਸ ਨੇ ਅਤਿ ਪਜਾਰ ਨਾਲ ਪਾਲਿਆ ਸੀ, ਨਹੀਂ ਸੀ ਚਾਹੁੰਦੀ ਕਿ ਇਹ ਅਜੇ ਤ੍ਰੁਟੇ।

ਪਤੀ-ਇਹ ਤਾਂ ਬਾਲ ਦੀ ਰਿਹਾੜ ਹੋਈ।

ਵਹੁਟੀ-ਬਾਲਾਂ ਦੀਆਂ ਰਿਹਾੜਾਂ ਨਾਲ ਕਲੇਜੇ ਪਏ ਖੁੱਸਦੇ ਨੇ ?

ਪਤੀ-ਫੇਰ ਕਿਉਂ ਐਡਾ ਅਸਰ ਪਿਆ, ਕਾਕੀ ਕੋਈ ਡੈਣ ਬਾਵਾ ਏ ?

ਵਹੁਟੀ-ਕਾਕੀ ਦੇਵੀ ਏ। ਹਾਂ ਪਤੀ ਜੀ, ਜਿਸ ਦਾਤੇ ਤੋਂ ਬੇਮੁਖ ਹੋਏ ਹੋ, ਉਸ ਦੀ ਪ੍ਰੇਮਣ ਏ, ਚਕੋਧਰਾ ਉਸ ਨੇ ਉਹਨਾਂ ਲਈ ਪਾਲਿਆ ਸੀ।

ਪਤੀ-ਇਹ ਉਮਰ ਤੇ ਐਤਨੀ ਲਗਨ ?

ਵਹੁਟੀ-ਕੁਛ ਦੇਵਤਾ ਰੂਪ ਮਾਤਾ ਪਿਤਾ ਦਾ ਸੁਚੱਜਾ ਸਤਿਸੰਗ, ਕੁਛ ਕੋਰੀ ਪੱਟੀ ਬਾਲਪਨੇ ਦਾ ਦਿਲ, ਕੋਈ ਆਪਣੇ ਕਰਮ ਲਗਨ ਲੱਗੀ ਤੇ ਪ੍ਰੇਮ ਬਣ ਗਿਆ। ਤੁਸਾਂ ਵਲੂੰਧਰਿਆ ਉਹ ਬਣ ਗਿਆ ਛਜਲੀ ਵਾਲਾ-ਬਿਰਹ ਭੁਯੰਗਮ, ਜਿਸ ਦੇ ਇਕ ਫਟੱਕੇ ਨੇ ਪਛਾੜ ਦਿੱਤੇ ਦੋ, ਇਕ ਮਾਲਕ ਤੇ ਇਕ ਕਾਮਾ....।

ਵਹੁਟੀ ਗੱਲਾਂ ਕਰਦੀ ਜਾਂਦੀ ਸੀ ਤੇ ਉਸ ਦੀ ਅੱਖ ਲਗਦੀ ਜਾਂਦੀ ਸੀ। ਜਦੋਂ ਘੁਰਾੜੇ ਸ਼ੁਰੂ ਹੋ ਪਏ ਤਾਂ ਵਹੁਟੀ ਚੁਪ ਹੋ ਗਈ, ਪਰ ਬੈਠੀ ਪਾਸ ਹੀ ਰਹੀ। ਕੁਛ ਚਿਰ ਮਗਰੋਂ ਪਾਸਾ ਪਰਤਿਆ, ਫੇਰ ਆਵਾਜ਼ ਆਈ **'ਹਾਇ ਨਾ ਤੋੜ'**। ਜਸਵੰਤ ਦੇ ਨੈਣ ਖੁੱਲ੍ਹੇ, ਵਹੁਟੀ ਵੱਲ ਤੱਕ ਕੇ ਬੋਲਿਆ-ਜਾਗਨੀ ਪਈ ਏਂ, ਹੈਂ ਬੈਠੀ ਏਂ ? ਮੈਂ ਇਕ ਸੁਪਨਾ ਡਿੱਠਾ ਏ।

ਵਹੁਟੀ-ਉਹ ਕੀ ਏ ?

ਜਸਵੰਤ-ਤੇਰੀ ਗੱਲ ਸੁਣਦੇ ਸੁਣਦੇ ਮੇਰੀ ਅੱਖ ਲੱਗ ਗਈ। ਕੀ ਦੇਖਦਾ ਹਾਂ ਕਿ ਮੇਰੀ ਨਜ਼ਰ ਦੇ ਮੈਦਾਨ ਵਿਚ ਸਾਰਾ ਹਿੰਦੁਸਤਾਨ ਹਥਾਲੜਾ ਹੋਇਆ ਪਿਆ ਹੈ। ਕਸ਼ਮੀਰ, ਪੰਜਾਬ, ਪਹਾੜ, ਪੂਰਬ, ਬੰਗਾਲ, ਰਾਜਪੂਤਾਨਾ, ਸਿੰਧ, ਦੱਖਣ, ਸਾਰਾ ਇਕੋ ਵਾਰ ਦਿੱਸਣੇ ਲੱਗ ਗਿਆ ਹੈ ਅਰ ਐਉਂ ਭਾਸਦਾ ਹੈ ਕਿ ਜਿਸ ਤਰ੍ਹਾਂ ਬਾਗ਼ ਹੁੰਦਾ ਹੈ। ਵੱਖੋ ਵੱਖਰੇ ਦੇਸ਼ ਐਉਂ ਭਾਸਣ ਜਿੱਕੁਰ ਬਾਗ਼ ਦੇ ਵੱਖੋ ਵੱਖਰੇ ਖੱਤੇ ਤੇ ਤਖ਼ਤੇ ਹੁੰਦੇ ਹਨ। ਸਰਬ ਜਾਤਾਂ ਦੀਆਂ ਤੀਵੀਆਂ, ਮਰਦ ਬੱਚੇ ਐਉਂ ਲੱਗਣ ਜਿੱਕੁਰ ਉਗੇ ਹੋਏ ਬੂਟੇ ਹਨ ਤੇ ਬੂਟਿਆਂ ਵਾਂਙ ਖੜੋਤੇ ਹਨ। ਫੇਰ ਮੈਂ ਕੀ ਦੇਖਾਂ ਜੋ ਹਨੇਰਾ ਹੋ ਗਿਆ ਹੈ ਅਰ ਬੜੀ ਭਾਰੀ ਗੂੰਜ ਉਠੀ ਹੈ। ਹਰ ਇਕ ਬੂਟੇ ਤੋਂ ਸਹਿਮਵੀਂ ਸੱਦ ਉਠਦੀ ਏ-**'ਹਾਇ ! ਨਾ ਤੋੜ'**। ਪਲ ਮਗਰੋਂ ਫੇਰ ਚਾਨਣਾ ਹੋ ਗਿਆ। ਮੈਂ ਕੀਹ ਦੇਖਾਂ ਕਿ ਇਕ ਇਕ ਬੂਟੇ ਪਾਸ ਇਕ ਇਕ ਮੁਗ਼ਲ ਪਠਾਣ ਖੜਾ ਹੈ। ਕੋਈ ਤਾਂ ਕੁਹਾੜੇ ਨਾਲ ਕਿਸੇ ਬੂਟੇ ਨੂੰ ਕੱਟਦਾ ਹੈ, ਕੋਈ ਆਰੀ ਨਾਲ ਵੱਢਦਾ ਹੈ, ਕੋਈ ਹਿਲਕੋਰੇ ਨਾਲ ਪੁੱਟ ਕੇ ਧਰ ਦਿੰਦਾ ਹੈ, ਕੋਈ ਪੱਤ ਪੱਤ ਤੋੜ ਕੇ ਬ੍ਰਿਛ ਨੂੰ ਅਪੱਤ ਕਰਦਾ ਹੈ, ਕੋਈ ਡਾਲੀ ਡਾਲੀ ਤੋੜਦਾ ਜਾਂਦਾ ਹੈ। ਜਦ ਬੀ ਬੂਟਾ ਟੁੱਟਦਾ ਹੈ, ਉਸ ਵਿਚੋਂ ਦਿਲ ਚੀਰਵੀਂ ਆਵਾਜ਼ ਨਿਕਲਦੀ ਹੈ : **'ਹਾਇ ! ਨਾ ਤੋੜ'**। ਹਰ ਬੂਟੇ ਵਿਚੋਂ ਲਹੂ ਦੀ ਧਾਰ ਵਗਦੀ ਹੈ, ਰਾਖੇ, ਕਾਮੇ, ਮਾਲੀ, ਬਾਗਵਾਨ, ਸੈਰ ਕਰਨ ਵਾਲੇ ਮਾਲਕ ਸਭ ਤੋੜਨ ਦੇ ਹੀ ਦੁਆਲੇ ਹਨ, ਡਾਢੀ ਬੇਤਰਸੀ ਨਾਲ ਸਾਰੇ ਤੋੜੀ ਜਾਂਦੇ ਹਨ। ਹਰ ਡਾਲੀ ਪੱਤੇ ਵਿਚੋਂ ਇਹੋ ਆਵਾਜ਼ ਉਠ ਰਹੀ ਹੈ : **'ਹਾਇ ! ਨਾ ਤੋੜ'**। ਤੋੜਨ ਵਾਲੇ 'ਨਾ ਤੋੜ' ਦੀ ਦੁਹਾਈ ਸੁਣਦੇ ਭੀ ਹਨ, ਪਰ ਤੋੜੀ ਬੀ ਜਾਂਦੇ ਹਨ। ਫੇਰ ਹਨੇਰਾ ਛਾ ਗਿਆ। ਪੂਰੇ ਵਲੋਂ ਦਰਯਾਓਂ ਪਾਰੋਂ-ਇਕ ਲਸ ਚਾਨਣ ਦੀ ਫੁਟੀ। ਚਾਨਣੇ ਦੀਆਂ ਲਾਸਾਂ ਵਿਚੋਂ ਆਵਾਜ਼ ਆਵੇ 'ਖ਼ਬਰਦਾਰ ! ਨਾ ਤੋੜ, ਨਾ ਤੋੜ'। ਮੈਂ ਕੀ ਡਿੱਠਾ ਕਿ ਤੋੜਨਾ ਬੰਦ ਹੋਣ ਲਗਾ। ਤੋੜਨ ਵਾਲੇ ਕਈ ਤਾਂ ਸੂਤ ਹੋ ਕੇ ਰਖਣ ਵਾਲਿਆ ਵਿਚ ਰਾਖੇ ਬਣ ਗਏ, ਕਈ ਆਰਾਮ ਨਾਲ ਆਪ ਬੂਟੇ ਬਣ ਗਏ, ਕਈ ਨੱਸ ਗਏ, ਕਈ ਮਰ ਗਏ। ਫੇਰ ਆਵਾਜ਼ ਆਈ : ਮੈਂ ਰਖ ਲਿਆ, ਤਾਂ **'ਹਾਇ ! ਨਾ ਤੋੜ'** ਦੀ ਆਵਾਜ਼ ਦੂਰ ਹੁੰਦੀ ਹੁੰਦੀ ਐਡੀ ਦੂਰ ਨਿਕਲ ਗਈ ਕਿ ਸੁਣੀਨੋ ਬੰਦ ਹੋ ਗਈ, ਫੇਰ ਸੁਣੀ ਤੇ ਇਹ ਸੱਦ-'ਰੱਖਲਿਆ ਬਈ ਰੱਖ ਲਿਆ'। ਹੁਣ ਚਾਨਣ ਚਮਕਿਆ ਤ੍ਰਿਖਾ ਹੋ ਕੇ ਤੇ ਤ੍ਰਬ੍ਹਕ ਕੇ ਮੇਰੀ ਜਾਗ ਖੁਲ੍ਹ ਗਈ ਏ। ਭਲਾ ਦੱਸ ਖਾਂ ਇਹ ਕੀ ਹੋਇਆ ?

ਵਹੁਟੀ-ਸੁਪਨਿਆਂ ਵਿਚ ਅਕਸਰ ਦਿਨ ਦੇ ਵਰਤੇ ਮਾਜਰੇ ਹੋਰ ਹੋਰ ਸੂਰਤਾਂ ਬਣਕੇ ਦਿੱਸਦੇ ਹਨ। ਪਰ ਕਦੇ ਸੁਪਨੇ ਅਸਲੀਅਤਾਂ ਖੋਹਲਦੇ ਤੇ ਕਦੇ ਹੋਣਹਾਰਾਂ ਬੀ ਦੱਸਦੇ ਹਨ। ਸਾਰੇ ਸੁਪਨੇ ਝੂਠੇ ਤੇ ਨਿਰੇ ਭਖਲਾ ਵੀ ਨਹੀਂ ਹੁੰਦੇ। ਅਤੇ ਜੋ ਗਲ ਸਾਮਰਤੱਖ ਹੈ; ਉਸ

ਪ: ਸੁਪਨੇ ਤੇ ਨਾ-ਸੁਪਨੇ ਨਾਲ ਵੰਡ ਕੀ ਹੋਣੀ ਹੋਈ? ਤੁਸਾਡਾ ਸੁਪਨਾ ਤਾਂ ਸਾਮਰਤੱਖ ਹੈ। ਦੇਖੋ ਦੇਸ ਪਰ ਬੜਾ ਜ਼ੁਲਮ ਹੋ ਰਿਹਾ ਹੈ, ਇਹ ਭੀ ਸੱਚ ਹੈ ਕਿ ਵਾਹਰੂ ਕੋਈ ਨਹੀਂ, ਇਹ ਭੀ ਸਾਮਰਤੱਖ ਹੈ ਕਿ ਕਲਗੀਧਰ ਜੀ ਧਰਮ ਤੇ ਪ੍ਰਜਾ ਦੀ ਰਖਯਾ ਖਾਤਰ ਧਰਮ ਜੁੱਧ ਕਰ ਰਹੇ ਹਨ। ਓਹ ਜ਼ਾਲਮਾਂ ਨੂੰ ਪ੍ਰਤੱਖ ਵਰਜ ਰਹੇ ਹਨ ਕਿ ਜ਼ੁਲਮ ਨਾ ਕਰੋ। ਸਾਨੂੰ ਕੁਸੰਗ ਨੇ ਇਹ ਤਰਕਾਂ ਸਿਖਾ ਦਿੱਤੀਆਂ ਹਨ ਕਿ ਉਨ੍ਹਾਂ ਨੇ ਸ਼ਸਤ੍ਰ ਕਿਉਂ ਫੜੇ ? ਪਰ ਪਤੀ ਜੀ ! ਖਿਮਾਂ ਕਰਨੀ, ਸੱਚ ਤਾਂ ਇਹ ਹੈ ਕਿ ਜੇ ਉਹ ਸ਼ਸਤ੍ਰ ਨਾ ਫੜਨ ਤਦ ਵਧਦਾ ਬੀ ਕੀਹ ਹੈ ? ਸ਼ਸਤ੍ਰ ਨਾ ਫੜਨ ਵਾਲੇ ਅਨੇਕਾਂ ਫਕੀਰ ਬੈਠੇ ਹਨ ਜੋ ਕੁਝ ਨਹੀਂ ਸੁਆਰ ਰਹੇ। ਓਹ ਸ਼ਸਤ੍ਰ ਇਸ ਕਰਕੇ ਤਾਂ ਨਹੀਂ ਤਿਆਗੀ ਬੈਠੇ ਜੋ ਪੁੰਨ ਜਾਣਦੇ ਹਨ, ਪਰ ਸ਼ਸਤ੍ਰ ਫੜਕੇ ਫੇਰ ਧਰਮ ਨਿਬਾਹੁਣ ਦੀ ਜਾਚ ਉਹ ਨਹੀਂ ਜਾਣਦੇ। ਇਹ ਆਪ ਜਾਣਦੇ ਹੋ ਕਿ ਗੁਰੂ ਜੀ ਆਪਣੇ ਲਈ ਕੁਝ ਨਹੀਂ ਕਰ ਰਹੇ ਕੇਵਲ ਦੁਖੀ ਪਰਜਾ ਦੀ ਖ਼ਾਤਰ ਖੇਦਾਂ ਦੀ ਪੰਡ ਸਿਰ ਤੇ ਚੁੱਕ ਰਹੇ ਹਨ। ਉਹ ਉਨ੍ਹਾਂ ਦੀ ਖ਼ਾਤਰ ਜੰਗ ਕਰਨ ਲੱਗੇ ਹਨ ਜੋ ਚਕੋਧਰਿਆਂ ਦੀ ਤਰ੍ਹਾਂ ਜ਼ੁਲਮਾਂ ਦੇ ਨਿਰਦਈ ਹੱਥਾਂ ਨਾਲ ਤੋੜੇ ਜਾ ਰਹੇ ਹਨ। ਜੋ ਆਦਮੀ ਹੋ ਕੇ ਭੇਡਾਂ ਦੀ ਤਰ੍ਹਾਂ ਵਿਕਦੇ ਹਨ, ਜੋ ਆਦਮੀ ਹੋ ਕੇ ਆਪਣੀ ਰਖਯਾ ਤੋਂ ਬੀ ਅਸਮਰਥ ਹਨ, ਐਸੇ ਦੁਖੀਆਂ ਦੀ ਖਾਤਰ ਬੀਰ ਰਸ ਵਿਚ ਖੇਡ ਰਹੇ ਹਨ, ਨਹੀਂ ਤਾਂ ਉਸ ਸ਼ਾਂਤਿ ਸਰੋਵਰ ਵਿਚ ਕੀਹ ਕਮੀ ਤੇ ਕਿਸ ਸ਼ੈ ਦੀ ਲੋੜ ਹੈ ? ਪਤੀ ਜੀ ! ਜੇ ਬੇਅਦਬੀ ਬਖਸ਼ੋ ਤਾਂ ਇਕ ਬਿਨੈ ਕਰਾਂ ? ਮੇਰੇ ਸਿਰਤਾਜ ਜੀ ! ਸਾਡਾ ਧਰਮ ਇਹ ਸੀ ਕਿ ਅਸੀਂ ਉਨ੍ਹਾਂ ਦੇ ਸੇਵਕਾਂ ਦੇ ਨਾਲ ਰਲਦੇ, ਜੀ ਜਾਮਾ ਅਰਪਣ ਕਰਦੇ ਤੇ ਰਾਖਿਆਂ ਦੀ ਫੌਜ ਵਿਚ ਨਾਮ ਪਾਉਂਦੇ। ਪਰ ਕੀ ਜਾਣੀਏ ਮੈਂ ਭਾਰੀ ਪਾਪਣ ਹਾਂ, ਖਬਰੇ ਇਹ ਮੇਰੇ ਹੀ ਕਰਮਾਂ ਦੇ ਕਾਰਨ, ਪਤੀ ਜੀ ! ਆਪ ਨੇ ਸਤਿਗੁਰਾਂ ਵਲੋਂ ਉਦਾਸੀ ਦਾ ਰੰਗ ਫੜਿਆ ਹੈ। ਹਾਇ, ਪਤੀ ਜੀ ! ਅਸੀਂ ਤੁਸੀਂ ਸਗੋਂ ਨਾ ਤਾਂ ਨਾ ਤੋੜਨ ਵਾਲੇ ਬਣੇ, ਨਾ ਰੱਖਣ ਵਾਲੇ ਬਣੇ; ਸਗੋਂ ਰਾਖਿਆਂ ਦੇ ਲਾਗੂ ਬਣੇ। ਇਹ ਕਿੱਡੀ ਸਾਡੀ ਭੁੱਲ ਹੈ ਜੋ ਇਸ ਵੇਲੇ ਸਤਿਗੁਰ ਤੋਂ ਉਲਟੇ ਚਲ ਰਹੇ ਹਾਂ, ਅਸੀਂ ਦੀਨ ਦੁਨੀ ਵਿਚ ਦੇਵਣਦਾਰ ਹੋਵਾਂਗੇ। ਪਤੀ ਜੀ ! ਕੋਈ ਐਸੀ ਦਇਆ ਕਰੋ ਜੋ ਅਸੀਂ ਕਿਵੇਂ ਬਚ ਨਿਕਲੀਏ ?

ਪਤੀ-ਮੈਂ ਉਲਟ ਤਾਂ ਕੁਛ ਨਹੀਂ ਕੀਤਾ। ਚੁਪ ਹੋ ਬੈਠਾ ਹਾਂ....ਹੈਂ ! ਠੀਕ ਹੈ ਨਾ ?

ਵਹੁਟੀ-ਮੇਰੀ ਜਾਚੇ, ਪਤੀ ਜੀ ! ਤੁਹਾਡਾ ਆਪਣਾ ਦਿਲ ਮਾੜਾ ਨਹੀਂ ਸੀ। ਬੇਮੁਖਾਂ ਦੀ ਸੰਗਤ ਮਾੜੀ ਸ਼ੈ ਹੈ। ਸਹੁਰੀ ਦੋ ਇਕ ਆਨੇ ਦਾ ਬਾਦਰ ਚਕੋਧਰਾ ਹੁੰਦਾ ਹੈ, ਇਸ ਮਾਮੂਲੀ ਫਲ ਦੇ ਬਦਲੇ ਅੱਜ ਇਕ ਬਾਲਕੀ ਦਾ ਇਹ ਹਾਲ ਹੋ ਗਿਆ ਹੈ। ਮੇਰੀ ਜੀਭ ਸੜੇ ਜੇ ਆਪ ਨੂੰ ਦੋਸ਼ ਦਿਆਂ, ਪਰ ਪਤੀ ਜੀ ! ਇੰਨੇ ਨਿੱਕੇ ਖਯਾਲਾਂ ਵਿਚ ਪੈਣਾ ਸੰਗਤ ਦਾ ਹੀ ਫਲ ਹੈ ਨਾ। ਜੇ ਅਸੀਂ ਸਿੱਖੀ ਸਿਦਕ ਵਿਚ ਪੱਕੇ ਰਹਿੰਦੇ ਤਾਂ ਐਸੇ ਧਰਮੀ ਤੇ ਨਿਮਕ ਹਲਾਲ ਨੌਕਰ ਦੇ ਇਕਲੌਤੇ ਬਾਲ ਦੀ ਖਾਤਰ ਦੋ ਇਕ ਆਨੇ ਦੀ ਚੀਜ਼ ਦੇਣੀ ਸਾਨੂੰ ਕਦੇ ਬੀ ਭਾਰੂ ਨਾ ਭਾਸਦੀ, ਇਹ ਖਿਆਲ ਆਕੇ ਕਿ ਸਾਡਾ ਰੋਅਬ ਜਾਂਦਾ ਹੈ। ਅਜੇ ਬੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਗਿਆ ਜੇ ਵਿਗੜੀ ਸੁਆਰ ਲਈਏ ਤਾਂ।

ਪਤੀ-ਕਿਵੇਂ ?

ਵਹੁਟੀ-ਮੂਲ ਨਾਲ ਸੰਵਾਰੀਏ, ਡਾਲਾਂ ਨਾਲ ਆਪੇ ਸੰਵਰ ਜਾਏਗੀ। ਆਪਣੇ ਦਾਤਾ ਤੇ ਪਰਜਾ ਦੇ ਰਾਖੇ ਗੁਰੂ ਜੀ ਨਾਲ ਸੰਵਾਰ ਲਈਏ, ਫੇਰ ਸਿਖਾਂ ਨਾਲ, ਪਰਵਾਰ ਨਾਲ, ਜਗਤ ਨਾਲ ਆਪੇ ਸੰਵਰ ਜਾਏਗੀ।

ਪਤੀ-ਮੈਨੂੰ ਤਾਂ ਤੇਰੇ ਨਾਲ ਗਲ ਕਰਦਿਆਂ ਬੀ ਸੰਗ ਆਉਂਦੀ ਪਈ ਏ ਤੇ ਓਥੇ ਕੌਣ ਜਾਵੇ ?

ਵਹੁਟੀ-ਇਹ ਸੰਗ ਦਾ ਤਾਂ ਤੁਹਾਡੇ ਨਿੱਕੇ ਹੁੰਦਿਆਂ ਦਾ ਸੁਭਾ ਹੈ, ਤੁਹਾਡੀ ਮਾਂ ਦੱਸਿਆ ਕਰਦੀ ਸੀ। ਇਹ ਚੰਗੀ ਹੁੰਦੀ ਹੈ ਕਿਸੇ ਹੱਦ ਤਾਂਈਂ, ਪਰ ਸੰਗਤ ਚੰਗੀ ਨਾ ਹੋਵੇ ਤਾਂ ਇਹ ਆਪਣੇ ਲਈ ਦੁਖਾਂ ਦਾ ਕਾਰਣ ਬਣ ਜਾਂਦੀ ਹੈ। ਦੇਖੋ ਨਾ ਸੰਗ ਨੇ ਹੁਣ ਮਾੜੀ ਸ਼ਕਲ ਲੈ ਲਈ ਕਿ ਨਾ ?

ਪਤੀ-ਨਹੀਂ, ਗਲ ਇਹ ਵੇ, ਮੈਨੂੰ ਗੁਰੂ ਜੀ ਤੋਂ ਸ਼ਰਮ ਲਗਦੀ ਏ ! ਜੋ ਵੇਲੇ ਸਿਰ ਨਾ ਨਿਤਰਿਆ ਜਦੋਂ ਜਸ ਹੁੰਦਾ ਹੁਣ ਦੋਸ਼ੀ ਜੇਹਾ ਹੋ ਕੇ ਕੀਹ ਜਾਵਾਂ।

ਵਹੁਟੀ-ਆਹ ਦੇਖੋ ਕੁਸੰਗ ਨੇ ਸਾਡੀ 'ਸੰਗ' ਨੂੰ ਵਿੱਥ ਬਣਾ ਦਿੱਤਾ ਏ। ਮੈਥੋਂ ਸੰਗ ਜੋ ਅਰਧੰਗੀ ਹਾਂ ਗੁਰੂ ਤੋਂ ਸੰਗ ਜਿਸ ਪਾਸ ਜਾ ਕੇ ਸਾਰੇ ਪਾਪ ਪੁੰਨ ਦੱਸਣੇ, ਮੂਰਖਤਾਈਆਂ ਅੱਗੇ ਧਰਨੀਆਂ ਨਿਆਣੇ ਬਣਕੇ ਸਿਖਯਾ ਲੈਣੀ ਸੀ। ਫਿਰ ਉਸੇ ਗੁਰੂ ਤੋਂ ਜਿਸ ਨੂੰ

ਸਾਡੀ ਚਿੰਤਾ ਹੈ। 'ਤਿਸ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ।।'

ਪਤੀ-ਕੀਹ ਗੁਰੂ ਸਾਥੋਂ ਨਫ਼ਰਤ ਨਹੀਂ ਕਰਦਾ?

ਵਹੁਟੀ-ਜੋ ਜੋ ਉਸ ਵੇਲੇ ਦਾ ਉੱਕਿਆ ਕਿ ਰੁੱਸਿਆ ਹੈ ਜਦ ਬੀ ਸ਼ਰਨ ਗਿਆ ਹੈ ਗੁਰੂ ਜੀ ਨੇ ਗਲੇ ਲਾ ਲਿਆ ਹੈ। ਉਹ ਕੋਈ ਦੰਡ ਦਾਤਾ ਧਰਮ ਰਾਜ ਤਾਂ ਨਹੀਂ ਨਾ। ਉਹ ਤਾਂ ਮਿਹਰਾਂ ਦਾ ਸਾਂਈਂ ਹੈ, ਬਖਸ਼ਿੰਦ ਹੈ ਤੇ ਬਖਸ਼ਿੰਦ ਮਹਿਰਮ ਹੈ, ਮਹਿਰਮ ਜੁ ਹੋਇਆ ਇਨਸਾਨੀ ਦਿਲਾਂ ਦਾ। ਇਸ ਪ੍ਰਕਾਰ ਦਿਨ ਚੜ੍ਹੇ ਤਕ ਬਾਤਾਂ ਹੁੰਦੀਆਂ ਰਹੀਆਂ।

੪.

ਉੱਧਰ ਭੁਜੰਗਣ ਦੀ ਰਾਤ ਤਾਂ ਬੇਚੈਨੀ ਵਿਚ ਲੰਘੀ ਸੀ, ਪਰ ਅੰਮ੍ਰਿਤ ਵੇਲੇ ਉੱਠਣ ਤੇ ਬਾਣੀ ਪੜ੍ਹਨ ਦਾ ਸੁਭਾ ਪਿਆ ਹੋਇਆ, ਇਸ ਮੂਰਛਾ ਵੇਲੇ ਬੀ ਕੰਮ ਆਇਆ। "ਹਾਇ ਨਾ ਤੋੜ" ਦੀ ਥਾਂ ਕੋਈ ਪੰਜ ਘੜੀ ਦੇ ਤੜਕੇ ਇਹ ਤੁਕ ਮੂੰਹੋਂ ਨਿਕਲੀ "ਪ੍ਰਭ ਕੈ ਸਿਮਰਣ ਗਰਭਿ ਨ ਬਸੈ।।" ਫੇਰ ਕੁਝ ਚਿਰ ਮਗਰੋਂ ਆਵਾਜ਼ ਆਈ, "ਜੋ ਜੋ ਜਪੈ ਤਿਸ ਕੀ ਗਤਿ ਹੋਇ।।" ਫੇਰ ਆਵਾਜ਼ ਆਈ "ਅਨਿਕ ਭੋਗ ਬਿਖਿਆ ਕੇ ਕਰੈ।। ਨਹ ਤ੍ਰਿਪਤਾਵੈ ਖਪਿ ਖਪਿ ਮਰੈ।" ਫੇਰ ਅਵਾਜ਼ ਆਈ "ਮਿਰਤਕ ਕਉ ਜੀਵਾਲਨ ਹਾਰ।। ਭੂਖੇ ਕਉ ਦੇਵਤ ਅਧਾਰ।।" ਫਰ ਆਵਾਜ਼ ਆਈ "ਆਪੁਨੇ ਜਨ ਕਾ ਪਰਦਾ ਢਾਕੈ।।" ਫੇਰ "ਜਹ ਅਛਲ ਅਛੇਦ ਅਭੇਦ ਸਮਾਇਆ।। ਊਹਾ ਕਿਸਹਿ ਬਿਆਪਤਿ ਮਾਇਆ।।" ਫੇਰ "ਆਪ ਮੁਕਤੁ ਮੁਕਤੁ ਕਰੈ ਸੰਸਾਰੁ।। ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ।।" ਫੇਰ "ਦੂਖ ਰੋਗ ਬਿਨਸੇ ਭੈ ਭਰਮ।।" ਏਹ ਤੁਕਾਂ ਇਸ ਕ੍ਰਮ ਵਿਚ ਸੁਣ ਕੇ ਭਾਈ ਦੇਊ ਜੀ ਬੋਲੇ : "ਪੁੱਤ੍ਰੀ ! ਤੇਰਾ ਜੀਵਨ ਮਰਨ ਦੁਇ ਸਫਲ।" ਹੁਣ ਆਪ ਨੇ ਬਦਾਮ ਰੋਗਨ ਲੈਕੇ ਸਾਰੇ ਬਦਨ ਤੇ ਝਸਵਾਇਆ, ਪੈਰੋ ਪੈਰ ਹੋਸ਼ ਪਰਤਦੀ ਗਈ ਅਰ ਪਹੁਫੁਟਾਲੇ ਵੇਲੇ ਅੱਖਾਂ ਖੁਲ੍ਹ ਆਈਆਂ। ਮਾਂ ਦੀ ਗੋਦ ਵਿਚ ਆਪਣੇ ਆਪ ਨੂੰ ਦੇਖਕੇ ਬਾਹਾਂ ਉੱਚੀਆਂ ਕਰਕੇ ਗਲਵੱਕੜੀ ਪਾਈ, ਪਰ ਤਾਕਤ ਜ਼ਰਾ ਘੱਟ ਸੀ, ਫੇਰ ਹੱਸ ਕੇ ਬੋਲੀ : ਅੰਮਾਂ ਜੀ ! ਬੜੀ ਨੀਂਦ ਆਈ, ਮੈਂ ਕਿੱਥੇ ਸਾਂ? ਡਾਢੀ ਡੂੰਘੀ ਨੀਂਦ ਹੈਂ ਮਾਂ ਜੀ! ਨਿਸੱਤੀ ਕਿਉਂ ਹੋ ਰਹੀ ਹਾਂ? ਮਾਂ ਨੇ ਪਿਆਰ ਦਿੱਤਾ, ਛਾਤੀ ਨਾਲ ਲਾਇਆ ਤੇ ਕਿਹਾ: 'ਕਾਕੀ ਤੂੰ ਤਕੜੀ ਹੈਂ।' ਫੇਰ ਪਿਤਾ ਨੇ ਪਜਾਰ ਦਿੱਤਾ, ਅਚਾਨਕ ਕੁੜੀ ਨੂੰ ਯਾਦ ਆ ਗਿਆ ਚਕੋਧਰੇ ਦਾ ਟੁੱਟਣਾ, ਰੰਗ ਬਦਲ ਗਿਆ ਤੇ ਬੋਲੀ : ਬਾਪੂ ਜੀਓ! ਹਾਇ....ਨਾ....ਤੋੜ ਤੇ ਇਕ ਆਕੜ ਲਈਓਸੁ। ਪਿਤਾ ਸਿਆਣਾ ਸੀ, ਉਸ ਸਮਝਾਇਆ। ਇਹ ਵੇਲਾ ਬੜਾ ਨਾਜ਼ਕ ਸੀ, ਪਰ ਪਿਤਾ ਦਾ ਆਖਿਆ ਉਸ ਨੂੰ ਨਿਰਸੰਸੇ ਹੁੰਦਾ ਸੀ, ਇਸ ਕਰਕੇ ਉਨ੍ਹਾਂ ਦੀ ਸਮਝੌਤੀ ਨੇ, ਜੋ ਉਨ੍ਹਾਂ ਨੇ ਇਸ ਵੇਲੇ ਪਿਆਰ ਤੇ ਧੀਰਜ ਨਾਲ ਦਿੱਤੀ, ਕੁੜੀ ਨੂੰ ਚਕੋਧਰੇ ਤੋਂ ਨਿਰਮੋਹ ਕਰ ਦਿੱਤਾ ਤੇ ਉਸਦਾ ਫੇਰ ਹੋੜ੍ਹ ਵਿਚ ਰੁੜ੍ਹਨੋਂ ਬਚਾ ਹੋ ਗਿਆ। ਘੜੀ ਮਗਰੋਂ ਜਸਵੰਤ ਰਾਉ ਵਹੁਟੀ ਸਮੇਤ ਆਪਣੇ ਨੌਕਰ ਦੇ ਘਰ ਆ ਗਿਆ ਤੇ ਭੁੰਞੇ ਹੀ ਬੈਠ ਗਿਆ। ਬੀਬੀ ਨੇ ਕਾਕੀ ਦੇ ਸਿਰ ਤੇ ਪਿਆਰ ਦਿੱਤਾ ਤੇ ਕਿਹਾ-"ਬੱਚੀ ਸਾਵਧਾਨ ਹੋ, ਬਾਗ਼ ਤੇਰਾ ਹੈ, ਚਕੋਧਰਾ ਤੇਰਾ ਹੈ, ਮੈਂ ਤੇਰੀ ਹਾਂ, ਮੇਰੇ ਪਤੀ ਜੀ ਤੇਰੇ ਪਿਤਾਵਤ ਹਨ, ਤਕੜੀ ਹੋ।"

ਜਸਵੰਤ ਨੇ ਕਿਹਾ-"ਕਾਕੀ ਗੁਰੂ ਬਖਸ਼ਿੰਦ ਹੈ, ਸਿੱਖ ਬਖਸ਼ਿੰਦ ਹਨ।"

ਲੜਕੀ ਦੇ ਪਿਤਾ ਨੇ ਕਿਹਾ : "ਵਾਹਿਗੁਰੂ ! ਮਹਾਰਾਜ ਜੀ ! ਇਹ ਆਪ ਦੀ ਬਾਲਕੀ ਹੈ। ਆਪ ਵਡੇ ਹੋ ਸਿਰ ਤੇ ਹੱਥ ਰਖੋ।" ਇਸ ਵੇਲੇ ਜਸਵੰਤ ਰਾਉ ਦੀ ਵਹੁਟੀ ਨੇ ਬਚੜੀ ਨੂੰ ਗੋਦ ਵਿਚ ਲੈ ਲਿਆ ਅਰ ਉਹ ਹੰਝੂਆਂ ਨਾਲ ਸਿੰਜਿਆ ਚਕੋਧਰਾ ਅੱਗੇ ਧਰਕੇ ਕਿਹਾ : "ਲੈ ਪੁੱਤ੍ਰੀ ਇਹ ਤੇਰੀ ਪਿਆਰੀ ਚੀਜ਼।" ਪਰ ਧੀਰਜਵਾਨ ਕੁੜੀ ਨੇ ਹੱਥ ਜੋੜਕੇ ਕਿਹਾ: "ਬੀਬੀ ਜੀ ! ਮੈਂ ਬੜੀ ਭੁੱਲ ਵਿਚ ਰਹੀ ਹਾਂ, ਤਦੇ ਮੇਰੀ ਅਜ ਅੰਮ੍ਰਿਤ ਵੇਲੇ ਜਾਗ ਨਹੀਂ ਖੁੱਲ੍ਹੀ ਤੇ ਸਰੀਰ ਔਖਾ ਰਿਹਾ ਹੈ। ਇਹ ਚਕੋਧਰਾ ਸਾਡੇ ਮਾਲਕ ਦਾ ਹੈ, ਅਸੀਂ ਨੌਕਰ ਹਾਂ। ਮੈਂ ਪਰਾਈ ਚੀਜ਼ ਨੂੰ ਆਪਣੀ ਬਣਾ ਲਿਆ ਸੀ ਤੇ ਫੇਰ ਗੁਰੂ ਜੀ ਦੇ ਅਰਪਨ ਕਰਨ ਦਾ ਸੰਕਲਪ ਕੀਤਾ। ਗੁਰੂ ਜੀ ਨੇ ਐਸੀ ਚੀਜ਼ ਲੈਣੀ ਹੀ ਨਹੀਂ ਸੀ, ਇਸੇ ਕਰ ਕੇ ਕੱਲ ਮਾਲਕ ਜੀ ਆਪ ਤੁੜਵਾ ਕੇ ਲੈ ਗਏ ਸੇ। ਜੇ ਮੈਨੂੰ ਇਹ ਖ਼ਬਰ ਹੁੰਦੀ ਤਦ ਮੈਂ ਪਹਿਲਾਂ ਮਾਲਕ ਜੀ ਦੇ ਪਾਸ ਜਾਂਦੀ, ਅਰ ਉਨ੍ਹਾਂ ਨੂੰ ਚਕੋਧਰੇ ਦੇ ਇਸ ਫਲ ਦਾ ਮੁੱਲ ਦੇ ਆਉਂਦੀ, ਤਦ ਆਪਣਾ ਜਾਣਕੇ ਪਾਲਦੀ, ਫੇਰ ਗੁਰੂ ਜੀ ਕਦੇ

ਕਿਸੇ ਨੂੰ ਤੋੜਨ ਨਾ ਦੇਂਦੇ। ਪਰ ਹੁਣ ਬੀ ਭਲਾ ਹੋਇਆ ਜੋ ਮੈਂ ਬੇਹੱਕੀ ਚੀਜ਼ ਸਤਿਗੁਰਾਂ ਦੇ ਦਰਬਾਰ ਨਹੀਂ ਲੈ ਗਈ, ਨਹੀਂ ਤਾਂ ਦੀਵਾਨ ਦੇ ਵਿਚ ਲੱਜ ਝੱਲਣੀ ਪੈਂਦੀ, ਇਹ ਸਤਿਗੁਰਾਂ ਨੇ ਬੜੀ ਮਿਹਰ ਕੀਤੀ ਹੈ। ਪਿਤਾ ਜੀ ਦੱਸਦੇ ਹਨ ਜੋ ਸਿਖਾਂ ਨੂੰ ਸਦਾ ਦਾਨ ਕਰਨਾ ਚਾਹੀਏ ਕਦੇ ਦਾਨ ਲੈਣਾ ਨਹੀਂ ਚਾਹੀਏ ਅਤੇ ਹੱਕ ਤੋਂ ਬਿਨਾਂ ਤਾਂ ਓਪਰੀ ਸ਼ੈ ਦੀ ਲੋਚ ਤੋਂ ਪਰੇ ਹਟਣਾ ਚਾਹੀਦਾ ਹੈ।"

ਇਹ ਸਮਝੌਤੀ ਸੀ ਜੋ ਪਿਤਾ ਨੇ ਸਮਝਾ ਕੇ ਪੁੱਤ੍ਰੀ ਨੂੰ ਰੋੜ੍ਹ ਵਿਚ ਰੁੜ੍ਹਨੋਂ ਬਚਾ ਲਿਆ ਸੀ, ਨਾਲੇ ਹੱਕੀ ਬੇਹੱਕੀ ਦਾ ਅਰਥ ਸਮਝਾ ਦਿੱਤਾ ਸੀ। ਓਹੋ ਠੀਕ ਸਮਝ ਵਿਚ ਆਏ ਬਚਨ ਕਾਕੀ ਨੇ ਆਖ ਦਿੱਤੇ। ਇਸ ਦੇ ਇਹ ਭੋਲੇ-ਭਾਲੇ ਸੱਚੇ ਬਚਨ ਜਸਵੰਤ ਰਾਓ ਨੂੰ ਵਿੰਨ੍ਹ ਗਏ। "ਸਿਖ ਨੂੰ ਦਾਨ ਦੇਣਾ ਚਾਹੀਦਾ ਹੈ, ਦਾਨ ਲੈਣਾ ਨਹੀਂ ਚਾਹੀਦਾ।" ਸਿਖੀ ਦਾ ਇਹ ਸੁਭਾਵ ਜਸਵੰਤ ਦੇ ਦਿਲ ਤੇ ਅਸਰ ਕਰ ਗਿਆ। ਨਾਲੇ ਸਮਝ ਪੈ ਗਈ ਕਿ ਸਿਖ ਬਿਪਤਾ ਨੂੰ ਕਿਸ ਤਰ੍ਹਾਂ ਮਿੱਠਾ ਕਰਕੇ ਮੰਨਦੇ ਹਨ ਅਰ ਕਿਸ ਤਰ੍ਹਾਂ ਸ਼ੁਕਰ ਦੇ ਮੰਡਲ ਵਿਚ ਰਹਿਣ ਦਾ ਜਤਨ ਕਰਦੇ ਹਨ। ਜਸਵੰਤ ਰਾਉ ਨੇ ਭਾਈ ਦੇਊ ਨੂੰ ਕਿਹਾ : "ਮੈਂ ਸਤਿਗੁਰ ਤੋਂ ਰੁੱਸਿਆ ਰਹਿਾ ਹਾਂ ਪਰ ਉਕਾਈ ਮੇਰੀ ਸੀ, ਸੰਗ ਮੇਰੇ ਅਗੇ ਪਰਦਾ ਹੋ ਤਣੀ ਰਹੀ..., ਸੱਚ ਵਿਚ ਸ਼ਰਮ ਕਾਹਦੀ ਇਸ ਕਾਕੀ ਦੇ ਠਹੋਲਾ ਦੇਣ ਤੇ ਆਪਣੀ ਇਸਤ੍ਰੀ ਦੇ ਉਪਦੇਸ਼ ਨੇ ਮੈਨੂੰ ਹੋਸ਼ ਲੈ ਆਂਦੀ ਹੈ। ਤੁਸੀਂ ਹੁਣ ਮੈਨੂੰ ਮੁੜ ਸਾਧ ਸੰਗਤ ਵਿਚ ਰਲਾ ਲਓ।"

ਭਾਈ ਦੇਊ ਜੀ ਨੇ ਅਦਬ ਨਾਲ ਕਿਹਾ : "ਮਹਾਰਾਜ ! ਮੈਂ ਕੀਟ ਆਪ ਦੇ ਦਰ ਦਾ ਭਿਖਾਰੀ ਹਾਂ, ਮੈਂ 'ਹਉ ਅਪਰਾਧੀ ਗੁਨਹਗਾਰ ਹਉਂ ਬੇਮੁਖ ਮੰਦਾ' ਹਾਂ ਆਪਦਾ ਘਰਾਣਾ ਆਦੀ ਸਿਖੀ ਦਾ ਹੈ। ਸਤਿਗੁਰੂ ਸਦਾ ਦਿਆਲ ਹਨ। ਉਹ ਸਿਖਾਂ ਵਲ ਨਹੀਂ ਦੇਖਦੇ, ਆਪਣੀ ਮਿਹਰ ਵਲ ਦੇਖਦੇ ਹਨ। ਆਪਦਾ ਹਿਰਦਾ ਉੱਤਮ ਹੈ ਜੋ ਮੇਰੇ ਜਿਹੇ ਨਿਕਾਰੇ ਦੇ ਘਰ ਇਸ ਨਾਚੀਜ਼ ਬਾਲਕੀ ਦੀ ਖ਼ਾਤਰ ਆਪਨੂੰ ਇਸ ਕ੍ਰਿਪਾਲਤਾ ਨਾਲ ਲਿਆਯਾ ਹੈ, ਮੈਂ ਆਪ ਦੇ ਕੋਮਲ ਦਿਲ ਨੂੰ ਕਿਸ ਤਰ੍ਹਾਂ ਸਤਿਸੰਗ ਦੇ ਪਿਆਰ ਤੋਂ ਹੀਣਾ ਆਖਾਂ ? ਵਾਹਿਗੁਰੂ ਸਾਨੂੰ ਸਭਨਾਂ ਨੂੰ ਬਖਸ਼ੇ। ਗੁਰੂ ਵੱਲ ਮਨ ਦਾ ਰੁਖ ਕੀਤਿਆਂ ਹੀ ਸਨਮੁਖ ਹੋ ਜਾਈਦਾ ਹੈ। ਧੰਨ ਗੁਰੂ ਜਿਸ ਨੇ ਆਪਨੂੰ ਆਪਣੇ ਵਲ ਖਿੱਚ ਲਿਆ ਹੈ।"

ਸਤਿਗੁਰੂ ਨੂੰ ਨਾ ਕੁਫਲ ਨਾ ਜੰਦਰੇ ਹਨ ਨਾ ਬੂਹੇ ਨਾ ਖਿੜਕੇ ਹਨ, ਨਾ ਪਹਿਰੂਆ ਨਾ ਰੋਕਣ ਹਾਰ ਹੈ : 'ਕਬੀਰ ਜਿਹ ਦਰ ਆਵਤ ਜਾਤਿਅਹੁ ਹਟਕੈ ਨਾਹੀ ਕੋਇ। ।ਸੋ ਦਰ ਕੈਸੇ ਛੋਡੀਐ ਜੋ ਦਰੁ ਐਸਾ ਹੋਇ।।' ਹੁਣ ਕਾਕੀ ਨੂੰ ਪਿਆਰ ਦੇ ਕੇ ਦੁਇ ਚਲੇ ਗਏ।

ਦੋ ਪਹਾੜੀਆਂ ਵਿਚ ਵਗਦੀ ਨਦੀ ਅੱਗੇ ਜੇ ਕੋਈ ਟਿੱਲਾ ਡਿਗ ਪਵੇ ਤਾਂ ਪਾਣੀ ਵਗਣੋਂ ਰੁਕ ਜਾਂਦਾ ਹੈ ਤੇ ਅਗੋਂ ਨਦੀ ਸੁੱਕ ਜਾਂਦੀ ਹੈ ਪਰ ਇਕ ਦਿਨ ਇਹ ਜਲ ਇਕੱਠਾ ਹੋ ਹੋ ਟਿੱਲੇ ਨੂੰ ਰੋੜ੍ਹ ਲੈਂਦਾ ਹੈ ਤੇ ਫੇਰ ਨਦੀ ਹੜ੍ਹ ਬਣਕੇ ਪਾਲਾਂ ਬੰਨੇ ਭੰਨਕੇ ਵਗ ਟੁਰਦੀ ਹੈ। ਉਹੋ ਹਾਲ ਜਸਵੰਤ ਦਾ ਹੋਇਆ। ਦਿਲ ਅਗੋਂ ਸੰਗ ਦਾ ਪੱਥਰ ਰੁੜ੍ਹਿਆ ਤਾਂ ਪਿਆਰ ਦੀ ਰੌ ਠਾਠਾਂ ਮਾਰ ਉਠੀ ਤੇ ਪਦਾਰਥ ਵਲੋਂ ਵੈਰਾਗ ਦਾ ਵੇਗ ਚੜ੍ਹ ਆਇਆ। ਉਸ ਧਰਮ ਪੁੰਜ ਦੇ ਚਰਨਾਂ ਵਿਚ ਪਹੁੰਚ ਕੇ ਬਖਸ਼ਵਾਣ ਤੇ ਅਗੋਂ ਰਜ਼ਾ ਵਿਚ ਤੁਰਨ ਦੀ ਲੋਚਾ ਪ੍ਰਬਲ ਪੈ ਗਈ। ਇੰਨੀ ਕਿ ਜਗਤ ਤੋਂ ਚਿਤ ਉਪਰਾਮ ਹੀ ਹੋ ਗਿਆ ਤੇ ਆਪਾ ਵਾਰਨ ਤੇ ਆ ਗਿਆ।

੫.

**ਆਨੰਦਪੁਰ** ਵਿਚ ਅੱਜ ਆਨੰਦ ਹੀ ਆਨੰਦ ਹੈ, ਦੀਵਾਨ ਭਰ ਰਿਹਾ ਹੈ, ਸਾਹਿਬ ਬੈਠੇ ਸ੍ਰਿਸ਼ਟੀ ਤਾਰ ਰਹੇ ਹਨ। ਗੁਰਦਾਸਪੁਰੇ ਦੀ ਸੰਗਤ ਰਤਾ ਪਛੜ ਕੇ ਪਹੁੰਚੀ ਪਰ ਭੋਗ ਤੋਂ ਪਹਿਲਾਂ ਪਹੁੰਚ ਗਈ[1]।

ਦੀਵਾਨ ਵਿਚ ਜਦ ਅੱਪੜੇ ਤਾਂ ਅੱਗੇ ਅੱਗੇ ਬੀਬੀ ਸੀ, ਮਗਰ ਜਸਵੰਤ ਰਾਉ ਵਹੁਟੀ ਸਮੇਤ, ਮਗਰ ਸਾਰੀ ਸੰਗਤ ਸੀ ਤੇ ਸਭ ਤੋਂ ਪਿਛੇ ਭਾਈ ਦੇਊ ਤੇ ਉਸ ਦੀ ਨਾਰ ਸੇ। ਜਦ ਸ੍ਰੀ ਗੁਰੂ ਜੀ ਅੱਗੇ ਮੱਥਾ ਟੇਕ ਚੁੱਕੇ ਤਦ ਬੀਬੀ ਨੇ ਉਹ ਚਾਵਾਂ ਨਾਲ ਪਾਲਿਆ ਚਕੋਧਰਾ ਚਰਣਾਂ ਵਿਚ ਧਰਿਆ। ਗ਼ਰੀਬ ਨਿਵਾਜ ਸਤਿਗੁਰਾਂ ਨੇ ਭੋਲੀ ਬਾਲਕੀ ਨੂੰ ਗੋਦ ਵਿਚ ਲੈ ਕੇ ਕਿਹਾ : "ਮੇਰੀ ਧੀ !" ਬੀਬੀ ਨੇ ਸਿਰ ਨੀਵਾਂ ਪਾ ਲਿਆ ਤੇ ਜਸਵੰਤ ਰਾਉ ਨੇ ਜ਼ਰੀ ਬਾਦਲੇ ਦਾ ਚੋਗਾ ਲਾਹ ਕੇ ਗੁਰੂ ਜੀ ਦੇ ਚਰਨਾਂ ਵਿਚ ਧਰ ਦਿੱਤਾ ਹੇਠਾਂ ਖੱਦਰ ਦੇ ਕੱਪੜੇ

1. ਇਹ ਉਹ ਗੁਰ ਸਪਤਮੀ ਸੀ, ਜਿਸ ਦਿਨ ਗੁਲਾਬੇ ਤਰੇ ਸੇ।

ਸਨ। ਬੀਬੀ ਪਹਿਲਾਂ ਹੀ ਖੱਦਰ ਵਿਚ ਸੀ। ਜਸਵੰਤ ਨੇ ਕੁਛ ਮੁਹਰਾਂ ਦੇ ਬਦਰੇ ਅੱਗੇ ਧਰੇ ਤੇ ਚਰਨਾਂ ਨੂੰ ਚੰਬੜ ਗਿਆ। ਸਭੇ ਤੱਕ ਰਹੇ ਸੇ ਕਿ ਦੰਪਤੀ ਦੇ ਸੁਰੀਲੇ ਗਲੇ ਤੋਂ ਇਕ ਵੈਰਾਗ ਭਰੀ ਸੁਰ ਨਿਕਲੀ। ਸੁਰ ਕੀਹ ਸੀ ਕਿ ਸਾਰੇ ਵਾਯੂ ਮੰਡਲ ਵਿਚ ਵੈਰਾਗ ਦੀ ਥੁੱਰਾਟ ਪੈਦਾ ਹੋ ਗਈ:-

ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥ ਕੇਤੇ ਗਨਉ ਅਸੰਖ ਅਵਗਣ ਮੇਰਿਆ॥ ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ॥ ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ॥ ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ॥ ਬਿਨਵੰਤ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ॥੧॥

(ਜੈ: ਛੰ: ਮ: ੫)

ਐਸ਼੍ਵਰਜ ਵਿਚ ਆਉਣਾ, ਸਰਬੰਸ ਅਰਪਨ ਕਰਕੇ ਚਰਨਾਂ ਵਿਚ ਰੱਖਕੇ ਵੈਰਾਗ ਕਰਨਾ, ਬੜਾ ਦਰਦਨਾਕ ਦ੍ਰਿਸ਼ਯ ਸੀ, ਸਾਵਣ ਦੀ ਬਰਖਾ ਵਾਂਙ ਕੁਰਬਾਨੀ ਦਾ ਭਾਵ ਸਾਰੇ ਨੇਤ੍ਰਾਂ ਤੋਂ ਛਹਿਬਰ ਲਵਾ ਰਿਹਾ ਸੀ। ਸਤਿਗੁਰਾਂ ਨੇ ਉਸ ਵੇਲੇ ਬਚਨ ਕੀਤਾ:-

ਸਗਲ ਮਨੋਰਥ ਪ੍ਰਭ ਤੇ ਪਾਏ ਕੰਠਿ ਲਾਇ ਗੁਰਿ ਰਾਖੇ॥ ਸੰਸਾਰ ਸਾਗਰ ਮਹਿ ਜਲਨਿ ਨ ਦੀਨੇ ਕਿਨੈ ਨ ਦੁਤਰੁ ਭਾਖੇ॥੧॥ ਜਿਨ ਕੈ ਮਨਿ ਸਾਚਾ ਬਿਸ੍ਵਾਸੁ॥ ਪੇਖਿ ਪੇਖਿ ਸੁਆਮੀ ਕੀ ਸੋਭਾ ਆਨਦੁ ਸਦਾ ਉਲਾਸੁ॥ ਰਹਾਉ॥ ਚਰਨ ਸਰਨਿ ਪੂਰਨ ਪਰਮੇਸੁਰ ਅੰਤਰਜਾਮੀ ਸਾਖਿਓ॥ ਜਾਨਿ ਬੂਝਿ ਅਪਨਾ ਕੀਓ ਨਾਨਕ ਭਗਤਨ ਕਾ ਅੰਕੁਰੁ ਰਾਖਿਓ॥੨॥੨॥੨੬॥

(ਧਨਾ: ਮ: ੫)

ਗੁਰੂ ਕਾ ਇਹ ਵਾਕ ਰਾਗੀ ਸਿੰਘਾਂ ਨੇ ਚੁੱਕ ਲਿਆ ਤੇ ਸੁਰੀਲੀ ਸੁਰ ਵਿਚ ਗਾਂਵਿਆਂ।

ਹੁਣ ਜਸਵੰਤ ਦੀ ਇਸਤ੍ਰੀ ਨੇ ਗਾਂਵਿਆਂ-"ਸਤਿ ਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥" ਇਹ ਤੁਕ ਲੈਂਦਿਆਂ ਸੰਗਤ ਨਾਲ ਰਲ ਪਈ ਤੇ ਜੋਟੀਆਂ ਦੀ ਧਾਰਨਾ ਵਿਚ ਸਾਰਾ ਸ਼ਬਦ ਗਾਂਵਿਆਂ :-

"ਸਤਿਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥੧॥ ਰਹਾਉ॥ ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥੧॥ ਜਨਮ ਭਵੰਤੇ ਨਰਕਿ ਪੜੰਤੇ ਤਿਨ੍ਹ ਕੇ ਕੁਲ ਉਧਾਰੇ॥੨॥ ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥੩॥ ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ॥੪॥੧॥੧੪੧॥

(ਆਸਾ ਮ: ੫)

ਕੈਸਾ ਪਿਆਰ-ਬਲੀ ਦਾਨ ਹੈ, ਆਪਾ ਨੁਛਾਵਰੀ ਹੈ। ਇਕ ਰਾਜਸੀ ਅਮੀਰ ਆਦਮੀ ਗਰੀਬੀ ਵੇਸ ਵਿਚ ਹੋ ਕੇ ਸਰਬੰਸ ਅੱਗੇ ਧਰੀ ਬੈਠਾ ਹੈ, ਪਿੱਛੇ ਦੀ ਤਾਂਘ ਚੁਕਾ ਆਇਆ ਹੈ। ਉਸ ਦਿਲ ਦੀ ਜਾਚ ਕਰੋ ਜੋ ਇਸ ਤਰ੍ਹਾਂ ਸੰਸਾਰ ਤੋਂ ਟੁੱਟ ਗਿਆ ਹੈ ਕਿ ਹੁਣ ਗੁਰੂ ਜੀ ਹਨ ਜਾਂ ਇਹ ਸਰੀਰ ਹੈ, ਜਾਂ ਹੁਕਮ ਦੀ ਉਡੀਕ ਹੈ। ਜਿਸਨੇ ਪੀੜ੍ਹੀਆਂ ਦਾ ਧਨ ਪਿਆਰੇ ਦਾਤਾ ਜੀ ਦੇ ਅੱਗੇ ਭੇਟ ਧਰ ਦਿੱਤਾ ਹੈ, ਜਿਸ ਨੇ ਸਰੀਰ ਬੀ ਨਾਲ ਅਰਪ ਦਿੱਤਾ ਹੈ। ਹਾਂ ਜਿਸ ਨੇ - "ਤਨ ਧਨ ਸਉਪਿਆ ਗੁਰੂ ਕਉ ਸਿਰ ਬੀ ਦੀਆ ਨਾਲਿ।" ਇਹ ਸੰਨਯਾਸ ਹੈ, ਇਸ ਨੂੰ ਤਿਆਗ ਕਹਿੰਦੇ ਹਨ, ਜੋ ਕੁਝ ਸੀ ਸੋ ਗੁਰੂ ਅਰਪਨ। ਇਸ ਲਈ ਨਹੀਂ ਕਿ ਕੰਮ ਨਹੀਂ ਹੁੰਦਾ, ਪਰ ਇਸ ਲਈ ਕਿ ਹੁਣ ਆਪਣੇ ਪਰਾਏ ਦੀ ਵਿੱਥ ਨਹੀਂ ਰਹੀ। ਹੁਣ ਓਪਰਾਪਨ ਨਹੀਂ ਰਿਹਾ, ਹੁਣ ਸਭ ਕੋਈ ਤੇ ਸਭ ਕੁਝ ਗੁਰੂ ਦਾ ਦਿੱਸਦਾ ਹੈ। ਬ੍ਰਿਛ ਦੇ ਡਾਲ ਨੂੰ ਬਾਕੀ ਦਾ ਸਾਰਾ ਹਿੱਸਾ ਆਪਣੇ ਆਪ ਤੋਂ ਓਪਰਾ ਨਹੀਂ ਭਾਸਦਾ, ਇਹ ਹੈ ਬ੍ਰਹਮ-ਗਯਾਨ। ਹਉਂ ਦੀ ਪਾਲ ਟੁੱਟ ਗਈ ਹੈ ਸਾਰੀ। ਹੁਣ ਧਨ ਨੂੰ ਕਿਸ ਤਰ੍ਹਾਂ ਲੁਕਾ ਕੇ ਰੱਖੇ ? ਕਿਸ ਤੋਂ ਵਾਂਜੇ ? ਕਿਸ ਨੂੰ ਨਾ ਦੇਵੇ ? 'ਗੁਰੂ ਸਮੁੰਦ ਨਦੀ ਸਭਿ ਸਿਖੀ' ਮੂਜਬ ਜਸਵੰਤ ਹੰਕਾਰ ਦੇ ਪਰਬਤਾਂ ਤੋਂ ਡਿੱਗਦਾ ਹਉਮੈਂ ਦੇ ਮੈਦਾਨ ਝਾਗਦਾ ਤੇ ਪਾਰਦਰਸ਼ਕ ਮਾਯਾ ਦੇ ਰੇਤ ਥਲੇ ਲੰਘਦਾ ਗੁਰੂ ਸਮੁੰਦਰ ਵਿਚ ਆਪਣਾ ਆਪ ਅਰਪਨ ਕਰ ਰਿਹਾ ਹੈ ਤੇ ਗੁਰੂ ਸਮੁੰਦਰ ਉਸ ਸਭ ਕੁਝ ਨੂੰ ਕੀਹ ਕਰਦਾ ਹੈ ? ਸੰਸਾਰ ਦੇ ਭਲੇ ਵਿਚ ਖਰਚ ਦੇਂਦਾ ਹੈ। ਉਹ ਤਾਂ ਸਮੁੰਦਰ ਹੀ ਪਰੋਪਕਾਰ ਦਾ ਹੈ[1]। ਹਾਂ ਉਸ ਦਾ ਸਰੂਪ ਹੀ ਦਾਨ ਹੈ। ਨਦੀਆਂ ਵਿਚ ਪੈ ਰਹੀਆਂ ਹਨ, ਓਹ ਬੱਦਲ ਬਣਾ ਕੇ ਅਕਾਸ਼ੀਂ ਚਾੜ੍ਹ ਰਿਹਾ ਹੈ ਜੋ ਰਹਿਮਤਾਂ ਹੋ ਕੇ ਵੱਸਣ ਤੇ ਜਗਤ ਸੁਖੀ ਹੋਵੇ।

---

1. ਅਜ ਸਭ ਨੇ ਅੰਮ੍ਰਿਤ ਛਕਿਆ। ਜਸਵੰਤ ਕੁਲਵੰਤ ਸਿੰਘ ਬਣਿਆ। ਬੀਬੀ ਕੁਲਵੰਤ ਕੌਰ ਬਣੀ, ਦੇਉ ਜੀ : ਦੇਵਾ ਸਿੰਘ ਚਮਕੌਰ ਦੇ ਰਸਤੇ ਰਾਤ ਝੇੜੇ ਸ਼ਹੀਦ ਹੋਏ, ਬੀਬੀ ਸੁਭਾਗ ਸਿੰਘਣੀ ਬਣੀ, ਜਿਸ ਦੀ ਸਿੰਘ ਵੰਸ਼ ਟੁਰੀ।

# ੨੯. ਭਾਈ ਫੇਰੂ ਸੱਚ ਦਾੜ੍ਹੀ[1]।

**ਸਤਵੀਂ** ਪਾਤਸ਼ਾਹੀ ਜੀ ਦੇ ਸੱਚਖੰਡ ਪਿਆਨ ਮਗਰੋਂ ਅਠਵੇਂ ਸਤਿਗੁਰੂ ਜੀ ਗੱਦੀ ਪਰ ਬੈਠਣ ਦੇ ਕੁਛ ਚਿਰ ਮਗਰੋਂ ਦਿੱਲੀ ਟੁਰ ਗਏ ਤੇ ਛੇਤੀ ਹੀ ਜੋਤੀ ਜੋਤ ਸਮਾ ਗਏ। ਨੌਵੇਂ ਸਤਿਗੁਰੂ ਆਸਾਮ ਆਦਿ ਬਿਦੇਸ਼ਾਂ ਵਿਚ ਚਿਰ ਤਕ ਰਹੇ! ਦਸਮੇਂ ਸਤਿਗੁਰੂ ਜੀ ਗੱਦੀ ਬੈਠਦੇ ਹੀ ਭਾਰੇ ਕੰਮਾਂ ਵਿਚ ਰੁੱਝ ਗਏ। ਇਧਰ ਸੰਗਤਾਂ ਵਿਚ ਜੋ ਮਸੰਦ ਸਨ, ਕਿਤੇ ਕਿਤੇ ਆਪਣੇ ਫ਼ਰਜ਼ਾਂ ਤੋਂ ਘੁੱਸ ਗਏ। ਮਸੰਦ ਅਸਲ ਵਿਚ ਉਹ ਉੱਚਾ ਸਿੱਖ ਸੀ ਜਿਸ ਨੂੰ ਭਜਨ ਬੰਦਗੀ ਉਪਕਾਰ ਦੇ ਕਾਰਨ ਸੰਗਤ ਵਿਚ 'ਮਸਨਦ' ਤੇ ਬਿਠਾਉਂਦੇ ਸਨ। ਇਹ ਆਪਨਾ ਜੀਵਨ ਗੁਰੂ ਅਰਪਣ ਰੱਖਦਾ ਸੀ। ਜੇ ਇਕੱਲਾ ਹੋਵੇ ਤਾਂ ਆਪਣੀ ਜਾਇਦਾਦਾ ਨਹੀਂ ਸੀ ਬਣਾਉਂਦਾ, ਜੇ ਵਿਆਹਿਆ ਹੋਵੇ ਤਾਂ ਇੱਜ਼ਤ ਦਾ ਨਿਰਬਾਹ ਤੋਰ ਲੈਂਦਾ ਸੀ। ਕਰਨੀ ਦੇ ਸੁੱਚੇ, ਰਹਿਣੀ ਬਹਿਣੀ ਵਾਲੇ, ਨਾਮ ਰਸੀਏ ਤੇ ਨਾਮ ਦਾਤੇ ਗੁਰਮੁਖ ਦੇ ਦਰਜੇ ਤਕ ਦੇ ਮਸੰਦ ਹੋਇਆ ਕਰਦੇ ਸੇ। ਸਾਧ ਸੰਗਤ ਦੇ ਦਸਵੰਧ ਇਸ ਪਾਸ ਜ਼ਮਾਂ ਹੁੰਦੇ ਸਨ ਤੇ ਇਹ ਸਤਿਗੁਰ ਦੇ ਹਜ਼ੂਰ ਪਹੁੰਚਾਉਂਦਾ ਹੁੰਦਾ ਸੀ, ਪਰ ਉੱਪਰ ਲਿਖੇ ਸਮੇਂ ਵਿਚ ਬਹੁਤ ਪੁਰਾਣੇ ਮਸੰਦ ਮਰ ਗਏ ਸਨ। ਕੁਛ ਗ੍ਰਿਹਸਤੀ ਮਸੰਦ ਮਾਇਆਧਾਰੀ ਤੇ ਲੋਭੀ ਹੋ ਗਏ ਤੇ ਕਈਆਂ ਨੇ ਆਪਣੇ ਆਪ ਨੂੰ ਗੁਰੂ ਵਿਮੁਖ ਥਾਪਕੇ ਸੰਗਤਾਂ ਨੂੰ ਦੁਖ ਦੇਣੇ ਸ਼ੁਰੂ ਕਰ ਦਿੱਤੇ, ਤਦੋਂ ਕਲਗ਼ੀਧਰ ਜੀ ਨੇ ਮਸੰਦ-ਸੰਪ੍ਰਦਾ ਬੰਦ ਕਰ ਦਿਤੀ ਸੀ। ਦਸਵੰਧ ਭੇਟਾ ਨੂੰ, ਜੋ ਮਸੰਦਾਂ ਨੇ 'ਡੰਨ ਤੇ ਕਰ' ਦੀ ਸ਼ਕਲ ਦੇ ਦਿਤੀ ਸੀ, ਗੁਰੂ ਜੀ ਨੇ 'ਡੰਨ ਵਾਲੀ ਸ਼ਕਲ ਤੋੜਕੇ ਉਸਨੂੰ ਪ੍ਰੇਮ ਦੇ ਹੱਥ ਸੌਂਪ ਦਿੱਤਾ ਸੀ। ਮਸੰਦਾਂ ਵਿਚ ਉਸ ਵੇਲੇ ਬੀ ਅੱਛੇ ਅੱਛੇ ਸਿਦਕੀ ਤੇ ਪ੍ਰੇਮੀ ਸਨ। ਸਤਿਗੁਰ ਜੀ ਨੇ ਕਈ ਮਸੰਦਾਂ ਨੂੰ ਜਦੋਂ ਬੁਲਾਇਆ ਤਾਂ ਅਕਸਰ ਨਾ ਆਏ, ਫਿਰ ਹੁਕਮ ਗਿਆ ਕਿ ਫੜਕੇ ਹਾਜ਼ਰ ਕਰੋ, ਇਨ੍ਹਾਂ ਵਿਚ ਜੋ ਆਪਣੇ ਅਸਲੇ ਵਿਚ ਕਾਇਮ ਸੇ ਵਰ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ ਇਕ ਦੀ ਵਾਰਤਾ ਇਉਂ ਹੈ :-

ਭਾਈ ਫੇਰੂ ਇਸ ਸਮੇਂ ਨੱਕੇ ਦੇਸ਼ ਦਾ ਮਸੰਦ ਸੀ, ਪਹਿਲੇ ਸੱਦੇ ਪਰ ਇਹ ਨਹੀਂ ਗਿਆ, ਸੱਦਾ ਇਸ ਤੱਕ ਨਹੀਂ ਅੱਪੜਿਆ। ਦੂਜੇ ਸੱਦੇ ਦੇ ਸੁਣਦੇ ਸਾਰ ਜਿਸ ਹਾਲ ਸੀ ਉਸੇ ਹਾਲ ਟੁਰ ਪਏ। ਲੈ ਜਾਣ ਵਾਲੇ ਸਿਖ ਤਾਂ ਸਤਿਕਾਰ ਕਰਨ, ਪਰ ਫੈਰੂ ਕਹੇ ਕਿ ਹੱਥ ਬੰਨ੍ਹ ਕੇ ਦਾੜ੍ਹੀ ਫੜਕੇ ਲੈ ਚੱਲੋ! ਇਹ ਹੀਆ ਸਿਖਾਂ ਦਾ ਤਾਂ ਨਾ ਪਿਆ, ਪਰ ਫੇਰੂ ਜੀ ਆਪ ਇਸ ਤਰ੍ਹਾਂ ਹੀ ਆਪਣੀ ਦਾੜ੍ਹੀ ਫੜਕੇ ਸਾਰਾ ਰਾਹ ਟੁਰੇ। ਜਦ ਸ੍ਰੀ ਕਲਗ਼ੀਧਰ ਜੀ ਦੇ ਦਰਬਾਰ ਪੇਸ਼ ਹੋਏ ਤਾਂ ਇਸੇ ਤਰ੍ਹਾਂ ਖੜੇ ਸਨ, ਆਪ ਪਰ ਬੀ ਇਹ ਇਲਜ਼ਾਮ ਸੀ ਕਿ ਕਈ ਬਰਸ ਤੋਂ ਸੰਗਤ ਦੇ ਦਸਵੰਧ ਨੂੰ ਦਬਾ ਗਏ ਹਨ। ਸਤਿਗੁਰ ਜੀ ਨੇ ਫੇਰੂ ਵੱਲ ਦੇਖਦੇ ਪਿਆਰ ਖਾਧਾ, ਉਸ ਨੂੰ ਤੱਕਿਆ, ਫੇਰ ਤੱਕਿਆ, ਫੇਰ ਨੈਣ ਮੁੰਦ ਲਏ, ਪਲ ਮਗਰੋਂ ਖੋਲ੍ਹੇ ਤਾਂ ਉਠਕੇ ਫੇਰੂ ਨੂੰ ਛਾਤੀ ਨਾਲ ਲਾ ਲਿਆ ਤੇ ਕਿਹਾ - ਤੂੰ ਤਾਂ ਸਾਰਾ ਕੁਛ ਘੱਲਦਾ ਰਿਹਾ ਹੈਂ, ਮੈਨੂੰ ਪਹੁੰਚਦਾ ਰਿਹਾ ਹੈ, ਤੈਨੂੰ ਕੌਣ ਫੜ ਲਿਆਇਆ ਹੈ ? ਤੂੰ ਫੇਰੂ ਤਾਂ ਨਹੀਂ ਤੂੰ ਤਾਂ "ਭਾਈ ਫੇਰੂ ਸੱਚ ਦਾੜ੍ਹੀ ਹੈਂ।"

ਕਿਸੇ ਨੇ ਹੋਲੇ ਜਿਹੇ ਕਿਹਾ, "ਪਾਤਸ਼ਾਹ ! ਇਨ੍ਹਾਂ ਵਲੋਂ ਆਇਆ ਤਾਂ ਕੁਛ ਨਹੀਂ।" ਸਤਿਗੁਰ ਬੋਲੇ -- "ਸਿਧਾ ਮੇਰੇ ਪਾਸੇ ਆਉਂਦਾ ਰਿਹਾ ਹੈ।"

"ਹੁਣ ਸਤਿਗੁਰ ਜੀ ਨੇ ਸੰਗਤ ਨੂੰ ਦੱਸਿਆ ਕਿ ਇਹ ਸਾਰੀ ਦਸਵੰਧ ਦੀ ਮਾਇਆ ਭਲੇ ਅਰਥ ਲਾਉਂਦਾ ਰਿਹਾ ਹੈ ਤੇ ਆਪ ਨਿਰਾ ਅੰਨ ਪਾਣੀ ਲੰਗਰ ਤੋਂ ਛਕਦਾ ਰਿਹਾ ਹੈ। ਇਸ ਨੂੰ ਮੈਂ ਕਦੇ ਇਕ ਦਿਨ ਕਿਹਾ ਸੀ ਕਿ ਸਾਧ ਸੰਗਤ ਦੀ ਰਸਨਾ ਬੀ ਗੁਰੂ ਕੀ ਗੋਲਕ ਹੈ। ਇਹ ਸੱਚ ਪੁਤ੍ਰ ਇਸੇ ਤੇ ਅਮਲ ਕਰਦਾ ਰਿਹਾ ਹੈ।"

ਭਾਈ ਫੇਰੂ ਬੜੇ ਭਜਨੀਕ ਮਹਾਂ ਤਯਾਗੀ ਤੇ ਸਤਿਗੁਰੂ ਦੇ ਪ੍ਰੇਮੀ ਹੋਏ ਹਨ। ਸਾਧ ਸੰਗਤ ਵਿਚ ਗੁਰੂ ਦਾ ਰੂਪ ਦੇਖਦੇ ਸਨ, ਆਪ ਕਦੇ ਕਵਿਤਾ ਬੀ ਕਰਦੇ ਹੁੰਦੇ

1. ਇਹ ਪ੍ਰਸੰਗ ੧੨ ਪੋਹ ਸੰ: ਗੁ: ਨਾ: ਸਾ: ੪੫੦ ਅਰਥਾਤ ੨੬ ਦਸੰਬਰ ੧੯੧੮ ਈ: ਦੇ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਸਨ, ਜੋ ਸ਼ੋਕ ਹੈ ਕਿ ਸਾਰੀ ਲੱਭਦੀ ਨਹੀਂ। ਕੁਛ ਕੁ ਛੰਦ ਸਾਨੂੰ ਮਿਲੇ ਹਨ, ਜੋ ਹੇਠਾਂ ਦੇਂਦੇ ਹਾਂ। ਖਿਆਲ ਕੀਤਾ ਜਾਂਦਾ ਹੈ ਕਿ ਇਹ ਭਾਈ ਫੇਰੂ ਸੱਚ ਦਾੜ੍ਹੀ ਜੀ ਦੇ ਹਨ। ਕਲਗੀਧਰ ਜੀ ਨੇ ਆਪ ਨੂੰ ਆਪਣੀ ਹੱਥੀਂ ਆਪਣੀ ਦਸਤਾਰ ਬਨ੍ਹਾ ਕੇ 'ਸੱਚੀ ਦਾੜ੍ਹੀ ਦਾ ਵਰ ਦਿੱਤਾ ਸੀ, ਵਰ ਦੇ ਮਗਰੋਂ ਆਪ ਲੰਮੇਂ ਦੇਸ਼ ਵਿਚ ਆਪਣੇ ਟਿਕਾਣੇ ਹੀ ਰਹੇ, ਨਾਮ ਦੀ ਜੋਤ ਜਗਦੀ ਰਹੀ ਤੇ ਹਜ਼ਾਰਾਂ ਜੀਵ ਸਿੱਖੀ ਦੇ ਜਹਾਜ਼ ਚੜ੍ਹਕੇ ਪਾਰ ਹੋਏ। ਸਤਿਗੁਰ ਦੀ ਸੇਵਾ ਤੇ ਪਿਆਰ ਅੰਤ ਤੱਕ ਨਿਭ ਗਿਆ।

ਆਪ ਦੀ ਰਚਨਾ - ਰਾਗ ਸ਼ਾਮ ਕਲਯਾਨ-ਸਾਡੇ ਸਜਣਾਂ ਜੀ ਸਾਨੂੰ ਤੇਰੀ ਮਣੀ। ਨਿਮਾਣਿਆਂ ਦਾ ਮਾਣ ਤੂੰ ਸੁਣੀਵੇਂ ਸਾਡੀ ਬੀ ਤਾਂਘ ਤਣੀ। ਤੈਂ ਜੇਹਾ ਸਾਨੂੰ ਹੋਰ ਨਾ ਕੋਈ ਅਸੀਂ ਢੂੰਡੀ ਵਣੀ ਵਣੀ। ਫੇਰੂ ਜਾਨ ਸਜਨ ਤੋਂ ਵਾਰੀ, ਵਾਰੀ ਤਾਂ ਭਲੀ ਬਣੀ।

ਰਾਗ ਕਾਨੜਾ-

ਮਾਏ ਨੀ ਮੇਰਾ ਕਉਣ ਕੱਤੇ ਹੁਣ ਪੂਣੀਆਂ। ਸੁਧ ਬਿਸਰੀ ਮੇਰੀ ਮਤ ਬਉਰਾਨੀ ਪ੍ਰੀਤਮ ਪ੍ਰੇਮ ਝੰਝੂਣੀਆਂ। ਨੇਹੁੰ ਲੱਗਾ ਲਗ ਟੁੱਟਦਾ ਨਾਹੀ; ਸ਼ਹੁ ਬਾਝੋਂ ਗੱਲਾਂ ਊਣੀਆਂ। ਫੇਰੂ ਜੀਉਂਦਿਆਂ ਨਹੁੰ ਵਿਸਰੇ ਨਾਹੀ ਮੁਇਆਂ ਬੀ ਦੂਣ ਚਉਣੀਆਂ।

ਰਾਗ ਸੂਹੀ ਲਲਿਤ -

ਸ਼ਹੁ ਦੀਆਂ ਰਜਾਈਂ ਮੰਨ ਵੇ ਅੜਿਆ। ਦਰਦਵੰਦਾਂ ਦੇ ਦਰ ਤੇ ਧੂੰਏਂ ਧੁਖਣ ਸੰਝ ਸਬਾਹੀਂ ਵੇ ਅੜਿਆ। ਡਰਦਾ ਰਹੀਂ ਤੂੰ ਜਬ ਲਗ ਜੀਵੇਂ ਓਹ ਭਾਣੇ ਦਾ ਸਾਈਂ ਵੇ ਅੜਿਆ। ਯਾਦ ਕਰੀਂ ਇਕ ਪਲ ਨਾ ਵਿਸਾਰੀਂ ਕਦੇ ਨ ਕੰਡ ਵਲਾਈਂ ਵੇ ਅੜਿਆ। ਫੇਰੂ ਹਾਸਲ ਥੀਆ ਲੋੜੇਂ ਤਾਂ ਮੂਲ ਨ ਕੱਢੇਂ ਆਹੀਂ ਵੇ ਅੜਿਆ।

ਰਾਗ ਸੂਹੀ-

ਸਜਣ ਸੱਦ ਬੁਲਾਈਆਂ ਵੇ ਅੜਿਆ। ਚਲ ਵੇ ਫੇਰੂ ਸੱਦੇ ਨੀ ਆਏ ਇਸ਼ਕ ਨੇ ਬੰਨ੍ਹ ਕਲਾਈਆਂ ਵੇ ਅੜਿਆ। ਕੀ ਜਾਣਾ ਕੀ ਨਾਲ ਮੈਂ ਹੋਸੀ ਜੋ ਹੋਸੀ ਸੁਖ ਸਾਈਆਂ ਵੇ ਅੜਿਆ। ਮੇਹਰਾਂ ਤੇ ਤਕੀਏ ਜਿਨ੍ਹਾਂ ਨੇ ਲਾਏ, ਕਰਮਾਂ ਦੀਆਂ ਕਾਣਾਂ ਚੁਕਾਈਆਂ ਵੇ ਅੜਿਆ। ਸ਼ਹੁ ਦੇ ਅੰਗਣੇ ਹਸ ਹਸ ਜਾਈਏ ਸੂਲੀ ਤੇ ਪੈਰ ਟਿਕਾਈਆਂ ਵੇ ਅੜਿਆ[1]।

## ੩੦. ਬਜਰੂੜ ਦੀ ਸੋਧ[2]।

**ਸਤਲੁਜ** ਤੋਂ ਪਾਰ ਇਕ ਬਜਰੂੜ ਪਿੰਡ ਸੀ। ਇਸ ਦੇ ਅੰਦਰ ਇਕ ਛੋਟੀ ਜੇਹੀ ਗੜ੍ਹੀ ਬੀ ਸੀ। ਇਸ ਪਿੰਡ ਵਿਚ ਬੀ ਗੁੱਜਰ ਰੰਘੜ ਵਸਦੇ ਸੇ ਤੇ ਜ਼ੋਰ ਜ਼ੁਲਮ ਲੁੱਟ ਮਾਰ ਕਰਿਆ ਕਰਦੇ ਸੇ। ਇਹ ਗੜ੍ਹੀ ਇਨ੍ਹਾਂ ਨੂੰ ਬੜਾ ਕੰਮ ਦੇਂਦੀ ਸੀ। ਜਦ ਕਦੇ ਕੋਈ ਇਕ ਅੱਧਾ ਪਿੰਡ ਰਲਕੇ ਇਨ੍ਹਾਂ ਤੋਂ ਕੋਈ ਬਦਲਾ ਲੈਣ ਆ ਪਵੇ ਤਦ ਗੜ੍ਹੀ ਵਿਚ ਆਕੀ ਹੋ ਕੇ ਜੰਗ ਮਚਾਇਆ ਕਰਦੇ ਸੀ ਤੇ ਗੜ੍ਹੀ ਦੇ ਉਤੋਂ ਦੂਰ ਦੂਰ ਤੱਕ ਤੁਫੰਗਾਂ ਦੀ ਮਾਰ ਕਰਿਆ ਕਰਦੇ ਸੀ। ਇਨ੍ਹਾਂ ਨੇ ਬੀ ਇਕ ਸੰਗਤ ਲੁੱਟੀ। ਜਦੋਂ ਸੰਗਤ ਲੁਟੀਜ ਕੇ ਆਨੰਦਪੁਰ ਅੱਪੜੀ ਤੇ ਸਾਹਿਬਾਂ ਨੂੰ ਖ਼ਬਰ ਮਿਲੀ ਤਦ ਦੋ ਤ੍ਰੈ ਦਿਨ ਆਪ ਨੇ ਕੁਝ ਨਾ ਕਿਹਾ। ਫਿਰ ਅਚਾਨਕ ਚੜ੍ਹਾਈ ਕਰ ਦਿੱਤੀ, ਪਰ ਐਤਕੀਂ ਨਾਲ ਪੈਦਲ ਖ਼ਾਲਸੇ ਨੂੰ ਲਿਆ। ਨੇਹ ਉਤੇ ਤਾਂ ਘੋੜ ਚੜ੍ਹੀ ਸੈਨਾ ਗਈ ਸੀ, ਪਰ ਬਜਰੂੜ ਤੇ ਪੈਦਲ, ਮਾਨੋਂ ਪੈਦਲ ਖ਼ਾਲਸੇ ਦੀ ਸੂਰਮਗਤੀ ਦੀ ਇਹ ਪ੍ਰੀਖਿਆ ਸੀ। ਜਦੋਂ ਦਰਯਾ ਪਾਰ ਜਾ ਉਤਰੇ ਤਾਂ ਸਫ ਬੰਨ੍ਹਕੇ ਬਜਰੂੜ ਵਲ ਝੁਕੇ। ਲੁਟੇਰਿਆਂ ਨੇ ਡਿੱਠਾ ਕੇ ਖ਼ਾਲਸਾ ਆ ਰਿਆ ਹੈ ਤੇ ਸਾਨੂੰ ਦੰਡਣ ਲਈ ਆਇਆ ਹੈ। ਜਿੰਨੀ ਛੇਤੀ ਹੋ ਸਕਿਆ ਤੁਫੰਗਾਂ ਲੈ ਕੇ ਘਰਾਂ ਉਪਰ ਚੜ੍ਹ ਗਏ ਤੇ ਉਪਰੋਂ ਹੀ ਮਾਰ ਕਰਨ ਲੱਗ ਪਏ, ਜੋ ਸਿੰਘ ਪਿੰਡ ਦੇ ਨੇੜੇ ਅੱਪੜ ਨਾ ਸਕਣ। ਕੁਝ ਜੁਆਨ ਗੜ੍ਹੀ ਤੇ ਜਾ ਚੜ੍ਹੇ ਤੇ ਉਸ ਦੀ ਹੋਰ ਉਚਾਈ ਤੋਂ ਗੋਲੀਆਂ ਚਲਾਉਣ ਲੱਗ ਪਏ। ਇਨ੍ਹਾਂ ਦੀ ਗੋਲੀ ਦੂਰ ਦੂਰ ਤਕ ਅੱਪੜਦੀ ਸੀ। ਇਸੀ ਤਰ੍ਹਾਂ ਕੁਛ ਦਿਲ-ਚਲੇ ਰੰਘੜ ਅੱਗਾ ਰੋਕਣ ਨੂੰ ਪਿੰਡ ਦੇ ਦਰਵਾਜ਼ੇ ਦੇ ਬਾਹਰ ਹੋ ਖੜੋਤੇ, ਤੁਫੰਗਾਂ ਸਰ

1. ਇਹ ਚੌਥਾ ਛੰਦ ਆਪ ਦੇ ਹਸਬ ਹਾਲ ਕਵੀ ਉਕਤ ਹੈ।

2. ਸੰਮਤ ੪੭੩ ਗੁ: ਨਾ: ਸਾ: (੧੯੪੧) ਨੂੰ ਗੁ: ਸਪਤਮੀ ਨੂੰ ਲਿਖੇ ਗਏ ਪ੍ਰਸੰਗਾਂ ਵਿਚੋਂ ਇਕ ਇਹ ਬੀ ਸੀ।

ਕਰਨ ਲੱਗ ਪਏ। ਰੰਘੜਾਂ ਦੀ ਇਹ ਤਰਕੀਬ ਜੰਗ ਦੀ ਬੜੀ ਚਤੁਰਾਈ ਦੀ ਸੀ, ਪਰ ਖ਼ਾਲਸਾ ਅੱਗੋਂ ਕਿਹੜਾ ਘੱਟ ਸੀ, ਗੜ੍ਹੀ ਤੋਂ ਆ ਰਹੀ ਗੋਲੀ ਤੋਂ ਜਿੰਨਾ ਕੁ ਹੋ ਸਕੇ ਬਚਾਉ ਕਰਦੇ[1] ਪਰ ਜੇ ਲੱਗ ਜਾਵੇ ਤਾਂ ਭੈ ਮੰਨਣ ਦੀ ਥਾਵੇਂ ਰੋਹ ਭਰਕੇ ਹੋਰ ਵਧੇਰੇ ਸ਼ਲਕਾਂ ਛੋੜਦੇ, ਜਿਨ੍ਹਾਂ ਨਾਲ ਅਗਾ ਰੋਕਣ ਵਾਲੇ ਰੰਘੜਾਂ ਤੇ ਠੀਕ ਨਿਸ਼ਾਨੇ ਬੈਠਦੇ ਪਰ ਉਹ ਬੀ ਡਟੇ ਖੜੇ ਸਨ। ਇਸ ਤੁਲਵੇਂ ਜੁੱਧ ਵਿਚ ਆਪਣੇ ਸੈਨਾਪਤੀ ਦਾ ਇਸ਼ਾਰਾ ਪਾ ਕੇ ਅਚਾਨਕ ਖ਼ਾਲਸੇ ਨੇ ਹੱਲਾ ਬੋਲ ਦਿੱਤਾ ਤੇ ਗੜ੍ਹੀ ਤੋਂ ਆ ਰਹੀ ਗੋਲੀ ਦੀ ਕੱਖ ਪ੍ਰਵਾਹ ਨਾ ਕੀਤੀ, ਜਿਸਨੂੰ ਲੱਗੀ ਉਹ ਢੱਠਾ, ਬਾਕੀ ਦੇ ਅੱਗੇ ਹੀ ਅੱਗੇ ਵਧਦੇ ਗਏ ਤੇ ਐਉਂ ਵੈਰੀ ਦੇ ਸਿਰ ਤੇ ਅੱਪੜਕੇ ਹੱਥੋ ਹੱਥੀਂ ਜੰਗ ਦਾ ਘਮਸਾਨ ਮਚਾ ਦਿੱਤਾ, ਜਿਸ ਦੀ ਤਾਬ ਨਾ ਲਿਆ ਕੇ ਰੰਘੜ ਗੁੱਜਰ ਘਰਾਂ ਵਿਚ ਜਾ ਵੜੇ ਤੇ ਕੁਝ ਗੜ੍ਹੀ ਵਿਚ ਜਾ ਵੜੇ। ਹੁਣ ਸਿੰਘਾਂ ਨੇ, ਜਿੱਥੇ ਕਿਸੇ ਦਾ ਹੱਥ, ਪੈਰ, ਸਿਰ ਕੁਝ ਕੋਠਿਆਂ ਤੇ ਦਿੱਸਿਆ, ਨਿਸ਼ਾਨੇ ਫੁੰਡੇ ਤੇ ਗੜ੍ਹੀ ਦੇ ਨੇੜੇ ਢੁੱਕਾ ਕੀਤਾ। ਇਸ ਤਰ੍ਹਾਂ ਚਾਰ ਘੜੀ ਦਾ ਰਣ ਜੰਗ ਮਚਿਆ ਰਿਹਾ। ਸਿੰਘ ਜਦ ਗੜ੍ਹੀ ਦੇ ਦਰਵਾਜ਼ੇ ਤੇ ਆ ਅੱਪੜੇ ਤੇ ਲੱਗੇ ਦਰਵਾਜ਼ੇ ਨੂੰ ਉਡਾਉਣ, ਤਾਂ ਗੜ੍ਹੀ ਵਾਲਿਆਂ ਜਾਤਾ ਕਿ ਇਨ੍ਹਾਂ ਗੜ੍ਹੀ ਦਾ ਦਰਵਾਜ਼ਾ ਤੋੜ ਕੇ ਅੰਦਰ ਆ ਵੜਨਾ ਹੈ ਤੇ ਸਭ ਨੂੰ ਕਤਲ ਕਰ ਦੇਣਾ ਹੈ, ਤਦ ਉਤੋਂ ਹੀ ਸੁਲਹ ਦਾ ਪੱਲੂ ਫੇਰਿਆ[2]। ਤੇ ਸ਼ਲਕ ਛੋੜਨੀ ਬੰਦ ਕਰ ਦਿੱਤੀਓ ਨੇ। ਖ਼ਾਲਸੇ ਨੇ ਬੀ ਹੁਣ ਬਾੜ੍ਹ ਬੰਦ ਕਰ ਦਿਤੀ। ਫੇਰ ਗੜ੍ਹੀ ਵਿਚੋਂ ਸਭ ਨੂੰ ਕੱਢ ਕੇ ਹਜ਼ੂਰੀ ਵਿਚ ਹਾਜ਼ਰ ਕੀਤਾ। ਹੁਕਮ ਹੋਇਆ ਕਿ ਸਸ਼ਤ੍ਰ ਸਭ ਢੇਰੀ ਕਰ ਦਿਓ, ਤੇ ਆਪਣੇ ਹੱਥੀਂ ਆਪਣੀ ਗੜ੍ਹੀ ਢਾਹ ਦਿਓ, ਲੁੱਟ ਦਾ ਮਾਲ ਵਾਪਸ ਕਰੋ ਤੇ ਅੱਗੋਂ ਨੂੰ ਕੰਨਾਂ ਨੂੰ ਹੱਥ ਲਾਓ। ਜੇ ਫੇਰ ਐਸਾ ਕਰੋਗੇ ਤਾਂ ਇਸ ਤੋਂ ਵਧੀਕ ਦੰਡ ਪਾਓਗੇ। ਰੰਘੜਾਂ ਨੇ ਸਭ ਕੁਛ ਮੰਨ ਲਿਆ। ਸੋ ਐਉਂ ਜ਼ਾਲਮ ਲੁਟੇਰਿਆਂ ਦੇ ਗਿਰਾਂ ਤੇ ਫ਼ਤਹ ਪਾ ਕੇ ਖਾਲਸੇ ਦਾ ਪੈਦਲ ਦਲ ਆਨੰਦਪੁਰ ਵਾਪਸ ਆਇਆ।

ਇਸ ਤਰ੍ਹਾਂ ਦੀਆਂ ਖ਼ਾਲਸੇ ਦੀਆਂ ਮੱਲਾ ਮਾਰਨ ਨਾਲ ਸਾਰੇ ਹੀ ਰੋਅਬ ਛਾ ਰਿਹਾ ਸੀ। ਸੰਗਤਾਂ ਸੁਖੀ ਆਉਣ ਜਾਣ ਲੱਗ ਪਈਆਂ ਸਨ। ਆਲੇ ਦੁਆਲੇ ਦੀ ਕਮਜ਼ੋਰ ਪਰਜਾ ਸੁਖੀ ਵੱਸਣ ਲਗ ਪਈ ਸੀ। ਇਸ ਤਰ੍ਹਾਂ ਦੇ ਜੁੱਧ ਸਨ ਜੋ ਧਰਮ ਲਈ, ਨਿਆਂ ਲਈ ਤੇ ਪਰਜਾ ਦੇ ਸੁਖ ਲਈ ਖ਼ਾਲਸਾ ਜਨਮ ਨੂੰ ਧਾਰ ਕੇ ਕਰ ਰਿਹਾ ਸੀ।

## ੩੧. ਕਲਗੀਆਂ ਵਾਲੇ ਦਾ ਹੁਕਮ[3]।

**ਇਕ** ਦਿਹਾੜੇ ਕਲਗੀਆਂ ਵਾਲੇ ਪ੍ਰੀਤਮ ਪਾਸ ਲਿਆਯਾ। ਕੋਈ ਪ੍ਰੇਮੀ ਸੁੰਦਰ ਜੋੜਾ ਅਤਲਸ ਨਾਲ ਬਨਾਯਾ। ਪਹਿਨ ਗੁਰੂ ਜੀ ਚਲੇ ਕੇਸਗੜ੍ਹ, ਰਸਤੇ ਵਿਚ ਸਿੰਘ ਪਜਾਰਾ, ਜਿਸ ਦਾ ਨਾਮ ਨੰਦ ਸਿੰਘ ਸੁਹਣਾ, ਲਿੰਬਦਾ ਕੰਧਾਂ ਗਾਰਾ। ਛਿੱਟ ਉਡੀ ਗਾਰੇ ਦੀ ਮਾਨੋ, ਗੁਰ ਪਰਸਨ ਨੂੰ ਸਿਕਦੀ, ਪਈ ਕੱਪੜੇ ਅਤਲਸ ਉਤੇ, ਪਈ ਮੁੱ ਜਿਥੇ ਟਿਕਦੀ। ਦੇਖ ਆਪ ਨੇ ਸਾਥੀਆਂ ਵੰਨੇ ਸਹਿਜੇ ਹੁਕਮ ਸੁਣਾਯਾ : – "ਇਕ ਚੁਪੇੜ ਏਸ ਨੂੰ ਮਾਰੋ", ਸੁਣ ਸਭਿ ਹੁਕਮ ਕਮਾਯਾ। ਇਕ ਇਕ ਨੇ ਇਕ ਇਕ ਚੁਕ ਧੱਪਾ ਸਿੰਘ ਦੇ ਮੂੰਹ ਤੇ ਲਾਯਾ, ਉਸਨੇ ਸ਼ੁਕਰ ਗੁਰੂ ਦਾ ਕੀਤਾ :- "ਮੈਂ ਚੇਤੇ ਹਾਂ ਆਯਾ। ਮਿੱਠਾ ਲੱਗੇ ਜੇ ਗੁਰ ਝਿੜਕੇ, ਬਖਸ਼ੇ ਉਸ ਦੀ ਦਾਯਾ, ਦੋਹੀਂ ਗੱਲੀਂ ਹਿਰਦੇ ਗੁਰ ਦੇ ਚੇਤਾ ਸਾਡਾ ਆਇਆ। ਅਸਾਂ ਪਾਪੀਆਂ ਔਗੁਣ ਭਰਜਾਂ ਦੀ ਯਾਦ ਜਿ ਗੁਰ ਨੂੰ ਆਵੇ, ਗੁਰ ਹਿਰਦੇ ਪਾਵਨ ਵਿਚ ਫੇਰਾ ਜੇ ਇਕ ਵਾਰੀ ਪਾਵੇ। ਸਫਲ ਜਨਮ ਜਗ ਆਯਾ ਸਾਡਾ ਔਗੁਣ ਸਭ ਮਿਟ ਜਾਣੇ, ਸਿਮਰਨ ਪ੍ਰਭ ਦਾ ਹਿਰਦੇ ਅੰਦਰ ਕਰਸੀ ਆਣ ਟਿਕਾਣੇ"। ਸਿੱਖ ਪਿਆਰਾ

1. ਉਸ ਸਮੇਂ ਤੁਫੰਗ ਯਾ ਬੰਦੂਕ ਇੱਡੀ ਛੇਤੀ ਨਹੀਂ ਸੀ ਚਲਾਈ ਜਾ ਸਕਦੀ, ਜਿੱਡੀ ਛੇਤੀ ਹੁਣ ਚਲਦੀ ਹੈ। ਭਰਦਿਆਂ ਭਰਦਿਆਂ ਤੇ ਅੱਗ ਦੇਂਦਿਆਂ ਦੇਰ ਲੱਗਦੀ ਸੀ। 2. ਪਿਖਿ ਹੱਲਾ ਪੱਲਾ ਤਬ ਫੇਰਾ। ਪ੍ਰਭੁ ਜੀ ! ਤਜਹੁ ਗ੍ਰਾਮ ਲਖਿ ਚੇਰਾ ( ਸੂ: ਪ੍ਰ: ਪੰ: ੫੧੧੧

3. ਇਹ ਪ੍ਰਸੰਗ ੭ ਪੋਹ ਸੰ: ਗੁ: ਨਾ: ਸਾ: ੪੪੩ ਅਰਥਾਤ ੨੧ ਦਸੰਬਰ ੧੯੧੧ ਈ: ਦੇ ਗੁਰਪੁਰਬ ਸਪਤਮੀ ਦੇ ਅਵਸਰ ਤੇ 'ਖ਼ਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ।

ਵਿਚ ਰਜ਼ਾ ਦੇ ਰਾਜ਼ੀ ਸੀ, ਖੁਸ਼ ਹੋਯਾ; ਤਦੋਂ ਗੁਰੂ ਜੀ ਪਰਤ ਪਿਛਾਂਹਾਂ ਜੋ ਹੋਇਆ ਅਵਿਲੋਯਾ[1]। ਕਹਿਣ ਲਗੇ : "ਸੀ ਇਕ ਚਪੇੜ ਦਾ ਹੁਕਮ ਅਸਾਂ ਨੇ ਦਿੱਤਾ; ਇਕ ਤੋਂ ਵੱਧ ਓਸ ਨੂੰ ਪਈਆਂ ਇਹ ਕੀ ਕਾਰਾ ਕਿੱਤਾ ?" ਸਿੱਖਾਂ ਨੇ ਤਦ ਕਿਹਾ :

"ਗੁਰੂ ਜੀ, ਹੁਕਮ ਆਪ ਦਾ ਆਇਆ ਜਿਸ ਜਿਸ ਨੇ ਇਹ ਸੁਣਿਆ ਕੰਨੀਂ ਉਸ ਉਸ ਹੁਕਮ ਕਮਾਇਆ। ਹੁਕਮੀ ਬੰਦੇ ਅਸੀਂ ਆਪਦੇ, ਹੋਵੇ ਸੁਈ ਕਮਾਈਏ। ਏਹੋ ਵਰ ਬਖਸ਼ੋ ਹੇ ਗੁਰੂ ਜੀ ! ਹੁਕਮੋਂ ਮੂੰਹ ਨ ਫਿਰਾਈਏ"।

ਤਦੋਂ ਗੁਰੂ ਜੀ ਕਿਹਾ : "ਹੁਕਮ ਹੈ, ਬੇਟੀ ਇਸ ਨੂੰ ਦੇਵੋ, ਗੁਰੂ ਹੁਕਮ ਨੂੰ ਮੰਨੋਂ ਜੇਕਰ, ਪਤੀਆ ਪੂਰਾ ਦੇਵੋ।" ਚੁੱਪ ਪਈ, ਮੂੰਹ ਪੀਲੇ ਹੋਏ, ਪੈ ਸੋਚੀਂ ਸ਼ਰਮਾਏ; ਨਵੇਂ ਸਿੱਖ ਸਨ, ਨਵੀਂ ਪਰਖ ਸੀ, ਸਨ ਦੂਰਾਂ ਤੋਂ ਆਏ। 'ਹੁਕਮ ਹੁਕਮ' ਸੁਣਿਆਂ ਸੀ ਕੰਨੀਂ, ਤਾਬ ਨਹੀਂ ਸੀ ਡਿੱਠੀ। ਹੁਕਮ ਕਮਾਵਣ ਦੀ ਹੈ ਕਿੰਨੀ, ਕਿੰਞ ਕੌੜੀ ਕਿੰਞ ਮਿੱਠੀ। ਸੋਚਾਂ ਵਿਚ ਪਏ ਸਨ ਸਾਰੇ, ਮੂੰਹ ਨੀਵੇਂ ਸਨ ਪਾਏ। ਅਜਬ ਸਿੰਘ ਕੰਧਾਰੀ ਪਜਾਰੇ ਇੰਨੇ ਨੂੰ ਸਨ ਆਏ। ਸੁਣਕੇ ਕੌਤਕ ਵਰਤਜਾ ਸੀ ਜੋ ਹੁਕਮ ਜੁ ਸਤਿਗੁਰ ਕਹਿਆ, ਚਰਨੀਂ ਪਿਆ ਗੁਰੂ ਦੀ ਪਜਾਰਾ ਦਾਮਨ ਗੁਰ ਫੜ ਲਇਆ। ਕਿਹਾ :- "ਚੋਜੀਆ ! ਕੌਤਕ ਵਾਲੇ ਪਾਵਨ ਕਰਨੇ ਹਾਰੇ ! ਮੈਂ ਤੇਰਾ, ਸਰਬੰਸ ਹੈ ਤੇਰਾ, ਤੇਰੇ ਸਿੱਖ ਪਿਆਰੇ। ਅਪਨਾ ਹੋਇ ਸੁ ਅਪਨਾ ਕਹੀਏ, ਹੈ ਜੋ ਸੋ ਹੈ ਤੇਰਾ; ਸਾਡੀ ਤਾਂ 'ਮੈਂ' ਭੀ ਨਹੀਂ ਆਪਣੀ, 'ਮੈਂ' ਤੇਰੀ ਸਭ ਤੇਰਾ। ਕਾਜ ਰਚਾਈਏ ਸਤਿਗੁਰ ਸ੍ਵਾਮੀ, ਆਪਣੇ ਲਿਖੇ ਵਚਾਓ, ਧੁਰ ਸੈਂ ਤਾਂ ਲਿਖਦਾ ਹੀ ਤੂੰ ਸੈਂ, ਏਥੇ ਆਪ ਪੁਗਾਓ। ਜਿਵੇਂ ਰਜ਼ਾਇ ਆਪ ਦੀ ਹੋਵੇ, ਤਿਵੇਂ ਮਨਾਓ ਪਿਆਰੇ ! 'ਮੈਂ' ਸਾਡੀ ਤੁਹਾਡੀ ਹੋ ਜਾਵੇ 'ਮੈਂ' ਫਿਰ ਦਮ ਨਾ ਮਾਰੇ"। ਸੁਣ ਸਿੱਖੀ ਦੀ ਪਜਾਰੀ ਬਾਣੀ ਸੁਣ ਸਿਦਕਾਂ ਦੀ ਬੋਲੀ; ਸਤਿਗੁਰ ਨੈਣ ਭਰੇ ਢਲਿ ਮੋਤੀ, ਹੀਰਜੋਂ ਮਹਿੰਗੇ ਤੋਲੀ; ਗਲ ਲਾਯਾ ਤੇ ਮੁਖੋਂ ਅਲਾਯਾ : "ਧੰਨ ਸਿੱਖੀ ਸਿਖ ਪਜਾਰੇ ! ਪ੍ਰਭੂ ਰੂਪ ਵਿਚ ਵਾਸਾ ਹੋਇਆ, ਪਰਮੇਸ਼੍ਵਰ ਦੇ ਸ੍ਵਾਰੇ। ਬੇਟੀ ਤੇਰੀ, ਬੇਟੀ ਸਾਡੀ, ਵਰ ਇਹ ਧੁਰੋਂ ਸੰਜੋਗੀ : ਕਾਜ ਕਰਾਂਗੇ ਹੁਣੇ ਅਸੀਂ ਹੀ, ਦੇਖੇਗੀ ਸਭ ਲੋਗੀ"। ਉਹਨੀਂ ਕਦਮੀਂ ਮੁੜੇ ਗੁਰੂ ਜੀ ਡੇਰੇ ਨੂੰ ਚਲਿ ਆਏ। ਹੁਕਮ ਹੋ ਗਿਆ ਉਸ ਖਿੰਨ ਅੰਦਰ ਲਗ ਦਿਵਾਨ ਸਭ ਜਾਏ। ਅਜਬ ਸਿੰਘ ਦੀ ਸੁਤਾ[2] ਗੁਰੂ ਨੇ ਆਪਣੀ ਗੋਦੀ ਪਾਈ। ਮਾਤਾ ਜੀ ਬੇਟੀ ਉਸ ਕਹਿਕੇ ਵਿਚ ਦਿਵਾਨ ਲਿਆਈ। ਕਾਜ ਰਚਾਇਆ ਸਤਿਗੁਰ ਪੂਰੇ ਬੇਟੀ ਆਪ ਵਿਆਹੀ, ਕਾਜ ਹੋ ਗਿਆ, ਖੁਸ਼ੀ ਹੋ ਗਈ ਪਰ ਇਕ ਬੜੀ ਵਧਾਈ; ਗੁਰ ਖੁਸ਼ੀ ਦੀ ਦਾਤ ਵਡੇਰੀ ਇਸ ਨੂੰ ਮਿਲੀ ਸਵਾਈ। ਨੰਦ ਸਿੰਘ ਦਾ ਆਨੰਦ ਹੋਇਆ, ਘਰ ਘਰ ਵਜੇ ਵਧਾਈ। ਕੀਰਤਿ ਗੁਰ ਦੀ ਚਹੁੰਦਿਸ਼ ਫੈਲੀ, ਚੋਜੀ ਬੜੇ ਗੁਸਾਈਂ। ਅਜਬ ਸਿੰਘ ਪੂਰੇ ਪਦ ਪਹੁੰਚੇ, ਜੀਵਨ ਮੁਕਤੀ ਪਾਈ।

## ੩੨. ਲਾਹੌਰਾ ਸਿੰਘ ਦੀ ਸੋਧ[3]।

**ਇਕ** ਪਾਸੇ ਬੀਰ ਰਸੀ ਜੰਗ ਹੋ ਰਹੇ ਸੇ, ਦੂਜੇ ਪਾਸੇ ਧਰਮ ਪ੍ਰਚਾਰ ਹੋ ਰਿਹਾ ਸੀ, ਦੁਹਾਂ ਰੰਗਾਂ ਦੀ ਨੀਂਹ ਇਖ਼ਲਾਕ ਯਾ ਸਦਾਚਾਰ ਤੇ ਰੱਖੀ ਹੋਈ ਸੀ। ਝੂਠ, ਕੁਸੱਤ, ਫਰੇਬ, ਕੁਸੰਗ, ਜਬਰ, ਹਰ ਆਚਰਣ ਹੀਨਤਾ ਵਾਲੀ ਗੱਲ ਤੋਂ ਉੱਚਿਆਂ ਰੱਖਦੇ ਸੁੱਚੇ ਸਦਾਚਾਰ ਵਿਚ ਖਾਲਸੇ ਦੀਆਂ ਨੀਹਾਂ ਗੱਡੀਆਂ ਜਾ ਰਹੀਆਂ ਸਨ, ਜਿਨ੍ਹਾਂ ਦੀ ਵੰਨਗੀ ਐਉਂ ਦਿੱਸ ਪੈਂਦੀ ਹੈ :-

ਭਾਦੋਂ ਦੀ ਰੁਤ ਸੀ, ਰਾਤ ਨੂੰ ਠੰਡੀ ਹਵਾ ਚਲ ਪਈ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਛਤ ਪਰ ਬਿਰਾਜ ਰਹੇ ਸੀ ਤਾਂ ਨਾਲ ਲਗਦੇ ਘਰ ਦੀ ਛਤ ਤੋਂ ਕੁਛ ਝਗੜੇ ਦੀ ਆਵਾਜ਼ ਆਈ। ਏਥੇ ਇਕ ਸਿੰਘ ਦਾ ਘਰ ਸੀ, ਜਿਸ ਦਾ ਨਾਉਂ ਲਾਹੌਰਾ ਸਿੰਘ ਸੀ, ਇਹ ਗੁਰੂ ਜੀ ਦੇ ਸਾਹਿਬ ਜ਼ਾਦਿਆਂ ਦਾ ਖਿਡਾਵਾ ਸੀ। ਇਸ ਦੇ ਨੇੜੇ ਹੀ ਘਰ ਸੀ ਮਾਲਾ ਸਿੰਘ ਦਾ। ਮਾਲਾ ਸਿੰਘ ਵਪਾਰੀ ਸੀ ਤੇ ਸ਼ਾਹੂਕਾਰਾ ਕੰਮ ਬੀ

1. ਡਿੱਠਾ। 2. ਬੇਟੀ। 3. ਸੰਮਤ ੪੭੩ ਗੁ: ਨਾ: ਸਾ: (੧੯੪੧) ਗੁ: ਸਪਤਮੀ ਨੂੰ ਲਿਖੇ ਗਏ ਪ੍ਰਸੰਗਾਂ ਵਿਚੋਂ ਇਕ ਇਹ ਬੀ ਸੀ।

ਕਰਦਾ ਸੀ। ਲੋੜ ਪਈ ਤੇ ਲਾਹੌਰਾ ਸਿੰਘ ਨੇ ਮਾਲਾ ਸਿੰਘ ਤੋਂ ਕਰਜ਼ਾ ਲਿਆ, ਪਰ ਫੇਰ ਦੇਣ ਦਾ ਨਾਉਂ ਨਾ ਲੀਤਾ। ਮਾਲਾ ਸਿੰਘ ਸਹਿਨਸ਼ੀਲ ਤੇ ਨੇਕ ਸੁਭਾ ਦਾ ਬੰਦਾ ਸੀ। ਉਸ ਨੇ ਸਖਤੀ ਨਾ ਕੀਤੀ, ਸਮਾਂ ਪਾ ਕੇ ਮਾਲਾ ਸਿੰਘ ਨੂੰ ਵਿਹਾਰ ਵਿਚ ਟੋਟਾ ਆ ਗਿਆ। ਹੌਲੇ ਹੌਲੇ ਖਾਣ ਪੀਣ ਦੀ ਭੀ ਤੰਗੀ ਹੋ ਗਈ। ਤਦ ਉਸ ਨੇ ਲਾਹੌਰਾ ਸਿੰਘ ਤੋਂ ਆਪਣੇ ਰੁਪੈ ਮੰਗੇ ਪਰ ਉਹ ਮਖੌਲ ਨਾਲ ਟਾਲ ਛਡਿਆ ਕਰੇ। ਅੱਜ ਰਾਤ ਮਾਲਾ ਸਿੰਘ ਉਸ ਦੇ ਘਰ ਗਿਆ ਤੇ ਮੰਗ ਕਰਨ ਲੱਗਾ, ਪਰ ਲਾਹੌਰਾ ਸਿੰਘ ਨੇ ਨਾ ਦੇਣ ਤੇ ਚਿੜਾਉਣ ਲਈ ਆਖਿਆ – 'ਸਿਖ ਸਿਖ ਦਾ ਖਾਇ ਕਰ ਚਿੰਤਾ ਕਰੀਅਹਿ ਦੂਰ'। ਫੇਰ ਠਹਿਰ ਕੇ ਬੋਲਿਆ; 'ਖਾਣਾ ਪੀਣਾ ਹੱਸਣਾ ਗੁਰੂ ਦੀਆ ਭੁਗਤਾਇ।' ਜਦ ਮਾਲਾ ਸਿੰਘ ਨੇ ਆਪਣੀ ਗ਼ਰੀਬ ਦਸ਼ਾ ਦੱਸੀ ਤਾ ਲਾਹੌਰਾ ਸਿੰਘ ਬੋਲਿਆ : 'ਜੈਸਾ ਜਿਸ ਕਾ ਲੇਖ ਹੈ ਤੈਸੀ ਬਿਧਿ ਬਨਿ ਆਇ।' ਮਾਲਾ ਸਿੰਘ ਨੇ ਕਿਹਾ : ਭਾਈ 'ਦਰਗਹਿ ਹੋਨ ਸਜਾਈਆਂ ਝੂਠੇ ਅਮਲ ਜਿਨਾਹ। ਜਮ ਮਾਰਾ ਗਹਿ ਮਾਰੀਐ ਰੋਇ ਰੋਇ ਪਛੁਤਾਇ।' ਇਹ ਸੁਣਕੇ ਲਾਹੌਰਾ ਸਿੰਘ ਬੋਲਿਆ : 'ਲੇਖਾ ਕੋਇ ਨ ਪੁਛਈ ਜਾ ਗੁਰੁ ਬਖਸੰਦਾ[1]।'

ਗੁਰੂ ਜੀ ਸੁਣ ਰਹੇ ਸੇ, ਜਾਂ ਆਪਣੀ ਬਦ ਇਖਲਾਕੀ ਤੇ ਪਾਪ ਕਰਮ ਦੀ ਪ੍ਰੋੜਤਾ ਲਈ ਲਾਹੌਰਾ ਸਿੰਘ ਨੇ ਗੁਰਬਾਣੀ ਦੀ ਤੁਕ ਪੜ੍ਹੀ ਤਾਂ ਸਦਾਚਾਰ ਦੇ ਸਰਦਾਰ ਗੁਰੂ ਜੀ ਨੇ ਆਪਣੇ ਆਪ ਨਾਲ ਪਰ ਉੱਚੀ ਕਰਕੇ ਤੁਕ ਪੜ੍ਹੀ ਜੋ ਲਾਹੌਰਾ ਸਿੰਘ ਨੂੰ ਸਾਫ ਸੁਣਾਈ ਦਿੱਤੀ – 'ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ।। ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।' ਪਹਿਲੀ ਤੁਕ ਜੋ ਲਾਹੌਰਾ ਸਿੰਘ ਨੇ ਕਹੀ ਸੀ 'ਸਿਖ ਸਿਖ ਦਾ ਖਾਇ ਕਰ ਚਿੰਤਾ ਕਰੀਐ ਦੂਰ' – ਓਸ ਦੇ ਰੱਦ ਕਰਨ ਲਈ ਗੁਰੂ ਜੀ ਨੇ ਦੂਸਰੀ ਤੁਕ ਉੱਚੀ ਰਚ ਸੁਣਾਈ :-

'ਖਾਵੈ ਖੁਆਇ ਨ ਦ੍ਰੋਹ ਕਰਿ ਰਹੀਐ ਬੰਦ ਹਜ਼ੂਰ।' ਫਿਰ ਜੋ ਦੂਸਰੀ ਤੁਕ ਉਸ ਆਖੀ ਸੀ – 'ਖਾਣਾ ਪੀਣਾ ਹੱਸਣਾ ਗੁਰੂ ਦੀਆ ਭੁਗਤਾਇ' ਇਸ ਪਰ ਗੁਰੂ ਜੀ ਨੇ ਝਿੜਕਵੀਂ ਸੁਰ ਵਿਚ ਤੁਕ ਆਖੀ – 'ਜੈਸਾ ਕਰਮ ਕਰਤਾ ਕਰੇ ਤੈਸਾ ਗੁਰ ਭੁਗਤਾਇ।' ਗੁਰੂ ਕੇ ਵਾਕ ਸੁਣ ਕੇ ਲਾਹੌਰਾ ਸਿੰਘ ਕੰਬਿਆ ਤੇ ਨਿੰਮ੍ਰਤਾ ਧਾਰਕੇ ਮਾਲਾ ਸਿੰਘ ਨੂੰ ਕਹਿਣ ਲਗਾ ਸਿੰਘ ਜੀ ! ਛਿਮਾ ਕਰੋ, ਮੈਂ ਕੱਲ ਆਪ ਤੋਂ ਲਿਆ ਧਨ ਆਪ ਨੂੰ ਪੁਚਾ ਦਿਆਂਗਾ; ਮੈਂ ਤੁਸਾਂ ਨਾਲ ਬਿਲਾਸ ਕਰਦਾ ਸੀ। ਸਵੇਰ ਹੋਈ ਤਾਂ ਲਾਹੌਰਾ ਸਿੰਘ ਰੁਪੈ ਲੈ ਕੇ ਮਾਲਾ ਸਿੰਘ ਦੇ ਘਰ ਗਿਆ ਤੇ ਹੱਥ ਜੋੜ ਕੇ ਕਰਜ਼ਾ ਉਤਾਰਿਆ, ਫੇਰ ਤਿਆਰ ਬਰ ਤਿਆਰ ਹੋ ਕੇ ਗੁਰੂ ਦਰਬਾਰ ਗਿਆ। ਸ੍ਰੀ ਗੁਰੂ ਜੀ ਨੂੰ ਮੱਥਾ ਟੇਕ ਕੇ ਇਹ ਕਵਿਤਾ ਪੜੀਓਸ :-

ਗੁਰ ਤੇ ਵਿਛੁੜਿਆ ਸਿੱਖ ਲੋਭੀ ਕਾਮ ਕਹੁ,
ਬਖਸ਼ੈ ਗੁਰ ਬਖਸ਼ਿੰਦ ਮੇਲੈ ਛਾਡ ਰੋਹ।
ਔਗੁਨਹਾਰੇ ਨੀਤ, ਚਲੈਂ ਨਹੀਂ ਸਾਚ ਮਗ।
ਲੰਪਟ ਭਏ ਕੁਟੰਬ, ਨ ਮਿਥਿਆ ਲਖਜੋ ਜਗ।

ਤਾਂ ਗੁਰੂ ਜੀ ਬੋਲੇ :-

ਕਾਮ ਕ੍ਰੋਧ ਮਦ ਲੋਹ ਤੇ ਕਰੋ ਨਹੀਂ ਅਪਰਾਧ।
ਰਿਦਾ ਸਰਲ ਬਿਨ ਕਪਟ ਤੇ, ਪੰਥ ਚਲਹਿ ਇਹ ਸਾਧ।

ਫੇਰ ਗੁਰੂ ਜੀ ਨੇ ਸੰਗਤ ਵੱਲ ਤੱਕ ਕੇ ਸਰਬ ਖਾਲਸੇ ਨੂੰ ਉਪਦੇਸ਼ ਦਿੱਤਾ, ਜੋ ਕਵੀ ਸੰਤੋਖ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ :-

ਸਿਖ ਹੋਇ ਕਿਸ ਕਰਜ ਨ ਲੇਵੈ। ਜੇਕਰ ਲੇਯ ਭਾਵ ਕਰ ਦੇਵੈ। ਸੁਨੈ ਨ ਝੂਠ ਨ ਮੁਖ ਤੇ ਕਹੈ। ਸੰਗ ਝੂਠ ਕੇ ਪ੍ਰੀਤ ਨ ਗਹੈ। ਸਤਿਸੰਗੀ ਹੁਇ ਸਾਚ ਕਮਾਵੈ। ਸੰਗ ਸਾਚ ਕੇ ਪ੍ਰਿਤ ਵਧਾਵੈ। ਸਚ ਉਰ ਧਰੈ ਮ੍ਰਿਜਾਦਾ ਸਾਚੀ। ਛਲ ਬਿਨ ਹੋਵੇ ਸਾਚ ਉਬਾਚੀ।

ਇਸ ਪ੍ਰਕਾਰ ਉਪਦੇਸ਼ ਦ੍ਰਿੜਾ ਕੇ ਗੁਰੂ ਜੀ ਨੇ ਸਰਬ ਖਾਲਸੇ ਨੂੰ ਉੱਚ ਜੀਵਨ ਦਾ ਉਪਦੇਸ਼ ਦਿੱਤਾ। ਜਦੋਂ ਸੰਗਤਾਂ ਵਿਚ ਪਤਾ ਲੱਗਾ ਕਿ ਮਾਲਾ ਸਿੰਘ ਦਾ ਦੇਣਾ ਲਾਹੌਰਾ ਸਿੰਘ ਨੇ ਮਾਰ ਲਿਆ ਸੀ ਤੇ ਫੇਰ ਗੁਰਬਾਣੀ ਦੀ ਤੁਕ ਆਪਣੇ ਪਾਪ ਕਰਮ ਲਈ ਵਰਤੀ ਸੀ ਤੇ ਜਦੋਂ ਸਤਿਗੁਰੂ ਨੇ ਲਾਹੌਰਾ ਸਿੰਘ ਵਿਚ ਸਦਾਚਾਰ ਦੀ ਇਹ ਕਮਜ਼ੋਰੀ ਤੇ ਭੁੱਲ ਕਰਕੇ ਗੁਰ ਵਾਕ ਉਚਾਰਨ ਦੀ ਦੀਦਾ ਦਲੇਰੀ ਦੇਖੀ ਤਾਂ ਉਸ ਵੇਲੇ ਧੁਰ ਛੱਤ ਤੋਂ ਪੁਕਾਰੇ ਤਾਂ ਸਾਰੇ ਸਤਿਗੁਰਾਂ ਦੀ ਗ੍ਰੀਬ ਨਿਵਾਜੀ ਤੇ ਸਦਾਚਾਰ ਦੇ ਪਿਆਰ ਨੂੰ ਦੇਖਕੇ ਗਦਗਦ ਹੋ

1. ਪਹਿਲੀਆਂ ਤੁਕਾਂ ਸੌ ਸਾਖੀ ਦੀਆਂ ਹਨ ਪਰ ਇਹ ਤੁਕ ਗੁਰਬਾਣੀ ਦੀ ਹੈ ਤੇ ਸ਼ੁਧ ਪਾਠ ਐਉਂ ਹੈ :-
ਲੇਖਾ ਕੋਇ ਨ ਪੁਛਈ ਜਾਂ ਹਰਿ ਬਖਸੰਦਾ॥ (ਮਾਰੂ ਵਾ: ਮ: ੫

ਗਏ। ਆਖਣ : ਧੰਨ ਹਨ ਐਤਨੇ ਭਾਰੇ ਕੰਮਾਂ ਵਿਚ ਰੁੱਝੇ ਸਤਿਗੁਰ, ਜੋ ਆਪਣੇ ਸਿਖਾਂ ਦੇ ਨਿਜ ਦੇ ਮਾਮਲਿਆਂ ਦੀਆਂ ਇਖ਼ਲਾਕੀ ਕਮਜ਼ੋਰੀਆਂ ਦੀ ਦਰੁਸਤੀ ਦਾ ਭੀ ਫਿਕਰ ਰਖਦੇ ਹਨ।

## ੩੩. ਭਾਈ ਹਰਵੰਤ ਸਿੰਘ[1]।

ਪ੍ਰਸੰਨ ਕੌਰ (ਬੰਦੀ ਵਿਚ ਪਈ ਗਾਉਂਦੀ ਹੈ)-

[2]ਕਲਗੀ ਵਾਲੇ ਦੀ ਆਸ ਤਕਾਈਂ, ਡੋਰੀ ਸਤਿਗੁਰ ਨਾਲ ਲਗਾਈਂ। ਮੇਰੀ ਸਤਿਗੁਰ ! ਆਸ ਪੁਜਾਈਂ, ਦਾਸੀ ਸਨਮੁਖ ਸਦਾ ਰਹਾਈਂ। ਹਾਇ ! ਪੀਅ ਬੀ ਬੰਦੀ ਪਏ ਹੈਂ, ਮਿਲ ਕੇ ਬੈਠਨ ਦੇ ਦੋਹੂੰ ਗਏ ਹੈਂ। ਪਰ ਨਾ ਥਾਂਉਂ ਨਿਰਾਸਜਾਂ ਹੋਵਨਦੀ, ਨਹੀਂ ਵਿਲਪਨ, ਕੁੜ੍ਹਨ ਤੇ ਰੋਵਨ ਦੀ। ਦਿਲ ਮਿਲੇ, ਜੋ ਮਿਲੇ ਮਿਲ ਰਹੇ ਹੈਂ, ਵਿੱਥ ਓਥੇ ਨਾ ਕੋਈ ਪਏ ਹੈ। ਦੇਹੀ 'ਮੇਲ' 'ਵਿਜੋਗ' ਜੁ ਹੁੰਦਾ, 'ਦੇਸ਼ ਤੇ ਕਾਲ', ਖੇਲ ਹੈ ਸੰਦਾ। ਦੇਹੀ ਦੇਸ਼ ਤੇ ਵਿੱਥਾਂ ਪਸਾਰੇ, ਕੌਤਕਹਾਰ ਦੇ ਹਨ ਚਮਕਾਰੇ, ਸਦਾ ਦੇਸ਼ ਅਨੰਦੀ ਸਦਾਂਦਾ; ਜਿੱਥੇ ਮੇਲਾ ਹੀ ਮੇਲਾ ਰਹਾਂਦਾ।

ਨਾਹਰੂ (ਲੁਕਕੇ ਸੁਣਦਾ ਤੇ ਬੂਹੇ ਦੇ ਸਾਹਮਣੇ ਆਕੇ ਕਹਿੰਦਾ ਹੈ)-

[3]ਘਿਉ ਡੁੱਲਾ ਬੇਸ਼ਰਮ ਦਾ ਆਖੇ 'ਰੁੱਖੀ ਖਾਉਂ',।
ਮਾਣ ਕਰੇ 'ਮੈਂ ਖੁਸ਼ੀ ਹਾਂ' ਅਜਬ ਖੁਸ਼ੀ ਦਾ ਥਾਉਂ !
ਅਜੇ ਵਕਤ ਏ, ਸੁਹਣੀਏਂ ! ਮੰਨ, ਮਨਾ ਨਿਜ ਕੰਤ।
ਸਿਰ ਤੇ ਘੁੰਮਰ ਪਾ ਰਿਹਾ ਕਾਲ, ਕਰੇ ਜੋ ਅੰਤ।

ਪ੍ਰਸੰਨ ਕੌਰ-ਜੇਠਾ[3] ! ਰੱਬ ਸਵਾਰਿਆ, ਕਰ ਜੋ ਤੈਨੂੰ ਭਾਇ। ਧੀਅ ਪਰਾਈ ਮਾਰ ਲੈ, ਵੀਰ ਨ ਸੱਕਾ ਘਾਇ।

ਨਾਹਰੂ-

[4]ਭਾਬੀ ! ਕਹਿਰ ਤੇ ਲੱਕ ਕਿਉਂ ਬੰਨ੍ਹਿਆ ਈ ?
ਅਪਣੇ ਆਪ ਦੀ ਵੈਰਨੇ ! ਹੱਠ ਛੱਡੀਂ।
ਦੇਹ ਮੱਤ ਤੂੰ ਆਪਣੇ ਕੰਤ ਤਾਈਂ,
ਉਹਦੇ ਮਗ਼ਜ਼ ਵਿਚੋਂ ਕੀੜਾ ਨਾਲ ਕੱਢੀਂ।
ਸਿੱਖੀ ਨਵੀਂ ਜੋ ਤੁਸਾਂ ਨੇ ਸਿੱਖ ਲੀਤੀ,
ਹਿਰਦੇ ਆਪਣੇ ਡੂੰਘੜੀ ਬਹੁਤ ਗੱਡੀ।
ਛੱਡ ਦਿਓ ਤਾਂ ਏਸ ਨੂੰ ਬਹੁਤ ਚੰਗਾ,
ਨਹੀਂ ਜਾਣਨੀ ਆਪਣੀ ਧੌਣ ਵੱਢੀ।

ਏਦਾਂ ਆਖਦਾ ਨਾਹਰੂ ਕੁਝ ਦੂਰ ਜਾ ਕੇ ਖੜੋ ਗਿਆ, ਜਿਸ ਕੋਠੇ ਵਿਚ ਭਰਾ ਡੱਕਿਆ ਹੋਇਆ ਸੀ ਤੇ ਬੋਲਿਆ:-

ਤਰਸ ਕਰੀਂ ਕੁਝ ਮੈਂ ਤੇ ਭਾਈ! ਮੇਰੇ ਹੱਥਨ ਲਹੂ ਭਰਾਈਂ।

ਭਰਾ-ਪਿਆਰੇ ਭ੍ਰਾਤਾ ! ਜੋ ਕੁਝ ਆਪ ਨੇ ਸਮਝਿਆ ਹੈ ਉਹ ਠੀਕ ਨਹੀਂ। ਮੌਤ ਦੇ ਡਰ ਤੋਂ ਮੈਂ ਸਿੱਖੀ ਮੰਡਲ ਵਿਚੋਂ ਨਿਕਲ ਨਹੀਂ ਸਕਦਾ, ਕਿਉਂਕਿ ਸਿੱਖੀ ਨੇ ਉਹ ਪਰਦਾ ਦੂਰ ਕਰ ਦਿੱਤਾ ਹੈ ਜਿਸ ਦੇ ਕਾਰਨ ਮਰਨ ਜੀਵਨ ਦਾ ਭੈ ਜਾਂਦਾ ਰਹਿੰਦਾ ਹੈ। ਸਿੱਖੀ ਨੇ ਉਹ ਪ੍ਰਕਾਸ਼ ਭੇਜਿਆ ਹੈ ਕਿ ਜਿਸ ਨੇ ਮੌਤ ਨੂੰ ਆਤਮ ਜਨਮ ਕਰ ਦਿਖਾਇਆ ਹੈ। ਮੌਤ ਕੁਝ ਨਹੀਂ ਇਕ ਧਰਤੀ ਤੇ ਫਿਰਦੇ ਸੁੰਡੀ ਕੀੜੇ ਨੂੰ ਖੰਭ ਲੱਗ ਜਾਂਦੇ ਹਨ, ਅਰ ਉਹ ਫੁੱਲਾਂ ਦੀ ਮੌਜ ਲੈਣ ਜੋਗਾ ਹੋ ਜਾਂਦਾ ਹੈ। ਸਰੀਰ ਦੀ ਏਸ ਮੌਤ ਤੋਂ ਬੀ ਪਹਿਲੇ ਅਸੀਂ ਇਕ ਹੋਰ ਮੌਤ ਚੱਖ ਚੁਕੇ ਹਾਂ, ਹੁਣ ਅਸੀਂ ਮੌਤ ਦੇ ਮਹਿਰਮ ਹਾਂ, ਨਹੀਂ ਨਹੀਂ, ਸਗੋਂ ਉਸੇ ਦੀ ਗੋਦ ਵਿਚ ਖੇਡਦੇ ਹਾਂ। ਜੋ ਮੌਤ ਤੁਸਾਂ ਆਪਣੇ ਵੱਸ ਸਮਝੀ ਹੋਈ ਹੈ, ਉਹ ਆਪ ਦੀ ਪਾਪਾਂ ਦੀ ਪੰਡ ਭਾਰੀ ਕਰਨ ਨੂੰ ਸਮਰੱਥ ਹੈ, ਸਾਡਾ ਤਾਂ ਵਾਲ ਵਿੰਗਾ ਨਹੀਂ ਕਰ ਸਕਦੀ। ਮੈਂ ਇਹ ਨਹੀਂ ਕਹਿੰਦਾ ਕਿ ਮੇਰੇ ਤੇ ਮੇਰੀ ਸੁਪਤਨੀ ਤੇ ਮਿਹਰ ਕਰ, ਪਰ ਆਪਣੇ ਆਤਮਾ ਤੇ ਆਪ ਮਿਹਰ ਕਰ।

ਨਾਹਰੂ-ਇਕੋ ਪਿਤਾ ਮਾਤਾ ਦੇ ਜਾਏ ਸੱਕੇ ਭਰਾ ਹੋ ਕੇ ਹਨੇਰ ਹੈ ਕਿ ਮੈਂ ਤਾਂ ਮੋਮਨਾਂ ਦੀ ਸੰਗਤ ਕਰਾਂ ਅਰ ਤੂੰ ਸਿੱਖੀ ਵਿਚ ਜਾ ਵੜੇਂ !

ਹਰਵੰਤ ਸਿੰਘ-ਮੋਮਨਤਾਈ !!!...ਹੈਂ.....ਦੇਖ ਮੋਮਨਤਾਈ ਤੈਨੂੰ ਵੀਰਾਂ ਦੇ ਖ਼ੂਨ ਤੇ ਲੈ ਗਈ ਹੈ। ਜ਼ਰਾਂ ਮਨ ਵਿਚ ਕੰਘੀ ਮਾਰੋ। (ਪਲ ਠਹਿਰਕੇ) ਜੀ ! ਧਰਮ ਵਿਚ ਧੱਕਾ ਕਰਨਾ ਮੋਮਨਤਾਈ ਨਹੀਂ ਹੈ। ਜੋ ਤੁਸਾਨੂੰ ਰੁਚੇ ਧਾਰੋ, ਮੈਨੂੰ ਆਪਣੀ ਰੁਚੀ ਧਾਰਨ ਦਿਓ।

ਨਾਹਰੂ-ਹੁੱਜਤਾਂ ਛੱਡੋ, ਹਾਂ ਯਾ ਨਾਂ।

ਹਰਵੰਤ ਸਿੰਘ-ਹਾਂ ਤਾਂ ਇਹ ਹੈ ਕਿ ਸਿੱਖੀ ਕੇਸਾਂ

1. ਇਹ ਪ੍ਰਸੰਗ ਸੰ:ਗੁ:ਨਾ ਸਾ: ੪੩੭ (੧੯੦੬ ਈ:) ਦੇ ਗੁਰਪੁਰਬ ਸਪਤਮੀ ਪਰ ਟਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।
2. ਧਾਰਨਾ-ਲੇਲੀ ਲੇਲੀ ਪੁਕਾਰੂੰ ਮੈਂ ਬੰਨ ਮੈਂ। 3. ਧਾਰਨਾ-ਮਰਸੀਏ ਦੀ। 4. ਧਾਰਨਾ-ਹੀਰ ਦੀ।

ਸੁਆਸਾਂ ਨਾਲ ਨਿਭੇ, ਹਾਂ ਜ਼ਰੂਰ ਨਿਭੇ। ਨਾਂਹ ਹੈ ਨਿਯਮੋ ਫਿਰਨ ਦੀ। ਨਿਯਮ ਤੋਂ ਮੌਤ ਬੀ ਨਾਂਹ ਫੇਰ ਸਕੇ।

ਨਾਹਰੂ-ਵਾਹ ਵਾਹ।

ਵਾਹ ਵਾਹ ਕਹਿੰਦਾ, ਬੁੱਲ੍ਹ ਟੁਕਦਾ, ਹੇਠ ਉਤਰ ਗਿਆ। ਦਿਲ ਨੂੰ ਕਹਿੰਦਾ ਹੈ: ਕੀ ਕਰੀਏ ਭਰਾ ਤਾਂ ਲੋਹੇ ਦਾ ਥਣ ਹੈ, ਭਾਬੀ ਬੱਜਰ ਹੋ ਰਹੀ ਹੈ, ਹੁਣ ਜੇ ਮਾਰਾਂ ਤਾਂ ਸਾਰੇ ਜੱਗ ਦਾ ਮੁਕਾਲਾ, ਜੇ ਛੱਡਾਂ ਤਾਂ ਗੱਲ ਗਈ ਤਦ ਬੀ ਮੁਕਾਲਾ, ਕੀ ਕਰਾਂ ?

ਇਹ ਕੈਦਖਾਨਾ ਕੋਈ ਜੇਹਲ ਨਹੀਂ ਸੀ, ਆਪਣੇ ਘਰ ਦੀ ਹਵੇਲੀ ਦੀ ਉਪਰਲੀ ਅਟਾਰੀ ਸੀ। ਹਰਵੰਤ ਸਿੰਘ ਅਰ ਨਾਹਰੂ ਦੋਨੋਂ ਇਕ ਬੜੇ ਮਾਲਦਾਰ ਜ਼ਿਮੀਂਦਾਰ ਦੇ ਪੁਤ੍ਰ ਸਨ ਜੋ ਪੱਕਾ ਸਰਵਰੀਆ ਸੀ। ਉਸ ਦੇ ਸਰਵਰੀ ਜੀਵਨ ਦਾ ਅਸਰ ਨਾਹਰੂ ਉਤੇ ਤਾਂ ਪਿਉ ਤੋਂ ਵੱਧ ਕੇ ਪਿਆ, ਪਰ ਛੋਟਾ ਪੁੱਤ੍ਰ ਸਿੱਖੀ ਦੀ ਰੌ ਵਿਚ ਪੈ ਗਿਆ ਅਰ ਹੁਣ ਸਿੰਘ ਸਜ ਗਿਆ ਸੀ। ਸਾਰੇ ਪਰਿਵਾਰ ਨੂੰ ਇਹ ਬਾਤ ਬੜੀ ਬੁਰੀ ਲੱਗਦੀ ਸੀ, ਪਰ ਨਾਹਰੂ ਨੂੰ ਤਾਂ ਐਨਾ ਰੋਹ ਸੀ ਕਿ ਉਹ ਮਰਨ ਮਾਰਨ ਨੂੰ ਤਿਆਰ ਹੋ ਗਿਆ। ਇਸ ਨੇ ਆਪਣੇ ਭਰਾ ਤੇ ਭਾਬੀ ਨੂੰ ਕਿਸੇ ਛਲ ਨਾਲ ਆਪਣੀ ਹਵੇਲੀ ਵਿਚ ਅੱਡੋ ਅੱਡ ਕੋਠਿਆਂ ਵਿਚ ਕੈਦ ਕਰ ਦਿੱਤਾ ਅਰ ਕਲੇਸ਼ ਦੇਣੇ ਆਰੰਭੇ, ਪਰ ਇਨ੍ਹਾਂ ਕਲੇਸ਼ਾਂ ਨਾਲ ਹਰਵੰਤ ਸਿੰਘ ਤੇ ਪ੍ਰਸੰਨ ਕੌਰ ਘਾਬਰੇ ਨਹੀਂ, ਆਪਣੇ ਨਿਸ਼ਚੇ ਵਿਚ ਪੱਕੇ ਰਹੇ।

ਮਮਤਾ ਦੀ ਮਾਰੀ ਮਾਂ ਵਾਸਤੇ ਬੜੀ ਮੁਸ਼ਕਲ ਸੀ, ਦਿਲ ਦੀਆਂ ਰੌਆਂ ਤਾਂ ਸਰਵਰੀ ਲਹਿਰ ਲੈਂਦੀਆਂ ਸਨ ਤੇ ਵੱਡੇ ਪੁਤ੍ਰ ਨਾਲ ਹਾਮੀ ਭਰਦੀਆਂ ਸਨ, ਪਰ ਮਮਤਾ ਦੀ ਖਿੱਚ ਅਪਣੇ ਦੂਜੇ ਜਿਗਰ ਦੇ ਟੁਕੜੇ ਦੇ ਦੁਖ ਤੇ ਤਸੀਹੇ ਸਹਾਰ ਨਹੀਂ ਸਕਦੀ ਸੀ। ਜੇਕਰ ਵੱਡੇ ਪੁੱਤ ਦੀ ਮਦਦ ਕਰੇ ਤਾਂ ਛੋਟੇ ਪਰ ਜ਼ੁਲਮ ਹੁੰਦਾ ਸੀ ਤੇ ਜੇ ਛੋਟੇ ਦੀ ਸਹਾਇਤਾ ਕਰੇ ਤਦ ਵੱਡਾ ਰੰਜ ਹੁੰਦਾ ਸੀ, ਮਾਂ ਦੁਵੱਲੀ ਕੁੜੱਕੀ ਵਿਚ ਸੀ।

ਵਾਹਿਗੁਰੂ ਦੇ ਪਿਆਰੇ, ਆਸਾ ਵਿਚ ਨਿਰਾਸ ਰਹਿਣ ਵਾਲੇ ਸਦਾ ਤਿਆਰ ਬਰ ਤਿਆਰ ਰਹਿੰਦੇ ਹਨ। ਅਜ ਰਾਤ ਜਦ ਪਈ ਤਾਂ ਨਾਹਰੂ ਹੁਰੀਂ ਤਾਂ ਸ਼ਰਾਬ ਪੀ ਬੇਸੁਧ ਹੋ ਗਏ। ਇਕ ਟਹਿਲਣ ਨੇ ਸਿੰਘ ਹੁਰਾਂ ਨੂੰ ਜਾ ਦੱਸਿਆ ਤੇ ਸਿੰਘ ਹੁਰਾਂ ਨੇ ਹੁਣ ਖੜਕ ਖੜਾਕ ਤੋਂ ਬੇਖ਼ਤਰੇ ਹੋ ਕੇ ਅਪਣੇ ਬਲੀ ਹੱਥਾਂ ਨਾਲ ਦਰਵਾਜ਼ਾ ਤੋੜ ਸਿਟਿਆ। ਬਾਹਰ ਨਿਕਲਕੇ ਸਿੰਘਣੀ ਦੇ ਬੂਹੇ ਅੱਗੇ ਆਏ; ਇਟ ਮਾਰਕੇ ਜੰਦਰਾ ਤੋੜ ਦਿੱਤਾ। ਸਾਥਣ ਨੂੰ ਨਾਲ ਲੈ ਕੇ ਹੇਠ ਵਲ ਉਤਰੇ। ਅੱਗੋਂ ਰੌਂਸ ਉਤੇ ਮਾਂ ਬੈਠੀ ਰੋ ਰਹੀ ਸੀ। ਪੁੱਤ ਨੂੰ ਖੁੱਲ੍ਹਾ ਵੇਖਕੇ ਬੋਲੀ:-

ਸ਼ੁਕਰ ਹੈ ! ਹੈਂ....ਸ਼ੁਕਰ। ਮੈਂ ਵਾਰੀ ਕਿਸ ਤਰ੍ਹਾਂ ਨਿਕਲੇ ਹੋ ?

ਪੁੱਤ੍ਰ-ਮਾਂ ਜੀ, ਦਰਵਾਜ਼ਾ ਭੰਨ ਕੇ !

ਮਾਂ-ਤਦੇ ਪਿਆ ਖੜਾਕ ਹੁੰਦਾ ਸੀ।

ਮਾਂ-ਹੁਣ ਕੀ ਸਲਾਹ ਹੈ ?

ਪੁੱਤ੍ਰ-ਮੁਲਕ ਮਾਹੀ ਦਾ ਮੋਕਲਾ ਤੇ ਪੈਰ ਬੰਦੀ ਦੇ ਛੋਪਲੇ।

ਮਾਂ-ਹਾਇ ਕੀਕੂੰ ਵਿਛੁੜਾਂ।....ਪਰ ਜਾਓ। ਜਿੰਦ ਬਚੇ, ਕਿਵੇਂ ਬਚੇ। ਲਾਲ ਜੀ ! ਆਓ ਮੈਂ ਪਿਛਲਾ ਬੂਟਾ ਖੋਹਲ ਦਿਆਂ। ਨਾਹਰੂ ਲਾਲ ਐਸ ਵੇਲੇ ਗੁੱਟ ਪਏ ਹਨ। ਕੁਝ ਮੁਹਰਾਂ ਤੇ ਸ਼ਸਤ੍ਰ ਲੈ ਜਾਓ। ਖਾਲੀ ਹੱਥ ਨਾ ਜਾਓ।

ਪੁਤ੍ਰ-ਤੁਹਾਡੀ ਬਖਸ਼ਿਸ਼ ਸਭ ਕੁਛ ਹੈ, ਮੇਰੇ ਆਪਣੇ ਸ਼ਸਤ੍ਰ ਮੈਨੂੰ ਦੇ ਦਿਓ। ਮੁਹਰਾਂ ਮੇਰੇ ਕਲਗੀਆਂ ਵਾਲੇ ਪਾਸ ਬਤੇਰੀਆਂ ਹਨ।

ਪ੍ਰਸੰਨ ਕੌਰ-ਪ੍ਰਿਯਾ ਜੀ ! ਜੇ ਆਗ੍ਯਾ ਹੋਵੇ ਤਾਂ ਮੈਂ ਓਹ ਭੇਟ, ਪ੍ਰਸ਼ਾਦ ਲੈ ਲਵਾਂ।

ਸਿੰਘ ਜੀ-ਚੰਗਾ ਵਾਹਵਾ।

ਇਉਂ ਕਹਿੰਦੇ ਝਟ ਪਟ ਕੁਛ ਸ਼ਸਤ੍ਰ, ਦੋ ਲੋਈਆਂ ਭੇਟਾ, ਤੇ ਮਾਤਾ ਦੀਆਂ ਜ਼ੋਰੋ ਜ਼ੋਰੀ ਦਿੱਤੀਆਂ ਮੁਹਰਾਂ ਲਈਆਂ। ਹੇਠਾਂ ਜਾ ਕੇ ਤਵੇਲੇ ਤੋਂ ਘੋੜੇ ਲੈ ਲੀਤੇ। ਰਕਾਬਾਂ ਵਿਚ ਪੈਰ ਦਿੱਤਾ ਤੇ ਮਾਤਾ ਨੂੰ ਸੀਸ ਨਿਵਾਉਂਦੇ ਪਤ੍ਰਾ ਹੋ ਗਏ।

ਪੁੰਨਿਆ ਦੀ ਰਾਤ ਹੈ, ਪੁੰਨਿਆਂ ਬੀ ਉਹ ਜਿਸ ਨੂੰ ਸੌ ਚੰਦਾਂ ਤੇ ਹਜ਼ਾਰ ਸੂਰਜਾਂ ਤੋਂ ਵੀ ਰੌਸ਼ਨ ਚੰਦ ਗੁਰੂ ਨਾਨਕ ਦੇਵ ਨੇ ਸੁਭਾਗ ਕੀਤਾ ਸੀ। ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਵਾਲੀ ਪੁੰਨਿਆਂ ਦੀ ਇਹ ਰਾਤ ਸੀ। ਮਹੀਨਾ ਕੱਤਕ ਦਾ, ਰੁਤ ਗੁਲਾਬੀ, ਬਹਾਰ ਸੁਹਾਉਣੀ, ਮਿੱਠੀ ਮਿੱਠੀ ਠੰਢ, ਪਿਆਰੀ ਪਿਆਰੀ ਪੌਣ, ਤ੍ਰੇਲ ਨਾਲ ਭਿੱਜੀ ਬਨਸਪਤਿ, ਬੱਝਵੀਂ ਪੈ ਰਹੀ ਚਾਂਦਨੀ, ਚਾਂਦਨੀ ਵਿਚ ਦੰਪਤੀ[1] ਸਰ੍ਰਪੱਟ ਘੋੜੇ ਸਿਟੀ ਚਲੇ ਜਾ ਰਹੇ ਹਨ। ਅੱਧੀ ਰਾਤ

1. ਵਹੁਟੀ-ਗੱਭਰੂ।

ਤੋਂ ਵਧੀਕ ਐਸ ਤਰ੍ਹਾਂ ਘੋੜਿਆਂ ਨੂੰ ਪੋਈਏ ਪਿਆਂ ਲੰਘ ਗਈ ਸੀ। ਹੁਣ ਇਕ ਪਿੰਡ ਆ ਗਿਆ ਜਿੱਥੇ ਇਕ ਧਰਮਸਾਲ ਹੈ ਅਰ ਸਿੱਖਾਂ ਦੇ ਚੋਖੇ ਘਰ ਹਨ। ਜਾਣੂੰ ਪਰਾਹੁਣੇ ਘੋੜਿਆਂ ਤੋਂ ਉਤਰ ਕੇ ਉੱਥੇ ਪਹੁੰਚੇ, ਧਰਮਸਾਲੇ ਗਏ। ਅਸਲ ਵਿਚ ਤ੍ਰਿਪਹਿਰੇ ਦਾ ਵੇਲਾ ਹੋ ਆਯਾ ਸੀ। ਸੰਗਤ ਆ ਰਹੀ ਸੀ, ਕੁਛ ਨ੍ਹਾਂ ਰਹੇ ਸੇ ਕੁਛ ਨ੍ਹਾ ਚੁਕੇ ਸੇ। ਇਨ੍ਹਾਂ ਦੇ ਪਹੁੰਚਿਆਂ ਬੜੀ ਖੁਸ਼ੀ ਹੋਈ, ਆਪ ਨੂੰ ਸਿੰਘ ਸਿਆਣਦੇ ਸਨ, ਨਿਹਾਲ ਹੋ ਗਏ, ਘੋੜੇ ਫੜ ਲਏ। ਆਪਦੀ ਬਿਪਤਾ ਦੀ ਖ਼ਬਰ ਸੁਣ ਚੁਕੇ ਸਨ, ਅਚਾਨਕ ਭਰਾ ਨੂੰ ਸਹੀ ਸਲਾਮਤ ਆਪਣੇ ਵਿਚ ਦੇਖ ਕੇ ਜਾਮੇ ਵਿਚ ਨਾ ਸਮਾ ਸਕੇ, ਕੌਰੀਆਂ ਭਰ ਭਰ ਕੇ ਮਿਲੇ। ਸਿੰਘਣੀ ਨੂੰ ਸਭ ਨੇ ਹੱਥ ਜੋੜਕੇ ਫਤਹ ਗਜਾਈ। ਦੋਹਾਂ ਨੂੰ ਦੂਸਰੇ ਪਾਸੇ ਲਿਜਾਕੇ ਆਰਾਮ ਕਰਵਾਇਆ, ਗਰਮ ਦੁੱਧ ਛਕਾਇਆ, ਅਰ ਥੋੜ੍ਹੀ ਜਿਹੀ ਨਿੰਘ ਦੇ ਕੇ ਕਿਹਾ ਕਿ ਸੌਂ ਜਾਓ। ਪਰ ਥਕਾਨ ਨੂੰ ਨਾ ਮੰਨਣ ਵਾਲੇ; ਪ੍ਰੇਮ ਵਿਚ ਰੱਤੇ ਰਹਿਣ ਵਾਲੇ, ਸਦਾ ਚੜ੍ਹਦੀਆਂ ਕਲਾਂ ਵਿਚ ਖੇਡਣ ਵਾਲੇ ਸਿੰਘ ਜੀ ਦੀਵਾਨ ਦਾ ਰਸ ਕਦ ਛੱਡਦੇ ਸੇ ? ਦੀਵਾਨ ਵਿਚ ਜਾ ਬਿਰਾਜੇ। ਭਾਈ ਸਾਹਿਬ ਜੀ ਪਹਿਲੀ ਅਵਸਥਾ ਵਿਚ ਅੰਮ੍ਰਿਤ ਰਾਇ ਕਵੀ ਪਾਸੋਂ ਵਿਦਯਾ ਪਾਉਂਦੇ ਰਹੇ ਸੇ ਫੇਰ ਸਿੰਘ ਹੋ ਗਏ ਤਾਂ ਵਿਦਯਾ ਦੇ ਮੂਲ ਦੀ ਸਮਝ ਪੈ ਗਈ ਅਰ ਸਾਰੀ ਸੋਝੀ ਆ ਗਈ, ਇਸ ਕਰ ਕੇ ਆਪ ਥੋੜੇ ਦਿਨਾਂ ਵਿਚ ਹੀ ਪੰਥ ਵਿਚ ਪਿਆਰੇ ਤੇ ਪਰਮ ਸਤਿਕਾਰ ਯੋਗ ਹੋ ਗਏ ਹੋਏ ਸੇ। ਇਥੋਂ ਦੀ ਸੰਗਤ ਆਪ ਦੇ ਬਚਨ ਬਿਲਾਸਾਂ ਨੂੰ ਬੜੇ ਪਿਆਰ ਨਾਲ ਸੁਣਨ ਦੀ ਚਾਹਵਾਨ ਰਹਿੰਦੀ ਸੀ। ਦੋ ਚਾਰ ਦਿਨ ਸਤਿਸੰਗ ਨੇ ਆਪ ਦੇ ਵਿਦਯਾ ਬਲ ਤੋਂ ਲਾਭ ਉਠਾਉਣਾ ਚਾਹਿਆ। ਭਾਈ ਜੀ ਸਿਖ ਸੇ, ਸਿਖ ਦਾ ਧਰਮ ਹੈ ਆਪ ਨਾਮ ਰਸ ਵਿਚ ਅਡੋਲ ਰਹਿੰਦਿਆਂ ਸਹਜੇ ਦਾਨੀ ਹੋਣਾ, ਸ਼ੁਭ ਸੰਕਲਪ ਸ਼ੁਭ ਵਾਕ ਤੇ ਨਾਮ ਦਾਨ ਦੇਣਾ। ਭਾਈ ਸਾਹਿਬ ਦੋ ਚਾਰ ਦਿਨ ਠਹਿਰ ਗਏ। ਰਹਿ ਪਏ ਅਰ ਬੜੀਆਂ ਅਮੋਲਕ ਸਿਖ੍ਯਾ ਦਾਨ ਕਰਦੇ ਰਹੇ।

ਇਕ ਦਿਨ ਇਕ ਸਿਖ ਨੇ ਸੰਗਤ ਵਿਚੋਂ ਪ੍ਰਸ਼ਨ ਕੀਤਾ ਕਿ "ਪਰਸਪਰ ਏਕਾ ਕਿਸ ਤਰ੍ਹਾਂ ਰਹੇ ਪਰ ਏਕਾ ਕੈਸਾ ਹੋਵੇ ਜੋ ਟੁੱਟੇ ਕਦੀ ਨਾ ?" ਭਾਈ ਜੀ ਨੇ ਕਿਹਾ : "ਏਕਾ ਰਹਿਣਾ ਕਠਨ ਬਾਤ ਹੈ। ਏਕੇ ਦਾ ਉਪਦੇਸ਼ ਦੇਣ ਵਾਲੇ, ਏਕੇ ਨਾ ਹੋਣ ਦੇ ਦੁਖ ਭੋਗ ਕੇ ਏਕੇ ਦੀ ਖ਼ਾਤਰ ਵਿਲਕਣ ਵਾਲੇ ਫੇਰ ਪਾਟੋ ਧਾੜ ਹੋ ਜਾਂਦੇ ਅਰ ਦੁਖ ਪਾਉਂਦੇ ਹਨ। ਟੁੱਟਣ ਵਾਲਾ ਤੇ ਅਟੁੱਟ ਦੋ ਪ੍ਰਕਾਰ ਦਾ ਏਕਾ ਹੁੰਦਾ ਹੈ। ਦੁਹਾਂ ਦੇ ਦੋ ਕਾਰਣ ਹੁੰਦੇ ਹਨ। ਨੀਵੇਂ ਆਚਾਰ ਵਾਲੇ ਲੋਕ ਕਿਸੇ ਸੁਆਰਥ ਦੀ ਖ਼ਾਤਰ ਕੱਠੇ ਹੁੰਦੇ ਤੇ ਏਕਾ ਕਰਦੇ ਹਨ, ਕਿਸੇ ਬਾਤ ਨੂੰ ਸਿਰੇ ਚੜ੍ਹਾਉਣ ਲਈ ਯਤਨ ਕਰਦੇ ਹਨ, ਉਸ ਬਾਤ ਦੇ ਸਿਰੇ ਚੜ੍ਹਿਆਂ ਆਪ ਆਪਣੇ ਸੁਆਰਥਾਂ ਦੇ ਕਾਰਣ ਆਪੋ ਵਿਚ ਲੜ ਪੈਂਦੇ ਹਨ। ਜਿਸ ਤਰ੍ਹਾਂ ਚੋਰ ਰਲ ਕੇ ਚੋਰੀ ਕਰਦੇ ਹਨ। ਚੋਰੀ ਵੇਲੇ ਤਾਂ ਕੱਠੇ ਰਹਿੰਦੇ ਹਨ ਪਰ ਮਾਲ ਵੰਡਣ ਵੇਲੇ ਆਪੋ ਵਿਚ ਲੜ ਪੈਂਦੇ ਹਨ। ਇਸ ਏਕੇ ਦਾ ਕਾਰਣ ਖ਼ੁਦਗ਼ਰਜ਼ੀ ਹੁੰਦਾ ਹੈ। ਦੂਜੇ ਓਹ ਲੋਕ ਹਨ ਜੋ ਨੇਕ ਕੰਮ ਦੇ ਲਈ ਸੁਆਰਥ ਛੱਡਕੇ ਕੱਠੇ ਹੁੰਦੇ ਹਨ। ਇਨ੍ਹਾਂ ਵਿਚ ਮੈਤ੍ਰੀ ਭਾਵ ਹੁੰਦਾ ਹੈ ਤੇ ਆਪਣੀ ਗ਼ਰਜ਼ ਨਹੀਂ ਹੁੰਦੀ। ਸਾਂਝੇ ਕਾਰਜ ਲਈ ਸਾਂਝਾ ਬਲ ਲਾ ਕੇ ਕੰਮ ਨੂੰ ਸਿਰੇ ਚਾੜ੍ਹਦੇ ਹਨ, ਨਿਜ ਦਾ ਪ੍ਰਯੋਜਨ ਨਹੀਂ ਰੱਖਦੇ ਹਨ। ਇਸ ਏਕੇ ਲਈ ਸ਼ੁਭ ਆਚਰਣ ਤੇ ਧਰਮ ਭਾਵਨਾ ਦੀ ਬੜੀ ਲੋੜ ਹੁੰਦੀ ਹੈ, ਕਿਉਂਕਿ ਧਰਮ ਭਾਵ ਤੇ ਸ਼ੁੱਧ ਆਚਰਨ ਤੋਂ ਬਿਨਾ ਸ੍ਵਾਰਥ ਦੂਰ ਨਹੀਂ ਹੁੰਦਾ। ਐਸੇ ਆਦਮੀ, ਜੋ ਕੰਮ ਕਰਨਾ ਹੈ ਉਸਦੀ ਕਾਮਯਾਬੀ ਦੀ ਖ਼ਾਤਰ, ਰਲਕੇ ਮਿਹਨਤ ਕਰਦੇ ਹਨ, ਜਦ ਕਾਰਜ ਸਿਰੇ ਚੜ੍ਹਦਾ ਹੈ, ਸਾਂਝੀ ਖ਼ੁਸ਼ੀ ਮਨਾਉਂਦੇ ਹਨ। ਵੇਖੋ ਕੁਝ ਸੱਜਣ ਕੱਠੇ ਹੋਏ ਕਿ ਧਰਮਸਾਲ ਬਣਾਈਏ, ਕਿਸੇ ਨੇ ਭੋਂ ਦਿਤੀ, ਕਿਸੇ ਨੇ ਲੋਹਾ ਕਿਸੇ ਨੇ ਲੱਕੜ, ਕੋਈ ਚੂਨਾ ਲੈ ਆਇਆ, ਕੋਈ ਇੱਟਾਂ, ਕਿਸੇ ਦਿਹਾੜੀ ਲਾ ਦਿੱਤੀ, ਕਿਸੇ ਲੁਆ ਦਿੱਤੀ। ਸਾਂਝੀ ਮਿਹਨਤ ਨਾਲ ਸਾਂਝਾ ਕੰਮ ਸਿਰੇ ਚੜ੍ਹ ਗਿਆ। ਹੁਣ ਜੇ ਏਹ ਸਾਰੇ ਸ਼ੁਭ ਗੁਣਾਂ ਵਾਲੇ ਹੋਣ ਤਦ ਸਾਰੇ ਖੁਸ਼ ਹੋਣਗੇ ਅਰ ਧਰਮਸਾਲਾ ਵਿਚ ਸ਼ਬਦ ਕੀਰਤਨ, ਗੁਰਮੁਖੀ ਪੜ੍ਹਾਉਣ, ਲੰਗਰ ਜਾਰੀ ਰੱਖਣ ਆਦਿਕ ਹੋਰ ਸੇਵਾ ਕਰਨਗੇ ਤੇ ਧੰਨ ਭਾਗ ਜਾਨਣਗੇ। ਪਰ ਜੇ ਭਲੇ ਆਚਰਣ ਦੇ ਨਾ ਹੋਏ ਤਾਂ ਲੱਕੜ ਵਾਲਾ ਤਾਂ ਇਹ ਡੀਂਗ ਮਾਰੂ ਕਿ ਜੇ ਮੈਂ ਸਹਾਇਤਾ ਨਾ ਕਰਦਾ ਤਾਂ ਇਹ ਥਾਉਂ ਬਣਦਾ ਕਿੱਕੁਰ ? ਦੂਜਾ ਕਹੂ : ਇੱਟਾਂ ਮੇਰੀਆਂ ਸਨ

ਲੋਹਾ ਤਾਂ ਆਟੇ ਵਿਚ ਲੂਣ ਹੈ। ਤੀਜਾ ਕਹੂ ਘਰ ਲੈ ਜਾਓ ਲੱਕੜ ਲੋਹੇ ਇੱਟਾਂ ਨੂੰ, ਸਾਡੀ ਕਾਰੀਗਰੀ ਨਾ ਹੁੰਦੀ ਤਾਂ ਮਕਾਨ ਕਿਕੂੰ ਬਣਦਾ, ਇੱਟਾਂ ਦੇ ਆਵੇ ਤੇ ਲੱਕੜ ਦੇ ਜੰਗਲ ਥੋੜੇ ਪਏ ਹਨ। ਪਹਿਲੇ ਤਾਂ ਏਸ ਤਰ੍ਹਾਂ ਦਾ ਹੰਕਾਰ ਮਾਰੇਗਾ, ਫੇਰ ਚੁਧਰੰਮੇ ਤੇ ਝਗੜਾ ਪਏਗਾ। ਇਕ ਕਹੇਗਾ ਕਿ ਧਰਮਸਾਲਾ ਦਾ ਬੰਦੋਬਸਤੀਆ ਮੈਂ ਹੋਵਾਂ, ਦੂਜਾ ਕਹੇਗਾ ਮੈਂ ਹੋਵਾਂ, ਤੀਜਾ ਕਹੇਗਾ ਮੈਂ ਹੋਵਾਂ! ਏਹ ਸਾਰੇ ਫੇਰ ਆਪੋ ਆਪਣੀ ਚੋਧਰ ਲਈ ਯਤਨ ਕਰਨਗੇ, ਜਿਸਦਾ ਫਲ ਫੁਟ। ਫੇਰ ਇਕ ਹੋਰ ਬਿਖਾਂਧ ਖੜੀ ਹੋਊ ਹਰ ਇਕ ਚਾਹੇਗਾ ਮੇਰੀ ਗ਼ਰਜ਼ ਪੂਰੀ ਹੋਵੇ। ਤਰਖਾਣ ਚਾਹੇਗਾ ਕਿ ਮੇਰੀ ਵਾਧੂ ਲਕੜੀ ਇਥੇ ਪਈ ਰਿਹਾ ਕਰੇਗੀ, ਸਾਂਝੀ ਥਾਂਉਂ ਹੈ, ਕੀ ਹੋਇਆ ਜੇ ਮੈਂ ਲੱਕੜ ਦਾ ਟਾਲ ਲਾ ਲਿਆ ਤਾਂ ? ਜੱਟ ਕਹੇਗਾ ਘਰ ਥਾਂ ਥੋੜੀ ਹੈ ਰਾਤ ਨੂੰ ਢਾਂਡੇ ਮੈਂ ਇਥੇ ਬੰਨ੍ਹ ਲਏ ਤਾਂ ਸਾਂਝੇ ਥਾਂ ਦਾ ਕੀ ਵਿਗੜਿਆ। ਬਾਣੀਆਂ ਕਹੇਗਾ ਮੇਰਾ ਪੈਲੀ ਬੰਨਾਂ ਨਹੀਂ ਹੈ, ਸਾਮੀਆਂ ਵਲੋਂ ਜਦੋਂ ਤੂੜੀ ਦਾ ਬੋਹਲ ਆਏਗਾ ਉਹ ਧਰਮਸਾਲਾ ਲਾਵਾਂਗੇ। ਕਲਾਲ ਕਹੇਗਾ ਕਿ ਵਾਧੂ ਘੜੇ ਸ਼ਰਾਬ ਦੇ ਧਰਮ ਸਾਲਾ ਦੀ ਡੇਉਢੀ ਵਿਚ ਪਏ ਰਹਿਣਗੇ। ਚੌਪੜ ਸ਼ਤ੍ਰੰਜ਼ਬਾਜ਼ ਕਹੇਗਾ ਕਿ ਇਹ ਸਾਂਝੀ ਜਗ੍ਹਾਂ ਹੈ, ਵਾਉਹਾਰਾ ਥਾਉਂ ਹੈ, ਏਥੇ ਦੁਪਹਿਰ ਆਕੇ ਬਾਜ਼ੀ ਲਾਇਆ ਕਰਾਂਗੇ। ਇਸੀ ਤਰ੍ਹਾਂ ਗ਼ਰਜ਼ ਦੇ ਵਖੇਵੇਂ ਏਕੇ ਨੂੰ ਤੋੜਨਗੇ। ਹੌਲੇ ਹੌਲੇ ਧਰਮਸਾਲਾ ਵੈਰਾਨ ਹੋ ਜਾਏਗੀ। ਪਰ ਜੇ ਸਾਰੇ ਧਰਮ ਭਾਵ ਵਾਲੇ ਤੇ ਸ਼ੁੱਧ ਆਚਰਨ ਵਾਲੇ ਹੁੰਦੇ ਤਾਂ ਹਰੇਕ ਨੂੰ ਸੇਵਾ ਦਾ ਸ਼ੌਕ ਹੁੰਦਾ, ਚੌਧਰੀ ਬਣਨ ਦੀ ਧੁਨਿ ਕਿ ਗ਼ਰਜ਼ ਪੂਰਤੀ ਕਿਸੇ ਨੂੰ ਨਾ ਵਿਆਪਦੀ। ਜਿਸ ਨੂੰ ਚੌਧਰੀ ਬਣਾਉਂਦੇ ਉਹ ਸੇਵਕ ਬਣਦਾ ਅਰ ਸੇਵਾ ਜਾਣ ਕੇ ਇਸ ਜ਼ਿੰਮੇਦਾਰੀ ਨੂੰ ਨਿਬਾਹੁੰਦਾ। ਧਰਮਸਾਲਾ ਜਿਸ ਮੰਨਤਵ ਲਈ ਬਣਾਈ ਸੀ, ਉਹ ਗੁੰਮ ਨਾ ਹੁੰਦਾ। ਇਸ ਏਕੇ ਦੀ ਪ੍ਰੇਰਕ ਸ਼ਕਤੀ 'ਦੂਸਰੇ ਦੇ ਭਲੇ ਦੀ' ਵਿਚਾਰ ਹੁੰਦੀ ਹੈ ਅਤੇ ਨੇਕੀ ਦਾ ਭਾਵ ਹੁੰਦਾ ਹੈ।

"ਆਪਣੀ ਵਲ ਤੱਕੀਏ ! ਅਸੀਂ ਸਿੱਖ ਜੋ ਹਾਂ ਏਕੇ ਦੀ ਭਾਲ ਨਹੀਂ ਕਰਦੇ : ਸਗੋਂ ਏਕਾ ਆਪੇ ਸਾਡੇ ਵਿਚ ਵੱਸਦਾ ਹੈ। ਗੁਰੂ ਕਲਗੀਧਰ ਜੀ ਨੇ ਸਾਡੀਆਂ ਨੀਯਤਾਂ ਸਾਫ਼ ਕਰ ਦਿੱਤੀਆਂ ਹਨ, ਸੇਵਾ ਸਾਨੂੰ ਸੌਂਪੀ ਹੈ, ਅਰ 'ਅਪਨਾ ਬਿਗਾਰਿ ਬਿਰਾਨਾ ਸਾਂਢੈ' ਦਾ ਮੰਤ੍ਰ ਸਿਖਾਇਆ ਹੈ। ਅਸੀਂ ਇਕ ਨਿਸ਼ਾਨੇ ਵਲ ਤੱਕਣ ਵਾਲੇ ਹਾਂ, 'ਗੁਰੂ' ਕੇਂਦਰ ਤੇ ਸਾਰੇ ਨਜ਼ਰਾਂ ਬੰਨ੍ਹੀ ਬੈਠੇ ਹਾਂ। ਇਕ ਸਾਡੀ ਮੰਜ਼ਲ ਹੈ, ਇਕ ਸਾਡੀ ਸਿਖਜਾ ਹੈ, ਪ੍ਰੇਮ ਸਾਡਾ ਧਰਮ ਹੈ : ਆਚਰਨ ਸਾਡਾ ਪਵਿੱਤ੍ਰਤਾ ਹੈ। ਇਸ ਕਰਕੇ ਸਾਡੇ ਵਿਚ ਆਪੇ ਹੀ ਪਰਸਪਰ ਹਮਦਰਦੀ ਤੇ ਪਿਆਰ ਵੱਸਦਾ ਹੈ, ਜਾਤੀ ਅਭਿਮਾਨ ਸਾਡੇ ਵਿਚ ਨਹੀਂ, ਦੇਸ਼ ਭੇਦ ਦਾ ਹੰਕਾਰ ਸਾਡੇ ਵਿਚ ਨਹੀਂ, ਸੁਆਰਥ ਗੁਰੂ ਨੇ ਕੱਢ ਦਿੱਤਾ ਹੈ, ਚੌਧਰ ਦਾ ਸਾੜ ਸਤਿਗੁਰਾਂ ਨੇ ਠੰਢਾ ਕਰ ਦਿੱਤਾ ਹੈ, ਅਸੀਂ ਸਾਰਾ ਪੰਥ ਆਪੇ ਹੀ ਇਕ ਹੋਏ ਪਏ ਹਾਂ।"

ਇਸ ਪ੍ਰਕਾਰ ਉਪਦੇਸ਼ ਕਰਦੇ ਕੁਝ ਦਿਨ ਰਹਿਕੇ ਭਾਈ ਜੀ ਅੱਗੇ ਵਿਦਾ ਹੋਏ। ਹੁਣ ਭਾਈ ਜੀ ਇਕ ਹੋਰ ਪਿੰਡ ਪਹੁੰਚੇ, ਜਿਥੇ ਆਪ ਦੀ ਪ੍ਰੇਰਨਾ ਨਾਲ ਇਕ ਧਰਰਮਸਾਲ ਤੇ ਸਤਿਸੰਗ ਬਣਿਆ ਸੀ, ਇਸ ਧਰਮਸਾਲ ਵਿਚ ਇਕ ਗਿਆਨੀ ਤੇ ਇਕ ਰਾਗੀ ਸਿੰਘ ਰਹਿੰਦਾ ਸੀ, ਅਰ ਇਸ ਨੇ ਹਰਵੰਤ ਸਿੰਘ ਜੀ ਦੀ ਸਹਾਯਤਾ ਪਾ ਕੇ ਦਸ ਪੰਦਰਾਂ ਸੂਰਦਾਸਾਂ ਨੂੰ ਸੂਰਮੇ ਸਿੰਘ ਬਣਾ ਕੇ ਟਿਕਾਇਆ ਹੋਇਆ ਸੀ, ਜਿਨ੍ਹਾ ਨੂੰ ਸਰੰਦਾ ਤੇ ਜੋੜੀ ਵਜਾਉਣੀ ਅਰ ਕਥਾ ਵਾਰਤਾ ਕਰਨੀ ਭਜਨ ਸਿਮਰਨ ਦੇ ਨਾਲ ਸਿਖਾਈ ਜਾਂਦੀ ਸੀ।

ਪਹਿਲੇ ਅੱਖਾਂ ਤੋਂ ਅੰਨ੍ਹੇ ਲੋਕ ਬੜੇ ਦੁਖੀ ਹੁੰਦੇ ਸੇ। ਇਨ੍ਹਾਂ ਦਾ ਜੀਵਨ ਮੰਗ ਕੇ ਢਿੱਡ ਭਰਨਾ, ਦਰ ਦਰ ਰੁਲਨਾ ਤੇ ਠੇਡੇ ਖਾਣਾ ਹੁੰਦਾ ਸੀ। ਜਦ ਗੁਰੂ ਰੂਪੀ ਸੂਰਜ ਚੜ੍ਹਿਆ ਤਾਂ ਇਨ੍ਹਾਂ ਨੂੰ ਬੀ ਉਜਾਲਾ ਮਿਲ ਗਿਆ, ਧਰਮ ਉਪਦੇਸ ਨਾਲ ਅੰਨ੍ਹੇ ਬੀ ਸਿਖੀ ਮੰਡਲ ਵਿਚ ਵਾੜੇ ਗਏ, ਸਿਖੀ ਦੇ ਨਾਲ ਸਰੀਰ ਦੀ ਪਾਲਣਾ ਪਤ ਅਬਰੋ ਵਾਲੀ ਬਣਾਈ ਗਈ। ਇਨ੍ਹਾਂ ਨੂੰ ਰਾਗ ਵਿਦਜਾ ਤੇ ਗੁਰਬਾਣੀ ਦੇ ਗਿਆਨੀ ਬਣਾਇਆ ਗਿਆ, ਜਿਸ ਤੇ ਦਰ ਦਰ ਰੁਲਣ ਵਾਲੇ ਅੰਗਹੀਨ ਦੁਖੀਏ ਬੀ ਪਤ ਵਾਲੀਆਂ ਥਾਵਾਂ ਤੇ ਬੈਠਣ ਤੇ ਆਦਰ-ਜੋਗ ਹੋ ਗਏ।

ਇਸ ਪਿੰਡ ਦੀ ਢੇਰ ਸਾਰੀ ਸੰਗਤ ਆਨੰਦਪੁਰ ਜਾਣ ਲਈ ਤਿਆਰ ਸੀ, ਕੇਵਲ ਭਾਈ ਜੀ ਦੀ ਉਡੀਕ ਹੋ ਰਹੀ ਸੀ, ਨਾਲ ਇਕ ਤਜਾਰ ਹੋਏ ਗਜਾਨੀ ਤੇ

ਰਾਗੀ ਸੂਰਮਾ ਸਿੰਘਾਂ[1] ਨੇ ਬੀ ਜਾਣਾ ਸੀ।

ਚਾਰ ਕੁ ਦਿਨ ਬੀਤੇ ਕਿ ਪਿੰਡ ਵਿਚ ਇਕ ਸ਼ਾਹੂਕਾਰ, ਪਿੰਡ ਦਾ ਸ਼ਾਹ ਮਰ ਗਿਆ, ਇਹ ਮਹਾਜਨ ਪੰਜਾਹ ਵ੍ਰਹੇ ਦੀ ਉਮਰ ਦਾ ਸੀ, ਵਿਆਹ ਸੁਖ ਨਾਲ ਤੀਜਾ ਸੀ। ਇਹ ਤੀਜੀ ਵਹੁਟੀ ਅਜੇ ੧੬-੧੭ ਵਰ੍ਹੇ ਦੀ ਮਸਾਂ ਸੀ। ਦੇਉਰ ਹੋਰੀਂ ਚਾਹੁੰਦੇ ਸਨ ਕਿ ਇਹ ਮਰ ਮਿਟੇ ਤਾਂ ਸਾਰਾ ਮਾਲ ਮੈਂ ਸਾਂਭਾਂ। ਸੰਝ ਨੂੰ ਭਰਾਉ ਮੋਇਆ ਤੇ ਰਾਤੀਂ ਪੰਡਤ ਨੂੰ ਸੱਦ ਭੇਜਿਆ ਕਿ ਭਾਬੀ ਨੂੰ ਸਤੀ ਦਾ ਉਪਦੇਸ ਦੇਵੇ। ਇਸ ਸਮੇਂ ਦੇ ਖਿਆਲ ਅੱਜ ਕਲ ਦੀਆਂ ਸੁਆਣੀਆਂ ਨੂੰ ਮਲੂਮ ਨਹੀਂ ਹਨ। ਸਤੀ ਹੋਣ ਦੀ ਡਰਾਉਣੀ ਰਸਮ ਧਰਮ ਦਾ ਅੰਗ ਸਮਝੀ ਜਾਂਦੀ ਸੀ। ਇਹ ਨਿਸ਼ਚਾ ਐਥੋਂ ਤੱਕ ਮਜ਼ਬੂਤ ਹੁੰਦਾ ਸੀ ਕਿ ਇਸਤ੍ਰੀਆਂ ਮੁਰਦਾ ਪਤੀਆਂ ਦੀਆਂ ਲੋਥਾਂ ਲੈ ਕੇ ਚਿਖਾ ਵਿਚ ਬੈਠ ਜਾਂਦੀਆਂ ਅਰ ਨਾ ਡੋਲਦੀਆਂ। ਮਰਦਾਨਗੀ, ਬੀਰਤਾ ਤੇ ਹਠ ਸਦਾ ਹੀ ਸ਼ਲਾਘਾ ਯੋਗ ਹੁੰਦਾ ਹੈ, ਪਰ ਇਹ ਤਾਂ ਇਕ ਅਗਿਆਨਮਈ ਆਤਮ ਹਤਯਾ ਸੀ। ਕਈ ਵੇਰ ਤ੍ਰੀਮਤਾਂ ਰੰਡੇਪੇ ਦੇ ਦੁਖ ਤੋਂ ਡਰਦੀਆਂ ਸਤੀ ਹੁੰਦੀਆਂ ਸਨ। ਅਨੇਕਾਂ ਵਾਰਤਾਂ ਐਸੀਆਂ ਹੋਈਆਂ ਕਿ ਅੱਗ ਲੱਗੀ ਤੇ ਇਸਤ੍ਰੀਆਂ ਉੱਠਕੇ ਭੱਜੀਆਂ, ਤਦੋਂ ਸੰਬੰਧੀ ਧਰਮ ਦੇ ਖਿਆਲ ਦੇ ਬੱਧੇ ਹੋਏ ਸਤੀ ਨੂੰ ਬਦੋ ਬਦੀ ਅੱਗ ਵਿਚ ਪਾਉਂਦੇ ਅਰ ਫੂਕਦੇ ਸੇ। ਇਸ ਤੋਂ ਭਿਆਨਕ ਹਾਲ ਇਕ ਹੋਰ ਭੀ ਵਰਤਦਾ ਰਿਹਾ ਹੈ ਕਿ ਸੰਬੰਧੀਆਂ ਨੇ ਨਾ ਮੰਨਦੀ ਵਹੁਟੀ ਨੂੰ ਬਦੋ ਬਦੀ ਸਤੀ ਕਰ ਦਿੱਤਾ ਹੈ, ਰੋਂਦੀ ਕੁਰਲਾਉਂਦੀ ਨੂੰ ਬੰਨ੍ਹਕੇ ਚਿਖਾ ਤੇ ਸਿੱਟ ਦਿੱਤਾ ਹੈ। ਇਸ ਭਿਆਨਕ ਕੁਰੀਤੀ ਦੇ ਦੂਰ ਕਰਨ ਦਾ ਉਪ੍ਰਾਲਾ ਸਿਖਾਂ ਤੋਂ ਆਰੰਭ ਹੋਇਆ ਸੀ। ਤੀਸਰੇ ਸਤਿਗੁਰਾਂ ਨੇ ਹੁਕਮ ਦੇ ਦਿੱਤਾ ਕਿ ਗੁਰਮਤਿ ਵਿਚ ਕੋਈ ਸਤੀ ਨਾ ਹੋਵੇ ਅਰ ਹਿੰਦੂ ਸਤੀਆਂ ਨੂੰ ਜਿੱਥੋਂ ਤੱਕ ਵਾਹ ਲੱਗੇ ਸਤੀ ਹੋਣੋਂ ਬਚਾਓ। ਸਤਿਗੁਰਾਂ ਨੇ ਫੁਰਮਾਇਆ :-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥ ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥੧॥ਮ: ੩॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ॥ (ਵਾ: ਸੂਹੀ: ਮ:੩-੬)

ਗੁਰਮਤਿ ਦੇ ਇਸ ਖਿਆਲ ਦਾ ਫੈਸਲਾ ਇਥੇ ਹੀ ਨਹੀਂ ਰਿਹਾ। ਸਗੋਂ ਅਕਬਰ ਪੰਜਵੇਂ ਸਤਿਗੁਰਾਂ ਦੀ ਯਾਤ੍ਰਾ ਨੂੰ ਆਇਆ ਤਦੋਂ ਕਾਲ ਪੀੜਤ ਪ੍ਰਜਾ ਦੀ ਰਖਯਾ ਦੀ ਸਤਿਗੁਰਾਂ ਨੇ ਸਿਫਾਰਸ਼ ਕੀਤੀ ਤੇ ਨਾਲ ਸਤੀ ਦਾ ਜ਼ਿਕਰ ਕੀਤਾ। ਖਯਾਲ ਹੈ ਕਿ ਅਕਬਰ ਨੇ ਇਹ ਕਾਨੂੰਨ ਬਣਾ ਦਿੱਤਾ ਕਿ ਜਬਰਨ ਸਤੀ ਕੋਈ ਨਾ ਕੀਤੀ ਜਾਵੇ। ਅਕਬਰ ਨੇ ਫੇਰ ਇਹ ਰੀਤੀ ਮੂਲੋਂ ਬੀ ਰੋਕੀ, ਪਰ ਹਿੰਦੂ ਖਯਾਲ ਦੀ ਕਰੜਾਈ ਕਰਕੇ ਇਸ ਰੀਤੀ ਨੂੰ ਮੂਲੋਂ ਰੋਕਣ ਦਾ ਕੰਮ ਪੂਰਾ ਸਿਰੇ ਨ ਚੜ੍ਹਿਆ, ਪਰ ਉਸ ਨੇ ਵਾਹ ਬਹੁਤ ਲਾਈ[1]। ਇਧਰ ਗੁਰੂ ਕੇ ਸਿਖ ਰੋਕਣ ਵਿਚ ਨਿੱਤਰਦੇ ਰਹੇ। ਗੱਲ ਕੀ ਉੱਪਰ ਲਿਖੇ ਸ਼ਾਹ ਦੀ ਵਹੁਟੀ ਪੰਡਿਤ ਹੁਰਾਂ ਦੀ ਪ੍ਰੇਰਨਾ ਲਾਲ ਸਤੀ ਹੋਣ ਨੂੰ ਤਿਆਰ ਹੋਈ। ਸਵੇਰੇ ਜਦ ਸ਼ਮਸ਼ਾਨ ਭੂਮੀ ਨੂੰ ਗਈ, ਤਦੋਂ ਭਾਈ ਹਰਵੰਤ ਸਿੰਘ ਨੂੰ ਖ਼ਬਰ ਲੱਗ ਗਈ, ਆਪ ਵਗੋਤਰਗੀ ਮਸਾਣਾਂ ਵਿਚ ਪਹੁੰਚੇ, ਮਗਰ ਸੰਗਤ ਬੀ ਅੱਪੜ ਪਈ। ਆਪ ਨੇ ਜਾਕੇ ਬੜੇ ਪ੍ਰੇਮ ਨਾਲ ਬੀਬੀ ਨੂੰ ਕਿਹਾ : "ਮਾਤਾ ! ਤੇਰੇ ਹੌਸਲੇ ਦੇ ਧੰਨ ਹੈ ਅਰ ਤੇਰੇ ਪ੍ਰਤਿਬ੍ਰਤਾ ਖ਼ਿਆਲ ਦੇ ਧੰਨ ਹੈ। ਤੂੰ ਹੁਣ ਆਪਣੇ ਭਾਣੇ ਸਿੱਧੀ ਸੁਰਗ ਪਹੁੰਚਣ ਦੇ ਭਰੋਸੇ ਵਿਚ ਤੁਰਨ ਲੱਗੀ ਹੈਂ : ਕੁਝ ਬਚਨ ਸਾਡੇ ਬੀ ਜਾਂਦੀ ਜਾਂਦੀ ਸੁਣੀ ਜਾਹ !" ਭਾਈ ਹੁਰਾਂ ਨੂੰ ਸ਼ਹਿਰ ਦੇ ਸਾਰੇ ਲੋਕ ਮਹਾਤਮਾ ਜਾਣਦੇ ਸੀ, ਮੁਸਲਮਾਨਾਂ ਤੱਕ ਉਹਨਾਂ ਦਾ ਅਦਬ ਕਰਦੇ ਸੀ। ਇਨ੍ਹਾਂ ਦਾ ਪਿਆਰ ਤੇ ਪ੍ਰਾਣੀ ਮਾਤ੍ਰ ਦੀ ਸੇਵਾ, ਭਜਨ ਬੰਦਗੀ ਦਾ ਜੀਵਨ ਸਭ ਨੂੰ ਮੋਹਿਤ ਕਰ ਚੁਕਾ ਸੀ। ਸਾਰਿਆਂ ਨੇ ਕਿਹਾ: "ਬੀਬੀ ! ਲੈ ਲੈ, ਸੰਤਾਂ ਤੋਂ ਕੁਛ ਵਰਦਾਨ, ਲੈ ਲੈ।" ਪੰਡਿਤ ਹੁਰੀਂ ਦੋ ਚਾਰ ਥਾਂਈਂ ਸਿਖਾਂ ਦੇ ਸੁਨੇਹੇ ਦਾ ਅਸਰ ਦੇਖ ਚੁਕੇ ਸੇ ਕੁਝ ਕੁੜ੍ਹਨ ਲਗੇ ਪਰ ਲੋਕਾਂ ਨੇ ਖਿਆਲ ਨਾ ਕੀਤਾ। ਭਾਈ ਜੀ ਨੇ ਕਿਹਾ: "ਬੀਬੀ! ਤੂੰ ਕਿਸ ਭਰੋਸੇ ਪਰ

---

1. ਸਿਖ ਅੰਨ੍ਹੇ ਨੂੰ ਅੰਨ੍ਹਾ ਕਹਿਣਾ ਦਿਲ ਦੁਖਾਉਣਾ ਸਮਝਦੇ ਸੀ। ਸੂਰਦਾਸ ਇਕ ਮਹਾਂ ਕਵੀ ਤੇ ਭਗਤ ਹੋਏ ਹਨ, ਪਰ ਸੇ ਨੇਤ੍ਰਹੀਨ, ਇਸ ਕਰਕੇ ਨੇਤ੍ਰਹੀਣਾਂ ਨੂੰ ਸਿਖ ਸੂਰਦਾਸ ਕਰਕੇ ਬੋਲਦੇ ਸਨ। ਸੂਰਦਾਸਾਂ ਤੇ ਦਇਆਲਤਾ ਪਹਿਲੇ ਸਤਿਗੁਰਾਂ ਦੇ ਵੇਲੇ ਤੋਂ ਸੀ। ਅੰਮ੍ਰਿਤ ਛਕਣ ਤੋਂ ਮਗਰੋਂ ਏਹੋ ਸੂਰਮਾ ਸਿੰਘ ਕਹਿਲਾਏ। ਅੱਜ ਕਲ ਚੀਫ਼ ਖ਼ਾਲਸਾ ਦੀਵਾਨ ਦੇ ਅਨਾਥਾਲਯ ਵਿਚ 'ਸੂਰਮਾਂ ਸਿੰਘ ਆਸ਼੍ਰਮ' ਖੋਹਲਿਆ ਗਿਆ ਹੈ, ਜਿਸ ਵਿਚ ਓਹ ਕਥਾ ਕੀਰਤਨ ਦੇ ਨਾਲ ਕਿਰਤ ਤੇ ਲਿਖਣ ਪੜ੍ਹਨ ਦੀ ਵਿਦਯਾ ਬੀ ਪਾਉਂਦੇ ਹਨ।

1. ਅੰਗਰੇਜ਼ੀ ਰਾਜ ਵਿਚ ਸਤੀ ਮੂਲੋਂ ਰੋਕੀ ਗਈ।

ਸਤੀ ਹੋਣ ਲੱਗੀ ਹੈਂ ? ਦੇਖ ! ਇਹ ਦੇਹ ਤੂੰ ਨਹੀਂ ਬਣਾਈ, ਅਕਾਲ ਪੁਰਖ ਨੇ ਆਪ ਬਣਾਈ ਹੈ, ਤੂੰ ਉਸਨੂੰ ਭੰਨਣ ਲੱਗੀਂ ਹੈਂ। ਹੁਣ ਆਪੇ ਸੋਚ ਜੇ ਨੌਕਰ ਮਾਲਕ ਦੀ ਬਣਾਈ ਚੀਜ਼ ਨੂੰ ਆਪ ਭੰਨੇ ਉਹ ਕਦੀ ਮਾਲਕ ਨੂੰ ਪਿਆਰਾ ਹੋ ਸਕਦਾ ਹੈ ? ਕਰੇ ਮਾਲਕ ਦੀ ਬਰਾਬਰੀ ਤੇ ਚਾਹੇ ਸੁਰਗ ਦਾ ਵਾਸ ! ਜੇਕਰ ਤੇਰਾ ਸਰੀਰ ਮਾਲਕ ਨੇ ਭੰਨਣਾਂ ਹੁੰਦਾ ਤਦ ਤੈਨੂੰ ਬੀ ਮਾਰ ਦੇਂਦਾ। ਫੇਰ ਤੂੰ ਕਿਸੇ ਉਪਕਾਰ ਅਰਥ ਕਿ ਪਰਵੱਸ ਹੋਈ ਸ਼ਹੀਦ ਨਹੀਂ ਹੋਣ ਲੱਗੀ, ਕੇਵਲ ਪਤੀ ਦੇ ਨਾਲ ਰਹਿਣ ਦੇ ਭਰਮ ਅਰ ਸੁਰਗ ਦੇ ਲਾਲਚ ਕਰਕੇ ਆਤਮਘਾਤ ਕਰਦੀ ਹੈਂ ? ਤੂੰ ਸੋਚ, ਮੁਕਤੀ ਕਿਸ ਤਰ੍ਹਾਂ ਪਾ ਸਕਦੀ ਹੈਂ, ਭਗਤੀ ਤੈਂ ਨਹੀਂ ਕੀਤੀ, ਉਪਕਾਰ ਤੈਂ ਨਹੀਂ ਕੀਤਾ, ਗਿਆਨ ਤੈਨੂੰ ਨਹੀਂ ਹੋਇਆ, ਨਾਮ ਤੈਂ ਨਹੀਂ ਜਪਿਆ, ਸਰੀਰ ਦੇ ਸੜਿਆਂ ਮੁਕਤੀ ਕਿਸ ਤਰ੍ਹਾਂ ਆ ਸਕਦੀ ਹੈ ?'' ਇਸ ਤਰ੍ਹਾਂ ਦੇ ਉਪਦੇਸ਼ ਨੇ ਤ੍ਰੀਮਤ ਦਾ ਦਿਲ ਫੇਰ ਦਿੱਤਾ। ਜਦ ਲੋਕਾਂ ਨੇ ਡਿੱਠਾ ਕਿ ਸਤੀ ਨਮੁੱਕਰ ਹੋ ਗਈ ਹੈ, ਤਦ ਸਾਰੇ ਦੁਖਿਤ ਹੋ ਗਏ, ਪੰਡਤ ਜੀ ਚੀਕਣ ਲੱਗੇ। ਭਾਈ ਜੀ ਨੂੰ ਕਹਿ ਨ ਸਕਣ, ਪਰ ਹੁਣ ਕਰਨ ਕੀ ? ਇਹ ਜਾਣਦੇ ਹਨ ਕਿ ਜੇ ਹੁਣ ਧੱਕੋ ਧੱਕੀ ਕਰਦੇ ਹਾਂ ਤਾਂ ਸਿਖ ਖੜੇ ਹਨ, ਨਹੀਂ ਕਰਨ ਦੇਣਗੇ। ਫੇਰ ਸਰਕਾਰੇ ਭੀ, ਭਾਵੇਂ ਅਕਬਰ ਦਾ ਹੁਕਮ ਢਿੱਲਾ ਹੋ ਰਿਹਾ ਹੈ, ਪਰ ਉਸਦੀ ਓਟ ਨਾਲ, ਸਿਖ ਹੀ ਜਿੱਤਣਗੇ। ਸਿੰਘ ਹੁਰਾਂ ਨੇ ਫੇਰ ਨਿਸ਼ੰਗ ਹੋ ਕੇ ਸਭ ਨੂੰ ਉਪਦੇਸ਼ ਦਿੱਤਾ। ਜਿਸ ਦੇ ਅਸਰ ਨਾਲ ਸਭ ਨੂੰ ਨਿਸ਼ਚਾ ਹੋ ਗਿਆ ਕਿ ਆਤਮਘਾਤ ਕਾਇਰਤਾ ਹੈ, ਜੋ ਜਗਤ ਦੇ ਦੁੱਖਾਂ ਤੋਂ ਹੈਰਾਨ ਕਰਕੇ ਮੌਤ ਵਿਚ ਡੇਗਦੀ ਹੈ। ਪਰ ਹੁਣ ਔਕੜ ਭਾਰੀ ਇਹ ਸੀ ਕਿ ਲੋਕਾਂ ਵਿਚ ਹੋਰ ਭਰਮਾਂ ਦੇ ਨਾਲ ਭਾਰਾ ਭਰਮ ਇਹ ਸੀ ਕਿ ਜੋ ਇਸਤ੍ਰੀ ਸਿੰਧਉਰਾ ਹੱਥ ਲੈਕੇ ਸਤੀ ਹੋਣਾ ਕਹਿਕੇ ਫੇਰ ਸਤੀ ਹੋਣੋ ਨਾਂਹ ਕਰੇ ਉਸ ਦੇ ਘਰ ਤੇ ਕਹਿਰ ਆਉਂਦਾ ਹੈ, ਉਸ ਨਾਲ ਵਰਤੇ ਕੋਈ ਕਿਸ ਤਰ੍ਹਾਂ ? ਬੇਮੁਖ ਹੋਈ ਸਤੀ ਦਾ ਠੌਰ ਨਾ ਠਾਉਂ। ਇਸ ਭ੍ਰਮ ਪਰ ਗੁਰੂ ਕੇ ਸ਼ੇਰ ਭਾਈ ਜੀ ਨੇ ਕਿਹਾ ਕਿ ਇਸ ਦਾ ਠੌਰ ਠਾਉਂ ਗੁਰੂ ਦੀ ਸ਼ਰਣ ਹੈ। ਸਾਧ ਸੰਗਤ ਇਸ ਨਾਲ ਵਰਤੇਗੀ, ਅਰ ਇਸ ਨੂੰ ਅੰਮ੍ਰਿਤ ਦੇ ਕੇ ਜਿਵਾ ਲਵੇਗੀ। ਮੁਰਦੇ ਨੂੰ ਲੰਬੂ ਲਾਇਆ ਤੇ ਟੱਬਰੋਂ ਧੱਕੀ ਹੋਈ ਬੀਬੀ ਸੰਗਤ ਨਾਲ ਹੋ ਟੁਰੀ। ਸਾਕਾਂ ਵਿਚੋਂ ਇਕ ਬਿਰਧ ਮਾਈ ਨੇ ਇਸਦਾ ਸਾਥ ਦਿੱਤਾ। ਸੰਗਤ ਉਸ ਸਤੀ ਤੇ ਉਸ ਦੀ ਮਾਈ ਨੂੰ ਨਾਲ ਲੈਕੇ ਧਰਮਸਾਲਾ ਵਿਖੇ ਆ ਗਈ। ਦੋਹਾਂ ਨੂੰ ਧਰਮ ਉਪਦੇਸ਼ ਆਰੰਭ ਹੋਇਆ ਅਰ ਗੁਰ ਸਿੱਖੀ ਦੇ ਮਾਰਗ ਪਾ ਦਿੱਤਾ।

ਫੇਰ ਭਾਈ ਹਰਿਵੰਤ ਸਿੰਘ ਤੇ ਸੰਗਤ ਆਨੰਦਪੁਰ ਨੂੰ ਟੁਰ ਪਏ। ਰਸਤੇ ਵਿਚ ਪਤਾ ਲਗਾ ਕਿ ਕੋਈ ਇਸ਼ਾਰਾ ਦਿੱਲੀ ਤੋਂ ਕੁਛ ਹਿਕਮਤਾਂ, ਕੁਛ ਜ਼ੋਰ ਨਾਲ ਦੀਨ ਵਿਚ ਦਾਖਲ ਕਰਨ ਦਾ ਗੁਪਤੋ ਗੁਪਤ ਆਯਾ ਹੈ। ਇਹ ਬਹਾਨਾ ਪਾਕੇ ਕੁਝ ਆਦਮੀ, ਜਿਨ੍ਹਾਂ ਨਾਲ ਹਾਕਮਾਂ ਦੀਆਂ ਕੁਝ ਕੁਨਸਾਂ ਸਨ ਯਾ ਕੋਈ ਹੋਰ ਕਾਰਨ ਜ਼ਾਤੀ ਵੈਰਾਂ ਦੇ ਸਨ ਓਹ ਫੜੇ ਹੋਏ ਰਾਜਧਾਨੀ ਨੂੰ ਲਿਜਾਏ ਜਾ ਰਹੇ ਹਨ। ਇਹ ਖ਼ਬਰ ਸੁਣਕੇ ਭਾਈ ਜੀ ਨੇ ਸੂੰਹ ਲਾ ਕੇ ਐਸੇ ਸਿਪਾਹੀਆਂ ਦੀ ਤੇ ਕੈਦੀਆਂ ਦੀ ਗਿਣਤੀ ਦੀ ਖ਼ਬਰ ਕੱਢੀ, ਪਤਾ ਲਗਾ ਕਿ ਦਸ ਸਿਪਾਹੀ ਅਰ ਛੇ ਸਤ ਕੈਦੀ ਹਨ। ਭਾਈ ਜੀ ਨੇ ਹੁਣ ਸਾਰੀ ਸੰਗਤ ਨੂੰ ਵੰਡਿਆ, ਚੰਗੇ ਚੰਗੇ ਤਕੜੇ ਸ਼ਸਤ੍ਰਧਾਰੀ ਸਿਖ ਘੋੜ ਸਵਾਰ ਨਾਲ ਰੱਖ ਲਏ ਤੇ ਬਾਕੀ ਸੰਗਤ ਅੱਗੇ ਤੋਰ ਦਿੱਤੀ। ਸੰਗਤ ਤਾਂ ਧਾਈ ਕਰਕੇ ਦੋ ਚਾਰ ਦਿਨਾਂ ਵਿਚ ਜਾ ਪਹਾੜੀਆਂ ਦੇ ਲਾਗੇ ਪਹੁੰਚੀ ਤੇ ਇਨ੍ਹਾਂ ਨੇ ਦੋ ਦਿਨ ਲੁਕ ਛਿਪ ਕੇ ਸੂੰਹ ਵਿਚ ਗੁਜ਼ਾਰੇ, ਅਰ ਉਸ ਕੈਦੀਆਂ ਦੇ ਜੱਥੇ ਦੇ ਮਗਰ ਮਗਰ ਵਿੱਥ ਤੇ ਰਹੇ। ਤੀਜੇ ਦਿਨ ਅਚਾਨਕ ਜੰਗਲ ਬੀਆਬਾਨ ਵਿਚ ਕੋਈ ਅੱਧਾ ਕੁ ਪਹਿਰ ਦਿਨ ਰਹੇ ਜਾ ਘੇਰਿਆ। ਹਿਰਾਸੇ ਹੋਏ ਸਿਪਾਹੀਆਂ ਨੂੰ ਹਥੋ ਹੱਥੀ ਬੰਨ੍ਹ ਲਿਆ ਤੇ ਕੈਦੀ ਛੁਡਾ ਲਏ। ਇਕ ਇਕ ਕੈਦੀ ਨੂੰ ਇਕ ਇਕ ਸਿੱਖ ਨੇ ਘੋੜੇ ਪਿਛੇ ਬਿਠਾ ਲਿਆ ਅਰ ਇਕ ਦਮ ਕੂਚ ਬੋਲ ਦਿੱਤੀ। ਦੇਖੋ ਕੁਦਰਤਾਂ! ਭਾਈ ਹਰਵੰਤ ਸਿੰਘ ਜੀ ਦੇ ਪਿਛੇ ਕੌਣ ਬੈਠਾ ਹੈ? ਉਹੋ ਭਰਾ ਨਾਹਰੂ ਲਾਲ।

ਗਲ ਕੀ ਏਹ ਸਾਰੇ ਲੋਕ ਵਾਹੋ ਦਾਹ ਉਡੀ ਗਏ। ਤੀਜੇ ਦਿਨ ਇਹ ਬੀ ਕੰਧੀ ਜਾ ਨਿਕਲੇ ਤੇ ਦਰਯਾ ਪਾਰ ਹੋ ਮੁਹਰੇ ਗਏ ਹੋਏ ਜੱਥੇ ਨੂੰ ਜਾ ਮਿਲੇ।

ਹੁਣ ਜਦ ਨਾਹਰੂ ਨੇ ਭਾਬੀ ਨੂੰ ਡਿੱਠਾ ਤਦ ਸ਼ਰਮ ਨਾਲ ਅੱਖਾਂ ਨੀਵੀਆਂ ਕਰ ਲਈਆਂ। ਪਰ ਧਰਮ ਦੀ ਪਿਆਰੀ ਨੇ ਬੜੇ ਸਤਿਕਾਰ ਨਾਲ ਬੁਲਾਕੇ ਕਿਹਾ :

"ਵੀਰ ਜੀ! ਸ਼ੁਕਰ ਹੈ ਕਿ ਵਾਹਿਗੁਰੂ ਨੇ ਫੇਰ ਮਿਲਾਇਆ ਅਤੇ ਉਸ ਦਸ਼ਾ ਵਿਚ ਮਿਲਾਇਆ ਕਿ ਜਿਸ ਦਸ਼ਾ ਵਿਚ ਭਰਾ ਨੂੰ ਭਰਾ ਕਰਕੇ ਬੁਲਾਈਦਾ ਹੈ"।

ਨਾਹਰੂ-ਭਾਬੀ ਜੀ ! ਧਰਤੀ ਵਿਹਲ ਨਹੀਂ ਦਿੰਦੀ ਜੋ ਗਰਕ ਹੋ ਜਾਵਾਂ, ਮੈਂ ਤੁਸਾਂ ਨਾਲ ਬੜਾ ਅਨਰਥ ਕੀਤਾ ਹੈ, ਪਰ ਧੰਨ ਤੁਸੀਂ ਹੋ ਜਿਨ੍ਹਾਂ ਨੇ ਬਦੀ ਦੇ ਬਦਲੇ ਨੇਕੀ ਕੀਤੀ ਹੈ। ਜੇ ਮੈਂ ਤੁਹਾਡੀ ਥਾਂ ਹੁੰਦਾ ਤਾਂ ਤੁਹਾਨੂੰ ਉਥੇ ਮਾਰਦਾ ਜਿਥੇ ਪਾਣੀ ਨਾ ਲੱਭਦਾ। ਧੰਨ ਤੁਸੀਂ ਹੋ ਜੋ ਮੇਰੇ ਜੈਸੇ ਵੈਰੀ ਨੂੰ ਫੇਰ 'ਵੀਰ' ਕਹਿ ਕੇ ਪੁਕਾਰਦੇ ਹੋ।

ਭਾਬੀ-ਵੀਰ ਜੀ ! ਧੰਨ ਅਸੀਂ ਨਹੀਂ, ਧਨ ਕਲਗੀਧਰ ਪਿਆਰ ਦਾ ਸੋਮਾਂ ਹੈ, ਧੰਨ ਉਸ ਸੋਮੇਂ ਤੋਂ ਜਾਰੀ ਹੋਈ ਸਿੱਖੀ ਦੀ ਨੈਂ ਹੈ, ਜੋ ਪ੍ਰੇਮ ਹੀ ਪ੍ਰੇਮ ਪਸਾਰਦੀ ਤੁਰੀ ਜਾਂਦੀ ਹੈ। ਤੁਸੀਂ ਆਪਣੇ ਪਿਛਲੇ ਕੰਮਾਂ ਨੂੰ ਭੁੱਲ ਜਾਓ, ਅਸਾਂ ਯਾਦ ਨਹੀਂ ਰੱਖੇ। ਬਦਲਾ ਅਸੀਂ ਕਿਸ ਤੋਂ ਲਈਏ ? ਵੀਰ ਜੀ ! ਜੇ ਦੰਦਾਂ ਹੇਠ ਜੀਭ ਆ ਜਾਏ ਤਾਂ ਦੰਦ ਭੰਨ ਦੇਈਦੇ ਹਨ, ਯਾ ਜੇ ਬਾਂਹ ਟੁੱਟੇ ਤਾਂ ਗਲੇ ਨਹੀਂ ਲਾਈਦੀ ? ਤੁਸੀਂ ਤਾਂ ਸਾਕ ਹੋ, ਸਾਨੂੰ ਤਾਂ ਬ੍ਰਹਮੰਡ ਵਿਚ ਕੋਈ ਓਪਰਾ ਨਹੀਂ, ਸਭ ਸਾਡੇ, ਅਸੀਂ ਸਭਨਾਂ ਦੇ ਹਾਂ। ਅੰਮ੍ਰਿਤ ਛਕਕੇ ਅਮਰ ਹੋਏ ਜੀਵ ਸਾਰੇ ਬ੍ਰਹਮੰਡ ਨੂੰ ਇਹ ਹੋਕਾ ਦੇਂਦੇ ਹਨ : ਬੱਸ ਕਰੋ, ਵੈਰਾਂ ਨੂੰ ਮੁਕਾ ਦਿਓ, ਝਗੜੇ ਤੇ ਵਿਖਾਂ ਹਟਾਓ, ਤਅੱਸਬ ਦੂਰ ਕਰੋ। ਤੇ ਆਖੋ :- "ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰਹਾਈ"। ਆਓ ਹੁਣ ਤੁਸੀਂ ਭੀ ਪ੍ਰੇਮ ਛਬੀਲ ਤੋਂ ਵਿਤਕਰੇ ਦੀ ਡੰਝ ਦੂਰ ਕਰੋ ਤੇ ਜੀਉ ਜੀਉ ਪਵੋ।

ਨਾਹਰੂ-ਭਾਬੀ ਜੀ ਤੁਸਾਂ ਨੇ ਮੈਨੂੰ ਮੌਤ ਦੇ ਮੂੰਹੋਂ ਛੁਡਾਇਆ ਹੈ। ਮੇਰੇ ਨਾਲ ਤਾਂ ਸਕੇ ਮਿੱਤ੍ਰ, ਨਵਾਲੇ ਪਿਆਲੇ ਦੇ ਯਾਰ ਕਾਜ਼ੀ ਵਹਾਬੁੱਦੀਨ ਨੇ ਹੀ ਧ੍ਰੋਹ ਕਮਾਇਆ। ਝੂਠੇ ਦੋਸ਼ ਦਿੱਤੇ ਗਏ, ਘਰ ਬਾਹਰ ਜ਼ਬਤ ਕੀਤੇ ਗਏ ਤੇ ਬੰਨ੍ਹਕੇ ਟੋਰਿਆ ਗਿਆ।

ਭਾਬੀ-ਤੁਸੀਂ ਤੇ ਸੱਸ ਹੁਰੀਂ ਬੀ ਸਰਵਰੀਏ ਸੇ, ਅੱਧੇ ਮੁਸਲਮਾਨ ਤਾਂ ਹੋ ਹੀ ਚੁਕੇ ਸੇ, ਇਸੇ ਕਰ ਕੇ ਸਾਡੇ ਨਾਲ ਬੀ ਖੁਣਸਦੇ ਸਓ, ਤੁਸੀਂ ਮੁਸਲਮਾਨ ਹੋਣੋਂ ਕਿਉਂ ਡਰੇ ?

ਨਾਹਰੂ-ਭਾਬੀ ਜੀ ! ਸਭ ਉਸੇ ਵਹਾਬੂ ਦੀ ਚੁੱਕ ਤੇ ਸ਼ਰਾਬ ਦੀ ਕਿਰਪਾ ਸੀ। ਮੁਸਲਮਾਨ ਮੈਂ ਤਾਂ ਖ਼ਬਰੇ ਹੋ ਜਾਂਦਾ, ਕਾਜ਼ੀ ਦੇ ਦਗ਼ੇ ਨੇ ਦਿਲ ਤੋੜ ਦਿੱਤਾ ਅਰ ਮਾਤਾ ਨੇ ਸਖਤ ਹਠ ਧਾਰਿਆ।

ਇਹ ਸਾਰਾ ਵਿਰਤੰਤ ਸੁਣਕੇ ਹਰਵੰਤ ਸਿੰਘ ਹੁਰਾਂ ਨੇ ਪੰਜ ਸੱਤ ਸਿੰਘ ਹੋਰ ਤਿਆਰ ਕੀਤੇ ਜੋ ਉਥੋਂ ਕੂਚ ਕਰਦੇ ਸਿੱਧੇ ਹੁਸ਼ਿਆਰਪੁਰ ਦੀ ਜੂਹ ਵਿਚ ਪਹੁੰਚੇ। ਇਥੋਂ ਇਕ ਜਣਾਂ ਭੇਸ ਵਟਾਕੇ ਸੂੰਹ ਲੈਣ ਗਿਆ, ਤਦ ਪਤਾ ਲਗਾ ਕਿ ਆਪ ਦੀ ਮਾਤਾ ਤੇ ਪਰਿਵਾਰ ਨੇ ਇਸ ਸ਼ਰਤ ਪਰ ਮੁਸਲਮਾਨ ਹੋਣਾ ਮੰਨ ਲਿਆ ਹੈ ਕਿ ਉਨ੍ਹਾਂ ਦੇ ਦੂਲੇ ਨਾਹਰੂ ਲਾਲ ਨੂੰ ਮੁੜ ਕੇ ਜੀਉਂਦਾ ਜਾਗਦਾ ਵਾਪਸ ਬੁਲਾ ਦਿੱਤਾ ਜਾਵੇ। ਸੋ ਉਧਰ ਆਦਮੀ ਗਏ ਹਨ, ਜੋ ਨਾਹਰੂ ਨੂੰ ਨਾਲ ਲੈ ਆਉਣ। ਆਪ ਦਾ ਪਰਿਵਾਰ ਇਕ ਸ਼ੇਖਾਂ ਦੇ ਘਰ ਰਹਿੰਦਾ ਹੈ, ਰੋਕ ਤਾਂ ਕੋਈ ਨਹੀਂ, ਪਰ ਨਜ਼ਰ ਹੇਠ ਰੱਖਣ ਲਈ ਇਕ ਅਹਿਦੀਏ ਦਾ ਪਹਿਰਾ ਰਹਿੰਦਾ ਹੈ। ਇਹ ਸੁਣਕੇ ਸੂੰਹੀਏਂ ਨੂੰ ਨਾਲ ਲੈਕੇ ਅਗਲੇ ਭਲਕ ਪਹਿਰ ਰਾਤ ਰਹਿੰਦੀ ਆਪ ਜਾ ਪਹੁੰਚੇ। ਸਾਰਿਆਂ ਨੇ ਪਠਾਣ ਘੋੜੇ ਵੇਚਣ ਵਾਲਿਆਂ ਦਾ ਭੇਸ ਧਾਰ ਲਿਆ। ਸੂੰਹੀਏਂ ਨੇ ਅੱਗੇ ਜਾਕੇ ਉਸ ਅਹਿਦੀਏ ਨੂੰ ਪਸ਼ਤੋ ਵਿਚ ਗੱਲੀਂ ਲਾ ਲਿਆ, ਅਰ ਗੱਲੀਂ ਗਲੀਂ ਦੂਰ ਮਸੀਤ ਵੱਲ ਲੈ ਗਿਆ ਤੇ ਭਾਈ ਜੀ ਨੇ ਅੰਦਰ ਜਾ ਕੇ ਮਾਤਾ ਜੀ ਨੂੰ ਭਰਾ ਦੇ ਛੁਡਾ ਲੈਣ ਦੀ ਖੁਸ਼ੀ ਸੁਣਾਉਂਦੇ ਹੀ ਭਾਬੀ ਤੇ ਬਾਲਾਂ ਸਮੇਤ ਬਾਹਰ ਆਂਦਾ ਅਰ ਅੱਖ ਝਮਕਣ ਵਿਚ ਘੋੜਿਆਂ ਤੇ ਬਿਠਾਕੇ ਉਡਾਰੀ ਮਾਰੀ। ਉਧਰ ਸੂੰਹੀਏਂ ਨੇ ਅਹਿਦੀਏ ਨੂੰ ਇਕ ਰੁਪਯਾ ਦੇ ਕੇ ਕੁਝ ਖਾਣ ਨੂੰ ਲੈਣ ਘੱਲਿਆ ਕਿ ਐਡੇ ਸਵੇਰੇ ਤੈਨੂੰ ਤਾਂ ਕੋਈ ਹੱਟੀ ਖੋਲ੍ਹ ਦੇਵੇਗਾ ਤੇ ਆਪ ਮਸੀਤੇ ਬੈਠ ਗਿਆ, ਪਰ ਅਹਿਦੀਏ ਦੇ ਅੱਖੋਂ ਉਹਲੇ ਹੁੰਦੇ ਹੀ ਸੂੰਹੀਆਂ ਪਾਣੀ ਵਿਚ ਦੁੱਧ ਦੀ ਛਿੱਟ ਵਾਂਙੂ ਗੁੰਮ ਹੋ ਗਿਆ। ਨਿਯਤ ਕੀਤੇ ਥਾਉਂ ਤੇ ਸਾਰੇ ਜਣੇ ਤੀਜੇ ਕੁ ਦਿਨ ਕੱਠੇ ਜਾ ਪਹੁੰਚੇ। ਨਾਲੇ ਸੰਗਤ ਪੈਂਡਾ ਮੁਕਾ ਰਹੀ ਸੀ, ਨਾਲੇ ਸਿੱਖੀ ਦਾ ਪ੍ਰਚਾਰ ਹੋ ਰਿਹਾ ਸੀ। ਸਿੰਘ ਜੀ ਦੇ ਭਰਾ, ਮਾਤਾ ਆਦਿ ਸਿਖੀ ਭਾਵਨਾ ਵਿਚ ਆ ਗਏ। ਸਾਂਈਂ ਦੀਆਂ ਮਿਹਰਾਂ ਨਾਲ ਆਨੰਦਪੁਰ ਆ ਗਿਆ। ਆਨੰਦਪੁਰ ਪਹੁੰਚਕੇ ਆਨੰਦ ਪਾਇਆ, ਸੱਚੇ ਸਤਿਗੁਰਾਂ ਦੀ ਸ਼ਰਨ ਤਕਾਈ।

ਸਤਿਗੁਰਾਂ ਪਾਸ ਜਦ ਸਾਰੇ ਹਾਲ ਅਰਜ਼ ਕੀਤੇ ਗਏ ਤਾਂ ਸ੍ਵੈਸਤਿਕਾਰ, ਸ੍ਵੈਰਖਿਆ, ਸ੍ਵਤੰਤਰਤਾ ਦੀ ਆਪਾਵਾਰ ਜਾਗਰਤ ਸਿਖਾਂ ਵਿਚ ਆ ਗਈ ਦੇਖ ਕੇ ਅਤਿ ਪ੍ਰਸੰਨ ਹੋਏ। ਸਤੀ ਹੋਣੋਂ ਬਚਾਈ ਬੀਬੀ ਤੇ ਤੁਰਕ ਕੈਦ ਤੋਂ ਕੱਢੇ ਗਏ, ਮਾਤਾ ਭ੍ਰਾਤਾ ਨੂੰ ਵੇਖ ਵੇਖ ਬੜੇ ਖੁਸ਼ ਹੋਏ। ਸੰਗਤ ਵਿਚ ਗੁਰਸਿਖੀ ਦੀਆਂ ਚੜ੍ਹਦੀਆਂ ਕਲਾਂ ਤੇ ਜਿੰਦ ਹੂਲਣੋਂ ਉਪਕਾਰ ਸੁਣਕੇ ਉਤਸਾਹ ਵਧਿਆ। ਫੇਰ ਏਹ ਸਾਰੇ ਮਾਈ ਭਾਈ ਅੰਮ੍ਰਿਤ ਛਕਾਕੇ ਜਹਾਜ਼ੇ ਚੜ੍ਹਾਏ ਗਏ।

ਸੂਚਨਾਂ-ਇਸ ਸਮੇਂ ਗੁਰਸਿਖੀ ਮੰਡਲ ਵਿਚ ਨਾਮ ਰਸ ਨਾਲ ਮੱਤੇ, ਉਚੇ ਰੂਹਾਨੀ ਔਜਾਂ ਵਾਲੇ ਵਿਦਵਾਨ ਤੇ ਕਰਣੀਆਂ ਵਾਲੇ ਸਿੰਘ, ਬੀਤਰਾਗ ਹੋਏ ਹੋਏ ਕੀਕੂੰ ਦਾ ਜੀਵਨ ਬਿਤੀਤ ਕਰਦੇ, ਅਤੇ ਉਹਨਾਂ ਤੋਂ ਜਗਤ ਜਲੰਦੇ ਵਿਚ ਕਿਸ ਤਰ੍ਹਾਂ ਠੰਢ ਪੈਂਦੀ ਤੇ ਵਾਹਿਗੁਰੂ ਦੇ ਮਿਲਾਪ ਦੇ ਰਾਹ ਖੁੱਲ੍ਹਦੇ ਸੇ, ਅਗਲੇ ਪ੍ਰਸੰਗ ਤੋਂ ਕੁਝ ਦਰਸ਼ਨ ਹੋ ਜਾਣਗੇ।

# ੩੪. ਪ੍ਰੀਤਮ ਜੀ[1]।

## (ਪਰਿਮਲਯਾ ਤੇ ਰਾਜਾ ਜੀ ਦਾ ਸਿਪਾਹੀ)

੧.


**ਜਿਸ** ਤਰ੍ਹਾਂ ਬਨ ਦੀ ਖਿੜੀ ਹੋਈ ਬਹਾਰ-ਬਹਾਰ ਦੇ ਰਸੀਏ ਨੈਣਾਂ ਦੇ ਨਾ ਹੋਣ ਕਰ ਕੇ ਐਵੇਂ ਗਈ ਸਮਝੀ ਜਾਂਦੀ ਹੈ, ਇਸੇ ਤਰ੍ਹਾਂ ਸਿਆਲ ਦੀਆਂ ਲੰਮੀਆਂ ਰਾਤਾਂ ਦੀ ਤ੍ਰੇਲ ਨਾਲ ਭਿੰਨੀ, ਇਕ ਟੱਕ ਬੱਝਵੀਂ ਤੇ ਤਾਰਿਆਂ ਨਾਲ ਛਟਕ ਕੇ ਨਿਰਮਲ ਆਕਾਸ਼ ਤੋਂ ਪੈਂਦੀ ਹੋਈ ਸਰਦ ਚਾਂਦਨੀ ਚਾਂਦਨੀ ਦੇ ਰਸੀਆਂ ਦੇ ਨਾ ਹੋਣ ਕਰਕੇ ਮਾਨੋਂ ਐਵੇਂ ਹੀ ਚਲੀ ਜਾਂਦੀ ਹੈ। ਰਾਤ ਨੂੰ ਠੰਢ ਐਤਨੀ ਪੈਂਦੀ ਹੈ ਕਿ ਬਾਹਰ ਮੰਜੇ ਡਾਹ ਕੇ ਸੁੱਤਾ ਨਹੀਂ ਜਾਂਦਾ ਤੇ ਅੰਦਰ ਸੁੱਤਿਆਂ ਛੱਤ ਦਾ ਸਰਪੋਸ਼ ਚੰਦ ਦੇ ਨੂਰ ਨਾਲ ਭਰੇ ਹੋਏ ਆਕਾਸ਼ ਦਾ ਦਰਸ਼ਨ ਨਹੀਂ ਕਰਨ ਦਿੰਦਾ। ਪਰ ਇਹ ਸ਼ੌਕ ਕਿ ਸਾਰੀ ਰਾਤ ਦੀ ਨਿਰਮਲ ਚਾਂਦਨੀ-ਭਰਕੇ ਪੈਂਦੀ ਤੇ ਆਕਾਸ਼ ਤੋਂ ਪ੍ਰਿਥਵੀ ਤੱਕ ਪਾਰੇ ਦੀ ਭਾਹ ਵਾਂਙੂ ਝਲਕਾ ਦੇਂਦੀ ਚਾਂਦਨੀ ਦਾ ਆਨੰਦ ਲਿਆ ਜਾਵੇ, ਅਕਸਰ ਕੁਦਰਤੀ ਦਰਸ਼ਨਾਂ ਦੇ ਪਿਆਰਿਆਂ ਨੂੰ ਬਾਹਰ ਖਿੱਚਦਾ ਤੇ ਖਿੱਚ ਖਿੱਚ ਲਿਆਉਂਦਾ ਰਹਿੰਦਾ ਹੈ।

ਐਹੋ ਜਿਹੀ ਇਕ ਸੁਭਾਗ ਚਾਂਦਨੀ ਸਰਦ ਚਾਂਦਨੀ ਦੀ ਰਾਤ ਹੈ। ਇਕ ਪਾਣੀ ਦਾ ਡਲ੍ਹ ਡਾਢਾ ਹੌਲੀ ਹੌਲੀ ਵਹਿ ਰਿਹਾ ਹੈ। ਉਤੇ ਹੈ ਨੀਲਾ ਆਕਾਸ਼, ਡਲ੍ਹਕ ਰਹੇ ਹਨ ਚਿੱਟੇ ਤਾਰੇ, ਚਮਕ ਰਿਹਾ ਹੈ ਚਾਂਦੀ ਵਾਂਙੂ ਚੰਦ, ਹੇਠਾਂ ਹੈ ਨਿਰਮਲ ਨੀਰ, ਜਿਸ ਵਿਚ ਝਲ੍ਹਕ ਰਿਹਾ ਹੈ ਸਾਰਾ ਗਗਨ ਤਾਰਿਆਂ ਤੇ ਚੰਦ ਸਮੇਤ, ਵਿਚਕਾਹੇ ਜਲ ਤੋਂ ਅਸਮਾਨ ਤੀਕ ਭਰ ਰਹੀ ਹੈ ਛਟਕੀ ਹੋਈ ਚਾਂਦਨੀ, ਕੀਹ ਕਹਿਣਾ ਹੈ ! ਇਕ ਮਾਨੋਂ ਚਿਟਿਆਈ ਦੇ ਪ੍ਰਕਾਸ਼ ਦਾ ਲੋਕ ਪ੍ਰਗਟ ਹੋ ਪਿਆ ਜਾਪਦਾ ਹੈ। ਮਿੱਠੀ ਮਿੱਠੀ ਪਿਆਰੀ ਪਿਆਰੀ ਹਵਾ ਇਸ ਦੇ ਅਡੋਲ ਡਲ ਪਰ ਨਿੱਕੀਆਂ ਨਿੱਕੀਆਂ ਲਹਿਰਾਂ ਪੈਦਾ ਕਰ ਰਹੀ ਹੈ, ਇਨ੍ਹਾਂ ਲਹਿਰਾਂ ਦੇ ਉਤੇ ਇਕ ਛੋਟੀ ਜਿਹੀ ਬੇੜੀ ਸਹਿਜੇ ਸਹਿਜੇ ਟੁਰ ਰਹੀ ਹੈ। ਇਕ ਸੁੰਦਰ ਸੁਡੌਲ ਮੁਟਿਆਰ ਕਾਕੀ ਦੋ ਚੱਪੇ ਹੱਥ ਵਿਚ ਲਈ ਇਸ ਵਿਚ ਬੈਠੀ ਹੈ। ਕਿਸੇ ਕਿਸੇ ਵੇਲੇ ਰਤਾ ਕੁ ਚੱਪੇ ਨੂੰ ਹਿਲਾ ਲੈਂਦੀ ਹੈ, ਨਹੀਂ ਤਾਂ ਹਵਾ ਦੇ ਨਰਮ ਵੇਗ ਦੇ ਆਸਰੇ ਬੇੜੀ ਨੂੰ ਛੱਡ ਬੈਠੀ ਹੈ। ਔਹ ਸੁਣੋ ਬੇੜੀ ਵਿਚੋਂ ਇਕ ਡਾਢੀ ਉਦਾਸੀ ਤੇ ਵੈਰਾਗ ਦੀ ਸੁਰ ਆ ਰਹੀ ਹੈ :-

ਪਜਾਰੇ ਵਤਨ ! ਮੈਂ ਚੱਲੀ, ਰੋਂਦੀ ਵਿਦਾ ਹਾਂ ਹੋਂਦੀ,<br>
ਪਜਾਰੇ ਹੇ ਮਹਿਲ ਮੇਰੇ ! ਚੱਲੀ ਘਰਾਂ ਤੋਂ ਰੋਂਦੀ।<br>
ਕਿੱਥੇ ਚਲੀ ? ਨ ਜਾਣਾ, ਸਾਥੀ ਨਹੀਂ ਮੁਹਾਣਾ,<br>
ਲਹਿਰਾਂ ਦੇ ਵਿਚ ਟਿਕਾਣਾ, ਚੱਕੀ ਵਿਰਾਗ ਝੋਂਦੀ।<br>
ਵਿਛੁੜੇ ਜੋ ਸਨ ਪਿਆਰੇ, ਸੱਜਣ ਤੇ ਸਾਕ ਸਾਰੇ<br>
ਕੱਲੀ ਚਲੀ ਵਿਰਾਗਨ, ਨੈਣਾਂ ਤੋਂ ਨੀਰ ਚੋਂਦੀ।

ਫਿਰ ਚੁੱਪ ਹੋ ਗਈ। ਚੱਪੇ ਹਿੱਲੇ, ਬੇੜੀ ਤਿੱਖੀ ਹੋਕੇ ਸਰਕੀ ਅਤੇ ਉਸ ਚੰਦ ਚਾਂਦਨੀ ਵਿਚ ਚਾਂਦਨੀ ਰੂਪ ਹੋਈ ਨਾਰ ਨੇ ਜਲ ਦੇ ਕਿਨਾਰੇ ਖੜੇ ਮਹਿਲ ਵੱਲ ਹਸਰਤ ਦੀਆਂ ਨਜ਼ਰਾਂ ਨਾਲ ਡਿੱਠਾ, ਅੱਖਾਂ ਵਿਚੋਂ ਪਾਣੀ ਦੇ ਦੋ ਚਾਰ ਟੇਪੇ ਕੇਰੇ ਤੇ ਆਪਣੀਆਂ ਸਾਰੀਆਂ ਪਿਆਰੀਆਂ ਯਾਦਾਂ ਨੂੰ ਪ੍ਰਣਾਮ

1. ਇਹ ਪ੍ਰਸੰਗ ੨੨ ਪੋਹ ਸੰ: ਗੁ: ਨਾ: ਸਾ: ੪੪੨(੫ ਜਨਵਰੀ ੧੯੧੧) ਦੇ ਗੁਰਪੁਰਬ ਸਪਤਮੀ ਪਰ ਟਰੈਕਟ ਹੋ ਪ੍ਰਕਾਸ਼ਿਆ ਸੀ।



**IN SEARCH OF DATAJI**

ਕਰਕੇ ਇਕ ਹੋਰ ਗੀਤ ਛੋੜਿਆ :-

ਛੁਟਣਾ ਜੋ ਆਪ ਇਕ ਦਿਨ ਅੱਜੋ ਹੀ ਤਜਾਗ ਟੁਰੀਏ। ਦਿੱਸੇ ਫਨਾ ਹੈ ਸਾਰਾ ਫਿਰ ਤਜਾਗ ਕੇ ਕਿਉਂ ਝੁਰੀਏ।

ਬੇੜੀ ਟੁਰੀ ਅਰ ਟੁਰਦੀ ਹੀ ਚਲੀ ਗਈ। ਦਰਯਾ ਭਾਵੇਂ ਲੱਥਾ ਹੋਇਆ ਸੀ, ਪਾਣੀ ਮਾਨੋਂ ਖੜੇ ਵਾਂਙੂ ਸੀ, ਪਰ ਤਦ ਬੀ ਉਸ ਵਿਚ ਮੱਧਮ ਵੇਗ ਸੀ, ਜਿਸ ਨਾਲ ਬੇੜੀ ਨੂੰ ਲਈ ਜਾ ਰਿਹਾ ਸੀ। ਖੇਉਣ ਵਾਲੀ ਮੁਟਿਆਰ ਨੇ ਕਿਸੇ ਪਾਸੇ ਕੰਢੇ ਦਾ ਰੁਖ਼ ਨਹੀਂ ਕੀਤਾ। ਮੰਝਧਾਰ ਵਿਚ ਬੇੜੀ ਨੂੰ ਛੱਡਿਆ ਅਰ ਐਸਾ ਛੱਡਿਆ ਕਿ ਆਪਣੇ ਚੱਪਿਆਂ ਦਾ ਨਿਰਾ ਆਸਰਾ ਜਿਹਾ ਰੱਖ ਲਿਆ ਜੋ ਸਿਧੀ ਧਾਰ ਆਪਣੇ ਨਾਲ ਲਈ ਚੱਲੇ। ਠੰਢ ਅਤਿ ਹੈ ਪਰ ਉਸ ਨੂੰ ਪਰਵਾਹ ਨਹੀਂ। ਕੀ ਜਾਣੀਏ ਜੋ ਉਸ ਦੇ ਕਿਸੇ ਕਿਸੇ ਵੇਲੇ ਜ਼ੋਰ ਨਾਲ ਖੇਉਣ ਕਰਕੇ ਜੋ ਡੌਲਿਆਂ ਦਾ ਜ਼ੋਰ ਲਗਦਾ ਹੈ, ਉਸ ਨਾਲ ਸਰੀਰ ਦੀ ਨਿੱਘ ਹਾਰ ਨਹੀਂ ਦੇਂਦੀ।

ਇਸ ਤਰ੍ਹਾਂ ਟੁਰਦੀ ਨੇ ਰਾਤ ਬਿਤਾ ਦਿੱਤੀ। ਦਿਨ ਚੜ੍ਹ ਆਇਆ, ਸੂਰਜ ਨੇ ਬੀ ਲਾਸਾਂ ਛੱਡੀਆਂ। ਹੁਣ ਇਸ ਬੀਬੀ ਨੇ ਇਕ ਟਿਕਾਣੇ ਬੇੜੀ ਨੂੰ ਕੰਢੇ ਲਾਇਆ। ਆਪਣੇ ਆਪ ਨੂੰ ਸੁਚੇਤ ਕੀਤਾ, ਇਕ ਪਟਾਰੀ ਖੋਲ੍ਹਕੇ ਕੁਛ ਖਾਧਾ ਅਤੇ ਫੇਰ ਬੇੜੀ ਦੇ ਵਿਚ ਹੀ ਸੌਂ ਗਈ। ਜਦ ਲੌਢਾ ਕੁ ਪਹਿਰ ਹੋਇਆ ਤਾਂ ਇਸ ਨੇ ਫੇਰ ਅਨਜਾਣੇ ਸਫਰ ਦੀ ਤਿਆਰੀ ਕਰ ਦਿੱਤੀ ਅਤੇ ਬੇੜੀ ਨੂੰ ਸ਼ਹੁ ਦਰਯਾ ਵਿਚ ਛੱਡ ਦਿਤਾ। ਬੇਜ਼ੁਬਾਨ ਬੇੜੀ ਡਾਢੇ ਠਰੇ ਹੋਏ ਪਾਣੀ ਦੀ ਛਾਤੀ ਉਤੇ ਟੁਰੀ ਜਾਂਦੀ ਹੈ ਤੇ ਟੋਰਨ ਵਾਲੀ ਬੀ ਸਰੀਰ ਦੇ ਬਲ ਦੇ ਤਾਣ ਉਸ ਦੇ ਤ੍ਰਿਖੇ ਲਿਜਾਣ ਵਿਚ ਰਤਾ ਕਸਰ ਨਹੀਂ ਰੱਖ ਰਹੀ। ਜਦ ਰਾਤ ਹੋ ਆਈ, ਚਾਂਦਨੀ ਫੇਰ ਖਿੜ ਪਈ, ਤਦ ਉਸਨੇ ਫੇਰ ਬੇੜੀ ਨੂੰ ਉਸ ਰੌ ਦੀ ਚਾਲ ਉਤੇ ਛੱਡ ਦਿੱਤਾ ਤੇ ਮਾੜੇ ਮਾੜੇ ਹੱਥ ਹਿਲਾਉਂਦੀ ਰਹੀ, ਤਾਂ ਜੋ ਬੇੜੀ ਕਿਤੇ ਅੜ ਫਸ ਨਾ ਜਾਵੇ ਅਤੇ ਆਪਣੇ ਸਰੀਰ ਦੀ ਨਿਘ ਬੀ ਹਰੀ ਕੈਮ ਰਹੇ।

ਰਾਤ ਫੇਰ ਬੀਤ ਗਈ, ਦਿਨ ਹੋ ਆਇਆ, ਹੁਣ ਬੀਬੀ ਨੇ ਫੇਰ ਬੇੜੀ ਇਕ ਕਿਨਾਰੇ ਲਾਈ, ਬਨ ਦੇ ਘਾਸ ਫੂਸ ਕੱਠੇ ਕਰਕੇ ਅੱਗ ਬਾਲੀ ਤੇ ਆਪਣੇ ਥੋੜੇ ਜਿਹੇ ਲਟੇ-ਪਟੇ ਵਿਚੋਂ ਆਟਾ, ਦਾਲ, ਕੁਝ ਭਾਂਡਾ ਕੱਢ ਕੇ ਆਪਣੀ ਰੋਟੀ ਪਕਾਈ, ਖਾਧੀ ਤੇ ਫੇਰ ਬੇੜੀ ਵਿਚ ਸੌਂ ਰਹੀ। ਦਿਨ ਢਲੇ ਫੇਰ ਬੇੜੀ ਟੋਰ ਦਿੱਤੀ। ਇਕ ਦਿਨ ਸੰਝ ਵੇਲੇ ਬੇੜੀ ਇਕ ਕਿਨਾਰੇ ਜਾ ਲੱਗੀ। ਇਹ ਇਕ ਐਸਾ ਰਮਣੀਕ ਕਿਨਾਰਾ ਸੀ ਕਿ ਉਸਦੇ ਜੀ ਨੂੰ ਭਾ ਗਿਆ। ਬੇੜੀ ਬੀ ਮੱਲੋਮੱਲੀ ਕਿਨਾਰੇ ਜਾ ਲੱਗੀ। ਇਸ ਨੇ ਬੀ ਹੁਣ ਹੋਰ ਸਫ਼ਰ ਕਰਨ ਦਾ ਖਿਆਲ ਛੱਡ ਦਿੱਤਾ। ਬੇੜੀ ਨੂੰ ਇਕ ਰੱਸਾ ਪਾਕੇ ਰੁੱਖ ਨਾਲ ਬੰਨ੍ਹਿਆ ਤੇ ਆਪਣੇ ਰਾਤ ਦੇ ਆਰਾਮ ਦੇ ਫਿਕਰ ਵਿਚ ਕੱਖ ਉੱਖ ਕੱਠੇ ਕਰਕੇ ਅੱਗ ਬਾਲੀ, ਕੁਛ ਪਕਾਇਆ, ਖਾਧਾ ਤੇ ਫੇਰ ਆਪਣੀਆਂ ਲੋਈਆਂ ਭੂਰੀਆਂ ਵਿਚ ਆਪ ਨੂੰ ਵਲ੍ਹੇਟਕੇ ਸੌਂ ਗਈ।

੨.

ਉਸ ਮਹਿਲ ਵਿਚ, ਕਿ ਜਿਸਦੇ ਹੇਠੋਂ ਇਹ ਕਾਕੀ ਬੇੜੀ ਵਿਚ ਬੈਠਕੇ ਟੁਰੀ ਸੀ, ਦੇਖੀਏ ਕਿ ਕੀਹ ਵਰਤ ਰਿਹਾ ਹੈ। ਘਰ ਦਾ ਮਾਲਕ ਇਕ ਬੜਾ ਪੰਡਤ ਤੇ ਵਿਦਵਾਨ ਹੈ, ਬੜਾ ਜਗੀਰਦਾਰ, ਜ਼ਮੀਨਾਂ ਤੇ ਮਿਲਖਾਂ ਵਾਲਾ ਹੈ, ਪਰ ਇਸ ਵੇਲੇ ਆਪਣੀ ਚੌਂਕੀ ਤੇ ਬੈਠਾ ਦੁਖ ਕਰ ਰਿਹਾ ਹੈ। ਪਾਸ ਉਸਦੀ ਵਹੁਟੀ ਬੈਠੀ ਹੈ, ਜੋ ਹਾਵੇ ਭਰ ਭਰ ਕੇ ਰੋ ਰਹੀ ਤੇ ਕਹਿ ਰਹੀ ਹੈ – "ਪੰਡਤ ਜੀ ! ਤੁਹਾਡੀ ਇਸ ਪੰਡਤਾਈ ਨੇ ਕਿਸੇ ਗੱਲ ਜੋਗਾ ਨਾ ਛੱਡਿਆ! ਆਹ ! ਮੇਰੀ ਮੁਟਿਆਰ ਸੁੱਖੇ ਲੱਧੀ ਧੀ, ਐਹ ਵਰੇਸ ਤੇ ਆਹ ਸੂਰਤ ! ਰੱਬ ਜਾਣੇ ਇਸ ਵੇਲੇ ਕਿਨ੍ਹਾਂ ਕੱਕਰਾਂ ਦੇ ਮੂੰਹ ਆਈ ਲੁੱਛ ਰਹੀ ਹੈ ਕਿ ਪੱਥਰ ਹੋ ਕੇ ਦਰਯਾ ਦੇ ਥੱਲੇ ਸੁੱਤੀ ਪਈ ਹੈ ਕਿ ਉਸ ਦਾ ਮੱਖਣਾ ਮਲਾਈਆਂ ਨਾਲ ਪਾਲਿਆ ਸਰੀਰ ਮਗਰ ਮੱਛਾਂ ਦੇ ਅੰਦਰ ਨਪੀੜ ਹੋ ਰਿਹਾ ਹੈ। ਹਾਇ ਬੱਚੀਏ ! ਉਹ ਅਭਾਗ ਦਿਹਾੜੇ ਕਿਉਂ ਚੜ੍ਹੇ ਜਦੋਂ ਤੈਨੂੰ ਪੜ੍ਹਨੇ ਪਾਇਆ। ਅਲੋਕਾਰ ਦੀ ਗੱਲ, ਕਦੇ ਕਿਸੇ ਧੀਆਂ ਵੀ ਪੜ੍ਹਾਈਆਂ ਹਨ। ਸੂਰਜ ਨਾ ਚੜ੍ਹਨਾ ਤੇ ਉੱਠ ਧੀਏ ਪੜ੍ਹ ਵਿਆਹ ਕਰਨ, ਐਸਾ ਵਿਆਹ ਕਰਨ[1] ਪੜ੍ਹਾਇਆ ਕਿ ਇਕੀ ਵਰ੍ਹੇ ਲੰਘ ਗਏ, ਧੀ ਨੇ ਵਿਆਹ ਵਲ ਮੂੰਹ ਨਾ ਧਰਿਆ, ਬਥੇਰਾ ਪਿੱਟਦੀ ਸਾਂ ਕਿ ਨਾ ਪੜ੍ਹਾਓ, ਭਲਾ ਪੰਡਤ ਜਹਾਨ ਦੇ ਮਰ ਜਾਣਗੇ ਤੇ ਸਾਡੀ ਕਾਕੀ ਵਿਆਹ ਕਰਾਇਆ ਕਰੇਗੀ? ਰੋਜ਼ ਕਹਿਣਾ ਕੁੜੀਏ ਪੜ੍ਹ ਵਿਆਹ ਕਰਣ। ਉਹ ਪੜ੍ਹ ਗਈ ਵਿਆਹ ਕਰਣ, ਪੜ੍ਹ ਗਈ ਜਣੇ ਖਣੇ ਨਾਲ ਚਿੰਝੜੀ ਲਾਣੀ। ਆਪੇ ਝੱਸ ਸਿਖਾਏ, ਆਪਣੇ ਅੱਗੇ

1. ਅਨਪੜ੍ਹ ਮਾਂ 'ਵਯਾਕਰਣ' ਨੂੰ 'ਵਿਆਹ ਕਰਣ' ਕਹਿ ਰਹੀ ਹੈ।

ਆਏ। ਹੁਣ ਉਹ ਤੁਹਾਡੇ ਨਾਲੋਂ ਬੀ ਕਦਮ ਅੱਗੇ, ਤੁਸਾਂ ਪੜ੍ਹਾਈ, ਹੁਣ ਉਹ ਤੁਹਾਡੇ ਤੇ ਤੁਹਾਡੇ ਪੰਡਤਾਂ ਦੇ ਕੰਨ ਕੁਤਰਦੀ ਸੀ। ਫੇਰ ਮੈ ਕਿੰਨੀ ਵੇਰ ਕਿਹਾ, ਪੰਡਤ ਜੀ ! ਕੁੜੀ ਆਪ ਬਰਾਬਰ ਹੋ ਗਈ ਹੈ, ਇਸ ਨਾਲ ਚਰਚਾ ਨਾ ਕਰਿਆ ਕਰੋ, ਇਸਨੂੰ ਚਾਰ ਭੁਆਟੜੀਆਂ ਦੇਕੇ ਕਿਸੇ ਦੇ ਘਰ ਟੋਰੋ, ਬਾਲ ਬੱਚੇ ਹੋ ਜਾਣ, ਘਰਾਂ ਦੀਆਂ ਭੂਮਣਾਂ ਪੈ ਜਾਣ, ਆਪੇ ਭੁੱਲ ਜਾਵੇਗੀ ਜੋ ਕੁਛ ਪੜ੍ਹੀ ਹੈ। ਪਰ ਕਿੱਥੋਂ ? ਤੁਸੀਂ ਇਹੋ ਕਹੀ ਗਏ ਜੋ ਲੀਲਾਵਤੀ ਤੇ ਮੰਦ੍ਾਲਸਾ ਤੋਂ ਅੱਗੇ ਲੰਘਾਉਣਾ ਹੈ ਤੇ ਗਾਰਗੀ ਬਣਾ ਦੇਣਾ ਹੈ। ਲਓ ਹੁਣ ਗਾਰਗੀ ਬਣਕੇ ਗਈ ਜੇ ਜਹਾਨ ਵਿਚ ਰੀਂਦੌੜਾ ਕਰਨ, ਪਤਾ ਨਹੀਂ ਗਾਰਗੀ ਵਾਂਙੂ ਵਿਚਰੇਗੀ ਕਿ ਪੜ੍ਹਿਆਂ ਨਾਲ ਲੜਕੇ ਤੇ ਦਿਗਬਿਜੈ ਕਰੇਗੀ, ਕਿ ਸ਼ਹੁ ਦਰਿਆ ਵਿਚ ਮੱਛਾਂ ਕੱਛਾਂ ਦਾ ਭੋਜਨ ਬਣੇਗੀ। (ਠੰਢਾ ਸਾਹ ਲੈਕੇ) ਹਾਇ ਮੇਰੀ ਲਾਲੀ !

ਪੰਡਤ ਜੀ-ਸਾਵਿੱਤ੍ਰੀ ਤੂੰ ਮੇਰੇ ਪਰ ਕਿਉਂ ਰੋਸ ਕਰਦੀ ਹੈਂ ? ਮੈਂ ਤਾਂ ਵਿਦਜਾ ਦਿੱਤੀ ਸੀ, ਤੇਰੀ ਕਾਕੀ ਨੂੰ ਵਿਹੁ ਤਾਂ ਨਹੀਂ ਸੀ ਪਿਲਾਈ। ਇਹ ਉਸ ਦਾ ਟੁਰ ਜਾਣਾ ਤੇ ਵਿਰਾਗੇ ਜਾਣਾ ਕੋਈ ਮੇਰੀ ਵਿਦਜਾ ਦਾ ਅਸਰ ਨਹੀਂ, ਇਹ ਤਾਂ ਸੰਤਾਂ ਸਾਧਾਂ ਦੇ ਮੇਲ ਕਰਕੇ ਉਹ ਗੱਲ ਜੋ ਉਸਦੇ ਕੰਨੀ ਪੈ ਗਈ - ਜੋ ਇਕ ਸਿਧਾ ਜਿਹਾ ਸਾਧ ਪਾ ਗਿਆ ਸੀ ਉਹ ਚੌੜ ਕਰ ਗਈ। ਮੇਰੀ ਵਿਦਜਾ ਤਾਂ ਸੁੱਚੇ ਮੋਤੀ ਹਨ।

ਸਾਵਿੱਤ੍ਰੀ-ਪਰ ਪੰਡਤ ਜੀ ! ਇਹ ਸਾਧਾਂ ਨਾਲ ਚਿੰਜੜੀਆਂ ਲਾਉਣੀਆਂ, ਚਰਚਾ ਕਰਨੀਆਂ ਤੇ ਸਦਾ ਖੋਜ ਵਿਚ ਹੀ ਰਹਿਣਾ ਇਹ ਕਿਸ ਨੇ ਭੁਸ ਪਾਇਆ ਸੀ ? ਤੁਸੀਂ ਹੀ ਕਹਿੰਦੇ ਸੀ ਕਿ ਵਿਦਜਾ ਚਰਚਾ ਨਾਲ ਵਧਦੀ ਹੈ, ਸੋ ਕੁੜੀ ਨੂੰ ਸੁਭਾਉ ਪੈ ਗਿਆ। ਮਾਛੀ ਰੋਜ਼ ਜਾਲ ਵਿਚ ਮੱਛੀਆਂ ਫੜਦਾ ਹੈ, ਕਦੇ ਸੰਸਾਰ(ਮਗਰ ਮੱਛ) ਦਾ ਬੱਚਾ ਬੀ ਜਾਲ ਵਿਚ ਆ ਜਾਂਦਾ ਹੈ, ਤਦੋਂ ਮਾਛੀ ਹੁਰਾਂ ਨੂੰ ਸਾਰੇ ਭਾ ਮਲੂਮ ਹੋ ਜਾਂਦੇ ਹਨ। ਤੁਹਾਡੇ ਸਾਧਾਂ ਵਿਚ ਇਕ ਆ ਗਿਆ ਕੋਈ ਸਾਧ ਜੋ ਤੁਹਾਡੇ ਪਿਉ ਧੀ ਦੋਹਾਂ ਦੀ ਵਿਦਜਾ ਦੇ ਖਲਵਾੜੇ ਵਿਚ ਇਕ ਚੰਗਿਆੜੀ ਧਰਕੇ ਟੁਰਦਾ ਹੋਇਆ। ਧੀ ਤਾਂ ਰੋ ਬੈਠੀ ਵਿਦਜਾ ਨੂੰ ਤੇ ਆਪੇ ਨੂੰ, ਸ਼ੁਦੈਣ ਹੋ ਗਈ; ਤੇ ਮੈਂ ਰੋ ਬੈਠੀ ਧੀ ਨੂੰ, ਦੋਵੇਂ ਖਲਵਾੜੇ ਸੜ ਗਏ। ਹੁਣ ਦੱਸੋ ਮੈਂ ਕਿੱਧਰ ਜਾਵਾਂ ! ਮੇਰਾ ਕਲੇਜਾ ਥਾਂਵੇਂ ਨਹੀਂ ਬੈਠਦਾ, ਉਡਦਾ ਹੀ ਉਡਦਾ ਜਾਂਦਾ ਹੈ। ਅੱਜ ਤੀਸਰਾ ਦਿਨ ਹੋ ਗਿਆ ਹੈ, ਨਾ ਅੰਨ ਨਾ ਜਲ।

ਪੰਡਤ-ਦੱਸ ਹੁਣ ਕੀ ਕਰੀਏ ? ਆਦਮੀ ਦੂਰ ਦੂਰ ਦੁੜਾਏ, ਸੂੰਹੀਏ ਛੱਡੇ, ਬੇੜੀਆਂ ਮਗਰ ਦੁੜਾਈਆਂ, ਜਾਲ ਪੁਆਏ, ਪੰਜਾਹ ਪੰਜਾਹ ਕੋਹ ਤਕ ਕੰਢੇ ਕੰਢੇ ਪੁੱਛਾਂ ਕੀਤੀਆਂ, ਕੋਈ ਉੱਘ ਸੁਹਰ ਨਿਕਲੇ ਤਾਂ ਥਹੁ ਲਗੇ, ਸਾਡੇ ਕੀਹ ਵੱਸ ? ਹੋਣੀ ਪ੍ਰਬਲ ਹੈ ! ਰਾਮ ਤੇ ਕ੍ਰਿਸ਼ਨ ਨਾਲ ਹੋਕੇ ਰਹੀ, ਅਸੀਂ ਕਿਸ ਗਿਣਤੀ ਵਿਚ ਹਾਂ ?

ਪੰਡਤਾਣੀ-ਇਹ ਤਾਂ ਸੱਚ ਹੈ ਪਰ ਮਾਂ ਦੀਆਂ ਆਂਦ੍ਰਾਂ ਨੂੰ ਤਾਂ ਗੱਲਾਂ ਨਾਲ ਠੰਢ ਨਹੀਂ ਪੈ ਸਕਦੀ।

ਪੰਡਤ-ਤੇ ਪਿਉ ਕੀਹ ਕਰੇ, ਜਿਸਦੀਆਂ ਆਂਦ੍ਰਾਂ ਦੇ ਨਾਲ ਆਸਾਂ ਤੇ ਉਮੈਦਾਂ ਬੀ ਰੁੜ੍ਹ ਗਈਆਂ? ਨਾ ਨਿਰੀ ਪਲੀ ਪੋਸੀ ਧੀ ਗਈ, ਸਗੋਂ ਆਪਣੇ ਤੋਂ ਸਿਆਣੀ ਧੀ ਗਈ।

ਇਸ ਤਰ੍ਹਾਂ ਦੇ ਕੀਰਨੇ ਕਰ ਹੀ ਰਹੇ ਸਨ ਕਿ ਸੰਤੋ ਗੋਲੀ ਦੌੜੀ ਦੌੜੀ ਆਈ ਤੇ ਆਖਣ ਲੱਗੀ ਕਿ ਘਾਟ ਉਤੇ ਜੋ ਪਿੱਪਲ ਹੈ, ਉਸ ਦੀ ਟਾਹਣੀ ਨਾਲ ਇਕ ਡੱਬੀ ਧਾਗੇ ਨਾਲ ਬੱਧੀ ਹੋਈ ਲਟਕ ਰਹੀ ਸੀ, ਉਸ ਨੂੰ ਖੋਲ੍ਹਿਆ ਤਾਂ ਇਕ ਕਾਗਤ ਮਿਲਿਆ ਹੈ। ਪਤਾ ਨਹੀਂ ਕੀ ਹੈ, ਪਰ ਅੱਖਰ ਮੇਰੀ 'ਬੀਬੀ ਜੀ' ਦੇ ਲੱਗਦੇ ਹਨ।

ਪੰਡਤ ਜੀ ਨੇ ਛੇਤੀ ਨਾਲ ਕਾਗਤ ਲਿਆ ਤੇ ਪੜ੍ਹਿਆ। ਉਨ੍ਹਾਂ ਕਠੋਰ ਨੇਤ੍ਰਾਂ ਵਿਚੋਂ, ਜੋ ਕਦੇ ਨਹੀਂ ਰੋਏ ਸੇ; ਅੱਜ ਅੱਥਰੂ ਕਿਰ ਰਹੇ ਹਨ। ਪਤਾ ਨਹੀਂ ਕਿਸ ਵਿਜੋਗ ਭਰੇ ਮਨ ਨਾਲ ਪਿਆਰ ਦੀ ਰੱਸੀ ਨੂੰ ਤੋੜਕੇ ਬਨ ਦਾ ਰਾਹ ਲੈਣ ਵਾਲੇ ਜੋਗੀ ਹੱਥਾਂ ਨੇ ਲਿਖੇ ਹਨ, ਕਿ ਪੰਡਤ ਜੀ ਰੋਂਦੇ ਵੈਰਾਗ ਵਿਚ ਉਸ ਨੂੰ ਗਾਉਣ ਲੱਗ ਗਏ:-

ਸਖੇ ਧੰਨਜਾ: ਕੇਚਿ ਤ੍ਰੁਟਿਤ ਭਵ ਬੰਧਵਜਤਿਕਰਾ।
ਬਨਾਂਤੇ ਚਿਤਾਂਤਰ ਵਿਖ਼ਮ ਵਿਖ਼ਜਾਸ਼ੀ ਵਿਖ਼ਗਤਾ:॥
ਸ਼ਰਚ੍- ਚੰਦ੍ਰ ਜਜੋਤਸ੍ਰਾਧ ਬਲ ਗਗਨਾ ਭੋਗ ਸੁਭਗਾਂ। ਨਯੰਤੇ ਯੇ ਰਾਤ੍ਰਿੰ ਸੁਕ੍ਰਿਤਚਜ ਚਿੱਤੈਕ ਸ਼ਰਣਾ:॥ ੫੭॥
ਪੁਨਾ: ਪੁਣਜੈਰ ਮੂਲ ਫਲੈ: ਪ੍ਰਿਯੇ ਪ੍ਰਣਯਿਨਿ ਪ੍ਰੀਤਿੰ ਕੁਰੁਖ੍ਵਾ ਧੁਨਾ। ਭੂ ਸਯਜਾਨਵ ਵਲ ਕਲੈਰ ਕਰਣੈ

ਰੁੱਤਿਸ਼੍ਯਾਮੋ ਬਨਮ੍ ॥ ਖ਼ੁਦ੍ਰਾਣਾਮ੍- ਵਿਵੇਕ ਮੂੜ੍ਹਮਨਸਾ ਯਤ੍ਰੇ ਸ਼ੂਰਾਣਾਂ ਸਦਾ। ਚਿੱਤ ਵਜਾਧਜ ਵਿਵੇਕ ਵਿਹਵ੍ਲ ਗਿਰਾਂ ਨਾਮਾਪਿ ਨ ਸ਼ੂਯਤੇ॥ ੫੯॥

(ਭਰਥਰੀ ਵੈਰਾਗਜ ਸ਼ਤਕ)

ਪੰਡਤਾਣੀ-ਕੀ ਏਹ ਕਾਕੀ ਕੁਛ ਲਿਖ ਕੇ ਛੱਡ ਗਈ ਹੈ ?

ਪੰਡਤ-ਜੀ ਹਾਂ !

ਪੰਡਤਾਣੀ-ਫੇਰ ਕੁਛ ਮੈਂ ਨਿਖੁੱਟੀ ਨੂੰ ਬੀ ਦੱਸੋ ਜੋ ਕਿਥੇ ਗਈ ਹੈ ਤੇ ਕੀਹ ਲਿਖ ਗਈ ਹੈ ?

ਪੰਡਤ-ਲਓ ਸੁਣੋ ! ਪਹਿਲੇ ਸ਼ਲੋਕ ਦਾ ਇਹ ਅਰਥ ਹੈ :-

ਹੇ ਮਿੱਤ੍ਰ ! ਧੰਨ ਹਨ ਓਹ ਸੱਜਣ ਜੋ ਸਰਦ ਚਾਂਦਨੀ (ਦੀ ਖਿੜੀ ਹੋਈ ਰਾਤ) ਵਿਚ ਗੋਰੀ(ਗੋਰੀ ਚਾਂਦਨੀ ਨਾਲ ਭਰੇ ਹੋਏ) ਆਕਾਸ਼ ਦੇ ਫੈਲਾਉ ਹੇਠ ਸੁਹਣੀ ਤੇ ਮਨ ਪ੍ਰਸੰਨ ਕਰਨ ਵਾਲੀ ਰਾਤ ਨੂੰ ਐਉਂ ਬਿਤਾਉਂਦੇ ਹਨ ਕਿ ਪੁੰਨਾ ਦੇ ਸਮੂਹ ਦੀ ਸ਼ਰਣ ਦੀ ਮਨ ਵਿਚ (ਕੇਵਲ) ਟੇਕ (ਧਾਰਕੇ ਬੈਠੇ ਹਨ), ਸੰਸਾਰ ਦੇ ਬੰਧਨਾਂ ਦੇ ਕਲੇਸ਼ਾਂ ਨੂੰ ਭੰਨ ਘੱਤਿਆ ਹੈ, ਅਤੇ ਮਨ ਵਿਚੋਂ ਭਜਾਨਕ ਤੇ ਸਰਪ ਸਮਾਨ ਕਰੜੇ ਵਿਸ਼ਿਆਂ ਨੂੰ ਦੂਰ ਕਰ ਦਿੱਤਾ ਹੈ।"

ਹੇ ਭਗਵਾਨ, ਬਾਲਕੀ ਵਿਰਾਗਵਾਨ ਹੋ ਗਈ।

ਪੰਡਤਾਣੀ-ਹਾਇ ! ਗਿਆਨਾਂ ਨੇ ਪਟ ਘੱਤੀ ! ਕੁਛ ਹੋਰ ਬੀ ਲਿਖਿਆ ਹੈ ਕਿ ਇਹੋ ?

ਪੰਡਤ-ਹੋਰ ਜੋ ਲਿਖਿਆ ਹੈ ਉਸ ਦਾ ਇਹ ਅਰਥ ਹੈ :-

"ਅਸੀਂ ਹੁਣ ਬਨ ਨੂੰ ਚਲੇ ਹਾਂ, ਹੇ ਮਨ (ਹੇ ਬੁਧੀ ਸਾਨੂੰ) ਪਿਆਰ ਕਰਨੇ ਵਾਲੀ, (ਸੰਸਾਰ ਦੇ ਸੁਆਦਾਂ ਤੋਂ ਹੁਣ) ਤੂੰ ਬੀ ਉੱਠ, ਅਤੇ ਪਵਿੱਤਰ (ਜੰਗਲੀ) ਫੁਲਾਂ ਫਲਾਂ ਨਾਲ ਆਪਣਾ ਨਿਰਬਾਹ ਕਰ, ਬਣੇ ਬਣਾਏ ਸੱਥਰ ਤੇ ਆਪਣੀ ਛੇਜ ਬਣਾ, ਅਤੇ ਤਿਆਰ ਮਿਲਦੇ ਬਲਕਲ (ਭੋਜ ਪੱਤ੍ਰਾਂ) ਦੇ ਕਪੜੇ ਪਹਿਨਕੇ ਨਿਰਬਾਹ ਕਰ, ਜਿਸ ਬਨ ਵਿਚ ਬੈਠਿਆਂ ਅਗਿਆਨ ਨਾਲ ਮੂਰਖ ਪੁਰਖਾਂ ਦਾ ਅਤੇ (ਕਰਮਾਂ ਕਰਕੇ) ਨੀਚਾਂ ਦਾ ਅਤੇ ਧਨ ਦੇ ਲਾਲਚ ਤੋਂ ਦੁਖਮਈ ਅਗਿਆਨ ਨਾਲ ਘਬਰਾਈ ਹੋਈ ਅਕਲ ਵਾਲਿਆਂ ਦਾ ਨਾਮ ਤਕ ਸੁਣਾਈ ਨਹੀਂ ਦੇਂਦਾ।"

ਪੰਡਤਾਣੀ-ਬਸ, ਪੱਟੀ ਗਈ ਧੀ। ਪੜ੍ਹਾਓ ਵਿਆਹ ਕਰਣ, ਕਿਹਾ ਕੁ ਵਿਆਹ ਕਰਾ ਗਈ ਹੈ ? ਪਤੀ ਜੀ ! ਤੁਸੀਂ ਤਾਂ ਸਾਰੀ ਉਮਰ ਸ਼ਾਸਤ੍ਰ ਘੋਟਦੇ ਰਹੇ, ਬੜੇ ਸਾਧ ਤੇ ਤਪੱਸ੍ਰੀ ਆਪ ਤੋਂ ਵਿਦਜਾ ਪੜ੍ਹ ਪੜ੍ਹ ਗਏ, ਪਰ ਤੁਹਾਡੇ ਘਰ ਦੌਲਤ ਵਧਦੀ ਹੀ ਗਈ ਤੇ ਸੁਖਾਂ ਦੇ ਸਮੂਹ ਕੱਠੇ ਹੁੰਦੇ ਹੀ ਗਏ; ਬਨ ਤੇ ਕੰਦ੍ਰਾ ਤੇ ਭੋਜ ਪੱਤ੍ਰ ਸੁਪਨੇ ਵਿਚ ਨਾ ਆਏ। ਇਹ ਕਾਕੀ ਨੂੰ ਕੀਹ ਪੜ੍ਹਾਇਆ ਸਾਜੇ ਜੋ ਰੂੰ ਦੇ ਗੁਹੜਿਆਂ ਵਿਚ ਹੀ ਅੱਗ ਲੱਗ ਉੱਠੀ।

ਪੰਡਤ-ਪ੍ਰਿਯੇ ! ਇਹ ਅੱਗ ਮੇਰੀ ਵਿਦਜਾ ਵਿਚ ਨਹੀਂ ਸੀ, ਇਹ ਤਾਂ ਉਹ ਸਾਧੜਾ ਲਾ ਗਿਆ ਹੈ।

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਬਾਹਰੋਂ ਇਕ ਮਾਲਕੌਂਸ ਦੀ ਵੈਰਾਗ ਭਰੀ ਤੇ ਦਿਲ ਕੁੱਠਵੀਂ ਸੁਰ ਆਉਣ ਲੱਗ ਪਈ। ਕੁਛ ਐਸਾ ਇਸ ਦਾ ਅਸਰ ਸੀ ਕਿ ਸਾਰਿਆਂ ਦਾ ਧਿਆਨ ਉਧਰ ਲੱਗ ਗਿਆ ਅਰ ਸਾਰੇ ਮੂਰਤਾਂ ਵਾਂਙ ਚੁੱਪ ਹੋ ਗਏ। ਜਦ ਧਿਆਨ ਦਿੱਤਾ ਤਾਂ ਆਵਾਜ਼ ਦੀ ਇਹ ਸਮਝ ਪਈ-

ਹਰਿ ਬਿਸਰਤ ਸਦਾ ਖੁਆਰੀ॥ ਤਾਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥ ਰਹਾਉ॥ ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥ ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧॥ ਗੁਣ ਨਿਧਾਨ ਗੁਣ ਤਿਨਹੀ ਗਾਏ ਜਾਕਉ ਕਿਰਪਾ ਧਾਰੀ॥ ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸ ਬਲਿਹਾਰੀ॥ ੨॥ ੨॥

(ਟੋਡੀ ਮਹਲਾ ੫)

ਜਾਂ ਇਹ ਵੈਰਾਗ ਤੇ ਪਿਆਰ ਭਰੀ ਆਵਾਜ਼ ਮੁੱਕੀ ਤਾਂ ਪੰਡਤ ਜੀ ਤਾਂ ਬਾਘ ਵਾਂਙ ਭੂਏ ਹੋਕੇ ਭੁੜਕ ਉਠੇ "ਮਿਸ਼ਰਾਣੀ ! ਇਹ ਤਾਂ ਉਹੋ ਬਾਉਲਾ ਹੈ ਜੋ ਸਾਡੇ ਘਰ ਨੂੰ ਵਾ ਵਰੋਲੇ ਵਾਂਙ ਉਡਾ ਗਿਆ ਹੈ।" "ਜਾਹ ਓਏ ਗਣੂਏਂ, ਮੋਤੀ ਤੇ ਜੀਉਣੇ ! ਜਾਓ ਸਾਰੇ ਉਸ ਨੂੰ ਬੰਨ੍ਹ ਲਿਆਓ।"

ਇਹ ਸੁਣ ਕੇ ਸਾਰੇ ਜਣੇ ਉੱਠ ਨੱਸੇ। ਕੁਛ ਚਿਰ ਮਗਰੋਂ ਇਕ ਲੰਮੇ ਸੁਡੌਲ ਤ੍ਰਿੱਖੀ ਨੁਹਾਰ ਤੇ ਗੋਰੇ ਜਿਹੇ ਆਦਮੀ ਨੂੰ ਅੰਦਰ ਲੈ ਆਏ। ਇਸ ਸੱਜਣ ਪੁਰਖ ਦੀ ਅਜੇ ਛੋਟੀ ਛੋਟੀ ਦਾੜ੍ਹੀ ਸੀ, ਜਿਸ ਤੋਂ ਵਰੇਸ ਕੋਈ ੨੫ ਕੁ ਵਰ੍ਹੇ ਦੀ ਲੱਗਦੀ ਸੀ, ਮੱਥਾ ਚੌੜਾ ਤੇ ਕੁਛ ਲਿਸ਼ਕਦਾ ਸੀ, ਅੱਖੀਆਂ ਵੱਡੀਆਂ ਜਬ੍ਹੇ ਵਾਲੀਆਂ ਸਨ, ਪਰ ਐਸ ਵੇਲੇ ਕੁਛ

ਮਸਤਾਨੀ ਦਸ਼ਾ ਵਿਚ ਭਾਰੀਆਂ ਹੋ ਰਹੀਆਂ ਸਨ। ਇਸ ਦੇ ਅੰਦਰ ਆਉਂਦੇ ਸਾਰ ਪੰਡਤ ਜੀ ਦਾ ਗੁੱਸਾ ਕੁਛ ਕਾਂਪ ਖਾ ਗਿਆ, ਭਬਕ ਕੇ ਪੈਣ ਦੀ ਥਾਂ ਕੁਛ ਨੈਣ ਦਬਾ ਖਾ ਗਏ। ਉਹ ਮੋਹਨੀ ਮੂਰਤਵਾਲਾ, ਜਿਸਦੀ ਪਿਆਰੀ ਸੂਰਤ ਖੱਦਰ ਦੇ ਝੱਗੇ ਤੇ ਸਿੱਧੀ ਜਿਹੀ ਖੱਦਰ ਦੀ ਪੱਗ ਵਿਚ ਲਸ ਲਸ ਕਰ ਰਹੀ ਸੀ, ਅਜ ਆਪਣੇ ਗਾਉਣ ਦੇ ਰੰਗ ਵਿਚ ਹੀ ਸੀ ਅਤੇ 'ਜਾਕਉ ਕਿਰਪਾ ਧਾਰੀ' ਦੀ ਤੁਕ ਅਜੇ ਤੱਕ ਅਸਥਾਈ ਦੇ ਨਾਲ ਮਿਲ ਮਿਲਕੇ ਆਪੇ ਹੀ ਗਾਵੀਂ ਜਾ ਰਹੀ ਸੀ, ਨਿਰਭੈ ਖੜਾ ਹੋ ਗਿਆ, ਅਰ ਐਸਾ ਬੇਪਰਵਾਹ ਖੜੋਤਾ ਕਿ ਅਜੇ ਤੱਕ ਸਮਝਿਆ ਹੀ ਨਹੀਂ ਕਿ ਕਿਥੇ ਸਾਂ ਤੇ ਕਿਥੇ ਆ ਗਿਆ ਹਾਂ। "ਤਾਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ" ਦਾ ਰੰਗ ਸੁਰਤ ਨੂੰ ਚੜ੍ਹ ਰਿਹਾ ਸੀ ਅਤੇ ਉਸੇ ਹੀ ਮੌਜ ਵਿਚ ਗਲਤਾਨ ਖੜਾ ਸੀ।

ਕੁਛ ਸਮਾਂ ਚੁਪ ਚਾਪ ਲੰਘ ਗਿਆ। ਪੰਡਤਾਣੀ ਦੇ ਹੁਣ ਅੱਥਰੂ ਨਿਕਲ ਪਏ ਤੇ ਰੋ ਕੇ ਬੋਲੀ, "ਹੇ ਬੇਪਰਵਾਹ ਦਾਤਾ ਲੋਕ ! ਮੇਰੀ ਲਾਲੀ ਕਿੱਥੇ ਹੈ ?" ਪਰ ਦਾਤਾ ਲੋਕ ਤਾਂ ਅਜੇ ਤੱਕ 'ਜਾਕਉ ਓਟ ਤੁਹਾਰੀ' ਦੀ ਲੈ ਵਿਚ ਰਤੇ ਪਏ ਹਨ। ਪੰਡਤਾਣੀ ਨੇ ਫੇਰ ਪੈਰ ਫੜਕੇ ਇਹੋ ਗੱਲ ਆਖੀ, ਤਾਂ ਉਹ ਤ੍ਰਬਕ ਕੇ ਕਹਿਣ ਲੱਗੇ :- "ਹੇ ਸ਼ੀਲਵੰਤੀ ! ਤੇਰੀ ਲਾਲੀ ਦਾ ਮੈਨੂੰ ਪਤਾ ਨਹੀਂ ? ਤੇਰੇ ਘਰ ਵਿਚ ਹੋਸੀ ਜਾਂ ਤੇਰੇ ਜੀ ਵਿਚ ਹੋਸੀ।" ਇਹ ਸੁਣ ਕੇ ਪੰਡਤ ਜੀ ਦਾ ਹੌਸਲਾ ਕੁਛ ਹੋ ਆਇਆ ਤੇ ਬੋਲੇ :- "ਬਾਬਾ ! ਪੰਡਤਾਂ ਤੋਂ ਤਾਂ ਮੈਂ ਸਦਾ ਡਰਦਾ ਹਾਂ, ਪਰ ਦੂਸਰਿਆਂ ਨੂੰ ਤਾਂ ਪਸ਼ੂ ਸਮਾਨ ਜਾਣਦਾ ਹਾਂ। ਸਿੱਧੀ ਤਰ੍ਹਾਂ ਦੱਸ ਦੇਹ, ਨਹੀਂ ਤਾਂ ਭੈ ਕਰ ਕਿ ਤੂੰ ਮੇਰੇ ਵੱਸ ਵਿਚ ਹੈਂ, ਅਰ ਮੈਂ ਤੇਰੇ ਸਰੀਰ ਨੂੰ ਜਮਪੁਰੀ ਟੋਰ ਸਕਦਾ ਹਾਂ।"

ਦਾਤਾ ਲੋਕ-ਪੰਡਤ ਜੀ ! ਮੈਂ ਪੰਡਤ ਨਹੀਂ ਹਾਂ, ਪਰ ਮੈਂ ਭੈ ਕਦੇ ਕਿਸੇ ਨੂੰ ਦਿਤਾ ਨਹੀਂ ਤੇ ਕਦੇ ਕਿਸੇ ਦਾ ਮੰਨਿਆਂ ਨਹੀਂ, ਜੋ ਸੱਚ ਹੈ, ਸੋ ਨਿਰਭੈ ਆਖ ਰਿਹਾ ਹਾਂ ਕਿ ਤੁਹਾਡੀ ਲਾਲੀ ਦਾ ਮੈਨੂੰ ਕੋਈ ਪਤਾ ਨਹੀਂ ਹੈ।

ਪੰਡਤ-ਅੱਗ ਲਾਉਣੀ ਜਾਣਦਾ ਹੈਂ ਤੇ ਫੇਰ ਬੁਝਾਉਣੀ ਨਹੀਂ ਜਾਣਦਾ ? ਕਿਉਂ ਉਸ ਪੰਡਿਤ ਕੰਨਜਾਂ ਨੂੰ ਕੋਈ ਭੁਬੂਕੇ ਦੀ ਗੱਲ ਆਖੀ ਸਾਈ, ਜੋ ਉਹ ਆਪੇ ਵਿਚ ਨਾ ਰਹੀ ?

ਦਾਤਾ ਲੋਕ-ਮੈਂ ਤਾਂ ਅੱਗ ਲਾਉਣੀ ਨਹੀਂ ਜਾਣਦਾ। ਅਣਲਗੀਆਂ ਨੂੰ ਲਾਉਣ ਵਾਲਾ ਤੇ ਲੱਗੀਆਂ ਨੂੰ ਪੁਗਾਉਣ ਵਾਲਾ ਉਹੋ ਸਰਬਾਧਾਰ ਮਾਲਕ ਹੈ। ਮੈਨੂੰ ਤਾਂ ਤੁਸਾਂ, ਜਾਂ ਉਨ੍ਹਾਂ ਨੇ ਪੁੱਛਿਆ ਕਿ ਸੱਚ ਦੱਸ, ਮੈਂ ਸੱਚ ਦੱਸਿਆ ਹੈ। ਸੱਚ ਜੇ ਅੱਗ ਹੈ ਤਾਂ ਚੰਗਾ, ਪਾਪਾਂ ਦੇ ਮੜ੍ਹੇ ਸਾੜੇਗਾ ਤੇ ਪਾਪ ਮੁੱਕ ਗਏ ਤਾਂ ਲੱਗੀ ਹੋਈ ਆਪੇ ਬੁੱਝ ਜਾਵੇਗੀ।

ਪੰਡਤ-ਐਉਂ ਨਹੀਂ ! ਇਹ ਜਿੰਨ ਹੁੰਦੇ ਹਨ, ਝਾੜੇ ਮੰਤ੍ਰਾਂ ਨਾਲ ਨਹੀਂ ਨਿਕਲਦੇ, ਇਨ੍ਹਾਂ ਦਾ ਦਾਰੂ ਲਸ਼ਟਕਾ ਮੰਤਰ[1] ਵਿਚ ਵੱਸਦਾ ਹੈ। ਮੋਤੀ ! ਫੇਰ ਲਸ਼ਟਕਾ ਪ੍ਰਹਾਰ ਦੀ ਫੁਹਾਰ[2] ਪੈ ਜਾਵੇ।

ਇਹ ਸੁਣਦੇ ਹੀ ਆਦਮੀ ਲਾਠੀਆਂ ਲੈ ਕੇ ਆ ਗਏ। ਦਾਤਾ ਲੋਕ ਨੇ ਤੱਕਿਆ, ਤੱਕ ਕੇ ਮੁਸਕ੍ਰਾਇਆ ਤੇ ਆਖਿਆ : "ਮੈਂ ਜੁਲਾਹਿਆ ਫਕੀਰ ਨਹੀਂ ਜੋ ਲਾਠੀਆਂ ਲੈ ਆਏ ਹੋ, ਮੈਂ ਸ਼ੇਰ ਦਾ ਬੱਚਾ ਹਾਂ! ਮੈਂ ਫੁਕਰਾ ਨਹੀਂ ਜੋ ਲੰਮਾ ਪੈ ਕੇ ਮਰ ਸਕਦਾ ਹਾਂ, ਮੈਂ ਤਾਂ ਆਪਣੇ ਦਾਤਾ ਦੇ ਕੰਮ ਤੇ ਹਾਂ ਅਰ ਮੇਰੇ ਮਰਨੇ ਦਾ ਵਕਤ ਅਜੇ ਦੂਰ ਹੈ। ਜ਼ੁਲਮ ਫੈਲ ਗਿਆ ਹੈ, ਜਿਸ ਨੂੰ ਦੂਰ ਕਰਨਾ ਹੈ, ਸੱਚੇ ਸਾਧੂਆਂ ਤੇ ਅਨਾਥਾਂ ਗ਼ਰੀਬਾਂ ਨੂੰ ਇਨਸਾਫ ਦੇ ਨੁਕਤੇ ਪਰ ਖੜੋ ਕੇ ਬਚਾਉਣਾ ਹੈ। ਇਹ ਤੇਰੇ ਦਾਸ, ਪੰਡਤ ਜੀ ! ਲਾਠੀਆਂ ਨਾਲ ਮੇਰਾ ਕੀ ਕਰ ਸਕਦੇ ਹਨ ? ਮੈਂ ਤਿਆਰ ਹਾਂ ਕਿ ਸਰੀਰ ਦੇ ਦਿਆਂ ਪਰ ਅਜੇ ਸਮਾਂ ਨਹੀਂ ਪੁੱਗਾ। ਸੋਚ ਲਵੋ, ਭੁਲ ਵਿਚ ਨਾ ਰਹਿਣਾ, ਮੈਂ ਹਾਰ ਮੰਨਕੇ ਗੁਜ਼ਾਰਾ ਕਰਨ ਵਾਲੇ ਫ਼ਕੀਰਾਂ ਵਿਚੋਂ ਹਾਂ, ਪਰ ਮੈਂ ਨਿਆਂ ਦੇ ਨੁਕਤੇ ਤੇ ਖੜਾ ਹਾਂ। ਇਸ ਸਰੀਰ ਦੀ, ਜੋ ਮਾਲਕ ਵਲੋਂ ਨੌਕਰੀ ਤੇ ਹੈ, ਰਖਯਾ ਕਰਾਂਗਾ। ਜਦ ਮਾਲਕ ਦਾ ਹੁਕਮ ਆਏਗਾ ਕਿ ਲੇਟਜਾਹ, ਫੇਰ ਤੁਸੀਂ ਮਾਰ ਸਕੋਗੇ।" ਇਹ ਆਖਕੇ ਉਸਦਾ ਖੱਦਰ ਦੀ ਬੁਕਲ ਦੇ ਅੰਦਰ ਹੱਥ ਗਿਆ ਅਰ ਸ਼ੂਕਦੀ ਨਾਗਨ ਦੀ ਤਰ੍ਹਾਂ ਗੁਪਤੀ ਤਲਵਾਰ ਨਿਕਲੀ ਅਰ ਬਿਜਲੀ ਦੀ ਤਰ੍ਹਾਂ ਉਹਨਾਂ ਸੂਰਮੇਂ ਹੱਥਾਂ ਵਿਚ ਚਮਕ ਉੱਠੀ। ਇਹ ਚਮਕ ਸੀ ਕਿ ਇਕ ਮੌਤ ਦੇ ਦਰਸ਼ਨ ਸਨ। ਇਕ ਵਾਰੀ ਤਾਂ ਸਾਰੇ ਤ੍ਰਬਕ ਕੇ ਦਸ ਦਸ ਕਦਮ ਪਰੇ ਹਟ ਗਏ। ਮੁਸਕ੍ਰਾ ਕੇ ਦਾਤਾ ਲੋਕ ਨੇ ਕਿਹਾ:-"ਡਰੋ ਨਹੀਂ, ਮੇਰੇ

1. ਲਾਠੀਆਂ ਮਾਰਨ ਵਿਚ। 2. ਭਾਵ ਇਹ ਕਿ--ਮਾਰੋ।

ਹੱਥ ਵਿਚ ਵਾਰ ਕਰਨ ਵਾਲੀ ਤਲਵਾਰ ਨਹੀਂ, ਇਹ ਤਾਂ ਵਾਰ ਰੋਕਣੇ ਵਾਲੀ ਢਾਲ ਹੈ, ਜੋ ਸੱਚੇ ਪਾਤਸ਼ਾਹ ਦੇ ਸਿਪਾਹੀ ਦੇ ਪਾਸ ਰਖਜਾ ਲਈ ਹੈ ਤਾਂ ਜੋ ਸ਼ਹਿਨਸ਼ਾਹ ਦਾ ਕੰਮ ਕੋਈ ਰੋਕੇ ਨਹੀਂ।"

ਪੰਡਤ ਜੀ ਚਕਰਾਏ, ਸੋਚਣ ਪਰ ਅਚੰਭਿਤ ਸਨ ਕਿ ਇਹ ਬਾਉਲਾ ਫਕੀਰ ਹੈ ਯਾ ਪੰਡਤ ? ਬੀਰ ਹੈ ਕਿ ਦਾਨਾ ?

ਦਾਤਾ ਲੋਕ-ਲਓ ਹੁਣ ਬਹੁਤ ਹੋ ਚੁਕੀ ਹੈ, ਮੈਂ ਚੱਲਿਆ ਹਾਂ।

ਦਾਤਾ ਲੋਕ ਨਿਰਭੈ ਸ਼ੇਰ ਦੀ ਤਰ੍ਹਾਂ ਟੁਰ ਗਏ, ਕਿਸੇ ਨੂੰ ਹੀਆ ਨਹੀਂ ਪਿਆ ਕਿ ਬਾਂਹ ਫੜ ਲਵੇ!

ਇਕ ਦਿਨ ਫੇਰ ਲੌਢੇ ਕੁ ਪਹਿਰ ਦਾਤਾ ਲੋਕ ਨਦੀ ਦੇ ਕਿਨਾਰੇ ਅੱਖਾਂ ਮੀਟੀ ਬੈਠੇ ਸੇ ਕਿ ਪੰਡਤ ਜੀ ਦੇ ਇਸ਼ਾਰੇ ਨਾਲ ਮੋਤੀ ਨੇ ਘੈਂ ਕਰਦੀ ਲਸ਼ਟਕਾ ਲੱਕ ਵਿਚ ਮਾਰੀ ! ਦਾਤਾ ਲੋਕ ਦੀ ਅੱਖ ਖੁੱਲ੍ਹ ਗਈ, ਪਰ ਹੁਣ ਗੁਪਤੀ ਨਹੀਂ ਕੱਢੀ ਉਸੇ ਤਰ੍ਹਾਂ ਬੈਠੇ ਰਹੇ। ਪੰਜਾਂ ਚੌਹਾਂ ਆਦਮੀਆਂ ਨੇ ਉਨ੍ਹਾਂ ਨੂੰ ਕੁੱਟਿਆ ਤੇ ਮੁਸ਼ਕਾਂ ਕੱਸ ਲਈਆਂ, ਅਰ ਚੁੱਕ ਕੇ ਘਰ ਲੈ ਆਏ। ਹੁਣ ਬੰਨ੍ਹੇ ਹੋਏ ਕੈਦੀ ਨੂੰ ਪੰਡਤ ਜੀ ਆਖਦੇ ਹਨ : "ਹੁਣ ਬਈ ਰਾਜਾ ਜੀ ਦੇ ਸਿਪਾਹੀ ! ਹੁਣ ਤੇਰੀ ਰਖਜਾ ਕਰਨੇ ਵਾਲੇ ਕਿੱਥੇ ਹਨ ?"

ਦਾਤਾ ਲੋਕ-ਮੇਰੇ ਰਾਜਾ ਜੀ ਦਾ ਹੁਕਮ ਆ ਗਿਆ ਹੈ ਕਿ ਤੂੰ ਮਾਰ ਖਾਹ, ਕੋਹਿਆ ਜਾਹ, ਤੇਰੇ ਖ਼ੂਨ ਤੋਂ ਪਿਆਰ ਦੀ ਫੁਲਵਾੜੀ ਖਿੜੇਗੀ। ਸੋ ਮਾਲਕ ਦੀ ਸੇਵਾ ਵਿਚ ਮੇਰਾ ਕੰਮ ਹੁਣ ਕੁੱਠੇ ਜਾਣਾ ਹੈ, ਮੇਰੇ ਕੁੱਠੇ ਜਾਣ ਵਿਚ ਮੇਰੇ ਰਾਜਾ ਜੀ ਦੀ ਵਡਿਆਈ ਐਸ਼੍ਵਰਜ ਤੇ ਪ੍ਰਤਾਪ ਪ੍ਰਕਾਸ਼ੇਗਾ ਅਤੇ ਉਸਦਾ ਸਵਰਗ ਰਾਜ ਨਾਰਕੀ ਦਿਲਾਂ ਤੇ ਸਿੱਕਾ ਜਮਾਏਗਾ।

ਇਕ ਭੈ ਦੀ ਥਰਰਾਹਟ ਪੰਡਤ ਤੇ ਪੰਡਤਾਣੀ ਦੇ ਕਲੇਜੇ ਵਿਚੋਂ ਲੰਘੀ, ਪਰ ਨੌਕਰ ਹੁਣ ਦਾਤਾ ਲੋਕ ਨੂੰ ਕੁੱਟ ਕੁੱਟਕੇ ਮੁੰਜ ਬਣਾ ਰਹੇ ਸੀ। ਥੋੜੇ ਹੀ ਚਿਰ ਵਿਚ ਸਾਂਈਂ ਲੋਕ ਫਿੱਸਕੇ ਬੇਸੁਧ ਹੋ ਗਿਆ।

ਪੰਡਤ ਹੁਣ ਫੇਰ ਮਾਨੋਂ ਸੁੱਤਾ ਸੁੱਤਾ ਜਾਗਿਆ ਕਿ ਉਹ ਹੋ ਕਿਤੇ ਇਹ ਸ਼ਖਸ ਲਾਹੌਰ ਦੀ ਸਰਕਾਰ ਦਾ ਸੂਹੀਆਂ ਫ਼ਕੀਰੀ ਭੇਸ ਵਿਚ ਨਾ ਫਿਰਦਾ ਹੋਵੇ, ਜਿਸ ਨਿਰਭੈਤਾ ਨਾਲ ਬੋਲਦਾ ਸੀ ਉਹ ਤਾਂ ਸਰਕਾਰੀ ਟੈਂ ਤੋਂ ਬਿਨਾਂ ਹੋ ਹੀ ਨਹੀਂ ਸਕਦੀ, ਜੇ ਐਸਾ ਹੈ ਤਾਂ ਲੈਣੇ ਦੇ ਦੇਣੇ ਪੈਣਗੇ।

ਹੁਣ ਛੋਟੀ ਜਿਹੀ ਗੋਂਦ ਦੇ ਮਗਰੋਂ ਇਹ ਫੈਸਲਾ ਹੋਇਆ ਕਿ ਇਹ ਮਰ ਚੁੱਕਾ ਹੈ, ਇਸ ਨੂੰ ਇਕ ਛੋਟੀ ਜਿਹੀ ਬੇੜੀ ਵਿਚ ਪਰਾਲੀ ਪਾਕੇ ਦੋ ਚਾਰ ਭੂਰਿਆਂ ਵਿਚ ਵਲ੍ਹੇਟਕੇ ਸੁੱਟ ਦਿੱਤਾ ਜਾਵੇ ਤੇ ਬੇੜੀ ਮੰਝਧਾਰ ਜਾ ਕੇ ਛੱਡ ਦਿੱਤੀ ਜਾਵੇ। ਰਾਤੋ ਰਾਤ ਲੋਥ ਪੰਜਾਹ ਸੱਠ ਕੋਹ ਨਿਕਲ ਜਾਊ, ਕਿਤੇ ਡੁੱਬ ਜਾਊ ਰਸਤੇ ਵਿਚ ਯਾ ਮਿਠਨਕੋਟ ਤੱਕ ਥਹੁ ਹੀ ਨਾ ਰਹੂ। ਪਾਪ ਦਾ ਹਨੇਰਾ ਤੇ ਰਾਜਸੀ ਦੰਡ ਦਾ ਭੈ ਤੇ ਕੀਤੇ ਖ਼ੂਨ ਦਾ ਬਚਾਉ ਅਕਲ ਤੇ ਪਰਦਾ ਪਾ ਦੇਂਦੇ ਹਨ। ਇਹ ਕਾਹਲੀ; ਕਿ ਕਿਵੇਂ ਇਹ ਲੋਥ ਘਰ ਵਿਚੋਂ ਛੇਤੀ ਨਿਕਲੇ, ਮੁੱਦਾ ਘਰ ਵਿਚੋਂ ਦੂਰ ਹੋਵੇ, ਇਸੇ ਹੀ ਪਾਸੇ ਲੈ ਗਿਆ ਤੇ ਸੰਝ ਹੁੰਦੇ ਸਾਰ ਹੀ ਦਾਤਾ ਲੋਕ ਜੀ ਦਾ ਬਬਾਨ ਇਕ ਪੁਰਾਣੇ ਨਿੱਕੇ ਜਿਹੇ ਬਜਰੇ ਵਿਚ ਧਰਿਆ ਸ਼ਹੁ ਦਰਿਯਾ ਵਿਚ ਟੁਰ ਪਿਆ।

ਕੁਦਰਤ ਦੇ ਰੰਗ ! ਦੋ ਦਿਨ ਪਹਾੜਾਂ ਵਿਚ ਅਤਿ ਬਰਖਾ ਹੋਈ ਸੀ। ਅੱਜ ਦਰਿਯਾ ਬੇਰੁੱਤਾ ਹੀ ਚੜ੍ਹ ਰਿਹਾ ਸੀ ਤੇ ਸੰਝ ਤੋਂ ਹਵਾ ਵੀ ਦੱਖਣ ਰੁਖ ਨੂੰ ਤ੍ਰਿਖੀ ਵਗ ਰਹੀ ਸੀ। ਬੇ ਮਲਾਹੀ ਬੇੜੀ ਨੂੰ ਚੜ੍ਹਾਉ ਤੇ ਵਾਉ ਨੇ ਉਸ ਤ੍ਰਿਖੀ ਚਾਲੇ ਪਾਇਆ ਕਿ ਪਾਣੀ ਦੇ ਰੋੜ੍ਹ ਵਿਚ ਹਵਾ ਵਾਂਙੂ ਤ੍ਰਿਖੀ ਰੁੜ੍ਹਦੀ ਹੀ ਚਲੀ ਗਈ।

ਆਹ, ਪਿਆਰੇ ਰਾਜਾ ਜੀ ਦੇ ਸਿਪਾਹੀ ! ਤੇਰੇ ਕੋਹੇ ਜਾਣ ਵਿਚ ਤੇਰੇ ਮਾਲਕ ਦਾ ਪ੍ਰਤਾਪ ਚਮਕੇਗਾ, ਤੇਰੇ ਮਾਰੇ ਜਾਣ ਵਿਚੋਂ ਤੇਰੇ ਸ਼ਹਿਨਸ਼ਾਹ ਦੀ ਵਡਿਆਈ ਨਿਕਲੇਗੀ। ਇਸ ਹੁਕਮ ਨੂੰ ਕਿਤਨੀ ਦੂਰ ਬੈਠੇ ਤੂੰ 'ਸੁਣ' ਲਿਆ, ਕਿਸ ਵਿਸ਼ਵਾਸ਼ ਨਾਲ 'ਮੰਨ' ਲਿਆ ਤੇ ਕਿਸ ਹੌਸਲੇ ਨਾਲ 'ਪ੍ਰਵਾਨ' ਕਰ ਲਿਆ! ਹੇ ਪੰਚ ! ਹੇ ਸ੍ਰੇਸ਼ਟ ! ਤੇਰੀ ਗੁਪਤੀ ਤੇ ਤੇਰੇ ਹੱਥ, ਤੇਰਾ ਮਨ ਤੇ ਤੇਰੀ ਬੁੱਧੀ ਸ੍ਰੇਸ਼ਟ ਹਨ, ਜਿਨ੍ਹਾਂ ਨੇ ਪਿਆਰੇ ਦਾ ਪਿਆਰ ਇਸ ਤਰ੍ਹਾਂ ਪਾਲਿਆ। ਆਹ ! ਰਾਜਾ ਜੀ ਦੇ ਸਿਪਾਹੀ ! ਤੇਰੀ ਪਵਿੱਤ੍ਰ ਦੇਹੀ, ਫੱਟਾਂ ਨਾਲ ਘਾਇਲ, ਇਸ ਸਰਦੀ ਦੇ ਕਹਿਰ ਦੀ ਹਵਾ ਵਿਚ ਘਾਸ ਫੂਸ ਤੇ ਪਈ ਸਮੁੰਦ੍ਰ ਵਲ ਜਾ ਰਹੀ ਹੈ, ਜਿੱਥੇ ਕੀ ਜਾਣੀਏ ਕਿ ਜਦ ਤਕ ਪਾਣੀ ਲੱਕੜੀ ਨੂੰ ਖਾ ਨ ਜਾਏਗਾ ਤੇਰਾ ਇਹ ਪਾਵਨ ਬਿਬਾਨ ਸਮੁੰਦ੍ਰ ਦੀ ਛਾਤੀ ਪਰ ਹੀ ਤਰਿਆ ਕਰੇਗਾ।

੩.

ਉਹੋ ਝਨਾਂ ਹੈ, ਜਿਸ ਦੇ ਪਾਣੀਆਂ ਵਿਚ ਪਿਆਰ ਦੀ ਮੁਸ਼ਕ ਹੈ; ਹਾਂ, ਉਸੇ ਝਨਾਂ ਦੇ ਚੌੜੇ ਪੇਟ ਪੁਰ ਰਾਜਾ ਜੀ ਦੇ ਸਿਪਾਹੀ ਦੀ ਲੋਥ ਤੁਰ੍ਹਦੀ ਜਾ ਰਹੀ ਹੈ। ਇਸ ਥਾਂ ਤੋਂ ਡਾਢੀ ਦੂਰ ਹੇਠਾਂ ਪੂਰਬੀ ਕਿਨਾਰੇ ਤੇ ਮੀਲਾਂ ਦਾ ਰਮਣੀਕ ਬੇਲਾ ਹੈ ਤੇ ਝੰਗ ਦਾ ਸ਼ਹਿਰ ਹੈ। ਜਿਸ ਬੇਲੇ ਵਿਚ ਕਦੇ ਰਾਂਝੇ ਦੀ ਵੰਝਲੀ ਵਜਦੀ ਤੇ ਸੁਣਨ ਵਾਲਿਆਂ ਨੂੰ ਮੋਹਿਤ ਕਰਦੀ ਹੁੰਦੀ ਸੀ। ਜੇ ਇਥੋਂ ਪਾਰ ਹੋਕੇ ਝਨਾਂ ਦੇ ਪੱਛਮੀ ਕਿਨਾਰੇ ਚੱਲ ਲੱਗੀਏ ਤਾਂ ਥੋੜੀ ਜਿਹੀ ਵਾਟ ਤੇ ਰਮਣੀਕ ਥਾਂਵੇਂ 'ਚੁੰਡ' ਦਾ ਸੁਹਾਵਣਾ ਪਿੰਡ ਹੈ। ਇਸ ਪਿੰਡ ਵਿਚ ਦਿਨ ਚੜ੍ਹ ਚੁਕਾ ਹੈ, ਸੂਰਜ ਦੀ ਨਿੱਘੀ ਨਿੱਘੀ ਧੁੱਪੇ ਦੋ ਦੋ ਚਾਰ ਚਾਰ ਦੀਆਂ ਢਾਣੀਆਂ ਵਿਚ ਆਦਮੀ ਬੈਠੇ ਹਨ। ਇਕ ਢਾਣੀ ਦੇ ਆਦਮੀ ਕਹਿ ਰਹੇ ਹਨ ਕਿ "ਝਨਾਂ ਦੇ ਵਿਚੋਂ ਕੋਈ ਵਰਣ ਦੇਵਤਾ ਦੀ ਪੁਤ੍ਰੀ ਪ੍ਰਗਟ ਹੋਈ ਹੈ, ਜੋ ਇਸ ਵੈਰਾਗ ਨਾਲ ਬਿਰਹੇ ਕਰਦੀ ਹੈ ਕਿ ਝਨਾਂ ਦਾ ਪਾਣੀ ਸੁਣਨ ਲਈ ਖੜੋ ਜਾਂਦਾ ਹੈ!" ਦੂਸਰੀ ਢਾਣੀ ਵਿਚ ਇਹ ਚਰਚਾ ਹੋ ਰਹੀ ਹੈ ਕਿ "ਹੀਰ ਕਬਰ ਵਿਚੋਂ ਨਿਕਲ ਕੇ ਫੇਰ ਬੇਲਿਆਂ ਵਿਚ ਲਿੱਲਾਂ ਦਿੰਦੀ ਫਿਰਦੀ ਹੈ, ਹੋਰ ਭਲਾ ਐਡਾ ਸੁੰਦਰ ਤੇ ਬਿਰਹੋਂ ਦਾ ਕੁੱਠਾ ਕੌਣ ਹੋ ਸਕਦਾ ਹੈ ?" ਇਕ ਮੁਸਲਮਾਨ ਫਕੀਰ ਕਹਿ ਰਿਹਾ ਹੈ : "ਇਹ ਜਨੱਤ(ਸੁਰਗ) ਤੋਂ ਹੂਰ ਆਈ ਹੈ, ਇਸ ਦੇ ਪਿਆਰੇ ਨੂੰ ਅੱਲਾ ਨੇ ਇਸ ਜਹਾਨ ਵਿਚ ਭੇਜ ਦਿੱਤਾ ਹੈ, ਇਹ ਉਸ ਨੂੰ ਭਾਲਦੀ ਫਿਰਦੀ ਹੈ, ਪਰ ਵੇਖਿਆ ਜੇ ਕੋਈ ਬੇਅਦਬੀ ਨਾ ਕਰ ਬੈਠੇ, ਇਨ੍ਹਾਂ ਵਿਚ ਬੜੀ ਸਤਜਾ ਹੁੰਦੀ ਹੈ !"

ਇਸਤਰ੍ਹਾਂ ਦੀਆਂ ਅਨੇਕ ਚਰਚਾ ਆਲੇ ਦੁਆਲੇ ਹੁੰਦੀਆਂ ਰਹਿੰਦੀਆਂ ਹਨ, ਪਰ ਸਭ ਦੇ ਦਿਲ ਵਿਚ ਉਸਦਾ ਭੈ, ਮਤਿਕਾਰ ਤੇ ਉਸ ਦੇ ਬਿਰਹੇ ਸੁਣਨ ਦੀ ਲਗਨ ਸਮਾ ਰਹੀ ਹੈ। ਅਕਸਰਾਂ ਦੇ ਜੀ ਵਿਚ ਉਸ ਨਾਲ ਗਲ ਬਾਤ ਕਰਨ ਦਾ ਬੀ ਚਾਉ ਹੈ, ਪਰ ਉਹ ਕਿਸੇ ਨਾਲ ਬੋਲਦੀ ਨਹੀਂ ਹੈ। ਚੰਗੇ ਚੰਗੇ ਫਲ, ਮਠਿਆਈ, ਪੁਲਾ ਤੇ ਭੋਜਨ ਲੋਕੀਂ, ਜਿਥੇ ਉਸ ਨੂੰ ਦੇਖਣ, ਛੱਡ ਆਉਂਦੇ ਹਨ ਪਰ ਕਦੇ ਕਿਸੇ ਨੇ ਉਸ ਨੂੰ ਖਾਂਦਿਆਂ ਨਹੀਂ ਡਿੱਠਾ, ਤਦ ਬ੍ਰੀ ਇਹ ਚਾਉ ਲੋਕਾਂ ਦਾ ਹਟਦਾ ਨਹੀਂ। ਤ੍ਰੀਮਤਾਂ ਅਕਸਰ ਮਗਰ ਫਿਰਦੀਆਂ ਹਨ। ਜਦ ਕਿਤੇ ਬੈਠ ਕੇ ਲਿੱਲਾਂ ਦੇਂਦੀ ਗਾਉਂਦੀ ਹੈ ਤਾਂ ਝੁਰਮਟ ਪਾਕੇ ਲੋਕੀਂ ਆ ਬੈਠਦੇ ਹਨ।

ਇਸ ਵੇਲੇ ਉਹ ਵੈਰਾਗਣ ਕਨਜਾਂ ਢਾਹੇ ਤੇ ਬੈਠੀ ਹੈ, ਨਿੱਕੀ ਜਿਹੀ ਵੀਣਾ ਹੱਥ ਵਿਚ ਹੈ, ਜਿਸ ਵਿਚ ਕਲਿਆਨ ਦਾ ਇਕ ਬੇਵਕਤਾ ਤ੍ਰਾਨਾ ਵੱਜ ਰਿਹਾ ਹੈ; ਅਰ ਵਜਾਉਣ ਵਾਲੀ ਉਸ ਰੰਗ ਵਿਚ ਮਗਨ ਹੈ। ਹੁਣ ਗਲਾ ਬੀ ਖੁੱਲਿਆ। ਗਲਾ ਕੀ ਖੁੱਲ੍ਹਿਆ ? ਬਨ ਥੱਰਹਰਾ ਉੱਠਿਆ। ਸੱਚੀ ਮੁੱਚੀ ਐਉਂ ਜਾਪੇ ਕਿ ਲਹਿਰਾਂ ਤੇ ਬੀ ਕੁਛ ਅਸਰ ਪੈ ਰਿਹਾ ਹੈ। ਆਵਾਜ ਨਿਕਲੀ :

ਦੌਲਤ ਉਮਰ ਜੁਆਨੀ ਕੂੜੇ, ਕੂੜੇ ਸਭ ਭਰਵਾਸੇ।
ਕੂੜੇ ਰੰਗ ਤਮਾਸ਼ੇ ਸਾਰੇ; ਕੂੜੇ ਰੋਵਣ ਹਾਸੇ।
ਕੂੜੇ ਤਾਜ ਸਿਰਾਂ ਤੇ ਸੋਂਹਦੇ, ਕੂੜੇ ਹੱਥੀਂ ਕਾਸੇ।
ਜਿੰਨੇ ਦਾਉ ਲਗਾਏ ਕੂੜੇ ਕੂੜੇ ਢਾਲੇ ਪਾਸੇ।
ਕੂੜੇ ਦਾਵੇ, ਕੂੜੇ ਮਾਣੇ, ਕੂੜੇ ਸੱਭ ਅਸਾਸੇ।
'ਸੱਚ' ਜਾਣ ਜੋ 'ਕੱਚ' ਵਿਹਾਝੇ, ਓੜਕ ਕੂੜੇ ਭਾਸੇ।

ਵੀਣਾਂ ਢਹਿ ਪਈ, ਅੱਖਾਂ ਮਿਟ ਗਈਆਂ, ਪਾਣੀ ਤ੍ਰਪ, ਤ੍ਰਪ ਕਿਰ ਰਿਹਾ ਹੈ, ਜਿੱਦਾਂ ਠੰਢੀ ਤ੍ਰੇਲੀ ਹੋਈ ਰਾਤ ਦੇ ਮਗਰੋਂ ਪੱਤਿਆਂ ਤੋਂ ਟੋਪੇ ਕਿਰਦੇ ਹਨ। ਚੁਤਰਫੇ ਭੀੜ ਚੁਪ ਚਾਪ ਬੈਠੀ ਹੈ, ਜੋ ਕੋਈ ਹੋਰ ਟੱਪੇ ਦੀ ਆਵਾਜ਼ ਆਵੇਗੀ, ਪਰ ਚਾਰ ਘੜੀਆਂ ਚੁਪ ਵਰਤੀ ਰਹੀ। ਫੇਰ ਅੱਖਾਂ ਨਹੀਂ ਖੁੱਲ੍ਹੀਆਂ ਪਰ ਇਹ ਸੱਦ ਉਠੀ :-

ਮੁੱਠੀ ਮਾਣ ਜੋਬਨ ਦੇ ਮੱਤੀ, ਮੁੱਠੀ ਭਰੀ ਜੁਆਨੀ।
ਮੁੱਠੀ ਤਾਣ ਮਾਪਿਆਂ ਰੱਤੀ, ਮੁੱਠੀ ਮਾਲ ਗੁਮਾਨੀ।
ਮੁੱਠੀ ਪੜ੍ਹੀ ਬਹੁਤ ਹਾਂ ਵਿਦਜਾ ਮੁੱਠੀ ਅੱਕਲ ਦਿਵਾਨੀ।
ਮੁੱਠੀ ਕੁੱਠੀ ਲੁੱਠੀ ਗਈਆ, ਭੁੱਲੀ ਫੇਰ ਭੁਲਾਨੀ।

ਫੇਰ ਚੁਪ ਹੋ ਗਈ, ਬਹੁਤ ਚਿਰ ਬੈਠ ਬੈਠ ਕੇ ਲੋਕ ਉਠ ਗਏ।

ਸੂਰਜ ਢਾਲੇ ਪੈ ਗਿਆ ਇਸ ਦੀ ਅੱਖ ਖੁੱਲ੍ਹੀ, ਦੋ ਡੰਗ ਭੁੱਖਿਆਂ ਲੰਘ ਚੁੱਕੇ ਸਨ। ਇਸ ਵੇਲੇ ਅੱਖਾਂ ਦੇ ਸਾਮ੍ਹਣੇ ਕੁਛ ਮਠਿਆਈ, ਕੁਛ ਚੌਲ, ਫੁਲਕੇ ਤੇ ਦੁੱਧ ਪਿਆ ਸੀ। ਜੀ ਤਾਂ ਖਾਣ ਨੂੰ ਨਹੀਂ ਕਰਦਾ, ਪਰ ਭੁੱਖ ਬੁਰੀ ਬਲਾ ਹੈ, ਹੱਥ ਵਧੇ, ਕੁਛ ਮੂੰਹ ਤਕ ਚੁੱਕ ਲਿਆਏ, ਮੂੰਹ ਨੇ ਕਾਹਲੀ ਕਾਹਲੀ ਚਿੱਥੇ ਤੇ ਪੇਟ ਦੇ ਹਵਾਲੇ ਕੀਤਾ। ਜਦ ਕੁਛ ਝੁਲਕਾ ਹੋ ਗਿਆ, ਵੀਣਾ ਸੰਭਾਲ ਕੇ ਉਠ ਗਈ। ਜੋ ਪਦਾਰਥ ਸਨ,

ਜਿਥੇ ਪਏ ਸਨ, ਪਏ ਰਹਿ ਗਏ। ਇਸ ਨੇ ਹੁਣ ਨਦੀ ਵੱਲ ਰੁਖ਼ ਕੀਤਾ ਤੇ ਮਨ ਨੂੰ ਕਹਿਣ ਲੱਗੀ : ਹੇ ਮਨ ! ਘਰ ਬਨਾਂ ਦੀ ਖ਼ਾਤਰ ਛੱਡਿਆ ਸੀ, ਬਨ ਮਿਲ ਗਏ ਪਰ ਉਹ ਸੁਆਦ, ਉਹ ਸ਼ਾਂਤਿ ਨਹੀਂ ਮਿਲੀ, ਜਿਸ ਦੀ ਆਸ ਵਿਚ ਘਰ ਛੱਡਿਆ ਸੀ।

"ਮੈਂ ਬਾਉਲੀ ਹੋ ਗਈ, ਕਿਉਂ ਮੈਂ ਪੜ੍ਹ ਸੁਣਕੇ ਗਾਲਿਆ ? ਮੈਂ ਤਾਂ ਸ਼ੁੱਧ ਚੇਤਨ ਆਪ ਹਾਂ, ਸਾਖਿਆਤ ਬ੍ਰਹਮ ਹਾਂ, ਮੈਂ ਰੋੜ੍ਹ ਵਿਚ ਰੁੜ੍ਹ ਪਈ ! ਪਰ ਉਹ ਹੋ ! ਏਹ ਖ਼ੁਸ਼ ਕਰਨ ਵਾਲੇ ਖਿਆਲ ਏਹ ਖਿਆਲ ਹੀ ਹਨ, ਮ੍ਰਿਗ ਤ੍ਰਿਸ਼ਨਾ ਦੇ ਤ੍ਰੰਗ ਹਨ। ਜੇ ਮੈਂ ਆਪ ਹਾਂ ਤਾਂ ਮੇਰੇ ਅੰਦਰ ਇਹ ਭੁੱਲ ਕਿਉਂ ਹੈ ? ਸਮਝ ਤਾਂ ਹੈ ਪਰ ਸਮਝ ਦਾ ਕੋਈ ਰਸ ਸੁਆਦ ਨਹੀਂ ਹੈ। ਘਰ ਦੇ ਪਿੱਟਣਿਆਂ ਵਿਚ ਤਾਂ ਭਰਮ ਉਲਝਾਉਂਦਾ ਸੀ, ਹੁਣ ਤਾਂ ਕੋਈ ਉਲਝਾ ਨਹੀਂ ਪਰ ਫਿਰ ਬੀ ਸ਼ਾਂਤੀ ਨਹੀਂ।....ਹਾਇ! ਉਹ ਮਿਠਬੋਲਾ ਕਿੱਥੇ ਗਿਆ? ਉਸ ਦੇ ਬੋਲਣ ਵਿਚ ਰਸ ਸੀ, ਉਸ ਦੇ ਕੋਲ ਖੜਣ ਵਿਚ ਸ਼ਾਂਤਿ ਸੀ। ਉਹ ਕੀ ਕਹਿ ਗਿਆ ਸੀ ਉਸ ਦਿਨ, 'ਗਿਆਨ ਵਿਚ ਪ੍ਰੇਮ ਨਹੀਂ ਤਾਂ ਗਿਆਨ ਮਿਰਤਕ ਹੈ।' ਗਿਆਨ ਤਾਂ ਸਾਡੇ ਵਿਚ ਸੀ, ਫੇਰ ਅਸੀਂ ਮਿਰਤਕ ਸਾਂ ? ਸੱਚ ਮੁਚ ਮਿਰਤਕ ਸਾਂ, ਕਿਉਂਕਿ ਜਿਕੂੰ ਰਸ ਵਿਚ ਉਹ ਰਹਿੰਦਾ ਸੀ, ਅਸੀਂ ਨਹੀਂ ਸਾਂਗੇ। ਬਥੇਰਾ ਪੁੱਛਿਆ ਕਿ ਇਸ ਰਸ ਦੀ ਖੈਰ ਪਾ ਜਾਈਂ, ਸਮਝਾਂਦਾ, ਪਰ ਇਹ ਕਹਿੰਦਾ ਟੁਰ ਗਿਆ ਜੋ 'ਮੇਰੇ ਰਾਜਾ ਜੀ ਪਾਸ ਜਾਓ'। ਹਾਂ, ਮਿਠ-ਬੋਲੇ ਸਜਣ ! ਤੇਰਾ ਰਾਜਾ ਜੀ ਕਿਥੇ ਹੈ ? ਮੈਨੂੰ ਕੀਹ ਪਤਾ ਸੀ ਕਿ ਮਿਠ-ਬੋਲੇ ਸਿਪਾਹੀ ਨੇ ਕੰਡ ਕਰਨੀ ਹੈ ਤੇ ਮੇਰੇ ਅੰਦਰ ਵੈਰਾਗ ਦੀ ਅੱਗ ਬਲ ਉਠਣੀ ਹੈ। ਮੈਨੂੰ 'ਮੁਰਦਾ' ਕਹਿ ਗਿਆ ? ਹਾਇ ! ਮੈਨੂੰ ਸ਼ਾਹ ਸ਼ਰੀਫ ਵਰਗੇ ਸੂਫ਼ੀ 'ਫਿਲਸਫਾ ਦਾਨ' ਦਾ ਖ਼ਿਤਾਬ ਦੇਕੇ ਗਏ ਸਨ, ਏਹ ਬਾਂਕਾ ਸਿਪਾਹੀ ਮੈਨੂੰ ਕਹਿ ਗਿਆ 'ਸ਼ਾਹ ਸ਼ਰੀਫ ਤੈਨੂੰ ਗਾਲ੍ਹ ਦੇ ਗਿਆ ਹੈ', ਨਿਰਾ 'ਫਿਲਸਫਾ' ਮਨ ਦੇ ਮੰਡਲ ਦੀ ਖੋਜ ਹੈ। ਜ਼ਿੰਦਗੀ (ਜੀਵਨ) ਬਿਨਾ ਫਿਲਸਫ਼ਾ ਨਿਰਾ ਜਾਣਨਾ ਹੈ। ਹਾਇ ! ਜੀਵਨ ਕਿੱਥੇ ਹੈ, ਲੁਕਣ ਮੀਟੀ ਖੇਡ ਜਾਣ ਵਾਲੇ ਪ੍ਰੀਤਮਾਂ ! ਉਹ ਜ਼ਿੰਦਗੀ ਬਖਸ਼ ਹੁਲਾਰੇ ਕਿੱਥੇ ਹਨ ਜਿਨ੍ਹਾਂ ਦੀਆਂ ਸੈਨਤਾਂ ਮਾਰਕੇ ਲੁਕ ਗਿਓਂ! ਫਿਰ ਇਕ ਗੀਤ ਗਾਂਵੀਂ ਜਿਸਦਾ ਭਾਵ ਇਸ ਪ੍ਰਾਚੀਨ ਛੰਦ ਵਿਚ ਹੈ -

ਆ ਪਿਆਰੇ ਕੇਹੀ 'ਸਿੱਕ ਸਿਕਾਈਆ ਮੈਂ ਸਿਕ ਸਿਕ ਹੋਈਆਂ ਅੱਧੀ। ਨਾ ਤਰਿਓ ਈ ਨਾ ਬੁੜਿਓ ਈ ਨਾ ਚੜ੍ਹਿਓ ਈ ਕਿਸੇ ਕੱਧੀ। ਨਾ ਮੈਂ ਮੋਈ ਨਾ ਮੈਂ ਜੀਵੀ ਇਕ ਕੌਲ ਤੇਰੇ ਦੀ ਬੱਧੀ। ਕੇਹੀ ਸੈਨਤ ਝੋਲੀ ਪਾਈਆ ਅੱਗ ਕਟਕ ਦੀ ਲੱਧੀ।" (ਪ੍ਰਾਚੀਨ)

ਇਉਂ ਗਾਉਂਦੀ ਹਾਹੁਕੇ ਲੈਂਦੀ ਤੇ ਰੋਂਦੀ ਫਾਹਵੀ ਹੋਈ ਫੇਰ ਮਨੋਰਾਜ ਕਰਨ ਲੱਗ ਪਈ :- "ਮੈਂ ਸਰਬੰ ਖਲ ਵਿਦ ਬ੍ਰਹਮ" ਜਾਣਦੀ ਹਾਂ। ਮੈਂ ਮੂਰਖ ਨਹੀਂ, ਅਵਿੱਦ ਨਹੀਂ। ਮੈਂ ਜਾਣਦੀ ਹਾਂ ਕਿ ਜੇ ਚਿੱਤ ਦੀਆਂ ਬ੍ਰਿਤੀਆਂ ਰੁਕ ਜਾਣ ਤਾਂ 'ਤਦਾ ਦ੍ਰਸ਼੍ਟੁ ਸ੍ਵਰੂਪੇ ਅਵਸ੍ਥਾਨਮ' ਹੋ ਜਾਵੇਗਾ। ਫੇਰ ਮੈਂ ਕਿਉਂ ਸਾਧਨ ਨਹੀਂ ਕਰਦੀ। ਫੇਰ ਗਿਆਨ ਯੋਗ ਦੀ ਮੈਂ ਜਾਣੂੰ ਹਾਂ, ਚਾਹਾਂ ਤਾਂ ਵੈਰਾਗ ਵਿਵੇਕ ਨਾਲ ਇਸ ਵਿਚ ਟਿਕ ਜਾਵਾਂ, ਪਰ ਕੀਹ ਹੋ ਗਿਆ ? ਮੈਂ ਸਾਂਖ ਬੀ ਪੜ੍ਹੀ ਹਾਂ।

"ਇਹ ਸਰੀਰ ਇੰਦ੍ਰੇ ਬੁੱਧੀ ਸਭ ਪ੍ਰਕ੍ਰਿਤੀ ਹੈ, ਪੁਰਖ ਅਤੀਤ ਹੈ, ਸੰਨਧਿ ਮਾਤ੍ਰ ਯਾ ਗੁਣ ਗੁਣੀ ਭਾਵ ਕਰਕੇ ਮੇਲ ਹੈ। ਕਰਤਾ ਇਹ ਪ੍ਰਕ੍ਰਿਤੀ ਹੈ ਜੋ ਪੁਰਖ ਦੀ ਸੰਨਧਿ ਕਰਕੇ ਕ੍ਰਿਯਾਮਾਨ ਹੋ ਜਾਂਦੀ ਹੈ, ਪਰ ਆਪ ਜੜ੍ਹ ਹੈ ਪਾਪ ਪੁੰਨ ਦਾ ਲੇਪ ਕਰਤਾ ਨੂੰ ਨਹੀਂ ਹੈ, ਪੁਰਖ ਅਤੀਤ ਨੂੰ ਕੋਈ ਲੇਪ ਨਹੀਂ ਹੈ, ਤਾਂਤੇ ਮੈਂ ਇਸ ਗਿਆਨ ਵਿਚ ਸੁਖ ਲਵਾਂ। ਪ੍ਰਕ੍ਰਿਤੀ ਪੁਰਖ ਨਾਲ ਪ੍ਰਤਿਬਿੰਬਤ ਅਲਯ ਹੋ ਰਹੀ ਹੈ, ਮੈਂ ਸਮਝਾਂ ਤੇ ਲਯ ਕਰਾਂ। ਮੈਂ ਸੁਤੰਤ੍ਰ ਤੇ ਅਭੈ ਹਾਂ।

"ਪਰ ਔਹ ਡੋਬ ਪਿਆ, ਧ੍ਰੂਹ ਪਈ। ਇਹ ਡੋਬ ਤੇ ਧ੍ਰੂਹ ਹੀ ਸੀ ਜੋ ਵਿਦਜਾ ਵਿਚ ਨਹੀਂ ਪੜ੍ਹੀ ਸੀ। ਇਹ ਧਰੂਹ ਕਿਸੇ ਮਹਾਤਮਾਂ, ਪੰਡਤ ਗੁਣੀ ਗਜਾਨੀ ਸਾਧੂ ਦੇ ਚਰਚਾਵਾਦ ਵਿਚ ਨਹੀਂ ਸੀ। ਕੀਹ ਇਹੋ ਹੀ ਜੀਵਨ ਸੀ ਜਿਸਨੂੰ ਮਿਠਬੋਲਾ ਸਾਂਈਂ 'ਜੀਵਨ' ਆਖਦਾ ਸੀ ? ਪਰ ਕੀਹ ਜਾਣੀਏ ! ਜਦ -

ਇਕ ਝਲਕਾ ਦੇਕੇ ਮਾਰ ਗਿਆ। ਸੂਰਤ ਦੇਖ ਨ ਸੀਰਤ ਪੁੱਛੀ, ਦੇਖਦਿਆਂ ਮਨ ਹਾਰ ਗਿਆ। ਤਾਬ ਰਹੀ ਨਾ ਬੋਲਣ ਸੰਦੀ ਵਿੰਨ੍ਹ ਕਲੇਜਾ ਪਾਰ ਗਿਆ। ਪਾਰੋਂ ਸੱਦ ਸੁਣਦਿਆਂ, ਠਿੱਲੀ, ਹਥੋਂ ਪਾਰ ਉਰਾਰ ਗਿਆ। ਹੋਸ਼ ਗਈ ਸਿਕ ਸੀਨੇ ਬੱਝੀ, ਲੱਗ ਕਲੇਜੇ ਆਰ ਗਿਆ।

"ਹਾ ਹਾ ! ਨਦੀਏ ਥਹੁ ਦੱਸ, ਦਾਤਾ ਜੀ ਕਿੱਥੇ

ਹਨ ? ਐਨਾ ਹੀ ਥਹੁ ਦੱਸ ਜਾਂਦੇ ਕਿ ਕਿਸ ਰਾਜਾ ਦੇ ਸਿਪਾਹੀ ਹਨ ? ਤਾਂ ਟੋਲ ਹੁੰਦੀ। ਹੁਣ ਕੀਹ ਟੋਲ ਹੋਵੇ ? ਤਾਂਘਾਂ ਨੇ ਘੇਰ ਲਿਆ, ਸਿੱਕਾਂ ਨੇ ਵਿੰਨ੍ਹ ਲਿਆ,ਲੋਚਾਂ ਨੇ ਮਾਰ ਲਿਆ, ਨਾ ਸ਼ਾਸਤ੍ਰ ਰਸਤਾ ਦੇਂਦਾ ਹੈ, ਨਾ ਮੇਰੀ ਅਕਲ, ਮੈਨੂੰ ਹੋ ਕੀਹ ਗਿਆ?

"ਹਾਇ ! ਇਕੱਲੜੀ ਹਾਂ, ਦੁਨੀਆਂ ਉਜਾੜ ਸਾਰੀ।
ਕੋਈ ਨਹੀਂ ਹੈ ਮੇਰਾ, ਕਰਮਾਂ ਤੋਂ ਹੀਣ ਹਾਰੀ।"

ਇਉਂ ਵਿਲਕਦੀ ਕਿਨਾਰੇ ਪਹੁੰਚੀ। ਜਿਸ ਰੁੱਖ ਨਾਲ ਆਪਣੀ ਬੇੜੀ ਬੱਧੀ ਹੋਈ ਸੀ ਉਥੇ ਇਕ ਹੋਰ ਬਜਰਾ ਜਿਹਾ ਇਸ ਬੇੜੀ ਦੇ ਨਾਲ ਉਪਰੋਂ ਆਕੇ ਠਹਿਕਿਆ ਖੜਾ ਹੈ ਤੇ ਅੱਗੇ ਨਹੀਂ ਤੁਰਦਾ। ਨਜ਼ਰ ਪਈ ਤਾਂ ਤੱਕਿਆ, ਬਜਰੇ ਵਿਚ ਨਾ ਚੱਪਾ ਸੀ ਤੇ ਨਾ ਕੋਈ ਆਦਮੀ। ਹੈਰਾਨੀ ਨੇ ਕੁਛ ਆਪਣੀ ਵਲ ਖਿੱਚਿਆ, ਆਪਣੀ ਬੇੜੀ ਥਾਣੀਂ ਹੋਕੇ ਚੱਪੇ ਹੱਥ ਵਿਚ ਲੈਕੇ ਉਸ ਵਿਚ ਜਾ ਚੜ੍ਹੀ। ਚੱਪੇ ਇਸ ਲਈ ਫੜ ਲਏ ਕਿ ਮਤਾਂ ਇਟ ਟੁਰ ਪਵੇ ਤਾਂ ਸੰਭਾਲ ਲਵਾਂ। ਉਸ ਵਿਚ ਪ੍ਰਾਲੀ ਦਾ ਢੇਰ ਤੇ ਕੁਛ ਭੂਰੇ ਪਏ ਹੋਏ ਦੇਖੇ। ਕਾਹਲੀ ਨਾਲ ਭੂਰੇ ਹਿਲਾਏ ਤਾਂ ਭਾਰੇ ਲੱਗੇ। ਜਦ ਚੰਗੀ ਤਰ੍ਹਾਂ ਫਰੋਲ ਕੀਤੀ ਤਾਂ ਕੀਹ ਡਿੱਠਾ ! ਮਿੱਠ ਬੋਲੇ ਦਾਤਾ ਜੀ ਦੀ ਲੋਥ ਹੈ। ਸਰੀਰ ਸਾਰਾ ਮਾਨੋਂ ਫਿੱਥਾ ਹੋਇਆ ਹੈ, ਖ਼ੂਨ ਬੀ ਕਈ ਥਾਵਾਂ ਤੋਂ ਵਗਿਆ ਹੋਇਆ ਹੈ। ਅੱਖਾਂ ਨੇ ਪਛਾਣਿਆਂ ਤੇ ਪਛਾਣਦਿਆਂ ਹੀ ਦਿਲ ਨੇ ਢਾਹ ਮਾਰੀ :--

"ਵਾਹ ਕਿਸਮਤ! ਵਾਹ ਦੈਵ ਗਤੀ! ਮਿਲਾਇਆ, ਅੰਤ ਮਿਲਾਇਆ ਪਰ ਕੀਹ ਮਿਲਾਇਆ? ਇਸ ਨਾਲੋਂ ਨਾ ਮਿਲਾਇਆ ਹੁੰਦਾ ਤਾਂ ਚੰਗਾ ਸੀ। ਹੁਣ ਹੇ ਮੇਰੇ ਸਰੀਰ ! ਤੂੰ ਬੀ ਏਸੇ ਨੀਂਦੇ ਸੌਂ, ਅਰ ਏਸੇ ਬਜਰੇ ਵਿਚ ਸੌਂ, ਫੇਰ ਨੀਂਦ੍ਰੇ! ਪਿਆਰ ਦੀ ਰੰਗਣ ਵਿਚ ਰੰਗੇ ਜਾਕੇ ਪੁੱਛਾਂਗੇ ਕਿ ਦਾਤਾ ਲੋਕ! ਉਹ ਇਹੋ ਜੀਵਨ ਸੀ ਜਿਸਦਾ ਆਪ ਪਤਾ ਦੇਂਦੇ ਹੁੰਦੇ ਸਾਓ।...ਵਾਹ ਕਿਸਮਤ! ਦੂਰ ਹੋ! ਹੁਣ ਸੰਸਾਰ ਪਰ ਜੀਉਣਾ ਨਿਸਫਲ ਹੈ। ਮੌਤ! ਤੇਰੀ ਗੋਦ ਵਿਚ ਮੇਰਾ ਥਾਂਉਂ ਹੋਵੇ। ਦਾਤਾ ਜੀ (ਹੱਥ ਹਿਲਾਕੇ) ਹੇ ਮਿਠ ਬੋਲੇ ਦਾਤਾ ਜੀ! ਬੋਲੋ ਤਾਂ ਸਹੀ! ਇਕ ਗੱਲ ਤਾਂ ਕਰ ਜਾਓ! ਐਉਂ ਟੁਰਨਾ ਸੀ ਤਾਂ ਪਹਿਲੇ ਐਉਂ ਟੋਰਨਾ ਸੀ। (ਕੁਛ ਚਿਰ ਸੋਚ ਸੋਚਕੇ) ਮੈਨੂੰ ਜੀਵਨ ਪਦ ਅੱਜ ਮਿਲ ਗਿਆ ਕਿਉਂਕਿ ਮੇਰੀ ਜੀਵਨ ਦੀ ਤਲਬ (ਚਾਹ) ਮਿਟ ਗਈ। ਮੌਤ ਜੀਵਨ ਤੋਂ ਪਿਆਰੀ ਲਗਦੀ ਹੈ।(ਕੌੜਾ ਜਿਹਾ ਹਾਸਾ ਹੱਸ ਕੇ) ਹਾਂ ਪੰਜਵਾਂ ਕਲੇਸ਼ ਅਭਿਨਿਵੇਸ਼[1] ਐਉਂ ਹੀ ਜਿੱਤੀਦਾ ਹੈ।...ਰਾਜਾ ਜੀ ਦੇ ਸਿਪਾਹੀ ! ਜੀਉਂਦਿਆਂ ਤਾਂ ਨਾ ਲੈ ਗਏ ਹੁਣ ਤਾਂ ਆਪਣੇ ਇਸ ਲੰਮੇ ਸਫ਼ਰ ਵਿਚ ਨਾਲ ਲੈ ਚੱਲੋ, ਮੈਂ ਭੀ ਦਰਸ਼ਨ ਪਾਵਾਂ, ਤੇਰੇ ਰਾਜਾ ਜੀ ਦਾ ਜੀਉਂਦਿਆਂ ਤਾਂ ਨਹੀਂ ਪਾਇਆ ਮਰਕੇ ਹੀ ਦਰਸ਼ਨ ਪਾਵਾਂ!

"ਮੈਂ ਕਿਉਂ ਪੜ੍ਹੀ, ਪੜ੍ਹੀ ਤਾਂ ਕਿਉਂ ਰੁੜ੍ਹੀ, ਰੁੜ੍ਹੀ ਤਾਂ ਕਿਉਂ ਨਾ ਮਰ ਗਈ। ਮੌਤ ! ਹੇ ਸੁੰਦਰੀ ਮੌਤ! ਆ ਅਰ ਸਮੇਟ, ਪਿਆਰੇ ਦਾਤਾ ਜੀ ਦਾ ਇਹ ਦਰਸ਼ਨ ਡਿੱਠਾ ਨਹੀਂ ਜਾਂਦਾ। ਹੇ ਮੇਰੇ ਨੈਣੋਂ! ਮਿਟ ਜਾਓ ਅਰ ਕਦੀ ਨ ਖੁੱਲ੍ਹੋ ! ਇਸ ਸੂਰਤ ਨੂੰ ਜਿਸ ਰੰਗ ਵਿਚ ਡਿੱਠਾ ਸੀ, ਉਸ ਤੋਂ ਛੁੱਟ ਹੋਰ ਰੰਗ ਵਿਚ ਦੇਖਣ ਤੋਂ ਪਹਿਲੇ ਮਿਟਦੇ, ਨਹੀਂ ਮਿਟੇ ਤਾਂ ਹੁਣ ਕਦੀ ਨਾ ਖੁੱਲ੍ਹੋ !"

ਐਉਂ ਰੋਂਦੀ, ਕੀਰਨੇ ਕਰਦੀ ਇਕ ਵਿਦਜਾ ਦਾ ਭੰਡਾਰ ਪੰਡਿਤਾ ਹਾਵਿਆਂ ਦੇ ਮੂੰਹ ਸ਼ੁਦੈਣ ਹੁੰਦੀ ਜਾ ਰਹੀ ਹੈ। ਕਿੰਨੀ ਵੇਰ ਛਾਲ ਮਾਰਕੇ ਮਰ ਜਾਣ ਦਾ ਜੋਸ਼ ਉੱਠਦਾ ਹੈ, ਪਰ ਉਹ ਦਰਸ਼ਨ ਕੁਛ ਐਸਾ ਪਿਆਰਾ ਹੈ ਕਿ ਅਜੇ ਬੀ ਨਜ਼ਰ ਨੂੰ ਖਿੱਚਦਾ ਤੇ ਪਰੇ ਨਹੀਂ ਹੋਣ ਦੇਂਦਾ। ਇਸ ਰੰਗ ਵਿਚ ਬਾਉਲੀ ਹੋਈ ਨੇ ਬਜਰੇ ਨੂੰ ਆਪਣੀ ਬੇੜੀ ਨਾਲ ਬੰਨ੍ਹ ਲਿਆ।

ਆਪਣੀ ਬੇੜੀ ਵਿਚ ਘਾਸ ਫੂਸ ਦੇ ਤਕੀਏ ਬਣਾ ਕੇ ਇਕ ਮਸਨਦ ਬਣਾਈ ਤੇ ਪਿਆਰੇ ਦਾਤਾ ਜੀ ਨੂੰ ਚਾਕੇ ਉੱਤੇ ਲਿਟਾਇਆ। ਜੋ ਕੁਛ ਬਸਤ੍ਰ ਸੀ ਉਤੇ ਪਾਇਆ ਤੇ ਮੂੰਹ ਨੰਗਾ ਰੱਖ ਲਿਆ। ਪਾਣੀ ਤੱਤਾ ਕਰਕੇ ਮੂੰਹ ਹੱਥ ਪੈਰ ਸਾਫ਼ ਕੀਤੇ। ਬਨ ਦੇ ਫੁੱਲ ਲਿਆਕੇ ਸਜਾ ਦਿੱਤਾ। ਰਾਤ ਆ ਗਈ, ਬੇੜੀ ਵਿਚ ਅੱਗ ਬਾਲਕੇ ਨਿੱਘ ਕਰ ਦਿੱਤੀ ਤੇ ਵੀਣਾਂ ਲੈਕੇ ਲਗੀ ਭਰਥਰੀ ਜੀ ਦੇ ਵੈਰਾਗ ਦੇ ਸ਼ਲੋਕ ਗਾਇਨ ਕਰਨ।

ਦਰਿਯਾ ਅੱਜ ਬਹੁਤ ਚੜ੍ਹਿਆ ਹੋਇਆ ਸੀ, ਪਾਰ ਤੋਂ ਇਕ ਸੰਗ ਬੇੜੀਆਂ ਦਾ ਆ ਰਿਹਾ ਸੀ। ਰਸਤੇ ਵਿਚ ਉਖਿਆਈ ਦੇ ਕਾਰਨ ਬੇੜੇ ਚਿਰਕੀ ਰਾਤ ਗਈ

1. ਮੌਤ ਦਾ ਭੈ।

ਪਾਰ ਲੱਗੇ। ਚੁੰਡ ਦੇ ਵਾਸੀ ਤਾਂ ਘਰ ਜਾ ਪਹੁੰਚੇ, ਪਰ ਪਰੇ ਜਾਣ ਵਾਲਿਆਂ ਨੇ ਉਥੇ ਹੀ ਡੇਰਾ ਕੀਤਾ। ਸਭ ਤੋਂ ਵਧੀਕ ਲੋੜ ਅੱਗ ਦੀ ਸੀ। ਇਸ ਵੇਲੇ ਕਾਫਲੇ ਵਿਚੋਂ ਇਕ ਆਦਮੀ ਇਸ ਬੇੜੀ ਵਿਚ ਅੱਗ ਬਲਦੀ ਵੇਖਕੇ ਅੱਗ ਲੈਣ ਆਯਾ। ਜਾ ਕੇ ਉਸ ਨੇ ਡਿੱਠਾ ਤਾਂ ਹੱਕਾ ਬੱਕਾ ਰਹਿ ਗਿਆ ਕਿ ਇਕ ਮੁਰਦਾ ਲੋਥ ਸ਼ਿੰਗਾਰੀ ਹੋਈ ਧਰੀ ਹੈ ਤੇ ਇਕ ਜੁਆਨ ਸੁੰਦਰੀ ਵੀਣਾਂ ਵਜਾਂਦੀ ਤੇ ਗਾਂਉਂ ਰਹੀ ਹੈ। ਸਰਦ ਤੇ ਖਿੜੀ ਚਾਂਦਨੀ ਦੀ ਰਾਤ, ਉਤੇ ਨੀਲਾ ਤਾਰਿਆਂ ਜੜਿਆ ਅਕਾਸ਼, ਹੇਠਾਂ ਜਲ। ਇਸ ਅਡੋਲ ਤੇ ਸੀਤਲ ਸਮੇਂ ਇਹ ਕੀਹ ਨਜ਼ਾਰਾ ਨਜ਼ਰ ਆ ਰਿਹਾ ਹੈ ? ਡਰਿਆ ਅਰ ਸਮਝਿਆ ਕਿ ਜਲ ਦੀ ਕੋਈ ਪਰੀ ਹੈ ਤੇ ਇਸ ਇਕੱਲ ਵੇਲੇ ਬਾਹਰ ਆ ਕੇ ਆਪਣੀ ਮੌਜ ਬਹਾਰ ਕਰ ਰਹੀ ਹੈ। ਅੱਗ ਲਈ ਕਦੇ ਦੋ ਕਦਮ ਅੱਗੇ ਵਧੇ ਕਦੀ ਹਟੇ। ਗੱਲ ਕੀ ਹੌਸਲਾ ਕਰਕੇ ਇਸ ਨੇ ਅੱਗ ਜਾ ਹੀ ਮੰਗੀ, ਪਰ ਉਥੇ ਸੁਣੇ ਕੌਣ ? ਬੇਖ਼ਬਰ ਸਮਝਕੇ ਇਸ ਨੇ ਅੱਗੇ ਵਧਕੇ ਆਪੇ ਅੱਗ ਲੈ ਲੀਤੀ। ਡੇਰੇ ਜਾ ਕੇ ਇਸ ਨੇ ਆਪਣੇ ਮਾਲਕ ਨੂੰ ਸਾਰੀ ਵਿਥਯਾ ਸੁਣਾਈ। ਅਸਚਰਜ ਹੋ ਕੇ ਮਾਲਕ ਦਾ ਜੀ ਬੀ ਦੇਖਣ ਨੂੰ ਕਰ ਆਇਆ।

ਜਾਂ ਉਥੇ ਪਹੁੰਚਾ ਤੇ ਡਿੱਠਾ ਤਾਂ ਸਮਝ ਗਿਆ ਕਿ ਇਥੇ ਤਾਂ ਕੋਈ ਦੁਖ ਦੀ ਹੋਣੀ ਵਰਤੀ ਹੈ। ਲੋਥ ਵਲ ਤੱਕੇ ਅਚੰਭਾ ਹੋਵੇ। ਵੀਣਾ ਤੇ ਪੋਥੀ ਵੇਖੇ ਤੇ ਸਮਝੇ ਕਿ ਵਿਦਵਾਨ ਹੈ। ਅਖੀਰ ਅੱਗੇ ਵਧਕੇ ਬੇੜੀ ਦੇ ਵਿਚ ਚਲਾ ਗਿਆ ਅਰ ਲੋਥ ਦੇ ਨੱਕ ਅੱਗੇ ਪਹਿਲਾਂ ਪੁੱਠਾ ਹੱਥ ਕੀਤਾ ਤੇ ਫੇਰ ਰੂੰ ਧਰ ਦਿਤੀ ਫੇਰ ਕੁਛ ਨੌਹਾਂ ਦਾ ਰੰਗ ਡਿੱਠਾ, ਅੱਖਾਂ ਦੇ ਆਨੇ ਦੇਖੇ, ਸਰੀਰ ਤੇ ਹੱਥ ਫੇਰਿਆ। ਕਾਕੀ ਹੁਣ ਹੋਸ਼ ਵਿਚ ਆਕੇ ਅਚਰਜ ਹੋ ਰਹੀ ਸੀ। ਇਹ ਸੱਜਣ ਹੁਣ ਆਪ ਉਸਨੂੰ ਕਹਿਣ ਲੱਗਾ : "ਹੇ ਸੁੰਦਰੀ ! ਤੂੰ ਪੰਡਤਾ ਮਾਲੂਮ ਹੁੰਦੀ ਹੈਂ, ਮੈਂ ਵੈਦ ਹਾਂ, ਤੇਰੇ ਇਸ ਦੁਖ ਤੇ ਮੈਨੂੰ ਤਰਸ ਆਇਆ ਹੈ, ਜੇ ਤੂੰ ਚਾਹੇਂ ਤਾਂ ਮੈਂ ਇਸ ਨੂੰ ਅਰੋਗ ਕਰ ਦਿਆਂ ?"

ਕਾਕੀ-ਕੀ ਮਰ ਚੁਕੇ ਜੀਉ ਸਕਦੇ ਹਨ ?

ਵੈਦ-ਇਹ ਮਰ ਨਹੀਂ ਗਿਆ, ਜ਼ੀਉਂਦਾ ਹੈ।

ਕਾਕੀ-ਮਰਕੇ ਬੀ ਜੀਉਂਦਾ ਹੈ ?

ਵੈਦ-ਮੋਇਆ ਨਹੀਂ ਜੀਉਂਦਾ ਹੈ।

ਕਾਕੀ-ਸੱਚ ?

ਵੈਦ-ਹਾਂ, ਸੱਚ।

ਕਾਕੀ-ਕੀ ਆਪ ਇਸ ਨੂੰ ਮੇਰੇ ਨਾਲ ਗੱਲਾਂ ਕਰਾ ਸਕਦੇ ਹੋ ?

ਵੈਦ-ਹਾਂ।

'ਹਾਂ' ਸੁਣਦੇ ਹੀ ਕਾਕੀ ਪੈਰਾਂ ਤੇ ਢਹਿ ਪਈ। ਹੇ ਜੀਵਨ ਦਾਤੇ ! ਕੀ ਤੂੰ ਰਾਜਾ ਤਾਂ ਨਹੀਂ ?

ਵੈਦ-ਮੈਂ ਨਾ ਰਾਜਾ ਹਾਂ ਨਾ ਵਜ਼ੀਰ। ਇਕ ਵੈਦ ਹਾਂ ਜੋ ਇਸ ਦਾ ਦਾਰੂ ਕਰ ਸਕਦਾ ਹਾਂ।

ਕਾਕੀ-ਮੈਂ ਦੁਖੀਆ ਹਾਂ, ਨਿਰਧਨ ਹਾਂ। ਆਪ ਜੇ ਰਾਜ਼ੀ ਕਰ ਦਿਓ ਤਾਂ ਆਪ ਦੇ ਘਰ ਦੀ ਸੇਵਾ ਸ਼ੁਕਰਾਨੇ ਭਰੇ ਦਿਲ ਨਾਲ ਕਰ ਸਕਾਂਗੀ, ਹੋਰ ਮੇਰੇ ਪਾਸ ਕੁਝ ਨਹੀਂ ਹੈ।

ਵੈਦ-ਤੇਰਾ ਪੰਡਿਤ ਹੋਣਾ ਮੇਰੇ ਲਈ ਕਾਫੀ ਹੈ। ਵਿਦਵਾਨ ਦੁਖ ਵਿਚ ਹੋਵੇ ਤੇ ਵਿਦਵਾਨ ਸੇਵਾ ਨਾ ਕਰੇ ਤਾਂ ਉਸ ਦੇ ਧ੍ਰਿਗ ਹੈ।

ਕਾਕੀ-ਆਪ ਧੰਨ ਹੋ, ਆਪ ਦਾ ਜਨਮ ਧੰਨ ਹੈ।

ਵੈਦ-ਬੀਬਾ ! ਇਹ ਤੇਰਾ ਕੀਹ ਲਗਦਾ ਹੈ ?

ਕਾਕੀ-ਮੇਰੇ ਰਾਜਾ ਜੀ ਦਾ ਸਿਪਾਹੀ ਹੈ।

ਵੈਦ-ਕਿਹੜੇ ਰਾਜਾ ਜੀ ?

ਕਾਕੀ-ਮੈਂ ਨਹੀਂ ਜਾਣਦੀ।

ਵੈਦ-ਕਿਸ ਦੇਸ਼ ਦੇ ਰਾਜਾ ਜੀ ?

ਕਾਕੀ-ਮੈਨੂੰ ਪਤਾ ਨਹੀਂ।

ਵੈਦ-ਫੇਰ ਤੇਰੇ ਰਾਜਾ ਜੀ ਕਿਸ ਤਰ੍ਹਾਂ ?

ਕਾਕੀ-ਇਹ ਬੀ ਮੈਨੂੰ ਪਤਾ ਨਹੀਂ।

ਵੈਦ-ਇਸ ਦਾ ਕੀ ਨਾਉਂ ਹੈ ?

ਕਾਕੀ-'ਮੇਰੇ ਰਾਜਾ ਜੀ ਦਾ ਸਿਪਾਹੀ' ਇਹ ਨਾਉਂ ਤਾਂ ਇਨ੍ਹਾਂ ਨੇ ਆਪਣੇ ਆਪ ਦੱਸਿਆ ਸੀ ਤੇ ਸਾਡੇ ਨਗਰ ਦੇ ਲੋਕ 'ਮਿੱਠ-ਬੋਲਾ ਸਾਂਈਂ' ਸੱਦਦੇ ਸਨ ਤੇ ਮੇਰੀ ਅੰਮੀ ਇਨ੍ਹਾਂ ਨੂੰ 'ਦਾਤਾ ਲੋਕ' ਆਖਿਆ ਕਰਦੀ ਸੀ।

ਵੈਦ-ਤੁਹਾਡਾ ਸਨਬੰਧ ਕੀ ਹੈ ?

ਕਾਕੀ-ਮੇਰਾ ?

ਵੈਦ-ਹਾਂ, ਬੱਚੀ ਤੇਰਾ।

ਕਾਕੀ-ਮੇਰੇ ਇਹ ਜੀਵਨ ਦਾਤਾ ਹਨ, ਪਰ ਅਜੇ ਜੀਵਨ ਦਿੱਤਾ ਨਹੀਂ। ਕੋਈ **'ਪ੍ਰੀਤਮ ਜੀ'** ਹਨ, ਪਰ

ਮੇਰੇ ਲਈ ਉਹ ਅਣਡਿੱਠੇ ਪ੍ਰੀਤਮ ਜੀ ਹਨ, ਉਨ੍ਹਾਂ ਦੇ ਪਾਸ 'ਜੀਵਨ ਦਾਤ' ਹੈ।

ਵੈਦ ਨੇ ਸੋਚਿਆ ਕਿ ਗ਼ਮ ਦੇ ਮਾਰੇ ਇਸ ਦੀ ਹੋਸ਼ ਟਿਕਾਣੇ ਨਹੀਂ ਹੈ, ਜਦ ਇਹ ਰਾਜ਼ੀ ਹੋਵੇਗਾ ਤਦ ਆਪੇ ਪਤਾ ਲੱਗ ਜਾਵੇਗਾ। ਮਸਤਕ ਇਸ ਰੋਗੀ ਦਾ ਬੀ ਚੌੜਾ ਤੇ ਯੋਗੀ ਵਰਗਾ ਜਾਪਦਾ ਹੈ, ਆਸ਼ਾ ਹੈ ਇਹ ਬੀ ਹੀਰਾ ਹੀ ਨਿਕਲੇਗਾ ਸੇਵਾ ਕਰ ਦਿਓ, ਸੇਵਾ ਨੂੰ ਹੀ ਮੇਵਾ ਪੈਂਦਾ ਹੈ।

ਵੈਦ ਜੀ ਆਪਣਾ ਖੜੀਆ ਲੈ ਆਏ ਤੇ ਉਸ ਵਿਚੋਂ ਇਕ ਦਵਾਈ ਕੱਢਕੇ ਕਹਿਣ ਲੱਗੇ : ਕਾਕੀ ! ਇਹ ਦਵਾਈ ਇਸਦੀਆਂ ਪੁੜਪੁੜੀਆਂ ਵਿਚ ਮਲਦੀ ਰਹੁ ਤੇ ਦੂਸਰੀ ਦਵਾਈ ਦਿੱਤੀ ਕਿ ਇਸ ਦੀਆਂ ਬਗਲਾਂ ਦੇ ਅੰਦਰ ਥੋੜੇ ਥੋੜੇ ਚਿਰ ਪਿਛੋਂ ਮਲੀ ਜਾਹ ਤੇ ਚਾਰ ਪਤਲੀਆਂ ਜਿਹੀਆਂ ਪੁੜੀਆਂ ਦਿੱਤੀਆਂ ਕਿ ਇਹ ਰਾਤ ਵਿਚ ਚਾਰ ਵਾਰੀ ਇਸ ਦਾ ਮੂੰਹ ਖੋਲਕੇ ਜੀਭ ਦੀ ਨੋਕ ਉਤੇ ਲਗਾ ਦੇਵੀਂ।

ਵੈਦ ਹੁਰੀਂ ਤਾਂ ਆਪਣੇ ਡੇਰੇ ਚਲੇ ਗਏ, ਨਿਰਾਸਾ ਦੇ ਹੱਥ ਵਿਕ ਚੁਕੀ ਕੰਨਿਆਂ ਵਿਚ ਉਮੈਦ ਤੇ ਸਾਹਸ ਭਰ ਗਏ ! 'ਏ ਜੀ ਪਵੇਗਾ ?' ਨਿੱਕੀ ਜਿਹੀ ਪੁੱਛ ਸੀ ਜੋ ਪੰਡਿਤਾ ਕਾਕੀ ਦੇ ਦਿਮਾਗ਼ ਵਿਚ ਬਾਰ ਬਾਰ ਉਠਦੀ ਸੀ। ਆਪਣੀ ਅਕਲ ਤਾਂ ਜੁਵਾਬ ਦੇਂਦੀ ਸੀ 'ਨਹੀਂ', ਪਰ ਵੈਦ ਜੀ ਦੀ ਸੂਰਤ ਸਾਹਮਣੇ ਆ ਖੜੋਂਦੀ ਸੀ ਤੇ ਆਖਦੀ ਸੀ : 'ਜ਼ਰੂਰ'। ਰਾਤ ਭਰ ਕਾਕੀ ਸੁੱਤੀ ਨਹੀਂ, ਵੈਦ ਜੀ ਦੀ ਆਗਜਾ ਅਨੁਸਾਰ ਦਵਾਈਆਂ ਮਲਦੀ ਰਹੀ ਤੇ ਸਾਰੀ ਰਾਤ ਅੱਗ ਬਲਦੀ ਰੱਖੀ।

ਸਵੇਰੇ ਵੈਦ ਜੀ ਆਪੇ ਆ ਗਏ। ਸ਼ਰੀਰ ਸਾਰੇ ਨੂੰ ਚੰਗੀ ਤਰ੍ਹਾਂ ਦੇਖਕੇ ਕਹਿਣ ਲੱਗੇ :-

ਕਾਕੀ ! ਮੇਰੀ ਦਵਾਈ ਅਸਰ ਕਰ ਗਈ ਹੈ ਅਤੇ ਬੀਮਾਰੀ ਮੋੜਾ ਖਾ ਗਈ ਹੈ। ਜੇ ਤੂੰ ਧਿਆਨ ਨਾਲ ਦਾਰੂ ਕੀਤਾ ਤਾਂ ਜ਼ਰੂਰ ਫਾਇਦਾ ਹੋਵੇਗਾ, ਪਰ ਇਕ ਮੁਸ਼ਕਿਲ ਹੈ, ਮੈਂ ਅੱਜ ਟੁਰ ਜਾਣਾ ਹੈ ਤੇ ਤੁਸੀਂ ਇਸ ਨੂੰ ਲੈਕੇ ਮੇਰੇ ਨਾਲ ਟੁਰ ਨਹੀਂ ਸਕਦੇ।

ਕਾਕੀ-ਹੇ ਕਵਿਰਾਜ ਜੀ ! ਆਪ ਨੇ ਮੇਰੀ ਆਸ ਨੂੰ ਜਿਵਾ ਕੇ ਫਿਰ ਮਾਰਿਆ ਹੈ, ਜਿਸ ਕਰਕੇ ਮੇਰੀ ਪੀੜਾ ਵਧ ਗਈ ਹੈ, ਪਰੰਤੂ ਮੇਰੇ ਲਈ ਦੈਵਗਤੀ ਹੀ ਹੁਣ ਐਸੀ ਹੈ, ਸੋ ਚੰਗਾ, ਹੇ ਚਦ੍ਰਭਗਾ ! ਪਿਆਰੀ ਚੰਦ੍ਰਭਗਾ ਨਦੀ ! ਮੈਂ ਹੁਣ ਤੇਰੇ ਵਿਚ ਪਰਵੇਸ਼ ਕਰਾਂਗੀ ਕਿਉਂਕਿ ਮੈਨੂੰ ਜੇ ਦਾਤਾ ਜੀ ਦੇ ਦਰਸ਼ਨ ਨਾ ਹੁੰਦੇ ਤਾਂ ਆਸ ਲੱਗ ਜੀਵੀ ਜਾਂਦੀ, ਜਦ ਦਰਸ਼ਨ ਹੋ ਗਏ ਤੇ ਪਤਾ ਲੱਗ ਗਿਆ ਕਿ ਉਹ ਹੁਣ ਪਰਲੋਕ ਚੱਲ ਬਸੇ ਹਨ, ਤਦ ਮੈਂ ਹੁਣ ਪਰਲੋਕ ਜਾ ਕੇ ਹੀ ਉਹਨਾਂ ਦੀ ਭਾਲ ਕਰਾਂਗੀ।

ਵੈਦ ਜੀ ਨੇ ਜਦ ਇਸ ਤਰ੍ਹਾਂ ਦਾ ਵਿਰਲਾਪ ਸੁਣਿਆਂ ਤੇ ਡਿੱਠਾ ਕਿ ਇਸ ਦਾ ਸੰਕਲਪ ਦ੍ਰਿੜ ਹੈ ਅਤੇ, ਜੇ ਮੈਂ ਸੇਵਾ ਕਰਾਂ ਤਾਂ ਦੋ ਜਾਨਾਂ ਬਚਾ ਸਕਦਾ ਹਾਂ, ਤੇ ਜੇ ਟੁਰ ਗਿਆ ਤਾਂ ਦੁਹਾਂ ਦਾ ਘਾਤ ਹੋ ਜਾਏਗਾ। ਤਦ ਆਖਣ ਲੱਗਾ :- "ਹੇ ਕੰਨਜਾਂ ! ਮੈਂ ਚੁੰਡ ਜਾ ਕੇ ਕਿਸੇ ਅਸਥਾਨ ਤੇ ਡੇਰਾ ਕਰਦਾ ਹਾਂ, ਅਤੇ ਦੋ ਦਿਨ ਤੇਰੇ ਪਾਸ ਠਹਿਰਦਾ ਹਾਂ, ਇਤਨੇ ਤਕ ਉਮੈਦ ਹੈ ਕਿ ਖ਼ਤਰਾ ਲੰਘ ਜਾਏਗਾ"।

ਕਾਕੀ-ਕਵਿਰਾਜ ਜੀ ! ਆਪ ਧੰਨਜ ਹੋ ! ਆਪ ਧੰਨਜ ਹੋ ਜੋ ਇਕ ਦੁਖੀ ਕੰਨਜਾਂ ਦੀ ਅਸੀਸ ਲੈ ਰਹੇ ਹੋ !

ਵੈਦ ਜੀ ਨੇ ਹੁਣ ਦਾਰੂ ਦਿੱਤਾ ਅਤੇ ਆਪ ਚੁੰਡ ਜਾਕੇ ਧਰਮਸਾਲਾ ਵਿਚ ਡੇਰਾ ਲਾਇਆ। ਇਨ੍ਹਾਂ ਦਿਨਾਂ ਵਿਚ ਭਾਈ ਜੀਉਣਾ ਨਾਮੇ ਇਕ ਚੰਗਾ ਲੋਕ ਇਸ ਧਰਮਸਾਲਾ ਵਿਚ ਭਾਈ ਹੁੰਦਾ ਸੀ। ਵੈਦਰਾਜ ਜੀ ਨੇ ਜਦ ਉਸ ਨੂੰ ਆਪਣੇ ਅਟਕਣ ਦਾ ਕਾਰਣ ਦੱਸਿਆ ਤਾਂ ਭਾਈ ਜੀਉਣੇ ਦੇ ਨੇਤ੍ਰਾਂ ਵਿਚ ਨੀਰ ਆ ਗਿਆ ਤੇ ਵੈਰਾਗ ਵਿਚ ਹੀ ਅੱਖਾਂ ਮੀਟ ਲਈਆਂ। ਕੀ ਵੇਖਦੇ ਹਨ ਕਿ ਕੋਈ ਗੁਰਮੁਖ ਜੀ ਖੜੇ ਹਨ ਤੇ ਕਹਿ ਰਹੇ ਹਨ : 'ਪਿਆਰਿਆਂ ਦੇ ਦੁੱਖ ਪਿਆਰ ਕਰਨ ਵਾਲਿਆਂ ਦੀ ਛਾਤੀ ਤੇ ਪੈਂਦੇ ਹਨ।'

ਭਾਈ ਜੀਉਣੇ ਨੇ ਜਾਣ ਲਿਆ ਕਿ ਮੈਨੂੰ ਮੇਰੇ ਫਰਜ਼ ਲਈ ਜਗਾਇਆ ਗਿਆ ਹੈ। ਇਹ ਜੀਵ, ਹੋਵੇ ਨਾ ਤਾਂ ਮੇਰੇ ਪਿਆਰੇ ਗੁਰੂ ਨਾਨਕ ਦੇ ਪਿਆਰੇ ਹਨ। ਸ੍ਰਿਸ਼ਟੀ ਮਾਤ੍ਰ ਦਾ ਦੁਖ ਦੂਰ ਕਰਨਾ ਮਨੁੱਖ ਦਾ ਫਰਜ਼ ਹੈ ਤੇ ਇਥੇ ਤਾਂ ਕੁਝ ਪਿਆਰ ਦੀ ਲਪਟ ਬੀ ਆਉਂਦੀ ਹੈ। ਗੱਲ ਕੀ ਭਾਈ ਜੀਉਣਾ ਵੈਦ ਜੀ ਦੇ ਨਾਲ ਉੱਥੇ ਪਹੁੰਚਾ। ਜਾਕੇ ਕਾਕੀ ਨੂੰ ਬੇਨਤੀ ਕੀਤੀ ਕਿ ਇਸ ਠੰਢ ਵਿਚ ਇਸ ਤਰ੍ਹਾਂ ਖੁੱਲ੍ਹੇ ਥਾਂ ਪਿਆਂ ਦਾਰੂ ਨੇ ਕਾਟ ਘੱਟ ਕਰਨੀ ਹੈ, ਤੁਸੀਂ ਮੇਰੇ ਕੋਲ ਚੱਲੋ, ਉਥੇ ਥਾਂ ਬੀ ਹੈ,

ਮੰਜਾ ਤੇ ਬਿਸਤਰਾ ਬੀ ਹੈ, ਮੈਂ ਖੀ ਸੇਵਾ ਕਰਾਂਗਾ।

ਕਾਕੀ-ਮਹਾਰਾਜ ! ਆਪ ਧੰਨ ਹੋ ! ਪਰ ਮੈਂ ਬਨਬਾਸਨ ਹਾਂ; ਘਰਾਂ ਤੇ ਮੰਦਰਾਂ ਤੋਂ ਮੂੰਹ ਮੋੜ ਚੁਕੀ ਹਾਂ, ਹੁਣ ਮੁੜਕੇ ਉਹਨਾਂ ਹੀ ਮੰਦਰਾਂ ਵਿਚ ਵੜਨਾ ਮੇਰੇ ਲਈ ਉਲਾਂਭਾ ਹੈ। ਏਥੇ ਹੀ ਜੋ ਭਗਵੰਤ ਭਾਵਨੀ ਹੈ, ਪਈ ਬੀਤੇਗੀ।

ਜੀਉਣਾ(ਬੀਮਾਰ ਵੱਲ ਤੱਕਕੇ)-ਕਾਕੀ ! ਇਹ ਸਜਣ ਤਾਂ ਬਨਬਾਸੀ ਨਹੀਂ ਹੈ, ਤੁਸੀਂ ਬਨਬਾਸੀ ਕਿਸ ਤਰ੍ਹਾਂ ਹੋ ?

ਕਾਕੀ-ਇਹ ਤਾਂ ਬੀਤਰਾਗ ਬੋਧੀਸੱਤ੍ਵਾ ਹੈ, ਇਹ ਤਾਂ ਯੋਗੀ ਹੈ, ਇਹ ਤਾਂ ਸੰਨਿਆਸੀ ਹੈ।

ਜੀਉਣਾ-ਹੋ ਨਹੀਂ ਸਕਦਾ, ਹਾਂ ਇਹ ਬੀਤਰਾਗੀ, ਸੰਨਿਆਸੀਆਂ ਤੇ ਯੋਗੀਆਂ ਤੋਂ ਉੱਚਾ ਹੈ, ਪਰ ਇਹ ਬਨਬਾਸੀ ਨਹੀਂ ਹੈ!

ਕਾਕੀ-(ਅਚਰਜ ਹੋਕੇ) ਕੀ ਏ ਗ੍ਰਿਹਸਤੀ ਹੈ ?

ਜੀਉਣਾ-ਪੱਕੀ ਗੱਲ ਤਾਂ ਤੁਸੀਂ ਜਾਣੋ, ਪਰ ਏਹ ਜਲ ਵਿਚ ਵੱਸਣ ਵਾਲੀ ਤੇ ਜਲ ਤੋਂ ਅਲੇਪ ਰਹਿਣੇ ਵਾਲੀ ਮੁਰਗਾਬੀ ਹੈ।

ਕਾਕੀ-ਮੈਂ ਨਹੀਂ ਸਮਝੀ।

ਜੀਉਣਾ-ਬੱਚਿਆ ! ਘਰ ਬਾਰੀ ਹੋਵੇ ਚਾਹੇ ਅਤੀਤ ਹੋਵੇ, ਇਸ ਵੇਲੇ ਬੀਮਾਰ ਹੈ, ਛੇਤੀ ਰਾਜ਼ੀ ਕਰਨ ਵਾਸਤੇ ਇਸ ਥਾਂ ਨਾਲੋਂ ਧਰਮਸਾਲਾ ਵਿਚ ਛੇਤੀ ਆਰਾਮ ਹੋਸੀ ਸੋ ਇਹ ਬੀ ਇਕ ਦਾਰੂ ਹੀ ਸਮਝੋ।

ਕਾਕੀ-ਮੈਂ ਘਰ ਤੋਂ ਟੁਰੀ ਬਨਚਰਯਾ ਲਈ ਸਾਂ, ਘਰ ਵਿਚ ਕਿਕੂੰ ਜਾਵਾਂ ? ਪਰ ਮਿਠ ਬੋਲੇ ਦਾਤਾ ਜੀ ਦੀ ਖ਼ਾਤਰ ਕੀ ਨਹੀਂ ਕਰਨਾ।

ਜੀਉਣਾ-ਕਾਕੀ ! ਮੈਂ ਤੈਨੂੰ ਘਰ ਨਹੀਂ ਲਿਚੱਲਦਾ, ਧਰਮਸਾਲ ਵਿਚ ਲਿਚੱਲਦਾ ਹਾਂ ਜਿਥੇ ਸਾਧੂ ਲੋਕ ਵੱਸਦੇ ਹਨ ਅਰ ਤਪੀ ਪੁਰਖ ਨਿਵਾਸ ਕਰਦੇ ਹਨ। ਧਰਮਸਾਲ ਘਰ ਨਹੀਂ ਹੈ।

'ਸਤਿ ਬਚਨ' ਕਹਿਕੇ ਕਾਕੀ ਤਿਆਰ ਹੋ ਪਈ। ਇਕ ਮੰਜੇ ਤੇ ਪਾਕੇ ਦਾਤਾ ਜੀ ਨੂੰ ਲੈ ਚਲੇ, ਬੇੜੀ ਦਾ ਲਟਾ ਪਟਾ ਬੀ ਚੁਕਵਾ ਲਿਆ ਤੇ ਭਾਈ ਜੀਉਣੇ ਜੀ ਨੇ ਬਜਰਾ ਤੇ ਡੌਂਗੀ ਮੁਹਾਣਿਆਂ ਦੇ ਸਪੁਰਦ ਕੀਤੇ ਕਿ ਸੰਭਾਲ ਰੱਖਣ।

ਧਰਮਸਾਲਾ ਵਿਚ 'ਦਾਤਾ' ਜੀ ਦਾ ਦਾਰੂ ਸ਼ੁਰੂ ਹੋਇਆ। ਭਾਈ ਜੀਉਣਾ ਜੀ ਨੇ ਜਦ ਕਾਕੀ ਦੀ ਵਿਦਜਾ ਦੇਖੀ, ਚੱਕ੍ਰਿਤ ਰਹਿ ਗਏ, ਜਦ ਵਿਥਯਾ ਸੁਣੀ ਤਦ ਹੋਰ ਬੀ ਪਿਆਰ ਤੇ ਸਤਿਕਾਰ ਪੈਦਾ ਹੋ ਗਿਆ ! ਦਾਤਾ ਜੀ ਦੀ ਸੂਰਤ ਹੀ ਉਨ੍ਹਾਂ ਦੀ ਖਿੱਚ ਲਈ ਕਾਫੀ ਸੀ, ਪਰ ਹੁਣ ਤਾਂ ਵਿਥਯਾ ਹੋਰ ਬੀ ਖਿੱਚ ਪਾ ਗਈ। ਅਜੇ ਇਹ ਪਤਾ ਹੀ ਨਹੀਂ ਸੀ ਕਿ ਇਸ ਦੁਖ ਭਰੀ ਦਸ਼ਾ ਵਿਚ ਇਹ ਮੋਹਨਿ ਮੂਰਤ ਕਿਕੂੰ ਆਈ ਸੀ।

ਵੈਦ ਜੀ ਤ੍ਰੈ ਦਿਨ ਉਥੇ ਰਹੇ। ਤ੍ਰੈਆਂ ਦਿਨਾਂ ਵਿਚ ਪਹਿਲੇ ਨਿੱਘ ਪਰਤਦੀ ਆਪਣੇ ਟਿਕਾਣੇ ਆਈ, ਤੇ ਸੁਆਸ, ਜੋ ਇੰਨੇ ਧੀਮੇ ਸਨ ਕਿ ਪਹਿਲਾਂ ਮਲੂਮ ਹੀ ਨਹੀਂ ਸਨ ਹੁੰਦੇ, ਹੁਣ ਬਿਲਕੁਲ ਸਾਫ਼ ਆਉਣ ਲੱਗ ਪਏ। ਫੇਰ ਹੋਸ਼ ਮੁੜੀ, ਤੀਸਰੇ ਦਿਨ ਅੱਖਾਂ ਖੁੱਲ੍ਹੀਆਂ ਤਾਂ ਸਾਹਮਣੇ ਕੋਈ ਕੰਨਿਆਂ ਬੈਠੀ ਦੇਖੀ। ਕਮਜ਼ੋਰੀ ਬਹੁਤ ਸੀ ਬੋਲ ਨਹੀਂ ਸਕੇ, ਪਰ ਪਤਾ ਲੱਗ ਪਿਆ ਕਿ ਕੋਈ ਮੇਰੀ ਸੇਵਾ ਕਰ ਰਿਹਾ ਹੈ।

ਇਸ ਕਰਕੇ ਅਚਰਜ ਨਹੀਂ ਹੋਏ। ਕਮਜ਼ੋਰੀ ਬਹੁਤ ਸੀ, ਅੱਖਾਂ ਮੀਟ ਲਈਆਂ। ਇਸੇ ਤਰ੍ਹਾਂ ਚੌਥੇ ਕੁ ਦਿਨ ਫੇਰ ਅੱਖਾਂ ਖੁਲ੍ਹੀਆਂ, ਤੱਕ ਤੱਕ ਕੇ ਫੇਰ ਮੀਟ ਲਈਆਂ। ਹੁਣ ਤਾਕਤ ਬੀ ਕੁਛ ਫਿਰ ਆਈ ਸੀ। ਅਜ ਦੋ ਕੁ ਵਾਰੀ 'ਪ੍ਰੀਤਮ ਜੀ', ਮੂੰਹੋਂ ਨਿਕਲਿਆ ਅਰ ਨੇਤ੍ਰਾਂ ਵਿਚੋਂ ਦੋ ਕੁ ਟੇਪੇ ਕਿਰੇ। ਇਸ ਵੇਲੇ ਜੀਉਣਾ ਤੇ ਵੈਦ ਜੀ ਕੋਲ ਬੈਠੇ ਸਨ, ਉੱਧਰ ਪਰਿਮਲਜਾ ਦੀਆਂ ਅੱਖਾਂ ਵਿਚ ਵੀ ਹੰਝੂ ਆ ਗਏ, ਅਰ ਕੁਛ ਚਿਰ ਅੱਖਾਂ ਬੰਦ ਰਹੀਆਂ। ਇਹ ਕੌਤਕ ਦੇਖ ਕੇ ਵੈਦ ਜੀ ਅਚੰਭਿਤ ਹੋ ਗਏ। ਕੁਛ ਦੇਰ ਮਗਰੋਂ ਦੋਵੇਂ ਜਣੇ ਤੇ ਕਾਕੀ ਜਦ ਲੰਗਰ ਵਿਚ ਬੈਠੇ ਸਨ ਵੈਦ ਤੋਂ ਰਿਹਾ ਨਾ ਗਿਆ, ਕਹਿਣ ਲੱਗੇ :"ਬੱਚੀਏ ! ਇਹ 'ਪ੍ਰੀਤਮ ਜੀ' ਕੀਹ ਜਾਦੂ ਵਾਲੇ ਅੱਖਰ ਸਨ ਕਿ ਦਾਤਾ ਜੀ ਬੀ ਰੋ ਪਏ, ਤੂੰ ਬੀ ਰੋ ਪਈ ਅਸੀਂ ਬੀ ਥ੍ਰਰਾਏ ?"

ਕਾਕੀ-ਕਵਿਰਾਜ ਜੀ ! ਮੈਂ ਆਪ ਨੂੰ ਆਪਣੀ ਸਰਸਰੀ ਵਿਥਯਾ ਤਾਂ ਸੁਣਾਈ ਸੀ, ਪਰ ਇਹ 'ਪ੍ਰੀਤਮ ਜੀ' (ਕਹਿੰਦੇ ਰੋ ਪਈ) ਹੀ ਕੋਈ ਜਾਦੂ ਦੀ ਖੇਡ ਹੈ, ਜਿਸ ਦਾ ਮੈਨੂੰ ਭੀ ਪਤਾ ਨਹੀਂ। ਇਹ ਜੋ ਬੀਮਾਰ ਪਏ ਹਨ, ਇਸ ਭੇਤ ਨੂੰ ਜਾਣਦੇ ਹਨ। ਮੈਨੂੰ ਵਿਦਜਾ ਦੇ ਮਗਰੋਂ ਚਰਚਾ ਦਾ ਸ਼ੌਕ ਬਹੁਤ ਸੀ। ਚੰਗੇ ਚੰਗੇ ਸਾਧੂ ਤੇ ਪੰਡਤ ਆ ਕੇ ਮੇਰੇ ਨਾਲ ਝਗੜਦੇ ਤੇ ਸਾਰੇ ਸ਼ਾਬਾਸ਼

ਧੱਕੇ ਜਾਇਆ ਕਰਦੇ ਸਨ। ਇਕ ਦਿਨ ਪਿਤਾ ਜੀ ਇਨ੍ਹਾਂ ਨੂੰ (ਦਾਤਾ ਜੀ ਨੂੰ) ਨਾਲ ਲੈ ਆਏ। ਇਹ ਥੋੜੇ ਦਿਨਾਂ ਤੋਂ ਕਦੀ ਕਦੀ ਨਦੀ ਕਿਨਾਰੇ ਆ ਵਿਚਰਿਆ ਕਰਦੇ ਸਨ। ਮੈਨੂੰ ਪਿਤਾ ਜੀ ਕਹਿਣ ਲੱਗੇ: 'ਇਹ ਸਾਧੂ ਬੀਤਰਾਗ ਜਾਪਦਾ ਹੈ, ਮਾਲੂਮ ਹੁੰਦਾ ਹੈ ਕਿ ਵਿਦਜਾ ਪਾਕੇ ਰਜਾਤਰੋਯ ਹੋ ਗਿਆ ਹੈ ਅਰ ਬੀਤਰਾਗ ਹੋਕੇ ਸਿਖਜਾ ਹਿਤ ਜਗਤ ਵਿਚ ਵਿਚਰ ਰਿਹਾ ਹੈ। ਇਸ ਨਾਲ ਵੀਚਾਰ ਕਰਨੀ ਲਾਭ ਦੇਵੇਗੀ'। ਸੋ ਪਿਤਾ ਜੀ ਕਦੇ ਕਦੇ ਇਨ੍ਹਾਂ ਨੂੰ ਘਰ ਲਿਆਉਂਦੇ ਤੇ ਅਸੀਂ ਸਤਿਕਾਰ ਨਾਲ ਭੋਜਨ ਖੁਆਉਂਦੇ ਹੁੰਦੇ ਸਾਂ। ਮੈਂ ਕਈ ਵਾਰ ਚਰਚਾ ਲਈ ਛੇੜ ਛਾੜ ਕੀਤੀ, ਪਰ ਇਹ ਅਟੰਕ ਰਹੇ। ਇਕ ਦਿਨ ਮੈਂ ਆਖਿਆ ਕਿ ਕੁਛ ਮਤਿ ਦਿਓ ਤਾਂ ਕਹਿਣ ਲਗੇ 'ਮਤਿ ਤਾਂ ਬਥੇਰੀ ਹੈ, ਮੱਤ ਮਾਰੀ ਜਾਏ ਤਾਂ ਚੰਗੀ ਹੈ'। ਮੈਂ ਹੱਕੀ ਬੱਕੀ ਹੋ ਗਈ। ਇਨ੍ਹਾਂ ਦੇ ਸਰੀਰ ਦਾ ਜ਼ਬ੍ਹਾ ਐਸਾ ਸੀ ਕਿ ਸਾਡੇ ਪਰ ਭੈ ਤੇ ਪਿਆਰ ਦੀ ਛਾਇਆ ਪੈ ਜਾਇਆ ਕਰਦੀ ਸੀ। ਮੈਂ ਉਤਰ ਤਾਂ ਨਾ ਦੇ ਸਕੀ, ਪਰ ਇਨ੍ਹਾਂ ਨੇ ਹੱਸ ਕੇ ਕਿਹਾ : 'ਸਿਆਣਪਾਂ ਨਾਲ ਮਨ ਸਿਆਣਾ ਹੋ ਜਾਂਦਾ ਹੈ, ਕਿਸੇ ਹੋਰ ਤਰ੍ਹਾਂ ਦੇ ਖਿੰਡਾਉ ਵਿਚ ਖਿੰਡ ਜਾਂਦਾ ਹੈ, ਪਰ ਕੱਠਾ ਹੋਕੇ ਸੂਤ ਨਹੀਂ ਹੁੰਦਾ'[1]।

ਅੱਜ ਮੈਨੂੰ ਕੁਝ ਸੋਚ ਪਈ, ਅੱਜ ਮੇਰੇ ਵਿਦਜਾ ਦੇ ਨਸ਼ੇ ਵਿਚ, ਜੋ ਮੈਨੂੰ ਚੜ੍ਹ ਰਿਹਾ ਸੀ, ਪਹਿਲੀ ਚੋਭ ਪਈ, ਅਰ ਸੋਚਾਂ ਵਿਚ ਸੋਚਾਂ ਪੈ ਗਈਆਂ ਕਿ ਇਹ ਕੀ ਗੱਲ ਹੈ ? ਇਕ ਦਿਨ ਫੇਰ ਆਏ ਤਾਂ ਮੈਂ ਫੇਰ ਕਿਹਾ ਕਿ ਜੀ ਕੋਈ ਚਰਚਾ ਕਰਨੀ ਹੈ ਆਪ ਨਾਲ । ਕਹਿਣ ਲੱਗੇ : 'ਚਰਚਾ ਦਾ ਕੀ ਅਰਥ ਹੈ ?' ਜਾਂ ਮੈਂ ਦੱਸਿਆ 'ਵੀਚਾਰ ਕਰਨਾ, ਬਹਿਸ ਕਰਨੀ', ਤਾਂ ਕਹਿਣ ਲੱਗੇ : "ਹਾਂ ਹਾਂ ਧਾਤੂ ਅਰਥ ਠੀਕ ਹੈ 'ਚਰਚ' ਹੈ - 'ਪੜ੍ਹਨਾ, ਪੁੱਛਣਾ, ਝਾੜਨਾ, ਬਹਿਸਣਾ', ਪਰ ਠੀਕ ਚਰਚਾ ਓਹ ਹੀ ਕਰ ਸਕਦਾ ਹੈ ਜੋ ਚਾਹ ਨੂੰ ਚਰ ਲਵੇ 'ਚਰ+ਚਾਹ', ਹਾਂ ਉਹ ਚਰਚਾ ਕਰ ਸਕਦਾ ਹੈ, ਜੋ ਅਚਾਹ ਹੋ ਜਾਏ ਹਾਰ ਜਿੱਤ ਤੋਂ"। ਇਹ ਕਹਿਕੇ ਹੱਸ ਪਏ ਤੇ ਮੈਨੂੰ ਸੋਚ ਪੈ ਗਈ। ਫੇਰ ਇਕ ਦਿਨ ਮੈਂ ਕੁਛ ਕਿਹਾ, ਤਾਂ ਕਹਿਣ ਲੱਗੇ 'ਤੂੰ ਕੌਣ ਹੈਂ' ?

ਮੈਂ-ਜੋ ਸਾਹਮਣੇ ਬੈਠੀ ਹਾਂ।

ਦਾਤਾ-ਸਾਹਮਣੇ ਤਾਂ ਮਿੱਟੀ ਦਾ ਪਿੰਡ ਬੈਠਾ ਹੈ।

ਮੈਂ-ਮੈਂ ਮਿੱਟੀ ਦਾ ਪਿੰਡ ਤਾਂ ਨਹੀਂ।

ਦਾਤਾ-ਫੇਰ ਤੂੰ ਕੌਣ ਹੈਂ ?

ਮੈਂ-ਮੈਂ ਆਤਮਾਂ ਹਾਂ, ਪਰਮਾਤਮਾਂ, ਬ੍ਰਹਮ ਹਾਂ।

ਦਾਤਾ ਜੀ ਹੱਸ ਕੇ ਕਹਿਣ ਲੱਗੇ :- "ਆਪਾ ਪਛਾਣ ਕੇ ਕਹਿ ਰਹੀ ਹੈਂ ?"

ਮੈਂ-ਹਾਂ ਜੀ।

ਦਾਤਾ-ਪਛਾਣਕੇ ? ਆਓ ਖਾਂ ਪੜਤਾਲ ਕਰੀਏ-

ਹੋਰ ਵਿਦਿਆ ਪਾਉਣ ਨੂੰ ਜੀ ਕਰਦਾ ਹੈ ? ਹੋਰ ਪਦਾਰਥ ਨੂੰ ਚਿੱਤ ਕਰਦਾ ਹੈ ? ਹੋਰ ਸ਼ੋਭਾ ਨੂੰ ਮਨ ਲੋਚਦਾ ਹੈ ?

ਮੈਂ-ਜੀ ਹਾਂ, ਇਉਂ ਤਾਂ ਕਰਦਾ ਹੈ।

ਦਾਤਾ-ਤਾਂ ਤੂੰ ਚਾਹ ਵਿਚ ਹੈਂ।

ਮੈਂ-ਹਾਂ ਤਾਂ ਸਹੀ।

ਦਾਤਾ-ਤੇਰੇ ਹੰਕਾਰ ਅੱਗੇ ਕੋਈ ਰੋਕ ਪਾਏ ਤਾਂ ਗੁੱਸਾ ਚੜ੍ਹਦਾ ਹੈ; ਕਲੇਸ਼ ਵਾਪਰਦੇ ਹਨ ?

ਮੈਂ ਅੜਕਕੇ ਕਿਹਾ-ਹਾਂ ਜੀ, ਹੁੰਦੀ ਤਾਂ ਇਵੇਂ ਹੀ ਹੈ।

ਦਾਤਾ-ਤਾਂ ਤੂੰ ਕਲੇਸ਼ ਕਰਮ ਵਿਚ ਹੈਂ। ਅੱਛਾ, ਬ੍ਰਹਮ ਦਾ ਲੱਛਣ ਕਰੋ !

ਮੈਂ-ਅਚਾਹ: ਨਿਰਵਿਕਾਰ, ਸ਼ੁਧ, ਕਲੇਸ਼ ਕਰਮ ਤੋਂ ਪਰੇ, ਤ੍ਰਿਕਾਲ-ਅਬਾਧ, ਸੱਤਿ ਚਿੱਤ, ਆਨੰਦ।

ਦਾਤਾ-ਫੇਰ ਤੇਰੇ ਤੇ ਤੇਰੇ ਬ੍ਰਹਮ ਦੇ ਲੱਛਣ ਨਹੀਂ ਮਿਲਦੇ।

ਮੈਂ ਜ਼ਰਾ ਘਬਰਾਕੇ ਕਿਹਾ-ਹੈਂ ! ਹੈ ਤਾਂ ਠੀਕ।

ਦਾਤਾ-ਫੇਰ ਪਛਾਣਕੇ ਨਹੀਂ ਕਿਹਾ, ਹੱਛੀ ਤਰ੍ਹਾਂ ਜੋਖਕੇ ਤੇ ਪਛਾਣਕੇ ਕਹੁ, ਤੂੰ ਕੌਣ ਹੈਂ ?

ਮੈਂ-ਕੀ ਕਹਾਂ, ਮੈਂ ਕੌਣ ਹਾਂ, ਹਾਂ ਤਾਂ ਬ੍ਰਹਮ 'ਸਰਬੰ ਖਲਵਿਦੰ ਬ੍ਰਹਮ' ਹੈ, ਤੇ ਮੈਂ ਸਰਬ ਦੇ ਵਿਚ ਉਸ ਤੋਂ ਭਿੰਨ ਕਿਵੇਂ ਹੋ ਸਕਦੀ ਹਾਂ ?

ਦਾਤਾ-ਹੋ ਸਕਦੀ, ਯਾ ਹੋਣਾ ਚਾਹੀਦਾ ਹੈ, ਕੁਛ ਨਹੀਂ, 'ਸਕਦਾ' ਤੇ 'ਚਾਹੀਦਾ' ਨਿਸ਼ਚੇ ਪੂਰਬਕ ਵਾਕ ਨਹੀਂ ਹਨ। ਨਿਸ਼ਚਿਤ ਗੱਲ ਪਛਾਣ ਕੇ ਕਹੁ 'ਤੂੰ ਕੌਣ ਹੈਂ ?'

ਮੈਂ-ਮੈ, ਸਰੀਰ, ਮਨ, ਬੁਧਿ, ਚਿਤ, ਅਹੰਕਾਰ ਦੀਆਂ ਉਪਾਧੀਆਂ ਵਿਚ ਵੇੜ੍ਹਿਆ ਹੋਇਆ ਮਾਯਾ ਸਬਲ ਬ੍ਰਹਮ ਹਾਂ, ਪਰ ਇਹ ਸਭ ਮਾਇਆ ਮਾਤ੍ਰ ਹੈ'ਅਰ

---

1. ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ।। (ਸਿਰੀ ਰਾਗੁ ਮ: ੪)

ਮੈਂ ਸ਼ੁਧ ਹਾਂ, ਅਰ ਇਹ ਮਾਇਆ ਬੀ ਕੁਝ ਨਹੀਂ, ਭਰਮ ਮਾਤ੍ਰ ਹੈ, ਤਾਂ ਤੇ ਮੈਂ ਸ਼ੁਧ ਹੀ ਹਾਂ !

ਦਾਤਾ ਜੀ ਨੇ ਇਕ ਧੱਪਾ ਮੇਰੀ ਪਿੱਠ ਵਿਚ ਮਾਰਿਆ!

ਮੈਂ-ਊਈ ਰੱਬਾ, ਪੀੜ ! ਸਾਂਈਂ ਲੋਕ ਜੀ ! ਇਹ ਕੀਹ ਚਰਚਾ ਦਾ ਰਸਤਾ ਹੈ ?

ਦਾਤਾ-ਕੀ ਹੋਇਆ ?

ਮੈਂ-ਮੈਨੂੰ ਪੀੜ ਹੋਈ ਹੈ !

ਦਾਤਾ-ਸ਼ੁਧ ਬ੍ਰਹਮ ਨੂੰ, ਕਿ ਬੁੱਧੀ ਨੂੰ, ਮਨ ਨੂੰ ਕਿ ਸਰੀਰ ਨੂੰ ?

ਮੈਂ(ਘਬਰਾ ਕੇ)-ਮੈਨੂੰ।

ਦਾਤਾ-ਇਹ 'ਮੈਨੂੰ' ਕੌਣ ਹੈ ?

ਮੈਂ-ਸ਼ੁਧ।

ਦਾਤਾ-ਸ਼ੁਧ ਨੂੰ ਪੀੜ ਹੋਈ ਹੈ ?

ਮੈਂ(ਘਬਰਾਕੇ)-ਸ਼ੁਧ ਤਾਂ ਪੀੜਾ ਤੋਂ ਪਰੇ ਹੈ।

ਦਾਤਾ-ਫੇਰ ਪੀੜ ਕਿਸ ਨੂੰ ਹੋਈ ?

ਮੈਂ-ਪੀੜ ਵਿਚ ਮੇਰਾ ਅਧਜਾਸ[1] ਹੈ। ਵਾਸਤਵ ਵਿਚ ਪੀੜ ਕੋਈ ਸ਼ੈ ਨਹੀਂ, ਮੇਰਾ ਜਨਮ ਜਨਮ ਦਾ ਅਧਜਾਸ ਹੋ ਗਿਆ ਹੈ, ਇਸ ਕਰਕੇ ਪੀੜ ਪ੍ਰਤੀਤ ਹੁੰਦੀ ਹੈ।

ਦਾਤਾ-ਜਦ ਤੂੰ ਸ਼ੁਧ ਹੈਂ ਤਾਂ ਇਹ ਅਧਜਾਸ ਕਿਸ ਨੂੰ ਹੈ ?

ਮੈਂ-ਸ਼ੁਧ ਨੂੰ।

ਦਾਤਾ-ਸ਼ੁਧ ਨੂੰ ? ...ਸ਼ੁਧ ਤਾਂ ਅਸੰਗ ਹੈ, ਉਸ ਵਿਚ ਅਧਜਾਸ ਦਾ ਨਿਸ਼ਚਾ ਕਿਵੂੰ ਹੈ ?

ਮੈਂ(ਘਬਰਾਕੇ)-ਹੈ ਤਾਂ ਠੀਕ, ਪਰ ਮੈਂ ਕੀ ਆਖਾਂ ?

ਦਾਤਾ-ਪਛਾਣ ਕੇ ਕਹੁ ਕਿ ਤੂੰ ਕੌਣ ਹੈਂ ?

ਮੈਂ-ਮੈਂ ਹਾਂ ਤਾਂ ਸ਼ੁਧ, ਪਰ ਮੇਰੇ ਅੰਦਰ ਸੰਸਾ ਅਜੇ ਹੈ।

ਦਾਤਾ-ਸੰਸਾ ਸ਼ੁਧ ਨਹੀਂ, ਮੈਲ ਹੈ[2] ?

ਮੈਂ-ਠੀਕ।

ਦਾਤਾ-ਜਿਥੇ ਮੈਲ ਹੈ, ਉੱਥੇ ਪ੍ਰਕਾਸ਼ ਨਹੀਂ, ਜਿਥੇ ਪ੍ਰਕਾਸ਼ ਨਹੀਂ ਉਥੇ ਨਿਸ਼ਚਿਤ ਪਛਾਣ ਨਹੀਂ।

ਮੈਂ-ਹੈ ਤਾਂ ਠੀਕ।

ਦਾਤਾ-ਤਦ ਤੂੰ ਆਪੇ ਨੂੰ ਪਛਾਣਦੀ ਨਹੀਂ, ਸੁਣੇ ਸੁਣਾਏ ਪਈ ਆਖਦੀ ਹੈਂ : 'ਮੈਂ ਸ਼ੁਧ ਹਾਂ।'

1. ਹੋਰ ਵਿਚ ਹੋਰ ਵਸਤੂ ਦੀ ਧਾਰਣਾ, ਮਿਥਯਾ ਗਯਾਨ।
2. ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥ (ਗਉ: ਰਵਿ: ਪੁਨਾ--ਸਹਸੈ ਜੀਉ ਮਲੀਣੁ ਹੈ। (ਰਾਮ: ਅਨੰਦ)

ਮੈਂ-ਸੁਣ ਸੁਣਾ ਕੇ ਤਾਂ ਨਹੀਂ, ਪਰ ਵਿਦਯਾ ਪਾ ਕੇ ਬੁਧੀ ਵਿਚ ਨਿਸ਼ਚਿਤ ਹੋ ਕੇ।

ਦਾਤਾ-ਪਰ ਅਨੁਭਵ ਨਹੀਂ ਕਰਦੀ ਕਿ ਜੋ ਕੁਛ ਤੂੰ 'ਹੈਂ' ਉਸ ਵਿਚ ਸੰਸਾ ਹੈ ਯਾ ਜੋ ਕੁਛ ਪੜ੍ਹਿਆ ਹਈ ਉਸ ਨੂੰ ਅਜੇ ਅਨੁਭਵ ਨਹੀਂ ਕਰਦੀ। ਸੋ ਵਾਸਤਵ ਵਿਚ ਤੂੰ ਆਪੇ ਨੂੰ ਨਹੀਂ ਪਛਾਣਦੀ।

ਮੈਂ-ਹਾਂ, ਐਉਂ ਠੀਕ ਹੈ।

ਦਾਤਾ-ਤਦ ਤੂੰ ਅੰਨ੍ਹੀ ਹੈਂ;

ਮੈਂ(ਘਬਰਾ ਕੇ)-ਮੈਂ ਤਾਂ ਸੁਜਾਖੀ ਹਾਂ।

ਦਾਤਾ-ਹਾਂ ਸਰੀਰ ਕਰਕੇ, ਪਰ ਉਹ ਅੰਧਕਾਰ ਹੋਰ ਹੈ।

ਮੈਂ-ਉਹ ਕੀ ਹੈ ?

ਦਾਤਾ-ਉਹ ਅੰਨ੍ਹਾਂ ਹੈ ਜੋ ਆਪੇ ਨੂੰ ਨਾ ਪਛਾਣੇ[1]।

ਜੋ ਆਪਾ ਨਹੀਂ ਪਛਾਣਦਾ ਉਸ ਨੇ ਬ੍ਰਹਮ ਨੂੰ(ਰੱਬ ਨੂੰ ) ਕੀ ਪਛਾਣਨਾ ਹੈ ?

ਮੈਂ(ਤ੍ਰਬ੍ਰਕੇ)-ਜੋ ਆਪਾ ਨਾ ਪਛਾਣੇ ਉਹ ਅੰਨ੍ਹਾਂ ਹੈ ? ਹੈ ਤਾਂ ਠੀਕ, ਪਰ ਮੈਂ ਤਾਂ ਪਛਾਣਦੀ ਹਾਂ। ਸਚੀਂ ਪਰ, ਹਾਂ, ਠੀਕ ਅਜੇ ਅਧਜਾਸ ਹੈ, ਅਧਜਾਸ ਕਰਕੇ ਸ਼ੁੱਧ ਦੀ ਸ਼ੁੱਧਤਾ ਦੇ ਨਿਸ਼ਚੇ ਵਿਚ ਸੰਸਾ ਹੈ, ਤਾਂ ਤੇ ਮੈਂ ਨਿਸ਼ਚਿਤ ਨਹੀਂ ਪਛਾਣਦੀ। ਜਿਸ ਨੂੰ ਦਾਤਾ ਅਨੁਭਵ ਕਹਿੰਦਾ ਹੈ, ਉਸ ਲੇਖੇ ਠੀਕ ਮੈਂ ਅੰਨ੍ਹੀ ਹਾਂ। ਇਹ ਮੈਂ ਸੋਚ ਰਹੀ ਸਾਂ ਕਿ ਦਾਤਾ ਜੀ ਨੇ ਨੈਣ ਮੀਟਕੇ ਕਿਹਾ :- "ਪ੍ਰੀਤਮ ਜੀ" ! ਉਨ੍ਹਾਂ ਦੇ ਨੇਤ੍ਰਾਂ ਤੋਂ ਨੀਰ ਵਗਿਆ ਤੇ ਚਿਹਰੇ ਤੇ ਅਚਰਜ ਪਿਆਰ ਤੇ ਵੈਰਾਗ ਦਾ ਰੰਗ ਆ ਗਿਆ। ਉਨ੍ਹਾਂ ਦੇ ਕਹਿਣ ਵਿਚ ਕੁਛ ਐਸੀ ਥ੍ਰਹਾਟ ਸੀ ਕਿ ਮੇਰੇ ਸਰੀਰ ਵਿਚ ਝਰਨਾਟ ਛਿੜ ਗਈ, ਨੈਣ ਮੁੰਦ ਗਏ, ਅੱਥਰੂ ਭਰੇ ਤੇ ਇਕ ਧੂਹ ਜਿਹੀ ਪੈ ਗਈ।

ਕੁਛ ਚਿਰ ਮਗਰੋਂ ਦਾਤਾ ਜੀ ਉੱਠ ਟੁਰੇ। ਮੈਂ ਕਿਹਾ :- "ਸੁਆਮੀ ਜੀ ਠਹਿਰੋ ਕੁਛ ਬ੍ਰਹਮ ਗਿਆਨ ਤੇ ਹੋਰ ਵਿਚਾਰ ਕਰੀਏ।" ਕਹਿਣ ਲੱਗੇ – "ਤੂੰ ਅੰਨ੍ਹੀਂ ਹੈਂ, ਅੰਨ੍ਹੇ ਨਾਲ ਰੰਗ ਰੂਪ ਦਾ ਕੀ ਵੀਚਾਰ?" ਕਹਿੰਦੇ ਕਹਿੰਦੇ ਟੁਰੀ ਗਏ।

"ਤੂੰ ਅੰਨ੍ਹੀ ਹੈਂ" ਅਜ ਪਹਿਲਾ ਦਿਨ ਸੀ; ਕਿ ਮੈਂ ਆਪਣੀ ਸ਼ਾਨ ਵਿਚ ਇਹ ਕੁਛ ਸੁਣਿਆਂ। ਜੇ ਮੈਂ

1. 'ਅੰਧੇ ਆਪੁ ਨ ਪਛਾਣਨੀ।' (ਮਾਰੂ ਵਾਰ ਮ: ੩) ਅਰਥਾਤ ਉਹ ਅੰਨ੍ਹੇ ਹਨ ਜੋ ਆਪੇ ਨੂੰ ਨਹੀਂ ਪਛਾਣਦੇ।

ਪਿਤਾ ਨੂੰ ਕਹਿੰਦੀ ਕਿ ਮੈਨੂੰ ਫੁਕਰੇ ਨੇ ਗਾਲ੍ਹ ਦਿੱਤੀ ਹੈ ਤਾਂ ਉਸ ਨੂੰ ਚੁਕਵਾਕੇ ਨਦੀ ਵਿਚ ਸਿਟਵਾ ਦਿੰਦੇ; ਪਰ ਮੇਰੇ ਵਿਚ ਟੀਆ ਕਿਥੇ ਸੀ ਕਿ ਉਸ ਚੰਗੇ ਦੇ ਵਿਰੁੱਧ ਕੁਛ ਬਿਰਕਦੀ। ਇਸ ਤੋਂ ਮਗਰੋਂ ਮੈਂ ਜਿੱਧਰ ਗਈ, ਜੋ ਕੰਮ ਫੜਿਆ, ਮੇਰੇ ਕੰਨਾਂ ਵਿਚ ਇਹੋ ਆਵਾਜ਼ ਰੜਕੇ 'ਤੂੰ ਅੰਨ੍ਹੀਂ ਹੈਂ' ਅਰ ਇਸ ਦੇ ਨਾਲ ਕਾਂਬਾ ਛਿੜ ਪਵੇ। ਸੱਚ ਮੁਚ ਮੈਂ ਅੰਨ੍ਹੀਂ ਹਾਂ ? ਸਾਂਈਂ ਲੋਕ ਨੇ ਕਿਸ ਤਰ੍ਹਾਂ ਮੈਨੂੰ ਨਿਸ਼ਚੇ ਕਰਵਾਇਆ ਹੈ, ਠੀਕ ਮੈਂ ਆਪਾ ਜਾਣਦੀ ਹਾਂ, ਪਰ ਪਛਾਣਦੀ ਨਹੀਂ ਹਾਂ।

ਦਾਤਾ ਜੀ ਕਈ ਦਿਨ ਸਾਡੇ ਘਰ ਨਹੀਂ ਆਏ। ਇਕ ਦਿਨ ਸੰਝ ਦਾ ਵੇਲਾ ਸੀ, ਮੈਂ ਤੇ ਪਿਤਾ ਜੀ ਬਜਰੇ ਵਿਚ ਸੈਲ ਕਰ ਰਹੇ ਸਾਂ, ਸਾਂਖ ਮਤ ਤੇ ਵੀਚਾਰ ਹੋ ਰਹੀ ਸੀ। ਉਹ ਕਹਿ ਰਹੇ ਸਨ ਈਸ਼੍ਵਰ ਸਿੱਧ ਨਹੀਂ ਹੁੰਦਾ ਤੇ ਮੈਂ ਕਹਿ ਰਹੀ ਸਾਂ ਕਿ ਸਿੱਧ ਹੈ। ਉਹ ਕਹਿ ਰਹੇ ਸਨ ਕਿ ਨਹੀਂ, ਉਹ ਕਰਤਾ ਤੇ ਗੁਰੂ ਨਹੀਂ ਹੈ ਤੇ ਮੈਂ ਕਹਿ ਰਹੀ ਸਾਂ ਕਿ ਨਹੀਂ ਸਾਂਖ ਦਰਸ਼ਨ ਵਿਚ ਹੀ ਲਿਖਿਆ ਹੈ 'ਸਹਿ ਸਰ੍ਬ ਵਿਤ੍ ਸਰ੍ਬ ਕਰ੍ਤਾ[1]' ਉਹੀ ਸਭ ਕੁਛ ਕਰਦਾ ਤੇ ਸਭ ਕੁਛ ਜਾਣਦਾ ਹੈ, ਐਸਾ ਸਰਬਗਜ ਤੇ ਸਰਬ ਸ਼ਕਤੀਮਾਨ ਈਸ਼੍ਵਰ ਸਿੱਧ ਹੈ। ਤਾਂ ਉਹ ਕਹਿਣ ਲਗੇ ਕਿ ਕਰਤਾਪਨ ਤਾਂ ਸੰਨਧਿ ਮਾਤ੍ਰ ਕਰਕੇ ਹੈ, ਪੁਰਖ ਅਸੰਗ ਹੈ। ਪ੍ਰਾਕ੍ਰਤੀ ਸੱਨਧੀ ਪਾਕੇ ਕਰਤ੍ਰੀ ਹੈ। ਪਰ ਜੋ ਸੂਤ੍ਰ ਤੀਸਰੇ ਅਧਜਾਯ ਦਾ ਤੂੰ ਕਿਹਾ ਹੈ ਇਹ ਤਾਂ ਉਸ ਪੁਰਖ ਲਈ ਹੈ ਜੋ (ਸਹਿ =) ਪੁਰਖ ਪ੍ਰਕ੍ਰਿਤਿ ਲਯਤਾ ਤੋਂ ਉਠਦਾ ਹੈ, ਉਹ ਇਤਨਾ ਸ਼ਕਤੀਮਾਨ ਹੋ ਜਾਂਦਾ ਹੈ। ਮੈਂ ਕਿਹਾ, ਬਸ ਫੇਰ ਈਸ਼੍ਵਰ ਸਿੱਧ ਹੋ ਗਇਆ। ਉਹ ਬੋਲੇ ਇਸ ਈਸ਼੍ਵਰ ਨੂੰ ਸਾਂਖ ਨੇ ਮੰਨਿਆ ਹੈ, 'ਈਦ੍ਰਿਸ਼ੇਸ਼੍ਵਰ ਸਿਦ੍ਧਿ, ਸਿਦ੍ਧਾ'(੩.੫੭) ਅਰਥਾਤ ਇਹ ਈਸ਼੍ਵਰ ਤਾਂ ਸਿੱਧ ਹੈ, ਪਰ 'ਪੁਰਖ' ਦਾ ਇਹ ਈਸ਼੍ਵਰੱਤ੍ਵ ਉਹ ਨਹੀਂ, ਜੋ ਉਸ ਈਸ਼੍ਵਰ ਦਾ ਹੈ, ਜਿਸ ਨੂੰ ਹੋਰ ਮਤਾਂ ਨੇ ਸਾਜਣ ਤੇ ਸੰਹਾਰਣ ਵਾਲਾ ਵਰਣਨ ਕੀਤਾ ਹੈ ਤੇ ਜੋ ਇਕੋ ਹੈ। ਮੈਂ ਕਿਹਾ : ਇਹ ਤਾਂ ਠੀਕ ਹੈ, ਪਰ ਤੱਕੋ ਯੋਗ ਦਰਸ਼ਨ ਨੇ ਈਸ਼੍ਵਰ ਕੀਕੂੰ ਸਿੱਧ ਕਰ ਲਿਆ ਹੈ, ਯੋਗ ਨੇ ਇਥੋਂ ਹੀ ਗਲ ਫੜੀ ਹੈ। ਉਸ ਨੇ ਕਿਹਾ ਹੈ ਕਿ ਕਲੇਸ਼, ਕਰਮ, ਉਹਨਾਂ ਦੇ ਫਲ ਤੇ ਵਾਸ਼ਨਾਂ ਤੋਂ (ਜੋ ਮਪਰਸ਼ ਨਹੀਂ ਕੀਤਾ ਗਿਆ) (ਇਕ) ਪੁਰਖ ਵਿਸ਼ੇਸ਼ (ਹੈ ਉਹ) ਈਸ਼੍ਵਰ (ਹੈ[1])।

ਜੋ ਸਾਂਖ ਨੇ ਪੁਰਖ ਮੰਨਿਆ ਹੈ ਤਾਂ ਪੁਰਖ ਵਿਚ ਸਾਨੂੰ ਸਰਬੱਗਜਤਾ ਦਾ ਬੀਜ ਨਜ਼ਰ ਪੈਂਦਾ ਹੈ। ਹੁਣ ਇਹ ਸਰਬੱਗਜਤਾ ਪੁਰਖਾਂ ਵਿਚ ਵੱਧ ਘੱਟ ਦਿੱਸ ਪੈਂਦੀ ਹੈ; ਸੋ ਇਸ ਵਾਧੇ ਵਾਲੇ ਪਾਸੇ ਟੁਰੀਏ ਤਾਂ ਅੰਤ ਕਿਤੇ ਇਹ ਪੂਰਨ ਦਿੱਸੇਗੀ। ਉਹ ਪੁਰਖ, ਜਿਸ ਵਿਚ ਇਹ ਸਰਵੱਗਤਾ ਨਿਰਤਿਸ਼ਜ ਅਰਥਾਤ ਪੂਰਨ ਹੋਵੇਗੀ ਈਸ਼੍ਵਰ ਹੋਵੇਗਾ[2]। ਸਾਧਾਰਨ ਪੁਰਖ ਤਾਂ ਜਨਮ ਧਾਰ ਅਭਜਾਸ ਵੈਰਾਗ ਕਰ ਸਿੱਧੀ ਪਾ ਲੈਂਦੇ ਹਨ, ਪਰ ਜਿਥੇ ਸਰਵੱਗਤਾ ਨਿਰਤਿਸ਼ਜ(ਜਿਸ ਤੋਂ[1] ਵੱਧ ਹੋਰ ਨਾ ਹੋਵੇ) ਹੋਵੇਗੀ, ਉੱਥੇ ਇਸ ਗਲ ਦੀ ਲੋੜ ਨਾ ਰੱਖੇਗੀ ਕਿ ਜਨਮ ਲਏ, ਅਭਜਾਸ ਕਰੇ ਤਾਂ ਗਜਾਨ ਅਰੂੜ ਹੋਵੇ। ਉਹ ਕਾਲ ਨਾਲ ਅਵਿਛੇਦ ਨਹੀਂ(੧,੨੨ ਯੋ: ਦ:) ਸੋ ਵੇਖ ਲਓ ਸਾਂਖ ਤੋਂ ਹੀ ਈਸ਼੍ਵਰ-ਸਦਾ ਥਿਰ (ਨਿਤਯ) ਈਸ਼੍ਵਰ-ਸਰਬੱਗਜ ਤੋਂ ਕਲੇਸ਼ ਕਰਮ ਫਲ ਆਸ਼ਯ ਤੋਂ ਪਰੇ ਸਿਧ ਕਰ ਲਿਆ ਜਾ ਸਕਦਾ ਹੈ ਕਿ ਨਹੀਂ ? ਪਿਤਾ ਜੀ ਹੱਸ ਪਏ ਤੇ ਕਹਿਣ ਲਗੇ: ਤੂੰ ਚਤੁਰ ਹੋ ਗਈ ਹੈਂ, ਪਰ ਯੋਗ ਨੇ ਬੀ ਈਸ਼੍ਵਰ ਨੂੰ ਕਰਤਾ ਤਾਂ ਨਹੀਂ ਮੰਨਿਆ। ਮੈਂ ਕਿਹਾ : ਪ੍ਰਕ੍ਰਿਤੀ ਜੜ੍ਹ ਹੈ, ਜੜ੍ਹ ਵਿਚ ਕਰਤਾਪਨ ਹੋ ਨਹੀਂ ਸਕਦਾ, ਚਾਹੇ ਕੋਈ ਪਿਆ ਕਹੇ ਕਿ ਹੋ ਸਕਦਾ ਹੈ। ਸੱਨਧੀ ਮਾਤ੍ਰ ਕਰਕੇ ਯਾ ਪ੍ਰਤਿਬਿੰਬ ਕਰਕੇ, ਹਿਸਾਬ ਸਿਲਸਿਲਾ ਤੇ ਪ੍ਰਬੰਧ ਵਾਲੀ ਰਚਨਾ ਆਪੇ ਰਚੀ ਜਾਣੀ ਤਮਾਸ਼ਾ ਹੈ। ਪਿਤਾ ਜੀ ਮੁਸਕ੍ਰਾ ਪਏ ਤੇ ਅੱਗੇ ਖ਼ਬਰ ਨਹੀਂ ਕੀਹ ਕਹਿਣ ਲਗੇ ਸਨ ਤੇ ਮੈਂ ਅਜ ਉਨ੍ਹਾਂ ਨੂੰ ਸਾਂਖ ਤੋਂ ਯੋਗ ਤੇ ਯੋਗ ਵਿਚੋਂ ਵੇਦਾਂਤ ਵਿਚ ਲੈ ਜਾਣ ਦਾ ਵੀਚਾਰ ਕਰ ਰਹੀ ਸਾਂ ਕਿ ਦਰਯਾ ਦੇ ਕਿਨਾਰੇ ਤੋਂ ਇਕ ਦਿਲ-ਖਿੱਚਵੀਂ ਕਾਨੜੇ ਦੀ ਧੂਨੀ ਉੱਠੀ ਜੋ ਸਾਨੂੰ ਦੋਹਾਂ : ਪਿਤਾ ਪੁਤ੍ਰੀ ਨੂੰ ਐਸ ਤਰ੍ਹਾਂ ਧੂ ਗਈ ਕਿ ਧਿਆਨ ਉਧਰ ਜੁੜ ਗਿਆ ਤੇ ਚੁੱਪ ਛਾ ਗਈ। ਇਹ ਕੁਛ ਸੀ ਜੋ ਅਸਾਂ

1. ਸਾਂਖ ਦਰਸ਼ਨ-੩,੫੬।

1. ਕਲੇਸ਼ ਕਰਮ ਵਿਪਾਕਾ ਸ਼ਯੈਰ ਪਰਾਮ੍ਰਿਸ਼੍ਟ: ਪੁਰਖ ਵਿਸ਼ੇਖ ਈਸ਼੍ਵਰ (੧: ੨੪ ਯੋ: ਦ:)
2. ਨਿਰਤਤ੍ਰ ਤਿਸ਼ਯੰ ਸਰ੍ਵਗਜ ਬੀਜਮ੍! (੧.੨੫ ਯੋ: ਦ:)

ਸਮਝਿਆ :-

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥ ੧॥ ਰਹਾਉ॥ ਨਾਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ॥ ੧॥ (ਕਾ: ਮ: ੫-੮)

ਮਲਾਹ ਦੇ ਹੱਥ ਬੀ ਖਿੱਚ ਖਾ ਗਏ ਤੇ ਬਜਰਾ ਉਸੇ ਕਿਨਾਰੇ ਵੱਲ ਜਾ ਲੱਗਾ। ਅਗੇ ਦਾਤਾ ਜੀ ਨਦੀ ਕਿਨਾਰੇ ਇਕ ਡਾਢੇ ਚੋਂਦੇ ਰੰਗ ਭਰੇ ਚਿਹਰੇ ਵਿਚ ਗਦ ਗਦ ਬੈਠੇ ਸੇ। ਪਿਤਾ ਜੀ ਕਹਿਣ ਲਗੇ; ਉਹੋ ਬੀਤਰਾਗ ਸਾਧੂ ਹੈ। ਅਸੀਂ ਉਤਰੇ, ਸੀਸ ਨਿਵਾਇਆ ਤੇ ਕਿਹਾ : ਦਾਤਾ ਜੀ ! ਅੱਜ ਸਾਡੇ ਚਲੋ, ਤਾਂ ਕਹਿਣ ਲੱਗੇ -ਚਲੋ ਬਈ ਚਲੀਏ। ਤੇ ਫੇਰ ਇਉਂ ਬੋਲੀ ਗਏ :-

"ਸਵਾਲ ਇਹ ਨਹੀਂ ਕਿ ਕਰਤਾਰ ਤੋਂ ਬਿਨਾਂ ਸੰਸਾਰ ਦੀ ਰਚਨਾ ਸਮਝ ਆ ਸਕਦੀ ਹੈ, ਇਸ ਕਰਕੇ ਕਰਤਾਰ ਦੀ ਕੀਹ ਲੋੜ ਹੈ, ਪਰ ਇਹ ਕਿ ਇਸ ਰਚਨਾ ਦਾ ਰਚਨਹਾਰ ਹੈ ਕਿ ਨਹੀਂ। ਜੇ ਬਿਨਾ ਉਸ ਨੂੰ ਸਮਝੇ ਦੇ ਰਚਨਾਂ ਸਮਝ ਵਿਚ ਆ ਜਾਵੇ ਤਾਂ ਇਹ ਕਿਸ ਤਰ੍ਹਾਂ ਸਿੱਧ ਹੋ ਗਿਆ ਕਿ ਕਰਤਾਰ ਹੈ ਨਹੀਂ ?" ਇਹ ਕਹਿ ਕੇ ਆਪੇ ਹੱਸ ਪਏ।

"ਪ੍ਰਕ੍ਰਿਤੀ ਜੜ੍ਹ ਹੈ, ਪ੍ਰਕ੍ਰਿਤੀ ਵਿਚ ਹੀ ਤ੍ਰੈ ਗੁਣ ਹਨ, ਵਟਾਉ ਸਟਾਉ ਸਾਰੇ ਪ੍ਰਕ੍ਰਿਤੀ ਵਿਚ ਹੈਨ। ਪਰ ਪੁਰਖ ਚੇਤਨ ਹੈ, ਗੁਣਾਤੀਤ ਹੈ, ਅਮਰ ਹੈ, ਤਾਂ ਸਾਰੇ ਪੁਰਖ ਐਨ ਇਕੋ ਜਿਹੇ ਹੋ ਗਏ, ਆਪੋ ਵਿਚ ਕੋਈ ਫਰਕ ਨਹੀਂ ਤਾਂ ਪੁਰਖ ਅਨੇਕਾਂ ਕਿਉਂ, ਇਕ ਕਿਉਂ ਨਾਂ ? 'ਫਰਕ' ਬਿਨਾ ਅਨੇਕਤਾ ਹੋ ਹੀ ਨਹੀਂ ਸਕਦੀ।

"ਪ੍ਰਕ੍ਰਿਤਿ ਜੜ੍ਹ ਤੇ ਪ੍ਰਕ੍ਰਿਤਿ ਤੋਂ ਪੁਰਖ ਸੁਤੰਤਰ ਦੋਵੇਂ ਆਪੋ ਵਿਚ ਰਲ ਮਿਲ ਬੈਠੇ। ਦੁਹਾਂ ਵਿਚ ਐਸੇ ਮੇਲ ਦੀ ਯੋਗਤਾ ਕਿ ਇਕ ਦੂਜੇ ਨਾਲ ਮਿਲਕੇ ਐਸੀ ਸੁੰਦਰ ਰਚਨਾ ਹੋ ਜਾਵੇ, ਕਿਸ ਨੇ ਸੋਚੀ ਤੇ ਪੈਦਾ ਕੀਤੀ ? ਇਕ ਆਦਮੀ ਤਕੜਾ ਤੇ ਅੰਨ੍ਹਾਂ ਹੈ, ਇਕ ਲੰਗੜਾ ਹੈ, ਪਰ ਸੁਜਾਖਾ ਹੈ, ਦੋਵੇਂ ਇਕ ਦੂਜੇ ਨਾਲ ਫਬਕੇ ਰਲ ਬੈਠੇ। ਅੰਨ੍ਹਾਂ ਘੋੜੀ ਬਣਿਆਂ, ਲੰਗੜਾ ਉਤੇ ਚੜ੍ਹਿਆ ਤੇ ਬਾਗ ਵਿਚ ਪਹੁੰਚਕੇ ਸੁਜਾਖੇ ਨੇ ਫਲ ਤੋੜੇ ਤੇ ਦੁਹਾਂ ਨੇ ਖਾਧੇ। ਇਕ ਅੰਨ੍ਹਾ ਹੋਵੇ ਪਰ ਹੋਰ ਅੰਗ ਠੀਕ ਹੋਣ ਤੇ ਲੰਗੜਾ ਸੁਜਾਖਾ ਹੋਵੇ ਤੇ ਦੋਵੇਂ ਯੋਗਤਾ ਪੂਰਬਕ ਤੇ ਸਾਂਝੀ ਗ਼ਰਜ਼ ਪਿੱਛੇ ਰਲ ਜਾਣ ਤਾਂ ਅਚਰਜ ਨਹੀਂ। ਹਾਂ, ਸਾਂਝੀ ਗ਼ਰਜ਼। ਪਰ ਇਹ ਕੀਕੂੰ ਆਪੇ ਹੋ ਗਿਆ ਜਦ ਕਿ ਪੁਰਖ ਸੁਤੇ ਬੇਗਰਜ਼ ਤੇ ਪ੍ਰਧਾਨ ਜੜ੍ਹ ਹੋਣ ਕਰਕੇ ਬੇਗ਼ਰਜ਼ ਹੈ"(ਹੱਸ ਪਏ)।

"ਦੇਖੋ ਜੀ ! ਪ੍ਰਕ੍ਰਿਤੀ(ਪ੍ਰਧਾਨ) ਭ੍ਰਮ ਮਾਤ੍ਰ ਨਹੀਂ ਪਰ ਸਚੀ ਮੁਚੀ ਹੈ, ਅਤੇ ਪੁਰਖ ਭੀ ਸਚੀ ਮੁਚੀ ਹੈ ਤਾਂ ਦੁਹਾਂ ਦਾ ਸੰਜੋਗ ਬੀ ਸਚੀ ਮੁਚੀ ਹੈ। ਹੁਣ ਦੁਖ ਤੇ ਪੀੜਾ ਸਚੀ ਮੁਚੀ ਦੇ ਸੰਜੋਗ ਵਿਚ ਹੈ। ਇਸ ਦੁਖ ਦਾ ਦਾਰੂ ਇਸ ਗਲ ਦਾ ਗਿਆਨ ਹੈ ਕਿ ਪੁਰਖ ਅਤੀਤ ਹੈ, ਪ੍ਰਕ੍ਰਿਤੀ ਜੜ੍ਹ ਹੈ। ਜਦ ਪ੍ਰਕ੍ਰਿਤੀ ਭਰਮ ਮਾਤ੍ਰ ਨਹੀਂ, ਸਚੀ ਮੁਚੀ ਹੈ, ਤਾਂ ਉਸ ਦਾ ਬੰਧਨ ਗਿਆਨ ਨਾਲ ਕੀਕੂੰ ਕਟੇ ? ਗਿਆਨ ਦਾ ਕੰਮ ਹੈ ਅਗਯਾਨ(ਮਾਇਆ ਯਾ ਭੁਲੇਖੇ) ਦਾ ਦੂਰ ਕਰਨਾ। ਜਦ ਸੰਜੋਗ ਸਚੀ ਮੁਚੀ ਦਾ ਹੈ ਤਾਂ ਗਿਆਨ ਉਸ ਨੂੰ ਕਿਕੂੰ ਕਟ ਸਕਦਾ ਹੈ ? ਸਚੀ ਮੁਚੀ ਦੇ ਸੰਜੋਗ ਦਾ ਜਦ ਗਿਆਨ ਪ੍ਰਾਪਤ ਹੋਵੇਗਾ ਤਾਂ ਸੰਜੋਗ ਦੀ ਯਥਾਰਥ ਅਵਸਥਾ ਸਾਫ਼ ਸਾਫ਼ ਸਮਝ ਵਿਚ ਪੈ ਜਾਵੇਗੀ ਨਾ ਕਿ ਟੁਟ ਜਾਏਗੀ। ਗਿਆਨ ਸੰਜੋਗ ਨੂੰ ਸਮਝਾਏਗਾ ਨਾ ਕਿ ਤੋੜੇਗਾ। ਨੁਕਤਾ ਇਹ ਹੈ ਕਿ ਜਾਂ ਤਾਂ ਸੰਜੋਗ ਸਚੀ ਮੁਚੀ ਹੈ, ਯਾ ਸਚੀ ਮੁਚੀ ਨਹੀਂ ਹੈ, ਭਰਮ ਮਾਤ੍ਰ ਹੈ, ਜੇ ਸਚੀ ਮੁਚੀ ਹੈ ਤਾਂ ਗਯਾਨ ਉਸਨੂੰ ਦੂਰ ਨਹੀਂ ਕਰ ਸਕਦਾ, ਗਯਾਨ ਅਗਯਾਨ ਨੂੰ ਕੱਟ ਸਕਦਾ ਹੈ, ਸਚੀ ਮੁਚੀ ਦੇ ਮੇਲ ਨੂੰ ਨਹੀਂ ਕੱਟ ਸਕਦਾ। ਭਲਾ ਜੇਕਰ ਪੁਰਖ ਤੇ ਪ੍ਰਕ੍ਰਿਤੀ(ਪਰਧਾਨ) ਦਾ ਸੰਜੋਗ ਭਰਮ ਮਾਤ੍ਰ ਹੈ ਤਾਂ ਪ੍ਰਕ੍ਰਿਤੀ ਨੂੰ 'ਮਾਯਾ' ਮੰਨਣਾ ਪਏਗਾ, ਜੋ ਪੁਰਖ ਨੂੰ ਕਿਸੇ ਤਰ੍ਹਾਂ ਪਈ ਤੇ ਗਿਆਨ ਨੇ ਦੂਰ ਕੀਤੀ। ਜੇ ਪੁਰਖ ਤੇ ਪ੍ਰਕ੍ਰਿਤੀ ਦੋ ਨਹੀਂ, ਇਕੋ ਆਤਮਾਂ ਹੈ ਤਾਂ ਵੇਦਾਂਤ ਹੋ ਗਿਆ, ਸਾਂਖ ਖ਼ਤਮ ਤੇ ਜੇ ਇਕੋ ਪ੍ਰਕ੍ਰਿਤੀ ਹੈ ਤਾਂ ਚਾਰ ਵਾਕਯ ਹੋ ਗਿਆ, ਸਾਂਖ ਸਮਾਪਤ। ਹਾਂ ਜੇ ਪੁਰਖ ਕੋਈ ਅਸਿਖਯਤ ਸ਼ੈ ਹੈ ਤੇ ਪ੍ਰਕ੍ਰਿਤਿ ਵਿਚ ਤਜਰਬੇ ਦੀ ਖ਼ਾਤਰ ਵੜਦਾ ਹੈ ਤੇ ਤਜਰਬਾ ਕਰਕੇ ਸੁਸਿਖਯਤ ਹੋ ਜਾਂਦਾ ਹੈ ਤਾਂ ਕੁਛ ਗਲ ਬਣ ਜਾਂਦੀ ਹੈ।

"ਗੁਣ ਗ੍ਰਾਹਕ ਬਣੋ ਜੀ ! ਸਾਂਖ ਨੇ ਵਿਤ੍ਰੇਕ ਬੁਧੀ ਨਾਲੇ ਤਜਰਬੇ ਦੀ ਜਾਂਚ ਪੜਤਾਲ ਦੇ ਪੂਰਨੇ ਵਾਹਕੇ ਵਿਗਯਾਨ ਦਾ ਰਾਹ ਖੋਹਲਿਆ ਤੇ ਪੁਰਖ ਅਰਥਾਤ ਆਤਮਾ ਦੀ ਹੋਂਦ ਪ੍ਰਤਿਪਾਦਨ ਕਰ ਦਿਤੀ।

"ਮਨ ਜੀ ! ਚੜ੍ਹਦੀਆਂ ਕਲਾਂ ਵਿਚ ਖੇਡੋ। ਏਹ ਸਾਰੇ ਸਿਆਣੇ ਰਚਨਾਂ ਵਿਚ ਉਦਾਸੀ ਤੇ ਢਹਿੰਦੀਆਂ ਕਲਾਂ ਦੇ ਰੰਗ ਵੇਖ ਕੇ ਓਦਰਦੇ ਹਨ। ਦੁੱਖ ਕਿੱਥੇ ਹੈ ਪੀੜਾ ਕਿੱਥੇ ਹੈ ? ਮਾਂ ਨਾਲ ! (ਕਾਰਨ ਨਾਲ) ਸਦਾ ਮੇਲ ਜਦ ਪ੍ਰਾਪਤ ਹੋ ਗਿਆ; "ਫੇਰ ਬੁਰਾ ਨਹੀਂ, ਸਭ ਭਲਾ ਹੈ, ਹਾਰ ਨਹੀਂ, ਸਭ ਜਿੱਤ ਹੈ[1]।"

ਇਉਂ ਆਪਣੇ ਆਪ ਨਾਲ ਆਖਦੇ ਹੱਸਦੇ ਤੇ ਖੇਡਦੇ ਸਾਡੇ ਨਾਲ ਟੁਰੀ ਗਏ। ਸਾਂਖ ਤੇ ਇਹ ਵੀਚਾਰਾਂ ਠੀਕ ਸਨ। ਘਰ ਆ ਗਿਆ ਤੇ ਅਸਾਂ ਦਾਤਾ ਜੀ ਨੂੰ ਅੱਜ ਬਹੁਤ ਪਿਆਰ ਨਾਲ ਅੰਨ ਖੁਲਾਇਆ।

ਜਦ ਟੁਰਨ ਲਗੇ ਤਾਂ ਮੈਂ ਆਖਿਆ : ਦਾਤਾ ਜੀ ! ਕੀ ਮੈਂ ਅੰਨ੍ਹੀ ਹਾਂ ?

ਦਾਤਾ-ਉਹ ਅੰਧਾ ਹੈ ਜੋ ਆਪਾ ਨਾ ਪਛਾਣੇ।

ਮੈਂ-ਕਿਕੂੰ ਪਛਾਣਾਂ?

ਦਾਤਾ-ਤੂੰ ਤਾਂ 'ਬ੍ਰਹਮ ਹੈਂ' ਏਸ ਅਟਾਰੀ ਤੋਂ ਹੇਠਾਂ ਉਤਰ।

ਮੈਂ-ਕਿਕੂੰ ਉਤਰਾਂ ?

ਦਾਤਾ-ਪਹਿਲੋਂ ਆਪ ਨੂੰ ਪਛਾਣ। ਆਪ ਪਛਾਣੇਂ ਤਾਂ ਸੁਜਾਖੀ ਹੋ ਜਾਵੇਂ, ਸੁਜਾਖੀ ਹੋ ਕੇ ਬ੍ਰਹਮ ਨੂੰ ਲੱਭਣ ਦੀ ਯੋਗਤਾ ਪੈਦਾ ਹੋਵੇਗੀ, ਤਦੋਂ ਤੂੰ ਕੀਮਤ ਕੂਤ ਦੀ ਜਾਣੂ ਹੋ ਕੇ ਬ੍ਰਹਮ ਨੂੰ ਪਛਾਣੇਂਗੀ। ਇਸ ਪਛਾਣ ਦੇ ਆਇਆਂ ਤੂੰ ਅਵਸਥਾ, ਸਰਬ ਅਵਸਥਾ ਤੋਂ ਨਿਕਲ ਕੇ ਯਥਾਰਥ ਨੂੰ ਪਹੁੰਚੇਂਗੀ, ਤੂੰ 'ਸੱਚ' ਨੂੰ ਪਛਾਣੇਂਗੀ, ਸੱਚ ਵਿਚ ਖੇਡੇਂਗੀ, ਸੱਚ ਵਿਚ ਰਸ ਮਾਣੇਂਗੀ ਤੇ ਉਹ ਚੜ੍ਹਦੀ ਕਲਾ, ਜੋ ਸੱਚ ਤੇ ਅਮੁਲਜ ਹੈ, ਤੂੰ ਪਾਵੇਂਗੀ।

ਮੈਂ-ਕੀਕੂੰ ਪਛਾਣਾਂ ?

ਇਹ ਮੇਰਾ ਕਹਿਣਾ ਸੀ ਕਿ ਆਪ ਦੇ ਨੇਤ੍ਰ ਮੁੰਦ ਗਏ, **'ਪ੍ਰੀਤਮ ਜੀ'** ਮੂੰਹੋਂ ਨਿਕਲਿਆ, ਨੈਣਾਂ ਤੋਂ ਨੀਰ ਵਹਿਆ, ਨਾਲ ਹੀ ਮੇਰੇ ਸਰੀਰ ਵਿਚ ਇਕ ਝਰਨਾਟ ਛਿੜੀ, ਮੇਰੇ ਨੈਣੀਂ ਜਲ ਭਰ ਆਇਆ ਤੇ ਮੈਂ ਕਿੰਨਾਂ ਚਿਰ ਮੂਰਛਿਤ ਜੇਹੀ ਖੜੀ ਰਹੀ, ਜਦ ਅੱਖ ਖੁੱਲ੍ਹੀ ਤਾਂ ਦਾਤਾ ਜੀ ਟੁਰ ਚੁਕੇ ਸਨ।

ਦੂਏ ਦਿਨ ਦਾਤਾ ਜੀ ਆਪੇ ਹੀ ਆ ਗਏ! ਹੱਸਦੇ ਹੱਸਦੇ, ਖਿੜੇ ਮੱਥੇ ਤੇ ਲਸਦੇ ਚਿਹਰੇ, ਆਖਣ ਲੱਗੇ: "ਜੀਅਦਾਨ, ਜੀਅਦਾਨ।"

ਮੈਂ-ਦਾਤਾ ਜੀ ! ਮੈਂ ਅੰਨ੍ਹੀ ਹਾਂ, ਪਰ ਰਾਤ ਸੋਚਿਆ ਹੈ ਕਿ ਮੈਂ ਯੋਗ ਕਰਾਂ, ਤਾਂ ਬ੍ਰਹਮ ਹੋਵਾਂਗੀ।

ਦਾਤਾ-ਯੋਗ ਦਾ ਕੀਹ ਅੰਗ ਕਰੇਂਗੀ ?

ਮੈਂ-ਪ੍ਰਾਣਾਯਾਮ ਕਰਾਂਗੀ!

ਦਾਤਾ-ਤੇ ਯਮ ਨਿਯਮ ?

ਮੈਂ-ਉਹਨਾਂ ਦਾ ਕਹਿ ਹੈ।

ਦਾਤਾ-ਤਦ ਕਿੰਗਰੀ ਵਜੇਗੀ; ਪੰਡਤਾਂ ਦੇ ਘਰ ਭਾਠੀ ਚੋਏਗੀ ਤੇ ਗੋਰਖ ਗੋਰਖ ਹੋਵੇਗੀ।

ਮੈਂ-ਕਿਉਂ ?

ਦਾਤਾ-ਯਮ ਨਿਯਮ ਦਾ ਮਤਲਬ ਹੈ ਹਰ ਪਹਿਲੂ ਤੋਂ ਸਦਾਚਾਰ ਠੀਕ ਹੋਵੇ ਅਰਥਾਤ ਆਚਰਨ(ਚਾਲ ਚਲਨ) ਪਵਿੱਤ੍ਰ ਹੋਵੇ ਜੋ ਫੋਕੀ ਪੰਡਤਾਈ ਦੇ ਪੱਲੇ ਹੈ ਨਹੀਂ। ਸ਼ਾਸਤ੍ਰ ਪੜ੍ਹਕੇ ਕੁਛ ਲੋੜ ਬੀ ਘਟ ਜਾਂਦੀ ਹੈ ?

ਮੈਂ-ਦਾਤਾ ! ਹੈ ਤਾਂ ਸੱਚ।

ਦਾਤਾ-ਫੇਰ ਕੀਹ ਬਣਸੀ ?

ਮੈਂ-ਚਿੱਤ ਬ੍ਰਿਤੀਆਂ ਰੁਕ ਕੇ ਕਲੇਸ਼ ਦਾ ਨਾਸ਼।

ਦਾਤਾ-ਫੇਰ ਕੀਹ ?

ਮੈਂ-ਫਿਰ ਦ੍ਰਿਸ਼ਟਾ ਦੀ ਸਰੂਪ ਵਿਚ ਇਸਥਿਤੀ।

ਦਾਤਾ-ਨੀਂਹ ਕੱਚੀ, ਉਸ ਤੇ ਉਸਾਰੀ ! ਯਮ ਨਿਯਮ ਬਿਨਾਂ ਨਿਰੋਧ ਕੀਹ ? ਮੁਰਦਾ ਨਿਰੋਧ।

ਮੈਂ (ਘਬਰਾ ਕੇ)-ਮੁਰਦਾ ਨਿਰੋਧ ?

ਦਾਤਾ-ਯਮ ਨਿਯਮ ਬਿਨਾਂ ਨਿਰੋਧ ਜੀਵਨ ਪਦ ਤੇ ਨਹੀਂ ਲਿਜਾ ਸਕਦਾ। ਮਲ ਤੇ ਵਿਖੇਪ ਦੁਇ ਦੂਰ ਕਰਨੇ ਹਨ।

ਮੈਂ-ਫੇਰ ਪਹਿਲਾਂ ਇਹ ਕਰਾਂ, ਫੇਰ ਕੈਵਲ।

ਦਾਤਾ-ਰਤਾ ਹੋਰ ਅਗੇਰੇ...ਮੇਲ! ਫਿਰ ਹੱਸਕੇ ਗਾਵੇ:

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ
ਜੇ ਹੋਇ॥ ਅੰਤਰ ਆਤਮੈ ਜੋ ਮਿਲੈ ਮਿਲਿਆ
ਕਹੀਐ ਸੋਇ॥ ੩॥ (ਸੂਹੀ: ਵਾਰ: ਮ: ੨-੧੯)

ਕੋਲ ਬੈਠੇ, ਨੇੜੇ ਆ ਗਏ ਤਾਂ ਮਿਲੇ ਹੋਏ ਨਹੀਂ ਹੁੰਦੇ (ਪਰਮ) ਆਤਮਾ ਵਿਚ ਆਤਮਾ ਮਿਲੇ ਤਾਂ ਮਿਲੇ। (ਪਰਮ) ਆਤਮਾ ਜੀਉਂਦੀ ਜਾਗਦੀ ਜੋਤਿ ਤੇ ਜੀਵਾਤਮਾ ਬੀ ਜਾਗਦੀ ਸ਼ੈ, ਦੁਹਾਂ ਵਿਚ ਮੇਲ ਦਾ ਸਾਧਨ ਹੋਵੇ ਤਾਂ ਮੇਲ ਹੋਵੇ।

ਮੈਂ ਕਿਹਾ : ਜੀਵ ਤਤ ਨੂੰ ਪੁਰਖ ਵਿਸ਼ੇਸ਼ ਨਾਲ

1. ਬੁਰਾ ਨਹੀਂ ਸਭੁ ਭਲਾ ਹੀ ਹੈ ਰੇ ਹਾਰ ਨਹੀਂ ਸਭ ਜੇਤੈ! (ਕਾ: ਮ: ੫)

ਮਿਲਣ ਦੀ ਲੋੜ ਕੀ ?

ਦਾਤਾ-(ਨੇਤ੍ਰ ਮੁੰਦ ਗਏ) **'ਪ੍ਰੀਤਮ ਜੀ'** ਕਿਹਾ, ਜਲ ਕਿਰ ਪਿਆ, ਚਿਹਰਾ ਬਦਲ ਗਿਆ। ਮੇਰੇ ਬੀ ਨੈਣ ਭਰ ਆਏ, ਝਰਨਾਟ ਛਿੜ ਗਈ! ਲੂੰ ਕੰਡੇ ਖੜੇ ਹੋ ਗਏ[1]। ਜਦ ਅੱਖਾਂ ਖੁੱਲ੍ਹੀਆਂ ਤਾਂ ਦਾਤਾ ਜੀ ਟੁਰ ਗਏ ਸੇ ਤੇ ਮੇਰੇ ਸਾਹਮਣੇ ਕੰਧ ਤੇ ਲਿਖਿਆ ਸੀ 'ਤੂੰ ਨਾਸਤਕ ਹੈਂ।'

ਹੁਣ ਮੈਂ ਘਬਰਾਈ 'ਮੈਂ ਨਾਸਤਕ ਹਾਂ' ? ਮੈਂ ਪਿਤਾ ਜੀ ਨਾਲ ਅਜੇ ਕੱਲ ਚਾਰਵਾਕੀਆਂ ਦੇ ਮਤ ਨੂੰ ਖੰਡਨ ਕਰਕੇ ਜਿੱਤ ਪਾਈ ਹੈ। ਅੱਗੇ ਮੈਂ ਅੰਨ੍ਹੀਂ ਸੀ, ਹੁਣ ਮੈਂ ਨਾਸਤਕ ਹੋ ਗਈ। ਹੇ ਭਗਵਾਨ ! ਇਹ ਦਾਤਾ ਲੋਕ ਮੇਰੇ ਨਾਲ ਕੀਹ ਕਰ ਰਿਹਾ ਹੈ ? ਮੈਨੂੰ ਤਪੀ ਤੇ ਪੰਡਤ ਮੱਥੇ ਟੇਕ ਕੇ ਜਾਂਦੇ ਹਨ, ਇਹ ਗਾਲ੍ਹਾਂ ਦਿੰਦਾ ਹੈ, ਪਰ ਫੇਰ ਪਿਆਰਾ ਲੱਗਦਾ ਹੈ, ਜੋ ਕਹੇ ਅੰਦਰ ਜਾਂਦਾ ਤੇ ਚੀਰ ਪਾਉਂਦਾ ਹੈ।

ਦੂਜੇ ਦਿਨ ਦਾਤਾ ਜੀ ਫੇਰ ਪਿਤਾ ਜੀ ਨਾਲ ਸਾਡੇ ਘਰ ਆ ਗਏ। ਜਦ ਅੰਨ ਪਾ ਚੁਕੇ ਤਾਂ ਆਪੇ ਹੀ ਪਏ ਆਖਣ:-

"ਸਾਧਨ ! ਯਤਨ ਮਾਤ੍ਰ ! ਇਨ੍ਹਾਂ ਦਾ ਫਲ ਕੀਹ ? ਵਿਭੂਤੀ। ਤੇ ਸਾਰੇ ਇਥੇ ਫਸ ਗਏ। ਸਿੱਧੀਆਂ ਫਸੇ ਸਿੱਧ ਤੇ ਯੋਗੀ, ਭਾਠੀ ਚੋਏ, ਦਾਰੂ ਨਿਕਲੇ ਪੀਤੇ ਤੇ ਮਤਵਾਲੇ, ਕਿਹਾ ਕੁ ਯੋਗ ਹੈ ? ਕੈਵੱਲ ਕਿਥੇ ਗਿਆ ?

"ਪੁਰਖ ਨੂੰ ਪ੍ਰਕ੍ਰਿਤੀ ਤੋਂ ਅੱਡ ਕਰ ਲਿਆ ਕੈਵੱਲ ਤਾਂ ਹੋ ਗਿਆ, ਭਲਾ ਜੇ ਕੈਵੱਲ ਬੀ ਪ੍ਰਾਪਤ ਹੋ ਗਿਆ ਤਾਂ ਕੀ ਹੋਇਆ ! ਉਹੋ ਜੋ ਅਨਈਸ਼੍ਵਰ ਵਾਦੀ ਸਾਂਖ ਪਿਆ ਕਹਿੰਦਾ ਹੈ ਸੋ ਸਾਧਨ ਕਰਕੇ ਪੁਰਖ ਪ੍ਰਕ੍ਰਿਤੀ ਤੋਂ ਅਤੀਤ ਹੋ ਗਿਆ ਤੇ ਯੋਗ ਨੇ ਸਾਂਖ ਨਾਲੋਂ ਜੋ ਵਾਧਾ ਕੀਤਾ ਸੀ ਤੇ ਦੱਸਿਆ ਸੀ ਕਿ ਕੋਈ ਵਿਸ਼ੇਸ਼ ਪੁਰਖ ਹੈ ਜੋ ਈਸ਼੍ਵਰ ਹੈ, ਇਹ ਈਸ਼੍ਵਰ ਤਾਂ ਫੇਰ ਲਾਂਭੇ ਹੀ ਧਰਿਆ ਰਹਿ ਗਿਆ। ਜੇ ਤਾਂ ਉਸ ਈਸ਼੍ਵਰ ਨੂੰ ਮੰਨਿਆ ਸੀ ਤਾਂ ਯੋਗ ਸਾਧਨਾਂ ਨਾਲ ਪਹਿਲੇ ਵਿਭੂਤੀ ਤੇ ਫੇਰ ਕੈਵੱਲ (ਪੁਰਖ ਨੂੰ ਪ੍ਰਿਕ੍ਰਿਤੀ ਤੋਂ ਅਤੀਤ ਕਰਨ) ਵਿਚ ਪਹੁੰਚਣੇ ਦੀ ਉਹ ਕਾਰ ਹੀ ਕਰਕੇ ਕੀਹ ਲੈਣਾ ਸੀ ? ਸੱਨਧੀ ਮਾਤ੍ਰ ਪ੍ਰਕ੍ਰਿਤੀ ਨਾਲ ਮੇਲ ਸੀ, ਗਲ ਸਮਝ ਲਈ, ਪਰੇ ਹੋ ਗਏ। ਯਮ, ਨਿਯਮ, ਆਸ਼ਣ, ਪ੍ਰਾਣਾਯਾਮ, ਪ੍ਰਤ੍ਯਾਹਾਰ, ਧਾਰਨਾ, ਧਿਆਨ, ਸਮਾਧੀ ਕੀਤੇ ਪਰ ਪਹੁੰਚੇ ਓਥੇ ਹੀ। ਲਿਖਿਆ ਪਿਆ ਸੀ ਉਸ ਦਰਸ਼ਨ ਵਿਚ 'ਈਸ਼੍ਵਰ ਪ੍ਰਣਿਧਾਨ[1] ਸੋ ਨਾ ਖਜਾਲਿਆ।"

ਮੈਂ-ਪਰ ਨਾਲ ਲਿਖਿਆ ਹੈ 'ਵਾ' ਕਿ ਇਹ ਬੀ ਇਕ ਰਸਤਾ ਹੈ।

ਦਾਤਾ-ਪਰ ਇਸ ਰਸਤੇ ਨੂੰ ਨਿਰਵਿਘਨ ਬੀ ਲਿਖਿਆ ਹੈ, ਕਿਉਂ ?

ਮੈਂ-ਹਾਂ, ਪਤਾ ਨਹੀਂ ਕਿਉਂ ?

ਦਾਤਾ-ਕਿਸੇ ਟੀਕਾਕਾਰ ਨੇ ਕਾਰਣ ਦੱਸਿਆ ਹੈ ਕਿ ਈਸ਼੍ਵਰ ਪ੍ਰਣਿਧਾਨ ਨਾਲ ਈਸ਼੍ਵਰ ਦੀ ਅਨੁਗ੍ਰਹ ਉਸ ਦੀ ਸਹਾਈ ਹੋ ਜਾਂਦੀ ਹੈ, ਇਸ ਕਰਕੇ ਵਿਘਨ ਨਹੀਂ ਪੈਂਦੇ।[2]

ਮੈਂ-ਵਾਹਵਾਹ, ਸੁਆਦ ਆ ਗਿਆ ਹੈ। ਟੀਕਾਕਾਰ ਬੀ ਸੂਤ੍ਰਕਾਰਾਂ ਤੋਂ ਘੱਟ ਨਹੀਂ ਰਹਿੰਦੇ।

ਦਾਤਾ-ਇਹ ਬੀ ਪੜ੍ਹਿਆ ਜੇ ਕਿ 'ਤਪ ਸ੍ਵਾਧਯਾਯ' ਤੇ 'ਈਸ਼੍ਵਰ ਪ੍ਰਣਿਧਾਨ' ਕ੍ਰਿਯਾ ਯੋਗ ਹੈ।[3]

ਮੈਂ-ਹਾਂ ਠੀਕ ਹੈ, ਕ੍ਰਿਯਾ ਯੋਗ ਇਹੀ ਹੈ।

ਦਾਤਾ-ਫੇਰ ਜਿਸ ਦੀ ਭਗਤੀ ਕਰਾਂਗੇ ਉਸ ਦੀ ਅਨੁਗ੍ਰਹ ਹੋਵੇਗੀ, ਜਿਸ ਦੀ ਅਨੁਗ੍ਰਹ ਹੋਵੇਗੀ ਉਸ ਨੂੰ ਪ੍ਰਾਪਤ ਹੋਵਾਂਗੇ ਕਿ ਨਾ ?

ਮੈਂ-ਊਈ ਕਿੱਧਰ ਲਿਜਾ ਰਹੇ ਹੋ। ਠੀਕ ਤਾਂ ਹੈ।

ਦਾਤਾ-ਫੇਰ?

ਮੈਂ-ਯੋਗ ਦਰਸ਼ਨ ਨੇ ਤੇ ਸਾਂਖ ਚੂਲਿਕਾ ਨੇ ਸ਼ਾਂਖ ਦੇ ੨੫ ਤੱਤਾਂ ਦੇ ਨਾਲ ਈਸ਼੍ਵਰ ਬੀ ਇਕ ਤੱਤ ਰਲਾ ਦਿੱਤਾ, ਪ੍ਰਕ੍ਰਿਤਿ ਪੁਰਖ ਤੇ ਈਸ਼੍ਵਰ ਤ੍ਰੈਏ ਅਨਾਦਿ ਤੇ ਨਿਤ੍ਯ ਹੋ ਗਏ। ਅਨੀਸ਼੍ਵਰਵਾਦਤਾ ਤਾਂ ਘਟੀ, ਪਰ ਆਸਤਕਤਾ ਦਾ ਮਨੋਰਥ ਪੂਰਨ ਅਜੇ ਬੀ ਨਾ ਹੋਇਆ। ਕੀਹ ਏਹ ਆਖ ਰਹੇ ਹੋ ?

ਦਾਤਾ-ਆਖ ਰਿਹਾ ਹਾਂ ਕਿ ਤੁਸੀਂ ਵਿਦ੍ਯਾ ਨੈਣ ਹੀਣਿਆਂ ਤੋਂ ਪਾਈ ਹੈ। ਉਨ੍ਹਾਂ ਤੁਹਾਨੂੰ ਸਿਖਾਇਆ ਕਿ ਨਿਰਾ ਨਿਰੁੱਧ ਯੋਗ ਹੈ। ਇਹਨਾਂ ਦੱਸਿਆ ਕਿ ਨਿਰੁੱਧ ਹੋ ਕੇ ਈਸ਼੍ਵਰ ਪ੍ਰਣੀਧਾਨ[4] ਯੋਗ ਹੈ।

ਮੈਂ-ਪਰ ਪੜ੍ਹਾਉਣ ਵਾਲਾ ਕੀ ਕਰੇ ਜਦ ਸ਼ਾਸਤ੍ਰ ਵਿਚ ਨਾਲ 'ਵਾ' ਕਿਹਾ ਹੈ ਕਿ ਈਸ਼੍ਵਰ ਪ੍ਰਣੀਧਾਨ ਨਾਲ ਬੀ ਸਮਾਧੀ ਹੁੰਦੀ ਹੈ; 'ਵਾ' ਕਹਿਣ ਨਾਲ

---

1. ਦਾਤਾ ਜੀ ਨੇ ਅਮਲੀ ਉਤਰ ਦਿੱਤਾ ਹੈ ਕਿ ਉਹ ਸ਼ੈ 'ਪ੍ਰੇਮ' ਹੈ।

1. ਸਭ ਕੁਛ ਕਰਕੇ ਈਸ਼੍ਵਰ ਨੂੰ ਸਮਰਪਨ ਕਰਨਾ। ਭਾਵ ਭਗਤੀ ਤੋਂ ਹੈ। 2. ਸਮਾਧਿ ਪਾਦ ਸੂਤ੍ਰ ੨੯ ਵਿਚ ਦੱਸਿਆ ਹੈ ਕਿ ਨਾਮ ਜਪ ਨਾਲ ਵਿਘਨਾਂ ਦਾ ਅਭਾਵ ਹੁੰਦਾ ਹੈ। 3. ਯੋ: ਦ: ਸਾਧਨ ਪਾਦ ੧। 4. ਈਸ਼੍ਵਰ ਭਗਤੀ।

ਗਲ ਗੌਣ ਹੋ ਗਈ ਤੇ ਫਿਰ ਬੀ ਸਮਾਧੀ ਕਿਹੜੀ ? ਪੁਰਖ ਦੀ ਆਪਣੇ ਸਰੂਪ ਵਿਚ ਇਸਥਿਤੀ। ਕੈਵੱਲ ਮਾਤ੍ਰ!

ਦਾਤਾ ਜੀ (ਲੰਮਾ ਸਾਹ ਲੈ ਕੇ)-ਪੜ੍ਹਾਉਨ ਵਾਲੇ ਨੇ ਇਹ ਗੱਲ ਨਾ ਖੋਹਲੀ ਕਿ 'ਤਪ ਸ੍ਵਾਧ੍ਯਾਯ ਤੇ ਈਸ਼੍ਵਰ ਪ੍ਰਣਿਧਾਨ ਦਾ ਨਾਮ ਕ੍ਰਿਯਾ ਯੋਗ' ਹੈ। ਸ਼ਾਸਤ੍ਰ ਬੀ ਬਨ ਹੈ, ਕਰਨੀ ਹੀਨ ਤੋਂ ਪੜ੍ਹਿਆਂ ਇਸ ਵਿਚ ਹੀ ਗੁਆਚ ਜਾਣ ਦਾ ਡਰ ਹੁੰਦਾ ਹੈ।

ਇਹ ਕਹਿ ਕੇ ਬੁੱਲ੍ਹ ਟੁਕਦੇ ਟੁਕਦੇ ਚੁਪ ਹੋ ਗਏ, ਕੁਛ ਚਿਰ ਮਗਰੋਂ ਚੁਪ ਨੂੰ ਤੋੜਨ ਲਈ ਮੈਂ ਫੇਰ ਗਲ ਛੇੜੀ।

ਮੈਂ-ਨਾਸਤਕ ਕਿਕੂੰ ਹਾਂ ?

ਦਾਤਾ ਜੀ ਹੱਸ ਪਏ। ਫੇਰ ਪੁੱਛਿਆ।

ਦਾਤਾ-ਆਸਤਕ ਹੈਂ ਤਾਂ ਤੇਰਾ ਰੱਬ ਕਿੱਥੇ ਹੈ ?

ਮੈਂ-ਸਾਰੇ ਵ੍ਯਾਪਕ ਹੈ।

ਦਾਤਾ-ਤੇਰਾ ਰੱਬ ਤੇਰੇ ਪਾਸ ਹੈ ਕਿ ਨਹੀਂ ?

ਮੈਂ-ਜੋ ਸਾਰੇ ਹੈ ਤਾਂ ਮੇਰੇ ਪਾਸ ਬੀ ਹੈ।

ਦਾਤਾ-ਤੇਰੇ ਪਾਸ ਹੈ ਤਾਂ ਕਿੱਥੇ ਹੈ ?

ਮੈਂ-ਅੰਗੁਸ਼ਟ ਪ੍ਰਮਾਣ (ਅੰਗੂਠੇ ਜਿੰਨਾਂ) ਮੇਰੇ ਹਿਰਦੇ ਵਿਚ ਬੈਠਾ ਹੈ!

ਦਾਤਾ-ਕਿਹੋ ਜਿਹਾ ਹੈ ?

ਮੈਂ-ਮੈਂ ਕੋਈ ਡਿੱਠਾ ਥੋੜਾ ਹੈ ?

ਦਾਤਾ-ਭਾਸਦਾ ਹੈ, ਪ੍ਰਤੀਤ ਹੁੰਦਾ ਹੈ ਕਿ ਹੈ ?

ਮੈਂ-ਹਾਂ ਜੀ।

ਦਾਤਾ-ਸੱਚ ? ਚਰਚਾ ਵਾਦ ਦੇ ਵੇਲੇ ਕਿ ਕਦੇ ਅੱਗੇ ਪਿੱਛੇ ਬੀ ?

ਮੈਂ-ਅੱਗੇ ਪਿੱਛੇ ਕੀ ਮਤਲਬ ?

ਦਾਤਾ-'ਰੱਬ ਹੈ' ਇਹ ਖ਼ਿਆਲ ਦਿਨ ਰਾਤ ਵਿਚ ਕਿੰਨਾਂ ਚਿਰ ਅੰਦਰ ਰਹਿੰਦਾ ਹੈ ?

ਮੈਂ-ਕਿੰਨਾਂ ਚਿਰ ? ਕੀਹ ਮਤਲਬ ?

ਦਾਤਾ-ਕਦੇ ਚਰਚਾ ਵਾਦ ਵੇਲੇ, ਕਥਾ ਕਰਨ ਵੇਲੇ ਯਾ ਕਿਤੇ ਐਵੇਂ ਫੁਰਨਾ ਮਾਤ੍ਰ ਆਯਾ, ਹਵਾ ਦੇ ਬੁੱਲੇ ਵਾਂਙ ਲੰਘ ਗਿਆ।

ਮੈਂ-ਘਬਰਾ ਕੇ ਪਰ ਫੇਰ ਸੰਭਲ ਕੇ ਕਿਹਾ:-ਸੱਚ ਕਿਹਾ ਨੇ, ਕਦੇ ਕਦਾਈਂ।

ਦਾਤਾ-ਜਿੰਨਾ ਚਿਰ ਇਹ ਖਿਆਲ ਅੰਦਰ ਨਹੀਂ ਰਹਿੰਦਾ ਕਿ 'ਰੱਬ ਹੈ' ਉੱਨਾਂ ਚਿਰ 'ਹੈ' ਦਾ ਖਿਆਲ ਯਾ 'ਆਸਤਕ ਭਾਵ' (ਰੱਬ ਦੇ ਹੋਣ ਦਾ ਭਾਵ) ਅੰਦਰ ਹੀ ਨਹੀਂ ਤਦ ਤੁਸਾਡੀ 'ਪ੍ਰਤੀਤੀ' ਵਿਚ ਉਹ ਕਿਸ ਤਰ੍ਹਾਂ ਆਯਾ ਹੈ ? ਜੇ ਨਹੀਂ, ਤਾਂ ਕੀਕੂੰ ਕਹਿੰਦੇ ਹੋ ਕਿ ਅੰਦਰ ਹੈ ਅਰ ਭਾਸਦਾ ਹੈ। ਜੇ 'ਰੱਬ ਹੈ' ਇਹ ਭਾਵ ਲਗਾਤਾਰੀ ਅੰਦਰ ਨਹੀਂ ਹੈ ਤਾਂ ਤੂੰ ਆਸਤਕ ਕਿਸ ਤਰ੍ਹਾਂ ਹੈਂ ? ਜੇ 'ਅਸ੍ਤਿ'-'ਹੈ' ਦਾ ਭਾਵ ਲਗਾਤਾਰ, ਅਟੁੱਟ ਅੰਦਰ ਹੈ ਤਾਂ ਆਸ੍ਤਿਕ।

ਮੈਂ (ਘਬਰਾ ਕੇ)-ਦਾਤਾ ਲੋਕ। ਤੇਰਾ ਕੋਸ਼ ਵੱਖਰਾ; ਤੇਰੀ ਟੀਕਾ ਅਨੋਖੀ, ਪਰ ਹੈ ਜ਼ੋਰਦਾਰ।

ਦਾਤਾ-ਫੇਰ ਤੂੰ 'ਨਾ+ਅਸਤਿ' ਵਾਲੀ-ਆਸਤਿਕ=ਨਾਸਤਿਕ ਹੈਂ ਕਿ ਨਹੀਂ ?

ਮੈਂ-ਖਿਆਲ ਜਾਂ ਸਮਝ ਵਿਚ ਤਾਂ ਨਹੀਂ, ਮੈਂ ਸ਼੍ਰੁਤੀ ਪੜ੍ਹੀ ਹੈ, ਸ਼੍ਰੁਤੀ ਪਰਮਾਤਮਾਂ ਨੂੰ ਕਰਤਾ ਮੰਨਦੀ ਹੈ, ਮੈਂ ਮੰਨਦੀ ਹਾਂ, ਮੈਂ ਨਾਸਤਕ ਨਹੀਂ ਹਾਂ।

ਦਾਤਾ-ਪਰ ਸ਼੍ਰੁਤੀ ਨੇ ਜੋ ਪਰਮਾਤਮਾ ਦਾ ਰੂਪ ਪ੍ਰਤੀਪਾਦਨ ਕੀਤਾ ਹੈ ਉਸਦਾ ਪਹਿਲਾ ਪਦ ਤੂੰ ਨਹੀਂ ਪੜ੍ਹਿਆ, ਕੀ ਤੈਨੂੰ 'ਸਤ' (-'ਹੈ' ਦਾ ਭਾਵ) ਪ੍ਰਾਪਤ ਹੈ ?

ਮੈਂ-ਕੀ ਆਖਾਂ ?

ਦਾਤਾ-ਸੱਚ।

ਮੈਂ-ਸੱਚ ਕਹਿੰਦਿਆਂ ਸੰਗ ਆਉਂਦੀ ਹੈ, ਪਰ ਹੈ ਇਸੇ ਤਰ੍ਹਾਂ ਹੀ ਜਿਵੇਂ ਤੁਸਾਂ ਆਖਿਆ ਹੈ। ਮਨ ਉਡਦਾ ਹੈ 'ਸਤਜ ਪ੍ਰਤੀਤੀ' ਨਹੀਂ ਹੈ।

ਦਾਤਾ-ਤੁਹਾਡਾ ਅਨੁਭਵ ਆਸਤਿਕਤਾ ਵਲੋਂ ਬੰਦ ਹੈ। ਤੁਹਾਡੇ ਅੰਦਰ 'ਹੈ' ਦਾ ਲਗਾਤਾਰੀ ਭਾਵ ਨਹੀਂ। ਨਾ ਉਹ ਬ੍ਰਿਤੀ ਵਿਚ ਸਦਾ ਅਰੂੜ ਹੈ, ਨਾ ਕਦੇ ਤੁਸਾਂ ਉਸ ਨੂੰ ਅਨੁਭਵ ਕੀਤਾ ਹੈ।

ਮੈਂ (ਸੋਚ ਕੇ)-ਤੇ ਇਉਂ ਤਾਂ ਠੀਕ ਹੈ। ਤੇ ਇਉਂ ਮੈਂ ਨਾਸਤਿਕ ਹਾਂ, ਪਰ ਹੇ ਦਾਤਾ ! ਮੈਨੂੰ ਵਿਦਯਾ ਜਿਸ ਪਾਸੇ ਲੈ ਗਈ ਸੀ, ਤੂੰ ਉਸ ਵਿਚੋਂ ਮੈਨੂੰ ਕਿਹੜੇ ਪਾਸੇ ਲਿਜਾ ਰਿਹਾ ਹੈਂ ? ਮੇਰਾ ਕਲੇਜਾ ਹਿੱਲ ਚੁਕਾ ਹੈ, ਮੇਰਾ ਮਨ ਟੁੱਟ ਰਿਹਾ ਹੈ, ਉਦਾਸੀ ਛਾਉਂਦੀ ਹੈ ਅਰ ਸੁਖ ਜਾ ਰਿਹਾ ਹੈ, ਪਰ ਫੇਰ ਤੂੰ ਮਾੜਾ ਨਹੀਂ ਲਗਦਾ, ਤੇਰੀਆਂ ਗੱਲਾਂ ਫੇਰ ਸੁਣਨ ਨੂੰ ਜੀ ਕਰਦਾ ਹੈ। ਸਾਫ਼ ਦੱਸ ਮੈਂ ਕੀ ਕਰਾਂ ! ਇਹ ਮੇਰੇ ਕਹਿੰਦਿਆਂ ਉਨ੍ਹਾਂ ਦਾ ਰੰਗ ਬਦਲ ਗਿਆ, ਨੈਣ ਮੁੰਦ ਗਏ, **'ਪ੍ਰੀਤਮ ਜੀ'** ਵਾਕ ਨਿਕਲਿਆ, ਜਲ ਭਰ ਆਯਾ

ਜੀ ਨੂੰ ਲਾ ਦੇਣ। ਦੇਖੋ ਗੁਰੂ ਦੇ ਕਰਨੇ, ਉਨ੍ਹਾਂ ਨੂੰ ਮਾਈ ਦੇ ਹੱਥਾਂ ਦਾ ਭੋਜਨ ਮਿਲਿਆ, ਬੜੇ ਆਨੰਦ ਹੋਏ ਪਰ ਜਦ ਵਿੱਥਯਾ ਸੁਣੀ ਤਦ ਸੋਚ ਪੈ ਗਈ ਕਿ ਭੈਣ ਤਾਂ ਅਜੇ ਕੈਦ ਹੈ। ਫੇਰ ਸਭਨਾਂ ਨੇ ਗੁਰੂ ਮੂਹਰੇ ਅਰਦਾਸਾ ਸੋਧਿਆ ਕਿ ਹੇ ਗੁਰੂ ! ਹੁਣ ਆਪ ਬਾਹੁੜੀ ਕਰੋ। ਇੰਨੇ ਨੂੰ ਰਹੁਰਾਸ ਦਾ ਸਮਾਂ ਆਇਆ; ਮਾਈ ਨੇ ਪਾਠ ਕੀਤਾ। ਦੇਖੋ ਸਿਰ ਕਟਕ ਦੀ ਰਾਤ ਆ ਰਹੀ ਹੈ, ਪਰ ਸਿਖ ਹਿਰਦਾ ਕਿਸ ਬੇਪਰਵਾਹੀ ਵਿਚ ਆਪਣੇ ਸਿਰਜਨਹਾਰ ਦੀ ਆਰਾਧਨਾ ਕਰ ਰਿਹਾ ਹੈ? ਸਿਖ ਹਿਰਦਾ ਇਸ ਟੇਕ ਵਿਚ ਹੈ ਕਿ ਸਿੱਖੀ ਅਟੱਲ ਹੈ, ਜਦ ਤਕ ਸੁਾਸ ਹਨ ਸਿੱਖੀ ਨਾਲ ਨਿਭੇਗੀ।

ਉਧਰ ਰਾਤ ਹੋ ਗਈ, ਦੀਵਾਨਖਾਨੇ ਵਿਚ, ਜੋ ਬਾਗ਼ ਦੇ ਉਪਰ ਹੈ, ਰਾਗ ਰੰਗ ਦੀਆਂ ਤਿਆਰੀਆਂ ਹੋ ਗਈਆਂ। ਨਵਾਬ ਸਾਹਿਬ ਜ਼ੈਨਾ ਪਾਸ ਆਏ, ਆ ਕੇ ਗਵੱਯਨ ਦਾ ਹਾਲ ਪੁੱਛਿਆ। ਉਸਨੇ ਕਿਹਾ: ਬਾਗ਼ ਨੂੰ ਗਈ ਹੈ, ਹੁਣੇ ਆ ਜਾਵੇਗੀ।

ਨਵਾਬ-ਉਮੈਦ ਤਾਂ ਨਹੀਂ, ਪਰ ਕਿਤੇ ਕਿਸੇ ਮਾਲੀ ਪਹਿਰੇਦਾਰ ਨੂੰ ਕੁਝ ਲਾਲਚ ਦੇ ਕੇ ਕਿਸੇ ਫਰੇਬ ਨਾਲ ਨਿਕਲ ਨ ਜਾਵੇ।

ਬੇਗਮ-ਬੇਫਿਕਰ ਰਹੋ, ਇਹ ਨਹੀਂ ਹੋਵੇਗਾ। ਉਹ ਨਿਕਲ ਸਕਦੀ ਹੈ ਪਰ ਨਿਕਲੇਗੀ ਨਹੀਂ।

ਨਵਾਬ-ਉਹ ਕਿਉਂ ?

ਬੇਗਮ-ਇਸ ਲਈ ਕਿ ਉਹ ਬਚਨ ਦੇ ਗਈ ਹੈ ਕਿ "ਆਪਣੀ ਨਿਮਾਜ਼ ਦੇ ਮਗਰੋਂ ਆ ਜਾਵੇਗੀ।"

ਨਵਾਬ-ਕੈਦੀਆਂ ਦੇ ਸੁਖਨ ਦਾ ਕੀ ਇਤਬਾਰ ?

ਬੇਗਮ-'ਕੈਦੀ ਕਿ ਆਜ਼ਾਦ' (ਮੁਸਕ੍ਰਾ ਕੇ) ਸਿੱਖ ਦੇ ਕੌਲ ਦਾ ਸਦਾ ਇਤਬਾਰ ਹੈ ! ਮੈਂ ਸਿਖਾਂ ਵਿਚ ਰਹਿ ਕੇ ਦੇਖ ਆਈ ਹਾਂ ਕਿ ਸਿੱਖ ਆਪਣੀ ਜੀਭ ਨੂੰ ਝੂਠ ਨਾਲ ਕਦੇ ਜਾਣੂੰ ਨਹੀਂ ਕਰਦੇ।

ਨਵਾਬ-ਦੇਖੀਏ!

ਬੇਗਮ-ਦੇਖ ਲਓ।

ਨਵਾਬ-ਕਿਤੇ 'ਦੇਖ ਲਓ' ਵਿਚ ਹੀ ਸੋਨੇ ਦੀ ਚਿੜੀ ਨਾ ਉੱਡ ਜਾਵੇ।

ਬੇਗਮ-ਮੈਂ ਜੁ ਜ਼ਾਮਨ ਬੈਠੀ ਹਾਂ। ਹਾਂ ਸੱਚੀਂ ਉਸ ਪਰ ਅਤਯਾਚਾਰ ਨਾ ਕਰਨਾ, ਗੁਣੀਆਂ ਦੀ ਸਦਾ ਕਦਰ ਚਾਹੀਦੀ ਹੈ।

ਨਵਾਬ-ਸਖਤੀ ਕੋਈ ਨਹੀਂ, ਸਿਰਫ ਰਾਗ ਸੁਣਨਾ ਹੈ।

ਬੇਗਮ-ਗਵੱਯਨਾਂ ਬੀ ਤੁਸਾਂ ਕਨੀਜ਼ਾਂ ਸਮਝ ਛੱਡੀਆਂ ਹਨ, ਕਿਹੜਾ ਉਨ੍ਹਾਂ ਦਾ ਸਤਿਕਾਰ ਰਖਦੇ ਹੋ ?

ਨਵਾਬ-ਖ਼ੈਰ ! ਕੋਈ ਡਰ ਨਹੀਂ ਪਾਤਸ਼ਾਹਾਂ ਨੂੰ ਸਭ ਕੁਝ ਹਲਾਲ ਹੈ।

ਜ਼ੈਨਾ-ਸ਼ਰਾਬ ਤੇ ਨਾਚ ਰਾਗ ਦੀ ਤੁਸੀਂ ਚੋਰੀ ਬੜੀ ਰਖਦੇ ਹੋ, ਪਰ ਗੱਲਾਂ ਅਕਸਰ ਨਿਕਲ ਜਾਂਦੀਆਂ ਹਨ। ਔਰੰਗਜ਼ੇਬ ਦਾ ਤੁਹਾਨੂੰ ਪਤਾ ਹੀ ਹੈ ਕਿ ਸ਼ਰਾਬ ਤੇ ਰਾਗ ਨਾਚ ਦਾ ਦੁਸ਼ਮਨ ਹੈ।

ਨਵਾਬ-ਫਿਕਰ ਨਾ ਕਰੋ, ਉਸ ਤਕ ਕੋਈ ਗੱਲ ਨਹੀਂ ਅੱਪੜ ਸਕਦੀ।

ਇੰਨੇ ਨੂੰ ਬਾਗ਼ ਦਾ ਬੂਹਾ ਖੁੱਲ੍ਹਾ ਅਰ ਤ੍ਰਿਲੋਕ ਬਾਈ ਸ਼ੇਰ ਵਾਂਙੂ ਨਿਰਭੈ ਚਮਕਦੇ ਤੇਜ ਮਈ ਚਿਹਰੇ ਨਾਲ ਉਪਰ ਆਈ। ਬੇਗਮ ਨਵਾਬ ਵਲ ਤੱਕ ਕੇ ਬੋਲੀ- ਲਓ ਦੇਖ ਲਓ ਸਿੱਖ ਦਾ ਇਕਰਾਰ।

ਨਵਾਬ ਉਸ ਦੀ ਸਤਿਕਾਰ ਯੋਗ ਢਲਦੀ ਉਮਰ ਦੀ ਸੁੰਦਰਤਾ ਅਰ ਨਿਰਭੈਤਾ ਦੇਖ ਕੇ ਨੈਣਾਂ ਵਿਚ ਕੁਝ ਝੱਸੀ ਖਾ ਗਿਆ। ਫੇਰ ਬੈਠਣ ਦੀ ਸੈਨਤ ਕੀਤੀਓਸ ਤੇ ਫਿਰ ਸਤਿਕਾਰ ਨਾਲ ਗੱਲਾਂ ਕਰਦਾ ਰਿਹਾ। ਉਹ ਨਿਰਭੈ ਬੈਠੀ ਐਉਂ ਤੱਕਦੀ ਰਹੀ, ਜਿਸ ਤਰ੍ਹਾਂ ਕੋਈ ਹਕੀਮ ਕਿਸੇ ਰੋਗੀ ਨੂੰ ਵੇਖਦਾ ਹੈ।

ਇੰਨੇ ਨੂੰ ਖ਼ਬਰ ਆਈ ਕਿ ਸਭ ਗਵੱਯੇ ਦੀਵਾਨਖਾਨੇ ਵਿਚ ਹਾਜ਼ਰ ਹਨ, ਸਾਜ਼ ਛਿੜ ਰਹੇ ਹਨ ! ਨਵਾਬ ਸਾਹਿਬ ਉਠਕੇ ਤੁਰੇ ਅਰ ਦੋ ਤਿੰਨ ਬਾਂਦੀਆਂ ਤ੍ਰਿਲੋਕ ਬਾਈ ਨੂੰ ਬੀ ਉਥੇ ਲੈ ਗਈਆਂ। ਦੇਰ ਤਕ ਰਾਗ ਰੰਗ ਹੁੰਦੇ ਰਹੇ, ਫੇਰ ਸ਼ਰਾਬ ਆਈ, ਦੌਰ ਸ਼ੁਰੂ ਹੋਇਆ। ਹੁਣ ਤ੍ਰਿਲੋਕ ਬਾਈ ਨੂੰ ਗਾਉਣ ਦਾ ਹੁਕਮ ਹੋਇਆ, ਉਸ ਨੇ ਉੱਤਰ ਦਿੱਤਾ ਕਿ ਮੈਂ ਨਹੀਂ ਗਾਂਉਂ ਸਕਦੀ।

ਪ੍ਰਸ਼ਨ-ਕਿਉਂ ?

ਉੱਤਰ-ਇਸ ਲਈ ਕਿ ਗਾਉਣਾ ਮੇਰਾ ਵਿਹਾਰ ਨਹੀਂ, ਆਤਮ ਆਧਾਰ ਹੈ।

ਮੁਸਾਹਿਬ-ਇਥੇ ਕੋਈ ਪੈਸੇ ਪਿੱਛੇ ਤਾਂ ਨਹੀਂ ਗਾਉਣਾ, ਨਵਾਬ ਸਾਹਿਬ ਨੂੰ ਖੁਸ਼ ਕਰਨਾ ਹੈ !

ਬੀਬੀ-ਮੈਨੂੰ ਲੋੜ ਨਹੀਂ ਕਿ ਕਿਸੇ ਨੂੰ ਖੁਸ਼ ਕਰਾਂ।

ਮੁਸਾਹਿਬ-ਇਹ ਗੁਸਤਾਖੀ ?

ਬੀਬੀ-ਗੁਸਤਾਖੀ ਨਹੀਂ, ਇਹ ਸੱਚ ਹੈ!

ਪਤੀ ਨੇ ਸਾਧ ਸੰਗਤ ਨੂੰ ਕੱਲ ਉਪਰਲੇ ਰਸਤੇ ਲੰਘਾਉਣਾ ਸੀ। ਮਾਡਾ ਜਨਮ ਨੀਚ ਕੁਲ ਵਿਚ, ਸਾਡੇ ਭਾਗ ਕਿੱਥੋਂ ਸੇ ਜੋ ਸਾਨੂੰ ਸੇਵਾ ਦੀ ਵਡਿਆਈ ਮਿਲਦੀ ? ਹੱਛਾ! ਸ਼ੁਕਰ ਹੈ ਜੋ ਸੰਗਤ ਸਹੀ ਸਲਾਮਤ ਲੰਘ ਗਈ, ਪਰ ਹੁਣ ਤੁਹਾਡਾ ਫਿਕਟ ਬਹੁਤ ਦੁਖੀ ਕਰ ਰਿਹਾ ਹੈ''।

ਇਹ ਸੁਣ ਕੇ ਤਿਲੋਕ ਖਾਈ ਖੁਸ਼ ਹੋ ਕੇ ਬੋਲੀ:-

''ਹੱਛਾ ! ਤੁਸੀਂ ਭਾਈ ਘੁੱਲੂ ਸ਼ਾਹ ਦੇ ਘਰੋਂ ਹੋ ? ਧੰਨ ਭਾਗ ਜੋ ਮੈਨੂੰ ਇਸ ਵੇਲੇ ਆਪਦੇ ਦਰਸ਼ਨ ਹੋ ਗਏ।''

ਮਹਿਤਾਬ-'ਭਾਈ' ਅਸੀਂ ਕਿਥੋਂ ? ਅਸੀਂ ਤਾਂ ਦਾਸ ਬੀ ਨਹੀਂ।

ਤਿਲੋਕ ਬਾਈ-ਤੁਹਾਡੀ ਸੇਵਾ, ਜੋ ਉਸ ਸਿਖ ਦੁਖਿਆਰੀ ਦੀ ਤੁਸਾਂ ਕੀਤੀ ਹੈ, ਤੁਹਾਨੂੰ 'ਭਾਈ' ਬਣਾ ਗਈ ਹੈ, ਅਰ ਸੰਗਤਾਂ ਵਿਚ ਹੁਣ ਤੁਹਾਨੂੰ 'ਭਾਈ' ਕਿਹਾ ਜਾਂਦਾ ਹੈ। ਅੱਛਾ ਭੈਣ ਜੀ ! ਤੁਸੀਂ ਮੇਰੇ ਲਈ ਉਦਾਸ ਨਾ ਹੋਵੋ, ਮੈਂ ਕੈਦ ਹਾਂ ਪਰ ਜਾਂ ਸਧਰਮ ਛੁੱਟਾਂਗੀ ਜਾਂ ਸਧਰਮ ਉੱਡ ਜਾਵਾਂਗੀ, ਤੌਖਲਾ ਨਾ ਕਰੋ। ਮੈਨੂੰ ਭੈ ਰਤਾ ਨਹੀਂ ਕਿਉਂਕਿ :-

ਸ੍ਰੀ ਕਲਗੀਧਰ ਮਨ ਮੋਹਿ ਗਏ, ਮੋਹਿ ਗਏ; ਦੁਖਿ ਖੋਹਿ ਗਏ। ਧਰਤੀ ਭਾਰ ਉਤਾਰਨ ਕਾਰਨ ਪਟਨੇ ਪਰਗਟ ਹੋਇ ਗਏ। ਜੋ ਦਰਸਤ ਗੁਰ ਰੂਪ ਅਨੂਪਮ, ਚਿਤਵਨ ਮਾਲ ਪਰੋਇ ਗਏ। ਬਾਲ ਚਰਿੱਤ੍ਰ ਬਚਿੱਤ੍ਰ ਸੁਖਦ ਅਤਿ, ਬੈਠਤ ਕਬਹੂੰ ਖਲੋਇ ਗਏ। ਇਤ ਉਤ ਤੇ ਮੁਸਕਾਵਤ ਆਵਤ, ਦਰਸਤ ਪਾਪ ਪਲੋਇ ਗਏ। ਬਡ ਬਡਭਾਗ ਉਨ ਸੰਗ ਸਖਨ ਕੇ, ਸੰਗੀ ਜਿਨ ਪ੍ਰਭੁ ਹੋਇ ਗਏ। ਸਦ ਬਲਿਹਾਰ ਜਾਉਂ ਤਿਸ ਥਲ ਕੇ, ਰਖ ਜਹਿ ਚਰਨ ਖਲੋਇ ਗਏ। ਕਰ ਪ੍ਰਭੁ ਧੂਰ ਮੋਹਿ ਤਿਸ ਥਲ ਕੀ, ਬਿਛੁਰਤ ਬਹੁਤ ਜੁਗ ਹੋਇ ਗਏ।

ਇਹ ਪ੍ਰੇਮ ਇਹ ਭਰੋਸਾ ਤੇ ਸਿਦਕ ਦੇਖਕੇ ਮਹਿਤਾਬ ਨੇ ਸਿਰ ਝੁਕਾਇਆ ਤੇ ਕਿਹਾ ਕਿ ਆਪ ਮੇਰੇ ਨਾਲ ਚੱਲੋ ਪ੍ਰਸ਼ਾਦ ਪਾ ਕੇ ਫੇਰ ਇਥੇ ਆ ਜਾਣਾ।

ਤਿਲੋਕਾ-ਬੀਬੀ ਜੀ ਮੈਂ ਸੂਯੰ ਪਾਕੀ ਹਾਂ, ਆਪ ਪਕਾ ਕੇ ਖਾਂਦੀ ਹਾਂ। ਭਾਵੇਂ ਸਿਖਾਂ ਵਿਚ ਇਹ ਭਰਮ ਨਹੀਂ ਹੈ, ਪਰ ਮੇਰੀ ਜਮਾਂਦਰੂ ਆਦਤ ਹੈ ਤੇ ਜੀ ਵਿਚ ਸੱਧਰ ਇਹ ਸੀ ਕਿ ਐਤਕੀਂ ਜਿੱਦਿਨ ਫੇਰ ਗੁਰੂ ਕੇ ਚਰਣਾਂ ਵਿਚ ਪਹੁੰਚਾਂ, ਉਸ ਦਿਨ ਸਤਿਗੁਰੂ ਜੀ ਦੇ ਆਪਣੀ ਹੱਥੀਂ ਬਖਸ਼ਿਆ ਲੰਗਰ ਦਾ ਪ੍ਰਸ਼ਾਦ ਛਕਾਂ ਤੇ ਅੰਮ੍ਰਿਤ ਧਾਰਾਂ ਤੇ ਫੇਰ ਇਸ ਸੁਭਾਵ ਨੂੰ ਤਿਲਾਂਜੁਲੀ ਦੇ ਦਿਆਂ। ਸੋ ਮੈਨੂੰ ਭਰੋਸਾ ਹੈ ਕਿ ਮੈਨੂੰ ਜ਼ਰੂਰ ਲੰਗਰ ਦਾ ਪ੍ਰਸ਼ਾਦ ਮਿਲੇਗਾ, ਪਰ ਜੇ ਗੁਰੂ ਕੀ ਰਜ਼ਾ ਹੋਰ ਹੈ ਤਦ ਇਸ ਸਰੀਰ ਦੀ ਰੱਤ, ਜਿਸ ਵਿਚ ਗੁਰੂ ਦਾ ਪ੍ਰੇਮ ਸਮਾ ਰਿਹਾ ਹੈ, ਮੇਰੇ ਧਰਮ ਦਾ ਭੋਜਨ ਬਣੇਗੀ।

ਮਹਿਤਾਬ-ਤੁਸੀਂ ਚਲੋ, ਮੇਰੇ ਅੱਡਰਾ ਥਾਂ ਹੈ, ਸਾਮਾਨ ਸਾਰਾ ਅੱਡ ਹੈ, ਖੂਹ ਵਿਚ ਹੈ, ਅਪਣੀ ਹਥੀਂ ਭੋਜਨ ਕਰ ਲਵੋ।

ਤਿਲੋਕ-ਭੈਣ ਜੀ ! ਹੁਣ ਇਹ ਸ਼ਰੀਰ ਕੋਈ ਦਮ ਦਾ ਪਰਾਹੁਣਾ ਹੈ ਇਸ ਨੂੰ ਕੀਹ ਪਾਲਣਾ ਹੈ ?

ਮਹਿਤਾਬ-ਇਸ ਨੂੰ ਪਾਲਣ ਲਈ ਨਹੀਂ, ਪਰ ਕੇਵਲ ਮੈਨੂੰ ਕ੍ਰਿਤਾਰਥ ਕਰਨ ਲਈ। ਮੇਰਾ ਜੀ ਰਾਜ਼ੀ ਹੋ ਜਾਵੇਗਾ।

ਤਿਲੋਕ-ਧੰਨ ਹੋ, ਮੈਂ ਕਿਸ ਜੋਗ ਹਾਂ ?

ਮਹਿਤਾਬ-ਪਿਆਰੀ ਭੈਣ ! ਤੁਹਾਡੇ ਵਿਚੋਂ ਪਿਆਰੇ ਦੀ ਲਪਟ ਆਉਂਦੀ ਹੈ, ਉਸ ਦੇ ਚਰਨਾਂ ਦੀ ਖਰੈਤ ਕ੍ਰਿਪਾ ਕਰੋ ?

'ਚਰਨਾਂ ਦੀ ਖਰੈਤ' ਸੁਣਦੇ ਹੀ ਲੂੰ ਕੰਡੇ ਹੋ ਗਏ, ਨੇਤ੍ਰ ਭਰ ਆਏ ਤੇ ਬੋਲੀ: ਬੀਬੀ ਭੈਣ ! ਜੇ ਇਹ ਹੋ ਸਕਦਾ ਹੈ ਕਿ ਮੈਨੂੰ ਤੁਹਾਡੇ ਘਰ ਤੱਕ ਜਾਣ ਦੀ ਖੁੱਲ੍ਹ ਹੈ, ਤਦ ਚਲੋ ਮੈਂ ਹਾਜ਼ਰ ਹਾਂ। (ਬੇਗਮ ਵਲ) ਤੁਸੀਂ ਚਿੰਤਾ ਨਾ ਕਰਨੀ ਮੈਂ ਰਹੁਰਾਸ ਦੇ ਭੋਗ ਦੇ ਮਗਰੋਂ ਆਪ ਤੁਹਾਡੇ ਪਾਸ ਆ ਜਾਵਾਂਗੀ।

ਗੱਲ ਕੀ, ਬੇਗਮ ਕੋਲੋਂ ਵਿਦਾ ਹੋ ਕੇ ਦੋਵੇਂ ਬਾਗ਼ ਦੇ ਵਿਚਦੀ ਸਫੀਲ ਦੇ ਨਾਲ ਨਾਲ ਦੇ ਲੁਕਵੇਂ ਰਸਤੇ ਘਰ ਆਈਆਂ। ਆ ਕੇ ਘੁੱਲੂ ਨੂੰ ਸਾਰੀ ਵਿੱਥਿਆ ਸੁਣਾਈ। ਉਹ ਐਸੀ ਭਰੋਸੇ ਵਾਲੀ ਭੈਣ ਦੇ ਦਰਸ਼ਨ ਪਾ ਕੇ ਗਦ ਗਦ ਹੋ ਗਿਆ। ਰਸਤ ਪਾਣੀ ਵੱਖਰੇ ਕਮਰੇ ਵਿਚ ਹਾਜ਼ਰ ਸੀ। ਤਿਲੋਕ ਬਾਈ ਨੇ ਆਪ ਪ੍ਰਸ਼ਾਦ ਤਿਆਰ ਕੀਤਾ, ਗੁਰੂ ਜੀ ਅੱਗੇ ਅਰਦਾਸਾ ਸੋਧਿਆ, ਫੇਰ ਭੋਜਨ ਪਾਇਆ। ਉਸ ਦਿਨ ਮਾਲੀ ਮਾਲਣ ਨੇ ਬੀ ਉਸੇ ਦੇ ਪਕਾਏ ਭੋਜਨ ਵਿਚੋਂ ਭੋਜਨ ਛਕਿਆ। ਇੰਨੇ ਨੂੰ ਦੋ ਸਿੱਖ ਸੂਹੀਏ ਸੰਗਤ ਵਿਚੋਂ ਭੇਸ ਵਟਾ ਕੇ ਆਏ ਹੋਏ ਘੁੱਲੂ ਦੇ ਘਰ ਆ ਗਏ ਕਿ ਮਾਈ ਤਿਲੋਕ ਬਾਈ ਦੀ ਖੋਜ ਕੱਢਣ ਪੁਰ ਘੁੱਲੂ

ਗਿਆ ਤੇ ਘੁੱਲੂ ਸ਼ਾਹ ਪ੍ਰਬੰਧ ਕਰਨ ਲੱਗਾ ਕਿ ਵਹੁਟੀ ਨੂੰ ਅਗੇ ਤੋਰ ਦੇਵੇ ਤੇ ਸੰਗਤ ਦੇ ਨਾਲ ਫੇਰ ਵਹੁਟੀ ਨੂੰ ਜਾ ਮਿਲੇ। ਪਰ ਸੂੰਹੇ ਬਹੁਤ ਤਕੜੇ ਹੁੰਦੇ ਹਨ, ਨਵਾਬ ਦੇ ਪਾਸ ਉਸੇ ਦਿਨ ਖ਼ਬਰ ਪਹੁੰਚ ਗਈ ਸੀ ਕਿ ਦਿੱਲੀ ਦੇ ਸਿੱਖ ਆਨੰਦਪੁਰ ਜਾਂਦੇ ਹਨ, ਉਨ੍ਹਾਂ ਵਿਚ ਦਿੱਲੀ ਦੇ ਪ੍ਰਸਿੱਧ ਜੌਹਰੀ ਤੇ ਗਵੱਯੇ 'ਰਾਧਾ ਰਤਨ' ਦੀ ਵਹੁਟੀ 'ਤਿਲੋਕਬਾਈ' ਬੀ ਹੈ, ਜੋ ਐਸੀ ਚਤੁਰਬੀਨ ਬਜਾਉਣ ਵਾਲੀ ਹੈ ਕਿ ਦੇਸ਼ ਦੇ ਗਵੱਯੇ ਉਸ ਨੂੰ ਰਾਗ ਦਾ ਰੂਪ ਮੰਨਦੇ ਹਨ। ਨਵਾਬ ਸਾਹਿਬ ਨੂੰ ਰਾਗ ਨਾਚ ਦਾ ਸ਼ੌਕ ਸੀ। ਇਹ ਸੁਣਕੇ ਕਿ 'ਤਿਲੋਕਬਾਈ' ਜੈਸੀ ਚਤੁਰ ਦੇ ਵੱਸ ਪੈਣ ਦਾ ਸਮਾਂ ਆਇਆ ਹੈ, ਕੁਛ ਚੋਖੇ ਸਵਾਰ ਘੱਲ ਦਿੱਤੇ। ਸੰਗਤ ਅਜੇ ਉਸ ਟਿਕਾਣੇ ਅੱਪੜੀ ਹੀ ਸੀ ਕਿ ਅਚਾਨਕ ਘੇਰਾ ਪੈ ਗਿਆ। ਘੁੱਲੂ ਨੂੰ ਬੀ ਖ਼ਬਰ ਮਿਲ ਗਈ। ਲੱਗਾ ਸੋਚਾਂ ਕਰਨ ਕਿ ਕੀਹ ਕਰੇ ? ਇੰਨੇ ਨੂੰ ਮਹਿਲਾਂ ਤੋਂ ਵਹੁਟੀ ਨੂੰ ਸੱਦਾ ਆ ਗਿਆ। ਮਹਿਤਾਬ ਜਦ ਜ਼ੈਨਾਂ ਦੇ ਪਾਸ ਗਈ ਤਦ ਜ਼ੈਨਾਂ ਨੇ ਦੱਸਿਆ ਕਿ ਲੈ ਭੈਣ ਹੋਰ ਅਪਦਾ ਆਈ ਹੈ। ਅਗਲੀ ਗੱਲ ਤਾਂ ਮਸਾਂ ਭੁੱਲੀ ਭੁਲਾਈ ਸੀ ਹੁਣ ਅੱਜ ਇਕ ਹੋਰ ਨੇਕ ਰੂਹ ਫੜ ਮੰਗਾਈ ਹੈ। ਇਹ ਬੀਬੀ ਤਿਲੋਕ ਬਾਈ ਨਾਮੇ ਇਕ ਚਤੁਰ ਬੀਨ ਬਜੱਯਾ ਹੈ, ਜਿਸ ਦਾ 'ਰਾਧਾ ਰਤਨ' ਗਵੱਯੇ ਨਾਲ ਵਿਆਹ ਹੋਇਆ ਸੀ। ਰਾਧਾ ਰਤਨ ਤਾਂ ਸੁਰਗਵਾਸ ਹੋ ਚੁੱਕਾ ਹੈ ਤੇ ਇਹ ਤ੍ਰੀਮਤ ਆਪਣੇ ਬਾਕੀ ਦਿਨ ਸਤਿਸੰਗ ਵਿਚ ਬਿਤਾਉਣ ਲਈ ਆਨੰਦਪੁਰ ਚੱਲੀ ਸੀ ਜੋ ਅੱਜ ਨਵਾਬ ਸਾਹਿਬ ਨੇ ਝੋਪ ਲਈ ਹੈ। ਬਾਕੀ ਸੰਗਤ ਨੂੰ ਸਵਾਰ ਮੱਲੋ ਮੱਲੀ, ਕਈ ਕੋਹ ਧੱਕ ਕੇ ਲੰਘਾ ਆਏ ਹਨ।

ਮਹਿਤਾਬ-ਇਹ ਕਿਉਂ ? ਅਨੋਖੀ ਬਾਤ ਹੈ !

ਬੇਗਮ-ਅਨੋਖੀ ਨਹੀਂ, ਇਹ ਤਿਲੋਕ ਬਾਈ ਬਹੁਤ ਚਤੁਰ ਜਾਪਦੀ ਹੈ। ਜਦ ਸੰਗਤ ਫੜੀ ਗਈ ਤਦ ਇਸ ਨੂੰ ਪਤਾ ਲੱਗ ਗਿਆ ਕਿ ਮੇਰੀ ਖ਼ਾਤਰ ਸਭ ਫੜੇ ਗਏ ਹਨ। ਇਸ ਨੇ ਸੰਗਤ ਤੋਂ ਚੋਰੀ ਕਹਾ ਭੇਜਿਆ ਕਿ ਜੇ ਸਾਰੀ ਸੰਗਤ ਨੂੰ ਕੁਛ ਨਾ ਆਖੋ ਤਦ ਮੈਂ ਆਪ ਆ ਜਾਂਦੀ ਹਾਂ ਤੇ ਜੇ ਮੇਰੇ ਪਿੱਛੇ ਕਿਸੇ ਇਕ ਸਿੱਖ ਦਾ ਬੀ ਵਾਲ ਵਿੰਗਾ ਹੋਵੇ ਤਦ ਮੈਂ ਨਹੀਂ ਆਵਾਂਗੀ ਅਰ ਅਸੀਂ ਸਾਰੇ ਚੁਪ ਚਾਪ ਬੈਠੇ ਰਹਾਂਗੇ ਅਰ ਜੋ ਜ਼ੁਲਮ ਸਾਡੇ ਪਰ ਹੋਵੇਗਾ ਅਸੀਂ ਸਹਾਰਕੇ ਆਪੋ ਆਪਣੀਆਂ ਜਾਨਾਂ ਪਰ ਖੇਡ ਜਾਵਾਂਗੇ। ਇਸ ਪਰ ਨਵਾਬ ਸਾਹਿਬ ਨੇ ਸੰਗਤ ਨੂੰ ਸਹੀ ਸਲਾਮਤ ਤੋਰ ਦਿੱਤਾ। ਓਹ ਜਾਂਦੇ ਨਹੀਂ ਸਨ, ਪਰ ਨਵਾਬ ਨੇ ਫੌਜ ਦੇ ਜ਼ੋਰ ਤੇ ਕਈ ਕੋਹ ਤੱਕ ਅੱਗੇ ਧਕੋ ਧਕੀ ਲੰਘਾ ਦਿੱਤਾ ਤੇ ਤਿਲੋਕ ਬਾਈ ਨੂੰ ਮੇਰੇ ਪਾਸ ਭੇਜ ਦਿੱਤਾ ਹੈ। ਹੁਣ ਦੇਖੀਏ ! ਅੱਜ ਰਾਤ ਕੀ ਹੁੰਦਾ ਹੈ ?

ਮਹਿਤਾਬ-ਤਿਲੋਕ ਬਾਈ ਨੇ ਸੱਚੇ ਸਿੱਖਾਂ ਵਾਲੀ ਕੁਰਬਾਨੀ ਕੀਤੀ ਹੈ ਜੋ ਆਪਣੇ ਆਪ ਨੂੰ ਕਲੇਸ਼ ਵਿਚ ਪਾ ਕੇ ਸੰਗਤ ਨੂੰ ਬਚਾ ਦਿੱਤਾ, ਪਰ ਭੈਣ ! ਜਦ ਉਸ ਦੇ ਧਰਮ ਪਰ ਆ ਬਣੇਗੀ ਤਦ ਕੀਹ ਕਰੇਗੀ ? ਕੀਹ ਧਰਮ ਵੇਚਕੇ ਸੰਗਤ ਨੂੰ ਬਚਾਏਗੀ ? ਇਹ ਕੰਮ ਤਾਂ ਸਿੱਖ ਨਹੀਂ ਕਰ ਸਕਦੇ।

ਬੇਗਮ-ਮੈਂ ਪੁੱਛਿਆ ਸੀ, ਤਦ ਕਹਿਣ ਲੱਗੀ ਕਿ "ਮੈਂ ਧਰਮ ਪੁਰ ਕਦੀ ਨਹੀਂ ਖੇਡਾਂਗੀ, ਮੈਂ ਜਾਨ ਪੁਰ ਖੇਡਾਂਗੀ। ਨਵਾਬ ਕੀ ਸ਼ੈ ਹੈ ? ਸ਼ੈਤਾਨ ਆਪ ਮੇਰੇ ਧਰਮ ਦੀ ਵਾ ਵਲ ਨਹੀਂ ਤੱਕ ਸਕਦਾ। ਮੇਰੇ ਅੰਦਰ ਕਲਗੀਧਰ ਬਿਰਾਜਦੇ ਹਨ, ਓਹ ਸਦਾ ਅਮਰ ਹਨ, ਮੈਂ ਚਰਨਾਂ ਵਿਚ ਸਮਾਈ ਅਮਰ ਹਾਂ। ਇਹ ਸਰੀਰ ਕੀ ਸ਼ੈ ਹੈ ? ਆ ਬਣੂੰ ਤਾਂ ਅੱਖ ਦੇ ਫੋਰ ਵਿਚ ਇਸਦਾ ਕਜ਼ੀਆ ਪਾਰ ਹੋਵੇਗਾ।"

ਪਰ ਮੇਰਾ ਖਿਆਲ ਹੈ ਜੋ ਨਵਾਬ ਨੇ ਇਸ ਨੂੰ ਰਾਗ ਪਿਛੇ ਫੜਿਆ ਹੈ, ਰੂਪ ਪਿੱਛੇ ਨਹੀਂ! ਭਾਵੇਂ ਇਸ ਦੀ ਉਮਰ ਹੁਣ ਪੰਜਾਹ ਵਰ੍ਹੇ ਦੇ ਨੇੜੇ ਤੇੜੇ ਦੀ ਹੋਵੇਗੀ ਪਰ ਰੂਪ ਅਜੇ ਬੀ ਪਿਆਰਾ ਲਗਦਾ ਹੈ ਅਰ ਠਹਿਰੇ ਹੋਏ ਜਲ ਵਾਂਙ ਨਿਰੋਲ ਝਾਲ ਮਾਰਦਾ ਹੈ! ਪਤਾ ਨਹੀਂ ਨਵਾਬ ਸ਼ਰਾਬੀ ਹੋਏ ਦੀ ਅਕਲ ਮਾਰੀ ਜਾਵੇ, ਪਰ ਜੋ ਕੁਝ ਮੈਨੂੰ ਪਤਾ ਲੱਗਾ ਹੈ ਉਹ ਇਹੋ ਹੈ ਜੋ ਰਾਗ ਸੁਣਨ ਲਈ ਫੜੀ ਗਈ ਹੈ ?

ਮਹਿਤਾਬ-ਕੀ ਮੈਨੂੰ ਦਰਸ਼ਨ ਕਰਾ ਸਕਦੇ ਹੋ ?

ਬੇਗਮ-ਹਾਂ ਆਓ।

ਬੇਗਮ ਉਸ ਬਾਗ ਵਾਲੇ ਪਾਸੇ ਦੇ ਦੀਵਾਨ-ਖਾਨੇ ਵਿਚ ਲੈ ਗਈ, ਜਿਥੇ ਉਹ ਬੈਠੀ ਬਾਗ ਵਲ ਤੱਕ ਰਹੀ ਸੀ। ਮਹਿਤਾਬ ਨੇ ਜਾਂਦੇ ਹੀ ਸੀਸ ਨਿਵਾ ਕੇ ਕਿਹਾ: "ਗੁਰੂ ਸੁਆਰੀ ਭੈਣ ! ਮੈਂ ਮਹਿਲ ਦੀ ਦਾਸੀ ਨਹੀਂ ਤੇਰੇ ਚਰਨਾਂ ਵਿਚ ਕੁਝ ਸੇਵਾ ਪੁੱਛਣ ਨੂੰ ਹਾਜ਼ਰ ਹੋਈ ਹਾਂ। ਮੈਂ ਉਹ ਅਭਾਗ ਇਸਤ੍ਰੀ ਹਾਂ ਜਿਸ ਦੇ

ਵਿਚ ਪਾ ਲਿਆ ਤੇ ਕਿਹਾ ਕਿ "ਬੇਗਮ ਸਾਹਿਬ! ਹਾਹ ਕਰੋ। ਐਤਨਾ ਕੀ ਨਿਰਖਲ ਹੋ ਜਾਣਾ ? ਐਸੇ ਦੁਖੀਆਂ ਤੇ ਦਰਦਵੰਦਾਂ ਤੇ ਦਇਆ ਕੀਤੀ ਕਰੋ। ਬੜੀ ਓੜਕ ਆਪਣੀ ਜਾਨ ਹੈ ਨਾ, ਚਲੀ ਗਈ ਤਾਂ ਵਾਰੀ ਘੋਲੀ। ਸਾਡੇ ਵਰਗੇ ਲੱਖਾਂ ਕ੍ਰੋੜਾਂ ਰੋਜ਼ ਮਰਦੇ ਹਨ, ਅਸੀਂ ਮਰ ਗਏ ਤਾਂ ਕੀ ਘਾਟਾ ਪੈ ਜਾਏਗਾ। ਲਓ ਹੁਣ ਇਸ ਨੂੰ ਮੈਂ ਲੈ ਜਾਂਦੀ ਹਾਂ। ਜੇ ਨਵਾਬ ਜੀ ਨੂੰ ਕ੍ਰੋਧ ਆਵੇ ਤਾਂ ਮੈਂ ਇਸ ਦੀ ਥਾਂ ਮਰਨ ਨੂੰ ਤਿਆਰ ਹਾਂ"। ਜ਼ੈਨਾਂ ਨੇ ਕਿਹਾ: "ਲੈ ਜਾਓ ਤੇ ਫਿਕਰ ਨਾ ਕਰੋ, ਮੈਂ ਸੰਭਾਲ ਲਵਾਂਗੀ।" ਮਹਿਤਾਬ ਹੁਣ ਉਸ ਪਿਆਰੀ ਨੂੰ, ਕੁੱਖ ਦੀ ਜਾਈ ਧੀ ਵਾਂਙੂ ਚੁੱਕ ਕੇ ਆਪਣੀ ਕੁਟੀਆ ਵਿਚ ਲੈ ਗਈ, ਜਾ ਕੇ ਪਤੀ ਨੂੰ ਸਾਰਾ ਹਾਲ ਦੱਸਿਆ। ਉਹ ਪਿਆਰੇ ਦੇ ਨਾਮ ਤੋਂ ਵਿਕ ਚੁੱਕਾ ਹੋਇਆ ਪ੍ਰੇਮੀ ਉਸ ਸਿਦਕ ਦੀ ਜਗਵੇਦੀ ਪੁਰ ਕੁਰਬਾਨ ਹੋ ਰਹੀ ਪੁੱਤ੍ਰੀ ਨੂੰ ਵੇਖ ਕੇ ਗਦ ਗਦ ਹੋ ਗਿਆ। ਮਹਿਤਾਬ ਨੇ ਉਸ ਵੇਲੇ ਉਸ ਦੇ ਬਦਨ ਤੇ ਨਰਮ ਮਾਲਸ਼ ਕਰਕੇ ਟਕੋਰ ਕੀਤੀ ਅਰ ਗਰਮਕਪੜੇ ਪਹਿਨਾਏ ਤੇ ਗਰਮ ਦੁੱਧ ਪਿਆਉਣ ਦਾ ਉਪਰਾਲਾ ਕਰਾਇਆ। ਜਦ ਉਹ ਦੁਲਾਰੀ ਸ਼ੁਕਰ ਕਰਦੀ ਕਰਦੀ ਸੌਂ ਗਈ ਤਦ ਘੁੱਲੂ ਨੇ ਉਸ ਦਾ ਘਰ ਲੱਭਾ ਅਰ ਉਸਦੇ ਪਤੀ ਨੂੰ, ਜੋ ਅਤਿ ਵਜਾਕੁਲ ਹੋ ਰਿਹਾ ਸੀ, ਸਾਰੀ ਵਿਥਜਾ ਕਹੀ। ਉਸ ਸਿਖ ਦੀ ਖ਼ੁਸ਼ੀ ਤੇ ਉਸਦੇ ਪਰਿਵਾਰ ਦੇ ਆਨੰਦ ਦੀ ਕੀਹ ਕਥਾ ਕੀਤੀ ਜਾਵੇ? ਘੁੱਲੂ ਨੂੰ ਉਹ ਰੰਗ, ਉਸ ਸਿਖ ਦੇ ਚਿਹਰੇ ਦੀ ਉਮੰਗ ਦੇਖਕੇ ਕੀ ਦਿੱਸਿਆ ਕਿ ਖ਼ਬਰੇ ਇਸਦੇ ਗੁਰੂ ਜੀ ਦੀ ਮੋਹਿਨੀ ਮੂਰਤ ਮੁਸਕਰਾ ਰਹੀ ਹੈ।

ਗੱਲ ਕੀ ਥੋੜੇ ਵਿਚਾਰ ਦੇ ਮਗਰੋਂ ਇਹ ਸਲਾਹ ਠਹਿਰੀ ਕਿ ਬਰਖ਼ੁਰਦਾਰ ਇਸ ਸ਼ਹਿਰ ਦਾ ਵਾਸ ਛਡਕੇ ਹੁਣ ਆਨੰਦਪੁਰ ਨੂੰ ਟੁਰ ਪਵੇ ਅਰ ਫਲਾਣੇ ਪਿੰਡ ਪਹੁੰਚ ਕੇ ਬਹਿਲੀ ਦਾ ਬੰਦੋਬਸਤ ਕਰੇ। ਲੌਢੇ ਪਹਿਰ ਤੋਂ ਪਹਿਲਾਂ ਅਸੀਂ ਬੀਬੀ ਨੂੰ ਉਥੇ ਪੁਚਾ ਦਿਆਂਗੇ, ਬਸ ਫੇਰ ਰਾਤੋ ਰਾਤ ਨਿਕਲ ਜਾਏ। ਇਹ ਗੋਂਦ ਗੁੰਦ ਕੇ ਘੁੱਲੂ ਘਰ ਆਇਆ। ਦੁਪਹਿਰ ਮਗਰੋਂ ਬੀਬੀ ਦੀ ਜਾਗਾ ਖੁਲ੍ਹੀ, ਸੱਸ, ਜੋ ਤੁਰਕਾਣੀ ਬੁਰਕਾ ਪਾ ਕੇ ਆਈ ਹੋਈ ਸੀ, ਨੌਂਹ ਦੇ ਵਾਰਨੇ ਗਈ। ਪ੍ਰਸ਼ਾਦ ਛਕਾਇਆ ਅਰ ਉਸੇ ਵੇਲੇ ਬੁਰਕੇ ਪਹਿਨਕੇ ਸੱਸ, ਸਹੁਰਾ, ਨੌਂਹ ਤੇ ਮਹਿਤਾਬ ਬਹਿਲੀ ਦੇ ਅੰਦਰ ਬੈਠੇ ਤੇ ਦਲੇਰ ਘੁੱਲੂ ਬਾਹਰ ਬੈਠਾ ਤੇ ਬਹਿਲੀ ਆਪ ਚਲਾਈ। ਸੂਰਜ ਆਥਣ ਤੋਂ ਪਹਿਲੋਂ ਟਿਕਾਣੇ ਪਹੁੰਚ ਪਏ, ਉਥੋਂ ਚੌਹਾਂ ਨੂੰ ਆਨੰਦਪੁਰ ਤੋਰਿਆ। ਘੁੱਲੂ ਮਹਿਤਾਬ ਮੀਆਂ ਬੀਬੀ-ਨੇ ਉਸੇ ਤਰ੍ਹਾਂ ਗਲ ਪੱਲਾ ਪਾ ਕੇ ਇਨ੍ਹਾਂ ਨੂੰ ਬੀ ਕਿਹਾ : "ਹੇ ਗੁਰੂ ਪਿਆਰਿਓ ! ਅਸੀਸ ਦਿਓ ਜੋ ਸੁਆਸ ਪੂਰੇ ਹੋਣ ਤੋਂ ਪਹਿਲੇ ਗੁਰੂ ਕਾ ਦਰਸ਼ਨ ਅਸਾਂ ਜੋਗ ਬੀ ਪ੍ਰਾਪਤ ਹੋਵੇ।"

ਉਧਰ ਜ਼ੈਨਾਂ, ਨਾਲੇ ਤਾਂ ਖ਼ੁਸ਼ ਸੀ ਕਿ ਕਿਸੇ ਨੂੰ ਸੁਖ ਮਿਲਿਆ, ਨਾਲੇ ਇਸ ਸੁਖਾਲ ਵਿਚ ਬੀ ਸੀ ਕਿ ਇਕ ਨਵੀਂ ਸੌਂਕਣ ਨਾ ਪਈ, ਪਰ ਨਾਲ ਹੀ ਭੈ ਬੀ ਸੀ ਕਿ ਨਵਾਬ ਕੀ ਕਹੇਗਾ ਅਰ ਜੇ ਮਹਿਤਾਬ ਤੋਂ ਕੋਈ ਉਕਾਈ ਹੋ ਗਈ ਤੇ ਪਤਾ ਲਗ ਗਿਆ ਤਾਂ ਮਹਿਤਾਬ ਨਾ ਮਾਰੀ ਜਾਵੇ। ਸੋ ਇਸਨੇ ਆਉਂਦੇ ਸਾਰ ਹੀ ਇਕ ਨਵੀਂ ਸ਼ਰਾਬ ਅੱਗੇ ਰੱਖੀ ਅਰ ਇਸ ਦੀ ਮਹਿਮਾ ਕਰਕੇ ਛੇਤੀ ਬੇਲੂਆ ਭਰਕੇ ਦਿੱਤਾ ਤੇ ਉਸ ਨੂੰ ਐਸਾ ਗੁੱਟ ਕੀਤਾ ਕਿ ਰਾਤ ਉਸ ਦੀ ਨਸ਼ੇ ਵਿਚ ਲੰਘ ਗਈ। ਦੂਜੇ ਦਿਨ ਨਵਾਬ ਨੂੰ ਕਹਿ ਦਿੱਤਾ ਕਿ ਉਹ ਤਖ਼ਤੇ ਨਾਲ ਹੀ ਬੱਧੀ ਮਰ ਗਈ ਸੀ, ਮੈਂ ਬਾਹਰ ਦੂਰ ਕਿਤੇ ਛੰਭ ਵਿਚ ਸਿਟਵਾ ਦਿੱਤੀ ਹੈ। ਕਾਫਰਾਂ ਦੀ ਜਿੰਦ ਓਦੋਂ ਕੁਝ ਮੁੱਲ ਨਹੀਂ ਰਖਦੀ ਸੀ। ਜੋ ਨਵਾਬ ਕੋਈ ਫਿਕਰ ਕਰਦਾ ਯਾ ਉਸ ਨੂੰ ਕਿਸੇ ਬਦਨਾਮੀ ਯਾ ਸ਼ਾਹ ਦਾ ਭੈ ਤੌਖਲਾ ਹੁੰਦਾ।

ਇਕ ਦਿਨ ਘੁੱਲੂ ਪਾਸ ਇਕ ਸਿੱਖ ਆਇਆ ਉਸ ਨੇ ਘੁੱਲੂ ਨੂੰ ਕੰਨ ਵਿਚ ਕਿਹਾ: "ਸੱਜਣ ਜੀ! ਦਿੱਲੀ, ਸਹਾਰਨਪੁਰ ਆਦਿਕ ਥਾਵਾਂ ਤੋਂ ਸੰਗਤ ਆ ਰਹੀ ਹੈ, ਇਥੋਂ ਦੀ ਲੰਘੇਗੀ, ਸੁਣਦੇ ਹਾਂ ਜੋ ਇਥੇ ਕਦੇ ਕਦੇ ਸਿੱਖਾਂ ਪਰ ਨਿਰਦਯਤਾ ਹੋ ਜਾਂਦੀ ਹੈ, ਕੋਈ ਉਪਾਉ ਦਸੋ ਜੋ ਸੁਖ ਸਾਂਦ ਨਾਲ ਲੰਘ ਜਾਈਏ।" ਘੁੱਲੂ ਨੇ ਕਿਹਾ: "ਜੇ ਤਾਂ ਦੋ ਚਾਰ ਸਰੀਰ ਹਨ, ਤਦ ਤਾਂ ਮੈਂ ਲੰਘਾ ਸਕਦਾ ਹਾਂ। ਪਰ ਜੇ ਸੰਗਤ ਬਾਹਲੀ ਹੈ ਤਾਂ ਫਲਾਣੇ ਪਿੰਡੋਂ ਰਸਤਾ ਮੋੜ ਲੈਣ ਅਰ ਐਉਂ ਵਲਾ ਪਾ ਕੇ ਉਪਰ ਉਪਰ ਲੰਘ ਜਾਣ। ਜਿੱਦਣ ਉਥੇ ਪਹੁੰਚਣਾ ਹੋਵੇ ਮੈਨੂੰ ਦੱਸ ਦਿਓਂ ਮੈਂ ਅਗੁਵਾਨੀ ਦਾ ਬੰਦੋਬਸਤ ਕਰ ਦਿਆਂਗਾ।" ਇਹ ਸੁਣਕੇ ਸਿੱਖ ਤਾਂ ਸਾਰਾ ਹਾਲ ਦੱਸਕੇ ਵਿਦਾ ਹੋ

ਬੇਵਸ ਕਰਕੇ ਸੁਆਲ ਦੇਂਦਾ, ਪਰ ਜ਼ੈਨਾ[1] ਕਈ ਵੇਰ ਤੜਕੇ ਉੱਠ ਖੜੋਂਦੀ ਸੀ ਅਰ ਕਦੇ ਕਦੇ ਮਹਿਤਾਬ ਦੀ ਪਜਾਰੀ ਬ੍ਰੀਕ ਸੁਰ ਉਸ ਦੇ ਕੰਨੀਂ ਪੈ ਜਾਇਆ ਕਰਦੀ ਸੀ। ਉਂਵ ਬੀ ਮਹਿਤਾਬ ਦਾ ਉਸ ਪਾਸ ਆਉਣ ਜਾਣ ਸੀ, ਪਰ ਹੁਣ ਕੁਝ ਪਿਆਰ ਹੋਰ ਵਧ ਗਿਆ। ਸੌਕਣਾਂ ਦੇ ਦੁੱਖ, ਆਪਣੇ ਬਦੋ ਬਦੀ ਮਹਿਲੀਂ ਪਾਏ ਜਾਣ ਦੇ ਤੇ ਪਰਵਾਰੋਂ ਵਿਛੁੜਨ ਦੇ ਉਦਰੇਵੇਂ, ਨਵਾਬ ਦੇ ਸ਼ਰਾਬੀ ਹੋ ਕੇ ਦੁਖ ਦੇਣੇ, ਉਸ ਦੇ ਪਰਜਾ ਨਾਲ ਕਰੜੇ ਵਰਤਾਵਾਂ ਦੇ ਦੁਖ, ਜੋ ਜ਼ੈਨਾ ਦਾ ਸੀਨਾ ਸਾੜਦੇ ਹੁੰਦੇ ਸੀ, ਉਹ ਦਰਦ ਮਹਿਤਾਬ ਨਾਲ ਵੰਡੀਣ ਲੱਗੇ ਅਰ ਅੰਤ੍ਰਿੰਗ ਸਖੀਆਂ ਵਾਂਗ ਹਿਤ ਹੋ ਗਿਆ। ਇਸ ਦੇ ਕਈ ਵੇਰ ਅਕੁਲਾਏ ਜੀ ਨੂੰ ਮਹਿਤਾਬ ਦਾ ਸਤਿਸੰਗ ਠੰਢ ਪਾਉਂਦਾ।

ਪ੍ਰੇਮ ਲੱਗਿਆਂ ਅੱਠ ਮਹੀਨੇ ਲੰਘ ਗਏ, ਰਾਤਾਂ ਠਰਨ ਲੱਗੀਆਂ, ਮੱਘਰ ਨੇ ਪੈਰ ਜਮਾ ਲਏ, ਸਰਦੀ ਦੇ ਕਾਰਨ ਨਵਾਬ ਦੀਆਂ ਬਾਗ਼ ਵਿਚ ਮਜਲਸਾਂ ਮੱਧਮ ਹੁੰਦੀਆਂ ਹੁੰਦੀਆਂ ਬੱਸ ਹੋ ਗਈਆਂ। ਹੁਣ ਰੰਗ ਰਲੀਆਂ ਦੇ ਠਾਠ, ਰਾਗ ਸ਼ਰਾਬ ਦੇ ਜਲਸੇ ਮਹਿਲੀਂ ਹੋਣ ਲੱਗੇ। ਇਸ ਕਰਕੇ ਮਾਲੀ ਮਾਲਣ ਨੂੰ ਸਾਰੀ ਰਾਤ ਬਾਗ਼ ਵਿਹਲਾ ਮਿਲ ਜਾਂਦਾ ਹੈ। ਤਾਰਿਆਂ ਨਾਲ ਛਟਕੀ ਭਿੰਨੀ ਭਿੰਨੀ ਤੇ ਠੰਡੀ ਰਾਤ ਦੇ ਪਿਛਲੇ ਪਹਰ ਵਿਚ ਝੁੰਬ ਮਾਰਕੇ ਮੀਆਂ ਬੀਬੀ ਬੈਠੇ ਵੈਰਾਗ ਦੇ ਸ਼ਬਦ ਪੜ੍ਹਦੇ ਤੇ ਪ੍ਰਾਰਥਨਾਂ ਕਰਦੇ। ਦੇਖੋ ਕੁਦਰਤਾਂ ਸਾਂਈਂ ਦੀਆਂ ! ਕਲਜੁਗ ਲਈ ਰਚੇ ਹੋਏ ਬਾਗ਼ ਵਿਚ ਸਤਿਜੁਗ ਫੇਰਾ ਮਾਰਦਾ ਹੈ।

ਬਾਗ਼ ਦੇ ਹੋਰ ਕਾਮੇ ਤੇ ਮਾਲੀ ਸ਼ਹਿਰ ਦੇ ਰਿਵਾਜ ਮੂਜਬ ਰਾਤ ਨੂੰ ਘਰੀਂ ਚਲੇ ਜਾਂਦੇ ਸਨ, ਇਸ ਕਰਕੇ ਬੀ ਭੇਤ ਲੁਕਿਆ ਰਿਹਾ ਤੇ ਕੁਛ ਮਾਲੀ ਦਾ ਪਿਆਰ ਵਾਲੇ ਹੋਣਾ ਬੀ ਸਹਾਇਤਾ ਕਰੀ ਗਿਆ। ਉਂਵ ਬਹੁਤੀ ਆਵਾਜਾਈ ਸੂਫੀਆਂ ਦੀ ਬੀ ਸੀ। ਸੂਫੀ ਮੁਸਲਮਾਨ ਹੁੰਦੇ ਹਨ, ਇਸ ਕਰਕੇ ਮਾਲੀ ਦੇ ਕਾਮਿਆਂ ਵਿਚੋਂ ਸਿੱਖੀ ਪ੍ਰੇਮ ਦੀ ਸੂੰਧਕ ਨਹੀਂ ਨਿਕਲੀ, ਸਿਵਾ ਇਸਦੇ ਕਿ 'ਘੁੱਲੂ ਫਕੀਰ-ਦੋਸਤ ਹੈ'।

ਸਹਿਜੇ ਸਹਿਜੇ ਘੁੱਲੂ ਦਾ ਪ੍ਰੇਮ ਕਾਂਗਾਂ ਵਾਂਙੂ ਚੜ੍ਹ ਆਇਆ। ਹੁਣ ਦਿਲ ਕਹਿੰਦਾ ਹੈ: ਹੋਇ ਜੋ ਹੋਣਾ ਹੈ, ਜਿੰਦ ਕੀ ਚੀਜ਼ ਤੇ ਰੁਜ਼ਗਾਰ ਕੀ ਹੈ ? ਇਨ੍ਹਾਂ ਤੁੱਛ ਡਰਾਂ ਬਦਲੇ ਪਿਆਰੇ ਦੇ ਦਰਸ਼ਨ ਤੋਂ ਬਾਝ ਸੁਆਸ ਬਿਰਥਾ ਗਵਾਉਣੇ ਆਪਣਾ ਆਪ ਕੁਹਣਾ ਹੈ, ਚਲੋ ਹੁਣ ਚੱਲੀਏ। ਸੋ ਮਹੀਨੇ ਕੁ ਦੀ ਛੁਟੀ ਲੈ ਲਈ ਤੇ ਤੁਰਨ ਦੀਆਂ ਚੁਪ ਕੀਤਿਆਂ ਤਿਆਰੀਆਂ ਹੋਣ ਲੱਗੀਆਂ। ਇਕ ਦਿਨ ਸਵੇਰ ਸਾਰ ਮਹਿਤਾਬ ਜ਼ੈਨਾਂ ਪਾਸ ਸੱਦੀ ਗਈ। ਜ਼ੈਨਾਂ ਉਸਨੂੰ ਮਿਲ ਕੇ ਰੋ ਪਈ। ਮਹਿਤਾਬ ਨੇ ਕਿਹਾ: ਸੁੱਖ-ਤਾਂ ਹੈ ? ਕਹਿਣ ਲੱਗੀ: ਸੁਖ ਕਾਹਦੀ ? ਔਹ ਦੇਖ ! ਇਹ ਕਹਿੰਦੀ ਦੂਜੇ ਕਮਰੇ ਲੈ ਗਈ, ਇਕ ਜੁਆਨ ਇਸਤ੍ਰੀ ਰੱਸੇ ਨਾਲ ਜਕੜੀ ਹੋਈ ਸੀ, ਹੱਥਾਂ ਪੈਰਾਂ ਵਿਚ ਨੀਲ ਪੈ ਰਹੇ ਸਨ ਤੇ ਚਿਹਰਾ ਬੱਗਾ ਪੂਣੀ ਹੋ ਰਿਹਾ ਸੀ, ਇਸ ਦੀ ਵਿਥਜਾ ਜ਼ੈਨਾਂ ਨੇ ਮਹਿਤਾਬ ਨੂੰ ਇਹ ਦੱਸੀ :-

"ਸ਼ਹਿਰ ਵਿਚ ਕੱਲ ਇਕ ਸਿਖ ਵਿਆਹ ਕਰਕੇ ਡੋਲਾ ਲਿਆਇਆ ਸੀ। ਇਕ ਕਾਜ਼ੀ ਨੇ ਰਸਤੇ ਵਿਚ ਹੀ ਡੋਲਾ ਘੇਰ ਲਿਆ ਅਰ ਖੋਹ ਕੇ ਨਵਾਬ ਸਾਹਿਬ ਪਾਸ ਭੇਜ ਦਿੱਤਾ। ਨਵਾਬ ਨੇ ਇਸਨੂੰ ਮੇਰੇ ਡੇਰੇ ਭੇਜ ਦਿੱਤਾ। ਜਦ ਆਪ ਰਾਤ ਨੂੰ ਆਏ ਤਦ ਇਸ ਨੂੰ ਸਬਜ਼ ਬਾਗ਼ ਦਿਖਾਏ ਤੇ ਗਹਿਣੇ ਦੇ ਲਾਲਚ ਦਿੱਤੇ, ਪਰ ਇਸ ਬੰਦੀ ਨੇ ਇਕੋ ਨੰਨੇ ਦੀ ਪੱਟੀ ਪੜ੍ਹੀ ! ਫੇਰ ਇਸ ਨੂੰ ਨਵਾਬ ਨੇ ਹੱਸ ਕੇ ਕਿਹਾ: 'ਇਥੇ ਤੇਰਾ ਕੌਣ ਸਹਾਈ ਹੈ ਜਿਸ ਦੀ ਹਮੈਤ ਤੇ ਹਠ ਕਰ ਰਹੀ ਹੈਂ ?" ਦੇਖ ਬੀਬੀ ! ਹਿਕੇ ਤਾਂ ਇਹ ਚੁੱਪ ਸੀ, ਹਿਕੇ ਖ਼ਬਰੇ ਕਿਸ ਦਰਦਨਾਕ ਆਵਾਜ਼ ਨਾਲ ਬੋਲੀ:- 'ਮੇਰਾ ਸਹਾਈ ਮੇਰੇ ਅੰਗ ਸੰਗ ਹੈ ?' ਨਵਾਬ ਨੇ ਕਿਹਾ, ਕੌਣ ਤੇਰਾ ਸਹਾਈ ਹੈ ? ਬੋਲੀ:- 'ਕਲਗੀਧਰ ਮੇਰਾ ਰਾਖਾ ਮੇਰੇ ਨਾਲ ਹੈ'। ਕਲਗੀਧਰ ਦਾ ਨਾਂ ਸੁਣ ਕੇ ਰੋਹ ਚੜ੍ਹ ਗਿਆ। ਪਹਿਲੇ ਗੋਲੀਆਂ ਤੋਂ ਮਾਰਕੁਟਾਈ ਕਰਾਈ, ਬੰਦੀ ਚੂਰ ਹੋ ਗਈ, ਪਰ ਸ਼ੁਕਰ ਸ਼ੁਕਰ ਕਰਦੀ ਰਹੀ, ਫੇਰ ਇਸ ਨੂੰ ਇਹ ਸਜ਼ਾ ਦਿੱਤੀ ਜੋ ਦੇਖ ਰਹੇ ਹੋ; ਮੈਂ ਬਹੁਤ ਕਿਹਾ ਪਰ ਮੰਨਿਆਂ ਨਹੀਂ। ਇਹ ਕਹਿ ਗਏ ਹਨ ਕਿ 'ਇਸ ਨੂੰ ਆਪਣੀ ਗੋਲੀ ਬਨਾ ਲਓਂ।' ਦੱਸੋ ਭੈਣ ਜੀ ! ਕੀ ਕਰਾਂ ? ਕੀ ਨਾ ਕਰਾਂ ?"

ਮਹਿਤਾਬ ਸੁਣ ਕੇ ਵੈਰਾਗ ਦੇ ਵੇਗ ਵਿਚ ਉੱਠੀ, ਇਕ ਦਮ ਤਖ਼ਤੇ ਦੇ ਪਾਸ ਗਈ ਅਰ ਪਲੋ ਪਲੀ ਵਿਚ ਰੱਸੀ ਖੋਲ੍ਹਕੇ ਬੀਬੀ ਨੂੰ ਚੱਕ ਕੇ ਗੋਦ

1. ਜ਼ੈਨਾ ਦੇ ਹਾਲ ਲਈ ਪੜ੍ਹੋ 'ਜ਼ੈਨਾਂ ਦਾ ਵਿਰਲਾਪ' ਜੋ ਇਸੇ ਪੋਥੀ ਦੇ ਦੂਜੇ ਭਾਗ ਵਿਚ ਪੰਨਾ ੧੨੦ ਤੇ ਹੈ।

# ੩੮. ਬੀਬੀ ਤਿਲੋਕ ਬਾਈ[1] ਤੇ ਘੁੱਲੂ ਸ਼ਾਹ।

**ਨਵਾਬ** ਸਰਹਿੰਦ ਦਾ 'ਇਸ਼ਰਤ ਕਦਹ' ਆਪਣੇ ਸਮੇਂ ਦਾ ਇਕ ਅਚਰਜ ਬਾਗ਼ ਸੀ, ਜਿਸਦਾ ਸਰੂਪ ਸਰਹਿੰਦ ਦੇ ਖੋਲਿਆਂ ਵਿਚ ਲੋਪ ਹੈ। ਅੱਜ ਜਿਥੇ ਇੱਟਾਂ, ਠੀਕਰੀਆਂ ਦੇ ਢੇਰ ਤੇ ਖੰਡਰਾਤ ਹਨ, ਉਥੇ ਕਦੇ ਬਾਰਾਂਦਰੀਆਂ, ਸੰਗ ਮਰ ਮਰ ਦੇ ਤਖ਼ਤਾਵਾਂ, ਫੁਹਾਰਿਆਂ ਦੇ ਤਲਾਉ, ਝਰਨੇ, ਸਰੂਆਂ ਦੀਆਂ ਕਤਾਰਾਂ, ਸੁੰਦਰ ਰਵਸ਼ਾਂ, ਫੁਲਦਾਰ ਬੂਟੇ, ਫਲਦਾਰ ਪੇੜ ਤੇ ਸੁਗੰਧੀ ਵਾਲੀ ਸੰਘਣੀ ਛਾਇਆ ਦੇ ਬ੍ਰਿਛ ਲਹਿ ਲਹਿ ਕਰਦੇ ਹੁੰਦੇ ਸਨ। ਇਸ ਬਾਗ਼ ਵਿਚ ਸੁਖ ਸੁਆਦ ਤੇ ਮੌਜ ਦਾ ਕੀ ਸਾਮਾਨ ਸੀ ਜੋ ਕੱਠਾ ਨਹੀਂ ਕਰ ਰਖਿਆ ਸੀ ? ਬਾਗ਼ ਵਿਚ 'ਕੁਦਰਤੀ ਸੁੰਦਰਤਾ ਤੇ ਇਨਸਾਨ ਦੀ ਵਿਉਂਤੀ ਸੁੰਦਰਤਾ' ਦਾ ਸੰਗਮ ਹੁੰਦਾ ਹੈ, ਇਹ ਸੁੰਦਰਤਾ ਆਪਣੇ ਵਿਚ ਇਕ ਵਿਸਮਾਦੀ ਤਾਸੀਰ ਰਖਦੀ ਹੈ, ਪਰ ਸੁੰਦਰਤਾ ਤੋਂ ਇਨਸਾਨ ਇਹ ਰਸ ਨਹੀਂ ਮਾਣਦਾ, ਉਹ ਇਸ ਨੂੰ ਬੀ ਸਥੂਲ ਰਸਾਂ ਦੇ ਮਾਣਨ ਲਈ ਵਰਤਦਾ ਹੈ, ਐਉਂ ਸੁਰਤ ਨੂੰ ਖੰਭ ਲਾ ਕੇ ਸੁਤੰਤ੍ਰਤਾ ਵਿਚ ਲੈ ਜਾਣ ਵਾਲੇ ਸਾਮਾਨ ਇਨਸਾਨ ਨੂੰ ਇੰਦ੍ਰਿਆਂ ਦੇ ਵੱਸ ਵਿਚ ਪਰਤੰਤ੍ਰ ਕਰੀ ਜਾਂਦੇ ਹਨ। ਭਾਵੇਂ ਇਹ ਬਾਗ਼ ਬੀ ਇਸੇ ਤਰ੍ਹਾਂ ਬਾਹਰਲੇ ਰਸਾਂ ਲਈ ਵਰਤਿਆ ਜਾਂਦਾ ਸੀ, ਪਰ ਰਾਤ ਨੂੰ ਜਦੋਂ ਇਨ੍ਹਾਂ ਰਸਾਂ ਦੇ ਮਾਣਨਹਾਰ ਮਹਿਲਾਂ ਵਿਚ ਚਲੇ ਜਾਂਦੇ ਸੇ ਤਾਂ ਬਾਗ਼ ਦੀ ਛਾ ਰਹੀ ਏਕਾਂਤ ਵਿਚ ਸੁੰਦਰਤਾ ਦੀ ਵਿਸਮਾਦੀ ਤਾਸੀਰ ਮਾਨੋਂ ਚਮਕ ਉਠਦੀ ਸੀ।

ਬਾਗ਼ ਦਾ ਚੌਧਰੀ ਅਰਥਾਤ ਵਡਾ ਮਾਲੀ ਕੁਛ ਰਸੀਆ ਪੁਰਖ ਸੀ। ਉਹ ਕਦੇ ਕਦੇ ਰਾਤ ਨੂੰ ਇਸ ਏਕਾਂਤ ਦੇ ਨਾਲ ਪ੍ਰਭਾਵਿਤ ਹੋ ਹੋ ਕੇ ਫ਼ਕੀਰਾਂ ਦਾ ਮੇਲੀ ਹੋ ਗਿਆ ਸੀ, ਫੇਰ ਇਹ ਏਕਾਂਤ ਹੋਰ ਸੁਹਾਉਣੀ ਲੱਗਣ ਲਗ ਪਈ।

ਇਸ ਬਾਗ਼ ਦੇ ਇਕ ਪਾਸੇ ਮਹੱਲ ਸ਼ਾਹੀ ਸੀ ਤੇ ਦੂਜੇ ਸੜਕ ਵਾਲੇ ਪਾਸੇ ਵਲ ਇਕ ਖੂੰਜੇ ਮਾਲੀ ਦਾ ਘਰ ਸੀ। ਇਸ ਦੇ ਘਰ ਆਏ ਫ਼ਕੀਰ ਕਈ ਵੇਰ ਇਸ ਬਾਗ਼ ਦਾ ਰਾਤ ਸਮੇਂ ਸੁਆਦ ਮਾਣਦੇ।

ਮਾਲੀ ਦਾ ਨਾਉਂ ਘੁੱਲੂ ਸ਼ਾਹ ਸੀ, ਇਸ ਦੀ ਵਹੁਟੀ ਪੀਰ ਬੁੱਧੂ ਸ਼ਾਹ ਦੇ ਇਕ ਮੁਰੀਦ ਦੀ ਬੇਟੀ ਸੀ। ਉਹ ਪੇਕਿਓਂ ਹੀ ਫ਼ਕੀਰੀ ਖਯਾਲ ਲੈ ਕੇ ਆਈ ਸੀ। ਅਸਲ ਵਿਚ ਘੁੱਲੂ ਸ਼ਾਹ ਉੱਤੇ ਇਸ ਬੀਬੀ ਦੇ ਸੰਗ ਨੇ ਸਤਿਸੰਗ ਦੀ ਰੰਗਣ ਚਾੜ੍ਹੀ ਸੀ।

ਇਕ ਵੇਰ ਪੀਰ ਬੁੱਧੂ ਸ਼ਾਹ ਆਪਣੀ ਪੀਰੀ ਦੇ ਵੇਸ ਵਿਚ ਨਾ, ਪਰ ਸਾਧਾਰਣ ਫ਼ਕੀਰ ਦੇ ਵੇਸ ਵਿਚ ਸਰਹਿੰਦ ਆਯਾ ਤਾਂ ਘੁੱਲੂਸ਼ਾਹ ਪਾਸ ਠਹਿਰਿਆ। ਅੰਮ੍ਰਿਤ ਵੇਲੇ ਪੀਰ ਜੀ ਬਾਗ਼ ਵਿਚ ਜਾ ਬੈਠੇ ਤੇ ਉਸ ਏਕਾਂਤ ਸ਼ਾਂਤਿ ਸਮੇਂ ਮਨ ਨੂੰ ਮਨ ਵਿਚ ਜੋੜ ਕੇ ਰਸ ਮਗਨ ਹੋ ਗਏ। ਸੋਝਲਾ ਹੋਣ ਤੋਂ ਪਹਿਲਾਂ ਨੈਣ ਖੋਹਲੇ, ਆਪ ਨਿਕੀ ਸੁਰ ਵਿਚ ਗਾਂਵੇਂ :-

> ਲਾਖ ਉਲਾਹਨੇ ਮੋਹਿ ਹਰਿ ਜਬ ਲਗੁ ਨਹ ਮਿਲੈ ਰਾਮ॥ ਮਿਲਨ ਕਉ ਕਰਉ ਉਪਾਵ ਕਿਛੁ ਹਮਾਰਾ ਨਹ ਚਲੈ ਰਾਮ॥ ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ ਕਵਨ ਬਿਧੀ ਨਾ ਧੀਜੀਐ॥ ਖਾਨ ਪਾਨ ਸੀਗਾਰ ਬਿਰਥੇ ਹਰਿ ਕੰਤ ਬਿਨੁ ਕਿਉ ਜੀਜੀਐ॥ ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ॥ ਨਾਨਕੁ ਪਇਅੰਪੈ ਸੰਤ ਦਾਸੀ ਤਉ ਪ੍ਰਸਾਦਿ ਮੇਰਾ ਪਿਰੁ ਮਿਲੈ॥੨॥ (ਬਿਹਾ: ਮ: ੫-੨)

ਇਨ੍ਹਾਂ ਤੁਕਾਂ ਦਾ ਅਸਰ ਘੁੱਲੂ ਤੇ ਡੂੰਘਾ ਪਿਆ। ਕਹਿਣ ਲੱਗਾ "ਸਾਈਂ ਜੀ ! ਕੁਝ ਮਿਹਰ ਕਰੋ ? ਮੈਨੂੰ ਫ਼ਕੀਰਾਂ ਦੀ ਸੁਹਬਤ ਕਰਦਿਆਂ ਅੱਠ ਵਰ੍ਹੇ ਲੰਘ ਚੱਲੇ ਹਨ, ਮੈਂ ਇਹ ਸਿਖਿਆ ਬੀ ਹੈ ਕਿ 'ਹਮਹਓਸਤ' (ਸਭ ਰੱਬ ਹੈ), ਇਹ ਬੀ ਕਿ ਮੈਂ ਰੱਬ ਹਾਂ, ਪਰ ਮੇਰੇ ਅੰਦਰ ਕੁਝ ਪੁੜਦਾ ਨਹੀਂ ਦਿੱਸਦਾ। ਅੱਜ ਜੋ ਕਲਾਮ ਤੁਸਾਂ ਪੜ੍ਹੀ, ਉਹ ਮੈਨੂੰ ਪੁੜੀ ਹੈ। ਕਿਵੇਂ ਮਿਲੀਦਾ ਹੈ ? ਆਪ ਤਾਂ ਨਹੀਂ ਹੋਈਦਾ ? ਮਿਲੀਦਾ ਹੈ ਨਾ ? ਮੈਂ ਕਾਫਰ ਤਾਂ ਨਹੀਂ, ਜਦ ਆਪ ਨੂੰ ਕਹਿੰਦਾ ਹਾਂ ਓਹ ?"

ਬੁੱਧੂਸ਼ਾਹ-ਸਾਈਂ ਦੇ ਪਿਆਰੇ ! ਰੱਬ ਤਾਂ ਇਕ ਹੈ, ਦੋ ਰੱਬ ਨਹੀਂ ਹੋ ਸਕਦੇ, ਜੇ ਤੂੰ ਵੀ ਰੱਬ ਹੋ ਗਿਆ ਤਾਂ ਦੋ ਹੋ ਗਏ ! (ਮੁਸਕ੍ਰਾਕੇ...) ਹਾਂ, ਤੂੰ ਰੱਬ ਨਾਲ ਐਉਂ ਜੁੜ ਸਕਦਾ ਹੈ ਜਿਕੂੰ ਤੂੰ ਬੂਟਿਆਂ ਨਾਲ ਪੇਉਂਦਾਂ ਜੋੜਦਾ ਹੈਂ।

---

1. ਇਹ ਪ੍ਰਸੰਗ ਸੰਮਤ ਗੁ: ਨਾ: ਸਾ: ੪੩੮ (੧੯੦੭ ਈ:) ਦੇ ਗੁਰਪੁਰਬ ਪਰ 'ਸੱਧਰਾਂ ਵਾਲਾ ਪੁਰਬ' ਦੇ ਨਾਮ ਹੇਠ ਟਰੈਕਟ ਦੀ ਸ਼ਕਲ ਵਿਚ ਪ੍ਰਕਾਸ਼ਿਆ ਸੀ। ਇਸ ਤੋਂ ਪਹਿਲੇ "ਗੁਰੂ ਜੀ ਦੇ ਤ੍ਰੈ ਦਰਸ਼ਨ" ਨਾਮ ਦਾ ਲੇਖ ਪੰਨਾ ੩੫੯ ਤੇ ਦੇਖੋ ਜੀ।

ਆਉਂਦੇ ਜਾਂਦੇ, ਸਾਰੇ ਸਿੱਖ ਸੁਣਾਂਦੇ। ਆਈ ਰਾਤ, ਰਾਤ ਇਕ ਠੰਢੀ ਸਤਿਗੁਰ ਮਹਿਲੋਂ ਚੱਲੇ। ਘੋੜੇ ਪਰ ਅਸਵਾਰ ਚੱਲ ਪਏ ਸਿੱਖ ਦੇ ਮੰਦਰ ਵੱਲੇ। ਦੁਆਰੇ ਸਿੱਖ ਦੇ ਪਹੁੰਚੇ, ਆਕੇ ਘੋੜਾ ਬਾਹਰਿ ਬੱਧਾ, ਦ੍ਵਾਰ ਖੋਹਲਿਆ ਸਿੱਖ ਦੇਖਿਆ ਧਜਾਨ ਲੀਨ ਰਸ ਮੱਧਾ। ਸਨਮੁਖ ਚੰਦਨ ਚੌਕੀ ਸਿੱਖ ਦੇ ਧਰੀ ਹੁਈ ਸੀ ਸੁਹਣੀ ਜਿਸ ਤੇ ਬੈਠੇ ਗੁਰੂ, ਧਜਾਨ ਦੀ ਸੂਰਤ ਲੈ ਮਨ-ਮੋਹਣੀ। ਉਸ ਚੌਕੀ ਤੇ ਸਚਮੁਚ ਸਤਿਗੁਰ ਬੈਠ ਗਿਆ ਹੁਣ ਆਕੇ, ਪਰ ਨਾ ਖ਼ਬਰ ਪਈ ਸਿਖ ਤਾਈਂ ਧਜਾਨ ਜੁ ਬੈਠਾ ਲਾ ਕੇ। ਧਜਾਨ ਵਿਚ ਸਿਖ ਰੂਪ ਦੇਖਦਾ, ਰੂਪ ਓ ਗੁਰਾਂ ਹਿਲਾਇਆ, ਘਾਬਰ ਕੇ ਸਿਖ ਅੱਖੀ ਖੁਹਲੀ ਹਿਲਿਆ ਧਜਾਨ ਜਮਾਇਆ। ਅੱਖ ਖੁਲ੍ਹੀ ਤਾਂ ਸਨਮੁਖ ਬੈਠੇ ਸਤਿਗੁਰ ਦੇਣ ਦਿਦਾਰੇ, ਪਰ ਉਹ ਧਜਾਨ-ਲੀਨ ਸੀ ਹੋਇਆ ਸਿਥਲ ਅੰਗ ਸਨ ਸਾਰੇ। ਹਿੱਲ ਨ ਸਕਿਆ, ਟਿਕਿਆ ਹੋਇਆ, ਪ੍ਰੇਮ ਵਿਚ ਪਿਆ ਦੇਖੇ, ਸਾਰੀ ਸੁਰਤ ਸਰੀਰੋਂ ਮਾਨੋਂ ਅੱਖੀਂ ਆਣ ਪਰੇਖੇ। ਘੜੀਓਂ ਵੱਧ ਬੀਤਿਆ ਐਕੁਰ, ਸਿਖ ਗੁਰੂ ਇਕ ਹੋਏ, ਅਚਰਜ ਮੇਲ ਆਤਮਾਂ ਵਾਲਾ, ਗੁਰ ਸਿਖ ਪ੍ਰੇਮ ਪਰੋਏ। ਇੰਨੇ ਤਕ ਇਕ ਸੱਦ ਵਿਆਕੁਲ, ਕੂਕ ਕਰੇਂਦੀ ਆਈ: "ਦਿਆਂ ਦੁਹਾਈ ਵੈਦ ਰਾਜ ਜੀ ! ਮੇਰੀ ਕਰੋ ਦੁਆਈ।" ਤ੍ਰਬ੍ਰਕੀ ਸੁਰਤ ਸਿੱਖ ਦੀ ਸੁਣਕੇ, ਬਾਹੁਮੁਖੀ ਹੁਣ ਹੋਈ, ਸਮਝ ਪਈ ਦਿਲ ਦੁਬਿਧਾ ਆਇਆ, ਸੁਰਤੀ ਸੋਚ ਪਰੋਈ-ਉਧਰ ਹੈ ਕੋਈ ਦੁਖੀਆ ਆਇਆ ਉੱਚੀ ਹੈ ਜੋ ਰੋਇਆ, ਇਧਰ ਸਤਿਗੁਰ ਦਰਸ਼ਨ ਦਿੱਤੇ ਧਜਾਨ ਸਿੱਧ ਹੈ ਹੋਇਆ। ਸਿੱਕ ਸਿੱਕ ਹੈ ਇਹ ਛਿਨ ਲੱਧੀ, ਜਾਂਵਾਂ ਬੇਮੁਖਤਾਈ, ਜੇ ਨਾ ਜਾਂਵਾਂ ਹੁਕਮ ਅਦੂਲੀ ਤਾਂ ਬੀ ਬੇਮੁਖਤਾਈ। ਆਦਰ ਦਿਆਂ ਕਿ ਹੁਕਮ ਕਮਾਵਾਂ ? ਪਹਿਲੋਂ ਹੁਕਮ ਕਮਾਵਾਂ, ਫਿਰ ਆ ਪੈ ਕੇ ਚਰਨੀਂ ਪਜਾਰੇ ਰੋ ਰੋ ਭੁਲ ਬਖਸ਼ਾਵਾਂ। ਇਹ ਕੁਝ ਸੋਚ ਨਿਵਾਇਆ ਸਿਰ ਨੂੰ, ਸਤਿਗੁਰ ਰਹੇ ਬਿਰਾਜੇ, ਲਗੀ ਸਮਾਧਿ ਅਖੰਡ ਗੁਰਾਂ ਦੀ ਸੂਰਜ ਵਾਂਙੂ ਰਾਜੇ। ਵੈਦ ਨਿਕਲ ਕੇ ਬਾਹਰ ਆਇਆ, ਮ੍ਰਾਲੀ ਨਾਲ ਸਿਧਾਇਆ, ਰੋਗੀ ਦੀ ਜਾ ਸੇਵਾ ਕੀਤੀ ਮੌਤੋਂ ਉਨ੍ਹੂੰ ਬਚਾਇਆ। ਸੇਵਾ ਕਰ ਘਰ ਆਇਆ ਮੁੜਕੇ, ਸਹਿਜੇ ਅੰਦਰ ਆਇਆ, ਦੇਖੇ ਨੈਣ ਬੰਦ ਹਨ ਗੁਰ ਦੇ ਆਸਨ ਪਦਮ ਜਮਾਇਆ। ਸਹਿਜੇ ਦੂਰੋਂ ਮੱਥਾ ਟੇਕੇ, ਨੈਣ ਗੁਰਾਂ ਨੇ ਖੁਹਲੇ, ਆਖੇ; "ਬਖਸ਼ ਲਵੋ ਅਪਰਾਧੀ" "ਬਖਸ਼ੇ ਬਖਸ਼ੇ" ਬੋਲੇ, "ਮੈਂ ਟੁਰ ਜਾਵਾਂ ਬਾਹਰ ਸਤਿਗੁਰ ! ਆਪ ਜਦੋਂ ਘਰ ਆਓ। ਨਰਕ ਅਗਨਿ ਕੁਈ ਹੋਵੇ ਭਾਰੀ ਮੈਨੂੰ ਉਸ ਵਿਚ ਪਾਓ !" ਸਿਰ ਤੇ ਕੋਮਲ ਹੱਥ ਫੇਰਿਆ, ਚੱਕ ਗਲੇ ਸਿਖ ਲਾਇਆ "ਘਾਲ ਪਹੀ ਅਜ ਥਾਉਂ ਤੁਹਾਡੀ", ਇਹ ਵਰ ਮੁਖੋਂ ਅਲਾਇਆ। ਬਚਨ ਕਮਾਵੇ ਜਿਹੜਾ ਕੋਈ ਉਹ ਮੈਨੂੰ ਹੈ ਪਜਾਰਾ, ਸਿੱਖ ਉਹੋ, ਸਤਿਸੰਗੀ ਓਹੋ ਮੇਰਾ ਪੁੱਤ ਦੁਲਾਰਾ। ਲੈ ਗਏ ਉਸ ਨੂੰ ਨਾਲ ਗੁਰੂ ਜੀ, ਸੰਗਤ ਵਿੱਚ ਰਲਾਇਆ। ਨਾਮ ਸੁਜਾਨ ਸਿੰਘ ਉਸ ਬਖਸ਼ਿਆ, ਟੱਬਰ ਫੇਰ ਬੁਲਾਇਆ। ਵਹੁਟੀ ਪੁਤਾਂ ਸਭ ਨੇ ਆ ਕੇ ਦਰਸ਼ ਇਲਾਹੀ ਪਾਇਆ, ਅੰਮ੍ਰਿਤ ਛੱਕਕੇ ਜੀਵੇ ਹੋਏ, ਜੀਵਨ ਸਫਲ ਕਰਾਇਆ। ਨਾਰਿ ਰਹੀ ਸੀ ਘਰੇ ਪਤਿਬ੍ਰਤ ਪਤੀ ਯਾਦ ਵਿਚ ਰੱਤੀ, ਖਰਚ ਭੇਜਦੀ, ਹੁਕਮ ਕਮਾਂਦੀ, ਜਤ ਸਤ ਦੇ ਵਿਚ ਪੱਕੀ। ਇਹ ਆਚਰਨ ਗੁਰਾਂ ਨੂੰ ਭਾਏ ਉਹ ਬੀ ਤਰ ਗਈ ਨਾਲੇ। ਤਰ ਗਏ ਸਾਰੇ ਓ ਜਗ ਆਏ ਹੁਕਮ ਜਿਨ੍ਹਾਂ ਨੇ ਪਾਲੇ। ਤਿੱਖੀ ਖੰਡਿਓਂ ਸਿੱਖੀ ਕਹੀਏ ਸਿਖੀ ਖੰਡਿਓਂ ਤਿੱਖੀ। ਹੁਕਮ ਕਮਾਏ ਸਿੱਖ ਜਿਨ੍ਹਾਂ ਨੇ, ਸਫਲ ਉਹਨਾਂ ਦੀ ਸਿੱਖੀ !

ਗੁਣ ਦਾ ਸ਼ੌਕ ਨ ਰਹਿਆ। ਸੱਦੇ ਹੈਨ ਆਂਵਦੇ ਬਾਹਰੋਂ, ਪਰ ਉੱਦਮ ਨਾ ਆਵੇ। ਛੱਡ ਲਾਹੌਰ ਹੋਰਥੇ ਜਾਣਾ ਦਿਲ ਨੂੰ ਨਹੀਂ ਸੁਖਾਵੈ। ਸਤਲੁਜ ਨਦੀ ਕਿਨਾਰੇ ਉੱਤੋਂ ਹੁਣ ਸੱਦਾ ਹੈ ਆਇਆ, 'ਸੈਨਾਪਤਿ' ਕਵਿ ਮਿੱਤਰ ਮੇਰਾ, ਉਸ ਨੇ ਹੈ ਬੁਲਵਾਇਆ। ਗੁਰੂ ਗੋਬਿੰਦ ਸਿੰਘ ਦਸਵਾਂ ਸਤਿਗੁਰ ਲੀਤਾ ਜਗ ਅਵਤਾਰਾ, ਗੱਦੀ ਗੁਰ ਨਾਨਕ ਤੇ ਸੁਹਵੇ, ਗੁਣੀਆਂ ਧਰੇ ਪਿਆਰਾ। ਕਵੀ, ਸਖੀ, ਰਾਜਾ ਤੇ ਜੋਧਾ ਵਿਦਜਾ ਦਾ ਭੰਡਾਰਾ, ਅਖੇ ਏਥੇ ਵੇਖ ਆਣਕੇ ਵਿਦਜਾ ਦਾ ਦਰਬਾਰਾ। ਨਾਮ ਕੰਨ ਵਿਚ ਗੁਰ ਦਾ ਸੁਣ ਕੇ, ਮਹਿਮਾ ਸੁਣ ਕੇ ਭਾਰੀ; ਦਿਲ ਨੂੰ ਵੱਜ ਗਈ ਇਕ ਖਿੱਚੀ, ਲੱਗੀ ਖਿੱਚ ਪਿਆਰੀ। ਯਾਦ ਕਰੇ ਜਦ ਨਾਮ ਗੁਰੂ ਦਾ ਲੱਗੇ ਨਾਮ ਪਿਆਰਾ। ਧ੍ਰੂਹ ਪਵੇ ਦਿਲ ਹਿਲ ਜੁਲ ਹੋਵੇ ਕਦੇ ਕੰਬ ਜਾਇ ਸਾਰਾ। ਸੁਤਿਆਂ ਯਾਦ ਪਵੇ ਤਾਂ ਜਾਗੇ, ਨੀਂਦ ਨ ਨੈਣੀਂ ਆਵੇ। ਰੋਟੀ ਖਾਂਦਿਆਂ ਫੁਰੇ ਜਿ ਫੁਰਨਾਂ ਰੋਟੀ ਹੀ ਰਹਿ ਜਾਵੇ। ਕੱਲੇ ਬੈਠਿਆਂ ਸੋਚੀਂ ਪੈ ਜਾਏ, ਵਹਿਣੋਂ ਬਾਹਰ ਨ ਆਵੇ। ਹੱਥ ਧਰੇ ਰੋਗੀ ਦੀ ਨਾੜੀ, ਉਸ ਛਿਨ ਯਾਦ ਜਿ ਆਵੇ, ਸਮਝ ਨ ਰੋਗ ਨਾੜ ਦੀ ਆਵੇ, ਖਜਾਲ ਓਸ ਪੈ ਜਾਵੇ। ਬੇਵੱਸ ਜਦ ਏ ਖਿੱਚ ਹੋ ਗਈ, ਤਾਂ ਟੁਰ ਪਿਆ ਪਿਆਰਾ। ਸਨੇ ਸਨੇ ਆਨੰਦ ਪੁਰ ਪਹੁੰਚਾ ਕਰਨ ਲਈ ਦਿਦਾਰਾ। ਲਗਾ ਦਿਵਾਨ ਗੁਰੂ ਪੂਰੇ ਦਾ ਪਹੁੰਚਾ ਇਹ ਉਸ ਥਾਂਵੇਂ; ਪਹਿਲੋਂ ਦੂਰੇ ਮਸਤਕ ਟੇਕਜਾ, ਫਿਰ ਗਲ ਪੱਲਾ ਪਾਵੇ; ਅੱਗੇ ਵਧਕੇ ਦਰਸ਼ਨ ਡਿੱਠਾ, ਬਿਜਲੀ ਜਿਉਂ ਕਰ ਧਾਈ, ਦੇ ਚਮਤਕਾਰ ਅੱਖੀਆਂ ਤਾਈਂ ਚਕਾਚੂੰਧ ਇਕ ਲਾਈ। ਖੜਾ ਰਹਿ ਗਿਆ ਨਾਲ ਕੰਧ ਦੇ, 'ਕੰਧ ਦੀ ਮੂਰਤ' ਹੋਇਆ, ਵਿਸਰ ਗਿਆ ਸਭ ਅੱਗਾ ਪਿੱਛਾ, ਜੀਉਂਦਾ ਮਾਨੋਂ ਮੋਇਆ। ਇਕ ਟਕ ਬੱਧੀ ਇਸੇ ਤਰ੍ਹਾਂ ਹੀ ਖੜਾ ਰਿਹਾ ਚਿਰ ਤਾਂਈਂ, ਭੋਗ ਪਿਆ, ਤਦ ਸੰਗਤ ਸਾਰੀ ਨਿਜ ਨਿਜ ਧਾਮ ਸਿਧਾਈ। ਵਿਹਲ ਹੁਈ ਗੁਰ ਮੰਦਰ ਅੰਦਰ ਸਤਿਗੁਰ ਤਖਤੋਂ ਉੱਠੇ। ਪਾਸ ਆਇ ਕੇ ਡਿੱਠਾ ਸਿਖ ਨੂੰ, ਦੇਖਦਿਆਂ ਹੀ ਤੁੱਠੇ:-"ਜਾਉ ਸਿਖ ਤੂੰ ਰਹੀਂ ਨ ਏਥੇ, ਚਲੇ ਜਾਓ, ਚਲ ਜਾਓ। ਸੰਗਤ ਵਿਖੇ ਗੁਰੂ ਹੈ ਰਹਿੰਦਾ, ਸੇਵਾ ਕਰੋ ਸੁਖ ਪਾਓ।" ਬੋਲ ਨ ਸੱਕੇ, ਸੋਚ ਨ ਸੱਕੇ, ਮਤਲਬ ਕੀਕੁਰ ਕਹਿੰਦਾ, ਚਰਨਾਂ ਪਰ ਨਿਰਮਾਣ ਪਿਆ ਹੈ, ਅੰਝੂ ਹੜ੍ਹ ਸੀ ਵਹਿੰਦਾ। ਫਿਰ ਸਤਿਗੁਰ ਇਉਂ ਵਾਕ ਉਚਾਰੇ: 'ਇਸ ਥਾਂ ਤੋਂ ਤੁਰ ਜਾਓ, ਸ਼ਬਦ ਗੁਰੂ ਗੁਰ ਸ਼ਬਦ ਅਹੈ, ਜਾ ! ਦੁਖੀਆਂ ਦੁੱਖ ਮਿਟਾਓ।' ਸੁਣਕੇ ਹੁਕਮ ਉੱਠ ਕੇ ਟੁਰਿਆ, ਪਰ ਕੀ ਦੇਖੇ ਹੋਇਆ। ਸੂਰਤ ਗੁਰ ਦੀ ਦਿਲ ਵਿਚ ਬੈਠੀ ਸਖਣਾਂ ਥਾਉਂ ਭਰੋਇਆ। ਕੀਰਤਪੁਰ ਨੇੜੇ ਜਾ ਟਿਕਿਆ ਘਰ ਦੀ ਖਿਚ ਭੁਲਾਈ। ਪਹਿਰ ਰਾਤ ਦੇ ਤੜਕੇ ਉਠੇ, ਨ੍ਹਾ ਧੋ ਕੇ ਬਹਿ ਜਾਈ ! ਬੈਠ ਗੁਰੂ ਦਾ ਨਾਮ ਜਪੇ ਤੇ ਸਤਿਗੁਰ ਪਜਾਨ ਲਗਾਵੇ; ਮਗਨ ਹੋਇ ਇਉਂ ਕਰਦਾ ਜਦ ਓ ਲਿਵ ਵਿਚ ਜਾ ਲਪਟਾਵੇ। ਸੂਰਜ ਚੜ੍ਹੇ ਬਾਹਰ ਜਦ ਨਿਕਲੇ ਹਿਕਮਤ ਹੱਟੀ ਲਾਵੇ। ਦਾਰੂ ਦੇਇ ਰੋਗੀਆਂ ਤਾਂਈਂ, ਦੁਖੜੇ ਦੂਰ ਕਰਾਵੇ। ਦਾਰੂ ਮੁਫਤ ਦੇਂਵਦਾ ਸਭ ਨੂੰ, ਮੁੱਲ ਨ ਲੈਂਦਾ ਕਾਈ; ਖਰਚ ਆਪਣਾ ਘਰੋਂ ਮੰਗਾਵੇ, ਬੋਝ ਨ ਪਾਵੇ ਰਾਈ। ਅੱਧੀ ਰਾਤੀਂ ਜਾਇ ਵੰਗਾਰੇ ਕਿਸੇ ਵਕਤ ਕੋਈ ਸੱਦੇ, ਓਸੇ ਵੇਲੇ ਕਰਦਾ ਦਾਰੀ, ਸੁਆਲ ਨ ਦੁਖੀਆਂ ਰੱਦੇ। "ਸੰਗਤ ਵਿਖੇ ਗੁਰੂ ਹੈ ਰਹਿੰਦਾ" ਏ ਸ਼ੁਭ ਵਾਕ ਗੁਰਾਂ ਦੇ, ਕੰਨਾਂ ਵਿੱਚ ਗੂੰਜਦੇ ਉਸ ਦੇ, ਉਸ ਤੋਂ ਸੇਵ ਕਰਾਂਦੇ। ਕਾਰ ਨਾਲ ਇਕ ਹੋਰ ਅਰੰਭੀ, ਸੰਗਤ ਸੇਵ ਕਮਾਵੇ। ਆਏ ਗਏ ਸਿੱਖ ਦੇ ਤਾਂਈਂ ਅਪਣੇ ਪਾਸ ਟਿਕਾਵੇ। ਅੰਨ ਦਏ ਪਾਣੀ ਬੀ ਦੇਵੇ, ਦਏ ਹੁਨਾਲੇ ਪੱਖੇ। ਟਹਿਲ ਕਮਾਵੇ, ਸੁਖ ਪਹੁੰਚਾਵੇ, ਕਸਰ ਨ ਕੋਈ ਰੱਖੇ। ਉਪਦੇਸ਼ ਗੁਰੂ ਮੁਖੜੇ ਵਿਚ ਰਹਿੰਦਾ,-ਨਾਮ ਜਪੇਂਦਾ ਰਹਿੰਦਾ, ਸੇਵ ਗੁਰੂ ਸੰਗਤ ਦੀ ਕਰਦਾ, ਸੁਆਸ ਨ ਗੁਰ ਬਿਨ ਵਹਿੰਦਾ। ਇਸ ਬਿਧਿ ਕਰਦਿਆਂ ਸੇਵ ਸਿੱਖ ਨੂੰ ਘਾਲ ਭੇਰੇਰੀ ਚੱਕਿਆਂ। ਪੰਜ ਬਰਸ ਬੀਤੇ ਛੇ ਲੰਘੇ, ਸਿੱਖ ਨ ਮੂਲੋਂ ਥੱਕਿਆ। ਭੁੱਖ ਵਧੇ ਦਰਸ਼ਨ ਪਰਸਨ ਦੀ ਪਰ ਉਹ ਘਾਲ ਕਮਾਵੇ, ਯਾਦ ਗੁਰੂ ਨੂੰ ਗੁਰੂ ਜਾਣਕੇ ਇਸ ਵਿਚ ਆਪ ਸਮਾਵੇ। ਸਤਿਗੁਰ ਜਾਣੀ ਜਾਣ ਦਿਆਲੂ, ਦਿਲ ਦੀ ਲਖਦੇ ਜਾਂਦੇ। ਉਧਰੋਂ ਮਹਿਮਾਂ

ਜਾਂਦੇ, ਸਲਾਹੇ ਜਾਂਦੇ, ਮਿਲਦੇ, ਵਿਛੁੜਦੇ, ਸੰਜੋਗ ਵਿਯੋਗ ਝੱਲਦੇ ਲਗੇ ਰਹਿੰਦੇ ਹਨ। ਇਉਂ ਸਰੀਰ ਵਿਚ ਹੁੰਦਿਆਂ ਸਹਿਜ ਅਵਸਥਾ ਦਾ ਲਹਿਰਾ ਪ੍ਰਵਾਣ ਗ੍ਰਿਹਸਤ ਉਦਾਸੀਆਂ ਨੂੰ ਸ਼ਬਦ (ਨਾਮ) ਦੇ ਅਖੰਡ ਨਿਵਾਸ ਵਿਚ ਪ੍ਰਾਪਤ ਹੁੰਦਾ ਹੈ, ਗੁਰੂ ਜੀ ਨੇ ਪ੍ਰੇਮਣ ਨੂੰ ਸਾਰੇ ਦਰਸ਼ਨਾਂ ਨਾਲ ਨਿਹਾਲ ਕਰ ਦਿੱਤਾ ਹੈ।

ਇਹ ਇਕ ਪ੍ਰੇਮਣ ਦੇ ਦਰਸ਼ਨ ਹਨ ਜੋ ਗੁਰਪੁਰਬ ਪਰ ਆਨੰਦਪੁਰ ਨਹੀਂ ਅੱਪੜ ਸਕੀ, ਪਰ ਵੈਰਾਗ, ਸੱਧਰ, ਸ਼ੁਕਰ ਤੇ ਬੇਨਤੀ ਦੇ ਮਿਲਵੇਂ ਭਾਵਾਂ ਵਿਚ 'ਗੁਰਮੁਖਿ ਜਾਗੈ ਸੋਈ ਸਾਰੁ' ਅਨੁਸਾਰ ਰਾਤ 'ਭਿੰਨੀ ਰੈਨੜੀਏ ਚਮਕਨ ਤਾਰੇ। ਜਾਗਨ ਸੰਤਜਨਾਂ ਮੇਰੇ ਰਾਮ ਪਿਆਰੇ।' ਦੇ ਰੰਗ ਵਿਚ ਰਚ ਰਹੀ ਹੈ। ਇਹ ਬੀਬੀ ਤਿਲੋਕ ਬਾਈ ਦਿੱਲੀ ਵਾਸੀ ਰਾਧਾ ਰਤਨ ਦੀ ਇਸਤ੍ਰੀ ਸੀ[1], ਜੋ ਗੁਰਪੁਰਬ ਤੇ ਨਾ ਅੱਪੜ ਸਕਣ ਕਰਕੇ ਘਰ ਹੀ ਗੁਰਪੁਰਬ ਦਾ ਲਹਿਰਾ ਲੈ ਰਹੀ ਹੈ। ਪ੍ਰੇਮ ਵਿਚ ਹੈ, ਕੀਰਤਨ ਵਿਚ ਹੈ, ਨਾਮ ਵਿਚ ਹੈ, ਫਿਰ ਆਪਣੇ ਘਰ ਵਿਚ ਬੈਠੀ ਸੰਸਾਰ ਯਾਤ੍ਰਾ ਸਫਲਤਾ ਨਾਲ ਨਿਬਾਹ ਰਹੀ ਹੈ।

## ੩੭. ਪ੍ਰਸੰਗ ਭਾਈ ਸੁਜਾਨ ਸਿੰਘ ਜੀ[2]।

ਵਿਚ ਲਾਹੌਰ ਖੱਤਰੀ ਖੰਨੇ ਸ਼ਾਹੂਕਾਰ ਸਿਆਣੇ, ਦੋ ਭਾਈ ਸਣ ਟੱਬਰ ਰਹਿੰਦੇ ਨੇਕ ਤੇ ਬੀਬੇ ਰਾਣੇ। ਵੱਡੇ ਦੇ ਔਲਾਦ ਨ ਹੋਈ, ਔਤ ਗਿਆ ਟੁਰ ਜੱਗੋਂ। ਛੋਟੇ ਦੇ ਇਕ ਪੁੱਤ ਜਨਮਿਆ, ਤਾਏ ਮਰਨੇ ਅੱਗੋਂ। ਤਾਏ ਨੇ ਉਹ ਗੋਦ ਪਾ ਲਿਆ, ਪਾਲਜਾ ਨਾਲ ਪਰੀਤੀ, ਦੁਲਰਾਇਆ ਤੇ ਲਾਡ ਲਡਾਇਆ, ਸੱਧਰ ਪੂਰੀ ਕੀਤੀ। ਵਿਦਜਾ ਫੇਰ ਪੜ੍ਹਾਈ ਹਿੰਦੀ, ਸੰਸਕ੍ਰਿਤੀ ਸਿਖਲਾਈ, ਫਾਰਸ ਦੀ ਭਾਸ਼ਾ ਸਿਖਲਾਈ, ਅਰਬੀ ਬੀ ਪੜ੍ਹਵਾਈ। ਫਿਰ ਹਕੀਮ ਇਕ ਲਭਕੇ ਚੰਗਾ ਹਿਕਮਤ ਪੜ੍ਹਨੇ ਪਾਇਆ, ਕਰਕੇ ਮਿਹਨਤ ਕਈ ਸਾਲ ਦੀ ਗੁਣੀ ਹਕੀਮ ਬਣਾਇਆ। ਹਾਜ਼ਿਕ ਹੋਇ ਹਕੀਮ ਗਿਆ ਉਹ, ਕਰਦਾ ਹਿਕਮਤ ਚੰਗੀ, ਸਭ ਸੁਖ ਉਸ ਨੂੰ ਪ੍ਰਾਪਤ ਹੋਏ, ਰਹੀ ਨ ਕੋਈ ਤੰਗੀ। ਪਰ ਇਕ 'ਛੇਕ' 'ਵਿੱਥ' ਇਕ ਜਾਣੋਂ 'ਸੱਖਣਾਪਨ' ਕਹੁ ਭਾਈ ! ਦਿਲ ਵਿਚ ਉਸਦੇ ਦਿੱਸੇ ਉਸ ਨੂੰ ਕਿਵੇਂ ਨ ਪੂਰਿਆ ਜਾਈ ! ਸਖਣਾਪਨ ਨ ਦੌਲਤ ਭਰਿਆ, ਨਾ ਇਲਮਾਂ ਨੇ ਭਰਿਆ, ਨਾਂਹੀ ਰੰਗ ਤਮਾਸ਼ੇ ਭਰਿਆ, ਇੱਜ਼ਤ ਪੂਰ ਨ ਕਰਿਆ। ਵਹੁਟੀ ਚਤੁਰ ਸਿਆਣੀ ਸੁਹਣੀ ਭਰ ਨਾ ਸੱਕੀ ਉਸਨੂੰ, ਪੁੱਤ ਹੁਏ ਘਰ ਜੋੜੀਆਂ ਖੇਡਣ ਭਰ ਨਾ ਸੱਕੇ ਤਿਸ ਨੂੰ। ਇਕ ਦਿਨ ਸੋਚ ਦਿਲੇ ਵਿਚ ਆਈ, 'ਤੀਸ ਵਰ੍ਹੇ ਹਨ ਲੰਘੇ, ਦੁਨੀਆਂ ਸੱਭ ਪਰਾਪਤ ਹੋਈ, ਦਿਨ ਬੀਤੇ ਹਨ ਚੰਗੇ। ਪਰ ਦਿਲ ਵਿਚ ਜੋ ਟੋਟ ਰਹਾਂਦੀ, ਏ ਭਰਦੀ ਨਹਿੰ ਮੂਲੋਂ। ਘਟਦੀ ਨਹੀਂ ਸਗੋਂ ਹੈ ਵਧਦੀ ਚੁਭੇ ਵਧੇਰੀ ਸੂਲੋਂ। ਜੋ ਜਗ ਦੇ ਵਿਚ ਚੰਗੀ ਵਸਤੂ, ਕਦੀ ਸੁਣਾਂ, ਮੈਂ ਕੰਨੀ; ਮੈਂ ਸੋਚਾਂ ਇਹ ਵਿੱਥ ਭਰੇਗੀ ਮੌਜ ਹੋਊ ਮਨ ਮੰਨੀ। ਕਰ ਹਿੰਮਤ ਉਹ ਪ੍ਰਾਪਤ ਕਰਦਾ, ਮੈਂ ਉਹ ਪਾਸ ਲਿਆਵਾਂ, ਪਰ ਉਹ ਵਿੱਥ ਭਰੇ ਨਾ ਮੂਲੋਂ, ਮੈਂ ਹੁਣ ਕਿੱਧਰ ਜਾਵਾਂ ? ਸੈਰ ਗਿਆ, ਤੀਰਥ ਬੀ ਦੇਖੇ, ਸਾਧ ਸਿੱਧ ਬਹੁ ਭੇਟੇ, ਚਰਚਾ, ਵਾਦ, ਸਿੱਖਿਆ ਪਾਈ, ਸੱਖਣ ਕੁਈ ਨ ਮੇਟੇ। ਦੂਣਾਂ ਪਰਬਤ ਸੈਲ ਕਰਾਈ, ਨਦੀ ਸਮੁੰਦਰ ਫਿਰਿਆ; ਪਰ ਨਾ ਰੱਜ ਕਿਤੋਂ ਬੀ ਆਇਆ ਰਿਦਾ ਰਿਹਾ ਅਨਭਰਿਆ। 'ਸੱਖਣਪਣ' ਏ ਮਨ ਮਰੇ ਦਾ, ਭਰੂ ਇਨੂੰ ਸ਼ੈ ਕਿਹੜੀ ? ਤਰਲੇ ਲੈਂਦਿਆਂ ਅੱਜ ਤੀਕ ਹੈ ਭਰੀ ਗਈ ਨਾ ਜਿਹੜੀ।" ਸੱਭ ਪਦਾਰਥ ਪ੍ਰਾਪਤ ਜਿਸ ਨੂੰ ਦੇਖੋ ਉਹ ਘਬਰਾਵੇ, ਸ਼ਾਂਤਿ ਲਭਾਵੇ ਤਨੋ ਮਨੋ ਹੋ ਹੱਥ ਨ ਕਿਧਰੋਂ ਆਵੇ। ਅੰਮ੍ਰਿਤ ਰਾਇ ਕਵੀ[3] ਇਕ ਸਜਾਣਾ ਇਕ ਦਿਨ ਉਸਨੂੰ ਮਿਲਿਆ। ਬਾਤ ਚਲੀ ਕੁਝ ਕਾਵਜ ਵਿਸ਼ੇ ਤੇ ਦਿਲ ਦੋਹਾਂ ਦਾ ਖਿਲਿਆ। ਫਿਰ ਗਲ ਟੁਰੀ ਕਦਰ ਕਾਵਜ ਦੀ ਅੰਮ੍ਰਿਤ ਨੇ ਇਉਂ ਕਹਿਆ: ਗੁਣ ਦੇ ਹੁਣ ਰਿਝਵਾਰ ਘੱਟ ਹਨ

3. ਦਸਮ ਪਾਤਸ਼ਾਹ ਦੇ ਕਵੀਆਂ ਵਿਚੋਂ ਸੀ।

1. ਦੇਖੋ ਬੀਬੀ ਤਿਲੋਕ ਬਾਈ (ਘੁਲੂ ਸ਼ਾਹ) ਪ੍ਰਸੰਗ ਜੋ ਅੱਗੇ ਆਵੇਗਾ। (ਪੰਨਾ-੩੯੯)
2. ਇਹ ਪ੍ਰਸੰਗ ੧੮ ਹਾੜ ਸੰ: ਗੁ: ਨਾ: ਸਾ: ੪੩੪ (੧ ਜੁਲਾਈ ੧੯੦੩) ਨੂੰ ਖ਼ਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਨਜ਼ਰੀਂ ਆਇਆ, ਆਇਆ ਸੀ ਹੁਣ ਗਿਆ
ਓ ਕਰ ਖੇਲ ਖਿਲਾਰਾ। ਸੀ ਏ ਰੂਪ ਅਗੰਮ
ਦਾ ਪਰ ਰੂਪ ਪਿਆਰਾ, ਇਸਦਾ ਦਰਸ਼ਨ ਹੋ
ਗਿਆ, ਕਰ ਹੋਰ ਤਿਆਰਾ"।

ਚੰਦ ਗੁੰਮ ਹੋ ਗਿਆ, ਤਾਰਿਆਂ ਦੀ ਸਭਾ ਲੋਪ ਹੋ ਗਈ। ਸੂਰਜ ਚੜ੍ਹਿਆ ਨਹੀਂ, ਫਿਰ ਭੀ ਹਨੇਰਾ ਨਹੀਂ ਮੱਧਮ ਸੁਹਾਵਣਾ ਪ੍ਰਕਾਸ਼ ਹੈ। ਸੂਰਤ ਮੂਰਤ ਕੁਛ ਨਹੀਂ ਦਿੱਸਦੀ, ਪਰ 'ਹੈ' ਦਾ ਭਾਵ ਅਵਛਿੰਨ ਛਾ ਰਿਹਾ ਹੈ :-

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥ ਜੀਵਨ ਮਿਰਤ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥੧॥ ਸਹਜ ਕੀ ਅਕਥ ਕਥਾ ਹੈ ਨਿਰਾਰੀ॥ ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥੧॥ ਰਹਾਉ॥ ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ॥ ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥੨॥ ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ॥ ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਿਸੰਗਤਿ ਮਿਲਿ ਰਹੀਐ ॥੩॥੪॥੪੮॥ (ਗਉੜੀ-ਕਬੀਰ ਜੀ)

ਅਚਾਨਕ ਮਾਈ ਦੇ ਨੈਣ ਖੁੱਲ੍ਹ ਪਏ, ਕੀ ਦੇਖਦੀ ਹੈ ਕਿ ਆਤਮ ਮੰਡਲ ਵਿਚੋਂ ਉਥਾਨ ਹੋ ਕੇ ਸਰੀਰ ਦੇ ਦੇਸ਼ ਆ ਗਈ ਹੈ। ਅਕਾਸ਼ੀ ਚੰਦ੍ਰਮਾਂ ਨੀਵਾਂ ਹੋ ਗਿਆ ਹੈ, ਡਲ੍ਹ ਡਲ੍ਹ ਕਰਦੇ ਤਾਰੇ ਫੇਰਾ ਖਾ ਗਏ ਹਨ। ਸ਼ਾਂਤਿ ਤੇ ਠੰਢ ਛਾ ਰਹੀ ਹੈ। ਚਿਤ ਵਿਚ ਹੁਣ ਸੱਧਰ, ਸਿੱਕ ਤੇ ਪ੍ਰੇਮ ਹੈ। ਪ੍ਰੇਮ ਮਾਨੋਂ ਆਨੰਦ ਦੇ ਸਮੁੰਦਰ ਵਿਚ ਡੁਬਕਾ ਲਾ ਆਇਆ ਹੈ! ਹੱਥ ਨਹੀਂ ਹਿੱਲਦੇ; ਜੀਭ ਨਹੀਂ ਖੁੱਲ੍ਹਦੀ, ਪਜਾਰ, ਸ਼ੁਕਰ ਤੇ ਆਨੰਦ ਦੇ ਲਹਿਰੇ ਹਨ। ਮਨ ਸ਼ੁਕਰ ਸਰੂਪ ਹੈ ਤੇ ਇਸ ਭਾਵ ਵਿਚ ਹੈ :-

ਪਤਿਤ ਪਾਵਨੁ ਭਗਤਿ ਬਛਲੁ ਭੈ ਹਰਨ ਤਾਰਨ ਤਰਨ॥੧॥ ਰਹਾਉ॥ ਨੈਨ ਤਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ॥੧॥ ਪ੍ਰਾਨ ਨਾਥ ਅਨਾਥ ਦਾਤੇ ਦੀਨ ਗੋਬਿਦ ਸਰਨ॥ ਆਸ ਪੂਰਨ ਦੁਖ ਬਿਨਾਸਨ ਗਹੀ ਓਟ ਨਾਨਕ ਹਰਿ ਚਰਨ ॥੨॥੧॥੪੦॥ (ਕਾ:ਮ:੫ ਘਰ:੯)

ਹੁਣ ਅੱਖਾਂ ਵਿਚ ਜਲ ਟੇਪੇ ਭਰ ਆਏ, ਭਰਦਿਆਂ ਸਾਰ ਮੁੰਦ ਗਈਆਂ ਟੇਪੇ ਵਿਚੇ ਵਿਚ ਰਹੇ, ਕੋਈ ਇਕ ਅੱਧਾ ਢੱਠਾ। ਪਲ ਮਗਰੋਂ ਫੇਰ ਨੇਤ੍ਰ ਖੁੱਲ੍ਹੇ। ਨੈਣ ਕਦੇ ਖੁੱਲ੍ਹਦੇ ਕਦੇ ਮਿਟਦੇ, ਕਦੇ ਅੱਧ-ਖੁੱਲ੍ਹੇ ਹੋ ਕੇ ਖਿਚੀਂਦੇ ਹਨ ਤੇ ਤਰੌਤ ਵਿਚ ਹਨ। ਇਹ ਅੰਦਰ ਬਾਹਰ ਆਨੰਦ ਦੇ ਝਕੋਲੇ ਆ ਰਹੇ ਹਨ, ਇਸ ਰੰਗ ਵਿਚ ਬੈਠਿਆਂ ਦੂਰ ਤੋਂ ਕਿਤੋਂ ਬੜੀ ਪਿਆਰੀ ਮਿੱਠੀ ਤੇ ਸੁਰੀਲੀ ਆਵਾਜ਼ ਕੰਨੀਂ ਪਈ, ਜਿਸ ਵਿਚ ਇਸ ਤਰ੍ਹਾਂ ਦਾ ਭਾਵ ਸੀ :-

ਹੁਣ ਮਿਲ ਪਉ ਸਤਿਗੁਰ ਪਜਾਰਿਆ॥੧॥
ਕਰ ਮਿਹਰ ਤੇ ਦਿਹ ਦੀਦਾਰਿਆ। ਮੈਂ ਬੰਦੀ
ਦਰ ਦੀਦਾਰ ਦੀ, ਵਿਚ ਸੱਧਰ ਖਲੀ ਪੁਕਾਰਦੀ,
ਕਰ ਮਿਹਰ ਤੇ ਦਿਹ ਦੀਦਾਰਿਆ।
ਹੁਣ ਮਿਲ ਪਉ ਸਤਿਗੁਰ ਪਜਾਰਿਆ॥੨॥
ਗੁਣ ਪੱਲੇ ਰਾਸ ਨ ਹੈ ਕੁਈ, ਪਰ ਕਰਦੀ ਫਿਰਦੀ
ਤੂੰ ਤੁਹੀਂ, ਤੇ ਤਰਸਨ ਨੈਣ ਦੀਦਾਰਿਆ,
ਹੁਣ ਮਿਲ ਪਉ ਸਤਿਗੁਰ ਪਜਾਰਿਆ॥੩॥
ਹੇ ਕਲਗੀ ਵਾਲੇ ਮਾਲਕਾ ! ਹੇ ਰਬ ਸਾਈਂ
ਦੇ ਬਾਲਕਾ। ਜਿਨ ਜਗ ਨੂੰ ਆਪੇ ਤਾਰਿਆ,
ਹੁਣ ਮਿਲ ਪਉ ਸਤਿਗੁਰ ਪਜਾਰਿਆ॥੪॥
ਤੂੰ ਇਕੋ ਹੀ ਸਮਰੱਥ ਹੈਂ, ਮੈਂ ਤਾਰਨ ਜਿਸ ਦੇ
ਹੱਥ ਹੈ, ਨਹੀਂ ਦੂਜਾ ਨੈਣ ਨਿਹਾਰਿਆ,
ਹੁਣ ਮਿਲ ਪਉ ਸਤਿਗੁਰ ਪਜਾਰਿਆ॥੫॥
ਤੈਂ ਜਿਹਾ ਨ ਕੁਈ ਦਾਤਾਰ ਹੈ, ਨਾ ਏਡਾ ਹੋਰ
ਉਦਾਰ ਹੈ, ਦੇਹ ਆਪਾ ਜਿਨ੍ਹੇ ਸੰਵਾਰਿਆ।
ਹੁਣ ਮਿਲ ਪਉ ਸਤਿਗੁਰ ਪਜਾਰਿਆ॥੬॥
ਰਖ ਸਰਣ ਪਈ ਨੂੰ ਆਣਕੇ; ਇਕ ਅਪਨਾ ਬਿਰਦ
ਪਛਾਣਕੇ। ਨਿਜ ਬਿਰਦ ਪੁਗਾਵਨ ਹਾਰਿਆ,
ਹੁਣ ਮਿਲ ਪਉ ਸਤਿਗੁਰ ਪਜਾਰਿਆ॥੭॥

੩.

**ਇਸ** ਆਤਮ ਰਸ ਵਿਚ ਬੈਠਿਆਂ ਰਾਤ ਬੀਤ ਗਈ, ਚਾਂਦਨੀ ਲੋਪ ਹੋ ਗਈ, ਤਾਰੇ ਨੀਲੀ ਚਾਦਰ ਤਾਣਕੇ ਲੁਕ ਰਹੇ ਹਨ; ਲੁਕ ਜਾਓ ਬਈ ! ਪ੍ਰੇਮਣ ਰਸ ਵਿਚ ਗੁੱਟ ਹੈ; ਲੂੰ ਲੂੰ ਵਿਚ 'ਨਾਮ' ਸਮਾ ਰਿਹਾ ਹੈ, ਜ਼ਮੀਨ ਆਸਮਾਨ 'ਨਾਮ' ਨਾਲ ਭਰ ਰਹੇ ਹਨ। ਗੁਰੂ ਨੇ ਹੁਣ ਆਪਣੇ ਸ਼ਬਦ ਸਰੂਪ ਨਾਮ ਦਾ ਵਜਾਪਕ ਦਰਸ਼ਨ ਬਖਸ਼ਿਆ ਹੈ। ਇਹ ਅਵਸਥਾ ਹੈ, ਜਿਸ ਵਿਚ ਗੁਰਮੁਖ ਉਠਦੇ; ਬਹਿੰਦੇ; ਤੁਰਦੇ ਫਿਰਦੇ, ਜਾਗਦੇ ਸੁੱਤੇ, ਨਿੰਦੇ

ਬਖ਼ਸ਼ੇ, ਬਖਸ਼ ਮਿਲਾਵੇ, ਨਿਜ ਬਿਰਦ ਨੂੰ ਤਕਾਵੇ।
ਪੁੰਨਜਾਂ ਦੇ ਚੰਦ ਵੀਰਾ ! ਤੇਰਾ ਏ ਪੁੰਨ ਹੋਵੇ;
ਏ ਰੀਤਿ ਪ੍ਰੇਮ ਵਾਲੀ ਮੈਨੂੰ ਬੀ ਜੇ ਸਿਖਾਵੇਂ।

੨.

ਹੁਣ ਬੀਨ ਹੱਥੋਂ ਢਹਿ ਪਈ ਅਰ ਅੱਖਾਂ ਚੰਦ ਵੱਲ ਤੱਕਦੀਆਂ ਬੰਦ ਹੋ ਗਈਆਂ। ਬੰਦ ਨੈਣਾਂ ਵਿਚ ਚੰਦ ਦੀ ਸ਼ਕਲ ਵਟੀਣ ਲੱਗੀ, ਉਸਦਾ ਆਕਾਰ ਵੱਡਾ ਹੋ ਗਿਆ, ਉਸ ਦੀ ਚਮਕ ਵਧ ਗਈ, ਚਿੱਟੀ ਚਮਕ ਵਿਚ ਇਕ ਸੁਨਹਿਰੀ ਝਾਲ ਆ ਗਈ, ਕਿਨਾਰੇ ਦੇ ਉਦਾਲੇ ਉਦਾਲੇ ਕਿੰਗਰੀ ਵਾਂਙੂ ਨੀਲੇ ਰੰਗ ਦੀ ਚਮਕ ਪੈਦਾ ਹੋ ਗਈ। ਵਿਚਕਾਰ ਇਕ ਸੁਨਹਿਰੀ ਰੰਗ ਦਾ ਤਖਤ ਵਿਛ ਗਿਆ; ਜਿਸ ਦੇ ਉਦਾਲੇ ਕੁਛ ਨੂਰਾਨੀ ਰੂਪ ਝਿਲਮਿਲ ਕਰਨ ਲੱਗ ਪਏ। ਤਖ਼ਤ ਦੇ ਉੱਪਰ ਇਕ ਚੱਕਰ ਜਿਹਾ ਦਿੱਸਿਆ ਜੋ ਇਕ ਸਰੂਪ ਵਿਚ ਪਲਟਾ ਖਾ ਗਿਆ ਤੇ ਸਾਫ ਰੰਗ ਰੂਪ ਦਿੱਸ ਪਿਆ। ਇਹ ਪਿਆਰਾ ਰੂਪ ਕਿਹੜਾ ਹੈ ? ਉਹ ਜਿਸ ਨੇ ਕਦੇ ਇਕ ਬਿਜਲੀ ਝਾਕੇ ਨਾਲ ਮੋਹ ਲਿਆ ਸੀ; ਜਿਸ ਨੂੰ ਮੁੜ ਤਰਸਦਿਆਂ ਆਹ ਦਿਹਾੜੇ ਆ ਗਏ ਸਨ ? ਇਹ ਉਹ ਪਿਆਰੀ ਮੂਰਤ ਹੈ ਜਿਸ ਦੇ ਮੁੜ ਦਰਸ਼ਨਾਂ ਨੂੰ ਸਿਕਦਿਆਂ ਕੇਸਾਂ ਨੇ ਚੰਦ ਵਾਂਙੂ ਚਿੱਟੀਆਂ ਲਾਸਾਂ ਛੱਡਣੀਆਂ ਆਰੰਭ ਕਰ ਦਿਤੀਆਂ ਸਨ; ਹਾਂ ਜਿਸ ਦੇ ਚਿਹਰੇ ਦੇ ਇਕੋ ਦਰਸ਼ਨ ਨੇ ਦਿਲ ਤੇ ਮੁਹਰਾਂ ਲਾ ਛੱਡੀਆਂ ਸਨ :-

"ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨ੍ਹਿ॥ ਜੇਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ॥" (ਕਾਨ: ਵਾਰ: ਮ ੪-੧੩)

ਇਹ ਉਹ ਰਸ ਭਰੀ ਸੂਰਤ ਹੈ ਕਿ ਜਿਸਨੇ ਸਾਰੇ ਸੁਹਣਿਆਂ ਨੂੰ ਸੁਹੱਪਣ ਦਾਨ ਕੀਤਾ ਹੈ, ਜਿਸ ਦੇ ਡਿੱਠਿਆਂ ਦੇਖਣ ਵਾਲਾ ਆਪ ਨੂੰ ਓਪਰਾ ਤੇ ਇਸ ਨੂੰ ਆਪਣਾ ਜਾਣਨ ਲੱਗ ਪੈਂਦਾ ਹੈ। ਹੁਣ ਇਸ ਦਰਸ਼ਨ ਵਿਚ ਅੱਖਾਂ ਆਪਾ ਭੁੱਲ ਗਈਆਂ, ਦਰਸ਼ਨ ਹੀ ਦਰਸ਼ਨ ਰਹਿ ਗਿਆ। ਇਸ ਤਖ਼ਤ ਦੇ ਉਦਾਲੇ ਖੜੇ ਸਰੂਪ ਤੋਂ ਇਕ ਸ਼ਬਦ ਦੀ ਧੁਨ ਨਿਕਲ ਰਹੀ ਹੈ, ਜਿਸ ਨੂੰ ਕੋਈ ਜੇ ਇਸ ਧਰਤੀ ਦੇ ਮਨੁੱਖਾਂ ਨੂੰ ਸਮਝਾਵੇ ਤਦ ਇਸ ਤਰ੍ਹਾਂ ਦਾ ਮਤਲਬ ਬਣੇ :-

ਸੁਹਣਾ ਸਰੂਪ ਪਿਆਰਾ, ਸਾਰੇ ਸਮਾ ਰਿਹਾ ਹੈ,
ਬੈਠਾ ਜੋ ਏਸ ਥਾਂ ਤੇ, ਹਰ ਥਾਂ ਇਹੋ ਜਿਹਾ ਹੈ।
ਹੈ ਪ੍ਰੇਮ ਹੋ ਕੇ ਆਇਆ, ਹੋਊ ਤੇ ਪ੍ਰੇਮ ਹੀ ਸੀ;
ਪਰਗਟ ਗੁਪਤ ਜੋ ਦੇਖੋ ਇਕ ਪ੍ਰੇਮ ਫੈਲਿਆ ਹੈ।
ਉਸਦਾ ਹੈ ਕੇਂਦ੍ਰ[1] ਸਾਰੇ ਜਿਸ ਦੀ ਨ ਹੱਦ ਕੋਈ,
ਹਦੋਂ ਏ ਪਾਰ ਪਜਾਰਾ, ਹਰ ਥਾਂ ਸਮਾ ਰਿਹਾ ਹੈ।
ਸਿਮਰੋ ਪਿਆਰ ਕਰਕੇ, ਜਿੱਥੇ ਜਦੋਂ ਪਿਆਰਾ,
ਉਥੇ ਹੈ ਕੇਂਦ੍ਰ ਇਸ ਦਾ, ਦਰਸ਼ਨ ਦਿਖਾ ਰਿਹਾ ਹੈ।
ਦਰਸ਼ਨ ਸਦੀਵ ਪਰਗਟ, ਉਹਲੇ ਕਦੀ ਨਹੀਂ ਹੈ,
ਐਪਰ ਜੋ ਸਿਦਕ ਅੱਖੀਂ, ਨਹਿਂ ਮੋਤੀਆ[2] ਪਿਆ ਹੈ।
ਵਿਦਯਾ ਦਿਖਾ ਨ ਸਕਦੀ, ਦੌਲਤ, ਨ ਜ਼ੋਰ ਜੋਬਨ
ਸਿਆਣਪ ਨੇ ਭੀ ਕਦੀ ਨਾ ਪਰਦਾ ਉਠਾਲਿਆ ਹੈ।
ਪਜਾਰਾ ਹੈ ਪਜਾਰ ਕਰਦਾ ਕਰਦੇ ਅਸੀਂ ਨਹੀਂ ਹਾਂ,
ਕਰੀਏ ਜਿ ਇੱਕ ਵੇਰੀ; ਰੋਣਾ ਤਦੋਂ ਕਿਹਾ ਹੈ ?

... ... ...

ਤੇਰਾ ਹੈ ਰੂਪ ਦਾਇਆ, ਤੇਰਾ ਸਰੂਪ ਕਿਰਪਾ,
ਤੇਰੀ ਸ਼ਕਲ ਹੈ ਪਜਾਰੀ, ਸਭ ਨੂੰ ਬਚਾ ਲਿਆ ਹੈ।
ਤੇਰਾ ਬਿਰਦ ਹੈ ਪਾਲਨ ਪਤਿਤਾਂ ਨੂੰ ਪਾਰ ਕਰਦਾ,
ਭੁੱਲੇ ਨੂੰ ਪੰਧ ਪਾਵੇ, ਮੋਏ ਜਿਵਾ ਰਿਹਾ ਹੈ।
ਤੁੱਠੋਂ ਤੂੰ ਪਾਪੀਆਂ ਤੇ ਪ੍ਰਗਟੇਂ ਜਹਾਨ ਅੰਦਰ,
ਅਪਣੇ ਤੇ ਖੇਦ ਝੱਲੇ ਝੱਲਦਾ ਨ ਹਾਰਿਆ ਹੈਂ।
ਪਾਪਾਂ ਦੀ ਪਾਲ ਤੋੜੇਂ, ਮੇਲੇਂ ਤੂੰ ਵਿਛੁੜਿਆਂ ਨੂੰ,
ਬੰਦੀ ਛੁਡਾਇ ਬੰਦੇ ਸੁਖੀਏ ਕਰਾ ਰਿਹਾ ਹੈਂ।
ਤੇਰੀ ਹੈ ਟੇਕ ਪਜਾਰੀ ! ਤੇਰਾ ਹੀ ਆਸਰਾ ਹੈ
ਤੇਰੀ ਹੈ ਓਟ ਪਿਆਰੇ ! ਮਾਣੋਂ ਨਿਮਾਣਿਆਂ ਹੈ।
ਰੱਖੀਂ ਪਿਆਰਿਆ ਤੂੰ ! ਚਰਨਾਂ ਦੀ ਧੂੜ ਅੰਦਰ
ਇਸ ਤੋਂ ਨ ਹੋ ਵਿਛੋੜਾ; ਜਿਸ ਨੇ ਮਿਲਾ ਲਿਆ ਹੈ।
ਤੇਰੀ ਹੀ ਕੀਰਤੀ ਹੋ ਮੇਰੀ ਜ਼ਬਾਨ ਉੱਤੇ,
ਹਿਰਦੇ ਨ ਹੋਰ ਹੋਵੇ, ਲੂੰ ਲੂੰ ਸਮਾ ਰਿਹਾ ਹੈ।
ਦੇਖਾਂ ਤਾਂ ਇਕ ਤੈਨੂੰ ਦੂਆ ਨਜ਼ਰ ਨ ਆਵੇ,
ਦੇ ਦਾਨ ਦੀਨ ਦਯਾਲੂ ! ਮੈਂ ਜੋ ਮੰਗਾ ਲਿਆ ਹੈ।

ਇਹ ਕੁਛ ਸੁਣਦੇ ਸੁਣਦੇ ਆਵਾਜ਼ ਤੇ ਸੁਨਹਿਰੀ ਝਾਲ ਮੱਧਮ ਹੋਣ ਲੱਗ ਪਈ। ਦਰਸ਼ਨ ਬੀ ਉਹਲੇ ਹੋ ਗਿਆ, ਤੇ ਇਕ ਬੜੇ ਸੁੰਦਰ ਬਿਧ ਪੁਰਖ ਨਜ਼ਰ ਆਏ। ਉਹਨਾਂ ਨੇ ਕੁਛ ਕਿਹਾ ਜਿਸ ਦਾ ਭਾਵ ਇਹ ਹੈ:-

ਦਰਸ਼ਨ ਉਹਲੇ ਹੋ ਗਿਆ ਛਿਪ ਗਿਆ
ਪਿਆਰਾ, ਹੁਣ ਨਹੀਂ ਦਿੱਸਦਾ ਰੂਪ ਉਹ ਲੁਕ
ਗਿਆ ਦਿਦਾਰਾ। ਝਾਕਾ ਰੂਪ ਅਰੂਪ ਦਾ ਸੀ

1. ਮਰਕਜ਼, ਨਾਭੀ ਜਾਂ ਧੁਰਾ। 2. ਮੋਤੀਆ ਬਿੰਦ।

ਤੇਰਾ ਹੈ ਰੂਪ ਚਾਨਣ, ਨਗਰੀ ਪ੍ਰਕਾਸ਼ ਤੇਰੀ,
ਪਰਜਾ ਚਮਕ ਹੈ ਵਾਲੀ, ਪਰਕਾਸ਼ ਮੀਂਹ ਵਸਾਵੇਂ।
ਠੰਢਾ ਏ ਠਾਰ ਤੇਰਾ ਦੁੱਧੋਂ ਵਧੀਕ ਚਿੱਟਾ,
ਚਾਨਣ ਚੁਫੇਰ ਚਮਕੇ, ਕਵੀਆਂ[1] ਦੇ ਮਨ ਚੁਰਾਵੇ!
ਤੈਨੂੰ ਚਕੋਰ ਵੇਖੇ, ਵੇਖੇ ਤੇ ਮੋਹਿਤ ਹੋਵੇ, ਕਮੀਆਂ।[2]
ਕਰੇਨਿ ਦਰਸ਼ਨ ਖਿੜ ਖਿੜ ਕੇ ਨੀਉਣ ਸਾਂਹਵੇ।[3]
ਕਾਲੀ ਏ ਰਾਤ ਅਪਣੀ ਦੁਲਹਨ ਜੋ ਤੂੰ ਬਨਾਈ,
ਕਾਯਾਂ ਪਲਟ ਹੈ ਦਿੱਤੀ, ਰੰਗ ਆਪਣਾ ਚੜ੍ਹਾਵੇਂ।
ਜਿੱਥੇ ਪਹੁੰਚ ਹੈ ਤੇਰੀ, ਧਰਤੀ ਅਕਾਸ਼ ਉੱਤੇ,
ਪਰਕਾਸ਼ 'ਸ਼ਾਂਤਿ' 'ਠੰਢਕ' ਚੰਦਾ ਤੂੰਹੋਂ ਵਿਛਾਵੇਂ।
ਮੈਨੂੰ ਬੀ ਚੰਦ ਵੀਰਾ ! ਠੰਢਕ ਰਤਾ ਪੁਚਾਵੇਂ
ਚਾਨਣ ਦੇ ਨਾਲ ਆਪਣੇ ਤੂੰ ਰਾਹ ਚਾ ਦਿਖਾਵੇਂ।
ਆਪੂੰ ਤੂੰ ਚੰਦ ਵੀਰਾ ਦਰਸ਼ਨ ਗੁਰੂ ਕਰੇਂ ਪਿਆ,
ਅਰਸ਼ਾਂ ਦੇ ਵਿੱਚ ਫਿਰਦਾ ਘੋਲੀ ਪਿਆ ਤੂੰ ਜਾਵੇਂ।
ਦੱਸ ਗੁਣ ਕੀ ਧਾਰਿਆ ਸੀ ਜਿਸ ਨਾਲ ਦਰਸ ਪਾਏ?
ਕੀ ਕਾਰ ਕੀਤੀਆਂ ਸੀ ਸੌਰੇ ਜੁ ਕੰਮ ਸਾਂਵੇਂ ?
ਕੀ ਚੰਦ ਬੋਲਦਾ ਹੈ, ਕੀ ਆਖਦਾ ਹੈ ਮੈਨੂੰ ?
ਦਿਲ ਲਾ ਕੇ ਮੈਂ ਸੁਣਾਂਗੀ' ਬੋਲੇ ਜੋ ਸਹਜ ਭਾਵੇਂ:-
"ਆਪੇ ਨੂੰ ਖੰਨੀਏ ਕਰ ਇਕੋ ਪ੍ਰੇਮ ਕਰੀਏ,
ਏਹੋ ਹੈ ਕਾਰ ਚੰਗੀ ਆਪੇ ਨੂੰ ਆਪਾ ਖਾਵੇ।"
ਹਾਂ, ਠੀਕ ਗੁਣ ਸੀ ਏਹੋ, ਚੰਦਾ ! ਤੂੰ ਠੀਕ ਆਖੇਂ,
ਜਿਸ ਨਾਲ ਗੁਰ ਰਿਝਾਏ, ਤੂੰ ਚੰਦ ਹੈ ਸੁਹਾਵੇ !
ਤੈਨੂੰ ਸੀ ਪ੍ਰੇਮ ਲੱਗਾ, ਦਰਸ਼ਨ ਦੀ ਚਾਹ ਹੋਈ,
ਸਦਕੇ ਗੁਰਾਂ ਤੋਂ ਹੋਇਓਂ, ਜੀ ਜਾਨ ਤੂੰ ਲੁਟਾਵੇਂ।
ਪਿਆਰੇ ਦੀ ਭਾਲ ਲਗੀ, ਭੌਂਦਾ ਫਿਰੇਂ ਜਹਾਨੀਂ,
ਜੰਗਲ ਪਹਾੜ ਤੱਕੇਂ, ਟੋਲੇਂ ਸਮੁੰਦ ਥਾਂਵੇਂ।
ਪਯਾਰਾ ਨ ਮੂਲ ਮਿਲਿਆ ਦਿਲ ਦਰਦ ਹਾਏ ! ਵਧਿਆ
ਬਿਰਹੋਂ ਕਟਾਰ ਫੜ ਕੇ ਘਾਓ ਕਰਾਰੇ ਲਾਵੇ।
ਦੁਖੀਆ ਬਿਰਹੁੰ ਸਤਾਇਆ ਨਿਜਰੂਪ ਤੂੰ ਗਵਾਇਆ
ਨਿਤ ਵਾਂਙ ਬਿਰਹਣੀ ਦੇ ਘਟਦਾ ਗਿਆ ਘਟਾਵੇਂ।
ਏਸੇ ਲਗਨ ਦੇ ਅੰਦਰ ਓੜਕ ਵੇ ਚੰਦ ਸੁਹਣੇ,
ਆਪਾ ਗੁਆਇਆ ਤੂੰ ਹੈ ਹਉਂ ਆਪਣੀ ਵਞਾਵੇਂ।
ਮੱਸਿਆ ਦੀ ਰਾਤ ਆਈ, ਆਪਾ ਨਿਵਾਰਿਆ ਤੂੰ,
ਹੋਇਓਂ ਅਣਹੋਂਦ ਹੁੰਦਾ, ਜੀਂਦਾ ਹੀ ਮੌਤ ਪਾਵੇਂ।
ਆਪਾ ਜਦੋਂ ਗਵਾਇਆ, ਫਿਰ ਮਿਹਰ ਤੈਂ ਤੇ ਹੋਈ।
ਮੋਇਆ ਤੂੰ ਜੀਵਿਆ ਫਿਰ, ਨੌ ਜਨਮਿਆ, ਸੁਹਾਵੇਂ,

1. ਕਵੀ=ਸ਼ਾਇਰ। 2. ਕੁਮੁਦਨੀਆਂ। 3. ਸਾਹਮਣੇ, ਸਨਮੁਖ।

ਮੁੜ ਕੇ ਖਿੜਨ ਤੂੰ ਲੱਗਾ, ਆਸਾ ਨਿਰਾਸਾ ਆਈ,
ਮਨ ਵਿਚ ਉਮੰਗ ਉੱਠੀ, ਖ਼ੁਸ਼ੀਆਂ ਅਨੰਦ ਪਾਵੇਂ।
ਸੁਣਕੇ ਪਤੀ ਦਾ ਆਗਮ ਆਗਤ ਜੁ ਪਤਿਕਾਨਾਰੀ[1]
ਕਰਦੀ ਸ਼ਿੰਗਾਰ ਨੂੰ ਜਿਉਂ ਫੁੱਲੀ ਨ ਆਪ ਮਾਵੇ,
ਤਿਉਂ ਰੂਪ ਤੂੰ ਵਟਾਇਆ, ਚਮਕਣ ਲਗਾ ਵਧੇਰਾ,
ਵਧਦਾ ਗਿਆ ਦਿਨੋਂ ਦਿਨ ਨਯਾਰੀ ਪ੍ਰਭਾ ਦਿਖਾਵੇਂ!
ਓੜਕ ਤੂੰ ਅੱਜ ਪਯਾਰੇ ਖਿੜਿਆ ਅਨੂਪ ਸੁਹਣਾ,
ਵੇਲਾ ਦਰਸ ਦਾ ਆਇਆ, ਚੜ੍ਹਦੀ ਕਲਾ ਸੁਹਾਵੇਂ।
ਘਾਲਾਂ ਕਬੂਲ ਹੋਈਆਂ, ਤੁੱਠੇ ਗੁਰੂ ਪਿਆਰੇ,
ਤਨਮਨ ਅਨੰਦ ਹੋਇਆ, ਦਰਸ਼ਨ ਪਿਆ ਤੂੰ ਪਾਵੇਂ!
ਫਿਰ ਵਾਂਙ ਤੂੰ ਸੁਹਾਗਨ ਵਿਚ ਦਰਸ ਮਸਤ ਹੋਇਆ
ਖਿੜਿਆ ਅਨੰਦ ਲੈਂਦਾ ਦਰਸ਼ਨ ਦੀ ਦਾਤ ਆਵੇ।
ਧਨ ਚੰਦ ਵੀਰ ! ਜਿਸ ਨੂੰ ਗੁਰ ਦਰਸ ਅੱਜ ਹੋਵੇ,
ਅਰਸ਼ੀਂ ਖੜਾ ਤਕਾਵੇਂ, ਨੈਣੀ ਓ ਰੂਪ ਮਾਵੇਂ।
ਮੈਨੂੰ ਬੀ ਦੱਸ ਵੀਰਾ ! ਓ ਰੀਤਿ ਪ੍ਰੇਮ ਵਾਲੀ,
'ਆਪਾ ਗੁਆਇ ਜੀਵਨ' 'ਮਰ ਕੇ ਜੁ ਜਿੰਦ' ਆਵੇ।
ਅਗਯਾਨ ਦਾ ਹਨੇਰਾ ਛਾਇਆ ਚੁਤਰਫ ਮੇਰੇ,
ਭੁੱਲਾਂ ਦੇ ਹੇਠ ਦੱਬੀ ਭਰਦੀ ਹਾਂ ਨਿੱਤ ਹਾਵੇ।
ਹੋਈ ਮੈਂ ਸਿੱਖ ਗੁਰ ਦੀ ਸਿੱਖਯਾ ਨ ਕੋਈ ਧਾਰੀ,
ਮਨਮੱਤ ਵਿਚ ਮੱਤੀ ਹਿਰਦੇ ਗੁਰ ਨ ਆਵੇ।
ਨਾ ਪ੍ਰੇਮ ਸਾਰ ਜਾਣਾ, ਬਿਰਹੋਂ ਨ ਪੀੜ ਅੰਦਰ,
ਹਿਰਦਾ ਮਸਾਣ ਹੋਇਆ ਦ੍ਰਵਦਾ ਨਹੀਂ ਦ੍ਰਵਾਵੇ।[2]
ਚੰਦਾ ! ਨ ਗੁਣ ਭੁਲਾਵਾਂ ਦੱਸੇਂ ਜੇ ਪ੍ਰੇਮ ਜੁਗਤੀ,
ਹਿਰਦਾ ਦ੍ਰਵੇ ਏ ਮੇਰਾ ਪੰਘਰ ਜਿ ਇਸ ਨੂੰ ਆਵੇ।
ਦਿਲ ਦਰਸ ਨਿੱਤ ਲੋਚੇ, ਸਤਿਗੁਰ ਸਦਾ ਪੁਛਾਵਾਂ,
ਭੁੱਲੇ ਨ ਯਾਦ ਉਸ ਦੀ, ਨੈਣਾਂ 'ਚ ਆ ਸਮਾਵੇ,
ਪਿਆਰੇ ਬਿਨਾਂ ਨਾ ਕੋਈ ਪਿਆਰਾ ਲਗੇ ਕਦੇ ਬੀ,
ਦਰਸ਼ਨ ਦਾ ਸ਼ੌਕ ਹਰਦਮ ਵਾਟਾਂ ਪਿਆ ਤਕਾਵੇ।
ਜਿਤ ਵੱਲ ਅੱਖ ਜਾਵੇ ਪਯਾਰੇ ਦੀ ਖੇਡ ਦਿੱਸੇ
ਪਯਾਰੇ ਤੋਂ ਬਾਝ ਸਾਰੇ ਲੱਗਣ ਸੁਆਦ ਖਾਵੇ[3],
ਪਯਾਰੇ ਦੇ ਵਾਕ ਸੁਣਨੇ ਪਯਾਰੇ ਦੀ ਗੱਲ ਕਰਣੀ,
ਪਯਾਰੇ ਦੇ ਰਾਹ ਤੁਰਨਾ, ਜਸ ਗਾਉਣੇ ਸੁਹਾਵੇ!
ਸ਼ਾਇਦ ਭਲਾ ਜਿ ਕਿਧਰੇ ਪਯਾਰਾ ਕ੍ਰਿਪਾਲ ਹੋਵੇ,

1. ਆਗਤਿ ਪਤਿਕਾ=ਜਿਸ ਇਸਤ੍ਰੀ ਦਾ ਪਤੀ ਪਰਦੇਸ਼ ਤੋਂ ਆ ਗਿਆ ਯਾ ਆ ਰਿਹਾ ਹੋਵੇ।
2. ਨਰਮ ਕੀਤਿਆਂ ਨਰਮ ਨਹੀਂ ਹੁੰਦਾ, ਪਸੀਜਦਾ ਨਹੀ!
3. ਖਾਵਾ = ਲੂਣ ਦੀ ਖਾਣ ਵਰਗੇ ਖਾਰੇ ਲੱਗਣ

# ੩੯. ਗੁਰੂ ਜੀ ਦੇ ਤ੍ਰੈ ਦਰਸ਼ਨ[1]।

(ਤਿਲੋਕ ਬਾਈ)

੧.

ਮੂਸਨ ਮਸਕਰ ਪ੍ਰੇਮ ਕੀ ਰਟੀ ਜੁ ਅੰਬਰੁ ਛਾਇ॥
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥[2]

ਰਾਤ ਕਾਲੀ, ਆਕਾਸ਼ ਨੀਲਾ, ਪਰ ਚੰਦ ਚਿੱਟਾ ਤੇ ਚਾਂਦਨੀ ਦੀ ਨੂਰੀ ਛਹਿਬਰ, ਵਿਚ ਰਲ ਰਹੀ ਹੈ ਚਮਕਦੇ ਤਾਰਿਆਂ ਦੀ ਮੱਧਮ ਨੂਰੀ ਲੋ।

ਹਾਂ ਸਿਆਲੇ ਦੀ ਰਾਤ ਹੈ ਤੇ ਸਰਦ ਰਾਤ ਦੀ ਹੈ ਸਰਦ ਚਾਂਦਨੀ ਤੇ ਸਰਦ ਚਾਂਦਨੀ ਦੀ ਹੈ ਨੂਰ ਫੁਹਾਰ ਮਲਕੜੇ ਮਲਕੜੇ ਪੈ ਰਹੀ। ਮਾਨੋ ਪਾਰੇ ਦੀ ਬਰਫ ਦੇ ਗੁਹੜੇ ਪੈ ਰਹੇ ਹਨ।

ਕੌਣ ਹੈ ਇਸ ਵੇਲੇ ਇਹ ਰੰਗ, ਇਹ ਸੁਆਂ ਦੇਖਣ ਵਾਲਾ ਤੇ ਇਹ ਰਸ ਲੈਣ ਵਾਲਾ। ਪਾਲੇ ਨੇ ਸਭ ਅੰਦਰੀਂ ਵਾੜ ਦਿੱਤੇ ਹਨ ਤੇ ਲੇਫਾਂ ਰਜ਼ਾਈਆਂ ਵਿਚ ਕੱਜ ਦਿੱਤੇ ਹਨ। ਬਾਹਰ ਹੈ ਪਾਲਾ ਪਰ ਖਿੜ ਰਹੀ ਹੈ ਚਾਂਦਨੀ ਮਿੱਠੀ ਮਿੱਠੀ, ਸ਼ਾਂਤੀ ਦੇ ਪ੍ਰਭਾਵ ਵਾਲੀ ਏਕਾਂਤ ਦੇ ਸੁਆਦ ਵਾਲੀ ਤੇ ਚੁੱਪ ਚਾਂ ਵਾਲੀ ਐਤਨੀ ਕਿ ਚੁਪ ਬੀ ਦਬਕ ਰਹੀ ਹੈ। ਪਰ ਬਨ ਵਿਚ ਖਿੜੇ ਫੁਲਾਂ ਦੇ ਬਿਨਾਂ ਕਿਸੇ ਦੇ ਮਾਣੇ ਦੇ ਐਵੇਂ ਚਲੇ ਜਾਣ ਵਾਂਙੂ ਜਾ ਰਹੀ ਹੈ ਸਿਆਲੇ ਦੀ ਇਹ ਰਸਦਾਤੀ ਚਾਂਦਨੀ। ਹਾਂ ਸਾਧੂ ਬੈਠਾ ਹੈ ਬਾਹਰ ਧੂਣੀ ਲਾਈ, ਪਰ ਧੂਣੀ ਦਾ ਧੂੰਆਂ ਹੀ ਇਸ ਚਾਂਦਨੀ ਦੇ ਰਸ ਤੋਂ ਵਾਂਜ ਰਿਹਾ ਹੈ। ਨੇਮੀ ਜਾਗ ਸਕਦਾ ਹੈ, ਪਰ ਵੇਲੇ ਸਿਰ ਜਾਗਣ ਦਾ ਨੇਮ ਉਸ ਨੂੰ ਛੇਤੀ ਅੰਦਰ ਲੈ ਜਾਂਦਾ ਤੇ ਸੁਆ ਦੇਂਦਾ ਹੈ। ਪਹਿਰੇਦਾਰ ਜਾਗਦਾ ਹੈ, ਪਰ ਪਹਿਰੇ ਨੂੰ ਕਰੱਟਾ ਸਮਝ ਰਿਹਾ ਹੈ, ਮਨ ਨੌਕਰੀ ਵਿਚ ਹੈ, ਚਾਂਦਨੀ ਦੇ ਰਸ ਮਾਣਨ ਵਾਲੀ ਤਬੀਅਤ ਹਾਜ਼ਰ ਨਹੀਂ।

ਓ ਪ੍ਰੇਮੀਓ ! ਤੁਸੀਂ ਜਾਗੋ, ਦੇਖੋ ਦੂਤੀ ਅੱਖ, ਲਾਊ ਮਚਕਾਊ ਜੀਭ ਤੇ ਨਿੰਦਾ ਦੇ ਰਸੀਏ ਕੰਨ ਸੁੱਤੇ ਪਏ ਜੇ। ਬਾਹਰ ਸਿਵਾ ਏਕਾਂਤ ਸ਼ਾਂਤਿ ਰਸ ਤੇ ਨੂਰ ਫੁਹਾਰ ਦੇ ਕੁਛ ਨਹੀਂ। ਰਸ ਲਓ ਕੁਦਰਤ ਦੀ ਨਿਖਰੀ ਸੁੰਦਰਤਾ ਦਾ, ਰਸ ਲਓ ਕਾਦਰ ਦੇ ਪ੍ਰਭਾਵ ਦਾ, ਰਸ ਲਓ ਪ੍ਰੀਤਮ ਦੀ ਪਜਾਰੀ ਪਜਾਰੀ ਯਾਦ ਮਗਨਤਾ ਦਾ। ਦੇਖੋ ਇਸ ਚਾਂਦਨੀ ਵਿਚ ਪ੍ਰੇਮੀ ਭੌਰਾ ਕੀਕੂੰ ਪ੍ਰੀਤਮ ਦੀ ਪ੍ਰੇਮ ਪਟਾਰੀ ਵਿਚ ਮਗਨਤਾ ਦਾ ਰਸ ਲੈ ਰਿਹਾ ਹੈ, ਦੇਖੋ ਚਕੋਰ ਕੀਕੂੰ ਚੰਦ ਨੂੰ ਤੱਕ ਤੱਕਕੇ ਬੇਖੁਦ ਹੋ ਰਿਹਾ ਹੈ।

"ਮੂਸਨ ਮਸਕਰ[3] ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥ ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥" (ਚਉ ਬੋਲੇ ਮ: ੫-੪)

ਇਕ ਮਕਾਨ ਦੀ ਧੁਰ ਛੱਤ ਦੀ ਰੌਸ ਉਤੇ ਇਸ ਵੇਲੇ ਕੇਹੀ ਸੁਹਣੀ ਚੌਂਕੜੀ ਲਗ ਰਹੀ ਹੈ ਇਕ ਪ੍ਰੇਮਣ ਦੀ, ਪਿਆਰੇ ਦੀ ਦਰਸ਼ਨ ਸੱਧਰ ਵਿਚ। ਬੈਠੀ ਹੈ ਬਿਰਹੇ ਵਾਲੇ ਮਨ ਨੂੰ ਸਰਦ ਚਾਂਦਨੀ ਵਿਚ ਠਾਰਦੀ ਤੇ ਧਯਾਨ ਵਿਚ ਦਰਸ਼ਨ ਦਾ ਰਸ ਲੈਂਦੀ। ਅੱਗੇ ਬੀਨ (ਵੀਣਾ) ਟਿਕੀ ਪਈ ਹੈ। ਅੱਖਾਂ ਬੰਦ ਹਨ। ਕਦੇ ਖੁਲ੍ਹਦੀਆਂ ਹਨ ਕਦੇ ਮਿਟਦੀਆਂ ਹਨ, ਕਦੇ ਕਦੇ ਵਿਚੋਂ ਕੋਈ ਟੇਪਾ ਡਲ੍ਹਕ ਪੈਂਦਾ ਹੈ। ਹੁਣ ਅਚਾਨਕ ਨਜ਼ਰ ਆਕਾਸ਼ ਵਲ ਉੱਠੀ ਤੇ ਚੰਦ ਉਤੇ ਜਾ ਟਿਕੀ; ਟਿਕੀ ਕਾਹਦੀ ? ਹਿੱਲਣਾ ਹੀ ਭੁਲ ਗਈ। ਕੁਛ ਚਿਰ ਇਸੇ ਤਰ੍ਹਾਂ ਲੰਘਣ ਦੇ ਬਾਦ ਅਵੇਸਲੇ ਹੱਥਾਂ ਨੇ ਵੀਣਾਂ ਚੁੱਕ ਲਈ ਅਰ ਤ੍ਰਿਖੀਆਂ ਉਂਗਲਾਂ ਨੇ ਬਹੁਤ ਸੁਰੀਲਾ ਅਲਾਪ ਸ਼ੁਰੂ ਕਰ ਦਿਤਾ। ਕੈਸੇ ਅਚਰਜ ਅਲਾਪ ਹਨ। ਦਿਲ ਵਿੱਝਿਆ ਜਾ ਰਿਹਾ ਹੈ। ਪਹਿਲੇ ਤਾਂ ਤਿਲੰਗ ਸੀ, ਫੇਰ ਪੂਰੀਆ ਹੋ ਕੇ ਇਹ ਸੋਹਣੀ ਦੀ ਵੈਰਾਗ ਵਾਲੀ ਸ਼ਕਲ ਵਿਚ ਪਲਟ ਗਿਆ। ਮਿੱਠੀ ਮਿੱਠੀ ਧੁਨੀ ਗਲੇ ਤੋਂ ਨਿਕਲ ਪਈ, ਕੋਈ ਗਾਯਨ ਹੈ ਜਿਸ ਦਾ ਭਾਵ ਇਕੁਰ ਦਾ ਹੈ :-

ਚੰਦਾ ! ਵੇ ਚੰਦ ਸੁਹਣੇ ! ਨੈਣਾਂ ਨੂੰ ਠੰਢ ਪਾਵੇਂ।
ਮਨ ਨੂੰ ਪਿਆ ਲੁਭਾਵੇਂ, ਆਪਾ ਪਿਆ ਟਿਕਾਵੇਂ।
ਨਗਰੀ ਅਕਾਸ਼ ਤੇਰੀ, ਤਾਰੇ ਪ੍ਰਜਾ ਸੁਹਾਈ,
ਨਖਜਤ੍ਰ ਦਾਸ ਤੇਰੇ, ਹਥ ਬੰਨ੍ਹ ਖੜੇ ਸੁਹਾਵੇ।
ਪਰਜਾ ਪਿਆਰ ਕਰਦੀ, ਕੁਰਬਾਨ ਜਾਇ ਤੈਥੋਂ,
ਤੂੰ ਪਜਾਰ ਨਾਲ ਸਭ ਨੂੰ ਮੋਹਿਤ ਪਿਆ ਕਰਾਵੇਂ।

---

1. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੦ (੧੯੦੯ ਈ:) ਦੇ ਗੁਰਪੁਰਬ ਪਰ ਖ਼ਾਲਸਾ ਸਮਾਚਾਰ ਵਿਖੇ ਪ੍ਰਕਾਸ਼ਤ ਹੋਇਆ ਸੀ।
2. ਚਉਬੋਲੇ: ਮ: ੫-੪
3. ਮਸਕਰ ਚਾਂਦਨੀ ਨੂੰ ਆਖਦੇ ਹਨ। ਸੰਸ:, ਮਸਕਰਿਨ।

ਨਿਜ ਬਿਖਨੂੰ ਮਹਿਲੀਂ ਆਪਣੀ ਉੱਠ ਸਿਧਾਯਾ, ਛੱਡ ਦਿੱਤਾ ਉਸ ਸਿਖ ਨੂੰ। ਜ਼ਖ਼ਮੀਂ, ਮਾਂਦਾ ਥਕਿਆ ਬਾਲਕ, ਬੁਰੇ ਹਾਲ ਘਰ ਪੁੰਨਾ, ਮਾਪਜਾਂ ਨੂੰ ਸਭ ਹਾਲ ਸੁਣਾਇਆ ਪਰ ਮੂਲੋਂ ਨਾ ਰੁੰਨਾ। ਸਹਿਜੇ ਸਹਿਜੇ ਖਬਰ ਪਹੁੰਚ ਗਈ, ਦਮਮੇਂ ਗੁਰ ਦੇ ਤਾਈਂ, ਖਾਲਕ ਦੇ ਓ ਕਸ਼ਟ ਸੁਣੇ ਸਭ, ਅਰ ਸਚ ਪੁਰ ਪਕਿਆਈ। ਦਸ ਵੀਹ ਦਿਨਾਂ ਬਾਦ ਇਕ ਤੜਕੇ ਸਤਿਗੁਰ ਬਨ ਵਲ ਧਾਏ। ਜੰਗਲ ਵਿਚ ਜਾ ਬਾਲਕ ਡਿੱਠਾ, ਜੋ ਸੀ ਤੀਰ ਚਲਾਏ। ਡਿੱਠੀ ਸ਼ਿਸਤ ਨਿਸ਼ਾਨਾ ਉਸ ਦਾ; ਖਿੱਚ ਕਮਾਨ ਭੁਆਣੀ। ਢੁੰਡਣ ਵਾਲੀ ਚੁਸਤ ਚਲਾਕੀ, ਸਤਿਗੁਰ ਦੇ ਮਨ ਭਾਣੀ। ਬਾਘਾ ਸੀ ਇਕ ਪਿਆ ਭਬਕਕੇ, ਇਕ ਰਾਹੀ ਦੇ ਉੱਪਰ; ਇਸ ਨੇ ਤੀਰ ਚਲਾਏ ਫੜ ਫੜ ਬਾਘੇ ਦੇ ਮੂੰਹ ਉੱਪਰ। ਵਿੰਨ੍ਹ ਦਿੱਤਾ ਬਾਘਾ ਇਸ ਇੱਕੁਰ, ਜਿਉਂ ਕੁਈ ਕਾਨੇ ਗੱਡੇ, ਪੀੜਾ ਤੋਂ ਹੁਣ ਵਜਾਕਲ ਹੋ ਕੇ ਬਾਘਾ ਰਾਹੀ ਛੱਡੇ। ਤੜਫੇ ਅਤਿ ਅਕੁਲਾਵੇ ਬਾਘਾ, ਤੀਰੋ ਤੀਰ ਵਜੇਂਦਾ, ਚਿਹਰਾ ਸਿਰ ਗਿੱਚੀ ਇਉਂ ਹੋਇਆ, ਜਿਉਂ ਸੇਹ ਦਾ ਸਿਰ ਹੋਂਦਾ ! ਉਸ ਹਿਲਦੇ ਤੇ ਲੁਛਦੇ ਤਾਂਈਂ, ਤਕ ਤਕ ਤੀਰ ਚਲਾਵੇ, ਵਿਚ ਅੱਖੀਂ ਵਿਚ ਕੰਨ ਦੇ ਚਾਹੇ, ਜਿੱਥੇ ਤੱਕ ਲਗਾਵੇ; ਠੀਕ ਉਥਾਈਂ ਵੱਜੇ ਜਾ ਕੇ, ਮੂਲ ਨ ਸੇਧੋਂ ਉੱਕੇ; ਪਰ ਰਾਹੀ ਨੂੰ ਲੱਗੇ ਨਾਹੀਂ, ਸੇਧੋਂ ਤੀਰ ਨ ਚੁੱਕੇ। ਤਕ ਏ ਪੂਰੀ ਤੀਰੰਦਾਜ਼ੀ ਸਤਿਗੁਰ ਤੀਰ ਚੜ੍ਹਾਯਾ, ਖਿੱਚ ਕਮਾਨ ਨਿਸ਼ਾਨਾ ਸੇਧਜਾ ਸਾਹ ਵੱਟ ਬਾਣ ਚਲਾਇਆ। ਹਿਕਮਤ ਸੀ ਇਸ ਵਿਚ ਇਕ ਪੂਰੀ, ਜਿਸ ਅੱਗੇ ਸਭ ਟੁੰਡੇ, ਤੀਰ ਚਲਾਇਆ ਸੀ ਜੋ ਬਾਲਕ, ਤੀਰ ਏ ਉਸ ਨੂੰ ਢੂੰਡੇ। ਤੁਰਿਆ ਜਾਂਦਾ ਤੀਰ ਸਿੱਖ ਦਾ, ਗੁਰੂ ਤੀਰ ਖਾ ਡਿੱਗਾ, ਅਚਰਜ ਹੋਇ ਕਮਾਨ ਧਰੀ ਚਾ, ਵੇਖੇ ਪਿੱਛਾ ਅੱਗਾ:-'ਇਹ ਹੈ ਕੌਣ ਖਿਲਾਰੀ ਭਾਰਾ, ਤੀਰ ਜੁ ਮੇਰੇ ਢੂੰਡੇ ? ਮੈਂ ਤਾਂ ਪੂਰਨ ਵਿਦਜਾ ਕੀਤੀ, ਹੁਣ ਹੋਏ ਹੱਥ ਖੁੰਢੇ। ਧਰਤੀ ਪਈ ਕਮਾਨ ਵਿੱਚ ਫਿਰ, ਤੀਰ ਇਕ ਆ ਕੇ ਲੱਗਾ, ਖਾਲਕ ਤਾਈਂ ਅਜ਼ਾ ਨ ਲੱਗੀ, ਐਨ ਸੇਧ ਤੇ ਵੱਜਾ। ਫਿਰ ਇਕ ਤੀਰ ਚਲਾਇਆ ਐਸਾ, ਚੁੱਪ ਚੁਪਾਤਾ ਆਯਾ, ਛੋਹ ਦਸਤਾਰ ਬਾਲ ਦੀ ਲੰਘਿਆ ਪਰ ਨਾ ਕੁਝ ਹਿਲਾਯਾ। ਹੋਇ ਹੈਰਾਨ ਖੜਾ ਓ ਅਰਜਨ, ਗਰਬ ਰਿਦੇ ਦਾ ਟੁੱਟਾ, ਕਸਬ ਆਪਣੇ ਵਾਲਾ ਸਾਰਾ, ਛੱਕਾ ਉਸਦਾ ਛੁੱਟਾ। ਗਰਬ ਗਿਆ ਜਦ ਹਉਮੈ ਟੁੱਟੀ, ਸਤਿਗੁਰ ਵੈਦ ਸਿਆਣੇ ਪਹੁੰਚੇ ਪਾਸ, ਸਿਰੇ ਹੱਥ ਧਰਿਆ, ਲੱਗੇ ਗਲ ਨੂੰ ਲਾਣੇ :- "ਮੇਰੇ ਖਾਲ, ਪਿਆਰੇ ਪੁੱਤਰ! ਤੇਰੀ ਸਫਲ ਕਮਾਈ। ਤੀਰੰਦਾਜ਼ੀ ਪੂਰੀ ਹੋਈ ਹਉਮੈਂ ਨਾਲ ਨਸਾਈ। ਹੁਣ ਸੇਵਾ ਵਿਚ ਆਵੇਂ ਪਜਾਰੇ ! ਰੱਖਜਾ ਧਰਮ ਕਰਾਵੇਂ ! ਪਾਪ ਰਾਜ ਤੋਂ ਪ੍ਰਜਾ ਬਚਾਵੇਂ, ਤਨ ਬੀ ਵਾਰ ਦਿਖਾਵੇਂ।" ਖੁਸ਼ੀਆਂ ਸ਼ੁਕਰ ਪ੍ਰੇਮ ਦਾ ਭਰਿਆ ਬਾਲਕ ਪੈਰੀਂ ਢੱਠਾ, ਆਖੇ: "ਕਲਗੀਆਂ ਵਾਲੇ ਸੁਾਮੀ! ਮੈਂ ਹਾਂ ਬਾਲਕ ਅੱਠਾ। ਬਖਸ਼ ਲਿਆ ਨਿਜ ਦਾਸ ਬਣਾਇਆ, ਭਾਣਾ ਝਾਲ ਸਿਖਾਓ, ਭਾਣੇ ਪਰ ਸ਼ਾਕਰ ਨਿਤ ਹੋਣਾ, ਏ ਹੁਣ ਦਾਨ ਦਿਵਾਓ"। 'ਗੁਰ ਨੇ "ਸਫ਼ਲ ਨਿਹਾਲ" ਆਖਿਆ, ਬਾਲਕ ਸੀਸ ਨਿਵਾਇਆ, ਜਿਸ ਵਰ ਦੀ ਸਿਕ ਲੱਗੀ ਸੀ ਦਿਲ ਮਨ-ਚਿੰਦਿਆ ਓ ਪਾਇਆ। ਆਸਾ ਪੂਰ ਗੁਰੂ ਨੇ ਐਦਾਂ ਸੇਵਕ ਨੂੰ ਵਡਿਆਇਆ। ਗੁਣ ਉਸ ਦੇ ਨੂੰ ਧਰਮ ਸੇਵ ਵਿਚ, ਸਫਲਾ ਚਾ ਕਰਵਾਇਆ। ਗਰਬ ਹੋਇਆ ਸੀ ਉਹਦੇ ਅੰਦਰ 'ਮੈਂ ਨਿਸ਼ਾਨਚੀ ਪੱਕਾ', ਦੇਖ ਨਿਸ਼ਾਨੇ ਬਾਜ਼ੀ ਗੁਰ ਦੀ, ਰਹਿ ਗਿਆ ਹੱਕਾ ਬੱਕਾ। ਸੂਰਬੀਰ ਸੀ ਪਹਿਲੇ ਹੋਇਆ, ਹੁਣ ਹਉਮੈਂ ਗੁਰ ਕੱਢੀ, ਪਰਉਪਕਾਰੀ ਸੱਚਾ ਹੋਇਆ, ਬਾਣ ਨ ਮੁੜਕੇ ਛੱਡੀ।

ਸੂਚਨਾ-ਸਤਿਗੁਰ ਤੋਂ ਰੂਹਾਨੀ ਲਾਭ ਉਠਾਕੇ ਵਰੋਸਾਏ ਪ੍ਰੇਮੀ ਕੀਕੂੰ ਯਾਦ ਵਿਚ ਪੁਰੋਤੇ ਉੱਚੇ ਰਸ ਮਾਣਦੇ ਸੇ, ਅਗਲੇ ਦਰਸ਼ਨ ਵਿਚ ਕੁਛ ਥਹੁ ਪੈ ਜਾਂਦਾ ਹੈ-

ਨਾਲ ਪ੍ਰੇਮ ਜੀਵਨ ਦੀ ਝਰਨਾਟ ਛੇੜ ਦੇਣ ਵਾਲੀ, ਆਤਮ-ਬੱਰਾਟ ਪੈਦਾ ਕਰਨ ਵਾਲੀ, ਪਿਰਮ ਰਸ ਦੀ ਰੌ ਚਲਾ ਦੇਣ ਵਾਲੀ ਅਰ ਇਕ ਵੇਰ ਦੇ ਕੇ ਕਦੇ ਨਾ ਮੋੜਨ ਵਾਲੀ ਮੂਰਤ, 'ਪ੍ਰੀਤਮ ਜੀ' ਕਰਕੇ ਪਿਆਰੀ ਜਾਣ ਵਾਲੀ ਸੂਰਤ ਕਿਸਦੀ ਹੈ ? ਇਹ ਪਿਆਰੇ ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਗਤ ਵਾਲੀ, ਸਿੱਖ ਵਾੜੀ ਦੇ ਮਾਲੀ, ਤ੍ਰੈ ਤਾਪਹਰਤਾ, ਪਿਆਰ ਦੇ ਸੋਮੇਂ ਮੇਹਰ ਦੇ ਚਸ਼ਮੇ ਤੇ ਦਯਾ ਦੇ ਸਾਗਰ ਦੀ ਪਿਆਰੀ ਮੂਰਤ ਹੈ। ਇਹ ਉਹ ਮੋਹਿਨੀ ਮੂਰਤ ਹੈ, ਜਿਸ ਨੂੰ ਪਰਮੇਸ਼ੁਰ ਦੀ ਜਯੋਤੀ ਨਾਲ ਉਹ ਸਬੰਧ ਹੈ ਜੋ ਧੁੱਪ ਨੂੰ ਸੂਰਜ ਨਾਲ ਹੈ ਯਾ ਜਿਵੇਂ ਸਾਡੇ ਸੰਬੰਧ ਵਿਚ ਪਿਤਾ ਪੁਤ੍ਰ-ਸਨੇਹ ਹੈ, ਪ੍ਰੇਮ ਹੀ ਪ੍ਰੇਮ ਤੇ ਪ੍ਰੇਮ ਨਾਲ ਦ੍ਵੈ ਤੋਂ ਇਕ ਰੂਪ ਹੋ ਗਈ ਹਸਤੀ। ਇਹ ਉਹ ਸੂਰਜ ਹੈ ਜਿਸਨੇ, 'ਦਾਤਾ ਜੀ' ਵਰਗੇ ਡੂੰਘੇ ਵਿਦਵਾਨ ਨੂੰ ਸਾਂਈਂ ਦੇ ਮੇਲ ਦੀ ਝਰਨਾਟ ਬਖਸ਼ ਕੇ ਜੀਅ ਦਾਨ ਦੇ ਕੇ ਜਿਵਾਲਿਆ ਸੀ, ਜਿਸ ਦੇ ਸ਼ੁਕਰਾਨੇ ਵਿਚ 'ਦਾਤਾ ਜੀ' ਰਾਜਾ ਜੀ ਦਾ ਸਿਪਾਹੀ ਬਣ ਕੇ ਉਹ ਜੀਅਦਾਨ ਸਾਰੇ ਜਗਤ ਨੂੰ ਵੰਡ ਰਿਹਾ ਸੀ, ਕਿਉਂਕਿ ਉਹ ਜਾਣ ਗਿਆ ਸੀ :-

ਸਾਧ ਸੰਗਿ ਮਿਟਿ ਜਾਤ ਬਿਕਾਰ॥
ਸਭ ਤੇ ਊਚ ਏਹੋ ਉਪਕਾਰ॥ (ਗਓ:ਮ:੫-੯੨)

ਸੂਚਨਾ—ਗੁਰੂ ਕੇ ਸਿਖਾਂ ਦੇ ਸਪੁਤਰ ਕਿਸ ਤਰ੍ਹਾਂ ਗੁਰੂ ਪ੍ਰੇਮ ਗੁਰੂ ਜੀ ਦੀ ਪ੍ਰਸੰਨਤਾ ਲਈ ਆਪਣੇ ਆਪ ਨੂੰ ਗੁਣਵਾਨ ਬਣਾਉਂਦੇ ਸਨ, ਇਹ ਇਕ ਦਰਸ਼ਨ ਅਗਲੇ ਪ੍ਰਸੰਗ ਵਿਚ ਹੈ :—

## ੩੫. ਬਾਬਾ ਅਲਬੇਲ ਸਿੰਘ ਜੀ ਸ਼ਹੀਦ[1]।

(ਬਾਲਕਪੁਣੇ ਦਾ ਪ੍ਰਸੰਗ)

**ਸੂਰਜ** ਅਜੇ ਨ ਚੜ੍ਹਿਆ ਪੁਰਿਓਂ, ਖਿਲਰੀ ਧੁੱਪ ਨ ਕਾਈ। ਚਾਨਣ ਪਰ ਪਹੁਫੁੱਟ ਦਾ ਸੁਹਣਾ, ਫੈਲਿਆ ਚਾਰੋਂ ਦਾਈ। ਵਿਚ ਆਨੰਦ ਪੁਰੇ ਦੇ ਜੰਗਲ, ਨਦੀ ਕਿਨਾਰੇ ਫਿਰਦਾ; ਬਾਲਕ ਇਕ ਜੁਆਨੀ ਚੜ੍ਹਦਾ, ਤੀਰੰਦਾਜ਼ੀ ਕਰਦਾ। ਉਮਰਾ ਬਰਸ ਪੰਦਰਾਂ ਵਾਲੀ, ਸੁੰਦਰ ਰੂਪ ਸੁਹਾਵੇ। ਦੇ ਕੇ ਜ਼ੋਰ ਕਮਾਨ ਖਿਚੇਂਦਾ, ਤਕ ਕੇ ਤੀਰ ਚਲਾਵੇ। ਢੂੰਡ ਨਿਸ਼ਾਨਾ ਛਾਲਾਂ ਮਾਰੇ, 'ਵਾਹ ਵਾਹ' ਆਪੇ ਆਖੇ। ਜੇ ਉੱਕੇ ਤਾਂ 'ਹਾ ! ਹਾ' ਕਰਦਾ, ਢੂੰਡੇ ਫੇਰ ਤਕਾਕੇ। ਰੋਜ਼ ਸਵੇਰੇ ਕਰੇ ਐਕੁਰਾਂ, ਵਰ੍ਹੇ ਬੀਤ ਗਏ ਕਿੰਨੇ, ਤੀਰੰਦਾਜ਼ ਹੋ ਗਿਆ ਲਾਇਕ, ਜੋ ਚਾਹੇ ਸੋ ਵਿੰਨ੍ਹੇ। ਇਕ ਦਿਨ ਕੌਤਕ ਅਚਰਜ ਬਣਿਆਂ, ਦਿਨ ਦੁਪਹਿਰ ਚੜ੍ਹ ਆਈ, ਤੀਰ ਚਲਾਵਣ ਵਿੱਚ ਜੁ ਰੁੱਝਾ, ਘਰ ਦੀ ਸੁਰਤ ਭੁਲਾਈ। ਇਕ ਹਰਨੋਟੇ ਪਿੱਛੇ ਲੱਗਾ, ਬੰਨ੍ਹ ਨਿਸ਼ਾਨਾ ਕਰਦਾ, ਉਹ ਕੁੱਦੇ ਤੇ ਉਹਲੇ ਹੋਵੇ, ਜਾਇ ਚੌਕੜੀ ਭਰਦਾ। ਇੱਕੁਰ ਛੇੜ ਲਗੀ ਸੀ ਭਾਰੀ, ਹਰਨ ਦੂਰ ਨਿਕਲਾਇਆ। ਭੀਮ ਚੰਦ ਰਾਜੇ ਦੇ ਜੰਗਲ ਬਾਲਕ ਮਗਰੇ ਆਇਆ। ਕੁਦਰਤ ਨਾਲ ਨਿਸ਼ਾਨੇ ਬੈਠਾ ਤੀਰ ਬਾਲ ਦਾ ਏਥੇ, ਵਿੰਨ੍ਹਿਆਂ ਹਰਨ ਗਿਆ ਤੇ ਡਿੱਗਾ ਹੋਇਆ ਲੇਥੇ ਪੇਥੇ। ਅੱਚਣ ਚੇਤ ਸਿਪਾਹੀ ਨਿਕਲੇ, ਲਲਕ ਆ ਪਏ ਛੇਤੀ; ਬਾਲਕ ਪਕੜ ਆਖਦੇ: "ਦੱਸ ਦੇਹ, ਕਿਸਦਾ ਹੈਂ ਤੂੰ ਭੇਤੀ ? 'ਇਹ ਬਨ ਗਹਿਬਰ ਰੱਖ ਰਾਜੇ ਦੀ, ਕਰਨ ਸ਼ਿਕਾਰ ਮਨਾਹੀ; 'ਤੂੰ ਬੇ ਡਰ ਹੋ ਹਰਨ ਮਾਰਿਆ, ਕੀ ਹੈਂਕੜ ਤੁਧਆਹੀ ? 'ਸਕੇ ਵਜ਼ੀਰ ਨ ਟਿੱਕਾ ਏਥੇ ਖੇਡ ਸ਼ਿਕਾਰ, ਇਯਾਣੇ। 'ਬੇਪਰਵਾਹ ਨਿਸ਼ਾਨੇ ਢੂੰਡੇਂ, ਰਾਜ ਆਪਣਾ ਜਾਣੇਂ" ! ਬਾਲਿਕ ਕਹੇ: "ਸੁਣੋਂ ਹੇ ਭਾਈ ! ਅਸਲੀ ਹਾਲ ਸੁਣਾਵਾਂ; 'ਮੈਂ ਤਾਂ ਪੁਰਿ ਆਨੰਦੋਂ ਤੁਰਿਆ ਮਗਰ ਹਰਨ ਦੇ ਆਵਾਂ। 'ਅੱਗੇ ਹਰਨ ਚੌਕੜੀ ਭਰਦਾ, ਲੁਕਦਾ ਤੇ ਫਿਰ ਦਿੱਸਦਾ, 'ਮੈਂ ਬੀ ਖਿੱਚ ਕਮਾਨ ਚੜ੍ਹਾਈ, ਪਿੱਛਾ ਕੀਤਾ ਇਸ ਦਾ। 'ਇਥੇ ਪਹੁੰਚ ਨਿਸ਼ਾਨਾ ਬੈਠਾ, ਇਹ ਮੋਇਆ ਮੈਂ ਫਾਥਾ, 'ਪਰ ਅਪਰਾਧ ਨ ਮੇਰਾ ਇਸ ਵਿਚ, ਹਰਨ ਨਹੀਂ ਇਸ

1. ਇਹ ਕਵਿਤਾ ਸੈ: ਗੁ: ਨਾ: ਸਾ: ੪੩੪ (੧੯੦੩ ਈ) ਦੀ ਰਚਨਾ ਹੈ।

ਦਰਸ਼ਨ ਨਹੀਂ ਹੋਏ। ਤਾਂਘਦੇ, ਮਿਕਦੇ, ਲੋਚਦੇ ਆ ਰਹੇ ਹਨ।

ਹੁਣ 'ਪ੍ਰੀਤਮ ਜੀ' ਸਾਰਿਆਂ ਨੂੰ ਨਾਲ ਲੈ ਕੇ ਟੁਰੇ। ਦਿਲਾਂ ਦੇ ਮਾਲਕ ਦਿਲਾਂ ਨੂੰ ਜਾਣਦੇ ਹਨ ਕਿ ਏਹ ਸਾਰੇ ਰਾਜਾ ਜੀ ਦੇ ਸਿਪਾਹੀ ਦੀ ਉਡੀਕ ਵਿਚ ਹਨ। ਕਹਿਣ ਲਗੇ: "ਆਓ, ਚਲੀਏ, ਸਾਡੇ ਸਿਪਾਹੀ ਜੀ ਹੋਰ ਮੁਹਿੰਮ ਫਤਹ ਕਰ ਰਹੇ ਹਨ। ਆਓ, ਉਹ ਬੀ ਆਉਂਦੇ ਹਨ।" ਪ੍ਰੇਮ ਦੀ ਤਾਰ ਵਿਚ ਪ੍ਰੋਤੇ ਗਏ ਪਿਆਰੇ ਜਿਸ ਤਰ੍ਹਾਂ ਚੁੰਬਕ ਨਾਲ ਲੋਹਾ ਖਿੱਚੀਂਦਾ ਹੈ, 'ਪ੍ਰੀਤਮ ਜੀ' ਦੇ ਨਾਲ ਨਾਲ ਖਿੱਚੀਂਦੇ ਚਲੇ ਗਏ। ਕਿੱਥੇ ਗਏ ? ਜਿੱਥੇ ਬੜਾ ਭਾਰੀ ਦਰਬਾਰ ਸਜ ਰਿਹਾ ਹੈ। ਜਿੱਥੇ ਆਤਮ ਜੀਵਨ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ, ਜਿਥੇ ਪਿਰਮ ਰਸ ਦਾ ਮਹਾਂ ਸਾਗਰ ਮਿੱਠੇ ਮਿੱਠੇ ਤ੍ਰੰਗ ਛੱਡ ਰਿਹਾ ਹੈ। ਸਾਰਾ ਦਰਬਾਰ ਦਾਤਾ ਜੀ ਦੀ ਕਰਨੀ ਦੇ ਸਾਕੇ ਸੁਣ ਚੁੱਕਾ ਸੀ। ਪਪੀਹੇ ਵਾਂਙ ਸਾਰੀਆਂ ਅੱਖਾਂ ਸਿਪਾਹੀ ਤੇ ਉਸ ਦੀਆਂ ਆਪਣੇ ਮਾਲਕ ਲਈ ਜਿੱਤ ਕੇ ਆਂਦੀਆਂ ਰੂਹਾਂ ਦੇ ਪਵਿੱਤ੍ਰ ਦਰਸ਼ਨਾਂ ਨੂੰ ਲੋਚ ਰਹੀਆਂ ਸਨ। ਜਿਸ ਵੇਲੇ 'ਪ੍ਰੀਤਮ ਜੀ' ਸਾਰੇ ਪਿਆਰ ਦੇ ਪਰਵਾਰ ਨੂੰ ਲੈ ਕੇ ਦਰਬਾਰ ਵਿਚ ਵੜੇ ਉਸ ਵੇਲੇ ਜੋ ਰਸ ਪ੍ਰੇਮ ਭਰਿਆਂ ਨੈਣਾਂ ਨੂੰ ਪਿਆਰ ਭਰੇ ਨੇਤ੍ਰਾਂ ਨਾਲ ਮਿਲਣ ਦਾ ਆਇਆ, ਉਹਦਾ ਰਸ ਪ੍ਰਾਪਤੀ ਤੇ ਹੀ ਆਉਂਦਾ ਹੈ।

... ...

ਉਹ ਵੇਲਾ ਬੀ ਆ ਗਿਆ ਕਿ ਜਦੋਂ ਰਾਜਾ ਜੀ ਦੇ ਸਿਪਾਹੀ ਜੀ, ਉਹ ਝਨਾ ਦੇ ਦਾਤਾ ਜੀ, ਬੀ ਆ ਗਏ, ਕਿਸ ਵੇਲੇ ਆਏ ? ਕਿ ਜਿਸ ਵੇਲੇ 'ਸ੍ਰੀ ਪ੍ਰੀਤਮ ਜੀ' ਆਪਣੇ ਪੂਰਨ ਸ਼ਾਂਤਿ, ਪ੍ਰੇਮ ਤੇ ਆਨੰਦ ਸਰੂਪ ਵਿਚ ਖੜੇ ਸਨ ਤੇ ਪ੍ਰੇਮੀ ਅਡੋਲ, ਏਕਾਗਰ ਮਨ ਅੱਗੇ ਖੜੇ ਸਨ। 'ਪ੍ਰੀਤਮ ਜੀ' ਇਨ੍ਹਾਂ ਨੂੰ ਆਪਣੇ ਪਿਆਰ ਦੇ ਮੰਡਲ ਵਿਚ ਲੈ ਰਹੇ ਸਨ, ਜਿਸਨੂੰ ਲੋਕੀਂ ਕਹਿ ਰਹੇ ਸਨ ਕਿ ਅੰਮ੍ਰਿਤ ਛਕਾ ਰਹੇ ਹਨ। ਰਾਜਾ ਜੀ ਦੇ ਸਿਪਾਹੀ ਨੇ ਦੂਰੋਂ ਡਿੱਠਾ ਕਿ ਗੁਰੂ ਸਮੁੰਦਰ ਸਿੱਖੀ ਦੀ ਨਦੀ ਨੂੰ ਆਪਣੇ ਵਿਚ ਸਮਾ ਰਿਹਾ ਹੈ। ਇਹ ਨਜ਼ਾਰਾ ਸੀ, ਜਿਸਨੂੰ ਦੇਖਕੇ ਆਨੰਦ ਭਰੇ ਰਾਜਾ ਜੀ ਦੇ ਸਿਪਾਹੀ ਹੋਰ ਆਨੰਦ ਹੋ ਗਏ। ਅੱਗੇ ਨਹੀਂ ਵਧੇ ਕਿ ਇਸ ਰਸ ਸੰਗਮ ਵਿਚ ਧਯਾਨ ਲਗਾ ਰਹੇ ਸਭ ਦਾ ਤੇ ਫਰਕ ਨਾ ਪਵੇ, ਅਡੋਲ ਚੁਪਾਤੇ ਦੂਰ ਹੀ ਖੜੇ ਰਹੇ। ਜਦ ਇਹ ਕਾਰਜ ਹੋ ਚੁੱਕਾ ਤਾਂ 'ਪ੍ਰੀਤਮ ਜੀ' ਵਿਆਕੁਲ ਹੋ ਕੇ ਤੱਕੇ ਤੇ ਬੋਲੇ: "ਮੇਰਾ ਸਿਪਾਹੀ"। ਦੂਸਰੀ ਛਿਨ ਵਿਚ ਸਿਪਾਹੀ ਦੇ ਸੀਸ ਤੇ 'ਪ੍ਰੀਤਮ ਜੀ' ਦੇ ਦੋਹਾਂ ਚਰਨਾਂ ਦੀ ਤ੍ਰਿਪੁਟੀ ਇਕ ਰੂਪ ਹੋ ਰਹੀ ਸੀ। 'ਪ੍ਰੀਤਮ ਜੀ' ਨੇ ਸੁਹਣਾ ਸੀਸ ਚੁੱਕਿਆ, ਗਲ ਲਾਇਆ ਤੇ ਐਉਂ ਘੁੱਟਿਆ ਕਿ ਅੰਕ ਸਮਾ ਲਿਆ, ਸਮਾ ਲਿਆ, ਸਮਾ ਲਿਆ। ਔਹ ਦੇਖੋ, ਮਾਤਾ ਜੀ ਖੜੇ ਕਿਸ ਕ੍ਰਿਪਾ ਭਰੀ ਨਜ਼ਰ ਨਾਲ ਤਾਂਘ ਰਹੇ ਹਨ ਕਿ ਇਸ ਲਾਡਲੇ ਸਪੁੱਤ੍ਰ ਨੂੰ ਪਿਆਰ ਦਿਆਂ। ਜਦ ਸਤਿਗੁਰਾਂ ਨੇ ਤ੍ਰੈ ਵੇਰ 'ਨਿਹਾਲ ਨਿਹਾਲ, ਨਿਹਾਲ' ਕਹਿਕੇ ਮਾਤਾ ਜੀ ਵਲ ਤੱਕਿਆ ਤਦ ਉਨ੍ਹਾਂ ਪਿਆਰੇ ਸਪੁਤ੍ਰ ਨੂੰ, ਜਿਸਨੇ ਸਰੀਰ ਕੁਹਾਕੇ ਪਿਤਾ ਦਾ ਰਾਜ ਅਸਥਾਪਨ ਕੀਤਾ ਸੀ, ਆਪਣੇ ਪਿਆਰ ਤੇ ਆਤਮ ਕ੍ਰਿਪਾਲਤਾ ਦੇ ਰੰਗ ਵਿਚ ਰੰਗ ਲਿਆ ਤੇ ਮੱਥਾ ਸੁੰਘ ਕੇ, 'ਬੇਟਾ, ਬੇਟਾ, ਬੇਟਾ, ਬੇਟਾ, 'ਬਲਿਹਾਰ, ਬਲਿਹਾਰ, ਬਲਿਹਾਰ' ਕਹਿਕੇ ਅਚਰਜ ਹੀ ਪ੍ਰੇਮ ਤੇ ਕ੍ਰਿਪਾਲਤਾ ਵਿਚ ਅਸੀਸ ਦਿੱਤੀ:-

> ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥ ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾਕਾ ਅੰਤੁ ਨ ਪਾਰੋ॥੧ ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ ਰਹਾਉ॥ ਸਤਿਗੁਰ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ॥ ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥੨॥ ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥ ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥੩॥ ਭਵਰੁ ਤੁਮ੍ਾਰਾ ਇਹੁ ਮਨੁ ਹੋਵਹੁ ਹਰਿ ਚਰਣਾ ਹੋਹੁ ਕਉਲਾ॥ ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ॥੪॥੩॥੪॥
>
> (ਗੁਜਰੀ ਮਹਲਾ ੫)

ਮਾਤਾ ਜੀ ਤੋਂ ਅਸੀਸ ਲੈ ਕੇ ਦਾਤਾ ਜੀ ਫੇਰ ਚਰਨਾਂ ਤੇ ਢੱਠੇ। ਹਾਂ, ਜਿਨ੍ਹਾਂ ਨੂੰ 'ਪ੍ਰੀਤਮ ਜੀ' ਕਹਿ ਕੇ ਨੈਣਾਂ ਤੋਂ ਮੋਤੀ ਕੇਰਿਆ ਕਰਦੇ ਸਨ, ਹੁਣ ਉਸ 'ਪ੍ਰੀਤਮ ਜੀ' ਦੇ ਚਰਨਾਂ ਕਮਲਾਂ ਤੇ ਪਜਾਰ ਦੇ ਮੋਤੀ ਕਿਰ ਰਹੇ ਹਨ। ਇਹ ਪਿਆਰੀ ਮੋਹਿਨੀ ਸੂਰਤ, ਇਹ ਪਿਆਰ

ਗਿਆ। ਪ੍ਰੀਤਮ ਹੈ, ਪ੍ਰੀਤ ਹੈ, ਪ੍ਰੇਮੀ ਹੈ ਤੇ ਤ੍ਰੈਆਂ ਦਾ ਇਕ ਮੇਲ ਹੋ ਕੇ ਰਸ ਰੂਪ ਧਾਰ ਰਿਹਾ ਹੈ, ਪਿਰਮ ਰਸ ਦਾ ਮੀਂਹ ਵੱਸ ਰਿਹਾ ਹੈ, ਸਾਰੀ ਸੰਗਤ ਦੇ ਲੂੰਆਂ ਵਿਚ ਸਿੰਜਰ ਰਿਹਾ ਹੈ। 'ਜੋ ਨਿਰੀਆਂ ਗੱਲਾਂ ਤੇ ਗੱਪਾਂ ਨਾਲ ਸ਼ੁੱਧ ਬਣਦੀ ਹੁੰਦੀ ਸੀ' ਇਸ ਵੇਲੇ ਬਿਮਲ ਵਿਚ ਨਿਰਮਲ ਹੋਈ ਡੁਬੀ ਪਈ ਹੈ। ਹੁਣ ਕੋਈ ਪੁੱਛੇ ਸੁ ਕਿ ਤੂੰ ਬ੍ਰਹਮ ਹੈਂ ਕਿ ਪੁਰਖ ? ਮਾਇਆ ਹੈਂ ਕਿ ਪ੍ਰਕ੍ਰਿਤੀ ? ਤਾਂ ਕੌਣ ਸੁਣਦਾ ਤੇ ਕੌਣ ਕੂੰਦਾ ਹੈ ? ਜਾਣਨਹਾਰ ਜਾਣਨ ਵਲੋਂ ਪਰਤਕੇ ਸਰਬੱਗ੍ਯ ਜਾਣਨਹਾਰ ਵਿਚ ਰਸ ਰੂਪ ਹੋ ਰਿਹਾ ਹੈ। ਇਸ ਆਨੰਦ ਨੂੰ ਕੌਣ ਕਹੇ ? **'ਪ੍ਰੀਤਮ ਜੀ'** ਦੀ ਚਰਣ ਸ਼ਰਣ ਦਾ ਸੁਖ ਕੌਣ ਦੱਸੇ ? ਇਸ ਪਰ ਆਕਾਸ਼ ਵਿਚ ਖੜੇ ਕਬੀਰ ਜੀ ਫੁਲਾਂ ਦੀ ਬਰਖਾ ਕਰ ਰਹੇ ਤੇ ਆਖ ਰਹੇ ਹਨ :-

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ
ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀਂ
ਦੇਖਾ ਹੀ ਪਰਵਾਨੁ॥ (ਸਲੋਕ ਕਬੀਰ ਜੀ-੧੨੧)

ਇਹ ਮੌਜ ਕਿਤਨਾ ਕਾਲ ਲੰਘੀ? ਪਤਾ ਨਹੀਂ। ਪ੍ਰੀਤਮ ਜੀ ਨੇ ਆਪਣੇ ਨੇਤ੍ਰ ਖੋਲ੍ਹੇ, ਕਾਕੀ ਦੇ ਨੈਣ ਬੀ ਖੁਲ੍ਹੇ। ਕਾਕੀ ਨੇ ਹੁਣ ਜ਼ੋਰ ਲਾ ਕੇ ਪ੍ਰੇਮ ਨਾਲ ਝੁਕ ਝੁਕ ਪੈਂਦੇ ਆਪਣੇ ਚਿਹਰੇ ਨੂੰ ਉਚਾਇਆ, ਤਾਂ **'ਪ੍ਰੀਤਮ ਜੀ'** ਬੋਲੇ: 'ਤ੍ਰਿਕੁਟੀ ਛੂਟੀ ਬਿਮਲ ਮਝਾਰ' ਕਾਕੀ ਲਖ ਗਈ ਕਿ ਲਖਾਵਣਹਾਰ ਕੀਹ ਲਖਾ ਰਹੇ ਹਨ।

ਮੱਥਾ ਟੇਕ ਰਹੇ ਪੰਡਤ ਜੀ ਤੇ ਪੰਡਤਾਣੀ ਜੀ ਨੂੰ ਹੁਣ **'ਪ੍ਰੀਤਮ ਜੀ'** ਨੇ ਸਿਰ ਤੇ ਹੱਥ ਧਰ ਕੇ ਉਠਾ ਲਿਆ, ਤੇ ਹੱਸ ਕੇ ਬੋਲੇ: 'ਮੁਜਰਮ ਅਗੇ ਸਿਪਾਹੀ ਪਿੱਛੇ'। ਇਹ ਕਹਿਕੇ ਦੋਹਾਂ ਨੂੰ ਗੱਲ ਲਾ ਕੇ ਪਿਆਰ ਦਿੱਤਾ ਤੇ ਆਖਿਆ: 'ਜੀਵਨਪਦ ਇਹ ਹੈ, ਆਤਮਪਦ ਇਹ ਹੈ' ਕਹਿੰਦੇ ਸਾਰ ਇਨ੍ਹਾਂ ਦੁਹਾਂ ਦੀ ਦਸ਼ਾ ਮੂਰਛਾ ਨਹੀਂ, ਪਰ ਕੁਛ ਬੇਸੁਰਤੀ ਵਾਂਙ ਹੋ ਗਈ, ਕੀ ਦੇਖਦੇ ਹਨ ਕਿ ਜੀਕੂੰ ਵੇਲਣੇ ਵਿਚੋਂ ਵੜੇਵੇਂ ਡਿਗਦੇ ਹਨ ਉੱਕਰ ਪਾਪ ਝੜ ਰਹੇ ਹਨ ਤੇ ਅਸੀਂ ਮਾਫ਼ ਹੁੰਦੇ ਜਾ ਰਹੇ ਹਾਂ। ਇਉਂ ਨਿਰਮਲ ਹੁੰਦੇ ਫੁਲ ਦੀ ਤਰ੍ਹਾਂ ਹੌਲੇ ਹੁੰਦੇ ਗਏ, ਮਾਨੋਂ ਸਰੀਰ ਦਾ ਭਾਰ ਹੀ ਨਹੀਂ ਰਿਹਾ। ਤਾਂ ਸਤਿਗੁਰੂ ਜੀ 'ਨਿਹਾਲ' 'ਨਿਹਾਲ' ਕਹਿੰਦੇ ਵੈਦ ਜੀ ਵਲ ਝੁਕੇ। "ਆ ਮੇਰੇ ਘਾਵਾਂ ਤੇ ਮੱਲ੍ਹਮਾਂ ਲਾਵਣ ਵਾਲਿਆ ਮਿੱਤ੍ਰਾ ! ਆ ਮੇਰੀਆਂ ਬੇਹੋਸ਼ੀਆਂ ਖੋਹਲਣ ਵਾਲਿਆ ! ਆ ਕਲੇਜੇ ਲੱਗ"। ਇਹ ਕਹਿ ਕੇ ਵੈਦ ਜੀ ਨੂੰ ਗਲ ਲਾਯਾ ਤੇ ਆਖਿਆ-"ਨਿਹਾਲ, ਸਿਖਾ ਨਿਹਾਲ। ਵੈਦੰਗੀ ਵੀ ਟੁਰੀ ਹੀ ਚੱਲੂ"। ਫੇਰ ਪਿਆਰ ਦੇਂਦਿਆਂ ਵੈਦ ਜੀ ਨੂੰ ਬੀ ਆਤਮ ਅਰੋਗਤਾ ਬਖਸ਼ੀ। ਇਕੋ ਵੇਰ ਹੀ ਉਹ ਝਲਕਾ ਵੱਜ ਗਿਆ ਕਿ ਜਿਸਦੀ ਲਾਲਸਾ ਲੈ ਕੇ ਆਯਾ ਸੀ। ਇਸ ਤਰ੍ਹਾਂ ਫੇਰ ਭਾਈ ਜੀਉਣੇ ਨੂੰ ਤਾਰਦੇ ਜੀ ਜੀ ਨੂੰ ਮਿਲੇ, ਜੀ ਜੀ ਨੂੰ ਨਿਹਾਲ ਕੀਤਾ। ਅਚਰਜ ਦਰਸ਼ਨ ਹੈ ! ਕੌਲ ਫੁਲਾਂ ਦਾ ਮਾਨੋ ਸਰੋਵਰ ਭਰਿਆ ਖੜਾ ਹੈ ਤੇ ਇਕੋ ਸੂਰਜ ਨੇ ਸਭ ਨੂੰ ਖੇੜਾ ਲਾ ਦਿੱਤਾ ਹੈ। ਹਰ ਕੌਲ ਫੁਲ ਵਿਚ ਸਮਾ ਰਿਹਾ ਹੈ, ਹਰਹਰ ਨੂੰ ਆਪਣੇ ਵਿਚ ਧਯਾਨ ਮਗਨ ਕਰ ਰਿਹਾ ਹੈ, ਹਰ ਕੌਲ ਫੁਲ ਵਿਚ ਉਸੇ ਦਾ ਸਾਰਾ ਹੋ ਕੇ ਝਲਕ ਰਿਹਾ ਹੈ। ਏਹ ਹਨ **'ਪ੍ਰੀਤਮ ਜੀ'** ਜਿਨ੍ਹਾਂ ਨੂੰ **'ਪ੍ਰੀਤਮ ਜੀ'** ਕਹਿੰਦਿਆਂ ਦਾਤਾ ਜੀ ਵਰਗੇ ਬੀਤਰਾਗ ਤੇ ਅਤੀਤ, ਰਿਖੀਆਂ ਮੁਨੀਆਂ ਨਾਲੋਂ ਬੀ ਅਤੀਤ-ਹਿਰਦੇ ਵਾਲੇ ਸਜਲ ਨੇਤਰਾਂ ਤੋਂ ਹੰਝੂ ਕੇਰਿਆ ਕਰਦੇ ਸਨ। ਇਹ ਉਹ **'ਪ੍ਰੀਤਮ ਜੀ'** ਹਨ ਜੋ ਐਸ ਵੇਲੇ ਪਿਆਰਿਆਂ ਦੀ ਖ਼ਾਤਰ ਇਕ ਭਾਰੀ ਸਜੇ ਹੋਏ ਦਰਬਾਰ ਨੂੰ ਛੱਡ ਕੇ ਆਏ ਹਨ। ਨਹੀਂ ਨਹੀਂ, ਜੋ ਦੁਖੀਆਂ ਦੇ ਸੁਖਦਾਈ ਹੋਣ ਲਈ ਸੱਚਖੰਡ ਦੇ ਰੰਗ ਨੂੰ ਛੱਡ ਕੇ ਇਸ ਲੋਕ ਵਿਚ--ਮਾਤ ਲੋਕ ਵਿਚ--ਆ ਕੇ ਨਿਰੰਜਨੀ ਜੋਤਿ ਜਗਾ ਰਹੇ ਹਨ। ਕਿਸ ਤਰ੍ਹਾਂ ਆਪਣੇ ਪ੍ਰੇਮੀਆਂ ਵਿਚ ਖੜੇ ਲਸ ਰਹੇ ਹਨ ? ਆਹ ! ਕਦੇ ਐਸ ਵੇਲੇ ਰਾਜਾ ਜੀ ਦੇ ਸਿਪਾਹੀ ਜੀ ਹੋਣ ਅਰ ਆਪਣੇ **'ਪ੍ਰੀਤਮ ਜੀ'** ਨੂੰ ਪਿਆਰਿਆਂ ਦੇ ਮੰਡਲ ਵਿਚ ਵੇਖਣ ਤਾਂ ਸਦਕੇ ਹੋ ਹੋ ਜਾਣ। ਕੀ ਸਿਪਾਹੀ ਦੇ ਜੀ ਵਿਚ ਇਹ ਸੱਧਰ ਨਹੀਂ ਹੈ, ਉਹ ਤਾਂ ਇਸ ਦਰਸ਼ਨ ਨੂੰ ਸਾਰੇ ਬ੍ਰਹਮੰਡ ਤੋਂ ਸਸਤਾ ਸਮਝਣ, ਆਪਣੇ ਸੀਸ ਤੋਂ ਖ੍ਰੀਦਣਾ ਬੀ ਸਸਤਾ ਜਾਣਨ ? ਪਰ ਕਰਨ ਕੀਹ ? ਓਹ ਨਿਜ ਨੂੰ **'ਪ੍ਰੀਤਮ ਜੀ'** ਦਾ ਬੈਖ਼ਰੀਦ ਤੇ ਹੁਕਮੀ ਬੰਦਾ ਸਮਝਦੇ ਹਨ। ਜਿਸ ਕੰਮ ਵਿਚ ਪਿੱਛੇ ਅਟਕੇ ਸਨ, ਆਪਣੇ ਜਾਣੇ **'ਪ੍ਰੀਤਮ ਜੀ'** ਦੇ ਹੁਕਮ ਵਿਚ ਅਟਕੇ ਸਨ, ਹੁਣ ਧਾਏ ਆ ਰਹੇ ਹਨ, ਮਾਰੋ ਮਾਰ ਕਰ ਰਹੇ ਹਨ, ਪਰ ਵੇਲੇ ਸਿਰ ਨਹੀਂ ਪਹੁੰਚ ਸਕੇ, ਇਹ

ਦੂਸਰੇ ਤੋਂ ਸਦਕੇ ਹੋ ਰਹੇ ਹਨ। ਇਹ ਸਾਰਾ ਸੰਗ ਤਾਂ ਆਨੰਦ ਵਿਚ ਜਾ ਰਿਹਾ ਹੈ, ਪਰ ਉਹ ਰਾਜਾ ਜੀ ਦਾ ਸਿਪਾਹੀ ਕਿਤੇ ਨਜ਼ਰ ਨਹੀਂ ਪੈਂਦਾ।

ਇਕ ਜ਼ਿਮੀਂਦਾਰ ਕਮਾਦ ਵੇਲਣੇ ਵਿਚ ਪੀੜ ਰਿਹਾ ਸੀ ਕਿ ਉਸ ਨੂੰ ਪਤਾ ਲੱਗਾ ਕਿ ਸੰਗ ਲੰਘ ਗਿਆ ਹੈ। ਇਹ ਬੀ ਪਜਾਰਾਂ ਵਾਲਾ ਬੰਦਾ ਸੀ। **'ਪ੍ਰੀਤਮ ਜੀ'** ਦੇ ਪ੍ਰੇਮੀਆਂ ਦਾ ਸੰਗ ਕੋਲੋਂ ਲੰਘ ਜਾਵੇ ਤੇ ਪਤਾ ਨਾ ਲੱਗੇ, ਇਸ ਲਈ ਅਸਹਿ ਗਲ ਸੀ। ਸੋ ਘੋੜੀ ਚੜ੍ਹਕੇ ਦਾਤਾ ਜੀ ਨੂੰ ਜਾ ਮਿਲਿਆ ਆਪਣੀ ਭੁੱਲ ਤੇ ਨਾਲ ਨਾ ਜਾ ਸਕਣ ਦੀ ਬੇਵਸੀ ਦੱਸੀ ਤਦ ਦਾਤਾ ਜੀ ਨੇ ਸੰਗ ਨੂੰ ਕਿਹਾ: ਤੁਸੀਂ ਟੁਰੀ ਚਲੋ ਤੇ ਮੈਂ ਇਸ ਸੱਜਣ ਦਾ ਕੰਮ ਮੁਕਵਾ ਕੇ ਇਸਨੂੰ ਨਾਲ ਲੈ ਕੇ ਤੁਹਾਨੂੰ ਆ ਮਿਲਾਂਗਾ। ਇਹ ਕਹਿ ਕੇ ਉਸ ਨਾਲ ਮੁੜ ਆਏ ਤੇ ਹੁਣ ਉਸ ਦੇ ਪੀੜੇ ਹੋਏ ਰਸ ਤੇ ਕੜਾਹੇ ਵਿਚ ਪੱਕ ਰਹੇ ਵੱਖਰ ਦਾ ਪ੍ਰਬੰਧ ਕਰ ਰਹੇ ਹਨ।

ਉਹ ਦਾਤਾ ਜੀ ਦੇਖੋ ! ਜਿਹੜੇ ਐਡੇ ਐਡੇ ਗਿਆਨੀਆਂ ਤੇ ਸ਼ਾਸਤ੍ਰ ਵੇਤਾਂ ਨਾਲ ਬਰੀਕ ਕੱਤ ਰਹੇ ਸਨ, ਜਿਹੜੇ, ਇਤਨੇ ਪਿਆਰਿਆਂ ਦੇ ਮੰਡਲ ਵਿਚ ਆਦਰੇ ਜਾ ਰਹੇ ਸਨ, ਕਿਸੇ ਹੀ ਸਤਿਕਾਰ, ਪਿਆਰ, ਐਸ਼੍ਵਰਜ ਮਾਨ ਤੋਂ ਖਿੱਚੇ ਨਹੀਂ ਗਏ, ਰਾਜਾ ਜੀ ਦੇ ਸਿਪਾਹੀ ਦੀ ਹੈਸੀਅਤ ਵਿਚ ਹੁਣ ਇਸ ਵੇਲੇ ਵੱਟ ਦੇ ਦੇ ਕੇ ਦੱਥੇ ਤੇ ਦੱਥਾ ਕਮਾਦ ਦਾ ਖੁੰਢਾਂ ਵਿਚ ਦੇ ਰਹੇ ਹਨ, ਕਿਸੇ ਕੜਾਹੇ ਵਿਚ ਦੀ ਪੱਤ ਨੂੰ ਵੇਖ ਰਹੇ ਹਨ। ਜਦ ਡਿੱਠਾ ਕਿ ਇਹ ਧੰਦਾ ਮੇਰੇ ਮੁਕਾਉਣ ਦਾ ਨਹੀਂ ਤਾਂ ਪਿੰਡੋ ਆਪਣੇ ਪਛਾਣ ਵਾਲੇ ਸਤਿ-ਸੰਗੀਆਂ ਦਾ ਜੱਥਾ ਮੰਗਾ, ਹਲਾ ਸ਼ੇਰੀ ਕਰਵਾਕੇ ਕੰਮ ਸਮਾਪਤ ਕਰਵਾਇਆ ਤੇ ਤੀਜੇ ਦਿਨ ਮਿਤ੍ਰ ਤੇ ਉਸਦੇ ਪਰਿਵਾਰ ਨੂੰ ਨਾਲ ਲੈ ਕੇ ਤੇ ਇਨ੍ਹਾਂ ਤਾਂਘਾਂ ਨਾਲ ਤਿਆਰ ਹੋਏ ਗੁੜ ਦਾ ਇਕ ਊਠ ਲੱਦ ਕੇ **'ਪ੍ਰੀਤਮ ਜੀ'** ਤੇ ਉਹਨਾਂ ਦੀਆਂ ਸੰਗਤਾਂ ਵਾਸਤੇ ਸਾਂਢਨੀਆਂ ਤੇ ਸਵਾਰ ਹੋ ਟੁਰ ਪਏ।

'ਆਨੰਦਪੁਰ' ਦੇ ਬਾਹਰ ਉਹ ਸਾਰੀ ਸੰਗਤ, ਜੋ ਪਹਿਲੋਂ ਗਈ ਸੀ, ਜੁੜੀ ਖੜੀ ਹੈ। ਸਾਰੇ ਅੰਦਰ ਨਹੀਂ ਜਾ ਰਹੇ, ਖੜੇ ਹਨ, ਅਰ ਉਡੀਕ ਰਹੇ ਹਨ। ਦੁਪਹਿਰ ਲਗਪਗ ਹੋ ਚੱਲੀ ਹੈ, ਪਰ ਦਾਤਾਜੀ ਨਹੀਂ ਆਏ। **'ਪ੍ਰੀਤਮ ਜੀ'** ਦਾ ਦੇਸ਼ ਆ ਗਿਆ ਹੈ, ਪਰ

'ਪ੍ਰੀਤਮ ਕੇ ਦੇਸ ਕੈਸੇ ਬਾਤਨ ਸਿਉ ਜਾਈਐ।'

ਪੰਡਤ ਜੀ ਸੰਗਤ ਵਿਚ ਖੜੇ ਹਨ, ਆਖਦੇ ਹਨ: "ਦਾਤਾ ਜੀ ਭੁੱਲਣ ਵਾਲੇ ਨਹੀਂ ਹਨ, ਕੋਈ ਕੌਤਕ ਹੈ, ਕਿ ਕੋਈ ਚੰਗਿਆਈ ਹੈ, ਜਿਸ ਦੇ ਅਸੀਂ ਜਾਣੂੰ ਨਹੀਂ ਹਾਂ"। ਇੰਨੇ ਨੂੰ ਕੀ ਵੇਖਦੇ ਹਨ ਕਿ ਸ਼ਹਿਰ ਦੀ ਵਲੋਂ ਧੂੜ ਉੱਠੀ। ਪਹਿਲੇ ਦੋ ਚਾਰ ਸੂਰਮੇ ਦਿੱਸੇ, ਉਹ ਤਾਂ ਸੰਗਤ ਦੇ ਕੋਲ ਆ ਕੇ ਸੱਜੇ ਖੱਬੇ ਹੋ ਗਏ ਤੇ ਪਿਛੋਂ ਇਕ ਤੇਜਮਯ ਪ੍ਰੇਮ ਦਾ ਸਰੂਪ ਘੋੜੇ ਤੇ ਚੜੇ ਆ ਗਏ, **'ਮੇਰਾ ਸਿਪਾਹੀ' 'ਮੇਰਾ ਸਿਪਾਹੀ'** ਬੜੀ ਵਿਆਕੁਲਤਾ ਨਾਲ ਕਹਿ ਰਹੇ ਸਨ। ਸਾਰੀ ਸੰਗਤ ਸਮਝ ਗਈ ਕਿ **'ਪ੍ਰੀਤਮ ਜੀ'** ਇਹੋ ਹਨ ਤੇ ਆਪ ਆ ਗਏ ਹਨ। ਪਿਆਰ ਤੇ ਸਤਿਕਾਰ ਨਾਲ ਸਾਰੀ ਸੰਗਤ ਨਮਸਕਾਰ ਵਿਚ ਪੈ ਗਈ। ਅਦਬ ਦੇ ਰਚਨ ਵਾਲੇ **'ਪ੍ਰੀਤਮ ਜੀ'** ਆਪ ਘੋੜੇ ਤੋਂ ਉਤਰ ਪਏ। ਔਹ ਕਾਕੀ ਨੂੰ ਧਰਤੀ ਤੋਂ ਚਾ ਲਿਆ, "ਮੇਰੀ ਲਾਲੀ ਤੂੰ ਧੰਨ ਹੈਂ। ਮੇਰੇ ਸਿਪਾਹੀ ਦੀ ਨਹੀਂ, ਤੂੰ ਮੇਰੀ ਸੇਵਾ ਕੀਤੀ ਹੈ। ਹਾਂ, ਤੂੰ ਮੈਨੂੰ ਸੇਵਿਆ ਹੈ (ਸਿਰ ਤੇ ਪਿਆਰ ਦੇ ਕੇ) ਤੇਰੀ ਕਲਿਆਨ ! ਨਿਹਾਲ ਕਾਕੀ।" ਲਾਲੀ ਦੀ ਖੁਸ਼ੀ ਤੇ ਆਨੰਦ ਦੀ ਹੱਦ ਕਿੱਥੇ ਹੈ; ਅੱਖਾਂ ਨਹੀਂ ਖੁਲ੍ਹਦੀਆਂ, **'ਪ੍ਰੀਤਮ ਜੀ'** ਇਕ ਹੱਥ ਮੋਢੇ ਉਤੇ ਤੇ ਇਕ ਸੀਸ ਤੇ ਧਰੀ ਖੜੇ ਹਨ। ਇਸਦੇ ਸਰੀਰ ਵਿਚੋਂ ਇਕ ਥੱਰ ਥੱਰ ਬਿਜਲੀ ਦੀ ਰੌ ਲੰਘ ਰਹੀ ਹੈ। ਮਨ, ਮਨ ਵਿਚ ਮਾਨੋਂ ਗੁੰਮ ਗਿਆ, ਆਪਾ, ਆਪੇ ਵਿਚ ਟਿਕ ਗਿਆ। ਇਹ ਰੰਗ ਲੰਘ ਕੇ ਫੇਰ ਕੰਬੀ। ਵਾਹ, ਵਾਹ, ਅਸਚਰਜ ਹੈ, ਇਸ ਤਰ੍ਹਾਂ ਦੇ ਭਾਵ ਲੰਘੇ, 'ਸ਼ੁਕਰ ਹੈ' ਦਾ ਭਾਵ ਆਯਾ, ਨੈਣ ਜਲ ਭਰੇ ਹੋ ਗਏ। ਹੈਂ ! ਮੈਂ ਜੋ ਨਾਸਤਕ ਸਾਂ, ਮੈਂ ਜੋ ਅੰਨ੍ਹੀ ਸਾਂ, ਮੈਂ ਜੋ ਮੁਰਦਾ ਸਾਂ, ਕੀ ਇਸ ਜੋਗ ਹਾਂ ਕਿ ਜੀਵਨ ਦਾਤੇ ਦੇ ਪਵਿੱਤ੍ਰ ਹੱਥ ਮੇਰੇ ਸੀਸ ਤੇ ਧਰੇ ਜਾਣ ? ਮੈਂ ਜੋ ਝਨਾਂ ਦੇ ਤ੍ਰੰਗਾਂ ਵਿਚ ਮੌਤ ਢੂੰਡ ਰਹੀ ਸਾਂ ਅਜ ਜੀਵਨ ਪਦ ਦੇ ਮਾਲਕ ਦੇ ਪਿਆਰੇ ਹੱਥਾਂ ਵਿਚ ਜੀਅ ਦਾਨ ਪਾ ਰਹੀ ਹਾਂ। ਅੱਖਾਂ ਖੋਲ੍ਹਦੀ ਹੈ, ਪਰ ਛੱਪਰ ਨਹੀਂ ਉਠਦੇ, ਸਿਰ ਚੁਕਦੀ ਹੈ ਸਿਰ ਨਹੀਂ ਉੱਠਦਾ। ਪ੍ਰੇਮ ਦਾ ਮੀਂਹ ਪੈ ਰਿਹਾ ਹੈ ਲੂੰ ਲੂੰ ਵਿਚੋਂ ਧੰਨ ਧੰਨ ਦੇ ਫੁਹਾਰੇ ਛੁਟ ਰਹੇ ਹਨ! ਹੁਣ ਫੇਰ ਆਪਣਾ ਆਪ ਭੁੱਲ ਗਿਆ 'ਮੈਂ ਕੌਣ ਹਾਂ ਤੇ ਕਿਥੇ ਹਾਂ' ਵਿਸਰ

ਝੱਲ ਲੈਣ ਦੀ ਤੁਹਾਡੇ ਮਨ ਦੇ ਨੈਣਾਂ ਨੂੰ ਆਦਤ ਪਵੇ।

ਮਾਤਾ ਪਿਤਾ ਦੇ ਇਧਰ ਆਤਮਾਂ ਦਾ ਸੁਧਾਰ ਹੋ ਰਿਹਾ ਸੀ, ਉਧਰ ਆਪਣੀ ਕਹਿਣੀ ਤੇ ਕਰਨੀ ਵਿਚ ਸੁਧਰ ਚੁਕੀ ਕਾਕੀ ਦੇ ਮਿਲਣ ਦੀ ਸੱਧਰ ਵਧ ਰਹੀ ਸੀ। ਜਿਨ੍ਹਾਂ ਦਾ ਉਜੜਿਆ ਖੇੜਾ ਵੱਸ ਪਿਆ, ਉਖਰ ਮਨ ਹਰਿਆ ਹੋ ਗਿਆ, ਸੜ ਚੁਕੀ ਰੂਹ ਸੁਰਜੀਤ ਹੋ ਆਈ, ਉਹਨਾਂ ਦੀ ਖੁਸ਼ੀ ਦੀ ਕਿਹੜੀ ਹੱਦ ਹੋ ਸਕਦੀ ਸੀ ? ਪਰ ਦਾਤਾ ਜੀ ਨਹੀਂ ਚਾਹੁੰਦੇ ਸਨ ਕਿ ਕਾਕੀ ਨੂੰ ਅਜੇ ਇਥੇ ਆਂਦਾ ਜਾਵੇ। ਕਾਰਨ ਇਹ ਸੀ ਕਿ ਕੰਨਿਆਂ ਮਾੜੀ ਤੇ ਇਰਦ ਗਿਰਦ **'ਪ੍ਰੀਤਮ ਜੀ'** ਦੇ ਪ੍ਰੇਮ ਸੰਦੇਸ਼ (ਸ਼ਬਦ ਸੋਹਿਲੇ) ਦਾ ਪਰਚਾਰ ਕਰ ਰਹੀ ਸੀ। ਭਾਵੇਂ ਪੰਡਤ ਪੰਡਤਾਣੀ ਜੀ ਬਹੁਤ ਉਤਾਵਲੇ ਸਨ, ਪਰੰਤੂ ਹੁਣ ਦਾਤਾ ਜੀ ਪਰ ਪੂਰਨ ਵਿਸ਼ਵਾਸ ਸੀ ਤੇ ਓਹ ਪੰਡਿਤ ਜੀ ਨੂੰ ਉਸ ਆਦਰਸ਼ ਦੇ ਪ੍ਰੇਮੀ ਬਣਾ ਰਹੇ ਸੀ, ਜਿਸ ਦੀ ਪ੍ਰੇਮਣ ਕਾਕੀ ਹੋ ਚੁਕੀ ਸੀ, ਤਾਂ ਜੋ ਮੇਲ ਹੋ ਕੇ ਫੇਰ ਕੋਈ ਮਤਿ ਭੇਦ ਉਦਾਸੀ ਨਾ ਲਿਆਵੇ। ਉਧਰ ਉਹ ਉਸ ਦੀ ਮਰਜ਼ੀ ਨੂੰ ਸੁਖਦਾਤੀ ਸਮਝਦੇ ਸਨ।

੬.

**ਕੁਛ** ਸਮਾਂ ਹੋਰ ਲੰਘਿਆ। ਦੇਖੋ ਅੱਜ ਕੀਹ ਦਰਸ਼ਨ ਦਿਖਾਈ ਦੇ ਰਿਹਾ ਹੈ: ਫਗਵਾੜੇ ਤੋਂ ਇਕ ਬਹਿਲੀਆਂ ਦੀ ਕਤਾਰ ਟੁਰੀ ਜਾ ਰਹੀ ਹੈ, ਇਕ ਬਹਿਲੀ ਵਿਚ ਤਾਂ ਪੰਡਤ, ਪੰਡਤਾਣੀ ਜੀ ਤੇ ਉਹ ਵਿਦਵਾਨ ਕਾਕੀ ਹੈ। ਦੂਸਰੀ ਵਿਚ ਭਾਈ ਜੀਉਣਾ, ਵੈਦ ਜੀ ਤੇ ਪਰਿਵਾਰ ਹੈ। ਅਗਲੀ ਵਿਚ ਦਾਤਾ ਜੀ ਨੂੰ ਕੁੱਟਣ ਵਾਲੇ ਮੋਤੀ, ਜੀਉਣਾ ਤੇ ਘਰ ਦੇ ਨੌਕਰ ਦਾਤਾ ਜੀ ਦੇ ਪਿਆਰ ਵਿਚ ਰੱਤੇ ਬੈਠੇ ਹਨ। ਪਿਛੇ ਬਹਿਲਾਂ ਵਿਚ ਪੰਡਤ ਜੀ ਦੇ ਹਥੋਂ ਸਤੇ ਹੋਏ ਤੇ ਹੁਣ ਵਰੋਸਾਏ ਹੋਏ ਕੁਛ ਲੋਕ ਹਨ ਜੋ ਇਸ ਆਪਣੇ ਭਾਗਾਂ ਦੇ ਪਰਤੇ ਨੂੰ ਕਿਸੇ **'ਪ੍ਰੀਤਮ ਜੀ'** ਦੀ ਮਿਹਰ ਦਾ ਫਲ ਸਮਝਕੇ ਪਹਿਲੇ ਹੈਰਾਨ, ਫੇਰ ਸ਼ਰਧਾਲੂ ਤੇ ਅੰਤ ਦਾਤਾ ਜੀ ਦੇ ਉਪਦੇਸ਼ ਸੁਣਕੇ ਪ੍ਰੇਮੀ ਹੋ ਗਏ ਹਨ। ਇਸ ਦੇ ਮਗਰ ਓਹ ਲੋਕ ਬਹਿਲੀਆਂ ਵਿਚ ਸਵਾਰ ਹਨ ਜੋ ਜੇਹਲਮ ਤੇ ਝਨਾ ਦੀ ਸੰਨ੍ਹ ਵਿਚ ਤੇ ਲਾਗੇ ਲਾਗੇ ਕਿਨਾਰਿਆਂ ਦੇ ਕਿਸੇ ਪਿੰਡੋਂ ਦੋ ਕਿਸੇ ਪਿੰਡੋਂ ਚਾਰ ਕੱਠੇ ਹੋ ਕੇ **'ਪ੍ਰੀਤਮ ਜੀ'** ਦੇ ਪਿਆਰੇ ਹੋ ਚੁਕੇ ਹਨ। ਇਹ ਸਾਰਾ ਸੰਗ ਜੀਉਂਦਿਆਂ ਦਾ ਹੈ। ਸੀਨੇ ਦੇ ਅੰਦਰ ਪਿਆਰੇ ਸਿਰਜਣਹਾਰ ਦਾ ਸਿਮਰਣ ਹੈ, ਉਸ ਸਿਮਰਨ ਵਿਚ ਖਿੱਚ ਹੈ, ਤੇ ਖਿੱਚ ਵਿਚ ਬਿਰਹਾ ਸੱਧਰ, ਸਿੱਕ, ਆਸ ਤੇ ਸ਼ੁਕਰ ਸੰਮਿਲਿਤ ਹੈ।

ਜੋ ਪੰਜਾਂ ਸੁਆਦਾਂ ਨੂੰ ਮਾਣਦੇ ਤੇ ਦਿਨ ਰਾਤ ਪੰਜਾਂ ਹੀ ਸੁਆਦਾਂ ਦੇ ਲੱਭਣ, ਮਾਣਨ ਤੇ ਮਿਲਦੇ ਰਹਿਣ ਦੇ ਤਰਲੇ ਵਿਚ ਵਕਤ ਗੁਜ਼ਾਰਦੇ ਹਨ, ਉਹ ਪਸ਼ੂਆਂ ਤੇ ਜੀਵ ਜੰਤੂਆਂ ਤੋਂ ਉਚੇਰੇ ਕਿਕੂੰ ਹਨ ? ਪੰਜਾਂ ਹੀ ਸੁਆਦਾਂ ਦੀ ਢੂੰਡ ਵਿਚ ਜਾਨਵਰ ਫਿਰਦੇ ਹਨ ਤੇ ਪੰਜਾਂ ਹੀ ਰਸਾਂ ਵਿਚ ਮਗਨ ਰਹਿੰਦੇ ਹਨ। ਜੇ ਆਦਮੀ ਦੀ ਉਮੰਗ, ਯਤਨ ਤੇ ਪ੍ਰਾਪਤੀ ਦਾ ਹੱਦ ਬੰਨਾਂ ਬੀ ਇੰਨਾਂ ਹੀ ਹੈ ਤਾਂ ਆਦਮੀ ਇਕ ਜਾਨਵਰ ਹੈ ਜੋ ਹੋਰਨਾਂ ਨਾਲੋਂ ਵਧੀਕ ਚੰਚਲ ਤੇ ਵਧੀਕ ਛਲੀਆ ਹੈ। ਜੇ ਆਦਮੀ ਐਵੇਂ ਕਹਿ ਸਕਦਾ ਹੈ ਕਿ ਮੇਰੇ ਵਿਚ ਇਕ ਉਚੇ ਦਰਜੇ ਦਾ ਜੀਵਨ ਹੈ, ਜਿਸ ਦੇ ਮੁਕਾਬਲੇ ਤੇ ਜਾਨਵਰ 'ਮੁਰਦਾ ਹਨ', ਤਦ ਉਸ ਦਾ ਕਹਿਣਾ ਕਥਨੀ ਮਾਤ੍ਰ ਹੈ; ਵਿਅਰਥ ਹੈ। ਕਿਉਂਕਿ ਜੇ ਮਨੁਖ ਦੀ ਉਮੰਗ, ਉਤਸ਼ਾਹ, ਜਤਨ ਤੇ ਪ੍ਰਾਪਤੀ ਦਾ ਮੈਦਾਨ ਪਸ਼ੂਆਂ ਸਮਾਨ ਪੰਜਾਂ ਹੀ ਰਸਾਂ ਤਕ ਹੈ, ਤਦ ਕੀਹ ਉਹ ਬੀ ਜਾਨਵਰਾਂ ਵਾਂਙੂ ਨਹੀਂ ਹੈ, ਉਸ ਜੀਵਨ ਦੇ ਸਾਹਮਣੇ, ਜੋ ਸਿਵਾ ਮਨੁਖ ਦੇ ਕਿਸੇ ਹੀ ਜੂਨ ਵਿਚ ਪ੍ਰਾਪਤ ਨਹੀਂ ਹੈ! ਕਹਿਣ ਮਾਤ੍ਰ ਨਾਲ ਕੋਈ ਜੀਵਨ ਪਦਵੀ ਪਾ ਤਾਂ ਨਹੀਂ ਲੈਂਦਾ। ਬ੍ਰਹਮ ਰਸ, ਰਾਮ ਰਸ, ਆਤਮ ਰਸ, ਨਾਮ ਰਸ, ਪ੍ਰੇਮ ਰਸ, ਜਿਸ ਰਸ ਨੂੰ ਏਸ ਤਰ੍ਹਾਂ ਦੇ ਨਾਵਾਂ ਨਾਲ ਪ੍ਰਗਟ ਕੀਤਾ ਜਾਂਦਾ ਹੈ, ਉਹ ਰਸ ਕੇਵਲ ਮਨੁਖ ਦੇਹੀ ਵਿਚ ਹੀ ਪ੍ਰਾਪਤ ਹੋ ਸਕਦਾ ਹੈ, ਪਰ ਜੇ ਮਾਨੁਖ ਇਹ ਉੱਤਮ ਸਰੀਰ ਧਾਰ ਕੇ ਉਸ ਉਚੇ ਤੇ ਸਭ ਤੋਂ ਅਦਭੁਤ 'ਪਿਰਮ ਰਸ' ਤੋਂ ਖਾਲੀ ਹੈ ਤਾਂ ਪਸ਼ੂ ਹੈ, ਮੁਰਦਾ ਹੈ, ਚਾਹੋ ਸ੍ਰੇਸ਼ਟ ਗਿਆਨੀ ਹੈ, ਚਾਹੋ ਧਨ ਪਾਤ੍ਰ ਤੇ ਕੁਲੀਨ ਹੈ।

"ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ॥" (ਗਉ: ਬਾ: ਅਖ:-੧੬)

ਐਸੇ ਅਮੋਲਕ ਰਸ-ਜੀਵਨ ਦੇ ਪ੍ਰੇਮੀ **'ਪ੍ਰੀਤਮ ਜੀ'** ਦੇ ਪ੍ਰਤੱਖ ਦਰਸ਼ਨਾਂ ਲਈ ਵਹੀਰ ਪਾਈ ਜਾ ਰਹੇ ਹਨ। ਹਾਂ, ਸਾਰੇ ਹੀ ਕੈਸੇ ਖ਼ੁਸ਼ ਹਨ, ਕੈਸੇ ਆਨੰਦ ਹਨ, ਚਿਹਰੇ ਲਾਲੀਆਂ ਨਾਲ ਦਮਕ ਰਹੇ ਹਨ, ਇਕ

ਇਹ ਹੈ।

ਹੁਣ ਬੜੇ ਆਦਰ ਨਾਲ ਦਾਤਾ ਜੀ ਨੂੰ ਬਿਠਾਇਆ। ਪੰਡਤਾਣੀ ਦਾ ਦਿਲ ਬੀ ਥਾਂਵੇਂ ਆ ਗਿਆ ਤੇ ਫੜੇ ਜਾ ਕੇ ਖ਼ੁਆਰੀ ਤੇ ਮਾਰੇ ਜਾਣ ਦਾ ਨਿਜਦਾ ਭੈ ਦੂਰ ਹੋ ਗਿਆ ਸੀ। ਹੁਣ ਧੀ ਯਾਦ ਆ ਗਈ। ਉਹ ਹੁਣ ਧੀ ਦੀ ਖਿੱਚ ਵਿਚ ਪ੍ਰੋਤੀ ਉਸ ਦੀ ਗਲ ਛੇੜਨੀ ਚਾਹੁੰਦੀ ਸੀ। ਜਦ ਪੰਡਤ ਜੀ ਚੁੱਪ ਹੋ ਗਏ ਤਾਂ ਬੋਲੀ "ਹੇ ਕਿਸੇ ਪਿਆਰ ਭਰੇ ਸੋਮੇਂ ਤੋਂ ਨਿਕਲੀ ਹੋਈ ਨੈਂ ! ਕਿਤੇ ਮੇਰੀ ਲਾਲੀ ਦਾ ਬੀ ਥਹੁ ?" ਇਹ ਕਹਿ ਕੇ ਸਾਲ ਭਰ ਦੇ ਹਾਵੇ ਤੇ ਕੀਰਨੇ ਕਹਿ ਸੁਣਾਏ।

ਦਾਤਾ ਜੀ ਨੇ ਸ਼ਾਂਤਿ ਨਾਲ ਸੁਣੇ ਤੇ ਫੇਰ ਅੱਖਾਂ ਮੀਟ ਕੇ ਕਿਤਨਾ ਕਾਲ ਚੁੱਪ ਹੀ ਰੱਖੀ। ਫੇਰ ਸਹਿਜ ਨਾਲ ਅੱਖਾਂ ਖੋਲ੍ਹੀਆਂ ਤੇ ਪੰਡਤਾਣੀ ਵਲ ਕਿਸ ਅਸਚਰਜ ਪਿਆਰ ਨਾਲ ਤੱਕ ਕੇ ਆਖਿਆ: 'ਮਾਂ' ! ਹਾਂ ਮੇਰੀ ਆਪਣੀ 'ਮਾਂ'। ਇਹ 'ਮਾਂ' ਕਹਿਣਾ ਸੀ ਕਿ ਜਾਦੂ ਸੀ, ਪੰਡਤਾਣੀ ਦੇ ਸ਼ਰੀਰ ਵਿਚੋਂ ਇਕ ਝਰਨਾਟ ਛਿੜ ਕੇ ਲੰਘੀ, ਦਾਹ ਤੇ ਬਿਰਹੋਂ ਮਾਨੋ ਮਿਲ ਗਿਆ ਤੇ ਦਾਤਾ 'ਪੇਟ ਜਾਏ' ਪੁੱਤ ਵਾਂਙੂ ਆਪਨਾ ਤੇ ਪਿਆਰਾ ਦਿੱਸਣ ਲਗ ਗਿਆ ਹੈ।

ਦਾਤਾ-ਮਾਂ ਬੜੀ ਭੁੱਖ ਲੱਗੀ ਹੈ।

ਉਹ ਨਵੇਂ ਰੰਗ ਵਿਚ ਹੁਲਸਾਈ ਮਾਂ ਨੱਸੀ ਗਈ ਪੁੱਤ ਦੀ ਭੁੱਖ ਆਂਦ੍ਰਾਂ ਨੂੰ ਖਿੱਚ ਪਾ ਰਹੀ ਹੈ, ਦੌੜੀ ਗਈ ਤੇ ਰਸੋਈ ਵਿਚੋਂ ਰੋਟੀ ਲਿਆ ਕੇ ਅੱਗੇ ਧਰੀ। ਨਿਰਵੈਰ ਦਾਤਾ ਵੈਰਿਆ ਜਾ ਕੇ ਪਿਆਰ ਕਰਨ ਵਾਲਾ, ਕੋਹਿਆ ਜਾ ਕੇ ਪੁੱਤ ਬਣ ਜਾਣ ਵਾਲਾ, ਪਿਆਰ ਦਾ ਪਾਰਸ ਕਿਸ ਸੁਆਦ ਤੇ ਮੌਜ ਨਾਲ ਰੋਟੀ ਖਾ ਰਿਹਾ ਹੈ ? 'ਮਾਂ' ਪਦ ਸੁਣਕੇ ਮਮਤਾ ਵਿਚ ਭਰੀ ਮਾਂ ਤੱਕ ਰਹੀ ਹੈ ਤੇ ਸਦਕੇ ਹੋ ਰਹੀ ਹੈ। ਪੰਡਤ ਜੀ ਦੀਆਂ ਆਂਦਰਾਂ ਨੂੰ ਬੀ ਪਿਆਰ ਫੁਰ ਰਿਹਾ ਹੈ। ਅੰਦਰੋਂ ਬਾਹਰੋਂ ਟੁੱਟ ਚੁੱਕਿਆਂ ਨੂੰ-ਜੋ ਕੁਦਰਤੀ ਪਿਆਰ ਦੇ ਮੱਧਮ, ਪਰ ਬੱਝਵੇਂ ਨਸ਼ੇ ਤੋਂ ਖਾਲੀ ਹੋ ਚੁਕੇ ਹਨ, ਆਸਰਾ ਮਿਲ ਰਿਹਾ ਹੈ ਤੇ ਪ੍ਰੇਮ ਦਾ ਪਵਿੱਤ੍ਰ ਆਸਰਾ ਪਾ ਕੇ ਹੁਣ ਖਿੜ ਰਹੇ ਤੇ ਖੁਸ਼ ਹੋ ਰਹੇ ਹਨ। ਘਰ ਵਿਚ ਬੀ, ਜਿਥੇ ਭੈ ਤੇ ਕਲੇਸ਼ ਵਰਤ ਰਿਹਾ ਸੀ, ਖੁਸ਼ੀ ਤੇ ਸੁਖ ਵਰਤ ਰਿਹਾ ਹੈ। ਦਿਨ ਢਲ ਗਿਆ, ਅੱਜ ਪੰਡਤ ਜੀ ਦਾ ਰੰਗ ਹੋਰ ਹੈ, ਹੁਣ ਲੌਢੇ ਵੇਲੇ ਸੈਰ ਨੂੰ ਬੀ ਨਿਕਲੇ ਹਨ। ਦਾਤਾ ਜੀ ਬੀ ਨਾਲ ਗਏ ਹਨ, ਕਾਕੀ ਦੀ ਵਿਥਯਾ ਨਹੀਂ ਛਿੜੀ। ਪਰ ਰਾਤ ਜਦ ਰੋਟੀ ਖਾ ਪੀ ਕੇ ਤ੍ਰੈਏ ਜਣੇ ਅੱਗ ਦੇ ਕੋਲ ਬੈਠੇ ਤਾਂ ਦਾਤਾ ਜੀ ਨੇ ਆਪਨੀ ਤੇ ਕਾਕੀ ਦੀ ਸਾਰੀ ਵਿਥਯਾ ਸੁਣਾਈ। ਕਿਵੇਂ ਓਹ ਬਣਾਂ ਬੇਲਿਆਂ ਨੂੰ ਗਈ ਤੇ ਕਿਵੇਂ ਬਜਰਾ ਗਿਆ ਤੇ ਜਾਨ ਕਿਵੇਂ ਬਚੀ। ਫੇਰ ਜਿਸ ਤਰ੍ਹਾਂ ਚੁੰਡ ਤੋਂ ਮਾੜੀ ਤੇ ਸਾਰੇ ਇਰਦ ਗਿਰਦ ਸਤਿਸੰਗ ਫੈਲਿਆ ਅਰ ਜੋ ਗਲਾਂ ਬਾਤਾਂ ਪਰਮਾਰਥ ਦੀਆਂ ਓਥੇ ਹੋਈਆਂ, ਜਿਨ੍ਹਾਂ ਗਲਾਂ ਨਾਲ ਕਾਕੀ ਦਾ ਦਿਲ ਕਹਿਣੀ ਵਿਚੋਂ ਕਰਨੀ ਵਲ ਤੇ ਸੁੱਕੀ ਵਾਕਫੀਅਤ ਤੋਂ ਅਨੁਭਵ ਵਲ ਰੁਖ਼ ਕਰਕੇ ਵੈਰਾਗਵਾਨ ਹੋਇਆ ਸੀ, ਸਾਰਾ ਸਵਿਸਥਾਰ ਸੁਣਾਇਆ। ਪੰਡਤ ਜੀ ਦਾ ਦਿਲ ਪਲਟਾ ਤਾਂ ਖਾ ਹੀ ਚੁਕਾ ਸੀ ਹੁਣ ਸਾਰਾ ਹੀ ਬਦਲ ਗਿਆ। ਆਪਣੇ ਪਾਪਾਂ ਤੋਂ ਘਬਰਾ ਹੀ ਰਹੇ ਸਨ, ਆਪਣੀ ਵਿਦਯਾ ਵਿਚ ਜੋ ਗ਼ਲਤੀਆਂ ਸਨ ਉਹਨਾਂ ਤੋਂ ਬੀ ਉਦਾਸ ਸਨ, ਹੁਣ ਕਰਨੀ ਅਰ ਅਨੁਭਵ ਵਲ ਝੁਕ ਗਏ। ਸਭ ਤੋਂ ਪਹਿਲੇ ਦਾਤਾ ਜੀ ਨੇ ਇਹ ਕੰਮ ਕਰਵਾਇਆ ਕਿ ਜਿਸ ਜਿਸ ਪ੍ਰਾਣੀ ਮਾਤ੍ਰ ਨੂੰ ਪੰਡਤ ਜੀ ਨੇ ਦੁਖਾਇਆ ਸੀ, ਸਭ ਨੂੰ ਸੁਖ ਪਹੁੰਚਵਾਇਆ ਤੇ ਮਾਫੀਆਂ ਮੰਗਵਾਈਆਂ। ਜਿਨ੍ਹਾਂ ਦੇ ਹੱਕ ਮਾਰੇ ਹੋਏ ਸੀ ਉਹਨਾਂ ਦੇ ਹੱਕ ਵਾਪਸ ਕੀਤੇ। ਇਹ ਕੁਛ ਕਰਨੇ ਵਿਚ ਪੰਡਤ ਜੀ ਦੇ ਅੰਦਰ ਇਕ ਰਸ ਪੈਦਾ ਹੋਇਆ ਜੋ ਰਸ ਕਿ ਉਨ੍ਹਾਂ ਨੂੰ ਭਾਸ ਗਿਆ ਕਿ ਇਹ ਅਸਲ ਜੀਵਨ ਦੀ ਠੰਢੀ ਹਵਾ ਦਾ ਰੁਮਕਾ ਹੈ। ਕਹਿਣੀ ਮਾਤ੍ਰ ਦਾ ਕੁਛ ਲਾਭ ਨਹੀਂ। ਅੰਦਰ ਕਰਨੀ ਦਾ ਮਨੋਰਥ ਹੈ ਤਾਂ ਰਸ ਹੈ। ਜੇ ਅੰਦਰ ਕਰਨੀ ਦਾ ਰਸ ਹੈ ਤਾਂ ਬਾਹਰ ਉਹ ਕਰਨੀ ਦਇਆ ਤੇ ਪ੍ਰੇਮ ਹੋ ਕੇ ਵਰਤਦੀ ਹੈ।

ਇਸ ਤੋਂ ਮਗਰੋਂ ਪ੍ਰੇਮ ਦਾ ਉਹ ਸਾਰਾ ਕਿੱਸਾ, ਜੋ ਮਾੜੀ ਵਿਚ ਵਰਤਿਆ ਸੀ, ਪੰਡਤ ਜੀ ਨੂੰ ਸਮਝ ਵਿਚ ਆਇਆ ਤੇ ਉਹਨਾਂ ਦੇ ਹਿਰਦੇ ਵਿਚ ਬੀ **'ਪ੍ਰੀਤਮ ਜੀ'** ਦੇ ਦਰਸ ਦੀ ਪਿਆਸ ਲਗ ਪਈ।

ਦਾਤਾ-**'ਪ੍ਰੀਤਮ ਜੀ'** ਦੇ ਦਰਸ਼ਨ ਦਾ ਵੇਲਾ ਨੇੜੇ ਹੈ। ਤੁਹਾਡੇ ਵਿਚ ਉਨ੍ਹਾਂ ਦੀ ਯਾਦ ਤੇ ਪਿਆਰ ਪੈਦਾ ਹੋ ਗਿਆ ਹੈ। ਇਹੋ ਇਕ ਤਾਕਤ ਹੈ ਜੋ ਉਹਨਾਂ ਨੂੰ ਮਿਲਾਉਂਦੀ ਹੈ, ਪਰ ਤੁਸੀਂ ਸੇਵਾ ਵਧੀਕ ਕਰੋ ਤਾਂ ਜੋ ਮੈਲ ਕਾਈ ਛੇਤੀ ਘਟੇ ਅਰ ਚਾਨਣ ਨੂੰ ਦੇਖ ਕੇ

ਬੁਰਿਆਈਆਂ ਨੂੰ ਮਾਰ ਕੇ ਕੱਢ ਦੇਣਗੇ। ਪਿਆਰੇ ਪੰਡਤ ਜੀ ਤਕੜੇ ਹੋਵੋ। ਇਹ ਕਹਿੰਦੇ ਪੰਡਤ ਜੀ ਨੂੰ ਗਲਵੱਕੜੀ ਜਾ ਪਾਈ ਤੇ ਆਖਿਆ:-

"ਜਿਸੁ ਰਾਖੈ ਤਿਸੁ ਕੋਇ ਨ ਮਾਰੈ॥
ਸੋ ਮੂਆ ਜਿਸੁ ਮਨਹੁ ਬਿਸਾਰੈ॥"(ਗਉ:ਮ:੫)

ਮੈਨੂੰ ਰੱਖਣਾ ਸੀ, ਮੈਂ ਮਾਰਿਆਂ ਨਹੀਂ ਮਰਿਆ। ਤੁਹਾਨੂੰ ਮਨੋਂ ਵਿਸਾਰ ਬੈਠਾ ਹੈ, ਤੁਸੀਂ ਜੀਉਂਦੇ ਮਰ ਰਹੇ ਹੋ, ਪਰ ਹੁਣ ਮੈਨੂੰ ਹੁਕਮ ਹੋਇਆ ਹੈ ਜੋ ਤੁਹਾਨੂੰ ਦੱਸਾਂ ਕਿ ਤੁਹਾਡੇ ਲਈ ਵੀ ਜੀਵਨ ਤਿਆਰ ਹੈ, ਤੁਸੀਂ ਬੀ ਜੀਉਂ ਸਕਦੇ ਹੋ। ਤਿਆਰ ਹੋਵੋ, ਮੇਰੇ ਦਾਤਾ ਜੀ ਦੀ 'ਜੀਵਨ ਬਿਜਲੀ' ਦੀ ਰੌ ਆਈ ਹੈ।

ਪੰਡਤ ਬਿਰ ਬਿਰ ਤੱਕਦਾ ਹੈ, ਉਸ ਦੇ ਅੰਦਰ ਆਸ ਨਹੀਂ ਆਈ, ਕੁਛ ਬੇ-ਵਸਾਹੀ ਜਿਹੀ ਹੈ।

ਦਾਤਾ ਨੇ ਰਤਾਕੁ ਝੰਜੂਣਿਆਂ ਤੇ ਕਿਹਾ: ਗਿਆਨ ਜਾਣਨ ਦਾ ਨਾਉਂ ਨਹੀਂ, ਜਾਣਦਾ ਤੇ ਸਭ ਕੋਈ ਹੈ ਕਿ ਮੇਰੇ ਅੰਦਰ ਰੋਟੀ ਜਾਂਦੀ ਹੈ ਤੇ ਪਚਦੀ ਹੈ ਤੇ ਉਹਦੇ ਆਸਰੇ ਮੈਂ ਜੀਉਂਦਾ ਹਾਂ, ਪਰ ਪਛਾਣਦਾ ਕੌਣ ਹੈ ਕਿ ਹਜ਼ਮ ਕਿੱਕੁਰ ਹੋ ਰਹੀ ਹੈ ਤੇ ਲਹੂ ਕਿਸ ਵੇਲੇ ਤੇ ਕਿਸ ਤਰ੍ਹਾਂ ਬਣ ਰਿਹਾ ਹੈ ਤੇ ਸਰੀਰ ਨੂੰ ਕਿਸ ਤਰ੍ਹਾਂ ਪਾਲ ਰਹੀ ਹੈ। ਮੈਂ ਆਪਣੀਆਂ ਲੁਕਵੀਆਂ ਤਾਕਤਾਂ ਦਾ ਪਛਾਣੂ ਨਹੀਂ। (ਚੁਪ ਰਹਿਕੇ) ਵਿਦਜਾ ਨੇ ਮਨ ਬੁੱਧੀ ਨੂੰ ਤ੍ਰਿਖਿਆਂ ਕਰ ਦਿੱਤਾ ਹੈ, ਪਰ ਮਨ ਬੁੱਧੀ ਬੀ ਤਾਂ ਦ੍ਰਿਸ਼ਟਾ ਨਹੀਂ ਹੈ; ਇਨ੍ਹਾਂ ਦਾ ਦ੍ਰਿਸ਼ਟਾ ਕੋਈ ਹੋਰ ਹੈ। ਫੇਰ ਜੋ ਕੰਮ ਮਨ ਬੁੱਧੀ ਦੇ ਮੰਡਲ ਵਿਚ ਹੋ ਰਿਹਾ ਹੈ ਉਹ ਬੀ ਤਾਂ ਇਕ ਤਰ੍ਹਾਂ ਦ੍ਰਿਸ਼ਟਮਾਨ ਦੀ ਖੇਡ ਹੀ ਹੈ, ਦ੍ਰਿਸ਼ਟਾ ਦੀ ਖੇਡ ਤਾਂ ਅਗੇਰੇ ਹੈ ਅਰ ਉਹ ਇਨ੍ਹਾਂ ਤੋਂ ਕਿਤੇ ਉਚੇਰੀ ਪ੍ਰਕਾਸ਼ ਮਾਨ ਤੇ ਸੁਤੇ ਸਿੱਧ ਤੇ ਸੁਤੇ ਪ੍ਰਕਾਸ਼ ਹੈ। ਪੰਡਿਤ ਜੀ ! ਪੜ੍ਹ ਸੁਣਕੇ ਭੁੱਲ ਵਿਚ ਅਟਕ ਕੇ ਔਖੇ ਹੋ ਰਹੇ ਹੋ। ਇਸ ਮੰਡਲ ਤੋਂ ਉੱਚੇ ਉਠੋ, ਛਾਲ ਮਾਰੋ ਤੇ ਉਸ ਰੰਗ ਵਿਚ ਜਾਓ ਜਿਸ ਦੀ ਕੇਵਲ ਟੋਹਾਂ ਵਾਲੀ ਵਾਕਫੀ ਨੂੰ 'ਯਥਾਰਥ' ਸਮਝ ਰਹੇ ਹੋ। ਤੁਸੀਂ ਤਾਂ ਅਜੇ ਨਿਸ਼ਚਿਤ ਬੀ ਨਹੀਂ ਕਿ 'ਏਕਤਾ' ਦੀ ਖੇਡ ਹੈ, ਯਾ 'ਦੂਈ' ਦੀ ਖੇਡ ਹੈ ਯਾ 'ਤ੍ਰਿਪੁਟੀ' ਦੀ ਖਡ ਹੈ ਕਦੇ ਇਕ ਬ੍ਰਹਮ ਕਹਿ ਕੇ ਦੂਜਾ ਹੈ ਨਹੀਂ' ਕਹਿੰਦੇ ਹੋ। ਕਦੇ ਕਹਿੰਦੇ ਹੋ : ਨਹੀਂ ਦੋ ਹਨ ਇਕ ਪੁਰਖ ਹੈ ਤੇ ਇਕ ਪ੍ਰਧਾਨ ਹੈ, ਕਦੇ ਤਿੰਨ ਲੈ ਬਹਿੰਦੇ ਹੋ ਕਹਿੰਦੇ ਹੋ: ਪ੍ਰਧਾਨ, ਪੁਰਖ ਤੇ ਈਸ਼੍ਵਰ (ਪੁਰਖ ਵਿਸੇਸ਼) ਤ੍ਰੈਏ ਸੁਤੰਤ੍ਰ ਹਨ। ਕਦੇ ਨਿਰੀ 'ਪ੍ਰਕ੍ਰਿਤੀ' ਕੂਕਦੇ ਚਾਰ ਤੱਤ ਦੀ ਖੇਡ ਆਖਦੇ ਹੋ। ਕਦੇ ਸਾਰਾ ਸੁਪਨਾ ਜਾਣਦੇ ਹੋ ਤੇ ਸ਼ੂਨ ਤੇ ਅੱਪੜਦੇ ਹੋ। ਕਦੇ ਸ਼ੂਨ ਤੋਂ ਅਗੇ ਹੋਰ ਅਸੂਲ ਮੰਨਦੇ ਹੋ। ਤੁਹਾਡਾ ਗਿਆਨ ਕੀ ਹੈ ? ਆਪਣੀ ਥੋੜੀ ਜਿਹੀ ਵਾਕਫੀ ਦਾ ਰਾਮ ਰੌਲਾ।

ਪੰਡਤ ਜੀ ਨੂੰ ਹੋਸ਼ ਫਿਰੀ, ਦਿਲ ਨੇ ਢਾਰਸ ਫੜੀ ਕਿ ਇਹ ਤਾਂ ਫਕੀਰ ਹੀ ਜਾਪਦਾ ਹੈ, ਸਰਕਾਰੀ ਆਦਮੀ ਨਹੀਂ ਹੈ। ਗੱਲ ਸੁਣੀ ਤੇ ਸਮਝੀ, ਪਰ ਅਜੇ ਸਰੀਰ ਵਿਚ ਭੈ ਹੈ, ਉਂਵ ਕੁਛ ਹੌਸਲਾ ਫਿਰ ਪਿਆ ਸੀ, ਕਹਿਣ ਲਗੇ: ਤੂੰ ਸੱਚ ਮੁਚ ਫਕੀਰ ਹੈਂ ?'

ਦਾਤਾ-ਫਕੀਰ ਤਾਂ ਕੌਣ ਹੈ ? ਪਰ ਮੈਂ ਬਦਲਾ ਲੈਣ ਲਈ ਨਹੀਂ ਆਇਆ, ਪਿਆਰ ਕਰਨ ਆਇਆ ਹਾਂ। ਮੈਂ ਪ੍ਰੇਮ ਦੀ ਸਰਕਾਰ ਦਾ ਅਹਿਦੀਆ ਹਾਂ। ਮੇਰੇ **'ਪ੍ਰੀਤਮ ਜੀ'** ਨਰਕ ਅਗਨਿ ਤੋਂ ਰੱਖਣ ਵਾਲੀ ਸਰਕਾਰ ਦੇ ਹਾਕਮ ਹਨ।

ਪੰਡਤ ਜੀ-ਮੈਂ ਤੁਹਾਡਾ ਮਾਨੋਂ ਖ਼ੂਨ ਕੀਤਾ ਸੀ।

ਦਾਤਾ-ਹੁਕਮ ਇਹੋ ਸੀ, ਆਪ ਦਾ ਦੋਸ਼ ਨਹੀਂ ਹੈ।

ਪੰਡਤ-ਦੋਸ਼ ਨਹੀਂ, ਤੁਸੀਂ ਨਹੀਂ ਵਿਚਾਰਦੇ ?

ਦਾਤਾ-ਮੈਂ ਸੱਚ ਆਖਦਾ ਹਾਂ ਕਿ ਮੈਂ ਰੱਤੀ ਭਰ ਦੋਸ਼ ਨਹੀਂ ਵਿਚਾਰਦਾ। ਉਹ ਮੇਰੇ ਮਾਲਕ ਦਾ ਹੁਕਮ ਸੀ, ਸੁਖ ਸੀ ਅਰ ਉਸ ਤੋਂ ਮੈਂ ਸੁਖ ਪਾਇਆ ਹੈ, ਮੇਰੇ **'ਪ੍ਰੀਤਮ ਜੀ'** ਦਾ ਰਾਜ ਚਮਕਿਆ ਹੈ, ਇਸ ਕਰਕੇ ਤੁਹਾਨੂੰ ਮੈਂ ਅਤਿ ਪਿਆਰਾ ਸਜਣ ਸਮਝਦਾ ਹਾਂ।

ਇਹ ਕਹਿਣਾ ਸੀ ਕਿ ਸਭ ਨੂੰ ਅਸ਼ੀਰਬਾਦ ਦੇਣ ਵਾਲੇ ਤੇ ਕਦੇ ਨਾ ਝੁਕਣ, ਪਰ ਸਦਾ ਝੁਕਾਉਣ ਵਾਲੇ ਪੰਡਤ ਜੀ ਝੁਕ ਗਏ: 'ਧੰਨ ਤੂੰ ਹੈਂ, ਤੂੰ ਬੀਤ ਰਾਗ ਹੈਂ' ਕਹਿਣ ਲੱਗ ਪਏ: ਦਾਤਾ ਜੀ ਨੇ ਚੁੱਕਕੇ ਗਲ ਨਾਲ ਲਾ ਲਿਆ। ਇਹ ਗਲ ਨਾਲ ਲੱਗਣਾ ਸੀ ਕਿ ਮੁਰਦਾ ਸਰੀਰ ਦਾ ਬਿਜਲੀ ਨਾਲ ਛੁਹ ਜਾਣਾ ਸੀ। ਇਕ ਸ਼ੁਕਰ ਤੇ ਪਿਆਰ ਦੀ ਰੌ ਪੰਡਤ ਜੀ ਦੇ ਸਰੀਰ ਵਿਚ ਝਲਕਾ ਮਾਰ ਗਈ। ਅੱਜ ਦਿੱਸਿਆ ਕਿ ਕਹਿਣੀ ਤਾਂ ਕਹਿਣੀ ਹੈ, ਪਰ ਕਰਨੀ ਕੁਛ ਹੋਰ ਸ਼ੈ ਹੈ। ਸੰਸਾਰ ਨੂੰ ਮਿਥਿਯਾ ਜਾਣਨਾ ਇਹ ਹੈ ਤੇ ਸਰਬ ਵਿਚ ਜੋਤਿ ਦਾ ਪ੍ਰਕਾਸ਼ ਵੇਖਣਾ ਇਹ ਹੈ। ਸਾਂਈਂ ਨਾਲ ਜੋਗ ਇਹ ਹੈ ਕਿ ਦ੍ਰਿਸ਼ਟਮਾਨ ਨਾਲ ਸੰਨਯਾਸ

ਸੀ, ਕਿਨਾਰੇ ਲੱਗਾ ਪਿਆ ਹੈ, ਪਿੱਪਲ ਨਾਲ ਬੱਧਾ ਹੈ, ਉਹੋ ਪਰਾਲੀ ਤੇ ਉਹੋ ਦਾਗ਼ੀ ਭੂਰੇ ਓਸੇ ਤਰ੍ਹਾਂ ਪਏ ਹਨ, ਲੋਥ ਵਿਚ ਹੈ ਨਹੀਂ।

ਪੰਡਤ ਜੀ ਦਾ ਰੰਗ ਉੱਡ ਗਿਆ। ਘਬਰਾ ਗਏ 'ਸੱਚ ? ਨਹੀਂ, ਓਏ ਤੂੰ ਭੁੱਲਦਾ ਹੈਂ।'

ਮੋਤੀ-ਨਹੀਂ ਜੀ ! ਮੈਂ ਚੰਗੀ ਤਰ੍ਹਾਂ ਤਸੱਲੀ ਕਰਕੇ ਆਇਆ ਹਾਂ।

ਪੰਡਤ-ਹਾ ਦੈਵ ! ਅੱਗੇ ਦੀ ਤਾਂ ਰਹੀ ਅੱਗੇ ਦੇਖੀ ਜਾਊ, ਹਾਲੇ ਤਾਂ ਐਥੇ ਹੀ ਵਿਨਾਸ਼ ਆ ਗਿਆ। ਉਹ ! ਰਾਜਾ ਜੀ ਦਾ ਸਿਪਾਹੀ ਜ਼ਰੂਰ ਸੂੰਹੀਆਂ ਸੀ। ਸਾਡੀ ਬੀ ਮੱਤ ਫਿਰ ਗਈ, ਨਦੀ ਵਿਚ ਲੋਥ ਨਾ ਸਿੱਟੀ, ਕੁਛ ਉੱਘ ਸੁੱਘ ਨਾ ਰਹਿੰਦੀ, ਬਜਰ ਚੁੱਕ ਟੋਰਿਆ। ਕਾਹਲੀ, ਹਾਇ ਕਾਹਲੀ ਤੇ ਮੱਤ ਦਾ ਵਿਨਾਸ਼ ! ਓਹੋ ! ਸੂਹ ਲੱਗ ਗਈ। ਬੱਸ ਅਹਿਦੀਏ ਆਏ ਕਿ ਆਏ ! ਪੰਡਤਾਣੀ ! ਤਿਆਰ ਹੋ, ਕਰਮਾਂ ਦਾ ਫਲ ! ਹਾ ਕਰਮਗਤੀ ! ਗਿਆਨ ਨੇ ਕੀ ਕਰਨਾ ਹੈ ? ਫੋਕਾ ਗਿਆਨ ਕੂੜੀ ਆਸ ਹੈ। ਮੋਤੀ ! ਕੋਈ ਦੱਸ ਅਕਲ ?

ਇਹ ਕਹਿੰਦੇ ਪੰਡਤ ਜੀ ਆਪੇ ਵਿਚ ਗ਼ਰਕਦੇ ਗ਼ਰਕਦੇ ਗੁੰਮ ਜਿਹੇ ਹੋ ਗਏ! ਉੱਧਰ ਪੰਡਤਾਣੀ ਕੰਬਣ ਲੱਗ ਗਈ। ਢੇਰ ਚਿਰ ਪਿਛੋਂ ਹੋਸ਼ ਆਈ ਤਾਂ ਕਹਿਣ ਲਗੇ ਜੇ ਤਾਂ ਹੈ ਸਰਕਾਰੀ ਆਦਮੀ ਤਦ ਤਾਂ ਪੇਸ਼ ਜਾਂਦੀ ਨਹੀਂ, ਨਾ ਭੱਜਿਆਂ, ਨਾ ਲੁਕਿਆਂ ਤੇ ਨਾ ਤਰਲੇ ਕੱਢਿਆਂ। ਜੇ ਕੋਈ ਹੋਰ ਸੀ ਤਾਂ ਖ਼ੈਰ ਮਾਇਆ ਬਹੁਤ ਹੈ, ਗਿਆਨ ਨਹੀਂ ਛੁਡਾਂਦਾ, ਕੋਈ ਦੇਵੀ ਦੇਵ ਨਹੀਂ ਬਹੁੜਦਾ ਤਾਂ ਮਾਇਆ ਜ਼ਰੂਰ ਬਹੁੜੇਗੀ। ਜੋ ਪਾਪਾਂ ਨਾਲ ਕੱਠੀ ਕੀਤੀ ਹੈ, ਉਹ ਪਾਪਣ, ਪਾਪੀਆਂ ਦੇ ਹਥੋਂ ਹੁਣ ਰੱਖਯਾ ਕਰੇਗੀ। (ਤ੍ਰਬ੍ਰਕ ਕੇ) ਹੈਂ ! ਕਿਹਾ ਖੜਾਕ ਹੈ, ਤੱਕ ਖਾਂ ?

ਮੋਤੀ-ਅਜੇ ਤਾਂ ਕੁਛ ਨਹੀਂ।

ਪੰਡਤ-ਜਾਹ ਖਾਂ ਵਗਕੇ ਠਾਣੇ, ਜ਼ਰਾ ਓਪਰਾ ਜਿਹਾ ਬਣਕੇ ਕੋਈ ਕੰਨੇ ਸੰਨੇ ਸੂਹ ਕੱਢ। ਹੈਂ...ਆਹ ਕੀ ਆਵਾਜ਼ ਹੈ-ਠਹਿਰ ਜਾ ਰਾਗ ਦੀ ਸੁਰ ਹੈ:-

ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨਾ ਜਾਣਾ॥ ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥ ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥ ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੇ ਚੁਲੀ ਭਰੇਨਿ॥

(ਵਾਰ: ਆਸਾ ਮ: ੧-੧੬)

ਪੰਡਤਾਣੀ-ਇਹ ਤਾਂ ਉਹੋ ਵਾਜ ਹੈ।

ਪੰਡਤ-ਚੁਪ ਕਰ, ਸੁਣਨ ਦੇਹ।

ਪੰਡਤਾਣੀ-ਮੈਂ ਕਹਿੰਦੀ ਹਾਂ ਉਹੋ ਵਾਜ ਹੈ, ਮੋਇਆ ਨਹੀਂ, ਜੀਉਂਦਾ ਆ ਗਿਆ ਹੈ। ਗੁਪਤੀ ਤਲਵਾਰ ਲੈ ਕੇ ਤੇ (ਅਹਿਦੀਏ) ਸਿਪਾਹੀ ਲੈ ਕੇ ਆ ਗਿਆ ਹੈ। ਹੁਣ ਮੋਏ, ਕੋਈ ਥਾਂ ਨਹੀਂ। ਚਲੋ ਲੁਕ ਕੇ ਨੱਠ ਚੱਲੀਏ, ਦੋ ਥੈਲੀਆਂ ਮੋਹਰਾਂ ਦੀਆਂ ਨਾਲ ਲੈ ਚੱਲੀਏ।

ਪੰਡਤ-ਜੇ ਆਇਆ ਹੈ ਤੇ ਅਹਿਦੀਏ ਚਾੜ੍ਹ ਲਿਆਇਆ ਹੈ ਤਾਂ ਹੁਣ ਭੱਜਣ ਦਾ ਵੇਲਾ ਨਹੀਂ ! ਹੁਣ ਆਈ ਤੇ ਸਿਰ ਤੇ ਆਈ। ਮੋਤੀ ! ਭੱਜ ਕੇ ਵੇਖ ਖਾਂ; ਉਹੋ ਦਾਤਾ ਹੈ। ਵਾਜ ਤਾਂ ਸਗਵੀਂ ਉਹੋ ਹੈ।

ਜੀਉਣਾ (ਭੱਜਦਾ ਭੱਜਦਾ ਆਇਆ)-ਸੁਆਣੀ ਜੀ ! ਦਾਤਾ ਸਾਂਈਂ ਜੀਉਂਦਾ ਜਾਗਦਾ ਗਾਉਂਦਾ ਲਟਕਾਂ ਲੈਂਦਾ ਆ ਰਿਹਾ ਹੈ।

ਪੰਡਤ (ਘਬਰਾ ਕੇ) ਕੱਲਾ ਕਿ ਅਹ,.... ਅਹ,.... ਅਹਦੀਆ ਨਾਲ ਹੈ ?

ਜੀਉਣਾ-ਜੀ ਇਕੱਲਾ ਹੈ; ਏਧਰੇ ਆ ਰਿਹਾ ਹੈ।

ਪੰਡਤ ਜੀ ਪਰ ਇਕ ਤਰ੍ਹਾਂ ਦਾ ਝੋਲਾ ਵੱਜ ਗਿਆ। ਹੱਕੇ ਬੱਕੇ, ਪੱਥਰ ਦੀ ਮੂਰਤ ਵਾਂਙ ਬਿਟ ਬਿਟ ਤੱਕਣ ਲੱਗ ਗਏ। ਇੰਨੇ ਨੂੰ ਆਪਣੀ ਪੂਰੀ ਸੁੰਦਰਤਾ; ਤੇਜ, ਚੋਂਦੇ ਚੋਂਦੇ ਰੰਗ ਤੇ ਚੜ੍ਹਦੀਆਂ ਕਲਾਂ ਦੇ ਠਾਠ ਵਿਚ ਦਾਤਾ ਸਾਂਈਂ ਪੰਡਤ ਦੇ ਸਾਹਮਣੇ ਆ ਖੜੋਤੇ। ਅੱਗੇ ਤਾਂ ਪੰਡਤ ਜੀ ਦਾ ਰੰਗ ਪਿੱਲਾ ਸੀ, ਪਰ ਹੁਣ ਕਾਲੋਂ ਪਰਤ ਗਈ ਤੇ ਅੱਖਾਂ ਧਰਤੀ ਵਿਚ ਗੱਡੀਆਂ ਗਈਆਂ।

ਦਾਤਾ ਲੋਕ-ਪੰਡਤ ਜੀ ! ਕਲਜਾਨ ਹੋਵੇ, ਆਪ ਡਰੋ ਨਹੀਂ। ਮੈਂ ਰਾਜਾ ਜੀ ਦਾ ਸੰਦੇਸਾ ਲੈ ਕੇ ਆਇਆ ਹਾਂ, ਪਰ ਉਹ ਕਤਲ ਦਾ ਨਹੀਂ, ਕਿਉਂਕਿ ਮੇਰਾ ਰਾਜਾ ਪ੍ਰੇਮ ਦਾ ਰਾਜ ਕਰਦਾ ਹੈ। ਮੇਰੇ ਨਾਲ ਅਹਿਦੀਆ ਕੋਈ ਨਹੀਂ, ਪਰ ਪ੍ਰੇਮ ਦੇ ਦੂਤ ਹਨ, ਆਪ ਦੇ ਅੰਦਰ ਪ੍ਰਵੇਸ਼ ਕਰਨਗੇ, ਮਾਰਨਗੇ, ਪਰ ਤੁਹਾਨੂੰ ਨਹੀਂ,

ਯਾਦ ਅੰਦਰ ਥੱਲੇ ਲਹਿੰਦੀ ਜਾਂਦੀ ਹੈ ਤੇ ਸੰਸਕਾਰ ਬਣਕੇ ਅੰਦਰ ਲੁਕ ਬੈਠਦੀ ਹੈ। ਸੁਭਾਵ ਤੇ ਇਹ ਯਾਦ ਮਨ ਨਾਲ ਚੰਬੜ ਗਏ, ਤਦਰੂਪ ਹੋ ਗਏ, ਜਦੋਂ ਇਕੱਲ ਆਈ, ਭੈ ਪਿਆ, ਕਸ਼ਟ ਵਾਪਰਿਆ ਤਾਂ ਯਾਦ ਅੰਦਰੋਂ ਫੁੱਟ ਖਲੋਤੀ ਤੇ ਆਪਣੇ ਆਪ ਨੂੰ ਵੱਢ ਵੱਢ ਖਾਣ ਲੱਗੀ। ਸੰਸਾਰ ਮਿਥਿਆ, ਤਿੰਨ ਕਾਲ ਮਿਥਿਆ, ਪਰ ਕੁਕਰਮਾਂ ਦਾ ਚਿੱਤਰ, ਜੋ ਮਨ ਦੇ ਡੂੰਘੇ ਥਾਂਵੀਂ ਚਿੱਤ੍ਰਿਤ ਹੋ ਗਿਆ, ਜਦੋਂ ਇਕੱਲ ਅਰ ਭੈ ਦਾ ਸਮਾਂ ਹੋਵੇ, ਪ੍ਰਕਾਸ਼ਤ ਹੋ ਕੇ ਮਗਰੋਂ ਨਹੀਂ ਹਟਦਾ ! ਹੈ ਤਾਂ ਸੰਕਲਪ ਮਾਤ੍ਰ, ਪਰ ਹਾਇ ! ਸੰਕਲਪ ਸਹੁਰਾ ਪੱਕ ਪੱਕਕੇ ਘੜੀ ਮੁੜੀ ਹੋ ਹੋ ਕੇ ਸੁਭਾਵ ਹੋ ਚੁਕਾ ਹੈ, ਮਨ ਦੀ ਪ੍ਰਕ੍ਰਿਤੀ (ਸੁਭਾਉ) ਬਣ ਜਾਵਣ ਵਾਂਙੂ ਹੋ ਚੁਕਾ ਹੈ, ਸੰਸਾਰ ਤਾਂ ਮਿਥਿਆ ਹੋ ਗਿਆ, ਕਿਉਂਕਿ ਮੌਤ ਖੋਹ ਲੈਂਦੀ ਹੈ, ਪਰ ਮਰਨ ਵੇਲੇ ਕੁਕਰਮਾਂ ਦੇ ਚੇਤੇ ਅੰਦਰ ਚਿੱਤ੍ਰਿਤ ਹੋਏ ਐਸੇ ਸਾਫ ਦਿੱਸਦੇ ਹਨ ਕਿ ਸੱਤ ਸੱਤ ਭਾਸਦੇ ਹਨ, ਇਨ੍ਹਾਂ ਨੂੰ ਜੀਉਂਦੇ ਜੀ ਕਿਸੇ ਛੁਰੀ ਨਾਲ ਨਹੀਂ ਕੱਪਿਆ। ਏਹ ਚਿੱਤ੍ਰ ਜਮ ਦੀ ਫਾਸ ਹਨ, ਇਨ੍ਹਾਂ ਨੂੰ ਕਿਸੇ ਗਜ਼ ਨਾਲ ਨਾ ਮਿਣਿਆ ਤੇ ਮਪ ਮਪ ਕੇ ਕਿਸੇ ਕਾਤੀ ਨਾਲ ਨਾ ਕੱਟਿਆ।[1]

ਮਨਾਂ ਦੀਆਂ ਦਸ਼ਾਂ ਤਾਂ ਪਛਤਾਵੇ ਨੇ ਦੰਪਤੀ ਦੀਆਂ ਇਹ ਕਰ ਰਖੀਆਂ ਮਨ, ਉਥ 'ਪੰਡਤ ਜੀ ਮੂਰਛਿਤ ਹੋ ਗਏ' ਦਾ ਰੌਲਾ ਪੈ ਗਿਆ। ਪੰਡਤਾਣੀ ਦੀਆਂ ਚੀਕਾਂ ਨਾਲ ਘਰ ਗੂੰਜ ਉਠਿਆ, ਟਹਿਲਣਾਂ ਨੇ ਨੌਕਰ ਦੁੜਾਏ ਤੇ ਨੌਕਰ ਵੈਦ ਜੀ ਨੂੰ ਲੈ ਆਏ। ਹੁਣ ਦਾਰੂ ਮਿਲ ਰਹੇ ਹਨ, ਮਿੱਤ੍ਰ ਪਿਆਰੇ ਕੁਸ਼ਾਮਤੀ ਤੇ ਮਤਲਬੀ ਸੁਰਤ ਲੈਣ ਆ ਰਹੇ ਹਨ। ਹੋਸ਼ ਆ ਗਈ ਹੋਈ ਸੀ। ਕੋਈ ਰੋਗ ਥੋੜਾ ਸੀ ? ਮਨ ਨੇ ਹਾਵਾ ਹੀ ਖਾਧਾ ਸੀ। ਪਰ ਹਾਇ ! ਕਰਨੀ ਦਾ ਹਾਵਾ, ਕੀਤੀ ਦਾ ਉਲ੍ਹਾਮਾ ਤੇ ਕਰਤੂਤਾਂ ਦਾ ਪਛੁਤਾਵਾ ਕੀ ਸ਼ੈ ਹਨ ? ਮਾਨੋਂ ਡੇਮੂੰਆਂ ਦੇ ਡੰਗ ਹਨ।

ਪੰਡਤ ਜੀ ਦੀ ਤਬੀਅਤ ਵੱਲ ਹੋ ਗਈ, ਪਰ ਮੀਆਂ ਬੀਬੀ ਦਾ ਮਨ ਹੋਰ ਸੱਟ ਖਾ ਕੇ ਹੋਰਵੇਂ ਹੋ ਗਿਆ ਹੈ! ਧੀ ਦੀ ਪੀੜ ਹੁਣ ਕੁਛ ਘੱਟ ਹੈ ਕਿਉਂਕਿ 'ਆਪਣਾ' ਫਿਕਰ ਤੇ ਸਹਿਮ ਵਧੀਕ ਕੜੇ ਦਾ ਦੁੱਖ ਹੋ ਕੇ ਆਪਣੀ ਵੱਲ ਖਿੱਚਦਾ ਹੈ। ਸਮਾਂ ਹੁਣ ਪਛੋਤਾਓ ਵਿਚ ਲੰਘਦਾ ਹੈ।

ਇਸ ਸਦਮੇਂ ਨੂੰ ਪੰਦ੍ਹਾਂ ਕੁ ਦਿਨ ਲੰਘ ਗਏ ਹਨ। ਪੰਡਤ ਜੀ ਬਾਰੀ ਵਿਚ ਬੈਠੇ ਹਨ, ਪੰਡਤਾਣੀ ਕੋਲ ਬੈਠੀ ਹੈ ਅਰ ਅਨਪੜ੍ਹ ਪੰਡਤਾਣੀ ਆਪਣੇ ਕੰਠੋਂ ਹੀ ਬਿਨਾ ਸਮਝੇ ਗੀਤਾ ਪੜ੍ਹ ਰਹੀ ਹੈ ਤੇ ਆਪ ਸੁਣ ਰਹੇ ਹਨ।

ਪੰਡਤ--ਠਹਿਰ ਜਾ ਪੰਡਤਾਣੀ ! ਦੇਖ ਵਿਚਾਰ ਕਰ ਇਸ ਸ਼ਲੋਕ ਦਾ ਕੀਹ ਭਾਵ ਹੈ:-ਸੁਣ : 'ਜੋ ਮੇਰੀ ਸਿਖਯਾ ਨੂੰ ਘੋਟਦੇ ਹਨ, ਪਰ ਕਰਦੇ ਨਹੀਂ, ਉਹ ਗਿਆਨ ਵਿਚ ਭਰਮ ਰਹੇ ਹਨ, ਜਾਣ ਲੈ ਕਿ ਏਹ ਮੂਰਖ ਆਦਮੀ ਵਿਨਾਸ਼ ਨੂੰ ਪ੍ਰਾਪਤ ਹੋਣਗੇ।'

ਪੰਡਤਾਣੀ ! ਦੇਖ ਇਹ ਸਾਡੇ ਲਈ ਹੈ, ਕਿਹੜਾ ਧਿਆਉ ਹੈ ? ਕਰਮ ਯੋਗ ਦਾ ਤੀਸਰਾ। ਭਲਾ ਨਾਵਾਂ ਧਿਆ ਖਿਆਲ ਕਰ ਖਾਂ, ਤੀਹਵਾਂ ਸ਼ਲੋਕ ਪੜ੍ਹ, ਲੈ ਦੇਖ ਉਸ ਸ਼ਲੋਕ ਵਿਚ ਸਾਡੇ ਲਈ ਮੌਤ ਸੀ, ਐਥੇ ਸਾਡਾ ਦਾਰੂ ਹਈ। ਵੇਖ ਕੀ ਆਖਦੇ ਹਨ:-'ਜੇ ਕੋਈ ਬੁਰੇ ਜੀਵਨ ਵਾਲਾ ਬੀ ਮੇਰੀ ਪੂਜਾ ਕਰਦਾ ਹੈ ਤੇ ਹੋਰ ਕਿਸੇ ਦੀ ਪੂਜਾ ਨਹੀਂ ਕਰਦਾ, ਉਹ ਸਦਾ ਹੀ ਨੇਕ ਹੈ, ਕਿਉਂਕਿ ਉਸ ਦਾ ਇਰਾਦਾ ਦਰੁਸਤ ਹੈ। ਉਹ ਛੇਤੀ ਹੀ ਧਰਮੀ ਹੋ ਜਾਂਦਾ ਹੈ, ਸਦਾ ਦੀ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਯਕੀਨ ਕਰ ਕਿ ਮੇਰਾ ਭਗਤ ਵਿਨਾਸ਼ ਨਹੀਂ ਹੋਏਗਾ।'

ਪੰਡਤਾਣੀ ! ਜੇ ਅਸੀਂ ਬੀ ਭਗਤੀ ਕਰੀਏ ਤਾਂ ਬਚ ਜਾਈਏ, ਪਰ ਕੀਕੂੰ ਕਰੀਏ ? ਭਗਤੀ ਦਾ ਅੰਤ ਗਿਆਨ ਹੈ, ਗਿਆਨ ਸਾਨੂੰ ਸਾਰਾ ਆਉਂਦਾ ਹੈ, 'ਰੀਤੇ ਗਿਆਨਾਨ ਮੁਕਤਿ' ਬਿਨਾਂ ਗਿਆਨ ਦੇ ਮੁਕਤੀ ਨਹੀਂ। ਸੋ ਭਗਤੀ ਵੀ ਗਿਆਨ ਵਿਚ ਲਿਜਾਏਗੀ। ਗਿਆਨ ਤਾਂ ਸਾਡੇ ਪਾਸ ਹੈ ਹੀ, ਪਰ ਸਾੜ੍ਹ ਫੇਰ ਇਹ ਹੈ ਕਿ ਸ਼ਾਂਤੀ ਨਹੀਂ, ਘਬਰਾ ਹੈ, ਡਰ ਹੈ, ਹਾਵਾ ਹੈ, ਉਲ੍ਹਾਮਾ ਹੈ।

ਇੰਨੇ ਨੂੰ ਮੋਤੀ ਆਯਾ ਤੇ ਛੇਤੀ ਛੇਤੀ ਕੁਛ ਬੋਲਿਆ!

ਪੰਡਿਤ (ਤ੍ਰਬ੍ਹਕ ਕੇ) ਹੈਂ ਓਏ ਮੋਤੀ ! ਕੀ ਆਖਿਆ ਈ ?

ਮੋਤੀ-ਮਹਾਰਾਜ ਜੀ ! ਕਹਿਰ ਹੈ। ਉਹ ਬਜਰਾ ਜਿਸ ਵਿਚ ਦਾਤਾ ਸਾਂਈਂ ਦੀ ਲੋਥ ਪਿਛਲੇ ਸਾਲ ਰੋੜ੍ਹੀ

---

1. ਇਸ ਫਾਸ ਦੇ ਕੱਟਣ ਦਾ ਤਰੀਕਾ ਇਹ ਹੈ :- ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ।। ਮਪਿ ਮਪਿ ਕਾਟਉ ਜਮ ਕੀ ਫਾਸੀ॥ (ਆਸਾ ਨਾਮ:-੩)

ਵਿਚ ਪ੍ਰੋਤਾ ਕੇਵਲ ਹੁਕਮ ਮਾਤ੍ਰ ਸੀ। ਅੱਜ ਉਹ ਪਿਆਰੇ ਜੀ ਉਹੋ ਆਪਣਾ ਪਿਛਲੇ ਸਾਲ ਵਾਲਾ ਖ਼ੂਨ ਲਿਬੜਿਆ, ਪਰ ਟੁਣ ਧੋਤਾ ਹੋਇਆ ਚੋਲਾ ਤੇ ਉਹੋ ਦਸਤਾਰਾ ਸਜਾਈ, ਸੋਟਾ ਹੱਥ ਵਿਚ ਫੜੀ, ਨਦੀ ਦੇ ਕਿਨਾਰੇ, ਬਜਰੇ ਵਿਜ ਖੜੇ ਸਨ। ਉਹ ਭੂਰੇ ਤੇ ਪਰਾਲੀ, ਜਿਸ ਵਿਚ ਦੱਬੇ ਆਏ ਸਨ ਧਰੀ ਪਈ ਹੈ। ਦੋ ਮੁਹਾਣੇ ਬਜਰੇ ਨੂੰ ਰੱਸੇ ਪਾ ਕੇ ਉੱਪਰ ਲੈ ਜਾਣ ਲਈ ਖੜੇ ਸਨ। ਤ੍ਰੈ ਸੌ ਨੇਕ ਰੂਹਾਂ, ਤ੍ਰੈ ਸੌ ਓਹ ਮੰਦੇ ਜੋ ਬੰਦੇ ਬਣਾਏ ਗਏ ਸਨ, ਜਿਨ੍ਹਾਂ ਦੇ ਅੰਦਰ **'ਪ੍ਰੀਤਮ ਜੀ'** ਦੀ ਖਿੱਚ ਲਹਿਰੇ ਲੈ ਰਹੀ ਹੈ, ਜੋ **'ਪ੍ਰੀਤਮ ਜੀ'** ਦੇ ਪ੍ਰਤੱਖ ਦਰਸ਼ਨਾਂ ਲਈ ਉਹਨਾਂ ਦੀ ਯਾਦ ਪਕਾ ਰਹੇ ਹਨ, ਉਸ ਪਿਆਰੀ ਸੂਰਤ ਵੱਲ ਤੱਕ ਰਹੇ ਹਨ, ਜੋ ਉਹਨਾਂ ਮੁਰਦੇ ਦਿਲਾਂ ਵਿਚ ਜ਼ਿੰਦਗੀ ਦੀ ਰੌ ਪੈਦਾ ਕਰਕੇ ਅੱਜ ਟੁਰ ਚੱਲੀ ਹੈ। ਹਾਂ, ਜਿਸ ਦਾਤੇ ਨੇ ਮੌਤ ਦੀ ਘਾਟ ਤੇ ਸੁੱਤੇ ਪਿਆਂ ਨੂੰ ਜਗਾ ਕੇ ਜੀਵਨ ਦੀ ਮੰਜ਼ਲ ਦੇ ਰਸਤੇ ਪਾਇਆ, ਅੱਜ ਵਿਦਾ ਹੋ ਰਿਹਾ ਹੈ। ਛੇ ਸੌ ਅੱਖਾਂ ਤ੍ਰਪ ਤ੍ਰਪ ਪਿਆਰ ਦੇ ਹੰਝੂ ਕੇਰ ਰਹੀਆਂ ਹਨ। ਆਹ ਝਨਾ ਨਦੀ ! ਤੂੰ ਅੱਜ ਚੰਦ੍ਰਭਗਾ ਹੋ ਗਈ, ਤੂੰ ਧੰਨੀ ਹੋ ਗਈ, ਜਿਸ ਦੇ ਨਿਰਜਿੰਦ ਪਾਣੀ ਵਿਚ ਜ਼ਿੰਦਗੀ ਵਾਲੇ ਜਲ ਦੇ ਛੇ ਸੌ ਟੇਪੇ ਦਮਬਦਮ ਤੇ ਨਵੇਂ ਤੋਂ ਨਵੇਂ ਕਿਰ ਰਹੇ ਹਨ ਤੇ ਤੇਰੇ ਬਰਫਾਨੀ ਠੰਢੇ ਪਾਣੀਆਂ ਨੂੰ ਕਹਿ ਰਹੇ ਹਨ ਕਿ ਅਸੀਂ ਜ਼ਿੰਦਗੀ ਦੇ ਚਸ਼ਮਿਆਂ ਵਿਚੋਂ ਆ ਰਹੇ ਹਾਂ, ਸਾਡੀ ਰੂਹਾਨੀ ਨਿੱਘ ਨਾਲ ਪਵਿੱਤ੍ਰ ਹੋ ਜਾਓ ਤੇ ਜਾਗ ਉਠੋ।

ਬਜਰਾ ਟੁਰ ਪਿਆ, ਤ੍ਰੈ ਸੌ ਸੀਸ ਨਿਉਂ ਗਿਆ, ਪਰ ਉਹ ਵਿਕ ਚੁਕਾ ਸਿਰ, ਜੋ ਬਜਰੇ ਵਿਚ ਅਡੋਲ ਖੜਾ ਪਿਆਰ ਦੇ ਰੰਗ ਵਿਚ ਮਸਤ ਹੈ, ਤ੍ਰੈ ਸੌ ਹਿਰਦੇ ਦੇ ਪਿਆਰ ਨਾਲ ਕਾਂਪ ਨਹੀਂ ਖਾ ਰਿਹਾ-ਸੰਗਤ ਜਾਣ ਕੇ **'ਪ੍ਰੀਤਮ ਜੀ'** ਦੇ ਪ੍ਰੇਮੀ ਜਾਣਕੇ, ਪਿਆਰ ਤੇ ਸਤਿਕਾਰ ਨਾਲ **'ਪ੍ਰੀਤਮ ਜੀ'** ਦੀ ਪਿਆਰੀ ਯਾਦ ਵਿਚ ਝੁਕ ਗਿਆ ਹੈ। ਤ੍ਰੈ ਸੌ ਤੇ ਇਕ ਸਿਰ ਪਰਸਪਰ ਝੁਕ ਰਹੇ ਹਨ। ਜਿਨ੍ਹਾਂ ਪਵਿੱਤ੍ਰ ਸੀਸਾਂ ਵਿਚ **'ਪ੍ਰੀਤਮ ਜੀ'** ਦਾ ਪਿਆਰ ਲਹਿਰੇ ਮਾਰ ਰਿਹਾ ਹੈ।

੫.

**ਪੰਡਤਾਣੀ** ਧੀ ਨੂੰ ਪਿਆਰ ਕਰਨ ਵਾਲੀ ਮਾਂ ਰੋ ਰੋ ਕੇ ਅੱਧੀ ਹੋ ਗਈ ਹੈ, ਚਿਹਰਾ ਝੁਰ ਗਿਆ ਹੈ, ਅੱਖਾਂ ਥੱਲੇ ਲਹਿ ਗਈਆਂ ਹਨ। ਬਿਰਹਾ ਘਟਿਆ ਨਹੀਂ, ਅਜ ਫੇਰ ਹਾਵੇ ਭਰ ਰਹੀ ਹੈ:-

ਪੰਡਤ ਜੀ ! ਮੈਂ ਤਾਂ ਮੂਰਖ ਮਮਤਾ ਦੀ ਮਾਰੀ ਨੇ ਰੋ ਰੋ ਆਪਾ ਵੰਞਾ ਲੀਤਾ, ਤੁਸੀਂ ਤਾਂ ਸਿਆਣੇ ਸੀ। ਵਰ੍ਹਾ ਰਾਤੀਂ ਬੀਤ ਗਿਆ; ਤੁਸਾਂ ਬੀ ਹਾਵਿਆਂ ਨਾਲ ਪਿਆਰ ਪਾਇਆ ਹੈ, ਸਰੀਰ ਅੱਧਾ ਨਹੀਂ ਰਿਹਾ, ਘਰ ਵਿਚੋਂ ਚਾਉ ਤੇ ਖੁਸ਼ੀ ਪੱਤਰਾ ਵਾਚ ਗਏ। (ਉੱਪਰ ਤੱਕ ਕੇ), ਧੀਏ ! ਸਾਨੂੰ ਕਿਉਂ ਰੁਲਾ ਗਈਓਂ ! ਹੇ ਮੇਰੇ ਘਰ ਦੀ ਬੋਲਦੀ ਬੁਲਬੁਲੇ ਤੇ ਕੂਕਦੀ ਕੋਇਲੇ ! ਜੇ ਇਉਂ ਮੋਹ ਤੋੜਨਾ ਸੀ ਤਾਂ ਪਿਆਰ ਕਿਉਂ ਪਾਇਆ ਸੀ ? ਲਾਲੀਏ ! ਮੇਰੀਆਂ ਆਂਦਰਾਂ ਕਲਪ ਕਲਪਕੇ ਸੜ ਲੱਥੀਆਂ, ਤੈਨੂੰ ਕਿਤੇ ਧੂਹ ਨਹੀਂ ਪਈ ? ਜ਼ਰੂਰ ਇਸ ਮਨੁੱਖ ਖਾਣੀ ਝਨਾਂ ਨੇ ਕਿਤੇ ਤੈਨੂੰ ਝੱਪ ਲਿਆ, ਨਹੀਂ ਤਾਂ ਲਾਲੀ ਕਿਤੇ ਜੀਉਂਦੀ ਹੁੰਦੀ ਤਾਂ ਮੇਰੀ ਇਕ ਇਕ ਅੱਥਰ ਪੱਥਰ ਹੋ ਕੇ ਉਸ ਦੀ ਛਾਤੀ ਤੇ ਪੈਂਦੀ ਤੇ ਕਦੇ ਜਰ ਨਾ ਸਕਦੀ, ਮੈਂ ਵਲ ਜ਼ਰੂਰ ਧਾਈ ਕਰਦੀ। ਹਾਇ ਪਿਆਰੀ ਪਰਿਮਲਯਾ ! ਤੂੰ ਜ਼ਰੂਰ ਮਰ ਚੁਕੀ ਹੈਂ। ਪੰਡਤ ਜੀ ! 'ਧੀ', ਪੰਡਤ ਧੀ ਅਬਿਗਤ ਗਈ। ਕੀਹ ਅਜੇ ਬੀ ਆਸ ਹੈ ਕਿ ਜੀਉਂਦੀ ਹੈ ? ਮੈਨੂੰ ਤਾਂ ਇਸ ਵਿਚ ਸੰਸਾ ਨਹੀਂ ਕਿ ਉਹ ਮਰ ਚੁਕੀ ਹੈ। ਕੁਛ ਤਰਸ ਕਰੋ, ਪ੍ਰੇਤ ਹੋ ਕੇ ਪੀੜਾ ਭਰ ਰਹੀ ਹੋਵੇਗੀ; ਭੋਹੇ ਜਾਓ, ਕ੍ਰਿਆ ਤਾਂ ਕਰਾ ਛੱਡੋ, ਡੋਲਦੀ ਤਾਂ ਨਾ ਫਿਰੇ। ਅਜੇ ਕਦ ਤਕ ਸੰਸਾ ਰਹੇਗਾ ਕਿ ਜੀਉਂਦੀ ਹੈ।

ਪੰਡਤ-ਪ੍ਰਿਯਾ ! ਕੀ ਦੱਸਾਂ ? ਪੰਜਾਬ ਭਰ ਵਿਚ ਢੂੰਡ ਕੀਤੀ ਹੈ, ਪੂਰਬ ਦੇ ਤੀਰਥਾਂ ਤਕ ਟੋਲ ਕੀਤੀ ਹੈ, ਬਨ ਕੰਦਰਾ ਭਾਲੀਆਂ ਹਨ ਪਰ ਅਜੇ ਪਾਪੀ ਮਨ ਆਸ ਨਹੀਂ ਛੋੜਦਾ। ਜੇਕਰ ਤੈਨੂੰ ਪਕ ਹੋ ਗਿਆ ਹੈ ਕਿ ਮਰ ਚੁਕੀ ਹੈ ਤਾਂ ਪ੍ਰੇਤ ਕ੍ਰਿਯਾ ਕ੍ਰਾ ਦਿੰਦੇ ਹਾਂ। ਮਾਵਾਂ ਨਾਲ ਧੀਆਂ ਨੂੰ ਖਿੱਚ ਬਹੁਤ ਹੁੰਦੀ ਹੈ, ਕਿਤੇ ਸੁਪਨ ਦਰਸ਼ਨ ਤਾਂ ਨਹੀਂ ਹੋਏ ?

ਮਾਂ-ਦਰਸ਼ਨ ਤਾਂ ਕੋਈ ਨਹੀਂ, ਪਰ ਦਿਲ ਇਹੋ ਆਖਦਾ ਹੈ।

ਪੰਡਤ-ਚੰਗਾ।...ਅਹੋ ਦੈਵ ! ਕਰਮ ਗਤਿ ਟਾਰੀ ਨਾ ਟਰੇ। ਮਨ ਵਿਚ ਕੀਹ ਸੀ, ਹੋ ਕੀਹ ਗਿਆ ਹੈ। ਧੀ ਨੇ ਗਾਰਗੀ ਦੀ ਤਰ੍ਹਾਂ ਯੱਸ਼ ਲੈਣਾ ਸੀ, ਧੀ ਨਿਮਾਣਿਆਂ ਦੀ ਤਰ੍ਹਾਂ ਗਈ ਆਈ ਹੋ ਗਈ। ਮੇਰਾ

ਨੂੰ ਖਿੱਚ ਪਾਉਂਦਾ ਹੈ ਤੇ **'ਪ੍ਰੀਤਮ ਜੀ'** ਸਾਨੂੰ ਆਪਣੀ ਅਨੁਗ੍ਰਹ ਨਾਲ ਖਿੱਚ ਕੇ ਆਪਣੇ ਨਾਲ ਮੇਲ ਲੈਂਦੇ ਹਨ। ਇਹ ਜੋਗ ਸੰਪੂਰਨ ਹੋ ਗਿਆ। ਦ੍ਰਿਸ਼ਟਮਾਨ, ਜਿਸ ਵਿਚ ਸਾਡਾ ਪਿਆਰ ਲੱਗਾ ਪਿਆ ਹੈ, ਉਸ ਵਲੋਂ ਯਾਦ ਦੇ ਵਸੀਲੇ ਮਨ ਦਾ ਰੁਖ ਮੋੜ ਲਿਆ ਸੀ, ਮੂੰਹ ਮੋੜਦਿਆਂ ਹੀ ਅਸਾਂ ਉਸ ਵਲੋਂ ਸੰਨਜਾਸ ਧਾਰਨ ਕਰ ਲਿਆ ਸੀ। ਵੀਚਾਰ ਕਰੋ ਕਿ ਜਦੋਂ ਅਸੀਂ ਆਪਣੇ ਸਾਰੇ ਕੁਝ ਨੂੰ ਬਿਨਸਣਹਾਰ ਜਾਣ ਕੇ ਅੰਦਰੋਂ ਤਿਆਗਦੇ ਹਾਂ **'ਪ੍ਰੀਤਮ ਜੀ'** ਦੇ ਹੁਕਮ ਵਿਚ, ਅਤੇ ਦੂਸਰਿਆਂ ਦੇ ਸੁਖ ਲਈ, ਜਿਨ੍ਹਾਂ ਨੂੰ ਅਸੀਂ, ਪਹਿਲੋਂ ਓਪਰੇ ਜਾਣਦੇ ਸਾਂ, ਲਗਾਉਂਦੇ ਹਾਂ ਤਾਂ ਅਮਲੀ ਸੰਨਜਾਸੀ ਹੋ ਜਾਂਦੇ ਹਾਂ ਕਿ ਨਹੀਂ? ਆਪ ਪ੍ਰੀਤ-ਜੋਗ ਦਾ ਸੁਖ ਅੰਦਰ ਮਾਣਦੇ ਹਾਂ ਤੇ ਆਪਣੇ ਸੰਨਯਾਸ ਤੋਂ ਬਾਹਰ ਸਾਰੇ ਲੋਕਾਂ ਨੂੰ, ਜੋ ਆਪਣੇ ਹਮਸਾਏ ਹਨ, ਜੋ ਸ੍ਰਿਸ਼ਟੀ-ਖਲਕ-ਹਨ, ਜਾਂ **'ਪ੍ਰੀਤਮ ਜੀ'** ਦੇ ਸਾਜੇ ਹੋਏ ਹੋਣ ਕਰਕੇ ਭਰਾ ਹਨ, ਸੁਖ ਦੇਂਦੇ ਹਾਂ, ਪਰ ਸਹਿ ਸੁਭਾ। ਇਸ ਨੂੰ ਅਸੀਂ ਆਖਦੇ ਹਾਂ 'ਸਰਬੱਤ ਦਾ ਭਲਾ', ਟੇਕ ਸਾਡੀ ਨਾਮ ਤੇ, ਧਿਆਨ **'ਪ੍ਰੀਤਮ ਜੀ'** ਉੱਤੇ, ਐਉਂ ਜੁੜੇ ਰਹਿੰਦੇ ਹਾਂ ਅਬਿਨਾਸ਼ੀ ਪ੍ਰੀਤਮ ਨਾਲ। 'ਸਰਬੱਤ ਦਾ ਭਲਾ' ਸਹਿਜ ਸੁਭਾਵ ਹੋਈ ਜਾਂਦਾ ਹੈ ਸਾਡੇ ਸੰਨਜਾਸ ਦੇ ਸੁਭਾਵ ਕਰਕੇ। ਐਉਂ ਆਪ ਬੀ ਸੁਖੀ, ਜੀਉਂਦੇ ਜੀ ਸੁਖੀ, ਨਕਦੋ ਨਕਦ ਸੁਖੀ ਹੋ ਜਾਂਦੇ ਹਾਂ ਤੇ ਬਾਕੀ ਸ੍ਰਿਸ਼ਟੀ; ਜੋ ਆਪਣੇ ਤੋਂ ਭਿੰਨ ਸੀ, ਸਾਥੋਂ ਦੁਖੀ ਨਹੀਂ ਹੁੰਦੀ, ਪਰ ਸੁਖ ਪਾਉਂਦੀ ਹੈ। ਸੋ 'ਲੋਕ ਸੁਖੀ ਪਰਲੋਕ ਸੁਹੇਲੇ' ਹੋ ਜਾਂਦੇ ਹਾਂ।

ਅਸੀਂ ਇਉਂ ਆਪਣੇ ਅੰਦਰੋਂ 'ਪ੍ਰੇਮ' ਸਰੂਪਤਾ ਨੂੰ ਮੋਹ ਕਹਿ ਕਹਿਕੇ ਕੱਟਣ ਦੀ ਥਾਂਵੇਂ ਸਫਲ ਕਰਦੇ ਹਾਂ, ਪਰਮ ਪੁਰਖ ਨਾਲ ਪ੍ਰੇਮ ਕਰਕੇ। ਫੇਰ ਸੰਨਜਾਸੀ ਹੋ ਜਾਂਦੇ ਹਾਂ ਹੁਕਮ ਪਛਾਣਨ ਨਾਲ ਹਉਂ ਦੇ ਕੱਟੇ ਜਾਣ ਕਰਕੇ[1] ਤੇ ਗਯਾਨਵਾਨ ਹੋ ਜਾਂਦੇ ਹਾਂ, ਹਉਂ ਦੇ ਦੂਰ ਹੋ ਕੇ ਸ਼ੁਧ ਹੋ ਜਾਣ ਨਾਲ

ਇਹ ਗੱਲ ਕੁਛ ਹੋਰ ਹੋ ਕੇ ਮੁੱਕੀ ਤਾਂ ਸੁਣਨ ਵਾਲਿਆਂ ਦੇ ਨੇਤ੍ਰ ਬੰਦ ਹੋ ਚੁਕੇ ਸਨ ਅਰ ਸਾਰੇ ਕਿਸੇ ਐਸੇ ਰਸ ਵਿਚ ਨਿਮਗਨ ਸਨ ਕਿ ਜਿਸ ਨੂੰ ਕਦੇ ਡਿੱਠਾ ਯਾ ਸੁਣਿਆ ਨਹੀਂ ਸੀ। ਦਾਤਾ ਜੀ ਬੀ ਸਮਝਦੇ ਸਨ, ਆਪਣੇ ਰੰਗ ਵਿਚ ਮਗਨ ਹੋ ਗਏ।

1. ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।। (ਜਪੁਜੀ)

ਦਾਤਾ ਜੀ ਦੇ ਪਿਆਰ ਤੇ ਇਸ ਤਰ੍ਹਾਂ ਦੇ ਬਚਨਾਂ ਦਾ ਫਲ ਇਹ ਹੋਇਆ ਕਿ ਵਿਦ੍ਵਾਨ ਕਾਕੀ, ਵਿਦ੍ਵਾਨ ਵੈਦ ਤੇ ਵਿਦ੍ਵਾਨ ਵੈਦ-ਤ੍ਰਿਯਾ ਤ੍ਰੈਏ ਜਣੇ ਉਸ ਰਸ ਤੇ ਟੁਰ ਪਏ, ਜਿਸ ਦਾ ਕਥਨ ਰਾਜਾ ਜੀ ਦੇ ਸਿਪਾਹੀ ਨੇ ਇਸ ਪਿਆਰ ਨਾਲ ਕੀਤਾ। ਹੁਣ ਰੰਗ ਜੰਮਣਾ ਸ਼ੁਰੂ ਹੋ ਗਿਆ। ਸਮਾਂ ਬੀਤਦਾ ਗਿਆ, ਖਬਰੇ ਮਾੜੀ ਵਿਚ ਦਾਤਾ ਜੀ ਨੂੰ ਵਰ੍ਹਾਂ ਲੰਘ ਗਿਆ ਕਿ ਘੱਟ ਵੱਧ, ਪਤਾ ਨਹੀਂ। ਇੰਨੇ ਚਿਰ ਵਿਚ ਕੀਹ ਕੁਛ ਹੋਇਆ? ਕੀਹ ਰਾਜਾ ਜੀ ਦੇ ਸਿਪਾਹੀ ਜੀ ਆਪਣੀ ਮਹਿਮਾ ਤੇ ਪਿਆਰ ਕੀਤੇ ਜਾਣ ਦੇ ਰਸ ਵਿਚ ਮਗਨ ਹੋ ਗਏ ਹਨ ? ਨਹੀਂ, ਮਾੜੀ ਵਿਚ ਸਤਿਸੰਗ ਦਾ ਮੰਡਲ ਬਣ ਗਿਆ। ਕੋਈ ਪੰਝੀ ਕੁ ਸਰੀਰ ਇਸ ਸੁਖ ਦੇ ਸਾਂਝੀਵਾਲ ਹੋ ਗਏ ਹਨ। ਰਾਜਾ ਜੀ ਦੇ ਸਿਪਾਹੀ ਜੀ ਥਲ ਦੇ ਇਸ ਸਿਰੇ ਤੋਂ ਪਰਲੇ ਸਿਰੇ ਤਕ ਤੇ ਇਧਰ ਸ਼ਾਹ ਜੀਉਣੇ ਤੇ ਹੋਰ ਪਰੇ ਝੰਗ ਤਕ ਕਈ ਪਿੰਡਾਂ ਵਿਚ ਫਿਰ ਨਿਕਲੇ ਤੇ ਤਪਤ ਹਿਰਦਿਆਂ ਨੂੰ ਠਾਰਦੇ ਫਿਰੇ। ਇਸ ਇਕ ਵਰ੍ਹੇ ਵਿਚ ਝਨਾਂ ਤੇ ਜੇਹਲਮ ਦੇ ਇਸ ਟੁਕੜੇ ਦੇ ਕਿਨਾਰੇ, ਜਿਥੇ ਪਿਛਲੇ ਸਾਲ ਆਪ ਮੁਰਦਾ ਲੋਥ ਦੀ ਸ਼ਕਲ ਵਿਚ ਬੰਨੇ ਆ ਲਗੇ ਸਨ, ਤ੍ਰੈ ਕੁ ਸੌ ਬੰਦਿਆਂ ਦੇ ਅੰਦਰ ਜੀਵਨ, ਆਤਮ ਜੀਵਨ ਹਾਂ, ਹਾਂ ਪ੍ਰੇਮ ਦੀ ਜੀਉਂਦੀ ਜਾਗਦੀ ਲਹਿਰ ਦੇ ਪੈਦਾ ਕਰਨਹਾਰੇ ਹੋ ਗਏ। ਪਰੰਤੂ ਹੁਣ ਨੌਕਰੀ ਬਦਲਦੀ ਹੈ, ਸੁਪਨ ਦਰਸ਼ਨ ਹੁੰਦੇ ਹਨ ਅਰ ਰਾਜਾ ਜੀ, ਜਿਨ੍ਹਾਂ ਨੂੰ ਪਿਆਰ ਨਾਲ ਕਦੇ **'ਰਾਜਾ ਜੀ'** ਤੇ **'ਪ੍ਰੀਤਮ ਜੀ'** ਆਖਦੇ ਹਨ, ਸੈਨਤ ਕਰਦੇ ਹਨ, ਕਿ "ਮੇਰੇ ਪਿਆਰੇ ! ਜਿਥੋਂ ਮੁੱਢ ਲੱਗਾ ਸੀ, ਉਹ ਥਾਂ ਬੰਜਰ ਪਿਆ ਹੈ, ਵਾਗਾਂ ਮੋੜ ਅਤੇ ਉਸ ਉਖਰ ਥਾਂ, ਜਿੱਥੇ ਤੇਰੇ ਪਵਿੱਤ੍ਰ ਲਹੂ ਦੇ ਟੇਪੇ ਡਿਗੇ ਸਨ, ਜਾਹ ਦੇਖ ਕਿ ਬਿਰਹੋਂ ਨੇ, ਹਾਂ ਬਿਰਹੋਂ ਸੁਲਤਾਨ ਨੇ ਮੋਹ ਮਮਤਾ ਦੇ ਆਸਰੇ ਹੀ ਹਲ ਵਾਹ ਕੱਢਿਆ ਹੈ। ਤੂੰ ਓਥੇ ਪਹੁੰਚ ਅਰ ਬੀਜ ਕੇਰ ਤਾਂ ਜੋ ਫਸਲ ਤਿਆਰ ਹੋਵੇ ਜੋ ਮੈਂ ਆਪਣੇ 'ਸ਼ਹਿਨਸ਼ਾਹ' ਦੇ ਖ਼ਜ਼ਾਨੇ ਵਿਚ ਬੋਹਲ ਪੇਸ਼ ਕਰਾਂ, ਖੋਟੇ ਖ਼ਰੇ ਹੋ ਕੇ ਖ਼ਜ਼ਾਨੇ ਦਾਖਲ ਹੋਣ।"

'ਦਾਤਾ ਜੀ' ਤਾਂ ਲੋਕੀਂ ਆਖਦੇ ਸਨ, ਪਰ ਉਹ ਇਹ ਸੁਣਕੇ ਖੁਸ਼ ਨਹੀਂ ਸਨ ਹੁੰਦੇ। ਉਹ ਤਾਂ ਰਾਜਾ ਜੀ ਦਾ ਸਿਪਾਹੀ ਅਖਾ ਕੇ ਖੁਸ਼ ਸਨ, ਕਿਉਂਕਿ ਉਨ੍ਹਾਂ ਦਾ ਜੀਵਨ ਤਾਂ **'ਪ੍ਰੀਤਮ ਜੀ'** ਦੀ ਸੁਰਤ ਦੀ ਤਾਰ

ਉਸ ਨੂੰ ਤੁਸੀਂ ਯਾਦ ਆਓਗੇ। ਇਉਂ ਸਦਾ ਯਾਦ ਕਰਦਿਆਂ **'ਪ੍ਰੀਤਮ ਜੀ'** ਤੁਹਾਡੇ ਨਾਲ ਪ੍ਰੇਮ ਵਿਚ ਆਉਣਗੇ। ਲਓ ਮੈਂ ਫੇਰ ਦੁਹਰਾਂਦਾ ਹਾਂ :-

ਜਦੋਂ ਸਾਡੇ ਅੰਦਰ ਅੱਠ ਪਹਿਰ ਦੀ ਯਾਦ ਪਿਆਰੇ ਜੀ ਲਈ ਵੱਸ ਪਈ ਹੈ ਤਾਂ ਇਹ ਪ੍ਰੇਮ ਦਾ ਪ੍ਰਗਟ ਸਰੂਪ ਹੈ। ਪ੍ਰੇਮ ਮਾਨੋ ਸੁਰਜੀਤ ਹੋ ਪਿਆ ਹੈ! ਇਹ ਯਾਦ ਜਦ ਨਿਰੰਤਰ ਹੋ ਜਾਏਗੀ ਸਾਡੇ ਵਿਚ ਪ੍ਰੀਤਮ ਦੀ ਖਿੱਚ ਯਾ ਧੂਹ ਪੈਦਾ ਕਰੇਗੀ ਤੇ ਉਹ ਧੂਹ ਜਦ ਮਜ਼ਬੂਤ ਹੋ ਜਾਏਗੀ ਤਦੋਂ **'ਪ੍ਰੀਤਮ ਜੀ'** ਬੀ ਸਾਨੂੰ ਯਾਦ ਕਰਨਗੇ ਅਰ ਖਿੱਚ ਖਾਣਗੇ। ਫੇਰ ਉਹ ਵਡੇ ਹਨ, ਸਮਰਥ ਹਨ, ਸਾਨੂੰ ਖਿੱਚਣਗੇ। ਅਸੀਂ ਛੋਟੇ ਹੋਣ ਕਰਕੇ, ਹਲਕੇ ਹੋਣ ਕਰਕੇ ਖਿੱਚੇ ਜਾਵਾਂਗੇ ਤੇ ਪਿਆਰੇ ਨਾਲ ਜਾ ਮਿਲਾਂਗੇ। ਮੇਲ ਹੋ ਗਿਆ, ਯੋਗ ਹੋ ਗਿਆ। ਇਉਂ ਦੀਆਂ ਮੱਤਾਂ ਦੇ ਦੇਕੇ ਅਣਡਿੱਠੇ ਵਾਹਿਗੁਰੂ ਜੀ ਨਾਲ ਸਤਿਸੰਗ ਮੇਲ ਕਰਾ ਦਿੰਦਾ ਹੈ।

ਕਾਕੀ-ਹਰ ਵੇਲੇ ਦੀ ਯਾਦ ਅਣਡਿੱਠੇ **'ਪ੍ਰੀਤਮ ਜੀ'** (ਵਾਹਿਗੁਰੂ) ਲਈ ਅੰਦਰ ਪੈਦਾ ਹੋ ਜਾਣੀ ਬੀ ਔਖਾ ਜਿਹਾ ਕੰਮ ਹੈ।

ਦਾਤਾ-ਹੈ ਤਾਂ ਸਹੀ, ਪਰ ਜੀਕੂੰ ਇਕ ਫੁੱਟੀ ਭਰ 'ਜਾਗ' ਨਾਲ ਮਣ ਦੁੱਧ ਜੰਮ ਜਾਂਦਾ ਹੈ, ਇਸ ਤਰ੍ਹਾਂ ਸਤਿਸੰਗ ਇਕ ਕਣੀ ਨਾਲ[1] ਇਹ ਕਾਰਜ ਸਾਰ ਦਿੰਦਾ ਹੈ! ਉਹ ਕਿਣਕਾ ਬਹੁਤ ਅਮੋਲਕ ਹੈ।

"ਕਿਨਕਾ ਏਕ ਜਿਸ ਜੀਅ ਬਸਾਵੈ।।
ਤਾਕੀ ਮਹਿਮਾ ਗਨੀ ਨਾ ਆਵੈ।।"(ਸੁਖਮਨੀ)

(ਬਾਣੀ)

ਅਤੇ ਉਹ ਕਣੀ ਇਉਂ ਅੰਦਰ ਪੈਂਦੀ ਹੈ ਕਿ ਜਦ ਸਤਿਸੰਗ ਨੂੰ ਮਿਲੋ, ਉੱਥੇ **'ਪ੍ਰੀਤਮ ਜੀ'** ਦਾ ਪਿਆਰ ਡੁਲ੍ਹ ਡੁਲ੍ਹ ਪੈ ਰਿਹਾ ਹੁੰਦਾ ਹੈ, 'ਜੇਹੀ ਸੰਗਤ ਤੇਹਾ ਫਲ'। ਉਨ੍ਹਾਂ ਦੇ ਦਰਸ਼ਨ ਤੇ ਮੇਲ ਨਾਲ ਓਹੋ ਰੰਗ ਲਗਦਾ ਹੈ, ਫੇਰ ਸਤਿਸੰਗ **'ਪ੍ਰੀਤਮ ਜੀ'** ਦਾ ਕੀਰਤਨ ਕਰਦਾ ਹੈ। ਇਹ ਕੀਰਤਨ ਸਿਰ ਕਰਮਾਂ ਦੇ ਕਰਮ ਹੈ, ਜਿਸ ਨਾਲ ਪਿਆਰੇ ਜੀ ਦੀ ਯਾਦ ਅੰਦਰ ਵੜਦੀ ਹੈ। ਫੇਰ **'ਪ੍ਰੀਤਮ ਜੀ'** ਨੇ ਕੀਰਤਨ ਕਰਨ ਲਈ ਸਾਡੇ ਪ੍ਰੇਮ ਦੇ ਰੰਗ ਵੱਲੋਂ ਕੱਚੇ ਮਨਾਂ ਨੂੰ ਬੇਆਸਰੇ ਨਹੀਂ ਛਡਿਆ, ਆਪਣੇ ਪ੍ਰੇਮ ਰੰਗ ਵਿਚ ਆਪਣੇ ਪੱਕੇ ਹੋਏ ਮਨ ਤੋਂ 'ਬਾਣੀ' ਉਚਾਰੀ ਹੈ। ਉਸ ਬਾਣੀ ਵਿਚ ਮਹਿਮਾਂ, ਉਸਤਤਿ, ਪਿਆਰ, ਬਿਰਹੋਂ ਤੇ ਹੋਰ ਸੁੰਦਰ ਭਾਵ ਐਸੇ ਪੱਕੇ ਰੰਗ ਨਾਲ ਭਰੇ ਹਨ ਕਿ ਜਦ ਉਸ ਪੱਕੀ ਬਾਣੀ ਨਾਲ, ਚਾਹੇ ਚੁੱਪ ਚਾਹੇ ਬੋਲ ਕੇ, ਚਾਹੇ ਗਾਉਂਕੇ, ਚਾਹੇ ਸੁਣ ਕੇ ਕਿਸੇ ਤਰ੍ਹਾਂ ਅੰਮ੍ਰਿਤ ਦਾ ਘੁੱਟ ਭਰੋ ਸਾਂਈ ਦੀ ਯਾਦ ਅੰਦਰ ਜਾਗਦੀ ਹੈ। ਇਸ ਬਾਣੀ ਦਾ ਕੀਰਤਨ ਸੁਣਨਾ ਜਾਂ ਆਪ ਕਰਨਾ, ਬਾਣੀ ਦਾ ਪਾਠ ਕਰਨਾ ਯਾ ਵਿਚਾਰਨਾ ਪਰਮ ਪੁਰਖ ਦੀ ਯਾਦ ਵੱਲ ਧੂੰਹਦਾ ਰਹਿੰਦਾ ਹੈ।

(ਨਾਮ)

ਸੋ ਏਸ ਤਰ੍ਹਾਂ ਦਾ ਰੰਗ ਜਮਾ ਕੇ ਸਤਿਸੰਗ ਸਾਨੂੰ ਸੁੰਞੇ ਆਕਾਸ਼ ਵਿਚ ਬਾਹੁਲੀਆਂ ਮਾਰ ਮਾਰਕੇ ਤਬਾਹ ਹੋ ਜਾਣ ਲਈ ਨਹੀਂ ਛੱਡ ਦਿੰਦਾ, ਸਗੋਂ ਬਾਣੀ ਦਾ ਰਸ ਪਾਕੇ ਸਾਨੂੰ ਦੱਸਦਾ ਹੈ ਕਿ ਯਾਦ ਇਕ ਸੂਖਮ ਅਵਸਥਾ ਹੈ ਤੇ ਅਸੀਂ ਅਸਥੂਲ ਦੇਹ ਵਾਲੇ ਹਾਂ। ਅਸਥੂਲ ਦੇਹ ਦੇ ਸੁੱਖਾਂ ਦੇ ਪ੍ਰੇਮ ਵਿਚ ਦਿਨਰਾਤ ਲੱਗਣ ਕਰਕੇ ਅਸੀਂ ਅਸਥੂਲਤਾ ਵਿਚ ਪਰਪੱਕ ਹਾਂ ਤਾਂ ਤੇ ਯਾਦ ਨੂੰ ਬੀ ਅਸਥੂਲਤਾ ਤੋਂ ਸ਼ੁਰੂ ਕਰੀਏ। ਸੋ ਉਹ ਆਪਣੇ ਪਿਆਰੇ ਅਰਥਾਤ ਅਕਾਲ ਪੁਰਖ ਦਾ ਨਾਮ ਦਸ ਦਿੰਦੇ ਹਨ ਤੇ ਆਖਦੇ ਹਨ ਕਿ ਜੀਭ ਉਤੇ ਇਸ ਨੂੰ ਰੱਖਕੇ ਤੇ ਮਨ ਵਿਚੋਂ ਖਿਆਲ ਨੂੰ ਉਸ ਪਾਸੇ ਕਰਕੇ ਉਸ ਭਾਵ ਨਾਲ, ਜੋ ਬਾਣੀ ਦੇ ਪਾਠ ਕੀਰਤਨ ਨੇ ਸਾਡੇ ਅੰਦਰ ਪੈਦਾ ਕੀਤਾ ਹੈ, ਸਾਂਈਂ ਨੂੰ ਜਪੀਏ ! ਇਹ ਪ੍ਰੇਮ ਸੰਦੇਸ਼ਾ ਹੈ ਜੋ **'ਪ੍ਰੀਤਮ ਜੀ'** ਲੈ ਕੇ ਆਏ ਹਨ ! ਇਸ ਨੂੰ ਉਹ ਆਪ 'ਸੱਚਾ ਸੋਹਿਲਾ' ਆਖਦੇ ਹਨ, 'ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥' ਇਸ ਸੋਹਿਲੇ ਦਾ ਰੂਪ 'ਨਾਮ' ਜਾਂ 'ਸ਼ਬਦ' ਹੈ। **'ਪ੍ਰੀਤਮ ਜੀ'** ਕਹਿੰਦੇ ਹਨ 'ਏਹੁ ਸੋਹਿਲਾ ਸਬਦੋ ਸੁਹਾਵਾ' ਐਉਂ ਇਸ ਸੋਹਿਲੇ ਨਾਲ ਯਾਦ ਦਾ ਸੂਖਮ ਭਾਵ ਜੀਭ ਦਾ ਆਸਰਾ ਲੈਕੇ ਉਠਦਾ ਹੈ ਤੇ ਫੇਰ ਮਨ ਵਿਚ ਵੜਦਾ ਯਾਦ ਬਣਦਾ ਜਾਂਦਾ ਹੈ। ਇਸ ਨੂੰ 'ਨਾਮ ਦਾ ਸਿਮਰਨ' ਆਖਦੇ ਹਨ। ਜਪ ਤੋਂ ਸਿਮਰਨ ਆਪੇ ਬਣ ਜਾਂਦਾ ਹੈ। ਐਥੋਂ ਤਾਈਂ ਕਿ ਨਿਰੋਲ ਯਾਦ ਬਣ ਜਾਂਦਾ ਹੈ ਅਤੇ ਯਾਦ ਵਿਚੋਂ ਖਿੱਚਤੇ ਖਿੱਚ ਤੋਂ ਪੱਕੇ ਪ੍ਰੇਮ ਵਿਚ ਪਲਟ ਜਾਂਦਾ ਹੈ, ਅਤੇ ਪ੍ਰੇਮ ਬਣਕੇ **'ਪ੍ਰੀਤਮ ਜੀ'**

1. ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥ (ਸੋ: ਮ: ੫)

ਊਠਤ ਬੈਠਤ ਸੋਵਤ ਜੁੜੇ (ਜੋਗ ਵਿਚ) ਹੀ ਰਹੀਦਾ ਹੈ। ਨਾਲੇ ਜੁੜੇ ਰਹੀਦਾ ਹੈ, ਨਾਲੇ ਗ੍ਰਿਹਸਤ ਵਿਚ ਬੈਠੇ ਓਹ ਕੰਮ ਕਾਜ ਕਰੀਦੇ ਹਨ ਜੋ **'ਪ੍ਰੀਤਮ ਜੀ'** ਦੀ ਆਗਜਾ ਦੇ ਹਨ, ਜਿਨ੍ਹਾਂ ਦੇ ਕਰਨ ਦਾ ਕਾਰਨ ਸਾਡੀ ਆਪਣੀ ਵੱਖਰੀ ਮਰਜ਼ੀ ਨਹੀਂ ਹੁੰਦੀ, ਪਰ **'ਪ੍ਰੀਤਮ ਜੀ'** ਦਾ ਹੁਕਮ ਹੁੰਦਾ ਹੈ। ਐਉਂ ਦਾ 'ਜੋਗ' **'ਪ੍ਰੀਤਮ ਜੀ'** ਕਰਵਾਉਂਦੇ ਹਨ। ਉਹ ਬਨ ਤੇ ਘਰ ਨੂੰ ਇਕ ਤੁੱਲ ਕਰਵਾਕੇ, ਜਿਨ੍ਹਾਂ ਪਿਆਰਿਆਂ ਨੂੰ ਆਪੇ ਪੂਰਨ ਕਰ ਲੈਂਦੇ ਹਨ; ਉਨ੍ਹਾਂ ਦੀ ਆਪੇ ਮਹਿਮਾਂ ਕਰਦੇ ਹਨ:- 'ਜਿਤ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ'।

ਵੈਦ ਜੀ-ਸ੍ਰੀ ਜੀ ! ਦ੍ਰਿਸ਼ਟਮਾਨ (ਅਰਥਾਤ ਆਪਣੀ ਹਉਂ, ਸਰੀਰ ਤੇ ਇਸਤ੍ਰੀ ਪੁਤ੍ਰ ਧਨ ਆਦਿ) ਨਾਲੋਂ ਪਿਆਰ ਉੱਠਕੇ ਦ੍ਰਿਸ਼ਟੇ - ਜਿਸਨੂੰ ਵਾਹਿਗੁਰੂ ਕਿਹਾ ਜੇ - ਵਿਚ ਪਿਆਰ ਪੈ ਜਾਵੇ, ਇਹ ਬੜਾ ਕਠਨ ਕੰਮ ਹੈ। ਕੀਹ ਇਸ ਲਈ ਪ੍ਰਾਣਾਯਾਮ, ਧਾਰਨਾ ਧਿਆਨ ਆਦਿਕ ਸਾਧਨਾਂ ਦੀ ਲੋੜ ਨਹੀਂ ?

(ਸਤਿਸੰਗ)

ਦਾਤਾ ਜੀ-**'ਪ੍ਰੀਤਮ ਜੀ'** 'ਦੁਖ ਦਾਰੂ' ਆਖਦੇ ਹਨ। ਦੁੱਖ, ਜਿਸ ਤੋਂ ਲੋਕ ਡਰਦੇ ਹਨ ਉਹ ਦਾਰੂ ਹੈ, ਕਿਉਂ ਜੋ ਦੁੱਖ ਦਿੱਸਣ ਵਾਲੇ (ਦ੍ਰਿਸ਼ਟਮਾਨ) ਤੋਂ ਵੈਰਾਗ ਕਰਾਉਂਦਾ ਹੈ। ਉਧਰੋਂ ਉਨ੍ਹਾਂ ਨੇ ਇਕ ਨਵੀਂ ਸ਼ੈ ਬਣਾਈ ਹੈ 'ਸਤਿਸੰਗ', ਜੋ ਦੁਖੀ ਨੂੰ ਦੁਖ ਦੇਣ ਵਾਲੇ ਦੇ ਮੋਹ ਵਲੋਂ ਧੂਹ ਕੇ ਦ੍ਰਿਸ਼ਟੇ ਵਲ ਖਿੱਚ ਲੈਂਦਾ ਹੈ।

ਕਾਕੀ-ਸੱਤਿ ਹੈ, ਪਰੰਤੂ ਸ੍ਰੀ ਜੀ ! **'ਪ੍ਰੀਤਮ ਜੀ'** ਅਸਾਂ ਦੇਖੇ ਨਹੀਂ, ਸਾਨੂੰ ਉਨ੍ਹਾਂ ਦਾ ਪਿਆਰ 'ਸਤਿਸੰਗ[1]' ਕਿਸ ਤਰ੍ਹਾਂ ਸਿਖਾਲਦਾ ਹੈ ?

(ਪਿਆਰ-ਯਾਦ-ਪ੍ਰੇਮ)

ਦਾਤਾ-ਪਹਿਲਾਂ ਪ੍ਰੇਮ ਨੂੰ ਸਮਝੀਏ ਕਿ ਕੀਹ ਸ਼ੈ ਹੈ? ਪ੍ਰੇਮ ਜੋ ਆਦਰਸ਼ਕ ਹੈ, ਅਰਥਾਤ ਜੋ ਨਿਰੋਲ ਰੂਹਾਨੀ ਯਾ ਆਤਮਾ ਦਾ ਪਰਮਾਤਮਾਂ ਵਿਚ ਹੁੰਦਾ ਹੈ ਅਜੇ ਅਸੀਂ ਸਮਝ ਨਹੀਂ ਰਹੇ। ਪਰ ਦ੍ਰਿਸ਼ਟਮਾਨ ਨਾਲ ਜੋ ਮੋਹ ਸਾਡਾ ਹੈ ਉਸ ਨੂੰ ਅਸੀਂ ਸਮਝਦੇ ਹਾਂ। ਇਸ ਤੋਂ ਅਗੇਰੀ ਗੱਲ ਸਮਝਣ ਦਾ ਯਤਨ ਕਰੀਏ। ਜਿਸ ਨਾਲ ਸਾਡਾ ਪਿਆਰ ਹੁੰਦਾ ਹੈ ਉਸ ਲਈ ਸਾਡੇ ਅੰਦਰ ਧੂਹ ਯਾ ਖਿੱਚ ਪੈਂਦੀ ਹੈ। ਇਹ ਖਿੱਚ ਜਾਂ ਧੂਹ ਇਹ ਚਾਹੁੰਦੀ ਹੈ ਕਿ ਪਿਆਰਾ ਕਿਸੇ ਵੇਲੇ ਵਿਛੁੜੇ ਨਾ, ਅੱਖਾਂ ਤੋਂ ਉਹਲੇ ਨਾ ਹੋਵੇ, ਹਰਦਮ ਦਿਸਦਾ ਰਹੇ। ਜਦੋਂ ਪਿਆਰਾ ਪ੍ਰਾਪਤ ਹੁੰਦਾ ਹੈ ਤਾਂ ਅੱਖਾਂ ਉਸ ਨੂੰ ਇਕ ਦਮ ਲਈ ਆਪਣੇ ਤੋਂ ਉਹਲੇ ਨਹੀਂ ਹੋਣ ਦੇਂਦੀਆਂ ਤੇ ਜੋ ਕਦੇ ਪਿਆਰਾ ਵਿਛੁੜ ਜਾਵੇ ਤਦ ਦਿਲ ਉਸਨੂੰ ਵਿਸਾਰਦਾ ਨਹੀਂ, ਹਰ ਵੇਲੇ ਅੰਦਰ ਧੂਹ ਪੈਂਦੀ ਹੈ ਤੇ ਪਿਆਰੇ ਦੀ ਯਾਦ ਅੰਦਰ ਲੱਗੀ ਰਹਿੰਦੀ ਹੈ। ਅਰਥ ਇਹ ਕਿ 'ਪਿਆਰਾ' ਇਕ ਦਮ ਲਈ ਭੁੱਲਦਾ ਨਹੀਂ ਹੈ। ਲਓ ਹੁਣ ਸਾਨੂੰ ਸਾਫ਼ ਸਮਝ ਪੈ ਗਈ ਕਿ ੧. ਪਿਆਰੇ ਦੇ ਮੇਲ ਵੇਲੇ ਅੱਖੀਆਂ ਪਿਆਰੇ ਨੂੰ ਪਰੇ ਨਹੀਂ ਹੋਣ ਦਿੰਦੀਆਂ ਤੇ ਦਿਲ ਵਿਚ ਆਨੰਦ ਭਰਪੂਰ ਹੁੰਦਾ ਹੈ ਤੇ ੨. ਵਿਛੋੜੇ ਵੇਲੇ ਪਿਆਰੇ ਦੀ 'ਯਾਦ' ਅੰਦਰੋਂ ਦੂਰ ਨਹੀਂ ਹੁੰਦੀ ਤੇ ਮਨ ਵਿਚ ਖਿੱਚ ਯਾ ਧੂਹ ਪੈਂਦੀ ਰਹਿੰਦੀ ਹੈ। ਇਸ 'ਪਿਆਰ' ਦਾ ਇਹ ਨਿਸ਼ਚਿਤ ਸਰੂਪ ਹੈ ਜਿਸ ਤੋਂ ਅਸੀਂ ਬਿਨਾਂ ਸੰਸੇ ਸਾਫ਼ ਸਾਫ਼ ਸਮਝ ਸਕਦੇ ਹਾਂ ਕਿ ਪਿਆਰ ਦਾ ਪ੍ਰਕਾਸ਼ ਯਾ ਪਿਆਰ ਦਾ ਪ੍ਰਗਟ ਹੋਣਾ ਯਾ 'ਪਿਆਰ' ਦਾ ਰੂਪ, ਜਿਸ ਨੂੰ ਸਾਡੀ ਸਮਝ ਹੁਣ ਸਮਝ ਸਕਦੀ ਹੈ, ਕੀ ਸ਼ੈ ਹੈ? ਉੱਤਰ-ਯਾਦ।

'ਸਤਿਸੰਗ' ਸਿਖਾਲਦਾ ਹੈ ਕਿ ਜਦ ਉਹ ਵਾਹਿਗੁਰੂ ਦੀਂਹਦਾ ਨਹੀਂ, ਅੱਖਾਂ ਦੇ ਸਾਹਮਣੇ ਨਹੀਂ ਹੈ, ਤਾਂ ਤੁਸੀਂ ਇਉਂ ਖਿਆਲ ਕਰੋ ਕਿ ਉਸ ਨਾਲ ਸਾਡਾ ਵਿਛੋੜਾ ਹੈ ਤੇ ਸਾਨੂੰ ਜਗਤ ਦੇ ਪਿਆਰ ਤੋਂ ਸਮਝ ਆ ਚੁਕੀ ਹੈ ਕਿ ਵਿਛੋੜੇ ਵਿਚ ਪਿਆਰੇ ਦੀ ਯਾਦ ਨਹੀਂ ਭੁੱਲਿਆ ਕਰਦੀ ਤੇ ਧੂਹ ਪਿਆ ਕਰਦੀ ਹੈ। ਸੋ ਜੇ ਹੁਣ ਅਸੀਂ ਪਿਆਰੇ ਨੂੰ ਵਿਛੁੜਿਆ ਸਮਝਕੇ ਉਸ ਨੂੰ ਯਾਦ ਕਰਿਆ ਕਰੀਏ ਤੇ ਉਸ ਦੀ ਯਾਦ ਨੂੰ ਹਰਦਮ ਪਕਾਈਏ ਤਦ ਸਾਨੂੰ ਉਸਦੀ ਧੂਹ ਯਾ ਖਿੱਚ ਪਵੇਗੀ। ਇਹ ਧੂਹ (ਖਿੱਚ) ਹੀ ਪ੍ਰੇਮ ਦਾ ਪ੍ਰਗਟ ਸਰੂਪ ਸਾਡੀ ਸਮਝ ਵਿਚ ਆਇਆ ਸੀ ਕਿ ਵਿਛੋੜੇ ਵੇਲੇ ਸਾਡੇ ਅੰਦਰ ਹੁੰਦਾ ਹੈ। ਸੋ ਯਾਦ ਦੇ ਪੱਕਿਆਂ ਮਾਨੋਂ ਪ੍ਰੇਮ ਲੱਗ ਪਿਆ ਯਾ ਯਾਦ ਪ੍ਰੇਮ ਵਿਚ ਪਲਟ ਗਈ। ਜਿਵੇਂ ਬੋੜ੍ਹ ਤੋਂ ਬੀਜ ਤੇ ਬੀਜ ਤੋਂ ਬੋੜ੍ਹ ਤਿਵੇਂ ਪ੍ਰੇਮ ਤੋਂ ਯਾਦ ਤੇ ਯਾਦ ਤੋਂ ਪ੍ਰੇਮ। ਜਿਉਂ ਜਿਉਂ ਇਹ ਪ੍ਰੇਮ ਵਧੇਗਾ, ਤਿਉਂ ਤਿਉਂ ਪਿਆਰੇ ਨੂੰ ਬੀ ਸਾਡੀ ਧੂਹ ਪਵੇਗੀ। ਉਹ ਕਿਉਂ ? ਉਸ ਲਈ ਇਕ ਹੋਰ ਨਿਯਮ ਹੈ, ਉਹ ਸਮਝ ਲਓ। ਉਹ ਇਹ ਹੈ ਕਿ ਜਿਸ ਨੂੰ ਤੁਸੀਂ ਸਦਾ ਯਾਦ ਕਰੋਗੇ

1. ਉਹ ਸੰਗ ਜੋ 'ਸੱਚ' ਵਿਚ ਲੈ ਜਾਵੇ, ਸਤਿ ਪੁਰਖ ਦਾ ਸੰਗ।

ਰਾਇ' ਅਪਣੀ 'ਮਰਜ਼ੀ' **'ਪ੍ਰੀਤਮ ਜੀ'** ਦੇ ਹੁਕਮ ਦੇ ਅੱਗੇ ਨਿਵਾ ਦੇਵੇ। ਉਹ ਕੰਮ ਕਰੇ, ਉਹ ਸੋਚ ਸੋਚੇ ਤੇ ਉਹ ਬੋਲ ਬੋਲੇ ਜੋ ਉਹ ਹੁਕਮ ਕਰਦੇ ਹਨ ਅਤੇ ਉਨ੍ਹਾਂ ਦੇ ਪਿਆਰ ਤੇ ਧਿਆਨ ਵਿਚ ਮਸਤ ਰਹੇ। 'ਮੈਂ' ਦਾ ਖਿਲਾਰਾ ਸੀ 'ਮੇਰੀ'। 'ਮੇਰੀ' ਦਾ ਤਜਾਗ ਇਹ ਹੈ ਕਿ ਸਰੀਰ ਜਿਸਨੂੰ ਮੇਰਾ ਕਹਦੀਦਾ ਹੈ ਇਸੇ ਦੇ ਮੋਹ ਕਰ ਕੇ ਮਾਲ ਮਿਲਖ 'ਮੇਰੇ' ਲਗਦੇ ਹਨ ਏਹ ਸਾਰੇ ਤੇ ਸਰੀਰ ਤਕ ਆਪਣੇ ਨਾ ਸਮਝੇ ਜਾਣ, ਪਰ **'ਪ੍ਰੀਤਮ ਜੀ'** ਦੇ; ਉਨ੍ਹਾਂਦ ਹੁਕਮ ਨੂੰ ਪਛਾਣ ਕੇ ਹੁਕਮ ਵਿਚ ਇਨ੍ਹਾਂ ਨੂੰ ਸਫਲਾਵੇ। **'ਪ੍ਰੀਤਮ ਜੀ'** 'ਬ੍ਰਹਮ' (ਵਾਹਿਗੁਰੂ) ਨੂੰ ਪਿਆਰ ਕਰਦੇ ਹਨ ਜੋ 'ਪ੍ਰੇਯ' ਸਰੂਪ ਹੈ। ਉਸ ਦੇ ਪ੍ਰੇਯ ਸਰੂਪ ਨੂੰ ਪਿਆਰ ਕਰੀਏ ਤੇ ਉਸ ਨੂੰ ਅੰਗ ਸੰਗ ਜਾਣੀਏ। ਹਾਂ ਉਸ ਨਾਲ ਸਾਡੀ ਕਦੇ ਵਿੱਥ ਨਾ ਪਵੇ। ਇਸਤ੍ਰੀ, ਪੁੱਤ, ਪਿਆਰੇ ਜਦ ਕੋਈ ਗੁਜ਼ਰੇ ਤਾਂ **'ਪ੍ਰੀਤਮ ਜੀ'** ਦੇ ਜਾਣਕੇ ਉਹਨਾਂ ਦੇ ਅਰਪਨ ਕਰੀਏ, ਧਰਮ ਕਰਮ ਜੋ ਕਰੀਏ ਉਹਨਾਂ ਨੂੰ ਅਰਪੀਏ। ਪਦਾਰਥ ਕਮਾਈਏ ਧਰਮ ਦੀ ਕਮਾਈ ਨਾਲ, ਫੇਰ ਭਲੇ ਅਰਥ ਲਾ ਕੇ ਭਲਾ ਮਨਾਈਏ, ਪਕੜ ਵਿਚ ਨਾ ਫਸੀਏ, ਨਾ ਦੇਣ ਦੀ ਨਾ ਲੈਣ ਦੀ, ਮੇਰੀ ਜਾਵੇ ਇਹ ਸਫਲ ਸੰਨਜਾਸ ਹੈ।

(ਜੋਗ)

ਰਾਤ ਨੂੰ ਲੋੜ ਜੋਗੀ ਨੀਂਦ ਕਰਕੇ ਬਾਕੀ ਸਾਰਾ ਵੇਲਾ ਜੋਗ ਵਿਚ ਲੰਘੇ। ਜੋਗ-ਪਿਆਰੇ ਦੀ ਦਮ ਬਦਮ ਦੀ ਯਾਦ, ਯਾਦ ਵਿਚ ਲਿਵ, ਲਿਵ ਵਿਚ ਆਪਾ। ਸਾਡੀ ਜੋ ਆਪਣੇ ਸੰਕਲਪਾਂ ਨਾਲ ਪਕੜ ਤੇ ਪ੍ਰੀਤ ਹੈ, ਇਸ ਦਾ ਨਿਰੋਧ ਹੋਵੇ ਤੇ **'ਪ੍ਰੀਤਮ ਜੀ'** ਦੀ ਯਾਦ, ਧਿਆਨ, ਮੇਲ ਵਿਚ ਪ੍ਰੀਤ ਹੋਵੇ। ਹਾਂ ਯਾਦ, ਦਮ ਬਦਮ ਹੋਵੇ। ਦਿਨ ਨੂੰ ਗ੍ਰਿਹਸਤ ਦੇ ਜ਼ਰੂਰੀ ਕੰਮਾਂ ਤੋਂ ਛੁਟ ਜੋ ਸਮਾਂ ਹੈ, ਇਸ ਪਿਆਰ ਦੇ ਰੰਗ ਵਿਚ ਲੰਘੇ ਤੇ ਸਰੀਰ ਨਾਲ **'ਪ੍ਰੀਤਮ ਜੀ'** ਦੇ ਦੱਸੇ ਸੁਰਗ ਰਾਜ ਦੇ ਕੰਮ ਸੁਤੇ ਹੀ ਜੋ ਹੋਣ ਸੋ ਪਏ ਹੋਣ।

ਕਾਕੀ-ਇਹ ਮਨ ਦੇ ਸੰਕਲਪਾਂ ਤੋਂ ਛੁੱਟ ਕੇ ਲਿਵ ਵਿਚ ਰਹਿਣਾ ਜੋ ਆਪ ਨੇ ਕਿਹਾ ਹੈ ਵੈਰਾਗ ਤੇ ਵਿਵੇਕ ਨਾਲ ਪ੍ਰਾਪਤ ਕਰਨਾ, ਕਿ ਯੋਗ ਸਾਧਨ ਨਾਲ ?

ਦਾਤਾ-ਕਿਸੇ ਤਰ੍ਹਾਂ ਹੋਵੇ ਵੈਰਾਗ ਐਵੇਂ ਹੋਣਾ ਕਠਨ ਹੈ, ਕਾਰਨ ਪਾਕੇ ਹੁੰਦਾ ਹੈ, ਪਰ **'ਪ੍ਰੀਤਮ ਜੀ'** ਨਾਲ ਰਾਗ ਹੋ ਜਾਵੇ ਤਾਂ ਹੋਰ ਸਾਰੇ ਤੋਂ ਵੈਰਾਗ ਆਪੇ ਹੋ ਜਾਂਦਾ ਹੈ। ਇਸੇ ਤਰ੍ਹਾਂ **'ਪ੍ਰੀਤਮ ਜੀ'** ਦੇ ਹੁਕਮ ਅੱਗੇ ਜਦੋਂ ਹੀਲ ਹੁੱਜਤ ਨਹੀਂ ਰਹਿੰਦੀ, ਉਨ੍ਹਾਂ ਦੀ ਮਤਿ ਆਪਣੀ ਹੋ ਜਾਂਦੀ ਹੈ ਤਦ 'ਹੁਕਮ ਪਛਾਣ' ਦਾ ਵਿਵੇਕ ਹੋ ਜਾਂਦਾ ਹੈ।

ਹਠ ਜੋਗ ਤੇ ਕਰਮ ਜੋਗ **'ਪ੍ਰੀਤਮ ਜੀ'** ਐਉਂ ਕਰਵਾਉਂਦੇ ਹਨ। ਆਖਦੇ ਹਨ ਤੁਸੀਂ ਦਿੱਸਣ ਵਾਲੇ ਨਾਲ ਮੋਹ ਕਰਦੇ ਹੋ 'ਨਦਰੀ ਆਵੈ ਤਿਸੁ ਸਿਉ ਮੋਹੁ'। ਫੇਰ ਆਖਦੇ ਹਨ, ਜੋ ਦਿੱਸਦਾ ਹੈ ਸੋ ਬਿਨਸਨਹਾਰ ਹੈ, 'ਜੋ ਦੀਸੈ ਸੋ ਸਗਲ ਬਿਨਾਸੈ' ਫੇਰ ਆਖਦੇ ਹਨ ਕਿ 'ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਨਹਾਰੁ' ਕਿਉਂਕਿ ਜਿਸ ਸ਼ੈ ਨਾਲ ਮੋਹ ਹੋਵੇ, ਉਹ ਜਦੋਂ ਬਿਨਸਦੀ ਹੈ, ਤਦੋਂ ਵਿਛੋੜਾ ਹੁੰਦਾ ਹੈ। ਸੋ ਇਹ ਦਿੱਸਣਹਾਰ ਨਾਲ ਮੋਹ ਦੁੱਖ ਪੈਦਾ ਕਰਨ ਵਾਲਾ ਕੰਮ ਹੈ, ਇਸ ਕਰਕੇ ਦਿੱਸਣ ਵਾਲੇ ਵਲੋਂ ਮੋਹ ਮੋੜ ਲੀਤਾ। ਫੇਰ **'ਪ੍ਰੀਤਮ ਜੀ'** ਆਖਦੇ ਹਨ – 'ਐਸੀ ਸੰਚਿ ਜੁ ਬਿਨਸਤ ਨਾਹੀ.'; ਹੁਣ ਉਸੇ ਮੋਹ ਨੂੰ ਦੇਖਣਹਾਰ ਵੱਲ ਪਾ ਦਿੱਤਾ, ਜੋ ਬਿਨਸਣਹਾਰ ਨਹੀਂ। ਕਿਉਂਕਿ ਦੇਖਣਹਾਰ ਦਾ, ਜੋ ਅਵਿਨਾਸ਼ੀ ਹੈ, ਵਿਛੋੜਾ ਨਹੀਂ ਹੁੰਦਾ। ਸੋ **'ਪ੍ਰੀਤਮ ਜੀ'** ਆਖਦੇ ਹਨ 'ਨਾ ਓਹ ਮਰੈ ਨ ਹੋਵੈ ਸੋਗੁ'। ਇਸ ਕਰਕੇ ਉਸ ਨੂੰ ਪਿਆਰ ਕਰਨ ਦਾ ਫਲ ਸ਼ੋਕ ਦੀ ਨਵਿਰਤੀ ਤੇ ਸਦਾ ਸੁਖ ਹੈ।

ਹੁਣ ਉਹ ਦੇਖਣ ਵਾਲਾ (ਦ੍ਰਿਸ਼ਟਾ) ਪ੍ਰੇਯ ਸਰੂਪ ਹੈ, ਅਸੀਂ ਉਸੇ ਦੀ ਅੰਸ਼ ਹਾਂ, ਇਸ ਕਰਕੇ ਸਾਡਾ ਅਮਲਾ ਬੀ 'ਪ੍ਰੇਮ' ਹੀ ਹੈ। ਅਸਾਂ ਨੇ ਆਪਣੀ ਪ੍ਰੇਮ ਦੀ ਸ਼ਕਤੀ ਨੂੰ ਦੀਸਣਹਾਰ ਯਾ ਦ੍ਰਿਸ਼ਟਮਾਨ ਵਲ ਲਾ ਰਖਿਆ ਹੈ, ਇਸ ਦਾ ਫਲ ਦੁਖ ਹੁੰਦਾ ਹੈ। ਜੇ ਅਸੀਂ ਆਪਣੀ ਪਿਆਰ ਦੀ ਸ਼ਕਤੀ ਨੂੰ ਦ੍ਰਿਸ਼ਟਾ (ਵਾਹਿਗੁਰੂ) ਵਲ ਲਾ ਦੇਈਏ ਤਾਂ ਉਸ ਨਾਲ ਮੇਲ ਹੋ ਜਾਏਗਾ। ਉਹ ਬੀ ਚੇਤਨ ਹੈ, 'ਪ੍ਰੇਯ' ਸਰੂਪ ਹੈ, ਸਾਡੇ ਵਿਚ ਬੀ ਉਸੇ ਦੀ ਚੇਤਨ ਸ਼ਕਤੀ ਤੇ 'ਪ੍ਰੇਮ' ਦੀ ਅੰਸ਼ ਹੈ। ਜਦ ਅਸਾਂ ਜੀਉਂਦਾ ਸਾਧਨ ਸਾਧਿਆ, ਅਰਥਾਤ ਆਪਣੇ ਕੁਦਰਤੀ ਪ੍ਰੇਮ ਦੇ ਸੁਭਾਵ ਨੂੰ ਦ੍ਰਿਸ਼ਟਮਾਨ ਵਲੋਂ ਹਟਾ ਕੇ ਉਸ ਵਲ ਲਾ ਲਿਆ ਤਾਂ ਮੇਲ ਹੋ ਜਾਏਗਾ, ਜੋਗ ਜੁੜਨ ਨੂੰ ਯਾ 'ਮੇਲ' ਨੂੰ ਆਖਦੇ ਹਨ। ਸੋ **'ਪ੍ਰੀਤਮ ਜੀ'** ਏਹ ਜੋਗ ਸਿਖਾਲਦੇ ਹਨ[1]। ਐਉਂ ਦਿਨ ਰਾਤ

---

1. ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੀ।। (ਆਸਾ ਮ: ੧) ਭਾਵ ਏਹ ਹੈ ਕਿ ਨਿਰਾ ਆਪਣੇ ਵਿਚ ਜੁੜਨਾ ਜੋਗ ਨਹੀਂ, ਪਰਮ ਤਤ ਵਾਹਿਗੁਰੂ ਵਿਚ ਜੁੜਨਾ ਜੋਗ ਹੈ।

ਪੁਨ:- ਪ੍ਰਾਨੀ ਪਰਮ ਪੁਰਖ ਪਗ ਲਾਗੋ।। (ਪਾ:੧੦)

ਪੁਨਾ:- ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।। (ਪਾ: ੧੦)

ਗ੍ਰਿਹਸਤ ਦਾ ਹੈ, ਧਰਮ ਤੇ ਸ਼ਰਮ ਦੀ ਕਮਾਈ ਦਾ ਵੇਲਾ ਹੁੰਦਾ ਹੈ, ਉਸ ਵੇਲੇ ਪਾਪਾਂ ਤੇ ਅਧਰਮ ਦੀ ਕਮਾਈ ਵਿਚ ਰੁੱਝ ਕੇ ਗ੍ਰਿਹਸਤ ਦਾ ਨਾਸ਼ ਕਰੀਦਾ ਹੈ। ਰਾਤ ਜੋ ਸਾਡੇ ਸੰਨਿਆਸ ਲਈ ਸੀ ਤੇ ਦਿਨ ਜੋ ਸਾਡੇ ਗ੍ਰਿਹਸਤ ਲਈ ਸੀ, ਅਸੀਂ ਦੋਨੋਂ ਤਬਾਹ ਕਰ ਰਹੇ ਹਾਂ; ਹੁਕਮ ਨਹੀਂ ਪਛਾਣਦੇ। ਬਨਾਂ ਵਿਚ ਜਾ ਕੇ ਅਸੀਂ ਪਰਚੇ ਲੱਭਦੇ ਹਾਂ, ਸ਼ਾਸਤਰਾਂ ਦੇ, ਚੇਲਿਆਂ ਦੇ, ਕੁਟੀਆਂ ਉਸਾਰਣ ਦੇ, ਛੇਤ੍ਰ ਬਨਾਉਣ ਦੇ। ਜੇ ਘਰਾਂ ਵਿਚ ਰਹਿੰਦੇ ਹਾਂ ਤਾਂ ਮਾਯਾ ਵਿਚ ਖਚਿਤ ਹੋ ਕੇ ਘਰਾਂ ਨੂੰ ਨਰਕ ਬਣਾ ਲੈਂਦੇ ਹਾਂ[1]। ਕਿਤੇ ਬੀ ਰਹਿਕੇ ਹੁਕਮ ਨੂੰ ਅਸੀਂ ਨਹੀਂ ਪਛਾਣਦੇ।

ਇਸ ਵੇਲੇ ਵੈਦ ਜੀ ਤੇ ਉਨ੍ਹਾਂ ਦੀ ਸੁਸ਼ੀਲ ਇਸਤ੍ਰੀ ਆ ਗਏ ਹੋਏ ਸਨ : ਦਾਤਾ ਲੋਕ ਨੂੰ ਇਸ ਤਰ੍ਹਾਂ ਗਲਾਂ ਕਰਦਿਆਂ ਵੇਖਕੇ ਪ੍ਰਸੰਨ ਹੋਏ। ਜੋ ਕੁਛ ਉਹ ਕਹਿ ਰਹੇ ਸਨ ਵੈਦ ਜੀ ਨੇ ਸੁਣਿਆਂ ਸੀ, ਸਿਰ ਨਿਵਾਕੇ ਕਹਿਣ ਲਗੇ :- "ਦਾਤਾ ਜੀ, ਆਪ ਧੰਨ ਹੋ" !

ਦਾਤਾ-**'ਪ੍ਰੀਤਮ ਜੀ'** ਦਾਤਾ ਹਨ, ਉਹੀ ਧੰਨਤਾ ਦੇ ਯੋਗ ਹਨ। ਹਾਂ ਜੀ, ਧੰਨਤਾ ਦੇ ਯੋਗ ਵੀਣਾ ਨਹੀਂ ਹੈ, ਪਰ ਵੀਣਾਂ ਦਾ ਵਜਾਉਣ ਹਾਰ। ਵੀਣਾ ਅਪਣੇ ਵਿਚੋਂ ਉਹੋ ਸੁਰ ਕੱਢਦੀ ਹੈ ਜੋ ਵਜੰਤ੍ਰੀ ਚਾਹੁੰਦਾ ਹੈ! ਧੰਨ ਹਨ **'ਪ੍ਰੀਤਮ ਜੀ'** ਜੋ ਆਪ ਦੇ ਹਿਰਦੇ ਵਿਚ ਮਿਹਰ ਪਾ ਕੇ ਮੇਰੇ ਜਿਹੇ ਬਨਚਾਰੀ ਦੀ ਦਾਰੀ ਕਰਵਾਉਂਦੇ ਤੇ ਅਨਾਥ ਬਨ-ਬਾਸਨਾਂ ਦੀ ਸਹਾਇਤਾ ਕਰਵਾਉਂਦੇ ਹਨ, ਧੰਨ ਹਨ ਉਹ ਤੇ ਧੰਨ ਹੋ ਤੁਸੀਂ ਜੋ ਪਿਆਰ ਕਰਦੇ ਹੋ।

ਕਾਕੀ-ਸ੍ਰੀ ਜੀ ! ਮੈਂ ਵਿਦਯਾ ਪੜ੍ਹ ਕੇ ਵਿਗੜੀ ਹੋਈ ਅਜੇ ਸੰਸਿਆਂ ਦੇ ਹੱਥੋਂ ਨਹੀਂ ਛੁਟ ਰਹੀ। ਆਪ ਦੇ ਬਿਰਹੋਂ ਵਿਚ ਕੇਵਲ ਆਪ ਦੀ ਯਾਦ ਦਾ ਫੁਰਨਾ ਸੀ, ਆਪ ਦੇ ਮਿਲਿਆਂ ਆਪ ਦੇ ਸੁਰਜੀਤ ਹੋਣ ਦੀ ਸਿੱਕ ਸੀ। ਹੁਣ ਚਾਹੀਦਾ ਸੀ ਕਿ ਆਪ ਦੇ ਦਰਸ਼ਨ ਤੇ ਸੇਵਾ ਵਿਚ ਖੀਵੀ ਰਹਾਂ, ਪਰ ਫੇਰ ਅਕਲ ਹੁੱਜਤਾਂ ਪੜ੍ਹਦੀ ਹੈ : ਪੁੱਛਣ ਨੂੰ ਜੀ ਕਰਦਾ ਹੈ ਕਿ ਕਿਆ **'ਪ੍ਰੀਤਮ ਜੀ'**(ਨੈਣ ਭਰ ਆਏ) ਸੰਨਿਆਸ ਤੋਂ ਵਰਜਦੇ ਹਨ, ਜੋ ਸਭ ਤੋਂ ਸ਼ਰੇਸ਼ਟ ਆਸ਼੍ਰਮ ਹੈ ?

(ਸੰਨਿਆਸ)

ਦਾਤਾ-ਸੰਨਿਆਸ ਤਾਂ ਸਿਖਾਲਦੇ ਹਨ, ਪਰ ਹੋਰ ਤਰ੍ਹਾਂ ਦਾ। ਆਖਦੇ ਹਨ 'ਮੈਂ' ਦਾ ਸੰਨਿਆਸ ਕਰੋ, 'ਮੇਰੀ' ਦਾ ਤਿਆਗ ਕਰੋ, ਸਰੀਰ ਨਾਲ ਮੋਹ ਤੋੜੋ, ਫੇਰ ਜੋ ਕੁਛ ਕਿ ਆਪਣਾ ਬਣਾਇਆ ਸੀ ਉਸ ਨੂੰ ਛੱਡ ਦਿਓ, ਪਰ ਇਉਂ ਨਹੀਂ ਕਿ 'ਮੈਂ' ਨੂੰ ਛੱਡਕੇ ਚੁਪ ਕਰਕੇ ਪੱਥਰ ਦੇ ਵਾਂਗ ਅੰਦਰੋਂ ਜੜ੍ਹ ਹੋਕੇ ਬੈਠੇ ਰਹੋ ਤੇ 'ਮੇਰੀ' (ਮਾਲ ਮਿਲਖ) ਤੋਂ ਮੂੰਹ ਮੋੜ ਕੇ ਲੋਕਾਂ ਤੇ ਭਾਰੂ ਹੋਕੇ ਟੁੱਕਰ ਮੰਗਦੇ ਫਿਰੋ, ਯਾ ਐਵੇਂ ਬਨਾਂ ਵਿਚ ਬੈਠ ਰਹੋ ਅਥਵਾ ਵਡੇ ਗ੍ਰਿਹਸਤੀ ਡੇਰੇਦਾਰ ਬਣਕੇ ਸੰਨਯਾਸੀ ਕਹਾਓ। ਉਹ ਕਹਿੰਦੇ ਹਨ 'ਮੈਂ' ਤੇ 'ਮੇਰੀ' ਨੂੰ ਆਪਣੇ ਅੰਦਰੋਂ ਤਾਂ ਕੱਟੋ, ਪਰ ਕੱਟ ਕੇ ਸੁੱਟੋ ਨਾ, **'ਪ੍ਰੀਤਮ ਜੀ'** ਦੇ ਅੱਗੇ ਮੈਂ ਰੱਖ ਦਿਓ ਤੇ ਹੁਕਮ ਵਿਚ ਕੰਮ ਕਰੋ। **'ਪ੍ਰੀਤਮ ਜੀ'** ਦਾ ਹੁਕਮ ਉਹ ਕੰਮ ਕਰਵਾਉਂਦਾ ਹੈ, ਜਿਸ ਵਿਚ **'ਪ੍ਰੀਤਮ ਜੀ'** ਦੇ **'ਪ੍ਰੀਤਮ'** ਦੀ ਵਡਿਆਈ ਪ੍ਰਗਟ ਹੁੰਦੀ ਹੈ ਤੇ ਜਦੋਂ ਉਹ 'ਮੇਰੀ' ਨੂੰ ਛੁਡਵਾਉਂਦੇ ਹਨ ਤਾਂ ਉਹ ਸਾਰੇ ਨੂੰ, ਜਿਸ ਨੂੰ 'ਮੇਰੀ' ਕਹੀਦਾ ਹੈ ਅਤੇ ਸਰੀਰ ਨੂੰ , ਜਿਸ ਦੇ ਕਾਰਨ ਮਾਲ ਤੇ ਮਿਲਖ ਆਦਿ ਮੇਰੇ ਬਣਦੇ ਹਨ, ਆਪਣੇ ਭਾਣੇ ਅੰਦਰ ਸੇਵਾ ਵਿਚ ਸਫਲ ਕਰਾਉਂਦੇ ਹਨ।

ਵੈਦ ਜੀ-ਇਸ ਨੂੰ ਰਤਾਕੁ ਖੋਲ੍ਹ ਕੇ ਸਮਝਾਓ ਜੀ।

ਦਾਤਾ-ਸੰਨਯਾਸ ਨਾਮ ਹੈ ਸੱਟ ਦੇਣ ਦਾ, ਤਯਾਗ ਕਰਨੇ ਦਾ। ਪਹਿਲਾਂ ਮਾਲ, ਮਿਲਖ, ਇਸਤ੍ਰੀ ਆਦਿ ਤਯਾਗ ਕੇ ਬਾਨ ਪ੍ਰਸਥੀ (ਬਨ ਵਿਚ ਜਾ ਕੇ ਟਿਕਣ ਵਾਲੇ) ਬਣੀਦਾ ਸੀ, ਫੇਰ ਤਯਾਗ ਵਿਚ ਹੀ ਫਿਰ ਨਿਕਲੀਦਾ ਸੀ ਜਗਤ ਦੇ ਉਧਾਰ ਲਈ, ਪਰ ਹੁਣ ਤਾਂ ਬਿਨਾਂ ਪਹਿਲੇ ਤ੍ਰੈ ਆਸ਼ਰਮਾਂ ਵਿਚੋਂ ਲੰਘੇ ਦੇ ਸੰਨਯਾਸੀ (ਕਿ ਸਾਧੂ) ਹੋ ਨਿਕਲਦੇ ਹਨ। ਤਯਾਗ ਅਪਣੇ ਮਨੋਰਥ ਵਿਚ ਸਫਲ ਨਹੀਂ ਹੋ ਰਿਹਾ। ਸੋਚੋ, ਸਾਡੇ ਮਨਾਂ ਨੂੰ ਮਾਲ, ਮਿਲਖ, ਪਰਿਵਾਰ ਨਹੀਂ ਚੰਬੜੇ ਸਨ ਪਰ ਇਨ੍ਹਾਂ ਦੇ ਮੋਹ ਪਿਆਰ! ਸਾਡੀ "ਮੈਂ" ਨਾਲ ਚੰਬੜੇ ਸਨ ਇਨ੍ਹਾਂ ਦੇ 'ਮੋਹ' ਸੋ ਆਪਣੀ 'ਮੈਂ', ਨਾਲੋਂ ਇਨ੍ਹਾਂ ਦਾ 'ਮੋਹ' ਤੋੜਨਾ ਸੀ। ਇਹ ਸੀ ਅਸਲੀ ਸੰਨਯਾਸ। ਸੋ 'ਮੈਂ' ਦਾ ਅੰਤਮ ਤਿਆਗ ਇਹ ਹੈ ਕਿ ਆਪਣੀ

---

1. ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ। ਬਹੁ ਬਿਧਿ ਬੇਦ ਪਾਠ ਸਭਿ ਸੋਧਾ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥ (ਮਾਰੂ ਮ: ੫ ਅੰ:੧)

ਦੂਰ ਜੇਟਲਮ ਤੋਂ ਪਾਰ ਇੱਥੇ ਕਿਸ ਤਰ੍ਹਾਂ ਪਹੁੰਚੇ ਹੋ ?

ਕਾਕੀ ਨੇ ਆਪਣੇ ਉਦਾਸੀ, ਵੈਰਾਗ, ਮਾਤਾ ਪਿਤਾ ਦੇ ਕਠੋਰ ਸਲੂਕ, ਘਰ ਤੋਂ ਵਿਦੈਗੀ, ਨਦੀ ਕਿਨਾਰੇ ਢੁੰਡ ਲਾਗੇ ਪਹੁੰਚਕੇ ਹਾਵੇ, ਉਸ ਵੇਲੇ ਉਨ੍ਹਾਂ ਦੀ ਲੋਥ ਦੇ ਬਜਰੇ ਵਿਚ ਪਹੁੰਚਣ ਦਾ ਸਾਰਾ ਹਾਲ, ਫੇਰ ਆਪਣੇ ਨਿਰਾਸਤਾ ਦੇ ਦੁੱਖ, ਵੈਦ ਜ਼ੀ ਦਾ ਪਹੁੰਚਣਾ ਅਤੇ ਭਾਈ ਜੀਉਣੇ ਦੇ ਪਿਆਰ ਦਾ ਸਾਰਾ ਹਾਲ ਸੁਣਾਇਆ। ਅੰਤ ਵੈਦ ਜੀ ਦਾ **'ਪ੍ਰੀਤਮ ਜ਼ੀ'** ਦੇ ਪ੍ਰੇਮੀ ਤੇ ਸ਼ਰਧਾਲੂ ਹੋ ਜਾਣ ਦਾ ਹਾਲ ਕਹਿ ਸੁਣਾਇਆ।

ਇਹ ਸਾਰਾ ਕੁਛ ਸੁਣ ਕੇ ਆਪ ਨੇ ਕਿਹਾ-**'ਪ੍ਰੀਤਮ ਜੀ'** ਅਰ ਕਹਿੰਦੇ ਸਾਰ ਹੀ ਅੱਖਾਂ ਵਿਚੋਂ ਦੋ ਤ੍ਰੈ ਟੇਪੇ ਡਿੱਗ ਪਏ ਅਰ ਸੌਂ ਗਏ। ਇਸ ਤੋਂ ਕੁਛ ਦਿਨਾਂ ਦੇ ਬਾਦ ਉਹ ਚੰਗੇ ਤਕੜੇ ਹੋ ਗਏ, ਕਿਉਂਕਿ ਹੁਣ ਉਨ੍ਹਾਂ ਦੀ ਆਪਣੀ ਪੱਕੀ ਹੋਈ ਸੁਰਤ ਕੰਮ ਕਰਨ ਲੱਗ ਗਈ ਸੀ। ਕਾਕੀ ਦੇ ਪੁੱਛਣ ਤੇ ਦਾਤਾ ਜੀ ਨੇ ਆਪਣੀ ਮਾਰ ਦਾ ਸਾਰਾ ਹਾਲ ਜਦ ਸੁਣਾਇਆ ਤਦ ਕਾਕੀ ਨੂੰ ਬਹੁਤ ਦੁੱਖ ਹੋਇਆ, "ਹਾਇ ! ਇਹ ਆਪ ਦਾ ਇਸ ਭਿਆਨਕ ਹਾਲਤ ਵਿਚ ਪਹੁੰਚਣਾ ਤੇ ਮੌਤ ਦੇ ਮੂੰਹ ਵਿਚ ਅੱਪੜ ਕੇ ਮੁੜਨਾ ਸਭ ਮੇਰੀ ਮੂਰਖਤਾ ਦਾ ਫਲ ਹੈ। ਨਾ ਮੈਂ ਘਰੋਂ ਇਸ ਤਰ੍ਹਾਂ ਨਿਕਲਦੀ ਨਾ ਆਪ ਤੇ ਸ਼ੁਬ੍ਹਾ ਪੈਂਦਾ, ਨਾ ਆਪ ਦੁਖ ਦੇਖਦੇ ਪਰ ਹਾ ਹੋਣੀ ! ਮੈਂ ਅੰਧੀ ਨੂੰ ਉਸ ਵੇਲੇ ਕੋਈ ਹੋਰ ਰਸਤਾ ਦਿੱਸਦਾ ਹੀ ਨਹੀਂ ਸੀ, ਮੇਰੇ ਧ੍ਰਿਗ ਹੈ, ਮੇਰੇ ਜਨਮ ਅਰ ਜੀਵਨ ਦੇ ਧ੍ਰਿਗ ਹੈ।"

ਦਾਤਾ ਜੀ-ਇਹ ਦੁਖ ਕਰਨਾ ਕਾਮ ਲਈ ? ਮੈਂ ਮਾਰ ਕਿਸੇ ਦੇ ਜ਼ੋਰ ਅੱਗੇ ਝੁਕ ਕੇ ਤਾਂ ਨਹੀਂ ਖਾਧੀ; ਮੈਂ ਅਣਖ(ਸ੍ਵੈ ਸਤਿਕਾਰ) ਤੇ ਸ੍ਵੈ ਰਖਜਾ ਦੇ ਅਸੂਲ ਵਾਲਾ ਹਾਂ। ਪਰ ਮੇਰੀ ਫਕੀਰੀ, ਨਿੰਮ੍ਰਤਾ, ਗਰੀਬੀ, ਹਾਰ ਜਾਣ, ਲੜਨ, ਧੱਕਾ ਸਹਿਣ, ਧੱਕਾ ਕਰਨ ਯਾ ਦੁੱਖ ਦੇਣ ਲੈਣ ਵਿਚ ਨਹੀਂ। ਮੈਂ ਸੰਸਾਰ ਦਾ, ਲੋਕਾਂ ਦਾ ਯਾ ਆਪਣੇ ਮਨ ਦਾ ਫਕੀਰ ਨਹੀਂ, ਮੈਂ ਤਾਂ ਆਪਣੇ **'ਪ੍ਰੀਤਮ ਜੀ'** ਦਾ ਮੰਗਤ ਜਨ ਹਾਂ। ਮੇਰੇ ਤੋਂ ਕਰਾਉਣ ਵਾਲੇ ਕੰਮਾਂ ਦੀ ਚੇਸ਼ਟਾ, ਮੇਰੀ ਸ਼ਕਤੀ ਬਲ, ਮਨ ਬੁੱਧੀ, ਇਰਾਦੇ ਯਾ ਸੰਕਲਪ ਵਿਚ ਨਹੀਂ ਪਰ **'ਪ੍ਰੀਤਮ ਜੀ'** ਦੇ ਹੁਕਮ ਵਿਚ ਹੈ। ਓਹ ਮੇਰੇ ਅੰਦਰ ਕਰਤਾ ਯਾ ਵਜੰਤ੍ਰੀ ਜੀ ਹਨ ਤੇ ਮੈਂ ਉਨ੍ਹਾਂ ਦੀ ਮਰਜ਼ੀ ਦੇ ਅੱਗੇ ਯੰਤਰ ਦੀ ਤਰ੍ਹਾਂ ਹਾਂ। ਜੀਕੂੰ ਲਿਖਣਹਾਰੇ ਦੇ ਹਥ ਵਿਚ ਕਲਮ ਹੁੰਦੀ ਹੈ ਕਲਮ ਲਿਖਨਹਾਰੇ ਦੇ ਹੁਕਮ ਵਿਚ, ਜੋ ਉਹ ਚਾਹੁੰਦਾ ਹੈ, ਲਿਖਦੀ ਹੈ। ਫਿਕਰ ਨਾ ਕਰੋ ਮੈਨੂੰ ਨਾ ਕਿਸੇ ਮਾਰਿਆ ਤੇ ਨਾ ਮੈਂ ਕਿਸੇ ਤੇ ਜਿੱਤ ਪਾਈ ਤੇ ਨਾ ਕਿਸੇ ਦੇ ਅੱਗੇ ਹਾਰ ਖਾਧੀ। ਜੋ ਹੋਇਆ ਹੈ, ਸੋ **'ਪ੍ਰੀਤਮ ਜੀ'** ਦਾ ਹੁਕਮ ਸੀ, ਉਹਨਾਂ ਦਾ ਕੌਤਕ ਸੀ, ਉਹਨਾਂ ਦਾ ਕੋਈ ਕਾਰਜ ਇਸ ਵਿਚ ਸੀ।

ਕਾਕੀ-ਦਾਤਾ ! ਤੁਸੀਂ ਸੱਚ ਮੁਚ ਬ੍ਰਹਮ ਹੋ।

ਦਾਤਾ(ਕੰਬ ਕੇ)-**'ਪ੍ਰੀਤਮ ਜੀ'** ! ਇਹ ਕਹਿੰਦੇ ਅੱਖਾਂ ਬੰਦ ਹੋ ਗਈਆਂ, ਪ੍ਰਾਰਥਨਾ ਵਿਚ ਜੁੜ ਗਏ ਤੇ ਦੋ ਤ੍ਰੈ ਟੇਪੇ ਜਲ ਦੇ ਕਿਰੇ, ਜਦ ਅੱਖ ਖੁੱਲ੍ਹੀ ਤਾਂ ਕਾਕੀ ਨੇ ਆਖਿਆ:-'ਸ੍ਰੀ ਜੀ ! ਇਸ ਮੁਰਦਾ ਤੇ ਅੰਨ੍ਹੀ ਤੋਂ ਇਹ ਭੀ ਭੁੱਲ ਹੋਈ, ਬਖਸ਼ ਲਓ।

ਦਾਤਾ ਜੀ-ਮੈਂ ਬ੍ਰਹਮ ਨਹੀਂ ਤੇ ਨਾ ਦਾਤਾ ਜੀ ਹਾਂ। ਦਾਤਾ ਤਾਂ ਮੇਰੇ **'ਪ੍ਰੀਤਮ ਜੀ'** ਆਪ ਹਨ ਤੇ ਬ੍ਰਹਮ ਉਹ ਹੈ ਜੋ ਮੇਰੇ **'ਪ੍ਰੀਤਮ ਜੀ'** ਦਾ 'ਪ੍ਰੀਤਮ' ਹੈ।

ਕਾਕੀ-ਮੈਂ ਪੜ੍ਹੀ ਹੋਈ ਹਾਂ ਪਰ ਮੂਰਖ। ਖੇਤੀ ਹਾਂ, ਪਰ ਸੜੀ ਹੋਈ। ਸੜੀ ਹੋਈ ਖੇਤੀ ਹਾਂ, ਪਰ ਪਾਣੀ ਨਾਲ। ਮੇਰੀਆਂ ਭੁੱਲਾਂ ਦਾ ਅੰਤ ਨਹੀਂ ਹੈ।

**ਹੇ 'ਪ੍ਰੀਤਮ ਜੀ' ਦੇ ਪ੍ਰੇਮੀ ਜੀ !** ਮੈਨੂੰ ਬਖਸ਼ੋ! ਮੈਂ ਘਰੋਂ ਬਨਬਾਸ ਦਾ ਸੰਕਲਪ ਲੈ ਕੇ ਆਈ ਸੀ ਪਰ ਫੇਰ ਘਰਾਂ ਵਿਚ ਵਾਸ ਹੋ ਗਿਆ ਹੈ।

ਦਾਤਾ-ਸਭ **'ਪ੍ਰੀਤਮ ਜੀ'** ਦੇ ਹੁਕਮ ਵਿਚ ਹੈ। ਘਰਾਂ ਵਿਚ ਕੀਹ ਹੈ ਤੇ ਬਨਾਂ ਵਿਚ ਕੀ ਹੈ ? ਨਦੀ ਦੇ ਕਿਨਾਰੇ ਇਕੱਲਿਆਂ ਵਿਚਰਕੇ ਵੇਖ ਲਿਆ ਜੇ। ਪਹਿਲਾ ਬਨ ਤੈਨੂੰ ਤੇਰੀ ਵਿਦਿਆ ਤੇ ਸ਼ਾਸਤਰਾਂ ਦਾ ਮਿਲਿਆ ਸੀ; ਉਸ ਵਿਚ ਗੁਆਚੀ ਰਹੀ। ਦੂਸਰਾ ਬਨ ਨਦੀ ਦਾ ਕਿਨਾਰਾ ਲੱਭਾ ਮਨ ਸ਼ਾਂਤ ਨਾ ਹੋਇਆ, ਸਮਾਂ ਰੋਂਦਿਆਂ ਹੀ ਲੰਘ ਗਿਆ। ਹੁਣ ਜਿਹੜੀ ਘਰ ਦੇ ਵਾਸ ਵਿਚ ਘ੍ਰਿਣਾਂ ਤੇ ਬਨ ਦੇ ਵਾਸ ਵਿਚ ਰੁਚੀ ਹੈ ਇਹ ਬੀ ਭੁੱਲੀ ਪੈ ਜਾਣਾ ਹੈ। ਰਾਤ ਸਾਰੀ ਬਨ ਹੈ, ਕਿਉਂਕਿ ਘਰ ਦੇ ਸਾਰੇ ਸੌਂ ਜਾਂਦੇ ਤੇ ਪੂਰਨ ਏਕਾਂਤ ਹੋ ਜਾਂਦੀ ਹੈ, ਉਸ ਵੇਲੇ ਕੋਈ ਰੌਲੇ ਧੰਦੇ ਨਹੀਂ ਹੁੰਦੇ, ਜਿਨ੍ਹਾਂ ਤੋਂ ਡਰਦੇ ਬਨਾਂ ਨੂੰ ਜਾਈਦਾ ਹੈ। ਉਹ ਬਨ ਰੂਪ ਰਾਤ ਸੌਂ ਸੌਂ ਤੇ ਪਾਸੇ ਮਾਰ ਮਾਰ ਕੇ ਗੁਜ਼ਾਰ ਦੇਈਦੀ ਹੈ। ਦਿਨ

ਗਲੇ ਦੀ ਮਾਧੁਰਯਤਾ[1] ਤੇ ਸੰਗੀਤਕ ਲਹਿਰ ਵੱਖਰੇ ਜਾਦੂ ਹੁੰਦੇ ਸਨ ਜੋ ਮੈਂ ਆਪਣੇ ਗਲੇ ਤੋਂ ਅਦਾ ਨਹੀਂ ਕਰ ਸਕਦੀ, ਸੋ ਜੇ ਇਨ੍ਹਾਂ ਦੇ ਸੁਣਾਉਣ ਵਿਚ, ਭਾਵ ਦੱਸਣ ਵਿਚ ਕਿਤੇ ਕੋਈ ਉਕਾਈ ਹੈ ਤਾਂ ਮੇਰੀ, ਕੋਈ ਭੁੱਲ ਹੈ ਤਾਂ ਮੇਰੀ, ਦਾਤਾ ਜੀ ਗਲਬਾਤ ਅਚੁਕ ਕੀਤਾ ਕਰਦੇ ਸਨ।

ਇਹ ਵਿਥਿਆ ਮੈਂ ਅੱਗੇ ਆਪ ਨੂੰ ਸੁਣਾ ਚੁਕੀ ਹਾਂ, ਕਿ ਕੀਕੂੰ ਪਿਤਾ ਜੀ ਮੇਰੇ ਵੈਰਾਗ ਦੇ ਦੂਰ ਕਰਨ ਲਈ ਇਕ ਮੂਰਖ, ਅਵਿੱਦ ਤੇ ਪਾਪਾਂ ਦੇ ਪੁੰਜ ਧਨਾਢ ਆਦਮੀ ਨਾਲ ਮੇਰਾ ਵਿਆਹ ਕਰਕੇ ਮੇਰੇ ਵੈਰਾਗ ਦਾ ਇਲਾਜ ਸਮਝਕੇ ਇਸ ਕੰਮ ਵਿਚ ਪਰਪੱਕ ਹੋਕੇ ਲੱਗ ਪਏ ਸਨ ਤੇ ਮੈਨੂੰ ਸਿਵਾ ਰਾਤ ਵੇਲੇ ਟੁਰਕੇ ਕਿਸੇ ਬਨ ਵਿਚ ਵੈਰਾਗ ਤੇ ਤਪ ਕਰਕੇ ਆਪਣੀ ਪਰਮਾਰਥਿਕ ਮਨੋਕਾਮਨਾ ਪੂਰੀ ਕਰਨ ਲਈ ਹੋਰ ਕੋਈ ਰਸਤਾ ਤੇ ਚਾਰਾ ਬਾਕੀ ਨਹੀਂ ਸੀ। 'ਮੈਂ ਜੀਵਨ ਪਦ ਨੂੰ ਕਦੇ ਪਾ ਸਕਾਂ ਅਰ ਉਸ ਕੁਸੰਗ ਦੇ ਸੰਜੋਗ ਤੋਂ ਬਚ ਸਕਾਂ' ਏਸ ਸ਼ੌਕ ਨੇ ਅੱਧੀ ਰਾਤ ਵੇਲੇ ਮੈਨੂੰ ਘਰੋਂ ਟੋਰਿਆ ਤੇ ਇਥੇ ਪੁਚਾਇਆ ਹੈ।

ਕਾਕੀ ਦੀ ਇਹ ਵਿਥਿਆ ਸੁਣਕੇ ਵੈਦ, ਜੋ ਜਾਤਿ ਕਰਕੇ ਤਾਂ ਬ੍ਰਾਹਮਣ ਨਹੀਂ ਸੀ, ਪਰ ਕਿਸੇ ਪੰਡਤ ਦੀ ਸੇਵਾ ਕਰਨ ਕਰਕੇ ਉਸ ਦੀ ਕ੍ਰਿਪਾ ਨਾਲ ਚੰਗਾ ਵਿਦਵਾਨ ਤੇ ਵੈਦ ਹੋ ਗਿਆ ਹੋਇਆ ਸੀ, ਚੱਕ੍ਰਿਤ ਰਹਿ ਗਿਆ। ਜੋ ਦਸ਼ਾ ਕਾਕੀ ਦੀ ਸੀ, ਕੁਛ ਉਸ ਤਰ੍ਹਾਂ ਦੀ ਹੋਸ਼ ਉਸ ਦੀ ਬੀ ਖੁੱਲ੍ਹੀ ਤੇ ਦਾਤਾ ਜੀ ਪਿਆਰੇ ਲਗ ਪਏ। ਅੱਗੇ ਤਾਂ ਉਹ ਉਪਕਾਰ ਸਮਝਕੇ ਇਕ ਵਿਦਵਾਨ ਦਾ ਇਲਾਜ ਕਰਦਾ ਸੀ, ਹੁਣ ਉਸ ਨੂੰ ਇਕ ਯੋਗੀਰਾਜ ਤੇ ਬੀਤਰਾਗ ਦੀ ਸੇਵਾ ਨਜ਼ਰ ਪੈ ਗਈ, ਪਿਆਰ ਹੋ ਆਇਆ, ਅਰ ਇਹ ਖਿਆਲ ਜਾਗ ਪਿਆ ਕਿ ਕਿਵੇਂ ਇਹ ਛੇਤੀ ਰਾਜ਼ੀ ਹੋਵੇ, **'ਪ੍ਰੀਤਮ ਜੀ'** ਦੀ ਸੂੰਹ ਅਸੀਂ ਵੀ ਲਈਏ, ਜਿਨ੍ਹਾਂ ਦੇ ਸਤਿਸੰਗ ਨਾਲ ਐਸੇ ਯੋਗੀ ਰਾਜ ਉਤਪਤ ਹੋ ਰਹੇ ਹਨ ਤੇ ਹੋ ਸਕੇ ਤਾਂ ਉਹਨਾਂ ਦੇ ਦੁਆਰੇ ਅਸੀਂ ਬੀ ਪਹੁੰਚਕੇ ਜੀਵਨ ਪਦ ਪਾਈਏ।

੪.

**ਚੁੰਡ** ਤੋਂ ਕੁਝ ਕੋਹ ਪੱਛੋਂ ਨੂੰ ਜੇਹਲਮ ਨਦੀ ਵਗਦੀ ਹੈ, ਇਸ ਦੇ ਪਾਰ ਕੋਹ ਕੁ ਦੀ ਵਿੱਥ ਪਰ ਇਕ ਕਈ ਮੀਲ ਚੌੜਾ ਤੇ ਸੌ ਕੁ ਮੀਲ ਲੰਬਾ ਟਿੱਬਾ ਜਿਹਾ ਰੇਤ ਜਿਹੀ ਦਾ ਹੈ, ਜਿਸ ਨੂੰ ਅਕਸਰ ਲੋਕਥਲ ਬੀ ਕਹਿੰਦੇ ਹਨ। ਇਸੇ ਥਲ ਵਿਚ ਸੱਸੀ ਮਰੀ ਦੱਸਦੇ ਹਨ ਤੇ ਕਈ ਲੋਕ ਸੱਸੀ ਦੀ ਮੌਤ ਦਾ ਟਿਕਾਣਾ ਵੀ ਇਸੇ ਟਿੱਬੇ ਵਿਚ ਦੱਸਦੇ ਹਨ।[1] ਇਸ ਟਿੱਬੇ ਤੇ ਦਰਯਾ ਦੇ ਵਿਚਕਾਰ ਜੋ ਦੂਰ ਤੱਕ ਧਰਤੀ ਚਲੀ ਗਈ ਹੈ, ਉਸ ਨੂੰ ਕੱਛੀ ਆਖਦੇ ਹਨ। ਚੁੰਡ ਤੋਂ ਟੁਰਕੇ ਦਰਯਾ ਟੱਪਕੇ ਇਕ 'ਮਾੜੀ' ਨਾਮੇ ਪਿੰਡ ਹੈ ਜੋ ਇਸ ਕੱਛੀ ਵਿਚ ਟਿੱਬੇ ਦੀ ਵੱਖੀ ਉਤੇ ਵਾਂਙ ਹੈ। ਇਸ ਪਿੰਡ ਵਿਚ ਵੈਦ ਜੀ ਦਾ ਘਰ ਹੈ। ਪ੍ਰੇਮ ਦੇ ਰੰਗ ਕਰਕੇ, ਜੋ **'ਪ੍ਰੀਤਮ ਜੀ'** ਦੀ ਵਿਥਯਾ ਸੁਣਕੇ ਉਪਜ ਪਿਆ ਸੀ, ਵੈਦ ਜੀ ਆਪਣੇ ਬੀਮਾਰ ਤੇ ਕਾਕੀ ਨੂੰ ਆਪਣੇ ਪਿੰਡ ਲੈ ਆਏ ਸਨ ਤੇ ਆਪਣੇ ਘਰ ਰੱਖਕੇ ਡਾਢੇ ਹੀ ਪਿਆਰ ਨਾਲ ਸੇਵਾ ਵਿਚ ਲਗ ਪਏ ਸਨ। ਉਹਨਾਂ ਦੀ ਸੇਵਾ ਨੂੰ ਸਾਂਈਂ ਨੇ ਫਲ ਲਾਇਆ, ਦਾਤਾ ਜੀ ਰਾਜ਼ੀ ਹੋ ਗਏ। ਅੱਖਾਂ ਖੋਲ੍ਹਦੇ ਹਨ, ਗੱਲਾਂ ਸੁਣਦੇ ਹਨ, ਸਮਝਦੇ ਹਨ, ਪਰ ਅਜੇ ਜ਼ੁਬਾਨ ਬੋਲ ਨਹੀਂ ਸਕਦੀ! ਉਹ ਹੁਣ ਸਮਝ ਗਏ ਕਿ ਮੇਰੇ ਰਾਜਾ ਜੀ ਨੇ ਆਪਣੇ ਹੁਕਮ ਵਿਚ ਮੈਨੂੰ ਐਸੇ ਥਾਂ ਘੱਲਿਆ ਹੈ ਜਿੱਥੇ ਉਸਦੇ ਰਾਜ ਦੀ ਸੇਵਾ ਦਾ ਕੰਮ ਕੋਈ ਹੋਰ ਮੇਰੇ ਸਿਰ ਹੈ। ਉਸੇ ਦੀ ਮਰਜ਼ੀ ਨੇ ਮੈਨੂੰ ਇਸ ਕਾਕੀ ਦੇ ਪਾਸ ਪਹੁੰਚਾ ਦਿਤਾ ਹੈ ਅਤੇ ਮੇਰੀ ਬੇਸੁਧੀ ਵਿਚ ਹੀ ਇਕ ਆਤਮਾ ਮੇਰੇ **'ਪ੍ਰੀਤਮ ਜੀ'** ਦੇ ਰਾਜ ਵਿਚ ਪ੍ਰਵੇਸ਼ ਕਰਨ ਲਾਇਕ ਪੈਦਾ ਹੋ ਗਈ ਹੈ। ਜਿਸ ਦਿਨ ਆਪ ਦੀ ਜ਼ੁਬਾਨ ਵਿਚ ਬੋਲਣ ਦੀ ਤਾਕਤ ਆਈ ਉਸ ਦਿਨ ਕਾਕੀ ਪਾਸ ਬੈਠੀ ਸੀ, ਆਪ ਨੇ ਪੁਛਿਆ, 'ਮੈਂ ਕਿੱਥੇ ਹਾਂ ?'

ਕੀਕੀ-ਮਾੜੀ ਸ਼ਾਕਰ ਵਿਚ ਥਲ ਦੇ ਟਿੱਬੇ ਦੀ ਕੱਛ ਵਿਚ। ਸ਼ੁਕਰ ਹੈ, ਲੱਖ ਲੱਖ ਸ਼ੁਕਰ ਹੈ, ਭਗਵਾਨ ਨੇ ਇਹ ਦਿਨ ਦੱਸਿਆ ਹੈ।

ਦਾਤਾ-ਮੈਂ ਇੱਥੇ ਕਿਸ ਤਰ੍ਹਾਂ ਪਹੁੰਚਾ ਹਾਂ ? ਤੇ ਤੁਸੀਂ ਝਨਾਂ ਦੇ ਕਿਨਾਰੇ ਆਪਦੇ ਘਰਾਂ ਬਾਰਾਂ ਤੋਂ[2] ਇੱਡੀ

---

1. ਮਿਠਾਸ।

1. ਅਸਲ ਵਿਚ ਸੱਸੀ ਸਿੰਧ ਦੇਸ਼ ਦੀ ਸੀ ਤੇ ਕੇਚ ਮਕਰਾਨ ਨੂੰ ਜਾਂਦੀ ਰਸਤੇ ਵਿਚ ਗਰਮੀ ਨਾਲ ਮੋਈ ਸੀ;

2. ਜਿਥੇ ਅਜ ਕਲ ਰਾਮ ਨਗਰ ਹੈ ਇਸ ਤੋਂ ਕੁਛ ਅਗੇਰੇ ਨਦੀ ਦੇ ਕਿਨਾਰੇ ਤਦੋਂ ਇਕ ਗਿਰਾਂ ਹੁੰਦਾ ਸੀ, ਜੋ ਦਰਯਾ ਦੀ ਢਾਹ ਨਾਲ ਸਮਾਪਤ ਹੋ ਚੁਕਾ ਹੈ, ਕਾਕੀ ਇਸੇ ਗਿਰਾਂ ਦੀ ਸੀ।

ਸ਼੍ਰੇਯਸ਼੍ਚ ਪ੍ਰੇਯਸ਼੍ਚ ਮਨੁਖ਼ਜ ਮੇਤ ਸੁੱ ਸੰਪਰਾਤਯ ਵਿਵਿਨਕ੍ਤਿ ਧੀਰ:। ਸ਼੍ਰੇਯੋ ਹਿ ਧੀਰੋ ऽ ਭਿਪ੍ਰੇਯਸੋ ਬ੍ਰਿਣੀਤੇ ਪ੍ਰੇਯੋਮੰਦੇ ਯੋਗ ਕੇਮਾਨ੍ ਬ੍ਰਿਣੀਤੇ[1]।

(ਕਠ, ਵਲੀ ੨, ਸਲੋਕ ੨)

ਪ੍ਰਯੋਜਨ ਇਹ ਹੈ ਕਿ ਤੈਨੂੰ ਸ਼੍ਰੇਸ਼ਟ ਵਸਤੂ ਪ੍ਰਾਪਤ ਹੋਵੇ, ਨਾ ਇਸ ਲਈ ਕਿ ਤੇਰੇ ਪਿਤਾ ਨੂੰ ਚਰਚਾ ਤੇ ਵਾਦ ਚੰਗਾ ਲਗਦਾ ਹੈ, ਜੋ ਤੂੰ ਵਿਦਜਾ ਦੇ ਪਿੜ ਦੀ ਪਹਿਲਵਾਨ ਹੋ ਕੇ ਮਾਲੀਆਂ ਮਾਰੇਂ, ਪਰ ਇਸ ਲਈ ਕਿ ਤੂੰ ਵਪਾਰਨ ਹੋ ਕੇ ਗੁਣ ਵੱਖਰ ਦੀ ਸ਼ਾਹ ਬਣੇ ਤੇ ਤੂੰ 'ਸੱਚ' ਨੂੰ ਅੱਪੜੇਂ। ਤੁਹਾਡੀ ਬਾਬਤ ਹੀ ਖ਼ਬਰੇ ਲਿਖਿਆ ਹੈ:-

ਅਵਿਦਜਾਯਾਮੰਤਰੇ ਵਰ੍ਤਮਾਨ: ਸ੍ਰਯੰ ਧੀਰ:
ਪੰਡਿਤੰ ਮਨਜ ਮਾਨਾ:। ਦੰਦ੍ਰਮਜ ਮਾਣਾ:
ਪਰਿਯੰਤਿ ਮੂੜ੍ਹਾ ਅੰਧੇਨੈਵ ਨੀਯਮਾਨਾ ਯਥਾਂਧਾ[2]

(ਕਠ: ਵਲੀ ੨ ਸਲੋਕ ੫)

ਇਸ ਲਈ ਵਿਦਜਾ ਤੁਹਾਨੂੰ ਮਾਨੋ ਸਰਾਪ ਦੇ ਗਈ ਹੈ।

ਮੈਂ ਇਹ ਵਾਕ ਸੁਣ ਕੇ ਕੱਟ ਗਈ, ਮੈਂ ਦੇਖ ਲਿਆ ਕਿ ਮੈਂ ਪੜ੍ਹ ਸੁਣਕੇ ਨਿਰੀ ਲੜਨੇ ਵਾਲੀ ਬੁਲਬੁਲ ਬਣੀ ਹਾਂ। ਠੀਕ ਜਿਸ ਦੀ ਬਾਬਤ ਮੈਂ ਪੜ੍ਹਿਆ ਹੈ, ਉਸ ਵਲੋਂ ਮੁਰਦਾ ਹਾਂ: ਨਾਸਤਕ ਹਾਂ ਤੇ ਅੰਨ੍ਹੀ ਹਾਂ।

ਫੇਰ ਇਕ ਦਿਨ ਮੈਂ ਦਾਤਾ ਜੀ ਨੂੰ ਕਿਹਾ ਕਿ ਮੈਨੂੰ ਰਸਤਾ ਦੱਸੋ, ਤਾਂ ਕਹਿਣ ਲੱਗੇ : ਰਸਤਾ ਪ੍ਰੇਮ ਹੈ, ਪਰ ਪਾਸ **'ਪ੍ਰੀਤਮ ਜੀ'** ਦੇ ਹੈ। ਜਾਂ ਮੈਂ ਪੁੱਛਿਆ ਪ੍ਰੀਤਮ ਜੀ ਕਿੱਥੇ ਹਨ ? ਤਾਂ ਕਹਿਣ ਲੱਗੇ, 'ਇੱਥੇ'। ਮੈਂ ਕਿਹਾ ਮਿਲਨ ਕਿਸ ਤਰ੍ਹਾਂ ? ਤਾਂ ਕਹਿਣ ਲਗੇ: 'ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ'। ਇਹ ਕਹਿ ਕੇ ਨੈਣ ਭਰ ਆਏ ਤੇ ਭਰੇ ਨੈਣੀਂ ਦਾਤਾ ਜੀ ਉਠ ਗਏ ਤੇ ਫੇਰ ਨਾ ਪਰਤੇ।

---

1. ਅਰਥਾਤ--ਸੱਚਮੁੱਚ ਚੰਗਾ (ਸ਼੍ਰੇਯ) ਤੇ ਐਵੇਂ ਚੰਗਾ ਲੱਗਣ ਵਾਲਾ (ਪ੍ਰੇਯ) ਆਦਮੀ ਨੂੰ ਮਿਲਦੇ ਹਨ, ਦਾਨਾ ਆਦਮੀ ਦੂਹਾਂ ਨੂੰ ਪੜਤਾਲਦਾ ਤੇ ਪਛਾਣਦਾ ਹੈ, ਉਹ ਸ਼੍ਰੇਯ ਨੂੰ ਪ੍ਰੇਯ ਤੋਂ ਚੰਗਾ ਜਾਣਕੇ ਚੁਣਦਾ ਹੈ, ਪਰੰਤੂ ਮੂਰਖ ਪ੍ਰੇਯ ਨੂੰ (ਸੰਸਾਰਕ) ਲਾਭ ਦੇ ਲੈਣ ਦੀ ਇੱਛਾ ਵਿਚ ਬੱਧਾ ਹੋਇਆ ਚੰਗਾ ਜਾਣਕੇ ਚੁਣਦਾ ਹੈ।

2. ਅਗਿਆਨ ਵਿਚ ਵੱਸਦੇ ਹੋਏ, ਪਰ ਆਪਣੇ ਆਪ ਨੂੰ ਪੰਡਤ ਤੇ ਬੁਧੀਮਾਨ ਮੰਨਦੇ ਹੋਏ ਮੂਰਖ ਐਧਰ ਉਧਰ ਭਟਕਦੇ ਹਨ। ਜਿਸ ਤਰ੍ਹਾਂ ਅੰਨ੍ਹਾ ਆਦਮੀ ਅੰਨ੍ਹੇ ਦੀ ਅਗੁਵਾਨੀ ਵਿਚ (ਭਟਕਦਾ) ਹੈ।

ਉਹ ਤਾਂ ਮੁੜ ਲੱਭੇ ਹੀ ਨਾ ਤੇ ਮੈਨੂੰ ਵੈਰਾਗ ਹੋ ਗਿਆ। ਦਿਨ ਰਾਤ ਯਾ ਤਾਂ **'ਪ੍ਰੀਤਮ ਜੀ' 'ਪ੍ਰੀਤਮ ਜੀ'** ਹੁੰਦੀ ਰਹੇ, ਯਾ ਦਾਤਾ ਜੀ ਨੂੰ ਲੱਭਦੀ ਫਿਰਾਂ। ਪੁਸਤਕਾਂ ਦੇ ਬਸਤੇ ਬੰਦ ਹੋ ਗਏ ਇਕ ਵੈਰਾਗ-ਸ਼ੱਤਕ ਮੇਰੇ ਹੱਥਾਂ ਵਿਚ ਰਹਿ ਗਿਆ। ਆ ਮੁਹਾਰੇ ਰੋ ਪੈਣਾਂ, ਉਦਾਸ ਹੋ ਜਾਣਾ, ਬਾਉਲਿਆਂ ਵਾਂਙੂ ਫਿਰਦੇ ਰਹਿਣਾ, ਰਾਤਾਂ ਜਾਗਦੇ ਰਹਿਣਾ, ਠੰਢੇ ਸਾਹ ਭਰਦੇ ਰਹਿਣਾ। ਮੇਰੇ ਮਾਪੇ ਝੱਲ ਨਾ ਸਕੇ। ਲੱਗੇ ਪੜਚੋਲਾਂ ਕਰਨ, ਅਖ਼ੀਰ ਉਹਨਾਂ ਨੂੰ ਸੂੰਹ ਲਗ ਗਈ ਕਿ ਦਾਤਾ ਲੋਕ ਕੋਈ ਵੈਰਾਗ ਦੀ ਚਿਣਗ ਫੂਕ ਗਿਆ ਹੈ। ਪਿਤਾ ਜੀ ਮੈਨੂੰ ਸਮਝਾਉਣ ਲਈ ਉਨ੍ਹਾਂ ਦੀ ਨਿੰਦਾ ਕਰਨ ਲਗੇ। ਆਖਣ ਉਹ ਨਿਰੱਖਰ ਭੱਟਾਚਾਰਯ[1] ਸੀ। ਸਾਡੇ ਸਾਹਮਣੇ ਇਕ ਦਿਨ ਸੰਸਕ੍ਰਿਤ ਦੀ ਇਕ ਪੋਥੀ ਪੁੱਠੀ ਖੋਲ੍ਹਕੇ ਬੈਠਾ ਵੇਖਦਾ ਸਾਂ, ਉਸ ਦਿਨ ਜਿਹੜੀ ਗੱਲ ਕੀਤੀ ਸਾਸੁ ਉਹ ਸੁਣੀ ਸੁਣਾਈ ਸੀ। ਤੂੰ ਪੰਡਿਤ ਹੈਂ, ਮੂਰਖਾਂ ਦੇ ਆਖੇ ਨਹੀਂ ਲੱਗੀਦਾ।

ਮੈਂ ਕੀ ਆਖਦੀ ? ਪਿਤਾ ਜੀ ਨੂੰ ਪਿਤਾ ਜੀ ਦੀ ਭੁੱਲ ਧੀ ਹੋਕੇ ਕੀਕੂੰ ਦੱਸਦੀ ? ਦਿਲ ਦੇ ਭੇਦ ਕਹਿੰਦੀ ਤਾਂ ਦਾਤਾ ਜੀ ਦੀ ਹੋਰ ਨਿੰਦਿਆ ਸੁਣਦੀ, ਜਿਸ ਨਾਲੋਂ ਸਰੀਰ ਦੇਣਾ ਚੰਗਾ। ਜਿਉਂ ਜਿਉਂ ਮਾਪੇ ਰੋਕਦੇ, ਵਾਹਵਾਂ ਲਾਉਂਦੇ ਮੇਰਾ ਵੈਰਾਗ ਵਧਦਾ ਗਿਆ। ਦਾਤਾ ਜੀ ਡਾਢੇ ਹੀ ਚੰਗੇ ਲੱਗਣ। **'ਪ੍ਰੀਤਮ ਜੀ'** ਦਾ ਖਿਆਲ ਬੇਤਾਬ ਕਰ ਦੇਵੇ। ਮੈਨੂੰ ਅਜੇ ਤਕ ਬੀ ਪਤਾ ਨਹੀਂ ਕਿ **'ਪ੍ਰੀਤਮ ਜੀ'** ਕੌਣ ਹਨ ਤੇ ਕਿਥੇ ਹਨ ? ਪਰ ਮੇਰੇ ਅੰਦਰ ਇਕ ਧੂਹ ਹਰ ਵੇਲੇ ਉਨ੍ਹਾਂ ਵੱਲ ਰਹਿੰਦੀ ਹੈ, ਜੋ ਇਕ ਸੁਆਸ ਨਹੀਂ ਭੁੱਲਦੀ ਅਰ ਕਦੇ ਕਦੇ ਮੈਨੂੰ ਵਹਿਮ ਵਿਚ ਇਕ ਝਾਉਲਾ ਵੱਜਦਾ ਹੈ ਕਿ ਮਾਨੋਂ ਸ਼ੇਰ ਦੀ ਤਰ੍ਹਾਂ ਨਿਰਭੈ ਪ੍ਰੇਮ ਦੇ ਪੁੰਜ, ਸੰਪੂਰਨ ਦਾਤਾ ਤੇ ਖਿਮਾਂ ਦਾ ਰੂਪ ਇਕ ਗੁਣਾਂ ਦਾ ਸਰੂਪ ਧਾਰ ਕੇ ਅੱਖਾਂ ਅੱਗੋਂ ਲੰਘ ਗਿਆ ਹੈ। ਸੋ ਵੈਦ ਜੀ ਮਹਾਰਾਜ! ਮੈਨੂੰ **'ਪ੍ਰੀਤਮ ਜੀ'** ਦੀ ਐਤਨੀ ਹੀ ਵਿਥਿਆ ਮਲੂਮ ਹੈ। ਜੋ ਗੱਲ ਬਾਤ ਮੈਂ ਆਪ ਨੂੰ ਉੱਪਰ ਸੁਣਾਈ ਹੈ, ਉਹ ਜਿੰਨੀ ਮੈਨੂੰ ਯਾਦ ਸੀ ਆਪਣੇ ਅੱਖਰਾਂ ਵਿਚ ਸੁਣਾਈ ਹੈ। ਦਾਤਾ ਜੀ ਦੇ ਵਾਕ ਤੇ ਬਚਨ ਬਹੁਤ ਪਿਆਰੇ ਤੇ ਸੁੰਦਰ ਗੋਂਦਵੇਂ ਕਟਾਖਜਾਂ ਨਾਲ ਭਰੇ ਹੁੰਦੇ ਸਨ, ਨਾਲ ਉਹਨਾਂ ਦੇ

---

1. ਅਨਪੜ੍ਹਿਆ ਪੰਡਤ।

ਸਿਲਸਿਲੇ ਜੋੜਕੇ ਨਤੀਜੇ ਕੱਢਦੀ ਹੈ ਤੇ ਸੱਤ ਨੂੰ ਜਾਣਨ ਦਾ ਯਤਨ ਕਰਦੀ ਹੈ। ਇਹ ਗਜਾਨ ਸਿੱਧਾ ਸੰਪੂਰਨ ਤੇ ਨਿਰਪੇਖਕ ਨਹੀਂ ਹੁੰਦਾ, ਯਥਾਰਥ ਗਜਾਨ ਇਸ ਤੋਂ ਅਗੇਰੇ ਹੈ। ਗਜਾਨ ਉਹ ਹੈ ਜੋ ਸੁਤੇ ਪ੍ਰਕਾਸ਼ ਆਪਣੇ ਆਪ ਵਿਚ ਸੁਤੰਤ੍ਰ ਆਪੇ ਨੂੰ ਆਪੇ ਵਿਚ ਪਛਾਣਦਾ ਹੋਵੇ।

ਮੈਂ-ਜਿਸ ਨੂੰ ਤੁਸੀਂ ਅਨੁਭਵ ਆਖਦੇ ਹੋ ?

ਦਾਤਾ-ਚੰਗਾ ਇਹ ਕਹਿ ਲਓ।

ਮੈਂ-ਫੇਰ ਮੇਰੇ ਗਿਆਨ ਨੂੰ ਤੁਸੀਂ ਕੀਹ ਆਖਸੋ ?

ਦਾਤਾ-ਜਾਣਨਾ।

ਮੈਂ-ਠੀਕ ਠੀਕ ਦੱਸੋ ?

ਦਾਤਾ-ਤੇਰੀ ਪੜ੍ਹੀ ਹੋਈ ਵਿਦਜਾ ਦੇ ਹਿਸਾਬ ਤੂੰ ਖ਼ਬਰੇ ਮਨੋਮਯ ਕੋਸ਼ ਵਿਚ ਹੋਸੇਂ। ਹੋ ਸਕਦਾ ਹੈ ਕਿ ਵਿਗਜਾਨਮਯ ਕੋਸ਼ ਵਿਚ ਹੋਵੇਂ ਪਰ ਯਥਾਰਥ ਦੂਰ ਹੈ, ਦੂਰ ਹੈ।

ਮੈਂ-ਹੈਂ ! ਅਜੇ ਮੈਂ ਪੰਜ ਗਜਾਨ ਇੰਦ੍ਰਿਆਂ ਤੇ ਮਨ ! ਹੈਂ ਇਥੇ ਹਾਂ ?

ਦਾਤਾ-ਹੋਸੇਂ! ਮਨੋਮਯ ਕੋਸ਼ ਅਵਿਦਜਾ ਰੂਪ ਹੈ, ਇਸ ਤੋਂ ਅੱਗੇ ਹੈ ਵਿਗਜਾਨਮਯ। ਇਹੋ ਮਨੋਮਯ ਬੁੱਧੀ ਰਲਕੇ ਵਿਗਜਾਨਮਯ ਕੋਸ਼ ਬਣਦਾ ਹੈ। ਕਰਤਾ, ਭੋਗਤਾ, ਸੁਖ, ਦੁਖ, ਅਹੰ ਸਭ ਕੁਛ ਠਾਠ ਉਸੇ ਤਰ੍ਹਾਂ ਦਾ।

ਮੈਂ-ਮੈਂ ਤਾਂ ਆਨੰਦਮਯ ਤੋਂ ਅੱਗੇ ਆਤਮਾ ਤਕ ਜਾਣਦੀ ਹਾਂ।

ਦਾਤਾ-ਜਾਣ ਗਈ ਕਿ ਅੱਗੇ ਬੀ ਕੁਝ ਹੈ ਤਾਂ ਜਾਣ ਗਈ ਸਹੀ। ਕੈਦੀ ਜਾਣ ਗਿਆ ਕਿ ਬੰਦੀਖਾਨਿਓਂ ਬਾਹਰ ਖੁੱਲ੍ਹ ਹੈ ਸੋ ਜਾਣ ਗਿਆ ਸਹੀ।

ਮੈਂ-ਫੇਰ ਯਥਾਰਥ (ਸੱਚ) ਵਿਚ ਕੀਕੁੰ ਜਾਵਾਂ ?

ਦਾਤਾ-ਪ੍ਰੇਮ ਦੀ ਪਾਠਸ਼ਾਲਾ ਵਿਚ ਊੜੇ ਐੜੇ ਤੋਂ ਸੰਥਜਾ ਲੈ।

ਮੈਂ-ਤੂੰ ਉਸਤਾਦ ਜਾਪਦਾ ਹੈਂ, ਸਿਖਾ।

ਦਾਤਾ-**'ਪ੍ਰੀਤਮ ਜੀ'** ਸਿਖਾ ਸਕਦੇ ਹਨ। ਇਹ ਕਹਿਕੇ ਨੈਣ ਭਰ ਆਏ, ਅਰ ਨਾਲ ਹੀ ਮੇਰੇ ਕਲੇਜੇ ਨੂੰ ਧੂਹ ਪਈ ਤੇ ਅੰਝੂ ਭਰ ਆਏ।

ਮੈਂ-ਮੈਨੂੰ ਵਿਦਿਜਾ ਪਾ ਕੇ ਬੀ ਕਿਉਂ ਸੁਧ ਨਾ ਆਈ ?

ਦਾਤਾ-ਤੂੰ ਵਿਦਜਾ ਮੁਰਦਿਆਂ ਤੋਂ ਪਾਈ ਹੈ, ਤੇਰਾ ਵਾਸ ਉਹਨਾਂ ਮੁਰਦਿਆਂ ਵਿਚ ਹੈ ਜੋ ਸੜ੍ਹਾਂਦ ਛੱਡ ਰਹੇ ਹਨ।

ਮੈਂ (ਤ੍ਰਬ੍ਰਕ ਕੇ)-ਉਹ ਕਿੱਕੂੰ ?

ਦਾਤਾ-ਜਿਨਿਆਂ ਨੇ ਤੈਨੂੰ ਪੜ੍ਹਾਇਆ 'ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ'[1] ਸਨ, ਤੇ ਜਿਸ ਘਰ ਵਿਚ ਤੂੰ ਵੱਸਦੀ ਹੈਂ ਓਹ ਆਪ ਨੂੰ ਆਤਮਾ ਆਖਦੇ ਹਨ, ਪਰ ਉਨ੍ਹਾਂ ਦਾ ਮਨ ਮਾਇਆ ਵਿਚ ਲੀਨ ਹੈ। ਓਹ ਪੁਰਖ ਤੇ ਕੈਵਲਜ ਕੂਕਦੇ ਹਨ ਪਰ ਆਪ ਪ੍ਰਕ੍ਰਿਤੀ ਦੇ ਤਖ਼ਤੇ ਤੋਂ ਕਦੇ ਉੱਚੇ ਨਹੀਂ ਉੱਠੇ।

ਮੈਂ-ਕਿੱਕੂੰ ?

ਦਾਤਾ-ਆਤਮਾ ਦਾ ਧਰਮ ਹੈ 'ਦੇਣਾ', ਮਾਇਆ ਦਾ ਧਰਮ ਹੈ 'ਲੈਣਾ'[2]। ਤੇਰੇ ਮਾਤਾ ਪਿਤਾ ਤੇ ਘਰ ਦੇ ਲੋਕ, ਜਿਨ੍ਹਾਂ ਦਾ ਅਠ ਪਹਿਰ ਤੈਨੂੰ ਸੰਗ ਹੈ, ਓਹ 'ਲੈਣ' ਸ਼ਕਤੀ ਵਿਚ ਪ੍ਰਬਲ ਹਨ, ਦੇਣਾ ਨਹੀਂ ਜਾਣਦੇ। ਓਹ ਆਪਣੇ ਗਾਹਕਾਂ ਤੋਂ ਕੋਹਕੇ, ਦੁਖ ਦੇਕੇ, ਹਾਕਮਾਂ ਨੂੰ ਵੱਢੀਆਂ ਪੁਚਾਕੇ, ਹੱਕ ਤੋਂ ਤੇ ਕੌਲ ਕਰਾਰ ਤੋਂ ਵਧੀਕ ਖੱਸਦੇ ਹਨ। ਜਜਮਾਨਾਂ ਨੂੰ ਭੁਲੇਖੇ ਵਿਚ ਪਾਕੇ ਪੂਜਾ ਲੈਂਦੇ ਹਨ, ਚੋਰਾਂ ਦਾ ਮਾਲ ਸਸਤਾ ਖਰੀਦ ਲੈਂਦੇ ਹਨ। ਦਿਨ ਰਾਤ ਲੈਣ ਤੇ ਕੱਠੀ ਕਰਨ ਵਿਚ ਉਨ੍ਹਾਂ ਦੇ ਸਰੀਰ ਹੀ ਨਹੀਂ ਸਗੋਂ ਮਨ ਤੇ ਬੁੱਧੀ ਬੀ ਖਚਿਤ ਹਨ, ਝੂਠ ਬੋਲਦੇ ਹਨ, ਹੱਕ ਮਾਰਦੇ ਹਨ, ਦੁਖ ਦੇਂਦੇ ਹਨ। ਸੋ ਮਾਇਆ ਵਿਚ ਲੀਨ ਤੇ ਮਗਨ ਰਹਿਕੇ ਜੋ ਪਾਪ ਕਰਦੇ ਤੇ ਵਿਦਵਾਨ ਹੋ ਕੇ ਆਚਰਨ ਬੀ ਸੁਧ ਨਹੀਂ ਰਖਦੇ ਹਨ ਓਹ ਨਾ ਕੇਵਲ ਮੁਰਦੇ ਹਨ, ਸਗੋਂ ਸੜ ਰਹੇ ਮੁਰਦੇ ਹਨ। ਓਹ ਆਖਦੇ ਹਨ ਕਿ ਮਾੜੇ ਕਰਮ ਤੇ ਚੰਗੇ ਕਰਮ ਦੋਵੇਂ ਬੇੜੀਆਂ ਹਨ, ਪਰ ਅਜੇ ਉਨ੍ਹਾਂ ਦੀ ਇਕ ਬੇੜੀ ਮਾੜੇ ਕਰਮਾਂ ਦੀ ਬੀ ਨਹੀਂ ਟੁੱਟੀ ਤੇ ਡੀਂਗਾਂ ਮਾਰਦੇ ਹਨ ਕਿ ਅਸੀਂ ਆਤਮਾ ਹਾਂ ਕੈਵੱਲ ਹਾਂ। ਇਹ ਕੁਸੰਗ ਦਾ ਪ੍ਰਤਾਪ ਹੈ ਕਿ ਤੂੰ ਜਾਣਦੀ ਹੋਈ ਨਹੀਂ ਜਾਣਦੀ।

ਮੈਨੂੰ ਕਲੇਜੇ ਵਿਚ ਵੱਜੀ ਕਿ ਠੀਕ ਹੈ, ਪਿਤਾ ਜੀ ਖਟ ਸ਼ਾਸਤ੍ਰ ਵੇਤਾ ਹਨ, ਪਰ ਪੈਸੇ ਜਮਾਂ ਕਰਨ ਵੇਲੇ ਪਾਪ ਨੂੰ ਕੁਛ ਚੀਜ਼ ਨਹੀਂ ਸਮਝਦੇ, ਹਰ ਗੱਲ ਹਰ ਸ਼ੈ ਨਾਲ ਅਤਿ ਦੀ ਪਕੜ ਰਖਦੇ ਹਨ। ਜੋ ਕੁਛ ਵਿਦਜਾ ਵਿਚ ਅਸਾਂ ਪੜ੍ਹਿਆ ਹੈ, ਠੀਕ ਹੈ ਕਿ ਉਹ ਸਾਡੇ ਅੰਦਰ ਘਟਿਆ ਨਹੀਂ ਹੈ।

ਦਾਤਾ-ਤੈਨੂੰ ਵਿਦਜਾ ਇਸ ਲਈ ਪੜ੍ਹਾਈ ਗਈ ਸੀ ਕਿ:-

1. ਰਾਮ: ਵਾਰ ਮ: ੧-੭
2. ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।। (ਜਪੁਜੀ)

ਕੀ ਹੈ ?

ਮੈਂ-ਮੁਰਦਾ, ਪਰ ਇਹ ਦੱਸੋ ਕਿ ਆਦਮੀ ਕਿਸ ਅੱਗੇ ਮੁਰਦਾ ਹੈ ?

ਦਾਤਾ-ਜੀਉਂਦੇ ਅੱਗੇ।

ਮੈਂ-ਤੇ ਜੀਉਂਦਾ ਕੌਣ ਹੈ ?

ਦਾਤਾ-ਜੋ ਆਪਣੇ ਅਸਲੇ ਵਿਚ, ਅਪਣੇ ਅਸਲ ਸਰੂਪ ਵਿਚ ਅਪਣੇ ਕਾਰਨ ਨਾਲ ਅਵਿਛੁੜ ਜੁੜਿਆ ਹੈ, ਉਹ ਸੁਰਜੀਤ ਹੈ, ਜਾਗਦਾ ਹੈ, ਜੀਉਂਦਾ ਹੈ, ਉਹ ਜੀਉਂਦੇ ਅਨਜੀਉਂਦੇ ਦਾ ਮੁੱਲ ਜਾਣਦਾ ਹੈ।

ਮੈਂ-ਉਹ ਕਿੱਦਾਂ ?

ਦਾਤਾ-ਅਸਲ ਰੂਪ ਸਾਡਾ 'ਹੈ' 'ਪ੍ਰੇਮ' ਤੇ 'ਆਨੰਦ'[1]। ਪਰ ਅਸੀਂ ਸਾਰਾ ਦਿਨ ਸੋਚਾਂ, ਹਿਸਾਬਾਂ, ਮੁਰਦੇ ਵਹਿਣਾਂ ਵਿਚ ਦੁਖੀ, ਚਿੰਤਾਤੁਰ ਤੇ ਔਖੇ ਹਾਂ। ਤੁਸੀਂ ਜਾਣਦੇ ਹੋ ਪ੍ਰੇਮ ਦਾ ਉਹ ਕੀਹ ਪ੍ਰਕਾਸ਼ (ਪ੍ਰਗਟ ਰੂਪ) ਹੈ ਜਿਸ ਵਿਚੋਂ ਸਾਡੀ ਬੁਧੀ ਯਾ ਮਨ ਨੂੰ ਸਮਝ ਪੈ ਸਕੇ ਕਿ ਆਹ ਪ੍ਰੇਮ ਹੈ।

ਮੈਂ-ਪਤਾ ਨਹੀਂ।

ਦਾਤਾ-ਖਿੱਚ।

ਮੈਂ-ਹੈਂ ! ਖਿੱਚ ?

ਦਾਤਾ-ਜਦ ਕਿਸੇ ਪਾਸੇ ਸਾਡਾ ਮਨ ਧੂਹ ਖਾਂਦਾ ਹੈ, ਖਿੱਚਿਆ ਜਾਂਦਾ ਹੈ ਤਾਂ ਅਸੀਂ ਜਾਣਦੇ ਹਾਂ ਕਿ ਇਸ ਸ਼ੈ ਨਾਲ ਸਾਨੂੰ ਪਿਆਰ ਹੈ।

ਮੈਂ (ਸੋਚਕੇ)-ਹੈ ਤਾਂ ਠੀਕ!

ਦਾਤਾ-ਫੇਰ ਜਿਸ ਦੇ ਅੰਦਰ ਧੂਹ ਨਹੀਂ ਪਈ ਉਸ ਦੇ ਅੰਦਰ ਪ੍ਰੇਮ ਨੇ ਪ੍ਰਕਾਸ਼ ਨਹੀਂ ਪਾਇਆ; ਉਹ ਸੁੱਤਾ ਹੈ ਯਾ ਮੂਰਛਿਤ ਹੈ।

ਮੈਂ-ਜੀ ਹਾਂ।

ਦਾਤਾ-ਸਾਡਾ ਸਰੂਪ ਪ੍ਰੇਮ ਹੈ, ਜਦ ਪ੍ਰੇਮ ਮੂਰਛਿਤ ਹੈ ਤਾਂ ਅਸੀਂ ਆਪਣ ਸਰੂਪ ਵਿਚ ਜੀਉਂਦੇ ਕੀਕੂੰ ਹਾਂ ?

ਮੈਂ-ਠੀਕ ਹੈ ਪ੍ਰੇਮ ਆਖੀਦਾ ਤਾਂ ਹੈ ਪਰ ਖਿੱਚ ਤਾਂ ਕਦੇ ਪਲ ਭਰ ਲਈ ਕਿਸੇ ਲੋਭ ਲਾਲਚ ਸੁਖ ਦੀ ਲੋੜ ਕਿਸੇ ਪਾਸੇ ਪੈ ਜਾਵੇ ਤਾਂ ਪੈਕੇ ਫੇਰ ਬੱਸ, ਅਸੀਂ ਉਸੇ ਤਰ੍ਹਾਂ ਦੇ ਖੁਸ਼ਕ ਜਿਹੇ ਕਿਸੇ ਬੱਝਵੇਂ ਹਿਸਾਬਾਂ ਵਿਚ ਟੁਰਨ ਵਾਲੇ ਹੋ ਜਾਂਦੇ ਹਾਂ!

ਦਾਤਾ-ਕਿਸੇ ਵਲ ਖਿੱਚ ਦਾ ਅਰਥ ਹੈ 'ਕਾਰਜ' ਵਲ ਖਿੱਚ, ਖਿੱਚ ਚਾਹੀਏ 'ਕਾਰਨ' ਵਲ। ਕਾਰਨ ਹੈ ਵਾਹਿਗੁਰੂ, ਬ੍ਰਹਮ, ਈਸ਼੍ਵਰ। ਜਦ ਉਧਰ ਖਿੱਚ ਨਹੀਂ, ਲਗਨ ਨਹੀਂ, ਤਾਂ ਅਸੀਂ ਜੀਉਂਦੇ ਹਾਂ ਕਿ ਮੁਰਦੇ?

ਮੈਂ (ਤ੍ਰਬ੍ਰਕ ਕੇ)-ਊਈ ! ਅਸੀਂ ਮੁਰਦੇ ਹਾਂ ਠੀਕ।

ਦਾਤਾ-ਦੇਖ ਇਕ ਜੀਉਂਦਾ ਆਖਦਾ ਹੈ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ
ਜਾਣੁ ਮਸਾਨ॥ (ਫਰੀਦ-੩੬)

ਮੈਂ-ਹੁਣ ਸਮਝੀ ਕਿ ਮੈਂ ਮੁਰਦਾ ਹਾਂ, ਠੀਕ ਮੇਰੇ ਅੰਦਰ ਪਰਮਾਤਮਾ ਵੱਲ ਪਿਆਰ ਦੀ ਖਿੱਚ ਤੇ ਖਿੱਚ ਵਿਚ ਰਸ ਨਹੀਂ ਹੈ।

ਇੰਨੇ ਨੂੰ ਪਿਤਾ ਜੀ ਆ ਗਏ ਤੇ ਉਹ ਕਾਹਲੀ ਵਿਚ ਸਨ ਸੋ ਅਸੀਂ ਘਰ ਪਹੁੰਚੇ।

ਭੋਜਨ ਪਾਉਣ ਦੇ ਮਗਰੋਂ ਮੈਂ ਦਾਤਾ ਜੀ ਨੂੰ ਆਪਣੇ ਪੁਸਤਕਾਲੇ ਵਿਚ ਲੈ ਗਈ ਤੇ ਜਾ ਕੇ ਕਿਹਾ, ਕ੍ਰਿਪਾ ਕਰਕੇ ਮੈਨੂੰ ਸਮਝਾਓ ਤੇ ਰਾਹੇ ਪਾਓ ਕਿ ਗੱਲ ਕੀਹ ਹੈ ?

ਦਾਤਾ-ਤੂੰ ਕੁਛ ਥੋੜਾ ਜਾਣਦੀ ਹੈਂ, ਪਰ ਪਛਾਣਦੀ ਕੁਝ ਨਹੀਂ ਹੈ: ਦੱਸ ਖਾਂ, ਜਾਣਨਹਾਰ, ਜੋ ਉਸ ਤੋਂ ਭਿੰਨ (ਪਦਾਰਥ) ਹਨ, ਉਨ੍ਹਾਂ ਨੂੰ ਜਾਣਦਾ ਹੈ, ਪਰ ਆਪ ਨੂੰ ਤਾਂ ਪਛਾਣ ਸਕਦਾ ਹੈ, ਆਪੇ ਨੂੰ ਜਾਣ ਕੀਕੂੰ ਸਕਦਾ ਹੈ ?

ਮੈਂ-ਕੀਕੂੰ ?

ਦਾਤਾ-ਨਜ਼ਰ ਸਾਰੇ ਨਜ਼ਾਰੇ ਨੂੰ ਦੇਖਦੀ ਹੈ ਕਦੇ ਨਜ਼ਰ ਨੇ ਆਪਣੇ ਆਪ ਨੂੰ ਬੀ ਉਸ ਤਰ੍ਹਾਂ ਡਿੱਠਾ ਹੈ ਜਿਸ ਤਰ੍ਹਾਂ ਕਿ ਸਾਰੇ ਦ੍ਰਿਸ਼ ਨੂੰ ਦੇਖਦੀ ਹੈ ?

ਮੈਂ-ਨਹੀਂ।

ਦਾਤਾ-ਫੇਰ ਦ੍ਰਿਸ਼ਟਾ ਸਦਾ ਦ੍ਰਿਸ਼ਟਾ ਹੈ, ਉਹ ਆਪੇ ਨੂੰ ਆਪਣੇ ਲਈ ਦ੍ਰਿਸ਼ਟਮਾਨ ਬਣਾਕੇ ਕੀਕੂੰ ਤੱਕ ਸਕਦਾ ਹੈ ? ਉਹ ਆਪਣੇ ਆਪ ਨੂੰ ਆਪ ਅਨੁਭਵ ਕਰ ਸਕਦਾ ਹੈ।

ਮੈਂ-ਠੀਕ ਹੈ।

ਦਾਤਾ-ਵਿਦਜਾ ਪਾਕੇ ਤੂੰ ਜਾਣਨਯੋਗ ਪਰਮੇਸ਼ਰ ਨੂੰ ਆਪਣੇ ਗਜ਼ਾਨ ਦਾ ਦ੍ਰਿਸ਼ਟਮਾਨ ਵਾਂਙੂ ਵਿਸ਼ਾ ਬਣਾ ਕੇ ਸਮਝਣ ਦਾ ਯਤਨ ਕੀਤਾ ਹੈ, ਜਿਸ ਨਾਲ ਜਾਣਦਿਆਂ ਹੋਇਆਂ ਜਾਣਨ ਯੋਗ ਨਹੀਂ ਜਾਣਿਆ ਗਿਆ। ਵਿਦਜਾ ਤਰਕ ਵਿਚ ਲਿਜਾਂਦੀ ਹੈ, ਤਰਕ ਕਾਰਨ ਕਾਰਜ ਦੇ

1. ਅਸਤੀ, ਭਾਂਤੀ ਪ੍ਰੇਯ।

ਤੇ ਛੰਮ ਛੰਮ ਤ੍ਰੇਪੇ ਕਿਰੇ। ਮੈਨੂੰ ਬੀ ਕੰਬਣੀ ਆਈ, ਅੱਖਾਂ ਬੰਦ ਹੋ ਗਈਆਂ, ਆ ਮੁਹਾਰੇ ਅੰਝੂ ਕਿਰੇ ਤੇ ਸੁਧ ਨਹੀਂ ਰਹੀ। ਚਿਰ ਪਿਛੋਂ ਮੇਰੇ ਨੇਤ੍ਰ ਖੁੱਲ੍ਹੇ। ਦਾਤਾ ਜੀ ਪਿੱਠ ਫੇਰ ਚੁਕੇ ਸਨ, ਡਿਉਢੀ ਤਕ ਪਹੁੰਚ ਚੁਕੇ ਸਨ, ਪਰ ਇਹ ਕਹਿੰਦੇ ਜਾਂਦੇ ਸਨ: 'ਤੂੰ ਮੁਰਦਾ ਹੈਂ, ਤੂੰ ਮੁਰਦਾ ਹੈਂ, ਤੂੰ ਮੁਰਦਾ ਹੈਂ।'

ਮੇਰੇ ਅੰਦਰ ਭੈ ਛਾ ਗਿਆ। 'ਮੈਂ ਮੁਦਰਾ ਹਾਂ ?' ਪਹਿਲੇ ਅੰਨ੍ਹੀ ਬਣਾਇਆ ਫੇਰ ਨਾਸਤਿਕ ਬਣਾਇਆ ਹੁਣ ਮੁਰਦਾ ਬਣਾ ਦਿੱਤਾ। ਮੈਂ ਕੀਹ ਕਰਾਂ ? ਜੀ ਨੇ ਕਿਹਾ: ਪਿਤਾ ਜੀ ਨੂੰ ਕਹੁ; ਪਰ ਇਕ ਭੈ ਆਇਆ, ਅਰ ਮੈਂ ਚੁਪ ਕਰ ਰਹੀ। ਰਾਤ ਮੈਂ ਸੌਣ ਲੱਗੀ ਤਾਂ ਕੰਨ ਬਾਰ ਬਾਰ ਸੁਣਦੇ ਸਨ, 'ਤੂੰ ਮੁਰਦਾ ਹੈਂ, ਸੋ ਏਸੇ ਵਹਿਮ ਵਿਚ ਮੈਂ ਸੌਂ ਗਈ।

ਦੋ ਚਾਰ ਦਿਨ ਦਾਤਾ ਜੀ ਨਜ਼ਰ ਨਹੀਂ ਪਏ, ਮੇਰੇ ਸਰੀਰ ਦੀ ਖੁਸ਼ੀ ਤੇ ਮੌਜਾਂ ਦੀ ਸਮਾਪਤੀ ਹੋ ਗਈ। ਭਾਵੇਂ ਬਹੁਤ ਪੜ੍ਹਨ ਕਰਕੇ ਮੈਂ ਕਈ ਵੇਰ ਸਿਰ ਦਰਦ, ਹਾਜ਼ਮੇ ਦੇ ਵਿਗਾੜ ਕਰਕੇ ਕ੍ਰੋਧਣ ਤੇ ਚਿੜਚਿੜੀ ਜਿਹੀ ਹੋ ਕੇ ਦੁਖੀ ਹੋਇਆ ਕਰਦੀ ਸਾਂ ਪਰ ਹੁਣ ਤਾਂ ਮੈਂ ਡਾਵਾਂ ਡੋਲ ਤੇ ਉਦਾਸ ਜਿਹੀ ਹੋ ਗਈ। ਫਿਕਰ ਤੇ ਸੋਚਾਂ ਪੈ ਗਈਆਂ। ਵਿਦਤਾ ਦੇ ਸਾਰੇ ਖਿਆਲ, ਯੁਕਤੀਆਂ, ਤਰਕ, ਵਿਤਰਕਾਂ ਨਾਲ ਜੀ ਨੂੰ ਇਨ੍ਹਾਂ ਵਹਿਣਾਂ ਵਿਚੋਂ ਕੱਢਾਂ, ਪਰ ਨਿਕਲ ਨ ਸੱਕਾਂ। ਮਾਤਾ ਪਿਤਾ ਜੀ ਬੀ ਫਿਕਰ ਕਰਨ ਲਗੇ। ਮੈਨੂੰ ਪੁੱਛਣ ਕਿ ਤੂੰ ਲਿੱਸੀ ਕਿਉਂ ਹੋ ਰਹੀ ਹੈਂ ? ਪਰ ਜਿਸ ਵੇਲੇ ਕੁਛ ਕਹਿਣ ਲੱਗਾਂ, ਆਪਣੀ ਮੂਰਖਤਾ ਦੇ ਇਕਰਾਰ ਦੀ ਸ਼ਰਮ ਮੈਨੂੰ ਕੁਝ ਨਾ ਕਹਿਣ ਦੇਵੇ। ਨਾਲੇ ਡਰ ਲਗੇ ਕਿ ਮਤੇ ਪਿਤਾ ਜੀ ਦਾਤਾ ਜੀ ਦਾ ਆਉਣਾ ਬੰਦ ਕਰ ਦੇਣ ਤੇ ਇਹ ਮੇਰਾ ਜੀ ਕਰਦਾ ਸੀ ਕਿ ਉਹ ਆਉਣ ਤੇ ਹੋਰ ਬਚਨ ਸੁਣਾਂ। ਇਸ ਲਈ ਮਾਪਿਆਂ ਨੂੰ ਕੁਛ ਨਾਂ ਦੱਸਿਆ। ਛੇਵੇਂ ਕੁ ਦਿਨ ਦਾਤਾ ਜੀ ਲਾਲ ਸੇਉ ਵਾਂਙੂ ਭਖਦੇ ਖੁਸ਼ੀ ਖੁਸ਼ੀ ਇਹ ਕੁਛ ਗਾਉਂਦੇ ਮੈਨੂੰ ਨਦੀ ਦੇ ਕਿਨਾਰੇ ਤੇ ਮਿਲ ਪਏ :-

ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ॥
ਥਿਤਿਪਾਈ ਆਨਦੁ ਭਇਆ ਗੁਰ ਕੀਨੇ ਧਰਮਾ॥
(ਬਿਲਾ: ਮ: ੫-੫੫)

ਮੈਂ ਸਿਰ ਨਿਵਾਕੇ ਪੁੱਛਿਆ: "ਦਾਤਾ ਜੀ ! ਕੀ ਮੈਂ ਮੁਰਦਾ ਹਾਂ ? ਪ੍ਰਕ੍ਰਿਤੀ ਦਾ ਹਿੱਸਾ ਤਾਂ ਮੁਰਦਾ ਹੈ, ਪਰ ਮੈਂ ਤਾਂ ਜਾਗਦੀ ਜੋਤਿ ਹਾਂ।"

ਦਾਤਾ (ਹੱਸ ਕੇ)-ਮੁਰਦੇ ਦੇ ਸੰਗ ਵਿਚ ਜੀਉਂਦਾ ਮੁਰਦਾ ਹੋ ਰਿਹਾ ਹੈ।

ਮੈਂ-ਮੇਰੀ ਸਮਝ ਵਿਚ ਨਹੀਂ ਪੈਂਦਾ, ਕੀਕੂੰ ?

ਦਾਤਾ-ਆਓ ਖਾਂ ਵੇਖੀਏ! ਭਲਾ ਜੇ ਤੁਹਾਡੇ ਪਿਤਾ ਦੇ ਬਾਗ ਵਿਚ ਇਕ ਸੁਹਣਾ ਗੁਲਾਬ ਦਾ ਬੂਟਾ ਹੋਵੇ ਅਤੇ ਤੁਸੀਂ ਮੋਤੀ ਸਾੜ ਕੇ ਉਸ ਦੀਆਂ ਜੜ੍ਹਾਂ ਵਿਚ ਰੇਹ ਬਣਾ ਕੇ ਪਾ ਦਿਓ ਤਾਂ ਤੁਸੀਂ ਮੂਰਖ ਹੋ ਯਾ ਸਿਆਣੇ ?

ਮੈਂ-ਮੂਰਖ।

ਦਾਤਾ-ਕਿਉਂ ?

ਮੈਂ-ਇਤਨੀ ਕੀਮਤੀ ਚੀਜ਼ ਇਕ ਮਾਮੂਲੀ ਬੂਟੇ ਨੂੰ ਪਾ ਦਿਆਂ !

ਦਾਤਾ-ਭਲਾ ਦੋਹਾਂ ਵਿਚੋਂ ਵੱਡਾ ਕੌਣ ਹੈ ?

ਮੈਂ-ਮੋਤੀ।

ਦਾਤਾ-ਕੀਹ ਮੋਤੀ ਖਾ, ਪੀ, ਵਧ ਮੌਲ ਸਕਦਾ ਹੈ ?

ਮੈਂ-ਨਹੀਂ।

ਦਾਤਾ-ਫੇਰ ਵੱਡਾ ਕੌਣ ਹੈ ?

ਮੈਂ-ਮੋਤੀ, ਕਿਉਂਕਿ ਮੋਤੀ ਦਾ ਮੁੱਲ ਬਹੁਤ ਹੈ।

ਦਾਤਾ-ਹਾਂ, ਇਹੋ ਤਾਂ ਖੇਡ ਹੈ। ਤੁਹਾਨੂੰ ਮੁੱਲ ਪਾਉਣ ਦੀ ਸੋਝੀ ਨਹੀਂ ਆਈ। ਮੁੱਲ ਤਾਂ ਜੀਵਨ ਮੌਤ ਦੇ ਨੁਕਤੇ ਤੋਂ ਪਾਇਆ ਜਾਂਦਾ ਹੈ, ਨਿਰਾ ਬਣੀਏ ਦੀ ਕੀਮਤ ਤੋਂ ਨਹੀਂ ਪਾਈਦਾ। ਹਾਂ ਮੈਂ ਪੁੱਛਦਾ ਹਾਂ ਜੀਵਨ ਨੂੰ ਨਜ਼ਰ ਵਿਚ ਲਿਆ ਤੇ ਦੱਸ ਦੁਹਾਂ ਵਿਚੋਂ ਕੌਣ ਵੱਡਾ ਹੈ ?

ਮੈਂ-ਗੁਲਾਬ, ਕਿਉਂਕਿ ਮੋਤੀ ਮੁਰਦਾ ਹੈ ਤੇ ਗੁਲਾਬ ਜੀਉਂਦਾ ਹੈ! ਮੋਤੀ ਨਾਲੋਂ ਗੁਲਾਬ ਜੀਵਨ ਵਿਚ ਬਹੁਤ ਉੱਚਾ ਹੈ।

ਦਾਤਾ-ਬੱਕਰੀ ਗੁਲਾਬ ਖਾ ਜਾਵੇ ਤਾਂ ਤੁਸੀਂ ਕੀਹ ਆਖਸੋ ?

ਮੈਂ-ਹੁਣ ਤਾਂ ਸਮਝ ਪੈ ਗਈ ਹੈ ਕਿ ਬੱਕਰੀ ਜੀਵਨ ਦੇ ਲੇਖੇ ਵੇਖੀਏ ਤਾਂ ਗੁਲਾਬ ਕੋਲੋਂ ਉੱਚੇ ਦਰਜੇ ਦੀ ਸ਼ਰੇਣੀ ਵਿਚ ਹੈ ਤੇ ਇਸ ਦੀ ਕੀਮਤ ਪਾਉਣ ਵਿਚ ਵਧੇਰੇ ਅਮੋਲਕ ਹੈ।

ਦਾਤਾ-ਤਦ ਬੱਕਰੀ ਦੇ ਸਾਹਮਣੇ ਗੁਲਾਬ ਮੁਰਦਾ ਹੈ ?

ਮੈਂ-ਹਾਂ !

ਦਾਤਾ-ਇਸ ਤਰ੍ਹਾਂ ਆਦਮੀ ਦੇ ਮੁਕਾਬਲੇ ਤੇ ਬੱਕਰੀ

ਸਮੁੰਦੁ ਨਦੀ ਸਭਿ ਸਿਖੀ' ਦੀ ਪਰਤੱਗਜਾ ਪੂਰਨ ਵਾਲੇ, ਅਰ ਏਹ ਉਚਾਰਨ ਤੇ ਵਰਤਣ ਵਾਲੇ ਸਤਿਗੁਰੂ: "ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋਸੇ ਗਰੀਬ ਕਰੋਰ ਪਰੇ" ਕਿਸੇ ਭਾਰੀ ਮੁਸ਼ਕਲ ਨੂੰ ਹੱਲ ਕਰਨ ਗਏ ਹਨ। ਸੋਚਦੇ ਹਨ ਕਿ ਕਿਸੇ ਪ੍ਰੇਮੀ ਦੀ ਖਿੱਚ ਵਿਚ ਕਿਤੇ ਚਲੇ ਗਏ ਹਨ।

ਉਧਰ ਗੁਰੂ ਸਾਹਿਬ ਦਬਾਸੱਟ ਜਾ ਰਹੇ ਹਨ, ਘੋੜੇ ਮੁੜ੍ਹਕੇ ਨਾਲ ਨਹਾ ਰਹੇ ਹਨ, ਐਉਂ ਜਾ ਰਹੇ ਹਨ ਜਿਕੂੰ ਸਮੁੰਦਰ ਦੀ ਜਵਾਰ ਨਦੀ ਦੇ ਸੰਗਮ-ਸਥਾਨ ਤੋਂ ਮੀਲਾਂ ਤਕ ਉਪਰ ਜਾਂਦੀ ਹੈ। ਪਿਆਰਿਆਂ ਤੇ ਦੁਲਾਰਿਆਂ ਨੂੰ ਕਹਿੰਦੇ ਹਨ: 'ਦੇਖੋ ਜੰਗਲ ਵਿਚ ਮੰਗਲ ਹੋ ਰਿਹਾ ਹੈ। ਲੰਗਰ ਪੱਕ ਰਿਹਾ ਹੈ, ਸਾਧ ਸੰਗਤ ਛਕ ਰਹੀ ਹੈ, ਕੇਡਾ ਸੁਆਦ ਹੈ, ਵਾਹਿਗੁਰੂ ਨੇ ਰਸ ਪਾ ਦਿੱਤਾ ਹੈ, ਗੁਰਪੁਰਬ ਹੋ ਰਿਹਾ ਹੈ, ਇਸ ਗੁਰਪੁਰਬ ਨੇ ਨਿਤ ਦੇ ਗੁਰਪੁਰਬ ਨੂੰ ਦੋ ਦਿਨ ਉਡੀਕ ਵਿਚ ਖੜਾ ਕਰ ਦਿੱਤਾ ਹੈ।' ਇਹ ਵਾਕ ਕਰਦੇ ਦੁਪਹਿਰ ਕੁ ਵੇਲੇ ਉਸ ਡਾਕੇ ਨਾਲ ਮਾਰੇ ਪਿੰਡ ਅੱਪੜੇ। ਹੁਣ ਤਕ ਸਾਰੇ ਫੱਟੜ ਸਾਫ਼ ਹੋ ਕੇ ਬੰਨ੍ਹੇ ਜਾ ਚੁਕੇ ਸਨ, ਸਾਰੇ ਮੰਜਿਆਂ ਪੁਰ ਅਰਾਮ ਨਾਲ ਪਏ ਸਨ, ਜੋ ਜਿਸ ਦੇ ਜੋਗ ਸੀ ਛਕਾਇਆ ਜਾ ਚੁੱਕਾ ਸੀ। ਘੁੱਲੂ, ਮਹਿਤਾਬ, ਤਿਲੋਕਬਾਈ, ਦੋ ਤ੍ਰੈ ਸਿੰਘ ਤੇ ਇਕ ਅਧ ਮਾਈ ਜੋ ਨਾਲ ਰਲ ਪਏ ਸੇ ਵਿਹਲੇ ਹੋ ਕੇ ਅਰਦਾਸ ਕਰ ਰਹੇ ਸੇ:- 'ਹੇ ਗੁਰੂ ! ਆਪ ਪਰਮ ਕ੍ਰਿਪਾ ਕਰਕੇ ਇਸ ਲੰਗਰ ਨੂੰ ਅੰਗੀਕਾਰ ਕਰੋ ਤੇ ਆਪ ਦਾ ਬਖ਼ਸ਼ਿਆ ਸੰਗਤ ਛਕੇ।' ਇਸ ਅਰਦਾਸ ਵਿਚ ਮਗਨਤਾ ਐਸੀ ਸੀ ਕਿ ਘੋੜਿਆਂ ਦੀ ਟਾਪ ਦੀ ਆਵਾਜ਼ ਨੇ ਬੀ ਪ੍ਰਾਰਥਨਾਂ ਵਿਚੋਂ ਨਾ ਉਕਾਇਆ। ਚੋਜੀ ਸਤਿਗੁਰੂ ਜਗਤ ਨੂੰ ਸਚਾ ਪਿਆਰ ਕਰਨ ਵਾਲੇ ਘੋੜੇ ਤੋਂ ਉਤਰਕੇ ਜਾ ਖੜੋਤੇ। ਪਿਆਰੇ, ਦੁਲਾਰੇ ਤੇ ਸਿੰਘ ਬੀ ਮਗਰੇ ਖੜੇ ਅਰਦਾਸਾ ਸੁਣ ਰਹੇ ਹਨ। ਜਦ 'ਤੇਰੇ ਭਾਣੇ ਸਰਬੱਤ ਕਾ ਭਲਾ' ਕਹਿਕੇ ਸੰਗਤ ਨੇ ਸਿਰ ਨਿਵਾਇਆ ਤਾਂ ਅਵਾਜ਼ਾ ਸੁਣਦੇ ਹਨ-"ਡਾਢੀ ਭੁੱਖ ਲਗੀ ਹੈ, ਛੇਤੀ ਪ੍ਰਸ਼ਾਦ ਲਿਆਓ।" ਇਸ ਤਰ੍ਹਾਂ ਸਤਿਗੁਰ ਨੂੰ ਪ੍ਰਤੱਖ ਹਾਜ਼ਰ ਨਾਜ਼ਰ ਦੇਖਦਿਆਂ ਹੀ ਸਭਨਾਂ ਦੇ ਸੀਨਿਆਂ ਵਿਚ ਪ੍ਰੇਮ ਦੀਆਂ ਕਾਂਗਾਂ ਉਛਲ ਪਈਆਂ। ਜਿੱਕੁਰ ਵੱਛਾ ਮਾਂ ਨੂੰ ਧਾ ਕੇ ਮਿਲਦਾ ਹੈ, ਸਾਰੇ ਸਤਿਗੁਰਾਂ ਨੂੰ ਲਿਪਟ ਗਏ। ਉਸ ਉੱਕੀ ਨਿਰਾਸਤਾ ਵਿਚ ਆਸਾ ਪੂਰਨ ਵਾਲੇ ਦੇ ਮਿਲਾਪ ਆਨੰਦ ਵਿਚ ਐਸੇ ਮਗਨ ਹੋ ਗਏ ਕਿ ਸੁਧ ਨਾ ਰਹੀ। ਗੁਰੂ ਜੀ ਸਿਰਾਂ ਤੇ ਪਿਆਰ ਦੇ ਰਹੇ ਹਨ ਅਰ ਕਹਿ ਰਹੇ ਹਨ: ਤੁਸਾਂ ਫੱਟੜਾਂ ਦੇ ਘਾਉ ਨਹੀਂ ਬੰਨ੍ਹੇ, ਮੈਨੂੰ ਠੰਢ ਪਾਈ ਹੈ। ਹੇ ਚੰਦ੍ਰ ਮੁਖੀ ਮਹਿਤਾਬ ! ਹੇ ਮੇਰੇ ਦੁਲਾਰੇ ਘੁੱਲੂ ! ਤੁਸਾਂ ਤਿਲੋਕ ਬਾਈ ਨਹੀਂ ਸੇਵੀ 'ਤ੍ਰੈਲੋਕ' ਦੀ ਸੇਵਾ ਕੀਤੀ ਹੈ। ਤੁਸਾਂ ਉਸ ਅਨਾਥ ਕੰਨਿਆਂ ਨੂੰ ਕੈਦੋਂ ਨਹੀਂ ਸੀ ਕੱਢਿਆ ਮੇਰੇ ਬੰਦ ਖੁਹਲੇ ਸਨ। ਅੱਜ ਤੁਸਾਂ ਜੋ ਸੇਵਾ ਕੀਤੀ, ਉਸ ਦੀ ਠੰਢ ਮੈਨੂੰ ਪਈ ਹੈ। ਅੱਜ ਤੁਸਾਂ ਨੇ ਮੇਰੀ ਵਰ੍ਹੇ ਗੰਢ ਮਨਾਈ ਹੈ, ਮੈਨੂੰ ਸੇਵਿਆ ਹੈ।

ਇਸ ਤਰ੍ਹਾਂ ਪਿਆਰ ਦੇਂਦੇ ਦੇਂਦੇ ਸਤਿਗੁਰਾਂ ਦੇ ਆਪਣੇ ਨੇਤ੍ਰ ਕੁਛ ਰਸ-ਭਿੰਨੜੇ ਹੋ ਗਏ, ਫੇਰ ਪਿਆਰਿਆਂ ਨੂੰ ਬਾਹਾਂ ਨਾਲ ਲਾਈ ਆਪ ਢੇਰ ਚਿਰ ਨੇਤ੍ਰ ਬੰਦ ਖੜੇ ਰਹੇ। ਫੇਰ ਨੇਤ੍ਰ ਖੋਲ੍ਹੇ, ਹੱਸ ਕੇ ਬੋਲੇ "ਮੇਰਾ ਸਿੱਖ, ਮੇਰਾ ਪਿਆਰਾ,...ਹਾਂ ਉਹ ਹੈ ਜੋ ਵਾਹਿਗੁਰੂ ਦੇ ਰੰਗ ਵਿਚ ਰਹਿੰਦਾ ਹੈ ਤੇ ਸਰਬੱਤ ਦਾ ਭਲਾ ਚਾਹੁੰਦਾ ਹੈ।"

ਹੁਣ ਮਹਾਰਾਜ ਜੀ ਫੱਟੜਾਂ ਵੱਲ ਗਏ, ਉਨ੍ਹਾਂ ਨੂੰ ਪਿਆਰ ਦਿਲਾਸੇ ਦਿੱਤੇ। ਫੇਰ ਸਪੁੱਤ੍ਰਾਂ ਨੂੰ ਕਿਹਾ: "ਦੁਲਾਰਿਓ, ਇਹ ਸੇਵਾ ਕਰਨ ਵਾਲੇ ਪ੍ਰੇਮੀ ਬੀ ਮੇਰੇ ਪੁੱਤ੍ਰ ਹਨ, ਤੁਹਾਡੇ ਵੀਰ ਹਨ, ਮੇਰਾ ਪਰਿਵਾਰ ਕੁਦਰਤ ਦਾ ਪਰਿਵਾਰ ਹੈ ਜੋ ਕਾਦਰ ਨੇ ਮੇਲਿਆ ਹੈ।"

ਫੇਰ ਮਹਾਰਾਜ ਜੀ ਤੇ ਸਭਨਾਂ ਨੇ ਪ੍ਰਸ਼ਾਦ ਛਕਿਆ! ਅੱਜ ਤਿਲੋਕ ਬਾਈ ਨੇ ਚੌਕੇ ਦਾ ਭਰਮ ਛਡਿਆ ਤੇ ਲੰਗਰ ਦਾ ਪ੍ਰਸ਼ਾਦ ਛਕਿਆ। ਹੁਣ ਸਤਿਗੁਰਾਂ ਨੇ ਦੂਜੇ ਪਿੰਡਾਂ ਵਿਚ ਸਵਾਰ ਭੇਜ ਕੇ ਭੱਜੇ ਹੋਏ ਲੋਕ ਸਦਵਾਏ ਅਰ ਪਿੰਡ ਦੇ ਵੱਸ ਪੈਣ ਦਾ ਉਪਰਾਲਾ ਕਰਾਇਆ: ਪਿੰਡ ਦੇ ਪਹਿਰੇ ਲਈ ਕੁਛ ਸਵਾਰ ਉਸ ਜਗ੍ਹਾ ਛਡੇ। ਸਭ ਨੇ ਆ ਕੇ ਆਪਣੇ ਪਿਆਰੇ ਤੇ ਘਰ ਬਾਹਰ ਸੰਭਾਲ ਲਏ। ਕੁਛ ਪਦਾਰਥ ਸਤਿਗੁਰਾਂ ਨੇ ਲੋਕਾਂ ਨੂੰ ਦਿੱਤਾ। ਰਾਤ ਉਥੇ ਹੀ ਉਜਾੜ ਵਿਚ ਦੀਵਾਨ ਲਾਇਆ। ਹੁਣ ਤਿਲੋਕ ਬਾਈ ਨੇ ਬੀਨ ਖੋਲ੍ਹੀ, ਹਾਂ ਆਪਣੇ ਆਤਮ ਦੇਸ਼ ਦੇ ਨਵਾਬ ਦੇ ਅੱਗੇ: 'ਮੇਰਾ ਮਨ ਲੋਚੈ' ਦਾ ਸ਼ਬਦ ਅਚਰਜ ਧੁਨੀ ਨਾਲ ਗਾਂਵਿਆਂ। ਰਾਤ ਕੁਝ ਸੌਂ ਕੇ ਕੁਝ ਕੀਰਤਨ ਵਿਚ ਬਿਤੀਤ ਕਰਕੇ

"ਭਾਵੇਂ ਗੱਲ ਜਾਪੇ ਏ ਹੰਕਾਰ ਵਾਲੀ,
"ਮੇਰੀ ਜਾਚੇ ਨਾਂ ਏਹ ਹੰਕਾਰ ਹੈਵੇ,
"ਜੋ ਹੈ ਸਿੰਘ ਓ ਕਦੀ ਨਾ ਪਿੱਠ ਦੇਵੇ,
"ਮਾਤ ਪਿਤਾ ਨੂੰ ਫੁਰੇ ਜੇ ਰਤੀ ਸੰਸਾ,
ਸੁਣਕੇ ਪਿਤਾ ਨੇ ਗਲੇ ਦੇ ਨਾਲ ਲਾਇਆ।
"ਤੈਂ ਪਰ ਸ਼ੱਕ ਨਾ, ਪੁੱਤਰਾ ! ਅਸਾਂ ਕੋਈ,
"ਕੱਸ ਮਾਊਂ ਨੇ ਲਾਇਕੇ ਦੇਖਿਆ ਹੈ,
"ਅਸਾਂ ਦੇਖ ਲੀਤਾ, ਅਸਾਂ ਜਾਣ ਲੀਤਾ,
"ਗੁਰੂ ਨਾਲ ਹੈ ਬਣੀ ਤੇ ਬਣੀ ਰਹਿਸੀ,
"ਤੇਰਾ ਵਾਸ ਹੋਸੀ ਗੋਦ ਪ੍ਰਭੂ ਅੰਦਰ,
"ਤੇਰਾ ਜਨਮ ਤੇ ਮਰਨ ਹੈ ਸਫਲ ਦੋਵੇਂ,
ਉੱਠ ਮਾਂਊਂ ਨੇ ਫੇਰ ਪਿਆਰ ਦਿੱਤਾ,
ਫੇਰ ਚਾੜ੍ਹ ਘੋੜੇ, ਪੁਤ ਤੋਰਦੀ ਹੈ,
ਇਸਦੀ ਵਾਸ਼ਨਾ "ਪੁਤ ਦਾ ਸਿਦਕ ਨਿਭਜਜੇ"
ਇਹਦੀ ਪ੍ਰਾਰਥਨਾਂ: "ਗੁਰੂ ਦੇ ਰਹੇ ਸਨਮੁਖ"

ਮੈਂ ਪਰ ਗੱਲ ਕਰਦਾ ਬੈਠ ਸਿਦਕ ਛਾਂਵੇਂ।
-ਭਰੋਸਾ ਆਪ ਤੇ-ਸਿੰਘ ਸੁਭਾਉ ਦਾ ਵੇ।
ਢਹਿੰਦੀ ਕਲਾ ਦਾ ਭਰਮ ਨਾ ਰਿਦੇ ਲਜਾਵੇ।
ਕੀਹਦੇ ਆਸਰੇ ਪਿਤਾ ਜੀ ਲੜੇ ਪੁੱਤਰ ?"
ਦੇਂਦਾ ਪਜਾਰ ਦੇ ਨਾਲ ਓ ਜੜੇ ਉੱਤਰ :
ਸਨਮੁਖ ਜੰਗ ਵਿਚ ਲੜੇਂ ਤੇ ਅੜੇਂ ਪੁੱਤਰ।
ਵੰਨ੍ਹੀ ਤਾਉ ਨੂੰ ਸਹੇ ਕਿ ਝੜੇ ਪੁੱਤਰ ?
ਤੇਰੀ ਨਿਭੇਗੀ ਆਦਿ ਤੇ ਅੰਤ ਤਾਂਈਂ।
ਭਉਜਲ ਜੱਗ ਤੋਂ ਸਦਾ ਹੀ ਪਾਰ ਪਾਈਂ।
ਤੇਰਾ ਕਦੇ ਵਿਛੋੜਾ ਨਾ ਹੋਵਣਾ ਈਂ।
ਤੇਰਾ ਧੰਨ ਹੈ ਆਵਣਾ ਜਾਵਣਾ ਈਂ !"
ਨਾਲ ਦਈ ਅਸੀਸ ਪੁਤ ਗਲੇ ਲਾਈ।
ਜਿਵੇਂ ਵਜਾਹ ਵੇਲੇ ਕੋਈ ਕਰੇ ਮਾਈ।
ਏਹੋ ਮੁਕਟ ਤੇ ਛਤਰ ਦਾ ਝੂਲਣਾ ਈਂ।
ਏਹੋ ਜਾਂਵੀਆਂ ਦਾ ਨਾਲ ਟੋਰਨਾ ਈਂ।

## ੪੦. ਬੀਬੀ ਗੁਰ ਕ੍ਰਿਪਾਲ ਕੌਰ[1]।

"ਜਾਂ ਕੁਆਰੀ ਤਾਂ ਚਾਉ ਵੀਵਾਹੀ ਤਾਂ ਮਾਮਲੇ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥ ੬੩॥"

ਇਹ ਸ਼ਲੋਕ ਬੜੀ ਦਰਦਨਾਕ ਆਸਾ ਦੀ ਸੁਰ ਵਿਚ ਇਕ ਬਨ ਵਿਚੋਂ ਗਾਂਵਿਆਂ ਜਾ ਰਿਹਾ ਹੈ। ਰੁਤ ਮਹਾਂ ਸਿਆਲੇ ਦੀ, ਮਹੀਨਾ ਪੋਹ ਦਾ, ਠੱਕੇ ਬੱਝਵੀਂ ਸੀਤ ਪੌਣ, ਮਾਰੇ ਪਾਲੇ ਦੇ ਮਾਨੋ ਤ੍ਰੇਲ ਬੀ ਕੋਰਾ ਬਣ ਰਹੀ ਹੈ। ਸਤਲੁਜ ਨਦੀ ਲੱਥੀ ਹੋਈ ਵਗ ਰਹੀ ਹੈ, ਪਰ ਠੰਢੀ ਠਾਰ। ਪਹੁ ਫੁੱਟ ਪਈ ਹੈ, ਪਰ ਸੂਰਜ ਅਜੇ ਨਹੀਂ ਚੜ੍ਹਿਆ। ਇਸ ਪਾਲੇ ਵਿਚ ਗਾਇਨ ਦੀ ਆਵਾਜ਼ ਐਸੀ ਵੈਰਾਮਗਈ ਆ ਰਹੀ ਹੈ, ਮਾਨੋ ਵੈਰਾਗ ਨੇ ਆਪਣੀ ਰਾਗਣੀ ਦਾ ਰੂਪ ਧਾਰ ਰੱਖਿਆ ਹੈ। ਕਦੇ ਇਹ ਆਵਾਜ਼ ਇਹ ਦੱਸਦੀ ਹੈ ਕਿ ਗਾਉਣ ਵਾਲਾ ਖੜੋ ਗਿਆ ਹੈ ਤੇ ਕਦੇ ਦੱਸਦੀ ਹੈ ਕਿ ਦਰਿਆਉਂ ਦੇ ਚੜ੍ਹਾਉ ਰੁਖ਼ ਨੂੰ ਤੁਰਿਆ ਜਾ ਰਿਹਾ ਹੈ। ਕਦੇ ਆਵਾਜ਼ ਬੰਦ ਹੋ ਜਾਂਦੀ ਹੈ, ਪਰ ਥੋੜ੍ਹੀ ਦੇਰ ਮਗਰੋਂ ਆਸਾ ਦੀ ਹੇਕ ਪਲਟ ਗਈ ਅਰ ਗਉੜੀ ਦੀ ਸੁਰ ਛਿੜ ਪਈ। ਕੰਨਾਂ ਨੇ ਹੁਣ ਗਹੁ ਨਾਲ ਸੁਣਿਆਂ:-

ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ੧॥ ਰਹਾਉ॥ ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥ ੧॥ ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ॥ ੨॥ ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥ ੩॥ ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ॥ ੪॥ ੧॥ ੧੧੮॥

(ਗਉ: ਪੂ: ਮ: ੫)

ਅੰਤਲੀ ਤੁਕ ਦੇ ਅੰਤ ਹੁੰਦਿਆਂ ਤਈਂ ਗਉਣ ਵਾਲੀ ਸੂਰਤ ਬ੍ਰਿਛ ਬੂਟਿਆਂ ਵਿਚੋਂ ਨਿਕਲ ਆਈ ਤੇ ਠੀਕ ਨਦੀ ਦੇ ਕਿਨਾਰੇ ਤੇ ਆ ਖੜੋਤੀ। ਲੰਮਾ ਪਤਲਾ ਸਰੀਰ, ਚਿਹਰਾ ਸੁੰਦਰ, ਪਰ ਉਸ ਸੁੰਦਰਤਾ ਵਿਚ ਵੈਰਾਗ ਨੇ ਡੇਰਾ ਜਮਾ ਕੇ ਐਸਾ ਰੂਪ ਚੜ੍ਹਾਇਆ ਹੈ ਕਿ ਦੇਖਣ ਵਾਲੇ ਦੇ ਜੀ ਵਿਚ ਭੈ ਅਰ ਪਵਿੱਤ੍ਰਤਾ

1. ਇਹ ਪ੍ਰਸੰਗ ਸੰਮਤ ਗੁ: ਨਾ: ਸਾ: ੪੩੯ (੧੯੦੯ ਈ:) ਦੇ ਗੁਰਪੁਰਬ ਪੋਹ ਸੁਦੀ ਸਪਤਮੀ ਪਰ 'ਨਿਮਾਣਿਆਂ ਦਾ ਗੁਰਪੁਰਬ' ਦੇ ਨਾਮ ਹੇਠ ਟ੍ਰੈਕਟ ਦੀ ਸੂਰਤ ਵਿਚ ਪ੍ਰਕਾਸ਼ਿਆ ਸੀ।

ਦੀਆਂ ਤਰਬਾਂ ਨੂੰ ਹਿਲਾਉਂਦੀ ਹੈ। ਅੱਖਾਂ ਵਿਚ ਵੈਰਾਗ ਨੇ ਅੰਝੂਆਂ ਦੀ ਫੌਜ ਖੜੀ ਕਰ ਰਖੀ ਹੈ, ਗਲੇ ਵਿਚ ਵਿਰਲਾਪ ਦਾ ਨਫ਼ੀਰ ਖਾਨਾ ਜੋੜ ਛਡਿਆ ਹੈ, ਮੱਥੇ ਦੀਆਂ ਤੀਉੜੀਆਂ ਵਿਚ ਨਿਰਾਸਤਾ ਦੇ ਮੋਰਚੇ ਬੰਨ੍ਹ ਛਡੇ ਹਨ, ਗੱਲ੍ਹਾਂ ਤੇ ਉਦਾਸੀ ਦੇ ਤੰਬੂ ਛਾ ਰਹੇ ਹਨ, ਗਿੱਚੀ ਵਿਚ ਨਿਹੁੜਾਉ ਧਨੁਖ ਦਾ ਰੂਪ ਬੰਨ੍ਹ ਰਿਹਾ ਹੈ। ਜੀਕੂੰ ਕੁਦਰਤ ਚੁਪ ਹੈ, ਹੁਣ ਇਹ ਬੀ ਚੁੱਪ ਹੈ, ਪਰ ਅੱਖਾਂ ਵਿਚੋਂ ਕੋਈ ਕੋਈ ਅੰਝੂ ਕਿਰਦਾ ਹੈ ਤੇ ਮੂੰਹ ਤੋਂ ਕੋਈ ਕੋਈ ਠੰਢਾ ਸਾਹ ਉੱਠਦਾ ਹੈ। ਇਸ ਵੈਰਾਗ ਮਈ ਸੂਰਤ ਨੇ ਪਲਕੁ ਮਗਰੋਂ ਫੇਰ ਬੁੱਲ੍ਹ ਖੋਲ੍ਹੇ ਅਰ ਬਿਰਹੁ ਜਲੀ ਕੋਇਲ ਵਾਂਙ ਮੁੜ ਕੂਕ ਪਈ-

ਪੰਥੁ ਨਿਹਾਰੈ ਕਾਮਨੀ ਲੋਚਨ ਭਰੀਲੇ ਉਸਾਸਾ॥ ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥ ੧॥ ਉਡਹੁ ਨ ਕਾਗਾ ਕਾਰੇ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ ੧॥ ਰਹਾਉ॥ (ਗਉ: ਕਬੀਰ-੬੫)

ਇਹ ਗਾਉਂਕੇ ਗਲ ਵਿਚ ਪੱਲਾ ਪਾਇਆ ਅੱਖਾਂ ਮੀਟ ਲਈਆਂ, ਬੋਲੀ:-

ਸੋਇ ਰਹੀ ਪ੍ਰਭ ਖਬਰਿ ਨ ਜਾਨੀ॥ ਭੋਰੁ ਭਇਆ ਬਹੁਰਿ ਪਛੁਤਾਨੀ॥ ੧॥ ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉਰੀ॥ ਪ੍ਰਭ ਮਿਲਬੇ ਕੀ ਲਾਲਸਾ ਤਾਤੇ ਆਲਸੁ ਕਹਾ ਕਰਉ ਰੀ॥ ੧॥ ਰਹਾਉ॥ ਕਰਿ ਮਹਿ ਅੰਮ੍ਰਿਤੁ ਆਨਿ ਨਿੰਸਾਰਿਓ॥ ਖਿਸਰਿ ਗਇਓ ਭੂਮ ਪਰਿ ਡਾਰਿਓ॥ ੨॥ ਸਾਦਿ ਮੋਹਿ ਲਾਦੀ ਅਹੰਕਾਰੇ॥ ਦੋਸੁ ਨਾਹੀ ਪ੍ਰਭਿ ਕਰਣੈ ਹਾਰੇ॥ ਸਾਧ ਸੰਗਿ ਮਿਟੇ ਭਰਮ ਅੰਧਾਰੇ॥ ਨਾਨਕ ਮੇਲੀ ਸਿਰਜਣਹਾਰੇ॥ ੪॥ ੨੫॥ ੭੬॥ (ਆ: ਮ: ੫)

ਹੇ ਦੀਨ ਦਿਆਲ ! ਕੋਈ ਗੁਣ ਨਹੀ, ਕੋਈ ਸੇਵਾ ਨਹੀਂ, ਕਰਮੋਂ ਹੀਣੀ ਹਾਂ, ਪਰ ਆਪ ਦਾ ਬਿਰਦ ਹੈ ਤਾਰਨਹਾਰ! ਹੇ ਨਿਤਾਣਿਆਂ ਦੇ ਤਾਣ ! ਤਾਣ ਬਖਸ਼ੋ ਕਿ ਪਹੁੰਚ ਪਵਾਂ। ਇਉਂ ਕਹਿ ਨਮਸਕਾਰ ਕੀਤੀ, ਝਟਪਟ ਕੱਪੜੇ ਸਮੇਟੇ ਤੇ ਲਪੇਟ ਕੇ ਸਿਰ ਤੇ ਬੰਨ੍ਹ ਲਏ ਅਰ ਨੈਣ ਭਰਕੇ ਅੱਗੇ ਵਧੀ; ਜਲ ਨਾਲ ਚਰਨ ਛੋਹੇ ਤੇ ਨੈਣਾਂ ਨੇ ਅੱਖਾਂ ਵਿਚੋਂ ਸਿਕ ਭਰੇ ਹੰਝੂਆਂ ਦੇ ਦੋ ਟੇਪੇ ਕੇਰੇ:- ਐਹ ਲੈ ਨਦੀਏ ਨਿਮਾਣਿਆਂ ਦੀ ਭੇਟ ਦੋ ਖਾਰੇ ਟੇਪੇ ਜਿਗਰ ਚੀਰਕੇ ਆਏ ਹੋਏ। ਫੇਰ ਜਰਾ ਸੰਭਲੀ ਤੇ ਠਹਿਰ ਗਈ ਤੇ ਕੁਛ ਬੋਲੀ। ਉਹ ਭਾਵ ਅਗਲੀ ਕਵਿਤਾ ਵਿਚ ਅੰਕਿਤ ਹੈ :-

ਬੱਧੀ ਪ੍ਰੇਮ ਦੀ ਡੋਰ ਦੀ ਆਪ ਨਦੀਏ !
ਟੁਰੀ ਜਾਂਵਦੀਏਂ ਕਿਸ ਦੇ ਵੱਲ ਧਾਈ ?
ਛੱਡ ਪਰਬਤਾਂ ਉੱਚਿਆਂ, ਹੋਇ ਨੀਵੀਂ,
ਨੀਵੀਂ ਹੋਰ ਬੀਂ ਹੋਰ ਤੂੰ ਚਾਲ ਪਾਈ !
ਪ੍ਰੀਤਮ ਮਿਲਦਾ ਹੈ ਦੱਸ ਤੂੰ ਨਿਉਂਦਿਆਂ ਨੂੰ,
ਤਾਂਹੀਓਂ ਨੀਉਣ ਦੀ ਬਾਣ ਹੈ ਤੁੱਧ ਆਈ ?
ਮੈਨੂੰ ਦੇਹ ਰਸਤਾ ਏਸ ਮੱਤ ਵਾਲਾ,
ਨਿਵਾਂ ਹੋਰ ਤੇ ਮਿਲਾਂ ਉਸ ਗੁਰੂ ਤਾਂਈਂ।
ਆਪ ਝਾਗ ਕੇ ਮੁਸ਼ਕਲਾਂ ਜਾਇ ਰਹੀਏਂ,
ਰਸਤੇ ਹੋਰਨਾਂ ਦੇ ਮੁਸ਼ਕਲ ਪਾਇ ਨਾਹੀਂ।
ਦੁੱਖ ਭੋਗਕੇ ਦੁੱਖ ਦੀ ਕਦਰ ਤੈਨੂੰ,
ਦੁਖਿਆਂ ਤਈਂ ਤੂੰ ਹੋਰ ਦੁਖਾਇ ਨਾਹੀਂ।
ਦਰਦ ਝੱਲ ਕੇ ਸਿੱਖੀਏ ਦਰਦ ਵੰਡਣ
ਪੀੜ ਭੋਗ ਕੇ ਪੀੜ ਲਗਾਇ ਨਾਹੀਂ।
ਰਸਤਾ ਦੇਹ ਨਿਮਾਣੀ ਨੂੰ, ਖੜੀ ਠੁਰਕੇ,
ਲੈ ਚਲ ਪਾਰ ਤੇ ਕਿਤ ਅਟਕਾਇ ਨਹੀਂ।

ਫੇਰ ਚੁਪ ਹੋ ਗਈ। ਛਾਲ ਮਾਰਨ ਲਗੀ ਹੀ ਸੀ ਕਿ ਫੇਰ ਠਿਟਕੀ ਤੇ ਫੇਰ ਕੁਛ ਇਸ ਤਰ੍ਹਾਂ ਦੇ ਭਾਵ ਵਿਚ ਆ ਗਈ :-

ਸਤਿਗੁਰ ਹੈ ਬਖਸ਼ਿੰਦ; ਪਾਪੀਆਂ ਪਜਾਰ ਕਰਾਵੇ।
ਦੁਖੀਏ ਦਰਦ ਰਵਾਣ, ਚੁੱਕ ਕੇ ਗੋਦੀ ਪਾਵੇ।
ਦੁਖੀ ਆਸਰਾ ਪਾਇ ਧਾਂਵਦੇ ਸਤਿਗੁਰ ਵੱਲੇ,
ਦੇਵੇ ਕਿਵੇਂ ਮਿਟਾਇ ਕਰਮ ਜੋ ਹੋਣ ਕੁਵੱਲੇ।
ਸਤਿਗੁਰ ਸੱਚਾ ਸ਼ਾਹ ਜਗਤ ਹੱਟੀ ਵਿਚ ਬਹਿੰਦਾ।
ਕਰਦਾ ਪਿਆਰ ਅਪਾਰ 'ਦੇਣ' ਵਿਚ ਰੁੱਝਾ ਰਹਿੰਦਾ।
ਲੈਣੋਂ ਹੈ ਸੰਕੋਚ 'ਦੇਣ' ਵਿਚ ਝੋਲੀਆਂ ਭਰਦਾ।
ਉਲਟਾ ਖੇਲ ਪਿਰੰਮ ਨਿਰਾ ਸਤਿਗੁਰ ਤੋਂ ਸਰਦਾ।
ਓਸੇ ਦੀ ਧਰ ਆਸ, ਠਿੱਲ੍ਹ ਪਉ ਜਿੰਦ ਨਿਮਾਣੀ।
ਜਿਸ ਦੀ ਧਾਰੀ ਆਸ ਓਸ ਨੂੰ ਅੰਗ ਸੰਗ ਜਾਣੀ।

ਇਹ ਕਹਿੰਦਿਆਂ ਠਿੱਲ੍ਹ ਪਈ। ਠੰਢਾ ਬਰਫਾਨੀ ਪਾਣੀ, ਪਰ ਸਿਦਕ ਦੇ ਬੇੜੇ ਪਾਰ, ਠਰਕਦੀ ਠੁਰਕਦੀ, ਬਹੁਲੀਆਂ ਮਾਰਦੀ ਪਾਰ ਪਹੁੰਚ ਪਈ! ਜਾ ਪਾਰਲੇ ਕੰਢੇ ਇਕ ਸ਼ਿਲਾ ਤੇ ਖਲੋਤੀ ਤੇ ਆਨੰਦ ਪੁਰ ਦੀ ਪਿਆਰੀ ਨਗਰੀ ਵਲ, ਜੋ ਹੁਣ ਚੜ੍ਹਦੇ ਦੇ ਚਾਨਣੇ

ਨਾਲ ਪ੍ਰਕਾਸ਼ ਹੋ ਰਹੀ ਸੀ, ਤੱਕ ਕੇ ਨਮਸਕਾਰ ਕੀਤੀ। ਸਿਰ ਤੋਂ ਕਪੜੇ ਖੁਹਲੇ; ਸਾਫੇ ਨਾਲ ਪਿੰਡਾ ਪੂੰਝਿਆ ਕਪੜੇ ਪਾ ਲਏ ਤੇ ਅੱਗੇ ਟੁਰ ਪਈ, ਪਰ ਇਕ ਸੋਚ ਫੁਰੀ: ਜਦ ਸਤਿਗੁਰ ਦਾ ਮੇਵੜਾ ਪੁੱਛੇਗਾ, ਸਿਖੋ ਭੁੱਲਾਂ ਬਖ਼ਸ਼ ਬਖ਼ਸ਼ਾ ਆਏ ਹੋ ਕਿ ਨਹੀਂ ? ਉਸ ਵੇਲੇ ਮੈਂ ਕੀਹ ਕਹਾਂਗੀ ? ਕੀ ਆਖਾਂਗੀ ਕਿ ਘਰਦਿਆਂ ਤੋਂ ਚੋਰੀ ਆਈ ਹਾਂ। ਖਬਰੇ ਉਹ ਕਹੇਗਾ 'ਤੂੰ ਪਰਮੇਸ਼ਰ ਦੇ ਬੰਦਿਆਂ ਨੂੰ ਤੜਫਾ ਕੇ ਆਪਣੇ ਸੁਖ ਲਈ ਆਈ ਹੈਂ ? ਤੂੰ ਕਾਹਦੀ ਸਿੱਖ ਹੈਂ ?' ਉਸ ਵੇਲੇ ਮੈਂ ਕੀਹ ਆਖਾਂਗੀ ? ਕੀਹ ਉਸ ਵੇਲੇ ਮੇਰਾ ਹੌਸਲਾ ਪਵੇਗਾ ਜੋ ਚਾਚੇ ਦੀ ਸਾਰੀ ਕਰਤੂਤ ਕਹਿ ਦਿਆਂ ਕਿ ਹੇ ਸਤਿਗੁਰ ਜੀ ! ਪਿਤਾ ਜੀ ਦੇ ਅਕਾਲ ਚਲਾਣਾਂ ਕਰਨੇ ਬਾਦ ਚਾਚੇ ਨੇ ਮੈਨੂੰ ਗੁਰ ਨਿੰਦਕਾਂ ਘਰ ਜਾਣਕੇ ਵਿਆਹ ਦਿੱਤਾ, ਮੈਂ ਹੁਣ ਉਹਨਾਂ ਸੰਬੰਧੀਆਂ ਨੂੰ ਕੀ ਕਰਾਂ, ਜਿਹੜੇ ਮੇਰੇ ਪਰਮਾਰਥ ਦੇ ਵੈਰੀ ਹੋਣ ? ਪਰ ਖ਼ਬਰੇ ਓਹ ਆਖਣਗੇ: ਜਾਹ, ਪਹਿਲੇ ਪਤੀ ਨੂੰ ਪ੍ਰਸੰਨ ਕਰ ਤੇ ਫੇਰ ਆਵੀਂ, ਤਦ ਕੀਹ ਕਹਾਂਗੀ ? ਪਰ ਹੈਂ ! ਉਹ ਤਾਂ ਐਸੇ ਨਹੀਂ, ਮੇਰਾ ਆਪਣਾ ਮਨ ਪਾਪੀ ਹੈ ਜੋ ਸ਼ੰਸਿਆਂ ਵਿਚ ਰੁੜ੍ਹ ਪਿਆ ਹੈ। ਸਤਿਗੁਰ ਜਾਣਦੇ ਹਨ ਕਿ ਮੈਂ ਬੇ-ਬਸ ਹਾਂ। ਜਿਸਦੇ ਹਿਰਦੇ ਵਿਚ ਪਿਤਾ ਨੇ ਗੁਰੂ ਦੀ ਮੂਰਤੀ ਬਿਠਾਲ ਦਿੱਤੀ, ਉਸਤੋਂ ਕੀਕੂੰ ਹੋ ਸਕਦਾ ਹੈ ਜੋ ਗੁਰੂ ਤੋਂ ਬੇਮੁਖ ਹੋ ਜਾਵੇ।...ਹੈਂ, ਗੁਰੂ ਜੀ ਮਰਿਯਾਦਾ ਦੇ ਬੀ ਪੱਕੇ ਹਨ। ਖ਼ਬਰੇ ਕਹਿਣਗੇ ਤੂੰ ਪਤੀ ਆਗਯਾ ਕਿਉਂ ਨਹੀਂ ਨਿਬਾਹੀ ? ਨਹੀਂ, ਸਤਿਗੁਰੂ ਜੀ ਤਾਂ ਦਿਆਲ ਮੂਰਤੀ ਹਨ, ਉਹਨਾਂ ਨੇ ਇਹੋ ਜਿਹੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਿੱਥੇ ਫੋਲ ਬਹਿਣੀਆਂ ਹਨ। ਓਹ ਉਮਾਹ ਦਾ ਉਛਲਦਾ ਸੋਮਾ ਹਨ, ਓਹ ਹਿਸਾਬੀ ਪਾਂਧੇ ਨਹੀਂ ਹਨ। ਹਾਇ ਮੇਰਾ ਤਾਂ ਭਰਮ ਹੀ ਮੇਰਾ ਵੈਰੀ ਹੈ। ਭਰਮੇ ਜੀ ਨਾਲ ਕੀਹ ਜਾਣਾ ਹੈ ? ਜੀਕੂੰ ਪ੍ਰੇਮ ਦੀ ਲਹਿਰ ਵਿਚ ਟੁਰੀ ਸਾਂ, ਪਹੁੰਚ ਜਾਂਦੀ ਸੱਤੇ ਖੈਰੀਂ ਸਨ। ਰਮਤੇ ਵਿਚ ਉਦਾਸੀ ਖਾਧੀ ਤੇ ਹੁਣ ਆਪਣੇ ਅੰਦਰ ਆਪੇ ਹੀ 'ਭਰਮ' ਤੇ 'ਭੈ' ਦਾ ਧੂੰਆਂ ਖਲੇਰ ਲਿਆ ਹੈ, ਚੱਲ ਹੇ ਨਿਕਰਮਣ ਚੱਲ ਪਿੱਛੇ। ਨਿਮਾਣਿਆਂ ਦਾ ਗੁਰੂ ਨਾਲ ਕੀਹ ਵਾਸਤਾ ? ਕਰਮੋ ਹੀਣਿਆਂ ਦਾ ਕੀ ਪ੍ਰੇਮ।

ਉੱਠੀ, ਪਰ ਸਰੀਰ ਵਿਚ ਕਾਂਬਾ ਆ ਗਿਆ, ਬਹਿ ਗਈ ਤੇ ਫੇਰ ਵਹਿਣੀਂ ਪੈ ਗਈ। ਪਿਤਾ ਜੀ ! ਅਜ ਆਪ ਕਿੱਥੇ ਹੋ ? ਮੈਨੂੰ ਕਿਉਂ ਕੱਲਿਆਂ ਛੱਡ ਗਏ ਹੋ ? ਕੀ ਓਹ ਕਲਗੀਆਂ ਵਾਲਾ ਨੂਰ ਹੁਣ ਸਦਾ ਲਈ ਮੈਥੋਂ ਖੁੱਸ ਗਿਆ ? ਆਪ ਮਹੀਨੇ ਵਿਚ ਦੋ ਵੇਰ ਮੈਨੂੰ ਨਾਲ ਲੈ ਕੇ ਮਹਾਰਾਜ ਜੀ ਦੇ ਚਰਨਾਂ ਦੇ ਦਰਸ ਕਰਵਾਉਂਦੇ ਹੁੰਦੇ ਸਾਓ, ਹੁਣ ਵਰ੍ਹੇ ਮਗਰੋਂ ਆਈ ਹਾਂ ਤੇ ਫੇਰ ਵੀ ਵੇਖੋ ਅਨਚਾਹੇ ਬੇਮੁਖ ਹੋ ਰਹੀ ਹਾਂ। ਹੇ ਪਿਤਾ ਜੀ ! ਪਿਤਾ ਜੀ ! ਅੱਜ ਏਹ ਭਰਮ ਤੇ ਭੈ ਦੋ ਵੈਰੀ ਕਿਥੋਂ ਆ ਗਏ ? ਹੇ ਸਾਈਂ ! ਹੇ ਰੱਬ ਸਾਈਂ ! ਓਹ ਸੁਲੱਖਣੀਆਂ ਘੜੀਆਂ ਕਿੱਥੇ ਗਈਆਂ ? ਓਹ ਬਾਪੂ ਜੀ ਕਿੱਥੇ ? ਓਹ ਮਾਂ ਦੀਆਂ ਲੋਰੀਆਂ ਕਿੱਥੇ ਹਨ ? ਹੇ ਮਾਂ ! ਜੇ ਮੇਰਾ ਵਿਆਹ ਹੱਥੀਂ ਨਹੀਂ ਕਰਨਾ ਸੀ; ਤਦ ਮੈਨੂੰ ਸਿੱਖੀ ਦੀਆਂ ਲੋਰੀਆਂ ਕਿਉਂ ਦਿੱਤੀਆਂ ਸਨ ? ਕਿਉਂ ਥਾਪੜਦੀ ਤੇ ਕਹਿੰਦੀ ਸੈਂ :-

ਸੌਂ ਜਾ ਨੀ ਸੌਂ ਜਾ ਮੇਰੀ ਗੁਰੂ ਦੀ ਸੁਆਰੀਏ,
ਸੁੱਤੀ ਦੀ ਨੀਂਦ ਮਿੱਠੀ ਗੁਰੂ ਦੀ ਸੁਆਰੀਏ !
ਸੁੱਤੀ ਨੂੰ ਕਲਗੀ ਦਿੱਸੇ ਪਜਾਰ ਨੂੰ ਲਿਸ਼ਕਾਰਦੀ,
ਸੁੱਤੀ ਨੂੰ ਝਲਕ ਆਵੇ ਪਜਾਰਦੀ ਤੇ ਪਯਾਰਦੀ।
ਸੌਂ ਜਾ ਮੇਰੇ ਬਾਲ, ਸੌਂ ਜਾ ਮੇਰੇ ਲਾਲ।
ਉਲਲ, ਉਲਲ ਉਲਲ; ਲੋ।

ਹਾਇ ਨੀ ਮਾਂ! ਏਹ ਲੋਰੀਆਂ, ਏ ਜੰਮਣ ਘੁੱਟੀਆਂ ਦੇ ਦੇ ਕੇ ਆਪ ਐਉਂ ਟੁਰ ਗਈਓਂ ਜਿਵੇਂ ਕਦੇ ਜਾਣੂੰ ਹੀ ਨਹੀਂ ਸੈਂ। ਆਓ ਮਾਂ ਜੀ! ਹੁਣ ਵੇਖੋ ਗੁਰੂ ਦੀਆਂ ਲੋਰੀਆਂ ਨਾਲ ਪਾਲੀ ਧੀ ਕੀ ਹਾਵੇ ਭਰ ਰਹੀ ਹੈ? ਅਫੀਮ ਦੀ ਚਾਟ ਲਾ ਕੇ ਡੱਬੀ ਲੁਕਾ ਲਈ। ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ ! ਹੁਣ ਮੁੜਾਂ? ਸੱਚੀ ਮੁਚੀ ਮੁੜਾਂ? ਗੁਰੂ ਦੁਆਰੇ ਨੂੰ ਪਿੱਠ ਦੇ ਕੇ ਕਦਮ ਪਿਛੇ ਸਿੱਟਾਂ? ਸਿੱਖ ਮਾਪਿਆਂ ਦੀ ਜਾਈ ਅਜ ਗੁਰੂ ਵੱਲ ਪਿੱਠ ਫੇਰੇ? ਅੱਜ ਬੇਮੁਖ ਹੋਵੇ? ਅੱਜ ਤਾਂ ਹਜ਼ਾਰਾਂ ਬੇਮੁਖਾਂ ਨੇ ਸਨਮੁਖ ਹੋਣਾ ਹੈ? ਅੱਜ ਕੰਡ ਫੇਰਾਂ?

ਕੰਡ ਦਿਤੜੀ ਨਾ ਵੇ ਜਾਵੀਂ ਸਿਖ ਪਿਆਰਿਆ ਸਤਿਗੁਰ ਤੇਰੀ ਵਲ ਵੇਖੇ। ਵੇ ਭੋਲਿਆ, ਮੁੜਿ ਆ, ਗੁਰ ਵਿਹੜੇ ਵੜਿ ਆ।।

ਆ ਮਾਂ ਅੱਜ ਡੋਲਦੀ ਧੀ ਨੂੰ ਬੀ ਕਹੁ :-
ਇਸ ਨਾਲੋਂ ਮਰ ਜਾਹੁ ਬੱਚੀਏ ! ਕੰਡ ਨ ਦੇਵੀਂ;
ਵੇਖ ਕਾਂਗ ਨੂੰ; ਨਾਉ ਸਿਦਕ ਦੀ ਮੋੜ ਨ ਖੇਵੀਂ !
ਅੱਗੇ ਅੱਗੇ ਜਾਹੁ ਗੁਰੂ ਦੇ ਚਰਨ ਸਮਾਵੀਂ !

ਪਿਛਲੇ ਵੱਲੀਂ ਤੱਕ ਨਜ਼ਰ ਨਾ ਪੁੱਠੀ ਪਾਵੀਂ।
ਧਰਤੀ ! ਛੇਤੀ ਪਾਟ ਨਿਗਲ ਜਾ ਬਚੜੀ ਮੇਰੀ,
ਅਪਣੀ ਮੇਟੀ ਆਪ ਪੱਤ, ਇਸ ਮੇਟੀ ਮੇਰੀ।
ਮੇਰੀ ਜਾਈ ਪਿੱਠ ਗੁਰੂ ਨੂੰ ਦੇਵਣ ਲੱਗੀ,
ਕੀ ਪੁੱਠੀ ਹੈ ਵਾਉ, ਸਿੱਖ ਦੀ ਧੀ ਨੂੰ ਵੱਗੀ।
ਧਿਰਕਾਰੂ ਸੰਸਾਰ, ਮਾਪਿਆਂ ਰਹੂ ਉਲਾਂਭਾ,
ਸਿਖਾਂ ਨੂੰ ਹੁਣ ਰੋਹ ਚੜ੍ਹੇਗਾ ਅਤਿ ਜਲਕਾਂਬਾ !
ਮਰ ਜਾਏ ਇਹ ਧੀ ਕਦਮ ਪੁੱਟਣ ਤੋਂ ਪਹਿਲੇ,
ਨਿੱਘਰ ਓਥੇ ਜਾਇ ਖੜੀ ਹੈ ਜਿੱਥੇ, ਵਹਿਲੇ[1]।

ਹੇ ਧਰਤੀ ! ਸ਼ਰਮ ਆ ਰਹੀ ਹੈ ਬੜੀ ਤੂੰ ਛੇਤੀ ਪਾਟ ਜਾ ! ਪਰ ਜੇ ਮੇਰੇ ਕਰਮ ਐਡੇ ਬਲੀ ਹੋਣ ਜੋ ਧਰਤੀ ਹੁਕਮ ਮੰਨੇ ਤਦ ਕੀ ਸਹੁਰਾ ਘਰ ਹੀ ਨਾ ਸੁਆਰ ਲੈਂਦੀ ਤੇ ਅੱਜ ਸਾਰਾ ਪਰਵਾਰ ਚਾਵਾਂ ਨਾਲ ਮੈਨੂੰ ਲੈ ਕੇ ਆਉਂਦਾ ਤੇ ਮੈਂ ਅੰਦਰ ਜਾ ਕੇ ਮੱਥਾ ਟੇਕਦੀ' ਤੇ ਸਤਿਗੁਰੂ ਜੀ ਖ਼ਬਰੇ ਮੈਨੂੰ ਬੀ ਕਹਿੰਦੇ: ਬੀਬੀ ! ਜਿਨ੍ਹਾਂ ਨੂੰ ਨਾਲ ਲਿਆਈਂ ਹੈਂ, ਬਾਹਰ ਕਿਉਂ ਛਡ ਆਈ ਹੈਂ।" ਮੇਰੀ ਖੁਸ਼ੀ ਦੀ ਉਸ ਵੇਲੇ ਕਿਹੜੀ ਹੱਦ ਹੁੰਦੀ, ਪਰ ਹੀਣਿਆਂ ਨੂੰ ਅਜੇਹੀ ਖੁਸ਼ੀ ਕਿੱਥੇ-

ਧਰਤੀ ਦੇਇ ਨ ਵੇਹਲ ਬੇਮੁਖਾਂ ਕੋਲੋਂ ਡਰਦੀ,
ਚੁੱਕੇ ਨਾ ਆਸਮਾਨ, ਜਿੰਦ ਉਸ ਥਰਥਰ ਕਰਦੀ।

ਬਾਪੂ ਜੀ ! ਉਹ ਤਲਵਾਰ ਕਿੱਥੇ ਗਈ ਜੋ ਬੰਦੀਆਂ ਦੀ ਬੰਦ ਖਲਾਸ ਕਰਦੀ ਸੀ ? ਅੱਜ ਨਾ ਤਲਵਾਰ ਨਾ ਬਾਪੂ ਜੀ, ਨਾ ਉਹ ਬਾਂਹ ਨਾਂ ਬੱਚਿਆਂ ਤੋਂ ਫੜੀ ਜਾਣ ਵਾਲੀ ਪਜਾਰੀ ਉਂਗਲ ਸਹਾਰੇ ਦੇਣ ਵਾਲੀ, ਨਾ ਉਹ ਮਿੱਠੇ ਮਿੱਠੇ ਉਪਦੇਸ਼ ਤੇ ਨਾ ਉਹ ਪਿਆਰ ਭਰੀ ਨਜ਼ਰ ਜੋ ਮੇਰੇ ਵਲ ਤੱਕਦੀ ਤੇ ਕਹਿੰਦੀ ਹੁੰਦੀ ਸੀ; "ਲਾਡ ! ਮਨ ਵਾਹਿਗੁਰੂ ਜੀ ਦੀ ਯਾਦ ਵਿਚ ਤੇ ਸਰੀਰ ਨਾਲ ਸਤਿਗੁਰ ਦੀ ਸੇਵਾ, ਇਹ ਸਿੱਖੀ ਦਾ ਮੂਲ ਹੈ।" ਹਾਏ ਬਾਪੂ ਜੀ ! ਇਕ ਵੇਰੀ ਤਾਂ ਫੇਰ ਉੱਕਰ ਤੱਕੋ ਤੇ ਆਖੋ: "ਲਾਡ ! ਇਕ ਧਾਈ ਹੋਰ ਤੇ ਗੁਰੂ ਚਰਨ; ਬੱਸ ਸਿਖੀ ਇਹੋ ਹੈ।" ਆਖੋ ਬੀ ਬਾਪੂ ਜੀ, ਦਿਹੁੰ ਵੱਡਾ ਆ ਚੱਲਿਆ ਹੈ ਮੈਨੂੰ ਡੇਰ ਪਈ ਹੁੰਦੀ ਹੈ। ਪਵਿੱਤ੍ਰ ਮਾਤਾ ਜੀ ਕੀ ਕਹਿਣਗੇ:, "ਕਾਕੀ ! ਤੂੰ ਸਾਡੇ ਨਾਲੋਂ ਪਿਆਰ ਹੀ ਤੋੜ ਲਿਆ। ਲਾਡ ! ਤੇਰਾ ਕਿਕੂੰ ਜਿਗਰਾ ਪਿਆ ਕਿ ਤੂੰ ਵਰ੍ਹਾ ਦਿਨ ਨਹੀਂ ਮਿਲੀ !" ਪਿਆਰੇ ਵੀਰ ਜੀ ! ਹਾਇ! ਮੇਰੀ ਜੀਭ ਸੜੇ, ਗੁਰ ਦ੍ਰੋਹੀਆਂ ਦੇ ਘਰ ਵਸਕੇ ਮੈਂ ਅਜੇ ਉਸ ਰੱਬ ਦੇ ਨੂਰ ਨੂੰ ਵੀਰ ਕਹਿ ਸਕਦੀ ਹਾਂ? ਧਿਕਾਰ ਮੇਰੇ ਪਰ। ਉਨ੍ਹਾਂ ਦਾ ਬਿਰਦ ਬਹੁਤ ਪ੍ਰੇਮ ਦਾ ਹੈ....। ਹਾਇ ! ਬਾਪੂ ਜੀ ! ਜੇ ਮੈਂ ਚਿਰਕੀ ਗਈ ਤਾਂ ਵੀਰ ਕਹਿਣਗੇ: "ਭੈਣ ! ਤੂੰ ਬੜੀ ਬਿਮੋਹੀ ਹੈਂ, ਅਸੀਂ ਵੇਖ ਤੈਨੂੰ ਉਡੀਕ ਕੇ ਥੱਕ ਗਏ ਹਾਂ।" ਬਾਪੂ ਜੀ ! ਮੈਂ ਕੀ ਆਖਾਂਗੀ ? ਹਾਇ ਰੱਬਾ ! ਮੈਨੂੰ ਕੋਈ ਗੁਰਮੁਖ ਬਹੁੜੇ ਜੋ ਇਸ ਘੁੰਮਣ ਵਾਣੀ ਵਿਚੋਂ ਕੱਢੇ। ਮੈਂ ਕੀ ਬੁਰਾ ਕੀਤਾ ਹੈ ? ਮੈਨੂੰ ਚਾਚੇ ਨੇ ਧ੍ਰੋਹ ਨਾਲ ਗੁਰਦ੍ਰੋਹੀਆਂ ਦੇ ਘਰ ਵਿਆਹ ਦਿੱਤਾ? ਮੈਂ ਸਖਰ ਦਾ ਘੁੱਟ ਪੀ ਲਿਆ। ਗੁਰ ਦ੍ਰੋਹੀਆਂ ਦਾ ਖਾ ਲਿਆ, ਉਹਨਾਂ ਦੀ ਸੇਵਾ ਕਰ ਲਈ, ਉਹਨਾਂ ਦੇ ਕਹੇ ਗੁਰੂ ਘਰ ਵਰ੍ਹਾ ਦਿਨ ਨਾ ਆਈ, ਮੈਂ ਹੋਰ ਕੀ ਕਹਾਂ ? ਹੁਣ ਬੀ ਦਰਸ਼ਨ ਨਾ ਕਰਾਂ ? ਮੂਲੋਂ ਹੀ ਟੁੱਟ ਜਾਵਾਂ ? ਨਰਕਾਂ ਦੀ ਤਿਆਰੀ ਕਰਾਂ ? ਪੈਰੋ ! ਤੁਸੀਂ ਆਪੇ ਹੀ ਟੁਰ ਪਵੋ ਜਿੱਧਰ ਟੁਰਨਾ ਜੇ। ਪਰ ਤੁਸੀਂ ਟੁਰੋ ਕਿਵੇਂ ? ਨਾ ਤੁਹਾਨੂੰ ਅੱਖਾਂ ਨਾ ਸੋਚ!

ਬੀਬੀ ਨਦੀ ਤਾਂ ਤਰ ਆਈ ਸੀ ਪਰ ਹੁਣ ਮਨ ਤੂੰਗਾਂ ਵਿਚ ਰੁੜ ਰਹੀ ਹੈ। ਦਿਲ ਨੂੰ ਝੰਜਟ ਐਸੀ ਹੈ ਨਾ ਕਦਮ ਅੱਗੇ ਉਠਦਾ ਹੈ ਨਾ ਪਿੱਛੇ। ਪਿੱਛੇ ਰੱਖਦੀ ਹੈ ਤਾਂ ਗੁਰੂ ਥੀਂ ਬੇਮੁਖ ਹੁੰਦੀ ਹੈ, ਅੱਗੇ ਰੱਖਦੀ ਹੈ ਤਾਂ ਡਰਦੀ ਹੈ ਕਿ ਪਤਿਬ੍ਰਤਾ ਨੂੰ ਆਗਾਜਾ ਭੰਗ ਕਰਨ ਦਾ ਦੂਸ਼ਨ ਲੱਗਦਾ ਹੈ, ਆਗਾਜਾ ਭੰਗ ਕਰਨ ਵਾਲੀ ਗੁਰੂ ਨੂੰ ਕਿਕੂੰ ਮੂੰਹ ਦਿਖਾਵੇ ? ਰੋਂਦੀ ਤੇ ਹਾਵੇ ਕਰਦੀ, ਕਦੇ ਭਰਮ ਤੇ ਭੈ ਵਿਚ ਰੁੜ੍ਹਦੀ, ਕਦੇ ਚੁਪ ਤੇ ਬੇਸੁਧ ਜੇਹੀ ਹੁੰਦੀ ਗਈ। ਦੁਬਿਧਾ ਦੀ ਘੁੰਮਣਵਾਣੀ ਵਿਚੋਂ ਮਨ ਨਿਕਲਦਾ ਨਹੀਂ ਹੈ। ਸਰਦੀ ਇਤਨੀ ਭਾਰੀ ਹੈ ਕਿ ਹੁਣ ਲਹੂ ਦੇ ਗੇੜਾਂ ਤੇ ਅਸਰ ਹੋ ਰਿਹਾ ਹੈ। ਦਿਮਾਗ਼ ਸੁੰਨ ਹੋ ਰਿਹਾ ਹੈ, ਦਿਲ ਧਾਪ ਮੱਧਮ ਦੀ ਹੈ। ਤੜਕਸਾਰ ਦਾ ਪੈਂਡਾ, ਕਪੜਾ ਥੋੜਾ, ਨਦੀ ਦਾ ਠਿੱਲ੍ਹਣਾ, ਵਾਉ ਦਾ ਝੱਲਣਾ, ਢਿਡੋਂ ਰਾਤ ਦੀ ਭੁੱਖੀ, ਦਿਲ ਦੀ ਹਰਕਤ ਕਿੰਨਾਂ ਕੁ ਝੱਲੇ। ਜਿਸ ਸਿਲ ਤੇ ਕਦਮ ਰੱਖੇ ਸੋ ਰੱਖੇ ਉਥੇ ਹੀ ਬੈਠੀ ਹੈ, ਨਾ ਅੱਗੇ ਨਾ ਪਿੱਛੇ। ਸੂਰਜ ਚੜ੍ਹ ਚੁਕਾ ਹੈ, ਪਰ ਜਿਥੇ ਇਹ ਬੈਠੀ ਹੈ ਅਜੇ ਛਾਂ ਹੈ, ਇਸ ਦਾ ਬਦਨ ਕੁਝ ਆਕੜ ਚੱਲਿਆ ਹੈ, ਹੱਥਾਂ ਪੈਰਾਂ ਦੀਆਂ ਉਂਗਲਾਂ ਨੀਲੀਆਂ

1. ਛੇਤੀ

ਹੋ ਗਈਆਂ ਹਨ। ਹਾਲਤ ਬਉਰੀ ਜਿਹੀ ਹੋ ਗਈ ਹੈ। ਪਲ ਮਗਰੋਂ ਬਾਪੂ ਜੀ ਕਰਕੇ ਤ੍ਰਬ੍ਰਕਦੀ ਤੇ ਫੇਰ ਅੱਖਾਂ ਮੀਟ ਕੇ ਕਿਸੇ ਠਾਰ ਭਰੀ ਸੁੰਨਤਾ ਵਿਚ ਮੂਰਛਾ ਜੇਹੀ ਖਾ ਜਾਂਦੀ ਹੈ। ਇਸ ਸ਼ਿਲਾ ਪਰ ਹੁਣ ਧੁੱਪ ਆ ਗਈ, ਅਚਾਨਕ ਜੋ ਅੱਖ ਖੁੱਲ੍ਹੀ ਤਦ ਪ੍ਰਕਾਸ਼ ਵਿਚ ਚੁੰਧਿਆ ਕੇ ਬੋਲੀ "ਭਾਵੇਂ ਤਾਂ ਬਾਪੂ ਜੀ ਆ ਗਏ। ਬਾਪੂ ਜੀ ! ਗੁਰੂ ਦੁਆਰੇ ਲੈ ਚਲੋ, ਹਾਇ ਕੱਲੇ ਕਿਉਂ ਚੱਲੇ ਹੋ ? ਬਾਪੂ ਜੀ ! ਮੈਨੂੰ ਉਂਗਲ ਫੜਾ ਲਓ, ਜ਼ਰਾ ਠਹਿਰਨਾ ਮੈਂ ਆਈ ਜੇ, ਬਾਪੂ ਜੀ ਮੈਂ ਆਈ ਜੇ।" ਇਉਂ ਕਹਿੰਦੀ ਕੁਝ ਇਸ ਤਰ੍ਹਾਂ ਉੱਠਕੇ ਦੌੜੀ ਕਿ ਕਿਸ ਪਾਸੇ ਜਾਂਦੀ ਹਾਂ, ਕੁਛ ਸੁੱਧ ਹੀ ਨਹੀਂ ਹੈ। ਨੀਮ ਬਉਲੀ ਦੇ ਕਦਮ ਥਿੜਕੇ ਅਰ ਠੰਢ ਨਾਲ ਸੁਰਕੀ ਹੋਈ ਦੇਹ ਘੜੰਮ ਕਰਦੀ ਨਦੀ ਵਿਚ ਜਾ ਪਈ। ਜਲ ਦਾ ਬੇਦਰਦ ਪ੍ਰਵਾਹ ਲੈ ਤੁਰਿਆ। ਅੰਗਾਂ ਵਿਚ ਜੋ ਜਾਚ ਤਰਨ ਦੀ ਹੈ, ਉਹ ਕਲਾ ਦੇ ਪੁਰਜ਼ਿਆਂ ਵਾਂਙ ਆਪੇ ਬਾਹੁਲੀਆਂ ਮਾਰ ਰਹੀ ਹੈ, ਪਰ ਨਿਰਬਲਤਾ ਤੇ ਸਰਦੀ ਦੀ ਭੰਨ ਤੇ ਸਿਰ ਵਿਚ ਬਉਰਾਉ ਕੁਛ ਪੇਸ਼ ਨਹੀਂ ਜਾਣ ਦੇਂਦੇ। ਨਦੀ ਨਿਰਜਿੰਦ ਨੂੰ ਕੋਈ ਦਰਦ ਹੀ ਨਹੀਂ, ਰੋੜ੍ਹੀ ਲਈ ਜਾ ਰਹੀ ਹੈ। ਸੱਦ ਹੈ-

ਭੰਨੀ ਭੰਨੀ ਪੱਤਣ ਗਈਆਂ ਅਗਹੁ ਬੇੜਾ ਤੁਰਿਆ,
ਪਿੱਛੇ ਮੁੜਾਂ ਤਾਂ ਸਿਦਕ ਨ ਨਿਭਦਾ; ਠਿੱਲ੍ਹਣ ਤੋਂ
ਜੀ ਝੁਰਿਆ। ਠਿੱਲ੍ਹਣ ਤੋਂ ਨਾ ਝੁਰ ਵੇ ਜੀਆ!
ਝੁਰ ਜੇ ਸਿਦਕੋਂ ਮੁੜਿਆ। ਠਿੱਲ੍ਹੇਂ-ਪਹੁੰਚ ਪਿਆਂ,
ਮੁਖ ਮਿਲਸੀ ਮਰਿਆਂ ਕੁਝ ਨਾ ਥੁੜਿਆ।

### ੩.

ਰੁੜ੍ਹਦੀ ਜਾਂਦੀ ਸ੍ਰਿਸ਼ਟੀ ਦੀ ਰਖ੍ਯਾ ਵਾਹਿਗੁਰੂ ਆਪ ਕਰਦਾ ਹੈ। ਧੁਰੋਂ ਉਸ ਦੇ ਕਿਸੇ ਬੰਨ੍ਹੇ ਪ੍ਰਬੰਧ ਵਿਚੋਂ ਗੁਰੂ ਆਉਂਦਾ ਹੈ ਜਗਤ ਉਬਾਰਨ। ਇਸੇ ਬਿਰਦ ਬਾਣੇ ਦੀ ਲਾਜ ਵਾਲਾ ਗੁਰੂ ਔਹ ਦੇਖੋ ਘੋੜੇ ਤੇ ਸਵਾਰ ਜਾ ਰਿਹਾ ਹੈ; ਨਦੀ ਦਾ ਕਿਨਾਰਾ ਹੈ। ਨੂਰੀ ਨਜ਼ਰਾਂ ਨਦੀ ਤੇ ਪੈਂਦੀਆਂ ਹਨ, ਤਕਦੀਆਂ ਹਨ, ਤਕਦੀਆਂ ਹਨ ਤੇ ਦੂਸਰੀ ਛਿਨ ਨੈਣਾਂ ਵਾਲੇ ਦੇ ਹੱਥ ਮੁਸ਼ਕਾ ਸਿੰਘ ਦੀ ਵਾਗ ਨਦੀ ਵਲ ਫੇਰ ਦੇਂਦੇ ਹਨ। ਇਕ ਦਮ ਘੋੜਾ ਨਦੀ ਵਿਚ ਜਾ ਵੜਿਆ ਮਾਲਕ ਦੀ ਮਰਜ਼ੀ ਦਾ ਜਾਣੂੰ ਮੁਸ਼ਕਾ ਸਿੰਘ ਜਲ ਵਿਚ ਬੀ ਵਾਗ ਡੋਰ ਨੂੰ ਮੰਨਦਾ ਇਸ ਤਰ੍ਹਾਂ ਜਾ ਰਿਹਾ ਹੈ ਕਿ ਮਾਨੋਂ ਕੋਈ ਬੇੜੀ ਜਾ ਰਹੀ ਹੈ। ਇਕ ਚੱਕਰ ਦੇ ਲਾਗੇ ਜਾ ਕੇ ਉਸ ਸ਼ਾਂਤਿ ਰਸ ਦੇ ਮਾਲਕ, ਬੀਰ ਰਸ ਦੇ ਸੁਆਮੀ ਗੁਰੂ ਨੇ ਭਗਤ ਵੱਛਲਤਾ ਤੇ ਬਹਾਦੁਰੀ ਦਾ ਕੌਤਕ ਦਿਖਾਇਆ। ਇਕ ਲੋਥ ਉਸ ਚੱਕਰ ਵਿਚੋਂ ਇਸ ਹਿਕਮਤ ਨਾਲ ਕੱਢੀ ਕਿ ਤਾਰੂ ਤੇ ਮੁਹਾਣੇ ਦੇਖਣ ਤਾਂ ਅਚੰਭਾ ਹੋਣ! ਹੁਣ ਪ੍ਰੇਮ ਦਾ ਸ਼ਿਕਾਰ ਘੋੜੇ ਤੇ ਰੱਖੀ ਕਿਨਾਰੇ ਨੂੰ ਆ ਰਹੇ ਹਨ, ਇਹ ਹੈਨ ਕਲਗੀਆਂ ਵਾਲੇ ਗੁਰੂ ਜੀ, ਇਨ੍ਹਾਂ ਨੂੰ ਹੀ ਲੋਕੀ ਆਖਦੇ ਹਨ:-"ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ"। 'ਹਮ ਏਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ'। ਦੁਖੀਆਂ ਦੀ ਪੀੜਾ ਹਰ ਰਹੇ ਹਨ, ਰੁੜ੍ਹ ਗਿਆਂ ਨੂੰ ਆਪਣੇ ਪਵਿੱਤ੍ਰ ਹੱਥਾਂ ਨਾਲ ਬਚਾ ਰਹੇ ਹਨ, ਭਰਮ ਤੇ ਭੈ ਵਿਚ ਫਸਿਆਂ ਨੂੰ ਘੁੰਮਣ ਘੇਰ ਵਿਚੋਂ ਕੱਢ ਕੇ ਪਾਰ ਲਿਆ ਰਹੇ ਹਨ! 'ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰ' ਇਹ ਹੈ ਧਰਮ, ਏਹੋ ਹੈ ਬਿਰਦ। ਪਾਪੀਆਂ ਨੂੰ ਪਿਆਰ ਕਰਨ ਵਾਲਾ ਇਹੋ ਗੁਰੂ ਹੈ, ਪਤਿਤਾਂ ਨੂੰ ਗਲੇ ਲਾਉਣ ਵਾਲਾ ਇਹੋ ਮਾਲਕ ਹੈ। ਨਿਮਾਣਿਆਂ ਦਾ ਮਾਣ ਤੇ ਹੀਣਿਆਂ ਦਾ ਤਕਵਾ ਇਹੋ ਹੈ, ਕਰਮੋਂ ਵਾਂਢਿਆਂ ਦਾ ਤਾਰੂ ਇਹੋ ਮਲਾਹ ਹੈ !

ਵੇਖੋ ਕਿਸ ਤਰ੍ਹਾਂ ਘੋੜਾ ਪਾਣੀ ਨੂੰ ਚੀਰਦਾ ਆ ਰਿਹਾ ਹੈ, ਖ਼ੁਸ਼ ਹੈ ਜੋ ਮੇਰੇ ਮਾਲਕ ਨੇ ਦੁਖੀਆਂ ਦੇ ਦਰਦ ਦੂਰ ਕੀਤੇ ਹਨ, ਮੇਰੀ ਭਵਬਾਧਾ ਬੀ ਹਰੇਗਾ। ਘੋੜਾ ਕਿਨਾਰੇ ਖੜੇ ਪਿਆਰਿਆਂ ਨੂੰ ਵੇਖਕੇ ਹਿਣਕਿਆ ਹੈ, ਮਾਨੋਂ ਆਖਦਾ ਹੈ, ਤੁਸੀਂ ਧੰਨ ਹੋ ਜੋ ਇਸ ਮਾਲਕ ਦੀ ਸ਼ਰਨ ਪਏ ਹੋ, ਮੈਂ ਧੰਨ ਹੋ ਗਿਆ ਹਾਂ ਜੋ ਇਸ ਮਾਲਕ ਦੀ ਸੇਵਾ ਨੂੰ ਪ੍ਰਾਪਤ ਹਾਂ।

ਸਤਿਗੁਰ ਮੂਰਤਿ ਕਉ ਬਲਿ ਜਾਉ॥ ਅੰਤਰਿ
ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ
ਕਦਿ ਪਾਂਉ॥੧॥ਰਹਾਉ॥ ਅਨਾਥਾ ਕੋ ਨਾਥ
ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿ ਨਾਉ॥
ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ
ਅਸਰਾਉ॥੧॥ ਨਿਧਰਿਆ ਧਰ ਨਿਗਤਿਆ
ਗਤਿ ਨਿਥਾਵਿਆ ਤੂ ਥਾਉ॥ ਦਹਦਿਸ ਜਾਂਉ
ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ॥੨॥
ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ ਗਤਿ
ਮਿਤਿ ਕਹਿ ਨ ਸਕਾਉ॥ ਤੂੰ ਬੇਅੰਤੁ ਤੇਰੀ

ਮਿਤਿ ਨਹੀ ਪਾਈਐ ਸਭੁ ਤੇਰੇ ਖੇਲੁ ਦਿਖਾਉ॥ ੩॥
ਸਾਧਨ ਕਾ ਸੰਗੁ ਸਾਧ ਸਿਉ ਗੋਸਟਿ ਹਰਿ
ਸਾਧਨ ਸਿਉ ਲਿਵ ਲਾਉ॥ ਜਨ ਨਾਨਕ ਪਾਇਆ
ਹੈ ਗੁਰਮਤਿ ਹਰਿ ਦੇਹੁ ਦਰਸੁ ਮਨਿ
ਚਾਉ॥ ੪॥ ੧॥ (ਸਾਰੰਗ: ਮ: ੫)

੩.

**ਇਕ** ਬੁੱਢਾ ਆਦਮੀ ਤੇ ਇਕ ਸੁੰਦਰ ਗਭਰੂਟ ਦੋਵੇਂ ਕਾਹਲੇ ਕਾਹਲੇ ਤੁਰੇ ਜਾ ਰਹੇ ਹਨ, ਚਿਹਰਿਆਂ ਪਰ ਉਦਾਸੀ ਛਾ ਰਹੀ ਹੈ

ਬੁੱਢਾ-ਕੀ ਹੋਇਆ ਸਮਝ ਨਹੀਂ ਪੈਂਦੀ, ਕੁਝ ਤੇਰੇ ਨਾਲ ਬੋਲ ਚਾਲ ਹੋਈ ਸੀ ?

ਜੁਆਨ-ਨਹੀਂ ਮੇਰੇ ਨਾਲ ਤਾਂ ਕੁਛ ਨਹੀਂ ਹੋਇਆ।

ਬੁੱਢਾ-ਸੱਸ ਨਾਲ ਨਹੀਂ ਲੜੀ, ਅਸਾਂ ਨਹੀਂ ਕੁਝ ਕਿਹਾ, ਕਿਸੇ ਦੇਵਰ ਜੇਠ ਨਹੀਂ ਮੰਦਾ ਬੋਲਿਆ, ਕਿਉਂ ਗਈ ਤੇ ਕਿੱਧਰ ਗਈ ? ਸਮਝ ਨਹੀਂ ਪੈਂਦੀ।

ਜੁਆਨ-ਕੀਹ ਪਤਾ ਲੱਗੇ ? ਮੇਰੀ ਜਾਚੇ ਕੁਛ ਖਾ ਡੁਬ ਮੋਈ ਹੈ।

ਬੁੱਢਾ-ਸਹਿੰਸਾ ਤਾਂ ਇਹੋ ਹੈ, ਪਰ ਕਿਉਂ ? ਇਹ ਸਮਝ ਨਹੀਂ ਪੈਂਦੀ।

ਜੁਆਨ-ਦੁੱਖ ਤਾਂ ਕੋਈ ਉਸ ਨੂੰ ਸੀ, ਪਰ ਉਭਾਸਰੀ ਨਹੀਂ। ਕਈ ਵੇਰ ਰਾਤੀਂ ਸੁੱਤੀ ਸੁੱਤੀ ਡੁਸਕਾਰੇ ਭਰਨ ਲਗ ਜਾਂਦੀ ਸੀ, ਕਈ ਵੇਰ ਬੈਠੀ ਬੈਠੀ ਰੋ ਪੈਂਦੀ ਸੀ, ਕਦੇ ਚੰਗੀ ਭਲੀ ਹੱਸਦੀ ਹੱਸਦੀ ਮੈਂ ਕੋਈ ਗੱਲ ਸੁਨਾਉਣੀ ਤਾਂ ਉਸਦਾ ਚਿਹਰਾ ਗੁੱਸੇ ਨਾਲ ਲਾਲ ਹੋ ਕੇ ਫੇਰ ਮਾਫ ਹੋ ਜਾਣਾ, ਪਰ ਪਤਾ ਨਾ ਲੱਗਣਾ ਕਿ ਕੀ ਹੁੰਦਾ ਹੈ। ਖਬਰੇ ਸਿੱਖ ਦੀ ਧੀ ਸੀ ਤੇ ਅਸੀਂ ਗੁਰੂ ਨੂੰ ਵੱਧ ਘੱਟ ਆਖ ਦੇਂਦੇ ਸਾਂ ਤੇ ਉਹ ਅੰਦਰੋਂ ਤਪਦੀ ਸੀ। ਭਗਵਾਨ ਜਾਣੇ ਕੀਹ ਸੀ।

ਬੁੱਢਾ-ਬੜੀ ਮੱਥੇ ਕੱਜੀ ਨੋਂਹ ਸੀ। ਸਾਡੇ ਭਾਗ ! ਕਦੇ ਉੱਚੀ ਤੱਕੀ ਨਹੀਂ, ਲੜੀ ਨਹੀਂ, ਕਦੇ ਕੌੜਾ ਵਾਕ ਨਹੀਂ ਬੋਲੀ, ਦੁੱਖ ਨਹੀਂ ਉਭਾਸਰੀ! ਭਾਵੇਂ ਧੀ ਤਾਂ ਕੁਰਾਹੀਏ ਦੀ ਸੀ, ਪਰ ਗੁਣ ਅਮੋਲਕ ਸਨ। ਇਕੋ ਔਗੁਣ ਸੀ ਜੋ ਕਦੇ ਮੂਰਤੀ ਅੱਗੇ ਮੱਥਾ ਨਹੀਂ ਟੇਕਦੀ ਸੀ। ਸਾਨ੍ਹੇ ਵਾਂਙ ਧੋਣ ਉੱਚੀ ਰੱਖਦੀ ਸੀ, ਪਰ ਹੋਰ ਗੁਣਾਂ ਅੱਗੇ ਇਹ ਕੁਝ ਗੱਲ ਨਹੀਂ ਸੀ। ਮੇਰੀ ਤਾਂ ਵਰ੍ਹੇ ਭਰ ਵਿਚ ਉਸ ਨੇ ਇਕੋ ਅਵੱਗਯਾ ਕੀਤੀ ਹੈ ਜੋ ਕੁਲ ਗੁਰੂ ਆਏ ਤਾਂ ਮੰਤਰ ਲੈਣੋਂ ਕੰਨੀਂ ਕਤਰਾ ਗਈ। ਸੱਸ ਸ਼ਰੀਕਾ ਸਭ ਮੱਥਾ ਮਾਰ ਥੱਕੇ ਉਸ ਨੇ ਉੱਚੀ ਨਜ਼ਰ ਕਰਕੇ ਵੇਖੇ ਨਹੀਂ ਜੋ ਕੁਲ ਗੁਰੂ ਕਿੱਥੇ ਖੜੇ ਹਨ। ਖ਼ਬਰੇ ਤਾਂ ਸਿੱਖ ਦੀ ਧੀ ਹੋਣ ਕਰਕੇ ਤੇ ਖ਼ਬਰੇ ਜੇ ਉਸਦੇ ਹੋਰ ਗੁਣ ਤੱਕੀਏ ਤਾਂ ਕਿਸੇ ਮਨੁੱਖ ਵਲ ਕਦੇ ਉਸਨੇ ਭਰਵੀਂ ਨਜ਼ਰ ਨਾਲ ਤੱਕਿਆ ਨਹੀਂ ਸੀ, ਪਤੀਬ੍ਰਤ ਭਾਵ ਕਰਕੇ, ਰਾਮ ਦੀ ਰਾਮ ਜਾਣੇ।

ਜੁਆਨ-ਕੀ ਪਤਾ, ਉਹ ਆਪਣੇ ਅੰਦਰ ਦੀ ਆਪਣੇ ਅੰਦਰ ਹੀ ਜਾਣੇ, ਹਾਲੇ ਤਾਂ ਅਪਦਾ ਪੈ ਗਈ ਹੈ, ਮੈਨੂੰ ਪੱਕਾ ਸ਼ੁਬ੍ਹਾ ਹੈ ਉਹ ਆਨੰਦਪੁਰ ਆਉਣਾ ਲੋਚਦੀ ਸੀ ਤੇ ਮਾਂ ਮਨ੍ਹੇਂ ਕਰਦੀ ਸੀ, ਮੈਂ ਬੀ ਹੋੜਿਆ ਸੀ। ਚੁਪ ਕਰ ਗਈ ਸੀ, ਪਰ ਦੁਖੀ ਹੋ ਕੇ...।

ਇੰਨੇ ਨੂੰ ਇਕ ਮੋੜ ਤੋਂ ਦੋ ਹੋਰ ਆਦਮੀ ਨਿਕਲੇ। ਉਹਨਾਂ ਵਿਚੋਂ ਵਿਸਾਖਾ ਨਾਮ ਵਾਲਾ ਬੋਲਿਆ।

ਭਾਈਆ ! ਅਸੀਂ ਦੋਵੇਂ ਤਾਂ ਬੜੀਆਂ ਟੱਕਰਾਂ ਮਾਰ ਆਏ ਹਾਂ, ਥਹੁ ਨਹੀਂ ਲੱਗਾ, ਪਰ ਭਾਈਆਂ ! ਇਕ ਗੱਲੇ ਚੰਗਾ ਹੋਇਆ, ਸਿੱਖ ਦੀ ਧੀ ਚਲੀ ਗਈ, ਜੇ ਕਿਤੇ ਮਾਖੋ ਵਾਲ ਦੇ ਸਿਖਾਂ ਨੂੰ ਪਤਾ ਲਗ ਜਾਂਦਾ ਤਾਂ ਚੌਧਰੀ ਖੱਨੇ (ਕੁੜੀ ਦੇ ਚਾਚੇ) ਸਮੇਤ ਸਾਨੂੰ ਉਡਾ ਛੱਡਦੇ। ਭਲਾ ਹੋਇਆ ਜੋ ਉਹਨਾਂ ਦੇ ਕੰਨੀਂ ਬਲੇਲ ਨਹੀਂ ਪਈ ਤੇ ਕੁੜੀ ਆਪੇ ਖਿਸਕੰਤ ਹੋ ਗਈ।

ਬੁੱਢਾ-ਵਿਸਾਖਿਆ ! ਸਾਡਾ ਸਿਖਾਂ ਨਾਲ ਕੋਈ ਪ੍ਰਯੋਜਨ ਤਾਂ ਹੈ ਨਹੀਂ, ਪਰ ਝੂਠ ਨਹੀਂ ਕਹਿਣਾ: ਸਿੱਖਾਂ ਜਿਹਾ ਨੇਕ ਬੀ ਇਸ ਸਮੇਂ ਹੋਰ ਕੋਈ ਨਹੀਓਂ। ਹੁਣ ਕੋਈ ਸੁਣਦਾ ਤਾਂ ਨਹੀਂ ਹੈ, ਭਾਵੇਂ ਮਾੜੇ ਪਏ ਆਖਦੇ ਹਾਂ, ਪਰ ਉਹ ਕਰਦੇ ਭਲਾ ਹਨ ਅਰ ਧੱਕਾ ਕਿਸੇ ਤੇ ਨਹੀਂ ਕਰਦੇ। ਸਹਾਰਦੇ ਬੀ ਅੰਤ ਤੀਕਰ ਹਨ।

ਵਿਸਾਖਾ-ਹਾਂ, ਏਹ ਗੱਲਾਂ ਹੈਨ ਤਾਂ ਸਚ। ਪਰ...ਹਾਂ ਹੱਛਾ ਹੁਣ ਫੇਰ ਕੀ ਕਰਨਾ ਹੈ ?

ਬੁੱਢਾ-ਟੋਲ ਭਾਲ।

ਵਿਸਾਖਾ-ਕਿੰਨੀ ਕੁ ?

ਬੁੱਢਾ-ਨੀਂਗਰ ਦੀ ਮਰਜ਼ੀ ਹੈ ਜੋ ਮਾਖੋਵਾਲ ਤਾਈਂ ਭਾਲ ਕਰੀਏ।

ਵਿਸਾਖਾ-ਚੰਗੀ ਗੱਲ ਹੈ।

ਇਸ ਤਰ੍ਹਾਂ ਦੀ ਵਿਚਾਰ ਕਰਕੇ ਏਹ ਅੱਗੇ ਨੂੰ ਤੁਰ ਪਏ। ਜਦੋਂ ਕੋਈ ਆਦਮੀ ਅਗੋਂ ਮਿਲਦਾ, ਤਾਂ ਏਹ ਪੁਛਦੇ 'ਖਈ ਕੋਈ ਮੁਟਿਆਰ ਕੱਲੀ ਤੁਰੀ ਜਾਂਦੀ ਤਾਂ ਨਹੀਂ ਮਿਲੀ ?' ਕਿਸੇ ਰਾਹੀ ਨੇ ਕੁਛ ਉੱਤਰ ਦੇਣਾ

ਤੇ ਕਿਸੇ ਨੇ ਕੁਛ। ਇਕ ਰਾਹੀ ਨੇ ਸੂਹ ਪਾਈ ਕਿ ਸਵੇਰੇ ਇਕ ਤ੍ਰੀਮਤ ਨਦੀ ਠਿੱਲ੍ਹਦੀ ਵੇਖੀ ਸੀ। ਇਹ ਸੁਣਕੇ ਏਹ ਨਦੀ ਦੇ ਰੁਖ ਹੋ ਕੇ ਲੱਗੇ ਕਿਨਾਰੇ ਕਿਨਾਰੇ ਭਾਲ ਕਰਨ: ਦਿਹੁੰ ਬਹੁਤ ਉੱਚਾ ਹੋ ਆਇਆ। ਛਾਹ ਵੇਲਾ ਲੰਘ ਗਿਆ, ਭੁੱਖ ਬੀ ਲੱਗੀ, ਪਰ ਰੋਟੀ ਕਿਥੋਂ ਮਿਲੇ ? ਸਲਾਹ ਇਹੋ ਪੱਕੀ ਹੋਈ ਕਿ ਕਿਨਾਰੇ ਕਿਨਾਰੇ ਜਾ ਕੇ ਫੇਰ ਆਨੰਦਪੁਰ ਪਹੁੰਚਣਾ ਹੈ।

ਹੁਣ ਏਹ ਓਥੇ ਕੁ ਅੱਪੜੇ ਜਿਥੇ ਜਗਤ ਨਾਥ ਜੀ ਉਸ ਪ੍ਰੇਮਣ ਅਰ ਅਤਿ ਜਰਨ ਵਾਲੀ ਬੀਬੀ ਨੂੰ ਨਦੀ ਦੇ ਭੌਜਲ ਤੋਂ ਕੱਢ ਲਿਆਏ ਸਨ। ਇਨ੍ਹਾਂ ਨੇ ਦੂਰੋਂ ਮਨੁੱਖ ਖੜੇ ਵੇਖ ਕੇ ਧਾਈ ਕੀਤੀ ਕਿ ਇਨ੍ਹਾਂ ਤੋਂ ਪੁੱਛੀਏ! ਪੁੱਛਣ ਲਈ ਅੱਗੇ ਵਧੇ ਤਾਂ ਕੀ ਵੇਖਦੇ ਹਨ ਕਿ ਇਕ ਖੜੇ ਪ੍ਰਭਾਵ ਵਾਲਾ ਸਰੂਪ ਹੈ, ਪਰ ਤੇਜ ਦਾ ਭੈ ਕੁਛ ਐਸਾ ਛਾਇਆ ਕਿ ਨਾ ਬੋਲ ਸਕਦੇ ਹਨ ਤੇ ਨਾ ਹੀ ਅੱਗੇ ਕਦਮ ਪੁੱਟ ਸਕਦੇ ਹਨ।

ਮਹਾਰਾਜ ਦਾ ਘੋੜਾ ਜਿਸ ਵੇਲੇ ਹੰਭਲਾ ਮਾਰਕੇ ਬਾਹਰ ਨਿਕਲਿਆ ਤਦ ਭਾਈ ਸਾਹਿਬ ਸਿੰਘ ਜੀ ਨੇ ਆਪਣਾ ਲੋਆ ਹੇਠ ਵਿਛਾ ਦਿੱਤਾ, ਲੋਥ ਨੂੰ ਸੰਭਾਲ ਕੇ ਉਸ ਪਰ ਰੱਖ ਦਿੱਤਾ ਤੇ ਰਕਾਬ ਫੜ ਕੇ ਮਹਾਰਾਜ ਜੀ ਨੂੰ ਉਤਾਰਿਆ! ਹੁਣ ਉਸ ਬੀਬੀ ਦੇ ਸਰੀਰ ਵਿਚੋਂ ਪਾਣੀ ਕੱਢਕੇ ਬਾਬਾ ਦਇਆ ਸਿੰਘ ਜੀ ਨੇ ਚਾਦਰਾ ਦੁਆਲੇ ਦੇ ਕੇ ਬਸਤਰ ਗਿੱਲੇ ਲਾਹਕੇ ਆਪਣੇ ਕੰਬਲ ਵਿਚ ਲਪੇਟ ਦਿੱਤਾ। ਸ੍ਰੀ ਗੁਰੂ ਜੀ ਉਧਰ ਘੋੜੇ ਨੂੰ ਥਾਪੜਾ ਦੇ ਕੇ ਧੁੱਪੇ ਖੜਾ ਕਰਕੇ ਬਸਤ੍ਰ ਵਟਾਉਣ ਲੱਗ ਪਏ। ਪਰਲੇ ਪਾਸੇ ਓਹ ਨੌਂਹ ਦੇ ਢੂੰਡਾਊ ਖੜੇ ਦੇਖ ਰਹੇ ਹਨ, ਕੁੜੀ ਪਛਾਣ ਲਈ ਤੇ ਮੁਰਦਾ ਜਾਣ ਲਈ। ਇਹ ਬੀ ਸਿਆਣ ਗਏ ਸਨ ਕਿ ਇਹ ਸਿਖ ਹਨ। ਇਹ ਬੀ ਪਤਾ ਲੱਗ ਗਿਆ ਸੀ ਕਿ ਇਨ੍ਹਾਂ ਵਿਚੋਂ ਇਕ ਹੁਣੇ ਹੀ ਰੁੜ੍ਹੀ ਜਾਂਦੀ ਕੱਢ ਕੇ ਲਿਆਇਆ ਹੈ। ਜੀ ਚਾਹੁੰਦਾ ਸਾਨੇ ਕਿ ਧਾ ਕੇ ਲੋਥ ਮੰਗੀਏ, ਪਰ ਡਰ ਪੈਰ ਨਹੀਂ ਪੁੱਟਣ ਦੇਂਦਾ ਸੀ। ਦਇਆ ਸਿੰਘ ਨੇ ਜਿਸ ਖੂਬੀ ਨਾਲ ਉਸ ਦੇ ਗਿੱਲੇ ਕਪੜੇ ਉਤਾਰ ਕੇ ਸੁੱਕੇ ਕੰਬਲ ਵਿਚ ਲਪੇਟਿਆ ਹੈ ਉਹਨਾਂ ਨੂੰ ਹੈਰਾਨੀ ਵਿਚ ਭਰ ਰਿਹਾ ਹੈ, ਕਿਉਂਕਿ ਬੀਬੀ ਦਾ ਕੋਈ ਅੰਗ ਨੰਗਾ ਨਹੀਂ ਹੋਣੇ ਪਾਇਆ। ਕਿਸੇ ਦੀ ਨਜ਼ਰ ਨਹੀਂ ਪਈ, ਲਪੇਟਣ ਵਾਲੇ ਦੀ ਆਪਣੀ ਨਜ਼ਰ ਤਕ ਨਹੀਂ ਪਈ ਅਰ ਕਾਰਜ ਹੋ ਗਿਆ। ਉਹਨਾਂ ਲਈ ਇਹ ਪਵਿੱਤ੍ਰਤਾ ਤੇ ਇਹ ਆਚਰਨ ਦੀ ਗੰਭੀਰ ਉੱਚਤਾ ਅਚਰਜ ਵਾਲੀ ਗੱਲ ਸੀ, ਪਰ ਪਰੋਪਕਾਰੀ ਸਿਖਾਂ ਦੇ ਏਹ ਖੱਬੇ ਹੱਥ ਦੇ ਕਰਤਬ ਸਨ। ਏਨ੍ਹਾਂ ਗੁਆਰਾਂ ਨੂੰ ਪਤਾ ਨਹੀਂ ਲੱਗਾ ਕਿ ਏਹ ਕੌਣ ਹਨ ? ਪਰ ਸਾਹਿਬਾਂ ਦੇ ਚਿਹਰੇ ਨੇ ਏਨ੍ਹਾਂ ਦੇ ਦਿਲਾਂ ਵਿਚ ਕੁਝ ਪਿਆਰ ਦੀ ਧੂਹ ਜਿਹੀ ਮਾਰੀ ਹੈ ਅਰ ਚੰਗੇ ਚੰਗੇ ਪਏ ਲੱਗਦੇ ਨੇ।

ਬੀਬੀ ਤੇ ਸਤਿਗੁਰਾਂ ਦੀ ਮੇਹਰ ਹੋਈ, ਕਪੜੇ ਵਟਾ ਕੇ ਬੀਬੀ ਦੇ ਸਿਰ ਤੇ ਆ ਖੜੋਤੇ, ਬੋਲੇ: ਉਠੋ ਬੇਟੀ ਸਾਵਧਾਨ ! ਹੋਸ਼ ਪਰਤ ਪਈ, ਅੱਖਾਂ ਖੁੱਲ੍ਹੀਆਂ ਇਕ ਸਿਖ ਨੇ ਸੱਦ ਲਾਈ–

"ਰਖੇ ਰਖਣਹਾਰਿ ਆਪਿ ਉਬਾਰਿਅਨੁ ॥
ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥
ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥
ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥"
(ਵਾਰ: ਗੂ: ਮ: ੫-੧)

ਠਿੱਲ੍ਹ ਸਮਝ ਗਿਆ ਸੀ ਕਿ ਏਹ ਗੁਰੂ ਹਨ। ਆਪਣੇ ਸਾਮ੍ਹਣੇ ਮੁਰਦੇ ਨੂੰ ਜੀਉਂਦਾ ਵੇਖ ਕੇ ਠਿੱਲ੍ਹ ਹੁਣ ਬੇਵਸ ਹੋ ਗਿਆ ਤੇ ਨੱਸ ਕੇ ਗੁਰੂ ਜੀ ਦੇ ਪੈਰਾਂ ਤੇ ਜਾ ਪਿਆ: "ਮੈਂ ਪਾਪੀ ਨੂੰ ਬੀ ਰੱਖ ਲਓ, ਰੱਖ ਲਓ, ਰੱਖ ਲਓ!" ਇਸੇ ਤਰ੍ਹਾਂ ਬਾਕੀ ਦੇ ਬੇਵਸੇ ਹੋ ਕੇ ਚਰਨੀਂ ਆ ਪਏ "ਦਇਆ ਕਰੋ। ਬਖਸ਼ ਲਓ। ਬਖਸ਼ ਲਓ! ਅਸਾਂ ਦੇਵੀ ਨੂੰ ਸਤਾਇਆ ਹੈ। ਬਾਣੀ ਨਹੀਂ ਪੜ੍ਹਨ ਦਿੱਤੀ, ਦਰਸ਼ਨ ਨਹੀਂ ਕਰਨ ਦਿੱਤੇ, ਸਵੇਰੇ ਉਠਦੀ ਨੂੰ ਝਿੜਕਿਆ ਹੈ, ਰਾਤ ਜਾਗਦੀ ਨੂੰ ਸਤਾਇਆ ਹੈ, ਤੁਹਾਡਾ ਨਾਂ ਲੈਂਦੀ ਨੂੰ ਹੋੜਿਆ ਹੈ, ਸਾਰੇ ਟੱਬਰ ਦੀ ਸੇਵਾ ਕਰਦੀ ਨੂੰ ਸੂਲਾਂ ਚੋਭੀਆਂ ਹਨ, ਸੰਤੋਖ ਕਰਦੀ ਤੇ ਜਰਦੀ ਨੂੰ ਸਮਝਿਆ ਨਹੀਂ। ਅਸੀਂ ਅਪਰਾਧੀ ਤੀਰੀ ਲੇਖ ਕਰਨ ਦੇ ਲੈਕ ਹਾਂ। ਹਾਂ, ਸਾਨੂੰ ਬਖਸ਼ ਲਵੋ।"

ਸ੍ਰੀ ਗੁਰੂ ਜੀ ਨੇ ਤੀਰ ਨਾਲ ਟੁੰਬਕੇ ਕਿਹਾ, 'ਉਠੋ ਉਠੋ'।

ਉਧਰ ਬੀਬੀ ਹੁਣ ਉੱਠਣਾ ਤਾਂਘਦੀ ਸੀ। ਬਾਬਾ ਜੀ ਦੇ ਸਹਾਰੇ ਨਾਲ ਉੱਠੀ ! ਇੰਨੇ ਨੂੰ ਗਰਮ ਦੁੱਧ ਆ ਗਿਆ, ਕਾਕੀ ਨੂੰ ਘੁਟ ਘੁਟ ਕਰਕੇ ਪਿਲਾਯਾ ਗਿਆ ਹੁਣ ਉੱਠੀ। ਉਠ ਕੇ ਕੀ ਵੇਖਦੀ ਹੈ ਕਿ

ਮੇਰੇ ਵਿਚ ਬਲ ਆ ਗਿਆ ਹੈ। ਸ਼ਹਿਰੋਂ ਨਵੇਂ ਆਏ ਸੁੱਕੇ ਕਪੜੇ ਪਰਦਾ ਕਰਕੇ ਪਹਿਨ ਲਏ ਤੇ ਕਲਗੀਧਰ ਜੀ ਵੱਲ ਹੱਥ ਜੋੜਕੇ ਅੱਖਾਂ ਮੀਟ ਕੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ: "ਗੁਰੂ ਬਖਸ਼ਿੰਦ ਜੀ ! ਇਨ੍ਹਾਂ ਨੂੰ ਬਖਸ਼ ਲਓ।" ਗੁਰੂ ਜੀ ਹੱਸ ਪਏ ਤੇ ਬੋਲੇ:- "ਬੀਬੀ ! ਪਹਿਲੇ ਤੂੰ ਬਖਸ਼ਣਾ ਹੈ, ਜਿਸ ਨਿਰਅਪ੍ਰਾਧ ਨੂੰ ਇਨ੍ਹਾਂ ਛਲ ਨਾਲ ਵਿਆਹਿਆ, ਫੇਰ ਸਤਾਇਆ। ਇਨ੍ਹਾਂ ਦੇ ਪਾਪ ਨੂੰ ਅਕਾਲ ਪੁਰਖ ਬਖਸ਼ੇਗਾ ਜੇ ਪਹਿਲੇ ਤੂੰ ਬਖਸ਼ੇਂਗੀ।" ਇਹ ਸੁਣਕੇ ਵਡੇ ਦਿਲ ਵਾਲੀ ਬੋਲੀ: "ਪਿਤਾ ਜੀ ! ਬਖਸ਼ਣ ਵਾਲੇ ਆਪ ਹੋ, ਬਖ਼ਸ਼ਿੰਦ ਆਪ ਹੋ, ਮੈਂ ਅਵਗੁਣ ਨਹੀਂ ਚਿਤਾਰਦੀ ਪਰ ਪਾਤਸ਼ਾਹ ਬਖਸ਼ਣ ਦੇ ਮਾਲਕ ਆਪ ਹੋ।" ਸ੍ਰੀ ਗੁਰੂ ਜੀ ਦੇ ਨੇਤ੍ਰ ਇਸ ਪ੍ਰੇਮ ਤੇ ਦਇਆ ਨੇ ਮਿਹਰਾਂ ਨਾਲ ਭਰ ਦਿੱਤੇ, ਅਰ ਮੁਖਾਰਬਿੰਦ ਥੀਂ ਵਾਕ ਹੋਇਆ:-'ਬਖਸ਼ੇ ਗਏ'।

ਹੁਣ ਸਾਰੇ ਸ੍ਰੀ ਗੁਰੂ ਜੀ ਦੇ ਚਰਨਾਂ ਨੂੰ ਲਿਪਟ ਗਏ। ਫੇਰ ਸਾਰੇ ਆਨੰਦਪੁਰ ਪਹੁੰਚੇ ਅੰਮ੍ਰਿਤ ਛਕਕੇ ਸਿੰਘ ਸਜੇ[1]। ਜਿਨ੍ਹਾਂ ਦੇ ਆਸਰੇ ਭੱਜ ਜਾਣ, ਜਿਨ੍ਹਾਂ ਦੀ ਡੋਰ ਕੇਵਲ ਗੁਰੂ ਤੇ ਹੋਵੇ, ਪਿਛਲੇ ਕਰਮਾਂ ਦੇ ਵੇਗ ਜਿਨ੍ਹਾਂ ਨੂੰ ਰੋੜ੍ਹ ਦੇਣ, ਸੂਰਾ ਗੁਰੂ ਉਹਨਾਂ ਨੂੰ ਐਉਂ ਤਾਰਦਾ ਹੈ। ਨਿਮਾਣਿਆਂ ਦਾ ਮਾਣ ਗੁਰੂ ਧੰਨ ਹੈ।

# ੪੧. ਭਾਈ ਦਿਲਬਾਗ ਸਿੰਘ[2]।

**ਬਾਪੂ**-ਬੇਟੀ ! ਤੇਰੇ ਕਦਮ ਬਹੁਤ ਹੌਲੇ ਪੈਂਦੇ ਹਨ! ਮੇਰੇ ਪੈਰ ਬੀ ਠਹਿਕਦੇ ਹਨ, ਸਾਹ ਬੀ ਚੜ੍ਹਦਾ ਹੈ ਕਿਤੇ ਕੋਈ ਪਹਾੜੀ ਚੜ੍ਹਾਈ ਤਾਂ ਨਹੀਂ ਆ ਗਈ ?

ਕੰਨਿਆਂ-ਬਾਪੂ ਜੀ ! ਚੜ੍ਹਾਈ ਪਹਾੜੀ ਦੀ ਤਾਂ ਨਹੀਂ, ਪਰ ਉਂਵ ਚੜ੍ਹਾਈ ਹੀ ਹੈ, ਸੰਝ ਆ ਉਤਰੀ ਹੈ, ਚਾਨਣੇ ਚਾਨਣੇ ਤਾਂ ਮੈਂ ਪੱਥਰ, ਟਿੱਬੇ ਖੋੜੇ ਬਚਾਕੇ ਟੁਰਦੀ ਸਾਂ, ਹੁਣ ਹਨੇਰੇ ਕਰਕੇ ਕਿਤੇ ਰਤਾ ਪੈਰ ਠੁਹਕਰਦੇ ਹਨ!

ਬਾਪੂ-ਚੰਦ੍ਰਮਾਂ ਨਹੀਂ ਚੜ੍ਹਿਆ ?

ਕੰਨਿਆਂ-ਨਹੀਂ ਬਾਪੂ ਜੀ, ਅਜੇ ਤਾਂ ਤਾਰੇ ਬੀ ਨਹੀਂ ਨਿਕਲੇ। ਕੁਛ ਬੱਦਲਵਾਈ ਜੇਹੀ ਹੈ ?

ਬਾਪੂ-ਕਾਕੀ ! ਨਜ਼ਰ ਦੁੜਾ ਖਾਂ, ਕਿਤੇ ਕੋਈ ਚਾਨਣਾ ਦੀਹਦਾ ਹੋਵੇ ? ਕੋਈ ਕੁੱਲੀ, ਖੂਹ ਨੇੜੇ ਹੋਵੇ ਮਤਾਂ।

ਕਾਕੀ-ਇਕ ਪਹਾੜੀ ਰੌ ਜਿਹੀ ਹੈ, ਕੁਛ ਕਿਸੇ ਤਰ੍ਹਾਂ ਦਾ ਪਰਵਾਹ ਪੱਥਰਾਂ ਦੇ ਵਿਚ ਦੀ ਵਗਦਾ ਦੀਹਦਾ ਹੈ, ਉਸ ਦੇ ਪਾਰ ਚਾਨਣਾ ਜਿਹਾ ਦੀਹਦਾ ਹੈ, ਦੀਵਾ ਜਗਦਾ ਹੈ, ਚਾਹੇ ਅੱਗ ਬਲਦੀ ਹੈ ਤੇ ਉਰਾਰਲੇ ਪਾਸੇ ਚਾਨਣਾ ਕਿਤੇ ਨਹੀਂ ਦਿੱਸਦਾ।

ਬਾਪੂ (ਹਵਾ ਦਾ ਬੁੱਲਾ ਵੱਜਾ)-ਇਹ ਠੱਕੇ ਦੀ ਪੌਣ ਕਿੱਥੋਂ ਝੁੰਮ ਪਈ, ਢਾਵੂ ਹੈ ਹਰਦੁਆਰ ਦਾ ਭਾਵੇਂ। ਅੱਗੇ ਹੀ ਥੱਕ ਟੁੱਟ ਕੇ ਹੁੱਟ ਚੁਕੇ ਹਾਂ, ਉਤੋਂ ਨਾਲਾ ਆ ਗਿਆ ਹੈ, ਮੈਂ ਮੁਨਾਖਾ ਤੂੰ ਅਞਾਣੀ, ਪਹਾੜੀ ਰੌਆਂ ਸ਼ੇਰਾਂ ਦੇ ਪੈਰ ਕੱਢ ਸਿਟਦੀਆਂ ਹਨ, ਨ ਜਾਣੀਏਂ ਦੋਵੇਂ ਹੀ ਵਿਚੇ ਭੇਟ ਹੋਈਏ, ਅਰ ਓਹ ਆਸਾਂ ਉਮੈਦਾਂ ਜਨਮਾਂ ਤੇ ਜਾ ਪੈਣ, ਜਿਨ੍ਹਾਂ ਦੇ ਪੂਰੇ ਹੋਣ ਵਿਚ ਹੁਣ ਕੇਵਲ ਇਕ ਕਿ ਦੋ ਸੂਰਜ ਚੜ੍ਹਨ ਤਕ ਦਾ ਪਰਦਾ ਹੈ।

ਕਾਕੀ-ਬਾਪੂ ਜੀ ! ਭੁੱਖ ਬੀ ਵੱਢ ਵੱਢ ਖਾ ਰਹੀ ਹੈ। ਝੋਲੇ ਵਿਚ ਹੁਣ ਪੰਜੀਰੀ ਬੀ ਹੈ ਨਹੀਂ, ਕੋਈ ਟੁੱਕਰ ਹੈ ਤਾਂ ਸੁੱਕਾ।

ਬਾਪੂ-ਮੇਰੇ ਨਸੀਬ ਤੈਨੂੰ ਮਾਸੂਮ ਨੂੰ ਮੇਰੇ ਪਾਪਾਂ ਕਰਕੇ ਤਸੀਹਾ ਭੋਗਣਾ ਪੈ ਗਿਆ ਹੈ। ਜੇ ਮੈਂ ਓਦੋਂ ਅੱਖਾਂ ਖੋਲ੍ਹਦਾ ਕਿ ਜਦੋਂ ਮੈਂ ਸੁਜਾਖਾ ਸਾਂ, ਤਾਂ ਅੱਜ ਅੰਦਰਲੇ ਦੀਦੇ ਨਾ ਲੱਭਦਾ ਫਿਰਦਾ, ਪਰ ਹਾਇ ਲਿਖੀਆਂ ! ਮੈਂ ਨੈਣਾਂ ਦੇ ਹੁੰਦਿਆਂ ਨਾ ਦੇਖਿਆ, ਤੇ ਦੇਖਦਿਆਂ ਭਾਲਦਿਆਂ ਨਾ ਸਮਝਿਆ। ਸਮਝਦਿਆਂ ਸਮਝਾਂਦਿਆਂ ਨਾਂ ਪਤੀਜਿਆ। ਪਤੀਜਣ ਵਾਲੇ ਪਾਰ

1. ਕੁਛ ਕੁਛ ਫਰਕ ਨਾਲ ਇਹ ਪੁਰਾਤਨ ਪ੍ਰਸੰਗ ਮਿਲਦਾ ਹੈ। ਇਸ ਦਾ ਇਕ ਵਰਨਣ ਇਸ ਤੋਂ ਕੁਛ ਫ਼ਰਕਵਾਂ ਤਵਾ: ਖਾ: ਵਿਚ ਬੀ ਹੈ। (੫੫੭)

2. ਇਹ ਪ੍ਰਸੰਗ ਸੰਮਤ ਗੁ: ਨਾ: ਸਾ: ੪੪੧ (੧੯੧੦ ਈ:) ਦੇ ਗੁਰਪੁਰਬ ਸਪਤਮੀ ਪਰ 'ਨਿਮਾਣਿਆਂ ਦਾ ਨਿਸਤਾਰਾ' ਦੇ ਨਾਮ ਹੇਠ ਟਰੈਕਟ ਦੀ ਸ਼ਕਲ ਵਿਚ ਪ੍ਰਕਾਸ਼ਿਆ ਸੀ।

ਹੋ ਗਏ, ਭੈ ਸਾਗਰ ਨੂੰ ਤਰ ਗਏ ਤੇ ਮੈਂ ਅੱਜ ਇਕ ਕੱਮੀ ਤਰਨੋਂ ਬੀ ਕੰਬ ਰਿਹਾ ਹਾਂ। ਦੀਦੇ ਬੜੀ ਨਿਆਮਤ ਹਨ, ਪਰ ਜੇ ਦੀਦੇ ਦੇਖਣ ਵਾਲੇ ਹੋਣ! ਦੇਖਣ ਵਾਲੇ ਦੇ ਦੀਦੇ ਤਦ ਨਿਆਮਤ ਹਨ ਜੇ ਦੇਖਦੇ ਚਾਖਦੇ ਪਰਖਣ ਬੀ। ਦੀਦਿਆਂ ਵਾਲੇ ਨਦੀਦੇ ਹੋਈ ਫਿਰਦੇ ਹਨ ਤੇ ਨਦੀਦੇ ਦੀਦਿਆਂ ਦੀ ਭਾਲ ਵਿਚ ਪਏ ਫਿਰਦੇ ਹਨ। ਹਾਂ, ਦੀਦ ਤੋਂ ਖਾਲੀ ਦੀਦੇ ਹੋਏ ਅਣਹੋਏ ਇਕੋ ਜਿਹੇ।

ਕਾਕੀ-ਬਾਪੂ ਜੀ ਐਉਂ ਨਾ ਗੱਲਾਂ ਕਰੋ, ਸਿੱਧੇ ਤੁਰੇ ਚੱਲੀਏ।

ਬਾਪੂ-ਬਚੜੀ ! ਜੇ ਇਕ ਵੇਰੀ ਕੰਨੀਂ ਆਵਾਜ਼ ਪੈ ਜਾਵੇ 'ਬਖਸ਼ਿਆ' ਤਦ ਸਾਰੇ ਦੁੱਖ ਭੁੱਲ ਜਾਣ। ਹਾਇ ਤੈਨੂੰ ਨਿਆਣੀ ਨੂੰ ਮੈਂ ਦੁੱਖਾਂ ਵਿਚ ਪਾ ਦਿੱਤਾ ਹੈ, ਕਰਦਾ ਮੈਂ ਰਿਹਾ ਤੇ ਭਰਨ ਵੇਲੇ ਭਾਰ ਤੇਰੇ ਸਿਰ ਪਾ ਰਿਹਾ ਹਾਂ।

ਕਾਕੀ-ਬੀਬੇ ਬਾਪੂ ਜੀ ! ਐਦਾਂ ਨਾ ਆਖੋ, ਮੇਰੇ ਜੀ ਨੂੰ ਕੁਛ ਹੁੰਦਾ ਹੈ। ਮੇਰੇ ਬੀ ਤਾਂ ਤੁਸੀਂ ਹੀ ਤੁਸੀਂ ਹੋ ਤੇ ਤੁਸੀਂ ਬੀ ਉਦਾਸੀ ਬੋਲੀ ਬੋਲਦੇ ਹੋ, ਬੀਬੇ ਰਾਣੇ ਦੁਖ ਨ ਚੇਤੇ ਕਰੋ ਕਰਾਓ।

ਬਾਪੂ-ਕਾਕੀ ! ਨਾਲਾ ਕਿੰਨੀ ਕੁ ਦੂਰ ਹੈ ?

ਕਾਕੀ-ਬਾਪੂ ਜੀ ! ਹੁਣ ਤਾਂ ਨੇੜੇ ਹੈ!

ਬਾਪੂ-ਪਾਣੀ ਜ਼ੋਰ ਦਾ ਹੈ, ਥਾਹ ਕਿ ਡੋਬੂ ?

ਕਾਕੀ-ਅਜੇ ਤਾਂ ਪਤਾ ਨਹੀਂ ਲਗਦਾ!

ਬਾਪੂ-ਆਹ ਵੇਖੀਂ, ਬਚੜਾ ! ਮੇਰੀ ਲਾਠੀ ਢਹਿ ਪਈ, ਰਤਾ ਖੜੋ ਜਾ ਤੇ ਮੈਨੂੰ ਚਾ ਦੇਹ।

ਕਾਕੀ (ਲਾਠੀ ਲੱਭ ਕੇ ਤੇ ਅੱਗੇ ਕਰਕੇ)-ਲਓ ਬਾਪੂ ਜੀ ਲਾਠੀ, ਹਾਇ ਉਈ !

ਬਾਪੂ-ਕਿਉਂ ਬਚੜੀ ?

ਕਾਕੀ-ਬਾਪੂ ਜੀ, ਲਾਠੀ ਚੁੱਕਣ ਲਈ ਜੁ ਮੈਂ ਝੁਕੀ ਤਾਂ ਲੱਕ ਦੀ ਪੀੜ ਨਿਕਲ ਗਈ, ਤੁਰਦੇ ਤੁਰਦੇ ਲੱਕ ਆਕੜ ਗਿਆ ਹੈ।

ਬਾਪੂ-ਕੌਣ ਵੇਲਾ ਹੋਯਾ ਜਦ ਦੇ ਟੁਰੇ ਹਾਂ, ਉਤੋਂ ਇਹ ਸੀਆ, ਐਂਗਾਂ ਨੇ ਤਾਂ ਆਕੜ ਹੀ ਜਾਣਾ ਸੀ, ਕੀਹ ਕਰੀਏ ?

ਕਾਕੀ-ਲਓ ਪਗਡੰਡੀ ਨੇ ਮੋੜ ਖਾਧਾ ਹੈ; ਪਾਣੀ ਦੀ ਵਿਪਲ ਵਿਪਲ ਆਵਾਜ਼ ਕੰਨੀਂ ਬੀ ਪੈਂਦੀ ਹੈ, ਰਸਤਾ ਨਾਲੇ ਵਲ ਨੂੰ ਜਾਂਦਾ ਹੈ। ਹਨੇਰਾ ਹੈ।

ਬਾਪੂ-ਬੱਚਿਆ ! ਤੁਰੀ ਚੱਲ। ਹਿੰਮਤ ਹਾਰਨ ਨਾਲੋਂ ਹਿੰਮਤ ਕਰਦਿਆਂ ਕਿਸਮਤ ਹਾਰ ਦੇਵੇ ਤਾਂ ਚੰਗਾ। ਧਿਆਨ ਕਰੀ ਚੱਲ ਮਤੇ ਕਿਤੇ ਕਿਸੇ ਸਾਧ ਫਕੀਰ ਦੀ ਛੱਤੀ ਕੱਖਾਂ ਦੀ ਕੁੱਲੀ ਯਾ ਕਿਧਰੇ ਪੱਥਰਾਂ ਇੱਟਾਂ ਦੇ ਅੜਾਉ ਵਿਚ ਕੋਈ ਰਾਤ ਕੱਟਣ ਦਾ ਅਡੂਹਾ ਦਿੱਸ ਪਵੇ, ਤਦ ਟਿਕ ਜਾਈਏ ਤੇ ਜੇ ਰੜਾ ਤੇ ਪੱਧਰ ਹੀ ਹਨ, ਤਾਂ ਫੇਰ ਟੁਰੇ ਚਲੀਏ।

ਕਾਕੀ-ਚੰਗਾ ਬਾਪੂ ਜੀ।

ਬਾਪੂ-ਹਾਂ ਜਿਸ ਦੇ ਦੁਆਰੇ ਖ਼ੈਰ ਮੰਗਣ ਚੱਲੇ ਹਾਂ, ਜਿਸ ਦੀ ਬਖਸ਼ਿਸ਼ ਦੇ ਨੂਰ ਅੱਗੇ ਆਪਣੀ ਕੰਗਾਲਤਾਈ ਦਾ ਹਨੇਰਾ ਦੂਰ ਕਰਨ ਚੱਲੇ ਹਾਂ, ਉਸ ਦੇ ਅੱਗੇ ਬੇਨਤੀ ਕਰੀਏ, ਮਿੰਨਤ, ਜੋਦੜੀ।

ਪਰ ਕਾਕੀ ! ਮੈਂ ਤਾਂ ਕੋਈ ਜਾਚ ਨਾ ਸਿੱਖੀ। ਸਿੱਖਣ ਦਾ ਵੇਲਾ ਗਿਆ ਦੁਨੀਆਂਦਾਰੀ ਵਿਚ, ਜਦ ਦੁਨੀਆਂਦਾਰੀ ਨੂੰ ਫਲ ਆ ਲੱਗੇ ਤਾਂ ਸਿਖਾਏ ਕੌਣ ?

ਕਾਕੀ-ਬਾਪੂ ਜੀ ! ਚਾਚੇ ਹੁਰੀਂ ਕੁਛ ਐਦਾਂ ਦੀ ਗੱਲ ਆਖਿਆ ਕਰਦੇ ਸਨ ਕਿ ਬੀਤ ਗਿਆ ਸੋ ਗਿਆ, ਹੁਣ ਹੀ ਸੰਭਲੋ[1]:

ਬਾਪੂ-ਸੱਚ ਹੈ। 'ਹੁਣ' ਨੂੰ ਬੱਚੀਏ ਤੂਹੋਂ ਸਵਾਰਨਾ ਹੈ, ਮੈਂ ਤਾਂ ਤੇਰੇ ਮੋਢੇ ਤੇ ਹੱਥ ਧਰੀ ਮਗਰ ਮਗਰ ਟੁਰੇ ਆਉਣਾ ਹੈ।

ਕਾਕੀ-ਬਾਪੂ ਜੀ ! ਟੁਰੇ ਤਾਂ ਅਸੀਂ ਜਾਂਦੇ ਹਾਂ, ਪਰ ਮਨ ਵਿਹਲਾ ਹੈ। ਜੇ ਕਦੇ ਚਾਚਾ ਜੀ ਜਿੱਦਾਂ ਕਹਿੰਦੇ ਹੁੰਦੇ ਸੇ ਇਸ ਨੂੰ ਗੁਰੂ ਦੇ ਚਰਨਾਂ ਵਿਚ ਲਾਈਏ, ਵਾਹਿਗੁਰੂ ਵਾਹਿਗੁਰੂ ਯਾਦ ਕਰੀਏ, ਖਬਰੇ ਗੁਰੂ ਆ ਬਾਹੁੜੇ।

ਬਾਪੂ-ਹਾਂ...ਠੀ....ਊਈ ਕਾਕੀ ਠਹਿਰੀਂ।

ਕਾਕੀ-ਕਿਉਂ ? ਬਾਪੂ ਜੀ।

ਬਾਪੂ-ਬੱਚਿਆ ! ਪੈਰ ਨੀਵੇਂ ਪੈ ਕੇ ਕੁੜੱਲ ਪੈ ਗਿਆ ਹੈ।

ਕਾਕੀ-ਰਤਾ ਸਾਹ ਕੱਢ ਲਓ। ਮੈਂ ਘੁੱਟ ਦਿਆਂ! ....ਹੇ ਗੁਰੂ ਜੀ ! ਬਾਹੁੜੋ (ਲੱਤ ਘੁੱਟਦੀ ਹੈ)।

ਬਾਪੂ-ਬੱਸ ਕਾਕੀ, ਬਸ ਬਚੜਾ ਚੱਲ ਕਰ ਹਿੰਮਤ।

---

1. ਬੀਤ ਗਿਆ ਜੋ ਸਮਾਂ ਫੇਰ ਓਹ ਹੱਥ ਨ ਆਵੇ।
ਆਵਨ ਵਾਲਾ ਸਮਾਂ ਅਜੇ ਨਹੀਂ ਚੜ੍ਹਿਆ ਕਲਾਵੇ।
ਬੀਤ ਰਿਹਾ ਜੋ ਹਾਲ ਜਿਨੂੰ 'ਹੁਣ' 'ਹੁਣ' ਹੀ ਕਹੀਏ,
ਇਸ ਨੂੰ ਵਰਤ ਸਵਾਰ, ਆਪਣਾ ਇਹੋ ਕਹਾਵੇ।

ਕਾਕੀ-ਲਓ ਜੀ ਨਾਲਾ ਆ ਗਿਆ, ਪਾਣੀ ਪਤਾ ਨਹੀਂ ਕਿੰਨਾ ਕਿੰਨਾ ਹੈ।

ਬਾਪੂ-ਹੇ ਗੁਰੂ ਬਾਹੁੜੋ ! ਕਾਕੀ ! ਕੋਈ ਪੁਲ ਤਾਂ ਨਹੀਂ ਹੈ, ਜ਼ਰਾ ਹੇਠਾਂ ਉੱਤੇ ਤੱਕ ਖਾਂ !

ਕਾਕੀ-ਬਾਪੂ ਜੀ ! ਨਜ਼ਰ ਕੰਮ ਨਹੀਂ ਕਰਦੀ, ਪਾਣੀ ਤਾਂ ਪਿਆ ਦੀਹਦਾ ਹੈ, ਪਗਡੰਡੀ ਅੱਗੇ ਪੁਲ ਨਹੀਂ ਹੈ।

ਬਾਪੂ-ਪਾਣੀ ਦੀ ਆਵਾਜ਼ ਬੇਮਲੂਮ ਹੈ, ਇਥੇ ਪਾਣੀ ਡੂੰਘਾ ਤੇ ਤਿੱਖਾ ਹੋਊ।

ਕਾਕੀ-ਗੁਰੂ ਜਾਣੇ !

ਬਾਪੂ-ਬੇਟਾ ! ਹੁਣ ਕੀ ਕਰੀਏ ?

ਕਾਕੀ-ਗੁਰੂ ਬਾਹੁੜੇ, ਗੁਰੂ ਰਾਹ ਦਿਖਾਲੇ, ਗੁਰੂ ਪਾਰ ਲੰਘਾਵੇ, ਹੇ ਗੁਰੂ ਰਾਹ ਦਿਖਾਲ, ਹੇ ਗੁਰੂ ਪਾਰ ਲੰਘਾ ! ਪਾਰ ਲੰਘਾ ਹੇ ਦਾਤਾ ! ਬਾਹੁੜ, ਥੀਂਮ੍ਹਾਂ ਵਿਚੋਂ ਬਾਹੁੜ ! ਇਸ ਤਰ੍ਹਾਂ ਆਖਦੀ ਕਾਕੀ ਅਰਦਾਸ ਵਿਚ ਲਗ ਗਈ। ਜੇ ਕੋਈ ਕਾਕੀ ਦੀ ਅਰਦਾਸ ਨੂੰ ਜੋੜੇ ਤਾਂ ਐਉਂ ਦਾ ਗੀਤ ਬਣ ਜਾਵੇ:-

ਛਾਈ ਘਟਾ ਹੈ, ਕਾਲੀ; ਪੁਰਿਓਂ ਹੈ ਪੌਣ ਆਈ,
ਠੁਰਕਾ ਸਰੀਰ ਲਗਦਾ, ਸਰਦੀ ਹੈ ਕਰਦੀ ਧਾਈ।
ਡੂੰਘਾ ਹੁਨੇਰੜਾ ਹੈ, ਸਾਰੇ ਪਸਰਦਾ ਜਾਂਦਾ,
ਸੰਧਜਾ ਪਈ ਹੈ ਹਾਏ, ਜਿੰਦਗੀ ਹੈ ਸਹਿਮ ਖਾਈ।
ਹਾਏ ! ਇਕੱਲੜੇ ਹਾਂ, ਦਰਦੀ ਨ ਕੋਈ ਦਿਸਦਾ,
ਕੋਈ ਨ ਆਸਰਾ ਹੈ, ਦਿਸਦੀ ਨ ਓਟ ਕਾਈ।
ਕਣੀਆਂ ਦੀ ਹਾਇ ਕਿਣ ਮਿਣ,
ਪੱਤਿਆਂ ਦੀ ਹਾਇ ਮਿਣ ਮਿਣ,
ਵਾਉ ਦੀ ਹਾਏ ਸਾਂ ਸਾਂ, ਅੱਗੇ ਨਦੀ ਹੈ ਆਈ।
ਠਾਠਾਂ ਹੈ ਨੀਰ ਮਾਰੇ, ਦੇਂਦਾ ਪਿਆ ਡਰਾਵੇ,
ਤੁਲਹਾ ਨ ਕੋਈ ਬੇੜੀ, ਆ ਕੇ ਜੁ ਪਾਰ ਲਾਈ।
ਕੋਈ ਮਲਾਹ ਮੁਹਾਣਾ ਦਿਸਦਾ ਨਹੀਂ ਹੈ ਹਾਏ !
ਸਾਨੂੰ ਜੁ ਆਪ ਆ ਕੇ ਪਰਲੇ ਸਿਰੇ ਲਿਜਾਈ।
ਹਾਏ! ਗੁਰੂ ਗੁਸਾਈਂ ! ਲਾਗੂ ਨ ਤੈਂ ਬਿਨਾ ਕੋ,
ਤੂੰਹੋਂ ਹੀ ਹਾਇ ਆ ਕੇ, ਦੁਖੀਆਂ ਨੂੰ ਪਾਰ ਲਾਈਂ।
ਖਾਲੀ ਗਿਆ ਨ ਕੋਈ ਤੇਰੇ ਦਰੋਂ ਸੁਆਲੀ,
ਦੁਖੀਆਂ ਪੁਕਾਰ ਉਤੇ ਤੂੰਹੋਂ ਹੀ ਪੁਕਰਿਆਈ।
ਪਾਪੀ ਬੜੇ ਜੁ ਭਾਰੇ ਭੁਲਦੇ ਜੁਗਾਂ ਜੋ ਆਏ,
ਸਾਡੀ ਬੀ ਕਰ ਤੂੰ ਰਖਜਾ, ਸਾਡਾ ਬੀ ਹੋ ਸਹਾਈ।
ਭੇਜੋ ਪ੍ਰਭੂ ਜੀ ਚਾਨਣ, ਪਾੜੋ ਘਟਾ ਹਨੇਰੀ,
ਬਿਜਲੀ ਪ੍ਰਕਾਸ਼ ਪਾਵੋ ਰਸਤਾ ਦਿਓ ਦਿਖਾਈ।
ਟੁਟੇ ਜੁ ਹਰ ਤਰਫ਼ ਤੋਂ, ਚਰਨਾਂ ਦੇ ਨਾਲ ਰੀਂਢੋ
ਅਪਣੇ ਬਿਰਦ ਦੀ ਖ਼ਾਤਰ ਲੇਵੋ ਉਖਾਰ ਸਾਂਈਂ !
ਜਿੰਦਗੀ ਸੁੰਗੜਦੀ ਜਾਂਦੀ ਦਿਲ ਹੈ ਉਡਾਰੀਆਂ ਤੇ,
ਰੱਖੋ ਹੁਣ ਆਪ ਆ ਕੇ, ਰੱਖੋ ਗੁਰੂ ਗੁਸਾਈਂ।
ਪਜਾਰੇ ਹੇ ਪਜਾਰ ਵਾਲੇ ! ਗੁੱਸੇ ਨ ਹੋਣ ਵਾਲੇ,
ਦੁਖੀਆਂ ਤੇ ਤਰਸ ਵਾਲੇ ਦੀਨਾਂ ਨੂੰ ਆ ਬਚਾਈਂ।

(ਅੱਖਾਂ ਖੋਲ੍ਹ ਕੇ) ਬਾਪੂ ਜੀ ! ਆਕਾਸ਼ ਨੇ ਅੱਖ ਝਮਕੀ ਹੈ, ਬਿਜਲੀ ਦੀ ਲਿਸ਼ਕ ਵਜਦੀ ਹੈ, ਔਹ ਕੀਹ ਹੈ ਜੋ ਪੁਲ ਵਾਂਙ ਨਜ਼ਰ ਪਿਆ ਹੈ ? ਬਾਪੂ ਜੀ, ਆਓ ਦੇਖੀਏ ਤਾਂ ਸਹੀ।

ਬਾਪੂ-ਚੱਲ ਕਾਕੀ।

ਕਾਕੀ (ਪਹੁੰਚ ਕੇ)-ਬਾਪੂ ਜੀ, ਇਥੇ ਪਾਟ ਛੋਟਾ ਹੈ। ਇਕ ਵੱਡਾ ਬ੍ਰਿਛ ਢੱਠਾ ਪਿਆ ਹੈ। ਜੋ ਨਾਲੇ ਦੇ ਦੁਸਾਰ ਪਾਰ ਪਿਆ ਹੈ। ਅਸੀਂ ਇਸ ਦੇ ਉੱਤੋਂ ਦੀ ਪਾਰ ਲੰਘ ਸਕਦੇ ਹਾਂ।

ਬਾਪੂ-ਕਾਕੀ ! ਕੁਛ ਸੌਖਲਾ ਹੈ ?

ਕਾਕੀ-ਜੀ ਹਾਂ, ਕੁਛ ਬਿਜਲੀ ਦੇ ਲਿਸ਼ਕਾਰੇ ਮਦਦ ਦੇਂਦੇ ਹਨ, ਪਰ ਹੈ ਡਾਢੀ ਮੁਸ਼ਕਲ ਖੇਡ। ਆਓ ਖਬਰੇ ਗੁਰੂ ਨੇ ਸਾਡੇ ਲਈ ਹੀ ਇਹ ਪੁਲ ਬਣਾਇਆ ਹੈ, ਗੁਰੂ ਹੀ ਪਾਰ ਲੰਘਾਵੇਗਾ। ਲਓ ਬਾਪੂ ਜੀ ! ਹੋ, ਹੋ, ਆਹ ਜੇ ਮੁੱਢ, ਇਸ ਤੇ ਕਦਮ ਧਰ ਦਿਓ।

ਬਾਪੂ (ਕਦਮ ਧਰ ਕੇ)-ਕਾਕੀ ਇਹ ਤਾਂ ਬੜਾ ਔਖਾ ਕੰਮ ਹੈ।

ਕਾਕੀ-ਸੌਖ ਔਖ ਗੁਰੂ ਨਿਬਾਹੇਗਾ, ਟੇਕ ਧਰ ਕੇ ਟੁਰੇ ਆਓ।

ਬਾਪੂ-ਹੇ ਗੁਰੂ ਬਾਹੁੜੋ ! ਅਜਾਮਲ ਨੂੰ ਤਾਰਨ ਵਾਲੇ ਬਾਹੁੜੋ !

ਕਾਕੀ-ਬੱਸ ਐਦਾਂ ਹੀ ਮਲਕੜੇ ਮਲਕੜੇ ਕਦਮ ਰੱਖੀ ਆਓ।

ਬਾਪੂ-ਹੱਛਾ, ਗੁਰੂ ਪਾਰ ਲੰਘਾਵੀਂ।

ਕਾਕੀ-ਬਾਪੂ ਜੀ ਠਹਿਰਨਾ ਮੈਂ ਗਈ ਜੇ, ਬਹਿ ਜਾਣਾ। ਬਿਜਲੀ ਦੀ ਲਿਸ਼ਕ ਨੇ ਚੱਕਰ ਦੇ ਦਿੱਤਾ, ਅੱਖਾਂ ਚੁੰਧਜਾ ਗਈਆਂ, ਮੈਂ ਘੁਮਾਟੀ ਖਾ ਕੇ ਹੇਠ ਚੱਲੀ ਸਾਂ।

ਬਾਪੂ-ਕਾਕੀ ਬਹਿ ਜਾਹ, ਖੜੋ ਕੇ ਟੁਰਨਾ ਵਧੇਰੇ

ਜ਼ੋਖੋਂ ਹੈ, ਬਹਿਕੇ ਮੁੱਢ ਨੂੰ ਹੱਥ ਪਾ ਪਾ ਕੇ ਇਸੇ ਦੀ ਓਟ ਲੈ ਲੈ ਕੇ ਬੱਤਕ ਚਾਲ ਟੁਰੀ ਚੱਲ, ਮਗਰੇ ਮਗਰ ਮੈਂ ਏਸੇ ਤਰ੍ਹਾਂ ਟੁਰੀ ਆਵਾਂਗਾ।

ਕਾਕੀ (ਬਹਿਕੇ, ਟੁਰਕੇ)-ਠੀਕ ਹੈ, ਜੀ, ਏਦਾਂ ਕੰਮ ਹੋ ਜਾਏਗਾ।

ਬਾਪੂ-ਗੁਰੂ ! ਬਾਹੁੜੀ ਕਰਨੀ।

ਕਾਕੀ (ਪਹੁੰਚ ਕੇ)-ਸ਼ੁਕਰ ਹੈ, ਪਾਰ ਆ ਗਿਆ।

ਬਾਪੂ-ਸ਼ੁਕਰ ਹੈ। ਪਾਰ ਲਗ ਗਏ[1]।

੨.

**ਨਾਲੇ** ਤੋਂ ਪਾਰ ਹੋਏ ਤਾਂ ਅੱਗ ਦਿੱਸੀ। ਸੇਧ ਕਰਕੇ ਪਹੁੰਚੇ। ਅੱਗ ਬਲ ਰਹੀ ਹੈ। ਪਰੇ ਵਾਰ ਕੁਝ ਪਠਾਣ ਬੈਠੇ ਖਾ ਪੀ ਰਹੇ ਹਨ। ਦੁਏ ਅੱਗ ਪਾਸ ਪਹੁੰਚ ਕੇ ਸੇਕਣ ਬਹਿ ਗਏ।

ਇਕ ਪਠਾਣ (ਉਰੇ ਆ ਕੇ)-ਕੌਣ ਹੈ ਬਾਬਾ ?

ਬਾਬਾ (ਸਹਿਮ ਖਾ ਕੇ)-ਪਰਦੇਸੀ ਹਾਂ ਥੱਕੇ ਟੁੱਟੇ ਅੱਗ ਸੇਕ ਲਈਏ ਜ਼ਰਾ ? ਕੰਗਾਲ ਹਾਂ।

ਪਠਾਣ (ਕਾਕੀ ਨੂੰ ਘੂਰ ਘੂਰ ਤੱਕ ਕੇ, ਨਰਮ ਆਵਾਜ਼ ਵਿਚ)-ਹਾਂ ਬਾਬਾ ਸੇਕੋ। ਫਕੀਰ ਹੋ, ਕੁਛ ਲੈ ਲਓ।

ਬਾਬਾ-ਖਾਣ ਨੂੰ ਰੋਟੀ ਹੈ।

ਪਠਾਣ-'ਅੱਛਾ ਖਾਓ' ਕਹਿਕੇ ਚਲਾ ਗਿਆ।

ਬਾਬਾ-ਰੱਬ ਤੁਸਾਡਾ ਭਾਲਾ ਕਰੇ।

ਅੱਗ ਸੇਕ ਕੇ ਹੋਸ਼ ਆਈ। ਦਿਨ ਦੀ ਪੱਕੀ ਰੋਟੀ ਕੱਢਕੇ ਗਰਮ ਕੀਤੀ, ਖਾਧੀ ਤੇ ਅੱਗ ਦੇ ਪਾਸ ਲੇਟ ਗਏ। ਥੱਕੇ ਟੁੱਟੇ ਝੱਟ ਸੌਂ ਗਏ। ਪਹਿਲਾ ਪਾਸਾ ਪਰਤਿਆ ਤਾਂ ਸੂਰਜ ਚੜ੍ਹ ਪਿਆ ਸੀ। ਛੇਤੀ ਨਾਲ ਉਠੇ, ਝੋਲਾ ਸੰਭਾਲਿਆ ਤੇ ਟੁਰ ਪਏ।

ਪਠਾਣ (ਲਲਕਾਰ ਕੇ)-ਖ਼ਬਰਦਾਰ ਬੁੱਢਿਆ, ਜਾਣਾ ਨਹੀਂ।

ਬਾਬਾ-ਕਿਉਂ ਭਲੇ ਲੋਕ ?

ਪਠਾਣ-ਬੱਸ, ਤੁਸੀਂ ਸਾਡੇ ਕੈਦੀ ਹੋ। ਕਦਮ ਨਹੀਂ ਪੁੱਟਣਾ।

ਬਾਬਾ-ਅਸਾਂ ਤੁਸਾਂ ਦਾ, ਭਾਈ! ਕੀਹ ਗੁਆਯਾ ਹੈ?

ਪਠਾਣ-ਬਕੋ ਨਹੀਂ।

(ਰਾਹਕ ਨੂੰ ਜੋ ਹੁਣੇ ਘਰੋਂ ਬੌਲਦ ਲੈ ਕੇ ਵਾਹੀ ਕਰਨ ਨੂੰ ਆਯਾ ਸੀ)।

ਸੁਣ ਭਾਈ ਜ਼ਿਮੀਂਦਾਰ ! ਇਹ ਲੈ ਬੁੱਢਾ ਬਖ਼ਸ਼ੀਸ਼, ਰਾਖੀ ਕਰਿਆ ਕਰੂ ਤੇਰੀ। ਜੇ ਰੁਪਏ ਹੈਨੀ ੩੦ ਤਾਂ ਲੈ ਲੈ ਇਹ ਕਾਕੀ ਵੀ।

ਰਾਹਕ-ਏਹ ਤੁਸਾਂ ਮੁੱਲ ਨੂੰ ਲਏ ਹਨ ਕਿਤੋਂ ਗ਼ੁਲਾਮ, ਹੌਲੀ ਬੋਲੋ, ਨੇੜੇ ਸਿਖਾਂ ਦੀ ਰਾਜਧਾਨੀ ਹੈ, ਕਿਸੇ ਸੁਣ ਲਿਆ ਗ਼ੁਲਾਮ ਵਿਕਦਾ ਤਾਂ ਫੜ ਲੈਣਗੇ।

ਪਠਾਣ (ਹੌਸਲਾ ਬੰਨ੍ਹ)-ਹੂੰਹ, ਕੌਣ ਹੈ ਫੜਨੇ ਵਾਲਾ?

ਇਹ ਕਿਹਾ ਤੇ ਕੂਚ ਕੀਤੀ ਹੇਠਾੜ ਨੂੰ। ਥੋੜੀ ਦੂਰ ਕੋਈ ਰਾਜਪੂਤ ਸੈਰ ਕਰਦਾ ਕੁਛ ਸਵਾਰਾਂ ਸਮੇਤ ਆ ਰਿਹਾ ਸੀ। ਸਭ ਤੋਂ ਮੂਹਰੇ ਆ ਰਹੇ ਹਰਾਵਲੀ ਸਵਾਰ ਨੂੰ ਪਠਾਣ ਨੇ ਕਿਹਾ-

ਹੇ ਮੀਏਂ ! ਬਰਦਾ ਖਰੀਦੇਂਗਾ, ੪੦ ਰੁਪਏ ਨੂੰ ਇਹ ਲੜਕੀ।

ਸਵਾਰ-ਠਹਿਰੋ, ਮਾਲਕ ਨੂੰ ਪੁੱਛਕੇ ਦੱਸਦਾ ਹਾਂ।

ਪਠਾਣ-ਜਲਦੀ ਕਰੋ।

ਸਵਾਰ (ਪੁੱਛਕੇ ਆ ਕੇ)-ਤੁਸਾਂ ਕਿੰਨੇ ਨੂੰ ਖ਼ਰੀਦੀ ਹੈ ?

ਪਠਾਣ-ਬੀਸ ਨੂੰ, ਬੀਸ ਨਫ਼ਾ ਲਏਗਾ।

ਸਵਾਰ-ਲੈ ਰੁਪਏ।

ਰੁਪਏ ਗਿਣਕੇ ਦੇ ਦਿੱਤੇ ਤੇ ਕਾਕੀ ਨੂੰ ਲੈ ਕੇ ਆਪਣੇ ਮਾਲਕ ਕੋਲ ਗਿਆ।

ਮਾਲਕ-ਅੱਛੀ ਪਲੀ ਹੋਈ ਹੈ।

ਸਵਾਰ-ਹਾਂ ਮਾਲਕਾ, ਆਪ ਦੀ ਨਵੀਂ ਵਿਆਹੀ ਰਾਣੀ ਸਾਹਿਬਾ ਦੀ ਖਿਦਮਤ ਅੱਛੀ ਕਰੇਗੀ।

੩.

**ਅਗਲੀ** ਸਵੇਰ ਅਜੇ ਤੜਕਾ ਹੀ ਸੀ ਕਿ ਰਾਹਕ ਖੂਹ ਤੇ ਆਰਿਆ ਤੇ ਬਾਬੇ ਨੂੰ ਰੋਂਦਾ ਤੱਕ ਕੇ ਬੋਲਿਆ-

ਬਾਬਾ ! ਐਉਂ ਭੁੱਬਾਂ ਮਾਰ ਮਾਰ ਕਿਉਂ ਰੋਂਦਾ ਹੈਂ ? ਜੇ ਭਾਗ ਗੋਲੇ ਹੋਣ ਦੇ ਹੋਣ ਤਾਂ ਬੀਬਾ ਕੋਈ ਕਿਵੇਂ ਹੋਵੇ। ਅੱਠ ਪਹਿਰ ਹੋ ਗਏ ਤੇਰੀ ਅੱਥਰ ਨਹੀਂ ਸੁੱਕੀ।

ਬਾਬਾ-ਬੀਬਿਓ ਗੋਲੇ ਹੋਣ ਦਾ ਰੋਣ ਹੈ ਵੀਰਾ ! ਤੇ ਜਿਗਰ ਦੇ ਟੋਟੇ ਦਾ ਵਲੂੰਧਰੇ ਜਾਣਾ ਸੱਲ ਹੈ ਅਝੱਲ ਵੀਰਾ, ਮਰ ਜਾਂਦੀ ਅੱਖਾਂ ਸਾਮ੍ਹਣੇ ਤਦ ਦੁੱਖ ਘੱਟ ਹੁੰਦਾ, ਹੁਣ ਤਾਂ ਟੁੱਟੇ ਸ਼ੱਲ ਦੀ ਜ਼ਖ਼ਮ ਵਿਚ ਪਲੇ ਪਲੇ

1. ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੇ ਪਾਸਿ॥
ਐਸੇ ਦੁਰਮਤਿ ਨਿਸਤਰੇ ਤੂ ਕਿਉਂ ਨ ਤਰਹਿ ਰਵਿਦਾਸ॥ ੩॥ ੧॥
(ਕੇਦਾਰਾ: ਰਵਿਦਾਸ)

ਰੜਕ ਹੈ।

ਰਾਹਕ-ਬਾਬਾ ! ਤੂੰ ਕੈਦ ਕਿਵੇਂ ਪਿਆ ?

ਬਾਬਾ-ਮੈਂ ਤੇ ਮੇਰੀ ਪੋਤੀ ਆਨੰਦ ਪੁਰ ਦਰਸ਼ਨ ਨੂੰ ਜਾ ਰਹੇ ਸਾਂ। ਰਾਤ ਏਥੇ ਅੱਗ ਵੇਖ ਕੇ ਆਏ ਸਾਂ ਸੁਖ ਲੈਣ, ਇਨ੍ਹਾਂ ਨੇ ਸਵੇਰੇ ਟੁਰਨ ਲਗਿਆਂ ਫੜ ਲਿਆ।

ਰਾਹਕ (ਆਨੰਦ ਪੁਰ ਸੁਣਕੇ ਸਹਿਮ ਗਿਆ)- ਤਾਂ ਤਾਂ ਅਭੋਲ ਫਾਥੇ। (ਸੋਚ ਸੋਚ ਕੇ) ਤੁਸੀਂ ਸਿੱਖ ਹੋ?

ਬਾਬਾ-ਸਿਖ ਦਾ ਪਿਤਾ ਹਾਂ ਤੇ ਆਪ ਸਿਖੀ ਲੈਣ ਚੱਲਿਆ ਸਾਂ...(ਹਾਹੁਕਾ ਲੈ ਕੇ) ਹੇ ਕਲਗੀਆਂ ਵਾਲੇ ! ਜੇ ਸੱਚਾ ਗੁਰੂ ਹੈਂ ਤਾਂ ਆਪਣੇ ਪਜਾਰੇ ਰਾਮ ਸਿੰਘ ਦੀ ਧੀ ਨੂੰ ਧਰਮ ਸ਼ਰਮ ਨਾਲ ਚਰਨਾਂ ਵਿਚ ਸੱਦ ਲੈ। ਮੈਂ ਪਿਆ ਮਰਾਂ, ਦੁਖ ਭਰਾਂ, ਆਪਣੀ ਬੱਚੀ ਨੂੰ ਬਚਾ ਲੈ ! ਹੇ ਹਿੰਦੂ ਧਰਮ ਦੇ ਲਜਪਤ ! ਹੇ ਸੱਚੇ ਗੁਰੂ ! ਤੇਰੇ ਬਿਨਾਂ ਕੋਈ ਨਹੀਓਂ ਦੁਖੀਆਂ ਦਾ, ਬਹੁੜ ਥੰਮ੍ਹਾਂ ਵਿਚੋਂ ਬਹੁੜ। ਫੇਰ ਭੁੱਬਾਂ ਮਾਰਕੇ ਰੋ ਪਿਆ।

ਰਾਹਕ-ਬਾਬਾ ਤੂੰ ਪਿੱਛੋਂ ਸਾਊ ਹੈਂ ?

ਬਾਬਾ-ਮੈਂ ਹਾਂ ਜਲੰਧਰ ਦਾ ਸੇਠ, ਲਖਪਤੀ ਸਾਂ, ਪਿਛਲੀ ਮਰੀ ਵਿਚ ਟੱਬਰ ਮਰ ਗਿਆ। ਪੰਜ ਪੁੱਤ ਸੇ ਵੀਰ ਸ਼ੇਰ ਜੁਆਨ। ਛੋਟਾ ਸਾਈ ਸਿਖ ਹੋ ਗਿਆ ਰਾਮ ਸਿੰਘ, ਇਸ ਕਾਕੀ ਦਾ ਪਿਉ, ਦੇਉਤਾ ਸੀ। ਬਾਹਾਂ ਭੱਜੀਆਂ ਤਾਂ ਸ਼ਰੀਕੇ ਹਾਕਮਾਂ ਨਾਲ ਰਲਕੇ ਮਾਲ ਮਿਲਖ ਖੋਹ ਲਏ। ਰੋ ਰੋ ਕੇ ਅੱਖਾਂ ਦੀ ਜੋਤਨਾ ਅਨਹੋਈ ਵਰਗੀ ਹੋ ਗਈ। ਅਖੀਰ ਦਿਲ ਆਈ ਰਾਮ ਸਿੰਘ ਦੇ ਗੁਰੂ ਕੋਲ ਚੱਲਾਂ, ਕਲੇਜੇ ਠੰਢ ਪਵੇ। ਇਹ ਇਕੋ ਪੋਤੀ ਸੀ, ਨਾਲ ਲੈ ਕੇ ਟੁਰ ਪਿਆ। ਭਾਗ ਸੜੇ ਸਨ ਧੁਰੋਂ, ਪੋਤੀ ਘਰੋਂ ਕੱਢ ਗੁਆਈ, ਆਪ ਗੋਲਾ ਹੋ ਗਿਆ, (ਉਪਰ ਤੱਕ ਕੇ) ਹੇ ਅਨੰਦ ਪੁਰ ਵਾਲੇ ! ਦੁਖੀਆਂ ਤੇ ਤਰਸ ਕਰ।

ਰਾਹਕ-ਬਾਬਾ ਮੈਨੂੰ ਨਾ ਬਦਅਸੀਸ ਦੇਈਂ, ਮੈਂ ਬੀ ਬਾਲ ਬੱਚੜਦਾਰ ਹਾਂ, ਮੇਰੇ ਵਲੋਂ ਖੁੱਲ੍ਹ ਈ, ਜਾਹ ਆਨੰਦਪੁਰ। ਸੱਚੀ ਗੱਲ ਊ, ਹੁਣੇ ਤੁਰ ਪਊ, ਚਾਹੇ ਸਵੇਰੇ ਮੁਨ੍ਹੇਰੇ ਟੁਰ ਪਈਂ। ਮੇਰਾ ਦੋਸ਼ ਕੋਈ ਨਹੀਓਂ।

ਰਾਹਕ ਸਿੱਖਾਂ ਤੋਂ ਡਰਦਾ ਸੀ, ਇਹ ਕਹਿੰਦਾ ਕਾਹਲੀ ਕਾਹਲੀ ਦੂਰੋਂ ਪੁੱਤ ਦੀ ਆਵਾਜ਼ ਸੁਣ ਕੇ ਟੁਰ ਗਿਆ ਤੇ ਦੂਰ ਨਿਕਲ ਗਿਆ। ਬਾਬਾ ਉੱਚੀ ਉੱਚੀ ਕਹਿੰਦਾ ਰਿਹਾ-ਤੇਰਾ ਰੱਬ ਭਲਾ ਕਰੇ, ਭਲਾ ਕਰੇ, ਪਰ ਮੁਨਾਖਾ ਜਾਵੇ ਕੀਕੂੰ ਵੀਰਾ, ਤਰਸ ਕਰੀਂ ਕੋਈ ਰਸਤੇ ਪਾ ਜਾਈਂ।

੪.

ਅੱਧੀ ਘੜੀ ਮਗਰੋਂ ਬਾਬੇ ਨੂੰ ਪੋਤੀ ਆ ਕੇ ਚੰਬੜ ਗਈ। ਬਾਪੂ ਜੀਓ, ਬਾਪੂ ਜੀਓ ! ਮੈਂ ਆ ਗਈ।

ਬਾਬਾ (ਘਬਰਾ ਕੇ, ਖੁਸ਼ ਹੋ ਕੇ, ਸ਼ੁਕਰ ਵਿਚ ਆ ਕੇ, ਡਰਕੇ, ਕਾਕੀ ਨੂੰ ਘੁੱਟ ਗਲੇ ਲਾ ਕੇ)-ਹਾਇ ਨੀ ਧੀਏ, ਹਾਇ ਨੀ ਧੀਏ, ਸ਼ੁਕਰ ਨੀ ਧੀਏ, ਸ਼ੁਕਰ ਨੀ ਧੀਏ, ਧੀਏ ਕੋਈ ਤੱਕਦਾ ਤਾਂ ਨਹੀਂ ਧੀਏ। ਕਿਵੇਂ, ਕਿਥੋਂ?

ਕਾਕੀ-ਮੈਂ ਦਾਉ ਬਚਾ ਕੇ ਖਿਸਕੀ ਤੇ ਨੱਠਦੀ ਨੱਠਦੀ ਆ ਗਈ ਹਾਂ। ਕੁਰਕੋ ਨਾ ਬਾਪੂ ਜੀ, ਕੋਈ ਨਹੀਂ ਤੱਕਦਾ, ਮੁਨ੍ਹੇਰਾ ਹੈ ਅਜੇ।

ਬਾਪੂ-ਜੇ ਰਾਹਕ ਬੀ ਨਹੀਂ, ਹੋਰ ਜੀਵ ਨਹੀਂ ਸਾਈਂ ਦਾ ਤੱਕਦਾ ਤਾਂ ਉਠੋ ਟੁਰ ਪਈਏ ਛੇਤੀ ਛੇਤੀ ਮਤੇ ਕੋਈ ਆ ਜਾਵੇ।

ਦੋਇ ਟੁਰਦੇ ਜਾਂਦੇ ਗੱਲਾਂ ਕਰੀ ਜਾਂਦੇ ਹਨ।

ਬਾਪੂ-ਬੱਚੀ, ਸ਼ੇਰ ਬੱਚੀ, ਸਿਖ ਬੱਚੀ, ਧੰਨ ਗੁਰੂ ਜ਼ਾਹਰਾ ਜ਼ਹੂਰ ਗੁਰੂ, ਮੇਰੀ ਪੁਕਾਰ ਸੁਣੀ ਸੂ, ਵਿਛੁੜੇ ਮੇਲੇ ਸੂ, ਧੰਨ ਗੁਰੂ !

ਕਾਕੀ-ਪਿਤਾ ਜੀ ਕਹਿੰਦੇ ਹੁੰਦੇ ਸਨ, ਦੁਖਾਂ ਵੇਲੇ ਉਹ ਸਹਾਈ ਹੁੰਦਾ ਹੈ।

ਬਾਪੂ-ਕਾਕੀ ਕਿਵੇਂ ਛੁਟਕਾਰਾ ਮਿਲਿਆ ? ਕਿਸੇ ਤਰਸ ਕੀਤਾ, ਤੇਰੇ ਉਤੇ ਜਿਵੇਂ ਰਾਹਕ ਨੇ ਮੇਰੇ ਤੇ ਕੀਤਾ ਹੈ ?

ਕਾਕੀ-ਨਹੀਂ ਬਾਪੂ ਜੀ-ਪਠਾਣਾਂ ਨੇ ਥੋੜੀ ਦੂਰ ਜਾ ਕੇ ਕੋਈ ਰਾਜਪੂਤ ਮਿਲੇ ਉਹਨਾਂ ਪਾਸ ਵੇਚਿਓ ਨੇ ੪੦) ਰੁਪੈ ਨੂੰ। ਉਹ ਸੀ ਮੀਆਂ ਵਡਾ ਸੱਜਰਾ ਵਿਆਹਿਆ। ਵਹੁਟੀ ਦੀ ਗੋਲੀ ਬਣਾਇਓਸੁ ਮੈਨੂੰ। ਏਥੋਂ ਥੋੜੀ ਦੂਰ ਪਿੰਡ ਹੈ, ਰਾਤ ਰਹੇ ਓਹ ਕਿਸੇ ਦੇ ਘਰ ਪ੍ਰਾਹੁਣੇ। ਮੈਨੂੰ ਹੁਕਮ ਹੋਇਆ ਮੁੱਠੀਆਂ ਭਰ ਰਾਣੀ ਨੂੰ। ਭਰੀਆਂ ਬਾਪੂ ਜੀ ! ਪਰ ਮੇਰਾ ਰੋਣ ਤੇ ਡੁਸਕਾਰੇ ਨਾ ਹਟਣ। ਗੁੱਸੇ ਹੋ ਕੇ ਰਾਣੀ ਨੇ ਬਾਹਰ ਕੱਢ ਦਿੱਤਾ ਮੈਨੂੰ। ਅੱਧੀ ਰਾਤ ਸੀ। ਮੈਂ ਕੋਠਿਓਂ ਉਤਰ ਵਿਹੜੇ ਵਿਚ ਆਈ, ਅੱਗੇ ਚੋਕੀਦਾਰ ਸੁੱਤਾ ਪਿਆ ਸੀ, ਹਵੇਲੀ ਦੇ ਦਰਵਾਜ਼ੇ ਨੂੰ ਅੰਦਰੋਂ ਜੰਦਰਾ ਸੀ, ਮੈਂ ਬਾਹੀਆਂ ਤੇ ਚੜ੍ਹ ਕੇ ਦਰਵਾਜ਼ੇ ਤੇ ਛੱਤ ਦੀ ਸੰਨ੍ਹ ਵਿਚ ਜੋ ਵਿੱਥ ਸੀ ਉਸ

ਵਿਚੋਂ ਲਿਫਕੇ ਨਿਕਲੀ ਤੇ ਖਾਹਰਲੇ ਪਾਸੇ ਬਾਜੂਬੰਦ ਤੇ ਪੈਰ ਰੱਖਕੇ ਛਾਲ ਮਾਰੀ ਤੇ ਦੌੜਕੇ ਘਰ ਦੇ ਉਹਲੇ ਹੋ ਗਈ, ਫੇਰ ਟੁਰ ਪਈ। ਜਾਂਦੀ ਵੇਰ ਰਸਤੇ ਦੀ ਸਿਆਣ ਰੱਖਦੀ ਗਈ ਸੀ, ਸੋ ਟੁਰ ਆਈ ਤੇ ਆ ਹੀ ਪਹੁੰਚੀ ਹਾਂ, ਭਾਵੇਂ ਬੁਰੇ ਹਾਲੀਂ, ਬਾਪੂ ਜੀਓ ! ਕਹਿਕੇ ਫੇਰ ਚੰਬੜ ਗਈ।

ਹੁਣ ਏਹ ਟੁਰੇ ਜਾ ਰਹੇ ਸਨ, ਪਰ ਪਗਡੰਡੀ ਘੁੱਸ ਗਈ, ਸੂਰਜ ਚੜ੍ਹ ਪਿਆ ਛਾਹ ਕੁ ਵੇਲੇ ਉਥੇ ਪੁੱਜੇ ਜਿਥੇ ਉਹ ਪਠਾਣ ਖੜੇ ਸਨ। ਉਹ ਇਨ੍ਹਾਂ ਨੂੰ ਘੂਰ ਘੂਰ ਤੱਕਣ ਤੇ ਕਾਕੀ ਤੱਕੇ ਜਿਵੇਂ ਸ਼ੇਰ ਨੂੰ ਬਝੱਕ ਰਹਿ ਗਈ ਬੱਕਰੀ। ਅਜੇ ਗੱਲ ਬਾਤ ਕੋਈ ਨਹੀਂ ਸੀ ਹੋਈ ਕਿ ਦੋ ਸਵਾਰ ਆ ਗਏ ਸਰਪੱਟ ਦੌੜਾਂਦੇ ਘੋੜੇ। ਇਹ ਕੱਲ ਵਾਲੇ ਜਥੇ ਵਿਚੋਂ ਸਨ, ਨਵੀਂ ਖਰੀਦੀ ਗੋਲੀ ਨੂੰ ਜੋ ਨੱਸ ਆਈ ਸੀ, ਲੱਭਣ ਆਏ ਸਨ। ਸੋ ਹੁਣ ਦੋ ਬਲਾਵਾਂ, ਵਿਚ ਫਾਥੇ ਕੰਨਜਾ ਤੇ ਬਲਹੀਨ ਬੁੱਢਾ, ਮੁਨਾਖਾ ਤੇ ਗਰੀਬ।

ਪ.

ਦੂਰੋਂ ਗਰਦ ਉੱਠੀ, ਅਜੇ ਤੱਕਦੇ ਹੀ ਸਨ ਕਿ ਪਾਸੋਂ ਆਵਾਜ਼ ਆਈ 'ਅਵੱਖ'। ਕੀ ਦੇਖਦੇ ਹਨ ਕਿ ਦੂਰ ਪਏ ਇਕ ਪਿਪਲ ਦੇ ਭਾਰੀ ਮੁੱਢ ਵਿਚ ਤੀਰ ਵੱਜਾ ਹੈ। ਉਸ ਦੇ ਵੱਜਣ ਦੀ ਆਵਾਜ਼ ਸੀ। ਹੁਣ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਨੇੜੇ ਆ ਗਈ, ਸੋਚ ਅਜੇ ਕੰਮ ਬ੍ਰੀ ਨਹੀਂ ਕਰ ਸਕੀ ਸੀ ਕਿ ਇਕ ਪਠਾਣ ਦੇ ਰੁੱਖ ਨਾਲ ਬੱਧੇ ਘੋੜੇ ਵਿਚ ਆ ਵਜਾ ਪਟੱਖ ਕਰਦਾ ਇਕ ਹੋਰ ਤੀਰ। ਏਹ ਤੱਕਦੇ ਹੀ ਸਨ ਕਿ ਲਲਕਾਰ ਆਈ-ਖ਼ਬਰਦਾਰ ! ਤੇ ਪਲੋ ਪਲੀ ਵਿਚ ਘੇਰੇ ਗਏ ਸਾਰੇ ਪੰਝੀ ਤੀਹ ਸਵਾਰਾਂ ਦੇ ਇਕ ਜਥੇ ਦੇ ਘੇਰੇ ਵਿਚ ਘੇਰਨ ਵਾਲਿਆਂ ਦੀ ਬੱਝਵੀਂ ਸੱਦ ਉਠੀ 'ਸਤਿ ਸ੍ਰੀ ਅਕਾਲ'।

ਕਾਕੀ-ਆ ਗਏ, ਬਾਪੂ ਜੀ ਆ ਗਏ, ਮੇਰੇ ਪਿਤਾ ਜੀ ਦੇ ਗੁਰੂ ਆ ਗਏ। (ਤਾੜੀ ਮਾਰਕੇ) ਦੇਖੋ ਬਾਪੂ ਜੀ ਆ ਗਏ ਗੁਰੂ ਜੀ।

ਇਸ ਅਤਿ ਨਿਰਾਸਤਾ ਵਿਚ, ਅਤਿ ਭੈ ਭੀਤ ਹਾਲਤ ਵਿਚ, ਅਤਿ ਅਚਾਨਕਤਾ ਨਾਲ ਆਸਾ ਦੇ ਸੂਰਜ ਚੜ੍ਹ ਪੈਣ ਦੀ ਸੱਦ ਨੇ ਬਾਬੇ ਦੇ ਮਨ ਤੇ ਪਤਾ ਨਹੀਂ ਕੀ ਅਸਰ ਪਾਇਆ, ਕੋਈ ਐਸੀ ਬੇਸੁਰਤੀ ਲਾਈ ਕਿ ਭੁੱਲ ਗਿਆ ਚੇਤਾ ਦੁਖ ਤੇ ਮੁਨਾਖੇ ਹੋਣ ਦਾ, ਡੂੰਘੇ ਮਨ ਵਿਚੋਂ ਉਠ ਗਿਆ ਸੰਸਕਾਰ 'ਨੈਣ-ਜੋਤ ਨਹੀਂ ਹੈ' ਦਾ। ਕੋਈ ਉਹ ਉਬਾਲ ਅੰਦਰੋਂ ਉਠਿਆ ਕਿ ਨੈਣ ਤੱਕੇ। ਤਕਦਿਆਂ ਸਾਰ ਝਿੰਮਣੀਆਂ ਦੇ ਛੱਪਰਾਂ ਦੇ ਖੁਲ੍ਹਦਿਆਂ ਟੀ ਕਟੇ ਗਏ ਮਾਨੋ ਛੌੜ ਚਸ਼ਮਾ ਦੇ। ਹਾਂ ਰੋ ਰੋ ਕੇ ਨਿਤਾਣੀਆਂ ਹੋਈਆਂ ਅੱਖਾਂ ਵਿਚ ਭਰ ਗਿਆ ਕਿਸੇ ਅਗੀਮੀ ਮਮੀਰੇ ਦਾ ਅਸਰ ਕਿ ਨੈਣ ਖੁੱਲ੍ਹੇ ਤੇ ਸਚਮੁਚ ਖੁੱਲ੍ਹੇ ਤੇ ਚਮਕਦੇ ਸੂਰਜ ਦੇ ਚਾਨਣੇ ਵਿਚ ਨੈਣਾਂ ਨੇ ਦੇਖ ਲਏ ਦੀਸਣਹਾਰ, ਜਿਨ੍ਹਾਂ ਦੇ ਦਰਸ਼ਨ ਨੂੰ ਲੋਚ ਰਹੇ ਸੇ ਵਜਾਕੁਲ ਲੋਚਾਂ ਵਾਲੇ ਨੈਣ, ਤਰਸਦਾ ਮਨ ਤੇ ਲੋਂਹਦੀ ਆਤਮਾ। ਹਾਂ ਦਿੱਸ ਪਏ ਕਲਗੀਆਂ ਵਾਲੇ ਬੰਦੀ ਛੋੜ ਸਚਮੁਚ ਸਰੀਰ ਦੇ ਨੈਣਾਂ ਨਾਲ, ਦਿੱਸ ਪਏ ਗਜ ਨੂੰ ਗ੍ਰਾਹ ਤੋਂ ਛੁਡਾਉਣ ਦੇ ਬਿਰਦ ਵਾਲੇ। ਦਿੱਸ ਪਏ ਹਾਂ ਦਿੱਸ ਪਏ, ਹਾਂ ਜੀ ਮੌਤ ਦੇ ਮੂੰਹ ਵਿਚ ਫਾਥੇ ਨੂੰ ਦਿੱਸ ਪਏ, ਨਾਲੇ ਜਿੰਦ ਬਚੀ ਨਾਲੇ ਦਰਸ਼ਨਦਾਤ, ਮਿਹਰਾਂ ਦੀ ਛਹਿਬਰ-

ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ਯ ਆਵਧਹ॥
ਅਹੋ ਜਸ੍ਯ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਯਤੇ॥

(ਸਲੋਕ ਸਹਸ ਮ: ੫)

## ੪੨. ਪ੍ਰਸੰਗ ਭਾਈ ਜੈ ਸਿੰਘ[1]।

ਸ੍ਰੀ ਕਲਗੀਆਂ ਵਾਲੇ ਦੇ ਦਰਬਾਰ ਵਿਚ ਵਿਦਵਾਨ ਤੇ ਕਵੀ ਅਨੇਕਾਂ ਸ਼ੋਭਾ ਪਾਉਂਦੇ ਸਨ। ਕਵੀਆਂ ਵਿਚੋਂ ੫੨ ਦੇ ਨਾਮ ਪ੍ਰਸਿੱਧ ਹਨ। ਇਨ੍ਹਾਂ ਵਿਚੋਂ ਕਈ ਦਿਮਾਗੀ ਚਮਤਕਾਰਾਂ ਦੇ ਪ੍ਰਬੀਨ ਵਿਦਵਾਨ ਗ੍ਰੰਥਾਂ ਦੇ ਟੀਕੇ ਤੇ ਕਵਿਤਾ ਕਰਦੇ ਸਨ। ਕਈ ਵਿਦਵਾਨ ਸਿਖੀ ਵਿਚ ਆ ਕੇ ਯਾ ਤਾਂ ਉਥੇ ਟਿਕੇ ਰਹਿੰਦੇ ਯਾ ਸੇਵਾ ਪਰ

1. ਇਹ ਪ੍ਰਸੰਗ ੨੭ ਪੋਹ ਸੰਮਤ ਗੁ: ਨਾ: ਸਾ ੪੪੪ ਅਰਥਾਤ ੯ ਜਨਵਰੀ ੧੯੧੩ ਦੇ ਗੁਰਪੁਰ ਸਪਤਮੀ ਪਰ ਖਾਲਸਾ ਸਮਾਚਾਰ ਵਿਚੋਂ ਪ੍ਰਕਾਸ਼ਿਆ ਸੀ।

ਲੱਗ ਕੇ ਹੁਕਮ ਵਿਚ ਸੇਵਾ ਕਰਨ ਬਾਹਰ ਟੁਰ ਜਾਂਦੇ ਯਾ ਪ੍ਰੇਮ ਕਾਂਗ ਵਿਚ ਬਿਹਬਲ ਹੋਏ ਆਤਮ-ਉੱਚ ਰੰਗਣਾਂ ਵਿਚ ਜੀਵਨ ਮੁਕਤੀ ਦੇ ਰਸ ਮਾਣਦੇ ਸਨ। ਇਨ੍ਹਾਂ ਪ੍ਰੇਮੀਆਂ ਵਿਚ ਇਕ ਭਾਈ ਜੈ ਸਿੰਘ ਜੀ ਸਨ। ਆਪ ਬ੍ਰਿਜ ਭਾਸ਼ਾ ਦੇ ਪ੍ਰਬੀਨ ਕਵੀ ਸੇ ਤੇ ਓਥੇ ਆਪਣੀ ਪ੍ਰਬੀਨਤਾ ਦਾ ਮੁੱਲ ਪਵਾਉਣ ਗਏ ਸਨ, ਕਿ ਸੱਚੇ ਗੁਰੂ ਦੀ ਆਤਮਦੁਤੀ ਦੇਖ ਕੇ ਮੋਹਿਤ ਹੋ ਗਏ। ਐਸੇ ਮੋਹਿਤ ਹੋਏ ਕਿ ਫਿਰ ਕਵਿਤਾ ਦਾ ਮੁੱਲ ਪੁਆਉਣਾ ਤਾਂ ਕਿਤੇ ਰਿਹਾ; ਕਵਿਤਾ ਦੇ ਉੱਚੇ ਆਦਰਸ਼ ਦੀ ਪ੍ਰਾਪਤੀ ਹੋਈ ਕਿ ਲਿਵਧਾਰੀ ਹੋ ਗਏ। ਇਕ ਦਿਨ ਕਿਸੇ ਸਿਖ ਨੇ ਆਖਿਆ-"ਸ੍ਰੀ ਮਹਾਰਾਜ ਜੀਉ ! ਜੈ ਸਿੰਘ ਛੱਤੇ ਜੀ ਮਗਨ ਰਹਿੰਦ ਹਨ, ਇਹਨਾਂ ਨੂੰ ਜੰਗਾਂ ਵਿਚ ਨਾਲ ਚੱਲਣੇ ਦੀ ਆਗਜਾ ਕਰੋ ?" ਸੱਚੇ ਵੈਦ ਜੀ ਨੇ ਆਖਜਾ: 'ਇਹ ਨਰਦ ਪ੍ਰੇਮ ਦੇ ਚੌਪਟ ਵਿਚ ਬਿਰਹੋਂ ਦੇ ਘਰ ਪੱਕਣੀ ਹੈ!' ਅਗਲੇ ਭਲਕ ਸਤਿਗੁਰੂ ਜੀ ਨੇ ਆਗਯਾ ਕੀਤੀ "ਜੈ ਸਿੰਘ! ਆਪਣੇ ਦੇਸ਼ ਜਾ ਕੇ ਪਰਵਾਰ ਵਿਚ ਵੱਸੋ ਤੇ ਉਥੇ ਧਿਆਨ ਮਗਨ ਰਹੋ।"

ਪ੍ਰੀਤਮ ਦਾ ਹੁਕਮ, ਪਰ ਹਾਇ ! ਕਰੜਾ ਹੁਕਮ ! ਜਿੰਦ ਤੋਂ ਵਿਛੋੜਨ ਵਾਲਾ ਹੁਕਮ !! ਆਪੇ ਤੋਂ ਦੂਰ ਹੋਣ ਦਾ ਹੁਕਮ ਸਿਰ ਮੱਥੇ ਤੇ ਧਰਿਆ ਤੇ ਘਰ ਪਹੁੰਚੇ। ਦੋ ਤ੍ਰੈ ਵਰ੍ਹੇ ਜੋ ਬਿਰਹੋਂ ਦੀ ਝਾਲ ਝੱਲੀ, ਸੋ ਜਾਂ ਭਾਈ ਜੀ ਜਾਣਦੇ ਹਨ ਜਾਂ ਕਲਗੀਆਂ ਵਾਲੇ ਪ੍ਰੀਤਮ ਜੀ ਜਾਣਦੇ ਹਨ। ਹੁਣ ਫੇਰ ਸੱਦਾ ਆਇਆ ਤਾਂ ਪ੍ਰੀਤਮ ਜੀ ਦੇ ਦਰਸ਼ਨ ਪ੍ਰਾਪਤ ਹੋ ਕੇ ਤ੍ਰਿਪਤੇ। ਆਪ ਨੇ ਜੋ ਵਿਯੋਗਾਂ ਵਿਚ ਕਾਫੀਆਂ ਤੇ ਹੋਰ ਛੰਦ ਪੰਜਾਬੀ ਬੋਲੀ ਵਿਚ ਰਚੇ, ਬੜੇ ਬਿਰਹੇ ਮੱਲ ਵਾਲੇ ਹਨ, ਪਰ ਹੁਣ ਉਹ ਸਮੇਂ ਦੀ ਚਾਦਰ ਹੇਠ ਗੁੰਮ ਹਨ। ਦੋ ਕੁ ਕਵਿਤਾਵਾਂ ਅਸਾਂ ਨੂੰ ਲੱਭੀਆਂ ਹਨ।

(੧) ਕਾਫੀ: ਦੇਵ ਗੰਧਾਰੀ:-

ਸਤਿਗੁਰ ਮੈਂਡੀ ਕਿਉ ਨਹੀਂ ਲੈਂਦਾ ਸਾਰ। ਮੈਂ ਤੈਂ ਖਾਤ੍ਰ ਇਵੇਂ ਕੁਰਲਾਵਾਂ ਜਿਉਂ ਕੂੰਜ ਵਿਛੁੰਨੜੀ ਡਾਰ। ਜੇ ਅਸੀਂ ਭੁੱਲੇ ਚੁੱਕੇ ਸਤਿਗੁਰ ਤੇਰਾ ਨਾਉਂ ਸਤਾਰ। ਜੈ ਸਿੰਘ ਦੀ ਸੁਣ ਕੂਕ ਪਿਆਰਿਆ ਦੇਹੁ ਕਦੀ ਦੀਦਾਰ।

(੨) ਕਾਫੀ, ਦੇਵ ਗੰਧਾਰੀ:-

ਸਾਹਿਬਾ ! ਅਸੀਂ ਡਿੱਠੇ ਬਾਝ ਨ ਰਹਿੰਦੇ ਵੋ। ਸਿੱਕਣ ਸੂਲ ਤੇ ਦਰਦ ਵਿਛੋੜਾ ਅਸੀਂ ਤਉ ਬਿਨ ਕਹੀ ਨ ਕਹਿੰਦੇ ਵੋ। ਰਾਤੀਂ ਦਿਹਾਂ ਸਾਨੂੰ ਧਿਆਨ ਤੁਸਾਡਾ ਅਸੀਂ ਕਰ ਆਰਾਮ ਨਾ ਖਹਿੰਦੇ ਵੋ ! ਜੈ ਸਿੰਘ ਦੀ ਸੁਣ ਅਰਜ਼ ਪਿਆਰਿਆ ਅਸੀਂ ਪ੍ਰੇਮ ਨਦੀ ਨਿਤ ਵਹਿੰਦੇ ਵੋ !

## ੪੩. ਬਨ ਜੁੱਧ[1]।

(ਜਾਦੂ ਹੇਠ ਸਿਖਣੀ, ਦੀਪ ਕੌਰ, ਚੌਂਦਾ ਪਿੰਡ, ਪੰਮਾਂ, ਕਲਾਲ ਗੁਰੂ ਕਾ ਲਾਲ, ਆਲਮ ਚੰਦ ਬਲੀਆ ਚੰਦ ਜੁੱਧ)

੧.

**ਅੰਮ੍ਰਿਤ** ਵੇਲਾ ਹੈ, ਸ਼ਾਂਤਿ ਹੈ, ਏਕਾਂਤ ਹੈ, ਚੁੱਪ ਹੈ, ਸੁਹਣੀ ਠੰਢ ਪੈ ਰਹੀ ਹੈ। ਆਨੰਦਪੁਰ ਹੈ, ਕੀਰਤਨ ਹੈ, ਕੀਰਤਨ ਦੀ ਮਿੱਠੀ ਮਿੱਠੀ ਧੁਨਿ ਕੰਨੀ ਆ ਰਹੀ ਹੈ। ਮਾਨੋਂ 'ਚੁੱਪ', ਚੁੱਪ ਧਾਰੇ ਸਮਾਧੀ ਵਿਚ ਟਿਕੀ ਹੋਈ ਹੈ ਤੇ ਇਸ ਸੁਹਾਵੇ ਕੀਰਤਨ ਦਾ ਸੰਗੀਤਕ ਰਸ ਉਸ ਨੂੰ ਆਪੇ ਵਿਚ ਮਗਨ ਕਰ ਰਿਹਾ ਹੈ। ਮਲਕੜੇ ਇਕ ਇਕ ਦੋ ਦੋ ਸਿੱਖ ਆਉਂਦੇ ਹਨ ਤੇ ਸਹਿਜ ਨਾਲ ਦੀਵਾਨ ਵਿਚ ਟਿਕਦੇ ਜਾਂਦੇ ਹਨ। ਐਡੇ ਛੋਪਲੇ ਪੈਰ ਧਰਦੇ ਹਨ ਕਿ ਅਗੇ ਬੈਠਿਆਂ ਨੂੰ ਰਤਾ ਪਤਾ ਨ ਲਗੇ ਤੇ ਸੁਰਤ ਪਰ ਖਿੰਡਾਉ ਦਾ ਅਸਰ ਨ ਪਵੇ। ਇਸ ਤਰ੍ਹਾਂ ਦੇ ਸ਼ਾਂਤਿ ਪ੍ਰਭਾਉ ਵਿਚ ਵੇਲਾ ਹੋ ਗਿਆ ਸਾਹਿਬਾਂ ਦੇ ਆਉਣ ਦਾ, 'ਸਤਿਨਾਮ' 'ਸ੍ਰੀ ਵਾਹਿਗੁਰੂ' ਦੀ ਧੁਨਿ ਲਗ ਗਈ। ਸੰਗਤ ਸਾਰੀ ਅਦਬ ਨਾਲ ਉੱਠ ਕੇ ਖੜੋ ਗਈ। ਆਪ ਆਏ, ਹਾਂ, ਆਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਦੀਵਾਨ ਵਿਚੋਂ ਸਾਰਿਆਂ ਦੇ ਨੀਉਂਦੇ ਸੀਸਾਂ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ' ਦਾ ਉਤਰ ਦੇ, ਮਲਯਾਗਰ ਦੀ ਸਮੀਰ ਵਾਂਙੂ ਸਹਿਜੇ ਤੁਰਦੇ ਜਾ ਬਿਰਾਜੇ ਨਿਜ ਸਿੰਘਾਸਨ

1. ਇਹ ਪ੍ਰਸੰਗ ਗੁਰਪੁਰਬ ਪੋਹ ਸੁਦੀ ਸਪਤਮੀ ਸੰ: ਗੁ: ਨਾ: ਸਾ: ੪੬੫ ਪੋਹ ਦੀ ੯ ਸੰ: ੧੯੯੦, ਬਿ: (੨੩, ਦਸੰਬਰ ੧੯੩੩) ਨੂੰ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਤ ਹੋਇਆਂ ਸੀ।

ਉਤੇ। ਕੀਰਤਨ ਫੇਰ ਜਾਰੀ ਹੋ ਗਿਆ। ਧੁਪ ਵਰਤ ਗਈ, ਸ਼ਾਂਤਿ ਰਸ ਵਧੇਰੇ ਹੋ ਗਿਆ। ਸਾਰੀ ਸੰਗਤ ਨੇ ਆਨੰਦ ਲਿਆ, ਉਹ ਆਨੰਦ ਹੈ ਜੋ ਅੰਦਰੇ ਹੈ ਤੇ ਅੰਦਰੋਂ ਨਾਮ ਵਿਚ ਲੱਗਿਆਂ ਮਿਲ ਪੈਂਦਾ ਹੈ[1]। ਕੀਰਤਨ ਦੀ ਧੁਨਿ ਮਨ ਨੂੰ ਹੋਰ ਗੱਲਾਂ ਦੇ ਫੁਰਨਿਆਂ ਵਿਚ ਜਾਣੋ ਵਰਜ ਵਰਜ ਕੇ ਰੋਕ ਰਹੀ ਹੈ। ਬਾਣੀ ਦੇ ਅਰਥ ਭਾਵ ਆਪਣੇ ਵਿਚ ਲਿਆ ਰਹੇ ਹਨ। ਕੀਰਤਨ ਦੀ ਧੁਨਿ ਤੇ ਬਾਣੀ ਦਾ ਭਾਵ ਦੋਵੇਂ ਮਿਲਵੇਂ ਅਸਰਾਂ ਨਾਲ ਵਾਹਿਗੁਰੂ ਦੇ ਜਸ ਵਿਚ ਲਿਜਾ ਕੇ, ਖਿਆਲ ਨੂੰ ਉਸੇ ਪਾਸੇ ਪਾ ਕੇ ਸਾਂਈਂ ਦੀ ਯਾਦ ਦਾ ਇਕ ਪ੍ਰਵਾਹ ਬਣਾ ਰਹੇ ਹਨ। ਯਾਦ ਇਕ ਚਲਦੇ ਪ੍ਰਵਾਹ ਵਾਂਙੂ ਯਾ ਤੇਲ ਦੀ ਧਾਰ ਵਾਂਙੂ ਲਗਾਤਾਰੀ ਰੌ ਲੈ ਰਹੀ ਹੈ ਤੇ ਆਪੇ ਨੂੰ ਅਕਾਲ ਪੁਰਖ ਦੀ ਸ਼ਰਨ ਵਿਚ ਲਿਜਾ ਰਹੀ ਹੈ। ਜਾਂ ਇਉਂ ਕਹੋ ਕਿ ਜੀਵ ਤੱਤ ਦਾ ਪ੍ਰਵਾਹ ਪਰਮ ਤੱਤ ਵਲ ਜਾ ਰਿਹਾ ਹੈ[2]। ਦੀਵਾਨ ਵਿਚ ਬੜੇ ਬੜੇ ਸੂਰਮੇਂ ਬੀ ਬੈਠੇ ਹਨ। ਬੀਰਰਸੀ ਠਾਠ ਹੈ, ਤਲਵਾਰਾਂ ਲੱਗੀਆਂ ਹਨ, ਚਿਹਰੇ ਲਾਲੀਆਂ ਨਾਲ ਭਖ ਭਖ ਕਰ ਰਹੇ ਹਨ, ਉਹ ਬੀ ਇਸ ਵੇਲੇ ਵਾਹਿਗੁਰੂ ਦਾ ਨਾਮ ਜਪਦੇ ਆਪੇ ਨੂੰ ਉਸ ਵਿਚ ਜੋੜ ਰਹੇ ਹਨ। ਵਿਚ ਵਿਚ ਤਜਾਗੀ ਵੈਰਾਗੀ ਸਾਧੂ ਵੀ ਇਸ ਨਵੇਂ ਜੋਗ ਵਿਚ ਤੇ ਨਵੇਂ ਗਿਆਨ ਵਿਚ ਜੁੜੇ ਬੈਠੇ ਹਨ, ਜੋ ਇਹ ਹੈ ਕਿ ਆਪਾ ਪਰਮ ਆਪੇ ਵਿਚ ਮਿਲੇ-ਆਤਮਾ ਪਰਮਾਤਮਾ ਦੇ ਅਨੁਭਵ ਵਿਚ ਇਕ ਜੋਤ ਹੋਵੇ[2]। ਇਸ ਪ੍ਰਕਾਰ ਦੀ ਜੀਵਤ ਲਿਵਧਾਰਾ ਹੈ ਜੋ ਸਾਰਾ ਦਿਨ ਕੰਮ ਕਾਜ ਕਰਨ ਵਾਲੇ ਕਿਰਤੀਆਂ ਦੀ ਲਗ ਰਹੀ ਹੈ।

ਭੋਗ ਪੈ ਗਿਆ, ਪ੍ਰਸ਼ਾਦ ਵਰਤ ਗਿਆ, ਸਤਿਗੁਰਾਂ ਨੇ ਆਪਣੇ ਮੁਖਾਰਬਿੰਦ ਤੋਂ ਮਨੋਹਰ ਵਾਕ ਉਚਾਰਨ ਕੀਤੇ। ਸੰਗਤਾਂ ਗਦ ਗਦ ਹੋਈਆਂ। ਫਿਰ ਦੇਸ਼ ਦੇਸ਼ ਦੇ ਆਏ ਪ੍ਰੇਮੀ ਤੇ ਸੰਗਤਾਂ ਪੇਸ਼ ਹੋਈਆਂ ਉਹਨਾਂ ਨਾਲ ਵਾਰਤਾਲਾਪ ਹੋਏ।

ਸ਼ੇਖ਼ੂਪੁਰੇ ਦੇ ਇਕ ਸਿਖ ਨੇ ਅਰਦਾਸ ਕੀਤੀ[3], "ਪਾਤਸ਼ਾਹ ਮੇਰੀ ਇਸਤ੍ਰੀ ਕੁਸੰਗਣਾਂ ਨਾਲ ਮਿਲ ਕੇਇਕ ਚੇਟਕੀ ਪੀਰ ਮੁਲਾਣੇ ਨੂੰ ਮਿਲ ਕੇ ਆਪਣਾ ਧਰਮ ਦਾ ਆਗੂ ਮੰਨ ਬੈਠੀ ਹੈ, ਸਾਡੇ ਸਾਰੇ ਉਪਾਹਾਰ ਥੱਕੇ ਹਨ, ਆਪ ਦੇ ਹਜ਼ੂਰ ਮੁਸ਼ਕਲਾਂ ਨਾਲ ਲਿਆਏ ਹਾਂ, ਮਿਹਰ ਕਰੋ ਜੋ ਚੇਟਕੀ ਦਾ ਅਸਰ ਦੂਰ ਹੋਵੇ। ਸਾਡੇ ਘਰਾਂ ਵਿਚ ਨਿਰੋਲ ਸਿੱਖੀ ਹੈ, ਪੀਰਾਂ ਭਿਰਾਈਆਂ ਦਾ ਅਸਰ ਕਦੇ ਨਹੀਂ ਪਿਆ" ਸਾਹਿਬਾਂ ਬੀਬੀ ਨੂੰ ਸੱਦ ਕੇ ਪੁੱਛਿਆ ਤਾਂ ਆਖਣ ਲੱਗੀ: "ਮੇਰਾ ਮਨ ਤਾਂ ਨਹੀਂ ਕਰਦਾ, ਪਰ ਮੈਂ ਬੇਵੱਸ ਹਾਂ! ਮੱਲੋ ਮਲੀ ਉਧਰ ਨੂੰ ਟੁਰ ਪੈਂਦੀ ਹਾਂ।" ਹੁਕਮ ਹੋਇਆ: "ਅੰਮ੍ਰਿਤ ਛਕੋ।" ਉਸੇ ਵੇਲੇ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛਕਦੇ ਸਾਰ ਬੀਬੀ ਹੋਸ਼ ਵਿਚ ਆ ਕੇ ਸਾਵਧਾਨ ਹੋ ਗਈ ਤੇ ਗੁਰੂ ਗੁਰੂ ਜਪਣ ਲਗ ਪਈ! ਇਧਰ ਗੁਰੂ ਸਾਹਿਬ ਹੋਰਨਾਂ ਨੂੰ ਤਾਰਦੇ ਰਹੇ ! ਅੰਮ੍ਰਿਤ ਛਕ ਕੇ ਜਦ ਬੀਬੀ ਫੇਰ ਪੇਸ਼ ਹੋਈ ਤਾਂ ਗੁਰੂ ਸਾਹਿਬ ਜੀ ਨੇ ਬਚਨ ਕੀਤਾ: "ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਅੱਗੇ, ਜਿਨ੍ਹਾਂ ਨੂੰ ਜੰਤ੍ਰ ਮੰਤ੍ਰ ਟੂਣੇ ਜਾਦੂ ਆਖਦੇ ਹਨ, ਦੀ ਪੇਸ਼ ਨਹੀਂ ਜਾਂਦੀ। ਜੋ ਕੋਈ ਸ਼ੁਧ ਮਨ ਨਾਲ ਇਸ ਬਾਣੀ ਦਾ ਸੇਵਨ ਕਰਦਾ ਹੈ, ਉਸ ਦੇ ਸਾਰੇ ਭੈ ਤੇ ਭਰਮ ਦੂਰ ਹੁੰਦੇ ਹਨ। ਜਿੰਨ ਭੂਤ ਜਾਦੂ, ਜੋ ਕੁਛ ਕਿਹਾ ਜਾਂਦਾ ਹੈ, ਉਸ ਨੂੰ ਨਹੀਂ ਪੋਂਹਦਾ। ਬਾਣੀ ਸਿਦਕ ਨਾਲ ਪੜ੍ਹਕੇ ਵਾਹਿਗੁਰੂ ਅੰਦਰ ਵਸਾਯਾ ਕਰੋ:-

> ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ
> ਲਾਗੈ ਜਾਂ ਐਸੇ ਬੁਝੀਆ॥੧॥ ਰਾਖਾ ਏਕੁ
> ਹਮਾਰਾ ਸੁਆਮੀ॥ ਸਗਲ ਘਟਾ ਕਾ
> ਅੰਤਰਜਾਮੀ॥੧॥ ਰਹਾਉ॥ ਸੋਇ ਅਚਿੰਤਾ
> ਜਾਗਿ ਅਚਿੰਤਾ॥ ਜਹਾ ਕਹਾ ਪ੍ਰਭੁ ਤੂੰ
> ਵਰਤੰਤਾ॥੨॥ ਘਰਿ ਸੁਖਿ ਵਸਿਆ ਬਾਹਰਿ
> ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰ
> ਦ੍ਰਿੜਾਇਆ॥੩॥੨॥ (ਭੈਰਉ ਮ: ੫)

ਹੁਣ ਮਾਝੇ ਦੀ ਸੰਗਤ ਪੇਸ਼ ਹੋਈ ਤੇ ਦੀਪ ਕੌਰ ਵਾਲੀ ਸਾਖੀ ਸੰਗਤ ਨੇ ਸੁਣਾਈ[1]।

ਉਸ ਦਿਨ ਸਾਰੀ ਸੰਗਤ ਵਿਚੋਂ, ਜੋ ਜੋ ਅਜੇ ਅੰਮ੍ਰਿਤਧਾਰੀ ਨਹੀਂ ਸੇ, ਸਭ ਨੇ ਅੰਮ੍ਰਿਤ ਛਕਿਆ। ਆਨੰਦਪੁਰ ਤਾਂ ਅੰਮ੍ਰਿਤ ਪ੍ਰਚਾਰ ਸੀ ਹੀ, ਪਰ ਨਾਮ

---

1. ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ।, (ਵਡਹੰਸ ਮ: ੩) 2. ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ।। (ਸੋਰਠਿ ਮ: ੧)
3. ਤਵਾ: ਖਾ: ਭਾਗ ੩, ਪੰਨਾ ੫੫੯।

1. ਇਹ ਸਾਖੀ ਪਿਛੇ ਸਫ਼ਾ ੨੯੦ ਤੇ ਆ ਚੁਕੀ ਹੈ। ਆਪਣੇ ਕ੍ਰਮ ਵਿਚ ਓਹ ਏਥੇ ਚਾਹੀਦੀ ਸੀ।

ਬਾਣੀ ਦੇ ਪ੍ਰੇਮੀ ਸਿੰਘਾਂ ਦੇ ਜਥੇ ਥਾਂ ਥਾਂ ਫਿਰ ਕੇ ਬੀ ਅੰਮ੍ਰਿਤ ਪ੍ਰਚਾਰ ਕਰਦੇ ਫਿਰਦੇ ਸੇ। ਉਂਞ ਬੀ ਸਿੰਘ ਸ਼ਸਤ੍ਰਧਾਰੀ ਹੋ ਕੇ ਵਿਚਰਦੇ ਸੇ। ਚੌਂਦੇ ਪਿੰਡ ਪਾਸ ਐਸੇ ਸਿੰਘਾਂ ਦੇ ਇਕ ਜਥੇ ਨੇ ਡੇਰਾ ਜਾ ਪਾਇਆ। ਸਿੰਘਾਂ ਰਸਦ ਮੰਗੀ, ਮੁੱਲ ਅੱਗੇ ਧਰਿਆ, ਪਰ ਲੋਕਾਂ ਨੇ ਦੇਣੋਂ ਨਾਂਹ ਕੀਤੀ। ਨੰਬਰਦਾਰਾਂ ਨੇ ਬੀ ਨਾ ਮੰਨਿਆ। ਸਗੋਂ ਅੱਗੋਂ ਲੜਨ ਨੂੰ ਆ ਪਏ। ਲੋਕੀ ਬਹੁਤ ਸਨ, ਫਤੇ ਖਾਲਸਾ ਦੀ ਹੋਈ ਤੇ ਛਕਣ ਨੂੰ ਬੀ ਸਾਮਾਨ ਮਿਲ ਗਿਆ, ਕ੍ਰਿਪਾਨ ਭੇਟ ਕਰਕੇ ਵਰਤਾਇਆ ਗਿਆ[1]। ਇਸ ਪ੍ਰਕਾਰ ਅਨੇਕ ਤਰ੍ਹਾਂ ਦੇ ਵਾਕੇ ਨਿਤ ਨਵੇਂ ਨਵੇਂ ਰੰਗ ਲੈ ਕੇ ਵਰਤਦੇ; ਪਰ ਪ੍ਰਚਾਰ ਦੇ ਪ੍ਰੇਮੀ ਆਪਣਾ ਪ੍ਰਚਾਰ ਦਾ ਕੰਮ ਕਰਦੇ ਰਹਿੰਦੇ। ਇਸ ਤਰ੍ਹਾਂ ਕਈ ਜਥੇ ਦੇਸ਼ ਵਿਚ ਫਿਰ ਪਏ। ਇਨ੍ਹਾਂ ਦਾ ਮੁੱਖ ਕੰਮ ਸੀ ਗੁਰਸਿੱਖੀ ਦਾ ਉਪਦੇਸ਼ ਦੇਣਾ ਤੇ ਅੰਮ੍ਰਿਤ ਪ੍ਰਚਾਰ ਕਰਨਾ! ਸੰਗਤ ਵਿਚ ਜੋ ਦਬਾਉ ਮਸੰਦਾਂ ਨੇ ਪਾ ਲਿਆ ਹੋਇਆ ਸੀ ਉਸ ਨਾਲ ਸਾਰੇ ਦਬ ਗਏ ਹੋਏ ਸਨ। ਮਸੰਦਾਂ ਦੇ ਆਚਰਣ ਦਾ, ਜੋ ਸਹਾਰਾ ਉਨ੍ਹਾਂ ਨੂੰ ਕਰਨਾ ਪੈਂਦਾ ਸੀ ਸੋ ਦਿਲਾਂ ਵਿਚ ਬੜੀ ਉਦਾਸੀ ਪਾਉਂਦਾ ਸੀ। ਸ੍ਰੀ ਰਾਮ ਰਾਏ ਤੇ ਧੀਰ ਮਲ ਆਦਿਕਾਂ ਨੇ ਜੋ ਮਸੰਦਾਂ ਦੀ ਕਦਰ ਵਧਾਈ ਸੀ ਉਸ ਨਾਲ ਉਹ ਹੋਰ ਖ਼ੁਦਸਰ ਹੋ ਗਏ ਹੋਏ ਸੇ। ਜਦੋਂ ਸਤਿਗੁਰ ਦਾ ਪ੍ਰਚਾਰ ਇਸ ਪ੍ਰਕਾਰ ਟੁਰਿਆ ਤਾਂ ਸੰਗਤਾਂ ਵਿਚ ਬੜਾ ਉਮਾਹ ਹੋਇਆ। ਹਰੇਕ ਵਿਚ ਹੌਸਲਾ ਆ ਗਿਆ ਕਿ ਸਾਡਾ ਸਿੱਧਾ ਨਾਤਾ ਸਤਿਗੁਰੂ ਨਾਲ ਹੈ। ਸਤਿਗੁਰੂ ਨੇ ਅੰਮ੍ਰਿਤ ਅਰਥਾਤ ਗੁਰਦੀਖ੍ਯਾ ਦਾ ਅਧਿਕਾਰ ਪੰਜਾਂ ਪਿਆਰਿਆਂ ਵਿਚ ਧਰਕੇ 'ਗੁਰੂ ਖਾਲਸਾ' ਦਾ ਆਦਰਸ਼ ਕਾਇਮ ਕਰਕੇ ਧਾਰਮਕ ਸੁਤੰਤ੍ਰਤਾ ਦੀ ਨੀਂਹ ਬੰਨ੍ਹ ਦਿੱਤੀ। ਸੰਸਾਰ ਦੇ ਇਤਰ ਮਤਾਂ ਵਿਚ ਪੁਜਾਰੀ ਧੜੇ ਵਲੋਂ ਜੋ ਮੁਸ਼ਕਲਾਂ ਸਦਾ ਆਉਂਦੀਆਂ ਹਨ ਸੋ ਖਾਲਸੇ ਲਈ ਦੂਰ ਹੋ ਗਈਆਂ। ਪੂਜਾ ਦਾ ਦਾਨ ਇਕ ਪ੍ਰਕਾਰ ਵਿਹੁ ਸਮਾਨ ਹੋ ਜਾਂਦਾ ਹੈ। ਕਦੋਂ? ਜਦੋਂ ਇਸ ਦਾ ਲੋਭ ਧਾਰਨ ਹੋ ਜਾਵੇ। ਜੋ ਪੂਜਾ ਦਾ ਧਾਨ ਲੋਭ ਨਾਲ ਗ੍ਰਹਣ ਕਰੇਗਾ ਤੇ ਨਾਮ ਬਾਣੀ ਦੇ ਅਭਿਆਸ ਨਾਲ ਆਪਾ ਸੋਧਣ ਵਾਲਾ ਨਹੀਂ ਹੋਵੇਗਾ, ਉਹ ਜ਼ਰੂਰ ਆਪਣੀ ਮੱਤ ਨੂੰ ਮੈਲਿਆਂ ਕਰ ਲਵੇਗਾ! 'ਤਿਉਂ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ।'

(ਵਾਰ ਭਾਈ ਗੁਰਦਾਸ)

ਹਰ ਸਿੱਖ ਸਿਪਾਹੀ ਹੈ, ਕਿਉਂਕਿ ਸਤਿਗੁਰ ਨੇ ਸਿੱਖ ਨੂੰ ਸ਼ਸਤ੍ਰਧਾਰੀ ਬਣਾ ਦਿੱਤਾ ਹੈ, ਹਰ ਸਿੱਖ ਦੁਨੀਆਂਦਾਰ ਹੈ, ਕਿਉਂਕਿ ਸਭ ਦਜਾਨਤਦਾਰੀ ਦੇ ਕਿੱਤੇ ਗੁਰਾਂ ਵਿਹਤ ਕਰ ਦਿੱਤੇ ਹਨ। ਹਰ ਸਿੱਖ ਸੰਤ ਹੈ, ਕਿਉਂਕਿ ਨਾਮ ਇਹ ਜਪਦਾ ਤੇ ਬਾਣੀ ਦਾ ਕੀਰਤਨ ਕਰਦਾ ਹੈ ਤੇ ਬਾਣੀ ਦੀ ਦੱਸੀ ਰੌਸ਼ਨੀ ਵਿਚ ਟੁਰਦਾ ਹੈ। ਹਰ ਸਿੱਖ ਜੋ ਤਿਆਰ ਬਰਤਿਆਰ ਹੈ, ਅੰਮ੍ਰਿਤ ਤਿਆਰ ਕਰਨ ਵਿਚ ਸ਼ਾਮਲ ਹੋ ਸਕਦਾ ਹੈ, ਧਰਮ ਦੇ ਸੰਸਕਾਰ ਕਰ ਕਰਾ ਸਕਦਾ ਹੈ, ਇਉਂ ਹਰ ਸਿੱਖ ਆਪਣੇ ਧਰਮ ਦਾ ਪ੍ਰੋਹਿਤ ਬੀ ਹੈ। ਸੋ ਸਿੱਖ ਨਾਲੇ ਦੁਨੀਆਂਦਾਰ ਹੈ, ਨਾਲੇ ਦੀਨਦਾਰ ਹੈ, ਨਾਲੇ ਸਿਪਾਹੀ ਹੈ, ਨਾਲੇ ਵਪਾਰੀ ਹੈ, ਨਾਲੇ ਜ਼ਿਮੀਂਦਾਰ ਹੈ, ਨਾਲੇ ਕਿਰਤੀ ਹੈ, ਨਾਲੇ ਸਰਦਾਰ ਹੈ, ਨਾਲੇ ਸੇਵਕ ਹੈ। ਫਿਰ ਇਸ ਤੋਂ ਬੀ ਅੱਗੇ ਕਿਸੇ ਬੀਮਾਰ ਬੁੱਢੇ ਯਾ ਹੋਰ ਸਰੀਰਕ ਕਸ਼ਟ ਵਿਚ ਫਾਥੇ ਨੂੰ ਦੇਖ ਕੇ ਸਿੱਖ ਯਥਾਸ਼ਕਤ ਸੇਵਾ ਬੀ ਕਰਦਾ ਹੈ। ਸੰਗਤ ਵਿਚ ਜਾ ਕੇ ਜੋੜੇ ਝਾੜਦਾ, ਜਲ ਛਕਾਂਦਾ, ਪੱਖੇ ਆਦਿ ਦੀ ਸੇਵਾ ਬੀ ਸਿੱਖ ਕਰਦਾ ਹੈ। ਐਉਂ ਗੁਰੂ ਦਾ ਸਿੱਖ ਆਪਣੇ ਆਪ ਵਿਚ ਸਭ ਗੁਣ ਸੰਪੰਨ ਮੁਕੰਮਲ ਇਨਸਾਨ ਹੈ! ਐਸੀ ਧਾਰਮਕ ਸੁਤੰਤ੍ਰਤਾ ਤੇ ਧਾਰਮਕ ਉੱਚ ਸੁਰਤੀ ਅਵਸਥਾ ਗੁਰੂ ਜੀ ਨੇ ਬਖਸ਼ੀ! ਫਿਰ ਸਿੱਖ ਦੀ ਟੇਕ ਗੁਰੂ ਕੇ ਬਖਸ਼ੇ ਈਸ਼੍ਵਰੀ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਹੈ ਤੇ ਪੰਥ ਵਿਚ ਪ੍ਰਬੁੱਧ ਪੁਰਖਾਂ ਦੇ ਸਤਿਸੰਗ ਦਾ ਉਦਾਲਾ ਇਸ ਨੂੰ ਪ੍ਰਾਪਤ ਹੈ। ਗੁਰਮੁਖ ਦਾ ਮੇਲ, ਸਾਧ ਦਾ ਸੰਗ ਰੋਜ਼ ਅਰਦਾਸੇ ਵਿਚ ਮੰਗਦਾ ਹੈ। ਪਰਮਾਰਥ ਵਿਚ ਨਾਮ ਅਭਯਾਸ ਵਿਚ ਰੂਹਾਨੀ ਮਦਦ ਦੀ ਲੋੜ ਵੇਲੇ ਗੁਰੂ ਕਾ ਸਿੱਖ 'ਗੁਰਮੁਖ' ਦਾ ਸਤਿਸੰਗ ਕਰਕੇ ਆਪਣੇ ਪਰਮਾਰਥ ਦੀਆਂ ਮੰਜ਼ਲਾਂ ਤੈ ਕਰ ਸਕਦਾ ਹੈ। ਸਾਹਿਬਾਂ ਨੇ ਖਾਲਸਾ ਸਾਜ ਕੇ ਇੰਨਾਂ ਸੁਤੰਤ੍ਰ ਤੇ ਉੱਚਾ ਕੀਤਾ ਕਿ ਪੰਜਾਂ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਦਿੱਤਾ। 'ਗੁਰੂ ਖਾਲਸਾ' ਤੇ 'ਖਾਲਸਾ ਗੁਰੂ' ਆਖਿਆ।

ਵਿਦਯਾ ਦਰਬਾਰ ਬੀ ਗੁਰੂ ਜੀ ਨੇ ਸਾਜਿਆ ਸੀ ਆਪਣੇ ਸਿੱਖਾਂ ਵਿਚ ਵਿਦਯਾ ਦਾ ਪ੍ਰਕਾਸ਼ ਬੀ ਦੇ ਰਹੇ

1. ਤਵਾਰੀਖ਼ ਖਾਲਸਾ।

ਸੇ। ਬੜੇ ਬੜੇ ਗੁਣੀ ਇਸ ਕੰਮ ਪਰ ਲਾਏ ਹੋਏ ਸੇ! ਸ਼ਸਤ੍ਰ ਵਿਦਯਾ ਦੇ ਨਾਲ ਸ਼ਾਸਤ੍ਰ ਵਿਦਯਾ ਤੇ ਦੁਹਾਂ ਦੇ ਸਿਰ ਤੇ ਸ਼ਾਂਤਿ ਰਸੀ ਵਿਦਯਾ ਦਾ ਪ੍ਰਚਾਰ ਸੀ। ਸ਼ਾਂਤਿ ਰਸੀਆਂ ਦੀ ਰੱਖਯਾ ਬੀਰ ਰਸੀਏ ਕਰਨ, ਬੀਰ ਰਸੀਆਂ ਨੂੰ ਵਿਦਯਾ ਚਾਨਣਾ ਦੇਵੇ ਤੇ ਸ਼ਾਂਤਿ ਰਸੀਏ ਪੰਥ ਨੂੰ ਧਰਮ ਤੇ ਪਰਮਾਰਥ ਤੋਂ ਗਿਰਨ ਨਾ ਦੇਣ। ਤਾਂ ਜੋ ਬੀਰ ਰਸ ਹਠਾਗ੍ਰਹਿ ਦਾ ਨਿਰਦਯਤਾ ਨਾਲ ਨਿਰਾ ਜੁੱਧ ਮਾਤ੍ਰ ਨਾ ਰਹਿ ਜਾਵੇ, ਸਗੋਂ 'ਉਤਸ਼ਾਹ' ਦਾ ਵਿਕਾਸ਼ ਕਰਨ ਵਾਲਾ ਹੋਵੇ। ਬੀਰ ਰਸ ਦਾ ਮੂਲ 'ਉਤਸ਼ਾਹ' ਹੈ। 'ਦਾਨ' ਬੀ ਬੀਰ ਰਸੀ ਸ਼ੈ ਹੈ। ਦਇਆ ਤੋਂ ਦਾਨ ਦੇਣ ਦੇ ਭਾਵ ਨਾਲ ਤੇ ਲੋੜ ਪਈ ਤੇ ਜੁੱਧ ਕਰਕੇ ਆਪਾ ਵਾਰਨ ਤੱਕ ਤੋਂ ਦਰੇਗ ਨਾ ਕਰਨਾ। ਇਹ ਸੀ ਸੁਤੰਤ੍ਰ ਗੁਰ ਸਿੱਖੀ, ਜਿਸ ਵਿਚ ਖੁੱਲ੍ਹ ਬੀ ਆਈ, ਜਥੇਬੰਦੀ ਬੀ ਆਈ, ਰੂਹਾਨੀ ਜੀਵਨ ਬੀ ਰਿਹਾ ਤੇ ਵਾਹਿਗੁਰੂ ਗੁਰੂ ਦੀ ਅਰੋਗ ਤੇ ਨਿਰਮਲ ਆਸਤਕਤਾ ਬੀ ਸਮਾਈ ਤੇ ਸਾਰੇ ਉਤਸ਼ਾਹ ਤੇ ਸ਼ਾਂਤੀ ਵਿਕਾਸ ਦੀ ਜਾਨ ਬਣੀ।

ਇਨ੍ਹਾਂ ਸ਼ਸਤ੍ਰਧਾਰੀ ਨਾਮ ਬਾਣੀ ਦੇ ਪ੍ਰੇਮੀਆਂ ਦੀ ਜਥੇਬੰਦੀ ਹੋ ਰਹੀ ਸੀ। ਖਾਲਸਾ ਜਥੇਬੰਦੀ 'ਅੰਗ ਅੰਗੀ ਭਾਵ[1]' ਵਾਲਾ ਇਕ ਪਰਿਵਾਰ ਤਯਾਰ ਹੋ ਗਿਆ ਸੀ। ਜਿਥੇ ਸੈਨਾਂ ਓਥੇ ਸੈ ਲੋੜਾਂ, ਖਾਸ ਕਰਕੇ ਅੰਨ, ਦਾਣੇ, ਪੱਠੇ ਦੀ ਲੋੜ। ਜਦੋਂ ਖਾਲਸਾ ਬਨਾਂ ਤੋਂ ਕਿ ਗਿਰਾਵਾਂ ਤੋਂ ਇਹ ਚੀਜ਼ਾਂ ਮੰਗਦਾ ਤੇ ਪੈਸੇ ਦੇ ਕੇ ਮਿਲ ਜਾਂਦੀਆਂ ਤਾਂ ਵਾਹਵਾ, ਜੇ ਚੀਜ਼ਾਂ ਪਹਾੜੀਆਂ ਪਾਸ ਲੋੜ ਤੋਂ ਵਧੀਕ ਤੇ ਵਿਕਰੀ ਵਾਸਤੇ ਹੁੰਦਿਆਂ ਬੀ ਨਾ ਮਿਲਦੀਆਂ ਤਾਂ ਮੁਸ਼ਕਲ ਪੈਂਦੀ। ਇਸ ਮੁਸ਼ਕਲ ਵੇਲੇ ਕਈ ਵੇਰ ਨੀਵੀਂ ਉੱਚੀ ਗਲ ਬਾਤ ਹੋ ਜਾਂਦੀ, ਜੋ ਲੋਕਾਂ ਨੂੰ ਰਾਜਿਆਂ ਪਾਸ ਪੁਕਾਰੂ ਜਾ ਕਰਦੀ। ਜਦੋਂ ਰਾਜਿਆਂ ਵੱਲੋਂ ਪੁੱਛ ਹੁੰਦੀ ਤਾਂ ਇਧਰੋਂ ਉੱਤਰ ਜਾਂਦਾ ਕਿ ਤੁਸੀਂ ਚੀਜ਼ਾਂ ਦੇ ਨਿਰਖ ਬੰਨ੍ਹ ਦਿਓ, ਸਾਥੋਂ ਲੋਕੀਂ ਮੁੱਲ ਲੈ ਲਿਆ ਕਰਨ ਤੇ ਦੇ ਦਿਆ ਕਰਨ। ਇਹ ਗਲ ਕਦੇ ਟੁਰਦੀ ਕਦੇ ਨਾ ! ਅਸਲ ਗਲ ਤਾਂ ਇਹ ਸੀ ਕਿ ਔਰੰਗਜ਼ੇਬ ਤੇ ਉਸਦੀ ਸਰਕਾਰ ਵੈਰੀ ਸੀ ਜਿਸ ਕਰਕੇ ਰਾਜੇ ਬੀ ਵੈਰੀ ਅੱਖ ਰਖਦੇ। ਸਿੱਖੀ ਉਹਨਾਂ ਨੂੰ ਬਹੁਤ ਰੜਕਦੀ ਸੀ। ਜਾਪਦਾ ਹੈ ਕਿ ਉਸਦੇ ਇਸ਼ਾਰੇ ਤੇ ਕਦੇ ਰਾਜਿਆਂ ਦੇ ਆਪਣੇ ਭਰਮ ਭੈ ਤੇ ਲਾਲਚ ਵੈਰ ਕਰਵਾਉਂਦੇ ਸੇ। ਇਸ ਕਰਕੇ ਬਹਾਨੇ ਬਹਾਨੇ ਗੁਰੂ ਜੀ ਅੱਗੇ ਮੁਸ਼ਕਲਾਂ ਤੇ ਅੜਚਨਾਂ ਦੇ ਸਾਮਾਨ ਕੀਤੇ ਜਾਂਦੇ ਸਨ। ਜਿਨ੍ਹਾਂ ਵਿਚੋਂ ਕਦੇ ਤਾਂ ਬਿਲਾਸਪੁਰ ਦਾ ਰਾਜਾ ਆਨੰਦਪੁਰ ਦਾ ਕਿਰਾਇਆ ਮੰਗ ਭੇਜਦਾ; ਹਾਲਾਂ ਕਿ ਓਹ ਜ਼ਿਮੀ ਗੁਰੂ ਜੀ ਦੀ ਜ਼ਰ ਖਰੀਦ ਸੀ। ਕਦੇ ਹਾਥੀ ਆਦਿਕ ਸਾਮਾਨ ਮੰਗ ਭੇਜਦਾ, ਕਦੀ ਪ੍ਰਜਾ ਤੋਂ ਅੰਨ ਦਾਣੇ ਤ੍ਰਿਣ ਦੀ ਅੜਚਣ ਖੜੀ ਹੋ ਜਾਂਦੀ, ਕਦੇ ਕੁਛ, ਕਦੇ ਕੁਛ। ਰਾਜਿਆਂ ਦੇ, ਖਾਸ ਕਰਕੇ ਭੀਮਚੰਦ ਦੇ, ਮਾੜੇ ਵਰਤਾਉ ਦੇ ਕਾਰਣ ਹੀ ਗੁਰੂ ਸਾਹਿਬ ਪਾਉਂਟੇ ਜਾ ਵਸੇ ਸੇ। ਰਾਜਿਆਂ ਦੀ ਪਹਿਲ ਨਾਲ ਭੰਗਾਣੀ ਦਾ ਯੁੱਧ ਹੋਇਆ ਸੀ। ਉਸ ਜੰਗ ਵਿਚ ਰਾਜਿਆਂ ਦੀ ਹਾਰ ਹੋਈ। ਗੁਰੂ ਜੀ ਮੁੜ ਆਨੰਦਪੁਰ ਆ ਵਸੇ। ਏਥੇ ਵਸਦਿਆਂ ਲੋੜ ਵੇਲੇ ਜੈਸੇ ਨਾਦੌਣ ਦੇ ਜੰਗ ਵਿਚ ਰਾਜੇ ਗੁਰੂ ਜੀ ਦੀ ਸ਼ਰਨ ਬੀ ਆ ਜਾਂਦੇ, ਮਦਦ ਬੀ ਲੈਂਦੇ, ਫੇਰ ਅੱਖਾਂ ਬੀ ਫੇਰ ਲੈਂਦੇ ਤੇ ਤੰਗ ਬੀ ਕਰਦੇ। ਇਸ ਤਰ੍ਹਾਂ ਦੇ ਵਰਤਾਵਿਆਂ ਵਿਚ ਭੀਮਚੰਦ ਤਾਂ ਚਲ ਬਸਿਆ ਤੇ ਉਸ ਦੀ ਥਾਵੇਂ ਉਸ ਦਾ ਪੁੱਤ ਅਜਮੇਰ ਚੰਦ ਗੱਦੀ ਤੇ ਬੈਠਾ। ਇਸ ਦਾ ਵਰਤਾਉ ਬੀ ਪਿਤਾ ਵਰਗਾ ਹੀ ਖੋਟਾ ਸੀ। ਇਸ ਨੇ ਇਕ ਵੇਰ ਇਕ ਚਲਾਕੀ ਕੀਤੀ ਕਿ ਆਪਣੇ ਇਕ ਵਜ਼ੀਰ ਨੂੰ, ਜਿਸ ਨੂੰ ਸਿੱਖ ਪੁਸਤਕਾਂ ਵਿਚ 'ਪੰਮਾ' ਲਿਖਿਆ ਹੈ, ਜੋ ਪਰਮਾਨੰਦ ਦਾ ਸੰਖੇਪ ਜਾਪਦਾ ਹੈ, ਗੁਰੂ ਦਰਬਾਰ ਵਿਚ ਘੱਲਿਆ ਕਿ ਗੁਰੂ ਜੀ ਨਾਲ ਕੋਈ ਜ਼ਾਹਿਰਾ ਸਮੱਸਿਆ ਦੀ ਸੂਰਤ ਪੈਦਾ ਕਰੇ। ਇਸ ਨੇ ਆ ਕੇ ਪਰਜਾ ਦੀ ਪੁਕਾਰ ਬਾਬਤ ਵਾਰਤਾਲਾਪ ਕੀਤੀ ਤਾਂ ਸਤਿਗੁਰੂ ਜੀ ਦੇ ਦਰਬਾਰ ਦੇ ਮੁਖੀ ਮਾਮਾ ਕ੍ਰਿਪਾਲ ਚੰਦ[1] ਨੇ ਆਖਿਆ: 'ਹੇ ਵਜ਼ੀਰ! ਸਾਡੀ ਵਿਖਾਂਦ ਕੋਈ ਨਹੀਂ, ਤੁਸੀਂ ਆਪਣੀ ਪਰਜਾ ਨੂੰ ਹੁਕਮ ਦੇ ਛਡੋ ਜੋ ਘਾਹ ਲੱਕੜੀ ਬਦਲੇ ਸਿੱਖਾਂ ਨਾਲ ਨਾ ਲੜਿਆ ਕਰਨ ਤੇ ਦੁਧ ਘਿਓ,

1. ਸਰੀਰ ਦੇ ਅੰਗ ਜੀਕੂੰ ਵੱਖ ਵਖ ਪਰ ਆਪੋ ਵਿਚ ਇਕ ਮਿਕ ਹੋ ਕੇ ਕਾਰਜ ਕਰ ਰਹੇ ਹਨ, ਐਸੀ ਜਥੇਬੰਦੀ!

1. ਜੋ ਪਿਛੋਂ ਅੰਮ੍ਰਿਤ ਛਕ ਕੇ ਕ੍ਰਿਪਾਲ ਸਿੰਘ ਹੋਏ ਤੇ ਦਿੱਲੀ ਵਿਚ ਮਾਤਾ ਸੁੰਦਰੀ ਜੀ ਦੇ ਦੇਹਾਂਤ ਤਕ ਜੀਉਂਦਿਆਂ ਦੀਆਂ ਸੂਹਾਂ ਮਿਲਦੀਆਂ ਹਨ ਤੇ ਮਗਰੋਂ ਬੀ ਕੁਛ ਚਿਰ ਜੀਵੇ ਹਨ।

ਅੰਨ, ਸ਼ੱਕਰ ਮੁਲ ਕੀਮਤ ਲੈ ਕੇ ਦੇ ਦਿਆ ਕਰਨ[1]। ਪੰਮਾ ਇਹ ਗੱਲਾਂ ਸੁਣ ਕੇ ਮੰਨ ਮੰਨਾ ਕੇ ਚਲਾ ਗਿਆ, ਪਰ ਵਰਤਾਰਾ ਉਹੋ ਹੀ ਰਿਹਾ ਤੇ ਸਿੱਖਾਂ ਨੂੰ ਮੁਸ਼ਕਲਾਂ ਪੈਣ ਤੇ ਉਹੋ ਕੁਛ ਕਰਨ ਲਈ ਮਜਬੂਰ ਹੋਣਾ ਪੈਂਦਾ ਰਿਹਾ।

੨.

**ਇਕ** ਦਿਨ ਲੌਢੇ ਪਹਿਰ ਦੀਵਾਨ ਸਜ ਰਿਹਾ ਸੀ, ਕੀਤਰਨ ਹੋ ਰਿਹਾ ਸੀ, ਤਾਰਿਆਂ ਵਿਚ ਚੰਦ ਵਾਂਗੂ ਸਭਾ ਦੇ ਸੁਆਮੀ ਵਿਰਾਜਮਾਨ ਹੋਏ ਸ਼ੋਭ ਰਹੇ ਸਨ, ਨੂਰੀ ਚਿਹਰੇ ਤੋਂ ਤੇਜ ਤੇ ਸ਼ਾਂਤੀ ਦੀ ਮਿਲਵੀਂ ਨੂਰ ਫੁਹਾਰ ਪੈ ਰਹੀ ਸੀ। ਚਕੋਰ-ਮਨ-ਸਿੱਖ ਦਰਸ਼ਨ ਕਰ ਕਰਕੇ ਆਨੰਦ ਲੈ ਰਹੇ ਸਨ। ਇਕ ਪਾਸੇ ਨੈਣਾਂ ਦੇ ਸਾਹਮਣੇ ਪ੍ਰਤੱਖ ਦਰਸ਼ਨ ਸਨ, ਦੂਜੇ ਪਾਸੇ ਕੰਨ ਕੀਰਤਨ ਦੀ ਅੰਮ੍ਰਿਤ ਫੁਹਾਰ ਨੂੰ ਪੀ ਰਹੇ ਸਨ, ਦੋਹਾਂ ਦਾ ਮਿਲਵਾਂ ਅਸਰ ਇਕ ਸਰੂਰ ਦੇ ਰਿਹਾ ਸੀ ਤੇ ਸਰੂਰ ਚਿੱਤ ਨੂੰ ਇਕਾਗ੍ਰ ਕਰ ਰਿਹਾ ਸੀ। ਉੱਚਤਾ ਤੇ ਏਕਾਗ੍ਰਤਾ ਦਾ ਭਾਵ ਸਭ ਦੇ ਅੰਦਰ ਗੱਡ ਰਿਹਾ ਸੀ। ਸੂਰਜ ਲਟਪਟਾ ਗਿਆ, ਸ਼ਾਮਾਂ ਪੈ ਗਈਆਂ। ਸੋਦਰ ਦਾ ਕੀਰਤਨ ਹੋ ਕੇ ਭੋਗ ਪੈ ਗਿਆ, ਰਹਿਰਾਸ ਦਾ ਪਾਠ ਹੋ ਕੇ ਅਰਦਾਸਾ ਸੁਧ ਗਿਆ, ਪ੍ਰਸ਼ਾਦ ਵਰਤ ਗਿਆ। ਸੰਗਤ ਵਿਦਾ ਹੋ ਗਈ। ਗੁਰੂ ਭਗਵਾਨ ਅੱਜ ਓਥੇ ਹੀ ਬਿਰਾਜੇ ਰਹੇ। ਕੁਛ ਕਾਰਜ ਵਿਦਵਾਨਾਂ ਤੇ ਕਵੀਆਂ ਦੇ ਦਾਨ ਸਨਮਾਨ ਦਾ ਇਸ ਵੇਲੇ ਅੱਜ ਹੋਣਾ ਸੀ। ਇਸ ਵੇਲੇ ਤਾਰਨਹਾਰ ਸਤਿਗੁਰੂ ਜੀ ਦੀ ਨਜ਼ਰ ਦੂਰ ਜਾ ਪਈ, ਅੰਦਰ ਜਾਣ ਵਾਲੇ ਦਰਵਾਜ਼ੇ ਦੇ ਅੰਦਰ ਕੰਧ ਨਾਲ ਇਕ ਲੰਮੀ ਭਰਵੀਂ ਪਰ ਨਿੰਮੋਝਾਣ ਸੂਰਤ ਖੜੀ ਸੀ। ਸਾਹਿਬਾਂ ਨੇ ਪਾਸ ਖੜੇ ਸਿੰਘ ਨੂੰ ਪੁੱਛ ਕੀਤੀ "ਸਿੰਘਾ! ਅਹੁ ਕੌਣ ਖੜਾ ਹੈ ?" ਉਸ ਅਰਦਾਸ ਕੀਤੀ "ਪਾਤਸ਼ਾਹ ! ਕੋਈ ਪ੍ਰੇਮੀ ਹੈ ਜੋ ਦੋ ਤ੍ਰੈ ਦਿਨ ਤੋਂ ਦੁਇ ਵੇਲੇ ਆਉਂਦਾ ਹੈ, ਇਸ ਤਰ੍ਹਾਂ ਉਥੇ ਹੀ ਖੜਾ ਰਹਿੰਦਾ ਤੇ ਟੁਰ ਜਾਂਦਾ ਹੈ।"

ਗੁਰੂ ਜੀ-ਉਰੇ ਤਾਂ ਨਹੀਂ ਆਇਆ ਜਾਪਦਾ। ਦਰਸ਼ਨ ਮੇਲੇ ਹੋਏ ਨਹੀਂ ਲੱਗਦੇ:

ਸਿੰਘ-ਪਾਤਸ਼ਾਹ ! ਪਹਿਲੇ ਤਾਂ ਬੂਹੇ ਦੇ ਬਾਹਰ ਆ ਖੜਦਾ ਸੀ ਤੇ ਮੁਹਾਠ ਉੱਤੇ ਸਿਰ ਧਰਕੇ ਚਲਾ ਜਾਂਦਾ ਸੀ, ਹੁਣ ਦਲ੍ਹੀਜਾਂ ਤੇ ਸਿਰ ਧਰਕੇ, ਚਰਨ ਧੂੜ ਮੱਥੇ ਲਾ ਕੇ, ਅੰਦਰ ਆ ਜਾਂਦਾ ਹੈ, ਪਰ ਉਸੇ ਕੰਧ ਨਾਲ ਲੱਗ ਕੇ ਖੜਾ ਆਪ ਦੇ ਦਰਸ਼ਨ ਕਰਦਾ ਰਹਿੰਦਾ ਹੈ। ਭੋਗ ਪੈਣ ਵੇਲੇ ਕੜਾਹ ਪ੍ਰਸ਼ਾਦ ਦੇ ਵਰਤਾਰੇ ਤੋਂ ਅਗੇਰੇ ਟੁਰ ਜਾਂਦਾ ਹੈ। ਅਜ ਪਤਾ ਨਹੀਂ ਕਿਉਂ ਖਲੋਤਾ ਰਿਹਾ ਹੈ ਤੇ ਅਜੇ ਬੀ ਉਸ ਦੇ ਜਾਣ ਦੇ ਕੋਈ ਚਿੰਨ੍ਹ ਨਜ਼ਰ ਨਹੀਂ ਪੈਂਦੇ। ਖ਼ਬਰੇ ਕੋਈ ਗੱਲ ਕਰਨੀ ਹੋ ਸੁ ਤੇ ਸੰਗਦਾ ਅੱਗੇ ਨਹੀਂ ਆਉਂਦਾ; ਆਗਯਾ ਹੋਵੇ ਤਾਂ ਪਤਾ ਕਰਾਂ ?

ਗੁਰੂ ਜੀ-ਕਰੋ।

ਕੁਛ ਪਲਾਂ ਮਗਰੋਂ ਉਹ ਉਸ ਪਾਸ ਹੋ ਕੇ ਮੁੜ ਆਇਆ ਤੇ ਹਜ਼ੂਰੀ ਵਿਚ ਬਿਨੈ ਕੀਤੀਓਸ ਕਿ "ਪਾਤਸ਼ਾਹ ! ਪੁੱਛਣ ਤੇ ਦੱਸਿਆ ਸੂ ਕਿ 'ਕਲਾਲ ਹਾਂ', ਹੋਰ ਕਿਸੇ ਗੱਲ ਦਾ ਉਤਰ ਨਹੀਂ ਸੂ ਦਿੱਤਾ। ਹੋਰ ਜੋ ਪੁੱਛਿਆ ਉਸ ਦੇ ਉਤਰ ਵਿਦ ਦੋ ਅੱਥਰੂ ਕਿਰ ਪੈਂਦੇ ਸੂ।" ਸਤਿਗੁਰ ਜੀ ਇਟ ਸੁਣ ਕੇ ਕੁਛ ਆਖਣ ਲਗੇ ਹੀ ਸਨ ਕਿ ਕਵੀ ਉਤੋੜੁੱਤੀ ਆਉਣ ਲਗ ਪਏ ਤੇ ਆਪ ਉਸ ਪਰਚੇ ਵਿਚ ਲੱਗ ਗਏ। ਜਿਨ੍ਹਾਂ ਬਾਹਰੋਂ ਆਏ ਕਵੀਆਂ ਦੀ ਰਚਨਾ ਪਰ ਪ੍ਰਸੰਨ ਹੋਏ ਸਨ ਤੇ ਉਨ੍ਹਾਂ ਟੁਰਨਾ ਸੀ, ਉਨ੍ਹਾਂ ਨੂੰ ਧਨ, ਘੋੜੇ, ਬਸਤ੍ਰ, ਸਿਰੋਪਾਉ ਦੇ ਕੇ ਵਿਦਾ ਕੀਤਾ। ਕੁਛ ਕਵੀਆਂ ਨੇ ਆਪਣੀ ਮਨੋਹਰ ਰਚਨਾ ਸੁਣਾਈ। ਜਦੋਂ ਸਾਰੇ ਕਵੀ ਵਿਦਾ ਹੋ ਗਏ ਤਾਂ ਸਾਹਿਬ ਡੇਰੇ ਜਾਣ ਲਈ ਉਠੇ। ਟੁਰੇ ਤਾਂ ਫੇਰ ਨਜ਼ਰ ਕੰਧ ਵਲ ਪਈ, ਉਹ ਸੂਰਤ ਓਵੇਂ ਹੀ ਖੜੀ ਸੀ। ਤਦ ਸਤਿਗੁਰਾਂ ਨੂੰ ਫੇਰ ਧਿਆਨ ਪੈ ਗਿਆ ਕਿ ਉਹੋ ਆਦਮੀ ਖੜਾ ਹੈ ਜਿਸ ਨੇ ਪੁੱਛਣ ਪਰ ਆਪਣਾ ਪਤਾ 'ਕਲਾਲ' ਦੱਸਕੇ ਕੇਵਲ ਨੈਣਾਂ ਦੇ ਜਲ ਨਾਲ ਗੱਲ ਕੀਤੀ ਸੀ। ਆਪ ਹੁਣ ਉਸ ਵੱਲ ਤੱਕਦੇ ਦਰਵਾਜ਼ੇ ਨੂੰ ਆਏ, ਤਾਂ ਆਪ ਅਜੇ ਥੋੜੀ ਦੂਰ ਹੀ ਸਨ ਕਿ ਉਸਨੇ ਦੰਡਵਤ ਮੱਥਾ ਟੇਕਿਆ। ਆਪ ਖੜੋ ਗਏ, ਹੁਕਮ ਹੋਇਆ "ਸਿੱਖਾ ਉੱਠ ਗੁਰੂ ਭਲਾ ਕਰੇ।" ਸਿਖ ਉਠ ਕੇ ਫੇਰ ਖੜੋ ਗਿਆ। ਨੈਣ ਜਲ ਪੂਰਤ ਸਨ ਤੇ ਚਰਨਾਂ ਵਲ ਲੱਗ ਰਹੇ ਸਨ। ਮਿਹਰਾਂ ਦੇ ਮਾਲਕ ਨੇ ਪੁੱਛਿਆ 'ਪੁਰਖਾ ! ਕੌਣ ਹੈਂ ਤੂੰ ?" ਠੰਢਾ ਸਾਹ ਲੈ ਕੇ ਉਸ ਨੇ ਬਿਨੈ ਕੀਤੀ: "ਪਾਤਸ਼ਾਹ ! ਕਲਾਲ ਹਾਂ ਜਾਤ ਦਾ, ਨੀਵੀਂ ਜਾਤ"। ਗੁਰੂ ਜੀ ਮੁਸਕ੍ਰਾਕੇ ਬੋਲੇ: "ਕਲਾਲ ਕੌਣ ਹੁੰਦਾ ਹੈ ਬਈ... ?"

1. ਖਾ: ਤਵਾ:

ਸਿਖ-ਪਾਤਸ਼ਾਹ ! ਇਕ ਜਾਤ ਹੈ ਜਿਸਨੂੰ ਬ੍ਰਾਹਮਣ ਨੀਵੀਂ ਦੱਸਦੇ ਹਨ। ਜਿਸ ਨਾਲ ਬ੍ਰਾਹਮਣ ਖੱਤ੍ਰੀ ਵਰਤਣੋਂ ਖੜਾ ਸੰਕੋਚ ਕਰਦੇ ਹਨ!

ਗੁਰੂ ਜੀ-ਅੱਛਾ ਕਲਾਲ, ਹੂੰ ਕਲਾਲ...ਸਿਖਾ ਕਲਾਲ ਤਾਂ ਗੁਰੂ ਕਾ ਲਾਲ ਹੁੰਦਾ ਹੈ।

ਇਹ ਸੁਣਦਾ ਹੀ ਕਲਾਲ ਬਿਹਬਲ ਹੋ ਕੇ ਚਰਨਾਂ ਤੇ ਢਹਿ ਪਿਆ। ਅਰੋਗਤਾ ਦੀ, ਪਵਿੱਤ੍ਰਤਾ ਦੀ, ਮਿਹਰ ਦੀ, ਪਿਆਰ ਦੀ ਛੁਹ ਲਾਉਣ ਵਾਲੇ ਬਖ਼ਸ਼ਿੰਦ ਦਾਤੇ ਨੇ ਬਾਹੋਂ ਫੜਕੇ ਉਠਾਲਿਆ ਤੇ ਆਪਣੀ ਹਰਿਨਾਮ ਦੀ ਪਵਿਤ੍ਰਤਾ ਨਾਲ ਦਗ ਦਗ ਕਰ ਰਹੀ ਛਾਤੀ ਨਾਲ ਲਾ ਲਿਆ ਤੇ ਫੇਰ ਆਖਿਆ: 'ਕਲਾਲ ਗੁਰੂ ਕਾ ਲਾਲ।'

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥ ਮਹੁਰਾ
ਹੋਵੈ ਹਥਿ ਮਰੀਐ ਚਖੀਐ[1]॥

(ਵਾਰ ਮਾ: ਮ: ੧-੧੦)

ਸ਼ਰਨਾਗਤ ਦੇ ਸਿਰ ਤੇ ਸਤਿਗੁਰ ਦਾ ਹੱਥ, ਮਿਹਰਾਂ ਦਾ ਦਾਤਾ ਹੱਥ, ਫਿਰ ਰਿਹਾ ਹੈ ਤੇ ਵਾਕ ਹੋ ਰਿਹਾ ਹੈ:-'ਸਭ ਪਾਲਾਂ ਭੰਨ ਘੱਤੀਆਂ ਹਨ, ਅੰਮ੍ਰਿਤ ਛਕ, ਜਾਤ ਫਾਹੀ ਵਿਚੋਂ ਨਿਕਲ, ਖ਼ਾਲਸਾ ਸਜ। ਤੂੰ ਗੁਰੂ ਦਾ ਲਾਲ, ਪਰ ਤਜਾਗ ਆਪਣੇ ਕਲਾਲ, ਸੁਨਿਆਰਾ, ਜਟ, ਛੀਂਬਾ ਭਾਵਾਂ ਨੂੰ। ਜਾਤਾਂ ਬਣ ਗਈਆਂ ਹਨ ਤ੍ਰੇੜਾਂ ਪਰਜਾ ਦੇ ਮਹਿਲ ਦੀਆਂ ਤੇ ਏਹ ਵੜ ਗਈਆਂ ਹਨ ਤੁਸਾਂ ਦੇ ਬੀ ਅੰਦਰ! ਏਹ ਜਾਤਾਂ ਹਨ ਕਮਾਮਾਂ ਦੀ ਵੰਡ, ਹੁਣ ਬਣ ਗਈਆਂ ਹਨ ਹੰਕਾਰ ਤੇ ਦਬੇਲਪਣੇ ਦੀਆਂ ਵਿੱਥਾਂ।'

ਸਿਖ-ਪਾਤਸ਼ਾਹ ! ਮੈਂ ਅੰਮ੍ਰਿਤ ਛਕ ਸਕਦਾ ਹਾਂ ?

ਗੁਰੂ ਜੀ-ਕਿਉਂ ਨਾ ! ਅੰਮ੍ਰਿਤ ਪ੍ਰਾਣੀ ਮਾਤ੍ਰ ਲਈ ਹੈ। ਹਰ ਕੋਈ ਸਿੰਘ ਸਜ ਸਕਦਾ ਹੈ। ਮੇਰਾ ਦੀਵਾਨ, ਮੇਰਾ ਲੰਗਰ ਛੁਹ ਵਾਲਿਆਂ ਦੀ ਛੁਹ ਦੂਰ ਕਰਦਾ ਹੈ।

"ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ
ਬਾਹਰਾ ਜੀਉ॥" (ਮਾਝ ਚਉ: ਮ:੫-੨)

1. ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀਅਨ ਮਾਨਬੋ॥ ਹਿੰਦੂ ਔ ਤੁਰਕ ਕਊ ਰਾਫਜੀ ਇਮਾਮ ਸਾਫ਼ੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥ ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥ ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ ੧੫॥ ੮੫॥

(ਪਾਤਸ਼ਾਹੀ ੧੦)

ਸਿਖ (ਲੰਮਾ, ਠੰਢਾ ਪਰ ਸੁਖ ਦਾ ਸਾਹ ਲੈ ਕੇ)-ਹੇ ਆਪ ਮਾਲਕਾ, ਬਿਰਦ ਪਾਲਕਾ, ਸ਼ੁਕਰ ! ਕਿ ਮੈਂ ਆਪਦੀ ਦੇਵਤਿਆਂ ਵਾਲੀ ਸਭਾ ਵਿਚ ਬੈਠ ਸਕਾਂਗਾ। ਆਪ ਦੀ ਲਾਈ ਸੱਚੇ ਰਿਖੀਆਂ ਦੀ ਪੰਗਤ ਵਿਚ ਸਾਂਝੀਵਾਲ ਹੋ ਸਕਾਂਗਾ। ਸ਼ੁੱਕਰ ਹੈ ਸ਼ੁਕਰ, ਪਰ ਹਾਇ, ਪਿੰਡ ਦੇ ਬ੍ਰਾਹਮਣ ਤੇ ਜ਼ਿਮੀਆਂ ਦੇ ਮਾਲਕ ਜੱਟ ਜ਼ਿਮੀਂਦਾਰ ਮੈਨੂੰ ਕਦੋਂ ਇਹ ਦਰਜਾ ਦੇਣਗੇ। ਲੱਗੀ ਪੰਗਤ ਵਿਚ ਕਹਿਣਗੇ: ਅਲੱਗ ਜਾਓ ਭੋਜਨ ਕਰੋ ਯਿਹ ਬ੍ਰਾਹਮਣੋਂ ਕੀ ਪੰਕਤੀ ਹੈ।

ਗੁਰੂ ਜੀ-ਅੰਮ੍ਰਿਤ ਤੇਰੀ ਜਾਤ ਜਨਮ ਦੀ ਹੀਣਤਾ ਖੋਏਗਾ, ਤੂੰ ਆਪਣੇ ਅੰਦਰੋਂ ਆਪਣੀ ਭਾਵ ਵਿਚ ਵਸ ਰਹੀ ਹੀਣਤਾ ਦੂਰ ਕਰ ਦੇਹ। ਉੱਚ ਕਰਮੀ ਹੋ, ਉੱਚ ਸੁਰਤਾ ਹੋ, ਉੱਚ ਭਾਵਾਂ ਵਿਚ ਵਸ। ਪਰਵਾਹ ਨਾ ਕਰ ਅਭਿਮਾਨ ਨਾਲ ਉੱਚੇ ਬਣ ਰਿਹਾਂ ਦੀ।

ਸਿਖ-ਪਾਤਸ਼ਾਹ, ਮੇਰਾ ਪਿੰਡ ਅੱਧਾ ਬ੍ਰਾਹਮਣਾਂ ਦਾ ਅੱਧਾ ਜ਼ਿਮੀਂਦਾਰਾਂ ਦਾ ਹੈ, ਮੇਰੇ ਪਿੰਡ ਦਾ ਇਕ ਬ੍ਰਾਹਮਣ ਆਪ ਦਾ ਸਿਖ ਹੋਇਆ ਹੈ, ਓਸ ਅੰਮ੍ਰਿਤ ਛਕਿਆ ਹੈ, ਉਸ ਨਾਲ ਬ੍ਰਾਹਮਣ ਖੁਣਸਦੇ ਹਨ। ਮੈਨੂੰ ਓਸ ਨੇ ਆਪ ਦੀ ਦੱਸ ਪਾਈ ਹੈ। ਉਸ ਆਖਿਆ ਹੈ ਕਿ ਗੁਰੂ ਗੋਦੀ ਵਿਚ ਜਾਤ ਅਜ਼ਾਤ ਦਾ ਭੇਦ ਨਹੀਂ ਹੈ ਮੈਂ ਤਾਂ ਬੀ ਡਰਦਾ ਡਰਦਾ ਆਇਆ ਸਾਂ। ਪਰ ਸਦਕੇ ਹਾਂ ਆਪ ਦੇ ਨੀਵਿਆਂ ਨੂੰ ਉੱਚੇ ਕਰਨ ਦੇ ਬਿਰਦ ਦੇ।

"ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥"

(ਰਾਮ: ਵਾਰ ਮਹਲਾ ੫-੧)

ਗੁਰੂ ਜੀ-ਪਰਮੇਸ਼ਰ ਤੋਂ ਵੇਮੁਖਤਾ, ਆਚਰਨ ਦਾ ਨੀਵਾਪਨ, ਸੁਭਾਵ ਦੀ ਨੀਚਤਾ ਪਰਸਪਰ ਵਰਤਾਉ ਵਿਚ ਈਰਖਾ, ਇਸ ਤਰ੍ਹਾਂ ਦੇ ਅਵਗੁਣ ਜਾਤ ਨੂੰ ਨੀਵਿਆਂ ਕਰਦੇ ਹਨ। ਅਵਗੁਣ ਤਿਆਗਣੇ, ਗੁਣ ਵਿਹਾਝਣੇ, ਬਾਣੀ ਪੜ੍ਹਨੀ, ਸੁਣਨੀ, ਵਿਚਾਰਨੀ, ਨਾਮ ਜਪਣਾ ਇਹ ਉੱਤਮ ਜਾਤਿ ਹੋਣਾ ਹੈ।

ਸਿਖ-ਧੰਨ ਹੋ ਦਾਤਾ ਗੁਰੂ ਜੀ !

ਫਿਰ ਹੁਕਮ ਹੋ ਗਿਆ ਕਿ ਇਸ ਨੂੰ ਅੰਮ੍ਰਿਤ ਛਕਾਓ, ਅਭੇਦ ਵਰਤਾਓ। ਕੱਲ ਦੇ ਦੀਵਾਨ ਵਿਚ ਕੜਾਹ ਪ੍ਰਸ਼ਾਦ ਇਹ ਆਪ ਤਿਆਰ ਕਰਕੇ ਲਿਆਵੇ

ਤੇ ਸੰਗਤ ਵਿਚ ਵਰਤੇ[1]।

ਐਉਂ ਦਾਤਾ ਜੀ ਜਾਤਾਂ ਦੀਆਂ ਪਾਲਾਂ ਢਾਹ ਰਹੇ ਸਨ ਤੇ ਸਾਰਿਆਂ ਨੂੰ ਵਾਹਿਗੁਰੂ ਦੀ ਗੋਦ ਪਾ ਰਹੇ ਸਨ। "ਜਾਤਿ ਕਾ ਗਰਬੁ ਨ ਕਰੀਅਹੁ ਕੋਈ" ਦੇ ਪਵਿੱਤ੍ਰ ਵਾਕ ਨੂੰ ਅਮਲੀ ਤੌਰ ਤੇ ਵਰਤਕੇ ਦਿਖਾ ਰਹੇ ਸਨ। ਅੱਜ ਜੋ ਸਿੱਖੀ ਵਿਚ ਸਾਰੀਆਂ ਜ਼ਾਤਾਂ ਸਨਮਾਨਤਿ ਹਨ ਤੇ ਹੁਣ ਜਾਗ੍ਰਤ ਆ ਰਹੀ ਹੈ ਕਿ ਹਿੰਦੂ ਆਪ ਅਛੂਤਾਂ ਨੂੰ ਰਲਾਉਣ ਵਿਚ ਲਗੇ ਹਨ ਇਹ ਮੁਅਜਿਜ਼ਾ ਢਾਈ ਸੌ ਬਰਸ[2] ਹੋਏ ਤਾਂ ਦਾਨਿਆਂ ਦੇ ਸਿਰਮੌਰ ਗੁਰੂ ਜੀ ਨੇ ਕਰਕੇ ਦਿਖਾਇਆ ਸੀ। ਕਾਸ਼ ਹਿੰਦੂ ਓਦੋਂ ਸਮਝਦੇ ਤੇ ਮਾਲਕ ਦੀ ਆਵਾਜ਼ ਸੁਣਦੇ ਤਾਂ ਢਾਈ ਸੌ[2] ਬਰਸ ਅੱਜ ਤੋਂ ਪਹਿਲਾਂ ਸੁਤੰਤ੍ਰ ਤੇ ਸੁਖੀ ਹੋ ਗਏ ਹੁੰਦੇ। ਓਹ ਪਿਆਲਾ, ਜੋ ਗੁਰੂ ਨੇ ਅਮੁੱਲ ਦਿੱਤਾ ਸੀ, ਵੇਲੇ ਸਿਰ ਨਾ ਲਿੱਤਾ। ਅੱਜ ਢਾਈ ਸੌ ਸਾਲ ਦੇ ਦੁਖੜੇ ਮੁੱਲ ਵਜੋਂ ਭਰਕੇ ਹੁਣ ਆਪ ਉਸੇ ਰਾਹੇ ਪੈ ਰਹੇ ਹਨ।

ਕਲਗੀਆਂ ਵਾਲੇ ਦੀ ਕਰਾਮਾਤ ਵੇਖੋ, ਉਹਨਾਂ ਦੇ ਬਚਨਾਂ ਦੀ ਸਤਜਾ ਵੇਖੋ। ਪੰਥ ਵਿਚ ਦੋ ਬੀਰ ਬਹਾਦਰ ਜੱਸਾ ਸਿੰਘ ਨਾਮ ਦੇ ਹੋਏ ਹਨ, ਇਕ ਇਸ ਗੁਰੂ ਕੇ ਲਾਲ ਵਾਲੀ ਜ਼ਾਤ ਵਿਚੋਂ ਸਿੰਘ ਸਜੇ, ਦੂਸਰੇ ਕਾਰੀਗਰ ਜ਼ਾਤ ਵਿਚੋਂ। ਦੂਸਰਿਆਂ ਦਾ ਨਾਮ ਰਾਮਗੜ੍ਹੀਏ ਪਿਆ ਜੋ ਖਾਲਸੇ ਦੇ ਪਹਿਲੇ ਕਿਲ੍ਹੇ ਰਾਮਗੜ੍ਹ ਦੇ ਕਿਸੇ ਸੰਬੰਧ ਤੋਂ ਵੱਜਿਆ ਤੇ ਆਪ ਰਾਮਗੜ੍ਹੀਆ ਮਿਸਲ ਦੇ ਸਨਮਾਨ ਜੋਗ ਬਾਨੀ ਹੋਏ। ਪਹਿਲੇ ਜੱਸਾ ਸਿੰਘ ਜੀ ਆਪਣੇ ਪਿੰਡ ਦੇ ਨਾਂ ਤੋਂ ਆਹਲੂਵਾਲੀਏ ਕਹਾਏ। ਇਹ ਸਰਦਾਰ ਬਾਬੇ ਬੰਦੇ ਤੋਂ ਕੁਛ ਚਿਰ ਮਗਰੋਂ ਦੁਖਾਂ ਦੇ ਸਮੇਂ ਤੇ ਪਿਛਲੇ ਦਿਨਾਂ ਵਿਚ ਕਰੜੇ ਕਸ਼ਟਾਂ ਵਿਚੋਂ ਪੰਥ ਸੇਵਾ ਦੇ ਸਮੇਂ ਹੋਏ ਹਨ। ਬਾਬੇ ਬੰਦੇ ਤੋਂ ਬਾਦ ਸਿੱਖਾਂ ਦਾ ਪਹਿਲਾ ਕਾਮਯਾਬ ਜਥੇਦਾਰ ਆਪ ਨੂੰ ਸਮਝਣਾ ਚਾਹੀਏ। ਆਹਲੂਵਾਲੀਆ ਮਿਸਲ ਦੇ ਕਪੂਰਥਲੇ ਘਰਾਣੇ ਦੇ ਵਡੇ ਆਪ ਹੀ ਸਨ। ਆਪ ਦੇ ਆਤਮਕ ਪ੍ਰਭਾਵ ਦਾ ਪੰਥ ਵਿਚ ਉਹ ਸਨਮਾਨ ਸੀ ਕਿ ਵਡੇ ਵਡੇ ਸਿੰਘ ਆਪ ਤੋਂ ਅੰਮ੍ਰਿਤ ਛਕਣਾ ਫਖਰ ਸਮਝਦੇ ਸਨ। ਖੱਤ੍ਰੀ ਬ੍ਰਾਹਮਣ ਤਕ ਸਿੱਖੀ ਵਿਚ ਆਉਣ ਵਾਲੇ ਪ੍ਰੇਮੀ ਬਾਬਾ ਜੀ ਤੋਂ ਅੰਮ੍ਰਿਤ ਛਕਣ ਨੂੰ ਲੋਚਿਆ ਕਰਦੇ ਸਨ। ਇਹ ਹੈ ਜ਼ਾਹਰੀ ਕਰਾਮਾਤ "ਗੁਰੂ ਕੇ ਲਾਲ" ਦੇ ਵਰ ਦੇਣ ਵਾਲੇ ਦੀ[1], ਜਿਸ ਦੇ ਨਿਵਾਜੇ ਗੁਰੂ ਕੇ ਲਾਲ ਦੇ ਹੱਥੋਂ ਹੋਰ ਜਾਤੀਆਂ ਨੇ ਅੰਮ੍ਰਿਤ ਛਕ ਕੇ ਖਾਲਸਾ ਧਰਮ ਧਾਰਨ ਕੀਤਾ।

1. ਇਕ ਕਲਾਲ ਖਾਨਦਾਨ ਤੋਂ ਮਿਲੀ ਰਵਾਯਤ ਹੈ।

2. ਕਲਗੀਧਰ ਜੀ ਨੇ ਅੰਮ੍ਰਿਤ ਛਕਾ ਕੇ ਖਾਲਸਾ ੧੬੯੯ ਈ (੧੭੫੬ ਬਿ) ਨੂੰ ਸਜਾਇਆ ਸੀ।

## ੩.

ਇਤਿਹਾਸ ਘੋਖਿਆਂ ਸੂਹ ਪੈਂਦੀ ਹੈ ਕਿ ਅਜਮੇਰ ਚੰਦ ਕਹਿਲੂਰੀ ਰਾਜੇ ਤੇ ਹੋਰਾਂ ਨੇ ਗੁੱਝਾ ਮਤਾ ਮਤਾਇਆ ਕਿ ਭੰਗਾਣੀ ਜੁੱਧ ਕਰਕੇ ਹਾਰ ਖਾ ਕੇ ਅਸੀਂ ਗੁਰੂ ਦੀ ਤਾਕਤ ਦੇਖ ਚੁਕੇ ਹਾਂ, ਅਲਫ ਖਾਂ ਦੇ ਜੁੱਧ ਵਿਚ ਗੁਰੂ ਜੀ ਨੂੰ ਆਪਣੀ ਕੁਮਕ ਤੇ ਸੱਦਕੇ ਉਸ ਤੁਰਕ ਜੋਧੇ ਦੀ ਹਾਰ ਵਿਚ ਗੁਰੂ ਕੀ ਤਾਕਤ ਪਰਖ ਚੁਕੇ ਹਾਂ। ਸਾਹਮਣੇ ਹੋ ਕੇ ਲੜਨਾ ਖਤਰੇ ਵਾਲਾ ਹੈ ਤੇ ਗੁਰੂ ਕੀ ਤਾਕਤ ਨੂੰ ਵਧਦੇ ਜਾਣ ਦੇਣਾ ਠੀਕ ਨਹੀਂ; ਇਸ ਕਰਕੇ ਕੋਈ ਦਾਉ ਘਾਉ ਕਰਨਾ ਚਾਹੀਏ। ਉਹ ਦਾਉ ਘਾਉ ਇਸ ਪ੍ਰਕਾਰ ਦਾ ਸੀ ਕਿ ਆਪਣੇ ਪਿੰਡਾਂ ਦੀ ਰਖਵਾਲੀ ਲਈ ਕਿਤੇ ਕਿਤੇ ਕੁਛ ਸਿਪਾਹੀ ਛੋੜੇ ਸਨ। ਹੁਣ ਗਹਬਰ ਬਨ ਵਿਚ ਕੁਝ ਲੁਕ-ਥਾਵਾਂ ਬਣਾਈਆਂ ਕਿ ਜਿੱਥੇ ਕੁਛ ਫੌਜ ਤੇ ਉਹਨਾਂ ਪਰ ਵੱਡੇ ਹੁੱਦੇਦਾਰ ਰਹਿਣ ਤੇ ਬਨਾਂ ਦੀ ਸੂਹ ਰੱਖਣ। ਜਦ ਕਦੇ ਗੁਰੂ ਜੀ ਸ਼ਿਕਾਰ ਕਰਦੇ ਕਿਸੇ ਸੱਟ ਪੈ ਸਕਣ ਦੇ ਟਿਕਾਣੇ ਹੇਠ ਆ ਜਾਣ ਤਾਂ ਅਚਾਨਕ ਪੈ ਕੇ ਕੱਟ ਵੱਢ ਕਰ ਦਿੱਤੀ ਜਾਵੇ। ਇਹ ਵਿਚਾਰਕੇ ਇਕ ਐਸਾ ਟਿਕਾਣਾ ਮਿਥ ਕੇ ਉਸ ਨੂੰ ਮਾਨੋਂ ਗੁਪਤ ਛਾਵਣੀ ਬਨਾ ਲਿਆ, ਹੋਰ ਛੋਟੇ ਛੋਟੇ ਟਿਕਾਣੇ ਵੀ ਲੁਕਵੇਂ ਬਣਾਏ ਤੇ ਘਾਤ ਵਿਚ ਰਹਿਣ ਲਗੇ।

ਇਹ ਅਸੀਂ ਪਿੱਛੇ ਦੱਸ ਆਏ ਹਾਂ ਕਿ ਅਜਮੇਰ ਚੰਦ ਨੇ ਪੰਮੇ ਨੂੰ ਭੇਜਕੇ ਇਹ ਸੁਲਹ ਸਾਲਸੀ ਦੀ ਗੱਲ ਛੇੜੀ ਸੀ ਕਿ ਗੁਰੂ ਜੀ ਸਿੱਖਾਂ ਨੂੰ ਵਰਜ ਦੇਣ ਕਿ ਸਾਡੇ ਪਿੰਡਾਂ ਵਿਚੋਂ ਦਾਣਾ ਘਾਹ ਅੰਨ ਲਈ ਸਖਤੀ ਨਾ ਕਰਿਆ ਕਰਨ। ਇਹ ਮਾਨੋਂ ਇਕ ਦਿਖਾਵਾ ਸੀ ਪੜਦਾ ਪਾਉਣ ਦਾ।

ਇਕ ਦਿਨ ਸ੍ਰੀ ਗੁਰੂ ਜੀ ਸਭਾ ਲਾਈ ਬੈਠੇ
ਸਨ। ਆਨਿ ਖਾਲਸੇ ਦਰਸ਼ਨ ਕੀਨਾ। ਕਰ
ਬੰਦਨ ਢਿਗ ਬੈਠਿ ਪ੍ਰਬੀਨਾ। ਗਰਜ ਗਰਜ

1. ਕਲਗੀਆਂ ਵਾਲੇ ਦੀ ਇਸ ਕਰਾਮਾਤ ਦਾ ਜਿਸ ਮੁੱਲ ਜਾਚਣਾ ਹੋਵੇ ਓਹ ਯੂ. ਪੀ. ਵਿਚ ਇਕ ਦੌਰਾ ਕਰਕੇ ਕਲਾਲਾਂ ਨਾਲ ਵਰਤਾਉ ਨੂੰ ਦੇਖੇ।

ਕਰ ਫਤੇ ਬੁਲਾਵੈਂ। ਸ਼ਸਤ੍ਰਨਿ ਸਹਤ ਬੈਸਿ
ਦੁਤਿਪਾਵੈਂ। (ਸੂ ਪ੍ਰ:)

ਇਸ ਵੇਲੇ ਰਾਜਿਆਂ ਦੇ ਪ੍ਰਸੰਗ ਚੱਲ ਪਏ। ਕਿਸੇ ਨੇ ਦੱਸਿਆ ਕਿ ਪਾਤਸ਼ਾਹ ਹੁਣ ਉਹਨਾਂ ਘਾਤ ਲਾਈ ਹੈ, ਗਹਿਬਰ ਬਨਾਂ ਵਿਚ ਛੁਪ ਬੈਠੇ ਹਨ। ਕਈ 'ਲੁਕ ਥਾਉਂ' ਬਣਾਏ ਨੇ। ਆਪੋ ਵਿਚ ਬੈਠਦੇ ਹਨ ਤਾਂ ਬੜੇ ਗਰਬ ਨਾਲ ਡੀਂਗਾ ਮਾਰਦੇ ਹਨ ਕਿ ਜੇ ਕਿਤੇ ਕਿਸੇ ਬਨ ਵਿਚ ਗੁਰੂ ਜੀ ਹੱਥ ਚੜ੍ਹ ਗਏ ਤਾਂ ਪਤਾ ਦਿਆਂਗੇ ਕਿ ਸਾਡੇ ਵਿਚ ਕਿੰਨੀ ਕੁ ਤਾਕਤ ਹੈ। ਇਕ ਸਿੱਖ ਨੇ ਕਿਹਾ ਕਿ ਪਾਤਸ਼ਾਹ ਸੰਭਲਕੇ ਸ਼ਿਕਾਰ ਜਾਣਾ ਚਾਹੀਏ। ਇਤਯਾਦਿਕ ਬਾਤਾਂ ਹੁੰਦੀਆਂ ਰਹੀਆਂ, ਆਪ ਚੁਪ ਕਰਕੇ ਸੁਣਦੇ ਰਹੇ। ਅਗਲੇ ਦਿਨ ਆਪ ਨੇ ਫੁਰਮਾਇਆ: "ਬਹੁਤ ਦਿਨ ਹੋ ਗਏ ਹਨ ਸ਼ਿਕਾਰ ਨਹੀਂ ਚੜ੍ਹੇ, ਸੰਗਤਾਂ ਦੀਆਂ ਵਹੀਰਾਂ ਆ ਰਹੀਆਂ ਹਨ ਤੇ ਇਧਰ ਇਨ੍ਹਾਂ ਇਲਾਹੀ ਕੰਮਾਂ ਵਿਚ ਸਮਾਂ ਸਫਲਿਆ ਹੈ। ਕੱਲ ਚਲੋ ਸ਼ੇਰ ਦੇ ਸ਼ਿਕਾਰ ਕਿਸੇ ਗਹਿਬਰ ਬਨ ਵਿਚ ਚੱਲੀਏ।"

ਦੂਜੇ ਦਿਨ ਸਵੇਰੇ ਰਣਜੀਤ ਨਗਾਰਾ[1] ਵੱਜ ਪਿਆ, ਖਾਲਸਾ ਤਿਆਰ ਬਰ ਤਿਆਰ ਹੋ ਗਿਆ। ਗੁਰੂ ਸਾਹਿਬ ਆਪ ਬੀ ਕਮਰਕੱਸਾ ਕਰਕੇ ਬਲੀ ਘੋੜੇ ਤੇ ਚੜ੍ਹ ਕੇ ਆ ਗਏ। ਨਾਲ ਦਲ ਲੈ ਲਿਆ ਤੇ ਓਸੇ ਰਾਹ ਟੁਰ ਪਏ, ਜਿਸ ਰਾਹੇ ਕਿ ਗਹਿਬਰ ਬਨਾਂ ਵਿਚ ਜਾ ਪਹੁੰਚਣ। ਨਗਾਰੇ ਵੱਜਦੇ ਤੇ ਸ਼ਲਕਾਂ ਹੁੰਦੀਆਂ, ਸ਼ਿਕਾਰ ਮਾਰਦੇ ਇਕ ਉੱਚੇ ਟਿੱਲੇ ਤੇ ਜਾ ਪਹੁੰਚੇ, ਚਾਰ ਚੁਫੇਰੇ ਪਹਾੜਾਂ ਦੇ ਬਨ ਵੇਖੇ। ਇਥੇ ਸਤਿਗੁਰੂ ਜੀ ਨੇ ਖੜੇ ਹੋ ਕੇ ਇਕ ਤੀਰ ਸੇਧਿਆ। ਕਵੀ ਸੰਤੋਖ ਸਿੰਘ ਜੀ ਇਸਦੀ ਉਪਮਾ ਲਿਖਦੇ ਹਨ-

ਗਰਜਿਓ ਗਗਨ ਭਈ ਧੁਨਿ ਭਾਰੀ। ਇਮ
ਸਭ ਸਥਲ ਅਵਾਜ਼ ਉਚਾਰੀ: 'ਰਾਖ ਲੇਹੁ
ਗੁਰ ਜੀ ! ਰਖ ਲੇਹੂ। ਤੁਮ ਸਮਾਨਤਾ ਬਨਹਿ
ਨ ਕੇਹੂ। ਤਜਹੁ ਛੋਭ ਉਰ ਕਰੁਨਾ ਕੀਜੈ।
ਅਪਨੇ ਜਾਨਹੁ ਰਾਖ ਲਈਜੈ'।

ਫਿਰ ਗੁਰੂ ਜੀ ਨੀਲੇ ਘੋੜੇ ਚੜ੍ਹੇ ਹੋਏ ਟਿੱਲੇ ਤੋਂ ਹੇਠਾਂ ਉਤਰੇ ਤੇ ਇਧਰ ਉਧਰ ਸ਼ਿਕਾਰਾਂ ਮਗਰ ਲੱਗੇ। ਇਸ ਤਰ੍ਹਾਂ ਖੇਡਦੇ ਮੱਲ੍ਹਦੇ ਘੋੜੇ ਸ਼ਿਕਾਰਾਂ ਮਗਰ ਸੁੱਟਦੇ ਬਹੁਤ ਦੂਰ ਨਿਕਲ ਗਏ। ਇਥੋਂ ਤਾਂਈਂ ਚਲੇ ਗਏ ਕਿ ਰਾਜਿਆਂ ਦੇ 'ਲੁਕ ਥਾਂ' ਦੀ ਮਾਰ ਹੇਠ ਜਾ ਪਹੁੰਚੇ।

ਰਾਜਿਆਂ ਦਾ ਬਣਾਇਆ ਲੁਕਵਾਂ ਵੱਡਾ ਡੇਰਾ ਹੁਣ ਨੇੜੇ ਹੀ ਸੀ। ਓਥੇ ਦੋ ਸਰਦਾਰ ਬਲੀਆ ਚੰਦ ਤੇ ਆਲਮ ਚੰਦ ਫੌਜ ਸਮੇਤ ਟਿਕੇ ਰਹਿੰਦੇ ਸਨ। ਇਹ ਸਹੀ ਕਰਕੇ ਕਿ ਗੁਰੂ ਜੀ ਅੱਜ ਸ਼ਿਕਾਰ ਚੜ੍ਹੇ ਹਨ ਤੇ ਇਸ ਪਾਸੇ ਆ ਨਿਕਲੇ ਹਨ ਓਹ ਤਿਆਰ ਹੋ ਰਹੇ ਸਨ ਤੇ ਹੁਣ ਇਹ ਸੋ ਪਾ ਕੇ ਕਿ ਅੱਗੇ ਵਧ ਆਏ ਹਨ ਤੇ ਸਾਡੀ ਜ਼ੱਦ ਹੇਠਾਂ ਪਹੁੰਚ ਪਏ ਹਨ, ਓਹ ਬੜੇ ਹੀ ਖੁਸ਼ ਹੋਏ। ਹੁਕਮ ਹੋ ਗਿਆ ਅਸਵਾਰਾਂ ਨੂੰ: ਸਵਾਰ ਹੋ ਜਾਓ; ਤੋੜੇ ਮੁਲਗਾ ਲਓ, ਰਾਖੀ ਦੇ ਪਿਆਦਿਆਂ ਨੂੰ ਭੀ ਕਿ ਤਿਆਰ ਹੋ ਜਾਓ। ਹੁਕਮ ਹੁੰਦੇ ਸਾਰ ਤਿਆਰੇ ਹੋ ਗਏ ਤੇ ਜਿਧਰੋਂ ਸਿੱਖਾਂ ਦੀ ਖਿੜਕ ਆ ਰਹੀ ਸੀ, ਉਧਰ ਨੂੰ ਟੁਰ ਪਏ। ਤਾਹੀਓਂ ਪਤਾ ਲਗਾ ਕਿ ਖਾਲਸਾ ਜੀ ਨੂੰ ਆਪਣੇ ਬਹੁਤ ਨੇੜਿਓਂ ਗੋਲੀ ਦੀ ਆਵਾਜ਼ ਆਈ ਤੇ ਪਲਕੁ ਮਗਰੋਂ ਸਵਾਰਾਂ ਦੇ ਸਿਰ ਦਿੱਸਣ ਲਗੇ ਤੇ ਸ਼ਲਕਾਂ ਹੋਣ ਲੱਗੀਆਂ। ਇਧਰ ਸਿੰਘ ਥੋੜੇ ਸਨ ਓਧਰ ਫੌਜ ਬਹੁਤ ਸੀ। ਜੋ ਸਿੰਘ ਨਾਲ ਸਨ ਮਨ ਤਾਂ ਬਲਕਾਰੀ, ਪਰ ਕੁਛ ਕਿਸੇ ਵੇਲੇ ਕਿਸੇ ਗਰਬ ਦੀ ਗੱਲ ਕੀਤੀ ਸਾਨੇ ਕਿ ਖਾਲਸਾ ਹੁਣ ਬਲੀ ਹੋ ਗਿਆ ਹੈ, ਗੁਰੂ ਜੀ ਛੁਟੀ ਦੇ ਦੇਣ ਤਾਂ ਦਿੱਲੀ ਮਾਰ ਲਈਏ। ਆ ਬਣੇ ਤਾਂ ਖਾਲਸਾ ਇਕੱਲਾ ਹੀ ਦੁਸ਼ਮਨ ਨੂੰ ਦਲ ਆਵੇ। ਸੋ ਹੁਣ ਸਮਾਂ ਦੇਖਕੇ ਜਦ ਜੁੱਧ ਮਚ ਪਿਆ ਤਾਂ ਸ੍ਰੀ ਗੁਰੂ ਜੀ ਪੂਰਬ ਰੁਖ ਨੂੰ ਹੋ ਕੇ ਖਾਲਸੇ ਤੋਂ ਜ਼ਰਾ ਓਹਲੇ ਪਰ ਉਚੇਰੇ ਥਾਂ ਜਾ ਖੜੇ ਹੋਏ ਤੇ ਜੰਗ ਦਾ ਰੰਗ ਤੱਕਣ ਲੱਗੇ। ਜੁੱਧ ਖੂਬ ਛਿੜਿਆ ਤੇ ਖਾਲਸਾ ਖੂਬ ਲੜਿਆ, ਪਰ ਥੋੜੇ ਬਹੁਤਿਆਂ ਦੇ ਸਾਹਮਣੇ ਸਾਰੇ ਦਾਵਾਂ ਘਾਵਾਂ ਨੂੰ ਨਹੀਂ ਸਨ ਬਚਾ ਸਕਦੇ। ਲੜੇ, ਡਾਢੇ ਲੜੇ, ਵਧ ਵਧਕੇ ਲੜੇ ਪਰ ਬਹੁਤ ਜ਼ੋਰ ਪੈਣ ਤੇ ਪੈਰ ਪਿੱਛੇ ਨੂੰ ਹਟੇ। ਹੁਣ ਸ਼ਿਕਾਰ ਵਿਚ ਇਧਰ ਉਧਰ ਗਏ ਦਸਤੇ ਵੀ ਗੋਲੀ ਦੀ ਸ਼ੁੰਕਾਰ ਸੁਣਕੇ ਆ ਪਹੁੰਚੇ। ਘੋਰ ਸੰਗ੍ਰਾਮ ਮਚ ਰਿਆ। ਪਰ ਸਿੱਖਾਂ ਦੇ ਮਨ ਵਿਚਲੇ ਗਏ ਤੇ ਪੈਰ ਉਖੜ ਗਏ, ਉਸ ਵੇਲੇ ਕਿ ਜਦ ਡਿੱਠੋ ਨੇ ਕਿ ਸ੍ਰੀ ਕਲਗੀਧਰ ਜੀ ਵਿਚ ਨਹੀਂ ਹਨ। ਵਿਚਾਰਨ ਲੱਗੇ :-

1. ਖਾ: ਤ੍ਵਾ: ਵਿਚ ਲਿਖਿਆ ਹੈ ਕਿ ੧੭੫੭ ਬਿ: ਦੇ ਹੋਲੇ ਮਹੱਲੇ ਦੇ ਮਗਰੋਂ ਇਹ ਵਾਰਤਾ ਹੋਈ ਸੀ।

'ਹਮਕੋ ਛੋਰਿ ਗਏ ਕਰਿ ਭਾਣਾ। ਕੋ ਜਾਣਹਿ
ਮਨ ਮਹਿਂ ਕਜਾ ਆਣਾ॥ (ਸੂ: ਪ੍ਰ:)

ਐਉਂ ਘਬਰਾਕੇ ਪੈਰ ਪਿੱਛੇ ਸੁੱਟਿਆ, ਤਾਂ ਪਹਾੜੀਏ ਜ਼ੋਰ ਪਾ ਕੇ ਮਗਰ ਆਏ। ਚਾਹੇ ਫਿਰ ਫਿਰ ਕੇ ਪਹਾੜੀਆਂ ਨਾਲ ਸੁਹਣਾ ਮੁਕਾਬਲਾ ਕਰਦੇ ਰਹੇ ਪਰ ਪੈਰ ਨ ਰੁਕਦੇ। ਪੈਂਤੜਾ ਪਿੱਛੇ ਸੱਟੀ ਜਾਣਾ ਤੇ ਮਫ ਨਾ ਉਖੜਨ ਦੇਣੀ ਤੇ ਲੜਦੇ ਚੱਲਣਾ ਇਉਂ ਜਿਵੇਂ ਵਧਕੇ ਲੜ ਰਹੇ ਹਨ। ਇਹ ਗੁਣ ਜਾਪਦਾ ਹੈ ਖ਼ਾਲਸੇ ਨੇ ਮੁੱਢ ਤੋਂ ਸਿੱਖਣਾ ਸ਼ੁਰੂ ਕੀਤਾ ਹੋਯਾ ਸੀ। ਕਿੰਤੂ ਅੱਜ ਚਾਹੇ ਹੁਣ ਸਾਰਾ ਜ਼ੋਰ ਸਿੱਖਾਂ ਨੇ ਲਾ ਲਿਆ ਪਰ ਪੇਸ਼ ਨਾ ਗਈ ਤੇ ਕੋਈ ਆਸ ਬਚਣੇ ਦੀ ਨਾ ਰਹੀ। ਤਦੋਂ ਨੂੰ ਹੋਸ਼ ਆਈ ਕਿ ਖਲਾਂ ਦੇ ਦਾਤੇ ਸ੍ਰੀ ਕਲਗੀਧਰ ਜੀ ਤੋਂ ਬਿਨਾਂ ਅਸੀਂ ਕੁਛ ਨਾ ਸਾਰ ਸਕੇ, ਸਾਰਾ ਬਲ ਪਾਇਆ ਪਰ ਫਤੇ ਨਾ ਆਈ। ਓਹ ਵਾਹਿਗੁਰੂ ਜੀ ਦੇ ਹਨ, ਫਤੇ ਉਨ੍ਹਾਂ ਦੇ ਹੱਥ ਹੈ। ਸਾਡੇ ਵਿਚ ਸਤਿਗੁਰ ਨੇ ਆਪਣੇ ਆਪ ਤੇ ਭਰੋਸਾ ਭਰ ਦਿੱਤਾ ਹੈ। ਅਸੀਂ ਸ੍ਵੈ ਟੇਕ ਵਾਲੇ ਬੰਦੇ ਬਣਾਏ ਗਏ ਹਾਂ, ਪਰ ਏਹੋ ਸ੍ਵੈ ਟੇਕ ਕਿਸੇ ਵੇਲੇ ਵਧਕੇ ਹੰਕਾਰ ਬਣ ਜਾਂਦੀ ਹੈ। ਸਤਿਗੁਰ ਨੂੰ ਚੜ੍ਹਦੀਆਂ ਕਲਾਂ ਤਾਂ ਪਜਾਰੀਆਂ ਹਨ ਪਰ ਹੰਕਾਰ ਨਹੀਂ ਭਾਉਂਦਾ[1]; ਖਬਰੇ ਇਸੇ ਕਰਕੇ ਲੋਪ ਹੋ ਰਹੇ ਹਨ। ਇਹ ਕੁਛ ਵੀਚਾਰਾਂ ਕਰਦੇ ਕੁਝ ਸਿੰਘ ਘੋੜੇ ਦੁੜਾਕੇ ਪੂਰਬਲੀ ਦਿਸ਼ਾ ਨੂੰ ਦੌੜ ਕੇ ਸੱਚੇ ਪਾਤਸ਼ਾਹ ਨੂੰ ਲੱਭਿਆ। ਆਪ ਪੂਰਬ ਦਿਸ਼ਾ ਵਲ ਨੂੰ ਇਕ ਡਾਢੇ ਸੁਹਣੇ ਉਚੇ ਨਜ਼ਾਰੇ ਵਾਲੇ ਥਾਂ ਘੋੜੇ ਤੇ ਖੜੇ ਮਨ ਤੇ ਜੰਗ ਦਾ ਰੰਗ ਤੱਕ ਰਹੇ ਸਨ ਕਿ ਸਿੰਘ ਅੱਪੜ ਪਏ ਤੇ ਬਿਰਦ ਦਾ ਵਾਸਤਾ ਪਾ ਕੇ ਪੁਕਾਰੇ: "ਸਚੇ ਪਾਤਸ਼ਾਹ ਜੀ ਰੱਖ ਲਓ, ਤੇਰੇ ਹਾਂ ਤੇਰੇ, ਮਾੜੇ ਚੰਗੇ ਤੇਰੇ ਹਾਂ। ਸਾਡੇ ਅਵਗੁਣ ਨਾ ਤੱਕੋ, ਆਪਣੇ ਬਿਰਦ ਵਲ ਤੱਕੋ। ਹੇ ਦਾਤਾ ! ਬਿਰਦ ਬਾਣੇ ਦੀ ਲਾਜ ਰੱਖੋ। ਆਪਦੇ ਖ਼ਾਲਸੇ ਨੂੰ ਆਪ ਬਚਾਓ। ਆਪ ਦਾ ਬਿਰਦ ਹੈ ਖ਼ਾਲਸੇ ਦੀ ਹਰ ਬਾਬ ਰੱਖਯਾ ਕਰਨੀ, ਸਭ ਥਾਂਈਂ ਸਹਾਈ ਹੋਣਾ, ਪਾਤਸ਼ਾਹ ਇਸ ਵੇਲੇ ਬਹੁੜੀ ਕਰੋ ਤੇ ਖ਼ਾਲਸੇ ਦੀ ਹਾਰ ਨਾ ਹੋਵੇ।" ਇਹ ਪੁਕਾਰ ਸੁਣ ਕੇ ਗੁਰੂ ਜੀ ਤੱਕੇ, ਮੁਸਕ੍ਰਾਏ ਤੇ ਭੱਥੇ ਵਿਚੋਂ ਤੀਰ ਲਿਆ, ਬੀਰਾਸਨ ਹੋ ਗਏ ਤੇ ਸਿੰਘਾਂ ਵੱਲ ਤੱਕ ਕੇ ਬੋਲੇ :-

ਸਿਦਕ ਪੁਕਾਰੇ ਖਾਲਸਾ ਗੁਰ ਕੀ ਬਾਣੀ ਪਾਠ
ਆਪ ਸਿੰਘ ਆਪੇ ਬਿਪਨ ਬਿਰਦ ਬਿਹਾਰੀ
ਰਾਠ[1]। (ਸੂ: ਪ੍ਰ: ਸੌ: ਸਾ:)

ਜਿਸ ਟਿਕਾਣੇ ਗੁਰੂ ਜੀ ਖੜੇ ਸੇ, ਸੋ ਬੜੇ ਲਾਭ ਦਾ ਟਿਕਾਣਾ ਸੀ। ਜੰਗ ਭੂਮੀ ਤੇ ਸਾਰੀ ਨਿਗਾਹ ਪੈਂਦੀ ਸੀ ਤੇ ਉਚੇਰਾ ਥਾਂ ਸੀ। ਇਥੋਂ ਹੁਣ ਸਤਿਗੁਰੂ ਜੀ ਨੇ ਬੀਰਾਸਨ ਹੋ ਕੇ ਤੀਰ ਚਲਾਇਆ ਜੋ ਸ਼ੂਕਦਾ ਗਿਆ ਤੇ ਵਧੇ ਆ ਰਹੇ ਦੁਸ਼ਮਨ ਵਿਚ ਵੱਜਾ। ਐਉਂ ਪੰਜ ਤੀਰ ਵਾਰੋ ਵਾਰੀ ਚਲਾਏ ਜੋ ਐਨ ਟਿਕਾਣੇ ਪਹੁੰਚਕੇ, ਜਾਪਦਾ ਹੈ ਕਿ ਵੈਰੀ ਦੇ ਜ਼ਰੂਰੀ ਬੰਦਿਆਂ ਨੂੰ ਲੱਗੇ ਕਿ ਉਨ੍ਹਾਂ ਪਰ ਅਚਾਨਕ ਮਾਰ ਪੈਣ ਨਾਲ ਤੇ ਜ਼ਰੂਰੀ ਆਦਮੀਆਂ ਦੇ ਡਿੱਗਣ ਨਾਲ ਵਧਣ ਦਾ ਚਾਉ ਥੰਮ੍ਹ ਗਿਆ ਤੇ ਝਿਜਕ ਕੇ ਖੜੋ ਗਏ। ਇਸ ਵੇਲੇ ਲਿਖਿਆ ਹੈ ਕਿ ਐਉਂ ਜਾਪੇ ਜਿਵੇਂ ਅਕਾਸ਼ ਵਿਚ ਦਲਾਂ ਦੇ ਦਲ ਛਾ ਗਏ ਹਨ। ਖ਼ਾਲਸੇ ਨੂੰ ਗੁਰੂ ਜੀ ਨੇ ਦਿਖਾਇਆ ਤੇ ਆਗਜਾ ਕੀਤੀ ਕਿ ਜਾਓ ਲੜੋ, ਅਸੀਂ ਐਥੋਂ ਮੈਦਾਨ ਸੰਭਾਲਾਂਗੇ। ਇਹ ਰੰਗ ਵੇਖ ਕੇ ਤੇ ਗੁਰੂ ਜੀ ਦੇ ਪੰਜਾਂ ਤੀਰਾਂ ਦੀ ਬਰਕਤ ਨਾਲ ਦੁਸ਼ਮਨ ਦੇ ਪੈਰ ਅਟਕਦੇ ਤੱਕ ਕੇ ਖ਼ਾਲਸਾ ਨਵੀਂ ਜਾਨ ਫੜ ਕੇ ਮੁੜਿਆ ਤੇ ਜਾ ਜੁੱਧ ਵਿਚ ਧਸਿਆ। ਬਾਕੀ ਸਾਰੇ ਵੀਰਾਂ ਨੂੰ ਪੁਕਾਰਕੇ ਦੱਸ ਦਿੱਤਾ ਕਿ ਗੁਰੂ ਜੀ ਰਿੜੀਏ ਖੜੇ ਤੀਰ ਚਲਾ ਰਹੇ ਹਨ, ਦੇਖੋ ਦੁਸ਼ਮਨ ਰੁਕ ਗਿਆ ਹੈ। ਔਹ ਤੱਕੋ ਕਿੰਨੇ ਪਹਾੜੀਏ ਤੀਰ ਪਰੋਤੇ ਡਿੱਗੇ ਹਨ, ਅਸਮਾਨਾਂ ਵਲ ਵੇਖੋ ਕਿ ਅਰੀਮੀ ਫੌਜਾਂ ਦੇ ਕਿਵੇਂ ਝਾਂਵਲੇ ਪੈ ਰਹੇ ਹਨ। ਨੱਠੇ ਜਾਂਦੇ ਤੇ ਮਾਰ ਦੀ ਜ਼ਦ ਹੇਠਾਂ ਮਾਰ ਖਾ ਰਹੇ ਖ਼ਾਲਸੇ ਵਿਚ ਨਵੀਂ ਜਾਨ ਆ ਗਈ, ਮਾਰੇ ਰੁਕ ਗਏ ਤਾਂ ਪੈਰ ਜਮਾ ਕੇ ਅੜ ਖੜੋਤੇ। ਹੁਣ ਜੁੱਧ ਹੋਰ ਸ਼ਕਲ ਪਕੜ ਗਿਆ।

---

1. ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।। (ਮਾਰੂ ਵਾਰ ਮਹਲਾ ੩)

1. ਇਸ ਦਾ ਅਰਥ ਸਾਫ਼ ਹੈ:--'ਤੁਸੀਂ ਆਖਦੇ ਸਾਓ ਕਿ ਖਲ ਅਸੀਂ ਹਾਂ ਆਪ, ਬਲਾਂ ਦੇ ਸ਼ੇਰ ਅਸੀਂ ਹਾਂ ਆਪੇ, ਬਾਂਣੀ ਦਾ ਪਾਠ ਕਰਦੇ ਹੋਏ ਸਿਦਕ ਸਿਦਕ ਕੂਕਦੇ ਸਾਓ, ਭਾਵ ਅਭਿਮਾਨ ਵਿਚ ਸਾਓ ਤੇ ਆਖਦੇ ਸਾਓ ਅਸੀਂ ਰਾਠ ਹੋ ਗਏ ਹਾਂ, ਹੁਣ ਬਿਹਾਰੀ ਭਾਵ ਸਾਨੂੰ ਬਿਰਦ ਦਾ ਵਾਸਤਾ ਕਿਉਂ ਪਾਉਂਦੇ ਹੋ ?' ਇਹ ਵਾਕ ਖ਼ਾਲਸੇ ਨੂੰ ਹਉਂ ਤੋਂ ਖਾਲੀ ਪਰ ਸਿਦਕ ਵਿਚ ਪਰਪੱਕ ਕਰਨ ਲਈ ਆਖੇ ਜਾਪਦੇ ਹੰਨ।

ਸਿਖਾਂ ਪਰ ਵਧੇ ਆਉਣਾ ਪਹਾੜੀਆਂ ਦਾ ਠੱਸਾ ਖਾ ਗਿਆ ਤੇ ਉਹਨਾਂ ਨੂੰ ਆਪਣੇ ਵਿਚੋਂ ਡਿੱਗਦੇ ਆਦਮੀ ਵੇਖਕੇ ਘਬਰਾ ਹੋਣ ਲੱਗਾ ਕਿ ਇਹ ਤੀਰ ਨਿਸ਼ਾਨਿਓਂ ਨਾ ਉੱਕਣ ਵਾਲੇ ਕਿੱਥੋਂ ਪੈ ਰਹੇ ਹਨ। ਸੋ ਬਚਾਉ ਦੀ ਵਿਚਾਰ ਕਰਕੇ ਓਹ ਰੁਕੇ। ਖ਼ਾਲਸੇ ਨੇ ਹੁਣ ਤੁਮਲ ਜੁੱਧ ਮਚਾ ਦਿੱਤਾ।

ਤੁਮਲ ਜੁੱਧ ਤਬ ਹੋਵਨ ਲਾਗਾ। ਮਨਹੁ ਰੁੱਦ੍ਰ ਰਸ ਸੋਵਤਿ ਜਾਗਾ॥ ੧੩॥ ਭਿੜੇ ਭੇੜ ਭਟ ਮੁੜ ਮੁੜ ਲੜੇ। ਜੇ ਭਾਜਤਿ ਧਰਿ ਧੀਰਜ ਖੜੇ। ਹਤੀ ਸ਼ਲਖ ਗੁਲਕਨਿ ਕੀ ਐਸੇ। ਹਟਜੋ ਜਲਦ ਮੁਚਿ ਬਰਖਾ ਜੈਸੇ॥ ੧੪॥

(ਸੂ: ਪ੍ਰ: ਪੰਨਾ ੫੨੦੮)

ਦੁਵੱਲੀ ਸੰਗ੍ਰਾਮ ਖੂਬ ਜ਼ੋਰ ਦਾ ਹੋਇਆ। ਦੁਵੱਲੀ ਸ਼ਸਤ੍ਰ ਚਲ ਰਹੇ ਹਨ, ਲਹੂ ਵਹਿ ਰਹੇ ਹਨ, ਬਸਤ੍ਰ ਭਿੱਜ ਰਹੇ ਹਨ, ਕ੍ਰੋਧ ਵਧ ਰਹੇ ਹਨ। ਜਿਥੇ ਗੁਰੂ ਜੀ ਖੜੇ ਸਨ ਕਰੌਂਦੇ ਦਾ ਬੂਟਾ ਸੀ। ਆਪ ਓਥੇ ਖੜੇ ਹਨ। 'ਸਭ ਥਾਈਂ ਹੋਹਿ ਸਹਾਇ' ਹੋਣ ਵਾਲੇ ਸਹਾਈ ਹੋ ਰਹੇ ਹਨ। ਆਪ ਦੇ ਅਚੁਕ ਤੀਰ ਆ ਰਹੇ ਹਨ। ਸਤਿਗੁਰ ਦੇ ਤੀਰ ਨਿਸ਼ਾਨੇ ਬੰਨ੍ਹ ਬੰਨ੍ਹਕੇ ਪੈਂਦੇ ਤੇ ਵੈਰੀ ਦਲ ਵਿਚ ਓਹ ਪਤੇ ਦੇ ਨਿਸ਼ਾਨੇ ਫੁੰਡਦੇ ਹਨ ਕਿ ਉਹਨਾਂ ਦੇ ਸਾਹਸ ਨੂੰ ਤੋੜਦੇ ਹਨ, ਹੈਰਾਨੀ ਤੇ ਘਬਰਾ ਪਾਉਂਦੇ ਹਨ। ਖ਼ਾਲਸਾ ਜੀ ਆਪਣੇ ਸਦਾ ਦੇ ਸਹਾਈ ਮਾਲਕ ਦੇ ਕਰਤੱਵ ਨੂੰ ਵੇਖਦੇ ਹਨ ਤੇ ਪ੍ਰਤੀਤ ਕਰ ਰਹੇ ਹਨ ਕਿ ਅਸੀਂ ਥੋੜੇ ਸਾਂ, ਗੁਰੂ ਕਾ ਉੱਚਾ ਹੱਥ ਦੁਸ਼ਮਨ ਤੇ ਕਹਿਰ ਕਰ ਰਿਹਾ ਹੈ, ਗ਼ੈਬੀ ਫੌਜਾਂ ਸਾਡੀ ਮਦਦ ਕਰ ਰਹੀਆਂ ਹਨ, ਲਿਖਦਾ ਹੈ:-

"ਪਰੀ ਅਕਾਸ਼ੀ ਫੌਜਾਂ ਆਇ। ਜਿਤ ਕਿਤ ਦੇਖਿ ਰਹੇ ਬਿਸਮਾਇ।"॥ ੧੮॥ (ਸੂ: ਪ੍ਰਕਾਸ਼ ਪੰਨਾ ੫੨੦੯)

ਸੋ ਵਧੇ ਹੌਸਲੇ ਵਿਚ, ਵਧੇ ਸ੍ਵੈ ਭਰੋਸੇ ਵਿਚ ਖਾਲਸਾ ਡਾਢਾ ਅੜਕੇ ਲੜਿਆ।

"ਪਰ੍ਹਾ ਬੰਧ ਜਨੁ ਘਨ ਘਟ ਆਈ। ਗਨਗੁਲਕਾ ਬਰਖਾ ਬਰਖਾਈ। ਤੁਪਕਨਿ ਕੜਕ ਗਾਜ ਜਨੁ ਪਰੈਂ। ਛਟਾ ਪਲੀਤੇ ਧੁਖਧੁਖ ਟਰੈਂ॥ ੧੯॥ ਦੁੰਦਭਿ ਢੋਲਨਿ ਸ਼ਬਦ ਮਹਾਨਾ। ਜਨੁ ਬਰਖਤਿ ਘਨ ਧੁਨਿ ਗਰਜਾਨਾ। ਕ੍ਰਿਖਿ ਪਾਕੀ ਸਮ ਪਰਮ ਪਹਾਰੀ॥ ਤੋਰ ਫੋਰ ਚੂਰਨ ਕਰਿਡਾਰੀ॥ ੨੦॥ ਹੇਲਾ ਘਾਲਿ ਖਾਲਸਾ ਲਰਿਜੋ। ਭਾਗਜੋ ਪ੍ਰਥਮ ਲਾਜ ਕਰਿ ਮੁਰਿਜੋ।" ਬਲੀਆਚੰਦ ਆਨਿ ਪਗ ਰੋਪਜੋ। ਪਿਖ ਸਿਪਾਹ ਭਾਜੀ ਉਰ ਕੋਪਜੋ॥ ੨੧॥

(ਸੂ: ਪ੍ਰ: ਪੰਨਾ ੫੨੦੯)

ਇਹ ਹਾਲ ਵੇਖ ਕੇ ਬਲੀਆ ਚੰਦ ਨੂੰ ਬੜੀ ਸ਼ਰਮ ਆਈ ਕਿ ਇਤਨੇ ਥੋੜਿਆਂ ਨਾਲ ਲੜਕੇ ਉਨ੍ਹਾਂ ਨੂੰ ਮੈਦਾਨੋਂ ਨਸਾਕੇ ਕਟਾ ਵੱਢ ਕਰਦਿਆਂ ਇਹ ਪੈਂਤੜਾ ਖਾਲਸੇ ਨੇ ਕੈਸਾ ਬਦਲਿਆ ਹੈ ਕਿ ਸਾਨੂੰ ਲੈਣੇ ਦੇ ਦੇਣੇ ਪੈ ਗਏ ਹਨ। ਕ੍ਰੋਧ ਖਾ ਕੇ ਨਜ਼ਰ ਪਾ ਕੇ ਤੱਕਿਓਸੁ ਤਾਂ ਆਪਣੀ ਸੈਨਾ ਕਿਤੇ ਵਧੀਕ ਖ਼ਾਲਸੇ ਤੋਂ ਪਈ ਦਿੱਸੇ ਤਾਂ ਹੁਣ ਆਪ ਅਗੇ ਵਧਿਆ ਕਿ ਫੌਜ ਦਾ ਹੌਸਲਾ ਵਧਾ ਕੇ ਟੁੱਟ ਪਵੇ ਤੇ ਖ਼ਾਲਸੇ ਦੇ ਪੈਰ ਉਖੇੜ ਦੇਵੇ। ਉਸ ਨੂੰ ਇਕ ਹੜ ਵਾਂਗ ਵਧਿਆ ਆਉਂਦਾ ਦੇਖ ਕੇ ਉਦੈ ਸਿੰਘ ਸ਼ੇਰ ਵਾਂਙੂ ਗਰਜਕੇ ਅੱਗੇ ਵਧਿਆ ਤੇ ਸਿੰਘ ਉਸ ਦੇ ਨਾਲ ਗੱਜ ਵੱਜ ਕੇ ਵਧੇ। ਦੂਜੇ ਪਾਸੇ ਆਲਮ ਚੰਦ ਡਿੱਠਾ ਕਿ ਸਾਥੀ ਸੂਰਮਾ ਵਧਕੇ ਪਿਆ ਹੈ, ਉਹ ਬੀ ਕ੍ਰੋਧ ਭਰਕੇ ਤੇ ਸੈਨਾ ਨੂੰ ਲਲਕਾਰ ਕੇ ਦੂਏ ਪਾਸੇ ਤੇ ਆ ਪਿਆ ਕਿ ਬਲੀਆ ਚੰਦ ਦੇ ਹੱਲੇ ਨੂੰ ਦੂਜੇ ਪਾਸਿਓਂ ਦੁਮਰਦਾ ਲੱਗਕੇ ਬਿਜਲੀ ਸੱਟ ਵਾਂਙੂ ਵੈਰੀ ਦਾ ਕ਼ਲਅ ਕ਼ਮਅ ਹੋ ਜਾਵੇ। ਪਰ ਇਸ ਦੀ ਇਸ ਚੜ੍ਹਾਈ ਨੂੰ ਤੱਕ ਕੇ ਇਧਰੋਂ ਆਲਮ ਸਿੰਘ ਨੇ ਸਿੰਘਾਂ ਨੂੰ ਲਲਕਾਰਿਆ ਤੇ ਆਪ ਅੱਗੇ ਹੋ ਕੇ ਵਧਿਆ। ਵੈਰੀ ਸਿਰ ਤੇ ਆ ਪੁੱਜਾ ਸੀ ਤੇ ਹੁਣ ਹਥਾਵਥ ਤਲਵਾਰ ਦੇ ਜੁੱਧ ਦਾ ਹੀ ਸਮਾਂ ਸੀ, ਸੋ ਦੁਇ ਸੂਰਮੇ ਜੁੱਟ ਪਏ। ਐਨ ਆਮ੍ਹੋ ਸਾਹਮਣੇ ਆ ਵਜੇ ਤੇ ਦਾਉ ਘਾਉ ਤੋਂ ਪਹਿਲਾਂ ਹੀ ਆਲਮ ਚੰਦ ਦਾ ਵਾਰ ਆਲਮ ਸਿੰਘ ਤੇ ਡਾਢੇ ਜ਼ੋਰ ਦਾ ਪਿਆ, ਜੋ ਆਲਮ ਸਿੰਘ ਨੇ ਢਾਲ ਤੇ ਬੜੇ ਬਲ ਨਾਲ ਰੋਕਿਆ। ਹੁਣ ਦਾਉ ਘਾਉ ਤਲਵਾਰ ਦੇ ਲੱਗੇ ਹੋਣ। ਦੁਏ ਸੂਰਮੇ ਸਨ ਤੇ ਦੁਇ ਤਲਵਰੀਏ ਸਨ, ਦੁਹਾਂ ਦੇ ਜਤਨਾਂ ਦਾ ਫਲ ਇਹ ਹੋਇਆ ਕਿ ਆਲਮ ਸਿੰਘ ਦਾ ਵਾਰ ਕਾਰੀ ਪਿਆ। ਆਲਮ ਚੰਦ ਦਾ ਸੱਜਾ ਹੱਥ ਤਲਵਾਰ ਸਣੇ ਕੱਟ ਗਿਆ। ਉਸ ਦਾ ਕੱਟਿਆ ਹੱਥ ਤੇ ਤਲਵਾਰ ਥੱਲੇ ਆ ਪਏ, ਤਾਂ ਪਹਾੜੀਆਂ ਨੇ ਛੇਤੀ ਨਾਲ ਅੱਗੇ ਵਧਕੇ ਆਲਮ ਚੰਦ ਨੂੰ ਬਚਾਇਆ ਤੇ ਉਹ ਪਿਛਲੇ ਪੈਰੀਂ ਆਪਣੀ ਸੈਨਾਂ ਵਿਚ ਗੁੰਮ ਹੋ ਗਿਆ। ਸਾਥੀਆਂ ਦਾ ਜੋਸ਼ ਟੁੱਟ ਗਿਆ ਤੇ ਪੈਰ ਪਿੱਛੇ ਹਟੇ। ਦੂਜੇ ਪਾਸੇ ਬਲੀਆ ਚੰਦ ਬੰਦੂਕਾਂ ਦੀ ਸ਼ਲਕ ਕਰਦਾ ਸੈਨਾ ਸਣੇ ਵਧਿਆ ਆ ਰਿਹਾ ਸੀ, ਉਸ ਦੀ ਸੈਨਾ ਦੇ ਢੋਲ ਵੱਜ

ਰਹੇ ਬੀਰ ਵਿਚ ਉਤਸ਼ਾਹ ਭਰ ਰਹੇ ਸਨ ਤੇ ਸੂਰਮੇਂ ਤੀਰ ਤੁਫੰਗ ਚਲਾਉਂਦੇ ਆ ਰਹੇ ਸਨ। ਉਦੈ ਸਿੰਘ ਇਧਰੋਂ ਡਟਕੇ ਪੈਰ ਜਮਾ ਕੇ ਵਧ ਰਿਹਾ ਸੀ ਕਿ ਸਿੰਘਾਂ ਵੱਲ ਤੱਕ ਕੇ ਬੋਲਿਆ: ਬੰਦੂਕਾਂ ਦੀ ਸ਼ਲਕ ਕਰੋ। ਗੱਲ ਕੀ, ਦੁਵੱਲੀ ਐਉਂ ਤੀਰਾਂ ਤੇ ਬੰਦੂਕਾਂ ਦੇ ਵਾਰ ਚੱਲੇ ਕਿ ਮਾਨੋਂ ਗੜਿਆਂ ਦੀ ਵਰਖਾ ਹੋ ਰਹੀ ਹੈ। ਦੁਇ ਦਲ ਅਜੇ ਇੰਨੀ ਨੇੜੇ ਨਹੀਂ ਆਏ ਸਨ ਕਿ ਸ਼ਮਸ਼ੇਰ ਦਾ ਜੰਗ ਹੱਥੋ ਹੱਥੀ ਹੋ ਪਏ ਕਿ ਬਲੀਆ ਚੰਦ ਦੀ ਜੰਘ ਵਿਚ ਇਕ ਸ਼ੂਕਦੀ ਗੋਲੀ ਲਗ ਪਈ। ਗੋਲੀ ਜ਼ਰਾ ਕਰਾਹੀ ਲੱਗੀ ਤੇ ਉਹ ਬੇਤਾਬ ਹੋ ਕੇ ਪਿੱਛੇ ਮੁੜਿਆ। ਸਰਦਾਰ ਦਾ ਪਿੱਠ ਦਿਖਾਣਾ ਸੀ ਕਿ ਫੌਜ ਹਿਰਾਸੀ ਹੋ ਗਈ ਤੇ ਉਹ ਬੀ ਮਾਨੋਂ ਪੈਰ ਸਿਰ ਤੇ ਧਰ ਕੇ ਪਿੱਛੇ ਮੁੜੀ। ਇਹ ਮੁੜਨਾ ਐਸਾ ਸੀ ਕਿ ਸਾਰੀ ਪਹਾੜੀ ਸੈਨਾ ਧੀਰਜ ਛੋੜ ਕੇ ਭੱਜ ਗਈ। ਭਜਦਿਆਂ ਮਗਰ ਕੁਛ ਦੂਰ ਖ਼ਾਲਸੇ ਨੇ ਪਿੱਛਾ ਕੀਤਾ ਜੋ ਤ੍ਰਾਸੇ ਹੋਏ ਭੱਜ ਹੀ ਜਾਣ, ਕਿਤੇ ਸਾਨੂੰ ਅਟਕ ਗਏ ਸਮਝ ਕੇ ਫਿਰ ਨਾ ਸਾਡੇ ਵਾਂਙੂ ਡਟ ਖੜੋਣ। ਜਦੋਂ ਨੂੰ ਸਾਰੇ ਭੱਜ ਗਏ ਤੇ ਦੂਰ ਨਿਕਲ ਗਏ ਤਾਂ ਖ਼ਾਲਸੇ ਜੀ ਨੇ ਡਿੱਠਾ ਕਿ ਆਸਮਾਨ ਸਾਫ਼ ਹੈ, ਜੋ ਗੁਪਤ ਸੈਨਾਂ ਦਾ ਪ੍ਰਭਾਵ ਪੈਂਦਾ ਸੀ, ਹੁਣ ਹੈ ਨਹੀਂ। ਠੰਢੀ ਹਵਾ ਟੁਰ ਰਹੀ ਹੈ, ਸਾਫ਼ ਧੁੱਪ ਚਮਕ ਰਹੀ ਹੈ ਤਾਂ ਗੁਰੂ ਜੀ ਵਲ ਨੂੰ ਮੁੜੇ। ਇਸ ਜੰਗ ਦੇ ਸਾਖੀ ਭਾਈ ਰਾਮ ਕੌਰ ਜੀ ਲਿਖਦੇ ਹਨ ਤੇ ਦੱਸਦੇ ਹਨ ਕਿ ਗੁਰੂ ਜੀ ਦੀ ਹਜ਼ੂਰੀ ਵਿਚ ਮੈਂ ਤਾਂ ਜੰਗ ਦੀ ਘਨਘੋਰਤਾ ਵੇਖਕੇ ਕੰਬ ਪਿਆ ਮੈਨੂੰ ਸ਼ੋਕਾਤੁਰ ਵੇਖ ਕੇ ਗੁਰੂ ਜੀ ਨੇ ਧੀਰਜ਼ ਦਿੱਤਾ ਤੇ ਸਮਝਾਇਆ ਕਿ ਮੈਦਾਨੇ ਜੰਗ ਵਿਚ ਮਰਿਆਂ ਨੂੰ ਵੇਖਕੇ ਸ਼ੋਕ ਨਹੀਂ ਕਰੀਦਾ। ਰਾਮ ਕੌਰ ਜੀ ਲਿਖਦੇ ਹਨ ਕਿ ਇਸ ਵੇਲੇ ਗੁਰੂ ਜੀ ਨੇ ਭਵਿੱਖਤ ਆਖੀ ਕਿ ਰਾਮ ਕੁਇਰ ਤੂੰ ਸਾਥੋਂ ਮਗਰੋਂ ਚਿਰਕਾਲ ਸੰਸਾਰ ਪਰ ਰਹੇਂਗਾ। ਫਿਰ ਖ਼ਾਲਸੇ ਨੂੰ ਧੀਰਜ ਦਿੱਤਾ ਤੇ ਕਿਹਾ: ਡਰੋ ਨਾ ਇਨ੍ਹਾਂ ਤੋਂ ਤਕੜੇ ਹੋਏ। ਇਹ ਲੋਕ ਸਾਰੇ ਇਕ ਦਿਨ ਖਾਲਸੇ ਤੋਂ ਭੈ ਖਾਣਗੇ ਤੇ ਈਨਾਂ ਮੰਨਣਗੇ। ਫਿਰ ਸਤਿਗੁਰੂ ਜੀ ਨੇ ਮਹਾਂ ਸਿੰਘ ਤੋਂ ਜੰਗ ਦਾ ਵੇਰਵਾ ਸੁਣਿਆ। ਫਿਰ ਸ਼ਹੀਦ ਹੋਏ ਸਿੰਘਾਂ ਦੇ ਸਰੀਰ ਇਕੱਠੇ ਕਰਵਾਕੇ ਸਮਕਾਰੇ। ਘਾਇਲਾਂ ਨੂੰ ਨਾਲ ਲੈ ਚੱਲਣੇ ਦਾ ਪ੍ਰਬੰਧ ਕੀਤਾ ਤੇ ਸ਼ਾਮਾਂ ਵੇਲੇ ਫਤਹ ਨਗਾਰਾ ਵਜਾਉਂਦੇ ਆਨੰਦਪੁਰ ਆਏ।

ਅਸਲ ਗੱਲ ਇਉਂ ਹੈ ਕਿ ਗੁਰੂ ਜੀ ਦੇ ਨਾਲ ਫੌਜ ਥੋੜੀ ਸੀ ਤੇ ਅੱਗੋਂ, ਜਿਨ੍ਹਾਂ ਨਾਲ ਟਾਕਰਾ ਪਿਆ ਸੀ, ਉਹ ਬਹੁਤ ਹੀ ਵਧੇਰੇ ਸਨ। ਇਹ ਗੱਲ ਲਖ ਕੇ ਗੁਰੂ ਜੀ ਨੇ ਇਕ ਮਾਰ ਦਾ ਟਿਕਾਣਾ ਲੱਭ ਕੇ ਉਥੇ ਪੈਰ ਜਮਾਏ ਤੇ ਆਪਣੇ ਅਚੁਕ ਤੀਰਾਂ ਦੀ ਬਰਖਾ ਨਾਲ ਆਪਣੀ ਗਿਣਤੀ ਦੇ ਘਾਟੇ ਨੂੰ ਪੂਰਾ ਕੀਤਾ। ਖਾਲਸੇ ਨੂੰ ਆਪਣੇ ਤੋਂ ਬਿਨਾਂ ਆਪਣੇ ਪੈਰੀਂ ਤੇ ਆਪਣੇ ਦਿਮਾਗੀਂ ਲੜਨੇ ਦਾ ਮੌਕਾ ਦਿੱਤਾ ਕਿ ਇਨ੍ਹਾਂ ਵਿਚ ਬਲ ਭਰੇ ਤੇ ਜਾਚ ਆਵੇ। ਇਹ ਹਾਰ ਦਾ ਮੂੰਹ ਬੀ ਵੇਖਣ ਤੇ ਹਾਰ ਵੇਲੇ ਨਾ ਹਾਰਣ ਦੀ ਜਾਚ ਬੀ ਸਿੱਖਣ। ਤੀਜਾ ਪਰਮਾਰਥਿਕ ਅਸੂਲ ਬੀ ਗੁਰੂ ਜੀ ਨੇ ਹੀ ਸਿਖਾਉਣਾ ਸੀ ਕਿ ਹੰਕਾਰ ਵਿਚ ਆਉਣਾ ਠੀਕ ਨਹੀਂ, ਹੰਕਾਰ ਮਤ ਮਲੀਨ ਕਰਦਾ ਹੈ: ਪਰ ਸ੍ਵੈ ਭਰੋਸਾ, ਸ੍ਵੈ ਟੇਕ ਤੇ ਚੜ੍ਹਦੀਆਂ ਕਲਾਂ ਬਲ ਭਰਦੀਆਂ ਤੇ ਮਤ ਨੂੰ ਨਿਰਮਲ ਰਖਦੀਆਂ ਹਨ।

ਗੁਰੂ ਜੀ ਤਾਂ ਇਕ ਉਸ ਵੇਲੇ ਦੇ ਮੌਕੇ ਮੂਜਬ ਜੁੱਧ ਦੀ ਚਾਲ ਸੰਭਾਲ ਰਹੇ ਸਨ, ਪਰ ਖ਼ਾਲਸੇ ਨੇ ਆਪਣੇ ਵਿਚ ਗੁਰੂ ਨਾ ਵੇਖ ਕੇ ਧੀਰਜ ਛੋੜ ਦਿੱਤਾ। ਸੂਰੇ ਗੁਰੂ ਨੇ ਫੇਰ ਧੀਰਜ ਬਨ੍ਹਾਇਆ, ਆਪਣੀ ਗੁਪਤ ਤਾਕਤ ਦੇ ਸਦਾ ਸਹਾਈ ਰਹਿਣ ਦਾ ਨਿਹਚਾ ਪੱਕਾ ਕਰਾ ਦਿੱਤਾ ਤੇ ਅੱਜ ਦੇ ਜੁੱਧ ਵਿਚ ਜੋ ਸਬਕ ਸਿਖਾਇਆ ਸੋ ਖ਼ਾਲਸੇ ਦਾ ਖਾਸ ਗੁਣ ਹੋ ਪ੍ਰਗਟਿਆ ਤੇ ਅਜ ਤਕ ਖ਼ਾਲਸੇ ਨੇ ਨਹੀਂ ਭੁਲਾਇਆ:- ਦੁਸ਼ਮਨ ਦੇ ਵਧੀਕ ਬਲ ਪੈ ਜਾਣ ਤੇ ਭੱਜ ਉਠਣਾ ਤੇ ਕੁਛ ਦੂਰ ਜਾ ਕੇ ਪੈਰ ਜਮਾ ਕੇ ਡੱਟ ਜਾਣਾ। ਦੁਸ਼ਮਨ ਖੁਸ਼ੀ ਵਿਚ ਵਧਿਆ ਆਉਂਦਾ ਹੈ ਤੇ ਆਪਣੀ ਸੋਚ ਵਿਚ ਨਹੀਂ ਹੁੰਦਾ; ਵੈਰੀ ਦੇ ਬੇਪਰਵਾਹ ਵਧੇ ਆਉਣ ਤੇ ਅਚਾਨਕ ਅਗੋਂ ਪੈ ਕੇ ਉਸਦੇ ਪੈਰ ਉਖੇੜ ਦੇਣੇ ਤੇ ਮੈਦਾਨ ਮਾਰ ਲੈਣਾ ! ਦੂਜੀ ਵਿਉਂਤ ਇਹ ਕਿ ਐਸੇ ਜ਼ੋਰ ਪੈਣ ਤੇ ਪਿਛਲੇ ਪੈਰੀਂ ਹਟਣਾ, ਹਟੀ ਜਾਣਾ ਪਰ੍ਹੇ ਬੱਧੀ, ਆਪਣੀ ਸਫ ਨਹੀਂ ਟੁੱਟਣ ਦੇਣੀ। ਦੁਸ਼ਮਨ ਨਾਲ ਲੜੀ ਜਾਣਾ ਮਾਰੀ ਜਾਣਾ, ਮਰੀ ਜਾਣਾ, ਪਿੱਛੇ ਹਟੀ ਜਾਣਾ, ਪਰ ਐਸਾ ਪੈਂਤੜਾ ਬੱਧ ਪਿੱਛੇ ਹਟਣਾ ਕਿ ਦੁਸ਼ਮਨ ਨੂੰ ਹੱਲਾ ਕਰਨ ਦਾ ਹੌਂਸਲਾ ਨਾ ਪਵੇ ਤੇ ਇਉਂ ਵੈਰੀ ਨੂੰ ਹਫਾ ਦੇਣਾ। ਇਸ

ਕਰਤਬ ਦਾ ਕਮਾਲ ਖਾਲਸੇ ਨੇ ਵਡੇ ਘੱਲੂਘਾਰੇ ਵਿਚ ਦਿਖਾਲਿਆ ਸੀ ਕਿ ੧੨ ਕੋਹ ਪਿੱਛੇ ਹਟਣ ਵਿਚ ਅਬਦਾਲੀ ਇਕ ਵੇਰ ਵੀ ਉਹਨਾਂ ਦੀਆਂ ਸਫਾਂ ਨਹੀਂ ਸੀ ਤੋੜ ਸਕਿਆ ਤੇ ਹਫਕੇ ਪਾਣੀ ਦੀ ਢਾਬ ਆਈ ਤੇ ਉਸ ਦੀ ਸੈਨਾ ਪਾਣੀ ਪੀਣ ਬਹਿ ਗਈ।

ਸ੍ਰੀ ਦਸ਼ਮੇਸ਼ ਪਿਤਾ ਜੀ ਦੀ ਤੀਰ ਅੰਦਾਜ਼ੀ ਕਮਾਲ ਦੀ ਸੀ-ਹੁਣ ਤਾਂ ਲੋਕ ਸਮਝ ਨਹੀਂ ਸਕਦੇ ਕਿਉਂਕਿ ਤੀਰ-ਅੰਦਾਜ਼ੀ ਦਾ ਰਿਵਾਜ ਨਹੀਂ ਰਿਹਾ, ਬੰਦੂਕ ਨਾਲੋਂ ਤਦੋਂ ਤੀਰ ਛੇਤੀ ਚਲਾਇਆ ਜਾ ਸਕਦਾ ਸੀ ਤੇ ਇਸ ਹੁਨਰ ਦੇ ਕਮਾਲ ਵਾਲੇ ਗੁਰੂ ਜੀ ਕਈ ਵੇਰ ਇਸ ਨਾਲ ਬਹੁਤ ਕਾਮਯਾਬੀ ਲਿਆ ਕਰਦੇ ਸਨ[1]।

ਸਿੰਘ ਸਮਝੇ ਕਿ ਗੁਰੂ ਜੀ ਚਲੇ ਗਏ ਹਨ ਤੇ ਸਾਨੂੰ ਛੱਡ ਗਏ ਹਨ, ਪਰ ਗੁਰੂ ਜੀ ਲਾਭ ਵਾਲੇ ਟਿਕਾਣੇ ਨੂੰ ਤਾੜ ਕੇ ਉਥੇ ਅਚਿੰਤ ਖੜੋਤੇ ਆਪਣੀ ਧਨੁਖ ਵਿਦਯਾ ਦੇ ਕਮਾਲ ਨਾਲ ਫਤਹ ਪਾਉਣ ਦਾ ਬਾਨ੍ਹਣੂ ਬੰਨ੍ਹ ਰਹੇ ਸਨ। ਅਜ ਦੇ ਨਿੱਕੇ ਜਿਹੇ ਜੰਗ ਵਿਚ ਦਾਤਾ ਜੀ ਆਪਣਿਆਂ ਨੂੰ ਫਤਹ ਦੇ ਕਰਤਬ ਸਿਖਾ ਗਏ: ਜਿਨ੍ਹਾਂ ਦਾ ਕਿ ਜਸ ਹੁਣ ਤਾਂਈਂ ਹੁੰਦਾ ਹੈ।

ਆਨੰਦਪੁਰ ਇਸ ਖੁਸ਼ੀ ਦੇ ਸਮਾਗਮ ਹੋਏ, ਰਾਤ ਨੂੰ ਘਰ ਘਰ ਦੀਪਮਾਲਾ ਹੋਈ, ਸ਼ਾਦੀਆਨੇ ਵੱਜੇ ਤੇ ਵਧਾਈਆਂ ਮਿਲੀਆਂ। ਮਾਤਾ ਜੀ ਨੇ ਅਰਦਾਸੇ ਸੁਧਾਏ, ਸਿਰ ਵਾਰਨੇ ਕੀਤੇ, ਗੁਰੂ ਨਾਨਕ ਦੇਵ ਜੀ ਦੇ ਹਜ਼ੂਰ ਵਿਚ ਕੜਾਹ ਪ੍ਰਸ਼ਾਦ ਧਰਕੇ ਸ਼ੁਕਰਾਨੇ ਕੀਤੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਦੀਵਾਨ ਸਜਿਆ, ਸੰਗਤਾਂ ਅੱਜ ਉਮਡਕੇ ਆਈਆਂ, ਨਗਰੀ ਦੇ ਲੋਕ ਬੀ ਸਾਰੇ ਆਏ। ਜਦੋਂ ਭੋਗ ਪੈ ਗਿਆ ਤੇ ਪ੍ਰਸ਼ਾਦ ਵਰਤ ਗਿਆ ਤਦ ਸਭ ਨੇ ਸ੍ਰੀ ਗੁਰੂ ਜੀ ਨੂੰ ਵਧਾਈਆਂ ਦਿੱਤੀਆਂ। ਭਾਈ ਨੰਦ ਲਾਲ ਜੀ ਦੀ ਇਕ ਗ਼ਜ਼ਲ ਹੈ ਜੋ ਉਸ ਸਮੇਂ ਤੇ ਆਖੀ ਗਈ ਜਾਪਦੀ ਹੈ, ਜੋ ਐਉਂ ਹੈ:-

ਜਿੱਧਰ ਜਾਵੇਂ ਪਜਾਰੇ ਮੇਰੇ ! ਤੇਰਾ ਹੋਵੇ ਰਬ ਰਾਖਾ। ਦਿਲ ਤੇ ਦੀਨ ਲੈ ਗਿਓਂ ਮੇਰਾ, ਤੇਰਾ ਹੋਵੇ ਰਖ ਰਾਖਾ। ਬੁਲਬੁਲ ਅਤੇ ਗੁਲਾਬ ਦੁਏ ਹਨ, ਵਿਚ ਉਡੀਕਾਂ ਤੇਰੀਆਂ ਦੇ, ਫੇਰਾ ਪਾ ਹੁਣ ਚਮਨ ਅਸਾਡੇ, ਤੇਰਾ ਹੋਵੇ ਰਬ ਰਾਖਾ। ਤਪ ਰਿਹਾ ਸੀਨਾ ਕੁੱਠਾ ਮੇਰਾ, ਕਲਗੀਆਂ ਵਾਲੇ ਬਿਰਹੋਂ ਵਿੱਚ, ਲਾਲ ਲਬਾਂ ਤੋਂ ਨਮਕ ਪੈ ਰਿਹਾ, ਹੁਣ ਤਾਂ ਹੋਵੇ ਰੱਬ ਰਾਖਾ। ਆ ਮੇਰੀ ਅੱਖ-ਪੁਤਲੀ ਬਹਿ ਜਾ ਇਹ ਤੇਰਾ ਹੈ ਘਰ ਸਤਿਗੁਰ ! ਰੋਂਦੀਆਂ ਅੱਖੀਆਂ ਵਿਚ ਸਮਾ ਜਾ, ਤੇਰਾ ਹੋਵੇ ਰੱਬ ਰਾਖਾ। ਝੂਮ ਝੂਮੰਦੇ ਸਰੂ ਵਾਂਗ ਤੂੰ, ਚਮਨ ਅਸਾਡੇ ਫੇਰਾ ਪਾ, ਫੇਰਾ ਪਾਵੇਂ, ਖੁਸ਼ੀਆਂ ਹੋਵਣ, ਤੇਰਾ ਹੋਸੀ ਰਬ ਰਾਖਾ।

ਇਹ ਉੱਪਰਲੀ ਪੰਜਾਬੀ ਗ਼ਜ਼ਲ ਭਾਈ ਸਾਹਿਬ ਜੀ ਦੀ ਜਿਸ ਫਾਰਸੀ ਗ਼ਜ਼ਲ ਦਾ ਅਨੁਵਾਦ ਹੈ ਉਹ ਇਹ ਹੈ :-

ਬਹਰ ਕੁਜਾ ਕਿ ਰਵੀ ਜਾਨੇ ਮਨ ਖ਼ੁਦਾ ਹਾਫ਼ਿਜ਼ !
ਖ਼ਿਬੁਰਦਹਈ ਦਿਲੋ ਈਮਾਨੇ ਮਨ ਖ਼ੁਦਾ ਹਾਫ਼ਿਜ !
ਬਿਆ ਕਿ ਬੁਲਬੁਲੋ ਗੁਲ ਹਰਦੋ ਇੰਤਜ਼ਾਰੇ ਤੁਅੰਦ,
ਦਮੇ ਬਜਾਨਿਬੇ ਬੁਸਤਾਨੇ ਮਨ; ਖ਼ੁਦਾ ਹਾਫ਼ਿਜ਼ !
ਨਮਕ ਜ਼ਿਲਾਲੇ ਲਬਤ ਰੇਜ਼ਦ ਬਰ ਦਿਲੇ ਹੇਸ਼ਮ,
ਤਪੀਦ ਸੀਨਹਏ ਬਿਰੀਆਂਨੇ ਮਨ ਖ਼ੁਦਾ ਹਾਫਿਜ਼ !
ਬਿਯਾ ਬਮਰਦਮਕੇ ਦੀਦਹਅਮ ਕਿ ਖ਼ਾਨਹਏ ਤੁਸਤ,
ਦਰੂਨੇ ਦੀਦਹੇ ਗਿਰੀਆਨੇ ਮਨ ਖ਼ੁਦਾ ਹਾਫ਼ਿਜ਼ !
ਚਿ ਖ਼ੁਸ਼ ਬਵਦਕਿ ਖ਼ਿਰਾਮਦ ਕਦਤਚੁ ਸਰਵੇ ਬੁਲੰਦ,
ਦਮੇਂ ਬਸੂਏ ਗੁਲਿਸਤਾਨੇ ਮਨ ਖ਼ੁਦਾ ਹਾਫ਼ਿਜ਼ !

## ੪੪. ਬੀਬੀ ਸੁਘੜ ਬਾਈ[2]।

੧. (ਇਕਾਂਤ ਤੇ ਇਕੱਲ)

ਥੱਕ ਜਾਏ ਇਨਸਾਨ ਤਾਂ ਆਰਾਮ ਚਾਹੁੰਦਾ ਹੈ, ਅੱਕ ਜਾਏ ਤਾਂ ਛੁਟਕਾਰਾ ਚਾਹੁੰਦਾ ਹੈ ਅਕਾਉਣ ਵਾਲਿਆਂ ਤੋਂ, ਹੁੱਸ ਜਾਏ ਤਾਂ ਨਾ ਆਰਾਮ ਦੀਂ ਸੋਝੀ ਹੁੰਦੀ ਹੈ

1. ਤੀਰ ਅੰਦਾਜ਼ੀ ਅਜੇ ਬੀ ਭੀਲਾਂ ਵਿਚ ਐਤਨੀ ਕੁ ਹੈ ਕਿ ਸੇਧ ਤੇ ਤੀਰ ਮਾਰ ਕੇ ਨਿਸ਼ਾਨੇ ਫੁੰਡ ਲੈਂਦੇ ਹਨ। ਸੁਣੀ ਆਵਾਜ਼ ਦੀ ਸੇਧ ਤੇ ਪੈਰ ਵਿਚ ਕਮਾਨ ਧਰਕੇ ਇਕ ਛੱਤ੍ਰੀ ਦਾ ਮੂੰਹ ਨਾਲ ਚਲਾਇਆ ਤੀਰ ਨਿਸ਼ਾਨੇ ਬੈਠਾ ਅਸਾਂ ਆਪ ਬੀ ਡਿਠਾ ਹੈ। 2. ਇਹ ਪ੍ਰਸੰਗ ੭ ਮਾਘ ਸ਼੍ਰੀਮਤ ਗੁ: ਨਾ: ਸਾ: ੪੬੮ ਅਰਥਾਤ ੧੯ ਜਨਵਰੀ ੧੯੩੭ ਈ: ਨੂੰ ਗੁਰਪੁਰਬ ਸਪਤਮੀ ਪਰ ਖ਼ਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਨਾ ਛੁਟਕਾਰੇ ਦੀ ਹੋਸ਼, ਅੰਦਰ ਬਾਹਰ ਘਬਰਾ ਛਾ ਜਾਂਦਾ ਹੈ, ਪਰ ਜੇ ਥਕਾਉਣ ਵਾਲੇ ਅਕਾਉਣ ਵਾਲੇ ਤੇ ਹੁੱਸਾ ਦੇਣ ਵਾਲੇ ਸਾਰੇ ਸਾਮਾਨ ਦੂਰ ਹੋ ਜਾਣ ਤੇ ਇਹ ਰਹਿ ਜਾਏ ਇਕੱਲਾ ਤਾਂ ਵਹਿਸ਼ਤ ਆ ਘੇਰਦੀ ਹੈ ਤੇ ਸ਼ੁਦਾ ਉਂਗਲਾਂ ਦਿਖਾਉਣ ਲੱਗ ਪੈਂਦਾ ਹੈ, ਇਕੱਲ ਬੁਰੀ, ਇਹ ਨਾ ਆ ਵਾਪਰੇ ਕਿਸੇ ਨੂੰ। ਇਕੱਲ ਸਭਨਾਂ ਤੋਂ ਵਧੀਕ ਡਰਾਉਣੀ ਸ਼ੈ ਹੈ। ਇਕੱਲ ਉਦਾਸੀਆਂ ਦੀ ਮਾਂ ਤੇ ਨਿਰਾਸਤਾਈਆਂ ਦੀ ਦਾਦੀ ਹੈ। ਹੈਂ ? ਕੀ ਇਕੱਲ ਮਾੜੀ ਹੈ ? ਇਕੱਲ ਏਕਾਂਤ ਹੈ, ਏਕਾਂਤ ਨੂੰ ਕੋਮਲ ਉਨਰਾਂ ਵਾਲਿਆਂ ਦਾਨਿਆਂ, ਦਾਰਸ਼ਨਿਕਾਂ ਤੇ ਰੱਬ ਦੇ ਪਿਆਰਿਆਂ ਨੇ ਸਲਾਹਿਆ ਹੈ। ਕਿਉਂ ਕਹਿੰਦੇ ਹੋ ਕਿ ਇਕੱਲ ਯਾ ਏਕਾਂਤ ਮਾੜੀ ਹੈ ? ਇਸ ਲਈ ਕਿ 'ਇਕੱਲ' 'ਏਕਾਂਤ' ਨਹੀਂ ਹੈ। 'ਇਕਾਂਤ' ਇਨਸਾਨ ਆਪ ਭਾਲਦਾ ਹੈ ਤੇ 'ਇਕੱਲ' ਇਸਨੂੰ ਆ ਵਾਪਰਦੀ ਹੈ। 'ਇਕਾਂਤ' 'ਰੂਹ ਦਾ ਆਰਾਮ ਅਸਥਾਨ' ਹੈ, 'ਇਕੱਲ' 'ਤਨਹਾਈ ਦੀ ਕੈਦ ਹੈ'। 'ਇਕਾਂਤ' ਵਿਚ ਜਾ ਕੇ ਥਕਾਨ, ਅਕੇਵੇਂ ਤੇ ਹੁੱਸਣਾ ਦੂਰ ਹੁੰਦੀਆਂ ਹਨ, ਪਰ 'ਇਕੱਲ' ਵਿਚ ਜਾ ਕੇ ਵਹਿਸ਼ਤਾਂ ਛਾ ਜਾਂਦੀਆਂ ਹਨ। ਏਕਾਂਤ ਜੀਵਨ ਨੂੰ ਨਵਜੋਬਨ ਦੇਂਦੀ ਹੈ, ਇਕੱਲ ਜੀਵਨ ਨੂੰ ਖਾਰਦੀ ਤੇ ਬੁਢੇਪਾ ਲਾਉਂਦੀ ਹੈ।

ਏਕਾਂਤ ਵਿਚ ਆਪਾ ਆਪਣੇ ਠੀਕ ਤੋਲ ਅੰਦਾਜ਼ ਵਿਚ ਆਉਂਦਾ ਹੈ, ਇਕੱਲ ਵਿਚ ਆਪੇ ਦਾ ਵਜ਼ਨ ਘਟ ਜਾਂਦਾ ਹੈ। ਹਾਂ, ਏਕਾਂਤ ਵਿਚ ਦਿਲ ਵਧਾਉਣ ਵਾਲੀ ਉਸਤੁਤਿ ਤੇ ਦਿਲ ਢਾਹੁਣ ਵਾਲੀ ਨਿੰਦਾ ਨਹੀਂ ਹੁੰਦੀ, ਇਸ ਕਰਕੇ ਮਨ ਦੇ ਤੋਲ-ਪਲੜੇ ਨੀਉਂਦੇ ਝੁਕਦੇ ਕਿਸੇ ਪਾਸੇ ਨਹੀਂ, ਐਨ ਤਰਾਜ਼ੂ ਤੋਲ ਪੂਰਾ ਰਹਿੰਦਾ ਹੈ, ਸੋ ਇਨਸਾਨ ਆਪਣਾ ਮੁੱਲ ਪਾਉਂਦਾ ਹੈ ਠੀਕ ਠੀਕ, ਨਾ ਵੱਧ, ਨਾ ਘੱਟ। ਏਕਾਂਤ ਵਿਚ ਤਵੱਜੋ ਨੂੰ ਬਾਹਰਲੇ ਤੇ ਓਪਰੇ ਖਿਚੇਵੇਂ ਨਹੀਂ ਪੈਂਦੇ, ਆਪਾ ਟਿਕਦਾ ਤੇ ਆਪੇ ਵਿਚ ਟੁੱਭੀਆਂ ਮਾਰਦਾ ਹੈ ਤੇ ਕਈ ਵੇਰ ਇਨ੍ਹਾਂ ਟੁੱਭੀਆਂ ਨਾਲ ਆਪੇ ਦੀਆਂ ਡੂੰਘਾਈਆਂ ਵਿਚੋਂ ਗੁਣ-ਰਤਨ ਲੱਭ ਲਿਆਉਂਦਾ ਹੈ। ਮਨ ਦੇ ਵਲ ਤੇ ਵਿੰਗ ਏਕਾਂਤ ਵਿਚ ਦਿਸ ਪੈਂਦੇ ਹਨ ਤੇ ਨਿਕਲ ਜਾਂਦੇ ਹਨ। ਏਕਾਂਤ ਵਿਚ ਬੁੱਧੀ ਉੱਜਲ ਹੋ ਜਾਂਦੀ ਹੈ ਤੇ ਨਿਸ਼ਚੇ ਦੇ ਘਰ ਨੂੰ ਲੱਭ ਲੈਂਦੀ ਹੈ। ਏਕਾਂਤ ਵਿਚ ਧਿਆਨ ਜੁੜਦਾ ਹੈ ਅਤੇ ਉਹ ਰਾਹ ਦਿੱਸ ਪੈਂਦਾ ਹੈ ਜੋ 'ਅਨੰਤ' ਵਿਚ ਜਾ ਖੁੱਲ੍ਹਦਾ ਹੈ। ਏਕਾਂਤ ਵਿਚ ਰੂਹ ਰੂਹ ਨਾਲ ਗੱਲਾਂ ਕਰਦੀ ਹੈ ਤੇ ਏਕਾਂਤ ਵਿਚ ਹੀ ਰੱਬ ਰੂਹ ਨਾਲ ਗੱਲਾਂ ਕਰਦਾ ਹੈ। ਜੇ ਇਨਸਾਨ ਚਾਹੇ ਕਿ ਜਗਤ ਨੂੰ ਕੁਛ ਦੇਵੇ ਤਾਂ ਏਕਾਂਤ ਨਾਲ ਪਿਆਰ ਪਾਵੇ, ਦਾਤਾ ਹੋਣ ਲਈ ਉਸਨੂੰ ਏਕਾਂਤ ਵਿਚੋਂ ਸਾਮਾਨ ਮਿਲੇਗਾ।

ਇਕੱਲ ਵਿਚ ਸੁਰਤ ਦੇ ਆਸਰੇ ਭੱਜੇ ਹੋਏ, ਓਪਰੇ ਹੋ ਗਏ ਤੇ ਦੂਰ ਚਲੇ ਗਏ ਦਿੱਸਦੇ ਹਨ, ਤਾਹੀਓਂ ਇਕੱਲ ਵਿਚ ਉਦਾਸੀ ਡਰ ਤੇ ਵਹਿਸ਼ਤ ਛਾਉਂਦੀ ਹੈ। ਕਿਸੇ ਆਦਮੀ ਨੂੰ ਕਿਸੇ ਨਿਰਜਨ ਟਾਪੂ ਵਿਚ ਛੋੜ ਆਓ, ਛੇ ਮਹੀਨੇ ਬਾਦ ਉਸਨੂੰ ਜਾ ਕੇ ਪੁੱਛੋ ਕਿ ਤੇਰੇ ਬਾਬ ਕੀ ਵਰਤੀ ਤਾਂ ਉਹ ਇਕੱਲ ਦੇ ਮਹਾਂ ਭਜਾਨ ਨੂੰ ਦੱਸ ਸਕੇਗਾ। ਤੁਸੀਂ ਇਕ ਮੰਦਰ ਵਿਚ ਸਮਾਧੀ ਲਾ ਕੇ ਬੈਠੇ ਹੋ, ਯਾਤਰੂਆਂ ਦੀ ਗਹਿਮਾਂ ਗਹਿਮ ਹੈ ਤੇ ਭੌਣ ਭਰੇ ਪਏ ਹਨ। ਜਦ ਅੱਖ ਖੋਹਲਦੇ ਹੋ ਤਾਂ ਜੀ ਸਾਂਈਂ ਦਾ ਨਜ਼ਰੀਂ ਨਹੀਂ ਪੈਂਦਾ, ਖ਼ਯਾਲ ਕਰ ਲਓ ਉਸ ਵੇਲੇ ਦੀ ਇਕੱਲ ਦਾ ਨਕਸ਼ਾ ਤੇ ਉਸ ਦਾ ਅਸਰ! ਸੋਚ ਲਓ ਕਿ ਤੁਸੀਂ ਕਿਸੇ ਸ਼ਿਕਾਰ ਗਏ ਕਈ ਦਿਨਾਂ ਲਈ ਬਨ ਵਿਚ ਗੁਆਚ ਗਏ ਹੋ, ਕੋਈ ਪਿਆਰਾ ਨਾਲ ਨਹੀਂ, ਕੋਈ ਜਾਣੂ ਸਿਆਣੂ ਮਿਲਦਾ ਨਹੀਂ, ਕੋਈ ਓਪਰਾ ਬੀ ਨਜ਼ਰੀਂ ਨਹੀਂ ਪੈਂਦਾ, ਜੀਵ ਮਾਤ੍ਰ ਅੱਖਾਂ ਅੱਗੋਂ ਨਹੀਂ ਲੰਘਦਾ, ਉਸ ਵੇਲੇ ਦੇ ਦਿਲ-ਟੋਟੇ ਦਾ ਅੰਦਾਜ਼ਾ ਲਾ ਲਓ। ਹਾਂ ਜੀਓ, ਬਨਾਂ ਵਿਚ ਕਦੇ ਗੁਆਚੇ ਨੂੰ ਇਕੱਲ ਦੇ ਰੰਗਾਂ ਦਾ ਪਤਾ ਹੈ ਤੇ ਤਨਹਾਈ ਦੀ ਕੈਦ ਵਾਲੇ ਨੂੰ ਇਸਦੀ ਪੀੜਾ ਦਾ ਵਧੇਰੇ ਥਹੁ ਹੈ। ਬਾਬਾ ! ਇਕਲ ਬੁਰੀ।

ਉਂਜ ਦੇਖੋ ਤਾਂ ਜੀਵ ਇਕੱਲਾ ਹੈ; ਇਕੱਲਾ ਆਉਂਦਾ ਹੈ ਤੇ ਚਲਾ ਬੀ ਇਕੱਲਾ ਜਾਂਦਾ ਹੈ, ਪਰ ਇਸ ਇਕੱਲ ਦੀ ਸੋਚ ਇਸ ਨੂੰ ਨਹੀਂ ਫੁਰਦੀ, ਫੁਰੇ ਤਾਂ ਭੈ ਖਾਂਦਾ ਹੈ! ਕਿੰਤੂ ਜਗਤ ਵਿਚ ਵਸਦਿਆਂ ਇਸ ਨੂੰ ਜੇ ਕਦੇ ਇਕੱਲ ਆ ਵਾਪਰੇ ਤਾਂ ਬਹੁਤ ਦੁਖੀ ਹੁੰਦਾ ਹੈ। ਜੇ ਵੀਚਾਰ ਕਰੋ ਤਾਂ ਇਨਸਾਨ ਜਗਤ ਵਿਚ ਵਸਦਾ ਰਸਦਾ ਬੀ ਇਕੱਲ ਵਿਚ ਹੈ, ਪਰ ਦੁਆਲੇ ਵਸਦੇ ਭੀੜ ਭੜੱਕਿਆਂ ਕਰਕੇ ਇਸ ਨੂੰ ਇਸ ਆਪਦੀ ਇਕੱਲ ਦੀ ਵੀਚਾਰ ਨਹੀਂ ਫੁਰਦੀ। ਜਿਵੇਂ ਸੌ ਅੰਡੇ ਨਾਲੋ ਨਾਲ

ਪਏ ਹਨ, ਸਭ ਆਪੋ ਆਪਣੀ ਹਦਬੰਦੀ ਵਿਚ ਬੰਦ ਹਨ, ਪਏ ਹਨ ਚਾਹੋ ਕੋਲੋ ਕੋਲ ਪਰ ਹੈਨ ਅਡੋ ਅੱਡ ਇਕੱਲੇ ਇਕੱਲੇ। ਹਾਂ ਸੈ ਪਿੰਜਰੇ ਨੇੜੇ ਨੇੜੇ ਪਏ ਹਨ, ਪਰ ਪੰਛੀ ਵਿਚ ਇਕੱਲੇ ਇਕੱਲੇ ਬੈਠੇ ਹਨ। ਸੈ ਦੀਪ ਕਿਸੇ ਸਾਗਰ ਵਿਚ ਨੇੜੇ ਨੇੜੇ ਹਨ, ਵਿਚ ਜਲ ਹੈ, ਹਨ ਨੇੜੇ ਨੇੜੇ ਪਰ ਹਨ ਇਕੱਲੇ ਇਕੱਲੇ, ਆਪੋ ਆਪਣੀ ਹਦਬੰਦੀ ਦੇ ਅੰਦਰ ਵੱਖਰੇ ਵੱਖਰੇ, ਇਸੀ ਤਰ੍ਹਾਂ ਇਨਸਾਨ ਇਨਸਾਨ ਦੇ ਭਾਵੇਂ ਨੇੜੇ ਹੋਵੇ ਪਰ ਹੈ ਹਰ ਕੋਈ ਵੱਖਰਾ ਵੱਖਰਾ, ਇਕੱਲਾ ਇਕੱਲਾ। ਹਰੇਕ ਦਾ ਆਪਾ ਜੁਦਾ ਜੁਦਾ ਹੈ, ਹਰੇਕ ਦੀ ਅੰਦਰਲੀ ਦੁਨੀਆਂ ਹੈ ਆਪੋ ਆਪਣੀ। ਪੁੱਤ ਨੂੰ ਪੀੜ ਹੋ ਰਹੀ ਹੈ, ਮਾਂ ਪਾਸ ਬੈਠੀ ਟਕੋਰ ਕਰ ਰਹੀ ਹੈ, ਜਵੈਣ ਫਕਾ ਰਹੀ ਹੈ ਤੇ ਵਾਰੀ ਘੋਲੀ ਹੋ ਰਹੀ ਹੈ, ਪਰ ਜਿੱਥੇ ਕੁ ਪੁਤ੍ਰ ਨੂੰ ਪੀੜ ਪ੍ਰਤੀਤ ਹੋ ਰਹੀ ਹੈ ਓਥੇ ਮਾਂ ਦੀ ਪਹੁੰਚ ਨਹੀਂ ਹੈ। ਕਚੀਚੀਆਂ ਲੈਂਦੀ ਹੈ ਕਿ ਵੱਸ ਹੋਏ ਤਾਂ ਪੀੜ ਨੂੰ ਓਥੋਂ ਧੂ ਕੱਢਾਂ, ਪਰ ਇਡੇ ਹਿਤ ਤੇ ਹਿਤੂ ਦੇ ਪਾਸ ਹੁੰਦਿਆਂ ਬੀ ਪੁੱਤ ਪੀੜਾ-ਮੰਡਲ ਵਿਚ ਇਕੱਲਾ ਹੈ। ਇਸ ਇਕੱਲ ਦੀ ਸੋਝੀ ਵਿਰ੍ਰੇਕੀ ਵੈਰਾਗਵਾਨ ਨੂੰ ਪੈਂਦੀ ਹੈ। ਇਕ ਹੋਰ ਇਕੱਲ ਹੈ, ਜਿਸ ਵਿਚ ਇਨਸਾਨ ਖੁਸ਼ੀ ਖੁਸ਼ੀ ਵੱਸ ਰਿਹਾ ਹੈ। ਹਰ ਇਨਸਾਨ ਇਕੱਲਾ ਹੈ ਤੇ ਜਗਤ ਨਾਲ ਉਸ ਨੂੰ ਸਹਿ ਸੁਭਾ ਜੰਗ ਵਾਪਰ ਰਿਹਾ ਹੈ। ਹਰੇਕ ਆਪਣੇ ਲਾਭ ਦੇ ਮਗਰ ਹੈ, ਦੂਏ ਨੂੰ ਓਪਰਾ ਜਾਣ ਕੇ ਉਸ ਦੇ ਲਾਭ ਦਾ ਕਿਸੇ ਨੂੰ ਫਿਕਰ ਨਹੀਂ। ਆਪਣਾ ਲਾਭ ਲੈਣ ਵੇਲੇ, ਆਪਣਾ ਨੱਫਾ ਕੱਢਣ ਵੇਲੇ, ਦੂਏ ਨਾਲ ਦਰਦ ਨਹੀਂ ਫੁਰਦਾ ਸਗੋਂ ਉਸ ਦੀ ਹਾਨੀ ਦੀ ਬੀ ਪਰਵਾਹ ਨਹੀਂ ਰਹਿੰਦੀ। ਐਉਂ ਬੀ ਹਰ ਕੋਈ ਇਕੱਲਾ ਹੈ ਤੇ ਇਕੱਲ ਉਸ ਦੇ ਅੰਦਰ ਵਾਪਰ ਰਹੀ ਹੈ। ਹਾਂ ਜੀਓ, ਇਹ ਇਕੱਲ ਬਾਹਰ ਦੀ ਨਹੀਂ ਅੰਦਰ ਦੀ ਹੈ। ਆਪਣਾ ਲਾਭ ਤੇ ਲਾਭ ਵਿਚ ਜਤਨ (ਕਸ਼-ਮਕਸ਼) ਤੇ ਇਸ ਜਤਨ ਤੋਂ ਪ੍ਰਾਪਤ ਹੋਈ ਜਿੱਤ ਦਾ ਰਸ ਇਸ ਇਕੱਲ ਦੀ ਸੋਝੀ ਨਹੀਂ ਪੈਣ ਦੇਂਦਾ।

ਇਕ ਹੋਰ ਇਕੱਲ ਹੈ ਜੋ ਭੀੜਾਂ ਵਿਚ ਬੀ ਆ ਵਾਪਰਦੀ ਹੈ। ਕਿਸੇ ਨੂੰ ਹਵਾਈ ਜਹਾਜ਼ ਤੇ ਚੜ੍ਹਾਕੇ ਪੰਜ ਹਜ਼ਾਰ ਮੀਲ ਤੇ ਜਾ ਕੇ ਕਿਸੇ ਘੁੱਘ ਵਸਦੇ ਨਗਰ ਵਿਚ ਛੋੜ ਆਓ, ਜਿਥੋਂ ਦੇ ਵਾਸੀਆਂ ਦੀ ਕਿ ਉਹ ਬੋਲੀ ਬੀ ਨਹੀਂ ਜਾਣਦਾ। ਉਸ ਗਹਿਮਾ ਗਹਿਮ ਵਿਚ ਉਸ ਓਪਰੇ ਨੂੰ 'ਭੀੜ ਵਿਚ ਵਾਪਰਨ ਵਾਲੀ ਇਕੱਲ' ਦਾ ਥਹੁ ਪਏਗਾ ਤੇ ਉਸ ਨੂੰ ਇਸ ਤੋਂ ਛੁਟਕਾਰੇ ਦਾ ਰਸ ਤਦੋਂ ਪਵੇਗਾ ਜਦੋਂ ਡਾਂਵਾਂ ਡੋਲ ਹੋਏ ਨੂੰ ਇਕ ਓਪਰਾ ਹੀ ਭਾਵੇਂ ਹੋਵੇ, ਉਸ ਦੀ ਬੋਲੀ ਸਮਝਣ ਵਾਲਾ ਮਿਲ ਪਵੇ।

ਇਕ ਇਕੱਲ ਹੋਰ ਹੈ। ਜਦੋਂ ਭੀੜਾਂ ਬੀ ਦੁਆਲੇ ਹੈਨ, ਜਾਣੂ ਸਿਆਣੂ ਬੀ ਹੈਨ, ਕੋਈ ਦਰਦ ਵੰਡਾਉਣ ਵਾਲੇ ਬੀ ਹੈਨ, ਪਰ ਕੋਈ ਇਕ ਪਿਆਰਾ, ਜਿਸ ਨੂੰ ਆਪਣੀ ਸੁਰਤ ਦਾ ਆਧਾਰ ਬਣਾ ਲਿਆ ਸੀ, ਉਹ ਬਿਨਸ ਗਿਆ ਹੈ; ਹਾਂ, ਇਸ ਇਕੱਲਾਂ ਵਾਲੇ ਜਗਤ ਵਿਚ, ਜਿਥੇ ਬਾਹਰ ਭੀ 'ਵਿੱਥ' ਦਾ ਪਸਾਰਾ ਹੈ ਤੇ ਅੰਦਰ ਬੀ ਵਿੱਥ ਦਾ ਖਿਲਾਰਾ ਹੈ, ਇਕ ਪਿਆਰ ਹੈ-ਹਮਦਰਦੀ ਹੈ-ਜੇ ਇਸ ਵੇਲੇ ਕਿਤੋਂ ਉਹ ਆ ਪ੍ਰਕਾਸ਼ੇ ਤਾਂ ਇਕੱਲ ਰੂਪੀ ਵਿੱਥ ਤੇ ਪੁਲ ਬਣ ਜਾਂਦਾ ਹੈ। ਇਸੇ ਪੁਲ ਸ਼੍ਰੇਣੀ ਦੇ ਆਸਰੇ ਇਨਸਾਨ ਆਪਣੀ ਕੁਦਰਤੀ 'ਇਕੱਲ' ਨੂੰ ਭੁੱਲਾ ਰਹਿੰਦਾ ਹੈ। ਪਰ ਜਦੋਂ ਕਦੀ ਇਹ ਪੁਲ ਟੁੱਟੇ, ਜਾਂ ਕੋਈ ਪਿਆਰਾ, ਜਿਸ ਨਾਲ ਕਿ ਸੁਰਤ ਨੇ ਇਹ ਪਜਾਰ ਲਗਾਉ ਦਾ ਪੁਲ ਬਣਾ ਲਿਆ ਸੀ, ਵਿਛੁੜੇ ਤਾਂ ਇਕੱਲ ਅੰਦਰ ਆ ਵੜਦੀ ਹੈ, ਉਹ ਲੋਕਾਂ ਦੇ ਪਾਸ ਹੁੰਦਿਆਂ ਬੀ ਇਕੱਲ ਦੀ ਪੀੜ ਝਰਨਾਟ ਦੇਂਦੀ ਹੈ।

### ੨. (ਇਕੱਲ ਦੀ ਰਾਤ)

ਇਕ ਪੋਠੋਹਾਰ ਦੀ ਬੀਬੀ ਹੈ, ਜਿਸ ਦਾ ਪ੍ਰਾਣਪਤੀ ਐਨ ਜਵਾਨੀ ਵਿਚ ਸੰਸਾਰ ਤੋਂ ਟੁਰ ਗਿਆ ਹੈ। ਬੀਬੀ ਆਪ ਬੀ ਜੁਆਨ ਹੈ, ਸਡੌਲ, ਸੁਹਣੀ, ਸਰੂ ਵਾਂਗੂੰ ਲੰਮੀ ਤੇ ਮੁਘੜ ਬੀ ਹੈ। ਨਾਮ ਬੀ ਇਸ ਦਾ 'ਸੁਘੜੋ' ਹੀ ਪ੍ਰਸਿੱਧ ਹੈ। ਇਸ ਦੇ ਪੇਕੇ ਬੀ ਸ਼ਾਹੂਕਾਰ ਸਨ, ਧੀ ਇਕੋ ਸੀ, ਓਹ ਗੁਜ਼ਰ ਚੁਕੇ ਹਨ ਤੇ ਪਦਾਰਥ ਸਾਰਾ ਇਸ ਸੁੱਖੇ ਲੱਧੀ ਧੀ ਨੂੰ ਦੇ ਗਏ ਹਨ। ਪਤੀ ਆਪ ਬੀ ਚੋਖੇ ਪੈਸੇ ਵਾਲਾ ਸੀ। ਇਸ ਦੇ ਪੁੱਤ੍ਰ ਧੀ ਨਾ ਹੋਣ ਕਰਕੇ ਉਹ ਪਦਾਰਥ ਬੀ ਸਾਰਾ ਸੁਘੜੋ ਦੇ ਪਾਸ ਹੈ। ਦੁਵੱਲਿਓਂ ਆਈ ਦੌਲਤ ਇਸ ਦੇ ਪੈਰ ਚੁੰਮ ਰਹੀ ਹੈ, ਪਰ ਇਹ ਹੈ ਇਕੱਲੀ! ਨਾ ਹਨ ਪੇਕੇ, ਨਾ ਸਹੁਰੇ, ਨਾ ਪਿਤਾ, ਨਾ ਪਤੀ, ਨਾ ਮਾਂ, ਨਾ ਸੱਸ। ਅਗੋਂ ਵੇਲ ਵਧੀ ਨਹੀਂ, ਨਾ ਹੈ ਪੁੱਤ ਨਾ ਹੈ ਧੀ। ਸੰਸਾਰ ਵਿਚ ਬੈਠੀ ਹੈ ਇਹ ਬੀਬੀ ਇਕੱਲੀ, ਨੌਕਰ ਚਾਕਰ ਹੈਨ, ਦੂਰ ਨੇੜੇ ਦੇ ਸੰਬੰਧੀ ਹੈਨ, ਕੁਸ਼ਾਮਤੀ ਬੀ ਅਨੇਕਾਂ

ਹੈਨ, ਧਨ ਪਿੱਛੇ ਜੀ ਜੀ ਕਹਨ ਵਾਲੇ ਬੀ ਹੈਨ, ਪਰ ਉਹ ਆਪ ਨੂੰ ਇਕੱਲ ਵਿਚ ਹੀ ਵੇਖ ਰਹੀ ਹੈ। ਬਾਹਰ ਇਕੱਲ ਪਿਆਰਨ ਵਾਲਿਆਂ ਦੇ ਬਿਨਸ ਜਾਣ ਦੀ, ਅੰਦਰ ਇਕੱਲ ਹੈ ਸੁਰਤ ਦੇ ਆਸਰੇ-ਪਤੀ-ਦੇ ਵਿਯੋਗ ਦੀ। ਅੱਧੀ ਰਾਤ ਹੈ, ਗਰਮੀ ਦੀ ਰੁਤ ਹੈ, ਧੁਰ ਛੱਤ ਤੇ ਪਲੰਘ ਡੱਠਾ ਹੈ, ਜਿਸ ਉਤੇ ਇਹ ਬੀਬੀ ਲੇਟ ਰਹੀ ਹੈ। ਹਾਂ ਸੁਘੜੋ ਲੇਟੀ ਤਾਂ ਹੈ, ਪਰ ਹੈ ਜਾਗਦੀ ਤੇ ਗੱਲਾਂ ਕਰ ਰਹੀ ਹੈ ਤਾਰਿਆਂ ਨਾਲ:-

ਹੇ ਅਸਗਾਹ ਨੀਲ ਦੇ ਤਾਰੂਓ, ਤੁਸੀਂ ਬੀ ਮੈਨੂੰ ਮੇਰੇ ਹਾਰ[1] ਇਕੱਲੇ ਇਕੱਲੇ ਦਿੱਸ ਰਹੇ ਹੋ। ਕੋਈ ਕਿਸੇ ਦੇ ਨਾਲ ਨਹੀਂ। ਵਿੱਥਾਂ, ਖਬਰੇ ਕੇਡੀਆਂ ਕੁ ਪਈਆਂ ਹਨ ਤੁਸਾਂ ਦੇ ਵਿਚ ਵਿਚ, ਪਰ ਤੁਸੀਂ ਫੇਰ ਪਏ ਚਮਕਦੇ ਹੋ। ਮੈਂ ਕਿਉਂ ਸੁਸਦੀ ਜਾਂਦੀ ਹਾਂ ? ਮੇਰੇ ਪਾਸ ਤੁਸਾਂ ਹਾਰ[1] ਚਮਕਦੇ ਜਵਾਹਰਾਤ ਹਨ; ਮੇਰੀ ਚਮਕ ਕਿਉਂ ਮਾਰੀ ਗਈ ? ਨੌਕਰ ਚਾਕਰ ਬਾਂਦੀਆਂ ਬੀ ਹਨ, ਮਹਿਮਾਂ ਕਰਨ ਵਾਲੇ ਬੀ ਹਨ, ਫੇਰ ਮੈਂ ਕਿਉਂ ਇਕੱਲੀ ਇਕੱਲੀ ਲਗਦੀ ਹਾਂ! ਐਨੇ ਲੋਕਾਂ ਦੇ ਪਾਸ ਹੁੰਦਿਆਂ, ਹਾਇ, ਇਹ ਮੈਨੂੰ ਕਿਉਂ ਖਾ ਰਹੀ ਹੈ! ਸੁਘੜੋ ! ਪਿਤਾ ਜੀ ਨੇ ਤੈਨੂੰ ਵਿਦਜਾ ਪੜ੍ਹਾਈ ਸੀ, 'ਜਗਤ ਅਸਾਰ ਹੈ' ਤੂੰ ਪੜ੍ਹਿਆ ਸੀ। 'ਕੋਈ ਕਿਸੇ ਦੇ ਨਾਲ ਨਹੀਂ, ਕੱਲਾ ਆਉਂਦਾ ਕੱਲਾ ਟੁਰ ਜਾਂਦਾ ਹੈ। ਵਿੱਚ ਵਿਚਾਲੇ ਕੱਲਾ ਹੋ ਗਿਆ ਤਾਂ ਹੋ ਗਿਆ ਸਹੀ। ਪਰ ਹਾਂ, ਸੋਚਾਂ ਤਦੋਂ ਚੰਗੀਆਂ ਲਗਦੀਆਂ ਸਨ, ਪਰ ਹੁਣ ਕੰਮ ਨਹੀਂ ਸਾਰਦੀਆਂ। ਹਿਰਦੇ ਪੀੜ ਹੈ ਤੇ ਹਟਦੀ ਨਹੀਂ। ਬਾਪੂ ਜੀਓ, ਬਾਪੂ ਜੀਓ ! ਆਓ ਦੇਖੋ ਲਾਡਾਂ ਪਲੀ ਕਿਵੇਂ ਵਿਲਕ ਰਹੀ ਹੈ। ਮੌਤ, ਬੁਰੀ ਮੌਤ, ਵਿਛੋੜਿਆਂ ਦੀ ਛੁਰੀ ਮੌਤ,-ਮਾਂ ਵਿਛੋੜੀ, ਪਿਤਾ ਵਿਛੋੜੇ, ਪਤੀ ਬੀ ਨਾ ਛੋੜਿਆ, ਪਰ ਹਾਇ, ਮੌਤ ਰਹਿਮਤ ਬੀ ਹੈ। ਤੁਸੀਂ ਮਰੇ ਬਾਪੂ ਜੀਓ ਤਾਂ ਮੈਂ ਗ਼ਮ ਖਾਧਾ ਸੀ ਕਿ ਹਾਇ ਕਿਉਂ ਟੁਰ ਗਏ, ਪਰ ਮੈਂ ਅੱਜ ਦੇਖਦੀ ਹਾਂ ਕਿ ਤੁਸਾਂ ਤੇ ਮੌਤ ਨੇ ਰਹਿਮਤ ਕੀਤੀ ਸੀ। ਜੇ ਤਦੋਂ ਓਹ ਆਪ ਨੂੰ ਨਾ ਲੈ ਜਾਂਦੀ ਤਾਂ ਅਜ ਤੁਸੀਂ ਮੈਨੂੰ ਦੁਖੀ ਦੇਖ ਕੇ ਦੁਖੀ ਹੁੰਦੇ ਤੇ ਜੇ ਓਹ ਤਦੋਂ ਮੈਨੂੰ ਬੀ ਸਮੇਟ ਲੈਂਦੀ ਤਾਂ ਮੈਂ ਬੀ ਪਤੀ-ਵਿਯੋਗ ਦਾ ਦੁਖ ਅੱਜ ਨਾ ਦੇਖਦੀ। ਮੌਤ ਰਹਿਮਤਾਂ ਵਾਲੀ ਹੈ, ਪਰ ਇਸ ਦੀ ਮਿਹਰ ਇਸ ਦੀ ਆਪਣੀ ਖੁਸ਼ੀ ਤੇ ਹੈ। ਮੰਗਿਆਂ ਖ਼ੈਰ ਨਹੀਂ ਪਾਉਂਦੀ ਅਪਣੀ ਖੁਸ਼ੀ ਨਾਲ ਮੇਹਰਾਂ ਦੇ ਮੀਂਹ ਵਸਾ ਦੇਂਦੀ ਹੈ। ਇਸ ਦੇ ਬਥੇਰੇ ਤਰਲੇ ਕੱਢੇ ਕਿ ਮੈਨੂੰ ਬੀ ਲੈ ਚੱਲ ਪਤੀ ਦੇ ਨਾਲ, ਪਰ ਇਕ ਨਾ ਸੁਣੀ ਇਸ ਆਪਣੀ ਕੀਤੀ ਕਰਨਹਾਰ ਨੇ !

ਕਟਦੀ ਨਹੀਂ ਦੁੱਖ ਦੀ ਰਾਤ, ਕਿਵੇਂ ਕਟੇਗੀ ਦੁਖਦੀ ਉਮਰ, ਕਿਵੇਂ ਹੋਇਗੀ ਪ੍ਰਭਾਤ। ਨੈਨਾਂ ਨਹੀਂ ਪੈਂਦੀ ਏ ਨੀਂਦ, ਕਿਵੇਂ ਆਵੇਗੀ ਸਦਾ ਦੀ ਨੀਂਦ, ਨੀਂਦ ਸੁਲੱਖੀ ਕਦੋਂ ਪਾਵੇਗੀ ਝਾਤ ! ਨਹੀਂ ਆਵੇਗੇ ਪ੍ਰੀਤਮ ! ਫੇਰ, ਸੁਘੜੋ ਨਾ ਦੇਖੇਗੀ ਫੇਰ ਫੇਰੇ ਫਿਰਨ ਵਾਲੀ ਓ ਰਾਤ।

### ੩. (ਇਕੱਲ ਤੋਂ ਨਿਕਲਣ ਦੇ ਤਰਲੇ)

**ਵਿਆਕੁਲਤਾ** ਤੇ ਘਬਰਾ ਸੁਘੜੋ ਦਾ ਕਿਸੇ ਕਿਸੇ ਵੇਲੇ ਸ਼ੁਦਾ ਵਾਂਙੂ ਹੋ ਹੋ ਜਾਂਦਾ ਸੀ, ਪਰ ਕੋਈ ਕੁਦਰਤੀ ਬਲ ਸੀ ਮਨ ਵਿਚ ਤੇ ਕੁਛ ਪੜ੍ਹੀ ਹੋਈ ਸੀ, ਡਾਢੇ ਘਬਰਾਵਾਂ ਵੇਲੇ ਉਹ ਕੋਈ ਰਸਤਾ ਟੋਲਦੀ ਸੀ ਉਸ ਅੰਦਰ ਵਾਪਰੀ ਇਕੱਲ ਤੋਂ ਛੁੱਟਣ ਦਾ। ਦਿਨ ਚਾਲੀ ਕਹਿਰ ਦੇ ਬੀਤੇ ਰੋਂਦਿਆਂ ਤੇ ਵਿਲਪਦਿਆਂ। ਇਕ ਰਾਤ ਤਾਰੇ ਗਿਣੇਂਦੀ ਨੂੰ ਸੋਝੀ ਫੁਰੀ ਕਿ ਉਹ ਤਾਂ ਹੁਣ ਗਿਆ ਤੇ ਆ ਨਹੀਂ ਸਕਦਾ, ਕੋਈ ਆਦਿ ਜੁਗਾਦਿ ਆਯਾ ਨਹੀਂ; ਕੀ ਮੈਂ ਕਿਸੇ ਸ਼ੈ ਨੂੰ ਹੁਣ ਮੋੜ ਬੀ ਸਕਦੀ ਹਾਂ ?

ਸਿਆਣਪ ਵਾਲੇ ਤੇ ਸੋਝੀ ਵਾਲੇ ਮਨ ਨੇ ਸੋਚਿਆ ਕਿ ਪਤੀ ਪਿਆਰੇ ਦੀ ਯਾਦ ਮੈਂ ਸੰਭਾਲ ਸਕਦੀ ਹਾਂ। ਉਸ ਦੇ ਮੇਲ ਦਾ ਸੁਖ ਅੰਤ ਮਨ ਨੂੰ ਹੀ ਹੁੰਦਾ ਸੀ ਨਾ ਤੇ ਜੋ ਸ਼ੈ ਮੈਨੂੰ ਦੁਖ ਦੇ ਰਹੀ ਹੈ ਉਹ ਬੀ ਹੈ ਮਨ ਵਿਚ ਉਹਨਾਂ ਸੁਖਾਂ ਦੀ ਯਾਦ। ਮੈਂ ਹੁਣ ਰੁੜ੍ਹਦੀ ਹਾਂ ਵਿਜੋਗ ਦੀ ਪੀੜਾ ਵਿਚ, ਕਿਉਂ ਨਾ ਜੀਵਾਂ 'ਮੇਲਰਸ ਦੀ ਯਾਦ' ਵਿਚ। ਉਹ ਛਿਨਾਂ, ਉਹ ਘੜੀਆਂ, ਉਹ ਵਕਤ ਦੇ ਲਹਿਰਾਉ ਜੋ ਲੰਘੇ ਪਤੀ ਪ੍ਰੇਮ ਦੇ ਆਨੰਦ ਵਿਚ, ਕੀ ਮੈਂ ਉਹਨਾਂ ਦੀ ਯਾਦ ਵਿਚ ਜੀਉ ਨਹੀਂ ਸਕਦੀ। ਇਹ ਸੋਚਕੇ ਸੁਘੜੋ ਨੇ ਆਪਣੇ ਮਨ ਨੂੰ ਲੱਗੀ ਚੋਟ ਦਾ ਦਾਰੂ ਲੱਭ ਲਿਆ। ਹਾਂ, ਆਖੇ: ਹੇ ਇਕੱਲ ਜੇ ਤੂੰ ਵੜ ਗਈ ਹੈਂ ਮੇਰੇ ਮਨ ਵਿਚ, ਨਿਕਲ ਕਿ ਇਥੇ ਮੈਂ 'ਪੀਅ ਰਸ ਦੀ ਯਾਦ' ਵਸਾਵਾਂ ਹੁਣ। ਇਸ ਯਤਨ ਵਿਚ ਲੱਗਿਆਂ ਉਸ ਨੂੰ ਸੁਖ ਨਾਲ

1. ਪੋਠੋਹਾਰੀ ਬੋਲੀ ਵਿਚ 'ਹਾਰ' ਕਹਿੰਦੇ ਹਨ 'ਵਾਂਙੂ' ਨੂੰ।

ਬੀਤਣ ਵਾਲਾ ਸਮਾਂ ਆ ਜਾਵੇ। ਪਰ ਫਿਰ ਵਿਯੋਗ ਪੀੜਾ ਤੇ ਇਕੱਲਾਪਿਆਂ ਹੋਣ ਦਾ ਰੌ ਟੁਰ ਪਵੇ। ਇਸ ਦਾ ਦਾਰੂ ਇਸ ਨੇ ਇਹ ਕੀਤਾ ਕਿ ਪਤੀ ਦੀ ਇਕ ਮੂਰਤਿ ਨੂੰ ਇਕ ਪਲੰਘ ਤੇ ਸਜਾ ਦਿੱਤਾ ਤੇ ਇਸਦੀ ਬੁਤ ਪੂਜਾ ਵਾਂਙੂ ਪੂਜਾ ਆਰੰਭੀ। ਜਦੋਂ ਦਿਲ ਟੋਟ ਪਵੇ ਤਾਂ ਮੂਰਤ ਦੇ ਸਾਹਮਣੇ ਆ ਕੇ ਆਖੇ: 'ਤੁਸੀਂ ਹੋ ਨਾ ਤੁਸੀਂ, ਤੁਸਾਂ ਦੇ ਪ੍ਰੇਮ-ਰਸ ਦੀਆਂ ਛਿਨਾਂ ਦੀ ਯਾਦ ਮੇਰੇ ਅੰਗ ਸੰਗ ਹੈ; ਹਾਂ ਤੁਸੀਂ ਹੋ ਨਾ ਤੁਸੀਂ'। ਇਉਂ ਆਖੇ ਤੇ ਨੈਣ ਮੁੰਦ ਕੇ ਬੈਠ ਜਾਵੇ ਤੇ ਪਿਆਰ ਵਾਲੀਆਂ ਛਿਨਾਂ ਵਿਚ ਆਏ ਰਸ ਭਾਵ ਯਾਦ ਕਰੇ। ਇਉਂ ਸੁਰਤਿ ਵਿਚੋਂ ਨਿਕਲੇ ਇਕੱਲ ਭਾਵ ਦਾ ਕੁਰੱਸ। ਐਦਾਂ ਲੱਗਾ ਬੀਤਣ ਸੁਘੜੋ ਦਾ ਕਾਲ। ਐਉਂ ਕੀਤਾ ਉਸ ਨੇ ਆਪਣੇ ਮਨ ਨਾਲ ਆਪਣੇ ਵਿਯੋਗ ਤੇ ਇਕੱਲ ਦਾ ਇਲਾਜ।

੪. (ਮੂਰਤੀ ਪੂਜਾ। ਪਤੀ ਤੋਂ ਸ੍ਰੀ ਰਾਮ)

**ਕਿਸੇ** ਪਿਆਰੇ ਦੇ ਵਿਯੋਗ ਦੇ ਲੱਗੇ ਘਾਉ ਦਾ ਇਲਾਜ ਸਮਾਂ ਬੀ ਕਰਦਾ ਹੈ। ਦਾਨੇ ਕਹਿੰਦੇ ਹਨ, ਕਿ ਐਸੇ ਘਾਵਾਂ ਦਾ ਭਰਨਾ ਵਰ੍ਹਾ ਤਾਂ ਅਕਸਰ ਲੈ ਜਾਂਦਾ ਹੈ, ਪਰ ਘਾਵਾਂ ਦੇ ਭਰਨ ਸਮੇਂ ਦਾ ਹਿਸਾਬ ਘਾਵਾਂ ਦੀ ਡੂੰਘਾਈ ਉਤੇ ਹੁੰਦਾ ਹੈ। ਸੁਘੜੋ ਦੇ ਸੁਤੇ ਹੀ ਸੁਘੜ ਮਨ ਨੂੰ ਇਕ ਦਾਰੂ ਤਾਂ ਅੰਦਰੋਂ ਹੀ ਲੱਭ ਪਿਆ ਸੀ, ਪਰ ਉਸ ਵਿਚ ਉਹ ਟਿਕਵਾਂ ਭਰੋਸਾ ਨਹੀਂ ਸੀ ਜੋ ਕਿਸੇ ਸਤਿਸੰਗ ਤੋਂ ਮਿਲੀ ਸਾਂਈਂ ਦੀ ਯਾਦ ਵਿਚ ਉਪਜਦਾ ਹੈ। ਇਸੇ ਕਰਕੇ ਉਸ ਨੂੰ ਮੂਰਤੀ ਦਾ ਬੀ ਆਸਰਾ ਲੈਣਾ ਪਿਆ। ਇਸ ਆਸਰੇ ਸੁਘੜੋ ਕੁਛ ਕੁ ਬਚ ਗਈ, ਰੋੜ੍ਹਾਂ ਤੇ ਵਹਿਣਾਂ ਤੋਂ। ਜਾਇਦਾਦ ਤੇ ਪਦਾਰਥ ਦਾ ਪ੍ਰਬੰਧ ਬੀ ਉਸ ਦਾ ਸਮਾਂ ਲੈਂਦੇ ਸਨ, ਏਹ ਰੋਝੇ ਬੀ ਵਿਯੋਗ ਤੇ ਇਕੱਲ ਦੇ ਦੁਖ ਨੂੰ ਭੁਲਾਉਂਦੇ ਸਨ, ਪਰ ਉਸ ਨੇ ਇਕ ਬਾਹਰਲਾ ਆਸਰਾ ਹੋਰ ਲੱਭਾ। ਆਏ ਗਏ ਸਾਧੂ ਮਹਾਤਮਾਂ ਲਈ ਕੁਟੀਆਂ ਪੁਵਾਈਆਂ। ਦੁਆਲੇ ਇਕ ਬਗੀਚਾ ਬੀ ਲੁਆਇਆ, ਤੇ ਅੰਨ ਪਾਣੀ ਦਾ ਪ੍ਰਬੰਧ ਬੀ ਕਰ ਦਿੱਤਾ।

ਕਿਸੇ ਇਸਤ੍ਰੀ ਪਾਸ ਪਦਾਰਥ ਹੋਵੇ, ਫੇਰ ਵਿਧਵਾ ਹੋਵੇ ਇਹ ਗੱਲ ਸਾਕ ਸਨਬੰਧੀ, ਜਾਣੂ ਅਜਾਣੂ ਸਭ ਨੂੰ ਖਿੱਚ ਪਾ ਦੇਂਦੀ ਹੈ, ਕਿ ਕਿਸੇ ਹੀਲੇ ਹਵਾਲੇ ਇਸ ਦਾ ਧਨ ਮੁੱਛੀਏ। ਜਦੋਂ ਵਰ੍ਹਾ ਕੁ ਬੀਤ ਚੁਕਾ ਸੀ ਤੇ ਸੁਘੜੋ ਦਾ ਮਨ ਅਪਣੀ ਜਾਇਦਾਦ ਦੇ ਪ੍ਰਬੰਧ ਆਦਿ ਵਿਚ ਲੱਗ ਪਿਆ ਤਾਂ ਸੁਘੜੋ ਕੁਝ ਕੁ ਖਿੜੀ, ਕਿਸੇ ਵੇਲੇ ਖੁਸ਼ ਵੀ ਦਿੱਸ ਪੈਂਦੀ ਤਾਂ ਨੇੜੇ ਦੇ ਸਹੁਰੇ ਸਾਕਾਂ ਆਦਿਕਾਂ ਵਿਚੋਂ ਜਤਨ ਹੋਣ ਲਗੇ ਗੱਭਰੂਆਂ ਦੇ ਕਿ ਭਾਵੇਂ ਹਿੰਦੂ ਮਤ ਵਿਚ ਵਿਧਵਾ ਵਿਵਾਹ ਦੀ ਖੁੱਲ੍ਹ ਨਹੀਂ ਤੇ ਉੱਚ ਜਾਤੀਆਂ ਵਿਚ ਬੜੀ ਹੀਣਤਾ ਸਮਝੀ ਜਾਂਦੀ ਹੈ, ਪਰ ਜੇ ਇਤਨੇ ਧਨ ਵਾਲੀ ਵਿਧਵਾ ਹੱਥ ਲਗ ਜਾਏ ਤਾਂ ਇੱਜ਼ਤ ਤੇ ਬਿਰਾਦਰੀ ਦੇ ਨੱਕ ਨਮੂਜ ਨੂੰ ਕੀਹ ਕਰਨਾ ਹੈ, ਪਦਾਰਥ ਦੀ ਮੌਜ ਤਾਂ ਮਿਲ ਜਾਏਗੀ। ਇਸ ਤਰ੍ਹਾਂ ਦੇ ਕਈ ਜਤਨ ਹੋਏ ਪਰ ਸੁਘੜੋ ਤੇ ਕਿਸੇ ਦਾ ਅਸਰ ਨਾ ਪਿਆ। ਸੁਘੜੋ ਸੁਤੇ ਹੀ ਉਸ ਅਕਲ ਦੀ ਮਾਲਕ ਸੀ ਜਿਸ ਨੂੰ ਕਿ 'ਸਾਧਾਰਨ ਪਾਹਖੂ ਬੁੱਧੀ' ਕਹਿਣਾ ਚਾਹੀਏ; ਇਸ ਕਰਕੇ ਇਹ ਮਾਮਲਿਆਂ ਨੂੰ ਬਿਨਾਂ ਬਹੁਤ ਸਿਰ ਭੰਨੇ ਦੇ ਛੇਤੀ ਸਮਝ ਜਾਂਦੀ ਸੀ। ਜੇ ਲੋੜ ਪਵੇ ਤਾਂ 'ਵਿਵੇਕ ਬੁੱਧੀ' ਬੀ ਰੱਖਦੀ ਸੀ ਤੇ ਗੱਲ ਦੀ ਤਹਿ ਤਕ ਅੱਪੜਨ ਵਿਚ ਭੁੱਲ ਘੱਟ ਖਾਂਦੀ ਸੀ। ਬ੍ਰਿਜ ਭਾਸ਼ਾ ਦੇ ਕੁਛ ਗ੍ਰੰਥ ਪੜ੍ਹਨ ਕਰ ਕੇ ਬੁੱਧੀ ਸਾਣ ਬੀ ਚੜ੍ਹ ਗਈ ਹੋਈ ਸੀ, ਇਸ ਕਰ ਕੇ ਹਰ ਗੱਲ ਨੂੰ ਪੜਛ ਲੈਣ ਵਾਲੀ ਤਾਕਤ ਬੀ ਇਸ ਵਿਚ ਕਾਫੀ ਸੀ। ਸੋ ਇਹ ਆਪਣੇ ਉਨ੍ਹਾਂ ਸਜਣਾਂ ਦੇ ਆਸ਼ੇ ਇੰਦੀਏ ਤਾੜ ਗਈ ਕਿ ਜੋ ਇਸਨੂੰ ਆਪਣੇ ਵੱਸ ਵਿਚ ਕਰਕੇ ਇਸਦੇ ਪਦਾਰਥ ਨੂੰ ਅਪਨਾਉਣ ਦੇ ਹੀਲੇ ਕਰਦੇ ਸਨ। ਹਿੰਦੂ ਧਰਮ ਵਿਚ ਪਲੀ ਤੇ ਖੱਤ੍ਰੀ ਘਰਾਣੇ ਦੀ ਹੋਣ ਕਰਕੇ ਪਤੀ-ਵਿਯੋਗ ਮਗਰੋਂ ਹੋਰ ਪੁਰਖ ਦਾ ਖਿਆਲ ਇਸ ਨੂੰ ਪ੍ਰਿਯ ਨਹੀਂ ਸੀ ਲਗ ਸਕਦਾ। ਲੋਕ ਲਾਜ ਬੀ ਇਕ ਭਾਰੀ ਰੋਕ ਸੀ, ਪਰ ਪਤੀ-ਪ੍ਰੇਮ; ਜੋ ਇਸ ਨੂੰ ਇਸ਼ਕ ਵਾਂਗੂ ਸੀ, ਉਹ ਸੁਰਤ ਨੂੰ ਇਕ ਖਿੱਚ ਵਿਚ ਰਖਦਾ ਸੀ। ਇਨ੍ਹਾਂ ਤੇ ਐਸੇ ਕਾਰਣਾਂ ਕਰਕੇ ਜਿਸ ਜਿਸ ਨੇ ਇਸ ਨੂੰ ਆਪਣੀ ਬਨਾਉਣ ਦਾ ਯਤਨ ਕੀਤਾ, ਉਹ ਹਾਰ ਗਿਆ ਤੇ ਸੁਘੜੋ ਹਰ ਐਸੇ ਪੇਸ਼ ਆਏ ਮਾਮਲੇ ਵਿਚ ਜਿੱਤਦੀ ਰਹੀ। ਹਰ ਜਿੱਤ ਉਸ ਦੇ ਮਨ ਨੂੰ ਵਧੇਰੇ ਮਜ਼ਬੂਤ ਕਰਦੀ ਗਈ, ਪਰ ਨਾਲ ਹੀ ਸੰਸਾਰ ਤੋਂ ਵੈਰਾਗ ਵਧਦਾ ਗਿਆ। ਆਪਣੇ ਧਨ ਦੇ ਮਾਮਲੇ ਵਿਚ ਇਕ ਘਰ ਦੇ ਪੁਰਾਤਨ ਨੌਕਰ ਤੋਂ ਸਿਵਾ ਕਿਸੇ ਤੇ ਇਸ ਨੂੰ ਇਤਬਾਰ ਨਾ ਰਿਹਾ ਤੇ ਇਹ ਵਧੇਰੇ ਚੌਕਸਤਾਈ ਨਾਲ ਉਸ ਨੂੰ ਸੰਭਾਲਦੀ ਰਹੀ। ਇਥੋਂ ਮਿਲੇ ਵੈਰਾਗ ਤੋਂ ਉਸ ਦਾ ਝੁਕਾਉ ਸਤਿਸੰਗ

ਵਲ ਪੈ ਗਿਆ, ਜਿਸ ਵਿਚ ਇਸ ਨੂੰ ਦਿੱਸੇ ਕਿ ਰੂਹ ਦਾ ਭਲਾ ਹੋਊ ਤੇ ਪਦਾਰਥ ਦੀ ਸਫਲਤਾ ਦਾ ਅਵਸਰ ਮਿਲਦਾ ਰਹੂ। ਕੁਟੀਆਂ ਜੋ ਪੁਵਾਈਆਂ ਸਨ ਓਥੇ ਨੌਕਰ ਕੰਮ ਕਰਦੇ ਸਨ, ਪਰ ਹੁਣ ਇਹ ਆਪ ਓਥੇ ਜਾਣ ਆਉਣ ਲਗ ਪਈ। ਵਿਦਵਾਨਾਂ ਤੇ ਭਲੇ ਪੁਰਖਾਂ ਨਾਲ ਵੀਚਾਰ ਦਾ ਓਥੇ ਸਮਾਂ ਮਿਲ ਜਾਂਦਾ ਸੀ, ਜਿਸ ਨਾਲ ਉਸ ਨੂੰ ਆਪਣੀ ਅੰਤ੍ਰੀਵ ਭੁੱਖ ਲਈ ਭੋਜਨ ਮਿਲ ਜਾਂਦਾ ਤੇ ਹੱਥ ਨਾਲ ਅੰਨ ਪਾਣੀ ਦੀ ਸੇਵਾ ਕਰਕੇ ਜੋ ਅਸ਼ੀਰਵਾਦਾਂ ਮਿਲਦੀਆਂ ਯਾ ਸਾਧੂ ਲੋਕ ਮਹਿਮਾਂ ਕਰ ਜਾਂਦੇ ਉਹ ਬੀ ਸੁਰਤ ਨੂੰ ਕੁਛ ਆਸਰਾ ਦੇ ਜਾਂਦੇ।

ਇਸ ਤਰ੍ਹਾਂ ਕਰਦਿਆਂ ਇਕ ਸਮੇਂ ਕੋਈ ਬੈਰਾਗੀ ਸਾਧੂ ਆਏ! ਏਹ ਚੰਗੇ ਦਿੱਸਣੇ ਪੁੱਸਣੇ ਤੇ ਵਿਦਵਾਨ ਬੀ ਸੇ। ਬੀਬੀ ਦਾ ਹਾਲ ਸੁਣਕੇ ਏਹ ਕੁਛ ਵਧੇਰੇ ਚਿਰ ਲਈ ਟਿਕ ਗਏ ਤੇ ਉਪਦੇਸ਼ ਆਦਿ ਵਿਚ ਕੁਛ ਵਧੇਰੇ ਸਮਾਂ ਦੇਣ ਲਗ ਪਏ; ਜਦੋਂ ਉਸ ਸਾਧੂ ਨੂੰ ਪਤਾ ਲੱਗਾ ਕਿ ਬੀਬੀ ਪਤੀ ਮੂਰਤੀ ਦਾ ਪੂਜਨ ਵਾਂਙ ਪੂਜਨ ਕਰਦੀ ਹੈ ਤਾਂ ਕਹਿਣ ਲੱਗੇ: ਦੇਖ ਬੀਬੀ ਤੂੰ ਨੇ ਜੋ ਪਤੀ ਪ੍ਰੇਮ ਮੇਂ ਮੂਰਤੀ ਪੂਜਨ ਆਰੰਭ ਕੀਆ ਹੈ ਯਿਹ ਠੀਕ ਨਹੀਂ। ਮਰੇ ਕੋ ਪੀਛੇ ਉਸ ਕੋ ਯਾਦ ਕਰਨਾ ਅੱਛਾ ਨਹੀਂ। ਆਮ ਲੋਗੋਂ ਮੇਂ ਪ੍ਰਚਲਤ ਬਾਤ ਹੈ ਕਿ ਮਰੇ ਕੋ ਯਾਦ ਨਹੀਂ ਕਰਤੇ। ਜਬ ਜਲਾ ਕਰ ਆਤੇ ਹੈਂ ਤੋਂ ਵਹੀਂ ਤਿਨਕਾ ਤੋੜ ਆਤੇ ਹੈਂ, ਯਿਹ ਕਹਿ ਕਰ 'ਯਤ੍ਰ ਆਗਤਾ ਤਤ੍ਰ ਗਤਾ'[1]। ਸਭ ਮਰੇ ਪ੍ਰਾਣੀ ਬੀਤ ਰਾਗ ਮਹਾਂਪੁਰਖ ਨਹੀਂ ਹੋਤੇ। ਮਾਯਾਵੀ ਮਰੇ ਹੂਓਂ ਕੀ ਯਾਦ 'ਕਰਨੇ ਵਾਲੋਂ ਕੇ ਲੀਏ ਕਈ ਕਲੇਸ਼ੋਂ ਕਾ ਕਾਰਣ ਬਨ ਜਾਤੀ ਹੈ, ਪਰ ਤੁਮ ਸੁਸ਼ੀਲ ਹੋ, ਧਰਮ ਅਨੁਰਾਗਿਨੀ ਹੋ, ਤੁਮ ਕੋ ਜੋ ਅਭੀ ਤਕ ਹਾਨੀ ਨਹੀਂ ਹੂਈ ਰਾਮ ਕੀ ਅਨੁਗ੍ਰਹ ਹੈ ਤੁਮ ਪਰ! ਔਰ ਹਮਾਰੇ ਜਾਨੇ ਭਲਾ ਹੂਆ ਕਿ ਆਪ ਕੋ ਧਯਾਨ ਕਾ ਅਭ੍ਯਾਸ ਹੋ ਗਿਆ। ਅਬ ਜੇ ਤੁਮ ਰਾਮ-ਮੂਰਤੀ ਰਖ ਲੋ, ਪਤੀ ਮੂਰਤੀ ਕੀ ਜਗ੍ਹਾ, ਤੋ ਤੁਮਾਰੀ ਕਲਯਾਨ ਹੋ ਜਾਯੇ। ਯਦੀ ਪਤੀ-ਭਗਤੀ, ਸ੍ਰੀ ਰਾਮ ਕੀ ਭਗਤੀ ਹੋ ਜਾਏ ਤੋਂ ਜਨਮ ਮਰਨ ਕੀ ਬਾਧਾ ਦੂਰ ਹੋ ਜਾਏ।

ਇਸ ਪ੍ਰਕਾਰ ਇਸ ਸਾਧੂ ਨੇ ਸੁਘੜੇ ਨੂੰ ਆਪਣੇ ਮਤ ਵਲ ਪ੍ਰੇਰ ਲਿਆ ਤੇ ਪਤੀ ਮੂਰਤੀ ਦੀ ਥਾਂ ਰਾਮ ਮੂਰਤੀ ਵਿਚ ਲਗਾ ਲਿਆ। ਹੁਣ ਜੋ ਪਤੀ ਪ੍ਰੇਮ ਸੀ ਯਾ ਪਤੀ-ਪ੍ਰੇਮ-ਰਸ ਦੀ ਯਾਦ ਸੀ, ਉਸ ਖਯਾਲ ਵਿਚੋਂ ਮਨ ਸੁਤੇ ਹੀ ਨਿਕਲ ਗਿਆ ਤੇ ਰਾਮ ਭਗਤੀ ਵਿਚ ਲਗ ਗਿਆ। ਜੋ ਜੋ ਸਾਧਨ ਸਾਧੂ ਨੇ ਕਹੇ ਇਸ ਨੇ ਕੀਤੇ, ਪਰ ਚਿੱਤ ਡਾਂਵਾਂ ਡੋਲ ਹੋ ਹੋ ਜਾਇਆ ਕਰੇ, ਅੰਤ ਇਸ ਨੂੰ ਇਕ ਦਿਨ ਉਸ ਸਾਧੂ ਦੀ ਗੁਫਤਗੂ ਤੋਂ ਸੋਝੀ ਪੈ ਗਈ ਕਿ ਰਾਮ ਅਵਤਾਰ ਦੀ ਪ੍ਰਾਪਤੀ ਦੀ ਥਾਂ ਇਹ ਪੁਰਖ ਹੀ ਰਾਮ ਰੂਪ ਬਣਕੇ ਮੈਨੂੰ ਆਪਣੇ ਮਗਰ ਲਾਏਗਾ! ਸੁਘੜੇ ਨੇ ਹੁਣ ਹੁਸ਼ਿਆਰ ਹੋ ਕੇ ਪੜਚੋਲ ਆਰੰਭੀ ਤਾਂ ਇਸ ਸਿੱਟੇ ਤੇ ਪੁੱਜ ਗਈ ਕਿ ਇਹ ਸਾਧੂ ਆਪ ਆਪਣੀਆਂ ਮਨੋਂ ਕਾਮਨਾਂ ਦਾ ਬਿਜਈ ਨਹੀਂ ਹੈ ਤੇ ਮੇਰੇ ਪਦਾਰਥ ਤੇ ਮੇਰੇ ਰੂਪ ਕਰਕੇ ਮੈਨੂੰ ਬਿਜੈ ਕਰਨ ਦੇ ਉਪਰਾਲਿਆਂ ਵਿਚ ਹੈ। ਇਹ ਨਿਸਚੇ ਕਰਕੇ ਉਸ ਨੇ ਸਾਧੂ ਨੂੰ ਕੁਟੀਆ ਤੋਂ ਵਿਦਾ ਕੀਤਾ ਤੇ ਆਪ ਫਿਰ ਵਹਿਣਾਂ ਵਿਚ ਪੈ ਗਈ ਕਿ ਜਿਵੇਂ ਸੰਸਾਰ ਦੇ ਮੇਲੀ ਕਿਸੇ ਦੇ ਮਿੱਤ੍ਰ ਨਹੀਂ, ਕੇਵਲ ਆਪਣੇ ਲਾਭ ਲਈ ਦੂਏ ਨੂੰ ਮਿਲਦੇ ਹਨ ਤਿਵੇਂ ਏਹ ਘਰ ਬਾਰ ਤਿਆਗ ਕੇ ਵਿਚਰ ਰਹੇ ਐਸੇ ਸਾਧੂ ਬੀ ਮਾਯਾ ਦੇ ਮਗਰ ਹੀ ਬਾਵਲੇ ਹੋ ਰਹੇ ਹਨ।

੫. (ਮੂਰਤੀ ਪੂਜਾ। ਸ੍ਰੀ ਰਾਮ ਤੋਂ ਕ੍ਰਿਸ਼ਨ)

ਇਹ ਠੁਹਕਰ ਖਾ ਕੇ ਸੁਘੜੇ ਦਾ ਮਨ ਪਿੱਛੇ ਨਹੀਂ ਮੁੜਿਆ। ਉਹ ਹੁਣ ਇਸ ਧੁਨਿ ਵਿਚ ਸੀ ਕਿ ਆਖ਼ਰ ਮਰਨਾ ਹੈ, ਧਨ ਪਦਾਰਥ ਨੇ ਨਾਲ ਨਹੀਂ ਜਾਣਾ। ਜੀਵਨ ਨੂੰ ਹੁਣ ਐਸਾ ਪਲਟਾ ਦਿਓ ਕਿ ਮੁੜਕੇ ਜਨਮ ਨਾ ਹੋਵੇ। ਨਾ ਜਨਮ ਆਵੇ, ਨਾ ਮੋਹ ਮਾਯਾ ਪਿਤਾ ਪਤੀ ਆਦਿਕਾਂ ਨਾਲ ਪਵੇ, ਨਾ ਵਿਯੋਗ ਦੀ ਸੱਟ ਸਹਿਣੀ ਪਵੇ। ਹਾਂ ਕੋਈ ਸਾਧੂ ਜ਼ਰੂਰ ਟੋਲਣਾਂ ਹੈ ਜੋ ਆਪ ਪਾਰ-ਗਿਰਾਮੀ ਹੋਵੇ, ਜੋ ਮਾਯਾ ਤੋਂ ਅਤੀਤ ਹੋਵੇ ਤੇ ਪਰਮਾਤਮਾ ਵਿਚ ਪਹੁੰਚ ਰਖਦਾ ਹੋਵੇ। ਸੋ ਇਸ ਨੇ ਸਾਧਾਂ ਸੰਤਾਂ ਨੂੰ ਮਿਲਣਾ ਨਾ ਛੋੜਿਆ। ਜਦੋਂ ਸੁਣੇ ਕਿ ਕੋਈ ਸਾਧੂ ਆਯਾ ਹੈ, ਆਪਣੀਆਂ ਸਖੀਆਂ ਨੂੰ ਨਾਲ ਲੈ ਕੇ ਉਸਨੂੰ ਮਿਲਣ ਜਾਵੇ। ਭੇਟਾ ਪੂਜਾ ਬੀ ਲੈ ਜਾਵੇ ਤੇ ਚੰਗਾ ਲੱਗੇ ਤਾਂ ਕੁਛ ਦਿਨਾਂ ਲਈ ਕੁਟੀਆ ਵਿਚ ਟਿਕਾ ਬੀ ਲਵੇ। ਹਰੇਕ ਸਾਧੂ ਤੋਂ ਇਸਦੇ ਕੰਨੀਂ ਇਹ ਅਵਾਜ਼ਾ ਪਏ ਕਿ ਗੁਰੂ ਬਿਨਾ ਗਤਿ ਨਹੀਂ। ਪਰ ਇਹ ਸਾਧਾਂ ਵਿਚ ਟੋਲ ਕਰੇ ਕਿ ਮੇਰੇ 'ਮਨ ਮੰਨੇ'

1. ਜਿਥੋਂ ਆਯਾ ਸੀ ਓਥੇ ਚਲਾ ਗਿਆ।

ਦਾ ਗੁਰੂ ਲੱਝ ਜਾਵੇ।

ਉਧਰ ਇਸ ਦੀ ਸਾਧੂ-ਸੇਵਾ ਦੀ ਸੋ ਦੂਰ ਦੂਰ ਤਕ ਫੈਲ ਗਈ। ਭੇਖ ਦੇ ਪਰਦੇ ਵਿਚ ਜੋ ਮਾਯਾ ਦੇ ਚਾਹਵਾਨ ਸਨ ਸੋ ਸੁਣ ਕੇ ਦੂਰ ਦੂਰ ਤੋਂ ਪੁੱਜਣ ਲੱਗੇ। ਜੋ ਤਾਂ ਅਚਾਹ ਲੋਕ ਸਨ ਉਹ ਤਾਂ ਕਾਹਨੂੰ ਕਿਸੇ ਕੋਲ ਪੁੱਜਦੇ ਹਨ ਸਿਵਾ ਉਸ ਸਮੇਂ ਦੇ ਕਿ ਜਦੋਂ ਹੁਕਮ ਉਨ੍ਹਾਂ ਨੂੰ ਕਿਧਰੇ ਲੈ ਟੁਰੇ, ਪਰ ਮਨੋਂ ਕਾਮਨਾਂ ਭੇਖ ਵਿਚ ਬੈਠਿਆਂ ਨੂੰ ਬੀ ਕਦੋਂ ਚਉ ਕਰਕੇ ਬੈਠਣ ਦੇਂਦੀਆਂ ਹਨ ? ਸੁਘੜੋ ਦੀ ਸੋ ਸੁਣ ਕੇ ਬ੍ਰਿੰਦਾਬਨ ਤੋਂ ਇਕ ਵੈਸ਼ਨਵ ਸਾਧੂ ਟੁਰੇ ਤੇ ਪੋਠੋਹਾਰ ਆ ਪੁੱਜੇ। ਇਨ੍ਹਾਂ ਦੇ ਨਾਲ ਰਾਸ ਲੀਲ੍ਹਾ ਦਾ ਰਾਜਸੀ ਸਾਮਾਨ ਸਾਰਾ ਸੀ, ਗਾਇਨ ਤੇ ਨ੍ਰਿਤਕਾਰੀ ਦਾ ਕਮਾਲ ਸੀ। ਸੁਘੜੋ ਦੇ ਗਿਰਾਂ ਤੋਂ ਨੇੜੇ ਕਿਸੇ ਗਿਰਾਂ ਦਾ ਡੇਰਾ ਕੀਤਾ। ਜੋ ਗਿਰਾਂ ਕਿ ਵਡੇਰਾ ਕਸਬਾ ਸੀ ਤੇ ਹਿੰਦੂ ਵਸੋਂ ਬਹੁਤੀ ਸੀ ਓਥੇ। ਇਨ੍ਹਾਂ ਦੀ ਭਰਾਤੀ ਰਾਸ ਲੀਲ੍ਹਾ ਤੇ ਸੰਕੀਰਤਨ ਦੀ ਮਹਿਮਾਂ ਸੁਘੜੋ ਦੇ ਕੰਨਾਂ ਤੱਕ ਅੱਪੜੀ। ਆਪੇ ਨਹੀਂ ਪਰ ਅਪੜਾਈ ਗਈ।

ਪਿਛਲੇ ਤਜਰਬੇ ਤੋਂ ਸਿਆਣੀ ਹੋਈ ਸੁਘੜੋ ਨੇ ਚੁਕੰਨਿਆਂ ਹੋ ਕੇ ਪੁਛ ਭਾਲ ਕੀਤੀ, ਜਦੋਂ ਤਸੱਲੀ ਹੋ ਗਈ ਕਿ ਇਥੇ ਬਨਾਵਟ ਨਹੀਂ ਤਾਂ ਆਪਣੇ ਗਿਰਾਂ ਬੁਲਾ ਲਿਆ। ਇਥੇ ਬਾਵਾ ਜੀ ਨੇ ਕ੍ਰਿਸ਼ਨ ਕਰਤੱਵ ਦੀ ਮਾਰੀ ਲੀਲ੍ਹਾ ਪਾਉਣੀ। ਬਾਵੇ ਦਾ ਆਪਣਾ ਨਾਮ ਕ੍ਰਿਸ਼ਨ ਕੁਮਾਰ ਸੀ, ਇਸ ਦਾ ਗਾਣਾ ਤੇ ਨ੍ਰਿਤਜ ਇਸ ਕਮਾਲ ਦਾ ਸੀ, ਕਿ ਸੁਘੜੋ ਕਈ ਵੇਰ ਬੇਸੁਧ ਹੋ ਗਈ। ਪਰਮਾਰਥ ਵਿਚ ਰੁਚੀ ਤੇ ਮਨ ਦੇ ਜੁੜਨ ਦੀ ਚਾਹਨਾਂ ਨੂੰ ਇਸ ਸੰਕੀਰਤਨ ਨਾਲ ਲਾਭ ਹੋਇਆ। ਸੁਘੜੋ ਦੀ ਸ਼ਰਧਾ ਕ੍ਰਿਸ਼ਨ ਕੁਮਾਰ ਜੀ ਵਿਚ ਚੋਖੀ ਵਧ ਗਈ।

ਸੁਘੜੋ ਪਾਸ ਇਕ ਨੌਕਰ ਸੀ 'ਚੋਖਾ'। ਇਸ ਨੂੰ ਇਸਦੇ ਸਹੁਰੇ ਨੇ ਬਚਪਨ ਤੋਂ ਪਾਲਿਆ ਸੀ ਤੇ ਹੁਣ ਇਹ ਪੰਜਾਹਾਂ ਦੇ ਲਗ ਪਗ ਸੀ। ਇਸਨੂੰ ਇਸ ਘਰ ਨਾਲ ਦਿਲੀ ਪਿਆਰ ਸੀ, ਸਾਰੇ ਮਰਦਾਂ ਦੇ ਚਲ ਬਸਣੇ ਮਗਰੋਂ ਇਹ ਸੁਘੜੋ ਦਾ ਸੱਚਾ ਵਿਸਾਹ ਯੋਗ ਸੇਵਕ ਸਾਬਤ ਹੋਇਆ। ਸੁਘੜੋ ਦੇ ਪਰਮਾਰਥ ਦੇ ਸ਼ੌਕ ਨੂੰ ਇਹ ਕਿਸੇ ਤੌਖਲੇ ਨਾਲ ਤੱਕਦਾ ਸੀ ਤੇ ਅਕਸਰ ਵੇਰ ਇਸ ਦੇ ਕੱਢੇ ਥਹੁ ਪਤੇ ਬੀਬੀ ਨੂੰ ਸਹਾਈ ਹੁੰਦੇ ਸਨ। ਇਸ ਸਾਧੂ ਪਰ ਇਹ ਬੀ ਤਸੱਲੀ ਪਾ ਗਿਆ ਕਿ ਨਿਰਲੋਭ ਹੈ, ਪਰ ਇਸ ਨੇ ਆਪਣੀ ਖੋਜ ਤਿਆਗੀ ਨਹੀਂ ਸੀ। ਇਕ ਦਿਨ ਸੁਘੜੋ ਨੇ ਇਸ ਸਾਧੂ ਤੋਂ ਮੰਤਰ ਮੰਗਿਆ। ਸਾਧੂ ਨੇ ਕਿਹਾ ਕਿ ਪਹਿਲੋਂ ਆਪਣੇ ਘਰੋਂ ਰਾਮ ਮੂਰਤੀ ਦੂਰ ਕਰ, ਅਗੋਂ ਨੂੰ ਰਾਮ ਉਪਾਸਕ ਸਾਧੂਆਂ ਦਾ ਸੰਗ ਤਜਾਗ ਕਰੇਂ ਤਾਂ ਅਸੀਂ ਉਪਦੇਸ਼ ਦੇ ਸਕਦੇ ਹਾਂ। ਜਦ ਬੀਬੀ ਨੇ ਕਾਰਣ ਪੁਛਿਆ ਤਾਂ ਉਸ ਨੇ ਦੱਸਿਆ ਕਿ ਇਸ਼ਟ ਇਕ ਚਾਹੀਏ, ਦੋ ਸੇ ਪਾਰ ਨਹੀਂ ਹੋਤਾ 'ਏਕੋ ਦੇਵ: ਕੇਸ਼ਵੋ ਵਾ ਸ਼ਿਵੋ ਵਾ'[1]। ਦੋ ਮਿਲੇਂ ਤੋ ਸ਼ਿਰੋਮਣੀ ਕੋ ਚੁਨੋ। ਰਾਮ ਜੀ ੧੬ ਕਲਾਂ ਸੰਪੂਰਨ ਅਵਤਾਰ ਨਹੀਂ, ਕ੍ਰਿਸ਼ਨ ੧੬ ਕਲਾਂ ਸਪੂੰਰਨ ਹੈਂ, ਪੂਰਨ ਅਵਤਾਰ ਹੈਂ, ਇਨ ਕੋ ਚੁਨੋ। ਇਹ ਗੱਲ ਸੁਘੜੋ ਦੇ ਦਿਲ ਲੱਗੀ ਸੋ ਬੈਰਾਗੀ ਉਪਾਸਨਾ ਉਸ ਨੇ ਦੂਰ ਕਰ ਦਿੱਤੀ। ਪਰ ਮੰਤ੍ਰ ਅਜੇ ਉਸਨੇ ਨਹੀਂ ਸੀ ਲਿਆ ਕਿ ਇਕ ਦਿਨ ਚੋਖੇ ਨੇ ਆ ਕੇ ਦੱਸਿਆ ਕਿ ਬੀਬੀ ! ਏਥੇ ਬੀ ਮਾਯਾ ਵਰਤ ਰਹੀ ਹੈ। ਇਕ ਬੀਬੀ ਜੋ ਫਲਾਣੇ ਪਿੰਡੋਂ ਆਉਂਦੀ ਹੁੰਦੀ ਸੀ ਉਹ ਬਹੁਤ ਸਾਰਾ ਗਹਿਣਾ ਅਰਪਨ ਕਰ ਗਈ ਹੈ ਚੋਰੀ ਘਰਦਿਆਂ ਤੋਂ ਤੇ ਹੁਣ ਉਸਦੇ ਘਰ ਕੁਪੱਤ ਹੋ ਰਿਹਾ ਹੈ। ਇਹ ਝੇੜਾ ਹੁਣ ਤੁਸਾਂ ਤੱਕ ਆਉਣ ਵਾਲਾ ਹੈ। ਗੱਲ ਕੀਹ ਉਹ ਮਾਮਲਾ ਸੁਘੜੋ ਤਕ ਸਾਧੂ ਨੂੰ ਸਮਝਾਉਣ ਲਈ ਪੁੱਜਾ। ਤਦੋਂ ਸੁਘੜੋ ਨੇ ਕ੍ਰਿਸ਼ਨ ਕੁਮਾਰ ਨੂੰ ਆਖਿਆ ਕਿ ਤੁਸੀਂ ਮਾਯਾ ਤੋਂ ਵੈਰਾਗੀ ਪੁਰਖ ਹੋ, ਕ੍ਰਿਸ਼ਨ ਪ੍ਰੇਮ ਵਿਚ ਮੱਤੇ ਹੋ, ਤੁਸਾਂ ਨੂੰ ਇਸ ਪਦਾਰਥ ਦੀ ਕੀਹ ਲੋੜ ਹੈ ? ਜਦ ਘਰ ਦੇ ਦੇਕੇ ਖੁਸ਼ ਨਹੀਂ ਤਾਂ ਮੱਥੇ ਮਾਰੋ ਨੇ। ਪਰ ਸਾਧੂ ਨੇ ਕਿਹਾ ਕਿ ਬੀਬੀ ਕੇ ਪ੍ਰੇਮ ਕੀ ਇਸ ਮੇਂ ਹਾਨੀ ਹੈ। ਸੁਘੜੋ ਨੇ ਹਾਹੁਕਾ ਖਾਧਾ। ਹਾਇ ! ਖ਼ਬਰੇ ਇਕੱਲ ਹੀ ਚੰਗੀ ਸ਼ੈ ਹੈ ਤੇ ਤਦੇ ਵਿਧਾਤਾ ਨੇ ਮੈਨੂੰ ਦਿੱਤੀ ਹੈ।

ਮਨਾ ! ਦੇਖ ਜੋਗੀ ਸੁਣਿਆਂ ਹੈ ਏਕਾਂਤ ਢੂੰਡਦੇ ਫਿਰਦੇ ਹਨ, ਤੈਨੂੰ ਮਿਲੀ ਹੈ ਤਾਂ ਤੂੰ ਇਸ ਤੋਂ ਕੰਨੀ ਕਤਰਾਈ ਫਿਰਦੀ ਹੈਂ।

ਕਈ ਹਾਹੁਕੇ ਲੈ ਕੇ ਸੁਘੜੋ ਇਨ੍ਹਾਂ ਤੋਂ ਬੀ ਉਪ੍ਰਾਮ ਹੋ ਗਈ। ਪਰ ਹਰ ਤਜਰਬੇ ਨਾਲ ਇਸ ਦਾ ਮਨ ਚੌਕਸ ਹੁੰਦਾ ਜਾਂਦਾ ਹੈ। ਉਂਵ ਹਰ ਤ੍ਰੀਕੇ ਦੇ ਸਾਧੂ ਤੋਂ ਮਿਲੇ ਸਾਧਨ ਸੱਚੇ ਦਿਲੋਂ ਕਰਨ ਕਰਕੇ ਇਸਨੂੰ

1. ਇਕ ਇਸ਼ਟ ਚਾਹੀਏ, ਕ੍ਰਿਸ਼ਨ ਚਾਹੇ ਸ਼ਿਵ। (ਭਰਥਰੀਹਰੀ ਨੀ: ੩੯)

ਏਕਾਗ੍ਰਤਾ ਦਾ ਕੁਛ ਕੁਛ ਝਾਉਲਾ ਪੈਣ ਲਗ ਪਿਆ।

੬. (ਗਿਆਨੀ)

**ਇਸ** ਤੋਂ ਮਗਰੋਂ ਸੁਘੜੋ ਨੂੰ ਜਿਸ ਸਾਧੂ ਤੇ ਕੁਛ ਪਤੀਜਨਾ ਆਈ ਉਹ ਬੀ ਕ੍ਰਿਸ਼ਨ ਉਪਾਸ਼ਕ ਸੀ, ਪਰ ਉਹ ਭਗਤ ਨਹੀਂ ਸੀ। ਉਹ ਗੀਤਾ ਦਾ ਪਾਠੀ ਤੇ ਕਥਾ ਕਰਨ ਵਾਲਾ ਸੀ। ਪੰਡਿਤ, ਘਰੋਂ ਗ਼ਰੀਬੀ ਦੇ ਕਾਰਣ ਭੇਖ ਧਾਰ ਤੁਰਿਆ ਸੀ, ਜੋ ਕਥਾ ਵਾਰਤਾ ਕਰਕੇ ਭੇਖ ਨੂੰ ਪੂਜਾ ਬਹੁਤ ਮਿਲਦੀ ਹੈ। ਸੁਘੜੋ ਦਾ ਸੰਤ ਸੇਵੀ ਤੇ ਦਾਤਾ ਸੁਭਾਵ ਸੁਣ ਕੇ ਇਹ ਬੀ ਓਥੇ ਪਹੁੰਚਾ। ਇਸ ਤੋਂ ਸੁਘੜੋ ਨੇ ਗੀਤਾ ਦੀ ਕਥਾ ਸੁਣੀ, ਜਿਸ ਨਾਲ ਉਸ ਦਾ ਮਨ ਸਮਝ ਤੇ ਗਿਆਨ ਦੀ ਵਾਕਫੀ ਵਲ ਹੋਰ ਰੁਖ਼ ਕਰ ਗਿਆ। ਇਸ ਪੰਡਿਤ ਸਾਧੂ ਨੇ ਉਸ ਦੇ ਪਿਛਲੇ ਹਾਲ ਸੁਣ ਕੇ ਉਸਨੂੰ ਸਮਝਾਇਆ ਕਿ ਗਿਆਨ ਬਿਨਾਂ ਮੁਕਤੀ ਨਹੀਂ ਤੇ ਗਿਆਨ ਸ੍ਰੀ ਕ੍ਰਿਸ਼ਨ ਦਾ ਸ਼ਰੋਮਣੀ ਹੈ ਤੇ ਜਦ ਉਸਦੀ ਆਪਣੀ ਗੀਤਾ ਜਗਤ ਵਿਚ ਹੈ ਤਦ ਇਸ ਤੋਂ ਰਸ ਤੇ ਸੁਮਤਿ ਲੈਣੀ ਚਾਹੀਏ। ਇਹ ਵੀਚਾਰ ਉਸ ਦੇ ਦਿਲ ਲੱਗੀ। ਇਸ ਸਾਧੂ ਨੂੰ ਜਦ ਸੁਘੜੋ ਤੋਂ ਕੁਛ ਪਦਾਰਥ ਮਿਲ ਗਿਆ ਤਾਂ ਉਹ ਓਥੇ ਹੋਰ ਟਿਕ ਗਿਆ। ਸੁਘੜੋ ਨੂੰ ਲਗਨ ਸੀ ਉਸ ਦੇ ਦੇਖਣ ਦੀ ਜੋ ਮਾਯਾ ਅਤੀਤਤਾਈ ਦੱਸਦਾ ਹੋਇਆ ਮਾਯਾ ਅਤੀਤ ਹੋਵੇ ਬੀ। ਪਰ ਸਾਧੂ ਜਦ ਦੇਖੇ ਕਿ ਹੁਣ ਇਹ ਮੇਰੀ ਚੇਲੀ ਬਣ ਹੀ ਗਈ ਹੈ ਤਾਂ ਉਹ ਨਿਸਚਿੰਤ ਹੋ ਕੇ ਆਪਣੀ ਮਾਯਾ ਦੀ ਮੰਗ ਪਾ ਦੇਵੇ, ਜਿਸ ਤੋਂ ਚੁਕੰਨਿਆਂ ਹੋਕੇ ਸੁਘੜੋ ਥਹੁ ਪਤੇ ਲਾ ਲਵੇ। ਸੋ ਇਸ ਤਰ੍ਹਾਂ ਜਿਸ ਦਿਨ ਇਸ ਗੀਤਾ-ਪੰਡਿਤ ਨੇ ਉਸ ਤੋਂ ਮਾਯਾ ਦੀ ਮੰਗ ਕੀਤੀ ਤਾਂ ਸੁਘੜੋ ਨੇ ਕਿਹਾ-ਮੈਂ ਤੁਸਾਂ ਤੋਂ ਓਸ ਚੀਜ਼ ਦੀ ਲੋੜ ਰਖਦੀ ਸਾਂ ਜੋ ਮੇਰੇ ਪਾਸ ਨਹੀਂ ਤੇ ਮੈਂ ਸਮਝਦੀ ਸਾਂ ਕਿ ਤੁਸਾਂ ਪਾਸ ਹੈ। ਤੁਸਾਂ ਮੇਰੇ ਤੋਂ ਉਸ ਸ਼ੈ ਦੀ ਮੰਗ ਕੀਤੀ ਹੈ ਕਿ ਜੋ ਸ਼ੈ ਤੁਸਾਂ ਪਾਸ ਨਹੀਂ ਤੇ ਤੁਸੀਂ ਸਮਝਦੇ ਹੋ ਕਿ ਮੇਰੇ ਪਾਸ ਹੈ। ਮੈਂ ਤਾਂ ਤੁਸਾਂ ਨੂੰ ਕੁਛ ਦਿੱਤੀ ਬੀ ਹੈ ਤੇ ਹੋਰ ਦੇਣ ਨੂੰ ਤਿਆਰ ਬੀ ਹਾਂ, ਪਰ ਤੁਸੀਂ ਮੈਨੂੰ ਓਹ ਕੁਛ ਨਹੀਂ ਦੇ ਰਹੇ ਕਿ ਜਿਸ ਦੀ ਆਸ ਮੈਂ ਤੁਸਾਂ ਤੋਂ ਕੀਤੀ ਸੀ। ਸਾਧੂ ਨੇ ਕਿਹਾ ਕਿ ਜੋ ਗ੍ਰੰਥ ਮੈਂ ਤੁਹਾਨੂੰ ਪੜ੍ਹਾਇਆ ਹੈ ਉਸ ਤੇ ਅਮਲ ਕਰੋ, ਜਦੋਂ ਅਧਿਕਾਰ ਪੈਦਾ ਹੋਏਗਾ ਉਹ ਪਦਾਰਥ ਮੈਂ ਤੁਸਾਂ ਨੂੰ ਦਿਆਂਗਾ। ਸੁਘੜੋ ਬੋਲੀ: ਮੈਂ ਤਾਂ ਹਰ ਸਾਧੂ ਨੂੰ ਬਿਨਾਂ ਉਸ ਦਾ ਅਧਿਕਾਰ ਪੁੱਛੇ ਦੇ ਅੰਨ, ਬਸਤ੍ਰ, ਮਾਯਾ ਭੇਟਾ ਦੇ ਦੇਂਦੀ ਹਾਂ। ਕੁਛ ਨਾ ਸਰੇ ਤਾਂ ਮੈਂ ਬੁੱਕ ਆਟੇ ਦਾ ਹਰ ਫਕੀਰ ਨੂੰ ਪਾ ਦੇਂਦੀ ਹਾਂ ਤੇ ਕਦੇ ਅਧਿਕਾਰ ਨਹੀਂ ਪੁੱਛਦੀ। ਤੁਸੀਂ ਮੈਨੂੰ ਅਨਅਧਿਕਾਰੀ ਨੂੰ ਆਪਣੇ ਧਨ ਦਾ ਕੋਈ ਬੁੱਕ ਆਟੇ ਵਾਂਙੂ ਯਾ ਭੋਰਾ ਬੀ ਨਹੀਂ ਦੇ ਸਕਦੇ ? ਇਸ ਪਰ ਸਾਧੂ ਕਿਚਕਿਚਾ ਕੇ ਰਹਿ ਗਿਆ। ਸੁਘੜੋ ਨੇ ਇਹ ਸੋਚਿਆ ਕਿ ਇਸ ਨੇ ਵਕਤ ਦਿੱਤਾ ਹੈ, ਰੋਟੀ ਬੀ ਇਸ ਖਾਣੀ ਹੈ, ਇਹੋ ਇਸ ਦਾ ਕਿੱਤਾ ਹੈ, ਜੇ ਕੋਈ ਕੁਛ ਨਾ ਦੇਵੇ ਤਾਂ ਖਾਵੇ ਕਿੱਥੋਂ? ਇਸ ਨੂੰ ਕੁਛ ਮਾਯਾ ਦੇਣੀ ਬਣਦੀ ਹੈ, ਸੋ ਕੁਛ ਗੱਫਾ ਦੇ ਕੇ ਪੰਡਤ ਨੂੰ ਸਨਮਾਨ ਨਾਲ ਟੋਰ ਦਿੱਤਾ ਤੇ ਫੇਰ ਹਾਹੁਕਾ ਖਾਧਾ : ਕਿ ਹੇ ਭਗਵਾਨ ਤੂੰ ਮੈਨੂੰ ਉਹ ਚੀਜ਼ ਐਨੀ ਕਿਵੇਂ ਦੇ ਦਿੱਤੀ ਹੈ ਕਿ ਜਿਸ ਦੇ ਵਾਸਤੇ ਕੀ ਗ੍ਰਿਹਸਤੀ, ਕੀ ਸਾਧੂ ਸਾਰੇ ਮੇਰੇ ਯਾਚਕ ਆ ਹੁੰਦੇ ਹਨ, ਕੋਈ ਸਿੱਧਾ ਕੋਈ ਵਲ ਨਾਲ। ਕੀਹ ਸਚਮੁਚ ਇਹ ਧਨ ਕੋਈ ਪਰਮ ਸੁਖ ਦਾ ਦਾਤਾ ਹੈ ? ਤੂੰ ਮੈਨੂੰ ਐਸਾ ਧਨ ਕਿਉਂ ਨਹੀਂ ਦਿੱਤਾ ਕਿ ਜਿਸ ਨਾਲ ਮੈਂ ਇਨ੍ਹਾਂ ਦੀ ਯਾਚਕ ਨਾ ਹੁੰਦੀ ਤੇ ਏਹ ਮੇਰੇ ਯਾਚਕ ਨਾ ਹੁੰਦੇ। ਨਿਸਚੇ, ਹੇ ਭਗਵਾਨ, ਤੇਰਾ ਕੋਈ ਪਜਾਰਾ ਐਸਾ ਹੋਏਗਾ ਜੋ ਤੇਰਾ ਯਾਚਕ ਹੋਏਗਾ ਅਰ ਮੇਰੇ ਯਾ ਮੇਰੇ ਧਨ ਲਈ ਉਸ ਵਿਚ ਯਾਚਨਾ ਨਾ ਹੋਏਗੀ।

੭. (ਖ਼ੁਦਾ ਪ੍ਰਸਤੀ)

**ਸਮਾਂ** ਬੀਤਦਾ ਰਿਹਾ, ਸਾਧਾਰਨ ਸਾਧੂ ਤੁਰਦੇ ਫਿਰਦੇ ਕਦੇ ਕਦੇ ਕੁਟੀਆ ਵਿਚ ਟਿਕਦੇ ਤੇ ਟੁਰਦੇ ਰਹੇ। ਉਸ ਨੂੰ ਚੇਲੀ ਬਨਾਉਣ ਦੇ ਸੰਕਲਪ ਨਾਲ ਬੀ ਕਈ ਆਏ ਤੇ ਕਈ ਗਏ। ਲਿਖਿਆ ਹੈ-ਕਿ ਜਿਸ ਆਉਣਾ 'ਤਿਸ ਮਹੰਤ ਕਹਿਣਾ ਅਹੋ ਹਮਾਰੇ ਭਾਗ ਜੋ ਇਹ ਹਮਾਰੀ ਚੇਲੀ ਬਨੇ ਤੋ ਬੜੀ ਬਾਤ ਹੈ[1]'। ਸੋ ਐਸੇ ਬੀ ਕਈ ਆਏ ਤੇ ਗਏ, ਪਰ ਸੁਘੜੋ ਕਿਸੇ ਦੇ ਮਗਰ ਨਾ ਲੱਗੀ। ਇਕ ਦਿਨ ਕਿਸੇ ਨੇ ਖਬਰ ਦਿੱਤੀ ਕਿ ਲਾਗੇ ਦੇ ਪਿੰਡ ਇਕ ਫਕੀਰ ਸਾਂਈਂ ਆਇਆ ਹੈ, ਜੋ ਪੂਰਾ ਅੰਤਰਜਾਮੀ ਹੈ ਤੇ ਬਚਨ ਦੀ ਸੱਤਜਾ ਜਿਸ ਦੀ ਫਲਵਾਨ ਹੈ! ਇਹ ਮਹਿਮਾ ਸੁਣਕੇ ਸੁਘੜੋ ਕੁਛ ਸਖੀਆਂ ਬਾਂਦੀਆਂ ਤੇ ਚੋਖੇ ਨੂੰ ਨਾਲ ਲੈ ਕੇ ਗਈ।

---

1. ਭਗਤਿ ਪ੍ਰੇਮ ਪ੍ਰਕਾਸ਼।

ਅੱਗੇ ਉਸ ਦੇ ਚੇਲੇ ਬੈਠੇ ਸਨ। ਚੋਖੇ ਨੇ ਉਨ੍ਹਾਂ ਨੂੰ ਜਾ ਮਨੋਰਥ ਦੱਸਿਆ। ਪਹਿਲਾਂ ਤਾਂ ਓਹ ਖਾਣ ਨੂੰ ਪਏ ਕਿ ਸਾਡੇ ਫਕੀਰ ਸਾਂਈ ਅੱਲਾ ਵਾਲੇ ਹਨ, ਕਿਸੇ ਨੂੰ ਮਿਲਕੇ ਖੁਸ਼ ਨਹੀਂ। ਪਰ ਜਦ ਡਿੱਠੋ ਨੇ ਕਿ ਏਹ ਬਹੁਤ ਸ਼ਰਧਾ ਵਾਲੇ ਹਨ ਤਾਂ ਕਹਿਣ ਲਗੇ ਕਿ ਸਾਡੇ ਵਿਚ ਇਕ ਬਾਲਕਾ ਹੈ, ਅਜ਼ ਕਲ ਸਾਂਈਂ ਜੀ ਉਸ ਦੀ ਸੁਣ ਲੈਂਦੇ ਹਨ, ਉਸ ਨੂੰ ਸੱਦ ਲੈਂਦੇ ਹਾਂ, ਉਹ ਤੁਸਾਂ ਨੂੰ ਸਾਂਈਂ ਜੀ ਪਾਸ ਲੈ ਜਾਏਗਾ। ਉਹ ਬਾਲਕਾ ਸੱਦਿਆ ਗਿਆ, ਚੋਖੇ ਨੇ ਇਕ ਮੋਹਰ ਇਸ ਅੱਗੇ ਮੱਥਾ ਟੇਕੀ। ਇਹ ਸਭਨਾਂ ਨੂੰ ਨਾਲ ਲੈ ਕੇ ਟੁਰ ਪਿਆ। ਅੱਗੇ ਇਕ ਵੱਡਾ ਸ਼ਾਮਿਆਨਾ ਤਣ ਰਿਹਾ ਸੀ, ਇਸ ਦੇ ਅੰਦਰ ਜਾਣ ਨੂੰ ਅੱਠ ਦਸ ਰਸਤੇ ਸਨ। ਬਾਲਕਾ ਜਦ ਇਕ ਦਰਵਾਜ਼ੇ ਵਿਚੋਂ ਲੰਘਕੇ ਅੰਦਰ ਵੜਿਆ ਤਾਂ ਸਾਂਈਂ ਜੀ ਦੀ ਆਵਾਜ਼ ਆਈ- 'ਮੂੰਹ ਲਾਇਆ ਤੇ ਗਵਾਇਆ। ਸਹੁਰਿਆ ਕਿੱਡਾ ਦੀਦਾ ਦਲੇਰ ਹੋ ਗਿਆ ਹੈਂ ? ਉਠਨੈਂ ਤੇ ਸਭ ਕਿਸੇ ਨੂੰ ਲਈ ਆਉਨਾਂ ਹੈਂ। ਹੈਂ, ਰਬ ਨੂੰ ਖਿਡੌਣਾ ਜਾਤਾ ਹੈ ਜੋ ਮੈਂ ਘੜਕੇ ਕਿਸੇ ਨੂੰ ਦੇ ਦੇਣਾ ਹੈ। ਦੁੱਧ ਪੁਤ ਦੀ ਲੋੜ ਹੋਵੇ ਅਸੀਸ ਦੇ ਦਿਆਂ, ਰੱਬ ਮੈਂ ਕਿੱਥੋਂ ਲਿਆਵਾਂ। ਰੱਬ ਮਰਕੇ ਮਿਲਦਾ ਹੈ ਮੁਰਦਿਆਂ ਨੂੰ; ਚਲਾ ਜਾਹ ਦੂਰ ਹੋ'। ਇਹ ਗੱਲਾਂ ਸੁਣੀਆਂ ਸੁਘੜੋ ਨੇ ਤੇ ਉਸ ਦੇ ਸਾਥੀਆਂ ਨੇ, ਸਾਰੇ ਅਚੰਭਾ ਹੋ ਰਹੇ ਸਨ ਉਸ ਦੀ ਅੰਤਰਯਾਮਤਾ ਉਤੇ ਕਿ ਇਸ ਨੇ ਇਹ ਕਿਵ ਬੁੱਝ ਲਿਆ ਕਿ ਅਸੀਂ ਰੱਬ ਦਾ ਰਾਹ ਪੁੱਛਣ ਵਾਸਤੇ ਆਏ ਹਾਂ। ਇੰਨੇ ਨੂੰ ਸਭਨਾਂ ਨੇ ਪਾਸ ਪਹੁੰਚਕੇ ਮੱਥਾ ਟੇਕਿਆ। ਪਹਿਲਾਂ ਤਾਂ ਫਕੀਰ ਨੇ ਕੁਤਕਾ ਚੁੱਕਿਆ ਮਾਰਨ ਨੂੰ, ਫੇਰ ਠਿਠੰਬਰ ਗਿਆ, 'ਅਹੋ, ਇਸ ਮਾਈ ਦੇ ਮੱਥੇ ਤੇ ਤਾਂ ਭਾਗ ਦੀ ਰੱਤੀ ਹੈ। ਇਹ ਤਾਂ ਸ਼ਹਨਸ਼ਾਹ ਦੀ ਹੈ। ਹਾਂ ਮੌਲਾ ਮਿਲੇਗਾ ਘਾਲ ਮਨਜ਼ੂਰ ਪਈ ਹੈ। 'ਮਿਲੇਗਾ ਜੀ ਮਿਲੇਗਾ'! ਸੁਘੜੋ ਨੇ ਪੰਜ ਮੋਹਰਾਂ ਮੱਥਾਂ ਟੇਕੀਆਂ। ਫਕੀਰ ਨੇ ਭੁਆ ਕੇ ਪਰੇ ਸੁਟੀਆਂ। 'ਹਮ ਕੋ ਠਗਤੀ ਹੈ। ਇਸ ਨਾਗਨ ਸੇ ਫਕੀਰੋਂ ਕੋ ਕਿਆ ਮਤਲਬ ? ਲੇ ਜਾ। ਮੌਲਾ ਬਿਕਤਾ ਹੈ ਸੋਨੇ ਕੇ ਭਾ? ਮੌਲਾ ਕਾ ਦਾਮ ਸਿਰ ਹੈ। ਸੁਸਰੀ ਅਗਰ ਤਲਬੇ ਮੌਲਾ ਹੈ ਤੋ ਹਾਥ ਧੋ ਦੁਨੀਆਂ ਸੇ। ਹੈਂ ? 'ਹਮ ਖ਼ੁਦਾ ਖ਼ਾਹੀ ਓ ਹਮ ਦੁਨੀਆਇ ਦੂੰ। ਈਂ ਖਿਆਲ ਅਸਤੋ ਮੁਹਾਲ ਅਸਤੋ ਜਨੂੰ।' (ਨਾਲੇ ਰੱਬ ਮੰਗਨੀ ਹੈਂ ਨਾਲੇ ਕਮੀਨੀ ਦੁਨੀਆਂ, ਇਹ ਖਿਆਲ ਸ਼ੁਦਾਪਣੇ ਦਾ ਖ਼ਿਆਲ ਹੈ ਇਸ ਦਾ ਸਿਰੇ ਚੜ੍ਹਨਾ ਕਠਨ ਹੈ)। ਸਾਰੀ ਲੁਟਾ ਦੇ ਮਾਲ ਦੌਲਤ, ਫਕੀਰੋਂ ਸੇ ਮਸਖ਼ਰੀ ਕਰਨਾ ਛੋੜ ਦੇ। ਕੰਬਲੀ ਪਹਿਨ, ਫਿਰ ਆ ਤੁਝ ਕੋ ਅੱਲਾ ਮਿਲਾ ਦੇਂ। ਦੌਲਤ ਬੀ ਪਾਸ ਰਹੇ ਅਮੀਰੀ ਠਾਠ ਬੀ ਰਹੇ। ਹੈਂ ਰੇਸ਼ਮ ਕੇ ਗਦੇਲੋਂ ਪਰ ਖ਼ੁਦਾ ਢੂੰਢਤੀ ਹੈ। ਪੜ੍ਹੋ ਕਿੱਸਾ ਅਧਮ ਇਬ੍ਰਾਹੀਮ ਕਾ। ਪਾਤਸ਼ਾਹੀ ਛੋੜ ਕਰ ਮੌਲਾ ਮਿਲਾ। ਬਸ ਅਬ ਜਾਓ। ਤੇਰੇ ਪਰ ਰਹਮਤ ਝੂੰਮ ਰਹੀ ਹੈ। ਫਕੀਰ ਕੋ ਬੀ ਤਰਸ ਹੈ, ਪਰ ਤੇਰੇ ਔਰ ਖ਼ੁਦਾ ਕੇ ਦਰਮਯਾਨ ਪਰਦਾ ਹਾਯਲ ਹੈ ਦੌਲਤ ਕਾ, ਪਰਦਾ ਖੈਂਚ ਦੇ, ਖ਼ੁਦਾ ਹਾਜ਼ਰ ਹੈ, ਬਸ ਜਾਓ। ਮਾਲ ਦੌਲਤ ਸੇ ਨਾਤਾ ਤੋੜ ਕਰ ਆਓ। ਲੁਟਾ ਕੇ ਅੱਲਾ ਕੇ ਨਾਮ ਪਰ ਫਕੀਰੋਂ ਕੋ (ਅਟਕ ਅਟਕ ਕੇ) ਹਾਜਤ ਮੰਦੋਂ ਕੋ, ਪਰ ਜੋ ਕੁਛ ਦੇਗੀ ਖ਼ੁਦਾ ਕੇ ਪਿਆਰੋਂ ਕੋ, ਖ਼ੁਦਾ ਕੇ ਪਜਾਰੇ ਕੋ, ਸੁਨਾ ! ਵੁਹ ਮਨਜ਼ੂਰ ਪੜੇਗਾ ਦਰਗਾਹ ਮੇਂ, ਜਾਓ, ਅਬ ਜਾਓ।'

ਇਹ ਕਹਿਕੇ ਫਕੀਰ ਨੇ ਕੁਤਕਾ ਰੱਖ ਦਿੱਤਾ ਤੇ ਅੱਖਾਂ ਮੀਚਕੇ ਟਿਕ ਗਿਆ! ਸੁਘੜੋ ਮੱਥਾ ਟੇਕ ਕੇ ਟੁਰ ਪਈ, ਪਰ ਨੀਮ ਬਾਵਲੀ ਹੋ ਰਹੀ ਹੈ, ਸਮਝਦੀ ਹੈ ਕਿ ਸੰਤ ਅੰਤਰਯਾਮੀ ਹੈ, ਨਿਰਲੋਭ ਹੈ, ਗੱਲ ਪਤੇ ਦੀ ਕਹਿੰਦਾ ਹੈ ਤੇ ਸੱਚੀ ਕਹਿੰਦਾ ਹੈ। ਮਾਯਾ ਤੇ ਰਾਮ ਦੋ ਤਲਵਾਰਾਂ ਇਕ ਮਿਆਨ ਵਿਚ ਕਿਵੇਂ ! ਫੇਰ ਲੁਟਾ ਦਿਆਂ ਧਨ ਧਾਮ ? ਕੀਹ ਕਰਨਾਂ ਹੈ ਏਸ ਨੂੰ ਜੇ ਇਹ ਹੈ ਪਰਦਾ। ਇਸ ਪ੍ਰਕਾਰ ਦੀਆਂ ਸੋਚਾਂ ਸੋਚਦੀ ਆਪਣੇ ਘਰ ਆ ਗਈ। ਚੋਖਾ ਬੀ ਅੱਜ ਬਹੁਤ ਸਾਰੀ ਤਸੱਲੀ ਪਾ ਕੇ ਆਇਆ ਹੈ, ਪਰ ਉਸ ਦਾ ਮਨ ਇਸ ਗੱਲੋਂ ਉਦਾਸ ਹੈ ਕਿ ਜੇ ਸੁਾਮਨਿ ਨੇ ਮਾਯਾ ਸੱਟ ਪਾਈ ਤਾਂ ਕੀਹ ਕੰਗਾਲ ਹੋ ਕੇ ਵਿਚਰੇਗੀ ਤੇ ਟੁੱਕ ਮੰਗ ਮੰਗਕੇ ਖਾਯਾ ਕਰੇਗੀ ? ਆਪਣੀ ਸੁਾਮਨਿ ਦਾ ਇਹ ਦਰਸ਼ਨ ਉਸ ਨੂੰ ਭਯਾਨਕ ਲੱਗਾ। ਉਧਰ ਸੁਾਮਨਿ ਦਾ ਰੁਖ਼ ਹੁਣ ਦੇਖੇ ਤਾਂ ਭਰੋਸੇ ਵਾਲਾ ਹੋ ਚੁਕਾ ਸੀ। ਸੋਚ ਸੋਚ ਕੇ ਇਕ ਦਿਨ ਕਹਿਣ ਲੱਗਾ:- ਬੀਬੀ ਜੀ ਤੁਸੀਂ ਉਦਾਸ ਹੋ ਤੇ ਮੇਰੀ ਜਾਚੇ ਦੂਸਰੇ ਮਤ ਦੇ ਫਕੀਰ ਤੇ ਪਤਿਆ ਗਏ ਹੋ। ਤੁਹਾਡੇ ਸੁਖ ਦਾ ਮੈਂ ਦੋਖੀ ਨਹੀਂ, ਪਰ ਜੇ ਸਭ ਕੁਛ ਲੁਟਾ ਕੇ ਅੱਗੇ ਵਾਂਙੂ ਇਹ ਬੀ ਭੁਲੇਵਾ ਨਿਕਲ

ਪਿਆ ਤਾਂ ਨਾਲੇ ਗ਼ਰੀਬੀ ਸਹੇੜੀ ਨਾਲੇ ਜਗਤ ਦਾ ਹਾਸਾ। ਜੇ ਆਗਜਾ ਦਿਓ ਤਾਂ ਮੈਂ ਦਸ ਦਿਨ ਉਥੇ ਜਾ ਕੇ ਰਹਾਂ ਤੇ ਤਸੱਲੀ ਕਰਾਂ ਕਿ ਸੱਚਮੁਚ ਇਸ ਅੰਤਰਯਾਮਤਾ ਦੀ ਕੀ ਖੇਲ ਹੈ ਓਥੇ। ਸੁਘੜੋ ਬੀ ਸੋਚਵਾਨ ਸੀ, ਤਜਰਬੇ ਕਰ ਚੁਕੀ ਸੀ, ਆਖਣ ਲੱਗੀ: ਜਾਓ, ਪਰ ਸੋਚ ਸਮਝਕੇ ਟੁਰਨਾ, ਓਹ ਨਾ ਹੋਵੇ ਕਿ ਉਹ ਹੋਵੇ ਸੱਚਾ ਤੇ ਕੋਈ ਸਰਾਪ ਲੈ ਆਓ ਅਜ਼ਮਾਯਸ਼ ਕਰਦਿਆਂ। ਫ਼ਕੀਰ ਆਖਦੇ ਹਨ ਨਾਗ ਹੁੰਦੇ ਹਨ। ਅੱਜ ਤਾਂ ਉਹ ਆਪਣੇ ਸੁਭਾਵ ਦੇ ਉਲਟ ਦਿਆਲੂ ਹੋ ਕੇ ਮਿਲੇ ਹਨ, ਵਰ ਦੇਂਦੇ ਰਹੇ ਹਨ। ਚੋਖੇ ਨੇ ਕਿਹਾ: ਇਹ ਤੌਖਲਾ ਨਾ ਕਰੋ, ਮੇਰੇ ਆਪਣੇ ਅੰਦਰ ਬੀ ਕੁਛ ਸ਼ਰਧਾ ਹੋ ਆਈ ਹੈ, ਮੈਂ ਹੋਸ਼ ਨਾਲ ਕੰਮ ਕਰਾਂਗਾ।

ਦਸਵੇਂ ਦਿਨ ਚੋਖਾ ਉਦਾਸ ਚਿਹਰੇ ਵਾਪਸ ਆਇਆ। ਆ ਕੇ ਆਖਣ ਲੱਗਾ, ਸਵਾਮਣੀ ਜੀਓ ! ਰੱਬ ਬਖ਼ਸ਼ੇ, ਅਸੀਂ ਭਲੇ ਬਚੇ ! ਓਥੇ ਤਾਂ ਭਜਨ ਕਿ ਬੰਦਗੀ, ਫਕੀਰੀ ਕਿ ਕੋਈ ਜਪ ਤਪ ਸਾਧਨ ਦਾ ਨਾਮ ਨਿਸ਼ਾਨ ਨਹੀਂ। ਅੱਗੇ ਤਾਂ ਸਾਧੂ ਮਿਲਦੇ ਸੀ ਜਿਨ੍ਹਾਂ ਵਿਚ ਇਕ ਕਮਜ਼ੋਰੀ ਲੋਭ ਦੀ ਹੁੰਦੀ ਸੀ ਤੇ ਏਥੇ ਤਾਂ ਨਿਰੀ ਤੇ ਸੁਧੀ ਠੱਗੀ ਹੈ। ਫ਼ਕੀਰ ਸਾਂਈਂ ਨੂੰ ਕੋਈ ਸਿੱਧਾ ਆਪੇ ਨਹੀਂ ਮਿਲ ਸਕਦਾ, ਚੇਲਿਆਂ ਪਾਸ ਪਹਿਲਾਂ ਜਾਣਾ ਪੈਂਦਾ ਹੈ, ਉਹ ਪੈਰਾਂ ਤੇ ਪਾਣੀ ਨਹੀਂ ਪੈਣ ਦੇਂਦੇ। ਜਦ ਕੁਛ ਉਨ੍ਹਾਂ ਦੀ ਭੇਟਾ ਪੂਜਾ ਹੋ ਜਾਵੇ ਤਾਂ ਆਪਣੇ ਵਿਚੋਂ ਇਕ ਨੂੰ ਨਾਲ ਤੋਰਦੇ ਹਨ। ਪਹਿਲੋਂ ਉਸ ਜਗਯਾਸੂ ਤੋਂ ਉਸਦੀ ਮੁਰਾਦ ਦਾ ਪਤਾ ਅਭੋਲ ਹੀ ਕੱਢ ਲੈਂਦੇ ਹਨ ਜੋ ਉਸਨੇ ਮੰਗਣੀ ਹੈ। ਅੱਗੇ ਉਸ ਸ਼ਾਮਿਆਨੇ ਦੇ, ਜਿਸ ਵਿਚ ਫਕੀਰ ਬੈਠਾ ਹੈ, ਕਈ ਦਰਵਾਜ਼ੇ ਹਨ, ਹਰ ਦਰਵਾਜ਼ਾ ਇਕ ਇਕ ਮੁਰਾਦ ਲਈ ਮੁਕਰਰ ਹੈ। ਜਿਹਾ ਕੁ ਪੁੱਤ ਦੀ ਮੁਰਾਦ, ਦੌਲਤ ਦੀ ਮੁਰਾਦ, ਅਦਾਲਤਾਂ ਵਿਚ ਜਿੱਤ ਦੀ ਮੁਰਾਦ, ਬੀਮਾਰੀ ਤੋਂ ਖਲਾਸੀ, ਰੱਬ ਦਾ ਮਿਲਾਪ ਆਦਿ। ਸੋ ਜਿਸ ਦਰਵਾਜ਼ੇ ਥਾਣੀਂ ਜਦ ਸਾਯਲ ਅੰਦਰ ਜਾਂਦਾ ਹੈ ਤਾਂ ਠੱਗ ਸਾਂਈਂ ਦੁਹਾਈ ਦੇਣ ਲੱਗ ਜਾਂਦਾ ਹੈ ਉਸੇ ਮੁਰਾਦ ਦੀ। ਜਿਵੇਂ 'ਓ ਮੇਰੇ ਪਾਸ ਪੁੱਤ ਘੜੇ ਪਏ ਹਨ ! ਆਏ ਨੇ ਪੁੱਤ ਮੰਗਣ !' ਐਉਂ ਸਾਯਲ ਤੇ ਅਸਰ ਹੋ ਜਾਂਦਾ ਹੈ ਉਸਦੀ ਅੰਤਰਯਾਮਤਾ ਦਾ। ਫੇਰ ਸਾਂਈਂ ਲੋਕ ਬਾਲਕੇ ਨੂੰ ਗੁੱਸੇ ਹੋ ਹਵਾ ਕੇ ਵਰ ਦੇ ਦੇਂਦੇ ਹਨ ਤੇ ਬਾਲਕੇ ਫੇਰ ਉਸ ਤੋਂ ਕੁਛ ਹੋਰ ਮਾਯਾ ਆਪਣੀ ਨਜ਼ਰ ਵਜੋਂ ਲੈ ਲੈਂਦੇ ਹਨ। ਸਾਂਈਂ ਲੋਕ ਅਤੀਤ ਬਣੇ ਰਹਿੰਦੇ ਹਨ। ਕੁਛ ਚਿਰ ਇਕ ਥਾਂ ਰਹਿ ਕੇ ਫੇਰ ਦੂਰ ਕਿਤੇ ਜਾ ਡੇਰੇ ਲਾਉਂਦੇ ਹਨ। ਏਥੇ ਓਹ ਆਏ ਹੀ ਤੁਹਾਡੀ ਦੌਲਤ ਦੀ ਮਾਰ ਉੱਤੇ ਹਨ। ਇਹ ਗੱਲਾਂ ਮੈਂ ਕਈ ਹਿਕਮਤਾਂ ਨਾਲ ਵਿਚ ਧੱਸ ਧੱਸ ਕੇ ਤੇ ਮਾਯਾ ਖਰਚ ਕੇ ਕੱਢ ਕੇ ਲਿਆਇਆ ਹਾਂ ਤੇ ਸਭ ਕੁਛ ਪਰਤਾ ਆਇਆ ਹਾਂ। ਰਾਮ ਵਾਸਤੇ ਆਪਾ ਸੰਭਾਲ ਲਓ, ਜੇ ਤਸੱਲੀ ਅਜੇ ਬੀ ਨਾ ਆਵੇ ਤਾਂ ਪਰਤਾ ਲਓ ਆਪ ਬੀ।

ਸੁਘੜੋ ਘਬਰਾਈ, ਆਪਣੇ ਤੇ ਗੁੱਸਾ ਆਇਆ ਫੇਰ ਠਿਠੰਬਰੀ, ਜੋ ਅਮੰਨਾ ਆ ਗਿਆ ਸੀ, ਉਸਦਾ ਟੁੱਟਣਾ ਮੰਦਾ ਲੱਗਾ। ਫਿਰ ਅੰਦਰੋਂ ਕੱਖੀਂ ਪਲਾਹੀਂ ਹੱਥ ਪਾਵੇ ਕਿ ਕਿਵੇਂ ਇਹ ਤਜਰਬਾ ਗ਼ਲਤ ਨਿਕਲੇ ਚੋਖੇ ਦਾ। ਅੰਤ ਸੋਚ ਵਿਚਾਰ ਕੇ ਦਸਾਂ ਕੁ ਦਿਨਾਂ ਵਿਚ ਇਸ ਨੇ ਭੇਸ ਵਟਾ ਵਟਾ ਫੇਰੇ ਪਾਏ ਤੇ ਨਿਸ਼ਚੇ ਦੇ ਘਰ ਅੱਪੜੀ ਕਿ ਜੋ ਚੋਖਾ ਕਹਿੰਦਾ ਹੈ ਠੀਕ ਹੈ।

੮. (ਉੱਪਰਲੀ ਗੋਤ)

**ਇਸ** ਪਰਤਾਵੇ ਮਗਰੋਂ ਸੁਘੜੋ ਦੇ ਮਨ ਵਿਚ ਅਨੋਖਾ ਵਟਾਉ ਹੋਇਆ। ਉਹ ਇਹ ਸੀ ਕਿ ਮੈਂ ਕਿਉਂ ਸੱਟ ਖਾਵਾਂ, ਮੈਂ ਕਿਉਂ ਟੋਲ ਕਰਾਂ। ਜੇ ਮੇਰੇ ਭਾਗ ਹਨ ਤਾਂ ਆਪੇ ਮਿਲੇਗਾ ਮੈਨੂੰ ਬੱਦਲ ਮੀਹਾਂ ਹਨੇਰੀਆਂ ਦਾ ਮਾਲਕ। ਮੈਂ ਫਕੀਰਾਂ ਦੇ ਤਰਲੇ ਕਿਉਂ ਕਰਾਂ। ਮੈਂ ਠੋਕ ਵਜਾ ਕੇ ਛੰਡ ਫੂਕ ਕੇ ਟੁਰਾਂ। ਮੈਂ ਆਪਣੀ ਗੁੱਡੀ ਹੇਠਲੇ ਦਾਉ ਤੋਂ ਲਾਉਂਦੀ ਹਾਂ, ਮੈਂ ਉਤੋਂ ਦੀ ਗੋਤ ਮਾਰਿਆ ਕਰਾਂ। ਫੇਰ ਮਨ ਕਹੇ ਕਿ ਛੱਡ ਹੀ ਦੇ ਖਾਂ ਖਹਿੜਾ ਏਸ ਪਾਸੇ ਦਾ। ਫੇਰ ਅੰਦਰੋਂ ਕੋਈ ਲੁਕੀ ਹੋਈ ਰੁਚੀ ਸਿਰ ਫੇਰੇ ਕਿ ਨਹੀਂ ਰੱਬ ਹੈ ਜ਼ਰੂਰ, ਰੱਬ ਦਾ ਰਸਤਾ ਹੈ ਜ਼ਰੂਰ ਤੇ ਓਹ ਲੱਭਣਾ ਹੈ ਜ਼ਰੂਰ। ਦਿਲ ਢਾਹ ਕੇ ਢੇਰੀ ਨਹੀਂ ਢਾ ਬਹਿਣਾ।

ਇਕ ਦਿਨ ਆਪਣੀਆਂ ਸਖੀਆਂ ਤੇ ਬਾਂਦੀਆਂ ਵਿਚੋਂ ਉਸ ਨੂੰ ਸਮਝ ਪਈ ਕਿ ਖੇਮੀ, ਜੋ ਵਰ੍ਹੇ ਕੁ ਤੋਂ ਨਵੀਂ ਰਖੀ ਹੈ, ਕਦੇ ਕਦੇ ਇਕ ਸਾਧ ਦੀ ਮਹਿਮਾ ਕਰਦੀ ਹੈ, ਪਰ ਜਚ ਜਚ ਕੇ, ਹੋਵੇ ਨਾਂ ਤਾਂ ਇਹ ਕਿਸੇ ਦੀ ਦੂਤਣੀ ਤਾਂ ਨਹੀਂ ਜੋ ਮੇਰੇ ਘਰ ਵਿਚ ਵੜਕੇ ਮੈਨੂੰ ਪ੍ਰੇਰ ਰਹੀ ਹੈ। ਸੋ ਆਪਣੇ ਨਵੇਂ ਢਾਲੇ

ਮਨ ਦੇ ਰੁਖ਼ ਨਾਲ ਇਕ ਦਿਨ ਇਸੇ ਨੂੰ ਵੱਖਰਿਆਂ ਲੈ ਗਈ ਤੇ ਕਹਿਣ ਲੱਗੀ ਤੂੰ ਡਿੱਠਾ ਹੈ ਕਿ ਸਾਧ ਜਗਤ ਵਿਚ ਨਹੀਂ ਲੱਭਦਾ, ਤਾਂਹੀਓਂ ਕਲੂ ਦਾ ਜ਼ੋਰ ਪੈ ਗਿਆ ਹੈ ਤੇ ਤੁਰਕਾਨੀ ਹਿੰਦਵਾਨੀ ਨੂੰ ਖਾ ਗਈ ਹੈ, ਜਗਤ ਦਾ ਨਿਸਤਾਰਾ ਸ਼ਾਸਤ੍ਰਾਂ ਵੇਦਾਂ ਮੂਜਬ ਸਤਿਪੁਰਖ ਦੇ ਹੱਥ ਹੈ, ਜਿਸਦਾ ਕਾਲ ਪੈ ਰਿਹਾ ਹੈ। ਉਹ ਬੋਲੀ ਸੱਚ ਹੈ, ਪਰ ਬੀਜ ਨਾਸ਼ ਨਹੀਂ। ਸੁਘੜੋ ਬੋਲੀ ਇਸ ਕਰਕੇ ਮੈਂ ਖਹਿੜਾ ਨਹੀਂ ਛਡਦੀ, ਪਰ ਮੈਂ ਤੈਨੂੰ ਦੱਸਾਂ ਮੈਂ ਤਾਂ ਮਨ ਵਿਚ ਪਤੀਆ ਇਹ ਰੱਖਿਆ ਹੋਇਆ ਹੈ ਕਿ ਜੋ ਮੈਨੂੰ ਆ ਕੇ ਆਖੇ ਕਿ ਮੈਂ ਤੇਰਾ ਗੁਰੂ ਹਾਂ ਉਹ ਅੰਤਰਯਾਮੀ ਹੋਸੀ ਤੇ ਉਸ ਨੂੰ ਮੈਂ ਧਾਰਨ ਕਰਸਾਂ। ਪਰ ਦੇਖੀਂ ਇਹ ਗਲ ਕਿਸੇ ਨੂੰ ਦੱਸੀਂ ਨਾ। ਇਨ੍ਹਾਂ ਗਲਾਂ ਦੇ ਕੁਛ ਦਿਨ ਬਾਦ ਸੁਘੜੋ ਬਗੀਚੀ ਵਿਚ ਬੈਠੀ ਸੀ, ਸਖੀਆਂ ਬੀ ਪਾਸ ਸਨ ਕਿ ਇਕ ਲੰਮੇ ਪਤਲੇ ਗੋਰੇ ਰੰਗ ਦੇ ਸੰਤ ਅਚਾਨਕ ਆ ਨਿਕਲੇ। ਹੱਥ ਵਿਚ ਇਨ੍ਹਾਂ ਦੇ ਲੰਮਾਂ ਸੋਟਾ ਸੀ, ਦਾੜ੍ਹਾ ਸਬੂਤ ਸੀ ਕੁਛ ਚਿੱਟਾ ਕੁਛ ਕਾਲਾ, ਸਿਰ ਤੇ ਟੋਪੀ ਸੀ ਤੇ ਕੁਛ ਬਾਉਰੀਆਂ ਟੋਪੀ ਤੋਂ ਬਾਹਰ ਪਲਮਦੀਆਂ ਸਨ। ਨੈਣ ਰਸੀਲੇ ਕਰਕੇ ਆਪ ਆਉਂਦੇ ਮਾਰ ਬੋਲੇ 'ਸੁਘੜੋ ! ਉਠੋ ਨਮਸਕਾਰ ਕਰੋ ਹਮ ਆਪ ਕੇ ਗੁਰੂ, ਤਾਰਨੇ ਨਮਿਤ ਆਏ ਹੈਂ। ਆਜ ਭਗਵਾਨ ਨੇ ਸਮਾਧੀ ਮੇਂ ਯਿਹ ਸੰਦੇਸ਼ ਦੀਆ ਹੈ ਕਿ ਜਾਓ ਪਾਰ ਉਤਾਰਾ ਕਰੋ ਮੇਰੀ ਬੇਟੀ ਕਾ।'

ਸੁਘੜੋ ਮੁਸਕ੍ਰਾਈ, ਨੈਣ ਭਰ ਤੱਕੀ, ਉੱਠੀ, ਜਾ ਮੱਥਾ ਟੇਕਿਆ, ਅਹੋ ਧੰਨ ਭਾਗ, ਆਈਏ। ਫਿਰ ਸਤਿਕਾਰ ਨਾਲ ਆਪਣੇ ਰੰਗਲੇ ਪੀੜ੍ਹੇ ਤੇ ਸੰਤਾਂ ਨੂੰ ਬਿਠਾ ਲਿਆ ਤੇ ਆਪ ਭੁੰਜੇ ਫੂੜ੍ਹੀ ਤੇ ਹੋ ਬੈਠੀ। ਕੁਛ ਫੁਲ ਫਲ ਮੰਗਵਾਇਆ ਤੇ ਛਕਾਇਆ, ਕੁਟੀਆ ਵਿਚ ਬਿਸਰਾਮ ਦਿੱਤਾ ਤੇ ਆਪ ਆਪਣੇ ਘਰ ਚਲੀ ਗਈ। ਰਾਤ ਸੁਘੜੋ ਜਾਗਦੀ ਰਹੀ ਤੇ ਖੇਮੀ ਦਾ ਥਹੁ ਕਰਦੀ ਰਹੀ। ਜਦ ਦੋ ਪਹਿਰ ਵੱਜਕੇ ਚਾਰ ਘੜੀਆਂ ਬੀਤੀਆਂ ਤਾਂ ਖੇਮੀ ਮਲਕੜੇ ਉਠ ਟੁਰੀ। ਮਗਰੇ ਹੀ ਸੁਘੜੋ ਟੁਰ ਪਈ। ਪਹਿਰੇਦਾਰਾਂ ਵਿਚੋਂ ਇਕ ਨੂੰ ਪਹਿਲੋਂ ਹੀ ਤਿਆਰ ਰਖਿਆ ਹੋਇਆ ਸੀ, ਉਸ ਨੂੰ ਨਾਲ ਲੈ ਕੇ, ਪਰ ਖੇਮੀ ਤੋਂ ਕੁਛ ਵਿੱਥ ਰੱਖਕੇ ਸੁਘੜੋ ਮਗਰੇ ਮਗਰ ਟੁਰੀ ਗਈ। ਖੇਮੀ ਬਗੀਚੀ ਵਿਚ ਜਾ ਕੇ ਉਸ ਸਾਧੂ ਦੀ ਕੁਟੀ ਵਿਚ ਵੜ ਗਈ ਤੇ ਸੁਘੜੋ ਉਸ ਕੁਟੀ ਦੇ ਨਾਲ ਦੀ ਕੁਟੀ ਵਿਚ ਹੋ ਬੈਠੀ। ਇਸ ਕੁਟੀ ਦੀ ਕੰਧ ਵਿਚ ਬੇਮਲੂਮ ਜੇਹੇ ਝਰੋਖੇ ਸਨ, ਆਵਾਜ਼ ਆਉਂਦੀ ਜਾਂਦੀ ਸੀ ਖੁੱਲ੍ਹੀ, ਸੋ ਸੁਘੜੋ ਨੇ ਦੁਹਾਂ ਦੀ ਗਲ ਬਾਤ ਸੁਣ ਲਈ। ਜਿਸ ਦਾ ਭਾਵ ਇਹ ਸੀ ਕਿ ਘਰ ਦੀ ਸਾਰੀ ਗਲ ਬਾਤ ਉਸ ਨੇ ਸਾਧ ਨੂੰ ਦੱਸ ਦਿੱਤੀ, ਜਿਸ ਨੂੰ ਅਗਲੇ ਦਿਨ ਅੰਤਰਯਾਮਤਾ ਕਰਕੇ ਸਾਧੂ ਨੇ ਸੁਘੜੋ ਨਾਲ ਵਰਤਣਾ ਸੀ। ਹੁਣ ਜਦ ਦਿਨ ਚੜ੍ਹੇ ਸੁਘੜੋ ਸਖੀਆਂ ਸਣੇ ਕੁਟੀਆ ਬੰਨੇ ਆਈ ਤਾਂ ਸੰਤ ਲਗੇ ਉਸ ਤਰ੍ਹਾਂ ਦੀਆਂ ਗਲਾਂ ਕਰਨ। ਸੁਘੜੋ ਹੱਸੀ ਤੇ ਕਹਿਣ ਲੱਗੀ, "ਸੱਤ ਹੈ ਆਪ ਦੀ ਅੰਤਰਯਾਤਮਾ, ਮੈਂ ਬੀ ਕੁਛ ਆਪ ਵਰਗੀ ਅੰਤਰਯਾਮੀ ਹਾਂ। ਇਹ ਸੱਤ ਹੈ, ਪਰ ਰਾਤ ਦੋ ਪਹਰਾ ਵਜਣ ਮਗਰੋਂ ਚਾਰ ਘੜੀਆਂ ਬੀਤਣ ਤੇ ਆਪ ਪਾਸ ਖੇਮੀ ਆਈ ਤੇ ਉਸਦੀ ਤੇ ਆਪਦੀ ਇਹ ਵਾਰਤਾਲਾਪ ਹੋਈ ਸੀ। ਦੱਸੋ ਹੁਣ ਮੇਰੀ ਅੰਤਰਯਾਮਤਾ ਠੀਕ ਹੈ ਕਿ ਨਹੀਂ ?" ਇਹ ਸੁਣਕੇ ਸਾਧ ਦਾ ਰੰਗ ਪੀਲਾ ਹੋ ਗਿਆ ਤੇ ਸੁਘੜੋ ਨੇ ਤਾੜੀ ਮਾਰ ਦਿਤੀ, ਨਾਲ ਹੀ ਸਾਰੀਆਂ ਸਖੀਆਂ ਨੇ ਕਿਹਾ: 'ਬੋਲ ਪਖੰਡ ਸੈਨ ਕੀ ਜੈ'। ਸ਼ਰਮਿੰਦਾ ਹੋ ਮੁਸ਼ਕਲ ਨਾਲ ਆਪਾ ਸੰਭਲਦਾ ਸਾਧ ਟੁਰ ਗਿਆ ਤੇ ਉਸ ਦੇ ਟੁਰਨ ਤੋਂ ਪਹਿਲਾਂ ਸਖੀ ਗਣ ਵਿਚੋਂ ਖੇਮੀ ਗਿੱਲੇ ਸਾਬਣ ਦੀ ਚਾਕੀ ਵਾਂਗ ਤਿਲਕ ਚੁੱਕੀ ਸੀ।

### ੯. (ਹਠ ਯੋਗ)

ਇਸ ਤਰ੍ਹਾਂ ਦਾ ਮਸ਼ਕਰੀ ਵਾਲਾ ਰੁਖ਼ ਬੰਨ੍ਹ ਕੇ ਸੁਘੜੋ ਹੁਣ ਨੁਹਕਰ ਨਹੀਂ ਖਾਂਦੀ। ਹਰ ਤਜਰਬੇ ਤੋਂ ਆਪਣੀ ਬੁੱਧੀ ਦੀ ਚਤੁਰ ਕਾਮਯਾਬੀ ਦਾ ਰਜੋ ਗੁਣੀ ਖੇੜਾ ਲੈ ਕੇ ਖੁਸ਼ ਰਹਿੰਦੀ ਹੈ। ਇਕ ਵੇਰ ਓਥੇ ਕੋਈ ਹਠ ਯੋਗੀ ਜੀ ਆ ਟਿਕੇ। ਏਹ ਨੇਤੀ ਧੋਤੀ ਨੇਉਲੀ ਬਸਤੀ ਆਦਿ ਸਾਰਿਆਂ ਯੋਗ ਕ੍ਰਿਆ ਕਰਦੇ ਸਨ। ਸੁਘੜੋ ਨੇ ਇਨ੍ਹਾਂ ਦੇ ਕਰਤੱਵ ਤੱਕੇ। ਤਸੱਲੀ ਹੋਈ ਕਿ ਜੋ ਕੁਝ ਕਹਿੰਦਾ ਹੈ ਸੋ ਕੁਛ ਇਹ ਕਰਦਾ ਹੈ। ਇਸ ਨੇ ਦੱਸਿਆ ਕਿ ਜੇ ਤੁਸੀਂ ਇਹ ਸਾਧਨ ਸਿਖ ਲਓ ਤਾਂ ਸਰੀਰ ਅਰੋਗ ਰਹੇਗਾ ਅਤੇ ਦਿਲ ਬੀ ਕੁਛ ਹਲਕਾ ਰਹੇਗਾ। ਪਰ ਬੀਬੀ ਨੇ ਕਿਹਾ ਕਿ ਮੈਨੂੰ ਤਾਂ ਆਪਣਾ ਮਨ ਕਿਸੇ ਜਗਤ ਦੇ ਕਰਤਾ ਨਾਲ ਮੇਲਣੇ ਦਾ ਸ਼ੌਕ ਹੈ, ਕੋਈ ਉਹ ਉਪਾਉ ਦੱਸੋ। ਜੋਗੀ ਨੇ ਕਿਹਾ: ਬੀਬੀ ਮੈਂ ਜੋ ਕੁਛ ਜਾਣਦਾ ਹਾਂ ਸੋ ਕੁਛ

ਮੈਂ ਦੱਸਿਆ ਹੈ, ਜੋ ਗਲ ਤੁਸੀਂ ਚਾਹੁੰਦੇ ਹੋ ਉਹ ਰਾਜ ਯੋਗ ਦੀ ਹੈ। ਰਾਜ ਯੋਗ ਦੀ ਭਾਲ ਵਿਚ ਮੈਂ ਆਪ ਫਿਰ ਰਿਹਾ ਹਾਂ। ਮੇਰਾ ਵਿਸ਼ਵਾਸ਼ ਇਹ ਹੈ ਕਿ ਹਠ ਯੋਗ ਸਿਖਕੇ ਰਾਜ ਯੋਗ ਸਿਖਜਾਂ ਪਰਮ ਸੁਖ ਹੁੰਦਾ ਹੈ, ਇਸੇ ਲਈ ਮੈਂ ਹੁਣ ਰਾਜ ਯੋਗ-ਕੈਵੱਲ ਯੋਗ-ਦੀ ਭਾਲ ਵਿਚ ਫਿਰ ਰਿਹਾ ਹਾਂ। ਜੇ ਮੈਨੂੰ ਪ੍ਰਾਪਤ ਹੋ ਗਿਆ ਤਾਂ ਆਪ ਨੂੰ ਆ ਦੱਸਾਂਗਾ। ਆਪ ਦਾ ਭਾਉ ਤੇ ਸਤਿਸੰਗ ਪ੍ਰੇਮ ਸ਼ੋਭਾ ਯੋਗ ਹੈ। ਬੀਬੀ ਨੇ ਕਿਹਾ: ਕੀ ਆਪ ਨੂੰ ਕੁਝ ਪਦਾਰਥ ਚਾਹੀਦਾ ਹੈ ? ਜੋਗੀ ਕਹਿਣ ਲੱਗਾ: ਮੌਸਮ ਸਿਆਲ ਦਾ ਆ ਗਿਆ ਹੈ, ਇਕ ਲੋਈ ਦੀ ਲੋੜ ਹੈ ਤੇ ਅਗਲੇ ਥਾਂ ਟਿਕਾਣਾ ਕਰਨੇ ਤੀਕ ਅੰਨ ਪਾਣੀ ਲਈ ਇਕ ਦੋ ਠੀਕਰੀਆਂ ਦੀ। ਇਸ ਤੋਂ ਵਿਸ਼ੇਸ਼ ਮੈਂ ਕਦੇ ਪੱਲੇ ਨਹੀਂ ਬੱਧਾ ਤੇ ਇਤਨਾ ਮੰਗ ਲੈਣਾ ਮੈਂ ਲੋਭ ਨਹੀਂ ਸਮਝਦਾ। ਇਸ ਦੀ ਇਸ ਸਰਲਤਾ ਤੇ ਸਚਿਆਈ ਪਰ ਸੁਘੜੋ ਖ਼ੁਸ਼ ਹੋ ਗਈ। ਕਹਿਣ ਲਗੀ ਦੇਖ ਮਨਾਂ, ਜਗਤ ਸੁੰਞਾ ਨਹੀਓਂ, ਹੈਨ ਨਾ ਸਤਜ ਵਕਤਾ ਤੇ ਨਿਰਲੋਭ। ਦੇਖ ਆਪਣੀ ਪ੍ਰਾਪਤੀ ਸਚ ਸਚ ਦੱਸ ਕੇ ਵੱਧ ਦੀ ਡੀਂਗ ਇਸ ਪੁਰਖ ਨੇ ਨਹੀਂ ਮਾਰੀ ਤੇ ਆਪਣੀ ਲੋੜ ਕਹਿਣੋਂ ਬੀ ਸ਼ਰਮ ਨਹੀਂ ਕੀਤੀ ਤੇ ਵੱਧ ਦੀ ਯਾਚਨਾ ਨਹੀਂ ਕੀਤੀ। ਫਿਰ ਜੋਗੀ ਨੇ ਕਿਹਾ: ਮਾਈ ਕਲੂ ਕਾਲ ਹੈ ਧਰਮ ਦੀ ਹਾਨੀ ਹੋ ਰਹੀ ਹੈ। ਜਉ ਤੁਸੀਂ ਸਰੀਰ ਦੀ ਇਹ ਯੋਗ ਕ੍ਰਿਯਾ ਸਿੱਖ ਕੇ ਪ੍ਰਾਣਾਯਾਮ ਸਿਖ ਲਓ ਤਾਂ ਕਾਯਾਂ ਅਰੋਗ ਰਹੇਗੀ ਤੇ ਕੁਛ ਕੁਛ ਕਾਬੂ ਸਰੀਰ ਤੇ ਆ ਜਾਏਗਾ। ਇੰਦਰੇ ਵਸੀ ਭੂਤ ਰਹਿਣਗੇ। ਸ਼ੇਸ਼ ਚਾਹੋ ਨਾ ਕਰੋ। ਮੈਨੂੰ ਗੁਰੂ ਬਣਨੇ ਦੀ ਇੱਛਾ ਨਹੀਂ, ਮੈਂ ਆਪ ਅਜੇ ਜਗਜਾਸੂ ਹਾਂ, ਬੀਬੀ ਨੇ ਕਿਹਾ: ਤੁਸਾਂ ਦੇ ਸਚ ਤੋਂ ਕੁਰਬਾਨ ਹਾਂ, ਪਰ ਮੇਰਾ ਚਿਤ ਕਾਯਾਂ ਮਾਂਜਣ ਤੇ ਨਹੀਂ ਤੇ ਨਾ ਮੈਂ ਉਮਰ ਲੰਮੇਰੀ ਕਰਨੀ ਚਾਹੁੰਦੀ ਹਾਂ। ਜਿਸ ਦੇ ਨਾਲ ਰਲਕੇ ਕਾਯਾਂ ਨਰੋਈ ਤੇ ਲੰਮੀ ਉਮਰ ਦਾ ਸੁਖ ਲੈਣਾ ਸੀ (ਹਾਹੁਕਾ ਲੈ ਕੇ) ਉਹ ਟੁਰ ਚੁਕੇ ਹਨ। ਮੈਂ ਇਕੱਲੀ ਹਾਂ, ਮੇਰਾ ਕੋਈ ਨਹੀਂ, ਇਕੱਲ ਦੀ ਉਮਰ ਨਾ ਵਧੇ ਤਾਂ ਚੰਗੀ ਹੈ। ਪਰ ਤੁਸੀਂ ਜੇ ਕੋਈ ਹਲਕਾ ਜਿਹਾ ਪ੍ਰਾਣਾਯਾਮ ਸਿਖਾ ਸਕੋ ਕਿ ਜਿਸ ਲਈ ਨੌਲੀ ਧੋਤੀ ਆਦਿ ਕਰਮਾਂ ਦੀ ਲੋੜ ਨਾ ਹੋਵੇ ਤਾਂ ਕ੍ਰਿਪਾ ਹੈ। ਇਹ ਸੁਣਕੇ ਜੋਗੀ ਨੇ ਉਸ ਨੂੰ ਸੁਤੇ ਹੀ ਪ੍ਰਾਣਾਂ ਦੇ ਪ੍ਰਵਾਹ ਨੂੰ ਇਕ ਮਿਣਵੀਂ ਚਾਲ ਵਿਚ ਤੋਰਨ ਦੀ ਜਾਚ ਸਿਖਾ ਦਿੱਤੀ। ਇਸ ਤੋਂ ਮਗਰੋਂ ਇਕ ਉਦਾਸੀ ਸਾਧੂ ਆਏ ਤੇ ਕੁਛ ਚਿਰ ਟਿਕੇ। ਉਹ ਬੀ ਹਠ ਯੋਗ ਵਲ ਰੁਖ਼ ਕਰ ਗਏ ਹੋਏ ਸਨ, ਸੁਘੜੋ ਨੂੰ ਇਸ ਦੀ ਲੋੜ ਨਾ ਸੀ।

੧੦. (ਵੇਦਾਂਤ)

ਇਕ ਦਿਨ ਇਕ ਸਾਧੂ ਆ ਗਏ ਵਿਸ਼੍ਵਾ ਨੰਦ। ਆਖਣ ਲਗੇ: ਸੁਘੜੋ, ਸ਼ਿਵੋ ਹੰ। ਸੁਘੜੋ ਨੇ ਨਮਸਕਾਰ ਕੀਤੀ, ਆਦਰ ਨਾਲ ਬਿਠਾਇਆ। ਆਪ ਬੋਲੇ: ਸੁਣ ਬੇਟਾ, ਜਪ ਤਪ ਸਾਧਨ ਦਾ ਸਮਾਂ ਨਹੀਂ, ਗਜਾਨ ਦਾ ਸਮਾਂ ਹੈ। ਕਲਜਾਨ ਸਰੂਪ ਇਕ ਸ਼ਿਵ ਪਰੀਪੂਰਣ ਹੈ, ਮੈਂ ਅਰ ਉਹ ਦੋ ਨਹੀਂ। ਉਸੀ ਦਾ ਪ੍ਰਭਾਵ ਹੈ, ਉਹੀ ਹੈ ਨਾਨਤ੍ਵ ਵਿਚ ਦਿੱਸ ਰਿਹਾ ਇਕ ਚਿਦਘਨ ਦੇਵ। ਸ਼ਿਵੋ ਹੰ, ਸ਼ਿਵੋਹੰ। ਅਸਾਂ ਚੁਮਾਸਾ ਦੌਲਤਾਲੇ ਕਟਿਆ ਹੈ। ਅਹਾ ਕੈਸਾ ਸੁੰਦਰ ਛੰਭ ਹੈ ਬੋੜ੍ਹਾਂ ਦੀ ਛਾਵੇਂ, ਚਾਰ ਚੁਫੇਰੇ ਠੰਢੀ ਘਣੀ ਛਾਂ। ਓਥੇ ਸੁਣੀ ਸੀ ਅਸਾਂ ਤੁਸਾਂ ਦੀ ਜਗਯਾਸਾ ਤੇ ਨਿਰਾਸਤਾ, ਪਰ ਤੁਹਾਡਾ ਹਠ--ਤ੍ਰੀਯਾ ਹਠ-ਸਤਿ ਸੰਗ ਦਾ ਖਹਿੜਾ ਨਾ ਛੱਡਣੇ ਦਾ। ਅਸਾਂ ਕਿਹਾ: ਇਹ ਹੈ ਜਗਜਾਸੂ ! ਦੇਖ ਬੇਟਾ ! ਜਗਤ ਸਾਧੂ ਨੂੰ ਢੂੰਡਦਾ ਹੈ ਪਰ ਅਸਲ ਸਾਧੂ ਜਗਜਾਸੂ ਨੂੰ ਢੂੰਡਦਾ ਹੈ। ਉਸਨੂੰ ਸ਼ੌਕ ਹੁੰਦਾ ਹੈ ਕਿ ਇਹ ਬ੍ਰਹਮ ਵਿਦਜਾ ਜਿਵੇਂ ਮੈਨੂੰ ਪ੍ਰਾਪਤ ਹੋਈ ਹੈ ਕਿਸੇ ਨੂੰ ਮੈਥੋਂ ਪ੍ਰਾਪਤ ਹੋਵੇ। ਇਸ ਲਈ ਆਏ ਹਾਂ ਕਿ ਤੇਰੀ ਹਾਂਡ ਮੁੱਕੇ। ਤੂੰ ਵੇਦਾਂਤ ਦੇ ਪਰਮ ਸਿੱਧਾਂਤ ਨੂੰ ਸਮਝਕੇ ਉਸ ਸੁਵਰਨ ਦੀ ਤਰ੍ਹਾਂ ਟਿਕ ਜਾਏਂ ਜੋ ਕੁਠਾਲੀ ਵਿਚ ਪਿਆ ਘਬਰਾਉਂਦਾ ਹੈ ਪਰ ਜਦੋਂ ਸ਼ੁੱਧ ਹੋ ਜਾਂਦਾ ਹੈ ਤਾਂ ਫਿਰ ਟਿਕ ਜਾਂਦਾ ਹੈ। ਇਹ ਕਹਿ ਕੇ ਵਿਸ਼ਵਾਨੰਦ ਨੇ ਕੁਛ ਪਦ ਪਦਾਰਥ ਵੇਦਾਂਤ ਦੇ ਕਹੇ ਤੇ ਸਿਧਾਂਤ ਬੀ ਸੁਣਾਇਆ। ਫਿਰ ਕਹਿਣ ਲਗੇ ਕਿ ਹੇ ਦੇਵੀ ! ਤੂੰ ਬ੍ਰਿਜ ਭਾਸ਼ਾ ਪੜ੍ਹੀ ਹੈਂ, ਫ਼ਾਰਸੀ ਦੇ ਕੁਛ ਪਦ ਪਦਾਰਥ ਜਾਣਦੀ ਹੈਂ, ਕੁਛ ਸੰਸਕ੍ਰਿਤ ਦੇ ਸ਼ਲੋਕ ਬੀ ਤੇਰੇ ਯਾਦ ਹੈਨ; ਹੁਣ ਲਗਕੇ ਸੰਸਕ੍ਰਿਤ ਪੜ੍ਹ ਤੇ ਬ੍ਰਹਮ ਸੂਤਰ ਤੇ ਵੇਦਾਂਤ ਪਰਿਭਾਸ਼ਾ ਆਦਿ ਵੀਚਾਰ ਲੈ, ਫਿਰ ਸੁਖੀ ਹੋ ਜਾਏਂਗੀ, ਬੱਸ ਹੁਣ ਸਾਨੂੰ ਕੁਛ ਫਲ ਖਿਲਾ ਦੇ ਅਰ ਛੁਟੀ ਦੇ ਦੇ, ਅਸੀਂ ਹੁਣ ਜਾਵਾਂਗੇ। ਤੁਸਾਂਥੋਂ ਲੇਣੇ ਦੇਣੇ ਕਾ ਪ੍ਰਯੋਜਨ ਨਹੀਂ, ਜਿਸ ਬਾਤ ਵਿਚ ਲੱਗ ਕੇ

ਅਸੀਂ ਸੁਖੀ ਹਾਂ ਤੁਸਾਂ ਨੂੰ ਉਸ ਦਾ ਪਤਾ ਦੇਣਾ ਸੀ। ਸਾਡਾ ਨਾਮ ਵਿਸ਼੍ਰਾਨੰਦ ਹੈ, ਪਰ ਅਸੀਂ ਆਪ ਨੂੰ ਬਿਲਾਸਾਨੰਦ ਮੰਨਦੇ ਹਾਂ। ਵੇਦਾਂਤ ਦੇ ਬਚਨ ਬਿਲਾਸ ਵਿਚ ਆਨੰਦ ਰਹਿੰਦੇ ਹਾਂ। ਇਹ ਕਹਿਕੇ ਤਾੜੀ ਮਾਰਕੇ ਹੱਸੇ: 'ਸ਼ਿਵੋ ਹੰ:' ਇਹ ਕਹਿਕੇ ਚੁਪ ਹੋ ਗਏ। ਬੀਬੀ ਨੇ ਹੁਣ ਦੋ ਆਦਮੀ ਸੱਦੇ, ਇਕ ਤਾਂ ਪੰਡਿਤ ਸੀ ਜੋ ਬੀਬੀ ਨੇ ਨੌਕਰ ਰਖਿਆ ਹੋਇਆ ਸੀ, ਜੋ ਇਸ ਨੂੰ ਰੋਜ਼ ਯੋਗ ਵਸ਼ਿਸ਼ਟ ਦੀ ਕਥਾ ਸੁਨਾਉਂਦਾ ਹੁੰਦਾ ਸੀ ਤੇ ਇਕ ਮੌਲਵੀ ਸੀ ਜੋ ਰੋਜ਼ ਮੌਲਾਨਾ ਰੂਮ ਦੀ ਮਸਨਵੀ ਸੁਣਾਯਾ ਕਰਦਾ ਸੀ। ਵਿਸ਼੍ਰਾਨੰਦ ਜੀ ਪੰਡਤ ਨੂੰ ਦੇਖ ਕੇ ਪ੍ਰਸੰਨ ਹੋ ਗਏ ਉਸ ਨੂੰ ਕਹਿਣ ਲਗੇ: ਪੰਡਤ ਜੀ ਬੀਬੀ ਨੂੰ ਯੋਗ ਵਸ਼ਿਸ਼ਟ ਸੁਣਾਕੇ ਬ੍ਰਹਮ ਸੂਤ੍ਰ ਤੇ ਵੇਦਾਂਤ ਪਰਿਭਾਸ਼ਾ ਪੜ੍ਹਾ ਦਿਓ, ਇਸ ਨੂੰ ਆਪਣਾ ਬੋਧ ਹੋ ਜਾਏ ਕਿ ਸਰਬ ਸ਼ਿਵ ਹੈ ਤੇ ਮੈਂ ਸ਼ਿਵ ਹਾਂ। ਪੰਡਤ ਨੇ ਕਿਹਾ ਕਿ ਗ੍ਰੰਥ ਏਥੇ ਮਿਲਦੇ ਨਹੀਂ, ਕਾਂਸ਼ੀ ਕਿਸੇ ਨੂੰ ਭੇਜਕੇ ਮੰਗਵਾ ਲੈਸਾਂ ਤੇ ਜਿਵੇਂ ਆਪ ਨੇ ਕਿਹਾ ਹੈ ਕਰਸਾਂ। ਐਉਂ ਗੱਲਾਂ ਬਾਤਾਂ ਕਰਕੇ ਵਿਸ਼੍ਰਾਨੰਦ ਜੀ ਚਲਦੇ ਰਹੇ। ਸੁਘੜੋ ਨੂੰ ਭੁੱਖ ਸੀ ਸੱਖਣੇ ਅੰਦਰ ਨੂੰ ਭਰਨ ਦੀ, ਨਿਰਾ ਗੱਲਾਂ ਬਾਤਾਂ ਦਾ ਗਜਾਨ ਤਾਂ ਉਹ ਪੰਡਤ ਤੋਂ ਰੋਜ਼ ਸੁਣ ਹੀ ਲੈਂਦੀ ਸੀ; ਸੋ ਸਾਧੂ ਨੂੰ ਅਟਕਾਇਆ ਨਾ, ਪਰ ਸੁਘੜੋ ਸੋਚੀਂ ਪੈ ਗਈ ਕਿ ਭਾਵੇਂ ਏਹ ਸਾਧੂ ਕਰਨੀ ਵਾਲੇ ਨਹੀਂ ਸਨ, ਪਰ ਜੋ ਪੜ੍ਹਿਆ ਸਾਨੇ ਓਹੋ ਕਿਹਾ ਨੇ ਤੇ ਕੋਈ ਲਾਲਚ ਖੀ ਨਹੀਂ ਕੀਤਾ ਨੇ; ਹੈ ਨਾਂ ਜਗਤ ਵਿਚ ਨਿਰਲੋਭਤਾ ? ਆਏ ਭੀ ਆਪ ਪਨ ਚੱਲ ਕੇ, ਠਹਿਰੇ ਬੀ ਨਹੀਂ। ਏਹ ਲੱਛਣ: ਮਨਾਂ, ਸਮਝ ਲੈ, ਹੁਣ ਤੇਰੀ ਕਿਸਮਤ ਖੁੱਲ੍ਹਣ ਦੇ ਹਨ। ਏਸੇ ਤਰ੍ਹਾਂ ਕੋਈ ਆ ਮਿਲੇਗਾ। ਹੋਵੇਗਾ ਦਿਆਲ ਤਾਂ ਦੇਵੇਗਾ ਬੁਲਾਕੇ।

### ੧੧. (ਸ਼ਕਤੀ)

**ਕਥਾ** ਵਾਰਤਾ, ਸਤਿਸੰਗ, ਆਏ ਗਏ ਸਾਧੂ ਦੀ ਸੇਵਾ ਟੁਰੀ ਰਹੀ। ਸਮਾਂ ਪਾ ਕੇ ਇਕ ਹੋਰ ਸਾਧੂ ਆਏ। ਇਨ੍ਹਾਂ ਨੇ ਸੁਮਤਿ ਦਿੱਤੀ ਕਿ ਹੇ ਸੁਘੜੋ ! ਤੂੰ ਵੇਦਾਂਤ ਸੁਣ ਰਹੀ ਹੈਂ। ਇਸ ਸੇ ਤੇਰੇ ਮਨ ਕੀ ਚਤੁਰਤਾ ਬੜ੍ਹੇਗੀ, ਤੁਝ ਕੋ ਸਮਝ ਪੜ੍ਹੇਗੀ ਕਿ ਤੂੰ ਸ਼ਿਵ ਹੈਂ, ਤੂੰ ਹੀ ਬ੍ਰਹਮ ਹੈਂ, ਪਰ ਤੂੰ ਬ੍ਰਹਮ ਹੋਵੇਂਗੀ ਨਹੀਂ। ਕਿਉਂਕਿ ਉਹ ਤੋ ਨਿਰਵਿਕਲਪ, ਅਸੰਗ, ਤ੍ਰਿਗੁਣਾਤੀਤ ਆਪਣੇ ਆਪ ਮੇਂ ਸਥਿਤ ਹੈ; ਤੂੰ ਉਸੇ ਤਰ੍ਹਾਂ ਉਸ ਦੇ ਸੰਗ ਜਲ ਮੇਂ ਜਲ ਵਤ ਸਮਾ ਨਹੀਂ ਗਈ। ਤੇਰੇ ਮੇਂ ਕ੍ਰਿਆ ਔਰ ਮਤਜਾ ਹੈ, ਯਿਹ ਕਿਆ ਹੈ। ਬੀਚਾਰ। ਯਿਹ ਹੈ ਸ਼ਕਤੀ। ਵਹ ਸ਼ਿਵ ਤੋ ਨਿਰਗੁਣ, ਅਤੀਤ, ਅਸੰਗ ਹੈ, ਹਾਂ ਉਸ ਕੀ ਸ਼ਕਤੀ ਹੈ ਜੋ ਬ੍ਰਹਮੰਡ ਕਾ ਖੇਲ ਕਰ ਰਹੀ ਹੈ। ਏਕ ਲੋਕ ਤੋ ਸ਼ਕਤੀ ਕੋ ਹੀ ਸਭ ਕੁਛ ਮਾਨਤੇ ਹੈਂ। ਅਕਸਰ ਕਹਿਤੇ ਹੈਂ ਕਿ ਸ਼ਕਤੀ ਹੀ ਸ਼ਿਵ ਹੈ, ਸ਼ਿਵ ਹੀ ਸ਼ਕਤੀ ਹੈ, ਪਰ ਮੈਂ ਸ਼ਕਤੀ ਕੋ ਸ਼ਿਵ ਕੀ ਮਾਨਤਾ ਹੂੰ। ਸੋ ਜਹਾਂ ਤੂੰ ਹੈਂ ਵਹਾਂ ਸ਼ਕਤੀ ਹੈ। ਉਤਪਤ, ਪ੍ਰਲੈ, ਪਾਲਨ ਸਭ ਸ਼ਕਤੀ ਕਾ ਕਾਮ ਹੈ। ਸੋ ਤੂੰ ਸ਼ਕਤੀ ਕੀ ਉਪਾਸਨਾ ਕਰ। ਆਪਨੇ ਮੇਂ ਸ਼ਕਤੀ ਕਾ ਉਦੀਪਨ ਕਰ। ਸ਼ਕਤੀ ਪਾ ਕਰ ਸਦਾ ਸ਼ਿਵ ਕੋ ਪਾਏਂਗੀ। ਸ਼ਕਤੀ ਸ਼ਿਵ ਮੇਂ ਲੇ ਜਾਏਗੀ। ਸੁਘੜੋ ਨੇ ਪੁੱਛਿਆ ਕਿ ਇਸਦਾ ਮੁੱਢ ਕਿਥੋਂ ਕਰਾਂ ? ਤਾਂ ਉਸ ਨੇ ਦੱਸਿਆ ਕਿ ਕਾਲੀ ਕੀ ਪ੍ਰਿਤਮਾ ਕਾ ਅਸਥਾਪਨ ਕਰੋ। ਉਸ ਕਾ ਮੰਦਰ ਬਨਾਓ ! ਉਸਕੇ ਪੂਜਨ ਔਰ ਪ੍ਰਤੱਖ ਕਰਨੇ ਕੀ ਵਿਧੀ ਮੈਂ ਬਤਾਊਂਗਾ। ਕੁਛ ਦਿਨ ਇਸ ਦੇ ਉਪਦੇਸ਼ ਸੁਣ ਕੇ ਸੁਘੜੋ ਦੀ ਰੁਚੀ ਇਸ ਪਾਸੇ ਵਲ ਨਾ ਵਧੀ, ਸਗੋਂ ਘਟਦੀ ਗਈ। ਚਾਹੇ ਇਹ ਸਾਧੂ ਆਪਣੇ ਮਤ ਅਨੁਸਾਰ ਗੱਲਾਂ ਦੱਸਦਾ ਸੀ, ਪਰ ਸੁਘੜੋ ਨੂੰ ਪਹਿਲੇ ਤਜਰਬਿਆਂ ਕਰਕੇ ਭਰਮ ਪੈਂਦਾ ਸੀ। ਇਕ ਦਿਨ ਸੁਘੜੋ ਨੇ ਉਸ ਨੂੰ ਕਹਿ ਦਿੱਤਾ ਕਿ ਸ਼ਕਤੀ ਸ਼ਕਤੇ ਦੇ ਨਾਲ ਹੈ, ਉਸ ਤੋਂ ਜੁਦਾ ਹੋ ਨਹੀਂ ਸਕਦੀ। ਜੇ ਜੁਦਾ ਹੋਵੇ ਤਾਂ ਦੋ ਸਰਬ ਸ਼ਕਤੀਮਾਨ ਯੁਕਤੀ ਨਾਲ ਸਿੱਧ ਨਹੀਂ ਹੋ ਸਕਦੇ। ਮੇਰੀ ਰੁਚੀ ਸ਼ਕਤੀਆਂ ਦੇ ਮੂਲ ਸਰਬ ਸ਼ਕਤੀਮਾਨ ਵੱਲ ਹੈ। ਇਸ ਕਰਕੇ ਮੈਨੂੰ ਉਸ ਦਾ ਪੂਜਨ ਤੇ ਪ੍ਰਾਪਤੀ ਵਧੇਰੇ ਪਸੰਦ ਹੈ। ਇਉਂ ਕਹਿਕੇ ਇਸ ਸਾਧੂ ਨੂੰ ਸਨਮਾਨ ਨਾਲ ਟੋਰ ਦਿੱਤਾ, ਕਿਉਂਕਿ ਸੁਘੜੋ ਨੂੰ ਨਿਸ਼ਚੇ ਨਹੀਂ ਸੀ ਹੋਇਆ ਕਿ ਇਹ ਨਿਰਾ ਮਾਯਾ ਪ੍ਰੇਮੀ ਪੁਰਖ ਸੀ ਯਾ ਆਪਣੇ ਮਤ ਦਾ ਪ੍ਰਚਾਰਕ ਸੀ। ਇਸ ਮਤ ਦੀ ਪੂਰੀ ਵਾਕਫ਼ੀ ਨਾ ਹੋਣ ਕਰਕੇ ਸਾਧੂ ਦੀਆਂ ਗੱਲਾਂ ਤੋਂ ਉਸ ਨੂੰ ਕੁਛ ਹੋਰ ਸ਼ੱਕ ਸ਼ੁਭੇ ਪੈਣ ਲਗ ਗਏ ਸਨ।

### ੧੨. (ਧਰਮ ਤੋਂ ਬਾਹਰ)

**ਸੁਘੜੋ** ਹੁਣ ਚਤੁਰ ਹੋ ਗਈ ਸੀ। ਮਤ ਮਤਾਂਤ੍ਰਾਂ ਦੇ ਥਹੁ ਪੈ ਗਏ ਸਨ, ਵਿਦਜਾ ਦੇ ਪਦ ਪਦਾਰਥ ਬੀ ਸੁਣਨ ਵਿਚ ਆ ਗਏ ਸਨ, ਪਰ ਕਿਸੇ ਸ਼ੈ ਨੇ

ਇਸਨੂੰ ਆਪਣੇ ਵਿਚ ਮੋਹਿਤ ਨਹੀਂ ਕੀਤਾ। ਬੁੱਧੀ ਮੰਝਦੀ ਗਈ; ਆਚਰਨ ਦ੍ਰਿੜ੍ਹ ਹੁੰਦਾ ਗਿਆ, ਪਰ ਕੋਈ ਭੁੱਖ ਅੰਦਰ ਲੱਗੀ ਰਹੀ, ਜੋ ਇਉਂ ਦੀ ਸੀ ਕਿ ਜੋ ਗਲ ਸਮਝ ਲਵੇ ਉਹ ਨਿਰੀ ਜਾਣਨੇ ਮਾਤਰ, ਫਿਲਸਫਾ ਮਾਤਰ, ਸਮਝ ਨੂੰ ਮਾਂਜਣੇ ਮਾਤਰ ਨਾ ਹੋਵੇ ਉਹ ਅੰਦਰਲੇ ਦੀ ਕਾਯਾ ਪਲਟ ਕਰ ਦੇਵੇ! ਇਨ੍ਹਾਂ ਸਮਿਆਂ ਵਿਚ ਇਕ ਸਾਧੂ ਆ ਗਿਆ ਜੋ ਬੀਬੀ ਨੂੰ ਮਿਲਕੇ ਉਸ ਦੇ ਤਜਰਬੇ ਤੇ ਖਿਆਲ ਸੁਣਕੇ ਬੜਾ ਹੱਸਿਆ ਤੇ ਕਹਿਣ ਲੱਗਾ: ਕਿਉਂ ਆਪਣਾ ਸੁੰਦਰ ਸਰੀਰ ਔਰ ਉਤਮ ਜੀਵਨ ਬਿਰਥਾ ਵਹਿਮਾਂ ਵਿਚ ਗੁਆ ਰਹੀ ਹੈਂ। ਕਿਉਂ ਆਪਣਾ ਪਦਾਰਥ ਫੁਕਰਿਆਂ ਤੇ ਵੀਟ ਰਹੀ ਹੈਂ। ਆਨੰਦ ਰਹੋ, ਆਨੰਦ ਲੋ ਅਰ ਆਨੰਦ ਕੇ ਨਾਲ ਯਾਤਰਾ ਸੰਪੂਰਨ ਕਰੋ। ਨਾ ਗੁਆਓ ਵਕਤ ਸੋਚਾਂ ਵੀਚਾਰਾਂ ਤੇ ਇੰਦਰੇਗਜਾਨ ਤੋਂ ਅਗ਼ਲੀਆਂ ਗਲਾਂ ਤੇ। ਪ੍ਰਤੱਖ ਵਿਚ ਰਹੋ। ਪ੍ਰਤੱਖ ਵਿਚ ਜੀਵੋ। ਇੰਦਰੈ ਗਜਾਨ ਤੋਂ ਪਰੇ ਕੁਛ ਨਹੀਂ ਹੈ। ਖਾਓ ਪੀਓ ਮੌਜ ਕਰੋ। ਪਹਿਲਾਂ ਤਾਂ ਇਸ ਦੀਆਂ ਮੋਟੀਆਂ ਮੋਟੀਆਂ ਗੱਲਾਂ ਸੁਘੜੋ ਨੂੰ ਚੰਗੀਆਂ ਲੱਗੀਆਂ, ਪਰ ਪਿੱਛੋਂ ਸਮਝ ਪਈਓਸੁ ਕਿ ਇਹ ਧਰਮ ਦਾ ਵਿਰੋਧੀ ਇਸ ਲਈ ਨਹੀਂ ਕਿ ਇਸ ਨੂੰ ਧਰਮ ਤੋਂ ਪਰੇ ਕੁਛ ਲੱਭਾ ਹੈ ਯਾ ਇਹ ਜਗਤ ਦੇ ਭਲੇ ਦੇ ਖ਼ਿਆਲ ਨਾਲ ਆਪਣੀ ਕੋਈ ਨਿਸ਼ਚਿਤ ਕੀਤੀ ਬਾਤ ਕਹਿ ਰਿਹਾ ਹੈ, ਪਰ ਇਹ ਕਿ ਇਹ ਇਸ ਪ੍ਰਕਾਰ ਦਾ ਖਿਆਲ ਦੇ ਕੇ ਆਪਣੀ ਸੰਪ੍ਰਦਾ ਟੋਰਕੇ ਉਸੇ ਐਸ਼੍ਵਰਜ ਪ੍ਰਤਾਪ ਦੇ ਬਨਾਉਣ ਦੇ ਫ਼ਿਕਰ ਵਿਚ ਹੈ ਕਿ ਜਿਸ ਨੂੰ ਦੂਸਰਿਆਂ ਵਿਚ ਦੂਸ਼ਣ ਰੂਪ ਕਰਕੇ ਦੱਸਦਾ ਹੈ। ਲੋੜਵੰਦ ਹੈ ਤੇ ਲੋੜ ਨੂੰ ਛਿਪਾਉਂਦਾ ਹੈ, ਪਰ ਦੂਸਰੀ ਤਰ੍ਹਾਂ ਲੋਕਾਂ ਨੂੰ ਧਰਮ ਮਾਰਗ ਤੋਂ ਉਖੇੜਕੇ ਆਪਣੇ ਮਨੋਰਥ ਪੂਰਨ ਕਰਨੇ ਦੇ ਆਹਰ ਵਿਚ ਹੈ। ਇਸ ਆਦਮੀ ਦੇ ਸਿੱਧੇ ਖਿਆਲ, ਜਗਤ ਪਯਾਰ ਦੇ ਦਾਵੇ ਤੇ ਨੇਕੀ ਦੇ ਧ੍ਰਵੇ ਸੁਣਕੇ ਤਾਂ ਕੁਝ ਰੀਝੀ ਸੀ, ਪਰ ਉਸਦੇ ਅੰਦਰ ਬੀ ਉਹੋ ਤ੍ਰਿਸ਼ਨਾ, ਉਹੋ ਈਰਖਾ, ਉਹੋ ਆਪਣੇ ਤੋਂ ਭਿੰਨ ਖਯਾਲ ਰੱਖਣ ਵਾਲਿਆਂ ਨਾਲ ਦ੍ਵੈਖ ਸੁਘੜੋ ਨੂੰ ਨਜ਼ਰੀਂ ਪੈ ਗਈ। ਹੁਣ ਉਸਨੂੰ ਨਿਸ਼ਚੇ ਹੋ ਗਿਆ ਕਿ ਧਰਮ ਦੇ ਪਰਦੇ ਹੇਠ ਯਾ ਧਰਮ ਤੋਂ ਬਾਹਰ ਹੋ ਕੇ ਲੋੜਵੰਦ ਲੋਕ ਨਾਨਾ ਤਰ੍ਹਾਂ ਦੇ ਜਾਲ ਤਣ ਰਹੇ ਹਨ। ਨਾ ਦੋਸ਼ ਹੈ ਧਰਮ ਦਾ, ਨਾ ਦੋਸ਼ ਹੈ ਆਚਾਰਯਾਂ ਦਾ ਤੇ ਨਾ ਦੋਸ਼ ਹੈ ਧਰਮ ਪੁਸਤਕਾਂ ਦਾ। ਜਗਤ ਦੀ ਕੁਛ ਰਚਨਾ ਹੀ ਐਸੀ ਹੈ ਯਾ ਮਨੁੱਖ ਦੀਆਂ ਲੋੜਾਂ ਹੀ ਕੁਛ ਐਸੀਆਂ ਹਨ ਕਿ ਉਹ ਧਰਮ ਅਧਰਮ ਯਾ ਧਰਮ ਤੋਂ ਬਾਹਰ ਜਿੱਥੇ ਦਾਉ ਲਗੇ 'ਸ੍ਵਾਰਥ ਸਿਧੀ' ਦੇ ਮਗਰ ਲਗ ਰਿਹਾ ਹੈ। ਜੇ ਰਾਜਸੀ ਮੰਡਲਾਂ ਵਿਚ ਸ੍ਵਾਰਥੀ ਲੋਕਾਂ ਨੂੰ ਜ਼ੋਰ ਜ਼ੁਲਮ ਕਰਦੇ ਤੱਕੋ ਤਾਂ ਰਾਜ ਨੂੰ ਮਾੜਾ ਕਹੀਦਾ ਹੈ, ਪਰ ਕਸੂਰ ਹੈ ਸ੍ਵਾਰਥੀਆਂ ਦਾ। ਜੇ ਧਰਮ ਮੰਡਲ ਵਿਚ ਸ੍ਵਾਰਥੀ ਆ ਘੁਸਦੇ ਤੇ ਸ੍ਵਾਰਥ ਸਿੱਧੀ ਲਈ ਇਸਦੇ ਭੇਖ ਨੂੰ ਵਰਤਦੇ ਹਨ ਤਾਂ ਕਸੂਰ ਹੈ ਸ੍ਵਾਰਥੀਆਂ ਦਾ ਤੇ ਖਯਾਲ ਕਰੀਦਾ ਹੈ: ਧਰਮ ਦਾ ਪੱਖ ਹੀ ਛੱਡੋ। ਜੇ ਭਾਈਚਾਰੇ ਵਿਚ ਜਾਓ ਤਾਂ ਸ੍ਵਾਰਥੀ ਪ੍ਰਧਾਨ ਹਨ। ਵਿਦਯਾ ਮੰਡਲਾਂ ਵਿਚ ਭੀ ਇਨ੍ਹਾਂ ਦੀ ਚੌਧਰ ਹੈ। ਏਹ ਟੋਲਾ ਜਗਤ ਨੂੰ ਕਿਸੇ ਮੰਡਲ ਵਿਚ ਬੀ ਸੁਖ ਨਹੀਂ ਲੈਣ ਦੇਂਦਾ। ਸੋ ਕੋਈ ਮਾਰਗ, ਕੋਈ ਸਾਧਨ ਐਸਾ ਹੋਵੇ ਕਿ ਜਗਤ ਵਿਚੋਂ ਸ੍ਵਾਰਥ ਘਟੇ ਤੇ ਸੁਆਰਥੀ ਕਿਸੇ ਸੰਤੋਖ ਤੇ ਦਇਆ ਵਿਚ ਆਉਣ।

ਏਸ ਤਰ੍ਹਾਂ ਦੇ ਅਨੇਕ ਵੀਚਾਰਾਂ ਮਗਰੋਂ ਸੁਘੜੋ ਨੂੰ ਇਹ ਗੱਲ ਫੁਰੀ ਕਿ ਹੁਣ ਸ੍ਵਾਰਥ ਦਾ ਹੀ ਭੇਖ ਬਣਾ ਕੇ ਟੋਲ ਕਰੋ। ਜਿਵੇਂ ਧਰਮ ਭਾਵ ਵਿਚ ਟੋਲ ਕਰਦਿਆਂ ਸ੍ਵਾਰਥੀ ਹੀ ਵਿਸ਼ੇਸ਼ ਟੱਕਰੇ ਹਨ, ਤੱਕੋ ਸ੍ਵਾਰਥ ਦੇ ਭੇਖ ਵਿਚ ਭਲਾ ਜੇ ਟੋਲ ਕੀਤਿਆਂ ਕੋਈ ਬੇਲਾਗ-ਬੇਗ਼ਰਜ਼ ਪਰਸ੍ਵਾਰਥੀ ਟੱਕਰ ਜਾਏ ਤਾਂ। ਇਹ ਵੀਚਾਰਾਂ ਉਸ ਨੂੰ ਚੋਖਾ ਚਿਰ ਖਾਂਦੀਆਂ ਰਹੀਆਂ। ਅੰਤ ਉਸ ਨੇ ਮਨ ਵਿਚ ਫੈਸਲਾ ਕਰ ਲਿਆ ਤੇ ਇਹ ਕਿਸੇ ਨੂੰ ਨਾ ਦੱਸਿਆ ਕਿ ਮੇਰੇ ਮਨ ਦਾ ਮਨੋਰਥ ਕੀ ਹੈ। ਐਉਂ ਹੁਣ ਉਹ ਚੁਪ ਹੋ ਗਈ। ਕਈ ਦਿਨ ਬੋਲੀ ਨਹੀਂ। ਫੇਰ ਪੰਡਤ ਮੌਲਵੀ ਵਿਦਾ ਕਰ ਦਿੱਤੇ, ਸਤਿਸੰਗ ਛੋੜ ਦਿੱਤਾ, ਦਿਨੇ ਰਾਤ ਸਿਰ ਮੂਧੇ ਪਈ ਰਿਹਾ ਕਰੇ ਯਾ ਅੱਖੀਂ ਮੀਟ ਕੇ ਸਮਾਧੀ ਜੇਹੀ ਲਾ ਕੇ ਬੈਠੀ ਰਿਹਾ ਕਰੇ। ਲਗਪਗ ਚਾਲੀ ਦਿਨ ਏਸ ਤਰ੍ਹਾਂ ਬੀਤ ਗਏ। ਨੌਕਰ ਚਾਕਰ ਸਖੀਆਂ ਬੰਧੂ ਸਾਰੇ ਘਬਰਾ ਗਏ ਕਿ ਪਤਾ ਨਹੀਂ ਕੀਹ ਹੋਣ ਲੱਗਾ ਹੈ।

੧੩. (ਆਪ ਸਭ ਕੁਛ)

**ਸੁਘੜੋ** ਨੂੰ ਉਦਾਸੀ ਕਿ ਸੋਚ ਵਿਚ, ਪਰ ਚੁਪ ਵਿਚ, ਜਦ ਕੁਛ ਸਮਾਂ ਲੰਘ ਗਿਆ ਤਾਂ ਇਕ ਦਿਨ ਉਸ

ਨੇ ਚੋਖੇ ਨੂੰ ਕੁਛ ਆਗ਼ਜ਼ਾ ਕੀਤੀ ਤੇ ਕੁਛ ਸਖੀਆਂ ਨੂੰ ਕਿਹਾ! ਦਿਲ ਦਾ ਭੇਤ ਤਾਂ ਨਾ ਦਿੱਤਾ, ਪਰ ਕੁਛ ਤਿਆਰੀ ਦੀ ਆਗ਼ਜ਼ਾ ਕੀਤੀ। ਇਕ ਦਿਨ ਬਗੀਚੀ ਵਿਚ ਇਕ ਸਿੰਘਾਸਣ ਬਿਛ ਗਿਆ। ਸੁਘੜੋ ਬੜੇ ਜ਼ਰੀ ਦੇ ਸੁਹਣੇ ਕਪੜੇ ਪਹਿਨਕੇ ਉਤੇ ਆ ਬੈਠੀ। ਇਕ ਸਖੀ ਚੌਰ ਕਰਨ ਲਗ ਪਈ, ਬਾਕੀ ਦੁਆਲੇ ਝੁਰਮਟ ਪਾ ਬੈਠੀਆਂ। ਅਗੇ ਵਾਰ ਇਕ ਭੀੜ ਉਨ੍ਹਾਂ ਸਾਧੂ ਮੰਗਤਿਆਂ ਦੀ ਬਹਿ ਗਈ ਜੋ ਉਸ ਦੇ ਸਦਾਬ੍ਰਤ ਤੋਂ ਰੋਟੀ ਖਾਂਦੇ, ਬਸਤਰ ਪਹਿਨਦੇ ਤੇ ਪਲਦੇ ਸਨ। ਪਹਿਲਾਂ ਤਾਂ ਚੁਪ ਵਰਤੀ ਰਹੀ, ਫੇਰ ਸੁਘੜੋ ਜ਼ੋਰ ਦੀ ਆਵਾਜ਼ ਨਾਲ ਬੋਲੀ: 'ਸੁਣੋ, ਜਿਨ੍ਹਾਂ ਦੇ ਕੰਨ ਹਨ, ਮੈਂ ਸੁਘੜ ਨਹੀਂ ਮੈਂ ਹਾਂ ਸੁਘੜਬਾਈ, ਜਲ ਥਲ ਵਿਚ ਮੈਂ ਹਾਂ, ਹੇਠਾਂ ਉਪਰ ਮੈਂ ਹਾਂ, ਪਾਲਣਹਾਰ ਮੈਂ ਹਾਂ, ਤਾਰਨਹਾਰ ਮੈਂ ਹਾਂ, ਏਥੇ ਓਥੇ ਕਲਜਾਣ ਮੇਰੇ ਨਾਮ ਜਪਣ ਵਿਚ ਹੈ। ਜਪੋ ਸਾਰੇ ਜਪੋ-'ਸੁਘੜ ਬਾਈ'[1], ਫਿਰ ਬੋਲੀ:-

'ਜਲੇ ਸੁਘੜ ਬਾਈ। ਥਲੇ ਸੁਘੜ ਬਾਈ।
ਕੱਲ ਸੁਘੜ ਬਾਈ। ਅੱਜ ਸੁਘੜ ਬਾਈ।
ਭਲਕੇ ਸੁਘੜ ਬਾਈ। ਇਕੋ ਸੁਘੜ ਬਾਈ।
ਹੋਰ ਨ ਸਹਾਈ, ਬਿਨਾ ਸੁਘੜ ਬਾਈ।

ਜਿਉਂ ਜਿਉਂ ਗੱਜ ਗੱਜਕੇ ਸੁਘੜੋ ਰਹਾ ਨਾਲ ਪੜ੍ਹਦੀ ਗਈ ਸਾਰੇ ਮਗਰ ਮਗਰ ਪੜ੍ਹਦੇ ਗਏ। ਫੇਰ ਬੋਲੀ 'ਸੁਘੜਬਾਈ' ਹੈ ਤਾਰਕਮੰਤ੍ਰ। ਇਹ ਕਰੇਗਾ ਕਲਜਾਨ, ਆਖੋ ਸੁਘੜਬਾਈ ਕੀ ਜੈ ! ਸੁਣੋ: 'ਮੇਰੇ ਸਦਾਬ੍ਰਤ ਤੋਂ ਭੋਜਨ ਓਸ ਨੂੰ ਮਿਲੇਗਾ ਜੋ ਮੇਰਾ ਨਾਮ ਜਪੇਗਾ। ਮੇਰੇ ਘਰੋਂ ਬਸਤਰ ਅਮਲ ਉਸ ਨੂੰ ਢੀਵੇਗਾ ਜੋ ਮੇਰਾ ਨਾਮ ਜਪੇਗਾ। ਕਲਜਾਨ ਉਸ ਦੀ ਹੋਵੇਗੀ ਜੋ ਮੇਰਾ ਨਾਮ ਜਪੇਗਾ। ਅਰਸ਼ ਕੁਰਸ਼ ਮੇਰੇ ਤਖਤ ਹਨ। ਜ਼ਿਮੀਂ ਅਸਮਾਨ ਤਾਰੇ ਮੇਰੇ ਹਨ, ਮੈਂ ਹਾਂ ਸਾਰੇ ਤੇ ਸਭ ਕੁਛ। ਜਿਸ ਨੇ ਇਹ ਗੱਲ ਨਹੀਂ ਮੰਨਣੀ ਸਭ ਟੁਰ ਜਾਓ। ਸਾਕ ਨਾਤੇ, ਸਖੀ, ਸਹੇਲੀ, ਨੌਕਰ ਚਾਕਰ, ਸਾਧੂ, ਫਕੀਰ, ਅੱਤਿਥੀ, ਅਭਜਾਗਤ ! ਦੇ ਦਿਓ ਢੰਡੋਰਾ ਮੇਰੇ ਨਾਮ ਦਾ, ਆਓ ਜੋ ਜਗਤ ਵਿਚ ਦੁਖੀ ਹੈ ਕਿ ਮੈਂ ਸੁਖ ਦਿਆਂਗੀ ਸਭ ਨੂੰ, ਜਾਓ ਜੋ ਮਨੁੱਕਰ ਹਨ ਯਾ ਹੋਣ ਮੇਰੇ ਨਾਮ ਤੋਂ।' ਫੇਰ ਉਸ ਦੀਆਂ ਸਖੀਆਂ ਨੇ ਉਸ ਦਾ ਸੋਹਿਲਾ ਬੜੇ ਰਹਾ ਨਾਲ ਗਾਂਵਿਆਂ! ਸੁਘੜੋ ਦੇ ਮੱਥੇ ਤਿਲਕ ਦਿੱਤਾ ਗਿਆ, ਗਲ ਸਿਹਰੇ ਪਾਏ ਗਏ, ਫੁਲ ਪੰਖੜੀਆਂ ਦੀ ਬਰਖਾ ਹੋਈ, ਪਤਾਸੇ ਵੰਡੇ ਗਏ ਤੇ, ਸੁਘੜਬਾਈ ਕੀ ਜੈ, ਦੇ ਨਾਅਰਿਆਂ ਨਾਲ ਬੀਬੀ ਕੁਟੀਆ ਦੇ ਅਗਲੇ ਖੁੱਲ੍ਹੇ ਵੇਹੜੇ ਵਿਚ ਇਕ ਚੰਦਨ ਚੌਕੀ ਤੇ ਆ ਬੈਠੀ, ਦੁਆਲੇ ਪੰਗਤਾਂ ਲਗ ਗਈਆਂ। ਚਾਂਦੀ ਦੇ ਥਾਲ ਵਿਚ ਸੁਘੜ ਬਾਈ ਅੱਗੇ ਰੋਟੀ ਪਰੋਸੀ ਗਈ। ਇਹ ਖਾਣ ਲਗ ਪਈ ਤਾਂ ਫਿਰ ਸਾਹੇ ਭੋਜਨ ਵਰਤਿਆ। ਜਦੋਂ ਇਹ ਖੇਲ ਬੀ ਮੁੱਕ ਗਿਆ ਤਾਂ ਸੁਘੜ ਬਾਈ ਪਾਲਕੀ ਵਿਚ ਬੈਠਕੇ ਚਹੁੰ ਕਹਾਰਾਂ ਦੇ ਮੋਢੇ ਚੁੱਕੀ ਜਾ ਕੇ ਆਪਣੇ ਨਿਵਾਸ ਪਹੁੰਚੀ ਤੇ ਅੰਦਰੋਂ ਬੂਹੇ ਮਾਰਕੇ ਟਿਕ ਗਈ।

ਇਸ ਗੱਲ ਦੀ ਸਾਰੇ ਚਰਚਾ ਫੈਲ ਗਈ। ਆਪਣੇ ਪਿੰਡ, ਦੂਸਰੇ ਲਾਗਲੇ ਗਿਰਾਂਈ ਅੱਗ ਦੀ ਲੰਬ ਦੀ ਤਰ੍ਹਾਂ ਸੋ ਪਸਰਦੀ ਗਈ। ਸਭ ਪਾਸਿਆਂ ਤੋਂ ਨਿੰਦਾ ਤੇ ਉਪਾਲੰਭ ਆਰੰਭ ਹੋ ਗਏ। ਸਾਧਾਂ ਸੰਤਾਂ ਸਧਾਰਨਾਂ ਤੇ ਲੋਭੀਆਂ ਸਭ ਦਾ ਆਉਣਾ ਰੁਕ ਗਿਆ। ਸਭ ਆਖਣ ਸ਼ੁਦੈਣ ਹੋ ਗਈ ਹੈ। ਕੋਈ ਇਹ ਭੀ ਆਖੇ: 'ਧਨ ਦੇ ਅਘੁਮਾਨ ਵਿਚ ਫਿੱਟ ਗਈਏ, ਰੱਜਿਆਨਿ ਤੇ ਫਿਟਿਅਨ'। ਇਸ ਤਰ੍ਹਾਂ ਦੀਆਂ ਤੂਤ ਭੀਤੀਆਂ ਟੁਰ ਪਈਆਂ। ਬਾਈ ਨੇ ਕੰਮ ਕਾਜ, ਕਾਰ ਵਿਹਾਰ ਸਭ ਚੋਖੇ ਤੇ ਛੋੜ ਦਿੱਤੇ। ਚਿਤ ਕਰੇ ਬਾਹਰ ਆਉਣਾ, ਨਾ ਕਰੇ ਨਾ ਆਉਣਾ। ਆਉਣਾ ਤਾਂ ਉਹਨਾਂ ਮੁਫਤ ਖੋਰਿਆਂ ਤੋਂ, ਕਿ ਜੋ ਸਦਾਬ੍ਰਤ ਤੇ ਗੁਜ਼ਰਾਨ ਰਖਦੇ ਸਨ, ਆਪਣੇ ਨਾਮ ਦਾ ਜਾਪ ਸੁਣਕੇ ਖੁਸ਼ ਹੋਣਾ। ਕੁਛ ਸਮਾਂ ਐਉਂ ਲੰਘ ਗਿਆ। ਇਸ ਸੰਸਾਰ ਵਿਚ ਨਿਰਮਲ ਬੁੱਧੀ, ਤ੍ਰਿਸ਼ਨਾ ਰਹਿਤ ਵੀਚਾਰ ਤੇ ਸੁਖ ਦੇਣ ਵਾਲਾ ਪ੍ਰੇਮ ਘੱਟ ਹੈ। ਇਥੇ ਕੋਈ ਛੇੜ ਛੇੜ ਦਿਓ ਕਾਫੀ ਮੂਰਖ ਤੇ ਸ੍ਵਾਰਥੀ ਉਸ ਨੂੰ ਚੁੱਕ ਲੈਣ ਵਾਲੇ ਆ ਜਾਂਦੇ ਹਨ। ਸੋਈ ਗੱਲ ਏਥੇ ਆ ਹੋਈ ਕਿ ਹੁਣ ਕੋਈ ਕੋਈ ਜਗਿਆਸੂ ਆਉਣ ਲਗ ਪਿਆ, ਬਾਈ ਤੋਂ ਪਰਮਾਰਥ ਪੁੱਛਣ ਵਾਸਤੇ ਤੇ ਕਈ ਹੋਰ ਸੁਆਰਥੀ ਤੇ ਅਤਿ ਦੇ ਅਪ-ਸੁਆਰਥੀ ਆਉਣ ਲਗ ਪਏ ਆਪਣੇ ਲਾਭਾਂ ਲਈ। ਸੁਆਰਥੀਆਂ ਨੂੰ ਤਾਂ ਸਮਾਂ ਲੱਭਾ ਕਿ ਇਸਦੇ ਮਤ ਦੇ ਪ੍ਰਚਾਰਕ ਬਣਕੇ ਇਸ ਤੋਂ ਤੇ ਜਗਜਾਸੂਆਂ ਦੋਹਾਂ ਤੋਂ ਮਾਯਾ ਮਿਲੇਗੀ। ਜਗਜਾਸੂ ਅਨਭੋਲ ਜਗਿਆਸੂ, ਦੀ ਲੋੜ ਤੋਂ ਚਾਲਾਕ ਸੁਆਰਥੀ ਆਪਣਾ

1. ਭਗਤੀ ਪ੍ਰੇਮ ਪ੍ਰਕਾਸ਼!

ਨਫਾ ਕੱਢਦੇ ਹਨ। ਹਾਂ ਜੋ ਬੰਦੇ ਸ੍ਰੀ ਪਰਮੇਸ਼ਰ ਜੀ ਦੇ ਨਹੀਂ, ਉਹਨਾਂ ਦਾ ਤਾਂ ਆਸ਼ਾ ਤੇ ਨੇਮ ਹੀ ਇਹ ਹੁੰਦਾ ਹੈ ਕਿ 'ਤੇਰੀ ਲੋੜ ਤੇ ਮੇਰਾ ਲਾਭ'। ਉਵ ਤਾਂ ਗਰਜ਼ੀ ਸੰਸਾਰ ਦਾ ਤਾਂ ਆਧਾਰ ਤੇ ਵਰਤੋਂ ਹੀ ਇਹ ਹੈ 'ਤੇਰੀ ਲੋੜ ਮੇਰੇ ਨਫੇ ਦਾ ਔਸਰ ਹੈ।'

ਸੁਘੜੋ ਬਾਈ ਨੇ ਤਾਂ ਇਹ ਰੌਲਾ ਪਾ ਕੇ ਆਪਣੇ ਕੰਮਾਂ ਕਾਜ਼ਾਂ ਦੇ ਰੁਝੇਵਿਆਂ ਤੇ ਆਪਣੀ ਪਰਮਾਰਥ ਦੀ ਢੂੰਡ ਵਿਚ ਪੈ ਕੇ ਉਸ ਤੋਂ ਉਕਸਾਏ ਸੁਆਰਥੀ ਸਾਧੂਆਂ ਤੋਂ ਖਲਾਸੀ ਪਾਈ ਸੀ ਤੇ ਕਿਸੇ ਨੂੰ ਨਾ ਦੱਸੇ ਕਿਸੇ ਮਨਤੱਵ ਵਿਚ ਲਗ ਰਹੀ ਸੀ। ਹੁਣ ਡਿਠੋ ਸੁ ਕਿ ਸਗੋਂ ਜਗਜਾਸੂ ਲੋਕ ਉਸ ਪਾਸੋਂ ਸਿਖਜਾ ਲੈਣ ਆ ਰਹੇ ਹਨ। ਪਹਿਲੇ ਤਾਂ ਸੋਚਾਂ ਪੈ ਗਈਓ ਸੂ। ਫੇਰ ਉਸ ਨੂੰ ਇਸ ਰਸਤੇ ਜਗਜਾਸੂ ਮਨਾਂ ਦੀ ਮੁਤਾਲਜਾ ਦਾ ਅਵਸਰ ਲੱਭ ਗਿਆ ਤੇ ਅਨੇਕ ਨਵੇਂ ਤਜਰਬੇ ਲੱਗੇ ਹੋਣ। ਸੁਹਣਾ ਦੰਭ ਧਾਰ ਕੇ ਉਹ ਗੱਦੀ ਤੇ ਬੈਠੀ ਰਹੀ ਤੇ ਆਏ ਮੁਤਲਾਸ਼ੀ ਦੀ ਨਿਸ਼ਾ ਖ਼ਾਤਰ ਕਰਦੀ ਰਹੀ। ਅਨੇਕਾਂ ਲੋਕ ਯਕੀਨ ਲੈ ਆਏ। ਸਾਧਾਰਨ ਨਹੀਂ, ਚੰਗੇ ਚੰਗੇ ਵਿਦਵਾਨ, ਚੰਗੇ ਚੰਗੇ ਸਰਦੇ ਪੁਜਦੇ ਵਾਲੇ ਲੋਕ ਸ਼ਰਧਾਵਾਨ ਹੋਣ ਲਗ ਪਏ। ਲੋਕਾਂ ਦੇ ਘਰੀਂ ਜਾ ਜਾ ਕੇ ਮਹਿਮਾਂ ਪਸਾਰਨ ਵਾਲੇ ਅਨੇਕਾਂ ਉਗਮ ਪਏ; ਜਿਨ੍ਹਾਂ ਨੂੰ ਕਿ ਉਹਨਾਂ ਲੋਕਾਂ ਤੋਂ ਮਾਯਾ ਮਿਲਣ ਲਗ ਪਈ, ਜਿਨ੍ਹਾਂ ਨੂੰ ਕਿ ਉਹਨਾਂ ਦੇ ਪ੍ਰੇਰਿਆਂ ਬਾਈ ਜੀ ਤੇ ਸਿਦਕ ਬੱਝ ਗਿਆ। ਬਾਈ ਦੇ ਦੁਆਰੇ ਧਨ ਦੀ ਕਮੀ ਨਹੀਂ ਸੀ, ਪਰ ਹੁਣ ਧਨ ਏਸ ਰਸਤਿਓਂ ਬੀ ਆਉਣ ਲੱਗ ਪਿਆ। ਇਸ ਧਨ ਦਾ ਲੁਟਾਉਣਾ ਬੀ ਬਾਈ ਵਲੋਂ ਕਾਫੀ ਸੀ। ਗੱਲ ਕੀ ਦੋ ਤ੍ਰੈ ਬਰਸਾਂ ਵਿਚ ਬਾਈ ਦੇ ਭੌਣ ਪਰਸੀਨ ਲੱਗ ਪਏ। ਬਾਈ ਦੀ ਦਿਲ-ਪੀੜਾ ਬਾਈ ਜਾਣਦੀ ਸੀ, ਉਸ ਦੀ ਮਹਿਰਮ ਉਸ ਨੇ ਕਿਸੇ ਨੂੰ ਨਾ ਬਣਾਇਆ, ਪਰ ਜਗਤ ਵਿਚ ਉਹ ਪੂਜ ਹੋ ਗਈ, ਉਸ ਦਾ ਨਾਮ ਜਪੀਣ ਲਗ ਪਿਆ ਤੇ ਉਸ ਦੇ ਸ਼ਰਧਾਲੂ ਬਹੁਤ ਵਧ ਗਏ। ਇਸ ਸਾਰੇ ਪਸਾਰੇ ਵਿਚ 'ਚੋਖਾ' ਅਪਣੀ ਸੁਾਮਨਿ ਦਾ ਅੰਗ-ਪਾਲ ਰਿਹਾ, ਪਰ ਇਕ ਉਹ ਸੀ ਜੋ ਸਮਝਦਾ ਸੀ ਕਿ ਇਸ ਖੇਲ ਵਿਚ ਬਾਈ ਮਸਤ ਨਹੀਂ, ਇਸਦੇ ਅੰਦਰ ਕੁਛ ਹੋਰ ਹੈ ਤੇ ਇਹ ਬਾਹਰਲਾ ਠਾਠ ਕਿਸੇ ਹੋਰਸ ਪ੍ਰਯੋਜਨ ਦਾ ਲਖਾਯਕ ਹੈ, ਪਰ ਉਹ ਪ੍ਰਯੋਜਨ ਉਸ ਤੋਂ ਬੀ ਲਖਿਆ ਨਹੀਂ ਜਾਂਦਾ ਸੀ। ਕਦੇ ਡੋਲਦਾ, ਕਦੇ ਸੋਚਦਾ, ਕਦੇ ਲੋਚਦਾ, ਕਦੇ ਮਿੱਠਤ ਤੇ ਅਦਬ ਨਾਲ ਮੱਤਾਂ ਦੇਂਦਾ ਰਿਹਾ, ਪਰ ਰਿਹਾ ਅੰਗਪਾਲ। ਇਸ ਨਵੇਂ ਤਜਰਬੇ ਵਿਚ ਜਦ ਜਗਜਾਸੂਆਂ ਨੂੰ ਆਪਣੇ ਬਣਾਏ ਸਾਧਨ ਦੱਸੇ ਯਾ ਚਰਚਾਵਾਦ ਕਰਕੇ ਸਿਆਣਿਆਂ ਨੂੰ ਹਰਾ ਲਵੇ ਤਾਂ ਬਾਈ ਬਾਹਰੋਂ ਹੱਸੇ ਤੇ ਅੰਦਰ ਹੀ ਅੰਦਰ ਰੋਵੇ ਕਿ ਸਚ ਕਹਿੰਦੇ ਹਨ ਮਾਯਾਵਾਦੀ ਕਿ ਇਕੋ ਹੈ ਬ੍ਰਹਮ ਹੋਰ ਮਾਯਾ ਹੈ, ਭੁਲੇਵਾ ਹੈ, ਜਗਤ ਤਿੰਨ ਕਾਲ ਹੈ ਨਹੀਂ, ਭੁਲੇਵਾ ਹੀ ਭੁਲੇਵਾ ਹੈ। ਸੋ ਭੁਲੇਵੇ ਤੋਂ ਰਚੇ ਗਏ ਜਗਤ ਵਿਚ ਭੁਲੇਵੇ ਦਾ ਹੀ ਸਿੱਕਾ ਟੁਰਦਾ ਹੈ। ਏਹ ਸਭ ਇਸ ਭੁਲੇਵੇ ਵਿਚ ਹਨ ਕਿ ਮੈਂ ਹੀ ਭਗਵਾਨ ਹਾਂ। ਮੈਨੂੰ ਪਤਾ ਹੈ ਕਿ ਮੈਂ ਕੀ ਹਾਂ, ਪਰ ਇਹ ਨਹੀਂ ਜਾਣਦੇ ਕਿ ਮੈਂ ਕੀ ਹਾਂ। ਇਹ ਮਾਯਾ ਹੈ।

ਇਸ ਤਰ੍ਹਾਂ ਕੁਛ ਸਮਾਂ ਲੰਘ ਜਾਣ ਦੇ ਬਾਦ ਇਕ ਅੱਧੀ ਰਾਤ ਜਦ ਬਾਈ ਆਪਣੇ ਕੀਰਨੇ ਵਿਰਲਾਪ ਆਪਣੇ ਮਨ ਨਾਲ ਕਰ ਹਟੀ, ਆਪਣੀ ਪ੍ਰਾਰਥਨਾ ਕਰ ਚੁਕੀ, ਹਾਂ ਆਪਣੀ ਇਕੱਲ ਦੀ ਫੇਰ ਡਰਾਉਣੀ ਮੂਰਤ ਅਨੁਭਵ ਕਰਕੇ ਫੇਰ ਪ੍ਰਾਰਥਨਾ ਕਰ ਚੁਕੀ ਤਾਂ ਹਿਕ ਚਮਤਕਾਰ ਵੱਜਾ ਅੰਦਰ। ਆਖਣ ਲੱਗੀ ਓ ਮਨ ਮੇਰੇ ! ਝੂਠ ਸੱਚ ਹੋ ਜਾਇਆ ਕਰਦਾ ਹੈ। ਬਨਾਵਟ ਅਸਲ ਦਾ ਰੂਪ ਬੰਨ੍ਹ ਲਿਆ ਕਰਦੀ ਹੈ। ਬਾਰ ਬਾਰ ਜੋ ਝੂਠ ਵਰਤੇ ਓਹ ਆਪ ਨੂੰ ਹੀ ਸੱਚ ਭਾਸਣ ਲਗ ਜਾਂਦਾ ਹੈ। ਹੁਸ਼ਿਆਰ ਹੋ, ਦੇਖ ਲੋਕਾਂ ਦੀ ਮਹਿਮਾ ਦਾ, ਉਹਨਾਂ ਵਲੋਂ ਤੇਰੀ ਪੂਜਾ ਪ੍ਰਤਿਸ਼ਟਾ ਤੇ ਸਤਿਕਾਰ ਦਾ ਤੇਰੇ ਤੇ ਅਸਰ ਹੋਣ ਲਗ ਪਿਆ ਏ। ਜਦੋਂ ਤੂੰ ਏਕਾਂਤ ਹੁੰਦੀ ਹੈਂ, ਤੈਨੂੰ ਦਿੱਸ ਪੈਂਦਾ ਹੈ ਕਿ ਤੂੰ ਕੀ ਹੈਂ ਤੇ ਕਿਸ ਆਸ਼ੇ ਲਈ ਤੂੰ ਪਖੰਡ ਰਚ ਰਖਿਆ ਹੈ, ਪਰ ਜਦ ਤੂੰ ਆਪਣੇ ਸਤਿਕਾਰ ਕੀਤੇ ਜਾਣ ਵਾਲੇ ਥਾਂ ਹੁੰਦੀ ਹੈਂ, ਤਦੋਂ ਤੇਰੀ ਆਰਤੀ ਉਤਰਦੀ ਹੈ, ਜਦੋਂ ਭੌਣ ਪਰਸੀਂਦੇ ਤੇ ਮਹਿਮਾਂ ਹੁੰਦੀਆਂ ਹਨ ਤਦੋਂ ਤੇਰਾ ਮਨ ਵਧ ਜਾਂਦਾ ਹੈ, ਉੱਚਾ ਹੋ ਜਾਂਦਾ ਹੈ, ਇਕ ਚਾਉ ਤੇ ਮਲ੍ਹਾਰ ਦਾ ਰੰਗ ਵਾਪਰ ਜਾਂਦਾ ਹੈ। ਹਾਂ ਕਦੇ ਕਦੇ ਤੈਨੂੰ ਉਸ ਵੇਲੇ ਏਹੋ ਹੋ ਜਾਂਦਾ ਹੈ ਕਿ ਠੀਕ ਤੂੰ ਉਹੋ ਕੁਛ ਹੈਂ ਜੋ ਕੁਛ ਕਿ ਏਹ ਲੋਕ ਤੈਨੂੰ ਕਹਿ ਰਹੇ ਹਨ। ਤੂੰ ਸਚਮੁਚ ਕਈ ਵੇਰ ਉਸ

ਉਸਤੁਤੀ ਦੇ ਮੰਡਲ ਵਿਚ ਬੈਠੀ ਪ੍ਰਤੀਤ ਕਰਨ ਲੱਗ ਜਾਂਦੀ ਹੈ ਕਿ ਤੂੰ ਮਹਾਨ ਉੱਚੀ ਹੈਂ। ਤੈਨੂੰ ਉਸ ਦਾ ਸੁਆਦ ਪੈਂਦਾ ਜਾਂਦਾ ਹੈ। ਹਾਂ, ਆਪਣੀ ਮਹਿਮਾਂ ਦਾ ਰਸ ਸਭ ਰਸਾਂ ਤੋਂ ਮਿੱਠਾ ਰਸ ਹੈ ਤੇ ਇਸ ਰਸ ਵਿਚ ਵਧਿਆ ਮਨ ਕਈ ਵਧੀਕੀਆਂ ਤੇ ਅਨੀਤੀਆਂ ਕਰ ਸਕਦਾ ਹੈ! ਅੱਜ ਸਮਝ ਆਈ ਕਿ ਜਗਤ ਕਿਉਂ ਆਪਣੀ ਮਸ਼ਹੂਰੀ ਤੇ ਮਹਿਮਾਂ ਵਿਚ ਗ਼ਲਤਾਨ ਹੈ! ਕੀ ਰਾਜਾ, ਕੀ ਵਜ਼ੀਰ, ਕੀ ਸ਼ਾਹੂਕਾਰ, ਕੀ ਕਿਰਤੀ, ਕੀ ਮਜ਼ਦੂਰ, ਕੀ ਰਾਹਕ, ਕੀ ਭਾਈਚਾਰੇ ਦਾ ਚੌਧਰੀ, ਕੀ ਵਿਦਿਆਰਥੀ ਤੇ ਉਸਤਾਦ, ਕੀ ਧਰਮ ਪ੍ਰਚਾਰਕ ਤੇ ਸਾਧੂ ਪੂਜਜ ਵਜਕਤੀ--, ਕੀਹ ਮੁਨਕਿਰ ਕੀਹ ਇਕਰਾਰੀ, ਸਭ ਨੂੰ ਇਹੋ ਰਸ ਮਿਲਦਾ ਹੈ। ਇਸ ਰਸ ਦਾ ਭੁਸ ਪਿਆ ਫੇਰ ਛੁਟਦਾ ਨਹੀਂ। ਵਿਰਲੇ ਹਨ ਜੋ ਇਸ ਦੀ ਵਿਵੇਕ ਸਮਝ ਰਖਦੇ ਹਨ। ਵਿਰਲੇ ਹੋਣਗੇ ਜਿਨ੍ਹਾਂ ਨੂੰ ਸੋਝੀ ਹੋਊ ਕਿ ਇਸ ਰਸ ਵਿਚ ਮਨ ਵਧਦਾ ਹੈ ਤੇ ਜੋ ਕੁਛ ਨਹੀਂ ਹੋਈਦਾ ਆਪ ਨੂੰ ਸਮਝ ਬੈਠੀਦਾ ਹੈ। ਇਹ ਬੀ ਇਕ ਭੁਲੇਵਾ ਹੈ ਜੋ ਆਪਣੀ ਕੀਮਤ ਕੂਤ ਆਪਣੇ ਹੀ ਮਨ ਦੀ ਤੱਕੜੀ ਵਿਚ ਬਿਨਾ ਵਧੇ ਵਧਾ ਦੇਂਦਾ ਹੈ। ਹੇ ਸੁਘੜੋ! ਨਹੀਂ ਅਸੁਘੜੋ ! ਆਪਾ ਮੁਆਰਨਾ ਬੜਾ ਔਖਾ ਕੰਮ ਹੈ। ਮੈਂ ਜਿੰਨੇ ਜਿੰਨੇ ਤਰਲੇ ਲਏ ਉਹਨਾਂ ਵਿਚੋਂ ਆਪੇ ਸੌਰਨ ਦੇ ਰਸਤੇ ਦੀਆਂ ਅਟਕਾਂ ਨਿਕਲ ਹੀ ਆਉਂਦੀਆਂ ਰਹੀਆਂ। ਹੁਣ ਇਸ ਆਪਣੀ ਮਹਿਮਾਂ ਦੀ ਅਪਣੇ ਸਤਿਕਾਰੇ ਜਾਣਦੀ ਨੱਯਾ ਕਿਸ ਤਰ੍ਹਾਂ ਤਰ੍ਹਾਂ ? ਕਿਸੇ ਕਿਹਾ ਸੀ ਦੌਲਤ ਪਰਦਾ ਹੈ ਸਾਈਂ ਤੇ ਤੇਰੇ ਵਿਚਾਲੇ ! ਅਜ ਸਮਝ ਆਈ ਕਿ ਮਹਿਮਾ ਬੀ ਇਕ ਪਰਦਾ ਹੈ ਜੋ ਆਪੇ ਨੂੰ ਆਪੇ ਕੋਲੋਂ ਲੁਕਾ ਲੈਂਦਾ ਹੈ। ਹਾਇ, ਪਰ ਕੌਣ ਹੈ ਜੋ ਬੇ ਸਤਿਕਾਰਿਆ ਜਾ ਕੇ ਖੁਸ਼ ਹੁੰਦਾ ਹੈ। ਸਤਿਕਾਰ ਕਿਸੇ ਸ਼ਕਲ ਵਿਚ ਰੂਹ ਦੀ ਗਿਜ਼ਾ ਭਾਸਦਾ ਹੈ। ਇਸ ਦੀ ਬੀ ਲੋੜ ਹੈ! ਹੈਂ, ਇਹ ਹੈ ਕੀ ? ਆਤਮ ਵਸਤੂ ਹੈ ਕਿ ਮਾਯਕ ? ਹਾਂ ਸਾਡੇ ਅੰਦਰ ਬੈਠੀ ਹਉਂ ਨੂੰ ਲੋੜ ਹੈ ਕਿ ਇਸ ਨੂੰ ਠੁਹਕਰ ਨਾ ਲਗੇ; ਹਾਂ ਇਹ ਹੰਕਾਰ ਚਾਹੁੰਦਾ ਹੈ ਕਿ ਮੇਰੇ ਅੱਗੇ ਅਟਕ ਨਾ ਆਵੇ, ਅਨੁਕੂਲਤਾ ਆਵੇ। ਇਹ ਅਨੁਕੂਲਤਾ ਸਤਿਕਾਰ ਮਿਲੇ ਤਾਂ ਪ੍ਰਾਪਤ ਹੁੰਦੀ ਹੈ। ਇਉਂ ਹੈਂ ? ਯਾਂ ਇਉਂ ?-ਕਿ ਰੂਹ ਕੋਈ ਸੁਹਣੀ ਚੀਜ਼ ਹੈ ਤੇ ਉਹ ਜਦ ਮਾਯਾ ਵਿਚ ਆ ਫਸਦੀ ਹੈ ਤਾਂ ਸਤਿਕਾਰ ਨਾਲ ਆਪਣੇ ਸਰੂਪ ਦੀ ਪ੍ਰਤੀਤੀ ਵਿਚ ਆਉਂਦੀ ਹੈ, ਕਿਹੜੀ ਗੱਲ ਠੀਕ ਹੈ ? (ਕਿਚਕਿਚਾ ਕੇ) ਨਹੀਂ ਸਮਝ ਪੈਂਦੀ। ਕੀਹ ਲੈਣਾ ਈ ਅਸੁਘੜੋ ! ਇਹ ਪ੍ਰਤੱਖ ਹੈ ਕਿ ਤੂੰ ਉਹ ਨਹੀਂ; ਜੋ ਤੈਨੂੰ ਜਾਣ ਕੇ ਲੋਕੀਂ ਆਦਰ ਦੇਂਦੇ ਹਨ, ਸੋ ਇਹ ਆਦਰ ਨਿਸਚੇ ਹੈ ਕਿ ਭੁਲੇਵੇ ਵਿਚ ਮਿਲ ਰਿਹਾ ਹੈ ਤੇ ਇਹ ਆਦਰ ਹੈ ਕਿ ਜਿਸਦਾ ਤੈਨੂੰ ਸੁਆਦ ਪੈਂਦਾ ਜਾਂਦਾ ਹੈ। ਇਹ ਤੇਰੇ ਲਈ ਚਿੱਕੜ ਹੋ ਜਾਏਗਾ। ਇਸ ਤੋਂ ਬਚ। ਬੱਸ ਇਹ ਹੈ ਬੁੱਧੀ ਦਾ ਵਿਵੇਕੀ ਚਮਤਕਾਰ, ਜੋ ਇਸ ਵੇਲੇ ਵੱਜਾ ਹੈ ਠੀਕ ਹੈ, ਨਿਸਚੇ ਜਾਣ ਕਿ ਇਹ ਠੀਕ ਹੈ! ਹੁਣ ਜਦ ਲੋਕੀਂ ਮਹਿਮਾ ਕਰਨ ਤੂੰ ਹੱਸਿਆ ਕਰ ਕਿ ਕੈਸੇ ਮੂਰਖ ਹਨ ਪਰ ਆਪ ਨਾ ਕੁਛ ਬਣਿਆ ਕਰ ਅੰਦਰੋਂ। ਤੈਨੂੰ ਪਤਾ ਹੈ ਕਿ ਤੂੰ ਉਹ ਨਹੀਂ ਜੋ ਤੂੰ ਆਪ ਨੂੰ ਦਿਖਾ ਰਹੀਂ ਹੈਂ। ਲਗੀ ਰਹੁ ਅਪਣੀ ਧੁਨ ਵਿਚ ਇਸ ਪਰਦੇ ਹੇਠ। ਦੇਖ, ਹੋਵੇਗਾ ਦਿਆਲ ਤਾਂ ਦੇਵੇਗਾ ਬੁਲਾਕੇ।

ਹੁਣ ਸੁਘੜ ਬਾਈ ਜਦੋਂ ਚੇਲਿਆਂ ਬਾਲਿਆਂ ਵਿਚ ਬੈਠੇ ਸੋਚਵਾਨ ਹੋ ਕੇ ਬੈਠੇ ਤੇ ਧਜਾਨ ਰਖੇ ਅੰਦਰ ਕਿ ਕਿਤੇ ਇਨ੍ਹਾਂ ਵਲੋਂ ਮਿਲ ਰਹੇ ਪਿਆਰ ਤੇ ਸਤਿਕਾਰ ਦੇ ਭੁਲੇਵੇਂ ਦੇ ਚਿੱਕੜ ਵਿਚ ਫਸਕੇ ਇਸੇ ਜਿਲ੍ਹਣ ਵਿਚ ਨਾ ਅਟਕ ਜਾਵਾਂ ਕਿ ਬੱਸ ਇਹੋ ਜਗ ਮਿੱਠਾ ਤੇ ਅਗਲਾ ਕਿਨ੍ਹ ਡਿੱਠਾ। ਹਾਂ ਮੇਰੇ ਮਨ ! ਮੇਰੀ ਉੱਚੀ ਅਭਿਲਾਖ ਜੇ ਪੂਰੀ ਨਹੀਂ ਹੋਣੀ ਤਾਂ ਮੇਰੀ ਸਿੱਕ ਜੀਉਂਦੀ ਰਹੇ, ਮੇਰੀ ਸੱਧਰ ਨਾ ਮਿਟੇ, ਮੇਰੀ ਪਿਆਸ ਮਰ ਨਾ ਜਾਏ। ਹਾਂ, ਹਾਂ, ਹੇ, ਹੇ, ਹੇ

ਤੂੰ ਸਦਾ ਛਿਪੇ, ਹਾਂ ਹੇ ਤੂੰ ਆਪ ਛਪਣੇ ਹਾਰ !
ਛਪਿਆ ਰਹੁ, ਛਪਿਆ ਰਹੁ, ਜੀ ਸਦਕੇ
ਛਪਿਆ ਰਹੁ!
ਪਰ ਤੂੰ ਆਪਣੇ ਪਜਾਰੇ ਨੂੰ ਕਹੁ ਤੂੰ ਨਾ ਛਪਿਆ ਰਹੁ
ਹਾਂ ਤੂੰ ਨਾ ਛਪਿਆ ਰਹੁ।
ਤੇਰੇ ਛਪਿਆਂ ਜਗ ਰੁਸ਼ਨਾਈ ਗੁੰਮਦੀ ਏ,
ਦੁਨੀ ਹਨੇਰੇ ਘੁੰਮਦੀ ਏ।
ਹੇ ਤੂੰ ਆਪ ਛਪਣੇ ਹਾਰ !

੧੪. (ਸੱਦਾ)

**ਆਨੰਦਪੁਰ** ਵਿਚ ਸ੍ਰੀ ਸਤਿਗੁਰੂ, ਅਕਾਲ ਪੁਰਖ ਦੇ ਭੇਜੇ, ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਲੱਗ ਰਿਹਾ ਹੈ। ਸੰਗਤਾਂ ਤੇ ਸਿੰਘ, ਜਗਯਾਸੂ ਤੇ ਢੂੰਡਾਊ

ਆ ਆ, ਮਿਲ ਮਿਲ, ਸੁਖੀ ਹੋ ਹੋ ਜਾ ਰਹੇ ਹਨ। ਪੋਠੋਹਾਰ ਤੋਂ ਆਈ ਇਕ ਸੰਗਤ ਪੇਸ਼ ਹੋਈ। ਮੇਵੜੇ ਨੇ ਸਭ ਦੀ ਅਰਦਾਸ ਕੀਤੀ। ਸਤਿਗੁਰ ਜੀ ਇਕ ਇਕ ਸਿੱਖ ਨੂੰ ਪਿਆਰ ਨਾਲ ਮਿਲੇ, ਦੁਖ ਸੁਖ ਸੁਣੇ, ਮਿਹਰਾਂ ਕੀਤੀਆਂ। ਮੁਸ਼ਕਲਾਂ ਦੇ ਹੱਲ ਦੱਸੇ। ਪਰਮਾਰਥ ਵਿਚ ਪਈਆਂ ਮੁਸ਼ਕਲਾਂ ਦੇ ਸੁਲਝਾਉ ਦੱਸੇ। ਜਦੋਂ ਸਾਰੇ ਪ੍ਰਸੰਨ ਹੋ ਚੁਕੇ ਤਾਂ ਸਤਿਗੁਰ ਜੀ ਨੇ ਉਸ ਦੇਸ਼ ਦੇ ਹੋਰ ਹਾਲ ਪੁੱਛੇ। ਉਪਰ ਤੁਰਕਾਨੇ ਦਾ ਜ਼ੋਰ ਹੋਣ ਕਰਕੇ ਆਪ ਚਾਹੁੰਦੇ ਸਨ ਕਿ ਹਿੰਦੂ ਸਿਖ ਪਰਜਾ ਦਾ ਹਾਲ ਪਤਾ ਲੱਗੇ। ਜਦੋਂ ਸੰਗਤ ਇਹ ਗੱਲਾਂ ਦਸ ਚੁਕੀ ਤਾਂ ਆਪ ਨੇ ਪੁੱਛਿਆ ਕਿ ਕੋਈ ਨਵੀਂ ਗੱਲ ਸੁਣਾਓ ਜੋ ਉਸ ਪਾਸੇ ਵਰਤੀ ਹੋਵੇ ਤਾਂ ਸੰਗਤ ਦੇ ਮੁਖੀਏ ਨੇ ਦੱਸਿਆ: ਪਾਤਸ਼ਾਹ ਓਥੇ ਇਕ ਉਪੱਦਰ ਨਵਾਂ ਟੁਰਿਆ ਹੈ। ਇਕ ਵਿਧਵਾ ਤ੍ਰੀਮਤ ਹੈ। ਹੈਸੀ ਤਾਂ ਚੰਗੀ ਸਖੀ ਤੇ ਸੰਤ ਸੇਵੀ ਤੇ ਉਸ ਦੇ ਆਚਾਰ ਹੁਣ ਬੀ ਸੁੱਚੇ ਹਨ, ਪਰ ਉਸ ਦੇ ਦਿਮਾਗ਼ ਨੂੰ ਕੁਛ ਹੋ ਗਿਆ ਹੈ ਕਿ ਕੋਈ ਹੋਰ ਖੇਦ ਹੈ, ਉਹ ਹਰਨਾਕਸ਼ ਵਾਂਗੂੰ ਆਪਣੇ ਨਾਮ ਦਾ ਜਾਪ ਜਪਾ ਰਹੀ ਹੈ। ਆਪਣੀ ਪੂਜਾ ਕਰਾ ਰਹੀ ਹੈ। ਪਾਤਸ਼ਾਹ ! ਹੋਰ ਤਾਂ ਹੋਰ, ਅਪਣਾ ਨਾਮ ਤਾਂ ਹਰਨਾਕਸ਼ ਤੋਂ ਮਗਰੋਂ ਏਸ ਨੇ ਹੀ ਜਪਾਯਾ ਹੈ। ਲੋਕੀਂ ਮੂਰਖ ਉਸ ਦੇ ਮਗਰ ਬੀ ਲਗ ਪਏ ਹਨ। ਉਸ ਦੇ ਦੁਆਰੇ ਪਲਣ ਵਾਲੇ ਮੰਗਤੇ ਉਸ ਦੀ ਬਹੁਤ ਮਹਿਮਾਂ ਕਰਦੇ ਹਨ। ਤ੍ਰੀਮਤਾਂ, ਮਰਦ, ਸੰਤ ਉਸ ਨੇ ਦਰਮਾਹੇ ਦੇ ਕੇ ਰੱਖੇ ਹੋਏ ਨੇ। ਤ੍ਰੀਕਿਆਂ ਨਾਲ ਓਹ ਲੋਕਾਂ ਨੂੰ ਪ੍ਰੇਰ ਫਸਾ ਕੇ ਉਧਰ ਲੈ ਜਾ ਰਹੇ ਹਨ, ਫੇਰ ਜੀਓ ਚੰਗੇ ਚੰਗੇ ਸਿਆਣੇ ਤੇ ਪੜ੍ਹੇ ਜਿੰਨ ਬੀ ਜਾ ਫਸੇ ਹਨ। ਅੱਗੇ ਹੀ ਉਸ ਪਾਸ ਧਨ ਸੀ ਬਥੇਰਾ ਤੇ ਹੁਣ ਤਾਂ ਹੋਰ ਬੀ ਧਨ ਆਉਣ ਲੱਗ ਪਿਆ ਏ, ਜਿਥੇ ਧਨ ਓਥੇ ਅਣਬਣਤਰ ਬੀ ਬਣ ਜਾਂਦੀ ਹੈ।

ਸਤਿਗੁਰੂ ਸੁਣ ਕੇ ਮੁਸਕ੍ਰਾਏ ਤੇ ਬੋਲੇ: ਕੋਈ ਸਿਖ ਤਾਂ ਨਹੀਂ ਡੋਲਿਆ ? ਮੁਖੀਏ ਨੇ ਦੱਸਿਆ, ਨਹੀਂ ਪਾਤਸ਼ਾਹ ! ਸੋਨੇ ਦੇ ਪਾਰਖੂ ਤੇ ਸੋਨਾ ਜਿਨ੍ਹਾਂ ਦੇ ਪਾਸ ਹੋਵੇ ਉਨ੍ਹਾਂ ਨੂੰ ਰੱਖਣ ਵਾਲਾ ਤੂੰ। ਸਿਖ ਸਾਰੇ ਹਾਸੀ ਕਰਦੇ ਹਨ। ਫ਼ਿਰ ਸਤਿਗੁਰੂ ਹੱਸੇ ਤੇ ਬੋਲੇ: "ਫਿਕਰ ਨਾ ਕਰੋ, ਨਰਦ ਪੁੱਗਣ ਵਾਲੀ ਹੈ; ਆਪਣੇ ਘਰ ਅੱਪੜਨ ਵਾਲੀ ਹੈ। ਬਹੁਤ ਵੇਰ ਕੱਚੀ ਹੋਈ ਹੈ, ਬਹੁਤ ਵੇਰ ਚਾਲੇ ਪਈ ਹੈ। ਜੀਵਨ ਪਾਸਿਆਂ ਵਾਂਙੂ ਪੈਂਦਾ ਹੈ ਕਈ ਵੇਰ! ਜਿਸਦੀ ਸਾਂਈਂ ਰੱਖੇ ਉਹਦੀ ਰਹਿ ਆਉਂਦੀ ਹੈ, ਤੁਸੀਂ ਝੋਰਾ ਨਾ ਖਾਓ।"

ਇਹ ਕਹਿ ਕੇ ਸਤਿਗੁਰ ਨੇ ਨੈਣ ਮੀਟ ਲਏ। ਕੁਛ ਚਿਰ ਮਗਰੋਂ ਖੁਹਲੇ ਤਾਂ ਕਲਮ ਦਵਾਤ ਮੰਗੀ ਤੇ ਉਸ ਵੇਲੇ ਆਪਣੇ ਸੁਹਣੇ ਹੱਥਾਂ ਨਾਲ ਇਹ ਰੁੱਕਾ ਲਿਖਿਆ :-

ਅਰੀ ਰਿੰਦ, ਅਰੀ ਪਾਖੰਡ ! ਅੰਤਰ ਜਗਿਆਸਾ ਪਰਮਾਤਮਾ ਕੀ ਬਾਹਰ ਦਿਖਾਵਾ ਉਲਟ ਰਹਿਬਰੀ ਕਾ ? ਮਤ ਭੁਤਲਾ ਜਗਤ ਕੋ ! ਆ ਆ ਕੇ ਮਾਰਗ ਮਿਲੇ ਤੁਝ ਕੋ। ਬਿਲਮ ਨਾਂ ਕਰ, ਸਮਾ ਬਿਹਾ ਰਿਹਾ ਹੈ, ਹਾਜ਼ਰ ਹੋ ਕਿ ਹਜ਼ੂਰੀ ਮਿਲੇ।

ਇਹ ਰੁੱਕਾ ਸਤਿਗੁਰ ਜੀ ਨੇ ਇਕ ਕਾਸਦ ਦੇ ਹੱਥ ਦਿੱਤਾ ਤੇ ਕਿਹਾ ਕਿ ਸੰਗਤ ਦੇ ਮੁਖੀਏ ਪਾਸੋਂ ਪਤਾ ਲੈ ਕੇ ਉਸ ਬੀਬੀ ਦੇ ਨਗਰ ਜਾ ਕੇ ਪੱਤ੍ਰ ਪਹੁੰਚਾ ਦੇ ਤੇ ਜਵਾਬ ਲੈ ਕੇ ਆਓ।

੧੫. (ਜੀ ! ਹਾਜ਼ਰ)

**ਸੁਘੜ** ਬਾਈ ਦੇ ਧੁਰ ਛਤ ਉਤੋਂ ਅੱਧੀ ਰਾਤ ਵੇਲੇ ਨਿੱਕੀ ਨਿੱਕੀ ਰਹਾ ਭਰੀ ਆਵਾਜ਼ ਆ ਰਹੀ ਹੈ-

'ਕਾਹਨੂੰ ਤੁਰ ਗਿਐਂ ਕੱਲੜਾ ਜਾਨੀ !
ਨਾਲੇ ਲੈ ਨ ਗਿਓਂ, ਮਾਰ ਗਿਓਂ ਨ ਕਾਨੀ।'

ਫੇਰ ਚੁਪ ਹੋ ਗਈ। ਫੇਰ ਆਵਾਜ਼ ਆਈ ਓਹੋ, ਫੇਰ ਚੁਪ ਹੋ ਗਈ। ਸੁਘੜ ਬਾਈ ਮਨ ਨਾਲ ਗੱਲਾਂ ਕਰ ਰਹੀ ਹੈ। ਪਹਿਲੇ ਦਿਨ ਯਾਦ ਆਏ, ਉਹ ਪ੍ਰੇਮ ਰਸ ਚੇਤੇ ਆਇਆ-

ਉਚੇ ਉਚੇ ਪਿਪਲੀਂ ਪੀਂਘਾ ਪਈਆਂ, ਰਲ ਮਿਲ
ਸਹੀਆਂ ਝੂਟਣ ਗਈਆਂ। ਬੈਠ ਮੁਹਾਠੀਂ ਰੋਂਦੜੀ
ਰਹੀਆਂ ਤੁਰ ਗਿਓਂ ਫੇਰ ਨਾ ਮੁੜਿਓਂ ਜਾਨੀ।
ਗਿਓਂ ਨ ਲੈ ਮਾਰ ਗਿਓਂ ਨਾ ਕਾਨੀ।

ਗਾਂਵੀਂ, ਰੋਈ, ਫੇਰ ਹਾਹੁਕਾ ਲੈ ਕੇ ਬੋਲੀ: ਓਹ ਜੋ ਬੀਤ ਗਿਆ, ਗਿਆ। ਜਦ ਨਾਸ਼ਮਾਨ ਤੋਂ ਮਨ ਉਠ ਗਿਆ ਤੇ ਲਗ ਗਿਆ ਅਵਿਨਾਸ਼ ਵੱਲ, ਹੁਣ ਝੋਰੇ ਉਸ ਦੇ ਝੁਰਨੇ ਪਾਪ ਹਨ। ਹੁਣ ਕੀਹ ਗੱਲ ਕਰੀਏ। ਕਿਸੇ ਬਨ ਬੇਲੇ ਚਲ ਬਹੀਏ। ਸ਼ੋਭਾ ਦੀ ਜਿੱਲ੍ਹਣ ਵਿਚ ਕਿਤੇ ਖੁਭਦੇ ਖੁਭਦੇ ਰਸਾਤਲ ਨਾ ਜਾ ਲੱਗੀਏ। ਕਿਵੇਂ, ਕਿਵੇਂ ? ਨਹੀਂ ਨਹੀਂ। ਤੂੰ ਤਕੜੀ

ਹੋ। ਕਰੀ ਚਲ ਜੋ ਕਰ ਰਹੀਂ ਹੈਂ। ਉਹ ਹੈ ਅਰਸ਼ਾਂ ਕੁਰਸ਼ਾਂ ਦਾ ਸਾਂਈਂ, ਉਸ ਦੀ ਸੂਰਤ ਹੈ ਟਰ ਰੰਗੇ ਹਰ ਜਾਈ, ਉਹਦਾ ਰਾਹ ਹੈ ਜ਼ਰੂਰ, ਮਿਲੇਗਾ ਜ਼ਰੂਰ, ਉਹ ਹੈ ਨੂਰ, ਝਲਕਾ ਮਾਰੇਗਾ। ਫੇਰ ਗਾਵੀਂ-ਆ ਮੇਰੇ ਰੱਬ ਸਾਂਈਂ ਸੁਹਣੀਆਂ ਲੋਈ ਵਾਲੇ ! ਛਿਪ ਛਿਪ ਬਹਿਨਾਏਂ ਤੂੰ ਮੇਰੇ ਰੰਗ ਰੰਗੋਈ ਵਾਲੇ !

ਰਾਤ ਬੀਤ ਗਈ, ਦਿਨ ਚੰਗਾ ਚੜ੍ਹ ਪਿਆ ! ਬਾਈ ਸਵੇਰੇ ਅਜ ਆਪਣੀ ਵਹ੍ਰੇ ਰੀਢ ਕਰਕੇ ਉਡੀਕੀ ਜਾ ਰਹੀ ਸੀ। ਦਰਬਾਰ ਸੱਜ ਰਿਹਾ ਸੀ, ਇਸ ਦੇ ਸ਼ਰਧਾਲੂ ਤੇ ਪਦਾਰਥ ਤੇ ਪਲ ਰਹੇ ਸਾਰੇ ਇਕੱਤ੍ਰ ਸਨ। ਬਾਈ ਪਾਲਕੀ ਵਿਚ ਆਈ ਤੇ ਆਪਣੇ ਸਿੰਘਾਸਨ ਤੇ ਜਾ ਬੈਠੀ। ਡੰਡੌਤਾਂ ਪ੍ਰਨਾਮ ਹੋਏ, ਆਰਤੀ ਉਤਰੀ, ਫੁਲ ਚੜ੍ਹੇ, ਸ਼ਿਹਰੇ ਗਲੇ ਪਾਏ ਗਏ। ਫੇਰ ਸਭ ਨੇ ਗਾਂਵਿਆਂ 'ਸੁਘੜ ਬਾਈ ਕੀ ਜੈ। ਸੁਘੜ ਬਾਈ ਹੈ। ਹੋਰ ਸਭ ਛੈ। ਸੁਘੜ ਬਾਈ ਹੈ'। ਫੇਰ ਭੇਟਾਂ ਅਰਪਨ ਹੋਈਆਂ। ਭੇਟਾਂ ਲੈ ਰਹੀ ਸੀ, ਵਰ ਦੇ ਰਹੀ ਸੀ, ਪ੍ਰਸੰਨ ਹੋ ਰਹੀ ਸੀ, ਰਜੋ ਗੁਣੀ ਰਸ ਆਪ ਨੂੰ ਸਤਿਕਾਰ ਮਿਲੇ ਦਾ ਆ ਰਿਹਾ ਸੀ ਕਿ ਅੰਦਰਲਾ ਨਾਲ ਨਾਲ ਕਹਿ ਰਿਹਾ ਸੀ : ਖ਼ਬਰਦਾਰ, ਇਹ ਰਸ ਓਪਰਾ ਹੈ; ਇਹ ਠੰਢੀ ਸੁਹਾਵੀ ਨੈਂ ਹੈ, ਤਰਨੀ ਹੈ ਡੁੱਬਣਾ ਨਹੀਂ। ਪਰ ਫੇਰ ਰਸ ਆ ਰਿਹਾ ਸੀ ਤੇ ਚੋਖਾ ਸੁਹਣਾ ਰੰਗ ਬੰਨ੍ਹ ਬੰਨ੍ਹ ਕੇ ਰਸ ਆ ਰਿਹਾ ਸੀ। ਇਸ ਵੇਲੇ ਇਕ ਕਾਸਦ ਆ ਪੁੱਜਾ। ਇਹ ਇਕ ਲੰਮਾ ਸੁਹਣੀ ਨੁਹਾਰ ਵਾਲਾ, ਸਿੱਧੀ ਦਸਤਾਰ ਵਾਲਾ, ਕੇਸਾਂ ਵਾਲਾ, ਦਾੜ੍ਹੇ ਵਾਲਾ ਜਥੇਦਾਰ ਮਨੁੱਖ ਸੀ। ਦੇਖਦਿਆਂ ਸਭ ਹਰਿਆਨ ਹੋਏ ਸੁਹਣੀ ਸੂਰਤ ਤੇ ਅਭੈ ਚੜ੍ਹਤ ਬੜ੍ਹਤ ਤੇ। ਇਸ ਹਲਕਾਰੇ ਨੇ ਅਭੈ ਕਦਮ ਧਰਦਿਆਂ, ਸਭ ਤੋਂ ਅੱਗੇ ਨਿਕਲ ਕੇ ਰੁੱਕਾ ਇਕ ਖ਼ਰੀਤੇ ਵਿਚ ਬੰਦ ਬਾਈ ਜੀ ਦੇ ਹੱਥ ਦਿੱਤਾ ਤੇ ਗੱਜ ਕੇ ਕਿਹਾ:- ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ। ਦਿਲ ਦਹਿਲ ਗਏ ਜੈਕਾਰੇ ਦੀ ਭਰਵੀਂ ਆਵਾਜ਼ ਨਾਲ। ਸਭ ਨੇ ਕੰਬ ਕੇ ਤੱਕਿਆ:-ਕੌਣ ਹੈ ਇਹ ? ਕੋਈ ਨਹੀਂ ਸੀ ਜਾਣਦਾ, ਪਰ ਇਕ ਨੇ ਹੌਲੇ ਜਿਹੇ ਕਿਹਾ: ਏਹ ਆਨੰਦਪੁਰ ਵਾਲੇ ਦਾ ਹੈ। ਦੇਖੋ ਨਾ ਤੌਰ, ਤੱਕੋ ਨਾ ਚੜ੍ਹਤ ਬੜ੍ਹਤ, ਸੁਆਦ ਆ ਗਿਆ ਹੈ। ਦੂਜੇ ਨੇ ਕੋਲੋਂ ਕਿਹਾ ਕੀਕੂੰ ਦਾ ਦਲੇਰ ਹੈ, ਕਿਵੇਂ ਸਾਡੇ ਗੁਰਦੇਵ ਭਗਵਾਨ ਪਾਸ ਬੇਅਦਬ ਹੋ ਕੇ ਚਲਾ ਗਿਆ ਹੈ। ਨਾ ਡੰਡੌਤ ਨਾ ਮੱਥਾ।

ਇਉਂ ਦੀਆਂ ਲੋਕੀ ਗੱਲਾਂ ਕਰ ਰਹੇ ਸਨ।

ਉਧਰ ਸੁਘੜ ਬਾਈ ਨੇ ਲਿਆ ਖਰੀਤਾ ਹੱਥ ਵਿਚ ਹਰਿਆਨ ਹੋ ਕੇ। ਜਦੋਂ ਹੱਥ ਲਾਇਆ ਖ਼ਰੀਤੇ ਨੂੰ ਤਾਂ ਹੱਥ ਵਿਚ ਝਰਨਾਟ ਆਈ। ਜਦੋਂ ਖ਼ਤ ਖੁਹਲਿਆ ਤਾਂ ਲੂੰਆਂ ਵਿਚ ਝੁਣਝੁਣੀ ਆਈ, ਜਦੋਂ ਨੈਣਾਂ ਅਗੇ ਕੀਤਾ ਰੁੱਕਾ ਕਾਗਜ਼ ਦਾ ਤਾਂ ਗੋਲ ਮੋਲ ਛੱਲੇ ਆਏ ਨੈਣਾਂ ਅੱਗੇ ਤੇ ਅੱਖਰ ਗੋਲ ਮੋਲ ਵਿੰਗ ਤੜਿੰਗੇ ਚੀਚਕਚੋਲਿਆਂ ਵਾਂਙੂ ਬੇਥਵੀ ਸ਼ਕਲ ਲੈ ਕੇ ਤੇ ਕਈ ਤਸਵੀਰਾਂ ਬਣ ਬਣ ਕੇ ਦਿੱਸੇ। ਬਾਈ ਪੜ੍ਹੇ, ਪਰ ਅੱਖਰ ਅਪਣੀ ਸੂਰਤ ਨਾ ਲੈਣ ਤੇ ਪੜ੍ਹੇ ਨਾ ਜਾਣ। ਜਿਉਂ ਜਿਉਂ ਜ਼ੋਰ ਲਾਵੇ ਨੈਣਾਂ ਦਾ ਤਿਉਂ ਤਿਉਂ ਉਹ ਚੱਕਰ ਬਣ ਬਣ ਕੇ ਤੇ ਕਈ ਰੰਗ ਲੈ ਲੈ ਕੇ ਉਡਦੇ ਉਡਦੇ ਭਾਸਣ। ਸਿਆਣੀ ਸੀ, ਨੈਣ ਮੀਟ ਲਿਓਸੁ। ਮਨ ਵਿਚ ਆਖੇ: ਹੇ ਮਨ ! ਡਰ ਗਿਆਂ ਹੈਂ ? ਮਨ ! ਕੰਬ ਗਿਆ ਹੈਂ ? ਮਨ ! ਪਤਾ ਨਹੀਓਂ ਪਤ੍ਰ ਕਿਸਦਾ ਹੈ ! ਬਿਨ ਜਾਣੇ ਕਿਉਂ ਆਪੇ ਤੋਂ ਹਿੱਲ ਖੜੋਤਾ ਹੈਂ ? ਕੋਈ ਅਹਿਦੀਆ ਤਾਂ ਨਹੀਂ ਆਇਆ। ਇਹ ਤਾਂ ਸੁਹਣੀ ਨੁਹਾਰ ਵਾਲਾ ਕੋਈ ਖਿੜੇ ਜੁੜੇ ਮੱਥੇ ਵਾਲਾ ਹੈ ਜੋ ਲਿਆਇਆ ਹੈ ਖਤ, ਟਿਕ ਤੇ ਟਿਕ ਕੇ ਪੜ੍ਹ।

ਬੰਦ ਨੈਣਾਂ ਵਿਚ ਹੀ ਖ਼ਤ ਨੈਣਾਂ ਨਾਲ ਲਾਇਓਸੁ ਤਾਂ ਛਾਤੀ ਵਿਚ ਸੀਤਲਤਾ ਆਈ, ਦਿਲ ਨੂੰ ਕਹਿਣ ਲੱਗੀ, ਚਿੱਠੀ ਕਿਸੇ ਸਬਲ ਦੀ ਹੈ, ਇਸ ਵਿਚ ਸੱਤਯਾ ਹੈ। ਮਨ ! ਅਦਬ ਵਿਚ ਆ ਪ੍ਰਾਰਥਨਾ ਕਰ। ਐਉਂ ਟਿਕ ਕੇ, ਸੁਆਸ ਤੇ ਮਨ ਟਿਕਾ ਕੇ ਫੇਰ ਚਿੱਠੀ ਪੜ੍ਹੀਓਸੁ ! ਹੁਣ ਵਾਰ ਲਈ ਨੈਣਾਂ ਨੇ ਚਿੱਠੀ, ਸਮਝ ਲਿਆ ਅਰਥ ਮਨ ਨੇ, ਪਰ ਸਾਰਾ ਸਰੀਰ ਝਰਨ ਝਰਨ ਹੋ ਗਿਆ ਸਮਝ ਕੇ: ਖਰਰ ਥਰਰ ਆ ਗਈ। ਕੌਣ ਹੈ ਲੇਖਕ ? ਚਿੱਠੀ ਵਿਚ ਨਾਮ ਨਹੀਂ, ਪਰ ਹੁਕਮ ਹੈ। ਇਸ ਤਰ੍ਹਾਂ ਦੇ ਕਈ ਭਾਵ ਅੰਦਰ ਉਮਾਹੇ ਕਿ ਉਸ ਨੂੰ ਲੁਕਾਉਣੇ ਮੁਸ਼ਕਲ ਹੋ ਗਏ। ਬੜੀ ਕਠਨਤਾ ਨਾਲ ਆਪਾ ਸੰਭਾਲ ਕੇ ਜੁੜੀ ਭੀੜ ਵਲ ਤੱਕ ਕੇ ਬੋਲੀ: ਮੈਂ ਹੁਣ ਏਕਾਂਤ ਹੋਣਾ ਹੈ, ਤੁਸੀਂ ਸਭ ਅੰਨ ਪਾ ਕੇ ਘਰੋ ਘਰੀ ਚਲੇ ਜਾਓ। ਇਹ ਕਹਿ ਕੇ ਉਠੀ ਤੇ ਆਪਣੇ ਡੇਰੇ ਚਲੀ

ਗਈ। ਇਕ ਸਖੀ ਸੈਨਤ ਸਮਝ ਕੇ ਮਗਰ ਗਈ ਤੇ ਨਾਲ ਚੁਪਾਤੇ ਹੀ ਕਾਸਦ ਨੂੰ ਲੈ ਗਈ। ਘਰ ਜਾ ਕੇ ਪੁਛਿਓਸੁ ਕਿ ਪੁੱਤ੍ਰ ਕਿਸ ਅਰਸ਼ਾਂ ਦੇ ਮਾਲਕ ਨੇ ਘੱਲਿਆ ਹੈ ? ਉਸ ਨੇ ਦੱਸਿਆ ਕਿ ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਜੋ ਆਨੰਦਪੁਰ ਵਿਚ ਬਿਰਾਜ ਰਹੇ ਹਨ। ਬਾਈ ਨੇ ਨਾਮ ਸੁਣਿਆ ਸੀ, ਪਰ ਐਨਾਂ ਕਿ ਕੋਈ ਤਲਵਰੀਆ ਹੈ ਉਥੇ ਜੋ ਸੰਤ ਹੋ ਕੇ ਤਲਵਾਰ ਰੱਖਦਾ ਹੈ। 'ਤਲਵਾਰ ਤੇ ਪਰਮਾਰਥ', 'ਕ੍ਰਿਯਾ ਤੇ ਅਕ੍ਰੈ' ਏਹ ਕਾਫੀ ਸਨ ਉਸਦੇ ਮਨ ਨੂੰ ਤਦੋਂ ਉਸ ਪਾਸਿਓਂ ਮੋੜੀ ਰੱਖਣ ਵਾਸਤੇ। ਅੱਜ ਜਦ ਖ਼ਤ ਦੀ ਤਾਸੀਰ ਦੇਖੀ, ਖ਼ਤ ਦੀ ਛੁਹ ਵਿਚ ਅਸਰ ਡਿੱਠਾ, ਖਤ ਦੇ ਮਤਲਬ ਵਿਚ ਇਹ ਗੱਲ ਵੇਖੀ ਕਿ ਜੋ ਉਸਦੇ ਸਿਵਾ ਕੋਈ ਨਹੀਂ ਸੀ ਜਾਣਦਾ, ਜਿਸ ਨੂੰ ਉਸ ਨੇ ਪਰਖ ਦੀ ਕਸਵੱਟੀ ਬਣਾ ਰਖਿਆ ਸੀ ਤਾਂ ਸੋਝੀ ਆਈ ਕਿ ਸੁਹਣੀ ਸੂਰਤ ਤਾਂ ਜਗ ਵਿਚ ਜ਼ਾਹਰ ਬੈਠੀ ਹੈਸੀ ਤੇ ਮੈਂ ਅੰਧ ਨੂੰ ਸੋਝੀ ਹੀ ਨਾ ਆਈ। ਹੁਣ ਕਲੇਜਾ ਉਛਲਿਆ ਕਿ ਕਿੰਞ, ਜੋ ਮੇਰੇ ਮਨ ਵਿਚ ਧਾਰੀ ਹੋਈ ਗਲ ਸੀ, ਬੁੱਝੀ ਗਈ ਹੈ। ਕਿੰਞ ਥਹੁ ਲਾ ਲਿਆ ਨੇ ਮੈਂ ਪਖੰਡ ਰਚਾਇਆ ਹੋਇਆ ਹੈ! ਕਿ ਜਦ ਸਾਰੇ ਨਿਕਟ ਵਰਤੀ ਜਾਣਦੇ ਹਨ ਕਿ ਮੈਂ ਖਾਵਰੀ ਹੋ ਕੇ ਇਹ ਕੁਛ ਕੀਤਾ ਹੈ ਤੇ ਬਾਹਰ ਦੇ ਸਾਰੇ ਜਾਣਦੇ ਹਨ ਕਿ ਮੈਂ ਸਚਮੁਚ ਦੇਵ ਮੂਰਤੀ ਹਾਂ, ਕਿੰਝ ਪਛਾਣ ਲਿਆ ਨੇ ਕਿ ਮੈਂ ਸੁੱਚੇ ਆਚਰਨ ਵਾਲੀ ਹਾਂ, ਪਰ ਰਿੰਦ[1] ਹਾਂ, ਰਬ ਦਾ ਸ਼ਰੀਕਾ ਨਹੀਂ ਕਰ ਰਹੀ, ਨਾ ਨਮੁੱਕਰ ਹੋ ਰਹੀ ਹਾਂ, ਪਰ ਇਸ ਨੂੰ ਪਰਦਾ ਬਣਾ ਰਹੀ ਹਾਂ, ਹਾਂ ਪਖੰਡ ਨੂੰ ਪਰਦਾ ਬਣਾ ਰਹੀ ਹਾਂ। ਫਿਰ ਜਦ ਅੰਦਰਲੀ ਦੁਨੀਆਂ ਵਿਚ ਦੇਖਾਂ ਤਾਂ ਧੂਹ ਪੈਂਦੀ ਹੈ, ਮਾਨੋਂ ਵੱਛੀ ਨੂੰ ਗਾਂ ਵਾਜਾਂ ਮਾਰ ਰਹੀ ਹੈ ਤੇ ਵੱਛੀ ਦਾ ਜੀ ਬੇਕਲ ਹੋ ਰਿਹਾ ਹੈ। ਡਿੱਠੇ ਨਹੀਂ, ਭਾਲੇ ਨਹੀਂ, ਨਿਰਾ ਦੁਹਰਫਾ ਖ਼ਤ ਆਇਆ ਹੈ, ਪਰ ਪ੍ਰਭਾਉ ਇਸ ਤਰ੍ਹਾਂ ਦਾ ਪੈਂਦਾ ਹੈ ਕਿ ਮਾਨੋਂ ਜਨਮਾਂ ਦੀ ਸਿਆਣ ਹੈ। ਦਿਲ ਹੁਣ ਕਾਹਲਾ ਪਵੇ ਕਿ ਉੱਠਾਂ ਤੇ ਉੱਠਕੇ ਚਰਨੀਂ ਜਾ ਲੱਗਾਂ। ਸਰੀਰ ਤਾਂ ਨਾ ਉਠ ਸਕੇ, ਪਰ ਹੋਸ਼ ਉਡੇ ਤੇ ਬਾਉਰੀ ਹੋ ਹੋ ਜਾਵੇ।

ਫੇਰ ਬਾਈ ਨੇ ਆਪਾ ਸੰਭਾਲ ਕੇ ਚੰਦੋ (ਚੰਦ੍ਰ ਸਖੀ, ਜੋ ਮੁੱਖ ਸਖੀ ਸੀ) ਨੂੰ ਆਏ ਸਿੰਘ ਕਾਸਦ ਦੇ ਡੇਰੇ ਤੇ ਆਦਰ ਦਾ ਹੁਕਮ ਦਿੱਤਾ। ਆਈਆਂ ਭੀੜਾਂ ਨੂੰ ਵਿਦਾ ਕਰ ਦੇਣ ਦੀ ਆਗਯਾ ਕੀਤੀ ਤੇ ਆਪ ਆਪਣੇ ਅੰਦਰ ਬੂਹੇ ਮਾਰ ਕੇ ਏਕਾਂਤ ਹੋ ਗਈ। ਉਹ ਦਿਨ ਤੇ ਰਾਤ ਬਾਹਰ ਨਾ ਨਿਕਲੀ। ਸਖੀ ਗਣ ਵਿਚ ਚਿੰਤਾ ਹੋ ਰਹੀ ਹੈ। ਚੋਖਾ ਬੀ ਫਿਕਰ ਕਰ ਰਿਹਾ ਹੈ। ਉਸ ਆਏ ਕਾਸਦ ਨੂੰ ਪੁੱਛਦੇ ਹਨ ਕਿ ਤੂੰ ਕੀਹ ਸੰਦੇਸਾ ਲੈ ਕੇ ਆਇਆ ਹੈਂ! ਪਰ ਉਸ ਨੂੰ ਥਹੁ ਨਹੀਂ ਕਿ ਖ਼ਤ ਵਿਚ ਕੀ ਹੈ। ਉਸ ਨੂੰ ਤਾਂ ਨਿਰਾ ਖ਼ਤ ਪਹੁੰਚਾ ਦੇਣ ਦਾ ਹੁਕਮ ਸੀ ਜੋ ਉਸ ਨੇ ਦੱਸ ਦਿੱਤਾ। ਅਗਲੀ ਭਲਕ ਹੋਈ, ਬੂਹਾ ਖੁੱਲ੍ਹਾ, ਸਿਆਲੇ ਦੀ ਉਤਰੀ ਹੋਈ, ਪਰ ਨਿਰਮਲ ਨੀਲੀ ਨੀਲੀ ਧਾਰਾ ਵਾਲੀ ਗੰਗਾ ਵਾਂਙੂ ਨਿਖਰੇ ਤੇ ਟਿਕੇ ਹੋਏ ਚਿਹਰੇ ਵਾਲੀ ਸੁਘੜ ਬਾਈ ਬਾਹਰ ਆਈ। ਸਾਰੇ ਉਡੀਕਵਾਨ ਬਾਹ੍ਰ ਬੈਠਿਆਂ ਨੇ ਸ਼ੁਕਰ ਸ਼ੁਕਰ ਕੀਤਾ। ਹਸਦੀ ਹਸਦੀ ਸੁਘੜ ਬਾਈ ਆ ਕੇ ਵਿਚ ਬਹਿ ਗਈ। ਆਖਣ ਲੱਗੀ: ਚੋਖੇ ਨੂੰ ਬੁਲਾਓ। ਥੋੜੇ ਚਿਰ ਮਗਰੋਂ ਚੋਖਾ ਆ ਗਿਆ। ਤਾਂ ਉਸ ਨੂੰ ਕਹਿਣ ਲੱਗੀ-ਚੋਖੇ ਭਾਈ ਤੂੰ ਤੋੜ ਨਿਬਾਹੀ, ਆਨੰਦਪੁਰ ਵਾਲਾ ਤੇਰਾ ਏਥੇ ਓਥੇ ਭਲਾ ਕਰੇ। ਐਉਂ ਕਰ ਲੈ, ਇਹ ਘਰ ਤੇ ਜ਼ਮੀਨਾਂ ਦਾ ਪਤਾ ਆਪਣੇ ਨਾਮ ਲਿਖਾ ਲੈ ਤੇ ਮੈਂ ਦਸਖ਼ਤ ਕਰ ਦਿਆਂ। ਤੂੰ ਸੁਖੀ ਜੀ ਤੇ ਸੁਖੀ ਵੱਸ, ਮੇਰੇ ਲਈ ਦੋ ਖੱਚਰਾਂ ਲੱਦਦੇ ਇਕ ਮੁਹਰਾਂ ਦੀ ਇਕ ਰੁਪੱਯਾਂ ਦੀ, ਬਾਕੀ ਲੁਟਾ ਕੇ ਆਨੰਦਪੁਰ ਵਾਲੇ ਦੇ ਨਾਮ ਤੇ। ਏਹ ਮੇਰੀਆਂ ਸਖੀਆਂ ਨਿਭੀਆਂ ਹਨ ਨਾਲ, ਪਹਿਲੋਂ ਰਜਾ ਕੇ ਚੰਦਰ ਸਖੀ ਨੂੰ ਤੇ ਫੇਰ ਬਾਕੀਆਂ ਨੂੰ। ਦੂਜੇ ਹੋਕਰਾ ਦੇ ਦੇ ਕਿ ਮੈਂ ਜਪਣੇ ਯੋਗ ਨਹੀਂ ਸਾਂ, ਉਹ ਮੇਰਾ ਪਾਖੰਡ ਸੀ। ਮੈਂ ਢੂੰਡ ਰਹੀ ਸਾਂ ਉਸ ਬਹਾਨੇ ਤਾਰਨਹਾਰ ਨੂੰ, ਓਹ ਮੈਨੂੰ ਲੱਭ ਪਿਆ ਹੈ। ਨਾ ਬਈ, ਓਨ ਮੈਨੂੰ ਲੱਭ ਲਿਆ ਹੈ। ਜਿਸ ਜਿਸ ਨੂੰ ਕਲਯਾਣ ਦੀ ਲੋੜ ਹੈ ਓਸ ਪਾਸ ਜਾਓ। ਚੋਖਾ ਭਾਈ, ਚੋਖਾ ਭਾਈ, ਚੋਖਾ ਵੀਰ, ਚੋਖਾ ਪਿਤਾ ਮਾਤਾ, ਚੋਖਾ ਚਾਕਰ ਨੌਕਰ ਮੁਨੀਬ, ਸਭ ਕੁਛ ਤੂੰ। ਹੁਣ ਕਰ ਦੇਹ ਇਹ ਮੇਰੀ ਆਖ਼ਰੀ ਮਨਸ਼ਾ ਪੂਰੀ।

ਸੁਘੜ ਬਾਈ ਦੇ ਏਹ ਵਾਕ ਸਨ ਕਿ ਬਿਜਲੀ ਦਾ ਕੜਾਕਾ। ਸਾਰੇ ਬਝੱਕ ਹੋ ਕੇ ਰਹਿ ਗਏ। ਕੁਛ ਚਿਰ ਇਸ ਸਦਮੇ ਹੇਠ ਰਹਿ ਕੇ ਚੋਖੇ ਨੇ ਆਖਿਆ:

1. ਰਿੰਦ=ਉਹ ਜੋ ਅੰਦਰੋਂ ਚੰਗਾ ਹੋਵੇ ਤੇ ਬਾਹਰੋਂ ਆਪ ਨੂੰ ਮਾੜਾ ਜਣਾਵੇ।

ਬੀਬੀ ਜੀ ! ਤੁਸਾਂ ਨੇ ਬਹੁਤ ਰੰਗ ਦੇਖੇ ਹਨ, ਕਈ ਵੇਰ ਕਾਹਲੀ ਵੇਲੇ ਮੈਂ ਦਲੇਰੀ ਕਰ ਕੇ ਰੋਕਿਆ ਤੇ ਤੁਸਾਂ ਮੇਰਾ ਮਾਣ ਰੱਖਕੇ ਮੰਨ ਲਿਆ ਹੈ, ਹੁਣ ਬੀ ਮੇਰਾ ਮਾਣ ਰਖੋ, ਕਰੋ ਓਹੋ ਕੁਛ ਜੋ ਭਾਵੇ, ਪਰ ਸਾਨੂੰ ਕੁਛ ਸੋਚ ਲੈਣ ਦਿਓ। ਦਸ, ਪੰਜ, ਵੀਹ ਕੁਛ ਦਿਨ ਦਿਓ, ਕਾਹਲੀ ਨਾ ਕਰੋ।

ਸੁਘੜਬਾਈ–ਤੁਸੀਂ ਪਯਾਰ ਕਰਦੇ ਹੋ, ਵਡਿਆਂ ਦਾ ਅੰਙਣ ਪਾਲਦੇ ਹੋ, ਪਰ ਮੈਂ ਸੋਚ ਵਿਚਾਰ ਲਿਆ ਹੈ, ਹੁਣ ਕੰਮ ਅਟਕਣ ਦਾ ਨਹੀਂ। ਹੋਰ ਵਿਲਮ ਦਾ ਵੇਲਾ ਨਹੀਂ। ਪਲ ਪਲ ਕਰਕੇ ਕਾਲ ਜਾ ਰਿਹਾ ਹੈ। ਪਰ ਅਮੋਲਕ ਹੈ। ਘੜੀ ਦਿਨ ਬਹੁਤ ਲੰਮੇ ਹਨ, ਹੁਣ ਪਲ ਦਾ ਵਿਲਮ ਨਹੀਂ। ਜੋ ਮੈਂ ਕਿਹਾ ਹੈ ਕਰ ਦਿਓ। ਨਹੀਂ ਤਾਂ ਮੈਂ ਦੁਇ ਹੱਥ ਝਾੜ ਕੇ ਤੁਰ ਜਾਵਾਂਗੀ ਹੁਣੇ। ਹੁਣ ਲੱਗੀਆਂ ਸਖੀਆਂ ਸਮਝਾਉਣ। ਪਿਆਰ, ਮਿੰਨਤਾਂ, ਤਰਲੇ ਕਰਨ ਤੇ ਰੋਣ, ਪਰ ਕੋਈ ਅਸਰ ਨਾ ਪਿਆ ਬਾਈ ਉਤੇ। ਜਦ ਸਭ ਨੇ ਬਹੁਤ ਵੈਰਾਗ ਕਰ ਕਰਕੇ ਉਸਨੂੰ ਵੈਰਾਗਵਾਨ ਕਰ ਦਿੱਤਾ ਤਾਂ ਬਾਈ ਰੋਈ ਤੇ ਇਉਂ ਗਾਂਵੀਂ ਇਕ ਡਾਢੀ ਝੀਣੀ ਸੁਰ ਵਿਚ ਤੇ ਰਾਗ ਜੋਗ ਵਿਚ-

> ਵਤਨ ਦੁਰਾਡਾ, ਮੰਜ਼ਲ ਦੁਰਾਡੀ ਹੋ ਪਈ ਸਾਡੀ ਤਯਾਰੀ, ਵਤ ਨਹੀਂ ਆਉਣਾ ਵਤਨ ਤੁਸਾਡੇ ਵਤ ਨਹੀਂ ਪਾਣੀ ਫੇਰੀ। ਅੰਗਨ ਹੋ ਪਰਦੇਸ ਗਏ ਹੁਣ ਵਿਹੜੇ ਵਤਨ ਬਿਗਾਨੇ। ਤੁਰ ਵੰਞਣਾ ਹੁਣ ਤੁਰ ਵੰਞਣਾ ਹੁਣ ਤੁਰ ਵੰਞਣ ਦੇ ਤ੍ਰਾਨੇ। ਅਪਣੇ ਵਤਨ ਚਲੇ ਨੀ ਸਹੀਓ ਦਿਓ ਮੁਮਾਰਕ ਸਾਨੂੰ, ਨਾਲ ਅਸੀਸਾਂ ਤੋਰੋ ਸਾਨੂੰ ਭਾਗ ਲਾਏ ਰੱਬ ਤੁਹਾਨੂੰ। ਹੁਣ ਨਾ ਹੋੜੋ, ਨਾ ਹੋੜੋ ਨੀ, ਜਾਣ ਦਿਓ ਹੁਣ ਸਹੀਓ ! ਕੱਲ ਤੁਸੀਂ ਵਿਚ ਬੈਠ ਤ੍ਰਿੰਞਣਾਂ ਕਥਾ ਅਸਾਡੀ ਕਹੀਓ। ਕਾਂਗ ਚੜ੍ਹੀ ਨਹੀਂ ਨੈਂ ਰੁਕਦੀ, ਹੈ ਸ਼ਹੁ ਸਾਗਰ ਨੂੰ ਜਾਂਦੀ, ਸੂਲੀ ਚੜ੍ਹਨੋਂ ਰੁਕਣ ਨ ਆਸ਼ਕ ਪੈਂਡਯੋਂ ਰੁਕੇ ਨ ਪਾਂਧੀ।

ਇਹ ਦਿਲ-ਵਿੰਨ੍ਹ ਗੀਤ ਸੁਣਕੇ ਚੁਪ ਵਰਤ੍ਹ ਗਈ, ਫੇਰ ਚੰਦ੍ਰ ਸਖੀ ਨੇ ਮਿੰਨਤਾਂ ਕੀਤੀਆਂ ਤਾਂ ਬਾਈ ਬੋਲੀ: ਸਹੀਓ ! ਸਾਨੂੰ ਧੁਰ ਦੇ ਸੱਦੇ ਆ ਗਏ ਹਨ, ਸਾਨੂੰ ਹੋਰ ਨਾ ਸਮਝਾਓ। ਸਾਰੇ ਬਾਈ ਦੇ ਸੁਭਾ ਨੂੰ ਜਾਣਦੇ ਸਨ, ਥੱਕ ਹਾਰ ਕੇ ਚੁਪ ਕਰ ਗਏ। ਚੋਖੇ ਨੇ, ਜਿਵੇਂ ਕਿਹਾ ਸੀ ਬਾਈ ਨੇ, ਅਪਣੇ ਨਾਂ ਲੁਆ ਲਿਆ ਜੋ ਕੁਛ ਸੁਆਮਨਿ ਨੇ ਆਖਿਆ ਸੀ। ਇਸ ਦੇ ਜੀ ਵਿਚ ਨਿਜ ਦਾ ਲੋਭ ਘੱਟ ਸੀ, ਦੂਰੰਦੇਸ਼ੀ ਸੋਚਦਾ ਸੀ ਕਿ ਜੋ ਦੇ ਜਾਏਗੀ ਇਸਦੀ ਅਮਾਨਤ ਰੱਖਸਾਂ। ਜੇ ਕਿਤੇ ਇਹ ਫੇਰ ਰੁਲ ਔਖੀ ਹੋ ਕੇ ਆਈ ਯਾ ਮੈਂ ਸੁਣੀ ਤਾਂ ਏਥੇ ਲਿਆ ਕੇ ਇਸ ਨੂੰ ਫੇਰ ਮਾਲਕੀ ਦੇ ਕੇ ਆਪ ਨੌਕਰੀ ਵਿਚ ਹੀ ਹੁਣੇ ਹਾਰ ਰਹਿਸਾਂ। ਸੋ ਉਸਨੇ ਦੋ ਖੱਚਰਾਂ ਦਾ ਭਾਰ ਚਾਂਦੀ ਸੋਨਾ ਤਾਂ ਨਾਲ ਘੱਲਣ ਲਈ ਰੱਖ ਲਿਆ, ਬਾਕੀ ਜਿਵੇਂ ਹੁਕਮ ਸੀ ਸਖੀਆਂ, ਬੰਧੁਆਂ, ਲੋੜਵੰਦਾਂ ਨੂੰ ਵੰਡਿਆ। ਇਕ ਗੱਲ ਇਸਨੇ ਤੇ ਚੰਦ੍ਰ ਸਖੀ ਨੇ ਸੁਘੜ ਬਾਈ ਦਾ ਹਠ ਭੰਨਕੇ ਉਸ ਨੂੰ ਮਨਵਾ ਹੀ ਲਈ ਕਿ ਇਹ ਦੁਏ ਤੇ ਕੁਛ ਨੌਕਰ ਆਨੰਦਪੁਰ ਸਾਹਿਬ ਬਾਈ ਦੇ ਨਾਲ ਜਾਣਗੇ ਤੇ ਓਥੇ ਉਸ ਨੂੰ ਸੁਖੀ ਵਸਾ ਕੇ ਮੁੜ ਆਉਣਗੇ !

### ੧੬. (ਸੰਤੋਖੀ ਰਾਜਾ)

**ਸੁਘੜਬਾਈ** ਨੇ ਇਕ ਖਾਸ ਰਕਮ ਪਿੰਡ ਦੇ ਘਰ ਪਰਤੀ ਵੰਡਣ ਲਈ ਕਿਹਾ ਸੀ, ਜਦ ਚੋਖਾ ਉਹ ਵੰਡ ਰਿਹਾ ਤੇ ਲੋਕੀਂ ਨੈਣ ਭਰ ਭਰ ਕੇ ਲੈ ਰਹੇ ਸਨ ਕਿ ਸਾਡੇ ਨਗਰ ਦਾ ਹਾਤਮਤਾਈ ਟੁਰ ਚਲਿਆ ਹੈ ਤਾਂ ਚੋਖਾ ਇਕ ਗਰੀਬ ਦਰਜ਼ੀ ਦੇ ਘਰ ਗਿਆ ਤੇ ਪਦਾਰਥ ਦੇਣ ਲੱਗਾ। ਉਸ ਅੱਗੋਂ ਹੱਥ ਜੋੜੇ ਤੇ ਕਹਿਣ ਲੱਗਾ: ਸਾਂਈਂ ਜੀਵੀ ! ਮੈਨੂੰ ਧਨ ਦੀ ਇੱਛਾ ਨਹੀਂ, ਮੈਂ ਚਾਰ ਪੰਜ ਆਨੇ ਦੀ ਰੋਜ਼ ਕਿਰਤ ਕਰ ਲੈਂਦਾ ਹਾਂ, ਮੇਰਾ ਰੋਜ਼ ਦਾ ਨਿਰਬਾਹ ਹੋ ਕੇ ਵੇਲੇ ਕਵੇਲੇ ਲਈ ਕੁਛ ਮੇਰੇ ਪਾਸ ਬ਼ਚ ਬੀ ਰਹਿੰਦਾ ਹੈ। ਹੋਰ ਮੈਨੂੰ ਲੋੜ ਨਹੀਂ। ਚੋਖੇ ਨੇ ਚੋਖਾ ਜ਼ੋਰ ਲਾਇਆ ਪਰ ਉਸ ਨੇ ਨਾ ਮੰਨਿਆਂ। ਜਾਂ ਇਸ ਗੱਲ ਦੀ ਖਬਰ ਬਾਈ ਨੂੰ ਲੱਗੀ ਤਾਂ ਅਚੰਭਾ ਹੋ ਗਈ, ਕਿ ਹੈਂ ਕੋਈ ਹੈ ਪਦਾਰਥ ਤੋਂ ਨਿਰਲੋਭ ! ਸੋ ਆਪ ਟੁਰਕੇ ਉਸਦੇ ਘਰ ਗਈ। ਉਹ ਅੱਗੇ ਸਲੋਨੇ ਨੈਣਾਂ ਵਾਲਾ ਕਪੜਾ ਸੀਉਂਦਾ ਸੀਉਂਦਾ ਆਪਣੇ ਰੰਗ ਵਿਚ ਮਗਨ ਹੋ ਰਿਆ ਹੋਇਆ ਸੀ। ਜਦ ਉਸ ਨੈਣ ਖੁਹਲੇ ਤੇ ਬੀਬੀ ਵੇਖੀ ਗਿਰਾਂ ਦੀ ਦਾਤੀ, ਤੱਕਿਓਸੁ ਤੇ ਆਖਣ ਲੱਗਾ, ਉਪਕਾਰ ਦੀ ਦੇਵੀ ਮੈਂ ਗਰੀਬ ਦੇ ਘਰ ਚਰਨ ਪਾਏ, ਮੈਨੂੰ ਸੱਦ ਘੱਲਦੇ। ਬਾਈ ਨੇ ਕਿਹਾ: ਤੇਰੇ ਦਰਸ਼ਨ ਨੂੰ ਆਈ ਹਾਂ ਕਿ ਮੇਰੇ ਹੀ ਪਿੰਡ ਵਿਚ ਕੋਈ ਵੱਸਦਾ ਹੈ ਸੰਤੋਖ ਦੀ ਨਿਧਿ ਤੇ ਮੈਨੂੰ ਪਤਾ ਨਹੀਂ ਲੱਗਾ। ਭਲੇ ਲੋਕਾ !

ਤੂੰ ਦੱਸ ਕਿਥੋਂ ਪਾਈ ਹੈ ? ਉਸ ਆਖਿਆ: "ਮਾਤਾ, ਮੈਂ ਸਿੱਖ ਹਾਂ। ਮੈਂ ਗੁਰੂ ਗੋਬਿੰਦ ਸਿੰਘ ਸ਼ਹਿਨਸ਼ਾਹ ਦਾ ਪੁਤ੍ਰ ਹਾਂ। ਮੈਂ ਉਸ ਤੋਂ ਪਾਈ ਹੈ ਸੁਰਤ ਦੀ ਪਾਤਸ਼ਾਹੀ। ਮੇਰਾ ਗੁਰੂ ਜਗ ਦਾ ਮਾਲਕ ਹੈ, ਉਸਦੇ ਦਰ ਦੇ ਕਿਣਕਿਆਂ ਵਿਚ ਸ਼ਾਹੀਆਂ ਵਸਦੀਆਂ ਹਨ। ਬਾਕੀ ਰਿਹਾ ਸਰੀਰ ਦੀ ਲੋੜ, ਮੇਰੀ ਜਿੰਨੇ ਵਿਚ ਪੂਰੀ ਹੁੰਦੀ ਹੈ, ਉੱਨਾਂ, ਸਗੋਂ ਉਸਤੋਂ ਵੱਧ ਰੋਜ਼ ਮੈਨੂੰ ਮਿਲ ਜਾਂਦਾ ਹੈ।" ਸਾਹਿਬਾਂ ਦਾ ਨਾਮ ਸੁਣਦਿਆਂ ਬਾਈ ਉਸਦੇ ਚਰਨਾਂ ਤੇ ਝੁਕ ਗਈ। 'ਧੰਨ ਹੈ ਸਾਹਿਬ, ਸੱਚਾ ਸਾਹਿਬ ਸੱਚਾ ਪਾਤਸ਼ਾਹ ! ਸ਼ਹਿਜ਼ਾਦਿਆ ! ਮੇਰੇ ਅਭਾਗ ! ਦੇਖ, ਤੂੰ ਇਸ ਪਿੰਡ ਵੱਸਦਾ ਸੈਂ, ਪਰ ਕੰਗਲੀ ਨੂੰ ਨਾ ਪਤਾ ਲੱਗਾ ਕਿ ਮੇਰੇ ਦਾਤੇ ਦਾ ਖਾਲਕਾ ਏਥੇ ਹੀ ਹੈ। ਦੇਖ, ਅੱਜ ਹੁਣ ਉਸ ਨੇ ਵਾਜ ਮਾਰੀ ਹੈ ਤਾਂ ਤੇਰੀ ਸੋ ਬੀ ਕੰਨੀਂ ਪੈ ਗਈ ਤੇ ਦਰਸ਼ਨ ਬੀ ਹੋ ਗਏ ਹਨ। ਦਰਜ਼ੀ ਨੇ ਕਿਹਾ-

> ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ। ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥ (ਵਾ: ਸਿਰੀ: ਮ:੪-੨)

ਧੰਨ ਮਾਤਾ ਤੂੰ ਧੰਨ ਹੈਂ, ਜਿਸ ਨੂੰ ਸਾਹਿਬਾਂ ਨੇ ਤਾਰਨ ਹਿਤ ਸੱਦਿਆ ਹੈ। ਮੇਰਾ ਬੀ ਮੱਥਾ ਟੇਕੀਂ, ਆਖੀਂ : ਮਿਹਰ, ਮਿਹਰ, ਮਿਹਰ।

ਕੀ ਸੁਘੜਬਾਈ, ਕੀਹ ਸਖੀਆਂ ਤੇ ਕੀਹ ਚੋਖਾ ਅਸਚਰਜ ਰਹਿ ਗਏ ਕਿ ਹੈਂ ਸਾਡੇ ਪਾਸ ਇਸੇ ਪਿੰਡ ਵਿਚ ਇਕ ਸੰਤੋਖ ਦਾ ਪੁਤਲਾ ਤੇ ਸਾਂਈਂ ਦੇ ਰੰਗ ਰਤਾ ਮਹਾਂ ਪੁਰਖ ਇਸ ਗਰੀਬੀ ਵੇਸ ਵਿਚ ਰਹਿ ਰਿਹਾ ਸੀ ਤੇ ਉਸ ਜਣਾਇਆ ਨਹੀਂ ਆਪਣਾ ਆਪ ਕਿਸੇ ਵੇਲੇ ਕਿਸੇ ਨੂੰ ਬੀ। ਅੱਜ ਤਾਂਈਂ ਕਿਸੇ ਨੂੰ ਪਤਾ ਨਹੀਂ ਲੱਗਾ ਕਿ ਇਹ ਗੁਰੂ ਕਾ ਸਿੱਖ ਹੈ ਤੇ ਪਾਰਗਿਰਾਮੀ ਹੈ। ਕਿਰਤ ਕਰਦਾ ਤੇ ਬੇ ਜਣਾਏ ਰਸੀਆ ਜੀਵਨ ਗੁਜ਼ਾਰਦਾ ਹੈ, ਹਾਂ ਇਹ ਵੱਸਦਾ ਹੈ ਏਕਾਂਤ ਵਿਚ। ਧੰਨ ਹੈ ਇਹ ਗੁਰੂ ਤੇ ਧੰਨ ਹੈ ਇਹ ਸਿੱਖੀ।

੧੭. (ਦਰਸ਼ਨ)

**ਸ੍ਰੀ ਸਤਿਗੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ** ਸਤਲੁਜ ਨਦੀ ਦੇ ਕਿਨਾਰੇ ਬੈਠੇ ਸਨ ਕਿ ਜਿਸ ਵੇਲੇ ਓਸੇ ਥਾਈਂ ਸੁਘੜਬਾਈ ਆਨੰਦਪੁਰ ਨੂੰ ਆ ਰਹੀ ਆ ਨਿਕਲੀ। ਦਰਸ਼ਨ ਹੁੰਦੇ ਸਾਰ ਸਿਰ ਕਿਸੇ ਐਸੇ ਆਨੰਦ ਨਾਲ ਭਰ ਗਿਆ ਕਿ ਬੇਸੁਧ ਹੋ ਕੇ ਚਰਨਾਂ ਤੇ ਢੈ ਪਈ। ਇਸ ਵੇਲੇ ਦੇ ਉਸ ਦੇ ਮਗਨਤਾ ਦੇ ਰਸ ਨੂੰ ਸੰਤ ਜੀ ਨੇ ਭਾਈ ਗੁਰਦਾਸ ਜੀ ਦੇ ਇਸ ਕਬਿੱਤ ਨਾਲ ਉਪਮਾ ਦਿੱਤੀ ਹੈ :-

> ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ। ਸੁਰਤ ਮੈ ਨ ਸੁਰਤ ਅਉ ਧਯਾਨ ਮੈ ਨ ਧਯਾਨ ਰਹਯੋ ਗਯਾਨ ਮੈਂ ਨ ਗਯਾਨ ਰਹਯੋ ਗਤਿ ਮੈਂ ਨ ਗਤਿ ਹੈ। ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ। ਅਦਭੁਤ ਪਰਮਦਭੁਤ ਬਿਸਮੈ ਬਿਸਮ ਅਸਚਰਜੈ ਅਸਚਰਜ ਅਤਿ ਅਤਿ ਹੈ॥੧॥

ਬਾਈ ਜੀ ਦਾ ਸੀਸ ਮਹਾਰਾਜ ਜੀ ਦੇ ਚਰਨਾਂ ਤੇ ਪਿਆ ਹੈ, ਮਨ ਮਗਨਤਾ ਵਿਚ ਬੇਸੁਧ ਹੈ, ਤਾਰਨਹਾਰ ਦਾਤਾ ਦੇ ਮਿਹਰ ਪੁੰਜ ਹੱਥ ਸੀਸ ਤੇ ਫਿਰ ਰਹੇ ਹਨ। ਆਪ ਦੇ ਨੈਣ ਬੀ ਬੰਦ ਹਨ, ਚਿਹਰੇ ਤੇ ਅਚਰਜ ਆਭਾ ਹੈ ਟਿਕਾਉ ਤੇ ਦਾਤ ਦੇਣ ਦੇ ਪ੍ਰਭਾਉ ਵਾਲੀ। ਬਾਈ ਦੇ ਅੰਦਰ ਉਹ ਪਰਮ ਰਸ ਪ੍ਰਵੇਸ਼ ਕਰਕੇ ਉਸ ਦੇ ਮਨ ਨੂੰ ਉੱਚੇ ਮੰਡਲੀਂ ਲੈ ਗਿਆ। ਮਿਹਰ ਦੇ ਹੱਥ ਉਸਦੇ ਅੰਦਰ ਦੀ ਉਹ ਕਾਈ, ਜੋ ਗੱਲਾਂ ਨਾਲ ਲੋਕੀਂ ਕੱਟਣਾ ਚਾਹੁੰਦੇ ਸਨ, ਕੱਟਦੇ ਰਹੇ। ਹਾਂ 'ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆਂ ਬੁਰਿਆਈਆ'। ਕਿਤਨਾ ਚਿਰ ਮਿਹਰਾਂ ਦਾ ਮੀਂਹ ਵਸਾ ਕੇ ਪਾਤਸ਼ਾਹ ਨੇ ਸੁਘੜੋ ਦਾ ਸੀਸ ਆਪ ਉਚਾਇਆ। ਸਿਰ ਚਾਇਓਸੁ, ਨੈਣ ਖੁਹਲੇ ਪਰ ਖੁੱਲ੍ਹਣ ਨਾ। ਮਦ ਭਰੇ, ਆਤਮ ਰਸ ਭਰੇ ਨੈਣ ਝੁਕ ਝੁਕ ਪੈਣ। ਦਿਲ ਚਾਹੇ ਖੁਹਲਾਂ, ਦਰਸ਼ਨ ਕਰਾਂ, ਜਦ ਕੋਏ ਰਤਾ ਕੁ ਖੁਹਲੇ ਤੇ ਝਾਕਾ ਪਵੇ, ਫੇਰ ਝਰਨਾਟਾਂ ਛਿੜ ਜਾਣ ਤੇ ਨੈਣ ਮੁੰਦ ਜਾਣ। ਕਿਤਨਾ ਚਿਰ ਬੀਤ ਗਿਆ ਤਾਂ ਸਤਿਗੁਰ ਨੇ ਥਾਪੜਾ ਦੇ ਕੇ ਕਿਹਾ : 'ਹੋਸ਼ ਕਰੋ, ਸਾਵਧਾਨ ਹੋਵੋ, ਦੇਖੋ ਮਾਇਆ ਬਿਲਾ ਗਈ ਹੈ।' ਸੁਘੜੋ ਨੇ ਹੁਣ ਨੈਣ ਭਰ ਕੇ ਤੱਕਿਆ, ਆਪ ਮੁਸਕ੍ਰਾਏ ਤੇ ਕਹਿਣ ਲੱਗੇ। 'ਲੋਕੀਂ ਜਪ ਤਪ ਕਰਕੇ ਤੇ ਸਰਲ ਹੋ ਕੇ ਰੱਬ ਟੋਲਦੇ ਹਨ, ਤੂੰ ਪਖੰਡ ਨਾਲ ਟੋਲਿਆ !' ਰੁਕਦੇ ਗਲੇ ਤੇ ਖਿੜਕਦੀ ਜੀਭ ਨਾਲ ਬੋਲੀ- 'ਪਾਤਸ਼ਾਹ ! ਜਿਸ ਵੇਸ ਕੀਤਿਆਂ ਤੂੰ ਮਿਲੇਂ। ...ਤਰਲਾ ਮਿਲਨੇ ਦਾ।'

**ਸੁਘੜ** ਬਾਈ ਆਨੰਦਪੁਰ ਵਿਚ ਟਿਕ ਗਈ। ਉਸਦੀ ਵਾਰਤਾ ਸਾਰੇ ਸਿੱਖਾਂ ਵਿਚ ਫੈਲ ਗਈ। ਪਖੰਡ ਧਾਰਕੇ ਉਸ ਨੇ ਨਿਜ ਮਨ ਨੂੰ ਵਾਹਿਗੁਰੂ ਪ੍ਰਾਰਥਨਾਂ ਵਿਚ ਐਸਾ ਜੋੜਿਆ ਸੀ ਕਿ ਸਾਹਿਬਾਂ ਤੇ ਜਾ ਅਸਰ ਪਿਆ ਤੇ ਆਪ ਨੇ ਆਪ ਬੁਲਾ ਕੇ ਦਰਸ਼ਨ ਦਿਤੇ ਤੇ ਛੌੜ ਕੱਟੇ। ਇਹ ਵਾਰਤਾ ਆਨੰਦਪੁਰ ਵਿਚ ਬੀ ਪ੍ਰਸਿਧ ਹੋ ਗਈ ਸੀ। ਕਿਸੇ ਇਕ ਦਿਨ ਭਾਈ ਨੰਦ ਲਾਲ ਜੀ ਉਸ ਦੇ ਦਰਸ਼ਨ ਨੂੰ ਉਸ ਦੇ ਡੇਰੇ ਗਏ। ਉਹ ਬੀ ਆਪ ਦਾ ਨਾਮ ਤੇ ਮਹਿਮਾ ਸੁਣ ਚੁਕੀ ਸੀ, ਅਦਬ ਨਾਲ ਮਿਲੀ। ਸੁਖ ਸਾਂਦ ਤੇ ਪਿਛਲੇ ਹਾਲਾਤ ਦੀ ਪਰਸਪਰ ਗੱਲ ਬਾਤ ਦੇ ਮਗਰੋਂ ਭਾਈ ਜੀ ਨੇ ਪੁਛਿਆ ਕਿ ਹੁਣ ਕੀਹ ਦਸ਼ਾ ਹੈ। ਉਹ ਹੱਸ ਕੇ ਬੋਲੀ: ਹੁਣ ਉਹ ਦਸ਼ਾ ਹੈ ਜੋ ਨਦੀ ਦੀ ਸਾਗਰ ਵਿਚ ਪੈਣ ਵੇਲੇ ਹੁੰਦੀ ਹੈ। ਠੰਢ, ਚਾਉ ਤੇ ਖੁਸ਼ੀ ਮਿਲ ਪੈਣੇ ਦੀ, ਸ਼ੁਕਰ ਮਿਲੀ ਮਿਹਰ ਦਾ, ਪਰ ਨਾਲ ਹੈ ਕਾਹਲ ਤੇ ਘਬਰਾ ਵਿਚ ਸਮਾ ਜਾਣ ਦੀ। ਮੈਂ ਪਾ ਲਈ ਹੈ ਮਨ ਦੀ ਮੁਰਾਦ, ਜੋ ਇਹ ਸੀ ਕਿ ਜੋ ਮੈਂ ਜਾਣਿਆਂ ਕਰਦੀ ਹਾਂ ਉਹ ਘਟ ਜਾਏ ਅੰਦਰ। ਸਾਹਿਬ ਦੇ ਪੱਤ੍ਰ ਨੂੰ ਛੁਹੰਦਿਆਂ ਮੇਰੇ ਮਨ ਤੇ ਓਹ ਝਰਨਾਟਾਂ ਦੇ ਤੰਦਣ ਤਾਣੇ ਪਏ ਕਿ ਮੈਂ ਕਦੇ ਨਾ ਸੇ ਡਿੱਠੇ, ਦਰਸ਼ਨ ਨੇ ਮੈਨੂੰ ਬੌਰਿਆਂ ਕਰ ਦਿਤਾ, ਚਰਨ ਛੁਹ ਕੇ ਝਰਨ ਝਰਨ ਝਰਨਾ ਕੇ ਚਰਨਾਂ ਵਿਚ ਸ਼ਰਨ ਦਿੱਤੀ ਹੈ। ਮੈਂ ਬੇਸੁਧ ਸਾਂ, ਪਰ ਕਿਸੇ ਅਤਜੀਤ ਸੁਧ ਦੀ ਬਹੁੱਲਤਾ ਵਿਚ, ਜਿਵੇਂ ਸੁਜਾਖਿਆਂ ਅੰਨ੍ਹਿਆਂ ਹੋ ਜਾਈਦਾ ਹੈ, ਪ੍ਰਕਾਸ਼ ਦੀ ਬਹੁੱਲਤਾ ਵਾਲੇ ਸੂਰਜ ਵਲ ਤੱਕਦਿਆਂ। ਪਹਿਲੇ ਦਿਨ ਮੱਥੇ ਟੇਕੇ ਵਿਚ ਪਿਆਂ ਮੈਨੂੰ ਸਾਹਿਬਾਂ ਨੇ ਆਪ ਵਿਛੋੜਿਆ ਆਪਣੇ ਚਰਨਾਂ ਤੋਂ, ਜਿਵੇਂ ਮਾਂ ਵਿਛੋੜਦੀ ਹੈ ਬੱਚੇ ਨੂੰ ਆਪਣੇ ਥਣਾਂ ਤੋਂ, ਜੋ ਬਹੁਤ ਪੀ ਕੇ ਔਖਾ ਨਾ ਹੋਵੇ। ਮੈਂ ਵਿਛੁੜੀ ਤੇ ਰਸ ਰੰਗ ਦੀ ਝਿਲਮਿਲ ਵਿਚ ਤੜਫਦੇ ਨੈਣਾਂ ਨੇ ਫੇਰ ਦਰਸ਼ਨ ਡਿੱਠਾ ਤਾਂ ਮੈਂ ਕੀਹ ਡਿੱਠਾ ਕਿ ਮੈਂ ਨਹੀਂ ਹਾਂ ਤੇ ਉਹ ਹੈ। ਮੈਂ ਦੇ ਦੁਆਲਿਓਂ ਮੈਂ ਦਾ ਭ੍ਰਮ-ਅੰਡ ਟੁੱਟ ਚੁੱਕਾ ਸੀ। ਮੈਂ ਖੁੱਲ੍ਹੀ ਖੁੱਲ੍ਹੀ ਹੋ ਗਈ, ਮੈਂ ਵਿਸ਼ਾਲ ਵਿਸ਼ਾਲ ਹੋ ਗਈ, ਮੈਂ ਵਿਸ਼ਾਲਤਾ ਵਿਚ ਬੇ-ਕਿਨਾਰ ਹੋ ਗਈ। ਭਾਈ ਜੀਓ ! ਪਤਾ ਨਹੀਂ ਇਹ ਕੁਛ ਕੀਹ ਸੀ ਪਰ ਇਹ ਸੀ, ਜੁ ਮੇਰੇ ਤੇ ਬੀਤਿਆ।

ਭਾਈ ਜੀ ਨੇ ਪੁੱਛਿਆ ਹੁਣ ਕੀ ਹਾਲ ਹੈ ? ਬੀਬੀ ਬੋਲੀ: ਮੈਂ ਲਹੁਕੀ[1] ਫੁੱਲ ਹਾਂ, ਮੇਰਾ ਭਾਰ ਤੋਲ ਕੋਈ ਨਹੀਂ ਮੈਨੂੰ ਜਾਪਦਾ, ਮੈਂ ਠੰਢੀ ਠੰਢੀ ਸੁਖੀ ਸੁਖੀ ਹਾਂ, ਮੈਂ ਕੁਛ ਉਚੇਰੀ ਉਚੇਰੀ ਹਾਂ, ਅਪਣੱਤ ਭਾਸਦੀ ਹੈ ਕੁੱਲ ਨਾਲ, ਪਰ ਹਉਂ ਨਹੀਂ ਭਾਸਦੀ। ਉਪਰਾਂਦ ਬੀ ਭਾਸਦੀ ਹੈ ਜੋ ਵਿਛੋੜਦੀ ਤੇ ਇਕੱਲਿਆਂ ਨਹੀਂ ਕਰਦੀ, ਜਿਵੇਂ ਗੁਆਚਿਆ ਹੋਇਆ ਲੱਭਿਆ ਜਾ ਕੇ ਵੱਖਰਾ ਬੀ ਹੁੰਦਾ ਹੈ ਆਪਣੇ ਆਪ ਵਿਚ, ਪਰ ਅਪਣੱਤ ਦੇ ਘਰ ਬੀ ਆ ਜਾਂਦਾ ਹੈ। ਇਹ ਕੁਛ ਹੋ ਕੇ ਕੁਛ ਐਸਾ ਹੁੰਦਾ ਹੈ ਕਿ ਮਾਨੋ ਮੇਰੇ ਅੰਦਰ ਕੁਛ ਹੋ ਰਿਹਾ ਹੈ, ਕੋਈ ਸ਼ਬਦ ਦਾ ਉਚਾਰ, ਜਿਵੇਂ ਮੇਰੇ ਅੰਦਰ ਵਾਹ ਵਾਹ ਕਿ ਵਾਹਿਗੁਰੂ ਵਾਹਿਗੁਰੂ ਆਪੇ ਆ ਮੁਹਾਰਾ ਹੋ ਰਿਹਾ ਤੇ ਰਸ ਬੂੰਦਾਂ ਇਸ ਵਿਚੋਂ ਝਰ ਰਹੀਆਂ ਹਨ। ਨੰਦ ਲਾਲ ਜੀ ਦੇ ਨੈਣ ਮੁੰਦ ਗਏ, ਫਿਰ ਖੁੱਲ੍ਹੇ ਤੇ ਆਵਾਜ਼ ਆਈ 'ਗੁਰ ਗੋਬਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ'।। ਇਹ ਵਾਕ ਪੰਜਵੇਂ ਸਤਿਗੁਰ ਨੇ ਕੈਸਾ ਸੁੰਦਰ ਕਿਹਾ ਸੀ, ਜਦੋਂ ਓਹਨਾਂ ਤੋਂ ਪੁੱਛਿਆ ਗਿਆ ਸੀ[2], ਕਿ ਜੋ ਕਰਣ ਕਾਰਨ ਤੇ ਸਮਰੱਥ ਪ੍ਰਭੂ ਹੈ, ਜਿਸ ਨੇ ਸਭ ਜਗਤ ਉਪਾਇਆ ਹੈ ਤੇ ਆਪਣੀ ਵਥੁ ਦੇ ਕੇ ਜਿਸ ਨੇ ਜੀਵ ਤੇ ਸਰੀਰ ਨੂੰ ਰਚਿਆ ਹੈ, ਉਸ ਕਰਤਾਰ ਨੂੰ ਕਿਕੁਰ ਵੇਖੀਏ ਤੇ ਕਿਕੁਰ ਵਰਣਨ ਕਰੀਏ ? ਕਿਉਂਕਿ ਉਹ ਮਨਬਾਣੀ ਦਾ ਵਿਸ਼ਯ ਨਹੀਂ ਹੈ, ਤਾਂਤੇ, ਉਹ ਅਕੱਥ ਹੈ, ਉਸ ਅਕੱਥ ਨੂੰ ਕੀਕੂੰ ਦਾ ਦੇਖੀਏ ਤੇ ਕੀਕੂੰ ਕਹੀਏ ? ਤਦ ਆਪ ਨੇ ਉੱਤਰ ਦਿਤਾ ਸੀ ਕਿ ਗੋਬਿੰਦ ਰੂਪ ਗੁਰੂ ਤੋਂ ਤੱਤ ਦੀ ਸੋਝੀ ਪੈਂਦੀ ਹੈ, ਉਸ ਨੂੰ ਸਲਾਹੋ ਜੋ ਅਕੱਥ ਦਾ ਨਿਰਾ ਥਹੁ ਹੀ ਨਹੀਂ ਦੇਂਦਾ, ਸਗੋਂ ਉਸ ਦੀ ਗੋਦੀ ਵਿਚ ਬਿਠਾ ਦੇਂਦਾ ਹੈ।

ਸੁਘੜ ਬਾਈ-ਸੱਚ ਕਿਹਾ ਨੇ। ਉਹ ਤਾਂ ਪਾਰਸ ਹੋਇਆ, ਗੁਰ ਗੋਬਿੰਦ। ਤੁਸਾਂ ਕਿਹਾ ਹੈ ਗੋਬਿੰਦ ਰੂਪ ਗੁਰੂ।

ਭਾਈ ਜੀ-ਹਾਂ ਦੇਵੀ ! 'ਗੁਰੂ ਨਾਨਕ ਦੇਵ ਗੋਵਿੰਦ ਰੂਪ' ਤੇ ਇਹ ਦਸਮਾ ਜਾਮਾ ਓਹੋ ਗੁਰੂ ਨਾਨਕ ਹੈ

1. ਹਲਕੀ। 2. ਏਥੋਂ ਅਗੇ ਦੀ ਗੁਫ਼ਤਗੂ ਖੁਲ੍ਹਾ ਟੀਕਾ ਹੈ ਇਸ ਸ਼ਬਦ ਦਾ-'ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ।।' (ਸੋਰ: ਅ: ਮ: ੫-੧)

ਤੇ ਗੋਬਿੰਦ ਰੂਪ ਹੈ।

ਬਾਈ ਜੀ (ਮੁਸਕ੍ਰਾ ਕੇ)-ਤੇ ਹੁਣ ਤਾਂ ਕੋਈ ਬੀ ਪਰਦਾ ਨਹੀਂ ਸੂ ਰਖਿਆ। ਨਾਮ ਬੀ ਗੋਬਿੰਦ ਹੀ ਧਰਾ ਲਿਆ ਸੂ-ਗੁਰੂ ਗੋਬਿੰਦ ਸਿੰਘ।

ਇਹ ਸੁਣ ਕੇ ਭਾਈ ਜੀ ਮੁਸਕ੍ਰਾਏ ਤੇ ਸਮਝੇ ਕਿ ਇਹ ਬੀਬੀ ਕਵੀ ਬੀ ਜ਼ਰੂਰ ਹੋਸੀ। ਫੇਰ ਬੋਲੇ: ਬੀਬੀ ਤੈਨੂੰ ਪਤਾ ਹੈ ਕਿ ਗੁਰੂ ਕਿਵੇਂ ਤੱਤ ਸਾਰ ਦੇ ਅਨੁਭਵ ਤੇ ਲੈ ਜਾਂਦਾ ਹੈ ? ਕੰਨਾਂ ਨਾਲ ਸੁਣ ਲੈਣਾਂ, ਅੱਖਾਂ ਨਾਲ ਵਾਚ ਲੈਣਾਂ ਤੇ ਮਨ ਨਾਲ ਸੁਣ ਲੈਣਾਂ ਇਹ ਸੰਪੂਰਨ ਕਿ ਸਫਲ ਗਜਾਨ ਨਹੀਂ। ਗਜਾਨ ਨੂੰ ਪ੍ਰਾਪਤ ਹੋਣਾ, ਅਨੁਭਵ ਦਾ ਖੁੱਲ੍ਹਣਾ, ਪ੍ਰਤੀਤੀ ਵਿਚ ਆ ਜਾਣਾ ਇਹ ਗਜਾਨ ਹੈ-ਤੱਤ ਦਾ ਅਨੁਭਵ। ਸੋ ਉਹ ਗੁਰੂ ਜੀ ਤੋਂ ਨਾਮ ਦਾਨ ਨਾਲ ਮਿਲਦਾ ਹੈ, ਨਾਮ ਦੁਖਾਂ ਦਰਦਾਂ ਦਾ-ਕੀ ਮਾਨਸਿਕ ਕੀ ਸਰੀਰਕ-ਸਭ ਦਾ ਦੂਰ ਕਰਨ ਵਾਲਾ ਹੈ। ਆਪਣੇ ਜਨ ਨੂੰ ਗੁਰੂ ਨਾਮ ਦਾਨ ਦੇਂਦਾ ਹੈ, ਇਸੇ ਨਾਲ ਹਰੀ ਭਗਵੰਤ ਨੂੰ ਜਪੀਦਾ ਹੈ, ਐਉਂ ਅੱਪੜੀਦਾ ਹੈ-ਤੱਤ੍ਵ ਦੇ ਘਰ।

ਬਾਈ-ਮੈਂ ਤਾਂ ਹੁਣ ਸੁਖ ਰੂਪ ਹੋ ਗਈ ਹਾਂ, ਮੈਨੂੰ ਮਿਲ ਪਿਆ ਤੇ ਲੂੰ ਲੂੰ ਵੱਸ ਗਿਆ ਹੈ।

ਭਾਈ ਜੀ-ਵਸਿਆ ਰਹੇ, ਪਰ ਮਨ ਦਾ ਸੁਭਾਵ ਅਨੇਕ ਚਿੰਤਨ ਵਿਚ ਰੁਖ਼ ਰਖਦਾ ਹੈ, ਉਹ ਸਮੇਂ ਨਾਲ ਇਕ ਨੁਕਤੇ ਉਤੇ ਟਿਕ ਗਏ ਆਪੇ ਨੂੰ ਫੇਰ ਅਨੇਕ ਚਿੰਤਨ ਵਿਚ ਲੈ ਜਾਂਦਾ ਹੈ। ਨਾਮ ਦਾ ਨਿਵਾਸ ਮਨ ਦੀ ਇਸ ਰੁਚੀ ਨੂੰ ਵਾਗੀ ਵਾਂਗੂੰ ਮੋੜ ਮੋੜ ਕੇ ਟਿਕਾਣੇ ਲਿਆਉਂਦਾ ਹੈ, ਇਸ ਕਰਕੇ ਅਪ੍ਰਾਪਤ ਦੀ ਪ੍ਰਾਪਤੀ ਵਾਸਤੇ ਤੇ ਪ੍ਰਾਪਤ ਦੀ ਰਖਜਾ ਵਾਸਤੇ ਨਾਮ ਆਰਾਧੀਦਾ ਹੈ।

ਬਾਈ-ਜੀਓ ! ਨਾਮ ਵਾਲਾ ? ਉਸਦਾ ਨਾਮ ! ਹੱਛਾ,...ਉਹ ਕਿਥੋਂ ਲਈਦਾ ਹੈ ?

ਭਾਈ ਜੀ-ਸਤਿਸੰਗ ਵਿਚ ਮਨ ਮਾਂਜੀਦਾ ਹੈ ਤੇ ਨਾਮ ਦਾ ਨਿਵਾਸ ਮਾਂਜੇ ਮਨ ਵਿਚ ਬੈਠਦਾ ਹੈ। ਨਾਮ ਦੇ ਅਭਜਾਸ ਨਾਲ ਅਗਜਾਨ ਦਾ ਅਨ੍ਹੇਰਾ ਦੂਰ ਹੁੰਦਾ ਹੈ ਤੇ ਅੰਦਰਲਾ ਕੰਵਲ ਖਿੜਦਾ ਹੈ, ਅਰਥਾਤ ਮਨ ਜੋ ਉਲਟ ਰਿਹਾ ਹੈ, ਜੋ ਦ੍ਰਿਸ਼ਟਮਾਨ ਨਾਲ ਆਪਣੇ ਆਪ ਨੂੰ ਰਲਾਈ ਬੈਠਾ ਹੈ, ਉਹ ਆਪਣੇ ਆਪੇ ਵਿਚ ਸਿੱਧਾ ਹੋ ਜਾਂਦਾ ਹੈ ਅਰਥਾਤ ਉਸ ਦਾ ਰੁਖ ਦ੍ਰਿਸ਼ਟਾ ਹੋ ਜਾਂਦਾ ਹੈ। ਸੋ ਮਨ ਕੰਵਲ ਦੇ ਖਿੜ ਪਿਆਂ, ਮੇਰ ਤੇਰ ਦਾ ਜੋ ਦੁਖ ਹੈ-ਆਪ ਨੂੰ ਤੇ ਦੇਈਦਾ ਹੈ ਹੋਰਨਾਂ ਨੂੰ-ਉਹ ਮਿਟ ਜਾਂਦਾ ਹੈ, ਕਿਉਂਕਿ ਫੇਰ ਨਜ਼ਰ ਖੁੱਲ੍ਹਦੀ ਹੈ ਕਿ ਘਟ ਘਟ ਵਿਚ ਪਾਰਬ੍ਰਹਮ ਵਸ ਰਿਹਾ ਹੈ ਤੇ ਸਾਡਾ ਆਪਾ ਉਸ ਪਰਮ ਆਪੇ ਨਾਲੋਂ ਵੱਖ ਵਿਚ ਨਹੀਂ।

ਬਾਈ-ਕੀਹ ਫੇਰ ਪ੍ਰੇਮ ਜੋ ਰੱਬ ਨਾਲ ਲਾਈਦਾ ਹੈ ਉਸ ਦੀ ਲੋੜ ਨਹੀਂ ?

ਭਾਈ ਜੀ-ਪ੍ਰੇਮ ਹੀ ਤਾਂ ਮੇਲਣਹਾਰ ਹੈ। ਸਾਡੇ ਸਤਿਗੁਰ ਨੇ ਫੁਰਮਾਇਆ ਹੈ:-'ਸਾਚ ਕਹਉ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ' ਤੇ ਪ੍ਰੇਮ ਕੀਹ ਵਸਤੂ ਹੈ, ਪੰਚਮ ਗੁਰੂ ਜੀ ਨੇ ਫੁਰਮਾਯਾ ਹੈ: 'ਪ੍ਰੇਮ ਪਦਾਰਥ ਨਾਮ ਹੈ ਭਾਈ', ਅਰਥਾਤ ਇਹ ਨਾਮ ਹੀ ਹੈ ਪ੍ਰੇਮ ਦਾ ਵਿਦਤ ਸਰੂਪ; ਮਾਇਆ ਤੇ ਮੋਹ ਦਾ ਇਹੋ ਨਾਸ਼ ਕਰਤਾ ਹੈ। ਕਮਲ ਪ੍ਰਕਾਸ਼ ਇਹੋ ਨਾਮ ਕਰਦਾ ਹੈ ਤੇ ਫੇਰ ਧਰਤ ਆਕਾਸ਼ ਵਿਚ ਸਾਰੇ ਸਾਂਈਂ ਮੌਲ ਰਿਹਾ ਪ੍ਰਤੀਤ ਹੋ ਆਂਵਦਾ ਹੈ ਪਰ ਇਸ ਅਵਸਥਾ ਵਿਚ ਬੀ ਪੰਜਵੇਂ ਸਤਿਗੁਰ ਦਾ ਵਾਕ ਹੈ:-

'ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ॥' (ਸੋ: ਅ: ਮ: ੫-੧)

ਇਸ ਨਾਲ ਹਜ਼ੂਰੀ ਵਾਸ ਹੋ ਜਾਏਗਾ, ਦੇਖੋ ਫੁਰਮਾਉਂਦੇ ਹਨ:-

ਸਾਸ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ[1]॥

ਬਾਈ-ਕੁਰਬਾਨ ਹਾਂ, ਆਪ ਦੀ ਕਥਨੀ ਦੇ; ਪਰ ਮੈਂ ਤਾਂ ਦਰਸ਼ਨ ਦੇਖ ਕੇ ਇਕ ਐਸੇ ਝਲਕਾਰੇ ਵਿਚ ਗਈ ਸਾਂ ਕਿ ਮੇਰੇ ਹੱਦ ਬੰਨੇ ਤ੍ਰੁੱਟੇ ਹਨ ਤੇ ਵਿਸ਼ਾਲ ਹੋਈ ਹਾਂ; ਮੈਂ ਤਾਂ ਸਤਿਗੁਰੂ ਨੂੰ ਉਸ ਛਿਨ ਪਰਮ ਵਿਸ਼ਾਲ ਡਿੱਠਾ ਹੈ ਤੇ ਉਸ ਨੂੰ ਬ੍ਰਹਮ ਜਾਤਾ ਹੈ।

ਭਾਈ ਜੀ ਦੇ ਨਾਲ ਇਕ ਹੋਰ ਸਤਿਸੰਗੀ ਪੁਰਖ ਸੀ; ਉਹ ਆਖਣ ਲੱਗਾ: ਬੀਬੀ ਐਸਾ ਕਹਿਣਾ ਸਤਿਗੁਰ ਨੇ ਵਰਜਿਆ ਹੈ। ਉਹ ਕਹਿੰਦੇ ਹਨ ਮੈਂ ਪ੍ਰਭੂ ਦਾ ਦਾਸ ਹਾਂ; ਜੋ ਮੈਨੂੰ ਪਰਮੇਸ਼ੁਰ ਕਹੇਗਾ ਸੋ ਨਰਕ ਵਿਚ ਜਾਏਗਾ।

ਬੀਬੀ ਤ੍ਰਹਕੀ, ਫੇਰ ਮੁਸਕ੍ਰਾਈ ਤੇ ਕਹਿਣ ਲੱਗੀ;

1. ਇਥੋਂ ਤਾਈਂ ਗੁਫਤਗੂ ਵਿਚ ਭਾਈ ਜੀ ਨੇ ਪੰਚਮ ਸਤਿਗੁਰ ਜੀ ਦੇ ਸ਼ਬਦ 'ਸਭ ਜਗੁ ਜਿਨਹਿ ਉਪਾਇਆ' ਦਾ ਖੁੱਲ੍ਹਾ ਅਨੁਵਾਦ ਵਰਨਣ ਕੀਤਾ ਹੈ।

ਹੱਛਾ...ਮੈਂ ਕਹਿੰਦੀ ਨਹੀਂ.........ਜੋ ਮੈਂ ਅਨੁਭਵ ਕੀਤਾ ਹੈ ਓਹ ਰਹੇ ਮੇਰਾ......।'

ਸਿਖ-ਇਹ ਬੀ ਠੀਕ ਨਹੀਂ, ਓਹ ਕਹਿੰਦੇ ਹਨ, 'ਮੋਕਉ ਦਾਸ ਤਵਨ ਕਾ ਜਾਨਉ'। ਹਾਂ, ਕਹਿੰਦੇ ਹਨ- 'ਜਾਨਉ'।

ਬੀਬੀ-ਹੱਛਾ।...ਪਰ ਕੱਲ ਇਕ ਸਿਖ ਪੜ੍ਹ ਰਿਹਾ ਸੀ: 'ਹਰਿ ਹਰਿ ਜਨ ਦੋਊ ਏਕ ਹੈਂ ਬਿਬ ਬਿਚਾਰ ਕਿਛੁ ਨਾਹਿ' ਇਹ ਵਾਕ ਬੀ ਉਨ੍ਹਾਂ ਦਾ ਹੀ ਹੈ ਨਾ ? ਸੋ ਜੇ ਦਾਸ ਹਨ ਤਾਂ ਬੀ ਉਸ ਨਾਲ ਤਦਰੂਪ ਹਨ।

ਸਿਖ ਸੁਣਕੇ ਚਕਰਾਇਆ; ਭਾਈ ਜੀ ਹੱਸੇ ਤੇ ਬੀਬੀ ਨੇ ਕਿਹਾ: ਹਾਂ ਸਤਿਗੁਰ ਚੋਜੀ ਹੈ। ਮੇਰੇ ਬਜ਼ੁਰਗ ਭਾਈ ਜੀਓ ! ਜੇ ਬਿਲਾਸ ਨਾਲ ਇਕ ਵਾਕ ਆਖਾਂ ਤਾਂ ਤੁਸੀਂ ਮਾੜਾ ਤਾਂ ਨਾ ਮੰਨਸੋ ?

ਭਾਈ ਜੀ-ਤੁਸੀਂ ਜੋ ਕੁਛ ਕਹਿਣਾ ਹੈ ਪਜਾਰ ਨਾਲ ਕਹਿਣਾ ਹੈ, ਕਹੋ।

ਬਾਈ-ਮੈਂ ਡਾਢੇ ਲਾਡ ਵਿਚ ਕਹਿੰਦੀ ਹਾਂ ਕਿ ਜੇ ਉਸ ਸਤਿਗੁਰੂ ਨੂੰ, ਜਿਸ ਨੂੰ ਮੈਂ ਲੋਹ ਲੋਟ ਤੜਪ ਤੜਪ ਤੇ ਜਿੰਦੜੀ ਹੂਲ ਹੂਲ ਕੇ ਲੱਭਾ ਹੈ ਤੇ ਗੋਬਿੰਦ ਕਰਕੇ ਅਨੁਭਵ ਕੀਤਾ ਹੈ, ਜੇ ਉਸ ਨੂੰ ਉਹ ਕੁਛ ਕਹਿਕੇ, ਜੁ ਮੇਰੇ ਤੇ ਅਸਰ ਪਿਆ ਹੈ, ਮੈਂ ਨਰਕ ਨੂੰ ਜਾਵਾਂ ਤਾਂ ਕੀਹ ਕੁਛ ਮਹਿੰਗਾ ਸੌਦਾ ਹੈ ? ਮੈਂ ਦਰਸ਼ਨ ਦਾਤ ਤੋਂ ਪਹਿਲਾਂ ਨਰਕ ਵਿਚ ਹੀ ਸਾਂ, ਦਰਸ਼ਨ ਕਰਕੇ ਨਰਕ ਨਿਵਰ ਗਿਆ, ਮੈਨੂੰ ਪਰਮੇਸ਼ਰ ਦਿੱਸ ਪਿਆ। ਹੁਣ ਜੇ ਨਿਸਦੇ ਕੀਤੀ ਗੱਲ ਨੂੰ ਕਹਿਣ ਤੇ ਮੈਨੂੰ ਦੰਡ ਮਿਲੇ ਤੇ ਉਹ ਨਰਕ ਹੋਵੇ ਤਾਂ ਮੈਨੂੰ ਕਿਉਂ ਮਾੜਾ ਹੈ ? ਨਾਰਕੀ ਨਰਕ ਨੂੰ ਚਲਾ ਗਿਆ ਤਾਂ ਚਲਾ ਗਿਆ ਸਹੀ, ਪਹਿਲਾਂ ਅਗਜਾਨ-ਵਸ਼ ਹੋ ਕੇ ਨਰਕ ਵਿਚ ਸੀ, ਹੁਣ ਗਿਆਨ ਦੇ ਕੁੱਛੜ ਚੜ੍ਹਕੇ ਨਰਕ ਨੂੰ ਗਿਆ। ਉਹ ਨਰਕ ਹੁਣ ਮੁਬਾਰਕ ਨਾ ਹੋਊ ਜਿਥੇ ਗਿਆਨ ਸੰਯੁਕਤ ਹੋ ਕੇ ਗਏ।

ਇਹ ਬਚਨ ਸੁਣਕੇ ਸਿਖ ਤਾਂ ਚਕਰਾ ਹੀ ਗਿਆ, ਭਾਈ ਜੀ ਬੀ ਉਸ ਦੇ ਸਿਦਕ ਨੂੰ ਵੇਖ ਕੇ ਕੰਬ ਗਏ। ਬੀਬੀ ਬਚਨ ਬਿਲਾਸ ਨਾਲ ਕਹਿ ਰਹੀ ਸੀ, ਪਰ ਸਿਦਕ ਉਹਨਾਂ ਬਚਨਾਂ ਵਿਚ ਕੁੱਟ ਕੁੱਟ ਭਰਿਆ ਪਿਆ ਸੀ। ਭਾਈ ਜੀ ਅਜੇ ਸੋਚ ਹੀ ਰਹੇ ਸੇ ਕਿ ਇਸ ਦਤੁਰ ਪਰ ਸਿਦਕਾਂ ਵਾਲੀ ਦੇ ਵਾਕਾਂ ਦਾ ਅੰਤ੍ਰੀਵ ਭਾਵ ਕੀ ਹੈ ਕਿ ਉਹ ਤਾੜੀ ਮਾਰਕੇ ਬੋਲੀ: ਹਾਂ ਜੀ ਜਦੋਂ ਖੜਗ ਸੂਤਕੇ ਸਿਰ ਮੰਗਦੇ ਸਨ ਕਈ ਨਿੱਤਰ ਹੀ ਪਏ ਸਨ ਨਾ ਸੀਸ ਦੇਣ ਨੂੰ, ਪਰ ਉਹ ਤਲਵਾਰ ਦੇ ਘਾਟ ਨਾ ਉਤਾਰੇ ਗਏ। ਓਹ ਅੰਮ੍ਰਿਤ ਦੇ ਕੇ ਅਮਰ ਕੀਤੇ ਗਏ। ਤਿਵੇਂ ਇਹ ਬੀ ਖ਼ੜਗ ਹੈ, ਜੋ ਇਸ ਅੱਗੇ ਸੀਸ ਭੇਟ ਕਰਨਗੇ ਓਹ ਨਰਕ ਨੂੰ ਜਾਂਦੇ ਦਿੱਸਦੇ ਹੋਏ ਤੱਤ ਸਾਰ ਦੇ ਦੇਸ਼ ਜਾਣਗੇ। ਮੇਰੀ ਗੱਲ ਦਾ ਗੁੱਸਾ ਨਾ ਕਰਨਾ, ਮੈਂ ਬੇਅਦਬ ਨਹੀਂ।....ਪਾਣੀ ਦੀ ਸਾਰ ਉਸ ਨੂੰ ਹੈ, ਜਿਸ ਨੇ ਰੇਤਥਲੇ, ਮਹਾਨ ਮਾਰੂ ਥਲੇ ਵਿਚ ਚਾਰ ਦਿਨ ਤੜਪ ਤੜਪ ਕੇ ਮੌਤ ਦੇ ਮੂੰਹ ਅੱਪੜਕੇ ਖਜੂਰਾਂ ਦੀ ਝੰਗੀ ਤੇ ਪਾਣੀ ਦਾ ਚਸ਼ਮਾ ਪਾਇਆ ਹੋਵੇ। ਮਲਾਹਾਂ ਨੂੰ ਪਾਣੀ ਦੀ ਉਹ ਕਦਰ ਨਹੀਂ ? ਇਹ ਕਹਿ ਕੇ ਛਮਾਛਮ ਰੋ ਪਈ। ਫੇਰ ਬੋਲੀ ਉਸੇ ਸੁਰ ਵਿਚ: ਹਾਂ ਕੌਣ ਹੈ ? ਜਿਸ ਨੇ ਇਸ ਜੋਧੇ ਤਲਵਾਰੀਏ, ਫੌਜਾਂ ਵਾਲੇ, ਕਵੀ, ਫਕੀਰ, ਵਲੀ, ਪਿਕਾਮਟ, ਅਵਤਾਰ ਦਾ ਭੇਦ ਪਾਇਆ ਹੈ ?... ਇਨਸਾਨ ? ਹੱਛਾ ਇਨਸਾਨ ਹੀ ਸਹੀ। 'ਤਵਨ' ਦਾ ਦਾਸ ਤਾਂ ਹੈ। ਭਲਾ ਕੱਢੋ ਖਾਂ ਇਹਦੇ ਨਾਲ ਦਾ ਇਕ ਹੋਰ 'ਤਵਨ' ਦਾ ਦਾਸ। ਜਗਤ ਦੇਖਦਾ ਹੋਯਾ ਫੇਰ ਨਹੀਂ ਦੇਖਦਾ। ਦਾਸ ਕਹਿਕੇ ਬੀ ਅਸੀਂ ਪਰਖ ਨਹੀਂ ਸਕੇ, ਕੀਮਤ ਕੂਤ ਨਹੀਂ ਪਾ ਸਕੇ। ਪਾਓ ਖਾਂ ਭਾਈ ਜੀ, ਤੁਸੀਂ ਹੀ ਮੁੱਲ ਪਾਓ; ਪਾਓ, ਤੁਸੀਂ ਆਪੇ ਕਹੋਗੇ ਮੁੱਲ ਨਹੀਂ ਪੈ ਸਕਦਾ, ਇਹ ਅਮੋਲਕ ਹੈ, ਨਿਰਮੋਲਕ ਹੈ, ਕੀਮਤ ਕੂਤ ਤੋਂ ਪਰੇ ਹੈ ਤੇ ਮੈਂ ਭਿਖਾਰਨ ਨੇ ਜੇ ਕਹਿ ਦਿੱਤਾ ਕਿ ਇਹ 'ਰਤਨ ਅਮੋਲਕ ਹੈ, ਮੁੱਲ ਦੀ ਵਲੈਤੋਂ ਪਾਰ ਦਾ ਹੈ', ਤਾਂ ਮੈਂ ਸੱਚ ਹੀ ਕਿਹਾ ਹੈ। (ਅਸਮਾਨਾਂ ਵੱਲ ਤੱਕ ਕੇ) ਜੇ ਮੈਂ ਅਮੁੱਲ ਨੂੰ ਅਮੁੱਲ ਕਹਿਕੇ, ਹੇ ਨਰਕ ! ਤੈਨੂੰ ਵਾਜ ਮਾਰੀ ਹੈ, ਤਾਂ ਆ ਵੀਰਾ ਆ, ਸੌ ਵੇਰੀਂ ਆ। ਅਗੇ ਮੈਂ ਇਕੱਲੀ ਸਾਂ, ਤੇਰੇ ਡੰਗ ਮੈਨੂੰ ਵੱਢਦੇ ਸਨ, ਹੁਣ ਮੈਂ ਇਕੱਲੀ ਨਹੀਂ ਓਹ ਮੇਰੇ ਨਾਲ ਹੈ। ਹਾਂ ਮੈਂ ਉਸਨੂੰ ਘੁਟਕੇ ਹਿਰਦੇ ਪਰੋ ਕੇ ਨਾਲ ਰੱਖਾਂਗੀ, ਓਹ ਮੇਰੇ ਨਾਲ ਹੋਵੇਗਾ। ਹਾਂ, ਜ਼ਰੂਰ! ਫੇਰ ਮੈਂ ਦੇਖਾਂਗੀ ਤੇਰੇ ਡੰਗ ਮੈਨੂੰ ਕੀਕੂੰ ਵਿਸ ਚਾੜ੍ਹਦੇ ਹਨ। ਨਰਕਾ ! ਮੈਂ ਹੁਣ ਇਕੱਲੜੀ ਨਹੀਂ ਹਾਂ। ਇਕੱਲ ਨਰਕ ਹੈ, ਨਰਕ ਇਕੱਲਿਆਂ ਨੂੰ ਖਾਂਦਾ ਹੈ। ਮੈਂ ਦੇਖਾਂਗੀ ਵੀਰਾ ! ਕਿ ਜਿਸ ਵੇਲੇ ਮੈਂ ਸੀਨੇ ਵਿਚ 'ਅਮੁੱਲਜ' ਨੂੰ ਲੈ ਕੇ ਤੇਰੇ ਵਿਚ ਆਉਂਦੀ ਹਾਂ ਉਸ ਵੇਲੇ ਤੂੰ ਸੁਰਗ ਬਣਦਾ ਹੈਂ ਕਿ ਮੈਂ ਨਾਰਕੀ

ਬਣਦੀ ਹਾਂ ! ਨਰਕਾ ! ਤੇਰੇ ਬੀ ਭਾਗ ਜਾਗ ਪੈਣ ਜੇ ਮੇਰੇ ਗੁਨਾਹਾਂ ਬਦਲੇ ਮੇਰਾ 'ਅਮੁਲਜ ਲਾਲ' ਤੇਰੇ ਦਰ ਫੇਰਾ ਪਾਵੇ ਤੇ ਉਸ ਦੇ ਸਦਕੇ ਤੇਰੇ ਸਦਾ ਤੋਂ ਸੜਦੇ ਭਾਂਬੜ ਸੀਤਲ ਹੋ ਜਾਣ। ਆ ਆ ਕਿ ਮੇਰੇ ਨਾਲ ਤੇਰਾ ਪਾਰ ਉਤਾਰਾ ਹੋ ਜਾਵੇ। ਹਾਂ ਡਰਾਵਣਿਆਂ ! ਮੈਂ ਨਹੀਂ ਊਂ ਹੁਣ ਇਕੱਲੀ, ਡਰ ਮੇਰੇ ਤੋਂ।

ਮੈਂ ਹੁਣ ਨਹੀਂ ਇਕੱਲੀ ਮਾ
ਮੈਂ ਵਿਚ ਵਸ ਪਿਆ ਮੈਂ ਦਾ ਮਾਲਕ,
ਮੈਂ ਹੁਣ ਨਹੀਂ ਇਕੱਲੀ ਮਾਂ !
'ਤੂੰ' ਆ ਵੱਸੀ ਮੇਰੀ 'ਮੈਂ' ਵਿਚ
'ਮੈਂ' 'ਤੂੰ' ਓਸੇ ਮੱਲੀ, ਮਾਂ !
ਇਹ ਕੀ ਪਈ ਠਗਉਰੀ ਕੋਈ?
ਕੇ ਮੈਂ ਹੋਈ ਝੱਲੀ ? ਮਾਂ !
ਝਿੜਕ ਨ ਮੈਨੂੰ ਛਾਤੀ ਲਾ ਲੈ,
ਭਾਵੇਂ ਅੱਲ ਵਿਲੱਲੀ ਮਾਂ !

ਇਹ ਬਿਰਹਾ ਤੇ ਆਪੇ ਤੋਂ ਬੇਬਸੀ ਦੇ ਵਾਕ ਸੁਣ ਮੁਣ ਕੇ ਨੰਦ ਲਾਲ ਜੀ ਦੇ ਕੋਮਲ ਹਿਰਦੇ ਨੇ ਉਹਨਾਂ ਦੇ ਨੈਨਾਂ ਵਿਚ ਨੀਰ ਭਰ ਦਿੱਤਾ। ਬਾਕੀ ਦੇ ਬੀ ਨੈਣ ਨੀਰ ਭਰ ਲਿਆਏ ਤੇ ਲੂੰ ਕੰਡੇ ਹੋ ਗਏ। ਧੰਨ 'ਅਮੁਲਜ ਲਾਲ', ਪਰ ਧੰਨ ਹੋ ਗਿਆ ਉਹ ਬੀ ਜਿਨ੍ਹ ਪਛਾਣ ਲਿਆ।

ਭਾਈ ਜੀ ਡੂੰਘੀ ਵਿਚਾਰ ਵਿਚ ਗਏ ਤੇ ਫੇਰ ਇਕ ਲੰਮਾ ਸਾਹ ਲੈ ਕੇ ਬੋਲੇ :-

ਅਨਿਕ ਭੇਖ ਅਰੁ ਙਿਆਨ ਧਿਆਨ ਮਨਿ ਹਠਿ
ਮਿਲਿਅਉ ਨ ਕੋਇ॥ ਕਹੁ ਨਾਨਕ ਕਿਰਪਾ
ਭਈ ਭਗਤ ਙਿਆਨੀ ਸੋਇ॥ (ਥਾ: ਅ:-੫)

ਬੀਬੀ ! ਤੂੰ ਭਗਤ ਗਿਆਨੀ ਹੈਂ। ਸਤਿਗੁਰ ਦੇ ਵਾਕ ਸਦਾ ਸੱਤਿ ਹਨ, ਤੈਨੂੰ ਗਿਆਨ ਧਿਆਨ ਅਨੇਕਾਂ ਪ੍ਰਾਪਤ ਹੋਏ, ਭੇਖ ਬੀ ਤੂੰ ਗਜ਼ਬ ਦਾ ਧਰਿਆ ਪਰ ਸਾਂਈਂ ਨਾ ਮਿਲਿਆ। ਜਦ ਦਾਤੇ ਦੀ ਕਿਰਪਾ ਤੇਰੇ ਤੇ ਹੋਈ ਤੂੰ ਸਚਮੁਖ ਦੀ 'ਭਗਤ ਗਿਆਨੀ' ਹੋ ਗਈ। ਭਗਤੀ ਅਰ ਗਿਆਨ ਦਾ ਤੇਰੇ ਵਿਚ ਕਮਾਲ ਹੈ। ਧੰਨ ਹੈ ਦਾਤਾ ਜੋ ਤੇਰੇ ਜੈਸੇ ਬੰਦੇ ਪੈਦਾ ਕਰਦਾ ਹੈ। ਬੀਬੀ ਨੇ ਇਹ ਗੱਲ ਗਹੁ ਨਾਲ ਨਹੀਂ ਸੁਣੀ, ਉਹ ਆਪਣੇ ਮਨ ਦੇ ਤਰੰਗ ਵਿਚ ਦੂਰ ਚੁਕੀ ਸੀ। ਨੈਣਾਂ ਅਗੇ ਕਲਗੀਆਂ ਵਾਲੇ ਦੀ ਮਨਮੋਹਨ ਮੂਰਤੀ ਸੀ, ਉਸ ਵਿਚ ਆਪਾ ਸਮਾ ਰਹੀ ਸੀ, ਐਉਂ ਨਹੀਂ ਕਿ ਕਿਸੇ ਧਿਆਨੀ ਵਾਂਙੂ ਇਕ 'ਦੇਸ਼ ਬਧ ਧਿਆਨ' ਵਿਚ ਆਪਾ ਭੁੱਲ ਰਹੀ ਸੀ, ਪਰ ਦਾਤੇ ਨੂੰ ਦੇਸ਼ ਰਹਿਤ ਵਿਆਪਕ ਪ੍ਰਤੀਤ ਕਰ ਰਹੀ ਤੇ ਆਪਣੇ ਹਦ ਬੰਨੇ ਟੁੱਟ ਟੁੱਟ ਕੇ ਉਸ ਵਿਚ ਸਮਾ ਰਹੀ ਤੱਕ ਰਹੀ ਸੀ। ਨੰਦ ਲਾਲ ਜੀ ਉਸ ਦੀ ਮਗਨਤਾ ਦਾ ਅਨੁਭਵ ਕਰਕੇ ਮਲਕੜੇ ਉੱਠਕੇ ਚਲੇ ਗਏ ਤੇ ਚੰਦ੍ਰ ਸਖੀ ਨੂੰ ਕਹਿ ਗਏ ਕਿ ਜਦੋਂ ਉਠਣਗੇ ਮੇਰੀ ਬੰਦਨਾਂ ਕਹਿ ਦੇਣੀ ਤੇ ਆਖਣਾ ਕਿ ਸਾਹਿਬਾਂ ਦੀ ਹਜ਼ੂਰੀ ਵਿਚ ਇਸ ਵੇਲੇ ਪੁੱਜਣਾ ਹੈ, ਇਸ ਕਰਕੇ ਜਾ ਰਿਹਾ ਹਾਂ।

## ੧੯. (ਏਕਾਂਤ)

'ਹਰਿ ਸਿਮਰਨੁ ਬਹੁ ਮਾਹਿ ਇਕੇਲਾ' ਦੀ ਸਦਾ ਏਕਾਂਤ ਵਾਲੇ, 'ਸੋ ਇਕਾਂਤੀ ਜਿਸੁ ਰਿਦਾ ਥਾਇ' ਦੀ ਦ੍ਰਿੜਤਾ ਵਾਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜ ਬਾਹਰਲੀ ਏਕਾਂਤ ਵਿਚ ਬੈਠੇ ਹਨ। ਸੂਰਜ ਅੰਦਰ ਬਾਹਰ ਹੋਣ ਲੱਗਾ ਹੈ। ਪੱਛੋਂ ਦੇ ਗਗਨਾਂ ਉਤੇ ਸੁਨਹਿਰੀ ਬੱਦਲਾਂ ਦੇ ਸ਼ਾਮਿਯਾਨੇ ਥਾਂ ਥਾਂ ਤਣ ਰਹੇ ਹਨ। ਇਨ੍ਹਾਂ ਦੀ ਸੁਨਹਿਰੀ ਝਾਲ ਨੈਣਾਂ ਨੂੰ ਸੁਨਹਿਰੀ ਚਮਕਾਰ ਦੇ ਰਹੀ ਹੈ, ਰੱਬ ਪਿਆਰਿਆਂ ਨੂੰ ਜਲਾਲ ਦੇ ਚੇਤੇ ਆ ਰਹੇ ਤੇ ਸੁਰਤਾਂ ਖਿੜ ਰਹੀਆਂ ਹਨ, ਉਪਕਾਰੀਆਂ ਦੇ ਦਿਲ ਵਧ ਰਹੇ ਹਨ। ਸਖੀਆਂ ਨੂੰ ਸੂਰਜ ਦੀ ਇਹ ਸਖਾਵਤ ਦੇਖਕੇ ਚਾਉ ਉਪਜ ਰਿਹਾ ਹੈ, ਸ਼ੂਮ ਤ੍ਰਬ੍ਰਕ ਰਹੇ ਹਨ ਕਿ ਹੈਂ ਐਤਨਾ ਸੋਨਾ ਦਾਨ ਕਰਕੇ ਸੂਰਜ ਕਿਤੇ ਦੀਵਾਲੀਆ ਨਾ ਹੋ ਜਾਵੇ। ਸਾਹਿਬਾਂ ਦੇ ਨੈਣ ਬੰਦ ਹਨ, ਨੈਣ ਪਰਦਿਆਂ ਉਤੇ ਸੁਨਹਿਰੀ ਝਾਲ ਪੈ ਰਹੀ ਹੈ। ਨੈਣਾਂ ਦੇ ਅੰਦਰ ਤੇ ਨੈਣਾਂ ਦੇ ਪਿੱਛੇ ਦਿਲ ਵਿਚ ਸਦਾ ਜਾਗਦੀ ਜੋਤਿ ਦਾ ਨੂਰ ਭਰਪੂਰ ਹੈ। ਬੈਠੇ ਹਨ ਰੰਗ ਰੱਤੇ ਤੇ ਰਸ ਮੱਤੇ। ਪਾਸ ਵਾਰ ਨਦੀ ਵਹਿ ਰਹੀ ਹੈ। ਡਾਢਾ ਟੇਢੀਆਂ ਪੈ ਰਹੀਆਂ ਕਿਰਨਾਂ ਦਾ ਹੋ ਰਿਹਾ ਹੈ ਨਾਚ ਜਲ ਤ੍ਰੰਗਾਂ ਦੇ ਉਤੇ; ਝਿਲਮਿਲ ਹੋ ਰਹੀ ਹੈ ਚੁਪ ਚਾਪ ਵਹਿ ਰਹੇ ਪਾਣੀਆਂ ਦੇ ਸੀਨਿਆਂ ਉਤੇ। ਨਿੱਕੀ ਨਿੱਕੀ ਤੇ ਮਿੱਠੀ ਮਿੱਠੀ ਰਿਵੀ ਆ ਰਹੀ ਹੈ ਨਦੀ ਵਲੋਂ, ਨਹੀਂ ਨਦੀ ਦੇ ਪਾਰੋਂ, ਉੱਤਰ ਪੱਛੋਂ ਵਲੋਂ, ਠੰਢੇ ਠੰਢੇ ਪਹਾੜਾਂ ਵਿਚੋਂ। ਕੁਛ ਖਾਲਸੇ ਦੂਰ ਖੜੇ ਹਨ ਸ਼ਸਤ੍ਰਧਾਰੀ, ਪਹਿਰਾ ਦੇ ਰਹੇ

ਹਨ। ਇਸ ਵੇਲੇ ਆ ਗਏ ਭਾਈ ਨੰਦ ਲਾਲ ਜੀ, ਨਾਲ ਦੋ ਚਾਰ ਪ੍ਰੇਮੀ ਹੋਰ ਬੀ ਸਨ। ਸਾਹਿਬਾਂ ਨੂੰ 'ਅਪਣੇ ਰੰਗ ਰਵੇ ਇਕੇਲਾ' ਵੇਖ ਕੇ ਅਟਕ ਗਏ ਦੂਰ ਹੀ। ਇਨ੍ਹਾਂ ਦੀ ਨਜ਼ਰ ਬੀ ਪੈ ਗਈ ਪੱਛਮੀ ਸੁਨਹਿਰੀ ਦਰਸ਼ਨਾਂ ਤੇ ਜੋ ਨੀਲੇ ਆਸਮਾਨਾਂ ਨੂੰ ਰੰਗ ਲਾ ਰਹੀ ਸੀ; ਕਵਿ-ਮਨ ਹੁਲਾਰੇ ਵਿਚ ਆਯਾ ਤੇ ਸਾਹਿਬਾਂ ਦੇ ਰੂਹਾਨੀ ਜਲਾਲ ਦੇ ਧਿਆਨ ਵਿਚ ਉੱਛਲ ਪਿਆ। ਕੁਛ ਚਿਰ ਮਗਰੋਂ ਧਰਤੀ ਅਰ ਆਸਮਾਨ ਦੀਆਂ ਦੋ ਝਿੰਮਣੀਆਂ ਦੇ ਵਿਚ ਉਤਰਦਾ ਉਤਰਦਾ ਸੂਰਜ ਗੁੰਮ ਹੋ ਗਿਆ, ਪਰ ਖੁੱਲ੍ਹ ਆਈਆਂ ਪਾਵਨ ਝਿੰਮਣੀਆਂ, ਸਤਿਗੁਰ ਦੇ ਨੈਣ ਸੂਰਜਾਂ ਦੀਆਂ ਤੇ ਨਿਉਂ ਗਏ ਨੈਣ ਕਮਲ ਕਵੀ ਰਾਜ ਤੇ ਉਹਨਾਂ ਦੇ ਸੰਗੀਆਂ ਦੇ ਤੇ ਆਵਾਜ਼ ਆਈ 'ਨਮੋ ਸੂਰਜ ਸੂਰਜੇ'। ਸਾਹਿਬਾਂ ਤੱਕਿਆ, ਤੇ ਆਖਿਆ, 'ਆਓ।' ਇਹ ਸੁਣ ਕੇ ਸਾਰੇ ਆ ਬੈਠੇ, ਤਾਂ ਪਹਿਲਾਂ ਕੁਛ ਕਾਵ੍ਯ ਤੇ ਬਾਤ ਚੀਤ ਛਿੜੀ ਤੇ ਫੇਰ ਸੁਘੜਬਾਈ ਦਾ ਜ਼ਿਕਰ ਆ ਗਿਆ। ਭਾਈ ਜੀ ਨੇ ਦੱਸਿਆ ਕਿ ਉਹ ਚੰਗੇ ਰਸੀਏ ਮਨ ਵਾਲੀ ਤੇ ਪ੍ਰਬੀਨ ਮਤਿ ਵਾਲੀ ਜਾਪਦੀ ਹੈ। ਸਾਹਿਬ ਜੀਉ ! ਮੈਂ ਗਿਆ ਸਾਂ ਮਿਲਣ ਤੇ ਗਲਾਂ ਬਾਤਾਂ ਬੀ ਹੋਈਆਂ ਸਨ। ਫਿਰ ਭਾਈ ਜੀ ਨੇ ਸੱਭੇ ਗੱਲਾਂ ਬਾਤਾਂ ਸੁਣਾ ਦਿੱਤੀਆਂ ਤਾਂ ਆਪ ਹੱਸੇ ਤੇ ਬੋਲੇ: ਭਾਵ ਘੁੰਮਣ ਘੇਰੀਆਂ ਜੀਵਨ ਰੌ ਦੀਆਂ ! ਗਿਆਨ, ਭਗਤੀ-ਪ੍ਰੇਮ-- ਕਾਵ੍ਯ, ਆਚਰਣ, ਸਾਰਿਆਂ ਦਾ ਸੰਗਮ ਅੰਦਰ, ਅਰ ਅਮਲ ਵਿਚ ਸੰਗਮ ਦੀ ਦੀਪਤੀ।

ਨੰਦ ਲਾਲ-ਸਾਹਿਬ ਜੀਓ ! ਕਿਤਨੀ ਬਹਾਦਰੀ ਹੈ, ਜਵਾਨੀ ਤੇ ਸੁੰਦਰਤਾ ਦੀ ਉਮਰ, ਧਨ ਪਦਾਰਥ ਦੇ ਉਛਾਲ ਵਿਚ, ਅਨੇਕਾਂ ਜਸ ਕਰਨ ਵਾਲਿਆਂ ਤੇ ਰੂਪ ਧਨ ਦੇ ਯਾਚਕਾਂ ਵਿਚ ਅਡੋਲ ਤੇ ਸੱਚਿਆਂ ਰਹਿਕੇ ਉਮਰਾ ਬਿਤਾਉਣੀ ਤੇ ਵਿਦਜਾ ਪਾ ਜਾਣੀ, ਧਾਰਮਕ ਪਰਤਾਵੇ ਕਰ ਲੈਣੇ ! ਕਮਾਲ ਹੈ।

ਸਾਹਿਬ-ਸਾਂਈਂ ਦਾ ਸਿਰ ਹੱਥ।

ਇੰਨੇ ਨੂੰ ਸੁਘੜ ਬਾਈ 'ਚੋਖੇ' ਤੇ 'ਚੰਦ੍ਰ ਸਖੀ' ਸਣੇ ਆ ਗਈ ਤੇ ਚਰਨਾ ਤੇ ਸਿਰ ਧਰਿਆ। ਸਾਹਿਬਾਂ ਨੇ ਸਿਰ ਤੇ ਹੱਥ ਰੱਖਕੇ ਦਸਮ ਦੁਆਰ ਵਾਲੇ ਟਿਕਾਣੇ ਨੂੰ ਅੰਗੂਠੇ ਨਾਲ ਸਹਲਾਇਆ ਤਾਂ ਬਾਈ ਇਕ ਸੁਖ ਨੀਂਦ ਵਰਗੇ ਸੁਆਦ ਵਿਚ ਆ ਕੇ ਗੁੰਮ ਜੇਹੀ ਹੋ ਕੇ ਖਿੜ ਗਈ ਤਾਂ ਸਾਹਿਬਾਂ ਉਸੇ ਹੱਥ ਨਾਲ ਸੀਸ ਉਠਾ ਦਿੱਤਾ, ਉਹ ਅਦਬ ਨਾਲ ਬੈਠ ਗਈ ਤੇ ਰਸਨਾਂ ਤੋਂ ਨਿਕਲਿਆ:-

ਤੂੰਈ ਤੂੰਈ, ਧੰਨ ਤੂੰ; ਧੰਨ ਤੂੰ।

ਸਤਿਗੁਰ ਨੇ ਇਸ ਵੇਲੇ ਇਕ ਨਿੱਕੀ ਧੁਨਿ ਵਿਚ ਸ਼ਬਦ ਪੜ੍ਹਿਆ:-

ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ<br>
ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥<br>
ਪੁਹਪ ਮਧਿ ਜਿਉ ਬਾਸ ਬਸਤੁ ਹੈ ਮੁਕਰ ਮਾਹਿ<br>
ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ<br>
ਘਟ ਹੀ ਖੋਜਹੁ ਭਾਈ॥ ੧॥ ਬਾਹਰਿ ਭੀਤਰਿ<br>
ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥<br>
ਜਨੁ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ<br>
ਕੀ ਕਾਈ॥ ੨॥ (ਧਨਾਸਰੀ ਮਹਲਾ ੯)

ਇਹ ਸ਼ਬਦ ਪੜ੍ਹਕੇ ਆਪ ਚੁੱਪ ਹੋ ਗਏ ਤੇ ਨੈਣ ਮੀਟ ਲਏ। ਬਾਈ ਸਾਹਿਬਾਂ ਦੇ ਮੂੰਹ ਤੋਂ ਨਿਕਲਦੇ ਇਕ ਇਕ ਅੱਖਰ ਨੂੰ ਸ਼ਾਂਤੀ ਬੂੰਦ ਵਾਂਙ ਪੀ ਰਹੀ ਸੀ ਉਸ ਦੇ ਅੰਦਰ ਘਟ ਰਿਹਾ ਸੀ ਭਾਵ ਸਪਸ਼ਟ ਹੋ ਕੇ ਤੇ ਅਨਭਉ ਵਿਚ ਸੁੱਟ ਰਿਹਾ ਸੀ ਉਸ ਦਾ ਅਸਰ। ਮਗਨ ਹੋ ਗਈ ਬਾਈ। ਜਦ ਸਤਿਗੁਰ ਨੇ ਨੈਣ ਖੁਹਲੇ ਤਾਂ ਹੁਣ ਇਕ ਜਲਾਲੀ ਰੰਗ ਤੇ ਭਰਵੀਂ ਸਦ ਵਿਚ ਬੋਲੇ :

ਸੁਘੜੇ ਤੂੰ ਗਜਾਨ ਪਾ ਲਿਆ, ਤੂੰ ਭਗਤੀ ਪਾ ਲਈ। ਤੈਨੂੰ ਅਨੁਭਵ ਹੋ ਗਿਆ ਓਸ ਦਾ ਕਿ ਜਿਸ ਦਾ ਸਾਰੇ ਨਿਵਾਸ ਹੈ। ਸਾਰੇ ਪਸਾਰੇ ਦੇ ਵਿਚ ਵੱਸ ਕੇ ਜੋ ਫੇਰ ਅਲੇਪ ਹੈ ਸੋ ਤੇਰੇ ਅੰਦਰ ਬੀ ਸਮਾ ਰਿਹਾ ਹੈ।

'ਬਰਨ ਚਿਹਨ ਜਿਹ ਜਾਤ ਨ ਪਾਤਾ॥ ਸਤ੍ਰ<br>
ਮਿਤ੍ਰ ਜਿਹ ਤਾਤ ਨ ਮਾਤਾ॥ ਸਭ ਤੇ ਦੂਰ<br>
ਸਭਨ ਤੇ ਨੇਰਾ॥ ਜਲ ਥਲ ਮਹੀਅਲਿ ਜਾਹਿ<br>
ਬਸੇਰਾ॥" (ਪਾ: ੧੦)

ਇਸ ਨੂੰ ਤੂੰ ਅਨੁਭਵ ਕਰ ਲਿਆ ਹੈ। ਇਸ ਘਟ ਘਟ ਦੇ ਵਾਸੀ ਨਾਲ ਅੰਤਰ ਆਤਮੇ ਸਦਾ ਮਿਲੇ ਰਹਿਣਾ। ਸੁਰਤ ਉਸ ਵਿਚ ਲਾਈ ਰੱਖਣੀ ਹੈ। ਅੰਤਰ ਆਤਮੇ ਉਸ ਨਾਲ ਵਿੱਥ ਨਹੀਂ ਪੈਣ ਦੇਣੀ। ਇਹ ਭਗਤੀ ਹੈ, ਇਹ ਪ੍ਰੇਮ ਹੈ, ਮਿਲੇ ਰਹਿਣਾ ਸਦਾ ਮਿਲੇ ਰਹਿਣਾ। ਪ੍ਰੇਮ ਦਾ ਸਾਧਨ ਸਰੂਪੀ ਰੂਪ

'ਨਾਮ' ਹੈ। ਨਾਮ ਪ੍ਰੇਮ ਹੈ। "ਬਿਨ ਹਰਿ ਨਾਮ ਨ ਬਾਚਨ ਪੈਹੈ।।" ਜਦੋਂ ਇਹ ਖੇਲ ਅੰਦਰ ਵਾਪਰਗਈ ਤਾਂ ਗਯਾਨ ਤੇ ਭਗਤੀ ਦੁਇ ਆ ਗਏ। ਗਯਾਨ ਦੀ ਸਫਲਤਾ ਇਹ ਹੈ ਕਿ ਚਿਤ, ਮਨ, ਬ੍ਰਿਤੀ ਸੁਰਤ ਵਿਚ ਉਸ ਵ੍ਯਾਪਕ ਦਾ ਨਿਵਾਸ ਰਹੇ। ਇਹ ਗਲ 'ਨਾਮ' ਨਾਲ ਸੁਤੇ ਹੀ ਪ੍ਰਾਪਤ ਰਹਿੰਦੀ ਹੈ। ਇਥੇ ਕੁ ਪਹੁੰਚ ਕੇ ਹੁਣ ਦੋ ਰਸਤੇ ਹਨ; ਇਕ ਤਾਂ ਇਹ ਹੈ ਕਿ ਕੋਈ ਏਕਾਂਤ ਢੂੰਡ ਕੇ ਮਨ ਜੋੜੀ ਰਖ ਕੇ ਸਰੀਰ ਨੂੰ ਟਿਕਾਈ ਰੱਖ ਕੇ ਦਿਨ ਬਿਤਾ ਲਓ। ਪਰ ਮਨ ਉਥੇ ਬੀ ਤ੍ਰੁੱਪੇਗਾ, ਇਸਨੂੰ ਰੋਕਣਾ ਪਏਗਾ। ਤੁਸੀਂ ਜ਼ੋਰ ਲਾਓਗੇ ਇਸਨੂੰ ਟਿਕਾਉਣ ਦਾ; ਚਾਹੋ ਕਿਤਨਾ ਬੀ ਥੋੜਾ। ਖਾਣਾ ਪੀਣਾ ਬੀ, ਚਾਹੋ ਕਿੰਨਾ ਘਟਾਓ, ਰਹੇਗਾ। ਸੋ ਕ੍ਰਿਯਾ ਕਰਨੀ ਬਣੀ ਹੀ ਰਹੂ ਚਾਹੋ ਥੋੜ੍ਹੀ। ਸੁਘੜੇ, ਇਹ ਜੀਵਨ ਸਾਡੇ ਪਸੰਦ ਨਹੀਂ ਹੈ। ਅਕਾਲ ਪੁਰਖ ਉਦਕਰਖ ਕਰ ਕਿਹਾ ਹੈ। ਸਾਰੀ ਸ੍ਰਿਸ਼ਟੀ ਨੂੰ ਧਾਰਨ ਕਰ ਰਿਹਾ ਹੈ, ਉਹ ਇਸਦਾ ਕਰਤਾ ਤੇ ਕਾਦਰ ਹੋਕੇ ਇਸਦਾ ਪ੍ਰਬੰਧ ਕਰ ਰਿਹਾ ਹੈ। ਜਿਸ ਨੂੰ ਕ੍ਰਿਯਾ ਦੇ ਸਿਰ ਕ੍ਰਿਯਾ ਕਿਹਾ ਬਨਦਾ ਹੈ, ਉਹ ਕਰ ਰਿਹਾ ਹੈ ਚਾਹੋ ਅਲੇਪ ਬੀ ਹੈ। ਸਾਨੂੰ ਬੀ ਲੋੜੀਏ ਕਿ ਅੰਤਰ ਆਤਮੇ ਉਸ ਨਾਲ ਲੱਗੇ ਰਹੀਏ, ਉਸ ਨਾਲ ਲੱਗੇ ਰਹਿਣ ਨੂੰ ਅਸੀਂ ਆਪਣੀ ਅੱਕ੍ਰੈ ਅਵਸਥਾ ਸਮਝੀਏ ਅਰਥਾਤ ਇਹ ਸਰੀਰਕ ਕ੍ਰਿਯਾ ਨਹੀਂ ਮਾਨਸਿਕ ਕ੍ਰਿਯਾ ਹੈ। ਬਾਹਰੋਂ ਅਸੀਂ ਬੀ ਅਕਾਲ ਪੁਰਖ ਦੀ ਚਲਾਈ ਰੌ ਵਿਚ ਕੰਮ ਕਰੀਏ। ਕੰਮ ਕਰੀਏ ਫਿਰ ਅਕ੍ਰੈ ਹੋਈਏ। ਜੋ ਕੁਛ ਕਰੀਏ ਉਹ ਉਸ ਦਾ ਹੁਕਮ ਸਮਝ ਕੇ ਕਰੀਏ। ਹੁਕਮ ਸਮਝ ਕੇ ਕੀਤਿਆਂ ਕਰਦੇ ਹੋਇਆਂ ਅਕ੍ਰੈ ਰਹੀਦਾ ਹੈ।

ਬਾਈ ਸੁਣ ਰਹੀ ਸੀ ਧ੍ਯਾਨ ਬੰਨ੍ਹ ਕੇ, ਪਰ ਏਥੇ ਕੁ ਆ ਕੇ ਇਕ ਹੋਰ ਸੱਜਣ ਨੇ ਪ੍ਰਸ਼ਨ ਕਰ ਦਿੱਤਾ ਕਿ ਫੇਰ ਜੀਵਨ-ਮੁਕਤੀ ਪ੍ਰਾਪਤ ਮਹਾਤਮਾ ਮੁੜ ਕੇ ਕਰਮ ਕਾਂਡ ਵਿਚ ਜਾ ਫਸੇ ?

ਸਾਹਿਬ ਬੋਲੇ :-

"ਕੇਵਲ ਕਰਮ ਭਰਮ ਸੇ ਚੀਨੋ ਧਰਮ ਕਰਮ ਅਨੁਰਾਗੋ।।" (ਦਸਮ ਗੁਰਬਾਣੀ)

ਜੋ ਕਰਮ ਕਿ ਕੇਵਲ ਕਰਮ ਮਾਤ੍ਰ ਹਨ, ਉਹ ਸਭ ਭਰਮ ਮਾਤ੍ਰ ਹਨ, ਪਰ ਜੋ ਕਰਮ 'ਧਰਮ ਦਾ ਕਰਮ' ਹੈ ਉਸ ਨੂੰ ਪਜਾਰ ਕਰੋ।

ਸਭ ਕਰਮ ਫੋਕਟ ਜਾਨ।। ਸਭ ਧਰਮ[1] ਨਿਹਫਲ ਮਾਨ।। ਬਿਨ ਏਕ ਨਾਮ ਅਧਾਰ।। ਸਭ ਕਰਮ ਭਰਮ ਵਿਚਾਰ।। (ਅ: ਉਸਤਤ ੨੦-੫੦)

ਸੁਣ ਭਾਈ !

ਬਿਨ ਭਗਤਿ ਸਕਤਿ ਨਹੀਂ ਪਰਤ ਪਾਨ।। ਬਹੁ ਕਰਮ ਹੋਮ ਅਰ ਜੱਗ ਦਾਨ।। ਬਿਨ ਏਕ ਨਾਮ ਇਕ ਚਿੱਤ ਲੀਨ।। ਫੋਕਟੋ ਸਰਬਧਰਮਾ ਬਿਹੀਨ।।

ਸਾਂਈਂ ਨਾਲ ਅੰਤਰ ਆਤਮੇ ਲਗੇ ਰਹਿਕੇ(ਭਗਤੀ ਤੇ ਗਯਾਨ ਅਰੂੜ ਹੋਕੇ) ਫੇਰ ਕਰਮ ਕਰਨੇ ਪਰ ਧਰਮ ਦੇ ਕਰਮ ਕਰਨੇ, ਸਾਡਾ ਮਤਾ ਇਹ ਹੈ। ਕੇਵਲ ਕਰਮ ਕਾਂਡ ਦੇ ਕਰਮ ਕਿਸੇ ਭਰਮ ਵੱਸ ਹੋ ਕੇ ਕਰਨੇ ਬਿਰਥਾ ਹਨ; ਸਾਂਈਂ ਤੋਂ ਟੁੱਟੇ ਰਹਿ ਕੇ ਕਰਮ ਕਰਨੇ ਬੀ ਕ੍ਰਿਯਾ ਮਾਤ੍ਰ ਹਨ। ਸਫਲਤਾ ਹੈ ਤਾਂ ਸੁਰਤ ਵਿਚ ਨਾਮ ਵੱਸਦਾ ਰਹੇ ਤੇ ਸਰੀਰ ਧਰਮ ਦੇ ਕਰਮਾਂ ਵਿਚ ਸਫਲਦਾ ਰਹੇ। ਕਰਮ ਹੋ ਜਾਏ ਧਰਮ; ਧਰਮ ਹੋ ਜਾਏ ਭਗਤੀ, ਭਗਤੀ ਹੋ ਜਾਏ ਗਯਾਨ, ਗਯਾਨ ਹੋ ਜਾਏ ਕਰਮਾ[2] ਵਿਚੋਂ ਸਫੁਟ ਦਿੱਸਣ ਵਾਲਾ ਚੰਦ੍ਰਮਾਂ।

ਸੁਘੜਬਾਈ-ਆਪਦੀ ਮਿਹਰ ਦਾ ਸਦਕਾ ਪੁਹਪ ਵਿਚ ਸੁਗੰਧੀ ਵਾਂਙ ਵੱਸ ਰਹੇ ਦੀ ਸੁਗੰਧਿ ਆ ਗਈ ਹੈ, ਉਸ ਵਿਚ ਲਗਿਆਂ ਰਹਿ ਕੇ ਧਰਮ ਦੇ ਕਰਮ ਕਰਨੇ ਹਨ। ਇਹ ਹੈ ਆਪ ਦੀ ਆਗਯਾ।

ਪਰ ਪਾਤਸ਼ਾਹ ! (ਲੰਮਾ ਸਾਹ ਲੈ ਕੇ) ਏਹ ਸੂਰਮਿਆਂ ਦਾ ਕੰਮ ਹੈ। ਅੰਤ੍ਰੀਵ ਰਸ ਵਿਚ ਰਸੀਏ ਹੋ ਕੇ ਏਕਾਂਤ ਨੂੰ ਜੀ ਲੋਚੇਗਾ, ਪਰਵਿਰਤੀ ਚਾਹੋ ਪਰਉਪਕਾਰ ਦੀ ਹੋਵੇਗੀ, ਸੁਰਤ ਨੂੰ ਵਿਖੇਪ ਦੇਵੇਗੀ ਥੋੜਾ ਚਾਹੋ ਬਹੁਤਾ, ਮਨ ਕੀਕੂੰ ਰਹੇਗਾ ਅੰਦਰ ਉਸ ਰੌ ਵਿਚ ਜਿਸ ਨੂੰ ਆਪ ਦੇ ਪਿਆਰੇ 'ਲਿਵ' ਕਹਿ ਕੇ ਦੱਸਦੇ ਹਨ ? ਕਿਵੇਂ ਰਹੇਗੀ, ਚਰਨ ਕਮਲ ਨਾਲ ਲਗੀ ਪ੍ਰੀਤ ਦੀ ਡੋਰੀ ?

ਸਾਹਿਬ ਜੀ-ਇਹੋ ਹੁਨਰ ਹੈ, ਇਹੋ ਕਾਰੀਗਰੀ ਹੈ, ਇਹੋ ਸੂਰਮਗਤੀ ਹੈ, ਇਹੋ ਵਰਯਾਮਤਾ ਹੈ। ਬਾਈ ! ਤੌਖਲਾ ਨਾ ਕਰ, ਤੂੰ ਉਸ ਪਰ ਅੱਪੜ ਗਈ ਹੈਂ ਜਿਥੇ ਤੇਰੇ ਧੁਰ ਅੰਦਰਲੇ ਨੇ ਉਹ ਰੌ ਫੜ ਲਿਆ ਹੈ ਜੋ ਲਿਵ ਕਹੀਦਾ ਹੈ। ਹੁਣ ਜੋ ਤੂੰ ਅੰਦਰ ਵਾਹਿਗੁਰੂ ਅਨੁਭਵ ਕੀਤਾ ਹੈ ਉਸ ਨੂੰ

1. ਉਨ੍ਹਾਂ ਧਰਮਾਂ ਤੋਂ ਮੁਰਾਦ ਹੈ ਜੋ ਨਾਮ ਵਿਹੂਣੇ ਹਨ। 2.ਜੀਵ ਦੇ ਅਮਲਾਂ ਵਿਚੋਂ, ਕਰਨੀ ਕਰਤੂਤ ਵਿਚੋਂ ਗਿਆਨ ਪਿਆ ਦਿੱਸੇ।

ਬਾਹਰ ਬੀ ਦੇਖ। ਐਵੇਂ ਮਨੋ ਕਲਪਿਤ ਕਿਸੇ ਖਿਆਲ ਮਾਤ੍ਰ ਵਿਚ ਨਾ ਪਰ ਅਮਲ ਵਿਚ-ਕਰਨੀ ਕ੍ਰਿਆ ਵਿਚ। ਜਗਤ ਦੁਖ ਵਿਚ ਹੈ। ਦੁਖ ਦੂਰ ਕਰਨ ਵਿਚ ਕੌਣ ਸਬਲ ਹੈ, ਪਰ ਇਸ ਵਿਚ ਜਿੰਨਾ ਬਲ ਹੋ ਸਕੇ ਲਾਉਣਾ ਹੈ। ਇਹ ਜ਼ੋਰ ਲਾਉਣਾ ਸ਼ੁੱਧ ਕਰਮ ਹੈ। ਕਰਮ ਕਰ ਧਰਮ ਨਾਲ ਜੋ ਸ਼ੁੱਧ ਹੋਣ। ਕਰਮ ਕਰ ਜਿਸ ਤੋਂ ਭਲਾ ਹੋਵੇ। ਕਰਮ ਕਰ ਐਸੇ ਸੁੱਚੇ ਕਿ ਜਿਨ੍ਹਾਂ ਨਾਲ ਅੰਧਕਾਰ ਨਾ ਪਵੇ ਮੁੜਕੇ। ਅਕ੍ਰੈ ਹੋ ਪਾਪ ਕਰਮਾਂ ਤੋਂ। ਅਕ੍ਰੈ ਹੋ, ਕਰਮ ਦੀ ਫਲ-ਵਾਸ਼ਨਾ ਤਿਆਗ ਕੇ। ਅਕ੍ਰੈ ਹੋ, ਲੈਣ ਦੀ ਵਾਸ਼ਨਾ ਛੱਡਕੇ, ਦੇਣ ਹੀ ਦੇਣ ਵਿਚ ਉਮਾਹ ਕੇ। ਕਰਮ ਵਿਚ ਭਰਮ ਨਾ ਵੜਨ ਦੇਹ, ਕਰਮ ਵਿਚ ਮੁਰਦਿਹਾਨ ਨਾ ਪੈਣ ਦੇਹ, ਕਰਮ ਵਿਚ ਅਧਰਮ ਨੂੰ ਨਾ ਆਉਣ ਦੇਹ। ਕਰਮ ਕਰ ਕਰਮ ਨੂੰ ਪਵਿਤ੍ਰ ਤੇ ਸਬਲ ਕਰਕੇ, ਕਰਮ ਕਰ ਕਰਮ ਨੂੰ ਭਗਤੀ ਬਣਾਕੇ; ਕਰਮ ਕਰ ਕਰਮ ਨੂੰ ਗਿਆਨ ਬਣਾਕੇ।

ਬਾਈ ਸੁਣ ਰਹੀ ਸੀ, ਧਿਆਨ ਗਠ ਰਿਹਾ ਸੀ ਸਮਝਣ ਵਿਚ। ਬਾਈ ਪਿਛਲੇ ਬਾਰਾਂ ਪੰਦਰਾਂ ਖਰਸ ਜਗਤ ਦੇ ਪਰਤਾਵਿਆਂ ਤੇ ਤਜਰਬਿਆਂ ਵਿਚੋਂ ਲੰਘ ਚੁਕੀ ਸੀ। ਉਮ ਦੇ ਹੱਡੀਂ ਵਾਪਰ ਚੁਕਾ ਸੀ ਜੋ ਕੁਛ ਕਿ ਨਾ-ਤਜਰਬੇ ਵਾਲੇ ਸੁਣਕੇ ਕੇਵਲ ਵਿਚਾਰ ਮੰਡਲ ਵਿਚ, ਸੰਭਾਵਨਾ ਮਾਤ੍ਰ ਵਿਚ, ਤੱਕ ਸਕਦੇ ਹਨ। ਉਸ ਨੂੰ ਸਪਸ਼ਟ ਸਮਝ ਪੈਂਦੀ ਸੀ ਕਿ ਦਾਤਾ ਕਿਸ ਕਿਮ ਟਿਕਾਣੇ ਵਦਾਣ ਦੀਆਂ ਚੋਟਾਂ ਦੇ ਰਿਹਾ ਹੈ। ਜਦੋਂ ਦਾਤਾ ਜੀ ਚੁਪ ਹੋ ਗਏ ਤਾਂ ਹੱਥ ਬੰਨ੍ਹ ਕੇ ਬੋਲੀ; ਨਾ ਸਰੀਰ ਦੇ ਰਸ ਨਿਭਦੇ ਹਨ ਸਦਾ ਤੇ ਨਾ ਕਾਲ ਉਹਨਾਂ ਨੂੰ ਲੰਮੇਰੀ ਰੱਸੀ ਦੇਂਦਾ ਹੈ। ਮਾਨਸਕ ਰਸ ਪਠਨ ਪਾਠਨ, ਵੀਚਾਰਨ ਤੇ ਉਮਾਹਨ ਦੇ-ਬੀ ਕਾਲ ਵਿਚ ਹੀ ਆਉਂਦੇ ਤੇ ਜਾਂਦੇ ਹਨ। ਆਤਮੀਂ ਰਸ ਜਦ ਆਇਆ ਤਾਂ ਕਾਲ ਡਰਿਆ ਕਿ ਹੁਣ ਇਹ ਗਿਆ ਮੇਰੇ ਵਸੀਕਾਰ ਤੋਂ। ਪਰ ਸਰੀਰ ਕਾਲ ਵਿਚ ਵਸਦਾ ਹੈ। ਕਾਲ ਛਿਨ ਛਿਨ ਕਰਕੇ ਟੁਰਦਾ ਹੈ। ਤੁਸਾਂ ਛਿਨ ਛਿਨ ਉਤੇ ਨਾਮ ਦੀ ਕਾਠੀ ਪੁਆ ਦਿੱਤੀ ਹੈ ਕਿ ਕਾਲ ਫੇਰ ਵਿਸਿਮਰਣ ਵਿਚ ਨਾ ਪਾ ਦੇਵੇ ਚਿੱਤ ਨੂੰ। ਚੇਤੇ ਵਿਚ ਰਹੇ ਉਹ ਜੋ ਚਿਤਾਰਿਆ ਸੀ ਤੇ ਚਿਰਕਾਲ ਜਿਸਦੀ ਅਨੁਭਵ ਟੁੱਭੀ ਮਿਲੀ ਸੀ, ਕਿਸੇ ਉਸ ਛਿਨ ਵਿਚ ਕਿ ਜਦੋਂ ਕਾਲ ਦੀ ਤਾਰ ਤੋੜਕੇ ਆਪਾ ਅਨੰਤ ਦੀ ਟੁੱਭੀ ਲਾ ਆਯਾ ਸੀ। ਹੈਂ ਜੀਓ ਜੀ, ਜੀਓ।

ਸਤਿਗੁਰ ਹੱਸੇ ਤੇ ਗੱਜਕੇ ਬੋਲੇ :-

ਏਕ ਚਿਤ ਜਿਹਿ ਇਕ ਛਿਨ ਧਿਆਇਓ।।
ਕਾਲ ਫਾਸ ਕੇ ਬੀਚ ਨ ਆਇਓ।।

ਬੀਬੀ-ਆਪ ਦਾ ਆਸ਼ਾ ਇਹ ਹੈ ਕਿ ਹਰ ਛਿਨ ਵਿਚ ਸਿਮਰਨ ਕਰਦਿਆਂ ਕਦੇ ਉਹ ਛਿਨ ਆ ਜਾਂਦੀ ਹੈ ਜੋ ਕਾਲ ਫਾਸ ਨੂੰ ਕੱਟ ਜਾਂਦੀ ਹੈ। ਹੁੰਦੀ ਤਾਂ ਉਹ ਬੀ ਛਿਨ ਹੀ ਹੈ, ਪਰ ਕਾਲ ਦੀ ਤਾਰ ਤੋਂ ਉਪਰ ਨਿਕਲ ਜਾਣ ਕਰਕੇ ਅਨੰਤ ਹੋ ਜਾਂਦੀ ਹੈ। ਸੋ ਉਹ ਛਿਨ ਜੋ ਅਛਿਨ ਹੈ, ਸਾਡੀ ਉਸ ਅਛਿਨ-ਛਿਨ ਨੂੰ ਅਨੰਤਤਾ ਦੇ ਗਈ ਹੈ। ਹੁਣ ਅਸੀਂ ਕਾਲ-ਪ੍ਰਵਾਹ ਵਿਚ ਹੋਣ ਕਰਕੇ ਜੋ ਸਿਮਰਨ ਕਰ ਰਹੇ ਹਾਂ ਉਸ ਅਨੰਤ ਯਾਦ ਤੇ ਲਿਵ ਵਿਚ ਜੀ ਰਹੇ ਹਾਂ। ਅਸੀਂ ਉਸ ਅਨੰਤ ਦੇਸ਼ ਦੇ ਮੇਲ ਵਿਚ ਹਾਂ। ਇਉਂ ਹੋਕੇ ਇਉਂ ਰਹਿਕੇ ਸਰੀਰ ਨੂੰ ਮਫਲ ਕਰਨਾ ਹੈ ਕਰਮ ਵਿਚ। ਅਸਾਂ ਜੜ੍ਹਤਾ ਵਲ ਨਹੀਂ ਜਾਣਾ, ਪਰ ਕਰਮ ਵਿਚ ਸਬਲਤਾ ਤੇ ਨਿਰਲੇਪਤਾ ਪ੍ਰਾਪਤ ਕਰਨੀ ਹੈ ਤੇ ਕਰਮ ਕਰਨਾ ਹੈ ਧਰਮ ਦਾ...ਸ਼ੁਕਰ ਹੈ ਦਾਤਾ ! ਜੋ ਤੂੰ ਮੈਨੂੰ ਧਰਮ ਵਿਚ ਰਖਿਆ...; ਹਾਂ ਜੀਓ, ਧੰਨ ਤੁਸੀਂ ਹੋ ! ਤੁਸੀਂ ਹੀ ਹੋ ਤੁਸੀਂ ! ਕੌਣ ਹੈ ਤੁਸਾਂ ਤੁੱਲ! ਇਕੋ ਹੋ ਤੁਸੀਂ ਜਲੇ ਥਲੇ, ਗਗਨੇ। ਇਕੋ ਹੋ ਤੁਸੀਂ ਮਨੁੱਖ ਦੇਵਤਾ ਅਵਤਾਰਾਂ ਵਿਚ ਸ਼ਿਰੋਮਣੀ, ਜੀਓ ਇਕੋ...। ਇਉਂ ਕਹਿੰਦੀ ਬਾਈ ਚੁੱਪ ਹੋ ਗਈ, ਪਰ ਗਰਜਵੀਂ ਸੱਦ ਉਠੀ ਸਾਹਿਬਾਂ ਦੀ :-

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋਸੇ
ਗਰੀਬ ਕਰੋਰ ਪਰੇ॥ (ਪਾਂ: ੧੦)

ਬਾਈ ਕੰਬੀ, ਥਰ ਥਰ ਕੰਬੀ, ਕਰੋਰ ? ਹੈਂ ਇਕ ਤੇ ਕਰੋਰਾਂ ? ਪਰ ਸਾਹਿਬ ਸੱਚਾ ਹੈ, ਸੱਚ ਕਹਿੰਦਾ ਹੈ। ਹਾਂ ਮੇਰੀ ਨਿਹਚੇ ਕੀਤੀ ਗਲ ਬੀ ਸੱਚੀ ਹੈ ਕਿਉਂਕਿ ਸਾਹਿਬਾਂ ਦਾ ਸੱਦ ਹੀ ਤਾਂ ਮੇਰੇ ਮਨ ਤੇ ਪਿਆ ਹੈ ਕਿ ਜਿਸ ਨੇ ਮੈਨੂੰ ਸਾਹਿਬਾਂ ਵਰਗਾ ਇਕੋ ਉਹਨਾਂ ਨੂੰ ਹੀ ਕਰਕੇ ਦਰਸਾਇਆ ਹੈ। ਸੋ ਦੋਇ ਸੱਚ ਕੀਕੂੰ ਸੱਚ ਹਨ, ਇਕ ਬੀ ਤੇ ਕ੍ਰੋਰ ਖੀ ? ਇਸ ਵੇਲੇ ਬਾਈ ਨੂੰ ਫਿਰ ਚਮਤਕਾਰ ਵੱਜਾ ਅੰਦਰ, ਉਮਾਹ ਉਠਿਆ, ਆਪਾ ਰੋਕੇ, ਪਰ ਰੁਕੇ ਨਾ। ਸਾਹਿਬਾਂ ਦੇ ਚਰਨਾਂ ਵਲ ਤੱਕੀ; ਇਧਰ ਉਧਰ ਤੱਕੀ, ਹੁਣ ਸੰਗਤ ਕੁਛ ਹੋਰ

ਬੀ ਜੁੜ ਗਈ ਸੀ, ਫਿਰ ਸਾਹਿਬਾਂ ਦੇ ਚਰਨਾਂ ਤੇ ਧਿਆਨ ਬੰਨ੍ਹਕੇ ਖਾਈ ਬੋਲ ਪਈ, ਚੰਗੀ ਸੁਹਣੀ ਭਰਵੀਂ ਆਵਾਜ਼ ਵਿਚ; ਹਾਂ ਪਾਤਸ਼ਾਹ ! ਤੂੰ ਕ੍ਰੋੜ, ਕ੍ਰੋੜਾਂ ਹੀ ਕ੍ਰੋੜ। ਤੂੰ ਗਗਨਾਂ ਵਿਚ ਇਕ ਚੰਦ੍ਰਮਾਂ ਕ੍ਰੋੜਾਂ ਜਲ ਭਰੇ ਘੜੇ ਪਏ ਹਨ ਪ੍ਰਿਥਵੀ ਉੱਤੇ ਤੂੰ ਹਰ ਘੜੇ ਵਿਚ ਹੈਂ। ਹਾਂ ਤੂੰ ਕ੍ਰੋੜਾਂ ਘੜਿਆਂ ਵਿਚ ਤੇਰੇ ਵਰਗੇ ਕ੍ਰੋੜਾਂ ਦਿੱਸ ਪਏ। ਦਿੱਸ ਪਏ ਸਾਨੂੰ ਬੀ, ਪਰ ਦਾਤਾ ਤੇਰੇ ਜੇਹਾ ਤੂੰ ਗਗਨਾਂ ਵਿਚ ਇਕੋ ਤੂੰ। ਤੇਰੇ ਜੇਹਾ ਇਕੋ ਇਕ ਤੂੰ। ਸਾਰੇ ਸਿਖਾਂ ਵਿਚ ਤੂੰ, ਕ੍ਰੋੜਾਂ ਵਿਚ ਤੂੰ, ਸਾਰੇ ਤੇਰੇ ਵਰਗੇ, ਪਰ ਤੂੰ ਇਕੋ, ਦਾਤਾ ! ਇਕੋ ਤੂੰ, ਇਕੋ, ਦਾਤਾ ਇਕੋ ਤੂੰ !

ਕਲਗੀਆਂ ਵਾਲੇ ਨਜ਼ਰ ਤਕਾਈ,
ਮਿੱਠੀ ਝਾਤ ਅਸਾਂ ਵਲ ਪਾਈ
ਲਾਟ ਲਗਾਈ, ਜੋਤਿ ਜਗਾਈ,
ਆ ਵਸਿਆ ਵਿਚ ਤੂੰ, ਸਾਡੇ ਅੰਦਰ ਤੂੰ,
ਇੱਕੋ ਦਾਤਾ ਤੂੰ॥ ੧॥

ਆਪਾ ਸਾਡੇ ਵਿਚ ਵਸਾਵੇਂ,
ਆਪੇ ਫਿਰ ਤੂੰ ਝਾਤੀ ਪਾਵੇਂ,
ਆਪੇ ਦੇਖੇਂ ਤੇ ਬਿਗਸਾਵੇਂ,
ਸਾਨੂੰ ਆਖੇਂ 'ਤੂੰ' ਪਰ ਤੂੰ ਆਪੇ ਤੂੰ,
ਇੱਕੋ ਦਾਤਾ ਤੂੰ॥ ੨॥

ਤੇਰੇ ਜੇਡਾ ਹੋਰ ਨ ਕੋਈ,
ਫੋਲ ਡਿਠੀ ਮੈਂ ਸਾਰੀ ਲੋਈ,
ਪਾੜ ਕਲੇਜਾ ਤਾਂ ਮੈਂ ਰੋਈ।
ਸਭ ਤੋਂ ਵਡਾ ਤੂੰ, ਤੇਰੇ ਜਿੱਡਾ ਤੂੰ,
ਇੱਕੋ ਦਾਤਾ ਤੂੰ॥ ੩॥

ਤੂੰ ਸਾਹਿਬ ਮੈਂ ਬਾਂਦੀ ਤੇਰੀ
ਘੁਲ ਮਿਲ ਜਾਵੇ 'ਮੈਂ' ਏ ਮੇਰੀ
ਚਰਨ ਸ਼ਰਨ ਵਿਚ ਹੋ ਜਾਏ ਢੇਰੀ,
ਇਕੋ ਹੋਵੇਂ ਤੂੰ, ਤੂਹੀਓਂ ਦਾਤਾ ਤੂੰ,
ਇੱਕੋ ਦਾਤਾ ਤੂੰ॥ ੪॥

## ਇਤਿਹਾਸਿਕ ਪਹਿਲੂ

ਗੁਰ ਸਿਖਾਂ ਦੇ ਸਾਰੇ ਪ੍ਰਸੰਗ ਲਿਖਤਾਂ ਵਿਚ ਨਹੀਂ ਆਏ। ਕਈ ਕਥਾ ਵਾਰਤਾ ਵਿਚ ਜ਼ੁਬਾਨੀ ਚਲੇ ਆਏ ਹਨ। ਕਈ, ਜਿਨ੍ਹੀਂ ਥਾਈਂ ਹੋਏ ਉਹਨਾਂ ਸਥਾਨਾਂ ਤੋਂ ਮਿਲਦੇ ਹਨ। ਇਹ ਪ੍ਰਸੰਗ ਬੀ ਕਥਾ ਵਾਰਤਾ ਵਿਚ ਸਾਹਿਬਾਂ ਦੇ ਸਮੇਂ ਤੋਂ ਚਲਾ ਆਇਆ ਹੈ। ਖਾਸ ਕਰਕੇ ਲਹਿੰਦੇ ਪਜਾਬ ਵਲ। ਹੁਣ ਕੁਛ ਸਮੇਂ ਤੋਂ ਘਟ ਗਿਆ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਕ ਵੈਰਾਗਵਾਨ ਬੈਰਾਗੀ ਸਾਧੂ ਆਏ ਸਨ, ਇਨ੍ਹਾਂ ਦਾ ਨਾਮ ਸੀ ਸ੍ਰੀ ਗੋਪਾਲ ਜੀ। ਵੈਰਾਗਵਾਨ ਹੋ ਕੇ ਘਰ ਬਾਹਰ ਤਿਆਗਕੇ ਭੇਖ ਲੈ ਕੇ ਇਹ ਤੀਰਥ ਯਾਤ੍ਰਾ ਨੂੰ ਨਿਕਲੇ। ਫਿਰਦੇ ਫਿਰਦੇ ਇਹ ਹਰੀ ਦੁਆਰ ਵਾਲੇ ਪਾਸੇ ਆ ਨਿਕਲੇ। ਉਥੇ ਇਨ੍ਹਾਂ ਦੇ ਕੰਨੀਂ ਆਵਾਜ਼ ਪਈ ਕਿ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਅਜ ਕਲ ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਤੇ ਉਹ ਉਹੋ ਸਰੂਪ ਹਨ। ਸ੍ਰੀ ਗੋਪਾਲ ਜੀ ਨੂੰ ਚੌਂਪ ਲੱਗੀ ਕਿ ਚਲੋ ਉਹਨਾਂ ਦਾ ਦਰਸ਼ਨ ਕਰੀਏ, ਜਿਨ੍ਹਾਂ ਕਲਿਯੁਗ ਦੇ ਅੰਧਕਾਰ ਦੇ ਸਮੇਂ ਰੱਬ ਦੀ ਨੂਰੀ ਸ਼ਮਾਂ ਜਗਾਈ ਹੈ। ਇਹ ਵੀਚਾਰ ਕੇ ਗੋਪਾਲ ਜੀ ਆਨੰਦ ਪੁਰ ਆਏ। ਅੱਗੇ ਆਕੇ ਸਾਰਾ ਠਾਠ ਬਾਠ ਰਾਜਸੀ ਦੇਖਕੇ ਘਬਰਾ ਗਏ ਕਿ ਏਥੇ ਕੀਕੂੰ ਹੋ ਸਕਦਾ ਹੈ ਭਗਵੰਤ ਦਾ ਨਿਵਾਸ ਕਿ ਜਿਥੇ ਹੋ ਰਿਹਾ ਹੈ ਮਾਇਆ ਦਾ ਐਤਨਾ ਵਿਗਾਸ ਤੇ ਬੀਰ ਰਸੀ ਠਾਠ। ਇਹ ਵੀਚਾਰ ਕੇ ਮੁੜ ਚੱਲੇ ਤਾਂ ਸੋਚ ਫੁਰੀ ਕਿ ਐਤਨੀ ਦੂਰ ਆ ਕੇ ਦਰਸ਼ਨ ਕੀਤੇ ਬਗੈਰ ਮੁੜ ਜਾਣਾ ਇਹ ਕੀ ਦਾਨਾਈ ਹੈ। ਮੁੜਨਾ ਹੈ ਤਾਂ ਦਰਸ਼ਨ ਤਾਂ ਕਰ ਚੱਲੋ। ਸੋ ਆਪ ਦਰਸ਼ਨਾਂ ਲਈ ਗਏ। ਸਾਹਿਬ ਓਸ ਵੇਲੇ ਕਿਸੇ ਪਾਸੇ ਦੀ ਚੜ੍ਹਾਈ ਦੇ ਉੱਦਮ ਵਿਚ ਲਗ ਰਹੇ ਸਨ। ਗੋਪਾਲ ਜੀ ਨੇ ਸੋਚਿਆ ਕਿ ਜੇ ਕਦੇ ਸਾਹਿਬ ਜੀ ਮੈਨੂੰ ਆਪ ਵਾਜ ਮਾਰ ਲੈਣ ਤੇ ਸੱਜੀ ਬਾਂਹ ਤੋਂ ਫੜ ਲੈਣ ਤਾਂ ਮੈਂ ਸਮਝ ਲਵਾਂਗਾ ਕਿ ਇਹ ਅਵਤਾਰ ਹਨ, ਇਹ ਮਾਯਾਧਾਰੀ ਜੋਧਾ ਨਹੀਂ ਹਨ ਤੇ ਮੇਰੀ ਕਲਯਾਨ ਬੀ ਇਹੋ ਕਰਨਗੇ। ਸੋ ਜਦ ਭੀੜ ਭੜੱਕੇ ਵਿਚੋਂ ਲੰਘ ਕੇ ਸਾਹਿਬਾਂ ਦੇ ਸਾਹਮਣੇ ਗਿਆ ਤਾਂ ਉਹਨਾਂ ਦੀ ਨਜ਼ਰ ਪਈ ਇਸ ਉਤੇ। ਆਪ ਤੱਕੇ ਘੂਰ ਕੇ ਤੇ ਤੱਕਦੇ ਰਹੇ। ਫੇਰ ਬੋਲੇ : 'ਓ ਬੈਰਾਗੜੇ ! ਆ ਗਿਆ ਹੈਂ, ਘੁੰਮ ਘੁੰਮ ਕੇ, ਭਰਮ ਭਰਮ ਕੇ ? ਆਓ ਸੱਜੀ ਬਾਂਹ ਪਕੜਾ ਦਿਓ।' ਜਾਂ ਗੋਪਾਲ ਜੀ ਅੱਗੇ ਹੋਏ ਤੇ ਪਰਕਰਮਾਂ ਕਰਕੇ ਮੱਥਾ ਟੇਕਿਆ ਤਾਂ ਸਾਹਿਬਾਂ ਸੱਜੀ ਬਾਂਹ ਤੋਂ ਪਕੜਕੇ ਨੱਪਿਆ ਤਾਂ ਬਾਵਾ ਜੀ ਦੇ ਸਰੀਰ ਵਿਚ

ਝਰਨ ਝਰਨ ਹੋਈ, ਲੂੰ ਕੰਡੇ ਹੋ ਗਏ ਤੇ ਚਿੱਤ ਕਿਸੇ ਵਿਸਮਾਦ ਰੰਗ ਵਿਚ ਜਾ ਕੇ ਗੁੰਮ ਹੋ ਗਿਆ। ਸੁਧ ਆਈ ਤਾਂ ਸੁਖ ਵਿਚ ਡੁਬ ਰਹੇ ਸਨ ਤੇ ਮੂੰਹ ਤੋਂ 'ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਘ ਸਿੰਘ', ਵਾਰ ਵਾਰ ਨਿਕਲ ਰਿਹਾ ਸੀ, ਫੇਰ ਉਸੇ ਰੌ ਵਿਚ ਵਾਕ ਮੂੰਹੋਂ ਨਿਕਲਿਆ: ਕੋਈ ਗੁਰੂ ਤੁਲਹਾ, ਕੋਈ ਗੁਰੂ ਬੇੜੀ, ਕੋਈ ਗੁਰੂ ਜਹਾਜ, ਹਮਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਸਿੰਧੂ ਤਾਰਨੇ ਕੇ ਪੁਲ ਹੈਂ[1]। ਫੇਰ ਸਤਿਗੁਰਾਂ ਨੇ ਬੈਰਾਗੀ ਦੇ ਮੋਢੇ ਤੇ ਰਾਮ ਜੰਗਾ ਧਰਵਾ ਦਿੱਤਾ। ਸੰਤ ਗੋਪਾਲ ਜੀ ਦੱਸਦੇ ਹੁੰਦੇ ਸਨ ਕਿ ਰਾਮ ਜੰਗੇ ਦੇ ਧਰਦੇ ਸਾਰ ਮੈਨੂੰ ਮਾਯਾ ਪਟਲ ਟੁਟਦਾ ਤੇ ਆਤਮਾ ਰੂਪ ਦਿੱਸ ਪਿਆ। ਸੋ ਸੰਤ ਨੂੰ ਗੁਰੂ ਜੀ ਜੰਗ ਵਿਚ ਨਾਲ ਲੈ ਟੁਰੇ, ਜੁੱਧ ਜਿੱਤ ਕੇ ਵਾਪਸ ਆਏ ਤਾਂ ਇਹ ਬਾਵਾ ਜੀ ਕਿਤਨਾ ਕਾਲ ਆਨੰਦ ਪੁਰ ਰਹੇ ਤੇ ਸਤਿਸੰਗ ਲਾਭ ਲੈ ਕੇ ਪੂਰਨ ਪਦ ਨੂੰ ਅੱਪੜੇ। ਫੇਰ ਹੁਕਮ ਹੋਇਆ ਕਿ ਪੱਛੋਂ ਦੇ ਦੇਸ਼ ਵਲ ਜਾ ਕੇ ਸਿੱਖੀ ਦਾ ਪ੍ਰਚਾਰ ਕਰੋ। ਤਦੋਂ ਆਪ ਲਹਿੰਦੇ ਵਿਚ ਕੋਟ ਈਸੇ ਆ ਰਹੇ ਤੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਆਪਣੇ ਪ੍ਰਚਾਰ ਵਿਚ ਸ੍ਰੀ ਗੋਪਾਲ ਜੀ ਸਾਹਿਬਾਂ ਦੇ ਦੁਆਰੇ ਵਰਤੀਆਂ ਸਾਖੀਆਂ ਤੇ ਆਪਣੀ ਅੱਖੀਂ ਡਿੱਠੇ ਪ੍ਰਸੰਗ ਸੁਣਾਇਆ ਕਰਦੇ ਸਨ। ਇਹ ਪ੍ਰਸੰਗ ਸੁਘੜ ਬਾਈ ਦਾ ਉਹਨਾਂ ਵਿਚੋਂ ਇਕ ਹੈ। ਇਉਂ ਇਹ ਪ੍ਰਸੰਗ ਬਾਵਾ ਜੀ ਦਾ ਅੱਖੀਂ ਡਿੱਠਾ ਪ੍ਰਸੰਗ ਹੈ।

ਲਿਖਤੀ ਪਾਸੇ ਵਲ ਟੋਲ ਕਰੀਏ ਤਾਂ ਇਹ ਪ੍ਰਸੰਗ ਸ੍ਰੀ ਮਾਨ ਸੰਤ ਸ਼ਾਮ ਸਿੰਘ ਜੀ ਕ੍ਰਿਤ 'ਭਗਤਿ ਪ੍ਰੇਮ ਪ੍ਰਕਾਸ਼' ਵਿਚ ਲਿਖਿਆ ਹੈ। ਆਪ ਨੇ ਗੁਰਮੁਖ ਸੰਤ ਭਾਈ ਰਾਮ ਸਿੰਘ ਜੀ ਤੋਂ ਸੁਣਿਆ ਸੀ। ਉਨ੍ਹਾਂ ਨੇ ਪ੍ਰਸਿਧ ਅੱਡਣਸ਼ਾਹੀ ਸੰਤ ਭਾਈ ਸਹਾਈ ਸਿੰਘ ਜੀ ਤੋਂ ਸ੍ਰਵਣ ਕੀਤਾ ਸੀ ਤੇ ਆਪ ਜੀ ਨੇ ਇਹ ਪ੍ਰਸੰਗ ਭਾਈ ਗੁਪਾਲ ਜੀ ਦੀ ਰਸਨਾ ਤੋਂ ਆਪ ਸੁਣਿਆ ਸੀ।

ਸੁਘੜ ਬਾਈ ਜੀ ਆਨੰਦ ਪੁਰ ਆਏ ਪੂਰਨ ਬ੍ਰਹਮ ਗਯਾਨੀ ਹੋ ਗਏ ਸੇ, ਤੇ ਆਪ ਚੰਗੇ ਕਵੀ ਬੀ ਸੇ। ਆਪ ਦੀ ਰਚਨਾ ਚੋਖੀ ਹੈ ਸੀ, ਹੇਠਾਂ ਨਮੂਨੇ ਮਾਤ੍ਰ ਇਕ ਛੰਦ ਬ੍ਰਿਜਭਾਸ਼ਾ ਦਾ ਦੇਂਦੇ ਹਾਂ :-

ਨਿਸ ਦਿਨ ਸੁਮਤਿ ਖੇਲਹਿਗੀ ਹੋਰੀ। ਭਰਮ ਅੰਬੀਰ ਉਡਾਇ ਦੀਓ ਹੈ ਦ੍ਵੈਤ ਨ ਭਾਸੇ ਭੋਰੀ। ਗਿਆਨ ਗੁਲਾਬ ਅਤਰ ਗਠ ਖੋਲੀ ਬੋਧ ਭੂਲ ਭਰ ਝੋਲੀ। ਸਮਤਾ ਬਿਬੇਕ ਬਸਿਓ ਰਿਦ ਭੀਤਰ ਪੁਨ ਤ੍ਰਿਕੁਟੀ ਭਈ ਘੋਰੀ। ਸੁਘੜੇ ਬਾਈ ਅਚਲ ਬ੍ਰਿਤ ਪਾਈ ਆਧ ਬਿਆਧ ਗਈ ਛੋਰੀ।

ਜੋ ਇਧਰ ਪੋਠੋਹਾਰ ਵਿਚ ਤੇ ਓਧਰ ਆਨੰਦ ਪੁਰ ਦੇ ਇਲਾਕੇ ਵਿਚ ਖੋਜ ਹੋਵੇ ਤਾਂ ਅਚਰਜ ਨਹੀਂ ਕਿ ਆਪ ਦੀ ਪੰਜਾਬੀ ਤੇ ਹਿੰਦੀ ਕਵਿਤਾ ਦਾ ਸੰਗ੍ਰਹ ਯਾ ਕੋਈ ਹਿੱਸਾ ਹੱਥ ਆ ਜਾਵੇ ਯਾ ਆਪ ਦੇ ਹੋਰ ਹਾਲ ਬੀ ਮਿਲ ਸਕਣ।[2]

## ੪੫. ਕਾਜ਼ੀ ਸਲਾਰ ਦੀਨ[3]।

੧.

**ਅੰਮ੍ਰਿਤ ਵੇਲਾ**, ਆਸਮਾਨ ਤੇ ਤਾਰੇ ਛਟਕ ਰਹੇ ਹਨ, ਪੂਰੇ ਵੱਲ ਸ਼ੁਕ੍ਰ ਦਾ ਚਾਨਣਾ ਲਾਸਾਂ ਮਾਰ ਰਿਹਾ ਹੈ, ਨਿੱਕੀ ਨਿੱਕੀ ਪੌਣ ਰੁਮਕ ਰਹੀ ਹੈ, ਇਕ ਦੁਹਰਟਾ ਖੂਹ ਵਗਦਾ ਘੂੰ ਘੂੰ ਕਰ ਰਿਹਾ ਹੈ। ਹਾਂ ਘੂੰ ਘੂੰ ਨਹੀਂ, ਪਰ ਤੂੰ ਤੂੰ ਕਰ ਰਿਹਾ ਹੈ।[4] ਇਕ ਗਾਧੀ ਉਤੇ ਤਾਂ ਬਾਰਾਂ ਕੁ ਵਰ੍ਹਿਆਂ ਦਾ ਮੁੰਡਾ ਹੈ ਜੋ ਗਾਧੀ ਤੇ ਬੈਠਾ ਮਿੱਠੀ ਮਿੱਠੀ ਨੀਂਦਰੇ ਸੌਂ ਗਿਆ ਹੈ, ਪਰ ਦੂਸਰੀ ਤੇ ਇਕ ਜੁਆਨ, ਸੁਡੌਲ ਤੇ ਵਿਚਲੇ ਮੇਲ ਦੀ ਡੀਲ ਦਾ ਗਭਰੂ ਹੈ, ਹੱਥ ਤਾਂ ਕਿਸੇ ਕਿਸੇ ਵੇਲੇ ਬੋਲਦਾਂ ਨੂੰ ਰਤਾ ਕੁ ਜਣਾ ਛੱਡਦੇ ਹਨ ਕਿ ਗਾਧੀ ਤੇ ਕੋਈ ਹੱਕਣ ਵਾਲਾ ਬੈਠਾ ਹੈ, ਪਰ ਰਸਨਾ, ਪਿਆਰੀ ਰਸਨਾ, ਪਾਠ ਕਰ ਰਹੀ ਤੇ ਦਿਲ ਇਸ ਪਾਠ ਦੀ ਧੁਨਿ ਮਗਰ ਇਸ ਦੇ ਭਾਵ ਵਿਚ ਲੱਗ ਰਿਹਾ ਹੈ ਕਿ ਅਚਾਨਕ ਪਾਠੀ ਗਾਉਣ ਲੱਗ ਪਿਆ,

---

1. ਭਗਤਿ ਪ੍ਰੇਮ ਪ੍ਰਕਾਸ਼। 2. ਸੁਘੜ ਬਾਈ ਦਾ ਇਹ ਪ੍ਰਸੰਗ ਤੇ ਅਗੇ ਆਉਣ ਵਾਲਾ ਪ੍ਰਸੰਗ 'ਕ੍ਰੀਮ ਖਾਂ ਉਧਾਰ' (ਪੰਨਾ-੪੫੫) ਤੇ ਉਸ ਵਿਚ ਆਯਾ ਬਾਜਰੇ ਦੀ ਰੋਟੀ ਦਾ ਪ੍ਰਸੰਗ ਬੀ ਸੰਤ ਭਾਈ ਗੁਪਾਲ ਜੀ ਦੇ ਅੱਖੀਂ ਡਿੱਠੇ ਪ੍ਰਸੰਗਾਂ ਵਿਚੋਂ ਹੈ।

3. ਇਹ ਪ੍ਰਸੰਗ ਗੁਰਪੁਰਬ ਸਪਤਮੀ ਸੰ: ਗੁ: ਨਾ: ਸਾਂ: ੪੬੦(੧੭ ਜਨਵਰੀ ੧੯੨੯) ਵੀਰਵਾਰ ਮਾਘ ਦੀ ੫ ਖਾਲਸਾ ਸਮਾਚਾਰ ਦੇ ਮੁੱਖ ਲੇਖ ਦੀ ਸ਼ਕਲ ਵਿਚ ਪ੍ਰਕਾਸ਼ਿਆ ਸੀ। 4. ਹਰਹਟ ਬੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥ (ਮ: ਵਾ: ਤੇ ਵ: ਮ: ੩)

ਐਉਂ ਮਾਨੋਂ ਖੂਹ ਦੀ ਸੁਤੇ ਛਿੜ ਰਹੀ ਸੁਰ ਨੂੰ ਖਰਜ ਰਖ ਕੇ ਗਾਉਂ ਰਿਹਾ ਹੈ :-

ਜਾਚਕੁ ਜਨੁ ਜਾਚੈ ਪ੍ਰਭ ਦਾਨੁ॥ ਕਰਿ ਕਿਰਪਾ ਦੇਵਹੁ ਹਰਿ ਨਾਮੁ॥ ਸਾਧ ਜਨਾ ਕੀ ਮਾਗਉ ਧੂਰਿ॥ ਪਾਰਬ੍ਰਹਮ ਮੇਰੀ ਸਰਧਾ ਪੂਰਿ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥ ਚਰਨ ਕਮਲ ਸਿਉ ਲਾਗੈ ਪ੍ਰੀਤਿ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥ ਏਕ ਓਟ ਏਕੋ ਆਧਾਰੁ॥ ਨਾਨਕੁ ਮਾਂਗੈ ਨਾਮੁ ਪ੍ਰਭ ਸਾਰੁ॥ ੧॥ (ਗਉ:ਸੁਖ:ਮ:੫-੨੦)

ਇਹ ਸੁਰੀਲੀ ਸੰਗੀਤਕ ਸੁਰ ਹੁਣ ਬਦਲ ਗਈ ਤੇ ਮੱਠੇ ਮੱਠੇ ਪਿਆਰੇ ਰਹਾ ਨਾਲ ਪਾਠ ਹੋਣ ਲੱਗ ਪਿਆ, ਜਿਸ ਵਿਚ ਕਿ ਸਾਰਾ ਪਾਠ ਹੁੰਦਾ ਆਇਆ ਸੀ। ਇਹ ਰਹਾ ਬੀ ਬੜਾ ਟਿਕਵਾਂ, ਹਰਟ ਦੀ ਸੁਰ ਨਾਲ ਮਿਲਦਾ ਬੜਾ ਸੁਆਦਲਾ ਸੀ ਤੇ ਸੁਣਦਿਆਂ ਦਿਲ ਨੂੰ ਟਿਕਾਉਂਦਾ ਤੇ ਸੁਆਦ ਵਸ ਕਰਦਾ ਜਾਂਦਾ ਸੀ। ਹਾਂ :-

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ॥ ਹਰਿ ਰਸੁ ਪਾਵੈ ਬਿਰਲਾ ਕੋਇ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ ਪੂਰਨ ਪੁਰਖ ਨਹੀ ਡੋਲਾਨੇ॥ ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥ ਪਰੇ ਸਰਨਿ ਆਨ ਸਭ ਤਿਆਗਿ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥ ਬਡਭਾਗੀ ਜਪਿਆ ਪ੍ਰਭੁ ਸੋਇ॥ ਨਾਨਕ ਨਾਮਿ ਰਤੇ ਸੁਖੁ ਹੋਇ॥ ੨॥ (ਗਉ: ਸੁਖ: ਮ: ੫-੨੦)

ਆਪਣੇ ਰੰਗ ਮਗਨ ਪਾਠੀ ਪਾਠ ਕਰ ਰਿਹਾ ਹੈ, ਖੂਹ ਵਗ ਰਿਹਾ ਹੈ, ਪਾਣੀ ਟਿੰਡਾਂ ਵਿਚੋਂ ਪਾੜਛੇ ਵਿਚ ਪੈ ਰਿਹਾ ਹੈ, ਇਸ ਵਿਚੋਂ ਨਿਸਾਰ ਥਾਣੀਂ ਚੁਬੱਚੇ ਵਿਚ ਜਾ ਰਿਹਾ ਹੈ, ਚੁਬੱਚੇ ਵਿਚੋਂ ਆਡ ਖਿਚ ਰਹੀ ਹੈ ਤੇ ਆਡ ਵਿਚੋਂ ਖੇਤ ਪੀ ਰਿਹਾ ਹੈ। ਇਹ ਸੁਭਰ ਭਰੀ ਆਡ ਬੇਰੀਆਂ ਦੀ ਇਕ ਝੰਗੀ ਵਿਚੋਂ ਲੰਘਦੀ ਹੈ। ਇਸ ਝੰਗੀ ਵਿਚ ਇਕ ਪੱਕਾ ਥੜਾ ਹੈ। ਇਸ ਥੜੇ ਤੇ ਖੂਹ ਵਾਲੇ ਉਨ੍ਹਾਲੇ ਦੇ ਦਿਨਾਂ ਨੂੰ ਠੰਢੀ ਛਾਂ ਦੇ ਕਾਰਣ ਬੈਠਦੇ, ਰੋਟੀ ਖਾਂਦੇ, ਲੇਟਦੇ ਤੇ ਸੌਂਦੇ ਹਨ, ਪਰ ਕੁਝ ਦਿਨਾਂ ਤੋਂ ਕਾਜ਼ੀ ਸਾਹਿਬ ਤੜਕੇ ਦੀ ਨਮਾਜ਼ ਇਸ ਉਤੇ ਆਕੇ ਪੜ੍ਹਦੇ ਹਨ। ਨਮਾਜ਼ ਦੇ ਵਜ਼ੂ ਲਈ ਆਡ ਤੋਂ ਪਾਣੀ ਮਿਲ ਜਾਂਦਾ ਹੈ ਤੇ ਨਮਾਜ਼ ਪੜ੍ਹ ਕੇ ਟੁਰ ਨਹੀਂ ਜਾਂਦੇ, ਪਰ ਬੈਠੇ ਰਹਿੰਦੇ ਹਨ। ਕੁਝ ਦਰੂਦ ਆਦਿ ਪੜ੍ਹਦੇ ਰਹਿੰਦੇ ਹਨ ? ਨਹੀਂ ! ਵਗਦੇ ਖੂਹ ਦੀ ਛਿੜ ਰਹੀ ਸੁਰ ਤੇ ਉਸ ਵਿਚ ਮਿਲ ਰਹੀ ਮਿੱਠੀ ਪਾਠ ਦੀ ਧੁਨਿ ਵਿਚ ਕੰਨ ਮਗਨ ਹੋ ਜਾਂਦੇ ਹਨ ਤੇ ਉਸ ਸੁਆਦ ਵਿਚ ਰੱਤੇ ਬੈਠੇ ਰਹਿ ਜਾਂਦੇ ਹਨ। ਕਦੇ ਕੋਈ ਤੁਕ ਸਮਝ ਵਿਚ ਪੈ ਜਾਂਦੀ ਹੈ, ਕਦੇ ਨਿਰੇ ਰਹਾ ਦੇ ਸੁਆਦ ਵਿਚ ਤੇ ਕਦੇ ਜੁੜੇ ਦਿਲ ਦੇ ਪ੍ਰਭਾਉ ਦੇ ਰਸ ਵਿਚ ਲਹਿਰੇ ਲੈਂਦੇ ਹਨ। ਕਿੰਨੇ ਹੀ ਚਿਰਾਂ ਤੋਂ ਸੁਆਦ ਦੇ ਮਾਰੇ ਰੋਜ਼ ਆਉਂਦੇ ਹਨ ਤੇ ਕਈ ਵੇਰ ਚਾਹੁੰਦੇ ਹਨ ਕਿ ਪੁੱਛਾਂ, ਇਹ ਕੀ ਪੜ੍ਹਦੇ ਹੋ ਤੇ ਹੋ ਸਕੇ ਤਾਂ ਲੈ ਲਵਾਂ ਇਹ ਕਲਾਮ ਜੋ ਠੰਢ ਪਾਉਂਦੀ ਤੇ ਰਸ ਝਰਨਾਟ ਲਾਉਂਦੀ ਹੈ, ਇਸ ਰਸਮਗਨ ਬੰਦੇ ਪਾਸੋਂ। ਪਰ ਕੁਛ ਝਿਜਕ, ਕੁਛ ਸੰਗ ਐਸੀ ਹੈ ਕਿ ਹੀਆ ਨਹੀਂ ਪੈਣ ਦੇਂਦੀ। ਅਜ ਸਿੰਘ ਜੀ ਪਾਠ ਕਰਦੇ ਗਏ। ਪਾਠ ਸਮਾਪਤ ਹੋ ਗਿਆ, ਭੋਗ ਪੈ ਗਿਆ। ਪਿਆਰੇ ਨੇ ਗਾਧੀ ਤੋਂ ਉੱਠ ਕੇ ਹੌਲੇ ਹੌਲੇ ਅਰਦਾਸ ਕੀਤੀ ਤੇ ਮੰਗਿਆ, ਹਾਂ, ਫੇਰ ਗਾਂਵਿਆਂ-"ਕਰਿ ਕਿਰਪਾ ਦੇਵਹੁ ਹਰਿ ਨਾਮੁ"। ਪੰਜ ਸੱਤ ਵੇਰ ਆਖਕੇ ਫੇਰ ਆਪੇ ਹੀ ਉਚਾਰਿਆ: "ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ॥ ਬਹਦਿਆਂ ਉਠਦਿਆਂ ਹਰਿ ਨਾਮੁ ਧਿਆਵੈ॥ (ਹਰਿ ਨਾਮੁ ਧਿਆਵੈ॥) ਵਾਹਿਗੁਰੂ ਵਾਹਿਗੁਰੂ ! ਵਾਹਿਗੁਰੂ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖੁ ਗੁਰੂ ਮਨਿ ਭਾਵੈ॥ (ਵਾਹਿਗੁਰੂ, ਵਾਹਿਗੁਰੂ ! ਵਾਹਿਗੁਰੂ !")

ਅੱਜ ਕਾਜ਼ੀ ਸਾਹਿਬ ਪਾਸੋਂ ਨਾ ਰਿਹਾ ਗਿਆ ਤੇ ਪੁੱਛਣ ਦਾ ਹੀਆ ਧਾਰ ਹੀ ਲਿਆ। ਉਧਰ ਜਦੋਂ ਬੱਗਾ ਸਿੰਘ ਨੇ ਨੈਣ ਖੋਹਲੇ ਤਾਂ ਕੀ ਦੇਖਦਾ ਹੈ ਕਿ ਸੂਰਜ ਗੋਡੇ ਗੋਡੇ ਆ ਗਿਆ ਹੈ ਤੇ ਚਾਚਾ ਆਇਆ ਖੜਾ ਕਹਿ ਰਿਹਾ ਹੈ : "ਜਾਹ ਬੱਗਾ ਸਿਹਾਂ ! ਘਰ, ਹੁਣ ਮੈਂ ਦੂਜੀ ਜੋਗ ਜੋਵਾਂਗਾ, ਇਨ੍ਹਾਂ ਨੂੰ ਪੱਠੇ ਪਾਵਾਂਗਾ। ਤੂੰ ਬਰਿਆ ਸ਼ੇਰਾ ! ਜਾਹ"। ਬੱਗਾ ਸਿੰਘ ਨੇ ਚਾਚੇ ਨੂੰ 'ਵਾਹਿਗੁਰੂ ਜੀ ਦੀ ਫਤਹ' ਕਹੀ ਤੇ ਆਡੋ ਆਡ ਟੁਰ ਪਿਆ ਜਾਂ ਝੰਗੀ ਵਿਚੋਂ ਲੰਘਣ ਲੱਗਾ ਤਾਂ ਕਾਜ਼ੀ ਸਾਹਿਬ ਉੱਠ ਖੜੇ ਹੋਏ :"ਭਾਈਆ ਬੱਗਾ ਸਿਹਾਂ! ਜੁਆਨਾਂ ਜ਼ਰਾ ਠਹਿਰ ਜਾਵੀਂ।"

ਬੱਗਾ ਸਿੰਘ-ਕਾਜ਼ੀ ਜੀ ! ਵਾਹਿਗੁਰੂ ਜੀ ਕੀ ਫਤਹ।

ਕਾਜ਼ੀ(ਮੁਸਕ੍ਰਾ ਕੇ)-ਵਾਹਰ ਜੀ ਕੀ ਫਤਹ ਭਾਈਆ ਜੀ ! ਕਿਧਰ ਚੱਲੇ ਹੋ ?

ਬੱਗਾ ਸਿੰਘ-ਘਰ ਨੂੰ ਕਾਜ਼ੀ ਜੀ।

ਕਾਜ਼ੀ-ਰਤਾ ਸਸਤਾ ਜਾਵੇਂ ਤਾਂ ਦੋ ਗੱਲਾਂ ਕਰ ਲਈਏ।

ਬੱਗਾ ਸਿੰਘ-ਕਰੋ ਚਾਚਾ ਜੀ, ਜੀ ਸਦਕੇ ! ਬੱਗਾ ਸਿੰਘ ਬੈਠਾ ਹੈ। ਇਹ ਕਹਿਕੇ ਬੱਗਾ ਸਿੰਘ ਚੌਂਕੜਾ ਮਾਰਕੇ ਥੜੇ ਤੇ ਬਹਿ ਗਿਆ ਤੇ ਅਗਲੇ ਪਾਸੇ ਕਾਜ਼ੀ ਜੀ ਹੋ ਬੈਠੇ।

ਕਾਜ਼ੀ-ਭਾਈਆ ਜੀ ! ਇਹ ਰੋਜ਼ ਇਸ ਵੇਲੇ ਤੁਸੀਂ ਕੀਹ ਪੜ੍ਹਦੇ ਹੋ ?

ਬੱਗਾ ਸਿੰਘ-ਤੁਸੀਂ ਤਾਂ ਵੱਡੇ ਹੋਏ ਮੇਰੇ ਚਾਚਿਆਂ ਥਣੀਕ, 'ਭਾਈਆ ਜੀ' ਨਾਂਹ ਨਾ ਪਏ ਆਖੋ, ਮੈਨੂੰ ਆਪਣਾ ਨੀਂਗਰ ਕਰਕੇ ਕੁਆਓ ਨਾ, ਹੋਇਆ ਜੁ ਤੁਹਾਡਾ ਬੱਚਾ।

ਕਾਜ਼ੀ-ਬੜਾ ਬਰਖੁਰਦਾਰ ਹੈਂ, ਪਰ ਸੁਹਣਿਆ ! ਇਹ ਜੋ ਕਲਾਮ ਤੂੰ ਪੜ੍ਹਦਾ ਹੈਂ ਰੋਜ਼, ਇਹ ਤੈਨੂੰ ਸਾਡਾ ਵੱਡਾ ਬਣਾ ਰਹੀ ਹੈ, ਸੁਆਦ ਆ ਜਾਂਦਾ ਹੈ ਸੁਣ ਸੁਣਕੇ। ਹੁਣ ਤਾਂ ਜੀ ਕਰ ਆਇਆ ਹੈ ਤੇ ਰੁਕਦਾ ਨਹੀਂ ਜੋ ਤੈਥੋਂ ਪਤਾ ਕਰ ਲਵਾਂ ਕਿ ਇਹ ਕੀ ਕਲਾਮ ਹੈ ਵੀਰਾ !

ਬੱਗਾ ਸਿੰਘ-ਇਹ ਤਾਂ ਬਾਣੀ ਹੈ ਮਹਾਂ ਪੁਰਖ ਦੀ-ਸੁਖਮਨੀ ਸ੍ਰੈਬ ਗੁਰੂ ਅਰਜਨ ਸ੍ਰੈਬ ਜੀ ਦੀ।

ਕਾਜ਼ੀ-ਹੱਛਾ ! ਮੈਂ ਬੀ ਆਖਾਂ, ਹੋਵੇ ਨਾ ਤਾਂ ਇਹ ਬਾਬੇ ਨਾਨਕ ਦੀ ਕਲਾਮ ਹੈ, ਵਿਚ ਨਾਮ ਜੁ ਬਾਬੇ ਜੀ ਦਾ ਆਉਂਦਾ ਹੈ।

ਬੱਗਾ ਸਿੰਘ-ਹਾਹੋ ਜੀ, ਗੁਰੂ ਨਾਨਕ ਸ੍ਰੈਬ ਦੀ ਓ ਬਾਣੀ ਹੈ ਨਾ, ਪਰ ਪੰਜਵੇਂ ਗੁਰੂ ਨਾਨਕ ਦੀ ਹੈ, ਗੁਰੂ ਅਰਜਨ ਸਾਹਿਬ ਦੀ।

ਕਾਜ਼ੀ-ਠੀਕ, ਮੈਂ ਸਮਝਿਆ। ਸੁਹਣਿਆਂ ਕੀਕੂੰ ਰਵਾਂ ਕਰ ਲਈਆ, ਉੱਧਰ ਖੂਹ ਵਗਦਾ ਹੈ, ਉੱਧਰ ਤੇਰੇ ਗਲੇ ਤੋਂ ਆਬੇਹਯਾਤ ਦੀ ਨੈਂ ਵਗ ਤੁਰਦੀ ਹੈ। ਭਾਗਾਂ ਵਾਲਾ ਏਂ। ਕਿਵੇਂ ਇੰਨਾਂ ਰਸ ਆ ਜਾਂਦਾ ਈ ? (ਚੁਫੇਰੇ ਤੱਕ ਕੇ) ਮੈਂ ਤੜਕੇ ਉੱਠ ਆ ਨਮਾਜ਼ ਪੜ੍ਹਦਾ ਹਾਂ, ਪੜ੍ਹ ਛੜਦਾ ਹਾਂ, ਉੱਠ ਬੈਠ ਲੈਂਦਾ ਹਾਂ, ਪਰ ਸੁਆਦ ਨਹੀਂ ਕੋਈ ਆਉਂਦਾ।

ਬੱਗਾ ਸਿੰਘ-ਅਸੀਂ ਅਨਪੜ੍ਹ ਮੋਟੇ ਠੁੱਲ੍ਹੇ ਲੋਕੀਂ ਕੀ ਜਾਣੀਏ ਜੀ ! ਤੁਸੀਂ ਤਾਂ ਪੜ੍ਹੇ ਹੋ ਦਪਤਰ, ਤੁਸੀਂ ਜਾਣੋ ! ਇਕ ਸਾਨੂੰ ਬਾਣੀ ਦਾ ਪਤਾ ਹੈ, ਇਕ ਨਾਮ ਦਾ। ਜਾਂ ਆਪਣੇ ਦਾਤੇ ਨੂੰ ਜਾਣਦੇ ਹਾਂ, ਜੋ ਸਾਰਾ ਆਪ ਮਿਸਰੀ ਦੀ ਡਲੀ ਹੈ, ਸ਼ੱਕਰ ਖੰਡ ਗੁੜ ਸਭ ਤੋਂ ਮਿੱਠਾ :-

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ
ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ ਰਬ ਨ
ਪੁਜਨਿ ਤੁਧੁ॥੨੭॥ (ਸਲੋਕ ਫਰੀਦ)

ਕਾਜ਼ੀ (ਹਰਆਨ ਹੋ ਕੇ)-ਹਾਇ, ਕਿਵੇਂ ਸ਼ਕਰ ਗੁੜ ਤੋਂ ਮਿੱਠਾ ਰੱਬ ਲੱਗਦਾ ਏ ? ਕਿਵੇਂ ਬਾਬੇ ਨੂੰ ਲੱਗਾ? ਤੁੱਧੇ ਨੂੰ ਕਿਵੇਂ ਲਗਦਾ ਏ ?

ਬੱਗਾ ਸਿੰਘ-ਤੇ ਤੁਹਾਨੂੰ ਨਮਾਜ਼ ਵੇਲੇ ਮਿਠਾਸ ਨਹੀਂ ਪੈਂਦੀ ?

ਕਾਜ਼ੀ (ਫੇਰ ਚੁਫੇਰੇ ਤੱਕਕੇ)-ਸੱਚੋ ਸੱਚ ਆਖਾਂ ਪਰ ਮੈਨੂੰ ਪਰ੍ਹੇ ਵਿਚ ਭੰਡੀਂ ਨਾਂ ! ਤੂੰ ਰੱਬ ਵਾਲਾ ਹੈਂ, ਮੈਨੂੰ ਮਿਠਾਸ ਕੋਈ ਨਹੀਓਂ ਪੈਂਦੀ।

ਬੱਗਾ ਸਿੰਘ-ਫੇਰ ਤੁਸੀਂ ਬਾਣੀ ਪੜ੍ਹ ਵੇਖੋ ਖਾਂ, ਜਿਹੜੀ ਮੈਂ ਪੜ੍ਹਦਾ ਹਾਂ।

ਕਾਜ਼ੀ-ਕੀ ਨਾਂ ਏ ਬਾਣੀ ਦਾ ਤੇ ਕਿਥੋਂ ਲਵਾਂ ?

ਬੱਗਾ ਸਿੰਘ-ਸੁਖਮਨੀ ਸਾਹਿਬ ! ਸੁਖਾਂ ਦੀ ਮਣੀ। ਮਣੀਆਂ ਹੋਈਆਂ ਨਾ ਹੀਰੇ ਮੋਤੀ। ਸੁਖਾਂ ਦੇ ਸੁਆਦਾਂ ਦੇ ਹੀਰੇ ਮੋਤੀ। ਨਾ ਨਾ ਚਾਚਾ, ਮਨ ਨੂੰ ਸੁਖ ਦੇਣ ਵਾਲੀ, ਹਾਹੋ ਤੇ ਜੇ ਤੁਸੀਂ ਆਖੋ ਤਾਂ ਇਕ ਤੁਕ ਜਾਂ-ਤੁਸੀਂ ਕੋਈ ਸਾਡੇ ਵਰਗੇ ਨਿਆਣੇ ਥੋੜੇ ਹੋ, ਤੁਸੀਂ ਤਾਂ ਇਕ ਇਕ ਪੌੜੀ ਰੋਜ਼ ਕਰ ਲਵੋ-ਤੁਸੀਂ ਮੈਥੋਂ ਪੌੜੀ ਇਕ ਰੋਜ਼ ਲੈ ਲਿਆ ਕਰੋ, ਬਸ ਆ ਜਾਏਗੀ ਸਾਰੀ ਮੂੰਹ ਜ਼ਬਾਨੀ, ਮੈਂ ਤਾਂ ਚਾਚਾ ! ਤੁਕ ਤੁਕ ਰੋਜ਼ ਕਰਕੇ ਕੰਠ ਕੀਤੀ ਸਾਊ।

ਕਾਜ਼ੀ (ਮੁਸਕ੍ਰਾ ਕੇ)-ਇਸ ਦੀ ਲਿਖੀ ਹੋਈ ਕਿਤਾਬ ਨਹੀਂ ਹੁੰਦੀ ?

ਬੱਗਾ ਸਿੰਘ-ਹਾਹੋ ਹੁੰਦੀਏ, ਸਾਡੇ ਗ੍ਰੰਥ ਸਾਹਿਬ ਵਿਚ ਹੈਵੇ ਤੇ ਕਈ ਲੋਕੀਂ ਉਥੋਂ ਉਤਾਰਾ ਕਰ ਲੈਂਦੇ ਨੇ। ਪਰ ਏਹ ਤਾਂ ਪੜ੍ਹਿਆਂ ਸੁਘੜਾਂ ਦੀਆਂ ਗੱਲਾਂ ਨੇ, ਸਾਨੂੰ ਅਨਪੜ੍ਹਾਂ ਨੂੰ ਤਾਂ ਤੁਕ ਤੁਕ ਕਰਕੇ ਆਈ ਸੀ, ਪਰ ਦੇਖ ਚਾਚਾ ! ਆ ਈ ਗਈਏ ਨਾ, ਕੇਡੀ ਮਿੱਠੀ ਹੈ ? ਹਾਇ ! ਜੀ ਕਰਦਾ ਏ ਘੁਟ ਘੁਟ ਕੇ ਗਲ ਲਾਵਾਂ, ਪਰ ਕਰਾਂ ਕੀਹ, ਕੀਕੂੰ ਲਾਵਾਂ, ਮੈਂ

ਤਾਂ ਸੁਆਦ ਵਿਚ ਹੀ ਆ ਕੇ ਵਿਚੇ ਸੁਖਮਨੀ ਦੇ ਲੁਕ ਜਾਂਦਾ ਵਾਂ, ਚਾਚਾ ! ਹਾਹੋ ਸੱਚੀਂ।

ਕਾਜ਼ੀ-ਫੇਰ ਕਿਤੋਂ ਲੈ ਦੇਹ ਲਿਖੀ ਹੋਈ !

ਬੱਗਾ ਸਿੰਘ-ਚੰਗਾ ਚਾਚਾ ! ਅਜ ਭਾਈ ਜੀ ਨੂੰ ਆਖਾਂਗਾ।

੨.

ਉਤੋਂ ਅਚਾਨਕ ਆ ਨਿਕਲਿਆ ਮਿਹਰਦੀਨ।

ਮਿਹਰਦੀਨ-ਕਾਜ਼ੀ ਸਾਹਿਬ ! ਸਲਾਮਅਲੈਕੁਮ।

ਕਾਜ਼ੀ-ਵਾਅਲੈਕਮ ਅੱਸਲਾਮ, ਸਵੇਰੇ ਹੀ ਕਿਧਰੋਂ ਆਏ ਹੋ ?

ਮਿਹਰ-ਆ ਗਏ ਕਿਤੋਂ ਅਸੀਂ ਬੀ ਵੇਲਣੇ ਵੂਲਣੇ ਤੋਂ ਤੇ ਤੁਸੀਂ ਕਿਧਰੋ ਤੜਕੇ ਹੀ ?

ਕਾਜ਼ੀ-ਮਿਹਰਦੀਨਾ ! ਕੁਛ ਦਿਨਾਂ ਤੋਂ ਫਜਰ ਦੀ ਨਮਾਜ਼[1] ਖੂਹ ਤੇ ਆ ਪੜ੍ਹੀਦੀ ਹੈ, ਇਹ ਝੰਗੀ ਵਿਚ ਥੜਾ ਹੈ ਨਵੇਕਲਾ ਥਾਂ।

ਮਿਹਰ-ਤੇ ਮਸੀਤਾਂ ਫਿਰ ਕਾਹਦੇ ਲਈ ਰਹਿਣਗੀਆਂ ?

ਕਾਜ਼ੀ-ਬਥੇਰੇ ਹਨ ਚੰਗੇ ਚੰਗੇਰੇ ਮਸੀਤੇ ਜਾ ਕੇ ਪੜ੍ਹਨ ਪੜ੍ਹਾਉਣ ਵਾਲੇ, ਇਕ ਨਾ ਸਹੀ।

ਮਿਹਰ-ਹੱਛਾ ! ਇਹ ਗੱਲਾਂ ਨੂੰ, ਤਾਂ ਫੇਰ ਜੇ ਕਾਜ਼ੀਆਂ ਨੇ ਹੀ ਨਵੇਂ ਰਾਹ ਫੜੇ ਤਾਂ ਮੁਸਲਮਾਨੀ ਕਿੱਥੇ ਜਾਊ ? ਪਰ ਤੁਸੀਂ ਹੀ ਫਤਵੇ ਲਾਉਣੇ ਹਨ ਨਾ, ਤੁਸਾਡੇ ਤੇ ਕਿਸੇ ਦਾ ਨਹੀਂ ਨਾ ਫਤਵਾ ਚਲਦਾ ਵਸੇਂ ਵਸੇਂ ?

ਕਾਜ਼ੀ-ਐਡੀ ਕਿਹੜੀ ਗੱਲ ਏ, ਕਿਸੇ ਲਿਖਿਆ ਹੈ ਕਿ ਘਰ ਨਮਾਜ਼ ਨਾ ਪੜ੍ਹੋ ਜਾਂ ਤਨਹਾਈ[2] ਵਿਚ ਜਾਕੇ ਨਾ ਪੜ੍ਹੋ ? ਮਸੀਤੇ ਜਾ ਕੇ ਪੜ੍ਹਨਾ ਭਲੇਰਾ ਹੈ, ਸੁਾਬ[3] ਹੈ, ਪਰ ਤਨਹਾਈ ਦਾ ਪੜ੍ਹਨਾ ਨਾਰਵਾ[4] ਤਾਂ ਨਹੀਂ।

ਮਿਹਰ-ਠੀਕ ਆਂਹਦੇ ਹੋ, ਪਰ ਕੁਪਾਹੀ ਨਮਾਜ਼ ਤਾਂ ਨਾ ਨਾ ਪੜ੍ਹੋ।

ਕਾਜ਼ੀ-ਕੁਪਾਹੀ ਨਮਾਜ਼ ਕੀ ਹੁੰਦੀ ਹੈ ?

ਮਿਹਰ-ਇਕ ਹੁੰਦਾ ਸੀ ਗਭਰੂਟ ਜਿਹਾ ਮੁੱਲਾਂ। ਓਨ ਮਸੀਤੇ ਆ ਕੇ ਨਮਾਜ਼ ਪੜ੍ਹਨੀ ਛੋੜ ਦਿਤੀ, ਲੋਕਾਂ ਆਖਿਆ : ਮੁੱਲਾ ਜੀ ! ਨਮਾਜ਼ ਛੋੜ ਦਿੱਤੀ ਨੇ ? ਤਾਂ ਆਖਣ ਲੱਗਾ ਅਜ ਕਲ ਨਮਾਜ਼, ਕੁਪਾਹੀਂ ਖਿੜੀਆਂ ਹਨ ਨਾਂ, ਕੁਪਾਹੀਂ ਵਿਚ ਜਾਕੇ ਪੜ੍ਹੀਦੀ ਹੈ, ਜੀ ਚੰਗਾ ਲੱਗਦਾ ਏ। ਲਓ ਮੇਰੇ ਕਾਜ਼ੀ ਜੀ ! ਤਾਹੀਓਂ ਖ਼ਬਰਾਂ ਜਾਂ ਇਕ ਦਿਨ ਮੁੱਲਾਂ ਜੀ ਦਾ ਪਿੰਡਾ ਪਿਆ ਕੁਟੀਵੇ ਕੁਪਾਹਾਂ ਦੀ ਵਣਛਟੀ ਨਾਲ, ਮੁਟਿਆਰਾਂ ਨੇ ਮਾਰ ਮਾਰ ਅਧਮੋਇਆ ਕਰ ਦਿੱਤਾ।

ਕਾਜ਼ੀ-ਕਾਹਦੇ ਲਈ ?

ਮਿਹਰ-ਉਹ ਕੁਪਾਹ ਵਿਚ ਨਮਾਜ਼ ਤਾਂ ਬਹਾਨੇ ਦੀ ਪੜ੍ਹਦਾ ਸੀ ਨਾ। ਨਮਾਜ਼ ਪੜ੍ਹਕੇ ਫੇਰ ਕੁੜੀਆਂ ਨਾਲ ਕੁਪਾਹ ਤੋੜਨ ਲੱਗ ਪੈਂਦਾ ਸੀ। ਨਾਲੇ ਹਾਸੇ ਖੇਡੇ ਦੀ ਗਲੀਂ ਲੱਗ ਪੈਂਦਾ ਸੀ। ਕੁੜੀਆਂ ਦਾ ਅਗਲਾ ਮੂੰਹ, ਉਹ ਕੀ ਜਾਣਨ ਮੁੱਲਾਂ ਜੀ ਦੇ ਜੀ ਵਿਚ ਕੀ ਹੈ ? ਓਹ ਜਾਣਨ ਸਾਡਾ ਕੰਮ ਕਰਵਾਉਂਦਾ ਹੈ ਨਾਲੇ ਹਾਸੇ ਖੇਡੇ ਕਰ ਲਈਦੇ ਹਨ, ਹੋਰ ਮੁਲਾਣੇ ਤਾਂ ਸੜੇ ਮੱਥੇ ਕਦੇ ਹੱਸ ਕੇ ਕਿਸੇ ਲਾਲ ਕੂੰਦੇ ਸਹਿੰਦੇ ਭੀ ਨਹੀਂ। ਮੁੱਲਾਂ ਜੀ ਨੇ ਚੰਗਾ ਪਹਿਰ ਭਰ ਸਾਰੀਆਂ ਮੁਟਿਆਰਾਂ ਵਿਚ ਨਾਲੇ ਹੱਸਣਾ ਤੇ ਖੇਡਣਾ ਨਾਲੇ ਫੁਟੀ ਤੋੜਨੀ, ਨਾਲੇ ਅੱਖ ਬਚਾ ਬਚਾ ਕੇ ਥੋੜੀ ਥੋੜੀ ਕਪਾਹ ਤੰਬੇ ਵਿਚ ਅੜੰਗੀ ਜਾਣੀ, ਚੰਗੀ ਸਿਆਲੇ ਦੇ ਦੋ ਲੇਫਾਂ ਜੋਗੀ ਕਪਾਹ ਦੋ ਡੇਢ ਮਹੀਨੇ ਵਿਚ ਘਰ ਕੱਠੀ ਕਰ ਲਈ। ਇਕ ਦਿਨ ਕਿਧਰੇ ਮੁਲਾਣੀ ਸਹੇਲੀਆਂ ਵਿਚ ਕਹਿ ਬੈਠੀ : ਸਾਡਾ ਸਿਆਲ ਤਾਂ ਬੰਨੇ ਹੋ ਗਿਆ, 'ਨਾ ਵਾਹੀ ਨਾ ਵਿਗੋਹੀ ਤੇ ਤੰਦ ਕਿਵੇਂ ਤੂੰ ਛੋਹੀ' ਵਾਲੀ ਗੱਲ ਹੋਈ ਹੈ। ਦੋ ਲੇਫ ਭਰਾ ਬੈਠੀ ਹਾਂ, ਹੁਣ ਦੋ ਤਲਾਈਆਂ ਭਰਾਉਣੀਆਂ ਹਨ, ਅੱਲਾ ਘੱਲ ਹੀ ਦੇਊ ਨਾ ਹੋਰ। ਮੁਲਾਣੀ ਦੀ ਇਹ ਗੱਲ ਇਕ ਮੁਟਿਆਰ ਦੇ ਦਿਲ ਲੱਗੀ, ਓਨ ਜਾਤਾ ਬਿਨਾ ਵਾਹੇ ਵਿਗੋਤੇ ਇਨ੍ਹਾਂ ਦੇ ਘਰ ਰੂੰ ਕਿਥੋਂ ਆ ਗਈ। ਹੋਵੇ ਨਾ ਤਾਂ ਅਸੀਂਓ ਤਾਂ ਨਹੀਂ ਪਈਆਂ ਲੁਟੀਂਦੀਆਂ ! ਅਗਲੇ ਦਿਨ ਓਨ੍ਹ ਸਹੀਆਂ ਨੂੰ ਸਾਰੀ ਗੱਲ ਦੱਸ ਦਿੱਤੀ, ਤਾਂ ਸਭੇ ਚੁਕੱਨੀਆਂ ਹੋ ਗਈਆਂ।

ਸੋ ਓਸ ਦਿਨ ਜਦੋਂ ਮੁੱਲਾਂ ਜੀ ਕੁਪਾਹ ਚੁਗਕੇ ਟੁਰਨ ਲੱਗੇ ਤਾਂ ਕੁੜੀਆਂ ਜਾ ਘੇਰਿਆ :- ਮੁੱਲਾਂ ਜੀ, ਅਸਾਂ ਸੁਣਿਆਂ ਵੇ ਤੁਸੀਂ ਕੁਪਾਹੀ ਨਮਾਜ਼ ਪੜ੍ਹਦੇ ਹੋ ?

ਮੁੱਲਾਂ-ਉਹ ਕੀ ਹੁੰਦੀ ਹੈ ?

---

1. ਤੜਕੇ ਦੀ ਨਿਮਾਜ਼। 2. ਇਕਾਂਤ।
3. ਪੁੰਨ। 4. ਜਿਸ ਦੀ ਆਗਯਾ ਨਹੀਂ।

ਕੁੜੀਆਂ-ਕੁਪਾਹਾਂ ਵਿਚ ਜਾ ਨਮਾਜ਼ ਪੜ੍ਹੀ, ਫੇਰ ਲਗ ਪਏ ਕੁੜੀਆਂ ਨਾਲ ਹਾਸੇ ਠੱਠੇ। ਫੇਰ ...ਤੇ ਫੇਰ ਜਿਨੂੰ ਕੁਪਾਹ ਪੈਂਦੀ ਹੈ! ਨਾ ਵਾਹੀਏ ਨਾ ਵਿਗੋਹੀਏ ਤੇ ਨਮਾਜ਼ ਨਾਲ ਹੀ ਕੁਪਾਹ ਲਗ ਪਵੇ।

ਮੁੱਲਾਂ ਘਬਰਾਇਆ, ਲੱਗਾ ਗਲਾਂ ਬਣਾਕੇ ਖਿਸਕਣ, ਪਰ ਮੁਟਿਆਰਾਂ ਕਦੋਂ ਖਿਸਕਣ ਦੇਣ, ਕਿਸੇ ਦਿਲਚਲੀ ਨੇ ਅੱਗੇ ਹੋ ਕੇ ਬਾਂਹ ਫੜ ਲਈ "ਆਹ ਵੇਖਾਂ ਮੁੱਲਾਂ ਜੀ ! (ਫਤੂਹੀ ਹਿਲਾਕੇ) ਤੁਹਾਡੀ ਨਮਾਜ਼ ਨੂੰ ਕੁਪਾਹ ਪਈ ਹੋਈ"। ਫੇਰ ਸਭਨਾਂ ਨੇ ਫੜ ਲਿਆ। ਕੁੜਤੀ ਦੇ ਗੀਹਜਿਆਂ ਵਿਚ ਫੁੱਟੀ, ਝੱਗੇ ਦੇ ਬੋਝੇ ਵਿਚ ਫੁੱਟੀ, ਦੋ ਬੋਝੇ ਮੁੱਲਾ ਜੀ ਨੇ ਤੰਬੇ ਨੂੰ ਬੀ ਲਾਏ ਹੋਏ ਸੀ, ਦੋਹਾਂ ਵਿਚ ਕੁਪਾਹ, ਫੇਰ ਤਾਂ ਮੁਟਿਆਰਾਂ ਨੇ ਵਣਛਟੀਆਂ ਫੜ ਲਈਆਂ ਤੇ ਆਖਣ ਲਗੀਆਂ :

ਮੁਲਾਂ ਬੂਟ ਕੁਪਾਹੀ ਦਾ। ਵਣਛਟੀਆਂ ਲਾ ਲਾ ਲਾਹੀਦਾ। ਨਾ ਬੀਜੀਦਾ ਨਾ ਵਾਹੀਦਾ! ਝੋਲੇ ਭਰ ਭਰ ਲਾਹੀ ਦਾ। ਮੁੱਲਾਂ ਬੂਟ ਕੁਪਾਹੀ ਦਾ। ਵਣਛਟੀਆਂ ਲਾ ਲਾ ਲਾਹੀਦਾ!

ਨਾਲੇ ਗਾਉਣ, ਨਾਲੇ ਦੁਆਲੇ ਹਿੱਲੜੀ ਪਾਉਣ ਐਨ ਤੁਕਾਂ ਦੇ ਤਾਰ ਸਿਰ, 'ਦਾ' ਦੇ ਮੁਕਾਮ ਤੇ ਮੁੱਲਾ ਨੂੰ ਵਣਛਟੀ ਮਾਰਨ। ਮਾਰ ਮਾਰ ਕੇ ਕੁੜੀਆਂ ਨੇ ਕੁਪਾਹ ਦੇ ਟੀਂਡੇ ਵਾਂਙ ਨੀਲਾ ਸਾਵਾ ਕਰ ਦਿਤਾ। ਫੇਰ ਫੜਕੇ ਪਿੰਡ ਲੈ ਆਈਆਂ ਤਾਂ ਹਕੀਕਤ ਮਲੂਮ ਹੋਈ ਮੁੱਲਾਂ ਦੀ ਕੁਪਾਹੀਂ ਜਾ ਕੇ ਨਮਾਜ਼ ਪੜ੍ਹਨ ਦੀ। ਏਹ ਜੇ ਕੁਪਾਹੀ ਨਮਾਜ਼ ਕਾਜ਼ੀ ਸਾਹਿਬ !

ਕਾਜ਼ੀ-ਖ਼ੈਰ, ਮੈਨੂੰ ਪਤਾ ਨਹੀਂ ਸੀ ਕਿ ਤੁਸਾਂ ਵਿਚ ਮੇਰੀ ਇੱਜ਼ਤ ਕਿਤਨੀ ਕੁ ਹੈ। ਆਦਮੀ ਭੁੱਲਣਹਾਰ ਤਾਂ ਹੈ, ਪਰ ਆਪਣੇ ਆਪ ਨੂੰ ਸਤਿਕਾਰਿਆ ਹੋਇਆ ਸਮਝਣ ਵਿਚ ਸਭ ਤੋਂ ਵਡੀ ਉਕਾਈ ਖਾਂਦਾ ਹੈ।

ਮਿਹਰ-ਗੁੱਸੇ ਹੋ ਗਏ ਹੋ ਕਾਜ਼ੀ ਸਾਹਿਬ। ਮੈਂ ਤਾਂ ਐਵੇਂ ਚੁਹਲ ਕੀਤਾ ਸੀ।

ਕਾਜ਼ੀ-ਨਮਾਜ਼ਾਂ ਨਾਲ ਚੁਹਲ ? ਖ਼ੁਦਾਵੰਦ ਕਰੀਮ ਦੇ ਰਸਤੇ ਨਾਲ ਚੁਹਲ ? ਮੈਂ ਤਾਂ ਹੋਇਆ ਕੁਪਾਹੀਂ ਦਾ ਮੁੱਲਾਂ, ਹੋਇਆ ਸਹੀ, ਪਰ ਡਰੋ ਅੱਲਾ ਤੋਂ ਨਮਾਜ਼ ਜਿਸ ਦੀ ਹੈ।

ਮਿਹਰ-ਕਾਜ਼ੀ ਸਾਹਿਬ ! ਫਿਰ ਸੱਚੀ ਪੁਛਾਂਦੇ ਹੋ, ਬਹਾਨੇ ਕਰਨੇ ਨਮਾਜ਼ਾਂ ਦੇ ਤੇ ਸੁਣਨੀਆਂ ਕਾਫਰਾਂ ਦੀਆਂ ਕਲਾਮਾਂ ਤੇ ਆਪ ਕਾਫਰਾਂ ਨੂੰ ਕਹਿਣਾ ਕਿਸੇ ਨੂੰ ਦੱਸੀਂ ਨਾ, ਨਮਾਜ਼ ਫਿੱਕਾ ਟਾਂਡਾ ਏ, ਕਾਨੇ ਵਾਂਙੂ ਬੇ-ਸੁਆਦ ਏ ਤੇ ਤੇਰੀ ਕਲਾਮ ਆਬੇਹਯਾਤ ਏ! ਹੁਣ ਬੋਲੋ ਕਾਜ਼ੀ ਸਾ...ਹੇ...ਬ ?

ਕਾਜ਼ੀ(ਘਬਰਾ ਕੇ, ਤੀਊੜੀ ਬਦਲ ਕੇ, ਬੁੱਲ੍ਹ ਟੁਕ ਕੇ, ਪਰ ਫੇਰ ਸੰਭਲ ਕੇ)-ਇਸ ਵਿਚ ਕੀਹ ਏ ? ਮੇਰੀ ਕਸਰ ਹੈ, ਨਮਾਜ਼ ਦੀ ਕਸਰ ਤਾਂ ਮੈਂ ਕਦੇ ਨਹੀਂ ਆਖੀ ਕਿ ਨਮਾਜ਼ ਮਾੜੀ ਏ, ਮੈਂ ਹੁਣ ਕਹਿੰਦਾ ਹਾਂ ਤੇ ਪਰ੍ਹੇ ਵਿਚ ਕਹਿਣ ਨੂੰ ਤਿਆਰ ਹਾਂ ਕਿ ਮੈਨੂੰ ਨਮਾਜ਼ ਵਿਚ ਉਹ ਰਸ ਨਹੀਂ ਆਉਂਦਾ ਜੋ ਉਸ ਸਿਖ ਨੂੰ ਆਪਣੀ ਬਾਣੀ ਵਿਚ ਆਉਂਦਾ ਏ। ਮੇਰੀ ਕਸਰ ਹੈ। ਕਸਰ ਦਾ ਇਕਰਾਰ, ਕਸਰ ਨਫਸੀ, ਇਹ ਬੀ ਗੁਨਾਹ ਹੋ ਗਏ ? ਸੱਚ ਕਹਿਣਾ ਤੇ ਅੱਲਾ ਦੇ ਨਾਮ ਹੇਠ ਕੁਪਾਹ ਚੁਰਾਣੀ ਇਕੋ ਗਲਾਂ ਹੋਈਆਂ ਨਾ ?

ਇਹ ਝਾੜ ਸੁਣਕੇ ਮਿਹਰ ਦੀਨ ਠਿਠੰਬਰਿਆ, ਸ਼ਰਮਿੰਦਾ ਹੋਇਆ, ਪਰ ਫੇਰ ਆਖਣ ਲੱਗਾ "ਕਾਜ਼ੀ ਸਾਹਿਬ ! ਭਲਿਆਈ ਜਗ ਵਿਚ ਨਹੀਂ ਫਲਦੀ, ਅਸਾਂ ਤਾਂ ਤੁਹਾਡੇ ਭਲੇ ਨੂੰ ਕਿਹਾ ਏ, ਅੱਗੇ ਹੀ ਤੁਸੀਂ ਬਦਨਾਮ ਹੋ ਕਿ ਤੁਸੀਂ ਆਪਣੇ ਨਿਆਂ ਕਰਨ ਦੀ ਕੁਰਸੀ ਤੇ ਜਦ ਬਹਿੰਦੇ ਹੋ ਤਾਂ ਹਿੰਦੂ ਮੁਸਲਮਾਨ ਨੂੰ ਇਕ ਤੱਕੜੀ ਤੋਲਦੇ ਹੋ, ਤੁਸੀਂ ਮੋਮਨਾਂ ਦਾ ਪੱਖ ਨਹੀਂ ਕਰਦੇ। ਇਸ ਗਲ ਤੇ ਸਾਰੇ ਕਜ਼ਾ ਦੇ ਲੋਕੀ ਗਰਿੰਜ ਹਨ ਤੇ ਉੱਤੋਂ ਸਰਕਾਰ ਡਾਢੇ ਦੀ ਏ। ਤੁਹਾਨੂੰ ਪਤਾ ਏ ਜਿਸ ਕਾਜ਼ੀ ਨੇ ਹਿੰਦੂ ਹਿੰਦੂ ਦੇ ਝਗੜੇ ਵਿਚ ਪੂਰਾ ਤੋਲਿਆ, ਮੋਮਨ ਮੋਮਨ ਦੇ ਝਗੜੇ ਵਿਚ ਅਦਲ ਕੀਤਾ, ਉਹੋ ਆਂਹਜ਼ਰਤ[1] ਦੇ ਮਨ ਪਸੰਦ ਹੋਇਆ। ਜਿਸ ਨੇ ਹਿੰਦੂ ਮੁਸਲਮਾਨਾਂ ਦੇ ਕਿਸੇ ਪਏ ਮਾਮਲੇ ਵਿਚ ਅਦਲ ਕੀਤਾ ਤੇ ਮੋਮਨ ਦੀ ਰਈ ਨਾ ਕੀਤੀ, ਆਂ-ਹਜ਼ਰਤ ਨੇ ਮੂੰਹੋਂ ਲਾਹ ਦਿੱਤਾ। ਤੁਸੀਂ ਇਹੋ ਭੁੱਲ ਕਰਨ ਕਰਕੇ ਲੋਕਾਂ ਵਿਚ ਬਦਨਾਵੇਂ ਹੋ ਗਏ ਹੋ, ਉਤੋਂ ਇਹ ਗੱਲਾਂ ਕਹਿਣ ਲਗ ਪਏ ਹੋ, ਕਿਤੇ ਕੁਫਰ ਦਾ ਫਤਵਾ ਨਾ ਲਗ ਜਾਵੇ ?"

ਕਾਜ਼ੀ-ਕਾਜ਼ੀ ਨੇ ਅਦਲ ਕਰਨਾ ਹੈ, ਜੁਰਮ ਤੇ

---

1. ਮੁਰਾਦ ਹੈ ਪਾਤਸ਼ਾਹ ਤੋਂ। ਪਾਤਸ਼ਾਹ ਨੂੰ 'ਹਜ਼ਰਤ' ਤੇ 'ਆਂ ਹਜ਼ਰਤ' ਕਿਹਾ ਕਰਦੇ ਸਨ।

ਸ਼ਰਹ ਦਾ ਤੋਲ ਕਰਕੇ ਫਤਵਾ ਦੇ ਦੇਣਾ ਹੈ, ਮੁਜਰਮ ਦੇ ਮਜ਼ਹਬ ਤੇ ਕੌਮੀਅਤ ਨਾਲ ਕੀਹ ਤਅੱਲਕ ?

ਮਿਹਰ-ਤੇ ਹਿੰਦੂ ਹੋਏ ਬਹੁਤੇ, ਮੋਮਨ ਥੋੜੇ, ਜਦ ਤੁਸੀਂ ਮੋਮਨਾਂ ਦਾ ਪਖ ਉੱਚਾ ਨਾ ਰਖੋ ਤਾਂ ਉਹਨਾਂ ਦਾ ਰੋਅਬ ਕਿਵੇਂ ਰਹੇ, ਆਂ-ਹਜ਼ਰਤ ਰਾਜ ਕੀਕੂੰ ਕਰਨ ? ਫਾਤਿਆ ਕੌਮ ਦਾ ਡਰ ਹੀ ਤਾਂ ਰਾਜ ਦੀ ਜੜ੍ਹ ਹੈ, ਉਹੋ ਤੁਸੀਂ ਕੱਪਣ ਡਹੇ ਹੋ।

ਕਾਜ਼ੀ-ਅਦਲ ਹੀ ਤਾਂ ਸ਼ੈ ਹੈ ਜੋ ਪਰਜਾ ਨੂੰ ਰਾਜਾ ਨਾਲ, ਰਈਅਤ ਨੂੰ ਪਾਤਸ਼ਾਹ ਨਾਲ, ਮਹਕੂਮ ਨੂੰ ਹਾਕਮ ਨਾਲ ਪਿਆਰ ਪੁਆਉਂਦਾ ਹੈ। ਪਰਜਾ ਦੀ ਹੁੱਬ ਹੀ ਪਾਤਸ਼ਾਹ ਦੇ ਰਾਜ ਦੀ ਪੱਕੀ ਨੀਂਹ ਹੈ, ਉਸ ਨੀਂਹ ਨੂੰ ਮੈਂ ਡਾਢਿਆਂ ਪਿਆ ਕਰਦਾ ਹਾਂ, ਤੁਸੀਂ ਤੇ ਤੁਹਾਡੇ ਸਲਾਹੇ ਲੋਕੀਂ ਖੋਖਲਾ ਕਰਦੇ ਹਨ। ਦੱਸ ਕਿਤੇ ਅੱਲਾ ਪਾਕ ਨੇ ਫੁਰਮਾਇਆ ਹੈ ਕਿ ਬੇ-ਅਦਲੀ ਨਾਲ ਮੈਂ ਖੁਸ਼ ਹੁੰਦਾ ਹਾਂ ?

ਮਿਹਰ(ਭੈੜਾ ਪੈਕੇ)-ਕਾਜ਼ੀ ਸਾਹਿਬ ! ਅਸਾਂ ਭਲੇ ਦੀ ਆਖੀ ਹੈ, ਸਮੇਂ ਵਿਚ ਜੋ ਵਰਤ ਰਹੀ ਹੈ ਸੋ ਕਹੀ ਹੈ, ਸਮੇਂ ਨਾਲ ਵਰਤੋ, ਸਮਿਓਂ ਬਾਹਰ ਨਾ ਟੁਰੋ, ਟੁਰੋਗੇ ਦੁਖ ਪਾਓਗੇ। (ਖਿੜਕੇ) ਅਦਲ ਮਨੁਖਾਂ ਮਨੁੱਖਾਂ ਵਿਚ ਕਰੀਦਾ ਹੈ। ਮਨੁਖ ਅੱਲਾ ਤੇ ਈਮਾਨ ਵਾਲੇ ਹਨ। ਬੁੱਤਪ੍ਰਸਤ, ਆਤਸ਼ ਪ੍ਰਸਤ, ਸਾਰੇ ਹੈਵਾਨ ਹਨ, ਗਰਦਨ ਜ਼ਦਨੀ ਦੇ ਲਾਇਕ ਹਨ, ਅਦਲ ਕਰੋ ਤਾਂ ਹੈਵਾਨਾਂ ਨੂੰ ਬੀ ਨਾ ਮਾਰਿਆ ਕਰੋ, ਮਾਸ ਨਾ ਖਾਇਆ ਕਰੋ, ਬਕਰਾ ਹਲਾਲ ਕਰਨ ਵਾਲੇ ਨੂੰ ਫਾਹੇ ਦਿਆ ਕਰੋ। ਜਾਨਵਰ ਤੇ ਇਨਸਾਨ ਦੇ ਝਗੜੇ ਵਿਚ ਅਦਲ ਕੀ ? ਅਦਲ ਜੇ ਇਨਸਾਨ ਨੂੰ ਉੱਚਾ ਰਖਣਾ, ਨਾ ਕਿ ਜਾਨਵਰਾਂ ਨੂੰ। ਸੁਣਿਆ ਜੇ ਮਸਲਾ, ਹੁਣ ਕੂਓ ਖਾਂ ? (ਕਹਿੰਦਾ ਤੇ ਹਸਦਾ ਮਿਹਰਦੀਨ ਛੇਤੀ ਛੇਤੀ ਪਿੰਡ ਨੂੰ ਵਗ ਗਿਆ)।

ਕਾਜ਼ੀ-ਇਹ ਗਲ ਸ਼ਰਹ ਵਿਚ ਨਹੀਂ ਲਿਖੀ ਹੋਈ।

ੜ.

**ਆਨੰਦਪੁਰ** ਦੀ ਨਗਰੀ ਹੈ ਸੁਹਣੀ ਤੇ ਸੁਹਾਉਣੀ। ਬੱਗਾ ਸਿੰਘ ਇਕ ਸਿੰਘ ਜੀ ਨੂੰ ਕਹਿ ਰਿਹਾ ਹੈ।

ਬੱਗਾ ਸਿੰਘ-ਗੁਰੂ ਤਾਰੇ ਗੁਰਮੁਖ ਪਿਆਰੇ ਜੀ ! ਅਰਜ਼ੋਈ ਹੈ ਇਕ ਆਪ ਸੇਤੀ ?

ਆਲਮ ਸਿੰਘ-ਆਖੋ ਬੱਗਾ ਸਿੰਘ ਜੀ !

ਬੱਗਾ ਸਿੰਘ-ਬਾਬਾ ਜੀ ! ਮੇਰੇ ਨਾਲ ਸਾਡੇ ਲਾਕੇ[1] ਦਾ ਕਾਜ਼ੀ ਆਇਆ ਏ। ਸੁਣਿਆ ਹੋਗੁ ਕਾਜ਼ੀ ਸਲਾਰ ਦੀਨ[2]।

ਆਲਮ ਸਿੰਘ-ਨਾਉਂ ਤਾਂ ਸੁਣਿਆ ਹੈ, ਪਰ ਡਿੱਠਾ ਨਹੀਂ।

ਬੱਗਾ ਸਿੰਘ-ਉਹੋ ਜੇ, ਬਾਬਾ ਜੀ। ਬੜਾ ਦੂਲਾ ਏ, ਨਿਆਂ ਕਰਦਾ ਏ, ਹੱਕ ਨਬੇੜਦਾ ਏ, ਕੀ ਮਜਾਲ ਕੋਈ ਖੋਟ ਕਰ ਜਾਏ, ਪਰ ਤੁਰਕ ਉਸ ਨਾਲ ਖੁਣਸੇ ਰਹਿੰਦੇ ਨੇ, ਆਂਹਦੇ ਨੇ ਏਹ ਤੁਰਕਾਂ ਦੀ ਰਈ ਕਾਸਨੂੰ ਨਹੀਂ ਕਰਦਾ ? ਤੇ ਉਹ ਆਂਹਦਾ ਏ, ਕਾਜ਼ੀ ਦੀ ਖੁਨਾਮੀ ਏ ਜੇ ਉਹ ਰਈ ਕਰੇ ਤਾਂ। ਲੈ ਬਾਬਿਆ ! ਏਸ ਕਾਜ਼ੀ ਨੇ ਬੱਗਾ ਸਿੰਘ ਦਾ ਪਾਠ ਸੁਣਿਆ ਸੁਖਮਨੀ ਦਾ, ਐਸੀ ਕੋਈ ਲੱਗੀ ਸੂ ਓਸ ਦਿਹਾੜੇ ਦੀ ਜੋ ਬੱਗਾ ਸਿੰਘ ਦਾ ਖਹਿੜਾ ਈ ਨਹੀਂਓਂ ਛੁਟਾ, ਆਂਹਦਾ ਏ- ਲੈ ਚੱਲ ਆਪਣੇ ਗੁਰੂ ਕੋਲ। ਭਲਾ ਬੱਗਾ ਢੱਗਾ ਹੋਇਆ, ਪੜ੍ਹਿਆਂ ਨੂੰ ਕੀਕੂੰ ਚਾਰੇ ? ਪਰ ਬਾਬਿਆ ਨਹੀਂ ਛੁੱਟਾ ਖਹਿੜਾ। ਮੁੱਲਾਂ ਮੁਸੱਦੀ ਪਿਟਦੇ ਰਹੇ ਸੂ, ਟਬਰ ਕਬੀਲਾ ਬੱਗੇ ਦੇ ਬੱਚੇ ਕੱਚੇ ਪੁਣਦਾ ਰਿਹਾ ਏ, ਪਰ ਧ੍ਰੂ ਹੀ ਲਿਆਇਆ ਜੇ ਬੱਗੇ ਸਿਹੁੰ ਨੂੰ ਨਾਲ ਤੇ ਆ ਪਹੁਤਾ ਏ ਮੇਰੇ ਸਤਿਗੁਰ ਦੇ ਦਰਬਾਰ। ਹੁਣ ਦੱਸ ਬਾਬਿਆ ! ਬੱਗਾ ਸਿਹੁੰ ਕਿਸ ਗਿਣਤੀ ਵਿਚ ਏ ? ਕੂੜੀਆਂ ਗੱਲਾਂ। ਕਿਥੇ ਮੇਰਾ ਸਚਾ ਪਾਤਸ਼ਾਹ, ਕਿਥੇ ਮੈਂ ਢੱਗਾ ਗੁਨਾਹੀ ਭਰਿਆ।

ਲੈ ਹੁਣ ਬੀਬੇ ਬਾਬਾ ਜੀ ਤੁਸੀਂ ਹੋਏ ਨਾ ਗੁਰਾਂ ਦੇ ਮੂੰਹ ਚਿਤ ਲਗਦੇ, ਲੈ ਜਾਓ ਸੁ ਸਤਿਗੁਰਾਂ ਪਾਸ ਸਾਡੇ ਕਾਜ਼ੀ ਸੈਹਬ ਨੂੰ। ਹਿਕੇ ਆਪ ਕਰੋ ਸੁ ਕੋਈ ਨਿਸ਼ਾਖਾਤਰ ਜੋ ਲਗ ਪਵੇ ਨਾ ਕਿਸੇ ਗਲ ਨੂੰ, ਬਾਣੀ ਨੂੰ ਕਿ ਨਾਮ ਨੂੰ, ਹਾਲੇ ਤਾਂ ਵੇਖੋ ਨਾ, ਸੁਣਦਾ ਏ ਤੇ ਪਤੀਜਦਾ ਏ, ਹੈਂ ! ਤੇ ਫੇਰ ਲੱਗ ਪੈਂਦਾ ਏ ਖਾਣ ਭੰਬਲ ਭੂਸੇ। ਸਗੋਂ ਪੜ੍ਹਿਆ ਏ ਛੇਤੀ ਝੌਪ ਲਵੇ ਨਾ। ਇਹ ਬਾਬਿਆ ਉਲਟਾ ਪਿਆ ਖਿਚਦਾ ਏ ਲੰਮੀਆਂ ਤੇ ਫੇਰ ਓਦਰਦਾ ਏ ਪਿਆ। ਲਾਓ ਸੂ ਨਾ ਕੋਈ ਪੜ੍ਹੀ ਹੋਈ ਗਲ ਜਿਹੜੀ ਲਗ ਜਾਏ ਸੁ ਗਿੱਟੇ, ਬੱਸ ਥਾਂ ਰਹੇ, ਠੰਢ ਪੈ ਜਾਏ ਸੁ ਨਾਮ ਦੀ।

ਆਲਮ ਸਿੰਘ-ਬੱਚਿਆ ! ਤੇਰੀ ਗੱਲ੍ਹੀਂ ਚੌਲ ਜੁ

---

1. 'ਇਲਾਕੇ' ਦਾ ਵਿਗੜਿਆ ਹੋਇਆ ਰੂਪ

2. ਹੁਤੋ ਸਲਾਰਦੀਨ ਇਕ ਕਾਜ਼ੀ। ਸਾਂਈਂ ਲੋਕ ਭਯੋ ਨਹਿ ਪਾਜੀ। ਨਹਿ ਹਿੰਦਨਿ ਸੋਂ ਦ੍ਵੈਖ ਕਰੰਤਾ। ਸਭ ਮਹਿਂ ਇਕ ਸਮਾਨ ਬਰਤੰਤਾ॥੧੨॥

ਆ ਗਏ ਛੇਤੀ ਨਾਲ, ਭੋਲਾ ਸਾਫ ਸੀ ਨਾ ਤੇਰਾ ਚਿਤ। ਪੜ੍ਹਿਆਂ ਦੇ ਚਿਤ ਭਰਮ ਬਹੁਤ ਹੁੰਦਾ ਹੈ, ਛੇਤੀ ਨਹੀਂ ਟਿਕਣ ਦੇਂਦਾ। ਨਾਲੇ ਤਾਂ ਭਰਮ ਕਰਦੇ ਹਨ ਹਰ ਗੱਲੇ, ਨਾਲੇ ਮਨ ਭਰਮਦਾ ਏ ਇਨ੍ਹਾਂ ਦਾ ਡਾਢੀਆਂ ਅਨੇਕਾਂ ਚਿਤਵਣੀਆਂ ਤੇ ਸੋਚਾਂ ਵਿਚ। ਹੱਛਾ ਬੱਚਾ! ਕਲ ਦੀਵਾਨ ਵਿਚ ਆ ਜਾਵੇ, ਦੀਵਾਨ ਹੋ ਹਟੇ ਮਗਰੋਂ ਪਾਤਸ਼ਾਹ ਜੀ ਪਾਸ ਅਰਦਾਸ ਕਰੀਂ। ਓਹ ਤਾਂ ਗ੍ਰੀਬ-ਨਿਵਾਜ਼ ਹਨ, ਵੱਡਾ ਛੋਟਾ, ਪੜ੍ਹਿਆ ਅਨਪੜ੍ਹਿਆ ਸਭ ਉਸ ਦੁਆਰ ਥਾਂ ਪਾਉਂਦਾ ਹੈ। ਤੂੰ ਅਰਜ਼ ਕਰ ਵੇਖੀਂ, ਓਹ ਪਿਆਰ ਨਾਲ ਸੁਣਨਗੇ; ਤੇ ਜੇ ਤੂੰ ਆਪਣੀ ਸੰਗੋਂ ਪਿਆ ਸੰਗਨਾਂ ਏਂ ਤਾਂ ਮੈਂ ਹੀ ਅਰਜ਼ ਕਰ ਦੇਊਂ। ਅੱਬਲ ਤਾਂ ਉਨ੍ਹਾਂ ਆਪ ਹੀ ਸਿਆਣਕੇ ਹਾਕ ਮਾਰ ਲੈਣੀ ਹੈ, ਜਾਣੀ ਜਾਣ ਜੁਹੋਏ,

੪.

ਖਾਲਿਸੋ ਬੇ ਕੀਨਾ ਗੁਰ ਗੋਬਿੰਦ ਸਿੰਘ[1],
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ,॥ ੩੪॥
ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ॥ ੩੫॥
ਕਾਦਰੇ ਹਰ ਕਾਰ ਗੁਰ ਗੋਬਿੰਦ ਸਿੰਘ
ਬੇ-ਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ

(ਭਾਈ ਨੰਦ ਲਾਲ)

ਇਸ ਸਚੇ ਪਾਤਸ਼ਾਹ ਦਾ ਦਰਬਾਰ ਹੈ। ਆਸਾ ਦੀ ਵਾਰ ਦਾ ਭੋਗ ਪੈ ਚੁਕਾ ਹੈ, ਸੰਗਤਾਂ ਵਿਦਾ ਹੋ ਰਹੀਆਂ ਹਨ, ਪਰ ਅਜੇ ਖੜਾ ਹੈ ਪਿਛੇ ਵਾਰ ਕਾਜ਼ੀ ਸਲਾਰਦੀਨ, ਹੁਣ ਚਾਹੁੰਦਾ ਹੈ ਕੁਛ ਪੁੱਛਣਾ[2]।

ਸਤਿਗੁਰ ਜੀ-ਕਾਜ਼ੀ ਸਾਹਿਬ ! ਉਰੇ ਆ ਜਾਓ, ਆਲਮ ਸਿੰਘ ਜੀ ! ਲੈ ਆਉ ਆਪਣੇ ਮਿਤ੍ਰ ਨੂੰ ਤੇ ਕਿਥੇ ਹੈ ਉਹ ਢੱਗਾ ਸਿੰਘ ਬੱਗਾ ਸਿੰਘ, ਸੁਹਣੀ ਸੁਖਮਨੀ ਦੇ ਅੰਮ੍ਰਿਤ ਕੂਅਟੇ ਤੋਂ ਰਸਧਾਰਾ ਦੇ ਗੇੜ ਗੇੜਨ ਵਾਲਾ ਢੱਗਾ।

ਆਲਮ ਸਿੰਘ-ਹਾਜ਼ਰ ਹਨ ਪਾਤਸ਼ਾਹ ਦੋਏ। (ਤ੍ਰੈਹਾਂ ਨੇ ਅੱਗੇ ਵਧਕੇ ਮੱਥਾ ਟੇਕਿਆ)!

ਗੁਰੂ ਜੀ-ਬੱਗਾ ਸਿੰਘਾ ! ਡਿੱਠਾ ਈ ਸੁਖਮਨੀ ਦਾ ਰਸ ? ਹੈਂ "ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।। ਭਗਤ ਜਨਾ ਕੇ ਮਨਿ ਬਿਸ੍ਰਾਮ"। ਸੁਖਾਂ ਦੀ ਮਣੀ ਹੈ ਬਾਣੀ, ਮਨਾ ਨੂੰ ਸੁਖ ਦੇਣ ਵਾਲੀ, ਠੰਢਾਂ ਪਾਉਣ ਵਾਲੀ, ਸਤਿਗੁਰ ਅਰਜਨ ਦੇਵ ਜੀ ਦਾ ਰੱਬੀ ਦਿਲ, ਅਕਾਲ ਪੁਰਖ ਦਾ ਨਿਜ ਗਿਆਨ ਤੇ ਨਿਰਾ ਰਸ ਸੁਖਮਨੀ ਕਹਿੰਦੀ ਏ, 'ਮੇਰਾ ਅੰਮ੍ਰਿਤ ਪੀ' ਤੇ ਪੀਓ 'ਨਾਮ ਅੰਮ੍ਰਿਤ' ਬੱਗਾ ਸਿੰਘ !

ਬੱਗਾ ਸਿੰਘ(ਚਰਨਾਂ ਨੂੰ ਘੁੱਟ ਕੇ ਜੱਫੀ ਪਾ ਕੇ)-ਤੇਰੇ ਕਦਮਾਂ ਦਾ ਸਦਕਾ ਖੋਤਿਆਂ ਨੂੰ ਵੀ ਕਥੂਰੀ ਦੀ ਸਾਰ ਪੈ ਗਈ ਹੈ, ਹਰਨੋਟੇ ਬਣ ਗਏ ਹਨ ਸੁਖਾਂ ਨਾਲ, ਦੇ ਦੇ ਨਾ ਆਪਣੇ ਕੂਲੇ ਕੂਲੇ, ਮਿੱਠੇ ਮਿੱਠੇ ਪੈਰ, ਲੰਘ ਜਾਣ ਮੇਰੇ ਕਾਲਜੇ ਦੇ ਵਿੱਚ, ਖੁੱਭ ਜਾਣ ਓਥੇ ਤੇ ਖੁਭੇ ਰਹਿਣ ਤੇ ਬੱਗਾ ਚੰਬੜਿਆ ਰਹੇ:-

ਮਤਿ ਪੂਰੀ ਅੰਮ੍ਰਿਤ ਜਾਕੀ ਦ੍ਰਿਸਟਿ॥
ਦਰਸਨੁ ਪੇਖਤ ਉਧਰਤ ਸ੍ਰਿਸਟਿ॥ ਚਰਨ ਕਮਲ
ਜਾਕੇ ਅਨੂਪ॥ ਸਫਲ ਦਰਸਨੁ ਸੁੰਦਰ ਹਰਿ
ਰੂਪ॥ (ਸੁਖਮਨੀ-੨੨)

ਕਾਜ਼ੀ ਨੇ ਬੱਗੇ ਦਾ ਪਿਆਰਾ ਚਿਹਰਾ' ਇਸ ਵੇਲੇ ਤੱਕ ਕੇ ਹਾਹੁਕਾ ਲਿਆ ਤੇ ਸੋਚਿਆ : ਕਾਸ਼ ! ਮੈ ਇਲਮ ਦੇ ਮੱਥੇ ਕਦੇ ਨਾ ਲੱਗਦਾ। ਕਾਸ਼ ! ਮਾਂ ਮੈਨੂੰ ਬੀ ਢੱਗਾ ਹੀ ਰੱਖਦੀ, ਖਾ ਲਿਆ ਸਮਝ ਨੇ ਤੇ ਸਮਝ ਦੇ ਪੁੱਤ 'ਸ਼ੱਕ' ਨੇ।

ਗੁਰੂ ਜੀ-ਕਾਜ਼ੀ ਸਾਹਿਬ ! ਜਹਾਲਤ ਜਾਂ ਅਗਿਆਨ ਨਹੀਂ ਹੈ ਦਾਰੂ, ਪਰ ਈਮਾਨ ਹੈ ਦਾਰੂ। ਈਮਾਨ ਜਾਹਿਲ[1] ਨੂੰ ਰੋਸ਼ਨੀ ਦੇਂਦਾ ਹੈ, ਤੇ ਆਲਮ[2] ਨੂੰ ਇਤਮੀਨਾਨੇ ਖ਼ਾਤਰ[3]। ਜਿਹਲ[4] ਅਰ ਇਲਮ[5] ਇਨ੍ਹਾਂ ਦੁਹਾਂ ਵਿਚ ਜੋ ਜੋ ਘਾਟਾ ਹੈ ਈਮਾਨ ਪੂਰਾ ਕਰਦਾ ਹੈ।

ਕਾਜ਼ੀ (ਤ੍ਰਬ੍ਰਕ ਕੇ)-ਵਾਹ ਵਾਹ ਸਾਹਿਬ ਦਿਲ ਜੀਉ! ਵਾਹ ਵਾ ਸਾਹਿਬ ਕਮਾਲ ! ਖੂਬ !!

ਗੁਰੂ ਜੀ-ਕਿਉਂ ਆਲਮ ਸਿੰਘ। ਵਿਦਜਾ ਸੁਖਦਾਈ ਹੈ ਕਿ ਦੁਖਦਾਈ ?

ਆਲਮ ਸਿੰਘ-ਤੇਰੇ ਚਰਣਾਂਬੁਜ ਦੀ ਪ੍ਰੀਤਿ ਹੋਵੇ ਤਾਂ ਸੁਖਦਾਈ, ਨਹੀਂ ਤਾਂ ਆਕੜ ਤੇ ਹੈਂਕੜ ਦਾ ਕਿੱਲਾ ਏ ਵਿਦਜਾ, ਜੋ ਧੌਣ ਵਿਚ ਵੜਕੇ ਧੌਣ ਨੂੰ ਲੱਕੜ ਬਣਾ ਦੇਂਦਾ ਏ। ਹਾਂ, ਇਕ ਕੰਡਾ ਏ ਵਿਦਜਾ ਜੋ ਕਾਲਜੇ ਪੁੜਦਾ ਏ, ਚੁਭਦਾ ਏ ਆਪ ਨੂੰ ਤੇ ਚੋਭਾਂ

---

1. ਇਸ ਦੇ ਅਰਥ ਵਾਸਤੇ ਦੇਖੋ ਏਸੇ ਪੁਸਤਕ ਦਾ ਪੰਨਾ-੨੭੦
2. ਜਬਹਿ ਭੀਰ ਬਹੁ ਹਟਿ ਕਰਿ ਗਈ॥ ਤਬਿ ਬੂਝਨ ਕੀ ਚਿਤ ਮਹਿ ਠਈ॥ ੨॥ (ਸੂ: ਪ੍ਰਕਾਸ਼)

1. ਮੂਰਖ। 2. ਵਿਦਵਾਨ।
3. ਦਿਲ ਦੀ ਤਸੱਲੀ। 4. ਅਗਿਆਨ। 5. ਗਿਆਨ।

ਦੇਂਦਾ ਏ ਦੂਇਆਂ ਨੂੰ, ਪਰ ਜਦ ਤੇਰੀ ਪ੍ਰੀਤਿ ਦੀ ਤਾਰ ਵਿਚ ਵਿਦਯਾ ਪ੍ਰੋਤੀ ਜਾਵੇ ਤਾਂ ਵਿਦਯਾ ਰਹਿਬਰੀ ਦਾ ਚਰਾਗ ਬਣਦੀ ਏ। ਦਾਤਾ ! ਤੇਰੇ ਬਖਸ਼ੇ ਪ੍ਰੇਮ ਬਿਨਾਂ ਸਾਰੇ ਗੁਣ ਬੂਰ ਹਨ ਮਕੱਈਆਂ ਦੇ, ਜਿਨ੍ਹਾਂ ਨੂੰ ਛੱਲੀਆਂ ਨਹੀਂ ਪਈਆਂ।

ਗੁਰੂ ਜੀ-ਕਾਜ਼ੀ ਜੀਓ ! ਸੁਣਾਓ ਨਿਆਂ ਕਰਦੇ ਹੋ ਕਿ ਕਨਿਆਉਂਦੇ ਹੋ ਅਪਣਿਆ ਵੱਲ ?

ਬੱਗਾ ਸਿੰਘ-ਮੇਰੇ ਦੂਲੇ ਪਾਤਸ਼ਾਹ ! ਜਾਣਦੇ ਹੋ ਸੱਭੋ ਕੁਛ, ਚੋਜ ਕਰਦੇ ਹੋ ਚੋਜਾਂ ਵਾਲਿਓ।

ਗੁਰੂ ਜੀ-ਭਲਾ ਤੂੰ ਦੱਸ ਖਾਂ ਬੱਗਿਆ ਸ਼ੇਰਾ !

ਬੱਗਾ ਸਿੰਘ-ਬੱਗਾ ਸਿਹੁੰ ਤਾਂ ਸੁਣੀ ਸੁਣਾਈ ਦੱਸੂ, ਕੋਈ ਵੇਖੀ ਵਿਖਾਈ ਦੱਸੂ ਤੇ ਤੂੰ ਮੇਰੇ ਡਾਢੇ ਮਿੱਠਿਆ ! ਆਪਣਿਆਂ ਆਪਣਿਆਂ ! ਹਾਇ ! ਘੁੱਟ ਲਵਾਂ (ਕਚੀਚੀ ਵੱਟ ਕੇ ਚਰਨ ਛਾਤੀ ਨਾਲ ਘੁੱਟਕੇ) ਤੂੰ ਤਾਂ ਹਾਇ ! ਜਾਣਨਾਂ ਏਂ ਅੰਦਰ ਦੀਆਂ ਸਾਰੀਆਂ।

ਗੁਰ ਜੀ(ਨੈਣ ਮੁੰਦਕੇ)-ਧੰਨ ਸਾਧ ਸੰਗਤ !

ਬੱਗਾ ਸਿੰਘ(ਚਰਨ ਘੁੱਟ ਵਿਚੋਂ ਛਡ ਕੇ ਝੋਲੀ ਵਿਚ ਰੱਖ ਕੇ ਤੇ ਨਰਮ ਨਰਮ ਪਲੋਸ ਕੇ)-ਕਾਜ਼ੀ ਡਾਢਾ ਬੀਬਾ ਏ, ਹਿੰਦੂ ਮੁਸਲਮਾਨ ਸਭ ਦਾ ਨਿਆਂ ਕਰਦਾ ਏ; ਪੂਰਾ ਜੋਖਦਾ ਏ, ਰਵਾਦਾਰ ਨਹੀਂ ਵੱਢੀ ਦਾ, ਨਾ ਕੌਡੀ ਦੀ ਨਾ ਪੈਸੇ ਦੀ। ਨਾ ਸੁਣਦਾ ਏ ਚੁਗਲੀ, ਨਾ ਮੰਨਦਾ ਏ ਸਪਾਰਸ਼ਾਂ। ਬੱਸ, ਰੁਖਾ ਭੁਕਾ ਕਦੇ ਨਾ ਭਿੱਜਾ ਖਿੰਘਰ ਏ, ਤਦੇ ਖੁਣਸਦੇ ਸੂ ਏਹ ਮੁਲਾਣੇ ਤੇ ਮੁਖਤੀ ਤੇ ਹੋਰ ਮਰ ਜਾਣੇ ਪੜ੍ਹੇ ਹੋਏ, ਆਖਦੇ ਨੇ ਰਈ ਕਿਉਂ ਨਹੀਂ ਕਰਦਾ ਤੁਰਕਾਂ ਦੀ, ਲਓ ਜੀ ਰਈ ਕਿਉਂ ਕਰੇ ?

ਗੁਰੂ ਜੀ(ਮੁਸਕ੍ਰਾ ਕੇ)-ਵਾਹ ਕਾਜ਼ੀ ਸਾਹਿਬ ! ਇਹੋ ਫਰਜ਼ ਹੈ ਕਾਜ਼ੀ ਦਾ, ਇਹੋ ਧਰਮ ਹੈ ਕਾਜ਼ੀ ਦਾ।

ਕਾਜ਼ੀ-ਮੈਂ ਗੁਨਾਹਗਾਰ ਹਾਂ, ਨਿਆਂ ਕਰਨ ਦਾ ਹੰਕਾਰੀ ਹਾਂ। ਤੇਰੇ ਇਸ ਅਣਵਿਧ ਮੋਤੀ, ਇਸ ਇਲਮ ਦੀ ਵਰਮੀ ਨਾਲ ਨਾ ਵਿਧੇ ਮੋਤੀ ਬੱਗਾ ਸਿੰਘ ਦਾ ਭਲਾ ਹੋਵੇ, ਇਸ ਨੇ ਚਾਟ ਲਾਈ ਹੈ ਰਸ ਦੀ ਮੈਨੂੰ। ਆਇਆ ਸਾਂ ਮੈਂ ਤੇਰੇ ਦਰ ਖ਼ੈਰ ਮੰਗਣ ਰਸ ਦੀ, ਪਰ ਦੇਖ ਦਾਤਾ ! ਇਸ ਇਲਮ ਦੀ ਜਹਾਲਤ ਦੇਖ ! ਇਸ ਵਿਦਯਾ ਦਾ ਅੰਧਕਾਰ ਦੇਖ, ਮੇਰੇ ਰੌਸ਼ਨ ਮਨ ਦਾ ਹਨੇਰਾ ਕਿ ਆਪ ਦੇ ਦਰਬਾਰ ਬੈਠਿਆਂ ਬੈਠਿਆਂ ਫੇਰ ਮੇਰਾ ਕਾਫਰ ਮਨ ਸ਼ੱਕ ਦੇ ਘਰ ਟੁਰ ਜਾਂਦਾ ਰਿਹਾ ਹੈ। ਜਿਸ ਨੂੰ ਸ਼ੱਕ ਫੁਰੇ ਸੋਈ ਕਾਫਰ ਹੈ ਨਾ-'ਹਰ ਕਿ ਸ਼ੱਕੇ ਆਰਦ ਕਾਫਰ ਗਰਦਦ[1]' ਸੋ ਕਾਫਰ ਹੋ ਗਿਆ ਹਾਂ, ਇਥੇ ਵਾਹਦਾਨੀਯਤ (ਏਕਤਾ) ਦੇ ਸਮੁੰਦਰ ਵਿਚ ਅੱਪੜ ਕੇ ਬੀ, ਇਹ ਹੈ ਇਲਮ ਦਾ ਨੁਕਸ।

ਗੁਰੂ ਜੀ-ਕੋਈ ਨਹੀਂ ਕਾਜ਼ੀ ਸਾਹਿਬ ! ਸ਼ੱਕ ਕੱਢ ਲਓ, ਸਰੀਰ ਚੁਭੇ ਕੰਡੇ ਨੂੰ ਕੱਢਿਆਂ ਹੀ ਨੀਂਦ ਪੈਂਦੀ ਹੈ, ਮਨ ਪੁੜੇ ਕੰਟਕ ਨੂੰ ਦੂਰ ਕੀਤਿਆਂ ਹੀ ਈਮਾਨ ਜੰਮਦਾ ਹੈ।

ਕਾਜ਼ੀ-ਬੇਅਦਬੀ ਮੁਆਫ਼ ! ਮੈਂ ਆਪ ਨੂੰ ਵਰ ਦਾਨ ਦੇਂਦਿਆਂ ਦੇਖਕੇ ਸੋਚਦਾ ਰਿਹਾ ਹਾਂ ਕਿ ਜੇ ਰੱਬ ਨੇ ਅਜ਼ਲ ਤੋਂ ਸਭ ਦੀ ਕਿਸਮਤ ਲਿਖ ਰੱਖੀ ਹੈ ਤਾਂ ਇਹ ਕੌਣ ਹਨ ਦੇਣਹਾਰੇ ? ਤੇ ਜੇ ਸਭ ਨੇ ਆਪਣੇ ਪਿਛਲੇ ਕੀਤਿਆਂ ਦਾ ਫਲ ਭੁਗਤਣਾ ਹੈ ਤਾਂ ਇਹ ਕੌਣ ਹਨ ਬਦਲਣ ਵਾਲੇ। ਫੇਰ ਕੁਫ਼ਰ ਮੈਨੂੰ ਇਥੇ ਲੈ ਜਾਂਦਾ ਰਹਿਆ ਹੈ ਕਿ ਐਵੇਂ ਕਿਉਂ ਇਹ ਕੁਛ ਕਰ ਰਹੇ ਹਨ ?

ਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਆਖਣ ਲੱਗੇ - ਕਾਜ਼ੀ ਜੀ। ਆਪ ਨੂੰ ਨਾ ਕੋਸੋ ਤੇ ਇਧਰ ਧਿਆਨ ਦਿਓ ਤੇ ਇਕ ਰਮਜ਼ ਨੂੰ ਸਮਝੋ, ਤੁਸਾਡੇ ਸੰਸੇ ਦੀ ਨਵਿਰਤੀ ਹੋ ਜਾਏਗੀ। ਇਹ ਕਹਿਕੇ ਦੁਆਤ ਤੇ ਕਾਗਜ਼ ਮੰਗਾਇਆ ਤੇ ਆਪਣੇ ਹੱਥੋਂ ਮੁਹਰ ਉਤਾਰ ਕੇ ਕਾਜ਼ੀ ਨੂੰ ਦਿਖਾਈ ਕਿ ਦੇਖੋ ਕਾਜ਼ੀ ਸਾਹਿਬ ! ਇਹ ਕੀ ਹੈ ?

ਕਾਜ਼ੀ-ਮੋਹਰ ਛਾਪ ਹੈ।

ਗੁਰੂ ਜੀ-ਇਸ ਵਿਚ ਹਰਫ ਹਨ, ਪਰ ਕਿਸ ਹਾਲਤ ਵਿਚ ?

ਕਾਜ਼ੀ-ਪੁੱਠੇ ਹਨ।

ਤਦ ਗੁਰੂ ਜੀ ਨੇ ਸ਼ਾਹੀ ਲਾ ਕੇ ਮੋਹਰ ਕਾਗਜ਼ ਤੇ ਲਗਾ ਦਿੱਤੀ ਤੇ ਪੁੱਛਣ ਲੱਗੇ-ਕਾਜ਼ੀ ਸਾਹਿਬ ! ਇਸ ਲੱਗੀ ਮੋਹਰ ਵਿਚ ਉਹ ਹਰਫ ਹਨ ਕਿ ਹੋਰ ?

ਕਾਜ਼ੀ-ਉਹੋਦੇ ਉਹੋ, ਪਰ ਹੁਣ ਸਿਧੇ ਹੋ ਗਏ ਹਨ।

ਗੁਰੂ ਜੀ-ਜਦੋਂ ਮੋਹਰ ਕਜ਼ਾ ਦੀ ਤੁਹਾਡੇ ਹੱਥ ਹੁੰਦੀ ਹੈ, ਕੁਛ ਸਾਰਦੀ ਹੈ ?

ਕਾਜ਼ੀ-ਨਹੀਂ ਜੀ, ਜਦੋਂ ਲੱਗਦੀ ਹੈ ਤਾਂ ਪਾਤਸ਼ਾਹੀ

1. ਜੋ ਸ਼ੱਕ ਕਰੇ ਸੋ ਕਾਫ਼ਰ ਹੋ ਜਾਂਦਾ ਹੈ।

ਹੁਕਮ ਦਾ ਮੁੱਲ ਰੱਖਦੀ ਹੈ।

ਗੁਰੂ ਜੀ-ਕਰਮ ਯਾ ਤਕਦੀਰ ਮੱਥੇ ਲਿਖੀ ਹੈ, ਕਰਮਾ ਅਨੁਸਾਰ ਯਾ ਅਜ਼ਲ ਦੇ ਹੁਕਮ ਅਨੁਸਾਰ ਜਦੋਂ ਮਸਤਕ ਨੀਉਂਦਾ ਹੈ ਤੇ ਰੱਬ ਪਿਆਰੇ ਦੀ ਅਸੀਸ ਨਾਲ ਰਲਦੀ ਹੈ ਤਾਂ ਪੁੱਠੇ ਸਿੱਧੇ ਹੋ ਜਾਂਦੇ ਹਨ:-

ਕਾਜ਼ੀ ਸੁਨ ਮਨ ਭਇਓ ਅਨੰਦ। ਠਾਂਢਾ ਭਇਓ ਹਾਥ ਦ੍ਵੈ ਬੰਦਿ॥ ੩॥ ਝੁਕ ਝੁਕ ਕਰੈ ਸਲਾਮ ਅਗਾਰੀ। ਗੁਰ ਤਾਰੀਫ ਬਿਲੰਦ ਉਚਾਰੀ। (ਸ: ਪ੍ਰ:)

ਗੁਰੂ ਜੀ-ਕਿਉਂ ਬੱਗਾ ਸਿਹਾਂ ?

ਬੱਗਾ ਸਿੰਘ-ਠੀਕ ਹੈ ਜੀ, ਕਾਜ਼ੀ ਜੀ ਨੇ ਨਿਸ਼ਾ ਕਰ ਲਈ ਹੈ ਜੀ। ਮੈਂ ਢੱਗੇ ਲਈ ਉਥੇ ਮੁਹਰ ਛਾਪਾਂ ਘੜਨ ਵਾਲੇ ਸਾਓ ਤੁਸੀਂ, ਤੁਸੀਂ, ਤੁਸੀਂ ਹੀ ਅੱਖਰ ਉਕੇਰਨ ਵਾਲੇ ਸਾਓ, ਇਥੇ ਸ਼ਾਹੀ ਲਾਕੇ ਪੁੱਠੀਆਂ ਨੂੰ ਸਿਧੀਆਂ ਲਾਉਣ ਵਾਲੇ ਬੀ ਹੋ ਤੁਸੀਂ ਆਪ। ਅਸੀਂ ਕੀਹ ਨਿਕਾਰੇ ਤੇ ਸਾਡੇ ਕਰਮ ਕਾਹਦੇ ? ਕਾਹਦੇ ਚੰਗੇ ਕਾਹਦੇ ਮੰਦੇ ! ਚੰਗੇ ਕੀਤੇ ਤਾਂ ਮੁੱਠ ਭਰ, ਮੰਦੇ ਕੀਤੇ ਤਾਂ ਬੁੱਕ ਭਰ, ਹੋਏ ਜੋ ਗੇਣਤੀ ਮੇਣਤੀ ਵਾਲੇ ਨਿੱਕੇ ਜਿਹੇ। ਤੇਰੀ ਮਿਹਰ ਅਪਾਰ ! ਤੇਰੀ ਨਦੀ ਵਹਿੰਦੀ ਏ-ਨੈ ਮਿਹਰਾਂ ਦੀ, ਨਦੀ ਕਿ ਸ਼ਹੁ ਦਰਿਯਾ। ਧੋਪ ਜਾਂਦੇ ਤੇ ਰੁੜ੍ਹ ਜਾਂਦੇ ਹੈਨ ਸਾਡੇ ਰੀਦ ਤੇ ਕੂੜੇ। (ਆਲਮ ਸਿੰਘ ਵਲ ਤੱਕ ਕੇ) ਹਾਹੋ ਬਾਬਾ ਜੀ ! ਲਓ ਮੈਨੂੰ ਸੁਖਮਨੀ ਕਿਹੜੇ ਕਰਮਾਂ ਨੇ ਬਖਸ਼ੀ ਏ ਤੇ ਉਹ ਜੋ ਸੁਖਮਨੀ ਵਿਚ ਸੁਆਦ ਏ, ਬਾਬਾ ਜੀ ! ਮੇਰੀ ਕਰਨੀ ਕਰਤੂਤ ਦਾ ਕੋਈ ਸਿੱਟਾ ਨਿਸਰਿਆ ਏ ? ਹੈ ਤਾਂ ਇਹ ਉਹੋ ਰਸ ਨਾ ਜੋ ਤੁਸੀਂ ਦੱਸਦੇ ਓ-ਨਾਮ ਦਾ ਝਮੱਕਾ ਵਜਦਾ ਏ। ਹੈਂ, ਤੇ ਅੰਦਰ ਕਿਤੇ ਜੀ ਵਿਚ, ਕਿ ਸਿਰ ਵਿਚ, ਕਿਤੇ ਇਹ 'ਹੈ ਹੈ' ਦੀ ਇਕ ਮੂਰਤਿ ਜਿਹੀ ਬੱਝ ਖੜੋਂਦੀ ਤੇ ਰਸ ਰਸ ਕਰ ਦੇਂਦੀ ਏ। ਕਿਉਂ ਬਾਬਿਆ ! ਓ ਮੇਰੇ ਕਿਸੇ ਕੀਤੇ, ਸੁਆਰੇ, ਬਣਾਏ ਜਾਂ ਉਗਾਏ ਨੂੰ ਮੁੰਜਰਾਂ[1] ਆਣ ਪਈਆਂ ਕਿ ਕਰਮਾਂ ਦਾ ਕੋਈ ਮੇਰਾ ਹੀਲਾ ਹਵਾਲਾ ਢੁੱਕ ਪਿਆ ਏ ? ਕੂੜੀਆਂ ਗੱਲਾਂ, ਮੇਰੇ ਕਰਮ ਢੱਗੇ ਵਾਹੁਣੇ, ਪਸ਼ੂਆਂ ਨੂੰ ਜੋਣਾ, ਪਸ਼ੂਆਂ ਦੇ ਪੱਠੇ ਕੁਤਰਨੇ, ਪਸ਼ੂਆਂ ਨੂੰ ਨੁਹਾਉਣਾ, ਸੇਵਾ ਕਰਨੀ, ਪਸ਼ੂਆਂ ਨਾਲ ਪਸ਼ੂ ਹੋ ਜਾਣਾ ਆਪ, ਸੱਚਾ ਏ-ਬੱਗਾ ਢੱਗਾ। ਪਰ ਦੇਖੋ ਖਾਂ ! ਗਾਧੀ ਤੇ ਬੈਠਦਾ ਏ ਤੇ ਸੁਆਦਾਂ ਨਾਲ ਝੂੰਮਦਾ ਏ। ਹੁੰਦਾ ਹੋਊ ਪਾਤਸ਼ਾਹ ਨੂੰ ਸੁਖ ਗੱਦੀ ਉਤੇ, ਅਸਾਂ ਕੋਈ ਡਿੱਠਾ ਥੋੜ੍ਹਾ ਏ। ਇਹ ਸੁਖ ਤਾਂ ਡਿੱਠਾ ਏ ਜਿਹੜਾ ਆਪ ਨੂੰ ਵਾਪਰਦਾ ਏ ਪਿਆ ਰੋਜ਼, ਡਿੱਠੇ ਵਰਗਾ ਮਿੱਠਾ ਕਿਹੜਾ ਏ ? (ਕਲਗੀਧਰ ਜੀ ਵਲ ਤੱਕਕੇ) ਕਿਉਂ ਜੀ ! ਮੁਹਰਾਂ ਵਾਲੇ ਮਾਲਿਕ ਪਾਲਿਕ ਜੀ ! ਦੱਸੋ ਨਾ, ਲੁਕੋ ਨਾ ਨਾ ਕਰੋ : ਇਕ ਵੇਰ ਆਪਣੇ ਮੂੰਹ ਥੋਂ ਬੀ ਚਾ ਦੱਸੋ ਨਾ ਤੁਸੀਂ ਹੀ ਹੋ ਨਾ ਉੱਥੇ ਇਥੇ ਕੌਤਕਹਾਰ :-

ਆਪਹਿ ਕਉਤਕ ਕਰੈ ਅਨਦ ਚੋਜ॥ ਆਪਹਿ
ਰਸ ਭੋਗਨ ਨਿਰਜੋਗ॥ ਜਿਸ ਭਾਵੈ ਤਿਸੁ ਆਪਨ
ਨਾਇ ਲਾਵੈ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ॥
(ਸੁਖਮਨੀ-੨੧)

ਹਾਂ, ਇਥੇ ਤੁਸਾਂ ਮੁਹਰਾਂ ਲਾਈਆਂ, ਕੋਈ ਬੱਗੇ ਦੇ ਕਰਮ ਢੱਗੇ ਦੇ ਆ ਕੇ ਲਾ ਗਏ ਛਾਪਾਂ ? ਹੈਂ ਜੀ ?

ਮਾਨਸ ਜਤਨ ਕਰਤ ਬਹੁ ਭਾਤਿ॥
ਤਿਸਕੇ ਕਰਤਬ ਬਿਰਕੇ ਜਾਤਿ॥ (ਸੁਖਮਨੀ-੧੭)

ਠੀਕ ਹੈ ਜੀ ਠੀਕ, ਤੁਸਾਂ ਮੁਹਰਾਂ ਲਾਕੇ ਪੁੱਠੀਆਂ ਸਿੱਧੀਆਂ ਕਰ ਕੇ ਪਰਗਾਸ ਕੀਤੀਆਂ। ਠੀਕ ਹੈ, ਸੱਦੀਂ ਵਾਕ ਯਾਦ ਆ ਗਿਆ ਹੈ ਜੀ :-

ਓਤਿ ਪੋਤਿ ਰਵਿਆ ਰੂਪ ਰੰਗ॥
ਭਏ ਪ੍ਰਗਾਸ ਸਾਧ ਕੈ ਸੰਗ॥ (ਸੁਖਮਨੀ-੨੧)

ਫੇਰ ਚਰਨਾ ਨੂੰ ਜੱਫਾ ਮਾਰ ਕੇ :-

ਅਵਰਿ ਉਪਾਵ ਸਭਿ ਮੀਤ ਬਿਸਾਰਹੁ॥
ਚਰਨ ਕਮਲ ਰਿਦ ਮਹਿ ਉਰਿਧਾਰਹੁ॥ (ਸੁਖਮਨੀ-੧੯)

(ਚਰਨਾਂ ਨੂੰ ਹੋਰ ਘੁੱਟ ਕੇ)-

ਚਰਨ ਕਮਲ ਰਿਦ ਮਹਿ ਉਰਿਧਾਰਹੁ॥
ਕਰਨ ਕਾਰਨ ਸੋ ਪ੍ਰਭੁ ਸਮਰਥੁ॥
ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ॥ (ਸੁਖਮਨੀ-੧੯)

ਹਾਂ ਚਰਨੋ ! ਧਸ ਜਾਓ ਮੇਰੇ ਕਾਲਜੇ, ਫੇਰ ਮੈਂ ਕੀ ਕਰਨੀ ਤੇ ਕਾਜ਼ੀ ਨੇ ਕੀ ਕਰਨੀ ? ਕਰਨ ਕਰਾਵਨ ਉਥੇ ਇਹੋ ਪ੍ਰਭੂ ਜੀ ਮਹਾਰਾਜ ! ਹਾਇ ! ਨਾਮ ਦੀ ਵਥੁ ਅੰਦਰ ਦੀ ਕੰਨੀ ਵਿਚ ਕੱਸਕੇ ਬੱਝ ਜਾਏ ਨਾ, ਪੀਡੀ ਪੀਡੀ ਗੰਢ ਪੈ ਜਾਏ[1] ਨਾ:-

---

1. ਤੁਲਸੀ ਆਦਿ ਬੂਟਿਆਂ ਤੇ ਪਏ ਫੁਲ ਨੂੰ ਮੁੰਜਰਾਂ ਕਹਿੰਦੇ ਹਨ।

1. ਨਉ ਨਿਧਿ ਨਾਮੁ ਨਿਧਾਨ ਹਰਿ ਮੈ ਪਲੈ ਬਧਾ ਛਿਕਿ ਜੀਉ॥ (ਸਿਰੀ ਰਾਗੁ ਮਹਲਾ ੧)

"ਚਰਨ ਕਮਲ ਜਾਕੇ ਅਨੂਪ"। "ਚਰਨ ਕਮਨ ਜਾਕੇ ਅਨੂਪ"। (ਸੁਖਮਨੀ)

ਆਖਦਾ ਬੱਗਾ ਨੈਣ ਮੁੰਦ ਕੇ ਚਰਨਾਂ ਨਾਲ ਹੀ ਲਗਦਾ ਚੁਪ ਹੋ ਗਿਆ।

ਕਾਜ਼ੀ-ਦਾਤਾ ਜੀਉ ! ਦਾਤਿਆਂ ਦੇ ਸਰਵਰ ਜੀਉ ! ਇਹ ਬੱਗੇ ਸ਼ੇਰ ਵਾਲੀ ਸਾਦਗੀ ਮਿਲੇ, ਇਸ ਸਾਦਗੀ ਦੇ ਤਖਤੇ ਉਤੇ ਮੇਹਰ ਲਗ ਜਾਏ ਆਪ ਦੇ ਨਾਮ ਦੀ, ਜ਼ਿਕਰ ਤੇ ਫਿਕਰ ਦੀ[1]।

ਗੁਰੂ ਜੀ-ਕਾਜ਼ੀ ! ਪੜ੍ਹੇ ਹੋਏ ਦਿਲਾਂ ਦੀ ਹੈਰਾਨੀ ਤੇ ਸ਼ੱਕ ਦੀ ਦੌੜ ਭਜ ਤਸੱਲੀ ਪਾਏ ਤਾਂ ਹੀ ਠੀਕ ਹੈ। ਕੁਛ ਹੈ ਅਜੇ ਤੁਹਾਡੇ ਮਨ ਰਿਜ਼ਮ ਸੰਸੇ ਦੀ, ਕਰ ਲਓ ਦੂਰ। ਭਾਈ ਆਲਮ ਸਿੰਘ ਜੀ ! ਆਪ ਸੁਣਾ ਦਿਓ ਉਸ ਤੱਤਿਆਂ ਤਵਿਆਂ ਤੇ ਅਹਿੱਲ ਸਮਾਧੀ ਲਾਉਣ ਵਾਲੇ ਮਹਾਨ ਦਾਤਾ ਜੀ ਦੀ ਰਾਜੇ ਨਾਲ ਇਹੋ ਕਰਨੀ।

ਆਲਮ ਸਿੰਘ--ਕਾਜ਼ੀ ਜੀਓ, ਸਾਡੇ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦਾ ਪਰਤੱਖ ਰੂਪ ਆਪ (ਗੁਰੂ ਜੀ ਵਲ ਸੈਨਤ ਕਰਕੇ) ਬਿਰਾਜਮਾਨ ਹਨ, ਪੰਜਵੇਂ ਗੁਰੂ ਜੀ ਹੋਏ ਹਨ, ਜਿਨ੍ਹਾਂ ਦੇ ਹਿਮਾਲਿਆ ਨਾਲੋਂ ਠੰਡੇ ਸੀਤਲ ਦਿਲ ਤੋਂ ਨਿਰਮਲਾਂ ਤੋਂ ਨਿਰਮਲ ਸ੍ਰੋਤ ਸੁਖਮਨੀ ਦੀ ਨਿਕਲੀ, ਸਦਾ ਲਈ ਪ੍ਰੇਮੀ ਹਿਰਦਿਆਂ ਤੇ ਵੇਗ ਮਾਰਦੀ ਟੁਰ ਪਈ। ਹਾਂ, ਜਿਨ੍ਹਾਂ ਨੇ ਆਪਣੇ ਆਤਮਾਂ ਦੇ ਅੰਮ੍ਰਿਤ ਕੁੰਡ ਤੋਂ ਇਹ ਅੰਮ੍ਰਿਤ ਦੀ ਸਲਿਤਾ ਸਦਾ ਲਈ ਪ੍ਰਵਾਹ ਵਿਚ ਪਾ ਦਿੱਤੀ, ਉਹ ਬੀ ਇਸੇ ਪ੍ਰਸ਼ਨ ਦੇ ਉੱਤਰ ਦੇਣ ਹਾਰੇ ਹੋਏ ਸਨ ਕੌਤਕ ਨਾਲ।

ਮੰਡੀ ਦੇ ਰਾਜਾ ਜੀ ਸਾਹਿਬ ਪੰਚਮ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਸਨ। ਆਪ ਨੂੰ ਇਕ ਦਿਨ ਸੰਸਾ ਫੁਰਿਆ ਕਿ -

"ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ" (ਦ:ਓ:)

ਜੇ ਜੋ ਲਿਖਿਆ ਹੈ ਸੋਈ ਹੋਣਾ ਹੈ, ਤਾਂ ਸਤਿਗੁਰੂ ਜੀ ਦਾ ਵਿਚ ਕੀ ਦਖ਼ਲ ਹੈ ? ਇਨ੍ਹਾਂ ਦੀ ਸ਼ਰਨ ਲੈਣ ਦਾ ਤੇ ਇਨ੍ਹਾਂ ਦੀ ਅਸੀਸ ਦਾ ਕੀਹ ਅਰਥ ਹੈ ? ਜਾਂ ਇਹ ਸੰਸਾ ਵਿਦਤ ਹੋਇਆ ਤਾਂ ਕੌਤਕਹਾਰ ਸਤਿਗੁਰਾਂ ਨੇ ਇਕ ਖੇਲ ਰਚਾ ਦਿੱਤਾ। ਰਾਜਾ ਜਦ ਰਾਤ ਸੁੱਤਾ ਤਾਂ ਸੁਪਨਾ ਡਿੱਠੋਸੁ ਕਿ ਰਾਜ ਭੋਗ ਕੇ ਬ੍ਰਿਧ ਹੋ ਕੇ ਮਰ ਗਿਆ ਹਾਂ ਤੇ ਮਰ ਕੇ ਕੀਤੇ ਬੁਰੇ ਕਰਮਾਂ ਦੇ ਫਲ ਵਿਚ-ਤਪੋਂ ਰਾਜ ਤੇ ਰਾਜੋਂ ਨਰਕ-ਚੰਡਾਲ ਦੇ ਘਰ ਜੰਮਿਆ ਹਾਂ। ਉਥੇ ਵਡਾ ਹੋਇਆ, ਵਿਆਹਿਆ, ਪੁਤ੍ਰ ਧੀਆਂ ਜੰਮੇ, ਕੰਮ ਕਾਜ ਕੀਤੇ, ਦੁਖ ਭਰੇ, ਜਨਮ ਬਿਤਾ ਕੇ ਮਰ ਗਿਆ। ਜਾਂ ਜਾਗ ਖੁਲ੍ਹੀ ਤਾਂ ਸਾਰਾ ਸੁਪਨਾ ਸੀ, ਪਰ ਰਾਜਾ ਉਦਾਸੀਨ ਬਹੁਤ ਹੋਇਆ। ਅਗਲੇ ਦਿਨ ਸਤਿਗੁਰਾਂ ਨੇ ਕਹਿ ਘੱਲਿਆ ਕਿ ਆਪ ਸ਼ਿਕਾਰ ਚੜ੍ਹੋ ਤਾਂ ਅਸੀਂ ਬੀ ਨਾਲ ਚੱਲਾਂਗੇ। ਸੋ ਸਤਿਗੁਰ ਦਾ ਚਿਤ ਸਮਝ ਕੇ ਰਾਜਾ ਸ਼ਿਕਾਰ ਚੜ੍ਹਿਆ ਤਾਂ ਆਪ ਸਤਿਗੁਰੂ ਜੀ ਨਾਲ ਗਏ; ਜਿਥੇ ਕੁ ਅੰਮ੍ਰਿਤਸਰ ਦੇ ਨੇੜੇ ਗੁਰੂ ਕੀ ਰੌੜ ਹੈ[1], ਜਾ ਪਹੁੰਚੇ। ਰਾਜਾ ਤਾਂ ਸ਼ਿਕਾਰ ਦੇ ਮਗਰ ਕੁਛ ਦੂਰ ਨਿਕਲ ਗਿਆ, ਸਤਿਗੁਰੂ ਜੀ ਜ਼ਰਾ ਪਿਛੇ ਰਹਿ ਗਏ ਤੇ ਫੇਰ ਠਹਿਰ ਗਏ ਇਕ ਥਾਂ। ਥੱਕ ਕੇ ਰਾਜਾ ਘੋੜੇ ਤੋਂ ਉੱਤਰ ਖੜੋਤਾ। ਘੋੜਾ ਇਕ ਰੁੱਖ ਨਾਲ ਬੱਧੋਸੂ ਤੇ ਪਾਣੀ ਦਾ ਫਿਕਰ ਕਰਨ ਲੱਗਾ। ਇੰਨੇ ਨੂੰ ਚੂਹੜਿਆਂ ਦੇ ਮੁੰਡਿਆਂ ਨੇ, ਜੋ ਕੋਲ ਖੇਡ ਰਹੇ ਸਨ, ਡਿੱਠਾ ਤੇ ਸਿਞਾਤਾ ਕਿ ਇਹ ਤਾਂ ਸਾਡਾ ਬਾਪੂ ਹੈ! ਭੰਨੇ ਗਏ ਤੇ ਸਾਰੇ ਟੱਬਰ ਨੂੰ ਜਾ ਦੱਸਿਓ ਨੇ : ਬਾਪੂ ਆ ਗਿਆ ਏ। ਸਭਨਾਂ ਆ ਕੇ ਸਿੰਞਾਣ ਲਿਆ ਕਿ ਇਹ ਤਾਂ ਸਾਡਾ ਹੀ ਹੈ ਜੋ ਮਰ ਗਿਆ ਸੀ। ਹਾਂ, ਇਹ ਮੋਇਆ ਨਹੀਂ ਹੋਣਾ, ਮੂਰਛਾ ਖਾ ਕੇ ਬਹਾਨੇ ਖੋਰ ਖਿਸਕ ਗਿਆ ਹੋਣਾ ਏ। ਤੇ ਕਿਤੇ ਜਾ ਕੇ ਏਡਾ ਸ਼ਾਹੂਕਾਰ ਬਣ ਗਿਆ ਹੈ। ਗੱਲ ਕੀਹ ਸਾਰੇ ਘੇਰ ਖੜੋਤੇ, ਪਿੰਡ ਦਿਆਂ ਪੈਂਚਾਂ ਨੂੰ ਸਦ ਘੱਲਿਓ ਨੇ। ਉਹਨਾਂ ਬੀ ਸਹੀ ਪਛਾਣਿਆ ਕਿ ਸਾਡਾ ਚੂਹੜਾ ਹੈ, ਕੰਮਾਂ ਕਾਜਾਂ ਤੋਂ ਭੱਜ ਗਿਆ ਹੈ, ਹੁਣ ਜਾਣ ਨਾ ਦਿਓ ਤੇ ਘੋੜਾ ਤਲਵਾਰ ਖੱਸ ਲਓ। ਰਾਜੇ ਨੂੰ ਇਹ ਕੌਤਕ ਦੇਖ ਕੇ ਇਕ ਰੰਗ ਆਵੇ ਇਕ ਜਾਵੇ। ਜੋ ਵਿਆਕੁਲਤਾ ਉਸ ਨੂੰ ਹੋਈ ਕਾਜ਼ੀ ਜ਼ੀ! ਵਿਚਾਰ ਲਓ, ਕਿੰਨੀ ਕੁ ਹੋਊ ? ਇਕ ਹਿੰਦੂ ਨੂੰ ਇਹ ਡਰ ਭਿਆਨਕ ਹੈ ਕਿ ਚੂਹੜਿਆਂ ਵਿਚ ਵੱਸਣਾ ਪਊ, ਭਿੱਟਣਾ ਪਊ, ਖਾਣਾ ਪਊ। ਹਾਂ, ਇਹ ਕੀਕੂੰ ਝੱਲੂੰ, ਇਹ ਕੈਦ ਕੀਕੂੰ ਕੱਟੂੰ ? ਇਸ ਹਾਲ ਵਿਚ ਵਿਆਕੁਲ ਹੋ ਰਿਹਾ ਸੀ ਤੇ ਉਹਨਾਂ ਨੂੰ ਝਿੜਕ ਝਿੜਕ ਪੈ ਰਿਹਾ ਸੀ ਕਿ ਚੋਜੀ ਸਤਿਗੁਰੂ ਜੀ ਅੱਪੜ ਪਏ।

1. ਨਾਮ ਦੀ ਤੇ ਨਾਮ ਵਿਚ ਸੁਰਤ ਲਗਣ ਦੀ।

1. ਜਿਸ ਨੂੰ ਹੁਣ ਗੁਰੂ ਕਾ ਬਾਗ ਕਹਿੰਦੇ ਹਨ।

ਸਾਰੇ ਲੋਕੀਂ ਭੱਜੇ ਆਏ ਤੇ ਡੰਡੌਤ ਕਰਕੇ ਆਖਣ ਲੱਗੇ-ਸਚੇ ਪਾਤਸ਼ਾਹ ਜੀ ! ਆਪ ਭਲੇ ਸਮੇਂ ਆਏ ਹੋ, ਨਿਆਂ ਕਰ ਦਿਓ। ਆਪ ਦੀਨ ਦੁਨੀ ਦੇ ਮਾਲਕ ਹੋ, ਜੋ ਹੁਕਮ ਕਰੋਗੇ ਸਾਰੇ ਮੰਨ ਲਵਾਂਗੇ। ਇਹ ਸਾਡਾ ਆਦਮੀ ਹੈ, ਕਿਤੇ ਜਾ ਕੇ ਅਮੀਰ ਹੋ ਗਿਆ ਹੈ, ਹੁਣ ਸਾਨੂੰ ਪੜਤੱਲੇ ਲਾਉਂਦਾ ਹੈ; ਕਹਿੰਦਾ ਏ-ਮੈਂ ਤਾਂ ਰਾਜਾ ਹਾਂ, ਮੈਂ ਚੂਹੜਾ ਨਹੀਂ ਹਾਂ। ਬਾਲ ਬੱਚੇ ਰੋਣ- ਸਤਿਗੁਰੂ ਜੀ ! ਸਾਡਾ ਬਾਪੂ ਲੈ ਦਿਓ। ਇਸਤ੍ਰੀ ਕਹੇ ਹੁੰਦੇ ਸੁੰਦੇ ਪਤੀ ਦੇ ਮੈਂ ਛੁਟੜ ਹੋ ਕੇ ਕਿੰਵ ਜੀਵਾਂ ? ਰਾਜਾ ਕਹੇ-ਹੇ ਦਾਤਾ ਜੀ ! ਮੈਨੂੰ ਇਸ ਨਰਕ, ਇਸ ਬਿਪਤਾ ਤੋਂ ਕਿਵੇਂ ਛੁਡਾਓ। ਤਾਂ ਸਤਿਗੁਰਾਂ ਸਭ ਨੂੰ ਧੀਰਜ ਦੇ ਕੇ ਕਿਹਾ, ਭਾਈ ਇਹ ਦੱਸੋ ਕਿ ਤੁਹਾਡਾ ਆਦਮੀ ਮਰ ਗਿਆ ਸੀ ਕਿ ਨਹੀਂ ?

ਚੂਹੜੇ-ਜੀ ਹਾਂ ਮਰ ਤਾਂ ਗਿਆ ਸੀ, ਪਰ ਓਹ ਬਹਾਂਨਾ ਸੀ ਏਸ ਦਾ।

ਗੁਰੂ ਜੀ-ਤੁਸਾਂ ਉਸ ਨੂੰ ਦੱਬਿਆ ਸੀ ਕਿ ਸਾੜਿਆ ?

ਚੂਹੜੇ-ਜੀ ਦੱਬਿਆ ਸੀ।

ਗੁਰੂ ਜੀ-ਜੇ ਇਹ ਉਹੋ ਹੈ ਤੇ ਕਬਰ ਵਿਚੋਂ ਭੱਜ ਗਿਆ ਹੈ ਤਾਂ ਕਬਰ ਹੁਣ ਸੱਖਣੀ ਹੋਊ। ਜੇ ਕਹੋ ਤਾਂ ਚੱਲ ਕੇ ਵੇਖ ਲਈਏ ?

ਸਭਨਾਂ ਨੇ ਕਿਹਾ-ਹਾਂ ਜੀ ਜ਼ਰੂਰ ਤੱਕੋ।

ਗੱਲ ਕੀ, ਉਥੇ ਸਾਰੇ ਜਣੇ ਗਏ, ਕਬਰ ਪੁੱਟੀ ਗਈ, ਰਾਜੇ ਦਾ ਕਲੇਜਾ ਧੜਕ ਰਿਹਾ ਸੀ ਕਿ ਪਤਾ ਨਹੀਂ ਕੀਹ ਖਣੇਗਾ ? ਪਰ ਦੇਖੋ ਕਬਰ ਵਿਚੋਂ ਮੁਰਦਾ ਨਿਕਲ ਪਿਆ ਤੇ ਉਸ ਦੀ ਨੁਹਾਰ ਤੇ ਰਾਜੇ ਦੀ ਸੂਰਤ ਆਪੋ ਵਿਚ ਮਿਲਦੀਆਂ ਸਨ। ਜਾਂ ਪੈਂਚਾਂ ਨੇ ਤੇ ਘਰਦਿਆਂ ਨੇ ਮੁਰਦਾ ਸਾਮਰਤੱਖ ਤੱਕ ਲਿਆ ਤਾਂ ਨਿਸ਼ਾ ਹੋ ਗਈ, ਜੋ ਇਹ ਕੋਈ ਹੋਰ ਆਦਮੀ ਹੈ, ਕੇਵਲ ਦੋਹਾਂ ਦਾ ਮੁਹਾਂਦਰਾ ਮਿਲਦਾ ਹੈ। ਇਸ ਤਰ੍ਹਾਂ ਤਸੱਲੀ ਕਰਕੇ ਦਾਤਾ ਜੀ ਨੇ ਰਾਜਾ ਦੀ ਬੰਦਖਲਾਸੀ ਕਰਾਈ[1] ਤੇ ਉਸ ਵੇਲੇ ਪੜ੍ਹਿਆ :-

'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।।'

ਹਰਆਨੀ ਵਿਚ ਓਦਰਦਾ ਰਾਜਾ ਡੇਰੇ ਨੂੰ ਮੁੜ ਪਿਆ, ਰਾਤ ਬੀ ਅਚਰਜ ਰਿਹਾ, ਅਗਲੇ ਦਿਨ ਸਤਿਗੁਰਾਂ ਦੇ ਦਰਬਾਰ ਪਹੁੰਚਾ ਤਾਂ ਸਤਿਗੁਰ ਜੀ ਨੇ ਫੇਰ ਉਹੋ ਵਾਕ ਦੱਖਣੀ ਓਅੰਕਾਰ ਦਾ ਵਾਚਿਆ :-

'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।।'

ਰਾਜਾ ਹੁਣ ਸਮਝ ਗਿਆ ਕਿ ਇਹ ਕੌਤਕ ਤਾਂ ਮੇਰੇ ਪ੍ਰਸ਼ਨ ਦਾ ਉਤ੍ਰ ਸੀ। ਹੱਥ ਬੰਨ੍ਹ ਕੇ ਆਖਣ ਲੱਗਾ-ਗੁਰੂ ਜੀ ! ਤੁਸਾਂ ਤਾਂ ਪਰਤੱਖ ਇਸ ਵੇਲੇ ਲੇਖ ਮਿਟਾ ਕੇ ਦਿਖਾ ਦਿਤਾ ਹੈ।

ਗੁਰੂ ਅਰਜਨ ਦੇਵ ਜੀ ਬੋਲੇ:-ਨਹੀਂ, ਲੇਖ ਤੂੰ ਭੋਗਿਆ ਹੈ, ਤੇਰੇ ਕਰਮ ਐਸੇ ਭੈੜੇ ਸਨ ਕਿ ਤੂੰ ਚੂਹੜੇ ਦੇ ਜਨਮ ਜਾਣਾ ਸੀ ਤੇ ਤਸੀਹੇ ਭੋਗਣੇ ਸਨ, ਪਰ ਇਕ ਪੂਰੇ ਜਨਮ ਦੀ ਥਾਂ ਉਹ ਸੁਪਨੇ ਵਿਚ ਘੜੀ ਪਲ ਹੋ ਕੇ ਛੇਤੀ ਬੀਤ ਗਈ। ਇਹ ਪ੍ਰਤਾਪ ਹੈ 'ਸ਼ਰਨ ਪ੍ਰਾਪਤਿ ਹੋ ਕੇ ਨਾਮ ਜਪਣ' ਦਾ। ਸੂਲੀ ਦੀ ਥਾਂ ਕੰਡਾ ਹੋ ਜਾਂਦਾ ਹੈ। ਜਦੋਂ ਸੁਰਤਿ ਵਿਚ ਅਛਲ ਨਾਮ ਪਰਵੇਸ਼ ਕਰਦਾ ਹੈ ਤਾਂ ਨਾਮ 'ਕਰਮ ਜਾਲ' ਦੇ ਦਰਜੇ ਤੋਂ ਟਪਾ ਕੇ ਕਰਮਖੰਡ ਵਿਚ ਲੈ ਜਾਂਦਾ ਹੈ, ਫ਼ਜ਼ਲ ਵਿਚ, ਮਿਹਰ ਵਿਚ। ਜਾਂਦਿਆਂ ਜਾਂਦਿਆਂ ਕਰਮ ਇਸ ਤਰ੍ਹਾਂ ਝੰਝੂਣਾ ਦੇ ਕੇ ਮਿਟ ਜਾਂਦੇ ਹਨ ਤੇ ਇਹ ਸੂਲੀ ਦਾ ਕੰਡਾ ਤੇ ਪਰਤੱਖ ਨੂੰ ਸੁਪਨਾ ਕਰ ਦੇਣ ਦੀ ਮਿਹਰ ਸਤਿਗੁਰ ਦੀ ਸਮਰੱਥਾ ਵਿਚ ਹੈ।

ਕਾਜ਼ੀ ਜੀ ! ਇਕ ਇਸ ਗੱਲ ਪਰ ਹੋਰ ਗੁਰੂ ਘਰ ਵਿਚ ਵਰਤੀ ਹੋਈ ਸਾਖੀ ਹੈ। ਕਿਸੇ ਨਗਰ ਦੇ ਬਾਹਰ ਸ੍ਰੀ ਗੁਰੂ ਨਾਨਕ ਦੇਵ ਜੀ ਜਾ ਉਤਰੇ ਸਨ, ਉਸ ਨਗਰ ਵਿਚ ਦੋ ਮਿੱਤਰ ਰਹਿੰਦੇ ਸਨ। ਇਕ ਤਾਂ ਗੁਰੂ ਕੇ ਦਰਸ਼ਨ ਨੂੰ ਆਉਣ ਲੱਗ ਗਿਆ ਤੇ ਸੇਵਾ ਵਿਚ ਜੁੱਟ ਪਿਆ, ਉਸ ਨੂੰ ਸਤਿਸੰਗ ਦੀ ਮਿਹਰਾਮਤ ਹੋਈ, ਸੁਖੀ ਹੋਣ ਲੱਗ ਪਿਆ। ਦੂਸਰਾ ਕੁਸੰਗ ਨੂੰ ਜਾਇਆ ਕਰੇ, ਮਾੜਾ ਕਰਮ ਕਰੇ। ਇਕ ਦਿਨ ਕੁਸੰਗ ਵਾਲਾ ਕਹਿਣ ਲੱਗਾ ਆਪਣੇ ਮਿੱਤਰ ਨੂੰ ਕਿ ਬਈ ਅੱਜ ਤੂੰ ਜਾਹ ਸਤਿਸੰਗ ਨੂੰ ਤੇ ਮੈਂ ਕੁਸੰਗ ਨੂੰ ਜਾਂਦਾ ਹਾਂ, ਸਵੇਰੇ ਜਿਹੜਾ ਪਹਿਲਾਂ ਮੁੜੇ ਉਹ ਰਾਹ ਵਿਚ ਬੈਠ ਕੇ ਦੂਏ ਨੂੰ ਉਡੀਕੇ। ਫੇਰ ਆਪੋ ਵਿਚ ਵਿਚਾਰ ਕਰਾਂਗੇ ਕਿ ਦੁਹਾਂ ਵਿਚੋਂ ਸੁਖੀ ਕੌਣ ਮੁੜਿਆ ਹੈ। ਸੋ ਦੋਹਾਂ ਇਵੇਂ ਕੀਤਾ। ਕਰਨਾ ਪਰਮੇਸ਼ੁਰ ਦਾ ਕੁਸੰਗੀ ਸਵੇਰ ਨੂੰ ਪਹਿਲਾਂ ਮੁੜਿਆ ਤੇ ਇਕ ਰੁੱਖ ਹੇਠ ਬੈਠ ਕੇ ਮਿੱਤਰ ਨੂੰ ਉਡੀਕਣ ਲੱਗਾ, ਵਿਹਲਾ ਬੈਠਾ ਜ਼ਿਮੀਂ ਖੋਤਰਣ ਲੱਗ ਪਿਆ।

1. ਦੇਖੋ ਗੁ: ਪ੍ਰ: ਸੂਰਜ ਰਾਸ ੨ ਅੰਸੂ ੩੨-੩੩।

ਖੋਤਰਦਿਆਂ ਖੋਤਰਦਿਆਂ ਉਸ ਨੂੰ ਇਕ ਮੋਹਰ ਲੱਭ ਪਈ, ਫਿਰ ਤਾਂ ਹੋਰ ਖੋਤਰਣ ਲੱਗਾ। ਫਿਰ ਕੀ ਦੇਖਦਾ ਹੈ ਕਿ ਇਕ ਕੁੱਜਾ ਹੈ, ਪਰ ਉਹ ਸਾਰਾ ਕੋਲਿਆਂ ਦਾ ਭਰਿਆ ਪਿਆ ਹੈ, ਇਧਰ ਉਧਰ ਹੋਰ ਖੋਤ੍ਰਿਆ ਪਰ ਹੋਰ ਕੁਛ ਨਾ ਲੱਭਾ। ਇੰਨੇ ਨੂੰ ਦੂਸਰਾ ਮਿੱਤ੍ਰ ਬੀ ਆ ਗਿਆ ਪਰ ਉਸ ਦਾ ਪੈਰ ਲੰਗੜਾਉਂਦਾ ਸੀ। ਤਦ ਕੁਸੰਗੀ ਆਖਣ ਲੱਗਾ : "ਸੱਜਣਾ ! ਚਿਰਕਾ ਕਿਉਂ ਆਇਆ ਹੈਂ ?" ਸਤਿਸੰਗੀ ਨੇ ਆਖਿਆ : "ਭਾਈਆ ! ਅਜ ਮੇਰੇ ਪੈਰ ਨੂੰ ਸੂਲ ਚੁਭ ਗਈ ਸੀ ਉਸ ਨੂੰ ਕੱਢਣ ਤੇ ਚੋਭ ਕਰਕੇ ਹੌਲੀ ਟੁਰਨ ਕਰਕੇ ਮੈਨੂੰ ਦੇਰ ਲਗ ਗਈ ਹੈ।" ਤਦ ਕੁਸੰਗੀ ਨੇ ਕਿਹਾ : "ਵੇਖ ! ਮੈਂ ਸਾਰੀ ਰਾਤ ਗੁਲਛੱਰੇ ਉਡਾਏ, ਮੌਜਾਂ ਕੀਤੀਆਂ ਤੇ ਮੈਨੂੰ ਸਵੇਰੇ ਲੱਭੀ ਹੈ ਮੁਹਰ ਤੇ ਤੂੰ ਸਾਰੀ ਰਾਤ ਸੇਵਾ ਤੇ ਭਜਨ ਕੀਤਾ ਹੈ, ਤੈਨੂੰ ਚੁਭੀ ਸੂਲ। ਦੱਸ ਖਾਂ! ਕਿਹੜਾ ਰਾਹ ਭਲਾ ਹੈ?" ਤਦ ਦੋਵੇਂ ਕੁਛ ਚਿਰ ਝਗੜ ਝਗੜਾ ਕੇ ਨਿਆਂ ਕਰਾਉਣ ਲਈ ਸਤਿਗੁਰਾਂ ਪਾਸ ਆਏ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ: "ਹੇ ਪੁਰਖਾ! ਤੇਰੇ ਕਰਮਾਂ ਵਿਚ ਮੋਹਰਾਂ ਦਾ ਕੁੱਜਾ ਲਿਖਿਆ ਸੀ, ਪਰ ਜਿਉਂ ਜਿਉਂ ਤੂੰ ਕੁਸੰਗ ਕੀਤਾ ਉਹ ਕੋਲੇ ਹੁੰਦੀਆਂ ਗਈਆਂ। ਇਸਦੇ ਕਿਸੇ ਮਾੜੇ ਕਰਮ ਕਰ ਕੇ ਭਾਗਾਂ ਵਿਚ ਸੂਲੀ ਲਿਖੀ ਸੀ ਸੋ ਸਤਿਸੰਗ ਕਰਨ ਕਰਕੇ ਘਟਦੀ ਘਟਦੀ ਸੂਲ ਰਹਿ ਗਈ।" ਤਦ ਕੁਸੰਗੀ ਨੂੰ ਸੋਝੀ ਆਈ, ਪੈਰੀਂ ਪਿਆ ਤੇ ਮਾੜਾ ਰਸਤਾ ਛੱਡ ਕੇ ਨਾਮ ਵਿਚ ਲਗ ਪਿਆ। ਕਾਜ਼ੀ ਸਾਹਿਬ ! ਇਸ ਸਾਖੀ ਦਾ ਭੀ ਇਹੋ ਪ੍ਰਯੋਜਨ ਹੈ ਕਿ ਜੀਵ ਕਰਮ ਦਾ ਕਰਨਹਾਰ ਹੈ, ਜੀਵ ਦਾ ਦੇਹ ਧਾਰਨ ਤੋਂ ਪਹਿਲਾਂ ਕਰਮ ਕੋਈ ਨਹੀਂ ਸੀ ਜੀਵ ਨੂੰ ਬੰਨ੍ਹਣ ਵਾਲਾ। ਹੇ ਕਾਜ਼ੀ ਜੀ ! ਕਰਮ ਸਰਬੰਗੀ ਸ਼ੈ ਨਹੀਂ। ਕਰਮ ਅਨਾਦਿ ਤੇ ਅਨੰਤ ਨਹੀਂ। 'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ।" (ਗੋਂਡ ਕਬੀਰ ਜੀ-੩)

"ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ।" (ਸੂਹੀ ਮਹਲਾ ੫-੫੩)

ਕਰਮ ਜੀਵ ਨੇ ਦੇਹ ਧਾਰਕੇ ਕੀਤੇ ਹਨ, ਸੋ ਕਰਮਾਂ ਦਾ ਆਦਿ ਹੈ; ਜਿਸ ਦਾ ਆਦਿ ਹੈ ਉਸ ਦਾ ਅੰਤ ਬੀ ਹੈ, ਜਿਸ ਦਾ ਆਦਿ ਅੰਤ ਹੈ ਉਹ ਕਾਲ ਅਧੀਨ ਹੈ, ਜੋ ਕਾਲ ਅਧੀਨ ਹੈ ਉਸ ਦੀ ਮਿਆਦ ਵੱਧ ਘਟਿ ਸਕਦੀ ਹੈ। ਨਹੀਂ ਤਾਂ ਕਾਜ਼ੀ ਜੀ, ਜਦੋਂ ਜੀਵ ਪਹਿਲਾਂ ਦੇਹ ਵਿਚ ਆਇਆ, ਕਿਸ ਕਰਮ ਦੀ ਸਜ਼ਾ ਵਿਚ ਯਾ ਫਲ ਵਿਚ ਆਇਆ ਸੀ ? ਦੇਹ ਰਹਿਤ ਨੇ ਕਿਹੜੇ ਕਰਮ ਕੀਤੇ ਸੇ ? ਕਰਮ ਕਰਨਾ ਜੀਵ ਦਾ ਤਾਂ ਦੇਹ ਧਾਰਕੇ ਹੀ ਹੋਇਆ ਸੀ[1]।

ਕਾਜ਼ੀ-ਦਰੁਸਤ ਫ਼ੁਰਮਾਇਆ ਨੇ, ਪਰ ਜੇ ਪਹਿਲੇ ਕਰਮ ਨਹੀਂ, ਰਬ ਦਾ ਹੁਕਮ ਹੈ ਤਾਂ......।

ਆਲਮ ਸਿੰਘ-ਸਤਿਗੁਰ ਰਮਜ਼ ਦੇ ਚੁਕੇ ਹਨ ਜੋ ਰਬ ਨੇ ਲਿਖਿਆ ਹੈ ਸੋ ਠੀਕ ਏ; ਉਸੇ ਰਬ ਵਿਚ ਰਚੇ, ਉਸੇ ਦਾ ਰੂਪ; ਉਸੇ ਦੀ ਰਬੀਅਤ ਨਾਲ ਭਰੇ ਸਾਹਿਬ ਜੀ ਸਾਹਮਣੇ ਬੈਠੇ ਹਨ, ਜੋ ਪੁੱਠਿਆਂ ਨੂੰ ਸਿੱਧਿਆਂ ਕਰ ਦੇਂਦੇ ਹਨ।

ਕਾਜ਼ੀ-ਜੀਓ ਕਿਵੇਂ ?

ਆਲਮ ਸਿੰਘ-ਦਿੱਲੀ ਵਿਚ ਇਕੇਰਾਂ ਗੁਰੂ ਨਾਨਕ ਦੇਵ ਜੀ ਨੇ ਮੋਇਆ ਹਾਥੀ ਜਿਵਾਲ ਦਿਤਾ ਸੀ ਤਰਸ ਖਾ ਕੇ ਹਾਥੀ-ਬਾਨਾਂ ਤੇ, ਤਦ ਲੋਧੀ ਪਾਤਸ਼ਾਹ ਆ ਗਿਆ ਤੇ ਆਖਣ ਲੱਗਾ : "ਹਾਥੀ ਫੇਰ ਮਰ ਜਾਏ"। ਤਾਂ ਸਤਿਗੁਰਾਂ ਕਿਹਾ : "ਮਰ ਵੈਸੀ" ਜਾਂ ਹਾਥੀ ਮਰ ਗਿਆ ਤਾਂ ਲੋਧੀ ਨੇ ਕਿਹਾ: "ਫੇਰ ਜਿਵਾਲੋ" ! ਸਤਿਗੁਰਾਂ ਨੇ ਆਖਿਆ : "ਫਕੀਰ ਰੱਬ ਰੂਪ ਅਗਨੀ ਵਿਚ ਪੈਕੇ ਅਗਨ ਰੂਪ ਹੋ ਜਾਂਦੇ ਹਨ, ਸਾਂਈਂ ਦੀ ਬੰਨ੍ਹੀ ਛੁਡਾ ਦਿੰਦੇ ਹਨ, ਪਰ ਉਨ੍ਹਾਂ ਦੀ ਬੱਧੀ ਛੁੱਟਣੇ ਤੇ ਰਹੀ। ਕਿਉਂ ਕਰ ਜੋ ਅੱਗ ਵਿਚੋਂ ਹਥ ਤੇਜ਼ੀ ਨਾਲ ਫੇਰ ਕੱਢੀਏ ਤਾਂ ਸਲਾਮਤ ਨਿਕਲ ਜਾਂਦਾ ਹੈ ਪਰ ਅੱਗ ਨਾਲ ਲਾਲ ਹੋਏ ਲੋਹੇ ਨਾਲ ਹੱਥ ਛੁਹ ਕੇ ਸਲਾਮਤ ਨਹੀਂ ਨਿਕਲਦਾ।[2]" ਸੋ ਕਾਜ਼ੀ ਜੀ ! ਇਥੇ ਬੀ ਇਹੋ ਉਪਦੇਸ਼ ਹੈ ਕਿ ਹਰੀ ਦੇ ਰੰਗ ਰਤੜੇ ਗੁਰੂ ਕਰਮਾਂ ਦੇ ਠਾਠ ਨੂੰ ਸਾੜ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਕ ਹੈ, ਵਾਹਿਗੁਰੂ ਜੀ ਕਹਿੰਦੇ ਹਨ :-

"ਮੇਰੀ ਬਾਂਧੀ ਭਗਤੁ ਛੁਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥ ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ।"(ਸਾਰੰਗ-ਨਾਮ)

ਬੱਗਾ ਸਿੰਘ-ਕਾਜ਼ੀ ਜੀ ! ਹਿਸਾਬ ਕਿਤਾਬ, ਲੇਖੇ

---

1. ਏਥੇ ਜੀਵ ਤੋਂ ਭਾਵ ਮਾਇਆ ਯਾ ਪ੍ਰਾਕ੍ਰਿਤੀ ਵੇੜ੍ਹਿਤ ਜੀਵ ਨਹੀਂ, ਪਰ ਨਿਰੋਲ ਜੀਵ ਯਾ ਆਤਮਾ ਹੈ।

2. ਪੁਰਾਤਨ ਜਨਮ ਸਾਖੀ।

ਪੱਤੇ, ਵਹੀਆਂ, ਹੈਂ, ਅਸੀਂ ਜੱਟ ਬੂਟ ਚਾਹੁੰਦੇ ਹਾਂ ਕਿ ਸ਼ਾਹਾਂ ਦੇ ਕਿਵੇਂ ਸੜ ਜਾਣ, ਕਿਵੇਂ ਨ ਕਿਵੇਂ ਸੜ ਜਾਣ, ਕਈ ਵੇਰ ਜ਼ਿਮੀਂਦਾਰ ਸ਼ਾਹਾਂ ਦੇ ਘਰ ਫੂਕ ਦੇਂਦੇ ਹਨ ਜੋ ਵਹੀਆਂ ਸੜ ਜਾਣ। ਕੀ ਤੁਸੀਂ ਇਹ ਸੰਸਿਆਂ ਦੇ ਦਫਤਰ ਫੂਕਣਾ ਨਹੀਂ ਚਾਹੁੰਦੇ ? ਕਾਜ਼ੀ ਜੁ ਹੋਏ(ਚੁਟਕੀ ਮਾਰ ਕੇ ਫੇਰ ਤ੍ਰਬੁਕ ਕੇ) ਫੂਕੋ ਲੇਖਿਆਂ ਗਿਣਤੀਆਂ ਨੂੰ, ਮੰਗੋ ਨਾਮ ਦਾਨ, ਸੁਆਦ।

ਕਾਜ਼ੀ-ਵਾਹ ਵਾਹ ਬੱਗਾ ਸਿਹਾਂ ! ਤੂੰ ਅਸਲ ਦਾ ਦਾਨਾ ਹੈਂ। (ਗੁਰੂ ਜੀ ਵੱਲ) ਮਿਹਰ ਦਾਤਾ ਜੀ ਮੈਂ ਭੁੱਲਾ ਹਾਂ, ਕੁਰਾਹੇ ਪਿਆ ਹਾਂ, ਮਨ ਕੁਰਾਹੇ ਹੀ ਜਾਂਦਾ ਹੈ। ਠੌਰ ਲੱਭ ਲੱਭਕੇ ਗਵਾਚਦਾ ਹੈ, ਨਹੀਂ ਜੇ ਮੇਰੀ ਠੌਰ ਕਿਤੇ, ਨਾ ਅਸਮਾਨ ਨਾ ਜ਼ਿਮੀਂ ਵਿਚ ਨਾ ਜਲ ਵਿਚ ਨਾ ਪੌਣ ਵਿਚ, ਆਪਣੇ ਕਦਮਾਂ ਵਿਚ, ਟਿਕਾਣੇ ਲਗਾ ਦਿਓ, ਬੇਠੌਰ ਨੂੰ ਠੌਰ ਦੇ ਦਿਓ।

ਗੁਰੂ ਜੀ-ਲੋਕਾ ਮਤ ਕੋ ਫਕੜਿ ਪਾਇ।। ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।।

(ਆਸਾ: ਮ: ੧)

ਬੱਗਾ ਸਿੰਘ-ਸਦਕੇ ਹਾਂ ਕਾਜ਼ੀ ਜੀ ! ਸੁਣਿਆ ਜੇ ਹਜ਼ਾਰਾਂ ਮਨ ਲੱਕੜੀ ਦੇ ਢੇਰ ਇਕ ਰੱਤੀ ਅੱਗ, ਇਕ ਛੁਹ ਬਿਜਲੀ ਦੀ ਸਾੜ ਸੁੱਟਦੀ ਹੈ। ਕੀਹ ਅਸੀਂ ਤੇ ਕੀਹ ਸਾਡੇ ਕਰਮ, ਗਿਣਤੀ ਮਿਣਤੀ ਦੀ ਉਮਰ, ਗੇਣਤੀ ਵਿਚ ਕਰਮ, ਪਰ ਬਖਸ਼ਿਸ਼ ਬੇਗਿਣਤ। ਕਾਜ਼ੀ ਜੀ ! ਗੇਣਤੀ ਨੂੰ ਬੇਗੇਣਤੀ ਡੋਬ ਲੈਂਦੀ ਏ। ਸ਼ਰਨ ਲਓ ਤਾਂ ਛੁਹ ਨਾਲ ਬਲ ਉਠਦੇ ਹਨ, ਚਾਹੇ ਹੋਣ ਥੋੜੇ ਕਰਮ ਤੇ ਚਾਹੇ ਬਹੁਤੇ। ਮਿਹਰ ਨਾਲ ਸੂਲੀਆਂ ਦੇ ਕੰਡੇ ਹੁੰਦੇ ਹਨ, ਹੱਥ ਦੀ ਬਰਕਤ ਨਾਲ ਪੁੱਠਿਓਂ ਸਿੱਧੇ ਹੋ ਜਾਂਦੇ ਹਨ। "ਸੇ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ" ਸ਼ਰਣ ਸਿਧਾਏ! ਕਾਜ਼ੀ ਜੀ, ਸ਼ਰਨ! ਸ਼ਰਨ!! ਸ਼ਰਨ!!!

ਸਲਾਰਦੀਨ ਦਾ ਮਨ ਸਿਦਕ ਦੇ ਘਰ ਵਿਚ ਆ ਗਿਆ, ਹਾਂ, ਇਤਮੀਨਾਨ (ਤਸੱਲੀ) ਵਿਚ ਆ ਗਿਆ, ਉੱਚਾ ਹੋ ਗਿਆ ਤੇ ਫੇਰ ਦੂਵਿਆ, ਫੇਰ ਸਤਿਗੁਰ ਉਸ ਨੂੰ ਇਕ ਜੋਤਿ ਦਾ ਅਲਾਂਬਾ ਹੋ ਦਿੱਸੇ। ਹੁਣ ਕਾਜ਼ੀ ਚਰਨ ਸ਼ਰਨ ਪੈ ਗਿਆ, ਬੱਗਾ ਸਿੰਘ ਨੇ ਪਰੇ ਹੋ ਕੇ ਆਪਣੀ ਝੋਲੀ ਵਿਚ ਧਰੇ ਸਤਿਗੁਰੂ ਦੇ ਕਦਮ ਉਸ ਦੀ ਝੋਲੀ ਵਿਚ ਧਰ ਦਿੱਤੇ, ਕਾਜ਼ੀ ਨੇ ਛਾਤੀ ਨਾਲ ਲਾਕੇ ਘੁੱਟੇ। ਇਕ ਮੁਖਾਂ ਦੀ ਝਰਨਾਟ ਸਾਰੇ ਸ਼ਰੀਰ ਵਿਚ ਛਿੜੀ, ਵਾਹਿਗੁਰੂ ਵਾਹਿਗੁਰੂ ਲੂੰ ਲੂੰ ਥੀਂ ਹੋ ਨਿਕਲਿਆ, ਸੁਆਦ ਸਾਰੇ ਭਰ ਗਿਆ, ਇਉਂ ਜਾਪੇ ਕਿ ਰਸ ਰੂਪ ਹੋ ਗਿਆ ਹਾਂ। ਬੱਗਾ ਸਿੰਘ ਦੇ ਰਸ ਤੋਂ ਸੁਖੀ ਹੁੰਦਾ ਸੀ, ਅਜ ਆਪ ਉਸ ਰਸ ਵਿਚ ਰਸ ਰੂਪ ਹੋ ਗਿਆ। ਸਮਝ ਪਈ ਕਿ ਰੱਬ ਦਾ ਨਾਮ ਰੱਬ ਦਾ ਪ੍ਰੇਮ ਹੈ, ਰੱਬ ਦਾ ਪ੍ਰੇਮ ਆਤਮ ਰਸ ਹੈ, ਇਲਾਹੀ ਸਰੂਪ ਹੈ ਹੋਰ ਝੋੜੇ ਪ੍ਰੇਮ ਦੇ ਮੰਡਲ ਤੋਂ ਬਾਹਰ ਦੇ ਹਨ। ਜਦੋਂ ਇਹ ਰਸ ਆਇਆ ਹੋਰ ਰਸ ਤੇ ਕੁਰਸ ਤੇ ਲੇਖੇ ਪੱਤੇ ਰਹਿ ਗਏ ਬਾਹਰ। ਕਦਮਾਂ ਨਾਲ ਚੰਬੜਿਆ ਕਾਜ਼ੀ ਪੀਂਦਾ ਰਿਹਾ ਰੱਜ ਰੱਜ ਕੇ ਪਿਰਮ ਰਸ, ਭਰ ਗਿਆ ਉਸ ਦੇ ਦਿਲ ਦਾ ਪਿਆਲਾ, ਸਰਸ਼ਾਰ ਹੋ ਗਿਆ ਉਸ ਦਾ ਆਪਾ ਯੁਮਨਾਂ ਵਾਲਾ ਬਰਕਤਾਂ ਵਾਲਾ, ਮਿਹਰਾਂ ਵਾਲਾ ਹੱਥ ਉਸ ਦੇ ਸੀਸ ਤੇ ਫਿਰ ਰਿਹਾ ਹੈ ਤੇ ਰੰਗ ਛਾ ਰਿਹਾ ਹੈ ਵਾਹ ਵਾਹ ਦਾ।

ਹਾਂ ਇਹੋ ਸੁਲਖਣਾ ਹੱਥ ਟਿਕਿਆ ਰਹੇ ਉਹਨਾਂ ਸਿਰਾਂ, ਸੁਭਾਗੇ ਸਿਰਾਂ ਤੇ, ਜਿਨ੍ਹਾਂ ਨੂੰ ਇਹ ਦਾਤ ਨਸੀਬ ਹੋਈ ਹੈ। ਜਿਨ੍ਹਾਂ ਨੂੰ ਨਹੀਂ ਹੋਈ ਉਨ੍ਹਾਂ ਲਈ ਅਰਦਾਸ ਕਰੋ ਕਿ ਸਦਾ ਟਿਕੇ ਇਹ ਸੁਹਾਵਾ ਹੱਥ ਉਹਨਾਂ ਦੇ, ਜਗਤ ਦੇ, ਸਾਡੇ ਸਿਰਾਂ ਤੇ; ਛਿੜੇ ਸਾਡੇ ਦਿਲਾਂ ਵਿਚ ਨਾਮ ਦੀ ਝਰਨਾਟ ਤੇ ਨਾਮ ਰਸ ਦਾ ਪਵੇ ਸਰੂਰ। ਹਾਂ, ਹਾਂ :-

ਇਹੁ ਹਰਿ ਰਸੁ ਪਾਵੈ ਜਨੁ ਕੋਇ॥ ਅੰਮ੍ਰਿਤ
ਪੀਵੈ ਅਮਰੁ ਸੋ ਹੋਇ॥ ਉਸੁ ਪੁਰਖੁ ਕਾ
ਨਾਹੀ ਕਦੇ ਬਿਨਾਸ॥ ਜਾਕੈ ਮਨਿ ਪ੍ਰਗਟੇ
ਗੁਨਤਾਸ॥ ਆਠ ਪਹਰ ਹਰਿ ਕਾ ਨਾਮੁ
ਲੇਇ॥ ਸਚੁ ਉਪਦੇਸੁ ਸੇਵਕ ਕਉ ਦੇਇ॥
ਮੋਹ ਮਾਇਆ ਕੈ ਸੰਗਿ ਨ ਲੇਪੁ॥ ਮਨ
ਮਹਿ ਰਾਖੈ ਹਰਿ ਹਰਿ ਏਕੁ॥ ਅੰਧਕਾਰ
ਦੀਪਕ ਪਰਗਾਸੇ॥ ਨਾਨਕ ਭਰਮ ਮੋਹ
ਦੁਖ ਤਹ ਤੇ ਨਾਸੇ॥ ੬॥ (ਸੁਖਮਨੀ-੧੯)

ਧੰਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ

# ੪੬. ਸੁਹਣੇ ਸੁਹਣੇ ਦੂਲਾ ਸਿੰਘ ਜੀ[1]।

(ਵਣਜਾਰਾ ਸਿੰਘ)

੧.

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਦੀਵਾਨ ਵਿਚ ਬੈਠੇ ਹਨ। ਇਕ ਪ੍ਰੇਮੀ ਸਿੰਘ ਨੇ ਅਰਦਾਸ ਕੀਤੀ।

ਸਿਖ-ਸਚੇ ਪਾਤਸ਼ਾਹ ਦੀਨ ਦੁਨੀ ਦੇ ਵਾਲੀ ਜੀਓ ! ਖਾਲਸੇ ਜੀ ਦੀ ਇਕ ਅਰਦਾਸ ਹੈ !

ਸ੍ਰੀ ਗੁਰੂ ਜੀ-ਸਿਖਾ ! ਬਚਨ ਕਰ।

ਸਿਖ-ਪਾਤਸ਼ਾਹ ! ਕੱਤਕ ਦੀ ਸੁਹਾਵਣੀ ਰੁੱਤ ਬਿਤੀਤ ਹੋ ਚੁਕੀ ਹੈ, ਮੱਘਰ ਲੰਘ ਰਿਹਾ ਹੈ, ਸੀਤ ਵਧ ਰਿਹਾ ਹੈ, ਆਗਿਆ ਹੋਵੇ ਤਾਂ ਲੇਫ, ਗੋਦੜੇ ਤਿਆਰ ਹੋ ਜਾਣ।

ਸ੍ਰੀ ਗੁਰੂ ਜੀ(ਤੋਸ਼ੇ ਖਾਨੀਏਂ ਵਲ ਤੱਕ ਕੇ)-ਕਰਵਾ ਦਿਓ।

ਤੋਸ਼ੇ ਖਾਨੀਆਂ-ਸ੍ਰੀ ਹਜ਼ੂਰ ਜੀਓ ! ਸਦਕੇ ਸੁਹਣੇ ਬਚਨਾਂ ਤੋਂ, ਕੁਛ ਇਸ ਪਾਸੇ ਲਈ ਗੱਫਿਆਂ ਦੀ ਲੋੜ ਹੈ। ਗੁਰ ਦਾ ਘਰ ਇਕ ਸਦਾ ਵਗਦਾ ਦਰਯਾ ਹੈ, ਜਿਸ ਵਿਚ ਕਦੇ ਤੋਟਾ ਨਹੀਂ, ਪਰ ਆਪ ਨੇ ਆਪਣੇ ਭਾਣੇ ਵਿਚ ਆਈ ਚਲਾਈ ਰੱਖੀ ਹੋਈ ਹੈ। ਇਥੇ ਝੀਲਾਂ ਵਾਂਗੂ ਜਮਾਂ ਹੋ ਕੇ ਜਲ ਨਹੀਂ ਰਹਿੰਦਾ। ਨਦੀਆਂ ਵਾਂਗ ਸਦਾ ਵਗਦਾ ਹੈ, ਸਦਾ ਉੱਜਲ, ਸੱਜਰਾ ਤੇ ਮਿੱਠਾ ਹੈ। ਪਰ ਉਪਰੋਂ ਆਏ ਤਾਂ ਵਗਦਾ ਹੈ। ਬਚਨ ਕਰ ਦਿਓ, ਉਛਾਲਾ ਆ ਜਾਏ ਤਾਂ ਕਾਰਜ ਸਿਰੇ ਚੜ੍ਹ ਜਾਏ।

ਸ੍ਰੀ ਗੁਰੂ ਜੀ-ਦੇਦਾ ਦੇ ਲੈਦੇ ਥਕਿ ਪਾਹਿ।।
ਜੁਗਾ ਜੁਗੰਤਰਿ ਖਾਹੀ ਖਾਹਿ।। (ਜਪੁਜੀ)

੨.

**ਮੇਵੜਾ**-ਸੱਚੇ ਪਾਤਸ਼ਾਹ ! ਅਰਦਾਸ ਹੈ ਹਜ਼ੂਰੀ ਵਿਚ।

ਸਾਹਿਬ ਗੁਰੂ ਗੋਬਿੰਦ ਸਿੰਘ (ਮਿਹਰਾਂ ਵਾਲੀ ਨਜ਼ਰ ਪਾਕੇ)-ਕਹੁ !

ਮੇਵੜਾ-ਇਕ ਸਿਖ ਹਜ਼ੂਰੀ ਵਿਚ ਦਸਵੰਧ ਦੀ ਦੋ ਹਜ਼ਾਰ ਮਾਇਆ ਲੈਕੇ ਹਾਜ਼ਰ ਹੈ।

ਸਿਖ ਅੱਗੇ ਵਧਦਾ ਹੈ, ਚਰਨਾਂ ਵਿਚ ਦੋ ਹਜ਼ਾਰ ਦੀਆਂ ਦੋ ਥੈਲੀਆਂ ਅੱਗੇ ਧਰਕੇ ਸੀਸ ਧਰਤੀ ਤੇ ਟੇਕ ਕੇ ਡੰਡੌਤ ਕਰਦਾ ਹੈ।

ਗੁਰੂ ਜੀ-ਲੋੜਵੰਦ ਪ੍ਰਾਣੀ ! ਕਹੁ ਕੈਸੀ ਭੁੱਖ ਹੈ ?

ਸਿਖ-ਪਾਤਸ਼ਾਹ ! ਭੁੱਖ ਆਪ ਨੇ ਪੂਰੀ ਕੀਤੀ ਹੈ।

ਗੁਰੂ ਜੀ-ਜੋ ਹੋਰ ਹੈ ਕਹੁ ?

ਸਿਖ-ਸਦਾ ਭੁੱਖਿਆਂ ਨੇ ਸਦਾ ਮੰਗਣਾ ਹੈ। ਤੂੰ ਸਦਾ ਦਾ ਦਾਤਾ ਹੈਂ, ਤੇਰੀ ਦਾਤ ਅਖੁਟ, ਤੇਰੀ ਸਦਾ ਮੇਹਰ ਦੀ ਭੁੱਖ ਮੇਟਣ ਵਾਲੀ ਨਦਰ ਦੀ ਲੋੜ ਹੈ।

ਗੁਰੂ ਜੀ-ਅੱਖ ਤਾਂ ਪਦਾਰਥਾਂ ਦੀ ਭੁੱਖ ਵਾਲੀ ਹੈ, ਰਸਨਾ ਅਭੁੱਖ ਮੰਗਦੀ ਹੈ!

ਸਿਖ (ਸਿਰ ਨਿਵਾਕੇ)-ਸੱਚ ਹੈ, ਪਾਤਸ਼ਾਹ ! ਕੂੜੇ ਹਾਂ।

ਗੁਰੂ ਜੀ-ਤੂੰ ਸਾਡਾ ਸਿਖ ਹੈਂ ?

ਸਿਖ-ਪਾਤਸ਼ਾਹ ! ਹੁਣ ਆਪ ਦਾ ਸਿਖ ਹਾਂ।

ਗੁਰੂ ਜੀ-ਪਹਿਲੋਂ ਕਿਸ ਦਾ ਸੈਂ ?

ਸਿਖ-ਨਿਗਾਹੇ ਵਾਲੇ ਦਾ ਸੇਵਕ।

ਗੁਰੂ ਜੀ-ਫੇਰ ਏਥੇ ਕਿਵੇਂ ?

ਸਿਖ-ਦਸਵੰਧ ਦੇਣ।

ਗੁਰੂ ਜੀ-ਦਸਵੰਧ ਉਸ ਦਾ ਜਿਸ ਦਾ ਤੂੰ ਮੁਰੀਦ, ਜਿਸ ਦਾ ਖੇਤ ਉਸੇ ਦਾ ਅੰਨ!

ਸਿਖ-ਮੇਰੀ ਆਸਾ ਹਜ਼ੂਰ ਨੇ ਪੂਰੀ ਕੀਤੀ ਹੈ।

ਗੁਰੂ ਜੀ-ਕਿਸੇ ਦੇ ਖੇਤ ਵਿਚ ਗਾਂ ਉਜਾੜਾ ਕਰਦੀ ਹੋਵੇ ਤੇ ਕੋਈ ਹਟਾ ਦੇਵੇ, ਤਾਂ ਅੰਨ ਤਾਂ ਖੇਤ ਵਾਲੇ ਦਾ ਹੀ ਹੈ, ਗਾਂ ਵਰਜਣ ਵਾਲੇ ਦਾ ਤਾਂ ਨਹੀਂ।

ਜਿਮ ਮੁਰੀਦ ਦਿਹੁ ਭੇਟ ਸੁ ਤਾਂਹੂੰ।
ਗੁਰ ਕੇ ਰਾਹ ਨ ਮਾਰਤ ਕਾਂਹੂੰ। (ਸੂ: ਪ੍ਰ:)

ਸਿੱਖ-ਪਾਤਸ਼ਾਹ ! ਖੇਤ ਤੇਰਾ, ਪੈਲੀ ਤੇਰੀ, ਅੰਨ ਤੇਰਾ, ਗਾਂ ਤੇਰੀ, ਵਰਜਣਹਾਰ ਤੂੰ, ਦਾਤਾ ਤੂੰ !

ਪਾਤਸ਼ਾਹ! ਮੈਂ ਮੁਲਤਾਨ ਦਾ ਵਾਸੀ ਹਾਂ, ਵਣਜਾਰਾ ਹਾਂ, ਨਗਾਹੇ ਦਾ ਮੁਰੀਦ ਸਾਂ, ਹਾਂ ਹਿੰਦੂ, ਪਰ ਪੂਜਦਾ ਸੀ ਸਰਵਰ ਪੀਰ ਨੂੰ। ਹਾਂ ਗਿਆ ਸਾਂ, ਮੈਂ,

---

1. ਇਹ ਪ੍ਰਸੰਗ ੧੫ ਪੋਹ ਸੰ: ਗੁ: ਨਾ: ਸਾ: ੪੫੯ (੩੦ ਦਸੰਬਰ ੧੯੨੭) ਦੇ ਗੁਰਪੁਰਬ ਸਪਤਮੀ ਪਰ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਤ ਹੋਇਆ ਸੀ।

ਹਜ਼ੂਰ ਜੀਓ। ਸਦਕੇ ਤੇਰੇ 'ਨੈਣ-ਦਿਦਾਰੇ' ਤੋਂ ਵਣਜ ਕਰਨ ਦੇਸ ਦਿਸੌਰਾਂ ਨੂੰ। ਸੱਠ ਹਜ਼ਾਰ ਦਾ ਮਾਲ ਅਟਕ ਗਿਆ, ਵਿਕੇ ਨਾਂ ਬथੇਰੇ ਜ਼ੋਰ ਲਾਏ, ਅਕਲਾਂ ਖ਼ਰਚੀਆਂ, ਫਿਰ ਨਗਾਹੇ ਵਾਲੇ ਨੂੰ ਅਰਾਧਿਆ, ਪਰ ਮਾਲ ਪਿਆ ਰਿਹਾ। ਫਿਰ ਮੈਂ ਲੋਕਾਂ ਤੋਂ ਪੁੱਛਿਆ, ਕੋਈ 'ਜ਼ਾਹਰਾ ਪੀਰ ਇਸ ਵੇਲੇ ਹੈ ?' ਤਾਂ ਦੱਸ ਪਈ ਕਿ ਜ਼ਾਹਰਾ ਪੀਰ ਜਗਤ ਗੁਰੂ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਤੇ ਉਨ੍ਹਾਂ ਦੀ ਸਦ ਬਖਸ਼ਿੰਦ ਗੱਦੀ ਤੇ ਆਪ ਭਾਗ ਲਾ ਰਹੇ ਹੋ। ਗਰਜ਼ ਦੇ ਬੱਧੇ, ਪਰ ਮਨ ਵਿਚ ਸ੍ਰੀ ਜੀ ਨੂੰ ਜ਼ਾਹਰਾ ਗੁਰੂ ਮੰਨਕੇ, ਆਪਣਾ ਗੁਰੂ ਮੰਨ ਕੇ ਮੈਂ ਅਰਦਾਸ ਕੀਤੀ, ਆਪ ਨੇ ਸੁਣੀ, ਪਰਵਾਨ ਕੀਤੀ। ਮਾਲ ਵਿਕ ਗਿਆ, ਹੁਣ ਮੈਂ ਨਫੇ ਗਿਣੇ ਤਾਂ ਦਸਵੰਧ ਦੋ ਹਜ਼ਾਰ ਬੈਠਦਾ ਹੈ, ਜੋ ਆਪ ਦਾ ਬਖਸ਼ਿਆ ਸੇਵਾ ਵਿਚ ਲੈਕੇ ਆਇਆ ਹਾਂ, ਇਹ ਕਬੂਲੋ ਤੇ ਦਾਸ ਸਿਖ ਹੈ ਤੇ ਹੁਣ ਹੋਰ ਸਿਦਕ ਬਖਸ਼ੋ।

ਗੁਰੂ ਜੀ-ਸਖੀ ਸਰਵਰ ਗੁਰੂ ਨਾਨਕ ਦੇ ਦਰੋਂ ਵਰੋਸਾਇਆ ਸਿਖ ਫਕੀਰ ਸੀ, ਪਰ ਉਸ ਦੇ ਮੁਰੀਦਾਂ ਨੇ ਤੁਰਕੀ ਅਮਲ ਰਖੇ ਹਨ ਤੇ ਤੁਰਕੀ ਤੋਰੇ ਤੋਰੇ ਹੋਏ ਹਨ। ਪੂਰਾ ਹੌਸਲਾ ਕਰਕੇ ਆਪਣੇ ਪੀਰ ਦੀ ਸਿਖੀ ਤੇ ਨਹੀਂ ਟੁਰੇ, ਸਗੋਂ ਤੁਰਕਾਨੀ ਵੱਲ ਲੈ ਜਾ ਰਹੇ ਹਨ। ਲੋਕਾਂ ਨੂੰ ਭੁੱਲ ਦੇ ਰਾਹ ਪਾਉਂਦੇ ਹਨ। ਹਾਂ, ਓਹ ਤੁਰਕਾਂ ਦੇ ਖ਼ਿਆਲ ਹਨ, ਤੁਰਕ ਜ਼ੁਲਮ ਕਮਾ ਰਹੇ ਹਨ, ਧਰਤੀ ਪੁਕਾਰ ਰਹੀ ਹੈ, ਅਸਾਂ ਧਰਤੀ ਦਾ ਭਾਰ ਹਰਨਾ ਹੈ।

ਸਿਖ-ਸ੍ਰੀ ਪਾਤਸ਼ਾਹ ! ਸਚ ਦੇ ਦਾਤੇ ਜੀਉ ਜੀ, ਉਹ ਘਰ ਛੱਡ ਕੇ ਮੂਲੋਂ ਛਡਕੇ ਮੈਂ ਗੁਰੂ ਨਾਨਕ ਦੇ ਘਰ ਆਇਆ ਹਾਂ, ਤੁਸਾਡਾ ਹੋ ਚੁਕਾ ਹਾਂ, ਲੜ ਲਾ ਲਓ, ਸਿਖੀ ਖੈਰ ਪਾ ਦਿਓ।

ਗੁਰੂ ਜੀ-ਸਿਖੀ ਕਠਨ ਹੈ। ਸਿੱਖ ਹੋਣ ਲਈ ਕੇਸ ਰਖਣੇ ਹਨ, ਅੰਮ੍ਰਿਤ ਛਕਣਾ ਹੈ, ਸਿਦਕ ਸਾਬਤ ਰਖਣਾ ਹੈ, ਸਿਦਕ ਔਖਾ ਹੈ, ਸੋਚ ਲੈ।

ਸਿਖ-ਸੋਚ ਤਾਂ ਮੇਰੀ ਪੋਚ ਹੈ, ਸਿਦਕ ਤੁਸਾਂ ਬਖ਼ਸ਼ਣਾ, ਕੇਸ ਤੇਰੀ ਦਾਤ, ਤਲਵਾਰ ਤੇਰੀ ਮਿਹਰ। ਪੱਖਾ ਦਿਓ, ਝਾੜੂ ਦਿਓ, ਗਾਗਰ ਦਿਓ, ਤੀਰ ਤੁਫੰਗ ਬਖਸ਼ੋ, ਨਫਰ ਹੋ ਚੁਕਾ ਹਾਂ, ਜੋ ਦਿਓ ਪੁਗਾ ਦਿਓ, ਮੈਂ ਕੌਣ ਹਾਂ ਨਿਭਣ ਵਾਲਾ।

ਗੁਰੂ ਜੀ-ਹੁਣ ਜੋ ਹੈਂ, ਸੋ ਹੈਂ, ਸਿਖ ਹੋਕੇ ਬੇਮੁਖ ਹੋਣਾ ਬੁਰਾ ਹੈ। 'ਗੁਰਮੁਖਿ ਸੁਖੀਆ ਮਨਮੁਖਿ ਦੁਖੀਆ[1]'।

ਸਿੱਖਾ, ਧਨ ਦੇਣਾ ਬੜਾ ਔਖਾ ਹੈ, ਪਿਆਰ ਉਸ ਦਾ ਜੋ ਧਨ ਵਾਰ ਸਕੇ, ਧਨ ਵਾਰ ਸਕਣਾ ਪਿਆਰ ਦੀ ਇਕ ਨਿਸ਼ਾਨੀ ਹੈ। ਪਰ ਧਨ ਵਾਰਨਾ ਸੌਖਾ ਹੈ ਸਿਦਕ ਰੱਖਣ ਨਾਲੋਂ, ਸਿਦਕ ਚੁਪ ਵਸਦਾ ਹੈ ਅੰਦਰ ਤੇ ਮੰਗਦਾ ਕੁਛ ਨਹੀਂ, ਪਰ ਜਦ ਸਮਾਂ ਆਉਂਦਾ ਹੈ ਤਾਂ ਸਿਦਕ 'ਆਪਣਾ' ਸਭ ਕੁਝ ਵਾਰ ਦਿੰਦਾ ਹੈ। ਹਾਂ, ਆਪਣਾ ਸਭ ਕੁਝ ਵਾਰਨਾ ਸੁਖਾਲਾ ਹੈ, ਪਰ ਆਪਾ ਵਾਰਨਾ ਕਠਨ ਹੈ।

"ਸਾਬਤ ਸਿਦਕ ਰਾਖਿਬੋ ਜੋਇ।
ਅਹੈ ਕਠਨ ਤੇ ਕਠਨੈ ਸੋਇ।।"(ਸੂ: ਪ੍ਰ:)

ਸਿਖ(ਨੈਣ ਭਰਕੇ)-ਸੱਚ ਹੈ, ਪਰ ਤੇਰਾ ਹਾਂ, ਸਿਦਕ ਤੇਰੀ ਦਾਤ ਹੈ।

ਗੁਰੂ ਜੀ-"ਸਿਦਕ ਬੂਏ ਖ਼ੈਰ, ਮਗਜ਼ ਖ਼ੈਰ ਸ਼ੁਦਹ।[2] ਪਰ ਸਿੱਖਾ ! ਯਾਦ ਰਖ: ਬੇ ਸਿਦਕ ਬੂਇ ਰੀਦ ਆਮਦਹ"[3] ਗੁਰੂ ਨਾਨਕ ਦੇਵ ਦਾ ਖੇਤ ਸਿਦਕ ਦਾ ਖੇਤ ਹੈ:- ਸਿਦਕ ਬਲਾਈਂ ਛੈ ਕਰੇ ਬੇਸਿਦਕੀ ਘਰ ਨ ਉਜਾੜ। ਗੁਰ ਪੀਰ ਬਿਸਿਦਕੀ ਕੇ ਨਹੀਂ ਨਾਨਕ ਖੇਤ ਬਿਬਾੜ।[4] (ਸੌ ਸਾਖੀ ਤੇ ਸੂ: ਪ੍ਰ:)

ਹੁਣ ਸਿਖ ਦੇ ਨੈਣ ਗੁਰ-ਨੈਣ-ਕਟੋਰਿਆਂ ਤੋਂ ਅੰਮ੍ਰਿਤ ਪੀਂਦੇ ਭਰ ਗਏ, ਡੁੱਲ੍ਹਣ ਲਗਿਆਂ ਦੇ ਛੱਪਰ ਢਹਿਕੇ ਬੰਦ ਹੋ ਗਏ, ਸਿਖ ਚਰਨਾਂ ਨੂੰ ਲਿਪਟ ਗਿਆ। ਚੁਪ ਮੁਹਰ ਨੇ ਮੱਥੇ ਦੀ ਤ੍ਰਬ੍ਰਕ ਤੋਂ ਗੁਰਚਰਨਾਂ ਦੀ ਪ੍ਰਤੀਤੀ ਸ਼ਕਤੀ ਨੂੰ ਦੱਸ ਦਿੱਤਾ ਕਿ-

'ਪਰਵਾਨੇ ਬੋਲ ਨਹੀਂ ਜਾਣਦੇ, ਪਰ ਆਹੂਤੀ ਹੋਣ ਦੀ ਲਪੇਟ ਜਾਣਦੇ ਹਨ।'

੩.

ਅੰਮ੍ਰਿਤ ਦਾ ਕੁੰਡ ਤਿਆਰ ਹੈ, ਸੁਭਰ ਭਰ ਰਿਹਾ ਹੈ, ਪੰਜ ਪਿਆਰੇ ਖੜ੍ਹੇ ਹਨ। ਇਕ ਪਾਸੇ ਖੜ੍ਹਾ ਹੈ ਵਣਜਾਰਾ

---

1. ਸੂਰਜ ਪ੍ਰਕਾਸ਼ ਤੇ ਸੌ ਸਾਖੀ ਵਿਚ ਇਥੇ ਇਕ ਸਲੋਕ ਲਿਖਿਆ ਹੈ:-ਵਿਮੁਖਾਨਾਂ ਪਰ ਤ੍ਰੰਚ ਨ ਸੁਖੰ ਦ੍ਰਿਸ਼ਜਤੇ ਕ੍ਰਚਿਤ। ਅਰਥ = ਬੇਮੁਖਾਂ ਨੂੰ ਏਥੇ ਨਾ ਓਥੇ ਕਿਤੇ ਬੀ ਸੁਖ ਨਹੀਂ: ਦਿਸਦਾ: ਭਾਵ ਪ੍ਰਤੀਤ ਨਹੀਂ ਹੁੰਦਾ।
2. ਸਿਦਕ ਇਕ ਸੁਗੰਧੀ ਹੈ, ਜਿਸ ਨਾਲ ਮਗਜ਼(ਹਉਂ ਦੀ ਬੀਮਾਰੀ) ਤੋਂ ਰਾਜ਼ੀ ਹੋ ਜਾਂਦਾ ਹੈ (ਸੌ ਸਾਖੀ ਤੇ ਸੂ: ਪ੍ਰ:)
3. = ਬਦਬੋ ਬੇਸਿਦਕੀ ਦੀ ਬੋ ਬਦਬੋ ਹੁੰਦੀ ਹੈ।
ਪਾਠਾਂਤ੍ਰ: 'ਬੇਸਿਦਕ ਬੂਇ ਮੰਦ ਆਮਦਹ' ਬੀ ਹੈ।
4. ਖੇਤ ਬਿਵਾੜ - ਖੇਵਾੜਾ ਖੇਤ।

ਪ੍ਰੇਮੀ, ਭੁਜੰਗੀ ਪੁਸ਼ਾਕੇ ਵਿਚ। ਵਾਹਿਗੁਰੂ ਵਾਹਿਗੁਰੂ ਉਚਾਰ ਰਿਹਾ ਹੈ, ਭਾਈ ਦਇਆ ਸਿੰਘ ਜੀ ਛਕਾਉਣ ਲੱਗੇ ਪੁੱਛਦੇ ਹਨ:-

ਸਿੱਖਾ ! ਤੂੰ ਅੰਮ੍ਰਿਤ ਧਾਰਨ ਲੱਗਾ ਹੈਂ, ਅੰਮ੍ਰਿਤ ਮੌਤ ਹੈ, ਕਬੂਲ ਹਈ ?

ਸਿਖ-ਜੀ ਸਿਰ ਅੱਖਾਂ ਤੇ।

ਦਇਆ ਸਿੰਘ-ਅੰਮ੍ਰਿਤ ਮੌਤ ਹੈ, 'ਬਿਖੈ ਦੇ ਜੀਵਨ', ਤੋਂ 'ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸ ਪੀਓ'।।

ਸਿਖ-ਮਿਹਰ !

ਦਇਆ ਸਿੰਘ-ਅੰਮ੍ਰਿਤ ਮੌਤ ਹੈ ਜ਼ਹਿਰ ਦੇ ਬਨ ਬਸੇਰੇ ਤੋਂ ਪਰ ਅੰਮ੍ਰਿਤ ਜੀਵਨ ਹੈ ਨਾਮ ਦੇ ਆਤਮ ਨਗਰ ਵਿਚ। ਤੁਸਾਂ ਅੰਦਰਲੇ ਨੂੰ ਸਾਂਈਂ ਵਲ ਲਾਈ ਰੱਖ ਕੇ ਜਗਤ ਵਿਚ ਜੀਉਣਾ ਹੈ।

ਸਿਖ-ਮਿਹਰ।

ਦਇਆ ਸਿੰਘ-ਨਾਮ ਦਾਤਾ ਗੁਰੂ ਹੈ, ਅੰਮ੍ਰਿਤ ਦਾਤਾ ਗੁਰੂ ਹੈ, ਜੀਉਣਾ ਹੈ ਗੁਰੂ ਲਈ, ਮਰਨਾ ਹੈ ਆਪਣੇ ਤੋਂ। ਨਵਾਂ ਜਨਮ ਹੋਣਾ ਹੈ ਪੀ ਕੇ ਅੰਮ੍ਰਿਤ, ਸਤਿਗੁਰ ਦੇ ਘਰ ਜੰਮਣਾ ਹੈ ਜਗਤ ਦੀ ਕੁਖੋਂ ਮਰਕੇ। "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।"।

ਇਸ ਜਨਮ ਵਿਚ ਜੀਵਿਆਂ ਦਾ-ਜੀ ਉਠਿਆਂ ਦਾ-ਫੇਰ ਜੀਵਨ ਹੈ 'ਖਾਲਸਾ'। ਅੰਦਰਲਾ ਸਦਾ ਵਾਹਿਗੁਰੂ ਦੇ ਵੱਲ ਰੁਖ ਰਖੇ-ਸਨਮੁਖੀ ਲਗਾਤਾਰੀ ਲਗਾਉ ਵਿਚ ਰਹੇ। ਬਾਹਰਲੇ ਕੰਮ ਸਤਿਗੁਰ ਦੇ ਹੁਕਮ ਵਿਚ ਹੋਣ। ਅੰਦਰੋਂ ਲਿਵ ਵਿਚ।

'ਚੁਭੀ ਰਹੀ ਸੁਤਿ ਪ੍ਰਭੁ ਚਰਨਨ ਮਾਹਿ' ਜਗਤ ਨਾਲ ਸੂਤ। 'ਬਾਹਰਿ ਸੂਤ, ਸਗਲ ਸਿਉ ਮਉਲਾ' ਹੈ ਜੇ ਇਹ ਸੌਦਾ ਪੁਗਦਾ ?

ਸਿਖ-ਮਿਹਰ।

ਦਇਆ ਸਿੰਘ-ਜੀਵਣ ਰਣਖੇਤ ਹੈ, ਸਦਾ ਜੁੱਧ ਹੈ, ਤੱਤਾਂ ਦਾ ਜਤਨ ਹੈ ਮਨ ਦੀ ਕਸ਼ਮਕਸ਼ ਹੈ; ਆਪਾ ਜਿੱਤਣ ਦਾ ਜੰਗ ਹੈ ਸਦਾ। ਹੁਣ ਪਰਜਾ ਦੁਖੀ ਹੈ, ਸਮਾਂ ਹੈ ਉਤਸ਼ਾਹੀ ਹੋ ਕੇ ਆਪਾ ਵਾਰਨ ਦਾ, ਸਤਿਗੁਰ ਦਾ ਚੋਜ ਹੈ। ਆਪਾ ਵਾਰਸੋ ?

ਸਿਖ-ਮਿਹਰ।

ਇਸ ਪਰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ ! ਨਾਮ, ਮੂਲ ਮੰਤ੍ਰ, ਬਾਣੀ ਤੇ ਰਹਿਤਾਂ ਦਾ ਉਪਦੇਸ਼ ਮਿਲਿਆ। ਵਣਜਾਰਾ ਸਿਖ ਹੋ ਗਿਆ, ਦੂਲਾ ਸਿੰਘ ਕਰਕੇ ਇਸ ਦਾ ਨਾਮ ਵਜਦਾ ਰਿਹਾ, ਸੁਹਣਾ ਸੁਹਣਾ ਦੂਲਾ ਸਿੰਘ ਮੁਲਤਾਨੀ।

ਨਗਾਹੀਏ ਦਾ ਮੁਰੀਦ ਸਿੰਘ ਸਜ ਗਿਆ, ਸ਼ਸਤ੍ਰਧਾਰੀ ਹੋ ਗਿਆ। ਮਨ ਨੂੰ ਸ਼ਸਤ੍ਰ ਪੈ ਗਿਆ ਸਾਂਈਂ 'ਯਾਦ' ਦਾ, ਸ਼ਰੀਰ ਨੂੰ ਸ਼ਸਤ੍ਰ ਪੈ ਗਿਆ ਪਰ ਹਿਤ ਪਰ ਪਿਆਰ ਲਈ ਸੂਤੀ ਜਾਣ ਵਾਲੀ 'ਮਿਆਨ ਪਈ ਢਾਲ ਰੂਪ ਤਲਵਾਰ' ਦਾ।

ਫੇਰ ਕਰਦਾ ਕੀ ਰਿਹਾ ਸਿਖ ? ਸਿਖੀ ਦਾ ਪ੍ਰਚਾਰ। ਦਰਸ਼ਨ ਨੂੰ ਆਵੇ, ਦਸਵੰਧ ਲੈ ਕੇ ਆਵੇ ਆਪਣਾ, ਸੰਗਤ ਦਾ, ਆ ਕੇ ਅਰਪਣ ਕਰੇ ਗੁਰੂ ਚਰਨਾਂ ਵਿਚ। ਆਪਣੇ ਨਾਲ ਸੰਗਤਾਂ ਲੈ ਕੇ ਆਵੇ ਹਜ਼ਾਰਾਂ।

ਵੀਚਾਰ-ਇਸ ਸਾਖੀ ਵਿਚ ਜੋ ਭਾਈ ਰਾਮਕੌਰ ਜੀ ਨੇ ਵਰਤਦੀ ਦੇਖ ਕੇ ਲਿਖੀ ਹੈ, ਇਖ਼ਲਾਕ ਦੀ ਨਜ਼ਰ ਕੇਡੀ ਬ੍ਰੀਕ ਸਤਿਗੁਰੂ ਜੀ ਦੀ ਦਿੱਸ ਪੈਂਦੀ ਹੈ। ਜੇ ਵਣਜਾਰਾ ਨਗਾਹੇ ਦਾ ਮੁਰੀਦ ਹੈ ਤੇ ਐਵੇਂ ਸੰਸਾਰਕ ਇਕ ਲੋੜ ਨੂੰ ਗੁਰੂ ਕੀ ਸਹਾਇਤਾ ਮੰਗੀ ਹੈ ਤਾਂ ਗੁਰੂ ਜੀ ਉਸ ਦੇ ਦਸਵੰਧ ਦੇ ਆਪਣੇ ਆਪ ਨੂੰ ਹੱਕਦਾਰ ਨਹੀਂ ਸਮਝਦੇ, ਚਾਹੇ ਉਹ ਧਨ ਉਸ ਵੇਲੇ ਖਾਲਸਾ ਜੀ ਨੂੰ ਸੀਤਕਾਲ ਦੇ ਬਸਤ੍ਰ ਰਜ਼ਾਈਆਂ ਤੁਲਾਈਆਂ ਲਈ ਲੋੜੀਂਦਾ ਸੀ, ਤਦ ਭੀ ਉਸ ਧਨ ਤੋਂ ਉਪਰਾਮਤਾ ਰੱਖੀ। ਜਦੋਂ ਸਿਖ ਨੇ ਕਿਹਾ ਕਿ ਮੈਂ ਨਗਾਹੇ ਵਾਲੇ ਨੂੰ ਛੱਡ ਕੇ ਆਪ ਦਾ ਹੋ ਕੇ ਅਰਦਾਸ ਕੀਤੀ ਸੀ ਤੇ ਹੁਣ ਆਪ ਦਾ ਹਾਂ ਤਾਂ ਆਪ ਮੰਨੇ, ਪਰ ਅਜੇ ਬੀ ਹੋਰ ਤਸੱਲੀ ਕਰਦੇ ਹਨ ਕਿ ਮਤਾਂ ਧਨ ਦੇ ਮਤਲਬ ਲਈ ਹੀ ਆਖਦਾ ਹੋਵੇ ਤੇ ਸਿੱਖੀ ਧਾਰਦਾ ਹੋਵੇ; ਤਾਂ ਆਪ ਨੇ ਖਾਲਸਾ ਸਜਣ ਲਈ ਕਿਹਾ ਤੇ ਖਾਲਸਾ ਸਜ ਕੇ ਆਪਾ ਤਕ ਵਾਰ ਦੇਣ ਦੇ ਸਮੇਂ ਆ ਪੈਣ ਦੀ ਕੁਰਬਾਨੀ ਕਰਨ ਦੀ ਕਸਵੱਟੀ ਬੀ ਦਿਖਾ ਦਿੱਤੀ। ਹੁਣ ਜਦ ਸਿੱਖ ਨੇ ਸਭ ਕੁਛ ਮੰਨਿਆ ਤੇ ਅੰਮ੍ਰਿਤ ਛੱਕਿਆ ਤਾਂ ਸਦਾਚਾਰ ਦੇ ਸਰਦਾਰ ਨੇ ਮੰਨਿਆ ਕਿ ਨਿਰੋਲ ਗੁਰੂ ਕਾ ਸਿਖ ਹੈ ਤਾਂ ਉਸ ਦਾ ਦਸਵੰਧ ਆਪਣਾ ਜਾਣ ਕੇ ਅੰਗੀਕਾਰ ਕੀਤਾ ਤੇ ਉਹ ਧਨ ਖਾਲਸੇ ਨੂੰ ਗਰਮ ਕਪੜਿਆਂ ਲਈ ਬਖਸ਼ਿਆ।

# ੪੭. ਸੇਵਾ ਵਿਹੂਣੇ ਹੱਥ[1]।

੧.

"ਜ਼ਾਲਮ ਸਿੰਘ ! ਜ਼ਾਲਮ ਪਿਆਸ ਨੂੰ ਨਿਵਾਰ, ਠੰਢਾ ਪਾਣੀ ਲਿਆ।" ਥੋੜੇ ਜਿਹੇ ਸਿਖ ਤੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਆਲੇ ਦੁਆਲੇ ਬੈਠੇ ਸੇ ਤੇ ਕੋਈ ਵਾਰਤਾਲਾਪ ਹੋ ਰਹੀ ਸੀ ਕਿ ਸਾਹਿਬ ਗੱਲ ਕਰਦੇ ਕਰਦੇ ਚੁੱਪ ਹੋ ਗਏ, ਇਧਰ ਉਧਰ ਤੱਕੇ ਤੇ ਜ਼ਾਲਮ ਸਿੰਘ ਗੜਵਈ ਨੂੰ ਪਾਣੀ ਵਾਸਤੇ ਉੱਪਰ ਲਿਖੀ ਆਵਾਜ਼ ਦਿੱਤੀ, ਪਰ ਉਹ ਨੇੜੇ ਨਹੀਂ ਸੀ। ਇਕ ਹੋਰ ਸੁਹਣਾ, ਚੜ੍ਹਦੀ ਉਮਰ ਦਾ, ਆਪਣੇ ਰੂਪ ਜੋਬਨ ਦਾ ਮਦਮੱਤਾ, ਸਿਖ ਬੈਠਾ ਸੀ, ਜੋ ਬੜੇ ਸੂਛ ਬਸਤ੍ਰ ਪਹਿਨੇ ਉੱਜਲ ਪਨ ਦੇ ਸ਼ੌਕ ਵਿਚ ਓਪਰਾ ਓਪਰਾ ਰਿਹਾ ਕਰਦਾ ਸੀ। ਇਹ ਗੱਭਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਾਲਮ ਸਿੰਘ ਤੋਂ ਪਾਣੀ ਮੰਗ ਦੀ ਆਵਾਜ਼ ਸੁਣਕੇ, ਉਠ ਖੜੋਤਾ ਤੇ ਹੱਥ ਜੋੜ ਕੇ ਆਖਣ ਲੱਗਾ-'ਪਾਤਸ਼ਾਹ ਜੇ ਆਗਯਾ ਬਖ਼ਸ਼ੋ ਤਾਂ ਮੈਂ ਜਲ ਲਿਆਵਾਂ, ਜ਼ਾਲਮ ਸਿੰਘ ਤਾਂ ਹਾਜ਼ਰ ਨਹੀਂ ਦੀਂਹਦਾ।' ਸਤਿਗੁਰਾਂ ਨੇ ਦੂਰੋਂ ਹੀ ਸੈਨਤ ਕਰ ਦਿੱਤੀ ਕਿ ਲੈ ਆਓ। ਗੱਭਰੂ ਚਲਾ ਗਿਆ ਅਤੇ ਥੋੜੇ ਚਿਰ ਵਿਚ ਹੀ ਠੰਢੇ ਜਲ ਦਾ ਕਟੋਰਾ ਭਰ ਕੇ ਲੈ ਆਇਆ ਤੇ ਆ ਪੇਸ਼ ਕੀਤਾ। ਸਤਿਗੁਰਾਂ ਨੇ ਕਟੋਰਾ ਚਾ ਲਿਆ, ਫਿਰ ਸਿਖ ਗਭਰੂ ਵਲ ਤੱਕੇ ਮੂਛ ਉੱਜਲ ਦਿੱਸ ਆਇਆ। ਫੇਰ ਹੱਥਾਂ ਵਲ ਤੱਕੇ ਡਿੱਠਾ ਕਿ ਹੱਥ ਖੜੇ ਕੋਮਲ ਜਿਹੇ ਹਨ, ਉਂਗਲੀਆਂ ਪਤਲੀਆਂ ਹਨ, ਸਫਾ ਹਨ, ਪਰ ਮਲੂਕ ਐਉਂ ਜਿਉਂ ਰਾਖਵੀਆਂ ਰੱਖੀਆਂ ਹੁੰਦੀਆਂ ਹਨ। ਤਦ ਸਾਹਿਬ ਬੋਲੇ- "ਸਿਖਾ! ਤੂੰ ਦੱਸ ਕੀ ਕੰਮ ਕਰਦਾ ਹੁੰਦਾ ਹੈਂ, ਤੇਰੇ ਹਥ ਤਾਂ ਬੜੇ ਪਤਲੇ ਕੂਲੇ ਹਨ ?"

ਸਿੱਖ ਬੱਚਾ-ਪਾਤਸ਼ਾਹ ! (ਦੁਇ ਹੱਥ ਜੋੜ ਕੇ) ਇਹ ਹੱਥ ਆਪ ਅਗੇ ਹੀ ਜੁੜਦੇ ਹਨ ਤੇ ਆਪ ਜੋਗਾ ਹੀ ਜਲ ਲਿਆਏ ਹਨ, ਸਰੀਰ ਦੀ ਰਹਿਤ ਬਹਿਤ ਮੈਂ ਸੁੱਚੀ ਰੱਖਦਾ ਹਾਂ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ-ਹੱਛਾ....(ਇਹ ਕਹਿ ਕੇ ਪਾਣੀ ਧਰਤੀ ਤੇ ਵੀਟਣ ਲੱਗੇ)...

ਸਿੱਖ ਬੱਚਾ-ਪਾਤਸ਼ਾਹ ! ਮੇਰੇ ਹੱਥ ਸਦਾ ਪਵਿੱਤ੍ਰ ਰਹੇ ਹਨ। ਹੁਣ ਭੀ ਧੋਤੇ ਹੋਏ ਸੁੱਚੇ ਸਨ। ਮੈਂ ਇਹ ਹੱਥ ਧੋ ਕੇ ਗੜਵਾ ਮਾਂਜ ਕੇ ਫੇਰ ਹੱਥ ਸਾਫ ਕਰਕੇ ਕਟੋਰਾ ਆਪ ਸਾਫ ਕਰਕੇ ਨਿਰਮਲ ਜਲ ਲਿਆਇਆ ਹਾਂ। ਆਪ ਸੰਸਾ ਨਾ ਕਰੋ। ਸੁੱਚਾ ਹੈ, ਛਕੋ।

ਗੁਰੂ ਜੀ ਨੇ ਕਟੋਰਾ ਉਲਟ ਦਿੱਤਾ, ਪਾਣੀ ਧਰਤੀ ਵਿਚ ਲੇਟ ਗਿਆ। ਸਿਖ ਬੱਚਾ ਹਰਿਆਨਿਆਂ ਬਾਉਰਾਨਿਆਂ ਕਦੇ ਲੇਟ ਗਏ ਜਲ ਵਲ ਕਦੇ ਸਤਿਗੁਰਾਂ ਵਲ ਤੱਕੇ, ਸਮਝ ਨਾ ਪਵੇ ਕਿ ਕੀ ਅਵੱਗਯਾ ਹੋਈ ਹੈ, ਇੰਨੇ ਨੂੰ ਗੁਰੂ ਜੀ ਬੋਲੇ-'ਬਈ ਕੁਸਿੱਖ ਦੇ ਹੱਥ ਛੋਹੇ ਸਨ, ਪੀਣ ਦੇ ਲਾਇਕ ਨਹੀਂ ਸੀ ਰਿਹਾ।'

ਇਹ ਸੁਣ ਕੇ ਸਿਖ ਗੱਭਰੂ ਬਹੁਤ ਡਰਿਆ, ਉਪਰੋਂ ਸ਼ਰਮ ਭੀ ਆਈ ਕਿ ਪਾਸ ਬੈਠੇ ਹੋਰ ਸਿਖ ਮੈਨੂੰ ਕਿੱਡਾ ਕੁ ਪਾਪੀ ਸਮਝਣਗੇ, ਸੰਗਤ ਵਿਚ ਕੀਹ ਮੂੰਹ ਲੈਕੇ ਫਿਰਾਂਗਾ। ਫੇਰ ਕੰਬਦਾ ਕੰਬਦਾ ਬੋਲਿਆ 'ਪਾਤਸ਼ਾਹ ਮੈਂ ਸਿਖ ਦਾ ਪੁਤ੍ਰ ਹਾਂ, ਕਦੀਮੀ ਸਿਖ ਹਾਂ, ਆਪ ਦਾ। ਅਸੀਂ ਜੀਵ ਸਦਾ ਭੁੱਲਦੇ ਹਾਂ, ਆਪ ਬਖਸ਼ਿੰਦ ਹੋ, ਬਖਸ਼ੋ, ਜੋ ਮੇਰੀ ਖ਼ਤਾ ਹੈ ਮਾਫ ਕਰੋ ਤੇ ਰਸਤੇ ਪਾਓ।'

ਸ੍ਰੀ ਗੁਰੂ ਜੀ-ਸੁਣ ਬਰਖ਼ੁਰਦਾਰ ! ਤੂੰ ਸਿਖ ਦਾ ਪੁਤ੍ਰ ਖਰਾ, ਤੂੰ ਪਾਹੁਲ ਲਈ; ਤੂੰ ਸਿੱਖੀ ਧਾਰੀ, ਪਰ ਜੇ ਸਿਖੀ ਅਮਲ ਵਿਚ ਨਾ ਆਈ ਤਾਂ ਸ਼ੂਮ ਦੇ ਧਨ ਵਾਂਙੂ ਹੋਈ। ਸਿਖੀ ਜਦ ਅਮਲ ਵਿਚ ਆਉਂਦੀ ਹੈ ਤਾਂ ਮਨ ਨੂੰ, ਸ਼ਰੀਰ ਨੂੰ ਤੇ ਏਸ ਮਨੁੱਖਾ ਜਨਮ ਨੂੰ ਸਫ਼ਲਾ ਕਰਦੀ ਹੈ। ਸਿਖੀ ਇਕ ਸਿਖਯਾ ਧਾਰਨ ਕਰਕੇ ਸੁਸਿਖਯਤ ਹੋ ਜਾਣ ਦਾ ਨਾਮ ਹੈ। ਸਿਖੀ ਆਪਾ ਸੰਵਾਰ ਕੇ ਚੰਦਨ ਵਾਂਙੂ ਖ਼ੁਸ਼ਬੂਦਾਰ ਹੋ ਕੇ ਖ਼ੁਸ਼ਬੂ ਦਾਨ ਕਰਨ ਦਾ ਨਾਮ ਹੈ। ਸਿਖੀ ਇਕ ਗਯਾਨ ਹੈ, ਇਕ ਭਗਤੀ ਹੈ, ਸਾਂਈਂ ਨਾਲ ਹਜ਼ੂਰੀ ਵਾਸ ਦਾ ਪ੍ਰੇਮ ਹੈ ਤੇ ਇਹ ਸਾਰਾ ਕੁਝ ਅਮਲ ਵਿਚ ਆਉਂਦਾ ਹੈ-ਕਰਨੇ ਦਾ ਰੂਪ ਧਾਰਨ ਕਰਦਾ ਹੈ।

1. ਸੰਮਤ ਗੁ: ਨਾ: ਸਾ: ੪੭੩(੨੫ ਦਸੰਬਰ ੧੯੪੧) ਦੇ ਗੁਰਪੁਰਬ ਸਪਤਮੀ ਪਰ ਲਿਖੇ ਗਏ ਪ੍ਰਸੰਗਾਂ ਵਿਚੋਂ ਇਕ ਇਹ ਸੀ।

ਸਿਖੀ ਅਕ੍ਰੈ ਹੋ ਜਾਣ ਦਾ ਨਾਂ ਨਹੀਂ। ਗੰਗਾ ਕਿਨਾਰੇ ਪਈ ਸ਼ਿਲਾ ਵਾਂਙੂ ਕ੍ਰਿਆ-ਹੀਨ ਹੋ ਜਾਣਾ ਸਿਖੀ ਨਹੀਂ, ਕ੍ਰਿਆ ਕਰਦੇ ਹੋਏ ਅਕ੍ਰੈ ਰਹਣਾ ਸਿੱਖੀ ਹੈ, ਵਾਸ਼ਨਾ ਤੇ ਫਤਹ ਪਾਉਣੀ ਸਿਖੀ ਦੀ ਅਕ੍ਰੈ ਅਵਸਥਾ ਹੈ[1]। ਕ੍ਰਿਆ ਵਿਚ ਕ੍ਰਿਆਮਾਨ ਰਹਿਣਾ ਤੇ ਕ੍ਰਿਆ ਧਰਮ ਦੀ ਕਰਨੀ ਸਿਖੀ ਦੀ ਕ੍ਰਿਆਮਾਨ ਅਵਸਥਾ ਹੈ।[2]

ਸਿਖੀ, ਬਰਖ਼ੁਰਦਾਰ ! ਸੇਵਾ ਤੋਂ ਸ਼ੁਰੂ ਹੁੰਦੀ ਹੈ! ਦੇਖ ਗੁਰੂ ਦੇ ਦੁਆਰੇ ਸਭ ਸੇਵਾ ਕਰ ਰਹੇ ਹਨ। ਸੇਵਾ ਨਾਲ ਸਰੀਰ ਸੂਛ ਹੁੰਦਾ ਹੈ, ਮਨ ਧੋਤਾ ਜਾਂਦਾ ਹੈ, ਹਉਂ ਦੀ ਮੈਲ ਉੱਤਰ ਜਾਂਦੀ ਹੈ। ਫਿਰ ਜਦ ਨਾਮ ਪ੍ਰਾਪਤ ਹੋ ਪਰਮ ਪੁਰਖ ਦੀ ਹਜ਼ੂਰੀ ਵਿਚ ਸਦਾ ਦਾ ਵਾਸਾ ਮਿਲਦਾ ਹੈ, ਚਿਤ ਦੀ ਯਾਦ ਦਾ ਮੰਡਲ ਪਰਮ ਪੁਰਖ ਨਾਲ ਭਰਪੂਰ ਰਹਿੰਦਾ ਹੈ। ਫਿਰ ਬੀ ਸਿਖ ਤੋਂ ਅਮਲ ਵਿਚ ਸੇਵਾ ਹੀ ਸਰ ਆਉਂਦੀ ਹੈ ਤਦੋਂ ਸਿਖ ਤੋਂ ਸਹਜ ਭਾ ਦੀ 'ਸੇਵਾ' ਪਈ ਹੁੰਦੀ ਹੈ। ਜਿਵੇਂ ਮੁਸ਼ਕੇ ਫੂਲ ਤੋਂ ਖੁਸ਼ਬੋਈ ਦਾਨ ਆਪੇ ਪਈ ਹੁੰਦੀ ਹੈ। ਜੇ ਤੂੰ ਬੀ ਸੇਵਾ ਨਾਲ ਸੂਛ ਹੋਕੇ ਵਾਹਿਗੁਰੂ ਨੂੰ ਯਾਦ ਕਰਦੋਂ ਤੇ ਬਾਣੀ ਪੜ੍ਹਦੋਂ, ਵਿਚਾਰਦੋਂ; ਤੇ ਸਾਂਈਂ ਹਜ਼ੂਰੀ ਵਿਚ ਵਸਦੋਂ ਤਦ ਤੈਨੂੰ ਪਤਾ ਲਗਦਾ ਕਿ ਸਾਰੇ ਵਯਾਪ ਰਿਹਾ ਹੈ ਜਗਤ ਦਾ ਪ੍ਰੀਤਮ ਵਾਹਿਗੁਰੂ "ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ।" ਜਦੋਂ ਤੇਰੀ ਇਹ ਦ੍ਰਿਸ਼ਟੀ ਖੁੱਲ੍ਹਦੀ ਤਾਂ ਤੈਥੋਂ ਸੁਤੇ ਉਪਕਾਰ ਤੇ ਸੇਵਾ ਪਏ ਹੁੰਦੇ। ਤੇਰੀ ਅੰਤ੍ਰੀਵ ਧਾਰਨਾ ਆਪੇ ਅਮਲ ਵਿਚ ਪਈ ਆਉਂਦੀ।

ਪਰ ਕਾਕਾ ! ਜੋ ਸੂਛਤਾ ਤੈਂ ਸਰੀਰ ਵਿਚ ਧਾਰੀ, ਉਸ ਉੱਜਲਤਾ ਦਾ ਮਾਨ ਤੇਰੇ ਮਨ ਵਿਚ ਧਸ ਗਿਆ ਕਿ ਮੈਂ ਬੜਾ ਉੱਜਲ ਹਾਂ। ਇਉਂ ਮਨ ਨੂੰ ਮਾਨ ਦੀ ਮੈਲ ਲਗ ਗਈ। ਜੇ ਉਹ ਉੱਜਲਤਾ ਸੇਵਾ ਨਾਲ ਅਮਲ ਵਿਚ ਆਉਂਦੀ ਤਾਂ ਮਨ ਨੂੰ ਮਾਨ ਦੀ ਮੈਲ ਨਾ ਲਗਦੀ। ਸਗੋਂ ਨਿਰਮਾਨ ਉੱਜਲਤਾ ਦਾ ਰੰਗ ਮਨ ਨੂੰ ਚੜ੍ਹ ਜਾਂਦਾ। ਸਰੀਰ ਤੇ ਮਨ ਦੁਇ ਨਿਰਮਲ ਹੋ ਜਾਂਦੇ।

ਇਹ ਸੁਣਕੇ ਸਿਖ ਬੱਚਾ ਜ਼ਰਾ ਕੁ ਹੋਰ ਉਦਾਸਿਆ ਜਿਹਾ ਗਿਆ ਤਾਂ ਸਤਿਗੁਰ ਬੋਲੇ : "ਬੱਚਿਆ ! ਮੈਨੂੰ ਪਤਾ ਹੈ ਕਿ ਤੇਰੇ ਆਚਰਣ ਮਾੜੇ ਨਹੀਂ, ਪਰ ਉੱਜਲਤਾ ਦੇ ਹੰਕਾਰ ਵਿਚ ਨਿਕੰਮੇ ਹੋ ਬਹਿਣਾ ਉੱਜਲਤਾ ਨੂੰ ਅਮਲ ਵਿਚ ਲਿਆਉਣਾ ਨਹੀਂ। ਕਿਸੇ ਸ਼ੈ ਨੂੰ ਅਮਲ ਵਿਚ ਨਾ ਲਿਆਉਣਾ ਮਾਨੋ ਉਸ ਨੂੰ ਮਾਰ ਛੱਡਣਾ ਹੈ। ਜਿਵੇਂ ਮੁਰਦੇ ਦੇ ਹੱਥ ਕੋਈ ਪਾਪ ਕਰਮ ਨਹੀਂ ਕਰਦੇ ਹੁੰਦੇ ਉਹ ਨਿਕੰਮੇ ਹੋ ਗਏ ਹੁੰਦੇ ਹਨ! ਦੇਖ ਉਸ ਦੇ ਹੱਥਾਂ ਨੂੰ ਸਾਰੇ ਅਪਵਿੱਤ੍ਰ ਜਾਣਕੇ ਨਹੀਂ ਛੁੰਹਦੇ। ਨਿਕੰਮੇ ਹੱਥ, ਹਾਂ, ਸੇਵਾ, ਉਪਕਾਰ, ਨੇਕੀ, ਭਲਯਾਈ ਤੋਂ ਅਕ੍ਰੈ ਹੋ ਗਏ ਹੱਥ, ਅਪਾਵਨ ਹਨ, ਮੁਰਦੇ ਤੁਲ ਜੁ ਹੋ ਗਏ।" ਕੁਛ ਚਿਰ ਚੁਪ ਰਹਿਕੇ ਗੁਰੂ ਜੀ ਫੇਰ ਬੋਲੇ: "ਭਾਈ ! ਪਹਿਲਾਂ ਸੇਵਾ ਕਰੀਦੀ ਹੈ ਗੁਰੂ ਦੁਆਰੇ, ਤਾਂ ਮੈਲ ਲਹਿੰਦੀ ਹੈ ਕੀਤੇ ਹੋਏ ਕਰਮਾ ਦੀ, ਫੇਰ ਹਿਰਦਾ ਸ਼ੁੱਧ ਹੋ ਆਉਂਦਾ ਹੈ। ਸ਼ੁੱਧ ਹਿਰਦੇ ਵਿਚ ਵਾਹਿਗੁਰੂ ਦਾ ਕੀਰਤਨ ਤੇ ਯਾਦ, ਨਾਮ ਤੇ ਸਿਫਤ ਸਲਾਹ ਦਾ ਵਾਸਾ ਹੁੰਦਾ ਹੈ। ਜਦੋਂ ਸਿਫਤ ਸਲਾਹ ਤੇ ਨਾਮ ਨਾਲ ਆਪਾ ਹੋਰ ਨਿਰਮਲ ਹੋ ਕੇ ਸਹਿਜ ਘਰ ਆਉਂਦਾ ਹੈ ਤਾਂ ਸਾਰੇ ਕਰਤਾਰ ਦੀ ਹਜ਼ੂਰੀ ਦਿੱਸਦੀ ਹੈ। ਸਭ ਵਿਚ ਉਸ ਦਾ ਰੂਪ ਭਾਸਦਾ ਹੈ, ਫਿਰ ਸੇਵਾ ਸਹਿਜ ਸੁਭਾਵ ਹੁੰਦੀ ਹੈ। ਹੁਣ ਜੋ ਕੁਝ ਸਿੱਖ ਕੇ ਸਿੱਖ ਨੇ ਅਨੁਭਵ ਕੀਤਾ ਹੈ ਉਸ ਦੇ ਅਮਲਾਂ ਵਿਚ ਆ ਜਾਂਦਾ ਹੈ। ਗੁਰਮਤ ਦਾ ਸਾਰ ਇਹ ਹੈ ਕਿ ਸਾਰੇ ਅੰਗ ਪਵਿਤ੍ਰ ਹੁੰਦੇ ਹਨ ਸ਼ੁਭ ਕਰਮਾਂ ਦੇ ਕਰਨ ਨਾਲ ਤੇ ਮਨ ਨਾਮ ਬਾਣੀ ਨਾਲ।"

ਸਿਖ ਬੱਚੇ ਨੇ ਸੁਣ ਕੇ ਸੀਸ ਨਿਵਾਇਆ, ਭੁੱਲ ਬਖ਼ਸ਼ਵਾਈ ਤੇ ਸੇਵਾ ਕਰਨ ਲੱਗਾ। ਧਨ ਨਾਲ ਸੇਵਾ ਕਰੇ। ਗੁਰੂ ਰਸਤੇ ਦਾਨ ਦੇਵੇ ਤੇ ਗੁਰੂ ਸੰਗਤਾਂ ਗੁਰਮੁਖਾਂ ਦੀ ਸੇਵਾ ਵਿਚ ਖਰਚ ਕਰੇ। ਤਨ ਨਾਲ ਸੇਵਾ ਕਰੇ ਗੁਰੂ ਕੀ, ਸਾਧ ਸੰਤ ਗੁਰਮੁਖਾਂ ਦੀ ਗੁਰਸੰਗਤ ਦੀ। ਮਨ ਨਾਲ ਸ੍ਰੀ ਵਾਹਿਗੁਰੂ ਚਿਤ ਧਰੇ ਤੇ ਗੁਰ ਪਰਮੇਸ਼ੁਰ ਦੀ ਕੀਰਤੀ ਚਿਤ ਵਿਚ ਵਸਾਵੇ! ਸਤਿਗੁਰੂ ਸੁਣ ਸੁਣ ਕੇ ਪ੍ਰਸੰਨ ਹੋਣ, ਅੰਤ ਸੇਵਾ ਕਮਾਉਂਦਿਆਂ ਸਤਿਗੁਰਾਂ ਦੀ ਮੇਹਰ ਹੋਈ ਤੇ ਧੰਨ ਧੰਨ ਹੋ ਗਿਆ।

---

1. ਕਰਮੁ ਕਰਤ ਹੋਵੈ ਨਿਹਕਰਮ॥ (ਗਉੜੀ ਸੁਖ:)
2. ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥

# ੪੯. ਦੀਨਾਬੇਗ ਪੈਂਡੇ ਖ਼ਾਂ ਯੁੱਧ[1]।

**ਦਿੱਲੀ** ਨਗਰ ਹੈ। ਪਾਤਸ਼ਾਹੀ ਦਰਬਾਰ ਹੈ, ਦਿੱਲੀ ਦਾ ਸੂਬਾ ਇਕ ਫੌਜੀ ਸਰਦਾਰ ਨੂੰ ਆਖਦਾ ਹੈ-

ਸੂਬਾ ਦਿੱਲੀ-ਭਾਈ ਅਦੀਨਾ ਬੇਗ !
ਕਾਹਿਲੂਰ ਕੀ ਦੂਣ ਸਿਧਾਰੋ। ਤਹਿ ਰਾਜਨ
ਕੋ ਕਾਜ ਸੁਧਾਰੋ। ਕੁਜਕ ਸੈਨ ਸ੍ਰੀ ਗੁਰੂ
ਹਜ਼ੂਰ। ਪਾਇ ਰਖਜੋ ਤਿਸ ਦੇਸ਼ ਫਤੂਰ।
ਹਜ਼ਰਤ ਕੋ ਆਯਹੁ ਪਰਵਾਨਾ। ਕਰਹੁ
ਪ੍ਰਾਤਿ ਕਉ ਤਹਿੰ ਪ੍ਰਸਥਾਨਾਂ। (ਸੂ: ਪ੍ਰ:)

ਇਹ ਹੁਕਮ ਸੁਣ ਕੇ ਅਦੀਨਾ ਬੇਗ-ਪ੍ਰਸਿੱਧ ਨਾਮ ਦੀਨਾ ਬੇਗ ਤਿਆਰ ਹੋ ਗਿਆ। ਅਦੀਨਾਬੇਗ ਇਕ ਮੁਗਲ ਸੈਨਾਪਤਿ ਸੀ, ਇਸ ਦਾ ਮਨਸਬ ਪੰਜ ਹਜ਼ਾਰੀ ਸੀ ਤੇ ਜੰਗ ਵਿਦਜਾ ਵਿਚ ਬੜਾ ਮੰਨਿਆ ਪ੍ਰਮੰਨਿਆਂ ਅਹੁਦੇਦਾਰ ਸੀ। ਦੂਜਾ ਸਰਦਾਰ, ਜੋ ਇਸ ਮੁਹਿੰਮ ਲਈ ਚੁਣਿਆਂ ਗਿਆ, ਉਸ ਦਾ ਨਾਉਂ ਪੈਂਦਾ ਖਾਂ ਯਾ ਪ੍ਰਸਿੱਧ ਪੈਂਡੇ ਖਾਨ ਸੀ। ਇਹ ਬੀ ਪੰਜ ਹਜ਼ਾਰੀ ਮਨਸਬ ਰੱਖਦਾ ਸੀ ਅਤੇ ਮੰਨਿਆ ਪ੍ਰਮੰਨਿਆਂ ਯੋਧਾ ਸੀ। ਇਨ੍ਹਾਂ ਦੋਹਾਂ ਦੇ ਮਾਤਹਿਤ ਲਿਖਿਆ ਹੈ ਕਿ ਦਸ ਕੁ ਹਜ਼ਾਰ ਫੌਜ ਕਰ ਦਿੱਤੀ ਗਈ ਤੇ ਆਨੰਦਪੁਰ ਦੇ ਰਾਹੇ ਪੈ ਗਈ[2]।

ਜਦੋਂ ਰਾਜਿਆਂ ਨੂੰ ਗੁਪਤ ਖ਼ਬਰ ਪਹੁੰਚ ਗਈ ਕਿ ਦੋ ਮਨਸਬਦਾਰ ਚੋਖੀ ਤੁਰਕਾਨੀ ਫੌਜ ਲੈ ਕੇ ਦਿੱਲੀ ਤੋਂ ਟੁਰ ਪਏ ਹਨ, ਤਾਂ ਇਹ ਭੀ ਗੁੰਦੀ ਗੋਂਦ ਅਨੁਸਾਰ ਅਗਲਵਾਂਢੀ ਜਾ ਕੇ ਮਿਲਣ ਲਈ ਆਨੰਦਪੁਰ ਤੋਂ ਉੱਪਰਲੇ ਰਾਹ ਟੁਰ ਪਏ ਤੇ ਚੋਖੀ ਦੂਰ ਅਗੇਰੇ ਜਾ ਮਿਲੇ। ਮੁਖੀ ਇਨ੍ਹਾਂ ਰਾਜਿਆਂ ਵਿਚ ਕਹਿਲੂਰੀਆ ਰਾਜਾ ਤੇ ਬੀਰਸਿੰਹ ਜਸਪਾਲ ਸੇ, ਇਨ੍ਹਾਂ ਨੇ ਸਾਰੇ ਥਹੁ ਪਤੇ, ਦਾਉ ਘਾਉ ਤੇ ਗੁਰੂ ਕੇ ਹਾਲ ਤੇ ਆਨੰਦਪੁਰ ਦੇ ਭੇਤ ਦੱਸ ਦਿੱਤੇ।

ਓਧਰ ਗੁਰੂ ਜੀ ਨੂੰ ਭੀ ਖ਼ਬਰ ਪਹੁੰਚ ਗਈ ਕਿ ਦਿੱਲੀ ਤੋਂ ਤੁਰਕਾਨੀ ਦਲ ਹਮਲਾ ਕਰਨ ਲਈ ਆ ਰਿਹਾ ਹੈ। ਸਤਿਗੁਰੂ ਜੀ, ਜੋ ਇਨ੍ਹਾਂ ਦਿਨਾਂ ਵਿਚ ਸਤਿ ਧਰਮ ਦੇ ਪ੍ਰਚਾਰ ਦੇ ਆਹਰ ਵਿਚ ਲਗ ਰਹੇ ਸੇ, ਸੁਣਕੇ ਮੁਸਕ੍ਰਾਏ, 'ਕਰਤਾ ਪੁਰਖ ਦੇ ਰੰਗ' ਕਹਿ ਕੇ ਹੁਣ ਬੀਰ ਰਸੀ ਠਾਠ ਵਲ ਰੁੱਝ ਪਏ, ਜਿਤਨੀ ਕੁ ਤਿਆਰੀ ਹੋ ਸਕਦੀ ਸੀ ਕਰ ਲਈ। ਇਹ ਕਮਾਲ ਇਸ ਚੜ੍ਹਦੀਆਂ ਕਲਾਂ ਵਾਲੇ ਦਾਤੇ ਗੁਰੂ ਦਾ ਸੀ ਕਿ ਇਕ ਪਾਸੇ ਵਿਦਜਾ ਦਰਬਾਰ ਸਜਦੇ, ਕਵਿਤਾ ਹੁੰਦੀਆਂ, ਗ੍ਰੰਥ ਰਚੇ ਤੇ ਟੀਕੇ ਕੀਤੇ ਜਾਂਦੇ, ਦੂਜੇ ਪਾਸੇ ਧਰਮ ਪ੍ਰਚਾਰ ਹੁੰਦਾ; ਵਾਹਿਗੁਰੂ ਮਿਲਾਪ, ਸੰਸਾਰ ਸਾਗਰ ਤਰਨ ਦੇ ਉਪਰਾਲੇ ਹੁੰਦੇ ਤੇ ਜਗਤ ਨੂੰ ਨਿਸਤਾਰਾ ਮਿਲਦਾ। ਇਨ੍ਹਾਂ ਕਾਰਜਾਂ ਵਿਚ ਅਚਾਨਕ ਜੁੱਧਾਂ ਜੰਗਾਂ ਦੇ ਸਾਹਮਣੇ ਆ ਪੈਂਦੇ, ਆਪ ਨਿਰਹਿੱਲ ਅਡੋਲ ਆਪਣੇ ਰੰਗ ਰੱਤੇ, ਹੋਰ ਆ ਪਏ ਮਾਮਲੇ ਦੇ ਸੁਲਝਾਉ ਵਿਚ ਲਗ ਪੈਂਦੇ, ਕੋਈ ਖੋਭ ਨਾ ਮੰਨਦੇ, ਕੋਈ ਦਿਲਝਵੀਂ ਨਾ ਖਾਂਦੇ, ਮਾਨੋਂ ਹਰ ਰੰਗ ਵਿਚ ਰੁੱਝ ਜਾਣ ਦੀ ਤਿਆਰੀ ਹਰ ਵੇਲੇ ਹੈ। ਫਿਰ ਜੁੱਧਾਂ ਜੰਗਾਂ, ਬੀਰ ਰਸੀ ਕੰਮਾਂ, ਰਾਜਨੈਤਕ ਮੁਸ਼ਕਲਾਂ ਵਿਚ ਕਦੇ ਸੱਚ ਨੂੰ ਹਥੋਂ ਨਾ ਦਿੰਦੇ, ਕਦੇ ਝੂਠ ਯਾ ਕਿਸੇ ਨੀਵੇਂ ਤਰੀਕੇ ਤੋਂ ਕੰਮ ਨਾ ਲੈਂਦੇ।

ਜਿਸ ਵੇਲੇ ਖ਼ਬਰ ਮਿਲੀ ਕਿ ਤੁਰਕਾਨੀ ਦਲ ਰੋਪੜ ਲੰਘ ਗਿਆ ਹੈ ਤੇ ਰਾਜੇ ਬੀ ਨਾਲ ਹਨ ਤਾਂ ਭਾਈ ਉਦੈ ਸਿੰਘ ਤੇ ਦਇਆ ਸਿੰਘ ਜੀ ਹਰਾਵਲ ਫੌਜ ਦੇ ਆਗੂ ਹੋਕੇ ਅੱਗੋਂ ਮੁਠ ਭੇੜ ਕਰਨ ਨੂੰ ਟੋਰੇ, ਤਾਂ ਜੋ ਜੰਗ ਆਨੰਦਪੁਰ ਨਗਰੀ ਤੋਂ ਜ਼ਰਾ ਪਰੇ ਹੀ ਰਹੇ। ਤੁਰਕਾਨੀ ਫੌਜ ਹੁਣ ਕੀਰਤਪੁਰ ਲੰਘ ਆਈ ਸੀ ਤੇ ਇਧਰ ਦੇ ਸੂਰਮੇਂ ਆਨੰਦਪੁਰ ਤੋਂ ਅਗੇਰੇ ਜਾ ਇਕ ਛੋਟੇ ਨਾਲੇ ਤੇ ਉਨ੍ਹਾਂ ਨੂੰ ਮਿਲ ਪਏ ਤੇ ਇਸ ਨਾਲੇ ਦੇ ਪਾਰ ਹੋ ਕੇ, ਆਉਂਦਿਆਂ ਦੀ ਸ਼ਲਕ ਖੁਛਾੜ ਦੇ ਉੱਤਰ ਵਿਚ ਤੀਰਾਂ ਗੋਲੀਆਂ ਦਾ ਇਕ ਮੀਂਹ ਵਸਾ ਦਿੱਤਾ। ਗੁਰੂ ਜੀ ਵੀ ਇਸ ਹਮਲੇ ਦੀ ਰੋਕ ਵਿਚ ਆਪ ਨਾਲ ਆਏ ਸੇ। ਜਿਤਨੇ ਜੰਗ ਆਪ ਦੇ ਹੋਏ ਹਨ ਸਭਨਾਂ ਵਿਚ ਇਹੋ ਰੰਗ ਦਿੱਸਦਾ ਹੈ ਕਿ ਆ ਪਏ ਹੱਲੇ ਦੀ ਰੋਕ ਲਈ ਆਪ ਨੇ ਜੁੱਧ ਵਿਚ ਕਦਮ ਧਰੇ ਹਨ। ਆਪਣੇ ਆਪ ਕਦੇ ਕਿਸੇ ਤੇ ਹੱਲਾ ਨਹੀਂ ਬੋਲਿਆ। ਇਹ ਭੀ ਹੁਣ ਬੈਠੇ ਬਿਠਾਏ ਆ ਧੂਮ ਮਚੀ ਤਾਂ ਆਪ ਅੱਗੋਂ ਹੋਕੇ ਆ ਮਿਲੇ ਹਨ। ਗੁਰੂ ਜੀ ਦੀ

1. ਸੰਮਤ ਗੁ: ਨਾ: ਸਾ: ੪੭੩(੨੫ ਦਸੰਬਰ ੧੯੪੧) ਦੇ ਗੁਰਪੁਰਬ ਸਪਤਮੀ ਪਰ ਲਿਖੇ ਗਏ ਪ੍ਰਸੰਗਾਂ ਵਿਚੋਂ ਇਕ ਇਹ ਬੀ ਸੀ। 2. ਆਨੇ ਚਢਾਇ ਹਯ ਦਸ ਹਜ਼ਾਰ। (ਸੂ: ਪ੍ਰ:) ਦਸ ਹਜ਼ਾਰ ਤੁਰਕ ਕਾ ਅਸਵਾਰ ਆਏ। (ਸੌ ਸਾਖੀ)

ਇਸ ਵੇਲੇ ਦੀ ਚੜ੍ਹਾਈ ਬਾਬਤ ਲਿਖਿਆ ਹੈ:-

ਰਿਪੁਜਾਨ ਢੋਏ[1]। ਗੁਰੂ ਤਜਾਰੇ ਹੋਏ। ਕਰਾਚੋਲ
ਪਾਯੋ। ਨਿਖੰਗੀ ਸੁਹਾਯੋ। ਕੁਦੰਡੰ ਸੰਭਾਰਾ।
ਕਠੋਰੰ ਉਦਾਰਾ। ਮੰਗਾਯੋ ਸੁ ਨੀਲਾ। ਸ਼ਿੰਗਾਰਯੋ
ਛਬੀਲਾ। ਚਢਯੋ ਤਾਤਕਾਲਾ। ਰਿਪੂ ਪੁੰਜ
ਕਾਲਾ। ਜਿਗਾ ਸੋ ਕਲੰਗੀ। ਸੁਹਾਵੇ ਉਤੰਗੀ।

ਇਸ ਤਰ੍ਹਾਂ ਆਏ ਹਮਲੇ ਦੀ ਰੋਕ ਲਈ ਖਾਲਸੇ ਨੇ ਗੁਰੂ ਅਗੁਵਾਨੀ ਹੇਠ ਨਾਲਾ ਟੱਪਕੇ ਉਥੇ ਹੀ ਸ਼ਤ੍ਰੂ ਦਲ ਨੂੰ ਰੋਕ ਲਿਆ ਤੇ ਪਹਾੜ ਦੀ ਤਰ੍ਹਾਂ ਅੜਕੇ ਖੜੇ ਹੋ ਗਏ, ਦੁਵੱਲੀ ਤੁਫੰਗਾਂ ਚਲ ਰਹੀਆਂ ਹਨ ਤੇ ਸੂਰਮਿਆਂ ਨੂੰ ਲਗ ਰਹੀਆਂ ਹਨ, ਪਰ :-

ਥਿਰੇ ਸਿੰਘ ਝਲੈਂ। ਨਹੀਂ ਪੈਰ ਹੱਲੈਂ। ਤੁਫੰਗੈਂ
ਚਲਾਵੈਂ। ਤੁਰੰਗੀ ਫੰਧਾਵੈਂ। ਜਿਸੀ ਕੋ ਤਕਾਵੈਂ।
ਤਿਸੀ ਕੋ ਗਿਰਾਵੈਂ। ਦਸੰ ਬੀਸ ਗੇਰੇ। ਥਿਰੇ
ਔਰ ਹੇਰੇ।

ਇਸ ਤਰ੍ਹਾਂ ਐਸਾ ਘੋਰ ਯੁਧ ਮਚਾਇਆ ਕਿ ਹੱਲਾ ਕਰਨ ਵਾਲਿਆਂ ਨੂੰ ਸਟੀ ਪਟੀ ਭੁੱਲ ਗਈ। ਰਾਜਿਆਂ ਦੇ ਕਹਣ ਤੇ ਜਿਵੇਂ ਤੁਰਕ ਸਮਝੇ ਮਨ ਕਿ ਇਧਰ ਉਧਰ ਦੀਆਂ ਛੇੜਾਂ ਨੀਚ ਜਾਤੀ ਦੀਆਂ ਗੁਰੂ ਪਾਸ ਹਨ; ਤਾਂ ਤੇ ਏਹ ਹੱਲਾ ਖੀਰ ਖਾਣ ਤੁੱਲ ਸੁਖੱਲਾ ਹੋਵੇਗਾ, ਤਿਵੇਂ ਹੁਣ ਉਨ੍ਹਾਂ ਨੂੰ ਸਮਝ ਪਈ ਕਿ ਇਹ ਹੱਲਾ ਅਤਿ ਦਾ ਔਖਾ ਕੰਮ ਹੈ। ਜਿਸ ਵੇਲੇ ਸੰਗ੍ਰਾਮ ਦਾ ਘਮਸਾਨ ਦੇਖਿਆ ਤੇ ਇਹ ਲਖਿਆ ਕਿ ਮੁਗ਼ਲ ਫੌਜ ਕੁਛ ਬੇਦਿਲ ਜਿਹੀ ਹੋ ਰਹੀ ਹੈ ਤਾਂ ਪੈਂਡੇ ਖਾਨ ਅੱਗੇ ਵਧਿਆ। ਇਸ ਦੀ ਚਾਹ ਇਹ ਸੀ ਕਿ ਜੇ ਮੈਂ ਦੋ ਹੱਥ ਗੁਰੂ ਜੀ ਨਾਲ ਕਰਾਂ ਤਾ ਉਨ੍ਹਾਂ ਨੂੰ ਸੌਖਿਆਂ ਹੀ ਮਾਰ ਲਵਾਂਗਾ, ਫੇਰ ਬਾਕੀ ਹੋਰ ਜੰਗ ਦੀ ਲੋੜ ਬੀ ਨਾ ਰਹੇਗੀ। ਆਪ ਬੜਾ ਬਲੀ ਕੱਦਾਵਰ ਸੂਰਮਾ ਤੇ ਜੁੱਧ ਵਿਦਯਾ ਦੇ ਦਾਉ ਘਾਉ ਵਿਚ ਨਿਪੁੰਨ ਸੀ, ਅੱਗੇ ਵਧਕੇ ਆਇਆ ਤੇ ਐਉਂ ਵੰਗਾਰ ਪਾਇਓਸੁ:-

ਦੀਨ ਮਜ਼ਬ ਕੋ ਜੁੱਧ ਇਹ ਹਮ ਜੂਝਨ ਕੋ ਆਇ।
ਗੁਰੂ ਤੁਮਾਰੇ ਬਡ ਬਲੀ ਮੋਕਉ ਬਹੁਤ ਸੁਨਾਇ।
ਲਰੌਂ ਤਾਹਿ ਸੰਗਾ। ਪਿਖੈਂ ਮੋਹਿ ਜੰਗਾ। ਅਬੈ
ਆਪ ਆਵੈ। ਸੁ ਹਾਥੰ ਦਿਖਾਵੈ। ਦਿਧੈ ਮੋਰ
ਹਾਥਾ। ਲਰੈ ਬਾਨ ਸਾਥਾ। ਅਹੈ ਚਾਹਿ ਮੋਰੀ।
ਲਰੌਂ ਨਾਹਿ ਔਰੀ। ਪਿਖੋ ਤੀਰ ਬਿਦਯਾ। ਕਹੈਂ
ਬੀਰ ਭਿੱਦਯਾ। (ਸੂ: ਪ੍ਰ:)

ਜਦ ਇਹ ਵੰਗਾਰ ਗੁਰੂ ਜੀ ਤੱਕ ਅੱਪੜੀ ਤਾਂ ਆਪ ਉਸ ਵੇਲੇ ਮੈਦਾਨ ਜੰਗ ਦੇ ਦਾਉ ਘਾਉ ਸੈਨਾਪਤ ਨੂੰ ਸਮਝਾ ਰਹੇ ਤੇ ਸਿਖਯਾ ਦੇ ਰਹੇ ਸੇ ਕਿ ਸੈਨਾਂ ਬਹੁਤ ਹੈ, ਅਸੀਂ ਥੋੜੇ ਹਾਂ ਤੇ ਐਉਂ ਬਚਾਕੇ ਲੜਿਆਂ ਫਤਹ ਹੋ ਸਕਦੀ ਹੈ। ਵੰਗਾਰ ਸੁਣਕੇ ਆਪ ਨੇ ਸਾਰੀ ਅਗੁਵਾਨੀ ਉਸ ਨੂੰ ਸੌਂਪੀ ਤੇ ਨੀਲਾ ਕੁਦਾਕੇ ਅੱਗੇ ਵੱਧੇ। ਪੈਂਡੇ ਖਾਂ ਦੇ ਸਾਹਮਣੇ ਆਕੇ ਕਹਿਣ ਲੱਗੇ- ਸੁਣ ਹੇ ਗੁੱਸੇ ਭਰੇ ਖਾਂ ! ਤੂੰ ਸ਼ਤ੍ਰੂ ਹੋਕੇ ਆਇਆ ਹੈਂ, ਬਿਨਾਂ ਸਾਡੇ ਦੁਖਾਏ ਹੱਲਾ ਕਰ ਕੇ ਆਇਆ ਹੈਂ, ਤੈਨੂੰ ਮਾਰਨਾ ਮਾੜਾ ਕੰਮ ਨਹੀਂ ਪਰ ਅਸੀਂ ਸ਼ੌਰਯ[1] ਵਾਲੇ ਹਾਂ, ਤੈਨੂੰ ਪਿੱਛੋਂ ਅਰਮਾਨ ਨਾ ਰਹਿ ਜਾਵੇ, ਪਹਿਲਾ ਵਾਰ ਤੂੰ ਕਰ ਲੈ। ਤਦ ਪੈਂਡੇ ਖਾਂ ਬੋਲਿਆ, ਤੁਸੀਂ ਪਹਿਲਾ ਵਾਰ ਕਰੋ, ਤੁਸੀਂ ਪੀਰ ਹੋ ਹਿੰਦਵਾਇਣ ਦੇ ਮੇਰਾ ਜੇ ਤੀਰ ਲਗ ਗਿਆ ਤਾਂ ਬਚੋਗੇ ਨਹੀਂ, ਮੇਰਾ ਖਤੰਗ(ਤੀਰ) ਬੜਾ ਜ਼ਾਲਮ ਤੀਰ ਹੈ, ਜੋ ਝਟ ਗਰਦ ਵਿਚ ਮਿਲਾ ਦਿੰਦਾ ਹੈ। ਗੁਲਾਬ ਦਾ ਫੁੱਲ ਜਿਵੇਂ ਮਲਣ ਨਾਲ ਹੀ ਕਿਸੇ ਹੋਰ ਜਤਨ ਤੋਂ ਬਿਨਾਂ ਨਾਸ਼ ਹੋ ਜਾਂਦਾ ਹੈ, ਤਿਵੇਂ ਤੁਸੀਂ ਹੋ ਜਾਣਾ ਹੈ। ਅਸਲ ਵਿਚ ਉਹ ਗੁਰੂ ਜੀ ਨੂੰ ਪਤਲੇ ਵੇਖਕੇ ਸੁਬਕ ਤੇ ਸੁਖ ਰਹਿਣੇ ਖਯਾਲ ਕਰ ਰਿਹਾ ਸੀ, ਉਸ ਨੂੰ ਥਹੁ ਨਹੀਂ ਸੀ ਕਿ ਉਸ ਸਮੇਂ ਦੀ ਤੀਰੰਦਾਜ਼ੀ ਦੀ ਵਿਦਯਾ ਵਿਚ ਆਪ ਅਦੁਤੀ ਸਨ। ਭੀਮ ਚੰਦ ਵਰਗੇ ਸੂਰਮੇ ਉਹਨਾਂ ਦੀ ਤੀਰੰਦਾਜ਼ੀ ਦੇ ਕਾਇਲ ਸਨ। ਪਠਾਣ ਜੇ ਵੰਗਾਰ ਪਾਉਣ ਤੋਂ ਪਹਿਲਾਂ ਭੀਮ ਚੰਦ ਨਾਲ ਸਲਾਹ ਕਰਦਾ ਤਾਂ ਉਹ ਵਰਜ ਦਿੰਦੋਸੁ। ਪਰ ਪਠਾਣ ਨੂੰ ਆਪਣੇ ਬਲਕਾਰ ਤੇ ਤੀਰੰਦਾਜ਼ੀ ਦਾ ਬਹੁਤ ਮਾਣ ਸੀ ਤੇ ਗੁਰੂ ਜੀ ਉਸਨੂੰ ਆਪਣੇ ਕਿਆਸ ਵਿਚ ਲਿੱਸੇ ਪਤਲੇ ਤੇ ਸੌਖੇ ਹੀ ਢੁੰਡੇ ਜਣ ਵਾਲੇ ਜਚੇ ਸਨ। ਪਠਾਣ ਦਾ ਹੰਕਾਰੀ ਵਾਕ ਸੁਣਕੇ ਧੀਰਜ ਅਵਤਾਰ ਬੋਲੇ :- ਸੁਣ ਖਾਨ ! ਮੈਂ ਤੁਮਾਂ ਤੇ ਹੱਲਾ ਨਹੀਂ ਕੀਤਾ, ਤੁਸੀਂ ਪਹਿਲ ਕਰਕੇ ਬਿਨਾਂ ਛੇੜੇ ਸਾਡੇ ਤੇ ਆ ਪਏ ਹੋ, ਜਦ ਹਮਲਾਆਵਰੀ ਦੀ ਪਹਿਲ ਤੁਸਾਂ ਕੀਤੀ ਹੈ ਤਾਂ ਹੁਣ ਇਸ ਸ਼ਖਸੀ ਜੁੱਧ ਵਿਚ ਭੀ ਪਹਿਲ ਤੁਸੀਂ ਕਰੋ। ਪਠਾਣ ਸੁਣਕੇ ਖੁਸ਼ ਹੋਇਆ, ਉਸ ਜਾਤਾ ਕੇ ਪਹਿਲਾ

1. ਵੈਰੀ ਨੇੜੇ ਆ ਢੁੱਕੇ ਜਾਣਕੇ।

1. ਬੀਰਤਾ ਦਾ ਧਰਮ ਤੇ ਇਖਲਾਕ। (Chivalry)

ਵਾਰ ਮੇਰਾ ਹੋਣ ਵਿਚ ਲਾਹਾ ਹੈ। ਮੈਂ ਇਕ ਤੀਰ ਵਿਚ ਹੀ ਜੰਗ ਸਮਾਪਤ ਕਰ ਦੇਂਦਾ ਹਾਂ, ਗੁਰੂ ਭੁੱਲ ਕਰ ਰਿਹਾ ਹੈ ਜੋ ਮੈਨੂੰ ਪਹਿਲਾ ਮੌਕਾ ਦੇ ਰਿਹਾ ਹੈ। ਦੁਇ ਸੂਰਮੇ ਜ਼ਿਰਹ ਬਕਤਰ ਨਾਲ ਢਕੇ ਹੋਏ ਸਨ, ਨਿਸ਼ਾਨੇ ਦਾ ਥਾਉਂ ਲੱਭ ਸਕਣਾ ਕਠਨ ਸੀ, ਫਿਰ ਬੀ ਤਜਰਬੇਕਾਰ ਖਾਨ ਨੇ ਗੁਰੂ ਜੀ ਦੇ ਮੱਥੇ ਤੇ ਭਵਾਂ ਦੇ ਵਿਚਕਾਰਲੇ ਥਾਂਉਂ ਦਾ ਨਿਸ਼ਾਨਾ ਵਿਚਾਰਿਆ ਤੇ ਆਪਣੇ ਕਰਤਬੀ ਹੱਥ ਨਾਲ ਇਸ ਢੰਗ ਤੇ ਰੱਖਕੇ ਤੀਰ ਛੋੜਿਆ ਕਿ ਮਸਤਕ ਦੇ ਵਿਚ ਭਵਾਂ ਦੇ ਵਿਚਕਾਰ ਤ੍ਰਿਚਖਸ਼ੂ ਦੇ ਟਿਕਾਣੇ ਜਾ ਧਸੇ, ਪਰ ਨਿਸ਼ਾਨਾ ਬਣਨ ਵਾਲੇ ਬੀਰ ਬਾਂਕਰੇ ਗੁਰੂ ਨੇ ਸਾਰੀ ਕਰਤਬ ਵਿਦਯਾ ਪਠਾਣ ਦੀ ਤਾੜ ਲਈ ਸੀ, ਐਸਾ ਕਦਮ ਫਿਰਾਇਆ ਕਿ ਤੀਰ ਨਿਸ਼ਾਨੇ ਨਾ ਬੈਠਾ, ਪਰ ਕੰਨ ਦੇ ਪਾਸ ਦੀ ਨਿਕਲ ਗਿਆ। ਤਦ ਗੁਰੂ ਜੀ ਬੋਲੇ : ਖਾਨ ਜੀ ! ਬੜੇ ਤੀਰੰਦਾਜ਼ ਹੋ ਕਿਸ ਪਾਸੋਂ ਵਿਦਯਾ ਸਿਖੀ ਸਾਜੇ ? ਚੁੱਕ ਗਿਆ ਨਿਸ਼ਾਨਾਂ, ਪਰ ਤੁਹਾਡਾ ਜਤਨ ਸਵਿੱਦ ਸੀ ਖ਼ੈਰ ਚੁੱਕ ਗਿਆ ਤਾਂ ਚੁੱਕ ਗਿਆ ਸਹੀ ਇਕ ਵਾਰ ਹੋਰ ਕਰ ਲਓ, ਅਰਮਾਨ ਨਾ ਰਹਿ ਜਾਵੇ ਨੇ। ਪਠਾਣ ਸ਼ਰਮਿੰਦਾ ਹੋ ਰਿਹਾ ਸੀ, ਗ਼ਰੂਰ ਘਟ ਰਿਹਾ ਸੀ। ਹੈਰਾਨ ਹੋ ਰਿਹਾ ਸੀ ਕਿ ਕੀਹ ਮੇਰਾ ਹੱਥ ਥਿੜਕਿਆ ਕਿ ਗੁਰੂ ਵਧੇਰੇ ਪ੍ਰਬੀਨ ਹੈ, ਜੋ ਦਾਉ ਬਚਾ ਗਿਆ, ਐਸਾ ਮੇਰਾ ਵਾਰ ਕਦੇ ਖਾਲੀ ਨਹੀਂ ਸੀ ਗਿਆ। ਉਧਰੋਂ ਗੁਰੂ ਜੀ ਇਕ ਵਾਰ ਹੋਰ ਕਰਨ ਨੂੰ ਕਹਿ ਰਹੇ ਹਨ। ਸੋਚੇ ਤੇ ਵਾਰ ਕਰਨਾ ਚਾਹੇ, ਸ਼ਰਮ ਆਗਯਾ ਨਾ ਦੇਵੇ ਕਿ ਦੂਜਾ ਵਾਰ ਕਰੇ।

ਪਾਠਕ ਹੈਰਾਨ ਹੋਣਗੇ ਕਿ ਗੁਰੂ ਜੀ ਕਿਉਂ ਉਸ ਦੀ ਵੰਗਾਰ ਤੇ ਸਾਹਮਣੇ ਆ ਜਾਣ, ਫਿਰ ਕਿਉਂ ਕਹਿਨ ਕਿ ਪਹਿਲਾ ਵਾਰ ਤੂੰ ਕਰ। ਜਦ ਸ਼ਤ੍ਰੂ ਦੇ ਪਹਿਲੇ ਵਾਰ ਨਾਲ ਜਾਨ ਬਚ ਰਹੇ ਤਾਂ ਫਿਰ ਕਿਉਂ ਕਹਿਣ ਕਿ ਤੂੰ ਇਕ ਹੋਰ ਕਰ ਲੈ ? ਆਪਣੇ ਆਪ ਨੂੰ ਕਿਉਂ ਖ਼ਤਰੇ ਤੋਂ ਖ਼ਤਰੇ ਵਿਚ ਪਾਈ ਜਾਂਦੇ ਹਨ ? ਅੱਜ ਕੱਲ ਦੇ ਯੂਰਪੀਨੀ ਜੰਗਾਂ ਵਿਚ ਤਾਂ ਮਾਰ ਦੇਣ, ਕਤਲ ਕਰ ਦੇਣ, ਲੱਖਾਂ ਨੂੰ ਮਾਰ ਕੇ ਖੁਸ਼ ਹੋਣ, ਜਿਵੇਂ ਬਣ ਪਵੇ ਉਡਾ ਦੇਣ ਦਾ ਰਿਵਾਜ ਹੈ। ਕੋਈ ਧਰਮ ਨੇਮ ਨਹੀਂ, ਕਤਲ ਮੁੱਖ ਹੈ। ਅਸਲ ਗੱਲ ਇਹ ਹੈ ਕਿ ਉਸ ਸਮੇਂ ਇਕ ਆਨ ਹੁੰਦੀ ਸੀ, ਬੀਰ ਰਸੀ ਸੂਰਮਿਆਂ ਵਿਚ; ਇਕ ਧਰਮ ਹੁੰਦਾ ਸੀ, ਜਿਸ ਨੂੰ ਸ਼ੌਰਯ ਕਹਿੰਦੇ ਸਨ, ਇਸ ਦੇ ਆਪਣੇ ਇਖ਼ਲਾਕੀ ਨਿਯਮ ਹੁੰਦੇ ਸਨ। ਜਿਵੇਂ ਜੇ ਇਕ ਦਲ ਦਾ ਕੋਈ ਵੱਡਾ ਸੂਰਮਾ ਦੂਸਰੇ ਦਲ ਦੇ ਸੂਰਮੇ ਨੂੰ ਸ਼ਖਸੀ ਜੁੱਧ ਲਈ ਵੰਗਾਰੇ ਤਾਂ ਉਸ ਦਾ ਧਰਮ ਹੁੰਦਾ ਸੀ ਆਕੇ ਲੜਨਾ। ਕਈ ਵਾਰ ਇਨ੍ਹਾਂ ਦੋਹਾਂ ਦੀ ਹਾਰ ਜਿੱਤ ਤੇ ਜੰਗ ਦੇ ਫੈਸਲੇ ਹੋ ਜਾਂਦੇ ਸੇ। ਅੱਜ ਕਲ ਦੇ ਜੁੱਧ ਜੰਗ ਚਾਲਬਾਜ਼ੀ ਦੇ ਜੰਗ ਹਨ, ਇਨ੍ਹਾਂ ਵਿਚ ਸ਼ੌਰਯ, ਯਾ ਜਿਸਨੂੰ ਉਹ ਆਪ ਸ਼ਿਵੈਲਰੀ (Chivalry) ਕਹਿੰਦੇ ਹਨ, ਇਸ ਦਾ ਕੋਈ ਨਿਸ਼ਾਨ ਨਜ਼ਰੀਂ ਨਹੀਂ ਆ ਰਿਹਾ। ਹੁਣ ਤਾਂ ਜੀਕੂੰ ਬਣ ਪਵੇ ਮਾਰ ਦੇਣਾ, ਤਬਾਹ ਕਰ ਦੇਣਾ ਮੁੱਖ ਹੈ। ਪੁਰਾਣੇ ਸਮੇਂ ਅਸਲੀ ਸੂਰਬੀਰਤਾ ਸੀ ਤੇ ਜੰਗ ਵਿਚ ਉੱਚ ਆਚਰਣ ਵਰਤੇ ਜਾਂਦੇ ਸਨ। ਸੋ ਗੁਰੂ ਜੀ ਦਾ ਸ਼ੌਰਯ ਇਹ ਸੀ ਕਿ ਵੰਗਾਰ ਤੇ ਆਕੇ ਆਪ ਮੁਕਾਬਲਾ ਕਰਨ ਤੇ ਪਹਿਲਾ ਵਾਰ ਵੈਰੀ ਨੂੰ ਦੇਣ, ਪਰ ਸ਼ੌਰਯ ਦੇ ਭੀ ਮਹਾਂ ਸ਼ੌਰਯ ਦੇ ਮਾਲਕ ਗੁਰੂ ਜੀ ਨੇ ਪਹਿਲੇ ਵਾਰ ਵਿਚ ਸਹੀ ਸਲਾਮਤ ਰਹਿ ਕੇ ਫੇਰ ਆਪਣੇ ਵਾਰ ਦੀ ਥਾਂ ਵੈਰੀ ਨੂੰ ਕਿਹਾ ਕਿ ਤੂੰ ਇਕ ਵਾਰ ਹੋਰ ਕਰ ਲੈ। ਇਹ ਬੀਰਤਾ ਦਾ ਵਧਵਾਂ ਕਮਾਲ ਸੀ। ਪਠਾਣ ਨੇ ਇਕ ਦੋ ਵਾਰੀ ਨਾਂਹ ਕੀਤੀ ਤੇ ਮੰਨਿਆਂ ਕਿ ਮੈਨੂੰ ਦੂਜਾ ਵਾਰ ਐਉਂ ਕਰਦਿਆਂ ਸ਼ਰਮ ਆਉਂਦੀ ਹੈ, ਪਰ ਤੁਸਾਂ ਕਈ ਵਾਰ ਵੰਗਾਰਿਆ ਹੈ ਕਿ ਤੂੰ ਹੋਰ ਵਾਰ ਕਰ, ਮੈਂ ਤੁਸਾਡਾ ਬਚਨ ਨਹੀਂ ਮੋੜਨਾ, ਲਓ ਤਿਆਰ ਹੋਵੋ ਆਇਆ ਜੇ ਮੇਰਾ ਬੇਚੂਕ ਖ਼ਤੰਗ।

ਪੂਰੇ ਬਲ ਨਾਲ ਤੇ ਪੂਰੀ ਧਨੁਸ਼ ਬਾਣ ਦੀ ਵਿਦਯਾ ਦੀ ਪ੍ਰਬੀਨਤਾਈ ਨਾਲ ਤਜਰਬੇ ਵਾਲੇ ਸਿੱਧੇ ਹੋਏ ਹੱਥਾਂ ਨਾਲ ਖਾਨ ਨੇ ਤੀਰ ਛਡਿਆ, ਜੋ ਗੁਰੂ ਕੇ ਲਪੇਟੇ ਦੁਸ਼ਾਲੇ ਦੇ ਲੜ ਨੂੰ ਲਗਕੇ ਉਪਰ ਨੂੰ ਸ਼ੂਕਦਾ ਚੜ੍ਹ ਕੇ ਅੱਗੇ ਜਾਕੇ ਡਿੱਗ ਪਿਆ। ਵਾਰ ਦੂਜਾ ਵੀ ਸੂਰਮੇ ਦਾ ਖਾਲੀ ਗਿਆ, ਪਠਾਣ ਹੁਣ ਬਹੁਤ ਸ਼ਰਮਿੰਦਾ ਹੋਇਆ, ਆਪਣੇ ਦਲ ਵਿਚ ਸੁਨਸਨੀ ਛਾ ਗਈਓਸੁ। ਜੋ ਤੀਰੰਦਾਜ਼ੀ ਦੀ ਧਾਂਕ ਉਸ ਦੀ ਪਈ ਸੀ ਅੱਜ ਖ਼ਾਕ ਵਿਚ ਮਿਲ ਗਈ। ਪਿੱਛੇ ਹੁਣ ਭੱਜ ਕੇ ਜਾ ਨਹੀਂ ਸਕਦਾ, ਸ਼ੌਰਯ ਦੀ ਆਗਯਾ ਇਹੀ ਹੈ ਕਿ ਹੁਣ ਦੋ ਵਾਰ ਗੁਰੂ ਕਿਆਂ ਨੂੰ ਦੇਵੇ ਸੋ ਪਠਾਣ ਸ਼ੋਰਯ ਧਰਮ ਦਾ ਬੱਧਾ ਖੜ੍ਹਾ ਹੈ। ਗੁਰੂ

ਜੀ ਨੇ ਵੰਗਾਰਿਆ : ਖਾਨਾ ! ਹੁਣ ਮੇਰਾ ਵਾਰ ਹੈ, ਤਿਆਰ ਹੋ ਜਾਓ, ਤੇਰਾ ਬਲ ਮੈਂ ਦੇਖ ਲਿਆ ਹੈ, ਹੁਣ ਮੇਰਾ ਵਾਰ ਤੂੰ ਦੇਖ ਲੈ। ਪਠਾਣ ਬੋਲਿਆ, ਖਰੇ ਦੋ ਵਾਰ ਤੁਸੀਂ ਲਓ ਤੇ ਦਿਖਾਓ ਤੀਰੰਦਾਜ਼ੀ। ਗੁਰੂ ਜੀ ਬੋਲੇ-ਖ਼ਬਰੇ ਇਕੋ ਵਾਰ ਹੀ ਕਾਫੀ ਹੋ ਜਾਊ। ਹੁਣ ਗੁਰੂ ਜੀ ਨੇ ਨਿਸ਼ਾਨਾ ਤਕਾਇਆ, ਪਠਾਣ ਜ਼ਿਰਹ ਬਕਤਰ ਵਿਚ ਸੀ, ਕੋਈ ਥਾਂ ਨਿਸ਼ਾਨੇ ਲਈ ਖਾਲੀ ਨਹੀਂ ਸੀ, ਕੰਨ ਦੇ ਪਾਸ ਵਾਰ ਇਕ ਥੋੜਾ ਜਿਹਾ ਨੰਗਾ ਥਾਉਂ ਆਪ ਨੇ ਤੱਕ ਲਿਆ ਸੀ, ਇਸ ਥਾਂਵੇਂ ਨਿਸ਼ਾਨਾ ਫੁੰਡਣ ਦੀ ਠਾਣ ਕੇ ਤੀਰ ਛੱਡਿਆ। ਪਠਾਣ ਘੋੜੇ ਨੂੰ ਤੋੜ ਮੋੜ ਦੇ ਰਹਿਆ ਸੀ ਕਿ ਨਿਸ਼ਾਨਾ ਨਾ ਬੈਠੇ, ਪਰ ਆਪ ਦਾ ਖਪਰਾ ਇਸ ਪਰਬੀਨਤਾ ਨਾਲ ਉਸ ਵੇਲੇ ਛੁਟਿਆ ਕਿ ਆਪ ਦੇ ਅੰਦਾਜ਼ੇ ਸਮੇਂ ਵਿਚ ਠੀਕ ਠਿਕਾਣ ਤੇ ਬੈਠਾ ਤੇ ਕੰਨ ਦੇ ਲਾਗੇ ਲਗ ਕੇ ਸਰੀਰ ਵਿਚ ਧਸ ਗਿਆ ਤੇ ਤੀਰ ਦੀ ਜ਼ਦ ਨਾਲ ਪਠਾਣ ਘੋੜੇ ਤੋਂ ਥੱਲੇ ਜਾ ਪਿਆ। ਹੁਣ ਉਸ ਵੇਲੇ ਦੇ ਸ਼ੌਰਯ ਅਨੁਸਾਰ ਗੁਰੂ ਜੀ ਮਹਾਨ ਫੁਰਤੀ ਨਾਲ ਤਲਵਾਰ ਧੂ ਕੇ ਜਾ ਪਹੁੰਚੇ। ਇਸ ਵੇਗ ਤੇ ਪ੍ਰਾਕ੍ਰਮ ਦਾ ਇਹ ਵਕਤ ਹੁੰਦਾ ਹੈ ਕਿ ਕੌਣ ਉਸ ਵੇਲੇ ਠੱਲ੍ਹ ਸਕਦਾ ਹੈ। ਤਲਵਾਰ ਬਿਜਲੀ ਦੀ ਫੁਰਤੀ ਨਾਲ ਆ ਰਹੀ ਸੀ ਕਿ ਹਿਰਾਸੇ ਪਠਾਣ ਦੀ ਆਵਾਜ਼ ਨਿਕਲੀ – ਰਖ ਲੈਣਾ : ਪਰ ਤਲਵਾਰ ਆਪਣਾ ਕੰਮ ਕਰ ਗਈ ਤੇ ਗੁਰੂ ਜੀ ਦੀ ਆਵਾਜ਼ ਆਈ – 'ਹੁਣ ਕਿਹੜਾ ਵੇਲਾ'। ਜਦ ਪੈਂਡੇ ਖਾਨ ਮਾਰਿਆ ਗਿਆ ਤਾਂ ਫੌਜ ਹਿਰਾਸੀ ਗਈ। ਚਾਹੇ ਇਨ੍ਹਾਂ ਨੇ ਰੋਕ ਤੇ ਟਾਕਰਾ ਕੀਤਾ, ਪਰ ਓਧਰ ਖਾਲਸੇ ਦੇ ਦਿਲ ਵਧ ਗਏ ਸੇ। ਇਧਰ ਦਿਲ ਢਹਿ ਗਏ ਸੇ, ਇਸ ਵੇਲੇ ਕੋਈ ਧੁਰ ਸਿਰ ਨਹੀਂ ਰਹੀ। ਤੁਰਕਾਨੀ ਫੌਜ ਪੈਂਤੜੇ ਬੰਨ੍ਹ ਬੰਨ੍ਹ ਲੜਦੀ ਪਿਛੇ ਹਟਦੀ ਸੀ, ਪਰ ਖਾਲਸਾ ਪੈਂਤੜੇ ਤੋੜ ਤੋੜ ਦੇਂਦਾ ਸੀ। ਇਸੇ ਵਿਚ ਦੀਨਾ ਬੇਗ ਜ਼ਖ਼ਮੀ ਹੋ ਗਿਆ। ਉਸ ਨੂੰ ਸੰਭਾਲ ਕੇ ਤੁਰਕ ਸੈਨਾਂ ਦਾ ਇਕ ਦਸਤਾ ਤੇਜ਼ੀ ਨਾਲ ਪਿੱਛੇ ਹਟਿਆ। ਇਹ ਦੇਖ ਕੇ ਬਾਕੀ ਸੈਨਾ ਹਿਰਾਸੀ ਹੋ ਕੇ ਉੱਠ ਨੱਠੀ; ਖਾਲਸੇ ਨੇ ਹੋਰ ਦਬੱਲ ਕੇ ਅੱਗੇ ਲਾ ਲਿਆ।

ਪਹਾੜੀ ਰਾਜੇ ਭੀਮ ਚੰਦ ਆਦਿ ਇਹ ਹਾਰ ਵੇਖ ਕੇ ਬੜੇ ਦੁਖੀ ਹੋਏ; ਖਾਲਸੇ ਦੀ ਚੜ੍ਹੀ ਦਬੱਲ ਤੋਂ ਭੈ ਭੀਤ ਹੋ ਕੇ ਰਾਹ ਖਹਿੜੇ ਵਟਾ ਕੇ ਪਹਾੜਾਂ ਨੂੰ ਨੱਸ ਗਏ। ਖਾਲਸਾ ਹੁਣ ਫਤਹ ਦੇ ਜੋਸ਼ ਵਿਚ ਚੜ੍ਹਿਆ, ਨੱਸੇ ਜਾਂਦੇ ਸ਼ੱਤ੍ਰੂ ਨੂੰ ਦਬੱਲੀ ਜਾਂਦਾ ਹੈ, ਜਦੋਂ ਬਹੁਤ ਦੂਰ ਨਿਕਲ ਗਏ ਤਾਂ ਸ੍ਰੀ ਗੁਰੂ ਜੀ ਨੇ ਸਵਾਰ ਘੱਲੇ ਕਿ ਖਾਲਸੇ ਨੂੰ ਮੋੜ ਲਿਆਓ। ਸਾਡਾ ਹੁਕਮ ਦਿਓ ਕਿ ਮੈਦਾਨ ਛੱਡ ਗਏ, ਹਾਰ ਖਾ ਕੇ ਹਿਰਾਸੇ ਭੱਜੇ ਜਾਂਦੇ ਵੈਰੀ ਦਾ ਪਿੱਛਾ ਨਾ ਕਰੋ, ਹੁਣ ਮੁੜ ਆਓ! ਹੁਕਮ ਪਾ ਕੇ ਖਾਲਸਾ ਮੁੜ ਪਿਆ ਤੇ ਆ ਗੁਰੂ ਕੇ ਹਜ਼ੂਰ ਫਤਹ ਗਜਾਈ :-

'ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤਹ।'

'ਪਾਤਸ਼ਾਹ ਖਿਦਰਾਬਾਦ ਤਕ ਦਬੱਲਿਆ, ਵੈਰੀਆਂ ਨੂੰ, ਆਪ ਦਾ ਹੁਕਮ ਪਾ ਕੇ ਮੁੜੇ ਹਾਂ!' ਗੁਰੂ ਜੀ ਨੇ ਬਚਨ ਕੀਤਾ–ਭੱਜੇ ਜਾਂਦੇ ਨੂੰ ਕੀ ਮਾਰਨਾ, ਖਾਲਸਾ ਜੀ ਸਹਿਜੇ ਸਹਿਜੇ ਤੁਰੋ।

ਹੁਣ ਜ਼ਖਮੀਆਂ ਦੀ ਭਾਲ ਹੋਈ, ਸਾਰੇ ਘਾਇਲ ਮੈਦਾਨ ਜੰਗ ਤੋਂ ਸੰਭਾਲ ਕੇ ਇਲਾਜ ਵਾਲੇ ਡੇਰੇ ਪਹੁੰਚਾਏ ਗਏ, ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਵੈਰੀ ਦਲ ਦੇ ਮਰੇ ਤੁਰਕਾਂ ਪਠਾਣਾਂ ਦੀ ਉਨਾਂ ਦੇ ਮਤਿ ਅਨੁਸਾਰ ਸਦਗਤੀ ਕੀਤੀ ਗਈ। ਆਨੰਦਪੁਰ ਅੱਪੜੇ, ਨਗਰ ਵਿਚ ਵਧਾਈਆਂ ਵਜੀਆਂ। ਕਵੀਆਂ ਨੇ ਛੰਦ ਰਚੇ, ਹਰ ਕਵੀ ਦੇ ਛੰਦ ਐਸੇ ਸਮਿਆਂ ਦੇ ਬੜੇ ਬੀਰ ਰਸੀ ਹੋਇਆ ਕਰਦੇ ਸੇ। ਸ੍ਰੀ ਗੁਰੂ ਜੀ ਦੇ ਦਰਬਾਰ ਵਿਚ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਕਰਤੱਬਾਂ, ਗੁਣਾਂ ਤੇ ਖੂਬੀਆਂ ਨੂੰ ਅੱਖੀਂ ਦੇਖਣ ਵਾਲੇ ਵਿਦਵਾਨ ਐਉਂ ਵਰਣਨ ਕਰਦੇ ਹਨ :-

(ਗੁਰੂ ਜੀ ਦੀ ਤੀਰੰਦਾਜ਼ੀ ਦਾ ਕਮਾਲ)

ਕਮ ਤਰਕਸ[1] ਧਰਕਸ[2] ਬਰਕਸ[3] ਧਰ,
ਐਸੇ ਸਰ[4] ਕਸ ਹਿਤ ਚਿਤ ਬਿਤ ਗਾਢੋ ਹੈ।
ਕੀਨੇ ਘਮਸਾਨ ਰੰਗ ਭੂਮ ਕੇ ਮੈਦਾਨ 'ਹੀਰ'
ਬਾਜਤ ਨਿਸ਼ਾਨ ਲੈ ਹਥਜਾਰ ਹਥ ਬਾਢੋ ਹੈ।
ਸ੍ਰੀ ਗੋਬਿੰਦ ਸਿੰਘ ਕੀ ਕਮਾਨ ਤੇ ਚਲੈ ਹੈਂ ਤੀਰ,
ਉਰਵਾਰ ਹੋਤ ਪਾਰਾਵਾਰ ਪਾਰ ਠਾਢੋ ਹੈ।
ਬਖਤਰ[5] ਬੇਹ, ਬਖਤਰੀ ਬੇਹ ਬਾਂਕੇ[6] ਬੇਹ,
ਬਾਨਨ ਸੋਂ ਬੇਹ ਕੈ ਬਰਾ ਸੋ ਬੇਹ ਕਾਢੋ ਹੈ!

---

1. ਭੱਥਾ। 2. ਧਨੁਰ ਕਸ ਦਾ ਸੰਖੇਪ ਹੈ, ਅਰਥਾਤ ਧਨੁੱਖ ਕੱਸ ਕੇ। 3. ਬਰ ਅਕਸ। ਉਲਟ। 4. ਤੀਰ 5. ਸੰਜੋਅ। 6. ਬਾਂਕਾ—ਘੋੜਾ।

# ੪੯. ਪ੍ਰਸੰਗ। ਇਕ ਮਾਈ[1]।

ਕਲਗੀ ਵਾਲੜੇ ਗੁਰੂ ਦਸਮੇਸ਼ ਪਜਾਰੇ, ਰਖੱਜਕ ਲੋਕ ਪਰਲੋਕ ਤੇ ਜਗਤ ਵਾਲੀ
ਇਕ ਦਿਨ ਵਿੱਚ ਦੀਵਾਨ ਦੇ ਸ਼ੋਭਦੇ ਸੇ ਬਾਗ ਵਿਚ ਹੈ ਸ਼ੋਭਦਾ ਜਿਵੇਂ ਮਾਲੀ।
ਦੂਰੋਂ ਵਾਜ ਆਈ ਕੁਝ ਰੋਵਣੇ ਦੀ, ਨਾਲ ਧੁਨੀ ਆਈ ਕੁਝ ਬਿਨੈ ਵਾਲੀ,
ਫਿਰ ਨਜ਼ਰ ਆਈ ਇਕ ਬਿਰਧ ਤੀਮੀਂ, ਜਿਸ ਦੀ ਉਮਰ ਸੀ ਸਮੇਂ ਨੇ ਬਹੁਤ ਜਾਲੀ।
ਸੈਨਤ ਕੀਤੀ ਤੇ ਗੁਰਾਂ ਨੇ ਪਾਸ ਸੱਦੀ, ਮੁਖੋਂ ਆਖਿਆ : "ਦੱਸ ਕੀ ਬਣੀ ਤੈਨੂੰ ?
"ਅੰਮ੍ਰਿਤ ਧਾਰ ਕੇ ਸਿੰਘਣੀ ਹੋਇਕੇ ਤੇ ਕਿਥੋਂ ਸ਼ੋਕ ਦੀ ਚੁਭੀ ਹੈ ਅਣੀ ਤੈਨੂੰ ?
"ਅੱਖੋਂ ਨੀਰ ਤੇ ਮੁਖੋਂ ਹੈ ਆਹ ਨਿਕਲੇ, ਚਿੰਤਾ ਕਿਧਰੋਂ ਵਾਪਰੀ ਘਣੀ ਤੈਨੂੰ ?"
ਹੱਥ ਜੋੜ ਕੇ ਸੀਸ ਨਿਵਾਇ ਕਹਿੰਦੀ : "ਅੱਜ ਆਣ ਕੁਵੱਲੜੀ ਬਣੀ ਮੈਨੂੰ।
"ਮੇਰੇ ਪਤੀ ਜੀ ਆਇਕੇ ਸਫਲ ਹੋਏ, ਸਿੰਘ ਸਜੇ ਤੇ ਆਪ ਦੇ ਦਾਸ ਹੋਏ;
"ਚਰਨੀਂ ਲਗਕੇ ਆਪ ਦੇ, ਜੰਗ ਅੰਦਰ ਸਨਮੁਖ ਜੂਝ ਬੈਕੁੰਠ ਦੇ ਵਾਸ ਹੋਏ;
"ਨਾਮ ਜਪਦਿਆਂ ਸੱਚ ਕਮਾਂਦਿਆਂ ਦੇ ਸ਼ਰਨ ਆਪ ਦੀ ਸਫ਼ਲ ਸੁਆਸ ਹੋਏ;
"ਕਰਤਬ ਪਿਤਾ ਦੇ ਸੋਹਿਣੇ ਰਹੇ ਪਿੱਛੇ, ਪੁੱਤਾਂ ਵਾਸਤੇ ਪੂਰਨੇ ਖਾਸ ਹੋਏ।
"ਦੋਇ ਪੁੱਤ ਬੀ ਸਿੰਘ ਹੋ ਬੀਰ ਬਾਂਕੇ ਝੰਡੇ ਆਪ ਦੇ ਹੇਠ ਆ ਖੜੇ ਹੋਏ।
"ਨਾਲ ਵੈਰੀਆਂ ਦ੍ਰੋਹੀਆਂ ਜੰਗ ਕਰਦੇ, ਬੀਰ ਬਾਂਕਰੇ ਸੂਰਮੇ ਲੜੇ ਦੋਏ।
"ਸਿੱਖੀ ਸਿਦਕ ਦੇ ਨਾਲ ਨਿਬਾਹੁੰਦੇ ਓ ਘਾਟ ਮੌਤ ਦੇ 'ਨਾਮ' ਵਿਚ ਚੜ੍ਹੇ ਸੋਏ।
"ਹੋ ਸ਼ਹੀਦ ਓ ਗਏ ਸੰਸਾਰ ਉੱਤੋਂ, ਏ ਦੋ ਨੈਣ ਬੀ ਉਨ੍ਹਾਂ ਨੂੰ ਨਹੀਂ ਰੋਏ।
"ਹੁਣ ਹੈ ਤੀਸਰਾ ਪੁੱਤ ਜੋ ਰਹੇ ਬਾਕੀ ਉਸ ਨੂੰ ਜੂੜ ਕੇ ਤਾਪ ਨੇ ਆਨ ਫੜਿਆ,
"ਕੁਝ ਸੁੱਧ ਨਾ ਬੁੱਧ ਹੈ ਹੋਸ਼ ਉਸ ਨੂੰ, ਬਲ ਹਾਰ ਦਿੱਤੀ ਮੰਜੇ ਨਾਲ ਜੜਿਆ।
"ਲੱਛਣ ਦੱਸਦੇ ਬਚੇਗਾ ਨਹੀਂ ਬੱਚਾ, ਜੇਕਰ ਐਕੁਰਾਂ ਤਾਪ ਹੀ ਰਿਹਾ ਚੜ੍ਹਿਆ,
"ਮੈਂ ਹਾਂ ਭਟਕਦੀ, ਬਾਉਲੀ ਹੋਇ ਛਿੱਥੀ ਏਸ ਸ਼ੋਕ ਦਾ ਮੁਝ ਨੂੰ ਸੱਪ ਲੜਿਆ।
"ਉਸ ਦੀ ਮੌਤ ਦਾ ਸ਼ੋਕ ਨਾ ਰਤੀ ਮੈਨੂੰ, ਅਜਾਈਂ ਜਾਂਵਦਾ ਦੇਖ ਕੇ ਰੋਵਨੀ ਹਾਂ,
"ਨਹੀਂ ਸਫਲ ਚੱਲੀ ਦੇਹੀ ਵਿਚ ਸੇਵਾ, ਬਜਾਕੁਲ ਏਸ ਕਰਕੇ ਬਹੁਤਾ ਹੋਵਨੀ ਹਾਂ,
"ਉਸ ਨੂੰ ਕਰੋ ਰਾਜ਼ੀ, ਲਾਓ ਵਿਚ ਸੇਵਾ ਚਰਨ ਹੰਝੂਆਂ ਨਾਲ ਮੈਂ ਧੋਵਨੀ ਹਾਂ।
"ਜੇਕਰ ਅੰਤ ਬੀ ਨਿਕਟ ਹੈ, ਲਓ ਸੇਵਾ : ਮਰੇ ਵਿਚ ਸੇਵਾ, ਬਿਨੈ ਗੋਵਨੀ ਹਾਂ।
"ਦਾਸੀ ਸਿੰਘਣੀ ਆਪ ਦੇ ਸੁਧਾ ਕੀਤੀ, ਲਾਜ ਸੁਧਾ ਦੀ ਆਪ ਨੇ ਰੱਖਣੀ ਹੈ,
"ਐਵੇਂ ਗਿਆਂ ਪੁਣੀਵੇਗੀ ਕੁੱਖ ਮੇਰੀ, ਸਿਦਕੋਂ ਕਹਿਣਗੇ ਸਿੰਘਣੀ ਸੱਖਣੀ ਹੈ।
"ਬਿਰਦ ਬਾਣੇ ਨੂੰ ਆਪ ਸੰਭਾਲਦੇ ਹੋ, ਜਾਨ ਬਖਸ਼ੋ ਤੇ ਕਰੋ ਸੁਲੱਖਣੀ ਮੈਂ।
"ਫੇਰ ਸਫਲ ਕਰਨੀ ਵਿਚ ਲਾਇ ਸੇਵਾ, ਸੇਵਾ ਬਾਹਜ ਨਾ ਮੌਤ ਨੇ ਭੱਖਣੀ ਹੈ।"

ਗੁਰੂ ਜੀ--

ਧੰਨ ਧੰਨ ਹੈ ਸਿੰਘਣੀ ! ਸਿਦਕ ਤੇਰਾ ਜੀਵਨ ਮੁਕਤ ਹੈਂ ਤੂੰ ਸੰਸਾਰ ਅੰਦਰ।
ਭਲੇ ਜਗਤ ਦੇ ਵਾਸਤੇ ਆਪ ਮੋਈ, ਵੰਸ ਭੇਟ ਕੀਤੀ ਸਾਰੀ ਸੇਵ ਅੰਦਰ।
ਮੌਤ ਪਾਪੀਆਂ ਫੜਦੀਏ ਜਿਵੇਂ ਬਿੱਲੀ ਚੂਹਾ ਪਕੜ ਲੈਂਦੀ ਅਪਣੇ ਮੂੰਹ ਅੰਦਰ।
ਸੇਵਾ ਵਾਲਿਆਂ ਐਕੁਰਾਂ ਫੜੇ ਜਿੱਕੁਰ ਅਪਣੇ ਬੱਚਿਆਂ ਫੜੇ, ਨਾ ਲਗੇ ਦੰਦਰ।[2]

---

1. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੩੫(੧੯੦੪ ਈ:) ਦੇ ਗੁਰਪੁਰਬ ਸਪਤਮੀ ਪਰ 'ਖਾਲਸਾ ਸਮਾਚਾਰ' ਵਿਖੇ ਪ੍ਰਕਾਸ਼ਿਆ ਸੀ। 2. ਦੰਦ ਦੀ ਚੋਭ।

ਤੇਰਾ ਪੁਤ ਨਾ ਮੌਤ ਦਾ ਬਣੂੰ ਚੂਹਾ,
ਰਾਜ਼ੀ ਹੋਇਕੇ ਕਰੇਗਾ ਪੰਥ ਸੇਵਾ,
ਡੋਲ ਮੂਲ ਨਾ ਗੁਰਮੁਖੇ ! ਰਹੋ ਤਕੜੀ,
ਸਫਲ ਹੋਏਗਾ ਸੇਵ ਕਮਾਂਵਦਾ ਓ,
ਸੇਵਾ ਵਿਚ ਉਹ ਸੀਸ ਨੂੰ ਕਰੂ ਭੇਟਾ,
ਜਨਮ ਮਰਨ ਦੇ ਵਿਚ ਨਾ ਫੇਰ ਆਵੇ,
ਤਰੇ ਪਤੀ ਤੇ ਪੁੱਤ, ਤੂੰ ਆਪ ਤਰੀਓਂ,
ਜੀਵਨ ਮੁਕਤ ਹੋ ਮਿਲੇਗਾ ਪਿਤਾ ਤਾਈਂ,
ਸਫਲ ਜਨਮ ਹੈ ਉਨ੍ਹਾਂ ਦਾ ਜਗਤ ਅੰਦਰ,
ਹੱਥੀਂ ਆਪ ਕੀਤੀ ਤੇ ਕਰਵਾਈ ਸੇਵਾ,
ਗੁਰੂ ਪੰਥ ਤੇ ਦੇਸ਼ ਯਾ ਜਗਤ ਸੰਦੀ,
'ਸੇਵਾ' ਬਾਝ ਨਾ ਹੋਂਵਦੇ ਰਾਸ ਕਾਰਜ,

ਤੇਰੇ ਸਿਦਕ ਨੇ ਓਸ ਨੂੰ ਰੱਖਿਆ ਏ।
ਅੰਮ੍ਰਿਤ ਰੱਬ ਦਾ ਓਸ ਨੇ ਚੱਖਿਆ ਏ।
ਤੇਰੇ ਪੁੱਤ ਨੇ ਮੌਤ ਨੂੰ ਧੱਕਿਆ ਏ।
ਜਾਨ ਕਾਲ ਨੂੰ ਓਸ ਨੇ ਭੱਖਿਆ ਏ।
ਤੇਰੀ ਸਿੱਕ ਪੂਰੀ ਸਾਂਈਂ ਆਪ ਕਰਸੀ।
ਸੂਰਮਗਤੀ ਨੂੰ ਵੇਖ ਤੈਂ ਰਿਦਾ ਠਰਸੀ।
ਤਿਵੇਂ ਭੈਜਲ ਨੂੰ ਤੀਸਰਾ ਪੁੱਤ ਤਰਸੀ।
ਚਰਨ ਪ੍ਰਭੂ ਦੇ ਨਿੱਤ ਹੀ ਨਿੱਤ ਪਰਸੀ।
ਚਾਉ ਸੇਵਾ ਦਾ ਜਿਨ੍ਹਾਂ ਦੇ ਰਿਦੇ ਆਯਾ।
ਜਿਨ੍ਹੇ ਵੰਸ ਨੂੰ ਸੇਵਾ ਦੇ ਵਿਚ ਲਾਯਾ।
ਕਿਸੇ ਸੇਵਾ ਦੇ ਨਾਲ ਪਿਆਰ ਪਾਯਾ।
'ਨਾਮ' ਬਾਝ ਨਾ ਕਿਸੇ ਨੇ ਪ੍ਰਭੂ ਪਾਇਆ।

# ੫੦. ਕਰੀਮ ਖਾਂ ਉੱਧਾਰ[1]।

੧.

**ਜਿਸ** ਪਾਸ ਤਾਕਤ ਆ ਜਾਂਦੀ ਹੈ, ਉਹ ਜ਼ੋਰ ਵਾਲਾ ਹੋ ਜਾਂਦਾ ਹੈ, ਉਹ ਫਿਰ ਆਪਣੇ ਜ਼ੋਰ ਦਾ ਯੋਗ ਵਰਤਾਉ ਨਹੀਂ ਕਰਦਾ, ਅਯੋਗ ਵਰਤਾਉ ਕਰਕੇ ਜ਼ੋਰਾਵਰ ਬਣ ਜਾਂਦਾ ਹੈ; ਤੇ ਆਪਣੇ ਇਰਾਦੇ ਤੇ ਮਨੋਰਥ ਜ਼ੋਰਾਵਰੀ ਨਾਲ ਪੁਗਾਉਂਦਾ ਹੈ। ਇਨਸਾਫ ਤੇ ਧਰਮ ਦਾ, ਨੇਕੀ ਤੇ ਉਪਕਾਰ ਦਾ, ਸੱਚ ਤੇ ਅਸਲੀਅਤ ਦਾ ਖਿਆਲ ਛੱਡ ਦੇਂਦਾ ਹੈ ਤੇ ਕੇਵਲ ਆਪਣੀ ਮਨਾਉਣ ਤੇ ਲੱਕ ਬੰਨ੍ਹ ਲੈਂਦਾ ਹੈ, ਇਉਂ ਜਦ ਉਹ ਵਧੀਕੀਆਂ ਕਰਦਾ ਹੈ ਤਾਂ ਲੋਕ ਕਹਿੰਦੇ ਹਨ : "ਜ਼ੋਰਾਵਰ ਦਾ ਸੱਤੀਂ ਵੀਹੀਂ ਸਉ।।"

ਦੁਨੀਆਂ ਤੇ ਜਿੰਨੇ ਜ਼ੋਰਾਵਰ ਹੋਏ ਅੰਤ ਮਰ ਗਏ, ਜੋ ਜ਼ੋਰਾਵਰਾਂ ਦੇ ਸ਼ਿਕਾਰ ਹੋਏ ਉਹ ਬੀ ਮਰ ਗਏ, ਜ਼ੋਰਾਵਰਾਂ ਦੀ ਅਪਕੀਰਤੀ ਜਗਤ ਉਤੇ ਉਨ੍ਹਾਂ ਦੀ ਯਾਦਗਾਰ ਰਹਿ ਗਈ। ਇਹ ਅਪਕੀਰਤੀ ਰਵਾਯਤਾਂ ਵਿਚ, ਇਤਿਹਾਸਾਂ ਵਿਚ; ਗੀਤਾਂ ਵਿਚ ਜਗਤ ਸੁਣਦਾ ਤੇ ਪੜ੍ਹਦਾ ਹੈ। ਹਰ ਪੜ੍ਹਨ ਵਾਲਾ ਪੜ੍ਹਨ ਵੇਲੇ ਜ਼ੋਰਾਵਰਾਂ ਦੀਆਂ ਕੀਤੀਆਂ ਬੇ-ਨਿਆਈਆਂ ਤੇ ਅਫਸੋਸ ਕਰਦਾ ਹੈ ਤੇ ਮਜ਼ਲੂਮਾਂ ਨਾਲ ਉਸ ਦੇ ਜੀ ਵਿਚ ਤਰਸ ਤੇ ਹਮਦਰਦੀ ਪੈਦਾ ਹੁੰਦੀ ਹੈ। ਪਰ ਸ਼ੋਕ ਕਿ ਉਨ੍ਹਾਂ ਪੜ੍ਹ ਸੁਣ ਲੈਣ ਵਾਲਿਆਂ ਵਿਚੋਂ ਜਦ ਕੋਈ ਤਾਕਤਵਰ ਹੋ ਜਾਂਦਾ ਹੈ ਤਾਂ ਉਹ ਬੀ ਜਰਵਾਣਾ ਬਣ ਜਾਂਦਾ ਹੈ ਤੇ ਧੱਕੇ ਧੋੜੇ ਤੇ ਬੇਨਿਆਈਆਂ ਕਰਦਾ ਹੈ।

ਇਹ ਸਬਕ ਦੁਨੀਆਂ ਨੇ ਵਾਚਿਆ, ਪਰ ਸਿੱਖਣ-ਵਿੱਢ ਕਦੇ ਨਾ ਲਈ। ਜ਼ੋਰਾਵਰ ਦੀ ਜ਼ੋਰਾਵਰੀ ਟੁਰੀ ਰਹੀ, ਜ਼ੋਰਾਵਰਾਂ ਡਿੱਠਾ ਕਿ ਪਹਿਲੇ ਜ਼ੋਰਾਵਰ ਅੰਤ ਮਰ ਮਿਟੇ ਤੇ ਅਪਣੀ ਬਦਨਾਮੀ ਛੋੜ ਗਏ, ਫਿਰ ਬੀ ਜ਼ੋਰਾਵਰੀ ਦੀ ਸਖਤੀ ਤੇ ਜ਼ੁਲਮ ਨਾ ਰੁਕੇ ਤੇ ਦੁਨੀਆਂ ਨੂੰ ਸੁਖ ਨਾ ਹੋਇਆ। ਅਕਸਰ ਵੇਰ ਜ਼ੋਰਾਵਰਾਂ ਨੇ ਜਗਤ ਨੂੰ ਟਪਲੇ ਬੀ ਲਾਏ ਕਿ ਅਸੀਂ ਭਲਾ ਕਰਨ ਲੱਗੇ ਹਾਂ, ਪਰ ਅਸਲ ਵਿਚ ਸਾਰੇ ਜਤਨ ਅਪਣੀ ਹਉਂ ਦੇ ਪੁਗਾਉਣ ਦੇ ਹੁੰਦੇ ਹਨ। ਇਹੋ ਅਨਿਆਈ ਜ਼ੁਲਮ ਤੇ ਧੱਕਾ ਦੂਰ ਕਰਨੇ ਲਈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੇਗ ਉਠਾਈ ਸੀ। ਉਹ ਤੇਗ ਜ਼ੁਲਮ ਦੀ ਤੇਗ ਦਾ ਨਾਸ਼ ਕਰਨੇ ਲਈ ਤੇ ਜ਼ੋਰਾਵਰ ਦੀ ਜ਼ੋਰਾਵਰੀ ਤੋੜਨ ਲਈ ਸੀ।

ਜਿਸ ਸਮੇਂ ਸਾਹਿਬ ਸ੍ਰੀ ਆਨੰਦ ਪੁਰ ਸਾਹਿਬ ਜੋਤਾਂ

1. ਇਹ ਪ੍ਰਸੰਗ ਪੋਹ ਦੀ ੨੫ ਸੰ: ਗੁ: ਨਾ: ਸਾ: ੪੬੯ (੮ ਜਨਵਰੀ ੧੯੩੮) ਨੂੰ ਗੁਰਪੁਰਬ ਸਪਤਮੀ ਪਰ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਆ ਸੀ। ਪੰਨਾ ੪੩੨ ਤੇ ਫੁਟ ਨੋਟ ਨ: ੨ ਤੇ ਪੰਨਾ ੪੩੧ ਤੇ ਇਤਹਾਸਕ ਪਹਲੂ ਬੀ ਦੇਖੋ ਜੀ।

ਜਗਾ ਰਹੇ ਤੇ ਨਿਤਾਣਿਆਂ ਵਿਚ ਨਵਜੀਵਨ ਦਾ ਤਾਣ ਭਰ ਰਹੇ ਸਨ, ਉਸ ਸਮੇਂ ਸਰਹੱਦੀ ਪਠਾਣਾਂ ਦਾ ਇਕ ਜ਼ੋਰਾਵਰ ਸਰਦਾਰ ਜ਼ੋਰਾਂ ਵਿਚ ਆਪਣੇ ਭਰਾ ਤੇ ਉਸ ਦੇ ਕਬੀਲੇ ਦਾ ਕਤਲ ਕਰਨਹਾਰ ਹੋਕੇ ਉਸਦਾ ਰਾਜ ਭਾਗ ਸਾਂਭ ਬੈਠਾ, ਪਰ ਮਾਰੇ ਗਏ ਸਰਦਾਰ ਖਾਨ ਦਾ ਇਕ ਪੁਤਰ, ਜੋ ਚੜ੍ਹਦੀ ਜਵਾਨੀ ਵਿਚ ਸੀ, ਕਿਵੇਂ ਛਿਪ ਛਿਪਾ ਕੇ ਬਚ ਗਿਆ। ਫਿਰ ਉਸ ਨੂੰ ਪਤਾ ਲੱਗ ਗਿਆ ਕਿ ਮੇਰੀ ਭਾਲ ਅਜੇ ਹੋ ਰਹੀ ਹੈ ਤੇ ਮੈਂ ਬੀ ਸਰਦ ਮਿਹਰੀ ਨਾਲ ਕਤਲ ਕੀਤੇ ਜਾਣਾ ਹੈ! ਜਿੰਦ ਦੇ ਮਾਲ ਨੂੰ ਸਭ ਤੋਂ ਕੀਮਤੀ ਸਮਝ ਕੇ ਇਹ ਮਜ਼ਲੂਮ ਹਿੰਦੁਸਤਾਨ ਨੂੰ ਉਠ ਭੱਜਾ। ਰਸਤੇ ਬਿਖੜੇ, ਸਫਰ ਦੇ ਦੁਖ, ਇਕੱਲਾਪਨ, ਪਰ ਇਹ ਸਾਰੇ ਕਸ਼ਟ ਝੱਲਦਾ ਸਰਹੱਦ ਦੀ ਬੇ-ਵਿਸਾਹ ਧਰਤੀ ਤੋਂ ਨਿਕਲ ਕੇ ਹਿੰਦੁਸਤਾਨ ਵਿਚ ਆ ਗਿਆ। ਪੰਜਾਬ ਦੇ ਉਪਰਲੇ ਦਰਿਆ ਲੰਘਦਾ ਲਾਹੌਰ ਅੱਪੜਕੇ ਇਹ ਕਿਸੇ ਰੋਟੀ ਦੀ ਕਮਾਈ ਦੇ ਉਪਰਾਲੇ ਦੀ ਭਾਲ ਵਿਚ ਲੱਗਾ, ਪਰ ਕੋਈ ਸੂਰਤ ਨਾ ਬਣੀ। ਉਦਾਸ ਹੋ ਕੇ ਸੁਲਤਾਨਪੁਰ ਤੇ ਉਥੋਂ ਜਲੰਧਰ ਆਇਆ। ਜੋ ਕੁਛ ਨਾਲ ਆਂਦਾ ਸੀ ਮੁੱਕ ਚੁਕਾ ਸੀ, ਰੁਜ਼ਗਾਰ ਕਿਤੇ ਬਣਿਆ ਨਹੀਂ ਸੀ; ਸੋ ਅੱਗੇ ਅੱਗੇ ਟੁਰੀ ਗਿਆ, ਪਰ ਹੁਣ ਸਫਰ ਪੈਦਲ ਸੀ ਤੇ ਅੰਨ ਪਾਣੀ ਵਲੋਂ ਫਾਕਿਆਂ ਦੇ ਮੂੰਹ ਬੀ ਤੱਕਣੇ ਪੈਂਦੇ ਸਨ। ਉਂਵ ਸੀ ਸਰਦਾਰ ਬਚਾ ਮੰਗਦਾ ਨਹੀਂ ਸੀ, ਮਿਹਨਤ ਕਰ ਲੈਂਦਾ ਸੀ ਯਾ ਜੋ ਸੁਤੇ ਮਿਲ ਜਾਏ ਤਾਂ ਖਾ ਪੀ ਲੈਂਦਾ ਸੀ। ਜਲੰਧਰੋਂ ਹੁਸ਼ਿਆਰਪੁਰ ਦਾ ਰੁਖ ਧਰਕੇ ਇਹ ਰੱਬ ਆਸਰੇ ਟੁਰ ਪਿਆ ਕਿ ਜੇ ਕਿਤੇ ਕੋਈ ਵਲੀ ਫਕੀਰ ਮਿਲ ਜਾਏ ਤਾਂ ਫਕੀਰੀ ਕਰੀਏ, ਅੱਲਾ ਦੇ ਰਾਹ ਲੱਗੀਏ; ਦੁਨੀਆਂ ਤਾਂ ਦੇਖ ਲਈ, ਫਰੇਬ ਹੀ ਫਰੇਬ ਹੈ ਤੇ ਧੱਕਾ ਹੀ ਧੱਕਾ ਹੈ- "ਦੁਨੀਆਂ ਮਾਅਲੂਮ, ਅਹਿਲੇ ਦੁਨੀਆਂ ਮਾਅਲੂਮ"। ਇਉਂ ਬਿਥੱਵੇ ਹਾਲ ਉਹ ਉੱਤਰ ਪੱਛੋਂ ਦਾ ਰੁਖ ਲੈ ਕੇ ਟੁਰ ਪਿਆ। ਡਾਵਾਂਡੋਲ ਹੁੰਦਾ; ਮਫ਼ਰ ਕਰਦਾ ਤੇ ਫਾਕੇ ਝੱਲਦਾ ਗਿਆ। ਲਿਖਿਆ ਹੈ ਸੱਤ ਦਿਨ ਐਸੇ ਲੰਘੇ ਕਿ ਜੋ ਫਾਕੇ ਦੇ ਹੀ ਕਹਿਣੇ ਬਣਦੇ ਹਨ। ਭੁੱਖ ਨੇ ਹੁਣ ਐਨਾ ਆਤੁਰ ਕੀਤਾ ਕਿ ਜੀ ਚਾਹੇ ਜੋ ਮਿਲੇ ਸੋ ਖਾ ਜਾਵਾਂ। ਇੰਨੇ ਨੂੰ ਇਕ ਕੁੱਤੇ ਦਾ ਕਤੂਰਾ ਮਿਲ ਗਿਆ। ਚਾਰ ਚੁਫੇਰੇ ਤੱਕ ਕੇ ਇਸ ਨੇ ਚਾ ਲਿਆ ਤੇ ਕੱਛੇ ਮਾਰਕੇ ਅੱਗ ਦੀ ਤਲਾਸ਼ ਵਿਚ ਟੁਰ ਪਿਆ ਕਿ ਕਿਤੋਂ ਮਿਲ ਜਾਵੇ ਤਾਂ ਨਾਲ ਲੈ ਕੇ ਕਿਤੇ ਏਕਾਂਤ ਥਾਂ, ਮਾਨੁੱਖੀ ਅੱਖ ਜਿੱਥੇ ਨਾ ਦੇਖਦੀ ਹੋਵੇ, ਅੱਗ ਬਾਲ ਕੇ ਇਸਦਾ ਮਾਸ ਭੁੰਨ ਭੁੰਨ ਕੇ ਖਾਵਾਂ ਤੇ ਇਸ ਪੇਟ ਜ਼ਾਲਮ ਨੂੰ ਝੁਲਕਾ ਦੇਵਾਂ। ਅਕਲ ਆਖੇ-ਖਾਨਾ ! ਇਹ ਗੋਸ਼ਤ ਹਰਾਮ ਹੈ : ਪੇਟ ਆਖੇ ਹਲਾਲ ਹੈ। ਯਾਦ ਆਵੇ : 'ਮੈਂ ਸਰਦਾਰ ਦਾ ਪੁਤਰ ਰਾਜਭਾਗ ਵਾਲਾ ਹਾਂ ਮੇਰੀ ਸ਼ਾਨ ਹੈ ਕਿ ਮੈਂ ਇਹ ਗੋਸ਼ਤ ਖਾਵਾਂ ? ਦਿਲ ਆਖੇ 'ਪਿਉ ਦੀ ਪਾਤਸ਼ਾਹੀ ਦੀ ਯਾਦ ਪੇਟ ਦਾ ਝੁਲਕਾ ਨਹੀਂ ਬਣ ਸਕਦੀ, ਭੁੱਖ ਤਾਂ ਦੋ ਪੈਸੇ ਦੇ ਟੁੱਕ ਨਾਲ, ਜੇ ਪੈਸੇ ਨਾ ਹੋਣ ਤਾਂ ਜੋ ਕੁਛ ਭੱਖ ਅਭੱਖ ਮਿਲੇ ਉਸ ਦੇ ਖਾਣ ਨਾਲ ਦੂਰ ਹੋ ਸਕਦੀ ਹੈ।' ਐਉਂ ਸੋਚਦਾ ਦੂਰੋਂ ਇਕ ਧੂਏਂ ਦੀ ਸੇਧ ਲੈ ਕੇ ਤੁਰਿਆ ਤੇ ਉਥੇ ਜਾ ਅੱਪੜਿਆ। ਕੀ ਦੇਖਦਾ ਹੈ ਕਿ ਕੁਛ ਆਦਮੀ ਖੂਹ ਨੂੰ ਚਲਾ ਰਹੇ ਹਨ, ਅੱਗਾਂ ਬਲਦੀਆਂ ਤੇ ਬੁਝ ਬੀ ਰਹੀਆਂ ਹਨ, ਛੋਲਦਾਰੀਆਂ ਤੇ ਡੇਰੇ ਪੁੱਟੇ ਜਾ ਰਹੇ ਹਨ! ਕੁਛ ਟੁਰ ਪਏ ਤੇ ਕੁਛ ਟੁਰ ਰਹੇ ਹਨ। ਉਸ ਨੇ ਸਮਝਿਆ ਕਿ ਕੋਈ ਕਾਫਲਾ ਰਾਤ ਏਥੇ ਰਿਹਾ ਹੈ ਤੇ ਹੁਣ ਕੂਚ ਦੀ ਤਿਆਰੀ ਹੈ। ਸੇਵਾ ਵਾਲੇ ਤੇ ਮੁਹਰੇ ਚੱਲਣ ਵਾਲੇ ਅੱਗੇ ਆ ਖਲੋਤੇ ਹਨ ਤੇ ਪ੍ਰਬੰਧ ਕਰ ਰਹੇ ਹਨ ਤੇ ਵਹੀਰ ਮਗਰ ਕਤਾਰ ਲਾ ਰਿਹਾ ਹੈ।

੨.

**ਇਸ** ਪਠਾਣ ਬੱਚੇ ਨੇ ਹੁਣ ਹੋਰ ਗਹੁ ਕੀਤਾ ਤਾਂ ਕੀਹ ਡਿੱਠਾ ਕਿ ਇਕ ਕੂਚ ਕਰ ਰਹੇ ਤੇ ਇਕ ਹੋਰ ਆ ਰਹੇ ਹਨ! ਜੋ ਆ ਰਹੇ ਹਨ, ਕੁਛ ਬੜੀ ਸੁਰੀਲੀ ਸੁਰ ਵਿਚ ਗਾਉਂਦੇ ਆ ਰਹੇ ਹਨ ਤੇ ਕੋਈ ਕੁਛ ਕਲਾਮ ਪੜ੍ਹਦੇ ਆ ਰਹੇ ਤੇ ਡੇਰੇ ਲਾ ਰਹੇ ਹਨ। ਨਾਬੀਨਿਆਂ ਦੀਆਂ ਡੰਗੋਰੀਆਂ ਪਕੜ ਕੇ ਚਲੇ ਆ ਰਹੇ ਹਨ ਤੇ ਸ਼ੁਕਰ ਸ਼ੁਕਰ ਕਰ ਰਹੇ ਹਨ! ਕਿਸੇ ਦੇ ਹੱਥ ਝੰਡਾ ਹੈ, ਕਿਸੇ ਦੇ ਪਾਸ ਕੈਂਸੀਆਂ ਹਨ। ਕੋਈ ਜੁਆਨ ਆਪਣੇ ਕੀਤੇ ਪੈਂਡੇ ਦੀ ਪਰਵਾਹ ਛੱਡ ਕੇ ਬਿਰਧਾਂ ਨੂੰ ਮੁੱਠੀਆਂ ਭਰਨ ਲੱਗ ਪਏ ਹਨ, ਇਸ ਤਰ੍ਹਾਂ ਉਸ ਕਾਫਲੇ ਨੂੰ ਦੇਖ ਕੇ ਇਸਨੂੰ ਖਿਆਲ ਆਇਆ ਕਿ ਉਹ ਕੋਈ ਵਪਾਰੀਆਂ ਦਾ ਕਾਫਲਾ ਨਹੀਂ, ਹੋਵੇ ਨਹੀਂ ਤਾਂ ਇਹ ਕੋਈ ਖ਼ੁਦਾ ਦੇ ਬੰਦੇ ਹਨ। ਤਾਂ ਉਸ ਨੇ ਇਕ ਨੂੰ ਪੁਛਿਆ ਕਿ ਤੁਸੀਂ ਕੌਣ ਲੋਕ ਹੋ ਤੇ ਕਿਥੇ

ਜਾ ਰਹੇ ਹੋ ?

ਇਕ ਨੇ ਜਵਾਬ ਦਿੱਤਾ ਕਿ ਖ਼ਾਨ ! ਅਸੀਂ ਸਿਖ ਹਾਂ, ਅਸੀਂ ਆਪਣੇ ਗੁਰੂ ਦੇ ਦਰਸ਼ਨ ਨੂੰ ਜਾ ਰਹੇ ਹਾਂ !

ਪਠਾਣ-ਤੁਸੀਂ ਸੀਕ ਹੋ ਸੀਕ, ਸੀਕ ਕਿਆ ? ਹੈਂ! ਬਾਬੇ ਨਾਨਕ ਦੇ ਸੀਕ ?

ਸਿੱਖ-ਹਾਂ, ਗੁਰੂ ਨਾਨਕ ਦੇਵ ਦੇ ਸਿਖ, ਆਪਣੇ ਗੁਰੂ ਪਾਸ ਚੱਲੇ ਹਾਂ।

ਪਠਾਣ-ਪਰ ਗੁਰੂ ਨਾਨਕ ਤਾਂ ਜਗਤ ਤੋਂ ਰਹਲਤ ਫ਼ੁਰਮਾ ਚੁਕੇ ਹਨ ?

ਸਿਖ-ਉਨ੍ਹਾਂ ਦੀ ਜੋਤ ਜਿਸ ਜੋਤੀ ਸਰੂਪ ਵਿਚ ਬਿਰਾਜ ਰਹੀ ਹੈ, ਉਹ ਸੰਸਾਰ ਵਿਚ ਹੈਨ। ਉਨ੍ਹਾਂ ਦੇ ਦਰਸ਼ਨਾਂ ਨੂੰ ਅਸੀਂ ਜਾ ਰਹੇ ਹਾਂ।

ਪਠਾਣ-ਉਹ ਕਿਥੇ ਹੈਨ ?

ਸਿਖ-ਇਸ ਨਦੀ ਤੋਂ ਪਾਰ ਥੋੜੇ ਮੀਲ, ਇਸ ਥਾਂ ਤੋਂ, ਆਨੰਦਪੁਰ ਵਿਚ ਬਿਰਾਜਮਾਨ ਹਨ। ਉਹ ਰੱਬ ਦੇ ਘੱਲੇ ਆਏ ਹੋਏ ਜੋਤਿ ਸਰੂਪ ਹਨ। ਉਨ੍ਹਾਂ ਦਾ ਪਵਿੱਤ੍ਰ ਨਾਮ ਹੈ :-

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ !

ਪਠਾਣ-ਤੁਸੀਂ ਪਤੀਆ ਬੀ ਲੀਤਾ ਹੈ ਕਦੇ ? ਪੈਗੰਬਰਾਂ ਤੇ ਵਲੀਆਂ ਦੀ ਨਿਸ਼ਾਨੀ ਕਰਾਮਾਤ ਹੁੰਦੀ ਹੈ।

ਸਿਖ-ਹੱਛਾ...? ਪਰ ਉਹ ਤਾਂ ਆਪ ਹਨ, ਜ਼ਾਤ ਖਾਸ ਵਿਚੋਂ ਆਏ ਹੋਏ। ਅੰਤਰਯਾਮੀ ਹਨ। ਦੁਖਾਂ ਦੇ ਦੂਰ ਕਰਨ ਵਾਲੇ ਹਨ, ਸ਼ਰਨਾਗਤਾਂ ਦੀ ਪਨਾਹ ਹਨ; ਕਰਾਮਾਤਾਂ ਮਗਰੇ ਫਿਰਦੀਆਂ ਹਨ ਹਥ ਬੱਧੀ।

ਪਠਾਣ-ਹਿੰਦੂ ਹੈਨ, ਹੈਂ ?

ਸਿਖ-"ਨਾ ਹਮ ਹਿੰਦੂ ਨ ਮੁਸਲਮਾਣ।। ਅਲਾਹ ਰਾਮ ਕੇ ਪਿੰਡ ਪਰਾਨ।।" ਉਨ੍ਹਾਂ ਦੀ ਜ਼ਾਤ ਗੋਤ, ਦੀਨ ਮਜ਼ਹਬ ਰੱਬ ਹੈ।

ਪਠਾਣ-ਠੀਕ ਹੈ, ਫਕੀਰਾਂ ਦੀ, ਅੱਲਾ ਵਾਲਿਆਂ ਦੀ ਕੀਹ ਜ਼ਾਤ, ਪਰ ਆਖ਼ਰ, ਉਹ ਉਸ ਤਰ੍ਹਾਂ ਦੇ ਮੁਸਲਮਾਨ-ਤਾਂ ਨਹੀਂ ਹਨ ਨਾ ਕਿ ਜਿੰਕੁਰਾਂ ਦਾ ਮੈਂ ਹਾਂ। ਜੇ ਮੈਂ ਸ਼ਰਨ ਜਾਵਾਂ, ਤਾਂ ਮੈਨੂੰ ਤਾਂ ਮੂੰਹ ਨਹੀਂ ਨਾ ਲਾਉਣਗੇ।

ਸਿਖ-ਉਨ੍ਹਾਂ ਦੇ ਦਰ ਨੀਚ ਊਚ, ਹਿੰਦੂ ਤੁਰਕ ਇਨ੍ਹਾਂ ਵੇਰਵਿਆਂ ਦੇ ਮੁਲਾਹਜ਼ੇ, ਨਫ਼ਰਤਾਂ ਨਹੀਂ ਵਸਦੀਆਂ, ਉਹ ਤਾਂ ਸੂਰਜ ਵਤ ਸਭ ਨੂੰ ਪ੍ਰਕਾਸ਼ ਦਾਨ ਦੇਣ ਵਾਲੇ ਹਨ। ਉਸ ਦੁਆਰੇ ਮੁਹੱਬਤ ਦੀ ਖੁਸ਼ਬੋ ਹੈ, ਨਫਰਤ ਦੀ ਬਦਬੋ ਨਹੀਂ। ਪਰ ਉਹ ਨਿਤਾਣੇ ਫ਼ਕੀਰ ਨਹੀਂ, ਉਹ ਸਭ ਤਰ੍ਹਾਂ ਦੇ ਬਲ ਪ੍ਰਾਕ੍ਰਮ ਵਾਲੇ ਹਨ। ਸ਼ਮਸ਼ੇਰ ਉਨ੍ਹਾਂ ਦੇ ਹੱਥਾਂ ਵਿਚ ਹੈ, ਪਰ ਉਹ ਗਰੀਬਾਂ ਦੀ ਰੱਖਯਾ ਕਰਦੀ ਹੈ ਤੇ ਜ਼ਾਲਮ ਨੂੰ ਜ਼ੁਲਮ ਤੋਂ ਵਰਜਦੀ ਹੈ।

'ਸ਼ਮਸ਼ੇਰ' ਸੁਣ ਕੇ ਪਠਾਣ ਦਾ ਦਿਲ ਉਛਲਿਆ, ਅੱਛਾ ! ਸ਼ਮਸ਼ੇਰ ਜ਼ਨ ਬੀ ਫਕੀਰ ਹੋ ਸਕਦਾ ਹੈ ? ਫਿਰ ਆਪ ਸੋਚਣ ਲੱਗ ਪਿਆ: ਹਾਂ, ਆਂ ਹਜ਼ਰਤ ਬੀ ਸ਼ਮਸ਼ੇਰ ਜ਼ਨ ਸਨ ਨਾ। ਅੱਲਾ ਦੀ ਹਿਕਮਤ ਹੈ, ਜ਼ੁਲਮ ਤਾਂ ਹੁਣ ਬਹੁਤ ਹੈ, ਕਿਸੇ ਵਲੀ ਅੱਲਾ ਨੂੰ ਅੱਲਾ ਨੇ ਸ਼ਮਸ਼ੇਰ ਦੀ ਬਰਕਤ ਬੀ ਦੇ ਦਿੱਤੀ ਹੈ ਕਿ ਮਜ਼ਲੂਮਾਂ ਨੂੰ ਸ਼ਰਨ ਦੇਣ ਦੀ ਤਾਕਤ ਉਸ ਵਿਚ ਸਬਲ ਹੋ ਕੇ ਵਰਤੇ। ਫੇਰ ਸਿੱਖ ਨੂੰ ਪੁੱਛਣ ਲੱਗਾ-ਭਲਾ ਜੇ ਮੇਰਾ ਜੀ ਉਨ੍ਹਾਂ ਦੇ ਦਰਸ਼ਨਾਂ ਨੂੰ ਕਰੇ ਤਾਂ ਕੀ ਤੁਸੀਂ ਮੈਨੂੰ ਨਾਲ ਲੈ ਚੱਲੋਗੇ ?

ਤਾਂ ਸਿਖ ਨੇ ਆਖਿਆ-ਬੜੀ ਖੁਸ਼ੀ ਨਾਲ ਲੈ ਚੱਲਾਂਗੇ!

ਪਠਾਣ-ਮੈਂ ਗਰੀਬ ਹਾਂ।

ਸਿਖ-ਤੇਰੀ ਨੁਹਾਰ, ਤੇਰੀ ਕਤਾ ਵਜਾ ਤਾਂ ਸ਼ਹਜ਼ਾਦਿਆਂ ਵਰਗੀ ਹੈ, ਪਰ ਤੇਰੇ ਬਸਤਰ ਗਰੀਬਾਂ ਵਾਲੇ ਹਨ। ਉਂਵ ਉਸ ਦਰਗਾਹੇ ਗਰੀਬ ਅਮੀਰ ਦੀ ਵਿਰਲ ਵਿੱਥ ਨਹੀਂ ਹੈ, ਉਹ ਦਰ ਗਰੀਬ ਨਿਵਾਜ਼ ਹੈ ਤੇ ਅਮੀਰਾਂ ਦਾ ਬੀ ਪਨਾਹ ਅਸਥਾਨ ਹੈ। ਤੂੰ ਚੱਲ ਕੇ ਅੱਖੀਂ ਦੇਖ ਲੈ।

ਇਹ ਸੁਣ ਕੇ ਉਸ ਦੇ ਮਨ ਵਿਚ ਵੀਚਾਰ ਫੁਰੀ ਕਿ ਇਹ ਸਾਥ ਬਹੁਤ ਚੰਗਾ ਹੈ। ਚੱਲੋ ਜੇ ਕੋਈ ਖੁਦਾ ਦਾ ਪਿਆਰਾ ਮਿਲ ਜਾਏ ਤਾਂ ਦੁਖ ਦੂਰ ਹੋ ਜਾਣ। ਤਦ ਉਸ ਨੇ ਕੱਛ ਵਿਚੋਂ ਕਤੂਰਾ ਹੇਠਾਂ ਧਰ ਦਿੱਤਾ ਤੇ ਹੱਥ ਧੋ ਲਏ ਤੇ ਸੇਵਾ ਵਿਚ ਨਾਲ ਲੱਗ ਪਿਆ। ਪਰ ਉਸ ਸਿਖ ਨੇ ਡਿੱਠਾ ਕਿ ਇਸ ਦੇ ਅੰਗਾਂ ਵਿਚ ਤਾਣ ਨਹੀਂ, ਚਾਲ ਕਮਜ਼ੋਰ ਹੈ, ਬਾਹਾਂ ਨਿਸੱਤਿਆਂ ਵਾਂਗ ਹਨ: ਚਿਹਰਾ ਉਤਰ ਰਿਹਾ ਹੈ ਤੇ ਅੱਖਾਂ ਭੁੱਖੀਆਂ ਭੁੱਖੀਆਂ ਹਨ, ਓਨ ਜਾਤਾ : ਹੋਵੇ ਨਾ ਤਾਂ ਇਹ ਖੁਧਿਆਰਥੁ (ਭੁੱਖਾ) ਹੈ।

ਐਉਂ ਉਸ ਸਿੱਖ ਨੇ ਵੀਚਾਰ ਕਰਕੇ ਆਖਿਆ-ਭਾਈ ! ਅਸੀਂ ਹੁਣ ਪ੍ਰਸ਼ਾਦ ਰੋਟੀ ਤਿਆਰ ਕਰ ਖਾ ਚੁਕੇ ਹਾਂ, ਪਰ ਸਾਡੇ ਪਾਸ ਹੈ ਬੀ ਸੋ ਤੁਸੀਂ ਬੀ ਭੋਜਨ

ਪਾ ਲਓ ਤੇ ਫੇਰ ਅੱਗੇ ਚਲਾਂਗੇ। ਤਾਂ ਉਸ ਪਠਾਣ ਨੇ ਆਖਿਆ, ਭਲਾ ਹੋਵੇ ਜੀ।

ਜਾਂ ਪ੍ਰਸ਼ਾਦ ਆਂਦਾ ਗਿਆ ਤਾਂ ਇਸ ਸਿੱਖ ਦੇ ਡੇਰੇ ਵਿਚ ਇਕ ਵਿਦੰਗੀ ਜਾਣਨੇ ਵਾਲਾ ਸਿੱਖ ਸੀ, ਉਸ ਨੇ ਸਾਰੀ ਵਿਥਿਆ ਸੁਣ ਕੇ ਸੋਚਿਆ ਕਿ ਇਹ ਪਠਾਣ ਬੱਚਾ ਅਣਖ ਵਾਲਾ ਹੈ ਪਰ ਇਹ ਕਈ ਦਿਨਾਂ ਦਾ ਭੁੱਖਾ ਜਾਪਦਾ ਹੈ। ਤਾਂ ਉਸਨੇ ਆਖਿਆ– ਭਲਾ ਹੋਏ ਖਾਨ ਜੀ ! ਜੇ ਆਪ ਕੱਲ ਅੰਨ ਪਾਇਆ ਸੀ ਤਾਂ ਅੱਜ ਅੰਨ ਪਾ ਲਓ ਤੇ ਜੇ ਕਈ ਦਿਨਾਂ ਦੇ ਭੁੱਖੇ ਹੋ ਤਾਂ ਸੰਗ ਨਾ ਕਰੋ, ਸੱਚ ਦੱਸ ਦਿਓ, ਫੇਰ ਆਪ ਨੂੰ ਕੋਈ ਨਰਮ ਸ਼ੈ ਦੇਵੀਏ ਜੋ ਅੰਨ ਖਾਣ ਨਾਲ ਮਤੇਂ ਪੇਟ ਪੀੜਾ ਉਪਜ ਪਵੇ। ਤਦ ਪਠਾਣ ਦੇ ਚਿਹਰੇ ਤੇ ਸ਼ਰਮ ਨਾਲ ਮੁੜ੍ਹਕਾ ਆ ਗਿਆ, ਪਰ ਹੀਯਾ ਕਰ ਕੇ ਆਖਣ ਲੱਗਾ : ਰੱਬ ਤੁਸਾਂ ਨੂੰ ਨੇਕੀ ਦੇਵੇ, ਕਈ ਦਿਨਾਂ ਤੋਂ ਅੰਨ ਨਹੀਂ ਪਾਇਆ, ਹੁਣ ਬੀ ਸ਼ਰਮ ਕਰਦਾ ਹਾਂ ਕਿ ਆਪ ਤੋਂ ਅੰਨ ਕਿਸ ਹੱਕ ਨਾਲ ਖਾਵਾਂ। ਤਾਂ ਵੈਦ ਸਿੰਘ ਨੇ ਆਖਿਆ–ਰੱਬ ਦੇ ਬੰਦੇ ! ਅੰਨ ਸਭ ਰੱਬ ਦੀ ਮਿਹਰ ਨਾਲ ਪੈਦਾ ਹੁੰਦਾ ਹੈ। ਅੰਨ ਓਸ ਦਾ ਹੈ, ਧਰਤੀ ਓਸ ਦੀ ਹੈ; ਜਲ ਓਸ ਦਾ ਹੈ, ਬੰਦੇ ਦੀ ਤਾਂ ਮਿਹਨਤ ਮਜ਼ੂਰੀ ਹਲ ਵਾਹੁਣ ਬੀਜਣ ਵੱਢਣ ਦੀ ਹੈ, ਹਿਕੇ ਬੰਦੇ ਦੀ ਹੋਰ ਕਮਾਈ ਦਾ ਵਟਾਂਦਰਾ ਹੈ। ਬੰਦੇ ਦੇ ਹੱਡਾਂ ਵਿਚ ਸ੍ਰੀ ਪਰਮੇਸ਼ਰ ਦਾ ਪਾਇਆ ਬਲ ਹੈ, ਸੋ ਸਭ ਕੁਛ ਪਰਮੇਸ਼ੁਰ ਦਾ ਹੈ, ਅਸੀਂ ਸਾਰੇ ਉਸ ਦੇ ਬੇਟੇ ਹਾਂ, ਸੋ ਸਾਡਾ ਇਕ ਦੂਸਰੇ ਤੇ ਭਾਈਪਨੇ ਦਾ ਹੱਕ ਹੈ।

ਇਹ ਸੁਣਕੇ ਪਠਾਣ ਦੇ ਨੈਣਾਂ ਵਿਚ ਨੀਰ ਆ ਗਿਆ। ਆਖੇ: ਯਾ ਅੱਲਾ! ਇਸ ਦੁਨੀਆਂ ਵਿਚ ਮੇਰੇ ਚਾਚੇ ਨੇ ਸੱਕੇ ਭਰਾ ਮੇਰੇ ਪਿਉ ਨੂੰ ਪਰਿਵਾਰ ਸਣੇ ਮਾਰ ਦਿੱਤਾ, ਮੈਨੂੰ ਦਰ ਦਰ ਰੁਲਾਇਆ, ਇਥੇ ਕਿਹੜੇ ਬੰਦੇ ਮਿਲੇ ਹਨ, ਜੋ ਸਤ ਓਪਰੇ ਨੂੰ ਗੈਰ ਮਜ਼ਹਬ ਵਾਲੇ ਨੂੰ ਭਿਰਾਉ ਕਹਿ ਰਹੇ ਹਨ ਤੇ ਗਰੀਬੀ ਨਾਦਾਰੀ ਵਿਚ ਅਪਣਾ ਰਹੇ ਹਨ। ਜ਼ਰੂਰ ਇਹਨਾਂ ਦਾ ਮੁਰਸ਼ਿਦ ਕਾਮਲ ਹੈ ਤੇ ਉਹ ਅੱਲਾ ਦਾ ਪਿਕੰਬਰ ਹੋਣਾ ਹੈ; ਪਿਕੰਬਰਾਂ ਦਾ ਬੀ ਸਰਦਾਰ ਹੋਊ, ਜਿਸ ਦੀ ਸਿੱਖਯਾ ਐਤਨੀ ਪਜਾਰ ਵਾਲੀ ਹੈ। ਇੰਨੇ ਨੂੰ ਵੈਦ ਸਿੰਘ ਜੀ ਦੇ ਇਸ਼ਾਰੇ ਨਾਲ ਸੰਗਤ ਵਿਚੋਂ ਕੋਈ ਜਣਾਂ ਕੁਛ ਫਲ ਲੈ ਆਇਆ, ਸੋ ਵੈਦ ਸਿੰਘ ਜੀ ਨੇ ਕਿਹਾ ਕਿ ਆਪ ਪਹਿਲਾਂ ਇਹ ਖਾਓ। ਫੇਰ ਕੁਛ ਮੀਲ ਅੱਗੇ ਜਾ ਕੇ ਗਿਰਾਂ ਦੇ ਲੋਕੀਂ ਸੰਗਤ ਆਈ ਸੁਣਕੇ ਦੁੱਧ ਤੇ ਕੜਾਹ ਪ੍ਰਸ਼ਾਦ ਲੈ ਕੇ ਆ ਮਿਲੇ ਸਨ, ਵੈਦ ਸਿੰਘ ਜੀ ਨੇ ਪਠਾਣ ਬੱਚੇ ਨੂੰ ਦੁੱਧ ਦਿੱਤਾ। ਇਸੇ ਤਰ੍ਹਾਂ ਦੋ ਅਗਲੇ ਡੰਗ ਮਗਰੋਂ ਖਿਚੜੀ ਤੇ ਫੇਰ ਪ੍ਰਸ਼ਾਦ ਦਿੱਤਾ; ਐਉਂ ਉਹ ਰਾਜ ਪੁਤ੍ਰ, ਜੋ ਭੁੱਖ ਨਾਲ ਮਰ ਰਿਹਾ ਤੇ ਭੱਖ ਅਭੱਖ ਦਾ ਖਿਆਲ ਬੀ ਛੱਡ ਬੈਠਾ ਸੀ, ਆਨੰਦਪੁਰ ਸਾਹਿਬ ਪਹੁੰਚਾ।

ੜ.

ਬੈਠੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਗਤ ਗੁਰੂ ਸ੍ਵਾਮੀ ਸਿੰਘਾਸਨ ਉੱਤੇ, ਦੁਆਲੇ ਸਜ ਰਿਹਾ ਹੈ ਸਿੰਘਾਂ, ਸਿੱਖਾਂ ਤੇ ਪ੍ਰੇਮੀਆਂ ਦਾ ਦਰਬਾਰ! ਦਰਬਾਰ ਲਗ ਰਿਹਾ ਹੈ ਅੱਜ ਇਕ ਉੱਚੇ ਦਮਦਮੇ ਤੇ ਖੁੱਲੇ ਮੈਦਾਨ ਵਿਚ। ਤਣ ਰਿਹਾ ਹੈ ਇਕ ਵੱਡਾ ਸ਼ਾਮਯਾਨਾ, ਜਿਸ ਦੇ ਹੇਠ ਇਲਾਹੀ ਦਰਬਾਰ ਸਜ ਰਿਹਾ ਹੈ। ਬੈਠੇ ਹਨ ਆਪ ਅਡੋਲ, ਨੈਣ ਮੁੰਦੇ ਹੋਏ ਆਪਾ ਆਪੇ ਵਿਚ ਲੀਨ ਹੋ ਰਿਹਾ ਹੈ। ਬੰਦ ਨੈਣਾਂ ਤੋਂ ਜਾਪਦਾ ਹੈ ਕਿ ਸ਼ਾਂਤਿ, ਟਿਕਾਉ, ਆਪੇ ਦੇ ਰਸ ਵਿਚ ਆਪੇ ਦੀ ਲੀਨਤਾ ਦੀ ਇਹ ਜੀਉਂਦੀ ਮੂਰਤੀ ਹੈ। ਮਿੱਠਾ ਮਿੱਠਾ ਪ੍ਰਕਾਸ਼ ਚਮਕ ਰਿਹਾ ਹੈ ਉਦਾਲੇ ਸੁਹਣੇ ਚਿਹਰੇ ਦੇ। ਨੈਣ ਠਰ ਰਹੇ ਹਨ, ਸੀਤਲ ਹੋ ਰਹੇ ਹਨ ਦਰਸ਼ਨ ਕਰਨ ਵਾਲੇ ਪ੍ਰੇਮੀਆਂ ਦੇ, ਸਾਰੇ ਇਸ ਮਨਮੋਹਨ ਟਿਕਾਉ ਨੂੰ ਤੱਕ ਤੱਕ ਕੇ ਚੁਪ ਤੇ ਟਿਕਾਉ ਵਿਚ ਅਚੱਲ ਅਹਿੱਲ ਮੂਰਤੀਆਂ ਵਾਙੂ ਇਕ ਟਕ ਬੱਧੀ ਮਾਨੋ ਸਮਾਧੀਆਂ ਵਿਚ ਹੈਨ। ਇਤਨੇ ਬੰਦੇ ਸਾਈਂ ਦੇ ਬੈਠੇ ਹਨ, ਪਰ ਇਸ ਤਰ੍ਹਾਂ ਦੀ ਚੁਪ ਹੈ ਕਿ ਕੋਈ ਸੱਦ ਨਹੀਂ ਸੁਣਾਈ ਦਿੰਦੀ, ਇਥੋਂ ਤਾਈਂ ਕਿ ਸੁਆਸਾਂ ਦੇ ਆਉਣ ਜਾਣ ਦੀ ਆਵਾਜ਼ ਵੀ ਕੰਨ ਨਹੀਂ ਪਕੜਦੇ, ਐਸੇ ਧੀਮੇ ਤੇ ਬੇ-ਮਲੂਮ ਆ ਜਾ ਰਹੇ ਹਨ ਸ੍ਵਾਸ। ਕਿਤਨਾ ਚਿਰ ਇਸ ਰੰਗ ਰੱਤੜੇ ਰੰਗ ਵਿਚੋਂ ਸਾਹਿਬਾਂ ਦੇ ਨੈਣ ਕਮਲਾਂ ਵਾਂਗੂ ਬਿਕਸ ਆਏ। ਮੰਦ ਮੰਦ ਰਸਭਰੀ ਆਪ ਦੀ ਤੱਕਣੀ ਆਪਣੇ ਸਾਹਮਣੇ ਇਕ ਨੁਕਤੇ ਤੇ ਪੈ ਰਹੀ ਹੈ, ਫੇਰ ਨੈਣਾਂ ਨੇ ਹਲਕੀਆਂ ਹਲਕੀਆਂ ਮਸਤ ਹੋ ਰਹੀਆਂ ਪਲਕਾਂ ਦੇ ਝਲਕਾਰੇ ਲਏ, ਫਿਰ ਇਕ ਲੰਮਾ ਸਾਹ ਲੈ ਕੇ ਕਿਰਪਾ ਨਾਲ ਭਰੀ ਸਾਹਿਬਾਂ

ਦੀ ਦ੍ਰਿਸ਼ਟੀ ਚੁਫੇਰੇ ਫਿਰ ਗਈ। ਸਭ ਦੇ ਨੈਣ ਸਾਹਿਬਾਂ ਦੇ ਨੈਣਾਂ ਤੋਂ ਅੰਮ੍ਰਿਤ-ਬਰਖਾ ਦੀਆਂ ਕਣੀਆਂ ਐਉਂ ਲੈਣ ਲਗ ਪਏ, ਜਿਵੇਂ ਪਪੀਹਾ ਸ੍ਵਾਂਤਿ ਬੂੰਦ ਨੂੰ ਲੈ ਲੈ ਕੇ ਖੀਵਾ ਹੁੰਦਾ ਹੈ। ਕੁਛ ਚਿਰ ਮਗਰੋਂ ਆਪ ਨੇ ਕੁਛ ਸੈਨਤ ਕੀਤੀ। ਮੇਵੜਾ ਹਾਜ਼ਰ ਹੋਇਆ। ਆਈਆਂ ਸੰਗਤਾਂ ਦੇ ਅਰਦਾਸੇ ਲਗੇ ਹੋਣ। ਇਹ ਸੰਗਤ ਜਿਸ ਨਾਲ ਪਠਾਣ ਆਇਆ ਸੀ, ਪੇਸ਼ ਹੋਈ। ਸਾਰਿਆਂ ਤੇ ਕ੍ਰਿਪਾ ਹੋਈ, ਸੁਖ ਸਾਂਦ ਪੁੱਛੀ, ਵਰ ਦਾਨ ਦਿੱਤੇ। ਜਦ ਇਹ ਸੰਗਤ ਬੀ ਆਪਣੇ ਟਿਕਾਣੇ ਬਿਰਾਜ ਗਈ ਤਾਂ ਸਾਹਿਬਾਂ ਨੇ ਆਪਣੇ ਇਕ ਚੋਬਦਾਰ ਨੂੰ ਆਗਜਾ ਕੀਤੀ ਕਿ ਔਹ ਜੋ ਸਭ ਤੋਂ ਅਖ਼ੀਰ ਕਨਾਤ ਦੇ ਨਾਲ ਵਾਰ ਨਿੰਮੋਝਾਣ ਸੂਰਤ ਵਿਚ ਇਕ ਯੁਵਕ ਲੜਕਾ ਖੜਾ ਹੈ, ਉਸਨੂੰ ਲੈ ਆਓ, ਇਸ ਦਾ ਨਾਉਂ 'ਕਰੀਮ' ਹਈ। ਤਾਂ ਚੋਬਦਾਰ ਨੇ ਆ ਕੇ ਉਸ ਪਠਾਣ ਬੱਚੇ ਨੂੰ, ਜੋ ਸ਼ਰਮ ਦਾ ਮਾਰਿਆ ਸਭ ਤੋਂ ਪਿੱਛੇ ਕਨਾਤ ਦੇ ਦਰਵਾਜ਼ੇ ਦੇ ਨਾਲ ਵਾਰ ਖੜਾ ਸੀ, ਆਵਾਜ਼ ਦਿੱਤੀ 'ਹੇ ਕਰੀਮ ਖਾਨ ! ਕਿਰਪਾ ਦਾ ਪਾਤ੍ਰ ! ਚੱਲ ਤੈਨੂੰ ਸਤਿਗੁਰੂ ਬੁਲਾਉਂਦੇ ਹਨ।' ਇਹ ਗਰੀਬ ਨਿਵਾਜਤਾ ਦੇਖ ਕੇ ਕਰੀਮ ਖਾਨ ਸਿਰ ਨਿਵਾ ਤੇ ਹੱਥ ਜੋੜਕੇ ਮਗਰੇ ਮਗਰ ਟੁਰ ਪਿਆ ਤੇ ਆ ਅਦਬ ਨਾਲ ਸਲਾਮ ਕਰਕੇ ਸਜਦੇ ਵਿਚ ਪੈ ਗਿਆ। ਤਦ ਸਤਿਗੁਰ ਜੀ ਨੇ ਤੀਰ ਨਾਲ ਥਾਪੜਾ ਦੇ ਕੇ ਕਿਹਾ "ਉਠ ਹੇ ਰੱਬ ਦੇ ਬੰਦੇ। ਕਹੁ ਆਪਣੀ ਵਿਥਿਆ।" ਤਦ ਉਸ ਨੇ ਦੁਇ ਹੱਥ ਜੋੜ ਕੇ ਆਖਿਆ-'ਹੇ ਮਾਲਕ ! ਮੈਂ ਇਕ ਰਾਜ ਕਰ ਰਹੇ ਪਠਾਣ ਸਰਦਾਰ ਦਾ ਬੱਚਾ ਹਾਂ, ਮੇਰੇ ਪਿਤਾ ਨੂੰ ਸ਼ਰੀਕੇ ਨੇ ਮਾਰ ਦਿੱਤਾ ਹੈ ਤੇ ਸਭ ਕੁਛ ਸਾਂਭ ਲਿਆ ਹੈ। ਮੈਨੂੰ ਬੀ ਮਾਰਨ ਨੂੰ ਫਿਰਦਾ ਸੀ ਪਰ ਮੈਂ ਚੋਰੀ ਨਿਕਲ ਆਇਆ ਹਾਂ। ਮੈਂ ਅਤਿ ਦੁਖੀ ਤੇ ਦੀਨ ਹਾਂ, ਦੁਨੀਆਂ ਗੁਆ ਬੈਠਾ ਹਾਂ, ਦੀਨ ਤਾਈਂ ਮੇਰੀ ਪਹੁੰਚ ਨਹੀਂ। ਮੈਂ ਜਗਤ ਤੇ ਰੁਲ ਰਿਹਾ ਸਾਂ, ਜਿਵੇਂ ਦਰਖਤ ਤੋਂ ਟੁੱਟਾ ਸੁੱਕਾ ਪੱਤਾ ਹੁੰਦਾ ਹੈ। ਨਾ ਮੇਰਾ ਟਿਕਾਣਾ ਜ਼ਿਮੀਂ ਤੇ ਨਾਂ ਅਸਮਾਨ ਤੇ, ਨਾ ਪੂਰਬ ਪੱਛਮ ਨਾ ਉੱਤਰ ਦੱਖਣ। ਹਵਾ ਦੇ ਬੁੱਲੇ ਮੈਨੂੰ ਜਿੱਧਰ ਚਾਹੁਣ ਉਡਾਈ ਫਿਰਦੇ ਸਨ ਕਿ ਇਸ ਡਾਵਾਂ ਡੋਲ ਹਾਲਤ ਵਿਚ ਮੈਨੂੰ ਭੁੱਖ ਨੇ ਘੇਰ ਲਿਆ। ਛੇ ਸੱਤ ਦਿਨ ਮੈਂ ਕੜਾਕੇ ਕੱਟੇ ਹਨ। ਹੁਣ ਮੌਤ ਮੇਰੇ ਵਲ ਤੱਕ ਰਹੀ ਸੀ ਕਿ ਮੈਂ ਹਲਾਲ ਹਰਾਮ ਦੀ ਤਮੀਜ਼ ਛੋੜਕੇ ਮੌਤ ਦਾ ਮੁਕਾਬਲਾ ਕਰਨ ਲੱਗਾ ਸਾਂ ਕਿ ਅਚਾਨਕ ਮੈਨੂੰ ਆਪ ਦੀ ਉੱਮਤ ਦੇ ਦੀਦਾਰੇ ਹੋ ਗਏ, ਉਹਨਾਂ ਦੀ ਮਿਹਰ ਨਾਲ ਮੇਰੇ ਪ੍ਰਾਣ ਬਚ ਗਏ, ਮੇਰਾ ਦੀਨ ਬਚ ਗਿਆ। ਉਹਨਾਂ ਦੀ ਰਹਿਮਤ ਨਾਲ ਇਸ ਦਰ ਦਾ ਮੈਨੂੰ ਥਹੁ ਪੈ ਗਿਆ, ਜੋ ਸ਼ੈਤਾਨ ਦੀ ਵਢਾਈ ਇਸ ਧਰਤੀ ਉਤੇ ਮੁੜ ਬਹਿਸ਼ਤਾਂ ਨੂੰ ਲੈ ਆਇਆ ਹੈ। ਉਹਨਾਂ ਦੀ ਮੇਹਰ ਨਾਲ ਮੈਂ ਇਹ ਜਲਾਲ ਵਾਲੇ ਦੀਦਾਰ ਆਣ ਕੀਤੇ ਹਨ। ਮੇਰਾ ਹਸਬ ਨਸਬ ਤੇ ਹਾਲ ਇਹ ਹੈ। ਸ਼ਰਨਾਗਤਿ ਹਾਂ ਤੇ ਪਨਾਹ ਮੰਗਦਾ ਹਾਂ।

ਸਾਹਿਬਾਂ ਨੇ ਚੁਫੇਰੇ ਡਿੱਠਾ, ਸਾਰਾ ਦਰਬਾਰ ਤੱਕ ਰਿਹਾ ਸੀ ਕਿ ਦੇਖੀਏ ਇਸ ਦੀਨ ਦੁਖੀਏ ਪਰ ਕੀਹ ਕ੍ਰਿਪਾ ਹੁੰਦੀ ਹੈ ਕਿ ਆਪ ਨੇ ਫੇਰ ਉਸ ਬੱਚੇ ਵਲ ਤੱਕਿਆ ਤੇ ਚੋਬਦਾਰ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਇਸ ਨੌਜਵਾਨ ਨੂੰ ਲੈ ਜਾਓ। ਇਸ ਨੂੰ ਸਾਬਣ ਦਹੀਂ ਨਾਲ ਖੂਬ ਇਸ਼ਨਾਨ ਕਰਾਓ, ਨਵੇਂ ਕਪੜੇ ਪਹਿਨਾਓ ਤੇ ਫੇਰ ਲੈ ਕੇ ਆਓ। ਚੋਬਦਾਰ ਲੈ ਕੇ ਚਲੇ ਗਏ।

੪.

ਹੁਣ ਦਰਬਾਰ ਵਿਚ ਇਕ ਰੰਗ ਹੋਰ ਖਿੜਿਆ : ਇਕ ਜ਼ਿਮੀਂਦਾਰ ਸੀ ਜੋ ਆਨੰਦਪੁਰ ਦੇ ਨੇੜੇ ਕਿਸੇ ਗਿਰਾਂ ਵਿਚ ਰਹਿੰਦਾ ਸੀ, ਉਹ ਹਾਜ਼ਰ ਹੋਇਆ। ਜਾਂ ਉਹ ਮੱਥਾ ਟੇਕ ਕੇ ਬੈਠ ਗਿਆ ਤਾਂ ਭਾਈ ਦਰਬਾਰਾ ਸਿੰਘ - ਸ੍ਰੀ ਗੁਰੂ ਜੀ ਦੇ ਲੰਗਰ ਦਾ ਸੂਪਕਾਰ - ਆ ਹਾਜ਼ਰ ਹੋਇਆ ਕਿ ਪਾਤਸ਼ਾਹ ਲੰਗਰ ਤਿਆਰ ਹੈ। ਤਾਂ ਸਾਹਿਬ ਉਸ ਵੇਲੇ ਆਖਣ ਲੱਗੇ : "ਸੰਗਤਾਂ ਨੂੰ ਪ੍ਰਸ਼ਾਦ ਵਰਤਾਓ, ਅਸਾਂ ਭੋਜਨ ਛਕ ਲਿਆ ਹੈ, ਹੋਰ ਨਹੀਂ ਛਕਣਾ।" ਤਦ ਦਰਬਾਰਾ ਸਿੰਘ ਤੇ ਸੰਗਤ ਹਰਜਾਣ ਹੋ ਕੇ ਤੱਕਣ ਲੱਗ ਗਏ ਕਿ ਸਾਹਿਬਾਂ ਨੇ ਪ੍ਰਸ਼ਾਦ ਤਾਂ ਅਜੇ ਪਾਇਆ ਨਹੀਂ ਤੇ ਇਹ ਬਚਨ ਕੀਹ ਹੋਇਆ ਹੈ, ਜੋ 'ਅਸਾਂ ਭੋਜਨ ਛੱਕ ਲਿਆ ਹੈ।' ਤਦ ਸਾਹਿਬ ਬੋਲੇ - "ਭਾਈ ਬਾਜਰੇ ਦਾ ਪ੍ਰਸ਼ਾਦਾ, ਸਰ੍ਹੋਂ ਦਾ ਸਾਗ, ਮਿੱਠਾ ਮਿੱਠਾ ਦਹੀਂ ਤੇ ਸੱਜਰਾ ਸੱਜਰਾ ਮੱਖਣ ਇਹ ਅਸਾਂ ਰੱਜ ਕੇ ਛਕ ਲਿਆ ਹੈ, ਹੋਰ ਲੋੜ ਨਹੀਂ।" ਫੇਰ ਦਰਬਾਰਾ ਸਿੰਘ ਨੇ ਅਚੰਭੇ ਨਾਲ ਤੱਕਿਆ, ਤਦ ਆਪ ਨੇ ਨਵੇਂ ਆਕੇ ਬੈਠੇ ਉਸ ਜ਼ਿਮੀਂਦਾਰ ਸਿੰਘ ਵਲ ਸੈਨਤ ਕੀਤੀ

ਤੇ ਕਿਹਾ, "ਉਸ ਸਿਖ ਨੇ, ਜੋ ਪਰੇ ਬੈਠਾ ਹੈ, ਹਾਂ, ਓਸ ਨੇ ਮੈਨੂੰ ਬਾਜਰੇ ਦੀ ਰੋਟੀ ਤੇ ਦਹੀਂ, ਮੱਖਣ, ਲੱਸੀ ਸਾਗ ਨਾਲ ਖੁਆਇਆ ਹੈ।" ਤਦ ਸਿੱਖਾਂ ਨੇ ਉਸ ਵਲ ਡਿੱਠਾ ਤੇ ਕਿਸੇ ਨੇ ਕਿਹਾ 'ਸਿੱਖਾ ! ਤੂੰ ਬੜੇ ਭਾਗਾਂ ਵਾਲਾ ਹੈਂ, ਪਰ ਤੂੰ ਕਿਹੜੇ ਵੇਲੇ ਸਤਿਗੁਰਾਂ ਨੂੰ ਪ੍ਰਸ਼ਾਦ ਛਕਾਇਆ ?' ਉਹ ਸਿਖ ਉਠ ਖੜਾ ਹੋਇਆ ਤੇ ਹੱਥ ਜੋੜ ਕੇ ਆਖਣ ਲਗਾ – "ਸਾਧਸੰਗਤ ਗੁਰੂ ਕੇ ਖਾਲਸਾ ਜੀ ! ਮੈਂ ਤਾਂ ਭੁੱਲ ਕੀਤੀ ਸੀ, ਪਰ ਮੇਰੇ ਦਾਤਾ ਬਖਸ਼ਣਹਾਰ ਨੇ ਮੇਰੀ ਨਿਮਾਣੀ ਭੇਟ, ਭੁੱਲ ਨੂੰ ਮੇਟ ਕੇ, ਦਰ ਪਰਵਾਣ ਕਰ ਲਈ ਹੈ। ਵਾਰਤਾ ਐਉਂ ਹੈ[1] ਕਿ ਗੁਰੂ ਕੀ ਮਿਹਰ ਨਾਲ ਮੇਰਾ ਬਾਜਰੇ ਦਾ ਖੇਤ ਪੱਕਾ ਸੀ, ਸੋ ਮੈਂ ਖਿਆਲ ਕੀਤਾ ਕਿ ਜਿਵੇਂ ਸਤਿਗੁਰ ਨੇ ਸਾਡੀ ਕਲਿਆਣ ਕਰਨੀ ਹੈ, ਮੇਰੇ ਅੰਨ ਦੇ ਹਰੇਕ ਦਾਣੇ ਦੀ ਬੀ ਕਲਿਆਨ ਹੋਵੇ, ਸੋ ਮੈਂ ਮੂਰਖ ਨੇ ਸੋਚਿਆ ਕਿ ਜੇ ਇਕ ਬੁਰਕੀ ਸਾਹਿਬਾਂ ਦੇ ਰਸਨੀ ਲੈਕ ਹੋ ਜਾਵੇ ਤਾਂ ਸਾਰੇ ਦਾਣਿਆਂ ਦੀ ਕਲਿਆਣ ਹੋ ਜਾਵੇਗੀ। ਇਹ ਨਿਸਚਾ ਧਾਰ ਕੇ ਮੈਂ ਬਾਜਰੇ ਦਾ ਬਰੀਕ ਆਟਾ ਪਿਸਵਾਇਆ ਤੇ ਘਰ ਵਾਲੀ ਤੋਂ ਪਕਵਾ ਕੇ, ਚੋਘਣੇ ਕੱਢ ਕੇ, ਮੱਖਣ ਨਾਲ ਤਰ ਕਰਕੇ ਤੇ ਨਾਲ ਮੱਖਣ ਤੇ ਸਰ੍ਹੋਂ ਦਾ ਸਾਗ ਤੇ ਲੱਸੀ ਲੈ ਕੇ ਸਵੇਰੇ ਘਰੋਂ ਤੁਰ ਪਿਆ। ਜੋ ਚਾਹੇ ਮੈਂ ਗਰੀਬ ਹਾਂ ਤੇ ਅੰਨ ਮੋਟਾ ਹੈ, ਪਰ ਸਾਹਿਬਾਂ ਨੇ ਜੇ ਨਜ਼ਰ ਨਾਲ ਤੱਕ ਹੀ ਲਿਆ, ਹਿਕੋ ਇਕ ਬੁਰਕੀ ਹੀ ਮੂੰਹ ਪਾ ਲਈ ਤਾਂ ਮੇਰੇ ਖੇਤ ਦੀ ਕਲਿਆਣ ਹੋ ਜਾਏਗੀ। ਹਾਂ ਜੀ, ਹਰ ਦਾਣੇ ਵਿਚ ਜਿੰਦ ਜੁ ਹੋਈ। ਜਦ ਮੈਂ ਤੁਰਦਾ ਤੁਰਦਾ ਨਦੀ ਦੇ ਕਿਨਾਰੇ ਆਇਆ ਤਾਂ ਪੰਜ ਸਿੰਘ ਬੈਠੇ ਸਨ, ਉਹ ਅੰਮ੍ਰਿਤ ਵੇਲੇ ਤੋਂ ਅਸ਼ਨਾਨ ਕਰ ਕੇ ਬਾਣੀ ਪੜ੍ਹ ਕੇ ਨਾਮ-ਅਰਾਧਨਾਂ ਵਿਚ ਲੱਗੇ ਬੜੇ ਆਨੰਦ ਵਿਚ ਮਜੇ ਹੋਏ ਸਨ ਕਿ ਮੈਂ ਉਹਨਾਂ ਨੂੰ ਭਜਨੀਕ ਗੁਰੂ ਕੇ ਲਾਲ ਸਮਝ ਕੇ 'ਵਾਹਿਗੁਰੂ ਜੀ ਕੀ ਫ਼ਤਹ' ਬੁਲਾਈ ਤਾਂ ਉਹਨਾਂ ਬੀ ਪ੍ਰੇਮ ਨਾਲ 'ਫ਼ਤਹ' ਬੁਲਾਈ ਤੇ ਆਖਣ ਲਗੇ : ਗੁਰੂ ਕੇ ਪਿਆਰਿਆ ! ਤੂੰ ਕਿੱਥੇ ਚੱਲਿਆ ਹੈਂ ? ਤਾਂ ਮੈਂ ਕਿਹਾ : ਖਾਲਸਾ ਜੀ ! ਗੁਰੂ ਕੇ ਹਜ਼ੂਰ ਪ੍ਰਸ਼ਾਦ ਲੈ ਕੇ ਚੱਲਿਆ ਹਾਂ, ਜੋ ਭਲਾ ਕੁਛ ਮੂਹਿ ਪਾ ਲੈਵਣ। ਤਾਂ ਉਹਨਾਂ ਵਿਚੋਂ ਇਕ ਸਿਖ-ਜੋ ਮਗਨ ਜਿਹਾ ਸੀ-ਬੜੀ ਮਗਨ ਜੇਹੀ ਧਾਰਨਾ ਵਿਚ ਬੋਲਿਆ – ਭਲਾ ਖਾਲਸਾ ! ਪੰਜਾਂ ਵਿਚ ਪਰਮੇਸ਼ਰ ਗੁਰ ਘਰ ਵਿਚ ਹੀ ਆਇਆ ਹੈ ਨਾ ? ਸੋ ਤੂੰ ਗੁਰੂ ਕਾ ਸਿੱਖ ਹੈਂ ਲਿਆ ਪ੍ਰਸ਼ਾਦਾ ਤੇਰਾ ਇਥੋਂ ਹੀ ਸਤਿਗੁਰਾਂ ਦੀ ਰਸਨੀ ਲੁਆ ਦੇਨੇ ਹਾਂ। ਏਹ ਸਿਖ ਖੁਧਿਆਰਥੁ ਹਨ ਇਨ੍ਹਾਂ ਨੂੰ ਛਕਾ ਦੇਹਿ, ਗੁਰੂ ਕਿਆਂ ਨੂੰ ਪਹੁੰਚ ਜਾਏਗਾ, ਦੇਖ ਗੁਰੂ ਦਾ ਵਾਕ ਹੈ, 'ਸਤਿਗੁਰ ਬਿਗਸੈ ਗੁਰ ਸਿਖ ਮੁਖ ਪਾਇ।' ਸੋ ਹੇ ਸਤਿਗੁਰ ਦਾਤਾ ਜੀ! ਹੇ ਖਾਲਸਾ ਸਾਧ ਸੰਗਤ ਜੀ ! ਮੈਂ ਸੋਚਿਆ ਸਾਡੇ ਗੁਰੂ ਜੀ ਆਖਿਆ ਕਰਦੇ ਹਨ : "ਅਸੀਂ ਸੰਗਤ ਵਿਚ ਵਰਤਦੇ ਹਾਂ" ਤਾਂ ਤੇ ਮੈਂ ਗੁਰੂ ਕੇ ਪਿਆਰੇ ਸਿਖਾਂ ਦੀ ਆਗਜਾ ਨਾ ਮੋੜਾਂ, ਇਹਨਾਂ ਨੂੰ ਛਕਾ ਦਿਆਂ ਤੇ ਸਤਿਗੁਰ ਵਾਸਤੇ ਕੱਲ ਫੇਰ ਅੰਨ ਏਸੇ ਤਰ੍ਹਾਂ ਲੈ ਕੇ ਹਾਜ਼ਰ ਹੋ ਜਾਵਾਂਗਾ। ਸੋ ਮੈਂ ਪ੍ਰਸ਼ਾਦ ਉਹਨਾਂ ਦੇ ਅੱਗੇ ਧਰ ਦਿੱਤਾ। ਉਹਨਾਂ ਨੇ ਅਰਦਾਸਾ ਕੀਤਾ, ਕਰਦ ਭੇਟ ਕੀਤੀ ਤੇ ਫੇਰ, 'ਵਾਹਿਗੁਰੂ' 'ਵਾਹਿਗੁਰੂ' ਜਪਦਿਆਂ ਛਕ ਲਿਆ। ਛਕ ਕੇ ਉਹਨਾਂ ਨੇ ਅਰਦਾਸਾ ਕੀਤਾ ਜੋ ਹੇ ਸਤਿਗੁਰੂ ! ਸਿਖ ਦੀ ਭਾਵਨੀ ਪੂਰਨ ਕਰਨੀ, ਇਸ ਦਾ ਦਿੱਤਾ ਆਪ ਨੂੰ ਪਰਵਾਨ ਹੋਵੇ! ਅਰਦਾਸਾ ਸੋਧ ਕੇ ਉਹ ਸਿੰਘ ਫੇਰ ਆਪਣੇ ਸਿਮਰਨ ਵਿਚ ਲੱਗ ਪਏ ਤੇ ਮੈਂ ਸੋਚਿਆ, ਮੈਂ ਹੁਣ ਪ੍ਰਸ਼ਾਦ ਛਕਾਉਣੋਂ ਤਾਂ ਰਿਹਾ, ਪਰ ਨੇੜੇ ਆਇਆ ਹਾਂ, ਦਰਸ਼ਨ ਤੋਂ ਵਿਰਵਾ ਤਾਂ ਨਾ ਜਾਵਾਂ। ਐਉਂ ਮੈਂ ਦਰਸ਼ਨ ਕਰਨ ਆ ਗਿਆ ਸਾਂ, ਪਰ ਇੱਥੇ ਆ ਕੇ ਕੀ ਦੇਖਦਾ ਹਾਂ ਕਿ ਗੁਰ ਸਿਖਾਂ ਦਾ ਵਾਕ ਸੱਤ ਹੋ ਗਿਆ ਹੈ, ਸਿੱਖਾਂ ਮੂੰਹ ਪਾਇਆਂ ਸਤਿਗੁਰੂ ਨੂੰ ਪਹੁੰਚ ਪਿਆ ਹੈ।" ਉਸ ਵੇਲੇ ਭਗਤ ਵਛਲ ਦੀਨਾ ਬੰਧੂ ਸਤਿਗੁਰੂ ਜੀ ਬੋਲੇ :-

"ਸਿੱਖਾ ! ਉਹ ਭੋਜਨ ਮੈਂ ਹੀ ਖਾਧਾ ਹੈ, ਮੈਨੂੰ ਹੀ ਉਹ ਭੁੱਖ ਲੱਗੀ ਹੋਈ ਸੀ, ਤੂੰ ਵੇਲੇ ਸਿਰ ਛਕਾਇਆ ਹੈ। ਤੂੰ ਜੋ ਸਿੱਖਾਂ ਦੇ ਮੂੰਹ ਪਾਇਆ ਹੈ, ਉਸ ਦੀ ਖੁਸ਼ੀ ਮੈਨੂੰ ਹੋਈ ਹੈ, 'ਜੋ ਸਿਖਾਂ ਨੋ ਲੋੜੇ ਸੋ ਗੁਰ ਖੁਸੀ ਆਵੈ'। ਪ੍ਰਾਤਹਕਾਲ ਜਾਗ ਕੇ, ਪਵਿੱਤ੍ਰ ਹੋ ਕੇ, ਅਸ਼ਨਾਨ ਕਰ ਕੇ ਨਿਸ਼ਕਪਟ ਹੋ ਕੇ, ਜੋ ਗੁਰਮੁਖ ਅਭਜਾਗਤ ਸਿਖ, ਤਾਤ ਇਰਖਾ ਤੋਂ ਰਹਿਤ ਹੋ ਕੇ ਨਾਮ

1. ਇਹ ਪ੍ਰਸੰਗ ਬੀ ਸ੍ਰੀ ਗੁਪਾਲ ਜੀ ਦਾ ਗੁਰਦੁਆਰੇ ਵਰਤਿਆ ਤੇ ਆਪ ਦੇਖਿਆ ਪ੍ਰਸੰਗ ਹੈ। ਦੇਖੋ ਸਫ਼ਾ ੪੩੧ ਇਤਿਹਾਸਿਕ ਪਹਿਲੂ।

ਜਪਦਾ ਹੈ ਉਨ੍ਹਾਂ ਦੀ ਜੋ ਸੇਵਾ ਕਰਦਾ ਹੈ ਉਹ ਸੇਵਾ ਮੈਨੂੰ ਪਹੁੰਚਦੀ ਹੈ, ਉਹ ਮੇਰੀ ਸੇਵਾ ਹੈ। ਜੋ ਕੋਈ ਉਨ੍ਹਾਂ ਦੀ ਨਿੰਦਿਆ ਕਰਦਾ ਹੈ, ਉਹਨਾਂ ਨੂੰ ਦੁਖਾਉਂਦਾ ਹੈ ਉਹ ਮੈਨੂੰ ਦੁਖ ਦੇਂਦਾ ਹੈ, ਉਨ੍ਹਾਂ ਦੇ ਸੰਕਟ ਹਰੇ ਨਹੀਂ ਜਾਣਗੇ। ਸੋ ਹੇ ਸਿੱਖ, ਤੇਰਾ ਪਜਾਰ ਤੇ ਭਾਵਨੀ ਨਾਲ ਬਣਾਇਆ ਅੰਨ ਤੇ ਨਾਮ ਦੇ ਰਸੀਏ ਮੇਰੇ ਪਿਆਰੇ ਸਿਖਾਂ ਨੂੰ ਖੁਆਇਆ ਅੰਨ ਮੈਨੂੰ ਪੁੱਜਾ ਹੈ, ਮੈਂ ਤ੍ਰਿਪਤ ਹੋਇਆ ਹਾਂ।"

ਸਾਹਿਬਾਂ ਦੇ ਇਸ ਗੁਰ-ਸਿਖ ਪ੍ਰੇਮ ਨੂੰ ਵੇਖ ਕੇ ਸਾਰੀ ਸੰਗਤ ਦੇ ਨੈਣ ਭਰ ਆਏ ਤੇ ਉਹ ਸਿਖ ਤਾਂ ਚਰਨਾਂ ਤੇ ਸੀਸ ਧਰਕੇ ਰੁਦਨ ਕਰਨ ਲਗ ਪਿਆ। ਸਤਿਗੁਰੂ ਨੇ ਮਿਹਰ ਦੀ ਨਜ਼ਰ ਕਰਕੇ ਸਿਖ ਨੂੰ 'ਨਿਹਾਲ' ਕਰ ਦਿੱਤਾ। ਸਿੱਖ ਦੇ ਜੀ ਵਿਚ ਹੁਣ ਇਹ ਗੱਲ ਆਈ ਕਿ ਜਿਹੜਾ ਗੁਰੂ ਸਾਗ ਤੇ ਬਾਜਰੇ ਦੀ ਰੋਟੀ ਤੇ ਰੀਝਦਾ ਹੈ ਤੇ ਮਿਹਰਾਂ ਕਰਦਾ ਹੈ ਮੈਂ ਆਪਣਾ ਘਰ ਬਾਰ, ਮਾਲ ਮਾਨ, ਪਰਵਾਰ ਓਸਦਾ ਨਹੀਂ ਸਮਝਦਾ, ਆਪਣਾ ਸਮਝਦਾ ਹਾਂ, ਕੀ ਮੈਂ ਇਹ ਗੁਰੂ ਦੀ ਵਸਤੂ, ਗੁਰੂ ਤੋਂ ਲੁਕੋ ਲੁਕੋ ਨਹੀਂ ਰਖਦਾ ? ਕੀ ਇਹ ਚੋਰੀ ਨਹੀਂ ? ਮੈਂ ਤਾਂ ਚੋਰ ਹਾਂ, ਜੋ ਗੁਰੂ ਤੇ ਪਰਮੇਸ਼ੁਰ ਦੀ ਬਖਸ਼ਿਸ਼ ਨੂੰ ਆਪਣੀ ਕਰ ਜਾਣਦਾ ਹਾਂ, ਐਉਂ ਸੋਚਦਿਆਂ ਉਸ ਦਾ ਮੋਹ ਅੰਦਰੋਂ ਟੁੱਟ ਗਿਆ, ਤੇ ਸੱਭੋ ਕੁਝ ਵਾਹਿਗੁਰੂ ਦਾ ਦਿੱਸਣ ਲੱਗ ਗਿਆ, ਤਦ ਮਨ ਵਿਚ ਸਮਝਿਓਸੁ ਕਿ ਮੈਂ ਤਾਂ ਟਹਿਲ ਕਰਨੀ ਤੇ ਰੋਟੀ ਖਾਣੀ ਹੈ। ਹੈ ਸਭ ਕੁਛ ਗੁਰ ਪਰਮੇਸ਼ੁਰ ਦਾ, ਉਸ ਵਿਚ ਮੋਹ ਨਹੀਂ ਧਾਰਨਾ, ਮੋਹ ਗੁਰੂ-ਪਰਮੇਸ਼ੁਰ ਦੇ ਚਰਨਾਂ ਨਾਲ ਕਰਨਾ ਹੈ। ਐਉਂ ਉਸ ਨੂੰ 'ਦਾਤਾਰ' ਦਾ ਪਿਆਰ ਮੁਖ ਹੋ ਗਿਆ ਤੇ 'ਦਾਤ' ਦਾ ਪਿਆਰ ਪਿੱਛੇ ਪੈ ਗਿਆ। ਸੋ ਇਉਂ ਨਾਮ ਦਾਨ ਲੈਕੇ ਨਾਮ ਜਪਦਾ ਉਹ ਘਰ ਗਿਆ ਤੇ ਫੇਰ ਘਰ ਵਿਚ ਇਸ ਉੱਚ-ਦ੍ਰਿਸ਼ਟੀ ਨਾਲ ਰਿਹਾ। ਕਦੇ ਕਦੇ ਉਸੇ ਤਰ੍ਹਾਂ ਪ੍ਰਸ਼ਾਦ ਪਕਾ ਕੇ ਲਿਆਇਆ ਕਰੇ ਤੇ ਸਤਿਗੁਰੂ ਜੀ ਪ੍ਰਸੰਨ ਹੋ ਕੇ ਛਕਿਆ ਕਰਨ।

੫.

ਹੁਣ ਚੋਬਦਾਰ ਕਰੀਮ ਖਾਂ ਨੂੰ ਦਰਬਾਰ ਵਿਚ ਲੈ ਆਏ। ਕਰੀਮਖਾਨ ਨੂੰ ਸਤਿਗੁਰੂ ਜੀ ਨੇ ਇੰਨਾ ਨਿਵਾਜਿਆ ਕਿ ਸਵਾਰੀ ਲਈ ਘੋੜਾ ਦਿੱਤਾ, ਦਸ ਅਸਵਾਰ ਉਸਦੀ ਤਾਬਿਆ ਦੇ ਕੇ ਉਸਨੂੰ ਸਰਦਾਰ ਬਣਾ ਦਿੱਤਾ। ਘਰ ਰਹਿਣ ਵਾਸਤੇ ਦਿੱਤਾ, ਦਰਮਾਹਾਂ ਲਾ ਦਿੱਤਾ, ਕਪੜੇ ਸਰਦਾਰਾਂ ਵਾਲੇ ਤੇ ਭੂਖਣ ਬੀ ਦਿੱਤੇ। ਜਦ ਬੁਲਾਉਣ ਤਾਂ ਬੱਚਾ ਕਰਕੇ ਆਵਾਜ਼ ਮਾਰਨ। ਉਹ ਬੀ ਗੁਰ ਭਾਵਨਾ ਵਿਚ ਤਤਪਰ ਹੋ ਗਿਆ, ਜੋ ਹੁਕਮ ਹੋਵੇ ਸੋ ਬਜਾ ਲਿਆਵੇ : ਫੇਰ ਸਤਿਗੁਰੂ ਭਗਵਾਨ ਨੇ ਉਸ ਦਾ ਵਿਵਾਹ ਬੀ ਇਕ ਪਠਾਣ ਘਰਾਣੇ ਵਿਚ ਕਰ ਦਿੱਤਾ। ਕਰੀਮ ਖਾਂ ਸਵੇਰੇ ਉੱਠ ਕੇ ਸ਼ਨਾਨ ਕਰਕੇ ਦੀਵਾਨ ਵਿਚ ਹਾਜ਼ਰ ਹੋਇਆ ਕਰੇ, ਜੋ ਹੁਕਮ ਹੋਵੇ ਉਸਨੇ ਪ੍ਰੇਮ ਨਾਲ ਬਜਾ ਲਿਆਉਣਾ। ਉਹ ਆਖਿਆ ਕਰੇ ਕਿ ਸਾਹਿਬਾਂ ਦਾ ਹੁਕਮ ਮੇਰੇ ਲਈ ਕੁਰਾਨ ਦਾ ਹੁਕਮ ਹੈ। ਇਸ ਤਰ੍ਹਾਂ ਕੁਛ ਸਮਾਂ ਬੀਤਿਆ। ਰੋਜ਼ ਦੀਵਾਨ ਦੀ ਹਾਜ਼ਰੀ ਤੇ ਕੀਰਤਨ ਦਾ ਕੰਨੀਂ ਪੈਣਾ ਪਠਾਣ ਬੱਚੇ ਤੇ ਅਸਰ ਲੱਗਾ ਕਰਨ। ਇਕ ਦਿਨ ਕਿਸੇ ਏਕਾਂਤ ਵੇਲੇ ਹਾਜ਼ਰ ਹੋਕੇ ਦੋਵੇਂ ਹੱਥ ਜੋੜ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਲਗਾ ਕਿ ਹੇ ਪਾਤਸ਼ਾਹ ! ਮੈਨੂੰ ਦੁਨੀਆਂ ਦੇ ਧਿਕਾਰੇ ਹੋਏ ਨੂੰ ਆਪ ਨੇ ਸਰਦਾਰੀ ਬਖਸ਼ ਕੇ ਮੁੜ ਸ਼ਾਹਜ਼ਾਦਿਆਂ ਵਾਲਾ ਜੀਵਨ ਬਖਸ਼ ਦਿੱਤਾ ਹੈ, ਮੇਰਾ ਲੂੰ ਲੂੰ ਆਪ ਦੀ ਧੰਨਤਾ ਨਾਲ ਸੰਗੀਤ ਹੋ ਹੋ ਜਾਂਦਾ ਹੈ, ਪਰ ਹੇ ਦਾਤੇ ! ਆਪ ਪਾਸ ਕੋਈ ਹੋਰ ਵਸਤੂ ਹੈ ਜੋ ਸਿਖ ਆਕੇ ਲੈਂਦੇ ਹਨ ਤੇ ਆਪਣਾ ਅੱਗਾ ਸੁਆਰਦੇ ਹਨ; ਭਾਵੇਂ ਮੈਂ ਲਾਇਕ ਨਹੀਂ, ਪਰ ਜਿਵੇਂ ਅੱਗੇ ਨਲਾਇਕ ਤੇ ਮਿਹਰ ਕੀਤੀ ਨੇ ਇਹ ਮਿਹਰ ਬੀ ਚਾ ਕਰੋ ਤੇ ਮੈਨੂੰ ਬੀ ਉਹ ਦਾਨ ਬਖਸ਼ੋ ਜਿਸ ਨੂੰ ਸਿਖ 'ਨਾਮ ਦਾਨ' ਆਖਦੇ ਹਨ। ਮੈਂ ਬੀ ਉਸਦੀ ਕਮਾਈ ਕਰਾਂ ਤੇ ਆਪਦੇ ਦਰੋਂ ਮੈਨੂੰ ਬੀ ਫਕੀਰੀ ਪ੍ਰਾਪਤ ਹੋਵੇ। ਸਤਿਗੁਰੂ ਸੁਣਕੇ ਮੁਸਕ੍ਰਾਏ ਤੇ ਕਹਿਣ ਲਗੇ : ਬੱਚਾ ਨਾਮ ਦੀ ਘਾਲ ਕਠਨ ਹੈ, ਕਿਉਂਕਿ ਪਹਿਲਾਂ ਇਹ ਵਸਤੂ ਮਿਹਰ ਦੀ ਹੈ ਤੇ ਫੇਰ ਘਾਲ ਦੀ ਹੈ। ਮਿਹਰ ਹੋ ਜਾਏ ਤੇ ਘਾਲ ਨਾ ਕਰੇ ਤਾਂ ਹੋਰ ਅਪ੍ਰਾਧ ਹੁੰਦਾ ਹੈ। ਸੋ ਤੂੰ ਆਪਣੇ ਆਪ ਨੂੰ ਤਿਆਰ ਕਰ ਜੋ ਘਾਲ ਕਰੇਂਗਾ।

ਕਰੀਮ ਖਾਂ-ਪਾਤਸ਼ਾਹ ! ਮੈਂ ਕੌਣ ਹਾਂ ਘਾਲ ਕਰਣਹਾਰਾ, ਮਿਹਰ ਕਰੋਗੇ ਤਾਂ ਘਾਲ ਬੀ ਬਖਸ਼ੋਗੇ। ਮੈਂ ਤਾਂ ਉਹੋ ਹਾਂ, ਜਿਸ ਨੂੰ ਪਾ ਅੰਨ ਬੀ ਨਹੀਂ ਸੀ ਨਸੀਬ ਹੁੰਦਾ। ਹੁਣ ਰਾਜ-ਪੂਤਾਂ ਵਾਙੂ ਰਹਿੰਦਾ ਹਾਂ।

ਇਹ ਨਿਰੀ ਆਪ ਦੀ ਮਿਹਰ ਹੈ, ਮੇਰੀ ਕੋਈ ਘਾਲ ਨਹੀਂ। ਹੁਣ ਜੇ ਸਿਖ ਬਣਾ ਲਓਗੇ ਤਾਂ ਬੀ ਨਿਰੀ ਮਿਹਰ ਹੀ ਹੋਵੇਗੀ ਸੋ ਕਰ ਦਿਓ ਬਖ਼ਸ਼ਿਸ਼।

ਸ੍ਰੀ ਸਤਿਗੁਰੂ ਜੀ ਨੇ ਮਿਹਰ ਕਰਕੇ ਨਾਮ ਦੇ ਗੱਫੇ ਬਖ਼ਸ਼ ਦਿੱਤੇ ਤਾਂ ਉਹ ਲੱਗਾ ਨਾਮ ਜਪਣ। ਪਿਛਲੀ ਰਾਤ ਤ੍ਰਿਪਹਿਰੇ ਉੱਠ ਕੇ ਨਾਮ ਜਪਣ ਬੈਠ ਜਾਇਆ ਕਰੇ, ਫੇਰ ਦੀਵਾਨ ਵਿਚ ਹਾਜ਼ਰ ਹੋਵੇ, ਦਿਨੇ ਜੋ ਹੁਕਮ ਹੋਵੇ ਸੋ ਕਮਾਵੇ। ਉਠਤ ਬੈਠਤ ਨਾਮ ਵਿਚ ਲੱਗਾ ਰਹੇ। ਸਨੇ ਮਨੇ ਮਨ ਨਿਰਮਲ ਹੋਇਆ। ਵਾਹਿਗੁਰੂ ਦੇ ਚਰਨਾਂ ਵਿਚ ਖਿਚ ਤੇ ਪਯਾਰ ਜਾਗ ਪਿਆ। ਕਦੇ ਕਦੇ ਬਿਬੇਕ ਵਿਚਾਰ ਕਰਿਆ ਕਰੇ। ਗੁਰ ਸਿਖਾਂ ਦਾ ਆਦਰ ਭਾਉ ਕਰੇ ਤੇ ਸਿਆਨਿਆਂ ਸਿਆਨਿਆਂ ਗੁਰਸਿਖਾਂ ਨਾਲ ਸਤਿਸੰਗ ਤੇ ਪਰਮਾਰਥ ਦੀ ਵਾਰਤਾਲਾਪ ਕਰੇ। ਕਦੇ ਕਦੇ ਸਮਾਂ ਲੱਭੇ ਤਾਂ ਸਤਿਗੁਰ ਜੀ ਬੀ ਉਸ ਨਾਲ ਪ੍ਰੇਮਾ-ਭਗਤੀ ਦੀ ਗੱਲ ਬਾਤ ਕਰਿਆ ਕਰਨ।

ਇਕ ਦਿਨ ਸ੍ਰੀ ਗੁਰੂ ਜੀ ਏਕਾਂਤ ਬੈਠੇ ਸਨ ਤਾਂ ਕਰੀਮ ਖਾਂ ਅਦਬ ਨਾਲ ਚਰਨਾਂ ਵਿਚ ਆ ਬੈਠਾ। ਗੱਲਾਂ ਬਾਤਾਂ ਹੁੰਦਿਆਂ ਇਸ ਨੇ ਆਖਿਆ : ਹਜ਼ੂਰ ਇਕ ਅਰਜ਼ ਹੈ, ਹੈ ਗੁਸਤਾਖੀ ਦੀ ਪਰ ਮਾਫੀ ਬਖਸ਼ ਕੇ ਜੇ ਸੁਣ ਲਵੋ ਤਾਂ ਮਿਹਰ ਹੈ! ਸਤਿਗੁਰ ਮੁਸਕ੍ਰਾਏ ਤੇ ਕਹਿਣ ਲੱਗੇ, 'ਕਹੁ ਬੱਚਾ।' ਤਦ ਉਹ ਹੱਥ ਜੋੜਕੇ ਬੋਲਿਆ : ਹੇ ਖ਼ੁਦਾਵੰਦ ! ਆਪ ਜੋ ਪਦਾਰਥ ਛਕਦੇ ਹੋ, ਸੋ ਉਹ ਆਪ ਜੋਗ ਭਗਵੰਤ ਦੀ ਪ੍ਰੀਤੀ ਦਾ ਭਾਵ ਉਤਪਤ ਕਰਦੇ ਹਨ, ਜਿਵੇਂ ਕਸਤੂਰੇ ਮ੍ਰਿਗ ਦੇ ਖਾਧੇ ਘਾਸ ਆਦਿ ਉਸ ਦੇ ਅੰਦਰ ਕਸਤੂਰੀ ਪੈਦਾ ਕਰਦੇ ਹਨ, ਪਰ ਉਹੀ ਪਦਾਰਥ ਜਦ ਅਸੀਂ ਖਾਂਦੇ ਹਾਂ ਤਾਂ ਉਹ ਸਾਡੇ ਅੰਦਰ ਕਾਮਨਾ ਦੇ ਭਾਵ ਪੈਦਾ ਕਰਦੇ ਹਨ, ਜਿਵੇਂ ਉਹੀ ਘਾਸ ਆਦਿ ਗਧੇ ਅੰਦਰ ਜਾ ਕੇ ਸੁਆਹ ਵਿਚ ਲੇਟਣ ਦਾ ਭਾਵ ਪੈਦਾ ਕਰਦੇ ਹਨ। ਸੋ ਹੇ ਭਗਵਾਨ ! ਦੱਸੋ ਜੋ ਉਹ ਪਦ ਕਿਹੜਾ ਹੈ ਕਿ ਜਿੱਥੇ ਜਾ ਕੇ ਨਾਮ ਅਭਯਾਸੀ ਉਤੇ ਪੰਜੇ ਬਲ ਨਹੀਂ ਪਾਉਂਦੇ ਤੇ ਤ੍ਰਿਸ਼ਨਾ ਦਾ ਤਾਪ ਆਕੇ ਨਹੀਂ ਚੜ੍ਹਦਾ, ਮੌਤ ਦਾ ਭੈ ਨਹੀਂ ਰਹਿੰਦਾ ਅਤੇ ਉਸ ਰਸ ਵਿਚ, ਜੋ ਨਾਮ ਰਸ ਹੈ, ਬੰਦਾ ਟਿਕਿਆ ਰਹਿੰਦਾ ਹੈ। ਮੇਰਾ ਪ੍ਰਸ਼ਨ ਮੇਰੀ ਢੀਠਤਾ ਹੈ, ਪਰ ਆਪ ਦੀਆਂ ਮਿਹਰਾਂ ਪਾ ਪਾ ਕੇ ਮੈਂ ਇਸ ਪ੍ਰਕਾਰ ਖੁੱਲ੍ਹੀਆਂ ਗੱਲਾਂ ਕਰਨ ਲੱਗ ਪੈਂਦਾ ਹਾਂ। ਜਿਵੇਂ ਅੱਗੇ ਤ੍ਰੁਠੇ ਹੋ ਤ੍ਰੁਠੇ ਰਹਿਣਾ ਪਾਤਸ਼ਾਹ ! ਜਨਮ ਮਰਨ ਦਾ ਭੈ ਲਹਿ ਜਾਵੇ, ਜਗਤ ਪਦਾਰਥ ਜੋ ਮੈਨੂੰ ਬਖਸ਼ੇ ਜੇ ਹੁਣ ਇਹਨਾਂ ਦਾ ਮੋਹ ਨਾ ਰਹੇ; ਜਿਸ ਨੇ ਸਦਾ ਰਹਿਣਾ ਹੈ, ਉਹ ਜੋ ਅਵਿਨਾਸ਼ੀ ਰੂਪ ਵਾਲਾ ਹੈ, ਉਸ ਵਿਚ ਟਿਕਿਆ ਰਹਾਂ।

ਸ੍ਰੀ ਗੁਰੂ ਜੀ ਪਰਮ ਗੰਭੀਰਤਾ ਨਾਲ ਉਸ ਦੇ ਵਾਕ-ਜੋ ਚੰਗੇ ਵਿਸਥਾਰ ਵਾਲੇ ਸਨ - ਸੁਣਦੇ ਰਹੇ। ਜਦ ਉਹ ਚੁੱਪ ਹੋ ਗਿਆ ਤਾਂ ਬੀ ਆਪ ਚੁਪ ਬੈਠੇ ਰਹੇ, ਕੁਛ ਚਿਰ ਮਗਰੋਂ ਕਹਿਣ ਲੱਗੇ : ਸੁਣ ਬੱਚਾ ! ਅਜ ਤੋਂ ਦਸਵੇਂ ਦਿਨ ਤੂੰ.... ਤੂੰ ਮਰ ਜਾਣਾ ਹੈ! ਇਹ ਕਹਿਕੇ ਸਤਿਗੁਰ ਉਠ ਕੇ ਚਲੇ ਗਏ ਤੇ ਉਹ ਆਪਣੇ ਡੇਰੇ ਚਲਾ ਗਿਆ। ਅਤਯੰਤ ਭੈ ਨੂੰ ਪ੍ਰਾਪਤ ਹੋਕੇ ਸੋਚਣ ਲੱਗਾ ਮੈਂ ਸੰਸਾਰ ਦੇ ਦੁਖ ਬੀ ਅਤਿ ਦੇ ਦੇਖ ਲਏ ਤੇ ਸੁਖ ਬੀ ਫੇਰ ਮੈਨੂੰ ਸਾਰੇ ਮਿਲ ਗਏ। ਕੋਈ ਆਰਾਮ ਤੇ ਸੁਖ ਦਾ ਸਾਮਾਨ ਨਹੀਂ ਜੋ ਗੁਰੂ ਜੀ ਨੇ ਮੈਨੂੰ ਨਹੀਂ ਦਿਤਾ। ਫਿਰ ਸਤਿਗੁਰ ਨੇ ਮੈਨੂੰ ਨਾਮ ਦਾਨ ਦਿੱਤਾ ਹੈ। ਸੋ ਪਦਾਰਥ ਤੇ ਇਸਤ੍ਰੀ ਨਾਲ ਨਹੀਂ ਜਾਣੇ, ਓਹ ਤਾਂ ਰਹਿਣਗੇ ਏਥੇ ਤੇ ਨਾਮ ਨੇ ਜਾਣਾ ਹੈ ਨਾਲ। ਹੁਣ ਜਦ ਮੈਂ ਰਹਿਣਾ ਨਹੀਂ, ਪਦਾਰਥਾਂ ਨੇ ਨਾਲ ਜਾਣਾ ਨਹੀਂ, ਤਾਂਤੇ ਇਨ੍ਹਾਂ ਦੇ ਮੋਹ ਤੋਂ ਛੁਟਣ ਤੋਂ ਪਹਿਲਾਂ ਮੈਂ ਇਨ੍ਹਾਂ ਨੂੰ ਛੱਡਾਂ। ਛੱਡਾਂ ਕਿਵੇਂ ? ਇਨ੍ਹਾਂ ਵਿਚੋਂ ਵਾਸ਼ਨਾ ਖਿੱਚ ਲਵਾਂ ਤੇ ਮਨ ਦੀ ਲਿਵ ਤੇ ਵਾਸ਼ਨਾਂ ਦੀ ਟੇਕ ਇਕ ਪਰਮੇਸੁਰ ਦੇ ਨਾਮ ਤੇ ਲਾਵਾਂ, ਜੋ ਮੈਨੂੰ ਪ੍ਰਾਪਤ ਹੈ, ਤਾਂ ਜੋ ਜੀਵਨ ਦਾ ਥੋੜਾ ਵਕਤ ਜੋ ਬਾਕੀ ਹੈ, ਸੋ ਮੈਂ ਵਧ ਤੋਂ ਵਧ ਭਜਨ ਤੇ ਲਾਵਾਂ। ਸਤਿਗੁਰੂ ਦੀ ਬਾਣੀ ਆਖਦੀ ਹੈ :-

ਸਰਬ ਤਿਆਗਿ ਭਜੁ ਕੇਵਲ ਰਾਮੁ॥ (ਗਉ: ਕਬੀਰ

ਮੈਂ ਹੁਣ ਸਭ ਕੁਛ ਨੂੰ ਮਨ ਤੋਂ ਪਰੇ ਕਰਕੇ ਕੇਵਲ ਨਾਮ ਜਪਾਂ। ਇਉਂ ਵਿਚਾਰ ਕੇ ਉਹ ਟੁੱਟ ਕੇ ਨਾਮ ਵਿਚ ਲਗ ਪਿਆ। ਦਿਨ ਰਾਤ ਨਾਮ ਵਿਚ ਲਗ ਰਿਹਾ ਹੈ, ਮੌਤ ਨੇੜੇ ਜਾਣ ਕੇ ਵਾਸ਼ਨਾਂ ਉਠਦੀਆਂ ਨਹੀਂ, ਜੇ ਉਠਦੀਆਂ ਹਨ ਤਾਂ ਮਨ ਉਹਨਾਂ ਨੂੰ ਕੱਢ ਦੇਂਦਾ ਹੈ ਕਿ ਤੂੰ ਤਾਂ ਹੁਣ ਤਿਆਰ ਹੈਂ, ਵਾਸ਼ਨਾਂ ਕਰਕੇ ਕੀਹ ਲੈਣਾ ਹਈ ? ਕਿਤਨੇ ਦਿਨ ਜੀਉਣਾ ਹਈ ਜੋ ਵਾਸ਼ਨਾਂ ਫੁਰਾਂਵਦਾ ਹੈਂ। ਫੇਰ ਉਹ ਅਰਦਾਸ ਵਿਚ ਲੀਨ ਹੋ ਹੋ ਜਾਂਦਾ ਹੈ ਕਿ ਹੇ ਵਾਹਿਗੁਰੂ ਤੁਸੀਂ ਹੀ

ਕੇਵਲ ਅਵਿਨਾਸ਼ ਹੋ, ਮੈਨੂੰ ਆਪਣੇ ਦਰਸ਼ਨ ਦਿਓ, ਮੈਨੂੰ ਪ੍ਰਾਪਤ ਹੋਵੇ, ਚਰਨਾਂ ਨਾਲ ਲਾ ਲਵੋ, ਸ਼ਰਨ ਸਮਾਵੋ, ਜੋ ਚਾਹੋ ਸੋ ਕਰੋ, ਪਰ ਹੁਣ ਮੈਨੂੰ ਜ਼ਰੂਰ ਅਪਨਾ ਲਓ। ਇਸ ਤਰ੍ਹਾਂ ਵਾਸ਼ਨਾ ਦੂਰ ਹੋ ਕੇ ਜੋ ਲਿਵ ਲਗੀ ਵਾਹਿਗੁਰੂ ਪਰਾਇਣ ਹੋ ਗਿਆ ਸਾਰਾ। ਦਸਵੇਂ ਦਿਨ ਉਸ ਨੂੰ ਐਉਂ ਭਾਸਿਆ ਕਿ ਕੋਈ ਛੌੜ ਕਟ ਗਿਆ ਹੈ ਰਿਦੇ ਦੇ ਨੈਣਾਂ ਤੋਂ ਤੇ ਸੋਚ ਫੁਰੀ ਕਿ ਮਰੇਗਾ ਕੀਹ ? ਮਰਗੀ ਦੇਹ, ਮੈਂ ਤਾਂ ਦੇਹ ਨਹੀਂ, ਮੈਂ ਤਾਂ ਪਰਮਾਤਮਾ ਦੀ ਅੰਸ਼ ਹਾਂ[1]। ਉਹ ਵਾਹਿਗੁਰੂ ਅਵਿਨਾਸ਼ ਹੈ ਉਸ ਦੀ ਅੰਸ਼ ਬੀ ਅਵਿਨਾਸ਼ ਹੈ। ਸੋ ਇਹ ਅੰਸ਼ ਹੁਣ ਪਰਮਾਤਮਾਂ ਦੀ ਲਿਵ ਵਿਚ ਉਸ ਨੂੰ ਪਹੁੰਚੀ ਹੈ। ਸੰਕਲਪ ਮਰ ਗਏ ਹਨ, ਵਾਸ਼ਨਾਂ ਮਰ ਗਈਆਂ ਹਨ, ਬਾਕੀ 'ਮੈਂ' ਹਾਂ ਉਸ ਦੀ ਅੰਸ਼, ਇਹ ਮਰਨਹਾਰ ਨਹੀਂ, ਅੰਸ਼ ਦਾ ਆਪਣੇ ਸਮਗ੍ਰ ਤੋਂ ਵਿਛੁੜਨਾ ਦੁੱਖ ਰੂਪ ਸੀ ਸੋ ਨਿਵਿਰਤ ਹੋ ਗਿਆ ਹੈ। ਇਸ ਵਿਛੋੜੇ ਵਿਚ, ਜੋ ਮੈਂ 'ਹਉਂ' ਧਾਰੀ ਸੀ, ਉਹ ਸੀ ਦੁਖਾਂ ਸੁਖਾਂ ਦੀ ਜਨਕ। ਜਦ ਉਹ ਨਹੀਂ ਤਾਂ ਬਾਕੀ ਖ਼ੁਦਾ ਹੈ, ਰੱਬ ਹੈ, ਵਾਹਿਗੁਰੂ ਹੈ। ਹਉਂ ਗਈ, ਮੈਂ ਗਈ। ਹਾਂ ਸਚਮੁਚ ਮੈਂ ਤਾਂ ਮਰ ਗਿਆ ਹਾਂ। ਉਹ 'ਮੈਂ', ਜਿਸ ਨੂੰ ਮੈਂ ਜੀਵਨ ਸਮਝਦਾ ਸਾਂ, ਮਰ ਗਈ ਹੈ! ਪਰ ਉਹ 'ਮੈਂ' ਨਹੀਂ ਮੋਈ ਜੋ ਅਵਿਨਾਸ਼ੀ ਹੈ। "ਹਉ ਨ ਮੂਆ ਮੇਰੀ ਮੁਈ ਬਲਾਇ।।" ਮੈਂ ਮਰ ਗਿਆ, ਸਤਿਗੁਰ ਦਾ ਵਾਕ ਸੱਤਿ ਹੋ ਗਿਆ ਪਰ ਮੈਨੂੰ ਸਤਿਗੁਰ ਨੇ ਮੌਤ ਦੇਕੇ ਅਵਿਨਾਸ਼ ਕਰ ਦਿੱਤਾ ਹੈ। ਵਾਹ ਕਲਗੀਆਂ ਵਾਲੇ ਤੇਰੀਆਂ ਰਮਜ਼ਾਂ। ਵਾਹ ਮੇਰੇ ਜ਼ੁਲਫਾਂ ਵਾਲੇ ਮੁਰਸ਼ਿਦਾ ! ਵਾਹ ਤੇਰੀਆਂ ਸੈਨਤਾਂ, ਵਾਹ ਮੇਰੇ ਨਬੀਆਂ ਦੇ ਸਰਦਾਰ ! ਤੇਰੇ ਰਾਮਜ਼ੇ ! ਸੈਨਤ ਕਿਧਰ ਮਾਰਦੇ ਹੋ ਤੇ ਫਲ ਕਿਧਰ ਲਾ ਦੇਂਦੇ ਹੋ। 'ਤੂੰ ਦਸਵੇਂ ਦਿਨ ਮਰ ਜਾਣਾ ਹੈ' ਵਾਹ ਵਾਹ।

ਮਨਾਂ ਖ਼ਬਰੇ ਹੁਣ ਦੇਹ ਨੇ ਬੀ ਮਰਨਾ ਹੋਵੇ ਦਾਤਾ ਜੀ ਦਾ ਇਹ ਤਾਤਪਰਜ ਹੋਵੈ ਸ਼ਾਇਦ। ਪਰ ਉਹ ਜਾਣੇ, ਆਵੇ ਦੇਹ ਦੀ ਮੌਤ ਬੀ ਆਵੇ : ਹੁਣ ਕਾਹਦਾ ਭੈ ਹੈ ਇਸ ਮਰਨੇ ਦਾ। ਹਾਂ, ਪਰ ਇਕ ਗੱਲ ਹੈ ਇਸ ਮੌਤ ਤੋਂ ਪਹਿਲਾਂ ਮੁਕਤੀ ਦਾਤਾ ਗੁਰੂ ਦਾ ਦਰਸ਼ਨ ਇਨ੍ਹਾਂ ਨੈਣਾਂ ਨਾਲ ਕਰਨਾ ਹੈ। ਚੱਲ ਚਰਨੀ ਪੌ, ਮੱਥਾ ਟੇਕ ਤੇ ਕਹੁ ਦਾਤਾ ! ਉਹ ਮੌਤ ਤਾਂ ਮੇਰੀ ਤੂੰ ਮਾਰ ਘੱਤੀ, ਜਿਸ ਮੌਤ ਤੋਂ ਸਭ ਕੋਈ ਡਰਦਾ ਹੈ। ਮੈਨੂੰ ਨਹੀਂ ਤੁਸਾਂ ਮਾਰਿਆ, ਪਰ ਮੇਰੀ ਮੌਤ ਨੂੰ! ਹੁਣ ਜੇ ਦੇਹ ਨੇ ਬੀ ਮਰਨਾ ਹੈ ਤਾਂ ਚਰਨਾਂ ਵਿਚ ਮੌਤ ਦੇਹ ਤੇ ਜੇ ਸਰੀਰ ਨੇ ਜੀਉਣਾ ਹੈ ਤਾਂ ਪੇਵੰਦ ਹੋਈ ਟਾਹਣੀ ਵਾਂਙ ਤੇਰੇ ਨਾਲ ਲਗ ਕੇ ਜੋ ਜੀਵਨ ਹੈ ਹੁਣ ਪਾਈ ਹੈ ਉਸ ਵਿਚ ਜੀਵਾਂ, ਮੈਂ ਹੁਣ ਫੇਰ 'ਹਉਂ' ਵਿਚ ਪੈਕੇ ਨਾ ਜੀਵਾਂ।

ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦਿਆਂ ਪ੍ਰਸੰਨ ਮਨ ਤੇ ਸ਼ੁਕਰ ਦੇ ਭਾਵ ਨਾਲ ਭਰਿਆ ਦਾਤਾ ਗੁਰੂ ਜੀ ਦੇ ਚਰਨਾਂ ਵਿਚ ਜਾ ਹਾਜ਼ਰ ਹੋਇਆ। ਸ੍ਰੀ ਸਤਿਗੁਰ ਜੀ ਨੇ ਬੀ ਡਿੱਠਾ ਕਿ ਚਿਹਰਾ ਖੁਸ਼ ਹੈ, ਮੱਥੇ ਤੇ ਲਾਲੀ ਦੀ ਆਭਾ ਹੈ, ਮੁਸਕ੍ਰਾਏ ਤੇ ਬਚਨ ਕੀਤਾ, ਸੁਣਾ ਬੱਚਾ ਜੀਉਂਦਾ ਕਿ ਮੋਇਆ ?

ਕਰੀਮ ਖਾਂ-ਪਾਤਸ਼ਾਹ ! ਮੋਇਆ ਪਰ ਆਪ ਦੀ ਹੀ ਮਿਹਰ ਨਾਲ ਮਰ ਕੇ ਜੀਵਿਆ। ਮੈਂ ਮੂਰਖ ਨੂੰ ਕੀ ਪਤਾ ਸੀ ਕਿ ਆਪ ਦੇ ਇੱਕੋ ਬਚਨ ਵਿਚ ਮੇਰਾ ਨਵਾਂ ਜਨਮ ਹੋ ਜਾਣਾ ਹੈ, ਆਪ ਦੇ ਬਚਨ ਨੇ ਇਕ ਪਾਸੇ ਮੈਨੂੰ ਭੈ ਪਾ ਕੇ ਇਕ ਉਤੇ ਟਿਕਾ ਦਿੱਤਾ ਉਸ ਏਕੇ ਦੇ ਟਿਕਾਉ ਨੇ ਮਾਰ ਦਿੱਤਾ ਮਰਨਹਾਰ ਅਗਜਾਨੀ ਨੂੰ। 'ਕਦੇ ਨਾ ਮਰਨ ਵਾਲੇ ਜੀਵਨ ਦੀ' ਆਪ ਨੇ ਸੋਝੀ ਪਾ ਦਿੱਤੀ ਹੈ। ਧੰਨ ਹੋ ਆਪ, ਜੋ ਬਚਨ ਕੀਤਾ ਸੱਚ ਕੀਤਾ, ਪਰ ਰਮਜ਼ ਨਾਲ ਕੀਤਾ, ਰਮਜ਼ ਨੇ ਮੇਰਾ ਅੱਗਾ ਸਵਾਰ ਦਿੱਤਾ!

ਸਤਿਗੁਰੂ ਜੀ-ਪਹਿਲਾਂ ਇਹ ਦੱਸ ਬਈ ਕਿ ਇਤਨੇ ਦਿਨ ਤੇਰੇ ਖਾਣ ਪੀਣ ਨੇ ਤੇਰੇ ਮਨ ਤੇ ਕੋਈ ਰਜੋ ਤਮੋ ਜਿਸ ਨੂੰ ਆਖਦਾ ਸੈਂ, ਕਾਮਨਾ ਤੇ ਵਾਸ਼ਨਾ ਜਿਸ ਨੂੰ ਕਹਿੰਦਾ ਸੈਂ, ਜਾਂ ਹੋਰ ਕੋਈ ਮਾੜੇ ਭਾਵ ਪੈਦਾ ਕੀਤੇ ਕਿ ਨਾ ?

ਕਰੀਮ-ਕੋਈ ਨਾ!

ਗੁਰੂ ਜੀ-ਇਨ੍ਹਾਂ ਦਿਨਾਂ ਵਿਚ ਤੈਨੂੰ ਭੋਜਨ ਚੰਗੇ ਪੁਸ਼ਟੀਕਾਰਕ ਤਾਸੀਰਾਂ ਵਾਲੇ ਮਿਲਦੇ ਰਹੇ ਹਨ ?

ਕਰੀਮ-ਦਾਤਾ ਜੀਓ ! ਮੈਨੂੰ ਤਾਂ ਇਹ ਸੋਝੀ ਬੀ ਨਹੀਂ ਸੀ ਕਿ ਮੈਂ ਕੀਹ ਖਾ ਰਿਹਾ ਹਾਂ ?

ਗੁਰੂ ਜੀ-ਕਿਉਂ ਬਈ ?

ਕਰੀਮ-ਪਾਤਸ਼ਾਹ ! ਮੈਂ ਤਾਂ ਮੌਤ ਦੇ ਭੈ ਤੇ ਨਿਸਚੇ ਵਿਚ ਨਾਮ ਸਿਮਰਨ ਵਿਚ ਮਗਨ ਸਾਂ।-

1. ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਗੌਂਡ ਕਬੀਰ)

ਗੁਰੂ ਜੀ-ਭੈ ਕਾਸਦਾ ?

ਕਰੀਮ-ਭੈ ਮੌਤ ਦਾ, ਸਦਾ ਮੌਤ ਦਾ ਚੇਤਾ ਕਿ ਆ ਰਹੀ ਹੈ ਇਸੇ ਪਾਸੇ ਪਾਉਂਦਾ ਸੀ ਕਿ ਕਰ ਲੈ ਜਿੰਨਾ ਕੁਛ ਵਧ ਤੋਂ ਵਧ ਹੋ ਸਕਦਾ ਹੈ।

ਸ੍ਰੀ ਗੁਰੂ ਜੀ-ਹੁਣ ਸਮਝੇ ਹੋ ਕਿ ਖਾਣ ਪੀਣ ਦੇ ਪਦਾਰਥ ਗੁਰਮੁਖਾਂ ਉਤੇ ਵਿਕਾਰੀ ਅਸਰ ਨਹੀਂ ਕਰਦੇ। ਗੁਰਮੁਖ ਨੇ ਚਲਣ ਸੱਚ ਕਰ ਜਾਣਿਆਂ ਹੁੰਦਾ ਹੈ[1], ਉਸ ਨੂੰ ਕਾਮਨਾਂ ਤੇ ਵਾਸ਼ਨਾ ਵਾਹਿਗੁਰੂ ਪਿਆਰ ਤੇ ਭਜਨ ਦੀਆਂ ਉਠਦੀਆਂ ਹਨ। ਜਿਨ੍ਹਾਂ ਦਾ ਅੰਦਰੋਂ ਨੇਹੁੰ ਸੱਚੇ ਨਾਲ ਨਹੀਂ, ਜਿਨ੍ਹਾਂ ਨੇ ਜੀਵਨ ਸਾਂਈਂ ਤੋਂ ਤੋੜ ਕੇ ਵੱਖਰਾ ਸਮਝਿਆ ਹੈ, ਉਹ ਜੀਵਨ ਦੇ ਭੋਗਾਂ ਵਿਚ ਖਚਿਤ ਹੋ ਕੇ ਸਰੀਰ ਤੇ ਮਨ ਦੀਆਂ ਤਾਕਤਾਂ ਨੂੰ ਗੁਆ ਲੈਂਦੇ ਹਨ। ਜਿਨ੍ਹਾਂ ਦੇ ਅੰਦਰ ਸਾਂਈਂ ਨਾਲ ਨੇਹੁੰ ਹੈ ਤੇ ਸਾਂਈਂ ਨੇ ਉਨ੍ਹਾਂ ਨੂੰ ਲਖਾ ਦਿਤਾ ਹੈ ਕਿ ਦੇਹ ਮਿੱਟੀ ਹੈ, ਇਸ ਦਾ ਮਰਨਾ ਜੀਉਣਾ ਕੋਈ ਬਾਤ ਨਹੀਂ, ਤੂੰ ਰਾਮ ਦੀ ਅੰਸ਼ ਹੈਂ, ਉਹ ਅਬਿਨਾਸ਼ ਹੈ। ਇਹ ਅੰਸ਼ ਬੀ ਅਬਿਨਾਸ਼ ਹੈ, ਇਸ ਨੂੰ ਉਸ ਨਾਲ ਮੇਲ ਵਿਚ ਰੱਖ। ਅਤੇ ਜੋ ਤੂੰ ਮਰਨਹਾਰ ਨਾਲ ਮੋਹ ਪਾਇਆ ਹੈ ਤੋੜ ਦੇਹ, ਉਸੇ ਅਵਿਨਾਸ਼ ਨਾਲ ਮੋਹ ਕਰ, ਫੇਰ ਤੇਰਾ ਮਰਨ ਦਾ ਭੈ ਦੂਰ ਹੋ ਜਾਏਗਾ। ਜਦ ਮਨ ਦਾ ਸੰਕਲਪ ਜੀਵਨ ਮਰਨ ਦੀ ਹੱਦ ਤੋਂ ਲੰਘ ਗਿਆ ਤਾਂ ਅਮਰ ਹੋ ਗਿਆ। ਸੋ ਪਹਿਲਾ ਸਿਖਯਾ ਦਾਤਾ ਹੈ 'ਕਾਲ ਦਾ ਭੈ'। ਐਉਂ ਨਹੀਂ ਕਿ ਇਸ ਦੇ ਭੈ ਹੇਠ ਦੱਬ ਕੇ ਨਿਕਾਰਾ ਹੋ ਬਹੇ ਤੇ ਹਰ ਛਿਨ ਰੋਂਦਾ ਰਹੇ। ਨਹੀਂ, ਇਹ ਗਿਆਨ ਕਿ ਦੇਹ ਤੱਤਾਂ ਦੀ ਹੈ, ਤੱਤ ਨਿਰਜਿੰਦ ਹਨ, ਇਨ੍ਹਾਂ ਦੇ ਬਣੇ ਸਰੀਰ ਵਿਚ ਮੈਂ ਵੱਸਦਾ ਹਾਂ ਮੈਂ ਸਰੀਰ ਨਹੀਂ ਹਾਂ, ਮੈਂ ਸਦਾ ਜੀਉਂਦੇ ਅਵਿਨਾਸ਼ੀ ਦੀ ਅੰਸ਼ ਹਾਂ ਤੇ ਉਸ ਨਾਲੋਂ ਵਿਛੁੜੇ ਰਹਿਣਾ ਮੇਰੇ ਲਈ ਮੌਤ ਦੇ ਦੁਖਾਂ ਦਾ ਕਾਰਣ ਹੈ, ਉਸ ਨਾਲ ਉਸ ਦੇ ਸਿਮਰਣ ਦੁਆਰਾ ਮਿਲੇ ਰਹਿਣਾ ਹੈ। ਫੇਰ ਉਸ ਦੇ ਹੁਕਮ ਨੂੰ ਪਛਾਣਨਾ ਹੈ। ਜੋ ਕੁਛ ਜਗਤ ਦੀ ਰਚਨਾ ਹੈ ਉਸ ਦੇ ਹੁਕਮ ਨੇ ਰਚੀ ਹੈ, ਜੋ ਹੋ ਰਹਿਾ ਹੈ ਹੁਕਮ ਵਿਚ ਹੈ। ਇਸ ਵਿਚ ਹਉਂ ਆਪਣੀ ਨਹੀਂ ਪਾਉਣੀ, ਹਉਂ ਹੀ ਨੇ ਤਾਂ ਵਿਛੋੜ ਰਖਿਆ ਹੈ। 'ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥' ਜਦ ਬੱਚਾ ! ਦੇਹਿ ਨੇ ਰਹਿਣਾ ਨਹੀਂ ਤੇ ਦੇਹਿ ਹੁੰਦਿਆਂ ਇਸ ਨੇ ਕੁਛ ਨਾ ਕੁਛ ਕਰਨਾ ਹੈ ਤਾਂ ਜੋ ਕਰਨਾ ਹੈ ਸੋ ਨੇਕੀ ਵਾਲਾ ਕਰਨਾ ਹੈ। ਇਉਂ ਸੰਸਾਰ ਵਿਚ ਰਹਿੰਦਿਆਂ ਕਰਦੇ ਹੋਏ ਅਨਕਰਦੇ ਰਹੀਦਾ ਹੈ।

ਕਰੀਮ-ਸਚ ਫੁਰਮਾਇਆ ਹੈ ਆਪ ਨੇ ਪਰ ਪਾਤਸ਼ਾਹ ਇਹ ਜਗਤ ਵਿਚ ਅੱਡ ਅੱਡ ਮਤ ਅੱਡ ਅਡ ਮਜ਼ਹਬ ਤੇ ਕੌਮਾਂ ਜਾਤਾਂ ਨਸਲਾਂ ਦਾ ਭੇਦ ਕਰਕੇ ਕਿਉਂ ਵਿੱਥਾਂ ਪੈ ਰਹੀਆਂ ਹਨ ? ਸਭ ਕੋਈ ਆਪਣੀ ਵਲ ਖਿੱਚਦਾ ਤੇ ਦੂਏ ਨੂੰ ਧੱਕੇ ਧੋੜੇ ਦੇਂਦਾ ਹੈ; ਆਪ ਇਕ ਨਵੇਂ ਪੰਥ ਦੇ ਆਗੂ ਹੋ, ਇਕ ਆਪ ਦੇ ਇਸ ਨਵੇਂ ਮਤ ਵਿਚ ਵਿਤਕਰਾ ਨਹੀਂ, ਵੈਰ ਨਹੀਂ, ਖਿਚੋਤਾਣ ਨਹੀਂ, ਇਹ ਕੀਹ ਗੱਲ ਹੈ ?

ਗੁਰੂ ਜੀ-ਸੁਣ ਭਾਈ :-

ਕੋਊ ਭਯੋ ਮੁੰਡੀਆਂ ਸੰਨਯਾਸੀ ਕੋਊ ਯੋਗੀ ਭਯੋ,
ਭਯੋ ਬ੍ਰਹਮਚਾਰੀ ਕੋਊ ਯਤੀ ਅਨੁ ਮਾਨਬੋ।
ਹਿੰਦੂ ਔ ਤੁਰਕ ਕੋਊ ਰਾਫਜ਼ੀ; ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ ੮੫॥
ਦੇਹੁਰਾ ਮਸੀਤ ਸੋਈ, ਪੂਜਾ ਔ ਨਮਾਜ਼ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਵ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਯਾਰੇ ਨਯਾਰੇ ਦੇਸਨ ਕੇ ਭੇਸ ਕੋ ਸੁਭਾਵ ਹੈ।
ਏਕੈ ਨੈਨ ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਵ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਵ ਹੈ॥ ੮੬॥

ਇਹ ਹੈ ਵਾਸਤਵ ਵਿਚ ਸੱਚ। ਸਾਡਾ ਬੀ ਇਕ ਮਾਰਗ ਹੈ, ਪੰਥ ਹੈ। ਪਰ ਉਹ ਛੱਪੜ ਦੀਆਂ ਤ੍ਰੇੜਾਂ ਨਾਲ ਵੇੜ੍ਹਿਆ ਇਕ ਥਰ ਨਹੀਂ, ਪਰ ਤ੍ਰੇੜਾਂ ਨੂੰ ਮੇਟਣ ਵਾਲਾ ਸੀਤਲ ਜਲ ਦਾ ਪ੍ਰਵਾਹ ਹੈ। ਸਾਡਾ ਮਾਰਗ ਹੈ ਇਹ ਕਿ ਹੇ ਭਾਈ ਆਪੋ ਵਿਚ ਵੈਰ ਭਾਵ ਨਾ

---

1. ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥
(ਵਾਰ ਸੂਹੀ ਮਹਲਾ ੩)

ਰਖੋ, ਪ੍ਰੇਮ ਭਾਵ ਧਾਰਨ ਕਰੋ, ਤੁਹਾਡਾ ਪਿੱਛਾ ਪ੍ਰੇਮ ਸਰੂਪ ਹੈ, ਤੁਸੀਂ ਪ੍ਰੇਮ ਕਰੋ, ਭਜਨ ਕਰੋ, ਵਾਹਿਗੁਰੂ ਦੇ ਨੇੜੇ ਹੋਵੋ। ਜੋ ਤੁਹਾਡੇ ਮਨ ਦੀ ਵਿੱਥਾਂ ਵਾਲੀ ਤੇ ਵਿਤਕਰੇ ਵਾਲੀ ਮੈਲ ਉਤਰੇ ਤੇ ਦ੍ਰਿਸ਼ਟੀ ਖੁੱਲ੍ਹੇ। ਤੰਗੀ ਤੇ ਧੱਕੇ ਧੋੜੇ ਆਤਮਾ ਪਰਮਾਤਮਾ ਵਿਚ ਠੌਰ ਨਹੀਂ ਰੱਖਦੇ। ਇਸ ਸਿਖਜਾ ਦੇਣ ਵਿਚ ਤੇ ਜੀਵਾਂ ਨੂੰ ਗੁਰਮੁਖ ਬਣਾ ਕੇ ਵਾਹਿਗੁਰੂ ਨਾਲ ਜੋੜਨ ਵਿਚ ਬੀ ਈਰਖਾ ਵਾਲੇ ਇਸ ਮਾਰਗ ਨੂੰ ਤੋੜਨ ਤੇ ਉਤਰ ਪਏ ਹਨ। ਉਹ ਪਰਜਾ ਤੇ ਜ਼ੁਲਮ ਕਰਦੇ ਹਨ, ਅਸੀਂ ਸੁਮੱਤੀ ਦੇਂਦੇ ਹਾਂ ਕਿ ਤੁਹਾਡੇ ਵੀਰ ਹਨ, ਪਜਾਰ ਕਰੋ। ਮਜ਼ਹਬ ਨਾਮ ਰਸਤੇ ਦਾ ਹੈ ਤੇ ਰਸਤਾ ਰੱਬ ਦਾ ਹੈ, ਰੱਬ ਪ੍ਰੇਮ ਹੈ, ਪ੍ਰੇਮ ਸਰੂਪ ਦੇ ਰਸਤੇ ਛੁਰੀ ਤੇ ਕਤਲ, ਵੈਰ ਤੇ ਵਿਰੋਧ ਨਾ ਵਰਤੋ। ਉਹ ਹੁਣ ਇਸ ਪੰਥ ਨੂੰ ਖੀ ਤਬਾਹ ਕਰਨਾ ਚਾਹੁੰਦੇ ਹਨ, ਇਸ ਕਰਕੇ ਅਸਾਂ ਨੇ ਉਹਨਾਂ ਦੀ ਚੱਲ ਰਹੀ ਤਲਵਾਰ ਦੇ ਅਗੇ ਆਪਣੀ ਤਲਵਾਰ ਪੇਸ਼ ਕੀਤੀ ਹੈ ਕਿ ਏਹੋ ਢਾਲ ਦਰੋਹੀ ਦੀ ਤਲਵਾਰ ਨੂੰ ਤੋੜਕੇ ਜਗਤ ਵਿਚ ਸੁਖ ਵਰਤਾ ਸਕੇਗੀ। ਹੇ ਬੱਚਾ! ਸਾਂਈਂ ਨਾਲ ਮਿਲਿਆ ਰਹਿ ਕੇ ਤੇ ਸਾਂਈਂ ਦੀ ਸ੍ਰਿਸ਼ਟੀ ਨਾਲ ਨਿਰਵੈਰ ਰਹਿ ਕੇ ਜਗਤ ਵਿਚ ਗੁਰਮੁਖ ਆਪਾਵਾਰ ਕੰਮ ਕਰਦਾ ਹੈ ਤੇ ਹਉਂ ਤੋਂ ਦੂਰ ਰਹਿ ਕੇ ਨੇਕੀ ਤੇ ਸਦਾਚਾਰ ਨਾਲ ਭਲੇ ਦੇ ਕੰਮ ਕਰਦਾ ਹੋਇਆ ਹੁਕਮ ਤੇ ਦ੍ਰਿਸ਼ਟੀ ਰੱਖਦਾ ਹੈ। ਸੋ ਸਾਡਾ ਬੀ ਪੰਥ ਹੈ, ਪਰ ਅੱਗ ਲੱਗੇ ਸ਼ਹਿਰ ਦੀ ਅੱਗ ਬੁਝਾਵਣ ਵਾਲਿਆਂ ਦਾ ਇਹ ਜੱਥਾ ਹੈ। ਇਹ ਇਕ ਨਿਰਵਾਸ ਸੇਵਕਾਂ ਦੀ ਜਥੇਬੰਦੀ ਹੈ, ਜੋ ਠੰਢ ਵਰਤਾਉਣ ਵਾਸਤੇ ਸਾਜੀ ਗਈ ਹੈ, ਇਸ ਕਰਕੇ ਅਸੀਂ ਇਸ ਦੇ ਹਰ ਬੰਦੇ ਨੂੰ ਨਾਮ ਬਖਸ਼ਦੇ ਹਾਂ ਤੇ ਵਾਹਿਗੁਰੂ ਜੀ ਦੀ ਲਿਵ ਬਖਸ਼ਦੇ ਹਾਂ ਤੇ ਗਜਾਨ ਦਾਨ ਕਰਦੇ ਹਾਂ ਕਿ ਜਗਤ ਸਦਾ ਨਹੀਂ, ਜਿਸ ਵਿਚ ਲੱਗਕੇ ਆਪਣੇ ਇਖ਼ਲਾਕ ਨੂੰ ਵਿਗਾੜੋ ਤੇ ਭੁੱਲ ਵਿਚ ਵਰਤੋ। ਇਹ ਚੱਲਣੀ ਸਰਾਂ ਹੈ, ਜਿੰਨੀ ਨੇਕੀ ਕਰ ਸਕੋ, ਕਰੋ। ਸ਼ਰੀਰ ਨੇ ਰਹਿਣਾ ਨਹੀਂ, ਇਸ ਦੀ ਖ਼ਾਤਰ ਪਾਪ ਕਰਨੇ, ਝੂਠ ਕੁਸੱਤ ਕਮਾਉਣੇ ਕਿਸ ਅਰਥ ? ਜੇ ਕਹੋ ਮਜ਼ਹਬ ਤੇ ਉਪਕਾਰ ਖ਼ਾਤਰ ਪਾਪ ਕਰ ਲਓ ਤਾਂ ਬੀ ਉਲਟੀ ਗੱਲ ਹੋਈ। ਮਜ਼ਹਬ ਤਾਂ ਰਸਤਾ ਹੈ ਪ੍ਰੇਮ ਸਾਗਰ ਦੇ ਪਾਸ ਲੈ ਜਾਣ ਵਾਲਾ ਤੇ 'ਨੇਕੀ ਕੁੱਲ' ਦੇ ਪਾਸ ਪੁਚਾਉਣ ਵਾਲਾ, ਓਥੇ ਝੂਠ ਕੁਸੱਤ ਵੈਰ ਡਾਹ ਦਾ ਕੀਹ ਟਿਕਾਣਾ? ਸੋ ਜਿਨ੍ਹਾਂ 'ਚੱਲਣ' ਸੱਚ ਕਰ ਜਾਤਾ ਹੈ, ਉਹ ਨਿਸ਼ਪਾਪ ਹੋ ਜਾਂਦੇ ਹਨ, ਨਾਮ ਜਪਦੇ ਹਨ, ਇਸ ਨਾਲ ਹਉਂ ਕੱਟ ਜਾਂਦੀ ਹੈ ਤੇ ਵਾਹਿਗੁਰੂ ਜੀ ਨਾਲ ਮੇਲ ਹੋ ਜਾਂਦਾ ਹੈ। ਫੇਰ ਸੱਤੇ ਖੈਰੀਂ ਹੋ ਜਾਂਦੀਆਂ ਹਨ। ਬੱਚਾ ਕਰੀਮ! ਦੇਖ ਇਹ ਜੀਵਨ ਥੋੜੇ ਦਿਨਾਂ ਦਾ ਹੈ, ਪਰ ਆਤਮ ਜੀਵਨ ਸਦਾ ਦਾ ਹੈ। ਅਵਿਨਾਸ਼ੀ ਜੀਵਨ ਆਤਮ ਜੀਵਨ ਹੈ। ਹੁਣ ਜਦ ਤੂੰ ਸਮਝਿਆ ਹੈ ਕਿ ਇਹ ਅੰਸ਼ ਆਪਣੇ ਅਮਲੇ ਨੂੰ ਉਸੇ ਦੇ ਸਿਮਰਨ ਨੇ ਪਹੁੰਚਾ ਦਿੱਤੀ ਹੈ ਤਾਂ ਤੂੰ ਅਮਰ ਸੁਖੀ ਹੋ ਗਿਆ ਹੈਂ। ਹਉਂ ਵਿਚੋਂ ਖਿਲਾ ਗਈ ਹੈ, ਹੁਣ ਨਾ ਕਾਮ ਹੈ, ਨਾ ਕ੍ਰੋਧ ਹੈ, ਨਾ ਲੋਭ ਹੈ, ਨਾ ਮੋਹ ਹੈ ਨਾ ਤ੍ਰਿਸ਼ਨਾ ਹਨ, ਨਾ ਵਾਸ਼ਨਾ। ਤੂੰ ਜੁੜ ਰਿਹਾ ਹੈਂ, ਅੰਤਰ ਆਤਮੇ ਮਿਲ ਰਿਹਾ ਹੈਂ :-

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ
ਜੇ ਹੋਇ॥ ਅੰਤਰ ਆਤਮੈ ਜੋ ਮਿਲੈ ਮਿਲਿਆ
ਕਹੀਐ ਸੋਇ॥ (ਵਾਰ ਸੂਹੀ ਮਹਲਾ ੩-੧੯)

ਮਹਾਰਾਜ ਇਮ ਤਰ੍ਹਾਂ ਦੇ ਬਚਨ ਕਰ ਰਹੇ ਸਨ, ਉਹ ਰਾਜ ਪੁਤ੍ਰ ਆਪੇ ਵਿਚ ਸਮਾਉਂਦਾ ਜਾਂਦਾ ਸੀ, ਮਾਨੋਂ ਆਪੇ ਵਿਚ ਆਪ ਜੁੜਦਾ ਲੀਨ ਹੋ ਗਿਆ। ਸਤਿਗੁਰ ਚੁਪ ਹੋ ਗਏ। ਆਪਣੇ ਆਪੇ ਵਿਚ ਉਹ ਅਨੁਭਵ ਦੇ ਦੇਸ਼ ਵਿਚ ਨਿਮਗਨ ਹੋ ਗਿਆ। ਜਦੋਂ ਕੁਛ ਸਮੇਂ ਬਾਦ ਨੈਣ ਖੁੱਲ੍ਹੇ ਤਾਂ ਉਸ ਨੂੰ ਬਾਹਰ ਬੀ ਜ਼ਹੂਰ ਦਾ ਝਲਕਾ ਵੱਜਾ ਕਿ ਸਾਰੇ ਉਸੇ ਦਾ ਪ੍ਰਕਾਸ਼ ਹੈ! ਇਹ ਦੇਖਕੇ ਉਸ ਦੇ ਨੈਣ ਫੇਰ ਜੁੜ ਗਏ, ਕਈ ਵਾਰ ਜੁੜੇ ਤੇ ਖੁੱਲ੍ਹੇ, ਹੁਣ ਖੁੱਲੇ ਤਾਂ ਨਜ਼ਰ ਸ੍ਰੀ ਸਤਿਗੁਰੂ ਜੀ ਦੇ ਸੁਹਣੇ ਚਿਹਰੇ ਤੇ ਪਈ। ਆਪ ਇਸ ਵੇਲੇ ਕਿਸੇ ਦਗਦਗ਼ ਕਰਦੇ ਇਲਾਹੀ ਰੰਗ ਵਿਚ ਸੇ! ਕੀਹ ਉਸਨੂੰ ਦਿੱਸਿਆ ਕਿ ਜਿਸ ਅਸੀਮਾਂ ਅਨੰਤ ਵਿਚ ਮੈਂ ਗੁੰਮ ਹੋ ਰਿਹਾ ਸਾਂ, ਉਹ ਤਾਂ ਇਸ ਹੱਦ ਵਾਲੇ ਮੇਰੇ ਸਾਹਮਣੇ ਬੈਠੇ ਸਰੀਰ ਵਿਚ ਸਾਖਜਾਤ ਹੈ। ਇਹ ਜਲਵਾ ਅਜੀਬ ਸੀ। ਇਸ ਦੀ ਝਾਲ ਅਝੱਲ ਸੀ। ਜੋ ਰਸ ਉਸਨੂੰ ਆ ਰਿਹਾ ਸੀ ਸੋ ਅਕਹਿ ਸੀ। ਇਮ ਰਸ ਤੋਂ ਜਦ ਉਹ ਸੋਚ ਵਿਚ ਆਇਆ ਤਾਂ ਉਸ ਨੇ ਚਰਨਾਂ ਤੇ ਸੀਸ ਧਰਿਆ, ਥਰਰ ਥਰਰ ਕਰਦੀ ਇਕ ਥਰਰਾਟ ਸਾਰੇ ਬਦਨ ਵਿਚੋਂ ਲੰਘੀ। ਚਰਨਾਂ ਨੂੰ ਲਿਪਟਦਾ ਹੈ ਤੇ ਮਨ ਹੀ ਮਨ ਆਖਦਾ ਹੈ;

ਜੋਗੀ ਧਯਾਨੀ ਤੇ ਮੁਰਾਕਬਿਆਂ ਵਾਲੇ ਖ਼ੁਦਾ ਨੂੰ ਧਯਾਨ ਦਾ ਵਿਸ਼ਾ ਨਾ ਬਣਾ ਸਕੇ, ਪਰ ਦੇਖੋ ਪ੍ਰੇਮ ਦੇ ਵਸੀ ਹੋ ਕੇ ਕੀਕੂੰ ਇਸ ਦੇਹ ਵਿਚ ਬੈਠਾ ਹੋਇਆ ਇਨ੍ਹਾਂ ਮੇਰੇ ਖ਼ਾਕੀ ਨੈਣਾਂ ਨੂੰ ਸਾਖ਼ਯਾਤ ਜਲਵਾ ਦੇ ਰਿਹਾ ਹੈ, ਵਾਹ ਵਾਹ ! ਧੰਨ ਹੈ ਬਿਰਦ ਉਸ ਰੱਬ ਦਾ, ਅੱਲਾ ਦਾ, ਵਾਹਿਗੁਰੂ, ਮੇਰੇ ਆਪਣੇ ਵਾਹਿਗੁਰੂ ਦਾ।

ਸ੍ਰੀ ਸਤਿਗੁਰੂ ਜੀ ਨੇ ਉਸ ਦਾ ਸੀਸ ਬੜੇ ਪਯਾਰ ਨਾਲ ਚਾਇਆ, ਸਿਰ ਤੇ ਹੱਥ ਫੇਰ ਕੇ ਕਿਹਾ: 'ਬੱਚਾ ਨਿਹਾਲ ! ਲੱਗਾ ਰਹੁ ਅਪਣੇ ਰੰਗ। ਤੇਰੇ ਲਈ ਹੁਣ ਕਰਨੀ ਇਹੋ ਹੀ ਹੈ ਕਿ ਇਸੇ ਰੰਗ ਰੱਤਾ ਰਹੁ ਤੇ ਇਸੇ ਰੰਗ ਜੀਵਨ ਯਾਤ੍ਰਾ ਸਮਾਪਤ ਕਰ।'

ਕਰੀਮ ਨੂੰ ਹੋਸ਼ ਆਈ, ਸ਼ੁਕਰ[1] ਸਰੂਪ ਹੋ ਰਿਹਾ ਸੀ। ਬੋਲਿਆ:--

ਵਾਹ ਪਾਤਸ਼ਾਹ ਆਤਮ ਜੋਤਾਂ ਦੇ ਪ੍ਰਕਾਸ਼ਕਾ ! ਮੈਂ ਜਾਤਾ ਸੀ ਕਿ ਮੈਂ ਰਾਜ ਗੁਆ ਕੇ ਕੰਗਾਲ ਹੋ ਗਿਆ ਹਾਂ, ਪਰ ਆਪ ਨੇ ਮੁੜ ਐਸ਼੍ਵਰਜ ਬਖਸ਼ਕੇ ਮੈਨੂੰ ਸਰਦਾਰ ਬਣਾ ਦਿੱਤਾ। ਮੈਨੂੰ ਕੀਹ ਪਤਾ ਸੀ ਕਿ ਮੈਂ ਤਾਂ ਬੜਾ ਅਮੋਲਕ ਰਾਜ -- 'ਆਤਮ ਰਾਜ' -- 'ਗੁਆ ਕੇ ਅਜੇ ਬੀ ਕੰਗਾਲ ਹਾਂ। ਹਾਇ ! ਉਸ ਰਾਜ ਗੁਆਚੇ ਦੀ ਮੈਨੂੰ ਸੋਝੀ ਤਾਂ ਸੀ, ਪਰ ਇਸ ਰਾਜ ਗੁਆਚੇ ਦੀ ਮੈਨੂੰ ਸੋਝੀ ਬੀ ਨਹੀਂ ਸੀ[2]। ਹੇ ਦਾਤਾ ! ਤੂੰ ਧੰਨ ਹੈਂ; ਜਿਸ ਨੇ ਨਾਮ ਬਖਸ਼ ਕੇ, ਸਤਿਸੰਗ ਬਖਸ਼ ਕੇ, ਮੇਰੇ ਨੈਣ ਖੁਹਲੇ, ਮੈਨੂੰ ਆਤਮ ਰਾਜ ਬਖਸ਼ਿਆ ਜੋ ਸਭ ਰਾਜਾਂ ਦੇ ਸਿਰ ਰਾਜ ਹੈ। ਧੰਨ ਹੋ ਆਪ; ਹੇ ਗੁਰੂ ਗੋਬਿੰਦ ਸਿੰਘ ਮੁਕਤ ਭੁਗਤ ਦੇ ਦਾਤਾ : ਆਪ

ਗੀਤ

## ਇਕ ਅਰਜ਼ੋਈ

ਟੇਕ--ਹਾਂ ਕੌਣ ਹੈ ? ਜੋ ਐਸ ਵੇਲੇ ਆ ਕਰੇ ਦਿਲਦਾਰੀਆਂ :

ਹੁਣ ਸੰਝ ਹੈ, ਹਾਂ ਸੰਝ ਹੈ ਹੁਣ ਸੰਝ ਹੈ ਅੰਧਕਾਰੀਆ,
ਪੈ ਰਹੀ ਹੁਣ ਬਰਫ਼ ਹੈ ਹੁਣ ਪੈ ਰਹੀਆਂ ਠੰਢਿਆਰੀਆਂ !
ਨਾ ਚਾਨਣਾਂ, ਨਾ ਚਾਉ ਹੈ, ਨਾ ਨਿੱਘ ਖੇੜਨ ਵਾਲੜੀ,
ਦਿਨ ਨੂੰ ਹਸਾਵਣਹਾਰੀਆਂ ਸਖੀਆਂ ਗਈਆਂ ਹੁਣ ਸਾਰੀਆਂ!
ਹੁਣ ਕੱਲ ਹੈ, ਹੁਣ ਮੈਂ ਅਹਾਂ, ਹੁਣ ਮੈਂ ਤੋਂ ਮੈਂ ਹੈ ਡਰ ਰਹੀ,
ਸੋਚ ਸਹਿਮੇ ਸੋਚ ਤੋਂ ਅਕਲਾਂ ਅਕਲ ਤੋਂ ਹਾਰੀਆਂ।
ਤੂੰ ਦੱਸ ਕਲਗੀ ਵਾਲਿਆ ! ਤੁਝ ਬਾਝ ਕਿਹੜਾ ਬਾਹੁੜੇ?
ਹਾਂ ਕੌਣ ਹੈ ਜੋ ਐਸ ਵੇਲੇ ਆ ਕਰੇ ਦਿਲਦਾਰੀਆਂ !
ਹੈਂ ਬੇਕਸੀ ਦਾ ਯਾਰ ਤੂੰ, ਹੈਂ 'ਕੱਲ ਦਾ ਬੇਲੀ ਤੁਈਂ
ਹੈਂ ਦਰਦ ਦਾ ਦਰਦੀ ਤੁਈਂ, ਦੁਖੀਆਂ ਦੀ ਕਰਨੈਂ ਦਾਰੀਆਂ!
ਆਪੇ ਨੂੰ ਅਪਣੇ ਸਹਮ ਤੋਂ, ਆਪੇ ਨੂੰ ਅਪਣੀ ਕੈਦ ਤੋਂ
ਤਲਵਾਰ ਤੇਰੇ ਪਯਾਰ ਦੀ ਹੈ ਦੇਂਵਦੀ ਛੁਟਕਾਰੀਆਂ !
ਜ਼ਾਲਮ ਡਰਾਏ ਤੂੰ ਸਦਾ, ਮਜ਼ਲੂਮ ਗੋਦੀ ਤੂੰ ਲਏ,
ਫਿਰ ਦਿਲ ਉਚਾਏ ਉਨ੍ਹਾਂ ਦੇ ਤੇ ਬਖਸ਼ੀਆਂ ਸਰਦਾਰੀਆਂ !
ਪਾ ਤਾਣ ਤੈਥੋਂ ਚਿੜੀ ਨੇ ਬਾਜਾਂ ਨੂੰ ਪਾਏ ਵਖਤ ਸੇ,
ਕਸਤੂਰਿਆਂ ਨੇ ਸ਼ੇਰ ਢਾ, ਲਈਆਂ ਸੀ ਖਰਖੁਰਦਾਰੀਆਂ !
ਉਜੜੇ ਵਸਾਏ ਤੂੰ ਸਦਾ, ਬਿਗੜੇ ਸਵਾਰੇ ਤੂੰ ਸਦਾ,
ਹੁਣ ਜਗਤ ਇਕ ਹੈਰਾਨ ਹੈ ਤੈਂ ਦੇਖਕੇ ਗੁਲਕਾਰੀਆਂ !
ਆ ਬਹੁੜ ਔਗੁਣਹਾਰ ਨੂੰ ਹੁਣ ਦੇਰ ਦਾ ਵੇਲਾ ਨਹੀਂ,
ਹੇ ਰਹਿਮਤਾਂ ਦੇ ਮਾਲਕਾ ! ਆ ਬਹੁੜ ਸਦਕੇ ਸਾਰੀਆਂ!
ਮੈਂ ਵਾਰਨੇ ਤੋਂ ਨਾਮ ਤੋਂ, ਮੈਂ ਘੋਲੀਆਂ ਤੈਂ ਯਾਦ ਤੋਂ,
ਤੈਂ ਯਾਦ ਦੇ ਇਸ ਆਸਰੇ ਤੋਂ ਜਾਉ ਮੈਂ ਬਲਿਹਾਰੀਆਂ !
ਹਾਂ, ਡੋਰ ਅਪਣੀ ਯਾਦ ਦੀ ਇਸ ਬਹਿਰੇ ਗ਼ਮ ਵਿਚ ਬਖਸ਼ਕੇ,
ਨਿਜ ਖਿੱਚ ਵਿਚ ਖਿੱਚ ਰਖਣਾ ਦੇ ਦੇ ਕੇ ਕਸਕਾਂ ਪਯਾਰੀਆਂ !

---

1. ਉਸ ਵੇਲੇ ਦਾ ਇਕ ਛੰਦ ਮਿਲਦਾ ਹੈ, ਜਿਸ ਵਿਚ ਉਸ ਦਾ ਨਾਮ ਤਾਂ ਨਹੀਂ ਪਰ ਉਸ ਦੇ ਪ੍ਰਸੰਗ ਵਿਚ ਇਸ ਟਿਕਾਣੇ ਤੇ ਐਉਂ ਲਿਖਿਆ ਹੋਇਆ ਹੈ, ਜੋ ਜਾਪਦਾ ਹੈ ਉਸ ਦੇ ਅੰਤ੍ਰਾਤਮੇ ਦੇ ਸ਼ੁਕਰ ਦੀ ਤਸਵੀਰ ਹੈ :--

ਗੋਬਿੰਦ ਸਿੰਘ ਸਜਨ ਅਸਾਨੂੰ ਲੋੜੀਦਾ ਵੇ ਲੋਕਾ॥ ੧॥ ਰਹਾਉ॥ ਮੇਰੇ ਸਤਿਗੁਰ ਦਾ ਰੰਗ ਲਾਲ ਮਜੀਠਾ ਸੰਸਾਰੀ ਫੁਲ ਤੋਰੀ ਦਾ॥ ਜਗਮਗ ਜੋਤ ਜਿਗਾ ਅਰ ਕਲਗੀ ਚਰਨਾਂ ਸੌਂ ਤਨ ਜੋੜੀਦਾ। ਧਨੁਰ ਪਾਨ ਕਿਰਪਾਨ ਸ਼ਕਤ ਧਰਿ ਬੈਰਨ ਕੋ ਮੁਖ ਮੁੜੀਦਾ॥ ਜਨਮ ਜਨਮ ਹਉਂ ਪਦ ਰਜ ਜਾਚਉਂ ਚਰਨ ਕਮਲ ਨਾ ਵਿਛੋੜੀਦਾ। (ਭਗਤਿ ਪ੍ਰੇਮ ਪ੍ਰਕਾਸ਼)

2. ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।। ਅਛਤਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।। (ਸੋ: ਰਵਿ)

ਧੰਨ ਹੋ ! ਆਪ ਧੰਨ ਹੋ !! ਆਪ ਧੰਨ ਹੋ !!!

ਇਉਂ ਕਹਿੰਦਾ ਆਪਣੇ ਆਪੇ ਵਿਚ ਟਿਕ ਗਿਆ, ਅਰ ਥੋੜੇ ਸਮੇਂ ਬਾਦ ਸ੍ਰੀ ਕਰੀਮ ਜੀ ਕਾਦਰ ਕਰਤਾ ਕਰੀਮ ਦੇ ਦੇਸ਼ ਚਲੇ ਗਏ[1]।

## ਪੀਲੀਆਂ ਪਰੀਆਂ

ਖਲ ਸੁੱਕੇ ਸਨ, ਬਨ ਬੀ ਸੁੱਕ ਗਏ, ਜੂਹਾਂ ਹੋਈਆਂ ਹਰੀਆਂ।
ਖਿੜ ਖੜੋਤੀਆਂ ਸਰ੍ਹੋਂ ਸੁਹਣੀਆਂ, ਮਾਨੋ ਪੀਲੀਆਂ ਪਰੀਆਂ।
-ਕਲਗੀਆਂ ਵਾਲੇ ਦੇ ਰਾਹ ਉੱਤੇ ਦਰਸ ਤਾਂਘ ਦੀਆਂ ਭਰੀਆਂ-
ਆਪਾ ਵਾਰਨ ਨੂੰ ਹਨ ਖੜੀਆਂ, ਹੱਥ ਤੇ ਜਿੰਦਾਂ ਧਰੀਆਂ।

ਸੂਚਨਾ-ਇਧਰ ਤਾਂ ਆਤਮ ਰੰਗ ਖੁਲ੍ਹਦੇ ਸਨ ਉਧਰ ਜੰਗ ਜਦਲ ਆ ਪੈਂਦੇ ਸਨ, ਇਸ ਲਈ ਪੂਰੀ ਤਿਆਰੀ ਚੜ੍ਹਦੀਆਂ ਕਲਾਂ ਦੀ ਹੁੰਦੀ ਸੀ। ਪਹਾੜੀਆਂ ਨੇ ਮੁੜ ਜੁੱਧ ਰਚਾਇਆ, ਜਮਤੁੱਲੇ ਗੁੱਜਰ ਨੂੰ ਨਾਲ ਲਿਆ, ਘੋਰ ਸੰਗ੍ਰਾਮ ਮੱਚਿਆ, ਜਮਤੁੱਲਾ ਮਾਰਿਆ ਗਿਆ। ਪਹਾੜੀਆਂ ਬੜੇ ਸਾਮਾਨ ਕੀਤੇ ਹੋਏ ਸਨ, ਉਪਰੋਂ ਖਾਲਸਾ ਭੀ ਪੰਜਾਬ ਤੋਂ ਧਾਈਆਂ ਕਰਕੇ ਬੜੀ ਗਿਣਤੀ ਵਿਚ ਆਨੰਦਪੁਰ ਫੇਰ ਆ ਗਿਆ। ਰੋਜ਼ ਜੰਗ ਵੱਧ ਤੋਂ ਵੱਧ ਮਚੇ, ਮਸਤ ਹਾਥੀ ਦਾ ਕਿਲ੍ਹੇ ਤੇ ਆਉਣਾ, ਸਿੰਘਾਂ ਦਾ ਉਸ ਨੂੰ ਜ਼ਖਮੀ ਕਰਕੇ ਮੋੜਨਾ, ਆਦਿ ਕੁਛ ਹਾਲ ਅਗਲੇ ਪ੍ਰਸੰਗ ਤੋਂ ਵਿੱਦਤ ਹੋ ਜਾਂਦੇ ਹਨ:-

# ੫੧. ਬਚਿੱਤ੍ਰ ਸਿੰਘ[2]!

੧.

**ਆਨੰਦਪੁਰ**-ਦੁਸ਼ਮਨ ਦਲ ਨਾਲ ਘਿਰੇ ਆਨੰਦਪੁਰ-ਵਿਚ ਰਣਜੀਤ ਨਗਾਰਾ ਵੱਜਿਆ, ਇਹ ਨਿਸ਼ਾਨੀ ਹੈ ਆਸਾ ਦੇ ਵਾਰ ਦੇ ਭੋਗ ਪੈ ਜਾਣ ਦੀ। ਹੁਣ ਜੰਗ ਦਾ ਕੰਮ ਆਰੰਭ ਹੋਣਾ ਹੈ, ਰਣਜੀਤ ਨਗਾਰੇ ਨੇ ਗੱਜ ਵੱਜ ਕੇ ਦੱਸ ਦਿੱਤਾ ਕਿ ਵਾਹਿਗੁਰੂ ਦਾ ਸਿਮਰਨ, ਵਾਹਿਗੁਰੂ ਦਾ ਕੀਰਤਨ ਰਣਤੱਤੇ ਵਿਚ ਵੀ ਨਹੀਂ ਛੱਡਣਾ। ਸਿੱਖੀ ਦੀ ਨੀਂਹ ਅਕਾਲ ਪੁਰਖ ਜੀ ਤੇ ਹੈ, ਉਨ੍ਹਾਂ ਦਾ ਆਰਾਧਨ ਹਰਦਮ ਹੈ ਤੇ ਹਰ ਦਿਨ ਐਮ੍ਰਿਤ ਵੇਲਾ ਉਹਨਾਂ ਦੇ ਕੀਰਤਨ ਦਾ ਹੈ। ਇਸ ਤੋਂ ਖਾਲਸੇ ਨੇ ਕਦੇ ਬੇਮੁਖ ਨਹੀਂ ਹੋਣਾ। ਵਾਹਿਗੁਰੂ ਤੇ ਵਾਹਿਗੁਰੂ ਕੀਰਤਨ ਤੋਂ ਵਿਮੁਖ ਦੀ ਬਹਾਦਰੀ; ਸੂਰਬੀਰਤਾ, ਹਠ, ਦੁਖ ਝੱਲਣੇ ਕੁਛ ਮੁੱਲ ਨਹੀਂ ਰਖਦੇ, ਕਿਉਂਕਿ ਉਹ ਸਾਕਤ ਦਾ ਕਰਮ ਹੈ, ਉਹ ਹਉਮੈਂ ਦਾ ਚਮਤਕਾਰ ਹੈ:-

'ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥' ...'ਅਹੰਕਾਰਿ ਮੁਏ ਸੇ ਵਿਗੂਤੀ ਗਏ ਮਰਿ ਜਨਮਹਿ ਫਿਰਿ ਆਵਹਿ॥ (ਵਾ: ਮਾ: ਮ: ੩-੯)

ਅੰਦਰਲੇ ਦਾ ਝੁਕਾਉ, ਲਗਾਉ, ਰੁਖ ਸਦਾ ਵਾਹਿਗੁਰੂ ਵਲ ਲਗਾ ਰਹੇ ਤਾਂ ਬੰਦਾ ਵਾਹਿਗੁਰੂ ਦਾ ਹੈ, ਉਸ ਦੇ ਨਾਲ ਲਗ ਰਿਹਾ ਹੈ, ਉਸ ਦੀ ਰੌ ਬੰਦੇ ਵਿਚ ਲਗਾਤਾਰ ਆ ਰਹੀ ਹੈ, ਹਾਂ ਉਹ ਸਾਂਈਂ ਜੀਵਨ ਨਾਲ ਪੈਵੰਦ ਹੋ ਕੇ ਸਾਂਈਂ ਜੀਵਨ ਨਾਲ ਜੀਉ ਰਿਹਾ, ਉਹ ਹਉਂ ਹੰਕਾਰ ਵਿਚ ਨਹੀਂ ਹੈ। ਉਹ ਜੋ ਕੁਛ ਕਰਦਾ ਹੈ 'ਸਾਂਈਂ-ਹੁਕਮ' ਵਿਚ ਕਰਦਾ ਹੈ, ਉਸ ਦੇ ਕਰਮ 'ਅਕਰਮ' ਹਨ, ਉਸ ਦੇ ਕਰਮ ਉੱਚੇ ਸਦਾਚਾਰ ਹਨ, ਉਸ ਦੇ ਕਰਮ ਪ੍ਰਵਾਣ ਹਨ, ਉਹ ਹੈ ਜੋ:-"ਕਰਮ ਕਰਤ ਹੋਵੈ ਨਿਹਕਰਮ" ਦਾ ਰੰਗ ਅਪਣੇ ਵਿਚ ਰਖਦਾ ਹੈ; ਉਹ ਸਿਖ ਹੈ, ਉਹ ਸਿੰਘ ਹੈ, ਉਹ ਹੈ ਜੀ ਖਾਲਸਾ। ਰਣਜੀਤ ਨਗਾਰੇ ਨੇ ਮਾਨੋ ਭਬਕ ਮਾਰੀ-ਉਠੋ ਸਾਂਈਂ ਦੀ ਅਰਾਧਨਾ ਕਰਕੇ ਸੁਹਣੇ ਹੋ ਰਿਓ ਖਾਲਸਾ

1. ਕਰੀਮ ਜੀ ਦੇ ਐਮ੍ਰਿਤ ਛਕਣ ਦਾ ਹਾਲ ਨਹੀਂ ਮਿਲਿਆ, ਪਰ ਜਦੋਂ ਆਪ ਚਰਨ ਸ਼ਰਨ ਗਏ ਹਨ, ਐਮ੍ਰਿਤ ਜਾਰੀ ਹੋ ਚੁਕਾ ਸੀ ਤੇ ਸੰਭਾਵਨਾ ਹੁੰਦੀ ਹੈ ਕਿ ਜਿਸ ਪਰ ਇੰਨੀ ਮਿਹਰ ਹੋਈ ਤੇ ਐਤਨਾ ਕ੍ਰਿਤਗਜ ਹੋਇਆ ਹੈ ਉਹ ਐਮ੍ਰਿਤ ਦਾ ਪਾਤ੍ਰ ਜ਼ਰੂਰ ਹੋਇਆ ਹੋਊ। ਸ੍ਰੀ ਕਰੀਮ ਜੀ ਥੋੜਾ ਹੀ ਕਾਲ ਜੀਵੇ ਹਨ। ਇਹ ਪ੍ਰਸੰਗ ਸੰਤ ਸ੍ਰੀ ਗੁਪਾਲ ਜੀ ਦੇ ਅੱਖੀਂ ਡਿੱਠੇ ਵਰਣਨ ਕੀਤੇ ਪ੍ਰਸੰਗਾਂ ਵਿਚੋਂ ਇਕ ਹੈ, ਜਿਨ੍ਹਾ ਦੇ ਪੂਰੇ ਹਾਲ ਲਈ ਦੇਖੋ ਸਫਾ ੪੩੧ ਪਰ 'ਇਤਿਹਾਸਿਕ ਪਹਿਲੂ'।

2. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੫੯ (੩੦ ਦਸੰਬਰ ੧੯੨੭ ਈ:) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸ਼ਕਲ ਵਿਚ ਪ੍ਰਕਾਸ਼ਿਆ ਸੀ।

ਜੀ ! ਕੀਰਤਨ ਕਰਕੇ ਕੀਰਤਨ ਤੋਂ ਅਲੱਗ ਨਾ ਹੋ ਗਏ, ਪਰ ਅੰਤਰ ਆਤਮੇ ਸਦਾ ਅਖੰਡ ਕੀਰਤਨ ਵਿਚ ਜਾਗ ਰਹੇ ਖਾਲਸਾ ਜੀ ! 'ਪੂਰਨ ਜੋਤ ਜਗੈ ਘਟ ਮੈ'[1] ਸਦਾ ਰਸਨਾ ਦੇ ਤਖਤ ਉੱਤੇ ਨਾਮ ਪਾਤਸ਼ਾਹ ਨੂੰ ਬਿਠਾਏ ਰੱਖਣ ਵਾਲੇ ਖਾਲਸਾ ਜੀਉ ! ਹਾਂ ਜੀਓ ਐਸੇ ਖਾਲਸਾ ਜੀ ! 'ਮੁਖ ਤੇ-ਹਰਿ ਚਿੱਤ ਮੈਂ-ਜੁੱਧ ਬਿਚਾਰੈ।।' ਮੂੰਹ ਤੇ ਜੁੱਧ ਅਤੇ ਚਿਤ ਵਿਚ ਹਰੀ ਦੇ ਨਿਵਾਸ ਵਾਲੇ ਤੇ ਬਾਹਰੋਂ ਅੰਦਰੋਂ ਜਾਗੇ ਖਾਲਸਾ ਜੀਓ ! ਹੁਣ ਜੁੱਧ ਵਾਸਤੇ ਤਿਆਰ ਹੋ ਕੇ ਆ ਜਾਓ।

'ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।'

ਜੂਝਨਾਂ ਹੈ ਮੈਦਾਨ ਜੰਗ ਵਿਚ ਸਾਂਈਂ ਤੋਂ ਟੁੱਟਿਆਂ ਨਾਲ ਜੋ ਅਕਾਰਣ ਆ ਪਏ ਹਨ, ਜੋ ਵੈਰੀਆਂ ਦੇ ਗੋਲੇ ਹੋ ਕੇ ਆਪਣਿਆਂ ਨੂੰ ਮਾਰਨ ਆ ਪਏ ਹਨ।

ਖੀਰ ਬਾਂਕੁਰੇ, ਤ੍ਰਿਛੈਲੇ, ਮੁਛੈਲੇ, ਸਜੀਲੇ ਚਿਹਰਿਆਂ ਤੇ ਫਬੈਲੇ ਦਾੜ੍ਹਿਆਂ ਨਾਲ ਭੂਸ਼ਤ ਖਾਲਸਾ ਜੀ 'ਵਾਹਿਗੁਰੂ ਵਾਹਿਗੁਰੂ' ਉਚਾਰਦੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਦਾਲੇ ਪਰਵਾਰ ਪਾ ਕੇ ਆ ਆ ਜੁੜ ਜੁੜ ਬੈਠਣ ਲਗ ਗਏ। ਕਮਰ ਕਸੇ ਸਜ ਰਹੇ ਸਨ, ਖੜਗ ਧਾਰੀ ਹੈ, ਢਾਲ ਬੱਧੀ ਹੈ, ਕਮਾਨ ਮੋਢੇ ਹੈ, ਭੱਥਾ ਮੋਰੇ ਬੱਧਾ ਹੈ, ਕਿਸੇ ਬੰਦੂਕ ਫੜੀ ਹੈ, ਕਿਸੇ ਮਫਾ ਜੰਗ ਧਾਰਿਆ ਹੈ, ਕਿਸੇ ਕੁਛ ਕਿਸੇ ਕੁਛ।

ਹਾਂ ਜੀ, ਹੁਣ ਕਿਲ੍ਹੇ ਤੋਂ ਬਾਹਰ ਸ਼ੱਤਰੂ ਦਲ ਵਿਚ ਕੁਲਾਹਲ ਹੋ ਪਿਆ ਹੈ, ਢੋਲ, ਦੁੰਦਭੀ, ਤੁਰੀਆਂ, ਰਣਸਿੰਗੇ ਰੱਜ ਵੱਜ ਪਏ; ਨਫੀਰੀਆਂ ਨੇ ਬੀ ਤਾਨਾਰੀਰੀਆਂ ਲਾ ਦਿੱਤੀਆਂ।

ਆਪਣੇ ਸੂਰਮਿਆਂ, ਜੋਧਿਆਂ ਵਲ ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ ਨੇ ਇਕ ਨਜ਼ਰ ਪਾ ਕੇ ਤੱਕਿਆ ਫੇਰ ਬੋਲੇ : "ਮਟੂ ਸਿੰਘ ਸੇਵਾ ਸਿੰਘ ਨਜ਼ਰ ਨਹੀਂ ਪੈਂਦੇ ?"

ਇੰਨੇ ਨੂੰ ਦੋ ਸਿੰਘ ਆਏ, ਮੱਥਾ ਟੇਕ ਕੇ ਹਜ਼ੂਰੀ ਵਿਚ ਅਰਦਾਸ ਕੀਤੀ : ਪਾਤਸ਼ਾਹ ! ਦੁਨੀ ਚੰਦ ਰਾਤ ਨੂੰ ਆਪਣੇ ਸਾਥੀ – ਜੋ ਉਹ ਮਾਝੇ ਤੋਂ ਹਜ਼ੂਰ ਦੀ ਸੇਵਾ ਵਿਚ ਲੜਨ ਵਾਸਤੇ ਲਿਆਇਆ ਸੀ – ਨਾਲ ਲੈ ਕੇ ਭੱਜ ਗਿਆ ਹੈ। ਮੱਟੂ ਸਿੰਘ ਸੇਵਾ ਸਿੰਘ ਭੀ ਨਾਲ ਚਲੇ ਗਏ ਹਨ।

ਗੁਰੂ ਜੀ-ਰਾਤ ਕੋਈ ਨਵਾਂ ਕਾਰਣ ਵਰਤਿਆ ?

ਸਿੰਘ-ਨਵੀਂ ਗੱਲ ਤਾਂ, ਪਾਤਸ਼ਾਹ ਜੀਓ ! ਕੋਈ ਨਹੀਂ ਹੋਈ। ਕਲ ਜੋ ਸੰਝਾਂ ਵੇਲੇ ਸ੍ਰੀ ਮੁਖ ਤੋਂ ਉਚਾਰ ਹੋਇਆ ਸੀ ਕਿ ਦੁਨੀ ਚੰਦ ਰਾਜਿਆਂ ਦੇ ਹਾਥੀ ਨੂੰ ਮਾਰ ਮੋੜੇਗਾ, ਉਸ ਤੋਂ ਉਹ ਡਰ ਗਿਆ ਤੇ ਜਿੰਦ ਜਾਣ ਦਾ ਭੈ ਖਾਕੇ ਟੁਰ ਗਿਆ ਹੈ।

ਗੁਰੂ ਜੀ-ਇਹ ਕਿਵੇਂ ਪਤਾ ਲਗਾ ਹੈ ਨੇ ਕਿ ਇਸ ਕਰਕੇ ਭੱਜ ਗਿਆ ਹੈ ?

ਸਿੰਘ-ਪਾਤਸ਼ਾਹ ! ਰਾਤ ਨੂੰ ਉਹ ਚੰਗੇ ਚੰਗੇ ਸਿੰਘਾਂ ਨੂੰ ਮਿਲਦਾ ਤੇ ਭੱਜ ਜਾਣ ਦੀ ਪ੍ਰੇਰਨਾ ਕਰਦਾ ਰਿਹਾ ਹੈ। ਸ੍ਰੀ ਗੁਰਬਖਸ਼ ਸਿੰਘ ਜੀ (ਰਾਮਕੁਇਰ) ਨਾਲ ਢੇਰ ਚਿਰ ਵਿਚਾਰ ਰਹੀ, ਉਹਨਾਂ ਨੇ ਬਥੇਰਾ ਸਮਝਾਇਆ, ਉਸ ਨੂੰ ਖੁਹਲ ਕੇ ਦੱਸਿਓ ਨੇ ਕਿ -

ਅਧਿਕ ਭਾਗ ਤੇਰੇ ਕੁਛ ਜਾਗੇ। ਜਾਂ ਪਰ
ਕ੍ਰਿਪਾ ਸਿੰਧ ਅਨੁਰਾਗੇ। ਕਾਜ ਆਪਨਾ ਕਰ
ਹੈਂ ਆਪੇ। ਤੇਰੋ ਕਰਿ ਹੈਂ ਅਧਿਕ ਪ੍ਰਤਾਪੇ।। ੧੩੩।।

(ਗੁਰ ਬਿਲਾਸ ਸੁਖਾ ਸਿੰਘ)

ਫੇਰ ਉਨ੍ਹਾਂ ਨੇ ਆਖਿਆ ਕਿ ਦੁਨੀ ਚੰਦ ! ਤਕੜਾ ਹੋ, ਸਾਹਿਬ ਸਭਾ ਵਿਚ ਬੈਠ ਕੇ ਲੱਖਾਂ ਵਿਚੋਂ ਇਕ ਨੂੰ ਸੱਦੇ ਤਾਂ ਉਹ ਮਾਲਕ ਤੋਂ ਸਦਕੇ ਹੋ ਜਾਏ। ਦੇਖੋ ਸਾਡਾ ਸਾਹਿਬ ਤਾਂ 'ਆਪ' ਹੈ, ਉਨ੍ਹਾਂ ਦੀ ਦੱਸੀ ਸੇਵਾ ਵਿਚ ਉਨ੍ਹਾਂ ਦਾ ਲਾਭ ਨਹੀਂ, ਉਹ ਹਾਨ ਲਾਭ ਤੋਂ ਉੱਚੇ ਵਰਤਦੇ ਹਨ, ਉਸ ਵਿਚ ਲਾਭ ਸਾਡਾ ਹੁੰਦਾ ਹੈ। ਦੁਨੀ ਚੰਦ! ਸੇਵਾ ਬਹਾਨਾ ਹੁੰਦਾ ਹੈ ਸਾਹਿਬ ਦੀ ਮਿਹਰ ਦਾ। ਪਰ ਦੁਨੀ ਚੰਦ ਨੂੰ ਮੌਤ ਦਾ ਭੈ ਬਹੁਤ ਤ੍ਰਾਸ ਦੇ ਰਿਹਾ ਸੀ, ਆਖਣ ਲੱਗਾ: "ਹਾਥੀ ਨੇ ਜਦ ਮੈਨੂੰ ਚੀਰ ਸੁਟਿਆ, ਤਾਂ ਮੈਂ ਨਿਮਾਣੇ, ਜਸ ਤੇ ਪ੍ਰਤਾਪ ਨੂੰ ਕੀ ਕਰਨਾ ਹੈ?" ਉਨ੍ਹਾ ਨੇ ਸਮਝਾਇਆ ਜੋ ਤੈਨੂੰ ਹਾਥੀ ਦੇ ਮੂਹਰੇ ਘੱਲਦੇ ਹਨ ਸੋ ਤੈਨੂੰ ਸ਼ੇਰ ਦਾ ਬਲ ਦਾਨ ਕਰਨਗੇ, ਤੂੰ ਭਰੋਸਾ ਧਾਰ, ਸੂਰਮਾ ਬਣ। ਮੌਤ ਦਾ ਵਿਚਾਰ ਬੀ ਕਰ ਲੈ; ਸਿੱਖ ਸੂਰਮਾ ਮੌਤ ਨੂੰ ਲਾੜੀ ਵਾਂਙੂ ਵਰਦਾ ਹੈ ਤੇ ਪਰਮੇਸ਼ੁਰ ਦੇ ਪਿਆਰੇ ਨੂੰ ਮੌਤ ਦਾ ਭੈ ਹੁੰਦਾ ਹੀ ਨਹੀਂ। ਸਤਿਗੁਰਾਂ ਸਾਨੂੰ ਸਾਰਿਆਂ ਨੂੰ ਪਹਿਲਾਂ ਜੀਉਣ ਦੀ ਜਾਚ ਸਿਖਾਈ ਹੈ ਕਿ ਜਗਤ ਵਿਚ ਐਉਂ ਜੀਵੀਏ; ਫਿਰ ਉਨ੍ਹਾਂ ਨੇ ਮਰਨ ਦੀ ਜਾਚ ਸਿਖਾਈ ਹੈ, ਕਿ ਐਉਂ ਮਰਨਾ ਇਸ ਤਰ੍ਹਾਂ ਦੇ ਜੀਉਣ

1. ਸੁਤੜੇ ਅਸੰਖ ਮਾਇਆ ਝੂਠੀ ਕਾਰਣੇ।। ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ।। (ਸਲੋ: ਵਾ: ਤੇ ਵ: ਮ: ੫-੧੩)

ਦਾ ਮਫਲ ਅੰਤ ਹੈ। ਮਰਨਾ ਇਕ ਛਿਨ ਹੈ, ਇਕ ਪਲਕਾਰਾ ਹੈ, ਮਰਨਾ ਇਥੋਂ ਅੱਖ ਮੀਟਣੀ ਹੈ, ਦੂਸਰੇ ਪਾਸੇ ਖੁਹਲਣੀ ਹੈ। ਮਰਨਾ ਹੁਣ ਮੌਤ ਦੀਹੰਦੀ ਹੈ ਪਰ ਮਰਕੇ ਕਿਸੇ ਹੋਰ ਹਾਲ ਵਿਚ ਨਵਾਂ ਜਨਮ ਹੁੰਦਾ ਹੈ। ਸੱਜਣਾ ! ਸਤਿਗੁਰ ਦੇ ਲਡਿਆਇਆ ! ਕਿਸੇ ਗੱਲੋ ਖੌਫ ਨਾ ਖਾਹ, ਹੌਲ ਦੇ ਹੱਥ ਹੀਅਰਾ ਨਾ ਸੌਂਪ। ਮੌਤ ਦੁਖਦਾਈ ਸ਼ੈ ਨਹੀਂ, ਪਰ ਮੌਤ ਦਾ ਭੈ ਦੁਖਦਾਤਾ ਹੈ, ਤ੍ਰਾਸ ਨਿਵਾਰ, ਡਰ ਦੂਰ ਕਰ, ਸ਼ੇਰ ਹੋਕੇ ਝਪਟ। ਪਰ ਦੁਨੀ ਚੰਦ ਤੇ ਕੋਈ ਅਸਰ ਨਾ ਹੋਇਆ। ਮੌਤ ਦੇ ਹੌਲ ਨੇ ਉਸ ਨੂੰ ਜੀਉਂਦਿਆਂ ਹੀ ਮਾਰ ਛਡਿਆ ਸੀ। ਉਥੋਂ ਉਠਕੇ ਮਝੈਲਾਂ ਦੇ ਮੋਰਚੇ ਵਿਚ ਗਿਆ ਤੇ ਪ੍ਰੇਰਨਾ ਕਰਕੇ ਅੱਧੀ ਰਾਤ ਪਿਛਲੇ ਪਾਸਿਓਂ ਬਹੁਤ ਸਾਥੀਆਂ ਸਣੇ ਉਠ ਟੁਰਿਆ।

ਸ੍ਰੀ ਗੁਰੂ ਜੀ ਸੁਣਕੇ ਚੁਪ ਹੋ ਗਏ,

ਪੁਨ ਬੋਲੇ ਮਹਾਰਾਜ ਜੂ ਕ੍ਰਿਪਾ ਸਿੰਧ ਬਰਦਾਨ:
'ਸਨਮੁਖ ਜੋ ਸੋ ਮੇਲ ਲਿਹੁ ਭਜੈ ਸੋ ਦੇਵਹੁ ਜਾਨੁ।।'
(ਗੁਰ ਬਿਲਾਸ)

ਮੌਤ ਤੋਂ ਡਰਦਾ ਭੱਜਿਆ ਹੈ ਦੁਨੀ ਚੰਦ, ਸਾਡੇ ਪਾਰ ਗਿਰਾਮੀ ਪੂਰਨ ਪਦ ਦੇ ਸਿਖ ਭਾਈ ਸਾਲ੍ਹੋ ਦਾ ਪੋਤਾ; ਹਾਂ ਮੌਤ ਤੋਂ ਡਰਕੇ; ਪਰ ਮੌਤ ਸਾਹਮਣੇ ਖੜੀ ਹੈ। ਮੌਤ ਜੇ ਹਾਥੀ ਦੇ ਟਾਕਰੇ ਵਿਚ ਹੈ, ਤਾਂ ਕੀ ਹਰਛਿਨ, ਹਰ ਕਦਮ ਤੇ ਹਰ ਹਾਲ ਵਿਚ ਮੌਤ ਨਹੀਂ ਹੈ[1] ?

ਜੋ ਕਹੂੰ ਕਾਲ ਤੇ ਭਾਜਕੇ ਬਾਚਿਯਤ ਤੇ ਕਿਹਕੁੰਟ
ਕਹੋ ਭਜ ਜਈਐ ? ਆਗੇ ਹੂੰ ਕਾਲ ਧਰੇ
ਅਸਿ ਗਾਜਤ ਛਾਜਤ ਹੈ ਜਿਸ ਤੇ ਨਸਿ ਅਈਐ॥
ਐਸੋ ਨ ਕੈ ਗਯੋ ਕੋਈ ਸੁਦਾਵ ਰੇ ਜਾਹਿ
ਉਪਾਵ ਸੋ ਘਾਵ ਬਚਈਐ॥ ਜਾਤੇ ਨੇ ਛੂਟੀਐ
ਮੂੜ੍ਹ ਕਹੂ ਹਸਿ ਤਾਕੀ ਨ ਕਿਉ ਸ਼ਰਨਾਗਤੀ
ਪਈਐ॥ (ਬਚਿਤ੍ਰ ਨਾ: ਪਾ: ੧੦ ਛੰਦ ੯੭)

ਮਰਣੁ ਮਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ
ਪਰਵਾਣੋ ।। (ਵਡ: ਮ: ੧)

ਮਰਨ ਤੋਂ ਕਦੇ ਨਾ ਡਰੋ। ਮਰਨ ਤੋਂ ਡਰਕੇ ਨੱਸੇ ਹਨ ਮਝੈਲ ਸਾਥੀ ਮਸੰਦ ਦੇ। ਮਝੈਲ ਤਾਂ ਲੜਾਈ ਨਾਲ ਵਿਆਹੇ ਹਨ, ਜੰਗ ਉਹਨਾਂ ਦੇ ਗਲੇ ਪਿਆ ਹੈ, ਜੰਗ ਉਹਨਾਂ ਦੀ ਰੋਟੀ ਨਾਲ ਲਿਪਟਿਆ ਹੈ। ਹਾਂ, ਇਹ ਜੀਵਨ ਜੰਗ ਹੈ, ਅੰਗ ਅੰਗ ਵਿਚ, ਰਗ ਰਗ ਵਿਚ ਜੰਗ ਹੈ, ਹਾਂ, ਜਾਣ ਦਿਓ ਜੋ ਪਿੱਠ ਦੇ ਗਏ, ਪਿੱਠ ਦੇ ਗਿਆਂ ਦੀ ਪਿੱਠ ਵੀ ਨਾ ਵੇਖੋ ! ਸਨਮੁਖਾਂ ਦੇ ਮੁਖਾਂ ਦੇ ਦੀਦਾਰੇ ਲਓ! ਆਓ ਖਈ ਨਿੱਤਰੋ ! ਨਿਤੱਰੋ !

ਇਕ ਸਿੰਘ-ਪਾਤਸ਼ਾਹ ! ਰਾਤ ਜੋ ਹਾਥੀ ਵਾਲੀ ਖਬਰ ਆਈ ਸੀ ਉਹ ਸੱਚ ਹੈ, ਜਸਵਾਰੀਏ ਹਾਥੀ ਤਿਆਰ ਕਰ ਰਹੇ ਹਨ ਜੋ ਆਕੇ ਲੋਹਗੜ੍ਹ ਦੇ ਦਰਵਾਜ਼ੇ ਨੂੰ ਆਪਣੀਆਂ ਟੱਕਰਾਂ ਨਾਲ ਤੋੜ ਦਏਗਾ ਅਰ ਪਹਾੜੀਏ ਹੱਲਾ ਬੋਲਕੇ ਕਿਲ੍ਹਾ ਮਾਰ ਲੈਣਗੇ, ਇਸ ਨੂੰ ਉਹ ਆਪਣੀ ਜਿੱਤ ਦਾ ਅੱਧ ਮੰਨਦੇ ਹਨ।

ਗੁਰੂ ਜੀ(ਮੁਸਕ੍ਰਾਕੇ)-ਹਾਂ, ਮੇਰਾ ਕੋਈ ਸ਼ੇਰ ਉਸ ਹਾਥੀ ਦਾ ਮੱਥਾ ਵਿੰਨੇਗਾ, ਜੋ ਆਪਣਾ ਮਸਤਾਇਆ ਹਾਥੀ ਉਹਨਾਂ ਦੇ ਆਪਣੇ ਦਲ ਤੇ ਹੀ ਜਾ ਪਏਗਾ। 'ਕਰੇ ਪਰ ਨੂੰ ਆਵੇ ਘਰ ਨੂੰ'। ਸਾਡੇ ਲਈ ਸ਼ਿੰਗਾਰਿਆ ਹਾਥੀ ਉਹਨਾਂ ਦਾ ਹੀ ਸੰਘਾਰ ਕਰੇਗਾ। ਬਦੀ ਸਦਾ ਆਪਣੇ ਤੇ ਪੈਂਦੀ ਹੈ, ਨੇਕੀ ਪਾਣੀ ਉਤੇ ਤੇਲ ਦੀ ਛਿਟ ਵਾਂਗ ਸਾਰੇ ਪਸਰਦੀ ਹੈ।

ਫਿਰ ਮਹਾਰਾਜ ਜੀ ਚੁਫੇਰੇ ਤੱਕੇ ! ਆਪਣੇ ਦੁਆਲੇ ਬੈਠੇ ਖੜੇ ਸੂਰਮਿਆਂ ਦੇ ਸੁਹਣੇ ਚਿਹਰਿਆਂ ਉਤੇ ਉਹ 'ਵਿੰਨ੍ਹ-ਵੇਖਣੀ' ਨਜ਼ਰ ਲਿਸ਼ਕਾਰ ਵਾਂਙੂ ਫਿਰ ਗਈ। ਸ੍ਰੀ ਜੀ ਦੇ ਰਾਤ 'ਪਲੰਘ-ਪਹਿਰੇ' ਦਾ ਇਕ ਦਸਤਾ ਸੀ ਵੀਹ ਪੰਝੀ ਜਵਾਨਾਂ ਦਾ, ਇਹਨਾਂ ਵਿਚ ਇਕ ਸੂਰਮਾ ਸੀ ਬਚਿੱਤ੍ਰ ਸਿੰਘ[1], ਦੱਖਣੀ ਪੰਜ ਦਾ ਵਾਸੀ, ਮਾਈ ਦਾਸ ਨਾਇਕ ਦਾ ਪੋਤਾ। ਅੰਮ੍ਰਿਤ ਛਕਣ ਤੋਂ

---

1. ਦੁਨੀ ਚੰਦ ਦੀ ਇਹ ਦਸ਼ਾ ਹੋਈ ਕਿ ਜਦੋਂ ਮੋਰਚੇ ਤੋਂ ਰੱਸੇ ਦੇ ਆਸਰੇ ਹੇਠਾਂ ਪਲਮਿਆਂ ਤਾਂ ਉਸ ਦਾ ਸਰੀਰ ਗ੍ਰਾਂਡੀਲ ਤੇ ਵਜ਼ਨ ਵਿਚ ਭਾਰਾ ਹੋਣ ਕਰਕੇ ਰੱਸਾ ਟੁੱਟ ਗਿਆ ਤੇ ਉਹ ਇਕ ਟੰਗ ਦੇ ਭਾਰ ਢੱਠਾ, ਟੰਗ ਟੁਟ ਗਈ ਤੇ ਸਾਥੀ ਉਸਨੂੰ ਬੁਰੇ ਹਾਲ ਲੈ ਕੇ ਨਿਕਲੇ, ਫਿਰ ਮੰਜੇ ਤੇ ਪਾਕੇ ਅੰਮ੍ਰਿਤਸਰ ਲਿਆਏ। ਇਥੇ ਆ ਕੇ ਸੱਪ ਡਸਨ ਨਾਲ ਮਰ ਗਿਆ। ਦੁਨੀ ਚੰਦ ਭਾਈ ਸਾਲ੍ਹੋ ਪੰਜਵੇ ਸਤਿਗੁਰੂ ਜੀ ਦੇ ਪਰਮ ਪ੍ਰੇਮੀ ਸਿਖ, ਸਿੱਧ ਅਵਸਥਾ ਦੇ ਤਪੱਸਵੀ ਤੇ ਪਰਉਪਕਾਰੀ ਦਾ ਪੋਤਾ ਸੀ। ਇਨ੍ਹਾਂ ਨੇ ਇਕ ਤਲਾ ਤਦੋਂ ਪੁੱਟਿਆ ਸੀ ਜੋ ਭਾਈ ਸਾਲ੍ਹੋ ਦਾ ਟੋਭਾ ਵੱਜਦਾ ਸੀ ਜਿੱਥੇ ਹੁਣ ਗੁਰਦੁਆਰਾ ਹੈ, ਪਰ ਟੋਭਾ ਭਰ ਚੁਕਾ ਹੈ।

1. ਗੁਰੂ ਬਿਲਾਸ ਵਿਚ ਬਚਿੱਤ੍ਰ ਸਿੰਘ ਦਾ ਵੇਸ਼ ਬਹਿਰੂਪ ਲਿਖਿਆ ਹੈ। ਸੂਰਜ ਪ੍ਰਕਾਸ਼ ਵਿਚ ਉਸਦਾ ਬਹੁਤ ਕਪੜੇ ਬਦਲਨ ਕਰਕੇ, ਗੁਰੂ ਜੀ ਦਾ ਬਿਲਾਸ ਨਾਲ ਉਸ ਨੂੰ ਬਹੁ ਰੂਪੀ ਸਦਦੇ ਦੱਸਿਆ ਹੈ। ਤਵਾਰੀਖ ਖਾਲਸਾ ਵਿਚ ਇਹਨਾਂ ਦੀ ਪਹਿਲੀ ਜਾਤ ਰਾਠੌਰ ਰਾਜਪੂਤ ਦੱਸੀ ਹੈ (ਸਫਾ ੧੧੪੯ ਦੂਸਰੀ ਐਡੀ : ੧,੩) ਏਹ ਅਲੀਪੁਰ (ਮੁਲਤਾਨ) ਦੇ ਵਸਨੀਕ ਸਨ। ਪੰਜ ਭਰਾ ਸਨ, ਪਿਤਾ ਮਨੀ ਰਾਮ ਸਣੇ ਦਸਮੇ ਪਾਤਸ਼ਾਹ ਦੀ ਸ਼ਰਨ ਆਏ ਸਨ ਤੇ ਸਨ ਰਾਜਪੂਤ। ਦੇਖੋ ਪਿਛੇ ਸਫਾ ੨੩੦ ਕਾਲਮ ੧, ਸਤਰ ੨੪

ਪਹਿਲੇ ਦਾ ਸੀ ਰਾਜਪੂਤ। ਇਸ ਸੂਰਮੇ ਪੁਰ ਓਹ ਅਰਸ਼ਾਂ ਤੋ ਆਈ ਨਜ਼ਰ ਜਾ ਟਿਕੀ। ਉਸ ਦੇ ਹੱਥ ਭਾਲਾ ਸੀ, ਕਿਸੇ ਪਿਆਰ ਭਰੀ ਆਪਾ ਨੁਛਾਵਰ ਪ੍ਰੀਤੀ ਵਿਚ ਖੜਾ ਸੀ, ਕਿ ਸ੍ਰੀ ਜੀ ਨੇ ਆਵਾਜ਼ ਦਿਤੀ-"ਹੇ ਮੇਰੇ ਸ਼ੇਰ ਬਚਿੱਤ੍ਰ ਸਿੰਘ ! ਚਿੰਘਾੜਦੇ ਮਦ ਮੱਤੇ ਹਾਥੀ ਦਾ ਮੂੰਹ ਤੂੰ ਮੋੜਨਾਂ ਹੈ ਤੇਰੀ ਨੇਜ਼ੇ ਬਾਜ਼ੀ ਨੇ ਅਜ ਸਫ਼ਲ ਹੋਣਾ ਹੈ, ਤਿਆਰ ਹੋ ਜਾਓ ਤੇ ਲੋਹਗੜ੍ਹ ਵਿਚ ਚਲੇ ਜਾਓ।"

ਇਹ ਸੁਣਕੇ-ਸੂਰਮਾ ਅੱਗੇ ਵਧਿਆ, ਸਿਰ ਨਿਵਾਕੇ ਹੱਥ ਜੋੜਕੇ ਬੋਲਿਆ :-

ਜੀਤ ਹਾਰ ਜਾਨੌਂ ਨਹੀਂ ਦਜਾਲਾ॥ ਹੁਕਮ ਮਾਨ ਸਿਰ ਧਰੌਂ ਉਤਾਲਾ॥ ਸੇਵਕ ਚਲਜੋ ਓਰ ਤਿਹ ਜੈਹੈ। ਜਿਹ ਦਿਸ਼ ਦਇਆ ਸਿੰਧੁ ਫੁਰਮੈ ਹੈਂ॥ (ਗੁ: ਬਿ: ਸੁਖਾ: ਸਿੰਘ)

ਮੋਹਿ ਮਰਨ ਕੀ ਚਿੰਤ ਨ ਕਾਈ ਤੁਮਹਿ ਦਾਸ ਕੀ ਲਾਜਾ। ਪਰੋ ਹੋਨ ਮਿਸ ਮੇਰੋ ਇਕ ਹੈ ਆਪ ਕਰਹੁ ਨਿਜ ਕਾਜਾ॥੧੨॥ (ਸੂ: ਪ੍ਰ:)

ਸ੍ਰੀ ਗੁਰੂ ਜੀ ਸੁਣ ਕੇ ਬੜੇ ਪ੍ਰਸੰਨ ਹੋਏ, ਸਿਖ ਨੂੰ ਥਾਪੜਾ ਦੇ ਕੇ ਅਸ਼ੀਰਬਾਦ ਦਿੱਤੀ : "ਮੇਰਾ ਸ਼ੇਰ, ਮੇਰਾ ਸ਼ੇਰ" ਦੇ ਪਿਆਰ ਨਾਲ ਪੁਕਾਰਿਆ।

ਬਚਿੱਤ੍ਰ ਸਿੰਘ ਬੜਾ ਸੂਰਮਾ ਸੀ, ਕੱਦ ਦਾ ਜ਼ਰਾ ਲੰਮੇਰਾ; ਨੇਜ਼ੇਬਾਜ਼ੀ ਨਾਲ ਸਾਰੇ ਅੰਗਾਂ ਵਿਚ ਮਜ਼ਬੂਤ ਬੀਰ ਸੀ, ਗੁਰਚਰਣਾਂ ਤੇ ਪੂਰੇ ਭਰੋਸੇ ਵਾਲਾ ਸੀ। ਇਹ ਨਿਰਭੈ ਸੂਰਮਾਂ ਆਪਣੇ ਕਠਨ ਕੰਮ ਲਈ ਤਿਆਰ ਹੋ ਗਿਆ। ਇਸ ਤਰ੍ਹਾਂ ਉਸ ਨੇ ਜਦ ਆਪਣੇ ਆਪ ਨੂੰ ਕੱਸ ਕਸਾ ਕਿ ਤਿਆਰ ਕਰ ਲਿਆ ਤਾਂ ਸਤਿਗੁਰ ਜੀ ਨੇ ਉਸਨੂੰ ਇਕ ਕੀਮਤੀ ਨੇਜ਼ਾ ਦਿੱਤਾ, ਜਿਸ ਦਾ ਲੰਮਾ ਦਸਤਾ ਐਸੀ ਤਰ੍ਹਾਂ ਬਣਾਇਆ ਗਿਆ ਸੀ ਕਿ ਜ਼ੋਰ ਪਏ ਤੇ ਲਿਫਕੇ ਦੋਹਰਾ ਹੋ ਜਾਵੇ ਪਰ ਟੁੱਟੇ ਨਹੀਂ! ਇਹ ਨੇਜ਼ਾ ਸਤਿਗੁਰ ਜੀ ਨੇ ਆਪਣੇ ਖਜ਼ਾਨੇ ਤੋਂ ਮੰਗਾ ਕਿ ਬੱਚਿੱਤ੍ਰ ਸਿੰਘ ਨੂੰ ਹਾਥੀ ਦਾ ਮੱਥਾ ਫੋੜਨ ਲਈ ਦਿੱਤਾ। ਇਕ ਸੁਬਕ ਪਰ ਅਤਿ ਮਜ਼ਬੂਤ ਘੋੜਾ ਜੋ ਨੇਜ਼ੇਬਾਜ਼ੀਆਂ ਤੇ ਚੌਗਾਨੀ ਖੇਡਾਂ ਵਿਚ ਸਿੱਖਿਆ ਹੋਇਆ ਸੀ, ਉਹ ਅਸਵਾਰੀ ਲਈ ਬਖਸ਼ਿਆ। ਸਤਿਗੁਰਾਂ ਦਾ ਥਾਪੜਾ ਪਿਆਰ ਤੇ ਅਸੀਸ ਲੈ ਕੇ ਸਿੰਘ ਘੋੜੇ ਤੇ ਅਸਵਾਰ ਹੋ ਮੁੱਛਾਂ ਨੂੰ ਤਾਉ ਦਿੰਦਾ ਬਲਕਾਰ ਤੇ ਉਮਾਹ ਨਾਲ ਡੁਲ੍ਹ ਡੁਲ੍ਹ ਪੈਂਦਾ ਲੋਹਗੜ੍ਹ ਨੂੰ ਤੁਰ ਪਿਆ :-

ਭੌਹੈ ਚਢੀ ਕਮਾਨ ਮਨਿੰਦੈ ਮੂਛਨ ਪਰ ਕਰ ਫੇਰਾ। ਖੜਗ ਸਿਪਰ ਤੇ ਕਮਰਕਸੀ ਦਿਢ ਬਰਛਾ ਕਰ ਮਹਿ ਫੇਰਾ॥੨੯॥ ਬਖਸ਼ਜੋ ਬਲਖਿਸਾਲ ਕਲਗੀਧਰ ਵਧ ਗਜੋ ਮਨ ਉਤਸ਼ਾਹੂ। ਕੁੰਚਰ ਕੋ ਪਪੀਲਕਾ ਜਾਨਤ 'ਹਤੌਂ ਤੁਰਤ ਰਣਮਾਂਹੂ॥੩੦॥ ਵਧਜੋ ਪ੍ਰਮੋਦ ਭਯੋ ਤਬ ਗਦਗਦ ਪਰਜੋ ਚਰਨ ਗੁਰ ਆਗੇ। ਦੇ ਥਾਪੀ ਤਤਕਾਲ ਉਠਾਯੋ :- 'ਕਰਹੁ ਜੁੱਧ ਅਨੁਰਾਗੇ'॥੩੧॥ ਚਤੁਰ ਪ੍ਰਦਛਨਾ ਦੇ ਪ੍ਰਭ ਕੇਰੀ ਸਭ ਮੌਂ ਫਤੇ ਬੁਲਾਈ। ਪਿਖਤ ਖਾਲਸਾ ਚਲਜੋ ਅੱਗ੍ਰ ਕੋ ਅਸੁ ਪਰ ਦ੍ਰਿਸ਼ਟਿ ਚਲਾਈ॥੩੨॥ ਕਰ ਬੰਦਨ ਪਗ ਭਯੋ ਅਰੂਢਨਿ, ਬਰਛਾ ਹਾਥ ਹੁਲਾਰਾ। ਦੂਸਰ ਕਰ ਮਹਿੰ ਬਾਗ ਤੁਰੰਗ ਕੀ ਲੈ ਗੁਰ ਨਾਮ ਪਧਾਰਾ॥੩੩॥ (ਸੂ: ਪ੍ਰ:)

੨.

**ਇਧਰ** ਸ੍ਰੀ ਸਤਿਗੁਰ ਜੀ ਨੇ ਅੱਜ ਦੀ ਸਾਰੀ ਜੰਗ ਵਿਉਂਤ ਸਿਰਕਰਦਿਆਂ ਨੂੰ ਸਮਝਾ ਦਿੱਤੀ, ਆਪੋ ਆਪਣੇ ਥਾਂ ਤੇ ਟਿਕਾਣੇ ਸਾਰੇ ਲੱਗ ਗਏ। ਸਤਿਗੁਰੂ ਜੀ ਆਪ ਇਕ ਉੱਚੇ ਦਮਦਮੇ ਤੇ ਜਾ ਬੈਠੇ ਜੋ ਜੰਗ ਦਾ ਸਾਰਾ ਮੈਦਾਨ ਅੱਖਾਂ ਦੇ ਸਾਹਮਣੇ ਰਹੇ। ਜੋ ਤਮਾਸ਼ਾ ਅੱਜ ਵਰਤਣਾ ਹੈ ਸਾਰਾ ਦਿੱਸੇ ਤੇ ਹਰ ਵਕਤ ਦੀ ਲੋੜ ਤੇ ਜੋ ਕੁਛ ਸਿਖਮਤ, ਹੁਕਮ ਦੇਣਾ ਹੋਵੇ ਸੋ ਉਥੋਂ ਦੇਖ ਕੇ ਦੇ ਸਕਣ। ਉਦੈ ਸਿੰਘ ਆਲਮ ਸਿੰਘ ਵਰਗੇ ਸੂਰਮੇ ਤੇ ਦਾਨੇ ਪਾਸ ਹੋ ਬੈਠੇ।

ਦੂਸਰੇ ਪਾਸੇ ਵਲੋਂ ਦਲ ਵਧਿਆ; ਅੱਗੇ ਹਰਾਵਲ, ਫੇਰ ਰਾਜਾ ਕੇਸਰੀ ਚੰਦ ਘੋੜੇ ਤੇ ਸ੍ਵਾਰ, ਮਗਰ ਸ਼ਰਾਬ ਪਿਲਾ ਕੇ ਮਸ੍ਤ ਕੀਤਾ ਗਰਾਂਡੀਲ ਭੂਰਾ ਹਾਥੀ, ਜਿਸ ਦੇ ਮੱਥੇ ਤੇ ਲੋਹੇ ਦਾ ਤਵਾ ਬੱਧਾ ਸੀ ਤੇ ਸਰੀਰ ਪਰ ਬੀ ਰਾਖੀ ਦੇ ਸਾਮਾਨ ਲਾਏ ਸੇ। ਸੁੰਡ ਵਿਚ ਤਲਵਾਰ[1] ਬੱਧੀ ਸੀ ਜੋ ਓਹ ਸਜੇ ਖੱਬੇ ਉਲਾਰਦਾ ਸੀ। ਪਿੱਛੇ ਅਨਗਿਣਤ ਸੈਨਾ ਹੱਲੇ ਲਈ ਤਿਆਰ ਬਰ ਤਿਆਰ ਅੱਗੇ ਵਧੀ। ਇਹ ਦੇਖ ਕੇ ਆਲਮ ਸਿੰਘ ਨੇ ਆਖਿਆ :

---

1. ਐਉਂ ਬੀ ਦੱਸਦੇ ਹਨ ਕਿ ਇਕ ਅਨੋਖੀ ਤਰ੍ਹਾਂ ਦਾ ਬਰਛਾ ਸੁੰਡ ਦੇ ਉੱਪਰ ਵਾਰ ਕੱਸਿਆ ਸੀ, ਜਿਸ ਨੂੰ ਤਲਵਾਰ ਬੱਧੀ ਕਹਿੰਦੇ ਹਨ।

"ਜੀਉ ਜੀ ! ਇਹ ਕੇਸਰੀ ਚੰਦ ਬੜੇ ਹੰਕਾਰ ਵਿਚ ਆ ਰਿਹਾ ਹੈ, ਜੇ ਜੰਗ ਵਿਚ ਇਹੀ ਮਾਰਿਆ ਜਾਵੇ ਤਾਂ ਕਿਹਾ ਨਬੇੜਾ ਹੋ ਜਾਏ।"

ਗੁਰੂ ਜੀ-ਐਸਾ ਚਾਹੁਣਾ ਚੰਗਾ ਨਹੀਂ, ਰਣ ਮੈਦਾਨ ਹੈ, ਖੁੱਲ੍ਹੇ ਜੰਗ ਦਾ ਅਵਸਰ ਹੈ, ਕੋਈ ਵਧੇ ਲੜੇ, ਜਾਨ ਅਰਪੇ, ਮਰੇ ਮਾਰੇ।

ਆਲਮ ਸਿੰਘ-ਕੋਈ ਬੀਰ ਬਾਂਕਰਾ ਸਿੰਘ ਸੂਰਮਾ ਘੱਲੋ, ਜੋ ਬਚਿੱਤ੍ਰ ਸਿੰਘ ਤਾਂ ਹਾਥੀ ਨਾਲ ਜੂਝੇ ਤੇ ਓਹ ਕੇਸਰੀ ਨੂੰ ਵੰਗਾਰ ਕੇ ਆਖੇ : "ਬਈ ਆ ਦੋ ਦੋ ਹੱਥ ਹੋ ਜਾਣ।"

ਇਹ ਸੁਣਕੇ ਗੁਰੂ ਜੀ ਬੋਲੇ :- 'ਆਪਣਾ ਸਿਰ ਤਲੀ ਤੇ ਧਰ ਕੇ ਕੋਈ ਨਿੱਤਰੇ, ਵਧੇ, ਸਨਮੁਖ ਮਾਰਨਾ ਮਰਨਾ ਜੰਗ ਦਾ ਧਰਮ ਹੈ'। ਤਦ ਉਦੈ ਸਿੰਘ ਜੀ ਨੇ ਖੜੋ ਕੇ ਬੇਨਤੀ ਕੀਤੀ : "ਪਾਤਸ਼ਾਹ ! ਆਪ ਦੀ ਆਗਜਾ ਹੋਵੇ ਤਾਂ ਆਪ ਦੇ ਬਲ ਦੇ ਆਸਰੇ ਮੈਂ ਇਹ ਵੰਗਾਰ ਜਾ ਕੇ ਪਾਉਂਦਾ ਹਾਂ। ਰਣਤੱਤੇ ਵਿਚ ਇਸ ਮਹਾਂ ਗੁਮਾਨੀ ਗਰਬੀਲੇ ਜੁਆਨ ਦਾ ਸਿਰ ਕੱਟਕੇ ਹਜ਼ੂਰੀ ਵਿਚ ਲਿਆਉਂਦਾ ਹਾਂ। ਉਹ ਆਪਣੇ ਦਲ ਨਾਲ ਹੈ, ਮੈਂ ਇਕੱਲੇ ਨੇ ਇਹ ਹਿੰਮਤ ਕਰਨੀ ਹੈ, ਆਹੂਤੀ ਵਾਂਙੂ ਪੈਣਾ ਹੈ ਪਰ ਜੇ ਆਪ ਮੇਹਰ ਕਰੋ ਤਾਂ ਮੈਂ ਸ਼ੱਤ੍ਰੂ ਦੇ ਐਨ ਦਲ ਵਿਚ ਅੱਪੜਕੇ ਹਮਲਾ ਕਰਾਂਗਾ। ਜੋਧਿਆਂ ਦੀਆਂ ਸਫ਼ਾਂ ਕੀਹ ? ਮੈਂ ਕਿਲ੍ਹੇ ਕੋਟਾਂ ਨੂੰ ਚੀਰ ਕੇ ਉਸ ਨਾਲ ਜੁਧ ਰਚਾਵਾਂਗਾ ਅਰ ਨਿਸਚੇ ਕਰ ਅਪਣੀ ਜੀਤ ਕਰਾਂਗਾ। ਸ੍ਰੀ ਜੀ ! ਆਪ ਮਾਲਕ ਪਾਲਕ ਹੋ, ਸ੍ਰੀ ਜੀ ਦੇ ਪ੍ਰਤਾਪ ਨਾਲ ਸਭ ਕੁਝ ਹੋ ਜਾਏਗਾ। ਦਲਾਂ ਦਾ ਭੈ ਨਹੀਂ ਆ ਰਿਹਾ, ਜਾਨ ਦਾ ਭੈ ਨਹੀਂ ਦਿਸ ਰਿਹਾ, ਬੱਸ ਇਹ ਦਿਸਦਾ ਹੈ ਕਿ ਮੈਂ ਦਲ ਚੀਰ ਕੇ ਰੰਘੜ, ਪਠਾਣ, ਪਹਾੜੀ ਸਫਾਂ ਚੀਰ ਕੇ ਜਾ ਸਿਰ ਤੇ ਕਰਾਚੋਲ ਦਾ ਚਮਕਾਰਾ ਮਾਰ ਸ਼ਿਕਾਰ ਨੱਪ ਲਿਆ ਹੈ। ਥਾਪੜਾ ਬਖਸ਼ੋ।"

ਇਹ ਸੁਣ ਕੇ ਆਪ ਵਲੋਂ ਉਦੈ ਸਿੰਘ ਲਈ ਇਕ ਰਣ ਮਚਿਆਂ ਵਿਚ ਲੜਨ ਦਾ ਸਿੱਖਿਆ ਹੋਇਆ ਘੋੜਾ ਮੰਗਵਾਇਆ ਗਿਆ। ਇਕ ਵਡੇਰੇ ਕੱਦ ਦੀ ਅਰ ਤ੍ਰਿਖੇ ਅਸਲੀ ਕਮਾਏ ਫੌਲਾਦ ਦੀ ਤਲਵਾਰ ਤੇ ਇਕ ਖਰਛਾ ਗੁਰੂ ਜੀ ਨੇ ਆਪ ਖਜ਼ਾਨੇ ਤੋਂ ਮੰਗਵਾਕੇ ਦਿੱਤਾ। ਹੁਣ ਦੂਸਰੇ ਸੂਰਮੇ ਉਦੈ ਸਿੰਘ ਜੀ ਆਗਜਾ ਲੈਕੇ ਟੁਰ ਪਏ ਤੇ ਲੋਹਗੜ੍ਹ ਜਾ ਪਹੁੰਚੇ।

ਨਾਹਰ ਸਿੰਘ ਕਿਲ੍ਹੇ ਦੇ ਵਿਚ ਜਥੇਦਾਰ ਸੀ ਤੇ ਸ਼ੇਰ ਸਿੰਘ ਲੋਹਗੜ੍ਹ ਦਾ ਦੂਸਰਾ ਯਾ ਨਾਇਬ ਜਥੇਦਾਰ ਖੜਾ ਸੀ। ਹਾਥੀ ਵਧਿਆ ਆ ਰਿਹਾ ਸੀ, ਦੁਵੱਲੀ ਨੇਜ਼ਿਆਂ ਵਾਲੇ ਸਨ ਤੇ ਅਗੋਂ ਰਸਤਾ ਸਾਫ ਕਰਨ ਲਈ ਬੰਦੂਕਚੀ ਤੇ ਤੀਰਕਮਾਨੀਏ ਸਨ, ਉਨ੍ਹਾਂ ਦਾ ਮੁੱਦਾ ਲੋਹਗੜ੍ਹ ਅੱਪੜਨਾ ਸੀ ਤੇ ਇਧਰੋਂ ਸਿੱਖਾਂ ਦੀ ਬਾੜ੍ਹ ਚਲ ਰਹੀ ਸੀ ਕਿ ਦੁਸ਼ਮਨ ਨੇੜੇ ਨਾ ਢੁੱਕ ਸਕੇ। ਦੁਵੱਲੀ ਗੋਲੀਆਂ ਚਲਣ ਦਾ ਨਕਸ਼ਾ ਕਵਿ ਸੰਤੋਖ ਸਿੰਘ ਜੀ ਨੇ ਦਿੱਤਾ ਹੈ :-

ਗੋਰੀਆਂ ਦੁਓਰੀਆਂ[1] ਸੁ ਛੋਰੀਆਂ ਸਰੀਰ ਫੋਰ[2]।
ਗੇਰੀਆਂ ਘਨੇਰੀਆਂ ਬਖੇਰੀਆਂ ਜੇ ਲੋਥ ਘੋਰ॥ ੬॥
ਮੁੰਡ ਤੁੰਡ ਟੂਟਿਗੇ ਪ੍ਰਚੰਡ ਹੀ ਘਮੰਡ ਘਾਲਿ[3]
ਟੂਟਿ ਹਾਥਿ ਪਾਇ ਗੇ ਸੁ ਜੰਗ ਕੰਪ ਸ੍ਰੋਣ ਡਾਲਿ[4]।
ਨੈਨ ਕਾਨ ਨਾਕ ਓਠ ਗ੍ਰੀਵ ਭਾਲ ਸੀਸ ਲਾਗ।
ਫੋਰ ਦੇਤਿ ਗੋਰੀਆਂ ਉਤਾਰ ਦੇਤਿ ਕਾਂਹੁ ਪਾਗ॥ ੭॥

ਸ੍ਵੈਯਾ:-

ਬਾਨ ਸਟਾ ਸਟ[5] ਛੂਟਿ ਚਲੇ ਗਨ ਬੀਰ ਕਟਾਕਟ ਹੋਨ ਲਗੇ। ਨਾਦ ਚਟਾਪਟ ਊਠਤ ਦੀਰਘ ਹੋਤ ਹਟਾਹਟ ਸੂਰ ਅਗੇ। ਤੀਖਨ ਭੀਖਨ[6] ਮਾਰ ਮਚੀ, ਰਜ ਸ੍ਰੋਣ ਰਚੀ, ਭਟ ਚੀਰ ਪਗੇ।[7] ਅੰਗਨ ਭੰਗ ਤੁਰੰਗ ਭਏ ਗਹਿ ਪੇਟ ਫਟੇ ਰਣਖੇਤ ਡਿਗੇ॥ ੮॥ ਛੂਛ ਫਿਰੇ ਹਿਹਨਾਵਤਿ ਹੈਂ ਹਯ, ਹਾਕ ਪੁਕਾਰਤ ਹੈਂ ਕਹਿ ਕੋਊ। ਭਾਰਥ ਦੂਸਰ ਹੋਤਿ ਭਇਓ ਜਨੁ ਮਾਰਿ ਮਰੇ ਕਿਹਠਾਂ ਭਟ ਦੋਊ। ਧੂਲ ਉਠੀ ਅੰਧਕਾਰ ਭਇਓ ਬਡ ਧੂਮ ਉਠਯੋ ਜਨੁ ਬਾਰਦ ਹੋਊ। ਹੋਹਿ ਪ੍ਰਕਾਸ਼ ਬਰੂਦ ਧੁਖੈਂ ਤੜਿਤਾ ਸਮਤਾ ਕਹੁ ਪਾਵਤਿ ਸੋਊ।

ਇਕ ਮੋਰਚੇ ਦਾ ਨਾਮ ਅਗਮ ਪੁਰਾ ਸੀ, ਪਹਿਲਾਂ ਦੁਸ਼ਮਨ ਦਲ ਦਾ ਸਾਰਾ ਜ਼ੋਰ ਇਸ ਪਾਸੇ ਪਿਆ :-

ਲੋਦੀ ਸੂਰ ਨਿਆਜ਼ੀ ਚਲੇ। ਬਾਵਣ ਖ਼ੈਲ ਪਠਾਣ ਜੁ ਭਲੇ। ਰਾਜੇ ਸਰਬ ਗਿਰਨ ਕੇ ਜਾਨਹੁ। ਗੁੱਜਰ ਰੰਘੜ ਅਧਿਕ ਪ੍ਰਮਾਨਹੁ। (ਗੁ: ਬਿ: ਸੁਖਾ: ਸਿੰਘ)

---

1.ਗੋਲੀਆਂ ਦੋਹਾਂ ਤਰਫੋਂ। 2.ਫੜਨ ਲਗੀਆਂ। 3.ਸਿਰ ਮੂੰਹ ਟੁੱਟ ਗਏ ਜ਼ੋਰ ਦਾ ਜੁੱਧ ਪੈਣ ਨਾਲ। 4.ਹੱਥ, ਪੈਰ ਜੰਘਾਂ, ਮੋਢੇ ਟੁੱਟ ਗਏ ਲਹੂ ਵਰ੍ਹ ਪਿਆ। 5.ਛੇਤੀ ਛੇਤੀ 6.ਭਿਆਨਕ। 7.ਸੂਰਮਿਆਂ ਦੇ ਕਪੜੇ ਲਹੂ ਨਾਲ ਭਿੱਜ ਗਏ।

ਇਸ ਹੱਲੇ ਵਿਚੋਂ ਕੇਸਰੀ ਚੰਦ ਮੁਹਰੇ ਦੇ ਦਸਤੇ ਵਿਚ ਸੀ। ਖਿਲਾਸਪੁਰੀਆ ਰਾਜਾ ਪਿੱਛੇ, ਕਟੋਚੀਏ ਹੰਡੂਰੀਏ ਸੱਜੇ ਖੱਬੇ ਹੋ ਗਏ। ਫਤੇ ਚੰਦ ਤੇ ਹੋਰ ਰਾਜੇ ਆਪੋ ਆਪਣੀ ਵੰਡ ਮੂਜਬ ਅੱਜ ਆਪ ਇਸੇ ਹੱਲੇ ਵਿਚ ਥਾਓਂ ਥਾਂਈਂ ਨਾਲ ਸਨ। ਅਗਮ ਪੁਰ ਤੇ ਬੜਾ ਜ਼ੋਰ ਪਿਆ, ਸਿੰਘਾਂ ਵੀ ਖੂਬ ਟਾਕਰਾ ਕੀਤਾ। ਬਹੁਤ ਦੇਰ ਦੁਵੱਲੀ ਕੱਟ ਵੱਢ ਹੋਈ। ਦੁਸ਼ਮਨ ਦਲ ਦਾ ਨੁਕਸਾਨ ਬੀ ਢੇਰ ਹੋਇਆ; ਪਰ ਉਹਨਾਂ ਦੀ ਗਿਣਤੀ ਬਹੁਤੀ ਸੀ। ਸਿੰਘ ਹੁਣ ਹੱਲੇ ਦੇ ਅੱਗੇ ਧਕੇਲੇ ਹੋਏ ਕਿਲ੍ਹੇ ਨੂੰ ਚਾਲੇ ਪਾ ਗਏ। ਅਰੀਮਪੁਰੇ ਦਾ ਮੋਰਚਾ ਵੈਰੀ ਨੇ ਖਾਲੀ ਵੇਖ ਕੇ ਮੱਲ ਲਿਆ, ਕੁਛ ਸੈਨਾਂ ਇਥੇ ਛੱਡੀ। ਬਾਕੀ ਸ਼ੱਤ੍ਰੂ ਦਲ ਹਾਥੀ ਨੂੰ ਅੱਗੇ ਲਾਈ ਲੋਹਗੜ੍ਹ ਨੂੰ ਵਧਿਆ।

ਮੋਰਚੇ ਤੋਂ ਧਕੇਲੇ ਹੋਏ ਸਿਖ[1] ਲੋਹਗੜ੍ਹ ਆ ਵੜੇ। ਹੁਣ ਵਧੇ ਆ ਰਹੇ ਪਹਾੜੀ ਦਲ ਪਰ ਕਿਲ੍ਹੇ ਤੋਂ ਗੋਲੀਆਂ ਦੀ ਵਰਖਾ ਹੋਣ ਲੱਗੀ। ਬੜੀ ਖੂਬੀ ਤੇ ਆਨ ਨਾਲ ਉਤੋਂ ਗੋਲੀ ਤੜਕੇ ਤੇ ਨਾਲੇ ਤੀਰ ਬਰਸਨ। ਉਸ ਸਮੇਂ ਦੀ ਬੰਦੂਕ ਅੱਜ ਵਾਂਗ ਛੇਤੀ ਛੇਤੀ ਨਹੀਂ ਚਲਦੀ ਸੀ। ਤਦ ਬੀ ਉਸ ਸਮੇਂ ਮੂਜਬ ਸਿੰਘਾਂ ਦੀ ਬੰਦੂਕ ਚਲਾਉਣੀ ਇਕ ਭਾਰੀ ਉਜਾਗਰੀ ਦੀ ਕਾਰੀਗਰੀ ਮੰਨੀ ਜਾਂਦੀ ਸੀ। ਪਰ ਸ਼ੱਤ੍ਰੂ ਦਲ ਗੋਲੀਆਂ ਖਾਂਦਾ ਜੋਸ਼ ਵਿਚ ਮੱਤਾ ਮਾਰ ਦੀ ਪ੍ਰਵਾਹ ਨਾ ਕਰਦਾ, ਢੱਠਿਆਂ ਦੀ ਸਾਰ ਬੀ ਨਾ ਲੈਂਦਾ ਅੱਗੇ ਵਧੀ ਆਇਆ। ਅੱਗੇ ਹਾਥੀ ਮਗਰ ਸੈਨਾਂ ਤਲਵਾਰਾਂ ਨੇਜ਼ੇ ਫੜੀ ਕਿਲ੍ਹੇ ਦੇ ਦਰਵਾਜ਼ੇ ਨੇੜੇ ਆ ਗਏ। ਕਿਲ੍ਹੇ ਦੇ ਅੰਦਰ ਵਿਚਾਰ ਹੋਈ ਕਿ ਹੁਣ ਬਚਿੱਤ੍ਰ ਸਿੰਘ ਦੇ ਅਚਾਨਕ ਨਿੱਤਰਣ ਦਾ ਵੇਲਾ ਹੈ। ਸਤਿਗੁਰ ਜੀ ਦੀ ਮਿਥੀ ਚਾਲ ਹੁਣ ਕਾਰਗਰ ਹੋਵੇਗੀ।

ਉਪਰੋਂ ਗੋਲੀ ਤੀਰ ਚਲ ਰਹੇ ਸਨ ਪਰ ਦੁਸ਼ਮਨ ਬੇਪ੍ਰਵਾਹ ਆ ਰਿਹਾ ਸੀ ਤੇ ਇਸ ਖਿਆਲ ਵਿਚ ਸੀ ਕਿ ਔਹ ਟੱਕਰ ਹਾਥੀ ਦੀ ਵੱਜੀ, ਔਹ ਢੱਠਾ ਬੂਹਾ, ਔਹ ਅਸੀਂ ਅੰਦਰ ਵੜੇ ਤੇ ਔਹ ਖੜੱਕੀ ਖੜਗ, ਕਤਲ ਕੀਤੇ ਸਾਰੇ ਤੇ ਮਾਰ ਲਿਆ ਕਿਲ੍ਹਾ। ਪਰ ਦੇਖੋ ਅਚਾਨਕ ਬੂਹਾ ਖੁਲ੍ਹਾ, ਵੈਰੀ ਸਮਝੇ ਕਿ ਕਿਲ੍ਹੇ ਵਾਲੇ ਸ਼ਰਨ ਮੰਗਣ ਆਉਣ ਲਗੇ ਹਨ ਰਤਾ ਕੁ ਠਿਠੰਬਰੇ, ਮਹਾਵਤ ਨੇ ਹਾਥੀ ਦੀ ਚਾਲ ਜ਼ਰਾ ਰੋਕੀ। ਦਰਵਾਜ਼ੇ ਵਿਚੋਂ ਉੱਡਦੇ ਸੱਪ ਵਾਂਗ ਘੋੜਾ ਝਪਟਿਆ, ਸੂਰੇ ਬਚਿੱਤ੍ਰ ਸਿੰਘ ਨੇ ਹਾਥੀ ਦੇ ਸਾਹਮਣੇ ਜਾ, ਸੁੰਡ ਦੀ ਤਲਵਾਰ ਦਾ ਦਾਉ ਬਚਾ, ਦੋਹਾਂ ਪੱਬਾਂ ਦਾ ਜ਼ੋਰ ਰਕਾਬਾਂ ਤੇ ਪਾ, ਵਾਗਾਂ ਵੀਣੀ ਤੇ ਸੱਟ ਨੇਜ਼ਾ ਇਸ ਜ਼ੋਰ ਦਾ ਹਾਥੀ ਦੇ ਮੱਥੇ ਤੇ ਮਾਰਿਆ ਕਿ ਲੋਹੇ ਦਾ ਤਵਾ ਚੀਰਕੇ ਮੱਥੇ ਵਿਚ ਜਾ ਧੱਸਿਆ। ਇਕ ਛਿਨ ਬਚਿੱਤ੍ਰ ਸਿੰਘ ਨੇ ਸੁੰਡ ਦੀ ਰੌ ਤੱਕੀ ਤੇ ਫੇਰ ਬਰਛੇ ਨੂੰ ਇਕ ਹੋਰ ਧੱਕਾ ਦੇ ਕੇ ਮਧਾਣੀ ਵਾਂਗ[1] ਫੇਰਿਆ ਤਾਂ ਮੱਥੇ ਤੋਂ ਹਾਥੀ ਦੇ ਲਹੂ ਦੀ ਧਾਰ ਛੁੱਟ ਪਈ।

ਬਚਿੱਤ੍ਰ ਸਿੰਘ ਦੇ ਹਾਥੀ ਦਾ ਮੱਥਾ ਫੋੜਨ ਦਾ ਸਮਾਂ ਕਵਿ ਸੰਤੋਖ ਸਿੰਘ ਜੀ ਨੇ ਇਉਂ ਬੱਧਾ; ਯਥਾ -

ਚਰਬਤ ਓਠਨ[2] ਲਾਲ ਬਿਲੋਚਨ ਫਰਕਤ ਮੂਛ
ਉਠਾਈ। ਭ੍ਰਿਕੁਟੀ ਚਢੀ ਕੁਟਿਲ, ਮੁਖ ਲਾਲੀ
ਸ਼ਮਸ ਮਹਾਂ ਛਬਿ ਛਾਈ॥ ੩੫॥ ਮਨਹੁ ਕ੍ਰੋਧ ਤੇ
ਸ਼ੇਰ ਸਟਾ ਉਠ ਭੀਖਨ[3] ਦਰਸ਼ਨ ਹੋਵਾ॥ ਤੋਮਰਿ
ਧਰਿਕੈ ਹਾਥ ਉਭਾਰਯੋ ਹਾਥੀ ਮਸਤਕ ਜੋਵਾ[4]॥ ੩੬॥
ਪਗ ਕੋ ਬਲ ਰਕਾਬ ਪਰ ਕਰਿਕੈ ਉਛਲਯੋ
ਆਸਨ ਛੋਰਾ। ਸਭ ਸਰੀਰ ਕੋ ਓਜ[5] ਸੰਭਰਿਕੈ
ਹਯ ਫਾਂਦਯੋ ਗਜ ਓਰਾ॥ ੩੭॥ ਸੈਫ ਬਚਾਇ
ਚਲਾਇ ਸੁ ਬਰਛਾ ਤਵ ਪੁਲਾਦੀ ਫੋਰਾ। ਬਰਜੋ
ਜਾਇ ਗਜ ਮਸਸਤਕ ਮੈਂ ਜਬ ਪੁਨ ਕਰਿ ਜ਼ੁਰਗ

1. ਅਰੀਮਪੁਰੇ ਦੇ ਸਿੰਘਾਂ ਨੇ ਬੜੀ ਸੂਰਮਗਤੀ ਵਿਖਾਈ ਤੇ ਥੋੜੇ ਹੋਣ ਤੇ ਵੀ ਸ਼ੱਤਰੂ ਦੀ ਸੈਨਾਂ ਦੇ ਆਹੂ ਲਾਹ ਦਿਤੇ। ਸਿੰਘ ਨਾਲੇ ਲੜਦੇ ਸਨ ਤੇ ਨਾਲੇ ਲੋਹਗੜ੍ਹ ਵਲ ਹਟਦੇ ਸਨ। ਅੱਜ ਦੀ ਸਿਖਾਂ ਦੀ ਵਿਉਂਤ ਇਹ ਸੀ ਕਿ ਅਰੀਮ ਪੁਰੇ ਵਲ ਸ਼ੱਤਰੂ ਦਲ ਜਦ ਬਹੁਤ ਇਕੱਠਾ ਹੋ ਜਾਏ ਤਦ ਉਸ ਨੂੰ ਲੋਹਗੜ੍ਹ ਆਉਣ ਦਾ ਦਾਉ ਦੇ ਦਿਤਾ ਜਾਵੇ ਇਥੇ ਭਾਈ ਬਚਿਤ੍ਰ ਸਿੰਘ ਤੋਂ ਵੈਰੀ ਦੇ ਹਾਥੀ ਨੂੰ ਪਿਛੇ ਭਜਵਾਕੇ ਵੈਰੀ ਦਲ ਦੇ ਗਲੇ ਪਾ ਦਿਤਾ ਜਾਵੇ ਤੇ ਬੇਤਰਤੀਬੀ ਮਚ ਜਾਵੇ। ਉਸ ਰੌਲੇ ਵੇਲੇ ਖਲ ਪਾਕੇ ਬਿਜੈ ਪਾਉਣ ਦਾ ਮੌਕਾ ਹੋਵੇਗਾ। ਪਹਾੜੀ ਰਾਜੇ ਸਿੰਘਾਂ ਦੀ ਜੰਗੀ ਚਾਲ ਨੂੰ ਨਾ ਸਮਝੇ। ਸਿੰਘਾਂ ਨੇ ਅਰੀਮ ਪੁਰ ਖਾਲੀ ਕਰਕੇ ਲੋਹਗੜ੍ਹ ਵਲ ਹਟਣ ਵਿਚ ਸਫਲਤਾ ਪ੍ਰਾਪਤ ਕੀਤੀ। ਪਹਾੜੀ ਰਾਜੇ ਆਪਣੀ ਜਿੱਤ ਜਾਣ ਹੰਕਾਰ ਵਿਚ ਅੰਨ੍ਹੇ ਵਾਹ ਬਿਨਾਂ ਸੋਚ ਵਿਚਾਰ ਕੀਤੇ ਲੋਹਗੜ੍ਹ ਦੇ ਸਾਹਮਣੇ ਠੀਕ ਉਸ ਥਾਂ ਤੇ ਸਾਰੇ ਟੁੱਟ ਪਏ, ਜਿਥੇ ਕਿ ਇਨ੍ਹਾਂ ਨੂੰ ਲਿਆਉਣ ਲਈ ਸਿੰਘ ਅਰੀਮ ਪੁਰੇ ਤੋਂ ਚਲੇ ਸਨ।

1. ਸ਼੍ਰੋਤ ਹੈ ਕਿ ਇਹ ਨੇਜ਼ਾ ਆਨੰਦਪੁਰ ਸਾਹਿਬ ਹੁਣ ਤਕ ਮੌਜੂਦ ਹੈ, ਇਹ ਅਰੋਂ ਵਰਮੇ ਦੀ ਸ਼ਕਲ ਦਾ ਲਪੇਟਵਾਂ ਹੋਣ ਕਰਕੇ ਨਾਗਣੀ ਅਖਵਾਂਦਾ ਹੈ, ਤੇ ਕਾਫ਼ੀ ਵਜ਼ਨੀ ਹੈ। ਭਾਈ ਸੰਤੋਖ ਸਿੰਘ ਜੀ ਇਸ ਸ਼ਸਤ੍ਰ ਲਈ ਨੇਜ਼ਾ ਤੇ ਬਰਛਾ ਦੋਏ ਲਫ਼ਜ਼ ਵਰਤਦੇ ਹਨ।

2. ਬਚਿੱਤ੍ਰ ਸਿੰਘ ਹੋਠ ਚਬਦਾ (ਬਾਹਰ ਨਿਕਲਿਆ)। 3. ਬਲੀ ਸ਼ੇਰ ਦੀ ਭਜਾਨਕ ਅੱਯਾਲ ਉਠੀ ਹੋਈ। 4. ਦੇਖਦਿਆਂ। 5. ਬਲ।

ਕਰ ਜੋਰਾ[1]॥ ੩੮॥ ਕਰਯੋ ਧਸਾਵਨ, ਪ੍ਰਵਿਸ਼ਜੋ ਐਸੇ ਉਪਮਾ ਕਹੌਂ ਬਨਾਈ :- ਕ੍ਰੌਂਚ ਸੈਲ ਮੈਂ ਜਿਮ ਸ਼ਿਵਨੰਦਨ ਬਰਛੀ ਮਾਰਿ ਧਸਾਈ[2]॥ ੩੯॥.... ਪੁਨ ਤੋਮਰ[3] ਕੋ ਦੋਨਹੂੰ ਕਰ ਮੈਂ ਬਲ ਤੇ ਬਹੁ ਝਕਝੋਰਾ। ਖੈਂਚਿ ਨਿਕਾਸਜੋ ਸ਼੍ਰੋਣਤ ਲਿਪਟਜੋ ਕੀਨਸ ਅਪਨੀ ਓਰਾ॥ ੪੨॥ ਬਰਛਾ ਲਗਤ ਚਿੰਘਾਰਜੋ ਦੀਰਘ ਕੁੰਚਰ[4] ਸੀਸ ਨਿਵਾਯੋ॥ ਜਨੁ ਗੁਰ ਸਿਖ ਕੇ ਬੰਦਨ ਠਾਠਜੋ 'ਮੈਂ ਭੂਲਜੋ ਇਤਆਯੋ'॥ ੪੩॥ (ਸੂ: ਪ੍ਰ: ਰੁ: ੪-੨੬)

ਹੁਣ ਹਾਥੀ ਕ੍ਰੋਧ ਭਰਿਆ ਪਿੱਛੇ ਮੁੜਿਆ। ਮੁੜਿਆ ਕੀ ਕਾਲ ਮਾਨੋ ਭਿਆਨਕ ਰੂਪ ਧਾਰ ਕੇ ਅਪਣੀ ਸੈਨਾਂ ਤੇ ਟੁੱਟ ਪਿਆ। ਜੋ ਨੇੜੇ ਆਇਆ ਉਹ ਪੈਰਾਂ ਹੇਠ ਦਲਿਆ ਗਿਆ, ਜੋ ਪਾਸ ਫਟਕਿਆ ਤਲਵਾਰ ਬੱਧੀ ਫਟਕ ਰਹੀ ਸੁੰਡ ਦਾ ਸ਼ਿਕਾਰ ਹੋਇਆ, ਜਿਸ ਨੇ ਉਸ ਨੂੰ ਮੋੜਨ ਦਾ ਯਤਨ ਕੀਤਾ ਉਹ ਪਾਰ ਬੋਲਿਆ। ਐਸਾ ਘਮਸਾਨ ਇਸ ਸ਼ਰਾਬ ਨਾਲ ਮਦਮਸਤ ਤੇ ਜ਼ਖਮ ਖਾ ਕੇ ਭੂਏ ਹੋਏ ਹਾਥੀ ਨੇ ਮਚਾਇਆ ਕਿ ਹਰ ਕਿਸੇ ਨੂੰ ਆਪਣੀ ਪੈ ਗਈ। ਉਹ ਜੋ ਚਾਉ ਭਰੇ ਇਕ ਮੋਰਚਾ ਮਾਰਕੇ ਹੰਕਾਰੇ ਹੋਏ, ਨਿਸ਼ਚੇ ਜਿੱਤ ਦੇ ਗਰਬ ਵਿਚ ਬੇਚਿੰਤ ਆ ਰਹੇ ਸਨ ਅਚਾਨਕ ਹਲਚਲ ਮਚ ਜਾਣ ਨਾਲ ਬੇ-ਤਰਤੀਬੀ ਵਿਚ ਉਠ ਨੱਸੇ ਤੇ ਤਿੱਤਰ ਬਿਤਰ ਹੋ ਇਕ ਦੂਜੇ ਤੇ ਪਏ ਡਿੱਗਣ। ਹਾਥੀ ਤਾਂ ਇਕ ਤਲਵਾਰ ਮਾਰੇ ਦੂਜੇ ਉਸ ਦੇ ਪੈਰ ਦਲਾਂ ਨੂੰ ਦਲਦੇ ਜਾਣ। ਗੱਲ ਕੀ ਇਸ ਮਾਰ ਤੇ ਮਾਰ ਨੇ ਪਟਾੜੀਆਂ ਦੀਆਂ ਸੱਤੇ ਸੁਧਾਂ ਭੁੱਲਾ ਦਿਤੀਆਂ ਤੇ ਉਹਨਾਂ ਦੀਆਂ ਅੱਖਾਂ ਸਾਹਮਣੇ ਪਰਲੋ ਦਾ ਨਕਸ਼ਾ ਖਿੱਚਿਆ ਗਿਆ।

ਇਸ ਬਿਪਤਾ ਵਿਚ, ਜੇ ਕਿਸੇ ਵੇਲੇ ਪਹਾੜੀਏ ਕੁਛ ਸਾਹਸ ਧਾਰ, ਹਾਥੀ ਨੂੰ ਪੁਚਕਾਰ ਤੇ ਲਲਕਾਰ ਕਿਲ੍ਹੇ ਵਲ ਮੋੜਨ ਦਾ ਯਤਨ ਕਰਦੇ ਤਦ ਕਿਲ੍ਹੇ ਤੇ ਬੈਠਿਆਂ ਸਿੰਘਾਂ ਦੇ ਇਸ਼ਾਰੇ ਤੋਂ ਭਾਈ ਬਚਿੱਤ੍ਰ ਸਿੰਘ ਜੀ ਤੇ ਹੋਰ ਅੱਗੇ ਵਧੇ ਜੋਧੇ ਲੰਮੇ ਲੰਮੇ ਨੇਜ਼ੇ ਦੀ ਅਣੀ ਨਾਲ ਹਾਥੀ ਨੂੰ ਪਿਛੋਂ ਟੁੰਬ ਦੇਂਦੇ, ਜਿਸ ਤੋਂ ਉਹ ਹੋਰ ਕ੍ਰੋਧਾਤੁਰ ਹੋ ਆਪਣੇ ਹੀ ਦਲ ਦਾ ਤਹਸ ਨਹਸ ਕਰਦਾ ਹੋਰ ਭਜਦਾ ਤੇ ਹੋਰ ਖਿਝ ਖਿਝਕੇ ਆਪਣੇ ਹੀ ਦਲ ਉੱਤੇ ਪੈਂਦਾ। ਕਵਿ ਸੰਤੋਖ ਸਿੰਘ ਜੀ ਆਪਣੇ ਸਮੇਂ ਦੀ ਵਾਰਤਾ ਲਿਖਦੇ ਹਨ ਕਿ ਹੁਣ ਤਕ ਪਹਾੜਾਂ ਵਿਚ ਕਹਾਵਤ ਵਰਤਦੇ ਹਨ ਕਿ 'ਫਲਾਣਾ ਜਸਵਾਰੀਆਂ ਦੇ ਹਾਥੀ ਵਾਂਙੂ ਘਰਦਿਆਂ ਤੇ ਹੀ ਆ ਪਿਆ'।

ਇਸ ਹਲਚਲੀ ਤੇ ਹਫਲਾ ਤਫ਼ਲੀ ਦਾ ਸਿੰਘਾਂ ਨੇ ਪੂਰਾ ਲਾਭ ਉਠਾਇਆ। ਸਿੱਖ ਜੋ ਅਗੇਮ ਪੂਰੇ ਦਾ ਮੋਰਚਾ ਛੱਡਕੇ ਮਾਨੋ ਹਾਰ ਖਾ ਆਏ ਸਨ, ਹੁਣ ਵੈਰੀ ਦਲ ਵਿਚ ਚੰਗਾ ਘਮਸਾਨ ਮਚਾ ਰਹੇ ਹਨ। ਲੋਹਗੜ੍ਹ ਦੇ ਕਿਲ੍ਹੇ ਤੋਂ ਤੀਰਾਂ ਦੀ ਬੁਛਾੜ ਪੈ ਰਹੀ ਹੈ ਤੇ ਗੋਲੀਆਂ ਚਲ ਰਹੀਆਂ ਹਨ ਤੇ ਇਧਰ ਹੇਠੋਂ ਸਿੰਘ ਹਾਥੀ ਦੀ ਪਾਈ ਵੈਰਾਨੀ ਵਿਚ ਵਧ ਵਧ ਕੇ ਪਟੇ ਬਾਜ਼ੀਆਂ ਵਿਖਾ ਰਹੇ ਹਨ :-

ਏਕ ਓਰ ਪ੍ਰਭ ਕੋ ਦਲ ਮਾਰਤ। ਦੂਜੀ ਓਰ ਗੋਇੰਦ ਪਛਾਰਤ। ਯੌ ਤੁਰਕਨ ਕੋ ਕਟਕ ਅਪਾਰਾ। ਕੀਨੋ ਮਾਰ ਪਲਕਮਹਿਂ ਛਾਰਾ॥ ੨੧੮॥ ਜੌਨ ਦਿਸ਼ਾ ਵਹਿ ਨਾਗ[1] ਸਿਧਾਰਤ ਹੋਤ ਸਥਾਰ ਅਰੈ ਦਲ ਜਾਈ। ਬਾਰਨ ਬਾਜ ਨ ਰਾਜ ਬਿਚਾਰਤ[2] ਪੈਦਲ ਸੈਨ ਗਿਰੈ ਬਹੁ ਭਾਈ। ਕਾਲ ਸਮਾਨ ਸੁ ਕ੍ਰੀੜਤ ਹੈ ਰਜ ਕੌਣ ਸਕੈ ਤਿਹ ਕੀ ਛਬਿ ਗਾਈ ? ਪੌਣ ਸਮਾਨ ਫਿਰਜੋ ਤਹਿ ਬਾਰਨ[3] ਅਭ੍ਰ[4] ਕਿਧੌਂ ਅਰਿ[5] ਸੈਨ ਪਲਾਈ॥ ੨੧੫॥ (ਗੁਰ ਬਿਲਾਸ-ਸੁਖਾ ਸਿੰਘ)

ਸਿੰਘ ਸੂਰਮੇ ਕਿਲ੍ਹੇ ਵਿਚੋਂ ਬੀ ਮੈਦਾਨ ਵਿਚ ਕੁੱਦ ਪਏ ਸਨ; ਆਲਮ ਸਿੰਘ, ਸ਼ੇਰ ਸਿੰਘ, ਨਾਹਰ ਸਿੰਘ, ਉਦੈ ਸਿੰਘ ਆਦਿ ਜਥੇਦਾਰ ਆਪੋ ਆਪਣਿਆਂ ਦਸਤਿਆਂ ਨਾਲ ਥਾਓਂ ਥਾਂਈਂ ਜੁੱਧ ਮਚਾ ਰਹੇ ਸਨ। ਬਚਿੱਤ੍ਰ ਸਿੰਘ ਆਪਣੇ ਜਿੱਤ ਦੇ ਜ਼ੋਰ ਵਿਚ ਦੂਣਾ ਜ਼ੋਰਦਾਰ ਹੋਇਆ ਵੈਰੀ ਦਲ ਨੂੰ ਦਬੱਲੀ ਜਾਂਦਾ ਸੀ। ਹੁਣ ਚੋਖਾ ਪਿੱਛੇ ਹਟਕੇ ਕੇਸਰੀ ਚੰਦ ਨੇ ਆਪਾ ਸੰਭਾਲਿਆ। ਕੁਛ ਸੂਰਮੇ ਜੋੜੇ ਤੇ ਫੇਰ ਟਾਕਰੇ ਤੇ ਆ ਖੜੋਤਾ। ਉਦੈ ਸਿੰਘ ਨੇ ਡਿੱਠਾ ਕਿ ਕੇਸਰੀ ਚੰਦ ਹੁਣ ਮੇਰੀ ਮਾਰ ਦੇ ਨੇੜੇ ਨੇੜੇ ਹੈ, ਲਲਕਾਰ ਲਲਕਾਰ ਕੇ ਤੇ ਜ਼ੋਰ ਪਾ ਪਾ ਕੇ ਆਪਣੀ ਖਿੰਡੀ ਸੈਨਾਂ ਸਮੇਟਦਾ ਹੈ। ਸੂਰਮਾਂ

1 ਦੋਹਾਂ ਹੱਥਾਂ ਦਾ ਜ਼ੋਰ ਕਰ ਕੇ। 2.ਕ੍ਰੌਂਚ ਪਹਾੜ ਵਿਚ ਜਿਵੇਂ ਸ਼ਿਵਜੀ ਦੇ ਪੁਤਰ (ਸ੍ਵਾਮ ਕਾਰਤਿਕ) ਨੇ ਬਰਛੀ ਮਾਰਕੇ ਧਸਾਈ ਹੈ। 3.ਖਰਛਾ। 4.ਹਾਥੀ ਨੇ।

1.ਹਾਥੀ। 2.ਹਾਥੀ ਘੋੜੇ ਤੇ ਰਾਜੇ(ਆਦਿ ਕਿਸੇ ਨੂੰ) ਨਹੀਂ ਵਿਚਾਰਦਾ। 3.ਰੋਕਣ ਹਿਤ। 4.ਬੱਦਲ। 5.ਵੈਰੀ।

ਧਨੁਖ ਬਾਣ ਲੈ ਸਿੰਘਾਂ ਨੂੰ ਮਾਰ ਰਿਹਾ ਹੈ ਤੇ ਆਪਣੀ ਵਲੋਂ ਕੋਈ ਕਸਰ ਨਹੀਂ ਛੱਡ ਰਿਹਾ। ਹੁਣ ਵੇਲਾ ਹੈ ਹਥੋ ਹਥ ਨਿਬੇੜਿਆਂ ਦਾ। ਇਸ ਵੇਲੇ ਉਦੈ ਸਿੰਘ ਨੇ ਦਾਉ ਤਾੜਿਆ, ਝੱਟ ਘੋੜੇ ਨੂੰ ਅੱਡੀ ਲਾ ਮੈਦਾਨ ਵਿਚ ਅੱਗੇ ਵਧਿਆ :-

ਉਦੈ ਸਿੰਘ ਤਬਿ ਧਾਯੋ ਬਰਛਾ ਹਾਥ ਲੈ।
ਮੋਰ ਮਨਿੰਦ ਨਚਾਯੋ, ਬਾਗ ਉਠਾਇ ਕਰ।
ਲਲਕਾਰਤ ਰਣ ਆਯੋ, ਬਾਹਰ ਨਿਕਸਿਕੈ।
ਜਥਾ ਸ਼ੇਰ ਗਰਜਾਯੋ ਦੇਖ ਮਤੰਗ ਗਨ॥ ੧੩॥ ...
ਊਦੈ ਸਿੰਘ ਤਬਿ ਚਮੂੰ ਚੀਰ ਸਭ ਕੀਨਸ ਬੇਗ ਬਿਲੰਦੰ॥ ਦਬਟਤ ਕਾਟਤਿ ਡਾਟਤਿ ਭਟ ਖਹੁ ਸਿਮਰ ਗੁਰੂ ਸੁਖਕੰਦੰ॥ ੧੭॥ ਜਹਾਂ ਕੇਸਰੀ ਚੰਦ ਖਰੋਵਾ ਬਾਨ ਕਮਾਨ ਸੰਧਾਨੇ[1]। ਭੌਹ ਅਮੈਂਠਤਿ ਐਂਚਤਿਬਲ ਕਰਿ ਸਿੰਘਨ ਕੋ ਹਤਿਹਾਨੇ॥ ੧੮॥ ਤਹਾਂ ਪਹੁੰਚਿ ਲਲਕਾਰਯੋ 'ਥਿਰੁ ਰਹੁ ਸਿੰਘ ਅਨਿਕ ਤੈਂ ਮਾਰੇ। ਸਭ ਕੋ ਪਲਟਾ ਛਿਨ ਮਹਿਂ ਲੈ ਹੌਂ ਕਹਾਂ ਛੋਭ ਤੂੰ ਧਾਰੇ'॥ ੧੯॥ (ਸੂ: ਪ੍ਰ:)

ਇਹ ਲਲਕਾਰ ਸੁਣ ਕੇ, ਇਕ ਮਹਾਨ ਬਲੀ ਸਿੰਘ ਜਥੇਦਾਰ ਸਿਰ ਤੇ ਅੱਪੜਿਆ ਦੇਖਕੇ, ਕੇਸਰੀ ਚੰਦ ਨੇ ਬੜੀ ਫੁਰਤੀ ਨਾਲ ਇਕ ਤੀਰ ਸਰ ਕੀਤਾ। ਇਹ ਤੀਰ ਉਦੈ ਸਿੰਘ ਜੀ ਦੇ ਘੋੜੇ ਦੀ ਖੁਰਗੀਨ ਵਿਚ ਲੱਗਾ। ਹੁਣ ਦਾਉ ਬਚਾ ਕੇ ਉਦੈ ਸਿੰਘ ਨੇ ਸ਼ਮਸ਼ੇਰ ਸੂਤੀ ਤੇ ਜਿਵੇਂ ਬਿਜਲੀ ਸ਼ੂੰਕਦੀ ਹੈ ਐਸਾ ਫੁਰਤੀਲਾ ਤੇ ਦਬਕਵਾਂ ਘੋੜੇ ਦਾ ਹੱਲਾ ਬੋਲਿਆ ਕਿ ਉੱਛਲਕੇ ਰਾਜੇ ਦਾ ਸਿਰ ਕੱਟਕੇ ਧਰਾ ਤੇ ਡੇਗ ਦਿਤਾ।

ਕੁੰਡਲ ਸਹਿਤ ਸ਼ੁਭਤ ਮੁਖ ਮੰਡਲ ਸਿਰ ਕੋ ਕਾਟਿ ਉਤਾਰਾ। ਧਰ ਪਰ ਧਰ ਤਤਕਾਲ ਪਰਯੋ ਗਿਰ ਮਹਾਂ ਸ਼ੱਤ੍ਰ ਕੋ ਮਾਰਾ॥ ੨੨॥ (ਸੂ: ਪ੍ਰਕਾਸ਼)

ਝਟ ਤਲਵਾਰ ਮਿਆਨ ਕਰ ਲਈ ਤੇ ਨੇਜ਼ਾ ਸੰਭਾਲਕੇ ਰਾਜੇ ਦੇ ਸੀਸ ਨੂੰ ਪ੍ਰੋਲਿਆ। ਹੁਣ ਉਦੈ ਸਿੰਘ ਨੇ ਘੋੜੇ ਨੂੰ ਅੱਡੀ ਲਾ ਵਾਗ ਮੋੜੀ ਤੇ ਹਵਾ ਵਾਂਙੂ ਉਡਦਾ ਕਿਲ੍ਹੇ ਦੇ ਅੰਦਰ ਜਾ ਪਹੁੰਚਾ। ਇਹ ਫੁਰਤੀਲੀ ਕਰਨੀ ਐਸੀ ਸੀ ਕਿ ਉਦੈ ਸਿੰਘ ਦੇ ਨਿਕਲ ਜਾਣ ਦੇ ਮਗਰੋਂ ਸ਼ੱਤ੍ਰੂ ਦਲ ਵਿਚ ਕੇਸਰੀ ਚੰਦ ਦੇ ਮਰ ਜਾਣ ਦੀ ਖ਼ਬਰ ਨੇ ਰਹੀ ਖਹੀ ਦਿਲਜਮੀ ਉਠਾ ਦਿੱਤੀ। ਉਧਰ ਉਦੈ ਸਿੰਘ ਦੇ ਕਿਲ੍ਹੇ ਵਿਚ ਪਹੁੰਚਦੇ ਸਾਰ ਲੋਹਗੜ੍ਹ ਤੋਂ ਹੋਰ ਸੈਨਾਂ ਨਿਕਲੀ ਤੇ ਇਕ ਹੋਰ ਕਰੜਾ ਹੱਲਾ ਬੋਲ ਦਿਤਾ। ਮੋਹਕਮ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ ਜਥੇਦਾਰ ਹੁਣ ਲਗੇ ਅੱਜ ਦੀ ਜਿੱਤ ਨੂੰ ਸਿਹਰੇ ਪੁਆਉਣ।

ਆਪਣੀ ਸੈਨਾ ਦੇ ਹਾਲ ਦੇਖ ਕੇ ਤੇ ਸਿੰਘਾਂ ਦਾ ਵਧਦਾ ਜ਼ੋਰ ਤੱਕਕੇ ਹੰਡੂਰੀਏ ਰਾਜੇ ਨੇ ਗੁੱਸਾ ਖਾਧਾ, ਤੀਰ ਕਮਾਨ ਸੰਭਾਲਕੇ ਇਕ ਪਾਸਿਓਂ ਦਾਉ ਤਕਾਕੇ ਕੁਝ ਅਗੇ ਵਧਿਆ, ਨਾਲ ਆਪਣੇ ਜੋਧੇ ਮੁਹਣੀ ਤਰ੍ਹਾਂ ਵਧਾਏ, ਤੀਰਾਂ ਦੇ ਮੀਂਹ ਵਸਾਉਣ ਵਾਂਙੂ ਇਸ ਨੇ ਬਰਖਾ ਲਾ ਦਿਤੀ। ਦੂਰ ਤੋਂ ਇਹ ਪਾਸਾ ਵਧਦਾ ਢੁਕਦਾ ਦੇਖਕੇ ਸਾਹਿਬ ਸਿੰਘ ਜੀ ਜਥੇਦਾਰ ਨੇ ਰਾਜੇ ਨੂੰ ਪਛਾਣ ਲਿਆ। ਸੋਨੇ ਦੀ ਜ਼ੀਨ ਦੇ ਲਿਸ਼ਕਾਰ ਨੇ ਰਾਜੇ ਨੂੰ ਪਰਖਾ ਦਿਤਾ। ਸਾਹਿਬ ਸਿੰਘ ਨੇ ਆਪਣੇ ਘੋੜੇ ਨੂੰ ਮੋੜ ਕੇ ਇਕ ਥਾਂਉਂ ਤੋਂ ਬੰਦੂਕ ਸਰ ਕੀਤੀ ਜੋ ਰਾਜੇ ਨੂੰ ਲਗੀ, ਮਰਿਆ ਤਾਂ ਨਾ, ਪਰ ਘਾਇਲ ਹੋ ਗਿਆ ਤੇ ਉਸ ਨੂੰ ਪਿਛੇ ਹਟਣਾ ਪਿਆ। ਉਸਦੀ ਇਹ ਹਾਲਤ ਦੇਖਕੇ ਗੁਲੇਰੀਏ ਦਾ ਦਿਲ ਟੁੱਟ ਗਿਆ ਤੇ ਉਹ ਭੀ ਪਿਛੇ ਮੁੜ ਗਿਆ, ਬਾਕੀ ਦੇ ਰਾਜੇ ਭੀ ਹੁਣ ਮੈਦਾਨ ਹੱਥੋਂ ਗਿਆ ਦੇਖਕੇ ਨਿਰਾਸ ਹੋ ਮੁੜੇ।

੩.

**ਪਹਾੜੀਏ**, ਤੁਰਕ, ਪਠਾਣ, ਗੁੱਜਟ, ਰੰਘੜ ਸਭ ਭੱਜੇ ਜਾ ਰਹੇ ਸਨ ਤੇ ਵਧੇ ਦਿਲ ਖਾਲਸਾ ਪਿੱਛਾ ਕਰ ਰਿਹਾ ਸੀ ਕਿ ਅਚਾਨਕ ਇਕ ਅਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਲੈ ਕੇ ਪੁੱਜਾ :-

ਖਾਲਸਾ ਜੀ! ਸਾਹਿਬਾਂ ਦਾ ਹੁਕਮ ਹੈ:-
ਭਾਗੇ ਅੱਗ੍ਰ, ਮਗਰ ਨਹੀਂ ਕੀਜੈ। ਇਹ ਬਚ ਮੋਰ ਕਾਨ ਸੁਣ ਲੀਜੈ॥ ੨੧੦॥ (ਗੁ: ਬਿ: ਸੁਖਾ: ਸਿੰਘ)

ਹੁਕਮ ਸੁਣਕੇ ਖਾਲਸੇ ਨੇ ਪਿੱਛਾ ਕਰਨਾ ਛੱਡ ਦਿੱਤਾ।

ਸੂਰਜ ਲਟਪਟਾ ਰਿਹਾ ਸੀ ਕਿ ਸ੍ਰੀ ਗੁਰੂ ਜੀ ਮੋਰਚੇ ਤੋਂ ਉਤਰੇ ਸੁਹਣੇ ਟਿਕਾਣੇ ਆ ਡੇਰਾ ਕੀਤਾ, ਸੈਨਾਂ ਦੇ ਸਰਦਾਰ ਹੁਣ ਰਾਤ ਦੇ ਸਾਮਾਨ, ਰਾਖੀਆਂ, ਪਹਿਰੇ, ਮੋਰਚਿਆਂ ਦੀਆਂ ਤਕੜਾਈਆਂ ਕਰ ਕਰ ਸਾਹਿਬਾਂ ਪਾਸ ਆਉਣ ਲੱਗੇ। ਦੀਵਾਨ ਸਜ ਗਿਆ। ਇੰਨੇ ਨੂੰ ਉਦੈ ਸਿੰਘ ਆ ਹਾਜ਼ਰ ਹੋਇਆ। ਅੱਜ ਦੀ ਬਿਜੈ ਦਾ ਇਕ ਤੁਰਲਾ ਇਸਦੇ ਸਿਰ ਸੀ, ਜਿਸ ਨੇ ਕਿ ਨੇਜ਼ੇ ਪ੍ਰੋਤਾ ਸੀਸ ਅਗੇ ਲਿਆ ਧਰਿਆ ਸੀ, ਸਾਹਿਬਾਂ

1. ਸੰਧ ਕੇ, ਜੋੜ ਕੇ।

ਉਦੈ ਸਿੰਘ ਵੱਲ ਤੱਕਿਆ, ਮੇਹਰਾਂ ਦੀ ਨਜ਼ਰ ਪਾਈ। ਫੇਰ ਅੱਗੇ ਹੋ ਕੇ ਗਲੇ ਲਾ ਲਿਆ, ਪਿੱਠ ਤੇ ਹੱਥ ਫੇਰ ਕੇ ਕੇਸਰੀ ਦੇ ਸੀਸ ਵੱਲ ਤੱਕ ਕੇ ਬਚਨ ਕੀਤਾ : "ਅਕਲਾਂ ਦਾ ਕੋਟ ਬੰਦੇ ਦਾ ਸੀਸ ਹੈ, ਕਾਸ਼ ! ਇਸ ਵਿਚ ਮੂਰਖਤਾ ਭਰੀ ਹੈਂਕੜ ਨਾ ਹੋਵੇ।" ਫਿਰ ਹੁਕਮ ਦਿੱਤਾ ਕਿ "ਵੈਰੀ ਦਲ ਵਿਚ ਇਹ ਸੀਸ ਸਭ ਤੋਂ ਬਹੁਤ ਗੁਮਾਨੀ ਸੀ, ਖਾਲਸੇ ਦੇ ਵਿਰੋਧ ਨਾਲ ਭਰਪੂਰ ਸੀ, ਪਰ ਸਨਮੁਖ ਜੂਝਦੇ ਸੂਰੇ ਦਾ ਇਸ ਵੇਲੇ ਆਪਣੀ ਰੱਖਿਆ ਤੋਂ ਅਸਮਰਥ ਪਿਆ ਹੈ, ਇਸ ਦਾ ਸਤਿਕਾਰ ਲੋੜੀਏ। ਸੋ ਲੈ ਜਾਓ ਤੇ ਸਤਿਕਾਰ ਨਾਲ ਜੋ ਜੋਧੇ ਦਾ ਹੱਕ ਹੈ, ਇਸ ਦਾ ਸਸਕਾਰ ਕਰ ਦਿਓ।" ਫਿਰ ਅਰਸ਼ਾਂ ਵੱਲ ਤੱਕੇ, ਅਪਣੇ ਗਿਰਦ ਡਿੱਠਾ ਤੇ ਆਖਿਆ:- "ਮਾਨੁੱਖ ਦਾ ਅੰਤ ਇਹ ਹੈ। ਜੋ ਸਿਰ ਆਖਦਾ ਹੈ : ਮੈਂ ਮਾਰਨਾ ਹੈ, ਜ਼ੁਲਮ ਕਮਾਉਣਾ ਹੈ, ਕਿਸ ਤਰ੍ਹਾਂ ਭੁਇੰ ਪਟਕਦਾ ਹੈ। ਜਾਓ ਕੇਸਰੀ ਚੰਦ ਜੀ ! ਵਾਹਿਗੁਰੂ ਬਖਸ਼ੇ, ਵਾਹਿਗੁਰੂ ਤੁਹਾਨੂੰ ਬਖਸ਼ੇ !" ਇਉਂ ਕਹਿ ਕੇ ਸੀਸ ਸਤਿਕਾਰ ਨਾਲ ਵਿਦਾ ਕੀਤਾ। ਓਧਰੋਂ ਹੁਣ ਬਚਿੱਤ੍ਰ ਸਿੰਘ ਜੀ ਨੇਜ਼ਾ ਹੱਥ ਵਿਚ ਲਈ ਆ ਗਏ, ਨੇਜ਼ਾ ਸਾਹਿਬਾਂ ਦੇ ਚਰਨਾਂ ਅੱਗੇ ਵਿਛਾ ਦਿਤਾ ਅਤੇ ਚਰਨਾਂ ਤੇ ਸਿਰ ਧਰ ਦਿੱਤਾ। ਸਾਹਿਬਾਂ ਨੇ ਸੂਰਮੇ ਦਾ ਸੀਸ ਚਾ ਕੇ ਛਾਤੀ ਨਾਲ ਲਾ ਲਿਆ ਤੇ ਬਚਨ ਕੀਤਾ:- "ਸੂਰਮਿਆਂ ਦੇ ਸਰਦਾਰ ਮੇਰੇ ਲਖੀਅਰ ਬੇਟੇ। ਧੰਨ ਕਮਾਈ, ਧੰਨ ਸਿੱਖੀ; ਧੰਨ ਵਾਹਿਗੁਰੂ ਬਖਸ਼ੀ ਪੂਰਨਤਾਈ। ਜਿਵੇਂ ਹਾਥੀ ਦਾ ਸਿਰ ਵਿੰਨ੍ਹਿਆਂ ਨੇ ਤਿਵੇਂ ਸਦਾ ਵਿੰਨ੍ਹੋ ਬਦੀ ਦਾ ਸਿਰ, ਜ਼ੁਲਮ ਦਾ ਮੱਥਾ। ਹਾਥੀ ਮਾਨੋ ਜ਼ਾਲਮਾਂ ਦੇ ਜ਼ੁਲਮਾਂ ਦਾ ਰੂਪ ਧਾਰਕੇ ਆਇਆ ਸੀ, ਖਾਲਸੇ ਫੋੜ ਦਿੱਤਾ ਜ਼ੁਲਮ ਦਾ ਸਿਰ। ਪਿਆਰਿਓ! ਧਰਤੀ ਜ਼ੁਲਮ ਨਾਲ ਕੰਬ ਉਠੀ ਹੈ, ਜਾਨਾਂ ਤਲੀ ਤੇ ਧਰਕੇ ਆਪਣੇ ਸਿਰਾਂ ਨੂੰ ਹੋਲੇ ਦੇ ਕੁਮਕੁਮੇ ਬਣਾ ਕੇ ਖੇਡਦੇ ਹੋਏ ਜ਼ੁਲਮ ਦਾ ਸਿਰ ਫੋੜ ਦਿਓ। ਖਾਲਸਾ ਉਹ ਜੋ ਸਦਾ ਬਦੀ ਨਾਲ ਜੰਗ ਕਰੇ। ਵਾਹਿਗੁਰੂ ਜੀ ਦੇ 'ਪ੍ਰੇਮ ਰਾਜ' ਨੂੰ ਜਗਤ ਵਿਚ ਫੈਲਾਉਣਾ ਹੈ, ਸਿਖ੍ਯਾ ਨਾਲ ਪਿਆਰ ਨਾਲ! ਆ ਬਣੀ ਤੇ ਤਲਵਾਰ ਨੇ ਜ਼ੁਲਮ ਦਾ ਮੂੰਹ ਮੋੜਨਾ ਹੈ, ਬੀਰ ਹੋ ਕੇ, ਸੂਰਬੀਰ ਹੋ ਕੇ ਉਮਾਹ, ਉਤਸ਼ਾਹ, ਚਾਉ ਵਿਚ। ਕਦੇ ਨਹੀਂ ਜਾਣਾ ਮੇਰੇ ਬੀਰੋ ! ਵੈਰ ਵਿਚ, ਵਿਰੋਧ ਵਿਚ, ਦਾਹ ਵਿਚ, ਸਾੜੇ ਵਿਚ! ਨਿਰਵੈਰ ਦੇ ਪੁਜਾਰੀਓ ! ਨਿਰਵੈਰ ਰਹਿਣਾ ਹੈ। ਨਿਰਭੈ ਦੇ ਪ੍ਰਮੀਓ ! ਨਿਰਭੈ ਵਰਤਣਾ ਹੈ, ਜੰਗ ਕਦੇ ਵੈਰ ਦੇ ਕਮੀਨੇ ਪਨ ਵਿਚ ਆ ਕੇ ਨਹੀਂ ਕਰਨਾ। ਬੀਰ ਰਸੀਓ ! ਉਮਾਹ ਤੋਂ ਬੀਰ ਰਸ ਉਪਜਦਾ ਹੈ, ਹਾਂ, ਚਾਉ, ਉਤਸ਼ਾਹ, ਉਛਾਹ, ਖੁਸ਼ੀ ਤੋਂ। ਬੀਰ ਦਾ ਕਲੇਜਾ ਸਦਾ ਉਮਾਹੂ ਸੋਮਾਂ ਹੈ, ਜਿਸ ਤੋਂ ਦਾਨ[1], ਦਯਾ[2], ਤੇ ਜੁੱਧ[3], ਤ੍ਰੈ ਧਾਰਾਂ ਨਿਕਲਦੀਆਂ ਹਨ।"

ਇਹ ਕਹਿਕੇ ਆਪ ਘਾਇਲਾਂ ਦੇ ਫਿਕਰ ਵੱਲ ਹੋਏ। ਜਗ੍ਹਾ ਜਗ੍ਹਾ ਤੋਂ ਘਾਇਲ ਚੱਕ ਚੱਕ ਕੇ ਥਾਂਓਂ ਥਾਂਈਂ ਲਿਆਂਦੇ ਜਾ ਰਹੇ ਸਨ। ਭਾਈ ਕਨ੍ਹੱਯਾ ਦੀ ਆਗਯਾ ਵਿਚ ਜਰਾਹ ਤੇ ਹੋਰ ਸੇਵਕ ਮਲ੍ਹਮਪੱਟੀਆਂ ਕਰ ਰਹੇ ਸਨ। ਇਹ ਵੇਖ ਕੇ ਆਪ ਖੁਸ਼ ਹੋਏ। ਫਿਰ ਸਾਹਿਬਾਂ ਨੇ ਸਾਲ ਪੱਤ੍ਰ[4] ਜ਼ਖਮਾਂ ਤੇ ਬੰਨ੍ਹਣ ਲਈ ਬਖਸ਼ੇ।

ਹੁਣ ਛੋਟੀ ਜਿਹੀ ਸਭਾ ਲੱਗੀ, ਸਾਰੇ ਜਥੇਦਾਰ ਯਾ ਉਹਨਾਂ ਦੇ ਨਾਇਬ ਹਾਜ਼ਰ ਹੋਏ। ਦੂਸਰੇ ਦਿਨ ਦੇ ਜੰਗ ਦੀ ਤੇ ਰਾਤ ਨੂੰ ਤਕੜਾਈ ਪਹਿਰੇ ਦੀ ਵੀਚਾਰ ਸਾਰੀ ਤੈ ਹੋ ਗਈ। ਇਸ ਤੋਂ ਮਗਰੋਂ ਰਹੁਰਾਸ ਦਾ ਦੀਵਾਨ ਸਜ ਗਿਆ। ਪਾਠੀ ਸਿੰਘ ਨੇ ਮੇਘਨਾਦ ਦੀ ਗੰਭੀਰ ਸੁਰ ਵਿਚ ਪਾਠ ਕੀਤਾ। ਭੋਗ ਪਿਆ, ਅਰਦਾਸਾ ਹੋਇਆ, ਕੜਾਹ ਪ੍ਰਸ਼ਾਦ ਵਰਤਿਆ, ਸਾਰੇ ਕਿਲ੍ਹਿਆਂ ਮੋਰਚਿਆਂ ਵਿਚ ਖੁੱਲ੍ਹਾ ਕੜਾਹ ਪ੍ਰਸ਼ਾਦ ਜ਼ਖਮੀਆਂ ਤੇ ਤੰਦਰੁਸਤਾਂ ਲਈ ਪਹੁੰਚਾ। ਇਸ ਤੋਂ ਮਗਰੋਂ ਸ੍ਰੀ ਜੀ ਦੇ ਰੱਬੀ ਗਲੇ ਤੋਂ ਇਹ ਸ਼ਬਦ ਦਾ ਉਚਾਰ ਹੋਇਆ :-

> ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥ ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ

---

1. 2. 3. ਬੀਰ ਰਸ ਦਾ ਸਥਾਈ ਭਾਵ ਉਤਸ਼ਾਹ ਹੈ, ਤੇ ਬੀਰ ਤ੍ਰੈ ਪ੍ਰਕਾਰ ਦੇ ਹੁੰਦੇ ਹਨ ਦਇਆਬੀਰ, ਦਾਨਬੀਰ, ਜੁੱਧਬੀਰ।

4. ਸਾਲ ਇਕ ਲੰਮਾ ਬ੍ਰਿਛ ਹੈ। ਉਸ ਦੇ ਪੱਤਿਆਂ ਤੋਂ ਮੁਰਾਦ ਹੈ, ਯਾ ਪੱਥਰਚੂਨ ਇਕ ਬੂਟੀ ਹੈ, ਇਸਦੇ ਮੋਟੇ ਮੋਟੇ ਪਤੇ ਹੁੰਦੇ ਹਨ ਜਿਨ੍ਹਾਂ ਨੂੰ ਕੁੱਟਕੇ ਜ਼ਖਮਾਂ ਤੇ ਬੰਨ੍ਹਿਆਂ ਛੇਤੀ ਆਰਾਮ ਆਉਂਦਾ ਹੈ।

ਜਿਤੁ ਸੇਵਿਐ ਭਉ ਭਾਗੈ॥ ਊਚਾ ਨਹੀ ਕਹਣਾ
ਮਨ ਮਹਿ ਰਹਣਾ ਆਪੇ ਜਾਣੈ ਜਾਣੋ।। ਮਰਣੁ
ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਹਿ
ਪਰਵਾਣੋ॥ ੩॥ (ਵਡਹੰਸ ਅਲਾ: ਮ: ੧-੨)

ਹੇ ਸੂਰਿਓ ! ਦੇਖੋ, ਸਤਿਗੁਰ ਨਾਨਕ ਦੇਵ ਜੀ ਕੀਹ ਬਚਨ ਕਰਦੇ ਹਨ :-

ਹੇ ਸੂਰਮੇ ਮਨੁਖ ! ਮਰਨਾ ਤਾਂ ਸਹੀ ਬਾਤ ਹੈ, ਪਰ ਤਾਂ ਜੇ ਮਰਨਾ ਸਾਹਿਬ ਨੂੰ ਪ੍ਰਵਾਣ ਹੋਵੇ, ਮਰਨਾ ਦਰ ਲੇਖੇ ਪਏ। ਫੋਕੇ ਹੰਕਾਰ ਦਾ ਲੜਨਾ ਸੂਰਮਗਤੀ ਨਹੀਂ, ਸੂਰਮਗਤੀ ਦੀ ਅੱਗੇ ਨਿਸ਼ਾਨੀ ਇਹ ਹੈ ਕਿ ਦਰਗਾਹ ਵਿਚ ਉਹਨਾਂ ਦਾ ਮਾਣ ਹੋਵੇ। ਦਰਗਾਹ ਵਿਚ ਮਾਣ ਉਨ੍ਹਾਂ ਦਾ ਹੁੰਦਾ ਹੈ, ਅਤੇ ਅੱਗੇ ਦੁੱਖ ਤੋਂ ਓਹ ਬਚਦੇ ਹਨ ਜੋ ਏਥੋਂ ਪਤ-ਅਬਰੋ ਨਾਲ ਜਾਂਦੇ ਹਨ। ਪਤ-ਅਬਰੋ ਨਾਲ ਏਥੋਂ ਓਹ ਜਾਂਦੇ ਹਨ ਜੋ ਇਕ ਵਾਹਿਗੁਰੂ ਨੂੰ ਧਿਆਉਂਦੇ ਹਨ। ਜੋ ਵਾਹਿਗੁਰੂ ਨੂੰ ਧਿਆਉਂਦੇ ਹਨ ਓਹੀ ਸੇਵਾ ਕਰਦੇ ਹਨ। ਧਿਆਉਣ ਸੇਵਣ ਦਾ ਫਲ ਹੈ 'ਭਉ ਦੂਰ ਹੋਣਾ', ਭਉ ਜਗਤ ਵਿਚ ਪਦਾਰਥ ਤੇ ਪਤਿ ਦੇ ਵਿਨਾਸ਼ ਦਾ, ਮਿੱਤ੍ਰ ਸੰਬੰਧੀਆਂ ਦੇ ਨਾਸ਼ ਦਾ, ਆਪਣੇ ਸਰੀਰ ਦੇ ਨਾਸ਼ ਦਾ, ਜਮਡੰਡ ਦਾ, ਏਹ ਸਾਰੇ ਭੈ ਦੂਰ ਹੋ ਜਾਂਦੇ ਹਨ। ਇਉਂ ਦੇ ਬਣੇ ਨਿਰਭੈ ਸੂਰਮੇ ਆਪਣੇ ਬਲ ਦਾ, ਹੰਕਾਰ ਦਾ, ਕਾਮਯਾਬੀ ਦਾ ਮਾਣ ਨਹੀਂ ਕਰਦੇ। ਮਾਣ ਨਾ ਕਰਨ ਕਰਕੇ ਬਫਾਉਂਦੇ ਨਹੀਂ, ਉੱਚੀ ਟਾਹਰਾਂ ਮਾਰ ਕੇ ਸੁਣਾਉਂਦੇ ਨਹੀਂ। ਜਾਣਨਹਾਰ ਆਪੇ ਜਾਣਦਾ ਏ। ਉਹ ਅਜਰ ਜਰਨ ਵਾਲੇ, ਇਕ ਨੂੰ ਧਿਆਉਣ ਵਾਲੇ ਸੂਰਮੇ ਹਨ, ਉਹਨਾਂ ਦਾ ਮਰਨਾ ਪਰਵਾਣ ਮਰਨਾ ਹੈ। ਉਂਵ ਮਰਨਾ ਸਹੀ ਬਾਤ ਹੈ, ਹਰੇਕ ਨੇ ਮਰਨਾ ਹੈ, ਸੱਚ ਹੈ, ਮਰਨਾ ਸੱਚਾ ਹੈ, ਜੀਉਣਾ ਕੂੜ ਹੈ, ਕਿਉਂਕਿ ਇਕ ਦਿਨ ਮਰਨਾ ਹੈ, ਪਰ ਪਰਵਾਣ ਮੌਤ ਮਰਨਾ ਠੀਕ ਹੈ।

ਪਿਆਰਿਓ ! ਅੱਜ ਵੈਰੀਦਲ ਦੇ ਚੰਗੇ ਚੰਗੇ ਸੂਰਮੇ ਤੁਸਾਂ ਖੇਤ ਉਤਾਰੇ ਹਨ, ਪਰ ਆਪਣੇ ਦਲ ਦੇ ਭੀ ਅਨੇਕਾਂ ਪਿਆਰੇ ਵਿੱਛੁੜੇ ਹਨ। ਆਪਣਿਆਂ ਦੇ ਮਰਨੇ ਦਾ ਸ਼ੋਕ ਨਹੀਂ ਧਾਰਨਾ, ਓਹ ਨਾਮ ਵਾਲੇ-ਜਾਗੀ ਸੁਰਤ ਵਾਲੇ -ਬੰਦੇ ਸਨ, ਸੋ ਉਹਨਾਂ ਦਾ ਮਰਨ ਪਰਵਾਣ ਮਰਨਾ ਹੈ। ਜਗਤ ਵਿਚ ਸਭ ਨੇ ਮਰਨਾ ਸਿੱਖਣਾ ਹੈ, ਜੋ ਮਰਨਾ ਸਿੱਖ ਜਾਂਦਾ ਹੈ ਸੋ ਜੀਉਣ ਦੀ ਜਾਚ ਆਪੇ ਸਿੱਖ ਜਾਂਦਾ ਹੈ। ਜੋ ਜਗਤ ਤੋਂ ਟੁਰਨਾ ਗੁਰੂ ਅਰਜਨ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿਖਾਇਆ ਹੈ ਸੋ ਅਤਿ ਉੱਚੀ ਬਾਤ ਹੈ, ਉਹ 'ਆਪ' ਸਨ ਤੇ ਆਪ ਦੇ ਕੌਤਕ ਸਭ ਤੋਂ ਉੱਚੇ ਸੁੱਚੇ ਸਨ; ਪਰ ਓਹ ਜਗਤ ਨੂੰ ਕਰਕੇ ਦੱਸ ਗਏ-ਕਿ ਆਹ ਰਸਤਾ ਹੈ, ਆਹ ਜਾਚ ਹੈ।

ਜੀਵ ਅਮਰ ਹੈ, ਮੌਤ ਇਸਨੂੰ ਮਾਰ ਨਹੀਂ ਸਕਦੀ, ਤਾਂ ਤੇ ਮਰਨਾ ਕੁਝ ਸ਼ੈ ਨਹੀਂ, ਇਕ ਬਾਹਰਲੀ 'ਦਸ਼ਾ ਪਲਟ' ਹੈ। ਅੰਦਰਲੇ ਦੀ 'ਦਸ਼ਾ-ਪਲਟ' ਬੀ ਨਹੀਂ ਹੈ ਮੌਤ। ਮੌਤ ਫਿਰ ਕੀ ਹੈ ? ਕਿਤੇ ਸੌਂ ਜਾਣਾ ਕਿਤੇ ਜਾਗ ਪੈਣਾ। ਹਾਂ ਸੂਰਮੇ ਦੀ ਖੇਡ ਹੈ। ਮੌਤ ਇਕ ਅੱਖ ਦਾ ਪਲਕਾਰਾ ਹੈ, ਜੋ ਮੌਤ ਤੋਂ ਅਮੌਤ ਦੇ ਘਾਟ ਉਤਾਰ ਦਿੰਦਾ ਹੈ। ਮੌਤ ਜਨਮ ਮਰਨ ਦਾ ਦਰਵਾਜ਼ਾ ਬੰਦ ਕਰਕੇ ਅਮਰ ਜੀਵਨ ਦੇ ਬੂਹੇ ਖੋਲ੍ਹ ਦਿੰਦੀ ਹੈ, ਪਰ ਮਰਨ ਦੀ ਜਾਚ ਸਿਖੋ, ਜਾਚ ਸਿਖ ਕੇ ਮਰੋ ਤਾਂ ਮਰਣਾ ਜੀਵਣ ਹੈ:-

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ
ਐਸਾ ਕੋਇ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ
ਸੁਹੇਲਾ ਆਗੈ ਹੋਇ॥ ਪੰਥਿ ਸੁਹੇਲੈ ਜਾਵਹੁ ਤਾਂ
ਫਲੁ ਪਾਵਹੁ ਆਗੈ ਮਿਲੈ ਵਡਾਈ॥ ਭੇਟੈ ਸਿਉ
ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ
ਰਲੀਆ ਮਾਣੈ॥ ਮਰਣੁ ਨ ਮੰਦਾ ਲੋਕਾ ਆਖੀਐ
ਜੇ ਕੋਈ ਮਰਿਜਾਣੈ॥ ੨॥ (ਵਡ: ਅਲਾ: ਮ: ੧)

ਉਠਦੇ ਬਹਿੰਦੇ, ਚਲਦੇ ਫਿਰਦੇ, ਖਾਂਦੇ ਪੀਂਦੇ, ਵਿਹਲੇ, ਕੰਮ ਕਰਦੇ, ਆਰਾਮ ਕਿ ਖੇਚਲ ਜਿਸ ਰੰਗ ਵਿਚ ਹੋ, ਜਿਸ ਸੰਗ ਵਿਚ ਹੋ, ਜਿਸ ਕੰਮ ਵਿਚ ਹੋ, ਹਰ ਦਮ ਸਾਂਈਂ ਨਾਲ ਜੁੜੇ ਰਹੋ। "ਭੇਟੈ ਸਿਉ ਜਾਵਹੁ" ਸਾਂਈ ਨਾਲ ਮਿਲੇ ਰਹੋ ਤਾਂ ਸਦਾ, ਇਸ ਮਿਲੇ ਰਹਿਣ ਦੇ ਰੰਗ ਨਾਲ ਜਗਤ ਤੋਂ ਜਾਵੋ। ਇਥੇ ਅੰਤਰ ਆਤਮੇ ਮਿਲੇ ਰਹੋ, ਮਿਲੇ ਰਹੋ ਤਾਂ ਅੱਗੇ ਰੰਗਰਲੀਆਂ ਮਾਣੋਗੇ। ਮਰਨ ਦੀ ਜਾਚ ਹੈ-'ਭੇਟੈ ਸਿਉ ਜਾਣਾ'।

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ
ਸਵਾਰੇ॥ ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ
ਕੇ ਗਉਨ ਕੋ ਜਾਤ ਨਿਵਾਰੇ॥ ਭਾਰੀ ਭੁਜਾਨ ਕੇ
ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ॥
ਏਤੇ ਭਏ ਤੋ ਕਹਾਂ ਭਏ ਭੂਪਤ ਅੰਤ ਕੋ ਨਾਗੈ
ਹੀ ਪਾਇ ਪਧਾਰੇ॥ ੨॥ ਜੀਤ ਫਿਰੇ ਸਭ ਦੇਸ

ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ॥ ਗੁੰਜਤ ਗੂੜ ਗਜਾਨ ਕੇ ਸੁੰਦਰ ਹੰਸਤ ਹੀ ਹਯ ਰਾਜ ਹਜਾਰੇ॥ ਭੂਤ ਭਵਿੱਖ ਭਵਾਨ ਕੇ ਭੂਪਤਿ ਕੌਨ ਗਨੈ ਨਹੀ ਜਾਤਿ ਬਿਚਾਰੇ॥ ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕੌ ਅੰਤ ਕੇ ਧਾਮ ਸਿਧਾਰੇ॥

(ਸ੍ਵੈਯੇ ਪਾਤਸ਼ਾਹੀ ੧੦)

ਖਾਲਸਾ ਵਾਹਿਗੁਰੂ ਦਾ ਹੈ ਤੇ ਫਤੇ ਵਾਹਿਗੁਰੂ ਦੀ ਹੈ, ਐਉਂ ਫਤੇ ਖਾਲਸੇ ਦੀ ਹੈ। ਸ਼ੇਰ ਹੋ ਤੁਸੀਂ, ਹੋਰ ਬਲਵਾਨ ਹੋ ਜਾਓ ਬਲ ਲੈ ਕੇ ਸਰਬ ਬਲੀ ਦੇ ਮੇਲ ਤੋਂ, ਸਰਬ ਸਮਰੱਥ ਨਾਲ ਲਗੇ ਰਹੋ। ਲਗੇ ਰਹੋਗੇ ਤਾਂ ਤੁਸੀਂ ਜਗਤ ਦਾ ਨੂਰ ਬਣੋਗੇ: ਲਗੇ ਰਹੋਗੇ ਤਾਂ ਤੁਸੀਂ ਜਗਤ ਦੇ ਸੁਖਦਾਤਾ ਬਣੋਗੇ, ਲਗੇ ਰਹੋਗੇ ਤਾਂ ਤੁਸੀਂ ਜਗਤ ਵਿਚ ਰਸ ਰੂਪ ਤੇ ਰਸ ਦਾਤਾ ਹੋਵੋਗੇ।

ਰਹੁਰਾਸ ਨੇ ਦਿਨ ਦੀ ਕੋਈ ਪਈ ਮੈਲ, ਭੁੱਲ; ਕਰੜੇ ਖੇਦਾਂ ਵਾਲੇ ਕੰਮਾਂ ਵਿਚ ਸੁਰਤਾਂ ਤੇ ਪੈ ਗਈ ਧੂੜ ਦੂਰ ਕੀਤੀ ਹੈ ਹੁਣ ਉੱਜਲ ਮਨ ਬਿਮਲ ਮਨ ਲਗੇ ਰਹੋ ਸਾਂਈਂ ਨਾਲ। ਰਾਤ ਬੀਤੇ ਗੋਦ ਵਿਚ, ਦਿਨ ਚੜ੍ਹੇ ਫੇਰ ਆਰਾਧਨਾ ਵਿਚ। ਆਸਾ ਦੀ ਵਾਰ ਦੇ ਸੋਮਿਓਂ ਅੰਮ੍ਰਿਤ ਪੀਓ, ਸਾਰਾ ਦਿਨ ਫੇਰ ਮਚੇ ਸੰਘਰ। ਸੂਰਮਿਆਂ ਦੀ ਸੂਰਮਤਾਈ "ਭੇਟੈ ਸਿਉ" ਰਹੇ, ਮਿਲਿਆਂ ਹੋਇਆਂ ਰਹੇ। ਜੇ ਫਤੇ ਪਾ ਕੇ ਆਓ ਤਾਂ ਭੇਟੈ ਸਿਉ ਆਵਹੁ, ਜੇ ਹੁਕਮ ਅੱਗੇ ਜਾਣ ਦਾ ਆਵੇ ਤਾਂ ਭੇਟੈ ਸਿਉ ਜਾਵਹੁ।

ਸਾਹਿਬ ਹੁਣ ਚੁਪ ਹੋ ਗਏ, ਸੰਗਤ ਵਿਚ ਅਜਬ ਰੰਗ ਛਾਇਆ ਸੱਚੇ ਪਾਤਸ਼ਾਹ ਦੇ ਕੌਤਕਾਂ ਦਾ। ਇਸ ਤਰ੍ਹਾਂ ਮੱਲੋ ਮੱਲੀ ਆ ਪਏ ਦੁਸ਼ਮਨ ਦੇ ਟਾਕਰੇ ਤੋਂ ਅੱਖ ਨਹੀਂ ਝੰਪੀ ਤੇ ਸਨਮੁਖ ਮੁਕਾਬਲਾ ਕਰ ਰਹੇ ਹਨ ਤੇ ਜੰਗ ਰਚਾਕੇ ਫੇਰ ਕੀਕੂੰ ਅੰਮ੍ਰਿਤ ਵੇਲੇ ਦੀਵਾਨ ਤੇ ਸੰਧਯਾ ਦੇ ਦੀਵਾਨ ਸੱਜਦੇ ਹਨ, ਵਾਹਿਗੁਰੂ ਆਰਾਧਨ ਤੇ ਕੀਰਤਨ ਵਿਚ ਫਰਕ ਨਹੀਂ ਪੈਣ ਦੇਂਦੇ। ਜਿਸ ਵੇਲੇ ਜਗਤ ਦੇ ਜੋਧੇ ਆਗੂ ਆਪਣੇ ਸੂਰਮਿਆਂ ਵਿਚ ਵੱਧ ਤੋਂ ਵਧ ਅਹੰਕਾਰ ਕਰਦੇ ਤੇ ਝੂਠੀ ਹੈਂਕੜ ਪਾ ਕੇ ਉਹਨਾਂ ਨੂੰ ਅੱਗੇ ਕਰਦੇ ਹਨ, ਏਥੇ ਹਰ ਸਮੇਂ ਉਹਨਾਂ ਦੇ ਦਿਲਾਂ ਦੀ ਰਾਖੀ ਹੋ ਰਹੀ ਹੈ। ਮਨ ਮੰਦਰ ਹੈ ਵਾਹਿਗੁਰੂ ਦੇ ਕੀਰਤਨ ਦਾ, ਉਸ ਮੰਦਰ ਵਿਚ ਕੀਰਤਨ ਅਖੰਡ ਰਖਦੇ ਹਨ। ਸਰੀਰ ਸੇਵਕ ਹੈ, ਵਾਹਨ ਹੈ ਅੰਦਰਲੇ ਦਾ, ਸਰੀਰ ਤੋਂ ਸੇਵਾ ਲੈਂਦੇ ਹਨ। ਝੂਠਾ ਅਭਿਮਾਨ ਨਹੀਂ ਪੈਣ ਦੇਂਦੇ; ਜੰਗ ਹੋ ਰਹੇ ਹਨ, ਸੂਰਮਗਤੀ ਹੋ ਰਹੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਰਸ਼ ਕਿ ਸੂਰਮਾਂ ਅਹੰਕਾਰ ਦੇ ਅੰਧਕਾਰ ਵਿਚ ਨਾ ਹੋਵੇ, ਪਰ ਉਤਸ਼ਾਹ ਵਾਲੀ ਬੀਰਤਾ ਦੀ ਸੂਰਮਗਤੀ ਵਿਚ ਹੋਵੇ, ਉਸ ਨੂੰ ਵਰਤਕੇ ਦਿਖਾ ਰਹੇ ਹਨ। ਆਪ ਮਹਾਂ ਜੋਧੇ ਹਨ, ਮਹਾਨ ਰਾਜਨੀਤੀ ਦੇ ਮੁਸ਼ਕਲ ਮੁਆਮਲਿਆਂ ਵਿਚ ਹਨ। ਪਰ ਆਪ 'ਆਪ' ਹਨ, ਅਵਤਾਰ ਹਨ, ਪਯੰਬਰ ਹਨ, ਗੁਰੂ ਅਵਤਾਰ ਹਨ, ਅਵਤਾਰਾਂ ਪਯੰਬਰਾਂ ਤੋਂ ਉੱਚੇ ਗੁਰੂ ਪਦ ਤੇ ਹਨ। ਦੇਖੋ ਫੇਰ ਕਿਵੇਂ ਸ਼ਾਂਤਿ ਰਸ ਤੇ ਬੀਰ ਰਸ ਦੋਵੇਂ ਸਿਖ ਦੇ ਹੱਥ ਫੜਾ ਦਿਤੇ ਹਨ, ਕਿਵੇਂ ਦੁਇ ਕਾਰਜ ਹੋ ਰਹੇ ਹਨ।

ਆਪ ਹੁਣ ਉਠਣ ਨੂੰ ਤਿਆਰ ਸਨ ਕਿ ਕਿਸੇ ਪ੍ਰੇਮੀ ਨੇ ਕਿਹਾ: "ਸਚੇ ਪਾਸ਼ਾਹ ਜੀਉ ! ਭਾਈ ਸਾਹਿਬ ਨੰਦ ਲਾਲ ਜੀਉ ਆਪ ਦੇ ਦਰਸ਼ਨਾਂ ਦਾ, ਨੈਣਾਂ ਦੀ ਟਕ ਬੰਨ੍ਹ ਬੰਨ੍ਹ ਕੋਈ 'ਦਰਸ਼ਨ-ਅੰਮ੍ਰਿਤ' ਪੀਂਦੇ ਕੁਛ ਕੁਛ ਲਿਖਦੇ ਰਹੇ ਹਨ, ਆਸ ਹੈ ਆਪ ਨੇ ਕੁਛ ਰਸ ਰੰਗ ਰਚਨਾ ਰਚੀ ਹੈ।"

ਸਾਹਿਬ ਜੀ-ਭਾਈ ਜੀਓ ! ਦਿੱਖ ਨੈਣਾਂ ਵਾਲੇ ਜੀਓ ! ਕੀਹ ਗੱਲ ਹੈ ?

ਨੰਦ ਲਾਲ ਜੀ-ਮੇਰੇ ਸੁਹਣੇ ਮੁਲਤਾਨ ਜੀਓ ! ਆਪ ਦੇ ਚੋਜ ਵੇਖਦਾ ਰਿਹਾ ਹਾਂ ਦਿਨ ਭਰ। ਆਪਦੇ ਕੌਤਕ ਤੱਕਦਾ ਰਿਹਾ ਹਾਂ ਸ਼ਾਮਾਂ ਤੋਂ, ਆਪ ਦੇ ਰੰਗਰਸ ਤਕ ਰਿਹਾ ਹਾਂ ਇਸ ਵੇਲੇ। ਕਿਸੇ ਸੁਆਦ ਵਿਚ ਖੰਭ ਲੱਗ ਰਹੇ ਹਨ, ਸੁਰਤ ਆਪਦੇ ਅਗਮ ਦਸ਼ਾ ਦੇ ਬੁੱਲੇ ਤੇ ਸੁਗੰਧੀਆਂ ਦੇ ਹੁੱਲੇ ਲੈ ਰਹੀ ਹੈ, ਮਿਹਰ ਹੈ ਮਿਹਰ ਦਾਤਾ ਜੀਉ ਜੀ !

ਸਾਹਿਬ ਜੀ-ਕੁਛ ਲਿਖਿਆ ਨੇ ਤਾਂ ਸੁਣਾਓ !

ਨੰਦ ਲਾਲ ਜੀ-ਲਿਖਣ ਤੇਰੀ, ਦਵਾਤ ਤੇਰੀ, ਸਿਰ ਤੇਰਾ ਬਖਸ਼ਿਆ, ਹੱਥ ਤੇਰੇ ਮੈਂ ਕੀ ਹੋਇਆ ? ਗੋਇਆ। ਮੇਰੇ ਸਾਹਿਬਾ ! ਕਥਾਵਨਹਾਰ ਆਪ ਹੋ, ਇਹ ਤਾਂ 'ਗੋਇਆ' = ਕਥਨਹਾਰ ਹੈ। ਆਪਦਾ ਕੀਤਾ, ਤੇ 'ਬੋਲਾਇਆ ਬੋਲੀ ਤੇਰਾ।' ਇਹ ਕਹਿ ਕੇ ਭਾਈ ਸਾਹਿਬ ਨੇ ਆਪਣੀ ਰਚੀ ਗ਼ਜ਼ਲ ਪੜ੍ਹੀ :-

ਕੀਸਤ ਇਮਰੋਜ਼ ਕਿ ਸੌਦਾਇ ਨਿਗਾਰੇ ਦਾਰਦ ?
ਬਾਦਸ਼ਾਹ ਹਸਤ[1] ਦਰੀਂ ਦਹਿਰ ਕਿ ਯਾਰੇ ਦਾਰਦ।

---

1. ਪਾਠਾਂਤਰ ਹੈ: ਬਾਦਸ਼ਾਹਸਤ।

ਦਾਨਮ ਐ ਸ਼ੇਖ ਕਿ ਖ਼ੂਨੇ ਦੋ ਜਹਾਂ ਖ਼ਾਹਦ ਰੇਖਤ,
ਚਸ਼ਮੇ ਮਸਤੇ ਤੋ ਕਿ ਇਮਰੋਜ਼ ਖ਼ੁਮਾਰੇ ਦਾਰਦ।
ਦਾਮਨੇ ਚਸ਼ਮੇ ਮਰਾ ਖ਼ੂਨੇ ਜਿਗਰ ਰੰਗੀਂ ਕਰਦ,
ਦਿਲੇ ਦੀਵਾਨਹੇ ਮਾ ਤੁਰਫਹ ਬਹਾਰੇ ਦਾਰਦ।
ਸਾਯਾਏ ਤੂਬਾਏ ਫ਼ਿਰਦੌਸ[1] ਨ ਖ਼ਾਹਦ ਹਰਗਿਜ਼,
ਹਰ ਕਿ ਮਨਸੂਰੇ ਸਿਫਤ ਸਾਯ੍ਹਾਏ ਦਾਰੇ ਦਾਰਦ।
ਰੂਏ ਗੁਲਗੂਨੇ ਖ਼ੁਦ ਐ ਸ਼ਮਅ਼ ਬਰਅਫ਼ੋਜ਼ ਦਮੇ,
ਦਿਲੇ ਪਰਵਾਨਹ ਓ ਬੁਲਬੁਲ ਬਤੋ ਕਾਰੇ ਦਾਰਦ।
ਬਹਰੇ ਦੀਵਾਨਹ ਅਗਰ ਸਿਲਸਿਲਹਾ ਮੇ ਸਾਜ਼ੰਦ,
ਦਿਲੇ 'ਗੋਯਾ' ਬਖ਼ਮੇ ਜ਼ੁਲਫ ਕਰਾਰੇ ਦਾਰਦ।

ਫ਼ਾਰਸੀ ਕਵਿਤਾ ਦੇ ਨੁਕਤੇ ਤੋਂ ਜਿਸ ਰੂਹਾਨੀਅਤ ਅਰ ਅੱਜ ਦੇ ਵਰਤੇ ਮਾਜਰੇ ਦਾ ਪ੍ਰਤੱਖ ਨਕਸ਼ਾ ਇਸ ਗ਼ਜ਼ਲ ਵਿਚ ਭਾਈ ਜੀ ਨੇ ਬੰਨ੍ਹ ਦਿਖਾਇਆ ਉਸ ਉਤੇ ਅਸ਼ ਅਸ਼ ਹੋ ਉਠੀ। ਦੋ ਚਾਰ ਕਵਿ, ਜੋ ਹਾਜ਼ਰ ਸਨ, ਫ਼ੜਕ ਉੱਠੇ। ਇਕ ਨੇ ਇਸਦੀ ਵਿਆਖਿਆ ਕਰ ਸੁਣਾਈ। ਫਿਰ ਕੌਣ ਸੀ ਜੋ ਭਾਈ ਜੀ ਦੇ ਪ੍ਰੇਮ ਦੇ ਰੰਗ ਨਾਲ ਆਪਣੇ ਮਨ ਦੇ ਅੱਗੇ ਹੀ ਪ੍ਰੇਮ ਨਾਲ ਫੜਕ ਰਹੇ ਦਿਲ ਨਾਲ ਸ੍ਰੀ ਕਲਗੀਧਰ ਜੀ ਤੋਂ ਸਦਕੇ ਹੋ ਹੋ ਨਹੀਂ ਪਿਆ। ਪਰ ਸੱਚੇ ਪਾਤਸ਼ਾਹ ਜੀ ਨੈਣ ਬੰਦ ਵਾਹਿਗੁਰੂ ਦੇ ਰੰਗ ਵਿਚ ਮਗਨ ਮਨ, 'ਤੂੰਹੀ ਤੂੰਹੀ' ਦੇ ਸੰਗੀਤ ਵਿਚ ਹਰ ਰਗ ਤੇ ਰੇਸ਼ਾ, ਹਰ ਖ਼ੂਨ ਦਾ ਕਤਰਾ, ਹਰ ਮਨ ਬੁੱਧਿ ਦਾ ਭਾਵ, ਹਾਂ, ਸਾਰਾ ਆਪਾ 'ਤੂੰਹੀ ਤੂੰਹੀ' ਦੇ ਸੰਗੀਤਕ ਲਹਿਰੇ ਵਿਚ ਲਹਿਰਾ ਰਿਹਾ ਸੀ। ਪ੍ਰੇਮ ਸਰੂਪ, ਪ੍ਰੇਮ ਆਪ 'ਤੂੰਹੀ ਤੂੰਹੀ' ਦਾ 'ਰਾਗ-ਧੁਨਿ' ਬਣੇ ਆਪ ਥਰਰ ਥਰਰ ਇਲਾਹੀ ਝਰਨ ਝਰਨ ਵਿਚ ਆਪਣੇ ਪਿਆਰੇ ਦੇ ਰੰਗ ਰੱਤੇਲਹਿਰ ਰਹੇ ਮਨ। 'ਚੁਭੀ ਰਹੀ ਸੁਤ ਪ੍ਰਭੁ ਚਰਨਨ ਮਹਿ' ਆਖਣ ਵਾਲੇ ਆਪਣੇ ਪ੍ਰਭੂ ਜੀਉ ਦੇ ਚਰਨਾਂ ਕਮਲਾਂ ਵਿਚ 'ਤੂੰਹੀ ਤੂੰਹੀ' ਦੀ ਗੁੰਜਾਰ ਵਿਚ ਮਗਨ ਹਨ।

(ਉਪਰਲੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਉਲਥਾ,
ਫ਼ਾਰਸੀ ਗ਼ਜ਼ਲ ਦੇ ਬਹਿਰ ਵਿਚ)

੧, ਹੈ ਕਿਹੜਾ ਪਜਾਰ ਜਿਸ ਕਮਲਾ
ਕਿ ਸੁਹਣੇ ਨਾਲ ਲਾਯਾ ਹੈ,
ਏ ਪ੍ਰੀਤਮ ਜਿਸ ਨੇ ਪਾਯਾ ਅਜ
ਜਗਤ ਦਾ ਰਾਜ ਪਾਯਾ ਹੈ।
੨. ਮਸਤ ਨੈਣਾਂ ਵਿਚ ਤੇਰੇ ਜੋ
ਖ਼ੁਮਾਰ ਆਯਾ ਹੈ ਅਜ ਪਜਾਰੇ!
ਕਰੂ ਖ਼ੂੰ ਦੋ ਜਹਾਂਨਾਂ ਦਾ
ਸਮਝ ਮੇਰੀ ਵਿਚ ਆਯਾ ਹੈ।
੩. ਏ ਦਿਲ ਕਮਲੇ ਤਈਂ ਮੇਰੇ
ਅਜਬ ਆਈ ਬਹਾਰ ਅਜ ਹੈ,
ਜਿਗਰ ਦੇ ਖ਼ੂਨ ਨੈਣਾਂ ਨੂੰ
ਕਿ ਰੱਤਾ ਕਰ ਦਿਖਾਯਾ ਹੈ।
੪. ਜਿਨ੍ਹਾਂ ਨੂੰ ਛਾਂਉਂ ਸੂਲੀ ਦੀ
ਜਿਵੇਂ ਮਨਸੂਰ ਭਾਈ ਹੈ,
ਉਨ੍ਹਾਂ ਫਿਰ ਸੁਰਗ ਦੇ ਬੂਟੇ
ਦਾ ਛਾਯਾ ਨਾ ਤਕਾਯਾ ਹੈ।
੫. ਗੁਲਾਬਾਂ ਵਾਂਙ ਚਿਹਰਾ ਓ
ਤੂੰ ਕਰ ਰੌਸ਼ਨ, ਸ਼ਮਅ ਮੇਰੇ !
ਕਿ ਬੁਲਬੁਲ ਨਾਲ ਪਰਵਾਨਾ
ਸਦਕੜੇ ਹੋਣ ਆਯਾ ਹੈ।
੬. ਘੜੇ ਸੰਗਲ ਜਗਤ ਭਾਵੇਂ
ਸ਼ੁਦਾਈ ਬੰਨ੍ਹਣੇ ਖਾਤਰ,
ਜ਼ੁਲਫ਼ ਦੇ ਘੇਰ ਵਿਚ 'ਗੋਯਾ'
ਨੇ ਦਿਲ ਅਪਣਾ ਟਿਕਾਯਾ ਹੈ।

ਭਾਈ ਸਾਹਿਬ ਜੀ ਦਾ ਇਸ ਵਿਚ ਇਕ ਪਰਮਾਰਥਕ ਭਾਵ ਹੈ ਅਤੇ ਅੱਜ ਦੇ ਚੋਜਾਂ ਤੋਂ ਉਤਪਤ ਹੋਏ ਭਾਵਾਂ ਤੇ ਵਲਵਲਿਆਂ ਦਾ ਨਕਸ਼ਾ ਹੈ। ਐਉਂ :-

ਮਾਮੂਲੀ ਪਿਆਰ ਵਾਲੇ ਜੋ ਪਿਆਰੇ ਦੇ ਪਿਆਰ ਵਿਚ ਰਹਿ ਜਾਂਦੇ ਹਨ, ਉਹ ਧੰਨ ਹਨ, ਪਰ ਉਹ ਮਾਨੋਂ ਪਾਤਸ਼ਾਹ ਹਨ ਜਗਤ ਦੇ, ਜਿਨ੍ਹਾਂ ਨੇ ਪਿਆਰ ਨੂੰ ਸੌਦਾ ਦੇ ਦਰਜੇ ਤਕ ਪੁਚਾਇਆ ਹੈ। 'ਕੀਸਤ' ਦਾ ਇਸ਼ਾਰਾ ਦੁਨੀ ਚੰਦ ਵਲ ਹੈ, 'ਪਾਤਸ਼ਾਹ' ਦਾ ਇਸ਼ਾਰਾ ਬਚਿੱਤ੍ਰ ਸਿੰਘ, ਉਦੈ ਸਿੰਘ ਆਦਿਕ ਸੱਚੇ ਆਸ਼ਕਾਂ ਵਲ ਹੈ। 'ਨਿਗਾਰ' (ਪਿਆਰੇ) ਤੋਂ ਮੁਰਾਦ ਸ੍ਰੀ ਗੁਰੂ ਸਾਹਿਬ ਜੀ ਦੀ ਹੈ।

ਖ਼ੁਮਾਰ ਤੋਂ ਮੁਰਾਦ ਸਤਿਗੁਰਾਂ ਦੇ ਨੈਣਾਂ ਵਿਚ ਮਿਹਰਾਂ ਦੀ ਮਸਤੀ ਤੋਂ ਹੈ ਜੋ ਆਪਣੇ ਪਿਆਰਿਆਂ ਲਈ ਦੋ ਜਹਾਨਾਂ ਨੂੰ ਉਹਨਾਂ ਉਤੋਂ ਵਾਰੇਗੀ, ਦੋ ਜਹਾਨ ਉਨ੍ਹਾਂ ਤੋਂ ਸਦਕੇ ਕੀਤੇ। ਗੁਰੂ ਜੀ ਦੀ ਮਿਹਰ ਅਤੇ ਸਿਖਾਂ

1. ਪਾਠਾਂਤਰ-ਤੂਬਾ ਓ ਫਿਰਦੌਸ।

ਦੇ ਪਿਆਰ ਨੇ ਮੇਰੇ ਦਿਲ ਨੂੰ ਉਮਾਹ, ਉਛਾਹ, ਵੈਰਾਗ, ਪਿਆਰ ਨਾਲ ਕਮਲਾ ਕਰ ਦਿਤਾ ਹੈ। ਅਥਵਾ ਅੱਜ ਦੀ ਗੁਰੂ ਜੀ ਦੀ ਬੀਰ-ਰਸੀ ਤੇ ਸਾਂਤ-ਰਸੀ ਸੁੰਦਰਤਾ ਨੂੰ ਤੱਕ ਕੇ ਦੋ ਜਹਾਨ ਆਪ ਦੇ ਸਦਕੇ ਹੋ ਜਾਣ ਵਾਲੇ ਆਸ਼ਕ ਹੋ ਜਾਣਗੇ।

ਇਹ ਦੇਖਕੇ ਗੁਰੂ ਜੀ ਦੇ ਪਿਆਰੇ ਸਿਖ ਸੂਲੀ ਦੀ ਛਾਓਂ ਨੂੰ -- ਜੋ ਗੁਰੂ ਜੀ ਦੇ ਹੁਕਮ ਵਿਚ ਹੈ- ਪਿਆਰ ਕਰਦੇ ਹਨ ਤੇ ਕਲਪ ਬ੍ਰਿਛ ਦੀ ਛਾਂ ਦੀ ਲੋੜ ਨਹੀਂ ਰਖਦੇ। ਅਰਥਾਤ ਪਿਆਰੇ ਦੇ ਹੁਕਮ ਵਿਚ ਮੌਤ ਨੂੰ ਸੁੱਖਾਂ ਨਾਲੋਂ ਉੱਚਾ ਸਮਝਦੇ ਹਨ।

ਹੇ ਸਤਿਗੁਰੂ ! ਤੂੰ ਆਪਣੇ ਜੀਅ ਦਾਤੇ ਸੁਹਣੇ ਨੂਰਾਣੀ ਚਿਹਰੇ ਨੂੰ ਹੋਰ ਰੋਸ਼ਨ ਕਰ, ਕਿਉਂਕਿ ਆਸ਼ਕ ਲੋਕ ਓਹ ਮਾਸ਼ੂਕ ਲੱਭਦੇ ਫਿਰਦੇ ਹਨ ਕਿ ਜਿਸ ਉੱਤੋਂ ਓਹ ਸਦਕੇ ਹੋ ਜਾਣ। ਇਸ਼ਾਰਾ ਹੈ ਕਿ ਤੁਸਾਂ ਦੇ ਨੂਰੀ ਚਿਹਰੇ ਦੇ ਨੂਰ ਨੇ ਮੋਏ ਜਿਵਾਏ; ਉਹਨਾਂ ਵਿਚ ਪਿਆਰ ਦੀ ਜਿੰਦ ਪਾਈ ਹੈ ਤੇ ਓਹ ਹੁਣ ਪ੍ਰੇਮ ਭਰੇ ਆਪ ਤੋਂ ਸਦਕੇ ਹੋਣਾ ਲੋਚ ਰਹੇ ਹਨ।

ਰਾਜਿਆਂ ਤੇ ਤੁਰਕਾਂ ਨੇ ਤਨਖਾਹਾਂ ਤੇ ਜਗੀਰਾਂ ਦੇ ਲਾਲਚਾਂ ਦੇ ਸੰਗਲ ਘੜ ਕੇ ਫੌਜਾਂ ਭਰਤੀ ਕੀਤੀਆਂ ਹਨ, ਪਰ ਤੇਰੇ ਪ੍ਰੇਮੀਆਂ ਨੇ ਤੇਰੇ ਪ੍ਰੇਮ ਦੀ ਖਾਤਰ ਆਪਾ ਵਾਰਨਾ ਤੇਰੇ ਅੱਗੇ ਭੇਟ ਧਰਿਆ ਹੈ। ਓਹ ਤੇਰੇ ਪ੍ਰੇਮ ਦੇ ਲੋਭ ਵਿਚ ਹਨ।

ਪ.

**ਅਜ** ਸਵੇਰੇ ਜਿਸ ਵੇਲੇ ਹਰੀ ਮੰਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਆਸਾ ਦੀ ਵਾਰ ਦਾ ਭੋਗ ਪੈ ਚੁਕਾ ਤਾਂ ਅਰਦਾਸੀਏ ਨੇ ਆਖਿਆ ਕਿ ਸਾਧ ਸੰਗਤ ਜੀ ! ਇਥੋਂ ਉੱਠ ਕੇ ਅਕਾਲ ਬੁੰਗੇ ਸਾਹਿਬ ਜੀ ਦੀਵਾਨ ਹੈ; ਸਭ ਸੱਜਣ ਉਥੇ ਚਲ ਜੁੜਨਾ, ਇਕ ਅਤਿ ਜ਼ਰੂਰੀ ਮਾਮਲੇ ਤੇ ਵੀਚਾਰ ਹੈ।

ਥੋੜੇ ਚਿਰ ਮਗਰੋਂ ਸ੍ਰੀ ਤਖਤ ਸਾਹਿਬ ਜੀ ਦੇ ਹਜ਼ੂਰ ਦੀਵਾਨ ਸਜ ਗਿਆ, ਜੋ ਵਾਰਤਾ ਇਥੇ ਦੱਸੀ ਗਈ ਸੋ ਇਹ ਸੀ ਕਿ "ਸਾਡੀ ਨਗਰੀ[1] ਦੇ ਮਸੰਦ ਤੇ ਆਗੂ ਭਾਈ ਦੁਨੀ ਚੰਦ ਜੀ ਨੇ ਜੋ ਅੱਗੇ ਸਤਿਗੁਰ ਦੀਆਂ ਜਿੰਦਾਂ ਹੂਲ ਕੇ ਸੇਵਾ ਕਰ ਚੁਕੇ ਹਨ; ਇਸ ਮੌਕੇ ਤੇ ਬੀ ਬੜੇ ਚਾਉ ਨਾਲ ਅਤੇ ਬੜੀ ਹਿੰਮਤ ਨਾਲ ਪੰਜ ਸੌ ਜੁਆਨ ਇਸ ਇਲਾਕੇ ਦਾ ਕੱਠਾ ਕਰ ਕੇ ਗੁਰੂ ਜੀ ਦੇ ਹਜ਼ੂਰ ਏਸ ਜੰਗ ਵਿਚ ਕ੍ਰਿਤਾਰਥ ਹੋਣ ਵਾਸਤੇ ਨਾਲ ਲੈ ਗਏ ਸਨ, ਗੁਰੂ ਬਖਸ਼ੇ, ਪਰ ਰਣਤੱਤੇ ਤੇ ਆਪ ਗੁਰੂ ਕਿਆਂ ਵਲੋਂ ਮੂੰਹ ਮੋੜ ਆਏ ਹਨ ਅਤੇ ਇਕੱਲੇ ਆਪ ਨਹੀਂ ਆਏ, ਇਥੋਂ ਦੇ ਗਏ ਜੁਆਨਾਂ ਵਿਚੋਂ ਵੀ ਬਹੁਤਿਆਂ ਨੂੰ ਮੋੜ ਲਿਆਏ ਹਨ। ਇਹ ਬਾਤ ਜੋ ਹੋਈ ਹੈ, ਜਿਸ ਵਲੋਂ ਹੋਈ ਹੈ, ਉਸੇ ਵਲੋਂ ਹੋਈ ਹੈ, ਉਹਨਾਂ ਨੇ ਹੁਕਮ ਨਾ ਮੰਨ ਕੇ ਮਾਲਕ ਜੀ ਨੂੰ ਪਿੱਠ ਦਿਖਾਈ ਹੈ, ਪਰੰਤੂ ਜਗਤ ਜਦ ਗਲ ਕਰੇਗਾ ਤਾਂ ਸਾਰੇ ਇਲਾਕੇ ਦਾ ਨਾਉਂ ਬਦਨਾਵੀਂ ਨਾਲ ਲਏਗਾ। ਦੂਸਰੀ ਬਾਤ ਇਹ ਹੈ ਕਿ ਸੱਚੇ ਪਾਤਸਾਹ ਕੋਈ ਆਪਣੇ ਰਾਜ ਭਾਗ ਬਨਾਉਣ ਵਾਸਤੇ ਨਹੀਂ ਲੜ ਰਹੇ, ਆਪ ਤਾਂ ਵਾਹਿਗੁਰੂ ਦੇ ਰੰਗ ਰੱਤੇ ਰਹਿੰਦੇ ਹਨ। ਜਗਤ ਦੇ ਪਦਾਰਥਾਂ ਤੋਂ ਸਦਾ ਨਿਰਵਾਸ ਹਨ ਤੇ ਪੂਰਨ ਤਿਆਗ ਵਿਚ ਹਨ। ਆਪ ਤਾਂ 'ਜਲ ਕਮਲ' ਜਾਂ 'ਮੁਰਗਾਈ ਨੈਂ ਵਿਚ' ਵਾਂਙੂ ਮਾਇਆ ਵਿਚ ਬੈਠੇ ਖੇਡਦੇ ਹਨ। ਜੰਗ ਸਾਨੂੰ ਸੁਤੰਤ੍ਰ ਕਰਨ ਵਾਸਤੇ ਹਨ ਤੇ ਸਾਨੂੰ-ਜੋ ਮਰ ਚੁਕੇ ਸਾਂ -- ਜਾਨ ਬਖਸ਼ਕੇ ਉੱਚਿਆਂ ਕਰਨ ਲਈ ਸਿਖਾਲ ਰਹੇ ਹਨ। ਕਲਹਾ ਚੰਗੀ ਨਹੀਂ, ਪਰ ਜਦ ਰਾਖਸ਼ਾਂ ਮਲੇਛਾਂ ਨੇ ਸਾਡੀ ਸਹਿਨਸ਼ੀਲਤਾ, ਸਹਾਰੇ, ਪਿਆਰ ਤੇ ਨੇਕੀਆਂ ਦਾ ਲਾਭ ਉਠਾਕੇ ਸਾਨੂੰ ਨੱਪ ਲਿਆ ਹੈ ਅਰ ਐਸਾ ਨੱਪਿਆ ਹੈ ਕਿ ਹੁਣ ਸਾਨੂੰ ਆਪਣੇ ਧਰਮ ਦੀ ਵੀ ਖੁੱਲ੍ਹ ਨਹੀਂ, ਮੱਲੋ ਮੱਲੀ ਮੰਦਰ ਢਾਹ ਕੇ ਮਸੀਤਾਂ ਬਣਦੀਆਂ ਹਨ, ਬੱਚੇ ਬੱਚੀਆਂ ਮੱਲੋ ਮੱਲੀ ਦੀਨ ਵਿਚ ਦਾਖਲ ਕੀਤੇ ਜਾਂਦੇ ਹਨ, ਜੇਊ ਧੱਕੋ ਧੱਕੀ ਤੋੜੇ ਜਾਂਦੇ ਹਨ ਤਾਂ ਖਾਕੀ ਪਰਜਾ ਦੇ ਪਸ਼ੂ ਹੋ ਜਾਣੇ ਵਿਚ ਕੀ ਰਹਿ ਗਿਆ ਹੈ। ਇਸ ਵਾਸਤੇ ਸਤਿਗੁਰੂ ਜੀ ਸਾਨੂੰ ਆਪਣੀ ਰਖ੍ਯਾ ਦੀ ਜਾਚ ਦੱਸ ਰਹੇ ਹਨ ਅਰ ਸ਼ਾਂਤੀ ਨਾਲ ਭੂਹੇ ਹੋ ਗਏ ਮਲੇਛਾਂ ਦਾ ਮੂੰਹ ਤਲਵਾਰ ਨਾਲ ਸਿੱਧਿਆਂ ਕਰਨ ਵਾਸਤੇ ਆਪਾ ਵਾਰ ਰਹੇ ਹਨ। ਸੋ ਸਾਡਾ ਧਰਮ ਹੈ ਇਸ ਜੰਗ ਵਿਚ ਆਪਾ ਪੇਸ਼ ਕਰਨਾ ਤੇ ਹੁਕਮ ਵਿਚ ਆਪਾ ਸਦਕੇ ਕਰਨਾ। ਜੰਗ ਸਾਡੇ ਵਾਸਤੇ ਸਾਡੇ ਭਲੇ ਵਾਸਤੇ ਤੇ ਉਧਾਰ ਵਾਸਤੇ ਹੈ। ਹੁਣ ਜੋ ਸਾਡੇ ਭਰਾ ਕਿੰਨੇ ਹੀ ਮੈਦਾਨ ਵਿਚੋਂ ਟੁਰ ਆਏ ਹਨ, ਉੱਥੇ ਕੋਈ ਪਾਤਸ਼ਾਹੀ ਦਰਮਾਹੇ ਤੇ ਜਗੀਰਾਂ ਤਾਂ ਨਹੀਂ ਜੋ ਹੋਰ ਫੌਜਾਂ ਨੌਕਰ ਰੱਖ ਲੈਣਗੇ। ਉਤੋਂ ਟਾਕਰਾ ਹੈ ਬਾਈਧਾਰ ਰਾਜਿਆਂ ਨਾਲ, ਰੰਘੜ ਗੁਜਰਾਂ ਨਾਲ, ਪਠਾਣਾਂ, ਮੁਗਲਾਂ ਤੇ ਹੋਰ

1. ਇਹ ਨਗਰੀ ਸ੍ਰੀ ਅਮ੍ਰਿਤਸਰ ਹੈ

ਤੁਰਕ ਹੋਈਆਂ ਲੁਕਾਈਆਂ ਨਾਲ। ਉਵ ਉਹ ਦਰ ਸਦਾ ਬੇ ਲੋੜ ਹੈ, ਬੇਨਿਆਜ਼ ਹੈ, ਪਰ ਅਸਾਂ ਆਪਣਾ ਧਰਮ ਵਿਚਾਰਨਾ ਹੈ।"

ਇਸ ਗੱਲ ਦੀ ਖ਼ਬਰ ਤਾਂ ਘਰ ਘਰ ਧੁੰਮ ਚੁਕੀ ਸੀ, ਸਾਰੇ ਹਾਹਾਕਾਰ ਹੋ ਰਹੀ ਸੀ, ਪਰ ਗ੍ਰੰਥੀ ਸਿੰਘ ਜੀ ਨੇ ਅਜ ਦੀਵਾਨ ਸਜਾ ਦਿਤਾ ਸੀ ਕਿ ਸਾਧ ਸੰਗਤ ਇਕ ਮਤਾ ਕਰ ਲਵੇ। ਇਹ ਗੱਲ ਸੁਣ ਕੇ ਪਹਿਲੇ ਤਾਂ ਕਿਸੇ ਕਿਸੇ ਪਾਸੇ ਤੋਂ ਦੁਨੀਚੰਦ ਨੂੰ ਫਿੱਕੇ ਵਾਕਾਂ ਵਿਚ ਯਾਦ ਕੀਤਾ ਗਿਆ, ਫਿਰ ਕਿਸੇ ਨੇ ਕਹਿ ਦਿਤਾ ਕਿ ਦੁਨੀ ਚੰਦ ਨੇ ਭਾਈ ਸਾਲ੍ਹੋ ਦਾ ਨਾਮ ਕਲੰਕਤ ਕਰ ਦਿਤਾ ਹੈ। ਤਿਸ ਪੁਰ ਸਿੰਘ ਜੀ ਨੇ ਆਖਿਆ: "ਸਜਣੋ ! ਇਹ ਕਲਿਯੁਗ ਹੈ; 'ਅਹਿਕਰ ਕਰੇ ਸੁ ਅਹਿਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ।' ਭਾਈ ਸਾਲ੍ਹੋ ਪੰਚਮ ਪਾਤਸ਼ਾਹ ਜੀ ਦਾ ਪਰਵਾਣ ਤੇ ਪਿਆਰਾ ਸਿਖ ਸੀ, ਪਾਰਗਿਰਾਮੀ ਹੋ ਗਿਆ, ਉਸ ਦਾ ਨਾਮ ਸਦਾ ਉੱਜਲ ਹੈ, ਆਪ ਦੇ ਉੱਜਲ ਨਾਮ ਨੂੰ ਕੋਈ ਦੂਸਰਾ ਕਿਵੇਂ ਕਲੰਕ ਲਾ ਸਕਦਾ ਹੈ ? ਭਾਈ ਸਾਲ੍ਹੋ ਗੁਰ ਨਗਰੀ ਦਾ ਭਾਰੀ ਉਪਕਾਰੀ ਹੋਇਆ ਹੈ, ਉਸ ਦਾ ਟੋਭਾ[1] ਲੋਹਗੜ੍ਹ ਦੇ ਕਿਲ੍ਹੇ ਦੇ ਪਿਛਵਾੜੇ ਸਤਿਗੁਰਾਂ ਦੇ ਹੁਕਮ ਵਿਚ ਸੰਗਤਾਂ ਦੇ ਆਰਾਮ ਲਈ ਖੱਟਿਆ ਲਹਿ ਲਹਿ ਕਰ ਰਿਹਾ ਹੈ; ਉਸ ਦਾ ਨਾਮ ਜੋ ਸਾਂਈਂ - ਨਾਮ ਸਿਮਰਕੇ, ਨਾਮ ਰੂਪ ਤੋਂ ਲੰਘ ਅਨਾਮ ਤੇ ਅਰੂਪ ਵਾਹਿਗੁਰੂ ਵਿਚ, ਨਾਮ ਦੇ ਨਾਮੀ ਸ੍ਵਰੂਪ ਵਿਚ ਅੱਪੜ ਚੁਕਾ ਹੈ, ਉਹ ਸਦਾ ਮੁਖ ਉੱਜਲਾ ਗੁਰਮੁਖ ਹੈ। ਬਾਕੀ ਰਿਹਾ ਦੁਨੀ ਚੰਦ ਸੂਰਮਾ ਸੀ ਭਰੋਸੇ ਵਾਲਾ, ਜੰਗਾਂ ਵਿਚ ਲੜ ਕੇ ਵਰਿਆਮਗੀ ਦੱਸ ਚੁਕਾ ਸੀ, ਹੁਣ ਬੀ ਬੜੇ ਉਮਾਹ ਵਿਚ ਗਿਆ ਸੀ। ਮਾਇਆ ਬੜੀ ਪ੍ਰਬਲ ਹੈ; ਸ਼ੇਖੀ ਦੀ ਥਾਂ ਨਹੀਂ। ਇਸ ਵੇਲੇ, ਮੌਤ ਆਈ ਸਮਝ ਕੇ ਦੁਨੀ ਚੰਦ ਡਰ ਗਿਆ, ਭੱਜ ਪਿਆ। 'ਜਸ ਜੀਵਣਾ ਅਪਜਸ ਮਰਣਾ' ਸੋ ਉਹ ਮਰ ਚੁਕਾ ਹੈ, ਹੁਣ ਕੀ ਜਿੰਦ ਬਾਕੀ ਹੈ ? ਵਿਚਾਰਾ ਮੰਜੇ ਤੇ ਪਿਆ ਹੈ, ਦੁਖ ਪਾ ਰਿਹਾ ਹੈ। ਗੁਰੂ ਸਾਡੇ ਸਭਨਾਂ ਦੀਆਂ ਭੁੱਲਾਂ ਬਖਸ਼ੇ, ਜਗਤ ਕਹੇ ਅਸੀਂ ਕੁਛ ਨਾ ਕਹੀਏ। ਕਰਮ ਪਏ ਬੋਲਣ, ਜੀਭ ਕਾਹਨੂੰ ਕੁਛ ਕਹੇ। ਕਰਮ ਵੀ ਸਤਿਗੁਰੂ ਬਖਸ਼ੇ ਇਹ ਦਰ ਬਖਸ਼ਿਸ਼ ਦਾ ਹੈ, ਅਸੀਂ ਭੁੱਲਣ ਹਾਰ ਹਾਂ।"

ਇਹ ਸੁਣਕੇ ਕੁਛ ਚਿਰ ਕੁਲਾਹਲ ਜਿਹਾ ਰਿਹਾ ਫਿਰ ਇਕ ਮਸ ਫੁੱਟੇ, ਗਭਰੂ ਸਜੀਲੇ ਜੁਵਾਨ, ਨੌਜਵਾਨ ਸੀਸ ਨਿਵਾਕੇ ਫਤੇ ਗਜਾ ਕੇ ਬੋਲੇ :-

ਸਾਧ ਸੰਗਤ ਜੀ ! ਸਿੰਘ ਜੀ ਨੇ ਅਪਾਰ ਕਿਰਪਾ ਕਰਕੇ ਸਾਡੇ ਵਡੇ ਭਾਈ ਸਾਲ੍ਹੋ ਜੀ ਦਾ ਜਸ ਸੰਭਾਲ ਲਿਆ ਹੈ। ਪਰ ਅਸੀਂ ਦੁਨੀ ਚੰਦ ਜੀ ਦੀ ਸੰਤਾਨ ਹਾਂ, ਓਹਨਾਂ ਦਾ ਦੋਸ਼ ਅਸਾਂ ਵੱਲ ਵਧੇਰੇ ਪੈਂਦਾ ਹੈ। ਉਹ ਘਰ ਮੰਜੇ ਤੇ ਪਏ ਹਨ, ਜਿਸ ਦਿਨ ਦੇ ਆਏ ਹਨ ਪਰਵਾਰ ਨੇ ਉਹਨਾਂ ਨੂੰ ਪਿਆਰ ਨਹੀਂ ਕੀਤਾ, ਚਾਹੋ ਸਾਡਾ ਧਰਮ ਹੈ ਕਿ ਬੱਚੇ ਹਾਂ, ਸੇਵਾ ਕਰੀਏ, ਪਰ ਤਾਂ ਬੀ ਅਸੀਂ ਸੇਵਾ ਕਰਦੇ ਹੋਏ ਬੀ ਸਾਰੇ ਦੁਖੀ ਹਾਂ ਤੇ ਪਰਵਾਰ ਉਹਨਾਂ ਤੋਂ ਉਦਰੇਵੇਂ ਵਿਚ ਹੈ। ਗੁਰੂ 'ਗੁਰੂ' ਹੈ ਤੇ ਸਭ ਸਾਕਾਂ ਤੋਂ ਪਿਆਰਾ ਹੈ, ਗੁਰੂ 'ਗੁਰੂ' ਹੈ ਤੇ ਸਭ ਤੋਂ ਵੱਡਾ ਹੈ, ਗੁਰੂ ਸਾਕ ਹੈ ਤਾਂ ਸਾਰੇ ਹਨ, ਨਹੀਂ ਤਾਂ ਕੋਈ ਨਹੀਂ। ਮੇਰਾ ਵੀਰ ਅਨੂਪ ਸਿੰਘ ਤੇ ਮੈਂ ਸਰੂਪ ਸਿੰਘ ਅਸੀਂ ਦੋਵੇਂ ਅੰਮ੍ਰਿਤਧਾਰੀ ਸਿੰਘ ਹਾਂ, ਇਹੋ ਸਾਡਾ ਪਿਤਾਮਾ ਸ੍ਰੀ ਦੁਨੀ ਚੰਦ ਜੀ ਆਪ ਸਾਨੂੰ ਆਨੰਦਪੁਰ ਲੈਕੇ ਗਏ ਸਨ ਤੇ ਆਪ ਅੰਮ੍ਰਿਤ ਛਕਵਾਕੇ ਲਿਆਏ ਸਨ। ਹੁਣ ਆਪ ੫੦੦ ਜੁਆਨ ਨਾਲ ਲੈਕੇ ਚਾਈਂ ਚਾਈਂ ਜੰਗ ਕਰਨ ਗਏ ਸਨ। ਪਤਾ ਨਹੀਂ ਭਾਵੀ ਕੀ ਵਰਤੀ ਕਿ ਮੂੰਹ ਮੋੜ ਆਏ। ਭਾਵੀ ਬਲਵਾਨ ਹੈ ਮੌਤ ਦਾ ਭੈ ਬੁਰੀ ਸ਼ੈ ਹੈ, ਡਾਢੇ ਕਮਲੇ ਪਿਆਰ ਵਾਲੇ ਪਿਆਰੇ ਦੀ ਖ਼ਾਤਰ ਮੌਤ ਕਬੂਲਦੇ ਹਨ, ਗੁਰੂ ਬਖਸ਼ੇ, ਆਪ ਲਾਵੇ ਆਪ ਨਿਭਾਵੇ। ਹੁਣ ਸਾਡੀ ਅਰਜ਼ ਇਹ ਹੈ ਕਿ ਜੋ ਹੋ ਚੁਕਾ ਸੋ ਹੋ ਚੁਕਾ, ਸਾਡਾ ਖ਼ਾਨਦਾਨ ਗੁਰੂ ਦਾ ਦਾਸ ਹੈ, ਅਸਾਂ ਬੇਮੁਖ ਨਹੀਂ ਹੋਣਾ। ਸੋ ਸਾਡੇ ਦੋਹਾਂ ਭਰਾਵਾਂ ਦੇ ਸਰੀਰ ਹਾਜ਼ਰ ਹਨ, ਅਸੀਂ ਸਾਧ ਸੰਗਤ ਦੇ ਹਜ਼ੂਰ ਗੁਨਾਹਗਾਰੀ ਮੰਨਦੇ ਹਾਂ ਤੇ ਆਨੰਦਪੁਰ ਸਾਹਿਬ ਜਾ ਕੇ ਏਹ ਨਕਾਰੇ

1. ਇਹ ਇਕ ਭਾਰੀ ਕੱਚਾ ਤਲਾਉ ਸੀ, ਜਿਸਦੇ ਸਿਰ ਤੇ ਭਾਈ ਸਾਲ੍ਹੋ ਜੀ ਦਾ ਰਚਿਆ ਮੰਦਰ ਹੁਣ ਤਕ ਹੈ, ਪਰ ਚਿਰ ਹੋਇਆ ਅੰਮ੍ਰਿਤਸਰ ਦੀ ਕਮੇਟੀ ਇਹ ਥਾਂ ਪੂਰਕੇ ਵਿਚੋਂ ਸੜਕ ਕੱਢ ਚੁਕੀ ਹੈ, ਮੰਦਰ ਅਜੇ ਹੈ ਭਾਈ ਵਸਤੀ ਰਾਮ ਦੀ ਢਾਬ ਭਾਈ ਸੰਤ ਸਿੰਘ ਦੀ ਢਾਬ ਕਮੇਟੀ ਪੂਰ ਕੇ ਹਿੰਦੂਆਂ ਨੂੰ ਦੇ ਚੁਕੀ ਹੈ। ਮੀਜਠੀਏ ਸਰਦਾਰਾਂ ਦਾ ਦਿਤਾ ਗਰੀਬ ਖਾਨੇ ਦਾ ਟਿਕਾਣਾ ਕਮੇਟੀ ਬੈਂਕ ਪਾਸ ਵੇਚ ਚੁਕੀ ਹੈ। ਸ: ਝੰਡਾ ਸਿੰਘ ਦੇ ਥਾਂ ਨੂੰ ਉੱਚਾ ਕਰ ਕੇ ਥਾਂ ਵੇਚ ਕੇ ਬਜ਼ਾਰ ਬਣ ਚੁਕਾ ਹੈ, ਵਿਚਕਾਰ ਉਹਨਾਂ ਦੀ ਪੁਰਾਣੀ ਸਮਾਧ ਅਜੇ ਖੜੀ ਹੈ, ਸਮਾਧ ਵਾਸਤੇ ਰੁਪਿਆ ਵੀ ਕਮੇਟੀ ਨੇ ਰਖਿਆ ਸੀ, ਸੁਣਿਆ ਹੈ। ਐਉਂ ਅਨੇਕ ਸਿਖ ਟਿਕਾਣੇ ਸਿਖਾਂ ਦੇ ਹਥੋਂ ਨਿਕਲ ਚੁਕੇ ਹਨ।

ਸਰੀਰ ਸਤਿਗੁਰ ਦੇ ਚਰਨਾਂ ਵਿਚ ਸੁੱਟਣ ਨੂੰ ਤਿਆਰ ਹਾਂ। ਚਾਹੋ ਬਖਸ਼ ਕੇ ਸੇਵਾ ਵਿਚ ਲਾ ਲੈਣ ਚਾਹੇ ਨੇਜ਼ੇ ਨਾਲ ਚੱਕ ਕੇ ਗਿਰਝਾਂ ਅਗੇ ਸਿੱਟ ਦੇਣ, ਅਸਾਂ ਇਨ੍ਹਾਂ ਮਾਸ ਦੇ ਪਿੰਡਾਂ ਨੂੰ ਹੁਣ ਗੁਰੂ ਹੁਕਮ ਵਿਚ ਵਾਰ ਦੇਣਾ ਹੈ। ਸਾਧ ਸੰਗਤ ਸਾਡੇ ਇਨ੍ਹਾਂ ਨਕਾਰੇ ਸਰੀਰਾਂ ਨੂੰ ਕਬੂਲੇ ਤੇ ਸੱਚੇ ਪਾਤਸ਼ਾਹ ਜੀ ਦੇ ਅਰਘੇ ਵਿਚ ਬਲੀ ਹੋਣ ਲਈ ਪਾ ਦੇਣ ਦਾ ਮਾਣ ਬਖਸ਼ੇ।

ਦੁਨੀ ਚੰਦ ਦੇ ਪੋਤਰਿਆਂ ਦੀ ਇਹ ਕੁਰਬਾਨੀ ਇਹ ਸਿਦਕ ਦੇਖ ਕੇ ਕਲੇਜੇ ਉਛਲ ਪਏ। "ਧੰਨ ਸਿਖੀ, ਧੰਨ ਸਿਖੀ" ਧੰਨ ਭਾਈ ਸਾਲ੍ਹੋ, ਧੰਨ ਭਾਈ ਸਾਲ੍ਹੋ' ਦੀ ਗੁੰਜਾਰ ਪੈ ਗਈ, ਆਪਾ ਸਦਕੇ ਕਰਨ ਦਾ ਚਾਉ ਜੋਸ਼ਾਂ ਵਿਚ ਆ ਗਿਆ। ਤਦ ਸਿੰਘ ਬੋਲੇ :-

ਖਾਲਸਾ ਜੀ ! ਦੇਖ ਲਓ ਭਾਈ ਸਾਲ੍ਹੋ ਨੂੰ ਆਖਦੇ ਸਾਓ, ਉਹਨਾਂ ਦੀ ਹੀ ਬੰਸ ਵਿਚੋਂ ਇਹ ਸੂਰਮੇ ਨਿੱਤਰੇ ਹਨ। ਦੇਖੋ ਸਾਡੇ ਆਗੂ ਦਾ ਆਪਣਾ ਘਰ ਹੀ ਕਿੱਡਾ ਸੁਹਣਾ ਹੈ ਜੋ ਪਰਿਵਾਰ ਨੇ ਦੁਨੀ ਚੰਦ ਨਾਲ ਨਖੇੜੇ ਵਾਂਙੂ ਨਖੇੜਾ ਕਰ ਕੇ ਆਪ ਨੂੰ ਗੁਰੂ ਸਨਮੁਖ ਰਖਿਆ ਹੈ। ਧੰਨ ਹੈ ਗੁਰੂ ਸਿਖੀ ਦਾ ਪਿਆਰ ਤੇ ਸਿਦਕ। ਹੁਣ ਕੀਹ ਆਪ ਦੀ ਆਗਜਾ ਹੈ ਕਿ ਸਰੂਪ ਸਿੰਘ ਅਨੂਪ ਸਿੰਘ ਜਥੇਦਾਰ ਬਣਨ ਤੇ ਜਥਾ ਤਿਆਰ ਹੋਵੇ ? ਜੋ ਘਾਟ ਮਾਝੇ ਦੇ ਸਿੰਘ ਪਾ ਆਏ ਹਨ, ਮਾਝੇ ਦੇ ਹੀ ਜਾ ਕੇ ਪੂਰੀ ਕਰਨ ?

ਇਸ ਕਥਨ ਪਰ ਕੋਈ ਪੰਜਾਹ ਕੁ ਜਵਾਨ ਹੋਰ ਨਿਤਰੇ, ਕੁਝ ਸਿੰਘ ਏਥੋਂ ਤਿਆਰ ਹੋਕੇ ਗਿਰਾਵਾਂ ਨੂੰ ਨਿਕਲ ਗਏ ਕਿ ਇਹ ਗੱਲ ਦੱਸਣ, ਤੇ ਹੋਰ ਜੋ ਸਿੰਘ ਨਿਤਰਨ ਸੋ ਜਥੇ ਦੇ ਨਾਲ ਚਲ ਪੈਣ। ਅੱਗੇ ਤਮਾਸ਼ਾ ਹਰ ਥਾਂ ਇਹ ਸੀ ਕਿ ਜੋ ਨੱਸ ਕੇ ਦੁਨੀ ਚੰਦ ਨਾਲ ਆਏ ਸਨ, ਉਹਨਾਂ ਨੂੰ ਆਪਣੇ ਹੀ ਘਰਦਿਆਂ ਨੇ ਮੂੰਹ ਨਾ ਲਾਇਆ, ਨਾ ਘਰਾਂ ਵਿਚ ਤੇ ਨਾ ਹੀ ਸੰਗਤਾਂ ਵਿਚ ਉਹਨਾਂ ਨੂੰ ਆਦਰ ਮਿਲਿਆ। ਇਹ ਪਿਆਰ ਗੁਰੂ ਕਲਗੀਆਂ ਵਾਲੇ ਦਾ ਸਿਖੀ ਵਿਚ ਸੀ, ਇਹ 'ਪਿਆਰਿ-ਅਗਨਿ' ਦਿਲਾਂ ਵਿਚ ਬਲਦੀ ਸੀ ਕਿ ਜਿਸ ਨੇ ਫ਼ਕੀਰਾਂ ਦੇ ਟੋਲੇ ਤੋਂ ਜ਼ਾਲਮ ਪਾਤਸ਼ਾਹੀ ਦਾ ਚਰਾਗ ਗੁਲ ਕਰਵਾ ਦਿੱਤਾ।

ਸਿੰਘ ਜੀ ਨੇ ਹੁਣ ਇਕ ਹਲਕਾਰਾ ਸਤਿਗੁਰਾਂ ਦੀ ਸੇਵਾ ਵਿਚ ਸਾਰੇ ਹਾਲ ਦਾ ਘੱਲ ਦਿੱਤਾ ਕਿ ਜਿਵੇਂ ਹੋਈ ਸੀ ਜਾ ਅਰਜ਼ ਕਰੇ ਤਾਂ ਜੋ ਸਤਿਗੁਰ ਜੀ ਤੇ ਸਿਖਾਂ ਨੂੰ ਪਤਾ ਲੱਗ ਜਾਵੇ ਕਿ ਇਕ ਹੋਰ ਸੇਵਾਦਾਰਾਂ ਦਾ ਜਥਾ ਉਸ ਦੁਨੀ ਚੰਦ ਦੇ ਪੋਤ੍ਰਿਆਂ ਦੀ ਸਰਦਾਰੀ ਹੇਠ ਆ ਰਿਹਾ ਹੈ ਤੇ ਇਹ ਅਰਦਾਸ ਹਲਕਾਰੇ ਸਿੰਘ ਦੇ ਹੱਥ ਘੱਲੀ :- "ਲਿਖਤੁਮ ਕਰਮ ਸਿੰਘ ਕੂਕਰ ਆਪਦੇ ਦਰ ਦਾ, ਸਾਧ ਸੰਗਤ ਖਾਲਸਾ ਸੁਧਾਸਰ ਹਰੀਮੰਦਰ ਤਖਤ ਸਾਹਿਬ ਅਕਾਲ ਬੁੰਗਾਂ ਜੀ ਦਾ ਸੇਵਕ, ਅਗੇ ਸੇਵਾ ਵਿਚ ਸਾਹਿਬ ਸਾਹਿਬ ਸਾਹਿਬ ਸ੍ਰੀ ਮਾਲਕ ਪਾਲਕ ਰੱਖਕ ਦੋ ਜਹਾਨ ਦੇ ਵਾਲੀ ਸ੍ਰੀ ਸ੍ਰੀ ਸ੍ਰੀ ਸ੍ਰੀ ਸ੍ਰੀ ਸ੍ਰੀ ਸ੍ਰੀ ਕਲਗੀਧਰ ਜੀ ਮਹਾਰਾਜ ਜੀ ਆਪ ਜੀ, ਆਪ ਜੀ ! ਦੁਇ ਕਰ ਜੋੜਿ ਸੀਸ ਚਰਨਾਂ ਪਰ ਪਰਿਆ ਰਹੇ, ਸਰਬੱਤ ਸਾਧ ਸੰਗਤ ਖਾਲਸੇ ਦਾ ਧਰਿਆ ਰਹੇ, ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥ ਨਿਮਖ ਨਿਮਖ ਤੁਮਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥੧॥ ਜਿਹਵਾ ਏਕ ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ ੧॥ ਰਹਾਉ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮਹੀ ਸਜਨ ਸੁਹੇਲੇ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥੩॥੧੨॥ (ਧਨਾ: ਮਹਲਾ ੫)

ਭੁੱਲਣਹਾਰ ਹਾਂ, ਖਿਰਦ ਬਖਸ਼ਿੰਦ ਹੈ, ਬਖਸ਼ਿੰਦ ਹੈ। ਇਕ ਜਥਾ ਸਿੰਘਾਂ ਦਾ ਹਾਜ਼ਰ ਹੋਵੇਗਾ, ਦੁਨੀ ਚੰਦ ਦੇ ਪੋਤੇ ਸਰੂਪ ਸਿੰਘ ਤੇ ਅਨੂਪ ਸਿੰਘ ਦੀ ਜਥੇਦਾਰੀ ਵਿਚ। ਭਾਈ ਸਾਲ੍ਹੋ ਦਾ ਸਦਕਾ ਮਿਹਰ ਕਰਨੀ, ਬਖਸ਼ਣਾ, ਦਰ ਕਬੂਲ ਪਾਉਣਾ, ਗੁਰਮੁਖ-ਤਾਈ ਸਨਮੁਖਤਾਈ ਦਾ ਦਾਨ ਬਖਸ਼ਣਾ, ਗੁਰਮੁਖਾਂ ਸਨਮੁਖਾਂ ਦਾ ਸਦਕਾ ਮਨਮੁਖਾਂ ਬੇਮੁਖਾਂ ਸਰਬਤ ਨੂੰ ਬਖਸ਼ਣਾ। 'ਹਮ ਭੂਲਿ ਵਿਗਾੜਹ ਦਿਨਸੁ ਰਾਤਿ।' ਹੋਰ ਅਰਜੋਈਆਂ ਹਲਕਾਰਾ ਸਿੰਘ ਜ਼ੁਬਾਨੀ ਕਰੇਗਾ।"

ਇਕ ਅਠਵਾਰੇ ਵਿਚ ਦੋ ਸੋ ਸਿੰਘ ਤਿਆਰ ਹੋ ਗਿਆ, ਫਿਰ ਸ੍ਰੀ ਅਕਾਲ ਤਖਤ ਸਾਹਿਬ ਇਕੱਠ

ਹੋਇਆ। ਤੁਰਨ ਵਾਲੇ ਬੀਰ ਤੇ ਉਨ੍ਹਾਂ ਦੇ ਪਰਿਵਾਰ ਸਾਰੇ ਹਾਜ਼ਰ ਸਨ। ਦੋਇ ਪੋਤੇ ਸੁਹਣੇ ਜਵਾਨ ਸ਼ਹੀਦੀ ਦੇ ਸੇਹਰੇ ਬੰਨ੍ਹੇ ਸੰਗਤ ਵਿਚ ਆ ਖੜੇ ਸਨ। ਮਾਵਾਂ ਪੁੱਤ੍ਰਾਂ ਨੂੰ ਗਲ ਲਾ ਲਾ, ਅਸੀਸਾਂ ਦੇ ਦੇ, ਮਿਲ ਮਿਲ ਵਿਛੁੜਦੀਆਂ ਤੇ ਨੈਣ ਭਰ ਭਰ ਟੋਰਦੀਆਂ ਕਹਿੰਦੀਆਂ ਸਨ, "ਦੇਖਣਾ! ਤੁਸੀਂ ਅਗਲੀ ਸ਼ਾਹੀ ਧੋਣ ਚੱਲੇ ਹੋ, ਹੋਰ ਨਾ ਲਾ ਆਉਣੀ"। ਪਿਤਾ ਪਿੱਠਾਂ ਤੇ ਹੱਥ ਫੇਰ ਫੇਰ ਅਸੀਸਾਂ ਦਿੰਦੇ ਸਨ ਕਿ "ਜਾਓ ਬੇਟਾ! ਜਨਮ ਸਫਲਾਓ ਤੇ ਕੁਲਾਂ ਦੇ ਮੂੰਹ ਉੱਜਲ ਕਰੋ।" ਭੈਣਾਂ ਗਲੇ ਸਿਹਰੇ ਪਾਉਂਦਆਂ, ਵੀਰਾਂ ਦੀਆਂ ਦਸਤਾਰਾਂ ਵਿਚ ਤੁਰਲੇ ਟੁੰਗਦੀਆਂ ਅਸੀਸਾਂ ਦਿੰਦੀਆਂ ਸਨ: "ਜਿਵੇਂ ਵੀਰ! ਤੁਸੀਂ ਭੈਣਾਂ ਦਾ ਪਿਆਰ ਲੈ ਕੇ ਚੱਲੇ ਹੋ; ਜਿਵੇਂ ਤੁਰਲੇ ਲਟਕਾ ਤੁਰੇ ਹੋ ਤਿਵੇਂ ਮੁਖ ਉੱਜਲੇ ਤੁਰਲੇ ਲਟਕਾ ਕੇ ਭੈਣਾਂ ਨੂੰ ਸਨਮੁਖ ਦੀਦਾਰ ਆ ਦੇਣੇ। ਤੁਸੀਂ ਆਓ ਫਤੇ ਨੂੰ ਵਰਕੇ, ਵਿਆਹ ਕੇ ਜੈ ਰਾਣੀ ਨੂੰ, ਭੈਣਾਂ ਆਉਂਦਿਆਂ ਦੀਆਂ ਉਤਾਰਨ ਆਰਤੀਆਂ ਤੇ ਆਖਣ "ਵੀਰ ਆਏ, ਫਤਹ ਦੁਲਹਨ ਨੂੰ ਪਰਨਾ ਕੇ ਲਿਆਏ। ਜੀਉ ਜੀਉ ਆਏ, ਜੁਗ ਜੁਗ ਆਏ।"

ਇਸ ਤਰ੍ਹਾਂ ਦਾ ਨਜ਼ਾਰਾ ਆਪਾ ਵਾਰਨ ਤੇ ਗੁਰਪ੍ਰੇਮ ਦਾ ਇਸ ਵੇਲੇ ਦਿੱਸਦਾ ਸੀ, ਵੇਖਣ ਵਾਲਿਆਂ ਦੇ ਅੱਥਰੂ ਨਹੀਂ ਠੱਲ੍ਹੀਦੇਂ ਸਨ। ਗੱਲ ਕੀ ਸਭ ਤਿਆਰ ਹੋ ਕੇ ਸਿੰਘ ਵਿਦਾ ਹੋਏ :-

ਕਟ ਕਸਕੈ ਗੁਰ ਦਿਸ਼ ਚਲ ਪਰੇ। ਦੋਸ਼ ਪਿਤਾਮਾ
ਕੋ ਬਡ ਧਰੇ। ਜੋ ਮਸ਼ੈਲ ਧਰਿ ਸ਼ਰਧਾ ਮਿਲੇ।
ਲੇਕਰਿ ਸੰਗਿ ਆਨੰਦ ਪੁਰ ਚਲੇ। (ਸੂ: ਪ੍ਰ:)

ਸਿੰਘ ਟੁਰੇ, ਪਰ ਕੁਛ ਭੇਸ ਵਟਾ ਕੇ, ਸ਼ਸਤ੍ਰ ਲੁਕਾ ਲੁਕਾ ਕੇ, ਜੋ ਬਾਹਰ ਪਤਾ ਨਾ ਨਿਕਲੇ ਕਿ ਕੱਠੀ ਹੋਕੇ ਕੁਮਕ ਚੱਲੀ ਹੈ ਜੋ ਏਥੇ ਹੀ ਕੋਈ ਕਟਕੀ ਅਟਕ ਪੈ ਕੇ ਰੋਕਾ ਨਾ ਪੈ ਜਾਵੇ। ਸਨੇ ਸਨੇ ਚੱਲ ਕੇ ਏਹ ਭੁੱਲਾਂ ਬਖਸ਼ਣਹਾਰੇ ਸਤਿਗੁਰੂ ਜੀ ਦੇ ਪਰਵਾਨੇ ਸਤਿਗੁਰ ਸ਼ਮਾ ਤੇ ਨੁਛਾਵਰ ਹੋਣ ਲਈ ਜਾ ਅੱਪੜੇ ਤੇ ਖਸਮ ਦੇ ਦਰ ਕਬੂਲ ਪਏ।

## ੫੨. ਪ੍ਰਸੰਗ ਭਾਈ ਜੋਗਾ ਸਿੰਘ[1]।

ਸ਼ਹਿਰ ਪਸ਼ੌਰ, ਰਚੀ ਹੈ ਸ਼ਾਦੀ, ਚਹਿਲ ਪਹਿਲ ਦਿਸ ਆਵੇ। ਸੰਗਤ ਜੁੜੀ ਦੀਵਾਨ ਲੱਗਾ ਹੈ, ਵਿਚ ਗੁਰੂ ਗ੍ਰੰਥ ਸੁਹਾਵੇ। ਸਿੰਘ ਗੁਰੂ ਦਸਮੇਂ ਦਾ ਪਜਾਰਾ ਜੋਗਾ ਸਿੰਘ ਕਹਾਵੇ। ਵਿਆਹ ਪਿਆ ਸੀ ਹੋਂਦਾ ਐਪਰ, ਦਿਲ ਗੁਰ ਚਰਨ ਧਿਆਵੇ। ਕਾਰਜ ਭੁਗਤ ਰਿਹਾ ਸੀ ਜਦ ਹੀ, ਲਾਂਵਾਂ ਸੀਗਾ ਲੈਂਦਾ, ਦੋ ਲਾਵਾਂ ਪੜ੍ਹ ਲਈਆਂ ਪਾਠੀ; ਬਾਕੀ ਸੀ ਅੱਧ ਰਹਿੰਦਾ। ਇਕ ਗੁਰੂ ਦਾ ਸਿੱਖ ਪਿਆਰਾ ਆਨੰਦ ਪੁਰ ਤੋਂ ਆਇਆ, ਓਸੇ ਦਸ਼ਾ, ਬਿਨਾਂ ਕੁਛ ਦੇਰੀ ਕਾਗਤ ਹੱਥ ਫੜਾਇਆ: ਲੈ ਜੋਗਾ ਸਿੰਘ ਪੱਤ੍ਰ ਗੁਰਾਂ ਦਾ ਸੀਸ ਆਪਣੇ ਧਰਿਆ, ਫਿਰ ਖੋਲ੍ਹਿਆ ਤੇ ਉੱਚਾ ਕਰਕੇ ਅੱਖਾਂ ਅੱਗੇ ਕਰਿਆ। ਵਾਚ ਗੁਰਾਂ ਦੀ ਆਗਜਾ ਉਸ ਵਿਚ, ਸਤਿਗੁਰ ਕੀ ਫੁਰਮਾਵੇ:- "ਜੋਗਾ ਸਿੰਘ ਸਿਖ ਹੈ ਮੇਰਾ ਪੜ੍ਹਦਿਆਂ ਹੀ ਤੁਰ ਆਵੇ; ਜਿਮ ਹਾਲਤ ਵਿਚ ਹੋਵੇ ਪਜਾਰਾ ਰਤਾ ਨ ਢਿੱਲ ਲਗਾਵੇ, ਆਨੰਦਪੁਰ ਨੂੰ ਤੁਰੇ ਤੁਰਤ ਹੀ, ਇਕ ਪਲ ਬਿਲਮ ਨ ਲਾਵੇ॥" ਪੜ੍ਹ ਅਰਦਾਸ ਨੈਣ ਤੇ ਲਾਈ, 'ਸ਼ੁਕਰ ਸ਼ੁਕਰ' ਮੂੰਹੁੰ ਕੀਤਾ, ਮਸਤਕ ਟੇਕ ਗੁਰੂ ਗ੍ਰੰਥ ਅੱਗੇ, ਬਾਹਰ ਦਾ ਰਾਹ ਲੀਤਾ। ਸਾਕ ਪਿਆਰੇ, ਨਾਤੇ ਸਹੁਰੇ, ਸੰਗਤ ਕਹਿੰਦੀ: "ਭਾਈ! ਅਧਵਾਟੇ ਤੂੰ ਵਜਾਹ ਨੂੰ ਛੱਡੇਂ ਇਹ ਕੀ ਜੀ ਨੂੰ ਭਾਈ?" ਓਸ ਕਿਹਾ: "ਸਤਿਗੁਰ ਨੇ ਸੱਦਿਆ, ਮੈਂ ਕੀਕੂੰ ਰਹਿ ਸਕਾਂ? 'ਖਿਨ ਪਲ ਢਿੱਲ ਨ ਲਾਓ' ਆਗਜਾ ਸੋ ਗੁਰ ਮਰਜ਼ੀ ਤੱਕਾਂ।" ਸੁਣ ਕੇ ਹੁਕਮ ਗੁਰੂ ਦਾ ਸੰਗਤ ਨਾਲ ਅਦਬ ਦੇ ਹੋਈ, ਸਭ ਨੇ ਗਲ ਵਿਚ ਪੱਲਾ ਪਾਇਆ, ਦੁਇ ਹੱਥ ਜੋੜ ਖਲੋਈ: "ਧੰਨ ਗੁਰੂ, ਧੰਨ ਸਿਖ ਪਿਆਰੇ, ਸਿਦਕ ਨਿਬਾਹਵੇ ਆਪੇ। ਆਪੇ ਦੇਵੇ, ਆਪੇ ਲੇਵੇ, ਬਖਸ਼ੇ ਜੋਖੇ ਆਪੇ। ਸਿਦਕ ਦਈਂ, ਫਿਰ ਡੋਲ ਨ ਦੇਈਂ, ਆਪੇ ਪੱਕ ਕਰਾਵੀਂ, ਆਪ ਲਿਆ ਈ

1. ਇਹ ਪ੍ਰਸੰਗ ੧੧ ਫਗਣ ਸੰ: ਗੁ: ਨਾ: ਸਾ: ੪੩੭(੨੧ ਫਰਵਰੀ ੧੯੦੬ ਈ:) ਨੂੰ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।

ਲੜ ਲਾ ਸਾਨੂੰ ਆਪੇ ਤੋੜ ਚੜ੍ਹਾਵੀਂ।" ਨੈਣ ਭਰੇ ਜਲ ਨਾਲ ਸਭਸ ਦੇ ਦੇਖ ਸਿੱਖ ਦੀ ਸਿੱਖੀ, ਨਾਲ ਅਦਬ ਦੇ ਦਿਲ ਭਰ ਆਏ, ਝਾਲ ਦੇਖ ਕੇ ਤਿੱਖੀ। ਵਾਲੋਂ ਨਿੱਕੀ ਗੁਰ ਦੀ ਸਿੱਖੀ, ਖੰਡਯੋਂ ਤਿੱਖੀ ਕਹਿੰਦੇ, ਪਰ ਜੋ ਧਾਰਨ ਨਾਲ ਸਿਦਕ ਦੇ ਅਰਸ਼ੀ ਸੁਖ ਵਿਚ ਰਹਿੰਦੇ। ਜੋਗਾ ਸਿੰਘ ਉੱਠ ਝਟ ਤੁਰਿਆ ਪਿੱਠ ਨ ਫਿਰਕੇ ਮੋੜੀ, ਪਿਛੋਂ ਜਾਕੇ ਪਜਾਰੇ ਵੀਰਾਂ, ਪਹੁੰਚਾਈ ਇਕ ਘੋੜੀ। ਵਗੋ ਤਗੀ ਸਿੰਘ ਚਲਿਆ ਜਾਵੇ, ਦਿਲ ਸਿਦਕਾਂ ਵਿਚ ਭਰਿਆ, ਸ਼ੁਕਰ ਕਰੇਂਦਾ ਹੌਲੀ ਹੌਲੀ, ਘਰ ਖੁਸ਼ੀਆਂ ਦੇ ਚੜ੍ਹਿਆ। ਜਦ ਲਾਹੌਰ ਵਿਖੇ ਉਹ ਆਇਆ, ਸੋਚੇ :- ਗੁਰੂ ਪਿਆਰੇ ! ਸਿਦਕ ਨਿਬਾਹਿਆ ਆਪ ਦਾਸ ਤੋਂ, ਤੈਥੋਂ ਹਾਂ ਬਲਿਹਾਰੇ। ਫਿਰ ਅੰਮ੍ਰਿਤਸਰ ਦਰਸ਼ਨ ਕੀਤਾ, ਕਰ ਸ਼ੁਕਰਾਨਾ ਤੁਰਿਆ। ਇਸ ਮਗਰੋਂ ਦਿਲਿ 'ਹਉਮੈਂ' ਆਈ ਰੂਪ ਨ ਪਰਗਟ ਕਰਿਆ। ਜਿਉਂ ਜਿਉਂ ਪੈਂਡਾ ਮੁਕਦਾ ਜਾਵੇ ਹਉਮੈਂ ਵਧਦੀ ਜਾਵੇ, ਦਿਲ ਆਖੇ: ਮੈਂ ਜੇਹੀ ਕਰਨੀ ਵਿਰਲੇ ਤੋਂ ਬਣ ਆਵੇ; ਗੁਰੂ ਤੁੱਠ ਹੁਣ ਪਊ ਦਾਸ ਤੇ, ਕਹਿਸੀ: 'ਤੂੰ ਸਿਖ ਪੂਰਾ', 'ਘਾਲ ਕਮਾਈ ਵਾਹ ਸਿਖ ਪਜਾਰੇ ! ਤੂੰ ਸਿਖ ਮੇਰਾ ਸੂਰਾ'। ਜਦੋਂ ਜਲੰਧਰ ਪਹੁੰਚਾ ਜਾ ਕੇ, ਦਿਲ ਆਖੇ : 'ਸੁਣ ਪਜਾਰੇ! 'ਤੂੰ ਹੈਂ ਸਿਖੀ ਠੀਕ ਕਮਾਈ ਮੈਂ ਤੋਂ ਮੈਂ ਬਲਿਹਾਰੇ'। ਆਪਾ ਦੀਨਣ, ਆਪਾ ਖੋਜਣ, ਆਪਾ ਭਾਲਣ ਵਾਦੀ; ਸਿੰਘ ਜੁ ਹਿਰਦੇ ਹਰਦਮ ਰਖਦੇ - ਇਸ ਹਿਰਦਜੋਂ ਉਠ ਲਾਦੀ। 'ਮੈਂ' ਹੁਣ ਵਧੀ, ਖਿੱਲਰੀ ਹਉਮੈਂ, ਬੁੱਧਿ ਅਛਾਦਨ ਹੋਈ, ਲਿਵ ਦੀ ਤਾਰ ਅੰਦਰੋਂ ਖਿਸਕੀ, ਪਰ ਰਸਨਾ ਸੀ ਭੋਈ। ਹਉਮੈਂ ਖੁਸ਼ੀ ਧਸੀ ਜੀ ਅੰਦਰ ਪ੍ਰਾਣਾਂ ਦੇ ਵਿਚ ਧਾਈ, ਰਸਨਾ ਨਾਮ ਜਪੇ ਪਰ ਅੰਦਰ ਵਿੱਥ ਗੁਰੂ ਤੋਂ ਆਈ। ਜਦ ਹੁਸ਼ਿਆਰ ਪੁਰੇ ਜਾ ਪਹੁੰਚਾ ਡੇਰਾ ਇਕ ਥਾਂ ਲਾਇਆ, ਸਿਮਰਨ ਰਉਂ ਘੁਸਾਈ ਵਾਲਾ ਸਿੰਘ ਉਚੇਰਾ ਆਇਆ। 'ਪਾਠ' ਸਮਾਂ ਬੀ ਯਾਦ ਨ ਆਇਆ, ਨਿਤਨੇਮ ਨਾ ਫੁਰਿਆ। ਖਮਤਰ ਪਹਿਨ ਨਵੇਂ ਉਸ ਲੀਤੇ, ਸੈਰ ਕਰਨ ਉਠ ਤੁਰਿਆ। ਸੈਰ ਕਰੇਂਦਾ ਫਿਰੇ ਬਜ਼ਾਰੀਂ ਨਜ਼ਰ ਇਕ ਗਈ ਚੁਬਾਰੇ। ਦੇਖੇ ਨਾਰਿ ਸਲੋਨੀ ਬੈਠੀ ਨੈਣ ਚਮਕਦੇ ਤਾਰੇ! ਰਹਿ ਗਿਆ ਖੜਾ ਉਥਾਂਈਂ ਤਕਦਾ ਨਜ਼ਰ ਨਿਸ਼ਾਨੇ ਗੱਡੀ; ਆਪਾ ਗਿਆ, ਗਿਆ ਨਾ ਮੁੜਿਆ, ਮੁੜੀ ਨਾ ਸੁਰਤ ਜੁ ਉੱਡੀ। ਨੈਣਾ ਨੈਣ ਕਰੇ ਮਸਤਾਨੇ ਜਿਉਂ ਜਾਦੂ ਕੁਈ ਪਾਏ। ਖੜੇ ਸਤੰਭ ਸੰਘ ਜੀ ਰਹਿ ਗਏ ਹਰਿਆਨੇ ਬਉਰਾਏ। ਪੈਰ ਸਿੰਘ ਦੇ ਤੁਰ ਪਏ ਆਪੇ ਬੇਵਸ ਪਏ ਖਿਚੇਂਦੇ। ਪਰ ਕੌਤਕ ਹੁਣ ਹੋਰ ਵਰਤਿਆ ਬਦਲੇ ਰੂਪ ਦਿਖੇਂਦੇ ! ਚਿੱਟੀ ਬਦਲੀ ਵਾਂਙ ਦਿੱਸਿਆ ਕੁਛ ਪਿਆ ਘੁੰਮਰ ਪਾਂਦਾ, ਉਸ ਅਗੇ ਇਕ ਰੂਪ ਬਣ ਗਿਆ ਨਜ਼ਰਾਂ ਇਮ ਵਲ ਪਾਂਦਾ। ਖੜਾ ਜੁਆਨ ਸਜੀਲਾ ਤੱਕੇ ਘੂਰੀਆਂ ਇਸ ਵਲ ਪਾਈਆਂ। ਹਥ ਵਿਚ ਖੜਗ ਨਜ਼ਰ ਵਿਚ ਗੁੱਸਾ, ਭਵਾਂ ਕਮਾਨ ਚੜ੍ਹਾਈਆਂ। ਤਕ ਏ ਰੂਪ ਜਲਾਲਾਂ ਵਾਲਾ, ਸੂਰਜ ਵਾਂਙੂ ਲਸਦਾ, ਮੋਹ-ਨਿੰਦ੍ਰਾ ਤੋਂ ਜੋਗੀ ਜਾਗਜਾ, ਕੁਛ ਰੋਂਦਾ ਕੁਛ ਹਸਦਾ; ਹੁਣ ਇਕ ਸਹਿਮ ਛਾ ਗਿਆ ਦਿਲ ਤੇ ਤੱਕ ਨ ਸਨਮੁਖ ਸੱਕੇ, ਨਜ਼ਰ ਉਤਾਂਹਾਂ ਚੱਕੇ ਫਿਰ ਫਿਰ ਡਿੱਗੇ ਖਾ ਜਕੁ ਤੱਕੇ। ਅਟਕੇ ਪੈਰ ਤੇ ਪਿੱਛੇ ਮੁੜਿਆ, ਡੇਰੇ ਵਲ ਚਲ ਆਇਆ। ਪਸਚਾਤਾਪ ਘੇਰਿਆ ਆ ਕੇ ਚੜ੍ਹਿਆ ਨਸ਼ਾ ਨਸਾਇਆ। ਇਹ ਕੀ ਕਹਿਰ ਵਰਤਿਆ ਮੈਂ ਤੇ ਕਿਉਂ ਝੱਸੀ ਮੈਂ ਖਾਧੀ ! ਅਜੇ ਨਹੀਂ ਦਿਲ ਨਿਰਮਲ ਮੇਰਾ ਏ ਹੈਵੇ ਅਪਰਾਧੀ। ਮੇਰਾ ਅਸਲਾ ਮੇਰੇ ਉੱਤੇ ਅਜ ਪਰਗਟ ਹੈ ਹੋਯਾ, ਗੁਰੂ ਮਿਹਰ ਦੇ ਹੇਠਾਂ ਇਹ ਸੀ ਹੁਣ ਤਕ ਰਿਹਾ ਲੁਕੋਇਆ। ਮੈਂ ਮਨ ਮਾਨ ਧਾਰਿਆ ਮੈਂ ਹਾਂ ਅਧਵਜਾਹੀ ਛਡ ਆਇਆ। ਮੇਰੇ ਜਿਹਾ ਜਤੀ ਨਹੀਂ ਜਗ ਤੇ ਜਿਨ ਜਿੱਤੀ ਇਹ ਮਾਯਾ। ਇਸੇ ਹੈ ਹੰਕਾਰ ਮਾਰਿਆ ਗੁਰ ਮੂਰਤਿ ਬਿਸਰਾਈ। ਸਿਮਰਨ ਤਾਰ ਤੁੜਾਈ ਮੇਰੀ ਮੂਰਤ ਹਿਠਾਂਹਾਂ ਆਈ। ਦੱਸ ਜਿ ਸਿਦਕੀ ਆਪੇ ਸੈਂ ਤੂੰ ਸਿਦਕ ਗਿਆ ਉਹ ਕਿੱਥੇ? ਸੌ ਗਿਆ ਮੁਸਰੀ ਵਾਂਗ ਸੁ ਸਾਰਾ ਪਰਤਾਵਾ ਪਿਆ ਜਿੱਥੇ। ਏ ਦਾਯਾ ਸਤਿਗੁਰ ਦੀ ਸੀਰੀ ਜਿਨ ਸੀ ਲੈ ਲੜ ਲਾਯਾ, ਅਪਣੇ ਨਾਲ ਪਿਉਂਦ ਸੀ ਕੀਤਾ 'ਮੈਂ' ਨੂੰ ਮਾਰ ਮੁਕਾਯਾ। ਮੈਂ ਗੁਰ ਛੱਡ

ਜਦੋਂ 'ਮੈਂ' ਹੋਯਾ, 'ਮੈਂ' ਨੇ ਰੰਗ ਦਿਖਾਯਾ, ਗਰਤ-ਘੋਰ ਵਿਚ ਲੈ ਕੇ ਚੱਲੀ, ਫਿਰ ਗੁਰ ਪਕੜ ਕਢਾਯਾ। ਕੱਢ ਲਿਆ ਜਿਸ ਬੁਰੀ ਸੋਚ ਤੋਂ, ਬੁਰਾ ਕਰਨ ਤੋਂ ਨਾਲੇ; ਹੋਸ਼ ਕਰਾਈ ਨਾਲੇ ਤੈਨੂੰ, ਰੋਕ ਲਏ ਖੁਟ ਚਾਲੇ। ਧੰਨ ਗੁਰੂ ਸਿੱਖਾਂ ਦਾ ਵਾਲੀ ਜੋ ਪਾਪੋਂ ਰਖ ਲੇਵੇ, ਔਖੀ ਵੇਲੇ ਹੋਇ ਸਹਾਈ ਅਭੈ ਦਾਨ ਨਿਤ ਦੇਵੇ। ਮੈਂ ਗੁਰ ਗੋਰ ਸਮਾਵਾਂ ਸਾਰਾ, ਮੁਰਦਾ ਮੈਂ ਸਿਖ ਹੋਵਾਂ। ਮੈਂ ਕਿੱਕਰ ਹੋ ਸਕਾਂ ਐਕੁਰਾਂ ਹਉਮੈਂ ਜਦੋਂ ਨ ਧੋਵਾਂ! ਹੇ ਗੁਰ ! ਮਾਰ ਲਓ ਹੁਣ "ਮੈਂ" ਨੂੰ ਮੁਰਦਾ ਸਿੱਖ ਬਣਾਓ, ਲਓ ਸਮਾਂ ਵਿਚ ਗੁਰੂ ਗੋਰ ਦੇ, ਸਹਿ ਨਹੀਂ ਸਕਦਾ ਤਾਓ। ਹਾਏ ਹੁਣ ਕੀ ਕਰਾਂ, ਦਿਲਾ ਦੱਸ, ਕੀ ਮੂੰਹ ਗੁਰੂ ਦਿਖਾਵਾਂ? ਕਿਵੇਂ ਆਨੰਦ ਪੁਰੇ ਨੂੰ ਜਾਵਾਂ, ਭੁੱਲ ਏ ਕਿਵੇਂ ਲੁਕਾਵਾਂ ? ਹਾ ਹਾ ਵਕਤ ਪਾਠ ਦਾ ਖੋਯਾ, ਹੁਣ ਮੈਂ ਪਾਠ ਕਰਾਵਾਂ। ਵਿਸਰਜਾ ਨਾਮ ਸੰਭਾਲਾਂ ਮੁੜ ਕੇ, ਸਾਂਈ ਯਾਦ ਕਰਾਵਾਂ।

ਐਦਾਂ ਸੋਚ ਪਾਠ ਵਿਚ ਲੱਗਾ, ਫਿਰ ਅਰਦਾਸ ਕਰਾਈ। ਸੁੱਚੀ, ਸਾਫ, ਮੁਹਾਵੀ ਹੋਈ ਸੁਰਤ ਚਮਕ ਫਿਰ ਆਈ। ਹੁਣ ਸੋਚੇ: ਨਾਸ਼ੁਕਰੇ ਤਕ ਤੂੰ ! ਮਾਂ ਕਿੰਵ ਪਜਾਰ ਕਰਾਵੇ-ਖਾਲਕ ਲਾਟ ਦੀਪ ਦੀ ਪਕੜੇ ਮਾਂ ਹੋੜੇ ਹਟਕਾਵੇ। ਦੇਖ ਗੁਰੂ ਉਸ ਮਿਹਰਾਂ ਵਾਲੇ, ਮਾਂ ਵਾਂਞੂ ਰਖ ਲੀਤਾ, ਰੁੜ੍ਹਦੇ ਜਾਂਦੇ ਨੂੰ ਹਥ ਦੇ ਕੇ ਪਾਰ ਭੈਜਲੋਂ ਕੀਤਾ। ਓਸੇ ਗੁਰੂ ਦੀ ਬਖਸ਼ਿਸ਼ ਕੋਲੋਂ ਹੋਣ ਨਿਰਾਸ ਨ ਚੰਗਾ, ਚਲ ਦ੍ਵਾਰੇ ਓਸੇ ਦੇ ਢਹਿ ਪਉ, ਕਰ ਮਨ ਰਿਦੈ ਨ ਸੰਗਾ। ਪਾਪ ਬੁਰਾ, ਪਰ 'ਸ਼ੰਕ ਬੁਰੀ' ਵਧ, ਦੂਰੋ ਦੂਰ ਰਹਾਵੇ। ਬਖਸ਼ਿਸ਼ ਛਾਵੇਂ ਜਾਣ ਨ ਦੇਵੇ ਵਿੱਥ ਵਧੇਰੀ ਪਾਵੇ।

ਸਿਖ ਸੀਗਾ ਏ ਪੂਰਾ ਪਜਾਰਾ, ਓਸ ਥਾਂਉਂ ਤੇ ਪੁੱਜਾ, 'ਗੁਰੂ ਗੋਰ ਦੀ ਮੰਜ਼ਲ' ਜਿੱਥੇ ਪਰ ਹੈ ਥਾਂ ਅਤਿ ਗੁੱਝਾ। ਪਰਤਾਵਾ ਜੋ ਪਏ ਏਸ ਥਾਂ, ਝਲਕ ਗਿਰਾਉ ਦਿਖਾਵੇ, ਡੇਗੇ ਨਾ, ਪਰ ਹਉਮੈ ਕੱਢੇ, ਫਿਰ ਅੱਗੇ ਲੈ ਧਾਵੇ। ਜਿਉਂ ਪਰਬਤ ਦਾ ਪੈਂਡਾ ਹੁੰਦਾ, ਚੜਹਾਈ ਇਕ ਆਵੇ, ਫਿਰ ਉਤਰਾਈ ਆਵੇ ਅੱਗੇ, ਪਰ ਫਿਰ ਉਤ੍ਹਾਂ ਲਿਜਾਵੇ, ਹਰ ਉਤਰਾਈ ਰਮਤਾ ਦੇਂਦੀ, ਹੋਰ ਉਚੇਰਾ ਭਾਈ ! ਕਦੀ ਰਸਾਤਲ ਲੈ ਨਾ ਜਾਵੇ ਜੇ ਗੁਰ ਹੋਇ ਸਹਾਈ। ਤਿਉਂ ਇਹ ਮੰਜ਼ਲ ਔਖੀ ਸੀਗੀ, ਸਿਖ ਦੇ ਸਿਰ ਤੇ ਆਈ, ਹਿਲ ਜੁਲ ਲੰਘ ਗਿਆ ਓਿ ਬਚ ਕੇ ਗਿਰਜਾ ਨ ਤਿਲਕਣ ਖਾਈ: ਇਹ ਬੀ ਸੋਚ ਨਹੀਂ ਹੈ ਚੰਗੀ ਸਿਖ ਸੀਗਾ ਇਹ ਮਾੜਾ, ਜਿਸ ਨੂੰ ਮੰਦੀ ਸੋਚ ਫੁਰਾਈ ਕੀ ਮੰਦਾ ਮੰਦਵਾੜਾ। ਉਹ ਬਚ ਗਿਆ ਗਿਰਨ ਤੋਂ ਪਹਿਲੇ ਸੀ ਪਰਤਾਵਾ ਭਾਈ, ਬਚਨ ਅਸਾਡਾ ਔਖਾ ਹੋਵੇ ਪਰਤਾਵਾ ਜੇ ਆਈ। ਪਛੁਤਾਕੇ ਫਿਰ ਲਿਵ ਵਿਚ ਆ ਕੇ ਸਿੱਖ ਅਗਾਹਾਂ ਤੁਰਿਆ, ਬਿਨ ਗੁਰ ਪਜਾਰ ਰਿਦੇ ਹੁਣ ਉਮ ਦੇ ਫੁਰਨਾ ਨਾ ਕੁਛ ਫੁਰਿਆ। ਜਾ ਪਹੁੰਚਾ ਜਾਂ ਗੁਰੂ ਦੁਆਰੇ ਅੰਦਰ ਗੁਰਾਂ ਬੁਲਾਯਾ, ਉਰੇ ਦਿਵਾਨੋਂ ਖੜਾ ਹੋਇ ਇਸ ਹਥ ਜੋੜੇ ਸਿਰ ਨਜਾਯਾ। ਗੁਰੂ ਕਿਹਾ : "ਹੇ ਸਿਦਕੀ ਸਿੱਖਾ! ਵਾਹਵਾ ! ਹੁਕਮ ਕਮਾਯਾ !" ਰੋ ਕੇ ਢੱਠਾ ਸਿੱਖ ਧਰਾ ਤੇ, ਚਾਂਗਾਂ ਮਾਰ ਕੁਕਾਇਆ :- "ਰੱਖ ਲਈਂ ਹੇ ਕਲਗ਼ੀਆਂ ਵਾਲੇ ! ਹੇ ਸਾਂਈਂ ਦੇ ਪਜਾਰੇ ! ਮੈਂ ਮੂਰਖ ਮੈਂ ਭੁੱਲਣ ਵਾਲਾ ਹੇ ਬਖ਼ਸ਼ਿੰਦ ਦਤਾਰੇ ! ਬਖਸ਼ ਲਈਂ, ਮੈਂ ਜੋਗ ਨ ਬਖਸ਼ਣ, ਕੂਕਰ ਦ੍ਵਾਰ ਬਣਾਈਂ। ਧੱਕ ਨ ਦੇਵੀਂ ਦਰ ਅਪਣੇ ਤੋਂ, ਤੱਕੀਂ ਨਾ ਬੁਰਿਆਈ।" ਗੁਰੂ ਕਿਹਾ : "ਮੈਂ ਵਸਾਂ ਰਿਦੇ ਮਾਂ ਤੂੰ ਮੂਰਤ ਬਿਸਰਾਈ, ਮਾਨ ਧਾਰ ਕੇ ਹਉਮੈ ਅੰਦਰ ਲਿਵ ਡੋਰੀ ਛੁਟਕਾਈ। ਮੈਂ ਕੱਢੀ ਤੂੰ ਫਿਰ ਪਾ ਲੀਤੀ, ਦੇਖ ਕੁਸੰਗ ਕਮਾਈ, ਆਪ ਡੋਲਿਓਂ ਮੈਨੂੰ ਅਪਣੀ ਰਖਜਾ ਕਰਨੀ ਪਾਈ। ਤੇਰਾ ਧਰਮ ਬਚਾਵਨ ਖਾਤਰ ਦਹਸ਼ਨ ਤੈਨੂੰ ਦਿੱਤਾ। ਫੁਰਨਾ ਫੇਰ, ਹੋਸ਼ ਪਰਤਾਈ ਭੁੱਲਣ ਤੋਂ ਰੱਖ ਲਿਤਾ। ਤੂੰ ਔਖਾ ਸੈਂ ਔਖਾ ਹੋਇਆ, ਹਉਮੈਂ ਦੀ ਢੀਠਾਈ, ਇਸ ਪਾਪਣ ਦਾ ਨੇਹੁੰ ਤੋੜ ਕੇ ਰਹੋ ਸਦਾ ਲਿਵ ਲਾਈ।।" ਫਿਰ ਸਤਿਗੁਰ ਨੇ ਦਾਯਾ ਕੀਤੀ; ਨਿਕਟ ਹੋਰ ਕਰ ਲੀਤਾ; ਅਭੈ ਦਾਨ ਸਿਮਰਨ ਉਸ ਦਿੱਤਾ ਪਾਰ ਭਵਜਲੋਂ ਕੀਤਾ। ਹਉਮੈਂ ਗਈ, ਪ੍ਰਭੂ ਜੀ ਪ੍ਰਗਟੇ ਮੇਲ ਸਦੀਵੀ ਪਾਇਆ, ਵਿਥ ਨ ਫੇਰ ਪਈ ਸੀ ਮਿਲਿਆਂ, ਮੁੜ ਵਿੰਜੋਗ

ਨ ਆਇਆ। ਰੀਤ ਭਲੀ ਭਗਵੰਤ ਪ੍ਰਭੂ ਦੀ ਮਿਲਿਆ ਫੇਰ ਨ ਜਾਵੇ[1] ਪਰ ਮਿਲਦਾ ਹੈ ਹਉਮੈਂ ਹਟਿਆਂ ਹਉਮੈਂ ਪਟਲ ਨ ਪਾਵੇ। ਸਿੱਖ ਲਈ ਇਹ ਸਿਖਜ਼ਾ ਜਿਸ ਨੇ; ਗੁਰ ਦੀ ਗੋਂਹ ਸਮਾਇਆ। ਭਾਣਾ ਮੰਨ ਰਿਦੈ ਲਿਵ ਲਾਈ ਭਉਜਲ ਫੇਰ ਨ ਆਇਆ।

ਸੂਚਨਾ-ਆਨੰਦ ਪੁਰ ਦੇ ਜੁੱਧ ਵਿਚ ਰਾਜਿਆਂ ਦੀ ਸੈਨਾਂ ਕਈ ਹਜ਼ਾਰ ਹੋ ਗਈ, ਜੰਗ ਕਰਕੇ ਹੋਏ, ਪਰ ਰਾਜੇ ਫਤਹ ਨਾ ਪਾ ਸਕੇ। ਅਖ਼ੀਰ ਉਨ੍ਹਾਂ ਨੇ ਗਊ ਦਾ ਵਾਸਤਾ ਪਾ ਕੇ ਕਹਿ ਘੱਲਿਆ ਕਿ ਇਕ ਦਿਨ ਲਈ ਤੁਸੀਂ ਆਨੰਦਪੁਰ ਛਡੋ ਤਾਂ ਅਸੀਂ ਮੁੜ ਜਾਵਾਂਗੇ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ: : "ਏਹ ਝੂਠੇ ਹਨ ਇਨ੍ਹਾਂ ਦਾ ਇਤਬਾਰ ਨਹੀਂ ਕਰਨਾ, ਆਓ ਪਰਤਾਵਾ ਕਰਕੇ ਦੱਸੀਏ"। ਅਗਲੇ ਦਿਨ ਆਪ ਡੇਢ ਕੋਹ ਪਰ ਉੱਚੇ ਥਾਂ ਜਾ ਬੈਠੇ, ਜਿਥੇ ਹੁਣ ਨਿਰਮੋਹ ਟਿਕਾਣਾ ਹੈ।[2] ਰਾਜਿਆਂ ਨੇ ਹੁਣ ਗੁਰੂ ਜੀ ਨੂੰ ਕਿਲ੍ਹੇ ਕੋਟ ਮੋਰਚਿਆਂ ਤੋਂ ਬਾਹਰ ਖੜੇ ਮੈਦਾਨ ਵਿਚ ਵੇਖ ਮਤਾ ਕੀਤਾ ਕਿ ਇਕ ਗੋਲੰਦਾਜ ਉਚੇ ਥਾਉਂ ਤੋਂ ਤੋਪ ਦਾ ਗੋਲਾ ਮਾਰੇ ਤੇ ਗੁਰੂ ਜੀ ਦੇ ਸਰੀਰ ਦੀ ਸਮਾਪਤੀ ਕਰ ਦੇਵੇ। ਇਸ ਦਾ ਹਾਲ ਅਗਲੇ ਛੰਦ ਵਿਚ ਹੈ:-

## ੫੩. ਰੱਬ ਰਾਖਾ ਤੇਰਾ ਰੱਬ ਰਾਖਾ[3]।

ਘੇਰਾ ਪੈ ਗਿਆ ਕਹਿਰ ਕਹਾਰ ਵਾਲਾ ਨਿਰਮੁਹ ਥਾਂਉਂ ਦੇ ਰਸਤੜੇ ਬੰਦ ਹੋਏ।
ਇਕ ਤੋਪਚੀ ਬੜਾ ਨਿਸ਼ਾਨਚੀ ਸੀ ਮੂੰਹ ਤੋਪਾਂ ਦੇ ਓਸ ਇਕ ਵੱਲ ਛੋਏ।
ਪਲੰਘ ਬੈਠੜੇ ਤੱਕ ਕੇ ਗੁਰੂ ਉਸ ਨੇ ਗੋਲੇ ਛੱਡ ਦਿੱਤੇ ਅੱਗ ਰੰਗ ਭੋਏ।
ਪੱਖੇ ਝੱਲਦੇ ਰਾਮ ਸਿੰਘ ਸਿਖ ਤਾਂਈਂ ਗੋਲੇ ਫੂੰਡਿਆ, ਸੁਾਸ ਉਸ ਸਫਲ ਹੋਏ।
ਚੜ੍ਹਦੀਆਂ ਕਲਾਂ ਤੇ ਕਦੇ ਨਾ ਡਰਨ ਵਾਲੇ ਗੁਰਾਂ ਉਠ ਕਮਾਨ ਸੰਭਾਲਿਆ ਨੇ।
ਪਹਿਲੇ ਇਸ ਤੋਂ ਕਿ ਤੋਪਚੀ ਭਰੇ ਗੋਲਾ, ਗੁਰਾਂ ਧਨੁਖ ਤੋਂ ਤੀਰ ਨਿਕਾਲਿਆ ਨੇ।
ਨਾਗਨ ਵਾਂਗ ਇਹ ਸ਼ੂਕਦਾ ਤੀਰ ਟੁਰਿਆ ਫੂੰਡ ਤੋਪਚੀ ਭੁਇਂ ਸੁਆਲਿਆ ਨੇ।
ਦੂਜਾ ਤੋਪਚੀ ਵੀਰ ਸੀ ਪਹਿਲੜੇ ਦਾ, ਸ਼ਿਸਤ ਬੰਨ੍ਹਦੇ ਤਈ ਤਕਾ ਲਿਆ ਨੇ।
ਦੂਜਾ ਤੀਰ ਟੁਰਿਆ ਫੇਰ ਸ਼ੂਕਦਾ ਇਕ ਉਸ ਨੇ ਫੂੰਡਿਆ ਤੋਪਚੀ ਦੂਸਰੇ ਨੂੰ।
ਧਰਾ ਡੇਗਿਆ ਤੋਪ ਭਰੇਂਦੜੇ ਨੂੰ ਖ਼ਾਕ ਮੇਲਿਆ ਗਰਬ ਵਿਚ ਬੂਸਰੇ ਨੂੰ।
ਦਿਲ ਟੁੱਟਿਆ, ਰਾਜਿਆਂ ਪੈਰ ਮੋੜੇ, ਘਾਟ ਪਈ ਪਸ਼ੂ ਜਿਉਂ ਹੁੱਸੜੇ ਨੂੰ।
ਹਾਰ, ਜਿੱਤ ਕੇ, ਜਿੱਤ ਕੇ ਹਾਰ ਆਏ ? ਉੱਤਰ ਕੀ ਦੇਵਣ ਗੱਲ ਪੁੱਛੜੇ[4] ਨੂੰ।
ਕਲਗੀ ਵਾਲੇ ਨੇ ਕਦੇ ਨਾ ਖ਼ੌਫ ਖਾਧਾ ਢਹਿੰਦੀ ਕਲਾ ਦੇ ਕਦੇ ਨਾ ਹੇਠ ਆਏ।
ਬਿਰਤੀ ਤੌਖਲੇ ਦੀ ਓਹਨਾਂ ਮੇਟ ਸਿੱਟੀ, ਚੜ੍ਹਦੀ ਕਲਾ ਦੇ ਦੇਸ਼ ਨੂੰ ਸਖਕ ਪਾਏ।
ਕੱਢ ਤੌਖਲੇ, ਲਾਹੇ ਵਿਚ ਆਣ ਰੱਖੇ, ਆਪਾ ਵਾਰਨ ਦੇ ਦਿਲਾਂ ਨੂੰ ਰੰਗ ਲਾਏ।
ਜੀਵਨ ਹੁਕਮ ਦਾ, ਉੱਦਮ ਤੇ ਭਜਨ ਵਾਲਾ ਧੁਰੋਂ ਆਪ ਹੈਸਨ ਦੇਵਨ ਦਾਨ ਆਏ।

ਸੂਚਨਾ-ਉਨ੍ਹੀ ਦਿਨੀਂ ਹੀ ਜੰਗ ਦੇ ਘੋਰ ਮਚੇ ਦਿਨਾਂ ਵਿਚ ਬਿਸਾਲੀ ਦੇ ਰਾਇ ਨੇ ਗੁਰੂ ਜੀ ਨੂੰ ਆਪਣੇ ਪਾਸ ਸੱਦ ਘੱਲਿਆ ਤੇ ਸੂਬਾ ਸਰਹੰਦ ਮਗਰੋਂ ਲੱਥਾ। ਬਿਸਾਲੀ ਦੇ ਹਾਲਾਤ ਅਗਲੇ ਪ੍ਰਸੰਗ ਵਿਚ ਹਨ :-

## ੫੪. ਰਾਇ ਬਿਸਾਲੀ[5]।

੧.

ਰਾਜ ਭਵਨ ਬਿਸਾਲੀ ਵਿਚ ਰਾਇ ਜੀ ਇਕਾਂਤ ਬੈਠੇ ਹਨ, ਕੁਛ ਡੂੰਘੀਆਂ ਸੋਚਾਂ ਵਿਚ ਹਨ ਕਿ ਚੋਬਦਾਰ ਨੇ ਆਕੇ ਆਖਿਆ :"ਵਜ਼ੀਰ ਸਾਹਿਬ ਆਏ ਹਨ"।

---

1. ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ।। (ਰਾ: ਗੂ: ਛੰਤ: ਮ: ੫-੪)
2. ਇਹ ਟਿਕਾਣਾ ਕੀਰਤਪੁਰ ਦੇ ਨੇੜੇ ਹੈ ਨਿਸ਼ਾਨ ਵਜੋਂ ਖੜਾ ਸਾਹਿਬ ਹੈ। 3. ਇਹ ਛੰਦ ੧੪ ਪੋਹ ਸੰ: ਗੁ: ਨਾ: ਸਾ: ੪੪੮ (੨੮ ਦਸੰਬਰ ੧੯੧੬) ਦੇ ਗੁਰਪੁਰਬ ਪਰ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ਸੀ।
4. ਗੱਲ ਪੁਛਣ ਵਾਲੇ ਨੂੰ। 5. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੬੦ (੧੭ ਜਨਵਰੀ ੧੯੨੯ ਈ:) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸ਼ਕਲ ਵਿਚ ਪ੍ਰਕਾਸ਼ਿਆ ਸੀ।

ਰਾਇ ਨੇ ਪਹਿਲੇ ਤਾਂ ਸੁਣੀ ਨਾ, ਫੇਰ ਸੁਣੀ ਤਾਂ ਸਮਝੀ ਨਾ, ਫੇਰ ਸਮਝੀ ਤਾਂ ਕਿਹਾ: "ਅੱਛਾ ਆਉਣ ਦਿਓ" ! ਵਜ਼ੀਰ ਆਇਆ, ਨਮਸਕਾਰ ਕੀਤੀ, ਚਰਨਾਂ ਵਿਚ ਬਹਿ ਗਿਆ ਤੇ ਆਖਣ ਲਗਾ : "ਆਪ ਆਰਾਮ ਵਿਚ ਬੈਠੇ ਸਾਓ, ਮੈਂ ਕੋਈ ਸੋਚ ਲੈ ਕੇ ਆਇਆ ਹਾਂ ਤੇ ਸੋਚ ਇਸ ਵੇਲੇ ਹਜ਼ੂਰ ਦੇ ਧਿਆਨ ਦੀ ਮੁਥਾਜ ਹੋ ਕੇ ਆਈ ਹੈ, ਇਸ ਕਰਕੇ ਕੁਵੇਲੇ ਮੈਂ ਆ ਖੇਚਲ ਦਿੱਤੀ ਹੈ।"

ਰਾਇ-ਜੇ ਤੌਖਲੇ ਵਾਲੀਆਂ ਗੱਲਾਂ ਦੀ ਆਗਤ ਭਾਗਤ ਸੋਚਾਂ ਦੇ ਤੋਸ਼ਿਆਂ ਨਾਲ ਤੁਸੀਂ ਨਾ ਕਰੋ ਤਾਂ ਕੌਣ ਕਰੇ ? ਰਾਜ ਭਾਗ ਹੈ ਤਾਂ ਬਰਕਤ, ਪਰ ਇਹ ਬਰਕਤ ਸਿਰ ਪੀੜ ਦੀ ਝੋਲੀ ਵਿਚ ਵਸਦੀ ਹੈ। ਉਧਰ ਜਹਾਨ ਦੀ ਵਡਿਆਈ ਰਾਜਾ ਦੇ ਚਰਨ ਪੂਜਣ ਨੂੰ ਉਠ ਦੌੜਦੀ ਹੈ; ਉਧਰ ਜ਼ਮਾਨੇ ਦੇ ਤੌਖਲਿਆਂ ਦੇ ਪੈਰ ਰਾਜਾ ਦੇ ਮਸਤਕ ਨਾਲ ਠੁਹਕਰਦੇ ਹਨ, ਫੇਰ ਇਕੋ 'ਸੋਚ' ਹੀ ਤਾਂ ਹੈ ਇਸ ਦੇ ਹੱਥ। ਸੋਚਦਿਆਂ ਤਾਂ ਸੋਚ ਸਿਰਪੀੜ ਚਾੜ੍ਹਦੀ ਹੈ, ਪਰ ਮੁਸ਼ਕਲਾਂ ਦੀ ਨਦੀ ਨੂੰ ਇਹੋ ਹੀ ਤਰ ਨਿਕਲਦੀ ਹੈ। ਹਾਂ, ਕਹੁ ਨਵੀਂ ਆਈ ਸੋਚ ਦੀ ਮੁਥਾਜ ਗੱਲ ?

ਵਜ਼ੀਰ-ਠੀਕ ਆਖਦੇ ਹੋ, ਪਰ ਜਿਸ ਹਾਸੇ ਖੇਡੇ ਤੇ ਕਾਵਯ ਦੀ ਵਕੱਤ੍ਰਤਾ ਨਾਲ ਤੁਸੀਂ ਤੌਖਲਿਆਂ ਦੀ 'ਜੀ ਆਇਆਂ' ਤੇ 'ਵਿਦੈਗੀ' ਦੀ ਪ੍ਰਾਹੁਣਚਾਰੀ ਨਿਬਾਹੁੰਦੇ ਹੋ, ਉਹ ਤੁਸਾਂ ਨੂੰ ਹੀ ਫਬਦੀ ਹੈ। ਰਾਜਨੀਤੀ ਤੇ ਕਾਵਯ ਰਸ ਤੁਸਾਂ ਹੀ ਇਕ ਮਿਆਨੇ ਪਾ ਕੇ ਪਹਿਨੇ ਹਨ। ਹਾਂ ਜੀਉ ! ਪਾਰ ਮਚ ਰਹੇ ਘੋਰ ਸੰਗ੍ਰਾਮ ਵਿਚੋਂ ਭੀਮ ਚੰਦ ਦਾ ਗੁਪਤ ਦੂਤ ਆਇਆ ਹੈ ਗੁਪਤ ਸੰਦੇਸਾ ਲੈ ਕੇ।

ਰਾਇ (ਤ੍ਰਬ੍ਰਕ ਕੇ)-ਕੀ ਹੈ ਸੰਦੇਸਾ ਕਿਸੇ ਦੇ ਨਚਾਏ ਨੱਚ ਰਹੀਆਂ ਪੁਤਲੀਆਂ ਦਾ ? ਅਹੋ ਅਧੋਗਤੀ ! ਅੱਗੇ ਤਾਂ ਰਾਜ ਤਖਤ ਸੂਲਾਂ ਦੀ ਛੇਜਾ ਕਹੀਦੀ ਸੀ ਤੇ ਰਾਜ਼ ਦਾ ਤਾਜ ਸਿਰ ਪੀੜ ਦਾਤਾ ਬੋਝਾ ਕਹੀਦਾ ਸੀ, ਪਰ ਹੁਣ ਤਾਂ ਰਾਜ 'ਗੁਲਾਮੀ ਦਾ ਤੌਕ' ਹੋ ਗਿਆ ਹੈ। ਹਾਂ, ਕੀ ਸੰਦੇਸਾ ਹੈ ਗੋਲੇ ਰਾਜਿਆਂ ਦਾ ?

ਵਜ਼ੀਰ-ਸੰਦੇਸਾ ਇਹ ਹੈ ਕਿ ਇਸ ਵੇਲੇ ਗੁਰੂ ਗੋਬਿੰਦ ਸਿੰਘ ਮੈਦਾਨ ਵਿਚ ਹੈ, ਉੱਪਰਲੇ ਤੇ ਪੂਰਬਲੇ ਪਾਸੇ ਵਲੋਂ ਅਸਾਂ ਸਾਰੇ ਰਾਜਿਆਂ ਘੇਰ ਰਖਿਆ ਹੈ ਤੇ ਹੇਠੋਂ ਸੂਬੇ ਸਰਹੰਦ ਨੇ ਸੈਨਾਂ ਨਾਲ ਘੇਰ ਲਿਆ ਹੈ। ਭਾਵੇਂ ਲੜ ਅਸਾਂ ਨਾਲ ਉਹ ਸੂਰਮਗਤੀ ਨਾਲ ਰਿਹਾ ਹੈ ਕਿ ਜਿਸਦੀ ਕਦੇ ਆਸ ਨਹੀਂ ਸੀ ਤੇ ਜੋ ਪੜ੍ਹੀ ਸੁਣੀ ਹੈ, ਡਿੱਠੀ ਨਹੀਂ ਸੀ ਕਦੇ, ਤਦ ਬੀ ਅਸੀਂ ਅੜੇ ਖੜੇ ਹਾਂ। ਜੇ ਕਦੇ ਪੱਛੋਂ ਵਲੋਂ ਨਦੀ ਪਾਰ ਹੋ ਤੁਸੀਂ ਆ ਲੜੋ ਤਾਂ ਚੁਫੇਰਿਓਂ ਵਧ ਕੇ ਵਿਚ ਘੇਰ ਕੇ ਨਪੀੜ ਘੱਤੀਏ ਤਾਂ ਉਠ ਰਹੀ ਅਗਨੀ ਜਿਸ ਨੇ ਸਾਰਾ ਬਨ ਸਾੜ ਘੱਤਣਾ ਹੈ - ਅੱਜੋ ਹੀ ਹਿੱਸ ਕੇ ਸਦਾ ਦੀ ਨੀਂਦਰੇ ਸੌਂ ਸਕਦੀ ਹੈ।

ਰਾਇ(ਠੰਡਾ ਸਾਹ ਲੈਕੇ) - ਹਾਂ, (ਸੋਚ ਕੇ) ਹਾਂ... (ਮੱਥੇ ਉਤੇ ਅੰਗੂਠੇ ਤੇ ਪਹਿਲੀ ਉਂਗਲ ਨਾਲ ਚੂੰਢੀ ਭਰ ਕੇ) ਠੀਕ, (ਅੱਖਾਂ ਮੀਟ ਕੇ) - ਹੂੰ, (ਫੇਰ ਤੱਕ ਕੇ) ਹਾਂ, ਸੌਂ ਸਕਦੀ ਹੈ ਸਦਾ ਦੀ ਨੀਂਦਰੇ...। ਫੇਰ ਤੁਸਾਂ ਕੀਹ ਵਿਚਾਰ ਕੀਤੀ ਹੈ ?

ਵਜ਼ੀਰ-ਸਾਡਾ ਇਸ ਜੰਗ ਵਿਚ ਸੂਬਾ ਸਰਹੰਦ ਦੀ ਕੁਮਕ ਤੇ ਨਾ ਜਾਣਾ, ਭਾਵੇਂ ਉਸ ਵੰਗਾਰਿਆ ਨਹੀਂ, ਚੰਗਾ ਤਾਂ ਨਹੀਂ ਹੈ ਨਾ, ਪਰ ਇਸ ਬਲਦੇ ਅਲਾਂਬੇ ਵਿਚ ਆਪੇ ਛਾਲ ਮਾਰ ਦੇਣੀ ਬੀ ਰਾਜਨੀਤੀ ਨਹੀਂ ਹੈ, ਪਰੰਤੂ ਹੁਣ ਦਾ ਸੱਦਾ, ਚਾਹੋ ਗੁਪਤ ਹੈ, ਜੇ ਖਾਲੀ ਮੁੜੇ ਤਾਂ ਭਾਈਚਾਰੇ ਵਿਚ ਸੁਬਕੀ ਹੈ ਤੇ ਸੂਬੇ ਦੀਆਂ ਅੱਖਾਂ ਵਿਚ ਕੋਤਾਹੀ ਗਿਣੀ ਜਾਵੇਗੀ।

ਰਾਇ-ਠੀਕ,(ਮੱਥਾ ਘੁੱਟ ਕੇ) ਇਹ ਤਾਂ ਹੋਈਆਂ ਨਾ ਮੁਸ਼ਕਲਾਂ, ਇਨ੍ਹਾਂ ਦਾ ਉਪਰਾਲਾ ਕੀ ਲੱਭਾ ਨੇ?

ਵਜ਼ੀਰ(ਝਿੱਜਕ ਕੇ)-ਨਾਂਹ ਨਾ ਕਰੀਏ, ਕੁਛ ਦਿਖਾਵਾ ਕਰ ਦੇਈਏ, ਵਿਚੋਂ ਕੁਝ ਨਾ ਕਰੀਏ।

ਰਾਇ-ਕਿਵੇਂ ? (ਅੱਖਾਂ ਮੀਟ ਕੇ ਤੇ ਚਿਹਰੇ ਤੇ ਰੰਗ ਵਟੀਜਕੇ) ਹਾਂ ਕਿਵੇਂ ?

ਵਜ਼ੀਰ-ਇਸ ਨੂੰ ਤਾਂ ਕਹੀਏ ਹਾਂ ਤੇ ਕੱਲ ਕੁਛ ਫੌਜ ਲੈ ਕੇ ਚੱਲੀਏ ਪਾਰ, ਗੁਰੂ ਜੀ ਨੂੰ ਮੈਂ ਗੁਪਤ ਗੱਲ ਸਮਝਾ ਦਿਆਂ ਕਿ ਅਸਾਂ ਲੜਨਾ ਨਹੀਂ, ਤੁਸੀਂ ਸਾਡਾ ਫਿਕਰ ਨਾ ਕਰੋ ਤੇ ਦੋਹੀਂ ਪਾਸੀਂ ਰਹਿ ਆਵੇ।

ਰਾਇ-ਦੋਹੀਂ...ਪਾਸੀਂ ਰਹਿ ਆਵੇ ? ਹਾਂ, ਹੁੰਦੇ ਦੋ ਹੀ ਪਹਿਲੂ ਹਨ, ਹੱਲ ਇਹੋ ਖ਼ਿਆਲੀਦਾ ਹੈ ਕਿ ਦੋਹੀਂ ਪਾਸੀਂ ਰਹਿ ਆਵੇ, ਪਰ ਰਹਿ ਆਉਂਦੀ ਨਹੀਂ ਤੇ ਅਕਸਰ ਦੋਹੀਂ ਪਾਸੀਂ ਹੀ ਗੁਆਚ ਜਾਂਦੀ ਹੈ। ਹਾਂ, ਇਕ ਪਾਸੇ ਹੋਇਆਂ ਇਕ ਪਾਸੇ ਰਹਿ ਆਉਂਦੀ ਹੈ,

ਪਰ ਇਹ ਨੀਤੀ ਨਹੀਂ, ਨੀਤੀ ਹੈ ਉਪਰੋਂ ਥੱਬਾ ਮੱਮਾ ਤੇ ਵਿਚੋਂ ਅਟੰਕ ਦੁਵੱਲਿਓਂ। ਹਾਂ ਵਜ਼ੀਰ...! ਰਾਜਪੂਤ ਹਾਂ ਅਸੀਂ, ਕੁਛ ਸਾਡਾ ਨਾਮਣਾ ਹੈ ਸੂਰਬੀਰਤਾ ਦਾ, ਕੁਛ ਭਲਿਆਈ ਦਾ...ਖੜੀ ਕਠਨਤਾ ਹੈ।

ਵਜ਼ੀਰ-ਉਹ ਰਾਜਪੂਤੀਆਂ ਗਈਆਂ, ਹੁਣ ਤਾਂ ਤੌਖਲੇ ਹਨ ਕਿ ਕਿਵੇਂ ਰਾਜ ਬਚ ਰਹਿਣ, ਜਿਸ ਮੁੱਲੇ ਬਚਣ ਸੋ ਬਚਣ। ਤਾਣ ਹੁੰਦਾ ਹੈ ਏਕੇ ਵਿਚ, ਰਲ ਬਹਿਣ ਵਿਚ। ਸੈਂਕੜੇ ਰਾਜੇ, ਹਿੰਦੂ ਰਾਜੇ, ਸਾਰੇ ਕੱਠੇ ਹੋ ਜਾਣ ਤਾਂ ਚੁਗੱਤਾ ਕੀ ਹੈ ? ਪਰ ਮਾਰਿਆ ਸਾਨੂੰ ਸੁਾਰਥ ਨੇ, ਵਖ ਵਖੇਵਿਆਂ ਨੇ।

ਰਾਇ-ਠੀਕ ਪਰ ਫੇਰ ਕਿੰਞ ਕਰੀਏ ? ਇਹ ਕਹਿਕੇ ਰਾਜੇ ਨੇ ਨੈਣ ਬੰਦ ਕਰ ਲਏ।

ਵਜ਼ੀਰ-ਮੈਨੂੰ ਤਾਂ ਉਹੋ ਸੁੱਝੀ ਹੈ।

ਰਾਇ-ਭਲਾ ਜੇ ਗੁਰੂ ਜੀ ਸਾਡੇ ਸੰਦੇਸੇ ਤੇ ਯਕੀਨ ਨਾ ਕਰਨ ਕਿਉਂਕਿ ਮੇਰੇ ਭਰਾ ਰਾਜੇ ਕਈ ਵੇਰ ਝੂਠੀਆਂ ਸੁਗੰਦਾਂ ਕਰ ਚੁਕੇ ਹਨ, ਤੇ ਨਦੀ ਠਿਲ੍ਹਦਿਆਂ ਹੀ ਸਾਡੇ ਤੇ ਟੁੱਟ ਪੈਣ ਤਾਂ ਅਸੀਂ ਤਾਂ ਮਾਰੇ ਗਏ ਭੰਗ ਦੇ ਭਾੜੇ, ਫੇਰ...!

ਵਜ਼ੀਰ(ਸੋਚ ਕੇ)-ਤੇ ਅਸੀਂ ਪਾਰ ਉਤਰੀਏ ਹੀ ਤਾਂ, ਜੇ ਮੈਂ ਪਹਿਲਾਂ ਗੁਰੂ ਜੀ ਨੂੰ ਸਮਝਾ ਆਵਾਂ ਬਚਨ ਲੈ ਆਵਾਂ; ਅਸੀਂ ਤਾਂ ਝੂਠ ਨੂੰ ਰਾਜਨੀਤੀ ਦੀ ਨੀਂਹ ਸਮਝਦੇ ਹਾਂ, ਪਰ ਉਹ ਤਾਂ ਰਬ ਵਾਲੇ ਹਨ, ਜੋ ਕਹਿੰਦੇ ਹਨ ਪੱਥਰ ਤੇ ਲੀਕ ਹੁੰਦਾ ਹੈ, ਉਹ ਤਾਂ ਕਉਲੋਂ ਕਦੇ ਨਹੀਂ ਫਿਰਨ ਲਗੇ।

ਰਾਇ-ਠੀਕ ਹੈ, ਪਰ ਸਾਨੂੰ ਬੀ ਹੋਰਨਾਂ ਵਾਂਙੂ ਪਾਜੀ ਤਾਂ ਸਮਝ ਲੈਣਗੇ ਨਾ ਓਹ....ਗੁਰੂ ਜੀ।

ਵਜ਼ੀਰ-ਫਿਰ ਇਸ ਦਾ ਕੀ ਡਰ ਹੈ ? ਜੋ ਸਮਝਣ ਸਮਝਣ, ਸਾਡੀ ਦੁਵੱਲੀ ਰਹਿ ਆਊ।

ਰਾਇ-ਪਰ ਮੈਂ ਪਾਜੀ ਨਹੀਂ ਹਾਂ, ਮੈਂ ਇਨਸਾਨ ਹਾਂ, ਰਾਜਪੂਤ ਹਾਂ। ਮੈਂ ਜਾਣਦਾ ਹਾਂ ਕਿ ਗੁਰੂ ਸੱਚ ਤੇ ਖੜਾ ਹੈ: ਅਦੂਖਣ ਤੇ ਅਦੋਸ਼ ਹੈ, ਦੇਸ਼ ਤੇ ਪਰਜਾ ਦਾ ਹਿਤਕਾਰੀ ਹੈ, ਉਸ ਦੇ ਜੁੱਧ ਸਾਰੇ ਧਰਮ ਜੁੱਧ ਹਨ। ਮਲੇਛਾਂ ਦੀ ਗੁਲਾਮੀ ਦੀ ਜ਼ੰਜੀਰੀ ਕਟਣ ਲਈ ਆਪਾ ਹੂਲ ਰਿਹਾ ਹੈ, ਹਾਂ ਉਹ ਮਰਦ ਹੈ, ਪੂਰਾ ਆਨ ਵਾਲਾ ਸ਼ਾਨ ਵਾਲਾ, ਬਚਨ ਵਾਲਾ, ਜਿੰਦ ਹੂਲਣੋਂ ਨਾ ਜਚਣ ਵਾਲਾ। ਕਦੇ ਬਦੀ ਦੇ ਕੁੱਛੜ ਨਹੀਂ ਚੜ੍ਹਦਾ, ਕਦੇ ਪਾਪ ਦੇ ਵਿਹੜੇ ਨਹੀਂ ਵੜਦਾ। ਹਾਂ ਉਹ ਆਪਣੇ ਆਪ ਵਿਚ ਸੁਖੀ ਹੈ! ਸੁਖਾਂ ਨੂੰ ਪਿੱਠ ਦੇ ਕੇ ਦੁੱਖਾਂ ਦੇ ਵੇੜੇ ਆਪ ਵੜਦਾ ਤੇ ਦੁਖਾਂ ਨੂੰ ਵੰਗਾਰ ਵੰਗਾਰ ਕੇ ਉਹਨਾਂ ਨਾਲ ਘੁਲਦਾ ਹੈ। ਉਸ ਦੀ ਨਜ਼ਰ ਵਿਚ ਆਪ ਨੂੰ ਪਾਜੀ ਬਨਾਉਣਾ ਮਰਨ ਥੀਂ ਅਗਦੀ ਮਰ ਜਾਣਾ ਹੈ। ਉਹ ਮੌਤ ਇਕ ਛਿਨ ਦਾ ਤਸੀਹਾ ਹੈ, ਇਹ ਮੌਤ ਛਿਨ ਛਿਨ ਦੀ ਮੌਤ ਹੈ। ਹਾਂ, ਜਿੰਨੀਆਂ ਕੁ ਛਿਨਾਂ ਹੋਰ ਜੀਉਂਦੇ ਰਹਿਣਾ ਹੈ ਮਰਦੇ ਹੀ ਰਹਿਣਾ ਹੈ ਅਤੇ ਇਸ ਦਾ ਨਕਸ਼ਾ ਨਾਲ ਲੈ ਜਾਣਾ ਹੈ, ਮੌਤ ਦੇ ਘਾਟ ਤੋਂ ਬੀ ਪਾਰ ਆਪਣੇ ਨਾਲ। ਦੱਸ ਮੈਂ ਇਸ ਮਰਕੇ ਬੀ ਨਾ ਮਿਟ ਸਕਣ ਵਾਲੀ ਮੌਤੇ ਕਿਵੇਂ ਮਰਾਂ ?

ਰਾਇ ਜੀ ਦੇ ਨੈਣ ਬਦਲ ਗਏ, ਰੋਹ ਪਲਟ ਕੇ ਫੇਰ ਬੰਦ ਹੋ ਗਏ। ਵਜ਼ੀਰ ਕੰਬ ਗਿਆ, ਝੂਠ ਦੀ ਕੰਧ ਤੇ ਉਸਰੀ ਨੀਤੀ ਦੀ ਮਾੜੀ ਇਸ ਹਨੇਰੀ ਦੇ ਬੁੱਲੇ ਨਾਲ ਡੋਲ ਖਲੋਤੀ।

ਰਾਇ(ਹੁਣ ਫੇਰ ਨਿਰਮਲ ਹੋਏ ਨੈਣਾਂ ਨਾਲ ਤੱਕ ਕੇ)-ਹਾਂ ਵਜ਼ੀਰ ਜੀ ! ਕੀ ਹੈ ਹੱਲ ਉਸ ਮੁਸ਼ਕਲ ਦਾ ਜੋ ਲਿਆਏ ਹੋ ?

ਵਜ਼ੀਰ-ਫਿਰ ਤਾਂ ਰਸਤਾ ਸਾਫ ਹੈ ! ਵਡਿਆਂ ਵਾਲਾ। ਅਸੀਂ ਦੂਤ ਨੂੰ ਨਾਂਹ ਕਰਦੇ ਹਾਂ ਕਿ ਬਈ ਸਾਥੋਂ ਇਹ ਗੱਲ ਹੋਣੀ, ਜੋ ਤੁਸੀਂ ਆਖਦੇ ਹੋ, ਮੁਸ਼ਕਲ ਹੈ ਤੇ ਇਸ ਬਦਲੇ ਜੋ ਆਵੇਗੀ ਸਹਾਂਗੇ। ਲੋੜ ਪਈ ਸੁਰਖਰੋਈ ਨਾਲ ਸਨਮੁਖ ਹੋ ਸੂਰਬੀਰਤਾ ਦੇ ਚੰਦ ਨੂੰ ਚਾਰ ਚੰਦ ਹੋਰ ਲਾ ਟੁਰਾਂਗੇ।

ਰਾਇ-ਹਾਂ ਕਹਿ ਦਿਓ ਦੂਤ ਨੂੰ ਕਿ ਅਸੀਂ ਭਰਾਵਾਂ ਨਾ...ਆ...ਅ,ਲ।

ਵਜ਼ੀਰ(ਗੱਲ ਟੁੱਕ ਕੇ)-ਪਰ ਰਾਜਨ ! ਆਪ ਨੂੰ ਗੁਰੂ ਨਾਲ ਇੰਨਾਂ ਪੱਖ ਕਿਉਂ ਹੋ ਗਿਆ ਹੈ ?

ਰਾਇ-ਗੁਰੂ ਨਾਲ ਪੱਖ। ਸਚੁ ਨਾਲ ਪੱਖ, ਧਰਮ ਨਾਲ ਪੱਖ, ਨਿਰਦੋਸ਼ਤਾ ਨਾਲ ਪੱਖ। ਗੁਰੂ ਨਾਲ ਪੱਖ ਕੋਈ ਨਹੀਂ ! ਨਹੀਂ, ਗੁਰੂ ਨਾਲ ਬੀ ਪੱਖ ਹੈ। ਗੁਰੂ ਜੁ ਹੋਇਆ। ਜੇ ਗੁਰੂ ਹੋਵੇ ਰਾਜਾ, ਪੱਖਵਾਦੀ, ਭੂਮੀਆਂ, ਤਾਂ ਤਾਂ ਤੋਲਾਂ, ਜੋਖਾਂ, ਗੁਰੂ ਹੈ ਸੱਚਾ ਆਪ ਗੁਰੂ, ਸਦਾ ਖੜਾ ਨੇਕੀ ਉਤੇ, ਉਸ ਲਈ ਕੀਹ ਸੋਚਾਂ ? ਗੁਰੂ ਦਾ ਪੱਖ ਸਾਰੇ ਭਲਿਆਂ ਦਾ ਧਰਮ ਹੈ।

ਵਜ਼ੀਰ-ਕਿਵੇਂ ਸਹੀ ਕੀਤਾ ਨੇ ਕਿ ਗੁਰੂ ਹੈ ਗੁਰੂ, ਗੁਰੂ ਹੈ ਸਚ ?

ਰਾਇ(ਆਸਾ ਦੀ ਵਾਰ ਦਾ ਗੁਟਕਾ ਹਿੰਦੀ ਵਿਚ ਲਿਖਿਆ ਹੋਇਆ ਅੱਗੇ ਧਰਕੇ)-ਵਜ਼ੀਰ ! ਇਹ ਪੜ੍ਹ। ਇਹ ਹੈ ਝੂਠ ਕਪਟ, ਫਰੇਬ, ਬਨਾਵਟ ਅਤੇ ਗਿਰਾਉ ਦੇ ਰੋਗਾਂ ਦੀ ਚਕਿਤਸਾ ਦੀ ਪੋਥੀ।

ਵਜ਼ੀਰ ਨੇ ਪੋਥੀ ਲੈ ਕੇ ਅਦਬ ਨਾਲ ਸਿਰ ਤੇ ਰੱਖੀ ਤੇ ਮੱਥੇ ਨਾਲ ਲਾਈ।

ਰਾਇ-ਸਿਰ ਤੇ ਰੱਖੀ ਤਾਂ ਮੈਂ ਡਿੱਠੀ ਪਰ ਜੇ ਇਸ ਨੂੰ ਕਲੇਜੇ ਵਿਚ ਰਖੇਂ ਤਾਂ ਆਪ ਪਿਆ ਵੇਖੇਂਗਾ।

ਵਜ਼ੀਰ-ਜਿਵੇਂ ਹੁਕਮ ਹੈ ਹੋਸੀ, ਜਾਪਦਾ ਹੈ ਕਿ ਇਸ ਨੇ ਗੁਰੂ ਗੌਰਵਤਾ ਆਪ ਨੂੰ ਦਾਨ ਕੀਤੀ ਹੈ, ਸ਼ੁਭ ਹੋਇਆ ਹੈ, ਹੁਣ ਕਿਵੇਂ ਆਗਜ਼ਾ ਹੈ ?

ਰਾਇ--ਕਹਿ ਦਿਓ ਕਿ ਮੈਂ ਭਰਾਵਾਂ ਤੋਂ ਨਾਬਰ ਨਹੀਂ, ਪਰ ਮੇਰੇ ਭਾਗਾਂ ਵਿਚ ਲਿਖਿਆ ਹੈ ਕਿ ਮਹਾਂ ਭਾਰਤ ਦੇ ਜੁੱਧ ਵਿਚ ਮੈਂ ਉਹਨਾਂ ਦੇ ਹਿੱਸੇ ਆਇਆ ਸਾਂ ਜਿਨ੍ਹਾਂ ਦੇ ਭਾਗ ਕ੍ਰਿਸ਼ਨ ਜੀ ਆਏ ਮਨ। ਇਹ ਥੋੜੇ ਜਿਹੇ ਅੱਖਰ ਕਿਸੇ ਅਹਿੱਲ ਸੁਰ ਨਾਲ, ਕਿਸੇ ਨੈਣਾਂ ਦੀ ਤੇਜਮਈ ਦਮਕ ਨਾਲ ਤੇ ਕਿਸੇ ਜਬ੍ਹੇ ਭਰੇ ਚਿਹਰੇ ਦੀ ਬਣਤ ਨਾਲ ਕਹੇ ਗਏ ਸਨ ਕਿ ਵਜ਼ੀਰ ਨੇ ਤਾੜ ਲਿਅ ਕਿ ਹੁਣ ਹੋਰ ਉਲਟਾਉ ਰਾਇ ਨਾਲ ਕਰਨਾ ਰਾਇ ਨੂੰ ਆਪ ਗੁੱਸੇ ਦੀ ਮਾੜੀ ਚਾੜ੍ਹਨਾ ਹੋਵੇਗਾ, ਸੋ ਇਹ ਕਹਿ ਕੇ ਸਿਰ ਨਿਵਾ ਕੇ ਟੁਰ ਪਿਆ : 'ਜਿਵੇਂ ਹੁਕਮ ਰਾਜ ਰਾਜੇਸ਼੍ਵਰ ਜੀ ਦਾ।'

ਵਜ਼ੀਰ ਨੇ ਘਰ ਜਾ ਕੇ ਦੂਤ ਨੂੰ ਬਹੁਤ ਪਿਆਰ ਕੀਤਾ, ਖਾਤਰ ਕੀਤੀ, ਕੁਛ ਦਿੱਤਾ ਤੇ ਆਖਿਆ ਕਿ ਮਹਾਰਾਜ ਜੀ ਦਾ ਸਰੀਰ ਕੁਛ ਵੱਲ ਜਿਹਾ ਨਹੀਂ ਸੀ ਸੰਦੇਸਾ ਸੁਣ ਕੇ ਆਖਿਆ ਨੇ "ਰਾਮ ਭਲੀ ਕਰਨਗੇ"। ਦੂਤ ਨੇ ਦੋ ਚਾਰ ਵਾਰੀ ਕੋਈ ਮੋੜ ਘੇੜ ਕਰਕੇ ਅਸਲ ਅਰਥ ਸਮਝਣੇ ਚਾਹੇ, ਪਰ ਵਜ਼ੀਰ ਨੇ ਰਾਜੇ ਦੇ ਸਰੀਰ ਦਾ ਸੁਖੀ ਨਾ ਹੋਣੇ ਦਾ ਪੱਜ ਕਰਕੇ 'ਰਾਮ ਭਲੀ ਕਰਨਗੇ' ਹੀ ਰਾਜੇ ਵਲੋਂ ਉਸ ਦਾ ਮੁਖਵਾਕ ਕਹਿ ਕਹਿ ਕੇ ਉਸ ਦੇ ਪੱਲੇ ਹੋਰ ਕੁਛ ਨਾ ਬੰਨ੍ਹਾਇਆ ਅਤੇ ਏਸ ਦੇ ਅਰਥ ਦੇ ਸਮਝਣ ਦੀ 'ਗੋਰਖ ਧੰਧਾ ਖੋਲ੍ਹਣੀ' ਉਸ ਉੱਤੇ ਤੇ ਉਸ ਦੇ ਮਾਲਕ ਉਤੇ ਟੀ ਛੱਡ ਦਿੱਤੀ।

ਪੇਸ਼ ਆਈ ਮੁਸ਼ਕਲ ਦਾ ਹੱਲ ਸੋਚਣਾ ਵਜ਼ੀਰ ਲਈ ਹੋਰ ਔਖਾ ਹੋ ਗਿਆ ਸੀ। ਰਾਇ ਦੇ ਦਿਲ ਦਾ ਮੀਲਾਨ ਉਸ ਨੇ ਡਿੱਠਾ ਕਿ ਗੁਰੂ ਜੀ ਦੇ ਕਦਮਾਂ ਵਲ ਹੋ ਗਿਆ ਹੈ ਤੇ ਆਪਣੀ ਕਰਨੀ ਕਰਤੂਤ ਦੀ ਨੀਂਹ ਹੁਣ ਸੱਚ ਉਤੇ ਲਿਜਾ ਰਿਹਾ ਹੈ, ਤਾਂ ਵਜ਼ੀਰ ਲਈ ਨੀਤੀ ਦਾ ਨਿਬਾਹ ਹੋਰ ਕਠਨ ਹੋ ਗਿਆ। ਉਹ ਨੀਤੀ, ਜਿਸਦੀ ਨੀਂਹ ਸੱਚ ਤੇ ਹੋਵੇ ਵਜ਼ੀਰ ਨੂੰ ਦਿੱਸ ਰਿਹਾ ਸੀ ਕਿ, ਮਹਾਂ ਕਠਨ ਕੰਮ ਹੈ। ਝੂਠ ਸੱਚ ਦਾ ਵੱਟਾ ਸੱਟਾ ਕਰਕੇ, ਬਦੀ ਨਾਲ ਕੁਛ ਮੇਲ ਕਰਕੇ ਕੁਛ ਵਖੇਵਾਂ ਰੱਖ ਕੇ ਕਦੇ ਸੌਦਾ ਵਟਾਂਦਰਾ ਕਰਕੇ ਕੰਮ ਸਾਰ ਦੇਣ ਵਾਲੀ ਨੀਤੀ ਦਾ ਤਾਂ ਵਜ਼ੀਰ ਜਾਣੂੰ ਸੀ, ਪਰ ਸੱਚ ਦੇ ਕਦਮਾਂ ਉਤੇ ਖੜੀ ਨੀਤੀ ਦੇ ਨਿਬਾਹ ਵਿਚ ਉਸਨੂੰ ਬੜੀ ਸੁਥਰੀ ਤੇ ਅਸਲੀ ਬੁੱਧੀ ਦੀ ਲੋੜ ਦਿੱਸ ਰਹੀ ਸੀ। ਕੀਕੂੰ ਹੋਵੇ ਕਿ ਰਾਇ ਦੇ ਖ਼ਿਆਲ ਵਿਚ ਆਏ ਸਚ ਦਾ ਤੇ ਮਨ ਦੀ ਆਨ ਦਾ ਨਿਬਾਹ ਵੀ ਹੋਵੇ ਤੇ ਗਿਰੇ ਹੋਏ ਰਾਜਿਆਂ ਵਿਚ ਤੇ ਬਿਦੇਸ਼ੀ ਪਾਤਸ਼ਾਹ ਦੀ ਗੁਲਾਮੀ ਵਿਚ ਬੀ ਸਭ ਨਾਲ ਨਿਭ ਆਵੇ ? ਮੈਂ ਬੀ ਵਜ਼ੀਰ ਹਾਂ ਤੇ ਮੇਰੇ ਮਾਲਕ ਦਾ - ਜਿਸ ਦਾ ਮੈਂ ਲੂਣ ਖਾਧਾ ਹੈ - ਰਾਜ ਭਾਗ ਬੀ ਬਣਿਆ ਰਹੇ। ਪਾਤਸ਼ਾਹ ਸਿਖਾਂ ਨੂੰ ਦੇਖ ਨਹੀਂ ਸਖਾਉਂਦਾ, ਉਹਨਾਂ ਦੇ ਵਡੇ ਆਗੂ ਨੌਵੇਂ ਗੁਰੂ ਜੀ ਨੂੰ ਸ਼ਹਾਦਤ ਦਾ ਪਿਆਲਾ ਦੇ ਚੁਕਾ ਹੈ, ਹੁਣ ਉਹਨਾਂ ਦੇ ਉਚੇ ਸਿਰ ਕਢਦੇ ਸਾਹਿਬਜ਼ਾਦੇ ਦੇ ਦੁਆਲੇ ਹੈ। ਕਦੇ ਸ਼ਾਹੀ ਇਸ਼ਾਰਿਆਂ ਹੇਠ ਹਿੰਦੂ ਰਜਵਾੜੇ ਉਸਦੇ ਜਾ ਦੁਆਲੇ ਹੁੰਦੇ ਹਨ, ਕਦੇ ਸੂਬੇਦਾਰ ਖੁੱਲ੍ਹਮ ਖੁੱਲ੍ਹਾ ਫੌਜਾਂ ਲੈ ਆਉਂਦਾ ਹੈ। ਇਧਰ ਫਕੀਰੀ ਠਾਠ ਹੈ। ਉਧਰ ਪਾਤਸ਼ਾਹੀ ਸੈਨਾਂ, ਦੌਲਤ ਤੇ ਸਾਮਾਨ ਹੈ। ਕਦ ਤਕ ? ਆਖ਼ਰ ਇਨ੍ਹਾਂ ਮਾਸ ਖਾਣਿਆਂ ਮੁਕਾ ਹੀ ਘੱਤਣਾ ਹੈ। ਗੁਰੂ ਨੇ ਕਦੀ ਸੱਚ ਤੋਂ ਹਿੱਲਣਾ ਨਹੀਂ, ਕਿਸੇ ਥਾਂ ਜਾ ਕੇ ਅਸਤਿ ਨਾਲ ਬਣਤ ਬਣੌਤ ਨਹੀਂ ਕਰਨੀ; ਪਰਤੱਖ ਹੈ ਕਿ ਕਿਸੇ ਨਾ ਕਿਸੇ ਦਿਨ ਸਮਾਪਤੀ ਹੋਣੀ ਹੈ ਤੇ ਜੇ ਰਾਇ ਸਾਡਾ ਬੀ ਇਸੇ ਰੁਖ਼ ਪੈ ਗਿਆ ਤਾਂ ਭਗਵਾਨ ਹੀ ਰੱਖਿਆ ਕਰੇ, ਪਤਾ ਨਹੀਂ ਸਾਡਾ ਕੀਹ ਬਣੇਗਾ।

ਇਨ੍ਹਾਂ ਸੋਚਾਂ ਵਿਚ ਵਜ਼ੀਰ ਨੂੰ ਉਸ ਚਕਿਤਸਾ ਦੀ ਪੋਥੀ ਦਾ ਚੇਤਾ ਆ ਗਿਆ, ਜੋ ਰਾਇ ਨੇ ਦਿੱਤੀ ਸੀ। ਸੋਚਣ ਲੱਗਾ ਕਿ ਉਹ ਰਾਇ ਦੀ ਦਿਤੀ ਪੋਥੀ ਪੜ੍ਹਾਂ, ਵੇਖਾਂ ਮਤੇ ਇਸ ਵਿਚੋਂ ਕੋਈ ਰਾਹ ਲੱਭੇ, ਹੋਵੇ ਨਾ ਤਾਂ ਇਹ ਤਾਂ ਥਹੁ ਪਊ ਕਿ ਰਾਇ ਦੇ ਖਿਆਲਾਂ ਦਾ ਆਸਰਾ ਅਜ ਕਲ ਕਿਸ ਪ੍ਰਕਾਰ ਦੇ ਵਿਚਾਰਾਂ ਤੇ ਹੈ।

ਭਾਵੇਂ ਹੁਣ ਰਾਤ ਪੈ ਰਹੀ ਸੀ, ਪਰ ਸ਼ਮਾਦਾਨ ਦੇ ਸਾਹਮਣੇ ਵਜ਼ੀਰ ਪੋਥੀ ਪੜ੍ਹਨ ਬੈਠ ਗਿਆ।

੨.

**ਘੜਿਆਲੀ** ਨੇ ਟੰਕਾਰ ਲਾਈ, ਤ੍ਰਿਪਹਿਰਾ ਵੱਜ ਗਿਆ। ਮਿੱਠੀ ਮਿੱਠੀ ਹਵਾ ਦਰਿਯਾ ਦੇ ਪਾਰੋਂ ਆ ਰਹੀ ਹੈ, ਕਿਸੇ ਵੇਲੇ ਇਹ ਹਵਾ ਤ੍ਰਿਖੇ ਬੁੱਲੇ ਦੇ ਰੂਪ ਵਿਚ ਆਉਂਦੀ ਹੈ ਤੇ ਆਪਣੇ ਨਾਲ ਕੋਈ ਮਿੱਠੀ ਸੁਰੀਲੀ ਸੁਰ ਕਿਸੇ ਪਿਆਰਾਂ ਨਾਲ ਗਾਏ ਜਾ ਰਹੇ ਸੰਗੀਤ ਦੀ ਲਿਆਉਂਦੀ ਹੈ। ਅਸਮਾਨ ਨੀਲਾ ਨੀਲਾ ਟਹਿਕ ਰਿਹਾ ਹੈ, ਤਾਰਿਆਂ ਦੀ ਬੇਮਲੂਮ ਚਾਲ ਇਸਦੇ ਬੇਖੜਾਕ ਨਾਚ ਦੀ ਸੱਦ ਤਾਂ ਨਹੀਂ ਦਿੰਦੀ ਪਰ ਅੱਖਾਂ ਨੂੰ ਇਸ ਦਾ ਬਦਲਾਉ ਆਪਣੀ ਚਾਲ ਦਾ ਪਤਾ ਦੇ ਰਿਹਾ ਹੈ ਤੇ ਮਿੱਠਾ ਮਿੱਠਾ ਪ੍ਰਭਾਉ ਵਰਸਾ ਰਿਹਾ ਹੈ। ਸ਼ੋਰ ਸ਼ਰਾਬੇ ਵਾਲੀ ਦੁਨੀਆਂ ਮੌਤ ਦੀ ਨਿੱਕੀ ਭੈਣ ਦੀ ਝੋਲੀ ਵਿਚ ਟਿਕੀ ਹੋਈ ਹੈ। ਇਸ ਚੁਪਚਾਨ ਵਿਚ ਕੁਦਰਤ ਦਾ ਆਪਣਾ ਸੁਹਾਉ ਨਿਖਰ ਨਿਖਰ ਕੇ ਆਪਾ ਦਿਖਾ ਰਿਹਾ ਹੈ। ਪਾਰੋਂ ਆ ਰਹੀ ਹੈ ਸੁਹਣਿਆਂ ਗਲਿਆਂ ਦੀਆਂ ਤਰਬਾਂ ਤਾਰਾਂ ਥੋਂ ਥਰਰਾਉਂਦੀ ਤੇ ਕਾਂਬੇ ਲੈਂਦੀ ਸੁਹਾਉ ਦੇ ਰੰਗ ਵਿਚ ਟਿਕਵੀਂ ਪਰ ਸਾਫ ਆਵਾਜ਼ ਜੋ ਖੁਸ਼ੀ ਦੀ ਝਰਨਾਟ ਛੇੜਦੀ ਹੈ, ਪਰ ਬੇਉਛਾਲ, ਜੋ ਖੁਸ਼ੀ ਦੀ ਝਰਨਾਟ ਕਿ ਅੰਦਰ ਨੂੰ ਤੇ ਅੰਦਰੋਂ ਕਿਸੇ ਡੂੰਘੇ ਵਲਵਲਿਆਂ ਦੇ ਦੇਸ਼ ਨੂੰ ਲਿਜਾ ਰਹੀ ਹੈ, ਜਿੱਥੇ ਜਾ ਕੇ ਚਿੱਤ ਦੀ ਵਿਰਲੀ ਤੇ ਵਿੱਥਾਂ ਵਾਲੀ 'ਚੇਤਨਾ' ਅਵਿਰਲਤਾ ਤੇ ਅਵਿੱਥਤਾ ਵਿਚ ਲੀਨ ਹੁੰਦੀ ਜਾਂਦੀ ਹੈ।

ਹਾਂ, ਹੁਣ ਤਾਂ ਬਿਸਾਲੀ ਵਿਚੋਂ ਬੀ ਇਹੋ ਜਿਹੇ ਪਿਆਰੇ ਰਾਗ ਦੀ ਝਰਨਾਟ ਵਧੇਰੇ ਸਫਾ ਤੇ ਸਮਝੇ ਪੈਣ ਵਾਲੀ ਆਉਣ ਲਗ ਪਈ ਹੈ। ਰਾਜ ਘਰ ਦਾ ਪਿਛਲਾ ਨਿੱਕਾ ਦਰਵਾਜ਼ਾ ਮਲਕੜੇ ਖੁੱਲ੍ਹਿਆ, ਕੋਈ ਬਾਹਰ ਆਇਆ ਦਰਵਾਜ਼ਾ ਭੀੜਿਆ ਗਿਆ, ਕਿਸੇ ਛੇਕ ਵਿਚ ਕੁੰਜੀ ਫਿਰੀ ਤੇ ਇਹ ਬਾਹਰ ਆਇਆ ਮਨੁੱਖ ਝੁੰਬ ਮਾਰ ਕੇ ਟੁਰ ਪਿਆ, ਟੁਰ ਪਿਆ ਵਾਜ ਸੰਗੀਤ ਦੀ ਸੇਧ ਤੇ ਬਿਸਾਲੀ ਵਿਚ ਹੀ। ਹਾਂ, ਗਿਆ ਉਹ ਉਸ ਸੰਗੀਤ ਸੇਧ ਤੇ ਜੋ ਕਿ 'ਸੰਗੀਤ ਸੱਦ' ਬਿਸਾਲੀ ਵਿਚੋਂ ਹੀ ਕੰਧਾਂ ਕੋਠੇ ਟੱਪ ਗਲੀਆਂ ਕੂਚੇ ਲੰਘ, ਰਾਜ ਮੰਦਰ ਤੋਂ ਬਾਹਰ ਜੂਹਾਂ ਤਕ ਜਾ ਰਹੀ ਸੀ ਤੇ ਰਸ ਦਾ ਸੁਨੇਹਾ ਦੇ ਰਹੀ ਸੀ।

ਝੁੰਬ ਮਾਰੀ ਸੂਰਤ ਇਸ ਦੀ ਸੇਧ ਤੇ ਤੁਰੀ ਗਈ ਤੇ ਜਾ ਪਹੁੰਚੀ। ਨਿੱਕਾ ਜਿਹਾ ਕੱਚਾ ਥਾਉਂ ਹੈ, ਪਰ ਖੁਲ੍ਹਾ ਤੇ ਵੱਡਾ! ਬੂਹਾ ਖੁੱਲ੍ਹਾ ਹੈ ਅਰ ਅੰਦਰ ਜਾਣ ਦੀ ਰੋਕ ਕੋਈ ਨਹੀਂ, ਸੋ ਝੁੰਬ ਵਾਲਾ ਲੰਘ ਗਿਆ! ਅੰਦਰ ਘਿਉ ਦਾ ਦੀਵਾ ਬਲ ਰਿਹਾ ਹੈ, ਸੰਗਤ ਜੁੜੀ ਬੈਠੀ ਹੈ, ਕੀਰਤਨ ਹੋ ਰਿਹਾ ਹੈ! ਹੈਂ, ਬਿਸਾਲੀ ਤੇ ਕੀਰਤਨ ਆਸਾ ਦੀ ਵਾਰ ! ਬਿਸਾਲੀ ਤੋਂ ਦਰਿਯਾਓਂ ਪਾਰ ਤਾਂ ਦਾਤਾ ਜੀ ਜੰਗ ਵਿਚ ਜੁੱਟੇ ਪਏ ਹਨ ਤੇ ਉਰਾਰ ਸਿੱਖ ਸੁਖਾਂ ਨਾਲ ਘਰੀਂ ਬੈਠੇ ਆਸਾ ਦੀਆਂ ਵਾਰਾਂ ਲਾ ਰਹੇ ਹਨ ? ਹਾਂ, ਜੀਉ ! ਹੈ ਤਾਂ ਆਸਾ ਦੀ ਵਾਰ ਤੇ ਲਾ ਵੀ ਰਹੇ ਹਨ ਸਿਖ ਪਰ ਜੁਆਨ ਤੇ ਗੱਭਰੂ ਸਿਖ ਤਾਂ ਪਾਰ ਜਾ ਚੁਕੇ ਹਨ। ਪਾਰ ਖੜੇ ਮਿੱਤ੍ਰ ਮਾਹੀ ਦੇ ਪਾਸ ਪਿਆਰ-ਝਰਨਾਟਾਂ ਨਾਲ ਝਰਨ ਝਰਨ ਕਰਨ ਵਾਲੀਆਂ ਜਿੰਦੀਆਂ ਤਾਂ ਕਈ ਦਿਨਾਂ ਦੀਆਂ ਨੈਂ ਤਰਕੇ ਪਿਆਰੇ ਤੋਂ ਸਦਕੜੇ ਹੋਣ ਲਈ ਪਾਰ ਪੁੱਜ ਚੁਕੀਆਂ ਹਨ, ਹੁਣ ਤਾਂ ਉਰਾਰ ਉਹ ਜਿੰਦੀਆਂ ਹਨ ਜੋ ਪਿਆਰ ਨਾਲ ਜੀਉ ਉੱਠੀਆਂ ਤਾਂ ਹਨ, ਪਰ ਤ੍ਰੀਮਤਾਂ ਹੋਣ ਕਰਕੇ ਜਾਂ ਬਾਲਕ ਹੋਣ ਕਰਕੇ, ਜਾਂ ਬੁਢੇਪੇ ਵਿਚ ਕਦਮ ਧਰ ਬੈਠਣ ਕਰਕੇ, ਉਮਰਾਂ ਦੇ ਰੋਕ ਰੁਕਾਵਿਆਂ ਕਰਕੇ ਉਰਾਰ ਹੀ ਖੜੀਆਂ ਮਾਨੋਂ ਕਹਿ ਰਹੀਆਂ ਹਨ :-

ਪਾਰ ਖੜਾ ਮਿੱਤ੍ਰ ਮਾਹੀ ਮੈਂਡਾ
ਮੈਂਡੀ, ਜਿੰਦੜੀ ਗੋਤੇ ਖਾਵੇ।

ਹਾਂ, ਜਿੰਦੜੀ ਗੋਤੇ ਖਾਂਦੀ ਹੈ ਪਿਆਰ ਦੇ ਸਾਗਰ ਵਿਚ: 'ਸੰਗੀਤ' ਵਿਚ; 'ਰਸ ਝੂੰਮ' ਤੇ 'ਅਰਦਾਸ' ਵਿਚ: "ਸਾਂਈਆਂ ! ਸਾਡੇ, ਅਰਸ਼ੀ ਦਾਤਾ ਜੀਉ ਦੀ ਬਿਜੈ ਹੋਵੇ। ਧਰਮ ਹੀਣ ਰਾਜਿਆਂ ਤੇ ਉਨ੍ਹਾਂ ਦੇ ਜਰਵਾਣੇ ਮਾਲਕਾਂ ਦੀ ਹਾਰ ਹੋਵੇ। ਜਿੱਤ ਦੇ ਹਾਰ ਤੇ ਬਿਜੈ ਦੇ ਸਿਹਰੇ ਤੇ ਫਤਹ-ਯਾਬੀ ਦੀ ਬੈਜਯੰਤੀ ਮਾਲਾ ਪਵੇ ਸਾਡੇ ਦਾਤਾ ਜੀ ਦੇ ਗਲੇ, ਹਾਂ ਕਾਮਯਾਬੀ ਦਾ ਤੁਰਲਾ ਲਟਕੇ ਸੋਹਣੀ ਕਲਗੀਆਂ ਵਾਲੀ ਦਸਤਾਰ ਵਿਚ ਤੇ ਹਾਰ ਦਾ ਤੌਕ ਪਵੇ ਧਰਮ ਹੀਣਾਂ ਤੇ ਜਰਵਾਣਿਆਂ ਦੇ ਗਲੇ। ਹਾਂ, ਸ਼ਿਕਸਤ ਦੀ ਧੂੜੀ ਉੱਡੇ ਇਨ੍ਹਾਂ ਮੁਕਾਲੇ ਮੱਥਿਆਂ ਤੇ।" ਜੀਉ ਜੀ ਬਿਸਾਲੀ ਦੀਆਂ ਸਿੰਘਣੀਆਂ, ਬੱਚੇ ਤੇ ਬਿਰਧ ਧਰਮਸਾਲਾ ਵਿਚ ਐਉਂ ਆਸਾ ਦੀ ਵਾਰ ਲਗਾ ਰਹੇ ਹਨ ਤੇ ਅਰਦਾਸ ਕਰ

ਰਹੇ ਹਨ। ਪਾਰ ਗਏ, ਰਣਤੱਤੇ ਵਿਚ ਅੱਪੜੇ ਬੀ ਸਤਿਗੁਰਾਂ ਦੇ ਸਦਾ ਅਮਰ ਅਟੱਲ ਲੱਗਣ ਵਾਲੇ ਆਸਾ ਦੀ ਵਾਰ ਦੇ ਦੀਵਾਨ ਵਿਚ ਜੁੜੇ ਬੈਠੇ ਹਨ। ਪਾਰਲੇ ਕੀਰਤਨ ਦੀਆਂ ਧੁਨਾਂ ਮਿੱਠੀ ਹਵਾ ਦੇ ਕਿਸੇ ਕਿਸੇ ਵੇਲੇ ਦੇ ਤ੍ਰਿਖੇ ਬੁੱਲਿਆਂ ਦੇ ਕੰਧਾਂੜਿਆਂ ਤੇ ਚੜ੍ਹ ਚੜ੍ਹ ਕੇ ਉਰਾਰ ਦੇ ਦੀਵਾਨ ਨੂੰ 'ਰਿਝਾ ਰਹੀਆਂ ਸੁਰਾਂ' ਦੇ ਨਾਲ ਵਸ਼ਲ ਪਾ ਕੇ ਖੀਵੀਆਂ ਹੋ ਹੋ, ਦਿਲਾਂ ਵਿਚ ਲੰਘ ਲੰਘ, ਇਲਾਹੀ ਪ੍ਰੇਮ ਦੀਆਂ ਝਰਨਾਂਟਾਂ ਨੂੰ ਦੋਬਾਲਾ ਕਰ ਰਹੀਆਂ ਹਨ। ਹਾਂ, ਇਹ ਹੈ ਵੇਲਾ, ਇਸ ਨੂੰ ਕਹਿੰਦੇ ਹਨ 'ਅੰਮ੍ਰਿਤ ਵੇਲਾ'। ਅੰਮ੍ਰਿਤ ਵਰਸ ਰਿਹਾ ਹੈ : ਅੰਮ੍ਰਿਤ ਸਿੰਜਰ ਰਿਹਾ ਹੈ, ਅੰਮ੍ਰਿਤ 'ਰਸ ਦੇਸ਼' ਵਿਚ ਲਿਜਾ ਰਿਹਾ ਹੈ, ਸੁਰਤਾਂ ਰੂਪੀ ਵਖੋ ਵੱਖਰੀਆਂ ਤਰਬਾਂ ਨੂੰ!

ਮਾਇਆ ਮਦ ਵਿਚ ਸਦਾ ਸੁੱਤੇ ਵਜ਼ੀਰ ਸਾਹਿਬ ਸੁਖ ਨੀਂਦ ਸੰਵਿਆਂ ਕਰਦੇ ਸਨ ਰੋਜ਼, ਪਰ ਅੱਜ ਨਹੀਂ ਸੌਂ ਸਕੇ। ਪਾਰ ਜੰਗ ਹੋ ਰਿਹਾ ਹੈ, ਜੰਗ ਦਾ ਕੀਹ ਪਤਾ ਹੈ, ਕਿਸ ਪਾਸੇ ਦੇ ਝੱਖੜ ਝੋਲ ਦੇਵੇ? ਕੌਣ ਰਾਹ ਗੁਜ਼ਰੂ ਤੇ ਅੰਟਕ ਖੜਾ ਖਾਹਮਖਾਹ ਅੜਿੱਕੇ ਆ ਜਾਵੇ, ਇਹੋ ਜਿਹੀਆਂ ਗੱਲਾਂ ਰੋਜ਼ ਸੋਚਿਆ ਕਰਦੇ ਸਨ, ਪਰ ਅਜ ਤਾਂ ਵਜ਼ੀਰ ਸਾਹਿਬ ਦੇ ਮਗਜ਼ ਲਈ ਇਕ ਝੱਖੜ ਹੀ ਮਾਨੋਂ ਝੁਲ ਪਿਆ। ਕੀ ਹੋਵੇਗਾ ? ਕਿੰਵ ਨਿਭੇਗੀ ? ਸੋਚਾਂ ਸਨ ਜੋ ਸੌਣ ਨਹੀਂ ਦਿੰਦੀਆਂ ਸਨ। ਫੇਰ ਵਜ਼ੀਰ ਜੀ ਰਾਇ ਜੀ ਦੀ ਦਿੱਤੀ ਪੋਥੀ ਪੜ੍ਹਦੇ ਹਨ ਕਿ ਮਤੇਂ ਕੋਈ ਰਾਹ ਲੱਭ ਪਏ, ਪਰ ਉਸ ਵਿਚ ਦੱਸੇ ਉਪਦੇਸ਼ ਤਾਂ ਹੋਰ ਦੇਸ਼ ਨੂੰ ਲੈ ਟੁਰੇ :-

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥ ਕੋਠੇ ਮੰਡਪ ਮਾੜੀਆਂ ਲਾਇ ਬੈਠੇ ਕਰਿ ਪਾਸਾਰਿਆ॥ ਚੀਜ਼ ਕਰਨਿ ਮਨ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥ ਕਰਿ ਫੁਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ॥ ਜਰੁ ਆਈ ਜੋਬਨਿ ਹਾਰਿਆ॥੧੭॥

ਵਜ਼ੀਰ ਜੀ ਵਿਚਾਰ ਵਿਚ ਸਨ ਕਿ ਹਵਾ ਦੇ ਬੁੱਲੇ ਨੇ ਪਿਛਲਾ ਪੱਤਰਾ ਪਰਤ ਦਿੱਤਾ, ਫੇਰ ਨਜ਼ਰ ਪੈ ਗਈ ਪੜ੍ਹ ਚੁਕੀਆਂ ਤੁਕਾਂ ਉਤੇ :-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

ਹੈਂ, ਮਨਾਂ ! ਇਹ ਤਾਂ ਮੂਰਤ ਹੈ ਸਾਰੀ ਪਰਜਾ ਦੀ। ਹਵਾ ਨੇ ਫੇਰ ਪਿਛਲਾ ਪੰਨਾ ਪਰਤ ਦਿੱਤਾ-

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥

ਇਹ ਪਾਠ ਵਦਾਨ ਵਾਂਙੂ ਵੱਜੇ ਮਾਇਆ ਦੇ ਮਦ ਤੋਂ ਬੱਝੇ ਥਰ ਨੂੰ, ਜਿਸ ਥਰ ਨੇ ਮਨ ਦੀ ਨਿਰਮਲਤਾ ਤੇ ਦ੍ਰਵਣਤਾ ਨੂੰ ਲੁਕਾ ਰਖਿਆ ਸੀ। ਰਾਮ ਰਾ...ਅ ...ਰਾ...ਮ ਕੰਬਦਿਆਂ ਕੰਬਦਿਆਂ ਵਜ਼ੀਰ ਦੇ ਮੂੰਹੋਂ ਨਿਕਲਿਆ। ਨੇਣ ਮੁੰਦ ਗਏ ਤੇ ਮਨ ਦੇ ਅੱਗੇ ਜਗਤ ਦੀ ਸਦਾ ਨਾ ਰਹਿਣੀ ਤੇ ਟੁਰੀ ਜਾ ਰਹੀ ਚਾਲ ਲੰਘੀ। ਸਭ ਕੂੜ ਹੈ ? ਠੀਕ ! ਬੁਢੇਪਾ ਜੋਬਨ ਨੂੰ ਖਾ ਜਾਏਗਾ, ਰਾਜਾ ਪਰਜਾ ਸਭ ਨੂੰ ਮੌਤ ਆ ਜਾਏਗੀ। ਕਿਥੇ ਹਨ ਮਾਪੇ ਤੇ ਉਨ੍ਹਾਂ ਦੇ ਮਾਪੇ ? ਅਗਿਆਨ। ਹਾਂ ! ਰਆ ....ਆ.... ਰਾਮ।

ਇੰਨੇ ਨੂੰ ਕੰਨਾਂ ਉੱਤੇ, ਧਰਮਸਾਲਾ ਤੋਂ ਆਈ ਸੱਦ ਪੈਣ ਲਗੀ। ਟਿਕਾਉ ਦਾ ਵੇਲਾ, ਅੰਮ੍ਰਿਤ ਰਸਾਂ ਦੀ ਘੜੀ, ਉਹੋ 'ਕੂੜ ਰਾਜਾ' ਵਾਲੀ ਪਉੜੀ ਕੰਨੀ ਪਈ, ਸੁਣੀ, ਸਮਝੀ-ਹੈਂ ! ਇਹ ਤਾਂ ਉਹੋ ਹੈ ਜੋ ਮੈਂ ਪੜ੍ਹਿਆ ਹੈ।

ਵਜ਼ੀਰ ਸਾਹਿਬ ਦਾ ਘਰ ਧਰਮਸਾਲਾ ਦੇ ਨੇੜੇ ਸੀ, ਪਰ ਕਾਸਨੂੰ ਕਦੇ ਪਿਛਲੀ ਰਾਤ ਜਾਗੇ ਸਨ, ਜੋ ਕਦੇ ਸਾਰ ਪੈ ਜਾਂਦੀ ਕਿ ਇਥੇ ਆਸਾ ਦੀ ਵਾਰ ਲੱਗਦੀ ਹੈ ਜੋ ਜੀਵਨ ਨੂੰ ਕੁਠਾਲੀ ਵਿਚ ਪਾ ਕੇ ਸਾਰੇ ਖੋਟ ਕੱਢਕੇ ਕੁੰਦਨ ਬਣਾ ਦਿੰਦੀ ਹੈ। ਕੰਨ ਲਗ ਰਹੇ ਸਨ, ਸੁਣ ਰਹੇ ਸਨ ਤੇ ਸੰਗੀਤ ਮਨ ਨੂੰ ਮੋਮ ਕਰ ਰਿਹਾ ਸੀ। ਪੰਘਰੀ ਹੋਈ ਮੋਮ ਵਿਚ ਸ਼ਬਦ ਦਾ ਅਰਥ ਤੇ ਭਾਵ ਮੱਲੋ ਮੱਲੀ ਨਕਸ਼ ਹੋ ਰਿਹਾ ਸੀ। ਵਜ਼ੀਰ ਕਿੰਨਾ ਚਿਰ ਤਾਂ ਲੰਮਾ ਪਿਆ ਸੁਣਦਾ ਰਿਹਾ, ਪਰ ਅੰਤ ਉਠਿਆ। ਅਜ ਉੱਚੜ ਪੈੜੇ ਲਗ ਰਹੇ ਹਨ। ਉਠਿਆ ਹੋਰ ਤਰ੍ਹਾਂ ਦਾ ਲਿਬਾਸ ਕਰਕੇ ਤਿਆਰ ਹੋਇਆ ਕਿ ਕੋਈ ਪਛਾਣੇ ਨਾ ਤੇ ਜਾ ਕੇ ਨੇੜੇ ਹੋ ਕੇ ਜਾਂ ਦਾਊ ਲੱਗੇ ਤਾਂ ਵਿਚ ਬੈਠ ਕੇ ਸੁਣੇ ਤੇ ਵੇਖੇ ਕਿ ਇਹ ਕੀ ਜਾਦੂਗਰੀ ਹੈ।

ਵਜ਼ੀਰ ਉਠਿਆ ਤੇ ਵਹੁਟੀ ਦੇ ਮੰਜੇ ਵਲ ਗਿਆ

ਕਿ ਉਸ ਨੂੰ ਜਗਾਵਾਂ ਜੋ ਮੈਂ ਚੁਪੀਤਾ ਪਿਛਲੇ ਰਸ-ਤਿਓਂ ਨਿਕਲਾਂ ਤੇ ਉਹ ਬੂਹਾ ਮਾਰ ਲਵੇ ਤੇ ਮੇਰੇ ਮੁੜ ਆਉਣ ਦੀ ਬਿੜਕ ਰਖੇ; ਜਦ ਮੈਂ ਆਵਾਂ ਤਾਂ ਬੂਹਾ ਖੋਹਲ ਦੇਵੇ ਤਾਂ ਜੋ ਘਰ ਵਿਚ ਨੌਕਰ ਚਾਕਰ ਕਿਸੇ ਹੋਰਸ ਨੂੰ ਪਤਾ ਨਾ ਲੱਗੇ। ਜਾਂ ਵਜ਼ੀਰ ਅਪਣੀ ਨਾਰ ਦੇ ਮੰਜੇ ਪਾਸ ਗਿਆ ਤਾਂ ਮੰਜਾ ਸੱਖਣਾ ਸੀ। ਨਾਰ ਹੈ ਨਹੀਂ ਸੀ। ਵਜ਼ੀਰ ਨੂੰ ਪਚੱਤ੍ਰੀ ਲਗ ਗਈ। ਇਧਰ ਉਧਰ, ਹੇਠਾਂ ਉਤੇ ਸਾਰੇ ਮਲਕੜੇ ਮਲਕੜੇ ਢੂੰਡਿਆ, ਪਰ ਜੋ ਸ਼ੈ ਘਰ ਵਿਚ ਹੋਵੇ ਹੀ ਨਾ ਉਹ ਘਰ ਵਿਚੋਂ ਲੱਭੇ ਕੀਕੂੰ ? ਚਾਲਾਕ ਮਨ ਨੇ ਸੋਚਿਆ ਕਿ ਘਰ ਵਾਲੀ ਚੰਗਿਆਂ ਦੀ ਧੀ ਹੈ, ਇਕ ਪਹਿਰ ਠਾਕਰ ਪੂਜਾ ਵਿਚ ਗੁਜ਼ਾਰਦੀ ਰਹੀ ਹੈ, ਹੈ ਤਾਂ ਕਿਸੇ ਚੰਗੇ ਆਹਰ ਵਿਚ ਜੇ ਗੁਆਚੀ ਨਹੀਂ ਤਾਂ ਕੱਲ ਸਹੀ, ਬਿਨਾਂ ਪੁੱਛੇ ਪਤਾ ਲਵਾਂਗੇ। ਇਮ ਗਲ ਨਾਲ ਦਿਲ ਕੁਛ ਥਹੁ ਸਿਰ ਆ ਗਿਆ ਤੇ ਹੁਣ ਵਜ਼ੀਰ ਪਿਛਲੇ ਰਸਤਿਓਂ ਗਿਆ, ਪਰ ਉਹ ਬਾਹਰੋਂ ਬੰਦ ਸੀ, ਇਸ ਗਲ ਨੇ ਟੋਹ ਲਾ ਦਿੱਤੀ ਕਿ ਹੋਵੇ ਨਾ ਤਾਂ ਸੁਹਣੀ ਏਸ ਰਸਤੇ ਹੀ ਬਾਹਰ ਗਈ ਹੈ। ਵਜ਼ੀਰ ਨੂੰ ਹੁਣ ਸਿੱਧੇ ਰਸਤਿਓਂ ਜਾਣ ਦੇ ਬਿਨਾਂ ਕੋਈ ਚਾਰਾ ਨਹੀਂ ਸੀ, ਸੋ ਗਿਆ। ਅੰਦਰਲੇ ਪਹਿਰੇਦਾਰ ਨੂੰ ਹੁਕਮ ਮਿਲਿਆ, ਅੰਦਰੋਂ ਦਰਵਾਜ਼ਾ ਖੁਲ੍ਹ ਗਿਆ ਤੇ ਬਾਹਰਲੇ ਪਹਿਰੇਦਾਰਾਂ ਅਸ਼ੀਰਬਾਦ ਦਿੱਤੀ। ਵਜ਼ੀਰ ਸਾਹਿਬ ਤੇ ਅਤਰੂ, ਨਿਜ ਦਾ ਨੌਕਰ – ਦੋਵੇਂ ਬਾਹਰ ਨਿਕਲ ਗਏ। ਪਹਿਰੇਦਾਰ ਹੈਰਾਨ ਸਨ, ਪਰ ਮਾਲਕ ਨੂੰ ਪੁੱਛ ਕੁਛ ਨਹੀਂ ਸਨ ਸਕਦੇ।

ਅਤਰੂ ਮਾਲਕ ਦਾ ਨਿਮਕ ਹਲਾਲ ਨੌਕਰ ਸੀ। ਜਿਸ ਤਰ੍ਹਾਂ ਕਿ ਉਸ ਸਮੇਂ ਹਰ ਖ਼ਾਨਦਾਨ, ਹਰ ਵਡੇ ਆਦਮੀ ਤੇ ਹਰ ਲੋੜੀਂਦੇ ਮਨੁੱਖ ਪਾਸ ਹੋਇਆ ਕਰਦੇ ਸਨ। ਮਾਲਕ ਦਾ ਭੇਤ ਮਾਲਕ ਨਾਲੋਂ ਵੱਧ ਸੰਭਾਲ ਕੇ ਰੱਖਣਾ, ਮਾਲਕ ਦੇ ਪਸੀਨੇ ਡੁੱਲ੍ਹਣ ਵੇਲੇ ਆਪਣਾ ਲਹੂ ਡੁਹਲਣਾ, ਇਹ ਦੋ ਗੁਣ ਇਨ੍ਹਾਂ ਵਿਚ ਇਨ੍ਹਾਂ ਦਾ ਨਿਜ ਧਰਮ ਹੁੰਦੇ ਸਨ। ਕਈ ਵੇਰ ਏਹ ਨੌਕਰ ਭੀ ਪੀਹੜੀਆਂ ਤੋਂ ਮਾਲਕਾਂ ਦੇ ਨਾਲ ਟੁਰੇ ਚਲਦੇ ਸਨ, ਇਸ ਤਰ੍ਹਾਂ ਅਤਰੂ ਦਾ ਦਾਦਾ ਵਜ਼ੀਰ ਦੇ ਦਾਦਾ ਜੀ ਪਾਸ ਆਇਆ ਸੀ ਤੇ ਪਿਉ ਵਜ਼ੀਰ ਦੇ ਪਿਉ ਨਾਲ ਨਿਭਿਆ ਸੀ, ਹੁਣ ਅਤਰੂ ਇਸ ਨਾਲ ਨਿਭ ਰਿਹਾ ਸੀ।

ਧੁਨਿ ਆ ਰਹੀ ਦੇ ਟਿਕਾਣੇ ਅੱਪੜਨ ਤੋਂ ਪਹਿਲਾਂ ਵਜ਼ੀਰ ਨੇ ਚਾਦਰ ਦੀ ਬੁੱਕਲ ਮਾਰ ਲਈ ਲਪੇਟਵੀਂ ਤੇ ਅਤਰੂ ਨੂੰ ਬਾਹਰ ਬੈਠਣ ਲਈ ਆਖਿਆ ਤੇ ਆਪ ਦਰਵੱਜੇ ਕੋਲ ਅੱਪੜ ਕੇ ਅੰਦਰ ਲੰਘਦਾ ਲੰਘਦਾ ਝਿਜਕ ਗਿਆ। ਇਸ ਵੇਲੇ ਦਰਵਾਜ਼ੇ ਤੇ ਖੜੇ ਇਕ ਬਿਰਧ ਪੁਰਖ ਨੇ ਕਿਹਾ: "ਸਾਈਂ ਭਲਾ ਕਰੇ! ਲੰਘ ਆਓ, ਜੀ ਆਇਆਂ ਨੂੰ, ਅੰਮ੍ਰਿਤ ਰਸ ਪੀਓ! ਖੀਵੇ ਥੀਓ"। ਅਝਕਿਆ ਵਜ਼ੀਰ ਅੰਦਰ ਲੰਘ ਗਿਆ ਤੇ ਸੀਸ ਨਿਵਾ ਕੇ ਬਹਿ ਗਿਆ, ਪਰ ਇੱਕਲਵੰਜੇ ਜਿਹੇ ਹੋ ਕੇ। ਕਿਸੇ ਨਹੀਂ ਹੋੜਿਆ, ਅਰ ਕਿਸੇ ਨਹੀਂ ਆਖਿਆ ਕਿ ਅੱਗੇ ਬਹੁ ਯਾ ਪਿੱਛੇ; ਜਿੱਥੇ ਇਸਦਾ ਜੀ ਚਾਹਿਆ ਟਿਕ ਗਿਆ। ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਵਾਰ ਸੰਗਤ ਆਪ ਹੀ ਲਗਾ ਰਹੀ ਸੀ। ਰਾਗੀ ਨਹੀਂ ਸੇ ! ਸੰਗਤ ਬਾਲਾਂ ਬਿਰਧਾਂ ਤੇ ਹੋਣਹਾਰ ਨੌਜਵਾਨੀ ਵਿਚ ਕਦਮ ਰੱਖਣ ਵਾਲਿਆਂ ਦੀ ਸੀ। ਹਾਂ, ਸੰਗਤ ਉਨ੍ਹਾਂ ਦੀ ਸੀ ਜਿਨ੍ਹਾਂ ਨੂੰ ਪਿਆਸ ਲੱਗੀ ਸੀ, ਜਿਨ੍ਹਾਂ ਦੇ ਦਿਲਾਂ ਨੇ ਆਪਣੇ ਜੀਵਨ ਦਾ ਰਾਹ ਲੱਭ ਲਿਆ ਸੀ, ਚਾਹੇ ਆਪ ਢੂੰਡ ਕੇ, ਚਾਹੇ ਘਰ ਦੇ ਚਾਹੇ ਸਜਣਾਂ ਮਿੱਤ੍ਰਾਂ ਦੇ ਸਤਿਸੰਗ ਨਾਲ। ਇਹ ਉਹ ਲੋਕ ਸਨ ਜੋ ਆਸਾ ਦੀ ਵਾਰ ਦੀ ਨਿਰਮਲ ਧਾਰਾ ਨਾਲ ਆਪਣਾ ਮਨ ਧੋਂਦੇ ਸਨ। ਉਹਨਾਂ ਦੇ ਮਨਾਂ ਉਤੋਂ ਰੋਜ਼ ਦੇ ਵਰਤਨ ਵਿਹਾਰ ਤੋਂ ਪਏ ਨੀਵੀਆਂ ਰੁਚੀਆਂ ਦੇ ਅਸਰ ਪਰਵਿਰਤੀ ਵਿਚ ਪਈਆਂ ਧੂੜਾਂ ਤੇ ਕੰਮਾਂ ਕਾਜਾਂ ਤੋਂ ਪਏ ਖਿੰਡਾਉ ਦੇ ਪ੍ਰਭਾਵਾਂ ਨੂੰ ਇਹ ਆਸਾ ਦੀ ਵਾਰ ਦੂਰ ਕਰਦੀ ਸੀ। ਮਨ ਨੂੰ ਧੋਕੇ ਆਸਾ ਦੀ ਵਾਰ ਸਚਿਆਈ ਦਾ, ਅਰੋਗ ਤੇ ਤੰਦਰੁਸਤ ਨੇਕੀ ਦਾ ਅਕਸ ਰੋਜ਼ ਦਿਲਾਂ ਤੇ ਪਾ ਦਿੰਦੀ ਸੀ[1]। 'ਮਰਨ ਨਾਲ ਮਰ ਨਹੀਂ ਜਾਣਾ ਸਗੋਂ ਹੋਰ ਉੱਤਮ ਜੀਵਨ ਵਿਚ ਜੀਉ ਜੀਉ ਪੈਣਾਂ ਹੈ, ਕਿਸੇ ਅਮੁੱਕ ਰਸ ਵਿਚ ਅੱਪੜਨਾ ਹੈ' ਇਹ ਭਾਵ ਦਿਲਾਂ ਉਤੇ ਰੋਜ਼ ਲਿਖ ਦੇਂਦੀ ਸੀ। ਮਰਦ ਨੂੰ ਮਰਦ ਬਨਾਉਣ ਦਾ ਰਾਹ ਆਸਾ ਦੀ ਵਾਰ ਦਿਖਾਲ ਦਿੰਦੀ ਸੀ। ਹਾਂ, ਵਾਹਿਗੁਰੂ ਜੀ ਨੂੰ ਪ੍ਰੇਮ ਦਾ ਪੁੰਜ ਦੱਸ ਕੇ ਜੀਵ ਨੂੰ ਪ੍ਰੇਮ ਕਰਨ ਦੀ ਸੜਕ ਦਿਖਾ ਕੇ ਆਸਾ ਦੀ ਵਾਰ ਸਮਝਾ ਦਿੰਦੀ ਸੀ ਕਿ ਸਦਾ ਤਿਆਰ ਰਹੋ, ਪਤਾ ਨਹੀਂ ਪ੍ਰੇਮ ਦਾ ਸਾਂਈਂ

1. ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।।

ਕਿਹੜੇ ਵੇਲੇ ਤ੍ਰੁੱਠਦਾ ਹੈ। ਸਦਾ ਸਾਵਧਾਨਤਾ, ਸਦਾ ਪਿਆਰ ਉਸ ਦੀ ਯਾਦ ਹੈ, - ਇਹ ਯਾਦ 'ਨਾਮ' ਹੈ। 'ਨਾਮ' ਦੇ ਜਪਦਿਆਂ ਦਿਲ ਦਾ ਚਿੰਤਨ ਸਾਂਈਂ ਵਲ ਨੂੰ ਰਹਿੰਦਾ ਹੈ, ਇਹ ਸਾਹਿਬ ਦਾ ਚਿੰਤਨ[1] ਪ੍ਰੇਮ ਬਣ ਜਾਂਦਾ ਹੈ।

ਇਹ ਨਾਮ ਪਿਆਰ ਦਾ ਹੀਲਾ ਹੈ ਵਾਹਿਗੁਰੂ ਜੀ ਦੇ ਚਰਨਾਂ ਨਾਲ, ਇਹ ਸਦਾ ਤਿਆਰੀ ਹੈ ਮਨ ਦੀ ਉਮੰਗ ਦੀ ਜੋ ਇਸ ਚਾਹ ਵਿਚ ਵੱਸਦੀ ਹੈ ਕਿ ਕਦੋਂ ਪਿਆਰਾ ਤ੍ਰੁੱਠਦਾ ਹੈ। ਉਡੀਕ ਹੈ, ਸਿੱਕ ਹੈ, ਸੱਧਰ ਹੈ ਪਿਆਰ ਦੀ, ਮਿਹਰ ਦੀ, ਜੋ ਜਦੋਂ ਆਵੇ, ਤਦੋਂ ਹੀ ਆਵੇ, ਆਪਣੇ ਰੰਗ ਤੇ ਆਪਣੀ ਮੌਜੇ ਆਵੇ, ਖਿਨ ਵਿਚ ਆਵੇ ਕਿ ਜਨਮਾਂ ਤੇ ਜੁਗਾਂ ਦੇ ਲਪੇਟ ਮਾਰਕੇ ਆਵੇ, ਪਰ ਜਦੋਂ ਆਵੇ ਸਾਨੂੰ ਗਾਫ਼ਲ ਨਾ ਪਾਵੇ। ਭਾਵੇਂ ਉਹ ਮਿਹਰ ਸੁੱਤਿਆਂ ਜਗਾ ਕੇ ਦੇਣ ਦੀ ਸਮਰੱਥਾ ਬੀ ਰਖਦੀ ਹੈ, ਪਰ ਸਾਡੀ ਤਾਂਘ, ਸਾਡੀ ਖਿੱਚ ਸਾਡਾ ਪਿਆਰ ਠੱਲ੍ਹਿਆ ਨਹੀਂ ਰਹਿ ਸਕਦਾ। ਅਸਾਂ ਲੌ ਲਾਈ ਰੱਖਣੀ ਹੈ ਤੇ ਸਾਵਧਾਨ ਰਹਿਣਾ ਹੈ। ਇਸ ਲੌ ਤੇ ਸਾਵਧਾਨਤਾ, ਸਿੱਕ ਤੇ ਪਿਆਰ ਦਾ ਵਿਦਤ ਸਰੂਪ ਹੈ ਯਾਦ। ਯਾਦ ਨਿਰੰਤਰ ਕਰਨ ਲਈ ਅਭਿਆਸ ਹੈ 'ਨਾਮ-ਜਪ' ਦਾ ਤੇ ਫੇਰ 'ਨਾਮ ਸਿਮਰਣ' ਦਾ। ਹਾਂ ਜੀ, ਆਸਾ ਦੀ ਵਾਰ ਨਾਮ ਦੀ ਤਿਆਰੀ ਸਿਖਾਲਦੀ ਹੈ, ਜੋ ਯਾਦ ਕਰਦਿਆਂ ਯਾਦ, ਜੋ ਪ੍ਰੇਮ ਦਾ ਸਰੂਪ ਹੈ, ਹੁਲਾਰੇ ਮਾਰੇ, ਨਾਲ ਹੀ ਦੱਸਦੀ ਹੈ ਕਿ ਹੇ ਪ੍ਰੇਮ ਪ੍ਰਵੇਧਿਆ ! ਤੇਰੇ ਸ਼ੁਭ ਗੁਣ ਤੇ ਨਿਰਮਲਤਾਈਆਂ ਨਾਮ ਲਈ ਤਿਆਰੀ ਹਨ, ਤੇਰਾ ਨਾਮ ਪਿਆਰੇ ਦੀ ਮਿਹਰ ਦੀ ਉਡੀਕ ਵਿਚ ਸਾਵਧਾਨਤਾ ਹੈ। ਪਰ ਮਿਹਰ ਜੋ ਹੈ ਸੋ ਕਰਾਮਾਤ ਹੈ, ਓਹ ਆਪਸ ਤੋਂ ਆਪਣੇ ਯਤਨਾਂ, ਸਾਧਨਾਂ, ਹਠਾਂ, ਤਪਾਂ ਤੋਂ ਨਹੀਂ ਲੱਝਦੀ, ਉਹ ਸਾਹਿਬ ਦੀ ਸ਼ੈ ਹੈ, ਸਾਹਿਬ ਦੇ ਹੱਥ ਹੈ ਤੇ ਸਾਹਿਬ ਤ੍ਰੁਠੇ ਤਾਂ ਪਾਈਦੀ ਹੈ! ਸਾਹਿਬ ਦਾ ਤ੍ਰੁਠਣਾ ਸਾਹਿਬ ਦੀ ਮੌਜ ਹੈ, ਉਹ ਸਾਡੇ ਵੱਸ ਦੀ ਸ਼ੈ ਨਹੀਂ।[2] ਪਰ ਸਾਡਾ ਕਰਮ ਤੇ ਧਰਮ, ਹਾਂ, ਜੀਉਂਦਾ ਕਰਮ ਤੇ ਧਰਮ ਹੈ ਪਿਆਰੇ ਦੇ ਪਿਆਰ ਵਿਚ ਰਹਿਣਾ। ਸਿੱਕਣਾ ਤੇ ਲੋਚਣਾ ਇਹ ਸਾਡਾ ਧਰਮ ਹੈ। ਸਾਹਿਬ ਜੀ ਇਸ ਨੂੰ 'ਧਰਮ ਕਰਮ' ਕਹਿੰਦੇ ਹਨ : 'ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ।' ਧਰਮ ਦਾ ਕਰਮ ਹੈ ਸਦਾ ਸਿਮਰਣ= ਪ੍ਰੇਮ। ਸਿੱਕਣਾ, ਲੋਚਣਾ, ਉਮਗਣਾ, ਬਿਰਹੁੰ ਵਿਚ ਜਾਣਾ, ਦ੍ਰਵਣਾ, ਚਿੰਤਨ-ਪ੍ਰੀਤਮ ਦੇ ਚਿੰਤਨ -- ਵਿਚ ਰਹਿਣਾ। ਸੋ ਐਸੀ ਹੈ ਆਸਾ ਦੀ ਵਾਰ ਜੋ ਦੱਸ ਦਿੰਦੀ ਹੈ ਰੋਜ਼ ਕਿ ਤੋਟੇ ਦੇ ਕੰਮ ਨਾ ਕਰੋ ਕੁਛ ਲਾਹੇ ਦਾ ਕੰਮ ਬੀ ਕਰਦੇ ਰਹੋ[1], ਲੱਗੇ ਰਹੋ ਪ੍ਰੇਮ ਵਿਚ।

ਇਸ ਸੁਭਾਗ ਕਰਨ ਵਾਲੀ ਆਸਾ ਦੀ ਵਾਰ ਦਾ ਮੰਡਲ ਲੱਗ ਰਿਹਾ ਸੀ, ਹਰ ਸਜਣ ਕੀਰਤਨ ਦੀਆਂ ਸੁਰਾਂ ਨਾਲ ਇਕ ਸੁਰ ਹੋ ਰਹਾ ਸੀ, ਜਿਨ੍ਹਾਂ ਵਿਚ ਕਿ ਵਜ਼ੀਰ ਹੁਣ ਜਾ ਬੈਠਾ ਹੈ। ਚਾਹੇ ਵਜ਼ੀਰ ਦਾ ਮਨ ਰਾਜਨੀਤੀਆਂ ਨਾਲ ਫੈਣੀ ਵਾਂਙੂ ਹੋ ਰਿਹਾ ਸੀ ਪਰ ਕੀਰਤਨ ਦਾ ਅਸਰ ਤੇ ਨਾਮੀ ਪੁਰਖਾਂ ਦੀ ਇਕੱਤ੍ਰਤਾ ਦਾ ਪ੍ਰਭਾਉ ਆਪਣਾ ਅਸਰ ਰੱਖਦਾ ਹੈ। ਵਜ਼ੀਰ ਦੇ ਮਨ ਤੇ ਅਸਰ ਪਿਆ ਕਿ ਐਸਾ ਸੁਹਣਾ ਪ੍ਰਭਾਉ ਅੱਗੇ ਕਦੇ ਕਿਤੇ ਨਹੀਂ ਸੀ ਡਿੱਠਾ। ਕੀਕੂੰ 'ਸੋਚ ਤੇ ਸੁਆਦ', 'ਰਸ-ਮਗਨਤਾ ਤੇ ਅਰਥ-ਵਿਚਾਰ' ਨਾਲੋ ਨਾਲ ਟੁਰ ਰਹੇ ਹਨ।

ਅੱਜ ਸੰਗਤ ਨੇ ਭੋਗ ਜ਼ਰਾ ਸੁਵਖਤੋਂ ਪਾਇਆ, ਕਿਉਂ ਜੋ ਇਕ ਮਾਈ ਨੇ ਕੁਛ ਬਿਨੈ ਕਰਨੀ ਸੀ। ਸੰਗਤ ਵਾਲੇ ਇਸ ਮਾਈ ਨੂੰ 'ਸੱਤ ਤਿਲੀ' ਕਰਕੇ ਸੱਦਦੇ ਸਨ; ਹਾਂ, ਇਹ ਨਾਉਂ ਸੀ ਜੋ ਮਾਈ ਨੇ ਆਪਣਾ ਸਾਧ ਸੰਗਤ ਨੂੰ ਦੱਸਿਆ ਹੋਇਆ ਸੀ। ਜਦੋਂ ਭੋਗ ਪੈ ਗਿਆ ਤਾਂ ਮਾਈ ਨੇ ਬੇਨਤੀ ਕੀਤੀ ਕਿ ਸਾਡੇ ਸਾਹਿਬ ਜੀ ਨਦੀਓਂ ਪਾਰ ਘੋਰ ਸੰਗ੍ਰਾਮ ਵਿਚ ਰੁੱਝ ਰਹੇ ਹਨ। ਉਹ ਪਾਤਸ਼ਾਹ ਹਨ, ਧੁਰਾਂ ਦੇ ਹਨ ਉਨ੍ਹਾਂ ਨੂੰ ਕਾਹਦੇ ਸੰਗ੍ਰਾਮ, ਸਾਡੇ ਹੀ ਪਾਪਾਂ, ਸਾਡੀਆਂ ਹੀ ਕੁਟਿਲਤਾਈਆਂ ਤੇ ਹੀਣਤਾਈਆਂ ਦੇ ਦੂਰ ਕਰਨ ਲਈ ਰਣ ਮੰਡੇ ਨੇ। ਕੋਈ ਦੁਖ ਪਾਉਂਦਾ ਹੈ ਆਪਣੇ ਕੀਤੇ ਦਾ, ਕੋਈ ਦੁਖ ਪਾਉਂਦਾ ਹੈ ਆਪਣੇ ਦੇਸ਼ ਆਪਣੀ ਕੌਮ ਬਿਰਾਦਰੀ ਦੇ ਸਾਂਝੇ ਕੀਤੇ ਕਰਮਾਂ ਦਾ, ਪਰ ਸਤਿਗੁਰ ਦਾਤਾ ਦੁਖ ਲੈ ਰਿਹਾ ਹੈ ਆਪਣੇ ਕੁਛ ਨਾ ਕੀਤੇ ਵਿਚ ਹੀ ਸਾਡੇ

1. ਜਿਸਕੇ ਜੀਅ ਪਰਾਣ ਹਹਿ ਕਿਉ ਸਾਹਿਬ ਮਨਹੁ ਵਿਸਾਰੀਐ।
2. ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।
ਤਥਾ:--ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ।

1. ਕਿਛੁ ਲਾਹੇ ਉਪਰਿ ਘਾਲੀਐ।।੨੧।।

ਦੇਸ਼ ਦੇ ਸਹੇੜੇ ਦੁਖਾਂ ਦੇ ਦੂਰ ਕਰਨ ਨਮਿੱਤ। ਦੇਸ਼ ਨੇ ਪਾਪ ਕੀਤਾ ਕਿ ਬਿਦੇਸ਼ੀਆਂ ਯਵਨਾਂ, ਓਪਰਿਆਂ ਮਲੇਛਾਂ ਅੱਗੇ ਹਾਰ ਗਿਆ, ਸਦੀਆਂ ਪਾਸਾ ਨਾ ਪਰਤਿਆ ਤੇ ਦੁਖੜੇ ਭਰਦਾ ਰਿਹਾ। ਹੁਣ ਨਾ ਆਨ ਹੈ, ਨਾ ਸ਼ਾਨ ਹੈ; ਨਾ ਧਰਮ ਹੈ ਨਾ ਧਾਮ ਹੈ, ਗੋਲਾ- ਪਣਾ ਹੈ ਤੇ ਕਸ਼ਟ ਹੈ। ਮੋਤੀਆਂ ਦੇ ਥਾਲ ਭਰ ਭਰ ਕੇ ਧੀਆਂ ਦੇ ਡੋਲੇ ਲੈ ਲੈ ਮਿਲੀਦਾ ਹੈ ਕਿ ਕਿਵੇਂ ਅਸੀਂ ਜੀਉਂਦੇ ਰਹੀਏ ਤੇ ਖਾਂਦੇ ਪੀਂਦੇ ਰਹੀਏ। ਹਾਂ, ਦਾਤਾ ਨੇ ਸੰਘਰਸ਼ ਰਚਿਆ ਹੈ ਕਿ ਜਰਵਾਣਿਆਂ ਨੂੰ, ਜੋ ਪ੍ਰੇਮ ਨਾਲ, ਸਹਿਨ ਨਾਲ, ਉਪਦੇਸ਼ ਨਾਲ ਨਹੀਂ ਸਮਝਿਆ ਹੁਣ ਉਸ ਨੂੰ ਉਸ ਬੋਲੀ ਵਿਚ ਸਮਝਾਇਆ ਜਾਵੇ ਜੋ ਬੋਲੀ ਉਹ ਬੋਲਦਾ ਤੇ ਸਮਝਦਾ ਹੈ। ਉਸ ਦੀ ਬੋਲੀ ਵਿਚ ਜ਼ੋਰ ਹੈ; ਸੋ ਜ਼ੋਰ ਤੋੜਨ ਲਈ 'ਸੱਚ ਤੇ ਖੜਾ ਜ਼ੋਰ' ਹੁਣ ਉਸ ਨੂੰ ਹੋਸ਼ ਲਿਆਵੇਗਾ। ਵੀਰਨ ਜੀਓ ! ਸੰਗਤ ਦੇ ਗੱਭਰੂ ਕਈ ਦਾਤਾ ਜੀ ਦੀ ਸੇਵਾ ਵਿਚ ਸਫਲ ਹੋ ਰਹੇ ਹਨ, ਪਿੱਛੇ ਤੁਸੀਂ ਹੋ ਬਿਰਧ ਤੇ ਅਸੀਂ ਹਾਂ, ਅਬਲਾ ਤੇ ਬਲ ਫੜ ਰਹੇ ਬਾਲ ਤੇ ਕੁਮਾਰ, ਪਰ ਸਾਡੇ ਵਿਚ ਬੀ ਦਾਤੇ ਨੇ ਤੇਜ ਪਾਇਆ ਹੈ। ਲਹੂ ਸਾਡਾ ਹੁਣ ਸਰਦ ਨਹੀਂ ਰਿਹਾ, ਉੱਬਲਦਾ ਹੈ ਕਿ ਅਸੀਂ ਬੀ ਕੁਛ ਕਰੀਏ। ਸੰਗਤ ਆਗਯਾ ਦੇਵੇ ਤਾਂ ਕੁਛ ਰਸਦ ਦੀ ਸੇਵਾ ਕਰੀਏ ? ਓਥੇ ਲੋੜ ਨਹੀਂ 'ਓਥੇ ਬੇ-ਪ੍ਰਵਾਹ ਸਾਹਿਬੀ' ਹੈ, ਪਰ "ਸਾਡੀ ਪ੍ਰਵਾਹ ਵਾਲੀ ਚਾਕਰੀ ਹੈ !"

ਇਹ ਕਹਿਣ ਨਾਲ ਸਭ ਨੇ ਕਿਹਾ: "ਵਾਹ ਵਾਹ, ਧੰਨ ਸਾਧ ਸੰਗਤ! ਧੰਨ ਸਾਧ ਸੰਗਤ ਹੈ! ਧੰਨ ਮਾਈ ਸੱਤ ਤਿਲੀ, ਮਾਈ ਸਾਂਈ ਰਜਾਈ"। ਸਾਰੇ ਖੀਸੇ ਉੱਛਲ ਪਏ, ਜੋ ਸਰਿਆ ਸਭ ਨੇ ਦਿੱਤਾ। ਢਾਈ ਕੁ ਸੌ ਰੁਪੱਯਾ ਹੋ ਗਿਆ। ਉਹ ਮਾਇਆ ਮਾਈ ਨੇ ਲੈ ਲਈ ਕਿ ਸਾਰਾ ਪ੍ਰਬੰਧ ਮੈਂ ਆਪ ਕਰਾਂਗੀ। ਕਿਸੇ ਨੂੰ ਨਹੀਂ ਫੁਰਿਆ ਕਿ ਮਾਈ ਤੋਂ ਰਸੀਦ ਲਓ ਕੋਈ ਰਖਵਾਲੀ ਕਰੋ। ਕਿਉਂ ਹੋਵੇ? ਸਾਰੇ ਆਸਾ ਜੀ ਦੀ ਵਾਰ ਦੇ ਬੱਚੇ ਹਨ, ਧੋਪ ਚੁਕੇ ਹਨ ਤੇ ਇਕੋ ਪਰਵਾਰ ਹਨ ਆਤਮ ਮੰਡਲ ਦਾ।

ਵਜ਼ੀਰ ਨੂੰ ਫਿਕਰ ਹੋ ਆਇਆ ਕਿ ਕਿਤੇ ਮੇਰੀ ਪਛਾਣ ਨਾ ਹੋ ਜਾਏ, ਦਿਨ ਚੜ੍ਹ ਰਿਹਾ ਹੈ ! ਉਹ ਤਾਂ ਸੀਸ ਨਿਵਾਕੇ ਚਾਦਰੇ ਦੀ ਬੁੱਕਲ ਵਿਚ ਹੀ ਖਿਸਕੰਤ ਹੋ ਗਿਆ। ਭੁੱਖ ਵਾਲਾ ਮਾਈ ਦੇ ਬੋਹੜੇ ਵਾਕ ਹੀ ਸੁਣ ਕੇ ਟੁਰ ਚੁੱਕਾ ਸੀ, ਪਰ ਜਿੱਥੇ ਕੁ ਓਹ ਬੈਠਾ ਸੀ ਉਸ ਤੋਂ ਥੋੜੀ ਦੂਰ ਪਰੇ ਇਕ ਰੁਮਾਲ ਵਿਚ ਬੱਧੀ ਗੀਢ ਪਈ ਸੀ; ਜਿਸ ਨੂੰ ਮਾਯਾ ਕੱਠੀ ਕਰਨ ਵਾਲੇ ਨੇ ਚੁੱਕਿਆ, ਇਸ ਨੂੰ ਖੁਹਲਣ ਤੇ ਕੁਛ ਮੁਹਰਾਂ ਤੇ ਇਕ ਕਾਗਤ ਮਿਲਿਆ। ਕਾਗਤ ਤੇ ਲਿਖਿਆ ਸੀ 'ਇਹ ਮਾਇਆ ਸੇਵਾ ਵਿਚ ਸਫਲ ਕਰਨੀ, ਸਾਧ ਸੰਗਤ ਦੀ ਮਿਹਰ ਹੈ'। ਕਿਸੇ ਨੂੰ ਪਤਾ ਨਾ ਲੱਗਾ ਕਿ ਇਹ ਗੀਢ ਕੌਣ ਧਰ ਗਿਆ ਹੈ।

ਕੜਾਹ ਪ੍ਰਸ਼ਾਦ ਵਰਤਾ ਕੇ ਸੰਗਤ ਵਿਦਾ ਹੋਈ। ਮਾਈ ਸੱਤ ਤਿਲੀ, ਆਪਣੇ ਅਤਿ ਸਾਦੇ ਲਿਬਾਸ ਵਿਚ ਸਾਦਗੀ ਦੀ ਸੂਰਤ ਬੀ ਮਾਇਆ ਲੈ ਕੇ ਟੁਰ ਗਈ। ਅਜੇ ਤਕ ਸੰਗਤ ਨੂੰ ਪਤਾ ਨਹੀਂ ਸੀ ਕਿ ਮਾਈ ਕਿਸ ਘਰੋਂ ਹੈ; ਕਿਥੋਂ ਆਉਂਦੀ ਤੇ ਜਾਂਦੀ ਹੈ ? ਪਰ ਧੰਨ ਸਰਲ ਹੋ ਗਏ ਹਿਰਦੇ, ਕਿਸੇ ਨੂੰ ਸੰਸਾ ਬੀ ਨਹੀਂ ਕਿ ਮਾਇਆ ਸਤਿਗੁਰ ਦੇ ਚਰਨਾਂ ਵਿਚ ਅੱਪੜੇਗੀ ਕਿ ਨਹੀਂ।

੩.

ਚੜ੍ਹਦੇ ਸੂਰਜ ਦੀ ਪੈ ਰਹੀ ਆਭਾ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖੜੇ ਹਨ, ਖੱਬਾ ਹੱਥ ਪਾਸ ਖੜੇ ਘੋੜੇ ਦੇ ਹੰਨੇ ਤੇ ਧਰਿਆ ਹੈ, ਤੱਕ ਰਹੇ ਹਨ ਪੂਰੇ ਦੇ ਚੜ੍ਹ ਰਹੇ ਸੂਰਜ ਤੇ ਉਸ ਦੀਆਂ ਕਿਰਨਾਂ ਦੇ ਬਾਣਾਂ ਹੇਠ ਦੁਸ਼ਮਨ ਦਲਾਂ ਨੂੰ ਦੂਰ ਤੋਂ ਕਿ ਇਕ ਗਰੀਬ ਸਿੱਖ ਆ ਕੇ ਮੱਥਾ ਟੇਕ ਕੇ ਹੱਥ ਬੰਨ੍ਹ ਖਲੋਤਾ- ਪਾਤਸ਼ਾਹ ! ਅਰਦਾਸ ਹੈ ?

ਗੁਰੂ ਜੀ-ਕਹੁ ਭਾਈ ਖਾਲਸਾ ?

ਸਿੱਖ-ਪਾਤਸ਼ਾਹ ! (ਹੌਲੇ ਜਿਹੇ) ਦਾਸ ਪਾਰੋਂ ਆਇਆ ਹੈ, ਬਿਸਾਲੀ ਦਾ ਰਾਇ ਚਰਨ ਚੁੰਮਣੇ ਲੋਚਦਾ ਹੈ, ਉਸ ਦੀ ਅਰਦਾਸ ਹੈ ਕਿ ਹਜ਼ੂਰ ਜੀ ਦਰਯਾ ਟੱਪ ਕੇ ਬਿਸਾਲੀ ਆ ਜਾਓ ਤੇ ਆਰਾਮ ਕਰੋ, ਉਸ ਦੇ ਘਰ ਨੂੰ ਆਪਣਾ ਚਰਨ-ਟਿਕਾਣਾ ਸਮਝੋ ! ਰਾਇ ਆਪ ਇਹ ਬਿਨੈ ਕਰਨ ਲਈ ਆ ਰਿਹਾ ਹੈ। ਹੁਕਮ ਹੋ ਜਾਏ ਜੋ ਪਹਿਰੇ ਦੇ ਸਿੰਘ ਰੋਕ ਟੋਕ ਨਾ ਕਰਨ, ਸਾਹਿਬ ਦੇ ਦਰਬਾਰ-ਹਜ਼ੂਰੀ ਵਿਚ ਹਾਜ਼ਰ ਹੋ ਜਾਏ।

ਗੁਰੂ ਜੀ(ਨੈਣ ਮੁੰਦ ਕੇ ਫਿਰ ਖੁਹਲੇ ਤੇ ਪਰਲੇ ਪਾਸੇ ਤੱਕੇ)। ਉਹ ਖਾਲਸਾ ਕੌਣ ਹੈ ? ਦੜਕਾ ਸਿੰਘ !

ਇਧਰ ਆਓ।

ਦੜਕਾ ਸਿੰਘ ਘੋੜਾ ਭਜਾ ਕੇ ਆਇਆ :- ਸਾਹਿਬ ਜੀਓ ! ਹੁਕਮ ਕਰੋ ?

ਗੁਰੂ ਜੀ-ਇਸ ਸਿੰਘ ਦੇ ਨਾਲ ਦਰਯਾ ਵੰਨੇ ਜਾਓ, ਰਾਇ ਬਿਮਾਲੀ ਆ ਰਿਹਾ ਹੈ, ਸਨਮਾਨ ਨਾਲ ਲੈ ਆਓ।

ਦੜਕਾ ਸਿੰਘ(ਘੋੜੇ ਤੋਂ ਉਤਰਕੇ ਕੰਨ ਵਿਚ)-ਰਾਜਿਆਂ ਦਾ ਇਤਬਾਰ ਨਹੀਂ, ਪਹਿਲਾਂ ਤਸੱਲੀ ਕਰਕੇ ਲਿਆਵਾਂ ਕਿ ਜਿਵੇਂ ਆਉਣ ਹਾਜ਼ਰ ਕਰਾਂ ?

ਗੁਰੂ ਜੀ-ਸਨਮਾਨ ਦੀ ਹੱਦ ਦੇ ਅੰਦਰ ਅੰਦਰ ਤਸੱਲੀ ਕਰ ਲਓ, ਪਰ ਲੋੜ ਨਹੀਂ, ਰਾਇ ਸੱਜਣ ਹੈ, ਸੋਝੀ ਵਾਲਾ ਹੈ। ਵਾਹਿਗੁਰੂ ਦਾ ਪ੍ਰੇਰਿਆ ਆ ਰਿਹਾ ਹੈ।

ਸੀਸ ਝੁਕਾ ਕੇ ਦੜਕਾ ਸਿੰਘ ਪਾਰੋਂ ਆਏ ਸਿੰਘ ਨੂੰ ਆਪਣੇ ਮਗਰੇ ਬਿਠਾਕੇ ਵਗ ਗਿਆ, ਕੁਛ ਚਿਰ ਮਗਰੋਂ ਰਾਇ ਵਜ਼ੀਰ ਤੇ ਕੁਝ ਜੋਧੇ ਨਾਲ ਲੈ ਕੇ ਆ ਗਿਆ। ਰਾਇ ਜੀ ਨੇ ਆ ਕੇ ਚਰਨ ਪਰਸੇ ਤੇ ਫੇਰ ਬੇਨਤੀ ਕੀਤੀਓਸ:-

ਪ੍ਰਭੂ ਜੀ ਚਲਹੁ ਸੰਗ ਅਬਿ ਮੇਰੇ। ਰਿਦੇ ਜਾਨਿ ਕਰਿ ਅਪਣੇ ਚੇਰੇ॥ ੩੩॥ ਨਿਜ ਪਾਵਨ[1] ਕਹੁ ਕਰੀਅਹਿ ਪਾਵਨ।[2] ਜਿਨ ਤੇ ਹੋਇ ਸਦਨ ਮਮ ਪਾਵਨ।[3] ਨਗਰ ਬਿਸਾਲੀ ਅਪਨੋ ਜਾਨਹੁ। ਰਹਹੁ ਨਿਕੇਤ ਬਾਮ ਕੋ ਠਾਨਹੁ॥ ੩੪॥ ਸਿੰਧ ਮੇਖਲਾ ਅਵੂਨੀ ਸਾਰੀ। ਮਹਾਰਾਜ ਪ੍ਰਭੂ ! ਅਹੈ ਤੁਮਾਰੀ। ਭੀਮ ਚੰਦ ਆਦਿਕ ਗਨ ਰਾਜੇ। ਮੂਢ ਮਤੀ ਸਭ ਕਰਹਿਂ ਕੁਕਾਜੇ॥ ੩੫॥ ...ਹਿੰਦੂ ਧਰਮ ਕੀ ਧੁਜਾ ਭਏ ਹੋ। ਪਰਉਪਕਾਰਿ ਕ੍ਰਿਪਾਲ ਥਿਏ ਹੋ। ਸਰਬ ਸ਼ਿਰੋਮਣ ਦੀਪਕ ਦੀਪ। ਤੁਮਰੀ ਸਮਸਰ ਕੋ ਅਵਨੀਪ ?॥ ੩੬॥ ... ਨਰ ਲੀਲਾ ਕੇ ਬਨਿ ਅਨੁਸਾਰੀ। ਕਰਹੁ ਕ੍ਰਿਪਾ ਸ੍ਰੀ ਪ੍ਰਭੁ ਉਪਕਾਰੀ॥ ੪੧॥ ...ਅਪਨੋ ਨਗਰ ਜਾਨਿ ਕਰਿ ਧਾਮੂ॥ ਰਚਨ ਜੰਗ ਤੇ ਕਰੋ ਅਰਾਮੂ॥ (ਸੂ; ਪ੍ਰ:)

ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਮਿਹਰ ਦੀ ਨਜ਼ਰ ਨਾਲ ਤੱਕਿਆ ਤੇ ਕਿਹਾ :-

ਪੂਰਬ ਜਨਮ ਤਪਜੋ ਤਪ ਜਬੈ। ਸਤਿ ਸੰਗਤਿ ਭੀ ਕੀਨਸ ਤਬੈ। ਤਿਸ ਕੋ ਫਲ ਤੋ ਕਹੁ ਹੁਇ ਆਯੋ। ਚਾਹਤਿ ਬੰਧਨ ਅਪਨਿ ਗਵਾਯੋ॥ ੪੪॥ ਉਪਜੀ ਸੁਮਤਿ ਆਨਿ ਇਸ ਸਮੈ। ਨ੍ਰਿਭੈ ਹੋਇ ਗੁਰ ਘਰ ਕੋ ਨਿਮੈ! ਸਭਿ ਕੇ ਸੰਗ ਹਮਾਰ ਬਿਖੇਰਾ। ਬਿਨ ਬਿਚਾਰ ਆਯੋ ਇਸ ਬੇਰਾ ॥ ੪੫॥ ਹੈ ਜੇਕਾਰ ਇਮ ਭਾਉ ਤੁਮਾਰੇ। ਗਮਨਹਿਂ ਨਗਰ ਬਿਸਾਲਿ ਮਝਾਰੇ। ਤੂੰ ਚਲਿ ਪ੍ਰਿਥਮ ਅਪਨ ਘਰ ਮਾਂਹੀ। ਹਤਿਬੇ ਰਿਪੁ ਹਮ ਮਿਟਹਿਂ ਸੁ ਨਾਂਹੀ॥ ੪੬॥ (ਸੂ: ਪ੍ਰ:)

ਸੀਸ ਨਿਵਾ, ਆਗਯਾ ਸੀਸ ਤੇ ਧਰ, ਰਾਇ ਚਲਾ ਗਿਆ।

੪.

**ਅੱਧੀ** ਰਾਤ ਬੀਤ ਚੁੱਕੀ। ਵਜ਼ੀਰ ਜੀ ਲੰਮੇ ਪਏ ਹਨ, ਪਰ ਜਾਗ ਰਹੇ ਹਨ, ਸਤਿਸੰਗ ਹੋ ਆਏ ਹਨ; ਰਾਇ ਦੀ ਦਿੱਤੀ ਪੋਥੀ ਦਾ ਆਪਣਾ ਮੰਡਲ ਤੱਕ ਆਏ ਹਨ, ਸੰਗਤ ਦਾ ਪ੍ਰੇਮ ਸਤਿਗੁਰਾਂ ਨਾਲ ਵੇਖ ਆਏ ਹਨ; ਹੁਣ ਰਾਏ ਦੇ ਨਾਲ ਜਾ ਕੇ ਸਾਹਿਬਾਂ ਦੇ ਦਰਸ਼ਨ ਕਰ ਆਏ ਹਨ। ਹਾਂ, ਸਾਰੀਆਂ ਨੀਤੀਆਂ ਭੁਲਾ ਕੇ ਵਜ਼ੀਰ ਜੀ ਰਾਇ ਦੀ ਮਰਜ਼ੀ ਸਿਰੇ ਚਾੜ੍ਹ ਆਏ ਹਨ, ਕਵਿ ਜੀ ਬੀ ਲਿਖਦੇ ਹਨ :-

"ਨਿਜ ਪਰਧਾਨ ਸੰਗ ਕਹਿ ਸੁਨਿ ਕਰ।
ਹਮ ਚਢਿ ਆਨਹਿ ਪੁਰਿ ਨਿਜ, ਸਤਿਗੁਰ।"

ਜਿਸ ਤੋਂ ਵਿਦਤ ਹੈ ਕਿ ਰਾਇ ਨੇ ਵਜ਼ੀਰ ਨੂੰ ਮਗਰ ਲਾ ਲਿਆ ਸੀ। ਵਜ਼ੀਰ ਤੇ ਪ੍ਰਭਾਉ ਭੀ ਪੈ ਚੁਕਾ ਹੈ; ਪਰ ਜੀ ਦੇ ਜੀ ਵਿਚ ਨੀਤੀ ਫਣ ਖਿਲਾਰ ਖਲੋਂਦੀ ਹੈ ਕਿ ਪਹਾੜੀ ਰਾਜੇ ਤੇ ਸੂਬਾ ਗੁੱਸੇ ਹੋ ਗਏ, ਕੋਈ ਗੱਲ ਆ ਵਾਪਰੀ ਤਾਂ ਕੀਹ ਕਰਾਂਗੇ ? ਦੂਜੀ ਸੋਚ ਇਮਤ੍ਰੀ ਦੀ ਪੈਂਦੀ ਹੈ ਕਿ ਰਾਤ ਇਹ ਕਿੱਥੇ ਗਈ ਸੀ, ਅੱਜ ਇਸ ਦਾ ਪਿੱਛਾ ਕਰਾਂ। ਸੋ ਵਜ਼ੀਰ ਜਾਗਦਾ, ਪਰ ਦੜ ਵੱਟ ਕੇ ਪਿਆ ਰਿਹਾ।

ਤ੍ਰਿਪਹਿਰਾ ਵੱਜਾ, ਵਜ਼ੀਰ ਦੀ ਨਾਰੀ ਉੱਠੀ, ਪਤੀ ਨੂੰ ਡਿੱਠੋ ਸੁ, ਕੰਨ ਵਿਚ ਬੋਲੀ : "ਮਾਲਕ ਜੀ ਜਾਗਦੇ ਹੋ ?" ਪਰ ਮਾਲਕ ਜੀ ਜਾਗਦੇ ਸੁੱਤੇ ਪਏ ਸਨ। ਪਰਧਾਨਣੀ ਨੇ ਜਾਤਾ ਘੂਕ ਸੁੱਤਾ ਪਿਆ ਹੈ, ਸੋ ਗਈ ਨ੍ਹਾਉਣ ਵਾਲੇ ਥਾਂ, ਇਸ਼ਨਾਨ ਕੀਤਾ। ਵਜ਼ੀਰ ਨੇ ਸੂਹ ਰੱਖੀ। ਨ੍ਹਾ ਧੋ ਕੇ ਸਾਦੇ ਖੱਦਰ ਦੇ ਲਿਬਾਸ ਵਿਚ ਤਿਆਰ ਹੋ ਫਿਰ ਆਈ ਦੇਖਣ ਕਿ ਪਤੀ ਸੁੱਤਾ ਹੈ ਕਿ ਜਾਗ ਪਿਆ, ਪਰ ਸੁੱਤਾ ਸਹੀ ਕਰਕੇ ਉਹ ਪਿਛਲੇ ਰਸਤੇ ਗਈ, ਨਾਲ ਆਪਣੇ ਲੈ

1. ਚਰਨਾਂ ਨੂੰ। 2. ਪਾਵਣਾ ਕਰੋ, ਪਾਓ। 3. ਪਵਿੱਤ੍ਰ।

ਗਈ ਮਨ-ਪਿਆਰੀ ਗੋਲੀ ਤੇ ਸਖੀ ਨੂੰ, ਰਾਮੋ ਜਿਸ ਦਾ ਨਾਉਂ ਸੀ। ਬਾਹਰੋਂ ਬੂਹਾ ਮਾਰ ਰਾਮ ਨੇ ਕੁੰਜੀ ਖੀਸੇ ਪਾਈ, ਵਜ਼ੀਰ ਸਾਹਿਬ ਇਹ ਰੁਖ਼ ਤਾੜ ਕੇ ਸਿੱਧੇ ਰਸਸਿਤਓਂ ਆ ਕੇ ਇਕ ਘਰ ਦੇ ਪਰਛਾਵੇਂ ਹੇਠ ਲੁਕੇ ਖੜੇ ਸਨ ਕਿ ਜਿਥੋਂ ਦੀ ਦੋਵੇਂ ਲੰਘੀਆਂ। ਵਿੱਥ ਰੱਖ ਕੇ ਵਜ਼ੀਰ ਮਗਰੇ ਗਿਆ। ਕੀ ਦੇਖਦਾ ਹੈ ਕਿ ਵਜ਼ੀਰਾਣੀ 'ਆਸਾ ਦੀ ਵਾਰ ਜੀ ਦੇ ਘਰ' ਵਿਚ ਜਾ ਵੜੀ ਹੈ; ਸੋ ਮਗਰ ਹੀ ਚਾਦਰੇ ਦੀ ਬੁੱਕਲ ਮਾਰੀ ਮੂੰਹ ਨੂੰ ਕੁਛ ਕੁ ਛਪਾਏ ਵਜ਼ੀਰ ਜੀ ਅੱਪੜੇ। ਓਥੇ ਜਾ ਕੇ ਜਦ ਸਮਝਿਆ ਤਾਂ ਸੋਝੀ ਆਈ ਕਿ ਮਾਈ 'ਸੱਤ ਤਿਲੀ' ਤਾਂ ਮੇਰੀ ਹੀ ਘਰ ਵਾਲੀ ਹੈ। ਸਾਰੀ ਹਰਿਆਨੀ ਜੋ ਚੋਭਾਂ ਦੇਣ ਵਾਲੀ ਸੀ, ਉਹ ਤਾਂ ਪਰਧਾਨ ਜੀ ਦੀ ਦੂਰ ਹੋਈ, ਪਰ ਇਹ ਸੁਖਦਾਈ ਹੈਰਾਨੀ ਬਾਕੀ ਰਹੀ ਕਿ ਕਿਵੇਂ ਮੇਰੀ ਘਰ ਵਾਲੀ ਆਸਾ ਦੀ ਵਾਰ ਦੀ ਰਸੀਆ ਹੋਕੇ ਇੱਥੇ ਅੱਪੜੀ ਤੇ ਕਿੰਵ ਮੇਰੇ ਪਾਸੋਂ ਲੁਕਾ ਰਿਹਾ ? ਚਾਹੇ ਮੈਥੋਂ ਚੋਰੀ ਜਾਨ ਹੀਲੀ ਸੂ ਪਰ ਤ੍ਰੀਮਤ ਦੇ ਉੱਦਮ ਦੇ ਸਦਕੇ ! ਕੱਲ ਇਥੋਂ ਰੁਪੱਯੇ ਕੱਠੇ ਕਰਕੇ ਰਸਦ ਪੁਚਾਉਣ ਵਾਸਤੇ ਲੈ ਗਈ, ਮੈਨੂੰ ਕੁਛ ਪਤਾ ਨਹੀਂ ਕਿੰਵ ਇਸ ਨੇ ਇੱਡਾ ਔਖਾ ਕੰਮ ਸਿਰੇ ਚਾੜ੍ਹ ਲਿਆ ਹੋਣਾ ਹੈ। ਇਹ ਹਰਿਆਨੀ ਜਿਸ ਵਿਚ ਸਤਿਕਾਰ ਤੇ ਸਿਫ਼ਤ ਦਾ ਭਾਵ ਬੀ ਸੀ, ਵਜ਼ੀਰ ਦੀ ਦੂਰ ਨਹੀਂ ਸੀ ਹੁੰਦੀ। ਜਿਸ ਵੇਲੇ ਭੋਗ ਪਿਆ ਤਾਂ ਮਾਈ ਨੇ ਸੰਗਤ ਨੂੰ ਦੱਸਿਆ ਕਿ ਰਸਦ ਪਾਰ ਕੱਲ ਹੀ ਸਤਿਗੁਰਾਂ ਜੋਗ ਪੁੱਜ ਗਈ ਸੀ। ਇਸ ਵੇਲੇ ਇਕ ਸਿੰਘ ਨੇ ਦੱਸਿਆ ਕਿ ਮੈਂ ਪਾਰੋਂ ਰਾਤ ਆਇਆ ਹਾਂ ਕੁਛ ਕਾਰਜ ਕਰਨੇ ਨੂੰ, ਸਤਿਗੁਰੂ ਜੀ ਸੰਗਤ ਤੇ ਖ਼ੁਸ਼ੀ ਕਰਦੇ ਸਨ। ਇਸ ਸਿੰਘ ਦੀ ਗੱਲ ਬਾਤ ਤੋਂ ਸੰਗਤ ਨੂੰ ਥਹੁ ਪਿਆ ਕਿ ਜੋ ਰਸਦ ਪਾਰ ਪੁੱਜੀ ਹੈ ਲਗਪਗ ਪੰਜ ਹਜ਼ਾਰ ਰੁਪੈ ਦੀ ਸੀ। ਸੰਗਤ ਨੇ ਤਾਂ ਢਾਈ ਸੌ ਕੱਠਾ ਕੀਤਾ ਸੀ ਤੇ ਮੁਹਰਾਂ ਕੋਈ ਪੰਜ ਸਤ ਸੌ ਦੀਆਂ ਸਨ ਜੋ ਸੰਗਤ ਨੇ ਕਿਸੇ ਪ੍ਰੇਮੀ ਦਾ ਗੁਪਤਦਾਨ ਸਮਝਿਆ ਸੀ, ਪਰ ਪੰਜ ਹਜ਼ਾਰ ਕਿੱਥੋਂ ਆ ਗਿਆ? ਮਾਈ ਸੱਤ ਤਿਲੀ ਦਾ ਪ੍ਰੇਮ ਤੇ ਗੁੱਝਾ ਪ੍ਰੇਮ ਤਾਂ ਸਾਰੇ ਜਾਣਦੇ ਹੀ ਸਨ, ਪਰ ਅਜ ਥਹੁ ਪਿਆ ਕਿ ਮਾਈ ਪੈਸੇ ਵਾਲੀ ਹੈ ਤੇ ਸਤਿਗੁਰ ਜੀ ਤੋਂ ਸਾਰੀ ਸਦਕੇ ਹੈ। ਜਦ ਸੰਗਤ ਨੇ ਸ਼ਾਵਾਸ਼ੇ ਦਿੱਤੀ ਤਾਂ ਮਾਈ ਨੇ ਕਿਹਾ ਕਿ ਸਤਿਗੁਰ ਦੇ ਆਪਣੇ ਚੋਜ ਹਨ, ਦਾਸਾਂ ਨੂੰ ਵਡਿਆਉਂਦੇ ਹਨ, ਮਾਇਆ ਆਪ ਦੇਂਦੇ, ਆਪ ਲੈਂਦੇ ਹਨ, ਜੀਵ ਤਾਂ ਪੁਤਲੀਆਂ ਹਨ। ਪਰ ਵਜ਼ੀਰ ਸਾਹਿਬ ਦੀ ਹੋਰ ਹਰਿਆਨੀ ਵਧੀ ਕਿ ਮੇਰੇ ਘਰ ਵਿਚੋਂ ਇੰਨਾ ਦਾਨ ਬੀ ਹੋ ਜਾਂਦਾ ਹੈ ਤੇ ਮੈਨੂੰ ਪਤਾ ਨਹੀਂ ਪੈਂਦਾ। ਇਸ ਦਾ ਪ੍ਰੇਮ ਕਿੰਨਾਂ ਗੁਪਤ ਟੋਰੇ ਟੁਰਦਾ ਹੈ ਕਿ ਮੇਰੇ ਕੰਨ ਆਹਟ ਬੀ ਨਹੀਂ ਪਾਉਂਦੇ।

ਜਦੋਂ ਘਰ ਨੂੰ ਮੁੜੇ ਤਾਂ ਵਜ਼ੀਰ ਪਹਿਲੋਂ ਪਹੁੰਚਾ ਤੇ ਪਿਛਵਾਰਲੇ ਰਸਤੇ ਦੇ ਅੱਗੇ ਅੰਦਰੋਂ ਜਾ ਖਲੋਤਾ। ਜਦੋਂ ਸੱਤ ਤਿਲੀ ਅੰਦਰ ਵੜੀ ਤਾਂ ਵਜ਼ੀਰ ਬਨਾਵਟੀ ਗੁੱਸੇ ਦੀ ਤੀਉੜੀ ਭਰਕੇ ਬੋਲਿਆ :-

'ਦਿਨੇ ਡਰਨ ਬਿਲਾਈਆਂ ਤੋਂ ਤੇ ਰਾਤੀਂ ਨਦੀ ਤਰੰਨ' ਵਾਲੀਆਂ ਕਿਥੋਂ ਆਈਆਂ ਹਨ ?

ਵਜ਼ੀਰਨੀ ਠਿਠਕੀ, ਹਰਿਆਨ ਹੋਈ, ਪਰ ਘਬਰਾਈ ਤੇ ਡਰੀ ਨਹੀਂ।

ਵਜ਼ੀਰ-(ਕਰੜੀ ਅਵਾਜ਼ ਨਾਲ)-ਕਿਹੜੀਆਂ ਨਦੀਆਂ ਤਰਕੇ ਆਏ ਹੋ ?

ਸੱਤ ਤਿਲੀ-(ਸਿਰ ਨਿਵਾ ਕੇ ਹੱਥ ਜੋੜ ਕੇ)-ਬਿਖਮ ਨਦੀ, ਭਉਜਲ ਦੀ ਨਦੀ।

ਵਜ਼ੀਰ-ਬੁਝਾਰਤਾਂ ? ਹੈਂ ! ਪੀਰਾਂ ਨਾਲ ਪੰਜ ?

ਸੱਤ ਤਿਲੀ-'ਸੱਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ' ਸਚ ਜੀਓ ਜੀ ਸੱਚ ! ਮੈ ਸਤਿਸੰਗ ਵਿਚ ਗਈ ਸਾਂ। ਸਤਿਸੰਗ ਵਿਚੋਂ ਆਈ ਹਾਂ। ਭਉਜਲ ਤੋਂ ਤਰਨ ਵਾਸਤੇ ਜਾਂਦੀ ਹਾਂ।

ਵਜ਼ੀਰ-ਸਤਿਸੰਗ ਤੇ ਫਿਰ ਚੋਰੀ ਕਿਉਂ ?

ਸੱਤ ਤਿੱਲੀ-ਜੀਉ ਜੀ ! ਜੇ ਹੁਕਮ ਦਿਓ ਤਾਂ ਅੰਦਰ ਚੱਲ ਕੇ ਗਲ ਬਾਤ ਕਰੀਏ, ਨੌਕਰ ਚਾਕਰ ਕੋਈ ਆ ਨਾ ਜਾਵੇ।

ਵਜ਼ੀਰ-ਚੰਗਾ।

ਅੰਦਰ ਜਾਕੇ ਆਰਾਮ ਨਾਲ ਬਹਿ ਕੇ :-

ਸੱਤ:-ਚੋਰੀ ਕੋਈ ਨਹੀਂ ਸੀ, ਪਰ ਲੁਕਾ ਹੈਸੀ। ਤੁਸਾਡਾ ਰੁਖ਼ ਸਤਿਗੁਰ ਵੱਲ ਨਹੀਂ ਸੀ। ਮੈਨੂੰ ਮਰਦੀ ਨੂੰ ਜੀਉਣ-ਕਣੀ ਇਥੋਂ ਲੱਭੀ ਸੀ। ਪਿਆਸਾ ਜਿਵੇਂ ਪਾਣੀ ਨੂੰ ਉੱਠ ਦੌੜਦਾ ਹੈ, ਮੈਂ 'ਜੀਵਨ-ਜਲ' ਦੀ ਤਿਹਾਈ ਬੇਵਸੀ ਉੱਠ ਨੱਠੀ ਜੋ ਪੀਵਾਂ ਤੇ ਠੰਢੀ ਥੀਵਾਂ। ਮੇਰੇ ਇਸ ਸਤਿਸੰਗ ਵਿਚ ਝੂਠ ਦੀ ਥਾਉਂ ਨਹੀਂ। ਸੱਚ ਇਹੋ ਹੈ, ਮਾਰੋ ਚਾਹੇ ਰੱਖੋ, ਦੰਡੋ ਚਾਹੇ ਭੰਡੋ, ਬਖਸ਼ੋ

ਚਾਹੇ ਵਡਿਆਵੋ, ਸੱਚ ਇਹੋ ਹੈ।

ਸੱਚ ਤੇ ਸਰਲਤਾ ਨਾਲ ਨਿਰਭੈਤਾ ਪਰ ਅਦਬ ਦੇਖਕੇ ਵਜ਼ੀਰ ਅਚਰਜ ਹੋ ਰਿਹਾ ਸੀ। ਸੋਚੇ 'ਰਾਇ' ਤੇ ਬਾਣੀ ਦਾ ਅਮਰ ਪਿਆ ਤਾਂ ਨਿਰਭੈਤਾ ਵਿਚ ਹੈ ਤੇ ਸੱਚ ਤੇ ਖੜਾ ਹੈ ਤੇ ਉਸ ਵਿਚ ਉਹ ਸਾਹਸ ਤੇ ਜਾਨ ਭਰ ਆਈ ਹੈ ਜੋ ਵਡੇ ਰਾਜਿਆਂ ਵਿਚ ਨਹੀਂ ਹੈ। ਇਹ ਮੇਰੀ ਇਸਤ੍ਰੀ ਅਬਲਾ, ਕੰਧਾਂ ਕੋਠਿਆਂ ਵਿਚ ਜੰਮੀ ਪਲੀ, ਕੱਖ ਹਿੱਲੇ ਤਾਂ ਡਰੇ, ਖੰਭ ਉੱਡਦਾ ਆ ਢਵੇ ਤਾਂ ਤ੍ਰਬ੍ਰਕੇ, ਇਹ ਬੀ ਨਿਰਭੈ ਹੈ, ਸਚਜਾਰ ਹੈ, ਫੇਰ ਪਿਆਰ ਤੇ ਅਦਬ ਵਿਚ ਹੈ, ਚਾਤੁਰ ਤੇ ਸਾਹਸੀ ਬੀ ਹੈ, ਕਿਵੇਂ ਪੰਜ ਹਜ਼ਾਰ ਦੀ ਰਸਦ ਪੁਚਾਈ ਸੂ ? ਇਨ੍ਹਾਂ ਸੋਚਾਂ ਨੇ ਜੋ ਸਿਫ਼ਤ ਦਾ ਭਾਵ ਅੰਦਰ ਭਰਿਆ ਵਜ਼ੀਰ ਤੋਂ ਬਨਾਵਟੀ ਕ੍ਰੋਧ ਦਾ ਅਸਰ ਹਟ ਗਿਆ। ਹਾਂ, ਵਜ਼ੀਰ ਨੀਤੀ ਦਾ ਪੁੰਜ ਦੋ ਕੁ ਦਿਨ ਆਸਾ ਦੀ ਵਾਰ ਸੁਣ ਕੇ ਆਸਾ ਦੀ ਵਾਰ ਦੇ ਅਸਰ ਹੇਠ ਆ ਗਿਆ ਸੀ, ਸਿੱਧਾ ਸਾਫ਼ ਪ੍ਰਸ਼ਨ ਉਸ ਦੇ ਮੂੰਹੋਂ ਨਿਕਲ ਗਿਆ :-

ਇਹ ਰਸਦ ਕਿਸ ਖਰੀਦੀ, ਕਿਸ ਲੱਦੀ, ਕਿਸ ਖੇੜੇ ਚਾੜ੍ਹੀ, ਕਿਨ੍ਹ ਉਤਾਰੀ, ਕਿਨ੍ਹ ਲੰਗਰ ਪੁਚਾਈ ? ਸੱਤ ਤਿਲੀ ਤਾਂ ਤ੍ਰੀਮਤ ਜਾਤ ਸੀ ?

ਸੱਤ :- ਸ਼ੁਕਰ, ਸ਼ੁਕਰ; ਸ਼ੁਕਰ !

ਵਜ਼ੀਰ(ਹਰਿਆਨਕੇ)-ਸ਼ੁਕਰ ਦਾ ਕੀ ਮੁਕਾਮ ਹੈ ?

ਸੱਤ:-ਤੁਸੀਂ ਬੀ ਆਸਾ ਜੀ ਦੀ ਵਾਰ ਦੇ ਵਸ ਰਹੇ ਪਰਮ ਮੇਘਾਂ ਹੇਠ ਹੋ ਆਏ ਹੋ, ਸ਼ੁਕਰ।

ਵਜ਼ੀਰ-ਕਿਵੇਂ ?

ਸੱਤ:-ਭਾਵੇਂ ਮੇਰਾ ਪਿੱਛਾ ਕਰਨ ਹੀ ਗਏ ਹੋਵੇ, ਭਾਵੇਂ ਸਤਿਗੁਰ ਮਿਹਰਾਂ ਦੇ ਮਾਂਈਂ ਪ੍ਰੇਰ ਕੇ ਲੈ ਗਏ ਹੋਣ, ਤੁਹਾਡਾ ਫੇਰਾ ਸਤਿਸੰਗਤ ਵਿਚ ਪਿਆ ਹੈ ਜ਼ਰੂਰ; ਤਾਹੀਓਂ ਤੁਹਾਨੂੰ ਰਸਦ ਰਸਾਨੀ ਦਾ, ਪੰਜ ਹਜ਼ਾਰ ਦਾ, ਸੱਤ ਤਿਲੀ ਨਾਮ ਦਾ ਪਤਾ ਪਿਆ ਹੈ। ਗਏ ਹੋ ਨਾ ਮੇਰੀ ਦੇਵਾਰਾਣੀ ਸਟਸ ਭੁਜੀ ਦੇਵੀ 'ਆਸਾ ਦੀ ਵਾਰ' ਦੇ ਮੰਦਰ ਵਿਚ ? ਪਰਸ ਆਏ ਹੋ ਨ ਅੰਮ੍ਰਿਤ ਦਾਤੀ ਮਾਤਾ ਦੇ ਭੌਣ ? ਇਸ ਗੱਲ ਦਾ ਸ਼ੁਕਰ ਹੈ। ਮੇਰੇ ਮਾਲਕ ਜੀ ! ਸਾਂਈਂ ਤਾਰੇ ਨੇ, ਉਹ ਸੁਭਾਗ ਹੈ ਜਿਸ ਸਤਿਸੰਗ ਵਿਚ ਫੇਰਾ ਪਾਇਆ ਉਹ ਚਰਨ ਪੁਨੀਤ ਹਨ ਜੋ ਆਸਾ ਦੀ ਵਾਰ ਦਾ ਦੁਆਰ ਪਰਸ ਆਏ, ਧੰਨ ਹੈ ਪ੍ਰੇਰਨ ਵਾਲਾ ਦਾਤਾ।

ਵਜ਼ੀਰ(ਹੁਣ ਹੋਰ ਪਰਦਾ ਤੇ ਨੀਤੀ ਭੁਲਾ ਕੇ)- ਮੈਂ ਤਾਂ ਸਾਹਿਬਾਂ ਦੇ ਦਰ ਤੋਂ ਬੀ ਹੋ ਆਇਆ ਹਾਂ ਤੇ ਨੇਉਤਾ ਬੀ ਦੇ ਆਇਆ ਹਾਂ, 'ਆਓ, ਸਾਡੇ ਨੱਗਰ ਆ ਵੱਸੋ'।

ਸੱਤ:-ਧੰਨ ਮੇਰੀ ਮੱਯਾ ਰਾਣੀ, ਧੰਨ ਮੇਰੀ ਅੰਮ੍ਰਿਤ ਮਾਤਾ, ਧੰਨ ਮੇਰੀ ਲਾਡ ਲਡਿਆਉਣ ਵਾਲੀ ਰਾਣੀ ਅੰਮਾਂ-ਆਸਾ ਦੀ ਵਾਰ, ਮੇਰੀਆਂ ਸੱਭੇ ਮੁਰਾਦਾਂ ਬਰ ਆਈਆਂ।

ਵਜ਼ੀਰ-ਕਿਵੇਂ ?

ਸੱਤ:-ਮੇਰੀ ਸਿੱਕ ਸੀ ਕਿ ਕਿਵੇਂ ਇਸ ਅੰਮ੍ਰਿਤ ਕੁੰਡ ਤੋਂ ਤੁਸੀਂ ਬੀ ਅੰਮ੍ਰਿਤ ਪੀਓ। ਸਿਕੰਦਰ ਆਖਦੇ ਹਨ ਗਿਆ ਨੇੜੇ ਅੰਮ੍ਰਿਤ ਦੇ, ਪਰ ਹਨੇਰੇ ਕਰਕੇ ਖਾਲੀ ਮੁੜਿਆ, ਮੈਂ ਆਖਾਂ : ਹਾਇ ! ਮੇਰੀ ਊਣਤਾ, ਮੈਂ ਪੀਂਦੀ ਹਾਂ ਤੇ ਆਪਣੇ ਮਾਲਕ ਜੀ ਨੂੰ ਪਿਲਾਉਣੋਂ ਅਸਮਰੱਥ ਹਾਂ, ਮੈਂ ਪੀਂਦੀ ਜਾਸਾਂ ਤੇ ਉਹ ਪਿਆਸੇ, ਪਰ ਤੁਹਾਡੇ ਨੀਤੀ ਵਾਲੇ ਉੱਚ ਦਿਮਾਗ ਅੱਗੇ ਮੈਂ ਮੂਰਖ ਆਪਣੇ ਹਨੇਰੇ ਕਰਕੇ ਕੋਈ ਰਾਹ ਨਹੀਂ ਸਾਂ ਲੱਭ ਸਕਦੀ। ਧੰਨ ਮੇਰੀ 'ਆਸਾ ਦੀ ਵਾਰ' ਜਿਨ ਸੱਭੇ ਮੁਰਾਦਾਂ ਪੁਗਾ ਦਿੱਤੀਆਂ।

ਵਜ਼ੀਰ(ਮੁਸਕ੍ਰਾ ਕੇ)-ਅਸਚਰਜ ਹੈ ! ਮੇਰੇ ਮਾਲਕ ਨੂੰ ਬੀ ਸਤਿਸੰਗ ਦੀ ਸੋਝੀ ਤੇ ਸਾਹਿਬਾਂ ਦੀ ਕਦਰ ਪੈ ਗਈ, ਓਸ ਮੈਨੂੰ ਆਸਾ ਦੀ ਵਾਰ ਦੀ ਪੋਥੀ ਦਿੱਤੀ, ਮੇਰੀ ਇਸਤ੍ਰੀ, ਮੈਨੂੰ ਮਾਲਕ ਸਮਝਣ ਵਾਲੀ ਨੂੰ ਭੀ ਸੋਝੀ ਪੈ ਗਈ ਤੇ ਮੈਂ ਵਿਚਕਾਰ-ਦੁੱਵਲੀ ਵਗ ਰਹੀ ਨਦੀ ਵਿਚਕਾਰ-ਬਰੇਤੇ ਵਾਂਙੂ-ਸੁੱਕੇ ਦਾ ਸੁੱਕਾ ! ਹਾ ! ਬਿਧਨਾਂ ਤੇਰੇ ਕੌਤਕ ਬੀ ਅਸਚਰਜ ਹਨ।

ਸੱਤ:-ਸਦਕੇ ! ਹਾਂ, ਖੀਰ ਭਵਾਨੀ ਹੈ ਨਾਂ ਲੋਕਾਂ ਦੀ ਦੇਵੀ, ਮੇਰੀ ਦੇਵੀ ਏਹ 'ਅੰਮ੍ਰਿਤ ਭਵਾਨੀ' ਹੈ- ਇਹ ਆਸਾ ਦੀ ਵਾਰ। ਓਸ, ਕਿਵੇਂ ਸਹੀ, ਤੁਹਾਨੂੰ ਆਪਣੇ ਦਰਬਾਰ ਖਿੱਚ ਹੀ ਲਿਆ ਨਾ, ਜਿਵੇਂ ਓਸ ਰਾਜਾ ਨੂੰ ਚਾਟ ਲਾਈ, ਜਿਵੇਂ ਮੈਨੂੰ ਖਿੱਚਿਆ ਤਿਵੇਂ ਹੇ ਮਾਲਕ ਜੀ ! ਆਪ ਨੂੰ ਬੀ ਉਸ ਨੇ ਧੂਹ ਲਿਆ, ਉਸ 'ਮਯਾ ਰਾਣੀ' ਦੇ ਰਾਹ ਨਿਆਰੇ ਹਨ।

ਵਜ਼ੀਰ-ਮੈਂ ਅਸਚਰਜ ਹਾਂ ਕਿ ਬਚਪਨ ਤੋਂ ਠਾਕੁਰ ਪੂਜਾ, ਦਾਜ ਵਿਚ ਠਾਕੁਰਾਂ ਦਾ ਡੱਬਾ ਨਾਲ ਲਿਆਈ, ਤ੍ਰੈ ਘੜਿਆਲ ਰੋਜ਼ ਦੀ ਪੂਜਾ ! ਹੈਂ, ਫੇਰ ਤੂੰ ਕਿਵੇਂ

ਇਸ ਪਾਸੇ ਚਲੀ ਗਈ ?

ਸੱਤ :- ਪਤਾ ਨਹੀਂ, ਜੀਉਂਦਾ ਠਾਕੁਰ ਮਿਲ ਪਿਆ ਹੈ, ਉਹੋ ਲੈ ਗਿਆ ਹੋਊ। ਪਰ ਪਤੀ ਜੀ ! ਕੀਹ ਜਾਣੀਏਂ ਓਹੋ ਪੂਜਾ-ਮੇਰੇ ਦਿਲੋਂ ਤਾਂ ਭਾਵਨਾ ਹੀ ਸੀ ਨਾ-ਪੁੱਕਰੀ ਹੋਵੇ, ਹੈਂ, ਕੀ ਜਾਣੀਏ ਉਸ ਮੇਰਾ ਮਨ ਨਿਰਮਲ ਕੀਤਾ ਹੋਵੇ ਤੇ ਇਸ ਜਾਗਦੀ ਜੋਤਿ, ਸੰਗੀਤ ਬਾਹਿਨੀ ਦੇਵੀ ਆਸਾ ਪੂਰਕ ਆਸਾ ਵੰਤੀਆਂ ਦੀ, ਹਾਂ ਇਸ ਆਸਾ ਦੀ ਵਾਰ ਨੇ ਮੈਨੂੰ ਆਪਣੀ ਛਾਵੇਂ ਤਾਹੀਓਂ ਖਿੱਚ ਲਿਆ ਹੋਵੇ।

ਵਜ਼ੀਰ-ਕਿਵ ਮੁੱਢ ਲੱਗਾ ?

ਸੱਤ:-ਇਕ ਦਿਨ ਮੈਨੂੰ ਮੌਤ ਦਾ ਡਰ ਆਇਆ ਤਾਂ ਮੈਂ ਅਸਚਰਜ ਹੋਈ ਕਿ ਐਨਾਂ ਚਿਰ ਮੈਂ ਠਾਕੁਰ ਸੇਵੇ ਤੇ ਅਜੇ ਮੌਤ ਦਾ ਭੈ ਨਹੀਂ ਮਗਰੋਂ ਲੱਥਾ। ਇਨ੍ਹਾਂ ਵਹਿਮਾਂ ਵਿਚ ਮੈਂ ਸੌਂ ਗਈ, ਕੋਈ ਪਹਿਰ ਰਾਤ ਰਹੀ ਤਾਂ ਤੜਫ ਕੇ ਜਾਗ ਖੁਲ੍ਹ ਗਈ ਤਾਂ ਉਹੋ ਵਹਿਣ ਸੀ। ਉਸ ਵੇਲੇ ਕੰਨੀਂ ਅਵਾਜ਼ ਪਈ ਇਸ ਆਸਾ ਦੀ ਵਾਰ ਦੀ, ਸਮਝ ਤਾਂ ਕੁਝ ਨਾ ਪਵੇ, ਪਰ ਸੁਆਦ ਆਵੇ ਤੇ ਘਬਰਾ ਦੂਰ ਹੋਵੇ। ਫੇਰ ਰਾਮੋ ਨੂੰ ਕਹਿਕੇ ਸਾਰੇ ਭੇਤ ਕੱਢੇ। ਰੋਜ਼ ਮੈਂ ਸਵੇਰੇ ਉੱਠ ਕੇ ਧੁਨਿ ਸੁਣਿਆਂ ਕਰਾਂ, ਪਰ ਦਿਨੋਂ ਦਿਨ ਸਿੱਕ ਵਧੇ ਕਿ ਕਦੇ ਵਿਚ ਜਾ ਕੇ ਸੁਣਾਂ ਬੀ, ਸਮਝਾਂ ਬੀ ਤੇ ਰਸ ਬੀ ਲਵਾਂ। ਤੁਸਾਨੂੰ ਜੀ ਉੱਮਲੇ ਗਲ ਕਰਨ ਨੂੰ, ਪਰ ਡਰ ਆਵੇ ਕਿ ਮਤੇ ਗੁੱਸੇ ਹੋਵੇ। ਜਦੋਂ ਇਕੇਰਾਂ ਤੁਸੀਂ ਬਾਹਰ ਚਲੇ ਗਏ ਤਾਂ ਮੈਂ ਰਾਮੋ ਨੂੰ ਨਾਲ ਲੈਕੇ ਪਹਿਲੀ ਵੇਰ ਪਿਛਲੇ ਰਸਤਿਓਂ ਗਈ ਤੇ ਭੋਗ ਤੋਂ ਪਹਿਲਾਂ ਹਨੇਰੇ ਹਨੇਰੇ ਮੁੜ ਆਈ। ਬੱਸ ਉਸ ਦਿਨ ਤੋਂ ਸੋਝੀ ਬੀ ਆਈ ਤੇ ਸੁਆਦ ਬੀ ਪੈ ਗਿਆ, ਠਾਕੁਰ ਆਪੇ ਹੀ ਪੱਥਰ ਦਿੱਸਣ ਲੱਗ ਪਏ। ਗੁੱਸੇ ਨਾ ਹੋਵਿਓ ਮਾਲਕ ਜੀਓ ! ਮੈਂ ਸੱਚ ਪਈ ਆਖਦੀ ਹਾਂ, ਠਾਕੁਰਾਂ ਦੀ ਬੇ-ਅਦਬੀ ਨਹੀਂ ਕਰਦੀ। ਦੇਖੋ ਨਾ ! ਨਾਮਦੇਵ ਜੀ ਤੇ ਧੰਨਾਂ ਜੀ ਵਡੇ ਠਾਕੁਰ ਭਗਤ ਹੋਏ ਹਨ ਨਾ, ਪਰ ਜਦੋਂ ਸੋਝੀ ਹੋ ਆਈ ਤਾਂ ਉਨ੍ਹਾਂ ਨੇ ਬੀ ਠਾਕੁਰਾਂ ਨੂੰ ਫੇਰ ਪੱਥਰ ਆਖਿਆ ਏ ਤੇ ਕਬੀਰ ਜੀ ਨੇ ਤਾਂ ਕਿਹਾ ਏ: "ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੇ ਸਭੁ ਸੰਸਾਰ॥ ਇਸ ਭਰਵਾਸੇ ਜੋ ਰਹੇ ਬੂਡੇ ਕਾਲੀਧਾਰ॥"੧੩੬॥ ਸੋ ਜੇ ਮੇਰੇ ਮੂੰਹੋਂ ਪੱਥਰ ਨਿਕਲਿਆ ਹੈ ਤਾਂ ਖਿਮਾਂ ਕਰਨੀ, ਮੇਰੇ ਵੱਸ ਨਹੀਂ, ਮੈਂ ਸੱਚ ਆਖਿਆ ਏ। ਮੈਂ ਹੀ ਪੂਜਦੀ ਸਾਂ, ਮੰਨਦੀ ਸਾਂ, ਪਰ ਹੁਣ ਠਾਕੁਰ ਆਪਣੇ ਅੰਦਰ ਅੰਗ ਸੰਗ ਭਾਸਦਾ ਹੈ। ਸੋ ਜੀਓ ! ਏਸ ਤਰ੍ਹਾਂ ਮੈਂ ਰਸ ਬੱਧੀ ਜਾਣ ਲਗ ਪਈ। ਮੈਂ ਚੋਰੀ ਨਹੀਂ ਕੀਤੀ, ਡਰਦੀ ਸਾਂ ਕਿ ਮਤੇ ਤੁਸੀਂ ਦੁਨੀਆਂ ਦੀ ਇੱਜ਼ਤ ਨੂੰ ਕਿ ਕਿਸੇ ਨੀਤੀ ਦੀ ਵੀਚਾਰ ਨੂੰ ਸੋਚ ਕੇ ਰੋਕ ਨਾ ਕਰੋ ਤੇ ਹੁਕਮ ਮੈਂ ਮੋੜ ਨਹੀਂ ਸਕਣਾ, ਤੇ ਬਿਨਾ ਗਏ ਮੈਂ ਜੀ ਨਹੀਂ ਸਕਣਾ। ਸੋ ਹੁਣ ਭੁੱਲ ਮੇਰੀ ਬਖਸ਼ ਦਿਓ ਤੇ ਅਪਣੀ ਭਲਿਆਈ ਦੇ ਸਦਕੇ ਮੇਰੀ ਨਿਬਾਹ ਦਿਓ। ਮੇਰੇ ਵੱਸ ਨਹੀਂ, ਮੈਨੂੰ ਅਜੀਮੀ ਧੂਹ ਹੈ ਇਸ ਸਤਿਸੰਗ ਨਾਲ।

ਵਜ਼ੀਰ ਆਪਣੀ ਇਸਤ੍ਰੀ ਦੀ ਸਾਦਗੀ ਤੇ ਸੱਚ ਦੀ ਕਦਰ ਕਰ ਰਿਹਾ ਤੇ ਕੁਛ ਦਰੱਵ ਰਿਹਾ ਸੀ, "ਪਵਿਤ੍ਰਾਤਮਾਂ ਰੂਹਾਂ ਹੋਣ ਤਾਂ ਐਸੀਆਂ, ਮੈਂ ਕਿੰਨੇ ਵਲ ਤੇ ਉਤਾਰ ਚੜ੍ਹਾ ਜਾਣਦਾ ਹਾਂ, ਨਾ ਜਾਣਾ ਤਾਂ ਰਾਜ ਕੀਕੂੰ ਨਿਭੇ ? ਪਰ ਮੇਰੇ ਹੀ ਘਰ ਕੈਸੀ ਸਾਫ ਦਿਲ ਜ਼ਨਾਨੀ ਹੈ ਜੋ ਵਲ ਫਰੇਬ ਜਾਣਦੀ ਹੀ ਨਹੀਂ, ਪਰ ਜਿਸ ਦੀ ਸਾਦਗੀ ਅਗੇ ਮੇਰੀ ਅਕਲ ਖੁੰਢੀ ਹੋ ਰਹੀ ਹੈ। ਸੱਚ ਮੁੱਚ ਭਉਜਲ ਵਿਚੋਂ ਏਹੋ ਜਿਹੇ ਲੋਕ ਤਰਨਗੇ।" ਪਰ ਵਜ਼ੀਰ ਨੇ ਆਪਣੇ ਇਨ੍ਹਾਂ ਕੋਮਲ ਭਾਵਾਂ ਨੂੰ ਰੋਕਿਆ ਤੇ ਜ਼ਰਾ ਮੁਸਕ੍ਰਾਹਟ ਜਿਹੀ ਵਿਚ ਆਕੇ ਪੁੱਛਿਆ-ਇਹ ਕੰਮ ਤਾਂ ਸਾਦਗੀ ਤੇ ਭਗਤੀ ਭਾਵਨਾਂ ਦੇ ਸਨ, ਪਰ ਜੰਗ ਮਚੇ ਵਿਚ ਰਸਦ ਪੁਚਾ ਦੇਣਾ ਤੇ ਮੈਨੂੰ ਕਿ ਸੰਗਤ ਨੂੰ ਨਾ ਪਤਾ ਲਗਣ ਦੇਣਾ-ਕਿ ਕੌਣ ਹੈ ਏ ਕੌਤਕਹਾਰ-ਇਹ ਤ੍ਰਿਯਾ ਚਰਿੱਤ੍ਰ ਕਿੱਥੋਂ ਸਿੱਖਿਆ ?

ਸੱਤ:-ਤ੍ਰੀਮਤ ਦੇ ਸੱਤ ਔਗੁਣ ਕਿ ਨੌ ਔਗੁਣ ਸ਼ਾਸਤ੍ਰਾਂ ਨੇ ਗਿਣੇ ਹਨ, ਮੈਂ ਉਹਨਾਂ ਤੋਂ ਖਾਲੀ ਕੀਕੂੰ ਕਹਾ ਸਕਦੀ ਹਾਂ ? ਪਰ ਮਾਲਕ ਜੀਓ ! ਤੁਸਾਡੇ ਚਰਨ ਮੇਰੇ ਸਾਹਮਣੇ ਹਨ ਇਹ ਚਰਨ ਪਾਦਕਾਂ ਹਨ ਪਤਿੱਬ੍ਰਤਾ ਇਸਤ੍ਰੀ ਵਾਸਤੇ, ਮੈਂ ਸੱਚ ਆਖਦੀ ਹਾਂ, ਮੈਂ ਕੋਈ ਚਲਿੱਤ੍ਰ ਨਹੀਂ ਕੀਤਾ। ਰਾਮੋ ਦਾ ਭਰਾ ਸ਼ਹਿਰ ਵਿਚ ਹਟਵਾਣੀਏਂ ਦੀ ਵੱਡੀ ਹੱਟੀ ਕਰਦਾ ਹੈ, ਉਸ ਨੂੰ ਰਾਮੋ ਨੇ ਕਿਹਾ ਹੈ ਇਸ ਤਰ੍ਹਾਂ ਰਸਦ ਪੁਚਾਣੀ ਏ, ਪਰ ਤੂੰਹੋਂ ਖਰੀਦ, ਤੂੰਹੋਂ ਪੁਚਾ, ਤੈਨੂੰ ਰੁਪਏ ਮਿਲ ਜਾਣਗੇ, ਸੋ ਰੁਪੱਯਾ ਤੈਨੂੰ ਇਸ ਕੰਮ ਬਦਲੇ ਵੱਖ ਖੇਚਲ ਵਜੋਂ ਮਿਲੇਗਾ, ਪਰ ਤੂੰ ਦੋ ਗੱਲਾਂ ਕਰਨੀਆਂ ਹਨ-ਇਕ ਤਾਂ ਮੈਨੂੰ ਨਾ ਪੁੱਛੀਂ ਕਿ ਕੌਣ ਹੈ ਭਿਜਵਾਉਣ

ਵਾਲਾ, ਤੇ ਕਿਸੇ ਨੂੰ ਤੂੰ ਨਾ ਦੱਸੀਂ ਕਿ ਕਿਨ੍ਹ ਭਿਜਵਾਯਾ ਹੈ। ਪਾਰ ਗਿਆਂ ਸਤਿਗੁਰ ਪੁੱਛਣ ਤਾਂ ਦੱਸਣਾ ਕਿ ਬਿਸਾਲੀ ਦੀ ਸੰਗਤ ਨੇ ਭੇਟਾ ਕੀਤੀ ਹੈ ਇਹ ਰਸਦ! ਸੋ ਇਹ ਸਾਰਾ ਕੁਛ ਸੱਚ ਸੀ, ਕਿਉਂ ਪਤੀ ਜੀ ? ਉਹ ਆਦਮੀ ਬੀਬਾ ਹੈ, ਸਵੇਰੇ ਵਾਰ ਸੁਣਦਾ ਹੈ, ਉਸਨੂੰ ਪਤਾ ਸੀ ਕਿ ਸੰਗਤ ਨੇ ਉੱਦਮ ਕੀਤਾ ਹੈ, ਪਰ ਉਸ ਨੂੰ ਇਹ ਪਤਾ ਨਹੀਂ ਲੱਗਾ ਕਿ ਸੱਤ ਤਿਲੀ ਮਾਈ ਨੇ ਪੰਜ ਹਜ਼ਾਰ ਕੀਕੂੰ ਬਣਾ ਲਿਆ ਹੈ ਤੇ ਮੇਰੀ ਭੈਣ ਨੂੰ ਸੱਤ ਤਿਲੀ ਕਿਥੇ ਮਿਲੀ ਹੈ, ਤੇ ਸੱਤ ਤਿਲੀ ਕੌਣ ਹੈ ? ਜੇ ਇਹ ਆਦਮੀ ਖੋਟਾ ਹੁੰਦਾ ਤਾਂ ਬੜਾ ਔਖ ਸੀ, ਪਰ ਉਹ ਤਾਂ ਮੇਰੀ ਦੇਵਾਰਾਣੀ ਆਸਾ ਦੀ ਵਾਰ ਦਾ ਲਾਡਲਾ ਹੈ; ਉਹ ਤਾਂ ਖਰਾ ਹੋ ਚੁੱਕਾ ਮਨੁੱਖ ਹੈ। ਦੇਖੋ ਮਾਲਕ ਜੀ ! ਉਸ ਨੂੰ ਜੋ ਰੁਪੱਯਾ ਖੇਚਲ ਵਜੋਂ ਦੇਣਾ ਕਿਹਾ ਸੀ ਉਸ ਨੇ ਨਹੀਂ ਲਿਆ, ਆਖਣ ਲੱਗਾ: 'ਵਾਹਿਗੁਰੂ' ਤਾਂ-'ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ'- ਹੈ, ਤੇ ਉਹ ਮੈਨੂੰ ਦੇ ਰਿਹਾ ਹੈ, ਫੇਰ ਮੈਂ ਉਸ ਦਾ ਰਾਹ ਦੱਸਣ ਵਾਲੇ, ਉਸ ਦੇ ਪਿਆਰ ਦੀ ਛੁਹ ਲਾ ਕੇ ਜਿਵਾ ਦੇਣ ਵਾਲੇ ਸਤਿਗੁਰ ਦੀ ਸੇਵਾ ਦਾ ਮੁੱਲ ਲਵਾਂ ? ਹੈਂ ! 'ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ।। ਜਿਨਿ ਕਰਿ ਉਪਦੇਸੁ ਗਿਆਨ ਅੰਜਨ ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ।।' ਉਸ ਸਤਿਗੁਰ ਦੀ ਸੇਵਾ ਦਾ ਮੁਲ ਪਾਵਾਂ ?" ਐਉਂ ਆਸਾ ਦੀ ਵਾਰ ਸੁਣਨ ਦੇ ਨੇਮੀ ਪ੍ਰੇਮੀ ਨੇ ਓਹ ਘਾਲ ਸਿਰੇ ਚਾੜ੍ਹ ਦਿੱਤੀ। ਨਾਲੇ ਤੁਸਾਨੂੰ ਸ਼ੈਤ ਪਤਾ ਨਹੀਂ ਕਿ ਮੁਹਾਣੇ[1] ਲੋਕ ਪੀਰਾਂ ਫਕੀਰਾਂ ਤੋਂ ਸਦਾ ਡਰਦੇ ਹਨ, ਉਹਨਾਂ ਨੂੰ ਸਤਿਗੁਰ ਦੀ ਸੇਵਾ ਸੁਣਕੇ ਚਾਉ ਚੜ੍ਹ ਗਿਆ ਤੇ ਹਸੂੰ ਹਸੂੰ ਕਰਦੇ ਹਨੇਰੇ ਪਏ ਤੇ ਸਾਰਾ ਮਾਲ ਲੱਦਕੇ ਪਾਰ ਲੈ ਗਏ। ਉਂਵ ਹਨੇਰੇ ਪਏ ਬੇੜੀ ਨਹੀਂ ਟੋਰਦੇ। ਫੇਰ ਦੇਖੋ ਸਾਂਈਂ ਜੀਉ! ਅਲੋਕਾਰ! ਉਹਨਾਂ ਬੀ ਮਜੂਰੀ ਨਹੀਂ ਲੀਤੀ, ਆਖਣ ਲਗੇ-ਉਹ ਰੱਬ ਦੀ ਜੋਤਿ ਹੈ, ਸਾਨੂੰ ਸਦਾ ਪਾਲਦਾ ਹੈ, ਔਖੀ ਵੇਲੇ ਅਸੀਂ ਉਹਨਾਂ ਦੇ ਕੰਮ ਲਈ ਓਪਰਿਆਂ ਵਾਂਗੂ ਮਜੂਰੀਆਂ ਖਰੀਆਂ ਕਰੀਏ ? ਲਓ ਜੀ ਜਿਨ੍ਹਾਂ ਦੇ ਸਿਰ ਤੇ ਰਬ ਹੋਵੇ, ਨਹੀਂ, ਉਹ ਤਾਂ ਆਪ ਠਾਕੁਰ ਹੋਏ, ਉਨ੍ਹਾਂ ਤੋਂ ਕੌਣ ਮਜੂਰੀ ਲਵੇ ? ਤੁਸਾਂ ਨੂੰ ਦੇਤੇ ਹੋਊ ਕਿ ਮਲਾਹ (ਕੇਵਟ) ਨੇ ਸ੍ਰੀ ਰਾਮ ਚੰਦ੍ਰ ਤੋਂ ਬੇੜੀ ਦਾ ਮਸੂਲ ਨਹੀਂ ਸੀ ਲਿਆ। ਆਖਣ ਲੱਗਾ-ਤੂੰ ਬੀ ਕਿਸੇ ਥਾਂ ਦਾ ਮਲਾਹ ਹੈਵੇਂ, ਜਦੋਂ ਮੈਂ ਤੇਰੇ ਪੱਤਣ ਆਵਾਂਗਾ ਬਿਨਾਂ ਮਜੂਰੀਓਂ ਮੈਨੂੰ ਬੀ ਤੂੰ ਪਾਰ ਲੰਘਾ ਦੇਈਂ, ਇਕੋ ਕਮਾਮ ਦੇ ਜੁ ਹੋਏ-ਸੋਈਓ ਗਲ ਇਨ੍ਹਾਂ ਭਲਿਆਂ ਲੋਕਾਂ ਨੇ ਕੀਤੀ, ਓਹ ਸੁਣੀ ਸੀ ਇਹ ਪਰਤੱਖ ਵੇਖੀ ਜੇ। ਲਓ ਮੇਰੇ ਮਾਲਕ ਜੀ ! ਮੈਂ ਆਪਣੇ ਜਾਣੇ ਤਾਂ ਸਿੱਧੀ ਸਰਲ ਸੱਚ ਨਾਲ ਸੇਵਾ ਕੀਤੀ ਹੈ, ਤੇ ਜੇ ਕੋਈ ਚਲਿੱਤ੍ਰ ਅਨਜਾਣੇ ਹੋ ਗਿਆ ਹੈ ਤਾਂ ਤੁਸਾਂ ਲੜ ਲਾਈ ਦੀ ਲਾਜ ਨਿਬਾਹ ਦੇਣੀ ਹੈ ਤੇ ਬਖਸ਼ ਲੈਣਾ, ਭੁੱਲਣਹਾਰ ਹੈ ਜੀਵ। (ਅੱਥਰੂ ਭਰ ਆਏ)।

ਵਜ਼ੀਰ ਦਾ ਇਸ ਗੱਲ ਬਾਤ ਨਾਲ ਕਲੇਜਾ ਕੜੱਕ ਕਰਕੇ ਹੋਇਆ : ਸੱਚ ਮੇਰੀਆਂ ਅਕਲਾਂ ਤੇ ਫਿਕਰ ਕਾਠ ਨਹੀਂ ਤਾਰਦੇ ਤੇ ਇਸ ਭੋਲੀ ਦਾ ਸਿਦਕ ਤੇ ਭਰੋਸਾ ਪੱਥਰਾਂ ਨੂੰ ਤਾਰ ਰਿਹਾ ਹੈ[1]। 'ਸਿਦਕ ਦੇ ਬੇੜੇ ਪਾਰ' ਸਚ ਕਿਹਾ ਹੈ ਕਿਸੇ ਸਾਦਿਕ ਨੇ।

ਸੱਤ:-ਤੁਸੀਂ ਗੁੱਸੇ ਹੋ ਪਤੀ ਜੀ ! ਮੈਂ ਮਾੜਾ ਕਰਦੀ ਰਹੀ ਹਾਂ ?

ਵਜ਼ੀਰ(ਝਿਜਕ ਕੇ)-ਨਹੀਂ ਸੀਤਾ ! ਤੂੰ ਸੱਚ ਮੁੱਚ ਸੀਤਾ ਹੈਂ! ਤੂੰ ਸੱਚ ਦੀ ਪਜਾਰੀ ਸੀਤਾ ਹੈਂ। ਤੂੰ ਵਜਾਪਕ ਰਾਮ ਨੂੰ ਪਜਾਰ ਕਰਨ ਵਾਲੀ ਦੇਵੀ ਹੈਂ। (ਨਰਮ ਹੋਕੇ) ਮੈਂ ਰਾਕਸ਼ ਦੇ ਪੱਲੇ ਤੂੰ ਕੀਕੂੰ ਪੈ ਗਈ ? ਮੈਂ ਇਸ ਵੇਲੇ ਸਾਰੀ ਨੀਤੀ ਨੂੰ ਰੋੜ੍ਹ ਕੇ ਸਚ ਕਹਿ ਰਿਹਾ ਹਾਂ - ਤੂੰ ਭਲਾ ਕੀਤਾ ਹੈ, ਤੈਥੋਂ ਰਾਮ ਕਰਾਇਆ। ਮੈਂ ਮਾਇਆ ਦੇ ਚੱਕਰ ਫੇਰਾਂ ਵਿਚ ਰਿਹਾ, ਤੂੰ ਸਿੱਧੇ ਰਾਹ ਟੁਰੀ। ਇਸਤ੍ਰੀ ਪੁਰਖ ਦੇ ਕਰਮ ਆਪੋ ਵਿਚ ਵੰਡੀਂਦੇ ਸੁਣੇ ਹਨ। ਮੈਂ ਖ਼ਬਰੇ ਤੇਰੇ ਸ਼ੁਭ ਕਰਮਾਂ ਕਰਕੇ ਆਸਾ ਦੀ ਵਾਰ ਦੇ ਮੱਥੇ ਜਾ ਲੱਗਾ ਹਾਂ। ਹੈ ਨਾ ਕਰਾਮਾਤ ਤੇਰੇ ਸਤ ਦੀ, ਕਿ ਰਾਜਾ ਮੈਨੂੰ ਉਪਦੇਸ਼ ਦੇਵੇ। ਜਨਕ ਹੋ ਗਿਆ ਰਾਜਾ ਗਿਆਨੀ ਤੇ ਮੈਂ ਸੁਕਦੇਵ ਵਾਂਙੂ ਸ਼ਿਸ਼ ਬਣਿਆ। ਫੇਰ ਉਸੇ ਸੋਚ ਨੇ ਰਾਤ ਜਗਾਇਆ। ਓਸੇ ਭਚੱਤ੍ਰੀ ਲਾਈ ਕਿ ਤੂੰ ਕਿਥੇ ਜਾਨੀ ਏਂ ? ਫੇਰ ਤੇਰੇ ਹੀ ਸ਼ੁਭ ਕਰਮਾਂ ਨੇ ਮੈਨੂੰ ਸਾਹਿਬਾਂ ਦੇ ਮੱਥੇ ਲਾਇਆ। ਮੈਂ ਦਰਸ਼ਨ ਕਰਕੇ, ਬਚਨ ਸੁਣਕੇ, ਸਾਹਮ ਤੱਕ ਕੇ ਹਰਿਆਨ

1. ਮਲਾਹ।

1. ਅਸੰਭਵ ਨੂੰ ਸੰਭਵ ਕਰ ਰਿਹਾ ਹੈ।

ਹੋ ਰਿਹਾ ਹਾਂ। (ਖੁਸ਼ੀ ਦੀ ਸੁਰ ਨਾਲ) ਅਸੀਂ ਸੱਦ ਆਏ ਹਾਂ, ਪਰ ਅਜੇ ਆਏ ਨਹੀਂ, ਸੱਚ ਤੇ ਤੁਲੇ ਖੜੇ ਹਨ, ਆਉਣਗੇ, ਪਰ ਆਪਣੇ ਬੰਦਿਆਂ ਨੂੰ ਪਹਿਲੇ ਪਾਰ ਉਤਾਰਨਗੇ। ਤ੍ਰੀਮਤਾਂ, ਬੱਚੇ ਸ਼ਸਤ੍ਰ ਹੀਨ ਪਹਿਲਾਂ ਪਾਰ ਉਤਰਨਗੇ, ਆਪ ਰਾਖੀ ਕਰਨਗੇ। ਫੇਰ ਫੌਜ ਉਰਾਰ ਆਵੇਗੀ ਤੇ ਕੁਝ ਦਸਤੇ ਜੁੱਧ ਮਚਾਈ ਰਖਣਗੇ, ਤੋਪਾਂ ਚਲਦੀਆਂ ਰਹਿਣਗੀਆਂ, ਦੁਸ਼ਮਨ ਦੇ ਸਾਹਮਣੇ ਭਾਂਜ ਖਾ ਕੇ ਨੱਸਣਗੇ ਨਹੀਂ। ਪੈਂਤੜਾ ਬੰਨ੍ਹ ਸਾਰਿਆਂ ਦੀ ਰੱਖਜਾ ਕਰ ਅਤਿ ਸੁੱਚੇ ਤੇ ਸੱਚੇ ਸੂਰਮੇ ਉਰਾਰ ਆਉਣਗੇ। ਰਤਾ ਭੈ ਨਹੀਂ ਖਾਂਦੇ ਕਿ ਇਸ ਵਿਉਂਤ ਵਿਚ ਆਪ ਹੀ ਨਾ ਮਾਰੇ ਜਾਈਏ, ਪੁੱਤ ਪਿਆਰੇ ਨਾ ਮਾਰੇ ਜਾਣ। ਸਹੁੰ ਹੈ ਮੈਨੂੰ ਆਪਣੀ, ਜੇ ਮੈਂ ਹੁੰਦਾ ਤਾਂ ਰਾਇ ਜੀ ਦੇ ਸੱਦੇ ਤੇ ਭੱਜ ਕੇ ਆ ਜਾਂਦਾ, ਪਈ ਫੌਜ ਤੇ ਸਾਥੀ ਖਸਮਾਂ ਨੂੰ ਖਾਂਦੇ ! ਰਾਇ ਦੇ ਤ੍ਰੈ ਸੁਨੇਹੇ ਜਾ ਚੁਕੇ ਹਨ। ਪਰ ਓਹ ਹਨ ਕਿ ਆਪਣੇ ਦਾਈਏ ਤੇ ਵਿਉਂਤੇ ਤੇ ਪੱਕੇ ਖੜੇ ਹਨ।

ਸੀਤਾ ! ਰਾਜਾ ਬੀ ਪਿਆਰ ਵਿਚ ਤੇਰੇ ਵਾਂਙੂ ਵ੍ਯਿਆਕੁਲ ਹੈ, ਇਕ ਮੈਂ ਵਿਚ ਸੁੱਕਾ ਨੜਾ ਖੜਾ ਸਾਂ। ਤੇਰੇ ਸਿਦਕ ਨੇ ਮੇਰੇ ਅੰਦਰੋਂ ਬੀ ਬੇਸਿਦਕੀ ਦੇ ਕਾਨਿਆਂ ਵਿਚ ਗੰਨੇ ਦਾ ਰਸ ਭਰ ਵਿਖਾਇਆ ਹੈ।

ਸੱਤ:-ਇਹ ਕਰਾਮਾਤ ਹੈ : 'ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ'।। ਤੁਸਾਂ ਤੇ ਸਾਹਿਬ ਆਪ ਤੁੱਠਿਆ ਹੈ। ਇਹ ਕਰਾਮਾਤ ਹੈ ਸਾਹਿਬ ਦੀ, ਧੰਨ ਮੇਰੀ ਆਸਾ ਦੀ ਵਾਰ, ਸਚ ਦੀ ਦੇਵੀ !

ਵਜ਼ੀਰ (ਅੰਝੂ ਭਰੇ ਨੈਣ ਤੇ ਮੁਸਕ੍ਰਾਹਟ ਭਰੇ ਬੁੱਲ੍ਹਾਂ ਨਾਲ)-ਇਹ ਸੰਗਤ ਵਿਚ ਸੱਤ ਤਿਲੀ ਨਾਉਂ ਕਿਉਂ ਪਿਆ, ਤੂੰ ਤਾ ਸੀਤਾ ਹੈਂ ?

ਸੱਤ:-ਮੈਂ ਜਦ ਨਿਆਣੀ ਹੁੰਦੀ ਖੇਡਦੀ ਸਾਂ ਤਾਂ ਸਾਡੇ ਘਰ ਵਿਚ ਬਾਵਰੇ ਜੇਹੇ ਸਾਈਂ ਲੋਕ ਆਇਆ ਕਰਦੇ ਸਨ, ਮੈਨੂੰ ਲਾਡ ਕਰਦੇ ਸਨ, ਕਹਿੰਦੇ ਸਨ-ਭਾਗ ਵਾਲੀ ਹੈਂ, ਜਨਮ ਜਿੱਤੇਂਗੀ। ਪਿਤਾ ਮਾਤਾ ਜੀ ਖ਼ੁਸ਼ ਹੋਇਆ ਕਰਦੇ ਸਨ। ਇਕ ਦਿਨ ਮੈਨੂੰ ਗੋਦੀ ਲੈਕੇ ਚਿਹਰਾ ਤੱਕ ਰਹੇ ਸਨ, ਤਾਂ ਬੋਲ ਉੱਠੇ-ਸੀਤਾ ! ਓਹੋ ! ਤੂੰ ਤਾਂ ਸੱਤ ਤਿਲੀ ਹੈਂ। ਪਿਤਾ ਜੀ ਹੱਸ ਪਏ ਤੇ ਪੁੱਛਣ ਲਗੇ; ਕੀ ਗੱਲ ਹੈ ਮਹਾਰਾਜ ! ਤਾਂ ਮੇਰੇ ਪਿਤਾ ਨੂੰ ਸੱਦ ਕੇ ਕਹਿਣ ਲੱਗੇ:- ਗਿਣੋਂ ਇਸ ਦੇ ਮੂੰਹ ਤੇ ਸੱਤ ਤਿਲ ਹਨ। ਤੁਸੀਂ ਬੀ ਤੱਕੋ ਨਿੱਕੇ ਨਿੱਕੇ ਹਨ, ਸਰ੍ਹੋਂ ਦੇ ਦਾਣੇ ਜੇਡੇ ਜਾਂ ਨਿੱਕੇ - ਇਕ ਭਰਵੱਟਿਆਂ ਦੇ ਵਿਚਕਾਰ ਹੈ, ਇਕ ਜੋ ਸਭ ਤੋਂ ਨਿਕਾ ਹੈ ਨੱਕ ਦੀ ਕਰੂੰਬਲੀ ਤੇ ਹੈ, ਇਕ ਠੋਡੀ ਤੇ ਹੈ, ਦੋ ਕੰਨਾਂ ਦੀ ਕਨੂਣੀ ਤੇ ਗੱਲ੍ਹਾਂ ਦੀ ਸੰਨ੍ਹ ਤੇ ਹਨ ਤੇ ਦੋ ਗੱਲ੍ਹਾਂ ਤੇ ਪਰਤੱਖ ਹਨ ਹੀ। ਹੈਨ ਨਾ ਸੱਤ ਤਿਲ, ਸੋ ਹੋਈ ਕੁੜੀ ਸੱਤ ਤਿਲੀ। ਸੋ ਇਉਂ ਉਹ ਜਦ ਆਉਂਦੇ 'ਸੱਤ ਤਿਲੀ' ਸੱਦਿਆ ਕਰਦੇ ਸਨ, ਤੇ ਵਰ ਦਿਆ ਕਰਦੇ ਸਨ "ਸੱਤ ਤਿਲੀ ਨੂੰ ਭਾਗ ਲਗੇਗਾ, ਸਤ ਤਿਲੀ ਨੂੰ ਸਾਈਂ ਮਿਲੇਗਾ, ਸਾਹਿਬਾਂ ਦੀ ਚਰਨ ਧੂੜ ਸਤ ਤਿਲੀ ਦੇ ਮੱਥੇ ਲਗੇਗੀ, ਸਤ ਤਿਲੀ ਨੂੰ ਠਾਕਰ ਮਿਲੇਗਾ।" ਸੋ ਮੈਂ ਜਦ ਸਤਿਸੰਗ ਗਈ ਤੇ ਸੁਖੀ ਹੋਈ ਤਾਂ ਮੈਨੂੰ ਯਾਦ ਆਇਆ ਕਿ ਉਹ ਵਰ ਫਲਿਆ ਹੈ। ਤਾਂ ਮੈਂ ਆਖਿਆ - ਜੋ ਵਰ ਤਾਂ ਸਤ ਤਿਲੀ ਨੂੰ ਮਿਲਿਆ ਸੀ ਸਤਿਸੰਗ ਦੀ ਮਿਹਰ ਦਾ, ਸੀਤਾ ਨੂੰ ਤਾਂ ਨਹੀਂ ਸੀ ਮਿਲਿਆ ? ਸੋ ਸਤਿਸੰਗ ਵਿਚ ਮੈਂ ਨਾਉਂ - ਸੰਤਾਂ ਦਾ ਬਖਸ਼ਿਆ ਨਾਉਂ - ਦੱਸਿਆ। ਦੱਸਿਆ ਮੈਂ ਸਚੋ ਸਚ ਹੈ, ਪਰ ਸੀਤਾ ਨਾਉਂ ਨਾ ਦੱਸਣ ਵਿਚ ਲੁਕੋ ਬੀ ਰਖਿਆ ਹੈ ਸੋ ਪਤੀ ਜੀ ! ਤੁਸਾਂ ਦੇ ਭੈ ਤੋਂ। ਇਹ ਬੀ ਮੇਰੀ ਭੁੱਲ ਹੈ, ਖਿਮਾਂ ਕਰ ਦਿਓ ਨਾ !

ਪ.

ਮੈਦਾਨ ਜੰਗ, ਦਰਿਯਾ ਦੀ ਕੰਨੀ ਦਾ ਪਾਸਾ ਹੈ। ਰਾਇ ਬਿਸਾਲੀ ਵਾਲਾ ਬੇਨਤੀ ਕਰ ਰਿਹਾ ਹੈ :-

ਸਾਹਿਬ ਜੀਉ ! ਤੁਸਾਂ ਦੇ ਚਰਨਾਂ ਦੀ ਖਿੱਚ ਬੈਠਣ ਨਹੀਂ ਦੇਂਦੀ, ਮਿਹਰ ਕਰੋ ਤੇ ਚਲੋ ਬਿਸਾਲੀ, ਤੁਸਾਡਾ ਦਮ ਹੈ ਤਾਂ ਸਭ ਕੁਛ ਹੈ, ਘਮਸਾਨ ਘੋਰ ਹੋ ਗਿਆ ਹੈ ਤੇ ਇਸ ਦਾ ਅੰਤ ਇਹੋ ਠੀਕ ਹੈ ਇਸ ਵੇਲੇ। ਆਪ ਦਾਨੇ ਹੋ, ਮੈਂ ਆਪਣੇ ਮੋਹ ਕਰਕੇ ਆਖਦਾ ਹਾਂ।

ਵਜ਼ੀਰ-ਸਾਹਿਬ ਜੀਓ ! ਆਪ ਦਾ ਬਿਰਦ ਹੈ ਭਗਤ ਵੱਛਲ; ਪਾਰ ਸੰਗਤਾਂ ਆਪ ਦੇ ਕਈ ਪਪੀਹੇ ਤਰਸ ਰਹੇ ਹਨ, ਆਪ ਚਲੋ ਤੇ ਜ਼ਰੂਰ ਚਲੋ ?

ਗੁਰੂ ਜੀ-ਰਾਇ ਜੀਓ ਤੇ ਹੇ ਸੁਘੜ ਪਰਧਾਨ ! ਤੁਸਾਂ ਦਾ ਪਿਆਰ ਉੱਤਮ ਹੈ, ਖਿੱਚ ਮਾਰਦਾ ਹੈ, ਹੁਕਮ ਬੀ ਸਾਈਂ ਦਾ ਇਹੋ ਹੈ, ਦੁਸ਼ਮਨ ਵਲੋਂ ਜੋ ਸੁਲਹ ਦੇ ਸੁਨੇਹੇ ਆਉਂਦੇ ਹਨ ਸੋ ਪਰਮੋਂ ਸੱਖਣੇ ਹਨ, ਜੰਗ ਦਾ ਰੰਗ ਕਰੜਾ ਹੋ ਰਿਹਾ ਹੈ, ਪਰ ਅਸਾਂ ਪਿੱਠ ਨਹੀਂ ਦੇਣੀ, ਭੱਜਣਾ ਨਹੀਂ, ਆਪਣਿਆਂ ਨੂੰ ਬਚਾਉਂਦੇ ਪਾਰ

ਆਉਣਾ ਹੈ, ਜਿਵੇਂ ਸੂਰਮਾਂ ਸੂਰਮਗਤੀ ਵਿਚ ਟੁਰਦਾ ਹੈ।

ਵਜ਼ੀਰ-ਸੱਚ ਹੈ, ਆਪ ਦੀ ਸੱਤਜਤਾ ਸੂਰਜ ਹੈ, ਇਸ ਤੋਂ ਸਾਰੇ ਚਾਨਣੇ ਉਪਜਦੇ ਹਨ, ਮੇਰਾ ਮਨ ਵਲਦਾਰ ਤੇ ਮੋਹੀ ਹੈ, ਪਰ ਦਾਤਾ ! ਆਪ ਦੇ ਪ੍ਰਤਾਪ ਨਾਲ ਚਾਨਣੇ ਵਿਚ ਆਇਆ ਹਾਂ ਤੇ ਆਪਦਾ ਮੁੱਲ ਤੇ ਆਪ ਦੀ ਕਦਰ ਦਿਲ ਨੂੰ ਪਈ ਹੈ, ਆਪ ਕਰੋ ਜਿਵੇਂ ਭਾਵੇ, ਪਰ ਪਾਰ ਚੱਲ ਕੇ ਸਾਡੇ ਤੌਖਲਿਆਂ ਨੂੰ ਠੰਢ ਪਾਓ।

ਗੁਰੂ ਜੀ-ਸਤ ਬਚਨ ! ਇਵੇਂ ਹੋਸੀ। ਤੁਸੀਂ ਚੱਲੋ ਨਾਲ ਲੈ ਚਲੋ ਸਾਰਾ ਵਹੀਰ, ਜੋਧਿਆਂ ਦੇ ਟੱਬਰ, ਬੱਚੇ, ਬਿਰਧ, ਜ਼ਖਮੀ, ਬੀਮਾਰ। ਇਹ ਪਹਿਲਾਂ ਤੁਸੀਂ ਆਪਣੇ ਨਾਲ ਪਾਰ ਉਤਾਰ ਲਓ, ਮੁਹਾਣੇ ਤੇ ਬੇੜੇ ਤਿਆਰ ਖੜੇ ਹਨ, ਕੁਛ ਆਪਣੇ ਮੰਗਾਓ ਪਾਰੋਂ। ਇਨ੍ਹਾਂ ਦੇ ਮਗਰ ਆਵੇਗੀ ਸੈਨਾਂ ਵਾਧੂ ਤੇ ਬਾਕੀ। ਅਸਾਂ ਸਫਾਂ ਬੰਨ੍ਹ ਕੇ ਵਿਉਂਤੇ ਕਰ ਦਿਤੀ ਹੈ :- ਲੜਦੇ, ਮਾਰਦੇ, ਵਧਦੇ ਹਟਦੇ, ਖੱਬੇ ਸੱਜੇ ਦਾਉ ਦਿੰਦੇ ਅਸੀਂ ਹਰ ਛਿਨ ਦੁਸ਼ਮਨ ਨੂੰ ਰੋਕਣ ਦੀ ਤੇ ਲੋਹਾ ਕਰਨ ਦੀ ਵਿਉਂਤ ਵਰਤਦੇ ਸਮਾਂ ਦਿਆਂਗੇ ਕਿ ਸਾਰੇ ਵਾਧੂ ਪਾਰ ਹੋ ਜਾਣ ਤੇ ਸਾਨੂੰ ਸ਼ਾਮਾਂ ਪੈ ਜਾਣ। ਫਰ ਸਾਰੇ ਜੋਧੇ ਜੋ ਅਜ ਬਚਣਗੇ, ਪਾਰ ਆਉਣਗੇ। ਜਿਸ ਵੇਲੇ ਤੱਕ ਕਿ ਦੁਸ਼ਮਨ ਥੱਕ ਕੇ ਚੂਰ ਅਰ ਘਾਟਿਆਂ ਅਤੇ ਮੌਤਾਂ ਨਾਲ ਰੰਜੂਰ ਹੋ ਜਾਏਗਾ ਤੇ ਹਨੇਰੇ ਦੀ ਵਿੱਥ ਨਾਲ ਦੂਰ ਰਹੇਗਾ, ਤਦੋਂ ਸਭ ਆ ਪਹੁੰਚਾਂਗੇ।

ਰਾਇ-ਸਦਕੇ ਹਾਂ ਸੱਚ ਦੇ, ਕੁਰਬਾਨੀ ਦੇ, ਬੀਰਤਾ ਦੇ, ਜੁੱਧ ਦੀ ਵਿਦਜਾ ਦੇ ! ਕਦੇ ਤੁਸਾਂ ਸੱਚ ਤੇ ਇਖ਼ਲਾਕ ਨੂੰ ਵਾਰ ਸਿੱਟ ਕੇ ਜੰਗ ਕਰਨਾ ਹੁੰਦਾ ਤਾਂ ਪਤਾ ਨਹੀਂ ਕੀ ਹੁੰਦਾ। ਹਾਂ, ਇਕ ਤੁਸੀਂ ਹੋ ਜਗਤ ਤੇ ਆਏ, ਜਿਨ੍ਹਾਂ ਧਰਮ ਜੁੱਧ ਮਚਾ ਕੇ ਧਰਮ ਦੇ ਸਾਰੇ ਅੰਗ ਪਾਲੇ ਹਨ। ਕਿਤੇ ਤੁਸੀਂ ਧਰਮ ਤੋਂ, ਇਖ਼ਲਾਕ ਤੋਂ, ਸੁੱਚ ਤੇ ਸਚ ਤੋਂ ਕਾਂਪ ਨਹੀਂ ਖਾਂਦੇ। ਕੌਣ ਕਦਰ ਕਰੇ ? ਹਾਂ, ਸਮੇਂ ਬੀਤ ਜਾਸਨ ਤਾਂ ਆਉਣ ਵਾਲੇ ਸਮੇਂ ਅਸਚਰਜ ਹੋ ਹੋ ਕੇ ਤੁਹਾਡੀ ਸ਼ਖ਼ਸੀਅਤ ਨੂੰ ਅਦੁਤੀ ਪ੍ਰਤੀਤ ਕਰਨਗੇ।

ਗੁਰੂ ਜੀ-ਸਾਈਂ ਦੇ ਰੰਗ ਹਨ ! ਹੁਕਮ ਹੈ, ਬਜਾ ਰਿਹਾ ਹਾਂ। ਸੁਰਤਿ ਸਾਂਈਂ ਚਰਨਾਂ ਵਿਚ ਹੈ, ਲਿਵ ਵਿਚ, ਸਾਈਂ ਨਾਲ ਜੋ ਵਿੱਥ ਹੈ ਸਭ ਕਿਸੇ ਦੀ, ਉਹ ਵਿੱਥ ਸਾਡੀ ਨਹੀਂ ਪੈਂਦੀ, ਚਾਹੋ ਜੀਤ ਹੋ ਚਾਹੋ ਹਾਰ ! ਜਿਤਨੇ ਸਾਮਾਨ ਫਤਹ ਦੇ ਪੱਖ ਵਿਚ ਹੋਣ, ਪਰ 'ਪ੍ਰਭੂ ਚਰਨਨ ਵਿਚ ਸੁਰਤਿ' ਦੇ ਵਿਰੋਧੀ ਹੋਣ, ਉਹ ਮੇਰੇ ਜੁੱਧ ਦੀ ਨੀਤੀ ਵਿਚ ਥਾਂ ਨਹੀਂ ਰਖਦੇ, ਮੈਂ ਤਾਂ ਸਿੱਧੇ ਰਾਹ ਟੁਰਨਾ ਹੈ। ਹਾਂ, ਟੇਕ ਰੱਖਣ ਵਾਲਾ ਉਹ ਹੈ, ਰਖੇਗਾ ਟੇਕ ਆਪ, ਰਖੇਗਾ ਟੇਕ ਆਪ ਤਾਂ ਮਾਰਨ ਵਾਲਾ ਹੈ ਕੋਣ ? ਹੈਂ, ਕੌਣ ?

ਕਹਿੰਦੇ ਕਹਿੰਦੇ ਫਿਰ ਅਰਸ਼ਾਂ ਵਿਚ ਅੱਖਾਂ ਗੱਡ ਗਈਆਂ।

ਰਾਇ-ਹੋ ਸਕੇ ਤਾਂ ਚੱਲੋ ਛੇਤੀ, ਹੋ ਸਕੇ ਤਾਂ ਬਿਨ ਲੜੇ।

ਸੁਨਿ ਕਰਿ ਸ੍ਰੀ ਗੋਬਿੰਦ ਸਿੰਘ ਧੀਰ। ਕਹਜੋ
ਚਲਹੁ ਲੇ ਸੰਗ ਬਹੀਰ। ਹਮ ਇਸ ਤੁਰਕ ਸੰਗ
ਕਰਿ ਜੰਗ। ਭੂਪ ਗੁਮਾਨ ਕਰਹਿਂ ਸਭਿ ਭੰਗ।
ਰੁੰਡ ਮੁੰਡ ਰਨ ਬਿਖੇ ਬਿਖੇਰੋਂ। ਤੋਲ ਲਰਾਈ ਸਭਿ
ਬਿਧਿ ਹੇਰੋਂ॥ ੪॥

ਰਾਇ ਨੇ ਸੀਸ ਝੁਕਾਇਆ, ਮੁੜ ਪਿਆ ਰਾਇ ਤੇ ਨਾਲ ਮੁੜ ਪਿਆ ਬੇ-ਹਥਿਆਰ ਵਹੀਰ। ਜਿਵੇਂ ਸਤਿਗੁਰ ਨੇ ਕਿਹਾ ਸੀ, ਰਾਇ ਨਾਲ ਲੈ ਕੇ ਵਹੀਰ ਨੂੰ ਪਾਰ ਚਲਾ ਗਿਆ। ਉਧਰ ਦੁਸ਼ਮਨ ਦੀ ਜਦ ਨਜ਼ਰ ਪਈ ਕਿ ਕੋਈ ਹਿੱਸਾ ਪਾਰ ਜਾ ਰਿਹਾ ਹੈ ਤਾਂ ਜੁੱਧ ਹੋਰ ਘੋਰ ਹੋ ਗਿਆ। ਹੱਲੇ ਤੇ ਹੱਲਾ ਹੋਣ ਲੱਗਾ ਤੇ ਸਤਿਗੁਰ ਦੇ ਸੂਰਮੇ ਆਪਣੀ ਠਟੀ ਵਿਉਂਤ ਅਨੁਸਾਰ ਜੁੱਟ ਪਏ। ਆਪ ਤੀਰਾਂ ਦੀ ਖੱਚਰ ਨਾਲ ਲੈ ਟਿਕਾਣੇ ਟਿਕਾਣੇ ਫਿਰਦੇ ਥਾਉਂ ਤਾੜਦੇ ਤੀਰਾਂ ਦਾ ਮੀਂਹ ਵਸਾਉਂਦੇ ਰਹੇ ਤੇ ਇਕ ਪਾਸੇ ਤੋਂ ਤੋਪ ਦਗਦੀ ਰਹੀ। ਦੂਜੇ ਪਾਸੇ ਸੈਨਾਂ ਦਾ ਹਿੱਸਾ ਪਾਰ ਉਤਰਦਾ ਰਿਹਾ। ਜੰਗ ਦਾ ਵਿਸਥਾਰ ਲੰਮਾ ਹੈ; ਪਰ ਸੰਗ੍ਰਾਮ ਇਨਾਂ ਘੋਰ ਸੀ ਕਿ ਵਜ਼ੀਰ ਖਾਂ ਸਰਹੰਦੀ ਆਪਣਿਆਂ ਨੂੰ ਆਖਦਾ ਸੁਣਾਈ ਦੇਂਦਾ ਸੀ ਕਿ ਕਦੇ ਐਸਾ ਤੁੰਦ ਤੇ ਘੋਰ ਜੁੱਧ ਮੈਂ ਅੱਗੇ ਨਹੀਂ ਡਿੱਠਾ।

ਸਿਖ ਦਲ ਹਰ ਛਿਨ ਦਰਿਆਉ ਰੁਖ ਪਿਛੇ ਨੂੰ ਹਟ ਰਿਹਾ ਸੀ, ਪਰ ਨਾਲ ਹੀ ਡਟ ਕੇ ਲੜਨ ਵਾਂਙੂ ਲੜ ਰਿਹਾ ਸੀ ਤੇ ਨਿਰੇ ਹੱਲੇ ਹੀ ਨਹੀਂ ਰੋਕਦਾ ਸੀ, ਵਧ ਵਧ ਕੇ ਹੱਲੇ ਆਪ ਬੀ ਕਰਦਾ ਸੀ। ਅਕਲ ਤੇ ਸੋਚ, ਗਿਣੀ ਮਿਥੀ ਵਿਉਂਤ ਤੇ ਬਹਾਦਰੀ ਦੋਹਾਂ

ਗਲਾਂ ਦੇ ਕਮਾਲ ਅਜ ਦਾ ਜੰਗ ਸੀ। ਸਿਖ ਦਲ ਤਿੰਨਾਂ ਵੰਡਾਂ ਵਿਚ ਸੀ - ਦੁਸ਼ਮਨ ਦੇ ਸਾਹਮਣੇ ਸ੍ਰੀ ਅਜੀਤ ਸਿੰਘ ਦੋ ਹਜ਼ਾਰ ਸੂਰਮਿਆਂ ਨੂੰ ਲੈਕੇ ਡਟਦਾ ਤੇ ਦਰਿਆਉ ਰੁਖ ਕਦਮ ਵਧਾਉਂਦਾ ਸੀ, ਇਸ ਦੇ ਤਾਬਿਆ ਸਨ - ਉਦੈ ਸਿੰਘ, ਆਲਮ ਸਿੰਘ, ਦਇਆ ਸਿੰਘ, ਮੁਹਕਮ ਸਿੰਘ। ਇਸ ਤੋਂ ਅੱਗੇ ਅਰਥਾਤ ਵਿਚਕਾਰ ਇਕ ਹਜ਼ਾਰ ਦਲ ਨਾਲ ਸਾਹਿਬਚੰਦ ਸੀ, ਜਿਸ ਨੇ ਅਜੀਤ ਸਿੰਘ ਜੀ ਦੀ ਕੁਮਕ ਤੇ ਹਰ ਪਹਿਲੂ ਵੱਲ ਸਹੈਤਾ ਦਾ ਖਿਆਲ ਕਰਨਾ ਸੀ। ਤੀਸਰੇ ਖਾਂ ਸਤਿਗੁਰ ਆਪ ਸਨ। ਕਦੇ ਖੱਬਿਉਂ ਕਦੇ ਸੱਜਿਓਂ ਨਿਕਲ ਅੱਗੇ ਵਧਦੇ ਤੇ ਦੁਸ਼ਮਣਾਂ ਦੇ ਜ਼ੋਰ ਨੂੰ ਤੋੜਦੇ, ਉਕਾਉਂਦੇ ਤੇ ਖਪਾਉਂਦੇ, ਫਿਰ ਆਪਣੇ ਟਿਕਾਣੇ ਦਰਿਆਉ ਰੁਖ਼ ਨੂੰ ਵਧਦੇ ਗਏ। ਤੀਰੰਦਾਜ਼ੀ ਦਾ ਕਮਾਲ ਜੋ ਆਪ ਨੇ ਕੀਤਾ ਕਹਿਰ ਦਾ ਸੀ। ਜੁੱਧ ਦਾ ਹਾਲ ਬੜਾ ਲੰਮਾ ਹੈ; ਪਰ ਸਿੱਟਾ ਇਹ ਹੈ ਕਿ ਗੁਰੂ ਜੀ ਦਰਯਾ ਦੇ ਕੰਢੇ ਅੱਪੜ ਪਏ। ਇਹ ਤੱਕ ਕੇ ਵਜ਼ੀਰ ਖਾਂ ਤੇ ਪਹਾੜੀ ਦਲ ਜ਼ੋਰ ਦਾ ਹੱਲਾ ਹੂਲਕੇ ਆ ਪਿਆ। ਇਸ ਵੇਲੇ ਦੀ ਹੱਲਾਸ਼ੇਰੀ ਵਿਚ ਕਵੀ ਸੰਤੋਖ ਸਿੰਘ ਜੀ ਨੇ ਦੱਸਿਆ ਹੈ :-

> ਬਹੁਰੋ ਘਾਤ ਹਾਥ ਨਹੀਂ ਆਵੈ ਹੁਇ ਮਵਾਸ
> ਕਿਸ ਥਾਨਾ। ਸ਼ਾਹੁ ਹੁਕਮ ਬੀ ਪਕਰਨਿ ਕੇਰਾ
> ਨਾਂਹਿ ਤ ਕਰਿ ਦਿਹੁ ਹਾਨਾ। (ਸੂ: ਪ੍ਰ:)

ਜਿਸਤੋਂ ਸਪਸ਼ਟ ਹੈ ਕਿ ਗੁਰੂ ਜੀ ਨਾਲ ਜੁੱਧਾਂ ਦੀ ਪ੍ਰੇਰਕ ਕਦੇ ਗੁਪਤ ਕਦੇ ਪ੍ਰਗਟ ਪਾਤਸ਼ਾਹੀ ਚਾਲ ਹੀ ਸੀ, ਏਹ ਜੰਗ ਜੁੱਧ ਨਿਰੇ ਪਹਾੜੀਆਂ ਦੇ ਨਹੀਂ ਸਨ।

ਗੱਲ ਕੀਹ ਦਰਯਾ ਆ ਜਾਣ ਕਰਕੇ ਇਕ ਪਾਸੇ ਸ੍ਰੀ ਅਜੀਤ ਸਿੰਘ ਤੇ ਇਕ ਪਾਸੇ ਸਾਹਿਬ ਚੰਦ ਜੀ ਹੋ ਗਏ ਸਨ। ਗੁਰੂ ਜੀ ਦੋਹਾਂ ਦੀ ਹਰਾਵਲ ਤੇ ਅੱਗੇ ਵਧ ਰਹੇ ਸਨ ਕਿ ਸ਼ੱਤਰੂ ਬਲ ਸਾਰਾ ਸਾਹਿਬ ਚੰਦ ਤੇ ਆ ਪਿਆ। ਬੜੀ ਸੂਰਮਗਤੀ ਨਾਲ ਅੱਗੇ ਹੋ ਕੇ ਲੜਿਆ! ਆਏ ਹੱਲੇ ਉਤੇ ਹੱਲਾ ਕਰਕੇ ਪਿਆ ਤੇ ਅੱਗੇ ਵਧਿਆ। ਉਹ ਜੰਗ ਮਚਾਇਆ ਕਿ ਸਾਰਾ ਦਲ ਉਥੇ ਰੋਕ ਲਿਆ। ਵੈਰੀ ਦਾ ਕਦਮ ਅੱਗੇ ਵਧਣ ਦੀ ਥਾਂ ਉਥੇ ਰੁੱਝ ਗਿਆ। ਸਾਹਿਬ ਚੰਦ ਅੰਤ ਬਹੁਤੇ ਕਟਕ ਦੀ ਗਿਣਤੀ ਦੇ ਸਾਹਮਣੇ ਸਨਮੁਖ ਜੂਝਦਾ ਕੱਟ ਗਿਆ। ਦੂਜੇ ਪਾਸੇ ਅਜੀਤ ਸਿੰਘ ਜੀ ਨ ਐਸਾ ਜ਼ੋਰ ਪਾਇਆ ਕਿ ਸ਼ਤਰੂ ਦਲ ਸਾਹਿਬ ਚੰਦ ਵਲੋਂ ਉਧਰ ਨੂੰ ਮੁੜਿਆ। ਕਿਸੇ ਜਾ ਕੇ ਸਾਹਿਬਾਂ ਨੂੰ ਦਸਿਆ ਕਿ ਸਾਹਿਬ ਚੰਦ ਸ਼ਹੀਦ ਹੋ ਗਿਆ, ਤਦ ਸਤਿਗੁਰਾਂ ਨੇ ਕੁਛ ਜੁਆਨ ਅਜੀਤ ਸਿੰਘ ਵੱਲ ਟੋਰੇ ਕਿ ਤਕੜੇ ਹੋ ਕੇ ਕਦਮ ਜਮਾ ਕੇ ਵੈਰੀ ਨੂੰ ਰੋਕੋ, ਮੈਂ ਪਹੁੰਚਾ। ਇਧਰ ਆਪ ਕੁਛ ਜੁਆਨ ਲੈਕੇ ਬਿਜਲੀ ਦੀ ਫੁਰਤੀ ਨਾਲ ਅੱਪੜੇ ਤੇ ਸਾਹਿਬ ਚੰਦ ਦੀ ਲੋਥ ਦੇ ਕੋਲ ਕਟਾ ਵੱਢ ਕਰਦੇ ਅੱਪੜ ਹੀ ਗਏ, ਹੱਥੋਂ ਹੱਥ ਦੀ ਲੜਾਈ ਵਿਚ ਪਹਾੜੀ ਮਾਰ ਪਛਾੜੇ ਤੇ ਨੇਜ਼ੇਬਾਜ਼ ਦੀ ਫੁਰਤੀ ਵਾਂਙੂ ਸਾਹਿਬ ਚੰਦ ਦੀ ਲੋਥ ਸੰਭਾਲ ਲਈ। ਇਕ ਤਾਂ ਇਥੋਂ ਵੈਰੀ ਮਾਰ ਹਟਾਏ: ਦੂਜੇ ਕਾਮਯਾਬੀ ਨਾਲ ਆਪਣੇ ਇਕ ਸੈਨਾਪਤ ਦੀ ਲੋਥ ਲੈ ਟੁਰੇ। ਉਧਰ ਖ਼ਬਰ ਗਈ ਵਜ਼ੀਰ ਖਾਂ ਨੂੰ ਕਿ ਸਾਹਿਬ ਚੰਦ ਵਾਲੇ ਪਾਸੇ ਗੁਰੂ ਆ ਪਿਆ ਹੈ ਤੇ ਲੋਥ ਖੁਸ ਗਈ ਹੈ, ਤਾਂ ਇਨ੍ਹਾਂ ਨੇ ਓਧਰੋਂ ਜ਼ੋਰ ਹਟਾ ਕੇ ਇਧਰ ਰੁਖ਼ ਕੀਤਾ। ਇਸ ਉਖੇੜ ਵਿਚ ਉਹਨਾਂ ਦਾ ਬਲ ਖਿੰਡ ਤੇ ਬੇਥਵਾ ਹੋ ਗਿਆ। ਜੁੱਧ ਜਾਰੀ ਸੀ, ਪਰ ਵਧਦੇ ਸੈਲ ਦੀ ਸੱਤਜਾ ਜਿਵੇਂ ਕਿਸੇ ਚਟਾਨ ਦੀ ਟੱਕਰ ਨਾਲ ਟੁੱਟ ਜਾਂਦੀ ਹੈ ਤਿਵੇਂ ਹੋਈ। ਉਧਰ ਗੁਰੂ ਜੀ ਫੇਰ ਨਦੀ ਤਕ ਪਹੁੰਚ ਗਏ, ਸ੍ਰੀ ਅਜੀਤ ਸਿੰਘ ਜੀ ਬੀ ਪੁੱਜ ਗਏ। ਇਕ ਸੈਨਾਂ ਸ਼ੱਤਰੂ ਦੀ ਅਗੇ ਅਗੇ ਵਧਦੀ ਸੀ, ਚਾਹੋ ਬੇਤਰਤੀਬੀ ਸੀ, ਹੁਣ ਇਸ ਸ਼ਤਰੂ ਸੈਨਾਂ ਉਤੇ ਇਕ ਕਰੜਾ ਹੱਲਾ ਸਿੰਘਾਂ ਵਲੋਂ ਬੋਲਿਆ:-

> ਪਿਖ ਅਜੀਤ ਸਿੰਘ ਗਮਨੇ ਆਗੇ, ਉਦੇ ਸਿੰਘ
> ਰਿਸਧਾਰੀ। ਆਲਮ ਸਿੰਘ, ਦਯਾ ਸਿੰਘ ਪਹੁੰਚਜੋ
> ਮੁਹਕਮ ਸਿੰਘ ਅਗਾਰੀ॥ ੧੧॥ ਬਖਸ਼ਿਸ਼ ਸਿੰਘ
> ਬਖਸ਼ੀਸ਼ ਸਿੰਘ ਜੁਗ, ਈਸ਼ਰ ਸਿੰਘ ਸੁ ਕ੍ਰੋਧਾ।
> ਸ਼ੇਰ ਸਿੰਘ ਦੇਵਾ ਸਿੰਘ ਉਮਡਜੋ, ਬਰ ਬਚਿੱਤ੍ਰ
> ਸਿੰਘ ਜੋਧਾ॥ ੧੨॥ ਨਾਹਰ ਸਿੰਘ, ਗਰਜਾ ਸਿੰਘ
> ਗਰਜਜੋ, ਅਜਬ ਸਿੰਘ ਤਤਕਾਲਾ। ਗਜੋ ਅਜਾਇਬ
> ਸਿੰਘ ਤਹਾਂ ਕੋ ਸੰਤ ਸਿੰਘ ਰਿਪੁਕਾਲਾ॥ ੧੩॥
> ਅਨਿਕ ਸਿੰਘ, ਭਗਵਾਨ ਸਿੰਘ ਤਹਿ ਮਹਾਂ ਸਿੰਘ
> ਹਯ ਪ੍ਰੇਰਾ। ਧਰਮ ਸਿੰਘ, ਸਾਹਿਬ ਸਿੰਘ ਧਾਏ,
> ਰਾਮ ਸਿੰਘ ਰਿਸ ਹੇਰਾ॥ ੧੪॥ ਕਹਿੰ ਲਗ ਗਿਨੌਂ
> ਸੁਭਟ ਬਰ ਗੁਰ ਕੇ, ਗਏ ਹਟਾਵਨ ਆਗੇ। ਚਮੂੰ
> ਮਲੇਛਨਿ ਰੋਕਤਿ ਉਤ ਤੇ, ਸਿੰਘ ਸੁ ਬਰਜਨਿ
> ਲਾਗੇ॥ ੧੫॥

ਸੂਰਜ ਡੁੱਬ ਚੁਕਾ ਸੀ ਤੇ ਵੈਰੀ ਦਾ ਆਖਰੀ ਜ਼ੋਰ ਸੀ; ਜਿਸ ਦਾ ਟਾਕਰਾ ਸਿੰਘਾਂ ਨੇ ਪੂਰਾ ਕੀਤਾ:-

ਦੋਨਹੁ ਕੋ ਭਟ ਭੇੜ ਭਯੰਕਰ, ਸ਼ਸਤ੍ਰ ਪੁੰਜ ਬਰਖਾਏ। ਹਥਾ ਵੱਥ ਹ੍ਵੈ ਕੈ ਗੁਥ ਜੁੱਥੇ, ਮਥਹਿ ਮਾਰ ਉਲਟਾਏ॥ ੧੬॥ ਹਲੀ ਚਮੂੰ ਅਵਿਲੋਕ ਵਜ਼ੀਦੇ ਜਥੇਦਾਰ ਪਠਿ ਔਰੰ। ਤਿਤ ਕੋ ਜਾਇ ਤੁਰੰਗਮ ਪ੍ਰੇਰਤਿ, ਰੋਕ ਲਿਏ ਤਿਸ ਠੌਰੰ॥ ੧੭॥

ਉਧਰੋਂ ਸਤਿਗੁਰੂ ਜੀ ਤੀਰਾਂ ਦੀ ਬਰਖਾ ਕਰਨ:-

ਖਪਰੇ ਤੀਛਨ ਭੀਛਨ ਸਤਿਗੁਰ ਐਂਚਿ ਐਂਚਿ ਗਨ ਮਾਰੇ। ਹਯ ਸਮੇਤ ਰਣਖੇਤ ਰਹਜੋ ਸੋ ਸੰਗੀ ਕਿਤਨ ਸੰਘਾਰੇ॥ ੧੮॥ (ਸੂ: ਪ੍ਰ: ਰੁਤ ੪-੪੫)

ਇਸ ਤਰ੍ਹਾਂ ਵਜ਼ੀਰ ਖਾਂ ਦਾ ਨਵਾਂ ਜ਼ਥੇਦਾਰ ਬੀ ਮਾਰਿਆ ਗਿਆ, ਪਰ ਦਲ ਵਡੇਰਾ ਹੋਣ ਕਰਕੇ ਜੁੱਧ ਅਜੇ ਜਾਰੀ ਸੀ। ਦੂਜੇ ਪਾਸੇ :-

ਉਤ ਤੇ ਸ੍ਰੀ ਅਜੀਤ ਸਿੰਘ ਮੋਰੇ ਆਰਾ ਬਿਨੁ ਰਿਪੁ ਕੀਨੋ। ਜੋ ਪਹੁੰਚਹਿ ਰੋਕਨ ਤਿਤ ਦਿਸ ਕੋ ਹੋਇ ਸੁ ਪ੍ਰਾਨ ਬਿਹੀਨੋ॥ ੧੯॥

ਹੁਣ ਗੁਰੂ ਦਲ ਦੀ ਵਿਉਂਤ ਇਉਂ ਸੀ :-

ਆਗੇ ਗੁਰ ਸੁਤ ਮੱਧ ਗੁਰੂ ਥਿਤ, ਪਾਛੈ ਸਿੰਘ ਜੁਝਾਰੇ। ਕਰੇ ਕਦਨ ਸ਼ੱਤ੍ਰੂ ਅਨਗਨ ਹੀ ਲੋਥ ਪੋਥ ਪਰ ਡਾਰੇ॥ ੨੩॥ ਸ਼ਸਤ੍ਰਨ ਬਲ ਤੇ ਦੂਰ ਰਖੇ ਰਿਪੁ ਸਲਿਤਾ ਤਰੀ ਸੁਖੈਨਾ॥ ਪਾਰ ਗੁਰੂ ਜੁਤਿ ਸਿੰਘਨਿ ਸਭਿ ਦਲ ਉਰੇ ਮਲੈਛੀ ਸੈਨਾ॥ ੨੪॥

(ਸੂ: ਪ੍ਰ: ਰੁਤ: ੪ ਅੰਸੂ ੪੫)

ਵੈਰੀ ਦਲ ਨੇ ਨਦੀ ਵਿਚ ਪੈ ਕੇ ਪਾਰ ਹੋਣ ਦਾ ਬੀ ਜਤਨ ਕੀਤਾ ਪਰ :-

ਸਲਿਤਾ ਵਿਖੇ ਪ੍ਰਵੇਸ਼ਨ ਚਾਹਤਿ ਪਰੈਂ ਤੀਰ ਅਰੁ ਗੋਰੀ। ਮਰੇ ਕਿਤਕ ਬਹਿ ਗਏ ਬੀਚ ਹੀ, ਥਿਰੇ ਓਰਾਰਹਿ ਓਰੀ॥ ੨੫॥

ਰਾਜੇ ਤੇ ਵਜ਼ੀਰ ਖਾਂ ਨੇ ਇਹ ਵਿਚਾਰ ਕੇ ਫੈਸਲਾ ਕੀਤਾ ਕਿ ਹੁਣ ਅੱਗੇ ਹੋਣਾ ਨਾਹੱਕ ਸੈਨਾਂ ਮਰਵਾਉਣੀ ਹੈ ਤੇ ਗੁਰੂ ਜੀ ਦੇ ਪਾਰ ਚਲੇ ਜਾਣ ਨਾਲ ਅਸੀਂ ਮੂੰਹ ਦਿਖਾਉਣ ਜੋਗੇ ਰਹਿ ਗਏ ਹਾਂ। ਸ਼ਾਹ ਨੂੰ ਲਿਖ ਦਿਆਂਗੇ ਕਿ ਦਰਿਆਓਂ ਪਾਰ ਭਜਾ ਦਿੱਤਾ ਹੈ ਤੇ ਅਸੀਂ ਜਿੱਤ ਆਏ ਹਾਂ, ਆਨੰਦਪੁਰ ਖਾਲੀ ਹੈ। ਪਰ ਜਗਤ ਨੂੰ ਪਤਾ ਸੀ ਕਿ ਜੁੱਧ ਅਤਿ ਘੋਰ ਦਾ ਹੋਯਾ ਹੈ ਅਰ ਥੋੜੇ ਸਿੰਘਾਂ ਨੇ ਟਿੱਡੀ ਦਲ ਲਸ਼ਕਰ ਨੂੰ ਵਖਤ ਪਾਈ ਰੱਖਿਆ ਹੈ ਅਰ ਅੰਤ ਤਕ ਡਟ ਕੇ ਲੜਦੇ ਕਿਸੇ ਅਨੋਖੀ ਬਹਾਦਰੀ ਤੇ ਰਣ ਬੁੱਧੀ ਨਾਲ ਪਾਰ ਗਏ ਹਨ। ਆਪਣੇ ਸੈਨਾਂ ਪਤੀ ਦੀ ਲੋਥ, ਜ਼ਖ਼ਮੀ ਘਾਇਲ ਸਾਰੇ ਤੇ ਮਰਿਆਂ ਵਿਚੋਂ ਬੀ ਕਈਆਂ ਨੂੰ ਨਾਲੋਂ ਨਾਲ ਸੰਭਾਲਦੇ ਪਾਰ ਲੈ ਗਏ ਹਨ।

੬.

**ਦਰਿਆਓਂ** ਪਾਰ, ਅਰਥਾਤ ਸਤਲੁਜੋਂ ਉਸ ਪਾਸਿਓਂ ਪਾਰ ਤੇ ਇਧਰੋਂ ਉਰਾਰ, ਅਰਥਾਤ ਦੁਆਬੇ ਵਿਚ ਬਿਸਾਲੀ ਰਾਇ ਦੇ ਟਿਕਾਣੇ ਸਤਿਗੁਰ ਸਹੀ ਸਲਾਮਤ ਦਲਾਂ ਸਮੇਤ ਅੱਪੜ ਗਏ। ਅੱਗੇ ਕਿਨਾਰੇ ਤੇ ਉਡੀਕਾਂ ਲਗ ਰਹੀਆਂ ਸਨ, ਜਦੋਂ ਕਿ ਆਪ ਨੇ ਉਰਾਰ ਧਰਤੀ ਤੇ ਕਦਮ ਧਰੇ, ਜੈਕਾਰੇ ਗੱਜੇ, ਸੰਖ ਵੱਜੇ, ਰਣਜੀਤ ਨਗਾਰੇ ਦੀ ਧਮਕ ਉਠੀ। ਥੋੜੇ ਕਦਮ ਅੱਗੇ ਗਏ ਤਾਂ ਰਾਇ ਬਿਸਾਲੀ ਵਜ਼ੀਰ ਤੇ ਸੰਗਤ ਤੇ ਨਿਮਾਣੀ ਸੰਗਤ ਬਿਰਧ ਬਾਲ ਤੇ ਅਬਲਾ ਮੁਹਰੇ ਲੈਣ ਲਈ 'ਜੀ ਆਇਆਂ ਕਰਨ' ਲਈ ਖੜੇ ਸਨ, ਪਿੱਛੇ ਹੋਰ ਅਹਿਲਕਾਰ ਤੇ ਪਹਿਲੇ ਪਹੁੰਚੇ ਵਹੀਰ ਦੇ ਸਿੰਘ ਸਫਾਂ ਬੱਧੀ ਖੜੇ ਸਨ। ਰਾਇ ਨੇ ਅੱਗੇ ਵਧਕੇ ਚਰਨਾਂ ਤੇ ਸਿਰ ਧਰਿਆ, ਸਤਿਗੁਰਾਂ ਨੇ ਛਾਤੀ ਨਾਲ ਲਾਕੇ ਪਿਆਰ ਦਿਤਾ ਤੇ ਕਿਹਾ :- ਨਿਹਾਲ ! ਫਿਰ ਵਜ਼ੀਰ ਨੇ ਮੱਥਾ ਟੇਕਿਆ, ਸਤਿਗੁਰਾਂ ਨੇ ਫੇਰ ਕਿਹਾ : ਕਲਯਾਨ! ਹੁਣ ਸੰਗਤਾਂ ਨੇ ਸ਼ਬਦਾਂ ਦੀ ਘਨਘੋਰ ਆਰੰਭੀ ਤੇ ਸੱਤਤਿਲੀ ਮਾਈ, ਜੋ ਸਾਰੇ ਪਰਦੇ ਤੇ ਲੁਕਾ ਛੋੜ ਕੇ ਸੰਗਤ ਵਿਚ ਆਈ ਹੋਈ ਸੀ, ਆਰਤੀ ਦਾ ਥਾਲ ਲੈਕੇ ਅਗੇ ਵੱਧੀ ਜਿਸਨੇ ਆਪਣੀ ਆਰਤੀ ਦੇ ਵਿਚ ਵਿਚ ਅੱਜ ਪਹਿਲਾ ਦਰਸ਼ਨ ਆਸਾ ਦੀ ਵਾਰ ਦੇ ਦਾਤੇ ਦਾ ਕੀਤਾ। ਨੈਣ ਭਰ ਭਰ ਆਏ ਬੀਬੀ ਦੇ ਖੁਸ਼ੀ ਦੇ ਅੱਥਰੂਆਂ ਨਾਲ ਤੇ ਚਿਹਰਾ ਲਾਲ ਹੋ ਗਿਆ। ਸੀਸ ਨਹੀਂ ਨਿਵਿਆਂ ਨੈਣਾਂ ਨੇ ਮੀਟਣਾਂ ਭੁੱਲਿਆ ਤੇ ਦਾਤੇ ਦੇ ਦਰਸ਼ਨਾਂ ਵਿਚ ਭਚੱਕ ਰਹਿ ਗਏ; ਸੁਰਤਿ ਰਸ ਵਿਚ ਗੱਡ ਗਈ। ਹਾਂ ਫਿਰ ਹੋਸ਼ ਪਰਤੀ, ਸੀਸ ਨਿਵਿਆਂ ਤੇ ਆਪਣੀ ਕਿਸੇ ਪਿਆਰ ਭਰੀ ਬੋਲੀ ਵਿਚ ਆਰਤੀ ਉਤਾਰੀ, ਫੇਰ ਇਕ ਤ੍ਰਿੱਲੜਾ ਤੁਰਲਾ, ਜਿਸ ਵਿਚ ਫੁੱਲ ਤੇ ਮੋਤੀ ਰਲਾ ਕੇ ਪਰੋਏ ਹੋਏ ਸਨ-ਬੀਬੀ ਨੇ ਸੁਹਣੀ ਦਸਤਾਰ ਵਿਚ ਸੁਹਣੀ ਕਲਗੀ ਨਾਲ ਟੁੰਗਿਆ। ਰਾਇ ਜੀ ਨੇ ਬਿਜੈ-ਮਾਲਾ ਆਪ ਦੇ ਗਲੇ ਪਹਿਰਾਈ ਤੇ ਸਭ

ਨੇ ਨਮਸਕਾਰ ਕੀਤੀ। ਫੇਰ ਡੇਰਾ ਜਿਥੇ ਰਾਤ ਲਈ ਸਜਿਆ ਸੀ ਉਥੇ ਡੇਰਾ ਕਰਵਾਇਆ, ਰਹਿਰਾਸ ਦਾ ਦੀਵਾਨ ਸਜ ਗਿਆ, ਭੋਗ ਪਿਆ, ਕੜਾਹ ਪ੍ਰਸ਼ਾਦ ਵਰਤਿਆ।

ਹਰਖ਼ ਕਿ ਸ਼ੋਕ, ਜੰਗ ਕਿ ਸੁਲਹ, ਪੂਜਨ ਹੋ ਰਹੇ ਕਿ ਇਕੱਲੇ ਸਦਾ ਸਾਂਈਂ ਰੰਗ ਰਤੜੇ ਦਾਤਾ ਜੀ ਆਪਣੇ ਬਿਰਦ ਤੋਂ ਨਹੀਂ ਘੁੱਸਦੇ। ਹੁਣ ਆਪ ਆਰਾਮ ਨਹੀਂ ਕੀਤਾ, ਜਿਸ ਡੇਰੇ ਘਾਇਲਾਂ ਦੀ ਮਲ੍ਹਮ ਪੱਟੀ ਹੋ ਰਹੀ ਸੀ ਉਥੇ ਆਪ ਗਏ, ਸੁਹਣੇ ਬਚਨ ਜੁਆਨਾਂ ਨਾਲ ਕੀਤੇ, ਘਾਵਾਂ ਤੇ ਹੱਥ ਧਰ ਅਸੀਸਾਂ ਦਿੱਤੀਆਂ। ਸਾਲ ਪੱਤ੍ਰ ਕਿ ਪੱਥਰ ਚੂਨ ਬੂਟੀਆਂ ਕੁੱਟੀਆਂ ਤੇ ਬੱਧੀਆਂ ਜਾ ਰਹੀਆਂ ਸਨ, ਮਲ੍ਹਮਾਂ ਤੇ ਤੇਲ ਪਾਏ ਜਾ ਰਹੇ ਸਨ; ਕਈ ਘਾਵ ਟਾਂਕਿਆਂ ਨਾਲ ਠੀਕ ਹੋਣ ਵਾਲੇ ਸਨ, ਸਿਆਣੇ ਜਰਾਹ ਰਾਇ ਦੇ ਤੇ ਆਪਣੇ ਜ਼ਖਮਾਂ ਨੂੰ ਲੂਣ ਦੇ ਪਾਣੀ ਨਾਲ ਧੋ ਧੋ ਕੇ ਸੀਉਂ ਰਹੇ ਸਨ। ਦਾਤੇ ਦੀ ਇਹ ਮਿਹਰ, ਕਿ ਕਮਰ ਕੱਸਾ ਖੋਹਲੇ ਤੋਂ ਬਿਨਾ ਘਾਇਲਾਂ ਵਲ ਆਏ ਹਨ, ਸਭ ਦੇ ਦਿਲਾਂ ਨੂੰ ਸ਼ੁਕਰ ਨਾਲ ਭਰ ਗਈ। ਇਧਰ ਦਾ ਪ੍ਰਬੰਧ ਦੇਖ, ਦਿਲਾਸਾ ਦੇ ਆਪ ਨਦੀ ਕਿਨਾਰੇ ਗਏ ਜਿੱਥੇ ਮਰ ਚੁਕਿਆਂ ਦਾ ਅੰਗੀਠਾ ਤਿਆਰ ਸੀ, ਤੇ ਸਾਹਿਬ ਚੰਦ ਜੀ ਦੇ ਸਨਮਾਨ ਜੋਗ ਸਸਕਾਰ ਦਾ ਪ੍ਰਬੰਧ ਸੀ। ਅਰਦਾਸਾ ਸੋਧਿਆ ਆਪਦੇ ਪਵਿੱਤ੍ਰ ਹੱਥਾਂ ਨੇ ਦਾਹ ਅਗਨੀ ਦੇਣ ਦਾ ਛੇਕੜਲਾ ਪਿਆਰ ਪਿਆਰੇ ਸਾਹਿਬ ਚੰਦ ਜੀ ਨਾਲ ਕੀਤਾ, ਸੁਹਣੇ ਮੁਖਵਾਕ ਤੋਂ ਅਸੀਸ ਨਿਕਲੀ: ਘਾਲ ਦਰ ਪਰਵਾਨ ! ਟੁਰ ਗਏ ਸੱਜਣਾਂ ਦੀਆਂ ਰੂਹਾਂ ਤੇ ਰੱਬ ਦੀ ਮਿਹਰ ਮਿਹਰ ! ਮਿਹਰ ! ! ਮਿਹਰ ! ! ! ਇਹ ਪਿਆਰ ਕਰਕੇ ਡੇਰੇ ਆਏ ਤੇ ਮਲਾਹਾਂ ਤੇ ਖੁਸ਼ੀਆਂ ਕੀਤੀਆਂ, ਇਨਾਮ ਵੰਡੇ। ਇਕ ਦਸਤਾ ਪਾਰ ਘੱਲਿਆ ਕਿ ਸ਼ੱਤਰੂ ਹੁਣ ਡੇਰਿਆਂ ਵਿਚ ਚਲੇ ਗਏ ਹਨ, ਤੁਸੀਂ ਤਾਰਿਆਂ ਦੀ ਲੋ ਵਿਚ ਵੇਖੋ ਜੇ ਕੋਈ ਸਿੰਘ ਘਾਇਲ ਰਹਿ ਗਿਆ ਹੋਵੇ ਤਾਂ ਚਾ ਲਿਆਓ; ਕੋਈ ਲੋਥ ਸਿੰਘ ਦੀ ਪਈ ਹੋਵੇ ਤਾਂ ਲੈ ਆਓ। ਇਹ ਸਾਰਾ ਕੁਛ ਕਰਕੇ ਫੇਰ ਸਭ ਦੇ ਆਰਾਮ, ਖਾਣੇ ਦਾਣੇ ਦੀ ਹਾਲਤ ਪੁੱਛੀ, ਤਸੱਲੀ ਕੀਤੀ, ਤਦ ਕਮਰਕੱਸਾ ਖੋਲ੍ਹਿਆ ਤੇ ਪ੍ਰਸ਼ਾਦਾ ਛੱਕ ਕੇ ਆਰਾਮ ਕੀਤਾ।

ਦਿਨ ਦੀ ਖਕਾਈ ਦੁਨੀਆਂ ਨੂੰ ਆਰਾਮ ਦੇਣ ਲਈ ਰਾਤ ਆਉਂਦੀ ਹੈ, ਪਰ ਰਾਤ ਟੁਰੀ ਜਾਂਦੀ ਹੈ, ਹਾਂ ਟੁਰਦੀ ਤਾਂ ਹੈ ਜ਼ਰੂਰ; ਪਰ ਟੁਰਦੀ ਸਹਿਜੇ ਹੈ, ਮਲਕੜੇ ਮਲਕੜੇ ਐਉਂ ਜੋ ਪਤਾ ਹੀ ਨਾ ਲਗੇ ਕਿ ਟੁਰਦੀ ਪਈ ਹੈ। ਐਨੀ ਧੀਮੀਂ ਚਾਲ ਚਲਦੀ ਹੈ ਸੁਖਦਾਤੀ ਰਾਤ ਕਿ ਦੁਖਾਂ ਵਾਲੇ, ਉਨੀਂਦ੍ਰੇ ਵਿਚ ਵਿਆਕੁਲ ਲੋਕ ਤੇ ਬਿਰਹੋਂ ਦੇ ਹੱਥੋਂ 'ਤੜਫਨ ਵਾਲੀਆਂ' ਜਿੰਦੀਆਂ ਇਸ ਨੂੰ ਖੜੋਤੀ ਤੇ ਕਦੇ ਨਾ ਬੀਤਣ ਵਾਲੀ ਕਹਿਣ ਲਗ ਪੈਂਦੇ ਹਨ। ਪਰ ਦੇਖੋ ਰਾਤ ਬੀਤ ਹੀ ਜਾਂਦੀ ਹੈ, ਖ਼ਬਰੇ ਇਸ ਕਰ ਕੇ ਕਿ ਰਾਤ ਦੇ ਟਿਕਾਉ ਵਿਚ ਨੀਂਦ ਆਵੇ ਤੇ ਸੁਖ ਦੇਵੇ, ਪਰ ਬਹੁਤੀ ਨੀਂਦ ਜਗਤ ਨੂੰ ਹੱਡ ਰੱਖ, ਸੁਸਤ ਤੇ ਢਿੱਲਾ ਹੀ ਨਾ ਬਣਾ ਦੇਵੇ, ਸੋ ਅੱਜ ਦੀ ਸੁਖਦਾਤੀ ਰਾਤ ਬੀ ਅੰਮ੍ਰਿਤ ਵਰਸਾਉਂਦੀ ਮਿੱਠੇ ਚਾਨਣੇ ਵਾਲੇ ਅਸਮਾਨੀ ਨੂਰਾਂ ਦੇ ਦਰਸ਼ਨ ਕਰਾਉਂਦੀ, ਆਪਣੇ ਚੁੱਪ ਰਾਗ ਨਾਲ ਲੋਰੀਆਂ ਦੇਂਦੀ, ਤਾਜ਼ਗੀ ਬਖਸ਼ਦੀ, ਤਰੌਤਾਂ ਲੁਟਾਉਂਦੀ ਠੰਡਾਂ ਪਾਉਂਦੀ ਰੁਮਕੇ ਰੁਮਕੇ ਟੁਰਦੀ ਲੰਘ ਗਈ ਤ ਚਲੀ ਗਈ ਆਪਣੇ ਆਰਾਮ ਦੇ ਦੇਸ਼ ? ਨਹੀਂ, ਕਿਸੇ ਹੋਰਸ ਦੇਸ਼ ਨੂੰ ਉਹੋ ਆਰਾਮ ਉਹੋ ਠੰਢ ਉਹੋ ਤਰੌਤ ਦਾਨ ਕਰਨ ਲਈ। ਪੂਰੇ ਤੋਂ ਪਹੁ ਫੁੱਟੀ, ਲਾਲੀ ਦੀ ਆਭਾ ਨਿੱਸਰੀ, ਚਿੜੀ ਚੁਹਕੀ, ਨਿਕੀ ਨਿਕੀ ਹਵਾ ਰੁਮਕੀ, ਜਗਤ ਜਾਗਿਆ ਪਿਆਰੇ ਦੇ ਨੇਹੁ ਵਾਲਿਆਂ ਦੀ ਆਸਾ ਦੀ ਵਾਰ ਦਾ ਭੋਗ ਪਿਆ, ਦਰਿਯਾ ਦੇ ਕੰਢੇ --

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ
ਚਾਉ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ
ਮੁਖਿ ਸਚਾ ਨਾਉ॥ (ਮਾਝ ਵਾਰ ਮਹਲਾ ੨-੧੯)

ਹਾਂ ਦਰਿਆਉ ਦੇ ਕੰਢੇ, ਸਤਲੁਜ ਦੇ ਕੰਢੇ ਆਸਾ ਦੀ ਵਾਰ ਦਾ ਭੋਗ ਪਿਆ। ਕੜਾਹ ਪ੍ਰਸ਼ਾਦ ਦੇ ਰੱਫੇ ਵੰਡੇ ਗਏ। ਸਤਿਗੁਰਾਂ ਨੇ ਇਕ ਭੇਸ ਵਟਾਵਾਂ ਦਸਤਾ ਪਾਰ ਘੱਲਿਆ ਕਿ ਦੁਸ਼ਮਨ ਦੇ ਜਾਗਣ ਤੋਂ ਪਹਿਲਾਂ ਇਕ ਤਲਾਸ਼ ਪਾਰਲੇ ਮੈਦਾਨ ਵਿਚ ਫੇਰ ਹੋ ਜਾਏ ਮਤੇ ਕੋਈ ਆਪਣਾ ਘਾਇਲ ਰਹਿ ਗਿਆ ਹੋਵੇ, ਮਤੇ ਕਿਸੇ ਜੀਉ ਉਠੇ ਬਹਾਦਰ ਦੀ ਸਰੀਰ ਤਿਆਗ ਗਈ ਲੋਥ ਮੈਦਾਨ ਦੇ ਗਰਦ ਗੁਬਾਰ ਵਿਚ ਪਈ ਨਾ ਰਹਿ ਗਈ ਹੋਵੇ।

ਹੁਣ ਦਿਨ ਚੜ੍ਹ ਆਇਆ। ਉਧਰੋਂ ਰਾਇ ਆ ਕਦਮਾਂ ਵਿਚ ਹਾਜ਼ਰ ਹੋਇਆ :--

ਰਾਵ ਬਿਸਾਲੀ ਕੋ ਤਬਿ ਆਯਹੁ : ਚਰਨ ਸਰੋਜਨ ਬੰਦੇ। ਕਰਹਿ ਬਾਰਤਾ ਸੰਘਰ ਕੇਰੀ, ਹੋਵਤਿ ਰਿਦੇ ਅਨੰਦੇ॥ ੪੫॥...
ਮੁਝ ਕੋ ਜਾਨ ਆਪਨਾ ਚੇਰਾ, ਨਗਰ ਚਲਹੁ ਦ੍ਰਿਗ ਹੇਰੋ॥ ਚਰਨ ਸਰੋਜਨਿ ਪਾਇ ਨਿਕੇ- ਤਹਿ, ਪਾਵਨ ਕੀਜਹਿ ਮੇਰੋ॥ ੪੯॥ ਵਸਤੁ ਦਾਸ ਕੀ ਘਰ ਤੇ ਆਦਿਕ ਸਭ ਅਪਨੀ ਪ੍ਰਭੁ ਜਾਨੋ॥ ਰਹਹੁ ਸੁ ਬਰਤਹੁ ਕਰੁਨਾ ਕਰਿਕੈ, ਮਨ ਭਾਵਤ ਸੁਖ ਠਾਨੋ॥ ੫੦॥ (ਸੂ:ਪ੍ਰ:)

ਰਾਇ ਦੇ ਪ੍ਰੇਮ ਤੇ ਭਾਵਨਾ ਪਰ ਖੁਸ਼ ਹੋ ਕੇ ਸ੍ਰੀ ਗੁਰੂ ਜੀ ਤਿਆਰ ਹੋ ਪਏ ਤੇ ਉਸ ਦੇ ਮਹਲ ਵਿਚ ਜਾ ਡੇਰੇ ਲਾਏ। ਬੜੇ ਸੁਹਣੇ ਸਜੇ ਕਮਰੇ ਵਿਚ ਉਤਾਰਾ ਦਿਤਾ ਤੇ ਹਰ ਪ੍ਰਕਾਰ ਦਾ ਆਦਰ ਕੀਤਾ, ਇਤਨਾ ਕਿ ਸ੍ਰੀ ਅਜੀਤ ਸਿੰਘ ਜੀ ਤੇ ਹੋਰ ਪਿਆਰੇ ਓਸ ਦੇ ਭਾਵ ਪਰ ਪ੍ਰਸੰਨ ਹੋ ਗਏ :-

ਸ੍ਰੀ ਅਜੀਤ ਸਿੰਘ ਸਕਲ ਖਾਲਸਾ ਰਾਵ ਭਾਵ ਕੋ ਹੇਰੇ॥ ਸ੍ਰੀ ਪ੍ਰਭੁ ਨਿਕਟਿ ਪ੍ਰਸੰਸਾ ਠਾਨਤਿ ਪ੍ਰੇਮੀ ਭਾਗ ਬਡੇਰੇ॥ ੫੪॥ ਸਰਬ ਭਾਂਤਿ ਕਰਿ ਸਭਿਹੂੰ ਸੁਖ ਭਾ, ਬਾਂਛਤ ਵਸਤੁ ਪੁਚਾਈ॥ ਖਾਨ ਪਾਨ ਕਰਿ ਅਧਿਕ ਅਨੰਦੇ, ਗੁਰ ਤੇ ਖੁਸ਼ੀ ਕਰਾਈ॥ ੫੫॥

ਇਸ ਪ੍ਰਕਾਰ ਬਿਸਾਲੀ ਵਿਚ ਸ੍ਰੀ ਗੁਰੂ ਜੀ ਦਾ ਡੇਰਾ ਲੱਗ ਗਿਆ-

ਬਸੇ ਬਿਸਾਲੀ ਨਗਰ ਮਹਿਂ ਗੁਰੂ ਗਰੀਬ ਨਿਵਾਜ !
ਆਇ ਰਾਵ ਬੰਦਨ ਕਰੈ ਸੇਵੈ ਜਿਤਿਕ ਸਮਾਜ[1]।
ਬੈਠੇ ਨਿਕਟਿ ਬਾਕ ਗੁਰ ਸੁਨੈ, ਭਾਗ ਆਪਨੇ ਦੀਰਘ ਗੁਨੈ। ਸਗਲ ਖਾਲਸੇ ਲਗਹਿ ਦੀਵਾਨ!
ਸ੍ਰੀ ਅਜੀਤ ਸਿੰਘ ਥਿਤ ਹੁਇਂ ਆਨਿ।
(ਸੂਰਜ ਪ੍ਰਕਾਸ਼)

ਕੁਛ ਸਮਾਂ ਪਾ ਕੇ ਆਨੰਦ ਪੁਰ ਦੀ ਥਾਂ ਹੁਣ ਬਿਸਾਲੀ ਆਨੰਦਪੁਰ ਬਣ ਗਿਆ, ਸੰਗਤਾਂ ਦੇ ਵਹੀਰ ਬੀ ਇਧਰ ਪੈ ਗਏ।

੭.

ਰਾਜ ਘਰ ਬਿਸਾਲੀ ਵਿਚ ਇਕ ਇਕੱਲੇ ਕਮਰੇ ਵਿਚ ਰਾਣੀ ਤੇ ਵਜ਼ੀਰ ਰਾਣੀ ਬੈਠੀਆਂ ਹਨ।

ਰਾਣੀ-ਸੀਤਾ ! ਗੁਰੂ ਮਹਾਰਾਜ, ਸਦਕੇ ਜਾਈਏ, ਮੈਂ ਤਾਂ ਹੁਣ ਦਰਸ਼ਨ ਪਾਏ ਹਨ, ਬੜੇ ਦਿੱਬ ਮੂਰਤੀ ਹਨ, ਮੈਂ ਭਗਵਾਨ ਦੀਆਂ ਕਥਾ ਨਿੱਤ ਸੁਣਦੀ ਰਹੀ ਹਾਂ, ਪਰ ਦਰਸ਼ਨ ਕਰ ਕੇ ਪਤਾ ਲੱਗਾ ਹੈ ਕਿ ਭਗਵਾਨ ਏਹੋ ਹਨ !

ਸੀਤਾ-ਹਾਂ, ਇਹ ਕਈ ਭਗਵਾਨਾਂ ਦੇ ਭਗਵਾਨ ਹਨ, ਇਹ 'ਗੁਰ ਭਗਵਾਨ' ਹਨ ਸਭ ਤੋਂ ਵੱਡੇ। ਸ਼ੁਕਰ ਹੈ ਕਿ ਤੁਸਾਂ ਨੂੰ ਬੀ ਪਿਆਰ ਲੱਗਾ ਹੈ। ਰਾਇ ਜੀ ਤਾਂ ਮੁੱਦਤਾਂ ਦੇ ਲਗੇ ਹੋਏ ਜਾਪਦੇ ਹਨ।

ਰਾਣੀ-ਹਾਂ ਜੀ ਚਿਰ ਹੋਇਆ ਹੈ ਉਹਨਾਂ ਨੇ ਕਿਤੇ ਸਿਖਾਂ ਦੇ ਲੱਗੇ ਦੀਵਾਨ ਵਿਚ ਆਸਾ ਦੀ ਵਾਰ ਸੁਣੀ ਸੀ, ਤਦੋਂ ਹੀ ਪੋਥੀ ਲਿਖਵਾ ਲਈ ਤੇ ਨਿੱਤ ਪੜ੍ਹਦੇ ਸਨ ਤੇ ਭਰੋਸੇ ਵਾਲੇ ਹੋ ਗਏ ਸਨ, ਪਰ ਮੈਂ ਪੱਥਰ ਰਹੀ। ਹੁਣ ਤਾਂ ਮੇਰਾ ਚਿਤ ਨਰਮੀ ਖਾ ਗਿਆ ਹੈ ਤੇ ਅੰਮ੍ਰਿਤ ਵਲੇ ਉੱਠਣ, ਇਸ਼ਨਾਨ ਕਰਨ ਤੇ ਆਸਾ ਦੀ ਵਾਰ ਸੁਣਨ ਵਿਚ ਬੜਾ ਮਿੱਠਾ ਮਿੱਠਾ ਸੁਆਦ ਆਉਂਦਾ ਹੈ; ਜੀ ਧੋਤਾ ਜਾਂਦਾ ਹੈ, ਕਦੇ ਕੋਈ ਦੋ ਅੱਥਰੂ ਆ ਜਾਂਦੇ ਹਨ; ਕਲੇਜਾ ਠਰ ਜਾਂਦਾ ਹੈ, ਸਾਰਾ ਦਿਨ ਦਿਲ ਹਲਕਾ ਹਲਕਾ ਰਹਿੰਦਾ ਹੈ।

ਸੀਤਾ-ਇਹੋ ਕਰਾਮਾਤ ਹੈ ਆਸਾ ਦੀ ਵਾਰ ਦੀ, ਜੋ ਧੋ ਕੇ ਮਨ ਨਿਰਮਲ ਕਰ ਦਿੰਦੀ ਹੈ। ਵਿਚਾਰ ਉੱਚੀ ਹੋ ਜਾਂਦੀ ਹੈ, ਕਮੀਨੇ ਪਨ ਤੋਂ ਨਿਕਲਕੇ ਚਿਤ ਵਿਸ਼ਾਲ ਹੋਣ ਲੱਗ ਜਾਂਦਾ ਹੈ; ਨੀਵੇਂ ਸੰਕਲਪ ਖਹਿੜਾ ਛੱਡਣ ਲੱਗ ਜਾਂਦੇ ਹਨ, ਉੱਚੇ ਖਿਆਲ ਉਪਜਦੇ ਹਨ। ਕਦੇ ਚਿਤ ਜੁੜਦਾ ਹੈ, ਸ਼ੁਭ ਭਾਵ ਉਮਗਦੇ ਹਨ, ਇਸੇ ਰੰਗ ਵਿਚ ਫੇਰ ਨਾਮ ਦੀ ਬੂਟੀ ਲੱਗਦੀ ਹੈ। ਇਸ ਬੂਟੀ ਉਤੇ ਅੰਬਰਾਂ ਤੋਂ ਮਿਹਰਾਂ ਦਾ ਮੀਂਹ ਪੈਂਦਾ ਹੈ, ਫੇਰ ਬੂਟੀ ਮੁਸ਼ਕਦੀ ਹੈ; ਆਪਾ ਖੁਹ ਉੱਠਦਾ ਹੈ; ਸੁਗੰਧਿਤ ਆਪਾ ਖੁਹ ਕੇ ਆਪੇ ਵਿਚ ਮਸਤਾਂਦਾ ਹੈ, ਤਦੋਂ ਹੋਸ਼ ਆਉਂਦੀ ਹੈ ਕਿ ਹੈਂ ! ਮਨੁਖਾ ਜਨਮ ਇਸ ਸੁਹਣੇ ਰਸ ਮਾਣਨ ਵਾਸਤੇ ਸੀ ? ਜਿਨ੍ਹਾਂ ਰਸਾਂ ਵਿਚ ਮਸਤਿਆਂ ਪਹਿਲੀ ਉਮਰ ਬੀਤੀ ਹੁੰਦੀ ਹੈ ਓਹ ਮੈਲੇ ਮੈਲੇ, ਭਾਰੇ ਭਾਰੇ ਉਦਾਸੀਆਂ ਦੀ ਧੂੜ ਵਾਲੇ ਨਜ਼ਰੀ ਪੈਣ ਲਗ ਜਾਂਦੇ ਹਨ।

ਰਾਣੀ (ਹਾਹੁਕਾ ਲੈ ਕੇ)-ਕਦੇ ਮੇਰੇ ਭਾਗ ਮੈਨੂੰ ਇਥੇ ਲੈ ਜਾਣਗੇ।

1. ਰਾਜਾ ਧਰਮਪਾਲ ਨੂੰ ਸਤਿਸੰਗ ਭਗਤੀ ਕਰਨ ਦਾ ਬਹੁਤ ਪ੍ਰੇਮ ਸੀ, ਇਸ ਕਰਕੇ ਹਰ ਵੇਲੇ ਗੁਰੂ ਜੀ ਦੇ ਬਚਨ, ਕਥਾ ਕੀਰਤਨ- -ਜੋ ਗੁਰੂ ਜੀ ਦੇ ਦੀਵਾਨ ਵਿਚ ਦੋ ਵੇਲੇ ਹੋਣ ਦਾ ਪ੍ਰਚਾਰ ਸੀ, ਬੜੇ ਪ੍ਰੇਮ ਤੇ ਸ਼ਰਧਾ ਨਾਲ ਸੁਣਦਾ ਰਹਿੰਦਾ ਸੀ। (ਤਵਾਰੀਖ ਖਾਲਸਾ

ਸੀਤਾ-ਭਾਗ ਇਥੋਂ ਤਕ ਤਾਂ ਲੈ ਆਏ ਹਨ ਕਿ ਗੁਰੂ ਭਗਵਾਨ ਤੁਹਾਡੇ ਘਰ ਆ ਗਿਆ ਹੈ। ਹੁਣ ਗੁਰੂ ਭਗਵਾਨ ਜੀ ਓਥੇ ਲੈ ਜਾਣਗੇ ਜਿੱਥੇ ਲੈ ਜਾਣ ਲਈ ਉਹ ਦੁਖਾਂ ਭਰੇ ਜਗਤ ਵਿਚ ਆਏ ਹਨ।

ਰਾਣੀ-ਕਦੇ ਦਾਤਾ ਜੀ ਹੁਣ ਇਥੇ ਹੀ ਰਹਿ ਪੈਣ ਨਾ ? ਕੀਹ ਲੈਣਾ ਨੇ ਆਨੰਦਪੁਰ ਜਾ ਕੇ ? ਇਹ ਧਰਤੀ ਬੀ ਉਹਨਾਂ ਦੀ ਆਪਣੀ ਹੈ।

ਸੀਤਾ-ਭਾਵਨੀ ਸੁਹਣੀ ਹੈ, ਅਰਜ਼ ਕਰੋ, ਪਰ ਦਾਹਵਾ ਨਾ ਬੰਨ੍ਹੋ, ਕਿਉਂਕਿ ਰਾਹਕ ਮੀਂਹ ਦਾ ਲੋੜਕੂ ਤਾਂ ਸਦਾ ਹੈ, ਪਰ ਮੀਂਹ ਉਸ ਦਾ ਬੰਨ੍ਹਿਆਂ ਬੱਝ ਨਹੀਂ ਸਕਦਾ। ਇਹ ਅਰਸ਼ਾਂ ਦੇ ਮਾਲਕ ਕਿਸੇ ਕੰਮ ਕਰਨ ਲਈ ਆਉਂਦੇ ਹਨ ਤੇ ਆਪਣੇ ਵੇਗ ਵਿਚ ਟੁਰਦੇ ਹਨ। ਕੋਈ ਪਿਆਰ, ਕੋਈ ਖਿੱਚ ਕਿਸੇ ਦੀ ਉਹਨਾਂ ਨੂੰ ਬੰਨ੍ਹ ਨਹੀਂ ਸਕਦੀ : ਆਪਣੀ ਲਾਲਸਾ ਕੋਈ ਉਹਨਾਂ ਦੀ ਹੁੰਦੀ ਨਹੀਂ। ਉਹ ਤੁਠਦੇ ਹਨ, ਠਹਿਰਦੇ ਹਨ ਪਰ ਫੇਰ ਚਾਲੇ ਪੈ ਜਾਂਦੇ ਹਨ।

ਰਾਣੀ-ਅਗਲੇ ਦਿਨ ਤੁਸਾਂ ਹੀ ਕਿਹਾ ਸੀ ਕਿ ਪਿਆਰ ਨਾਲ ਰੱਬ ਜੀ ਨੂੰ ਬੰਨ੍ਹ ਲਈਦਾ ਹੈ, ਕੋਈ ਤੁਕ ਬੀ ਤੁਸਾਂ ਪੜ੍ਹੀ ਸੀ ਕਿ ਭਗਤਾਂ ਦੇ ਬਝੇ ਰੱਬ ਜੀ ਛੁੱਟ ਨਹੀਂ ਸਕਦੇ।

ਸੀਤਾ-ਹਾਂ, ਠੀਕ ਹੈ ! ਪ੍ਰੇਮ ਦੀ ਖਿੱਚ ਵਿਚ ਰੱਬ ਜੀ ਬੱਝਦੇ ਹਨ, ਪਰ ਉਹ ਸਾਨੂੰ ਤਾਰਨ ਵਾਸਤੇ, ਸਾਨੂੰ ਆਪਣੇ ਨਾਲ ਪੇਉਂਦ ਕਰ ਲੈਣ ਵਾਸਤੇ। ਉਹ ਪ੍ਰੇਮ ਸਰੂਪ ਹੈਨ, ਪਿਆਰ ਦੀ ਝਰਨਾਟ ਨਾਲ ਪਿਆਰ ਵਿਚ ਰੀਝਦੇ ਆਉਂਦੇ ਹਨ, ਸਾਡੇ ਨਿਮਾਣੇ ਪਿਆਰ ਦਾ ਸੁਆਦ ਲੈਂਦੇ ਸਾਨੂੰ ਆਪੇ ਵਿਚ ਖਿੱਚ ਲੈਂਦੇ ਹਨ, ਫੇਰ ਸਾਨੂੰ ਵਿਛੋੜੇ ਦੀ ਵਿੱਥ ਆ ਕੇ ਨਹੀਂ ਨਿਖੇੜਦੀ, ਐਉਂ ਬੱਝਦੇ ਹਨ। ਐਉਂ ਤਾਂ ਨਹੀਂ ਨਾ ਕਿ ਸਾਡੀ ਨਿੱਕੀ ਜਿਹੀ ਮਰਜ਼ੀ ਦੇ ਵਿਚ ਫਸਕੇ ਆਪ ਨਿੱਕੇ ਹੋ ਜਾਂਦੇ ਹਨ। ਸਾਡੇ ਪਿਆਰ ਦੇ ਕਾਰਣ ਸਾਨੂੰ ਨਿੱਕਿਆਂ ਨੂੰ ਆਪਣੇ ਨਾਲ ਮੇਲ ਕੇ ਵੱਡਿਆਂ ਕਰ ਲੈਂਦੇ ਹਨ। ਅਸਲ ਵਿਚ ਪ੍ਰੇਮ ਸਰੂਪ ਹੈ ਹੀ ਉਹਨਾਂ ਦਾ, ਉਹ ਸਾਨੂੰ ਪ੍ਰੇਮ ਦਾਨ ਕਰਦੇ ਹਨ।

"ਜੇਵਡੁ ਆਪਿ ਤੇਵਡੁ ਤੇਰੀ ਦਾਤਿ।"

ਹੁਣ ਦੇਖੋ ਗੁਰੂ ਜੀ ਨੇ ਤੁਸਾਂ ਨੂੰ ਤੇ ਅਸਾਂ ਸਾਰਿਆਂ ਨੂੰ ਚਰਨੀਂ ਲਾ ਲਿਆ ਹੈ, ਨਾਮ ਦਾਨ ਬਖਸ਼ ਦਿੱਤਾ ਹੈ, ਅਸੀਂ ਅੰਤਰ-ਆਤਮੇ ਸੁਖੀ ਹੋ ਰਹੇ ਹਾਂ, ਪਰ ਇਹ ਤਾਂ ਨਹੀਂ ਹੋਣ ਲੱਗਾ ਕਿ ਮੇਰੇ ਘਰ ਯਾ ਆਪ ਦੇ ਘਰ ਸੁਖਾਂ ਵਿਚ ਮਸਤ ਹੋਕੇ ਰਹਿ ਜਾਣ। ਤੁਸਾਡਾ ਰਾਜ ਘਰ ਹੈ, ਕਿੰਨਾ ਪਿਆਰ ਤੇ ਆਰਾਮ ਤੁਸਾਂ ਪੇਸ਼ ਕੀਤਾ ਹੈ, ਪਰ ਦੇਖੋ ਉਹ ਕੀਕੂੰ ਕਿਸੇ ਕਿਸੇ ਦਿਨ ਦਲ ਲੈਕੇ ਪਾਰ ਉਤਰ ਜਾਂਦੇ ਰਹੇ ਹਨ ? ਕੀਕੂੰ ਰਾਜਿਆਂ ਦੀਆਂ ਫੌਜਾਂ ਮੁੜੀਆਂ ਜਾਂਦੀਆਂ ਨੂੰ ਵੰਗਾਰ ਵੰਗਾਰ ਕੇ ਹੱਥ ਦਿਖਾ ਆਉਂਦੇ ਰਹੇ ਹਨ ? ਤੁਸੀਂ ਸੁਣੀ ਹੋਊ ਕਿ ਇਕ ਦਿਨ ਬਿਲਾਸਪੁਰੀਏ ਦੀ ਇਕ ਸੈਨਾਂ ਦੇ ਚੰਗੇ ਦੰਦ ਖੱਟੇ ਕਰ ਆਏ ਸਨ।

ਰਾਣੀ-ਜਦ ਝਗੜਾ ਮੁੱਕ ਗਿਆ ਤਾਂ ਫੇਰ ਆਰਾਮ ਕਿਉਂ ਨਹੀਂ ਲੈਂਦੇ ?

ਸੀਤਾ-ਆਨੰਦ ਪੁਰ ਵੱਸਦਾ ਹੈ, ਸਾਰੀ ਪਰਜਾ ਜੋਧਾ ਤਾਂ ਨਹੀਂ ਹੈ। ਜੇ ਉਹਨਾਂ ਨੂੰ ਮੁੜੇ ਜਾਂਦੇ ਰਾਜੇ ਲੁੱਟ ਲੈਣ ਤਾਂ ਕੌਣ ਰਾਖਾ ? ਲੋਹ ਗੜ੍ਹ ਆਦਿ ਕਿਲ੍ਹਿਆਂ ਵਿਚ ਥੋੜੀ ਥੋੜੀ ਸਿਖ ਸੈਨਾਂ ਹੈ ਅਜੇ ਰਾਖੀ ਵਾਸਤੇ, ਜੇ ਕਦੇ ਰਾਜਿਆਂ ਦੀਆਂ ਮੁੜਦੀਆਂ ਸੈਨਾਂ ਹੱਲਾ ਕਰ ਦੇਣ, ਉਨ੍ਹਾਂ ਨੂੰ ਮੁਕਾ ਕੇ ਕਿਲ੍ਹੇ ਢਾ ਦੇਣ ਤਾਂ ਗੁਰੂ ਜੀ ਦੀ ਜੁੱਧ ਵਿਦਯਾ ਦੀ ਨੀਤੀ ਨੂੰ ਉਲ੍ਹਾਮਾ ਹੁੰਦਾ ਹੈ। ਸੋ ਦਾਨੇ ਦਾਤਾ ਜੀ ਨੇ ਜੁੱਧ ਵਿਦਯਾ ਦੇ ਨੇਮ ਤੇ ਆਨੰਦਪੁਰ ਦੀ ਪਰਜਾ ਦੀ ਰਾਖੀ ਤੇ ਕਿਲ੍ਹਿਆਂ ਵਿਚ ਬੈਠੀ ਥੋੜੀ ਸੈਨਾਂ ਦੀ ਰਖਵਾਲੀ ਖਾਤਰ ਆਪ ਆਰਾਮ ਨਹੀਂ ਕੀਤਾ, ਆਪਣੇ ਚਰਨਾਂ ਵਿਚ ਧਰੇ ਸੁਖਾਂ ਵਿਚ ਮਸਤੀ ਨਹੀਂ ਖਾਧੀ, ਪਾਰ ਜਾ ਹੱਲੇ ਗੁੱਲੇ ਕਰ ਦੁਸ਼ਮਨ ਦੇ ਸਿਪਾਹੀਆਂ ਨੂੰ ਦੱਸ ਦਿਤਾ ਕਿ ਵਜ਼ੀਰ ਖਾਂ ਟੁਰ ਚੁਕਾ ਹੈ, ਤੁਸੀਂ ਹੁਣ ਮੁੜੇ ਜਾਂਦੇ ਜੰਗ ਦੇ ਰੰਗ ਵਿਚ ਨਹੀਂ ਹੋ। ਜੇ ਕਦੇ ਕੋਈ ਹੱਥ ਚਲਾਕੀ ਪਰਜਾ ਤੇ ਕੀਤੀ ਤਾਂ ਸਮਝ ਲਓ ਕਿ ਮੈਂ ਤਿਆਰ ਬੈਠਾ ਹਾਂ। ਸਤਿਗੁਰ ਦੇ ਹੱਲਿਆਂ ਗੁੱਲਿਆਂ ਨੇ ਉਨ੍ਹਾਂ ਨੂੰ ਆਪਣੀ ਪਾ ਦਿੱਤੀ ਤੇ ਉਹ ਸਭ ਕੰਨਾਂ ਤੇ ਹੱਥ ਧਰ ਕੇ ਬਿਨਾਂ ਆਨੰਦਪੁਰ ਨੂੰ ਛੇੜੇ ਤੇ ਕਿਸੇ ਗਿਰਾਂ ਦੀ ਪਰਜਾ ਨੂੰ ਦੁੱਖ ਦਿੱਤੇ ਦੇ ਲੰਘ ਗਏ ਹਨ। ਹੁਣ ਜੇ ਗੁਰੂ ਜੀ ਪਾਰ ਜਾ ਕੇ ਸ਼ਿਕਾਰ ਖੇਡਦੇ ਹਨ, ਕਿਸੇ ਫੌਜੀ ਦਸਤੇ ਨਾਲ ਟਾਕਰਾ ਪੈ ਜਾਏ ਤਾਂ ਹੱਥ ਦਿਖਾਲਦੇ ਹਨ, ਇਸ ਦਾ ਅਸਰ ਭੀਮ ਤੇ ਇਹ ਪੈ ਰਿਹਾ ਹੈ ਕਿ ਗੁਰੂ ਜੀ ਨਾਲ ਵਿਗਾੜਨੀ ਚੰਗੀ ਨਹੀਂ, ਇਹ ਤਾਕਤ ਮਾਰਿਆਂ ਮਰਨ ਵਾਲੀ ਨਹੀਂ, ਇਹ ਅੱਗ ਦੱਬਿਆਂ ਦਬ ਜਾਣ ਵਾਲੀ ਨਹੀਂ, ਪਰ ਰਾਜੇ ਬੀ

ਨਿਖੁਟੇ ਕੀ ਕਰਨ ? ਉਹਨਾਂ ਦੀ ਪਿੱਠ ਪਿਛੇ ਮਦਾਰੀ ਹੈ ਤੇ ਖੇਲਣ ਵਾਲੇ ਓਹ ਹਨ। ਏਹ ਗੱਲਾਂ ਮੈਨੂੰ ਪਤੀ ਜੀ ਨੇ ਦਸੀਆਂ ਹਨ, ਉਹ ਕਹਿੰਦੇ ਹਨ ਕਿ ਝੂਠ ਨਾਲ ਨੀਤੀ ਸਭ ਕਿਸੇ ਵਰਤੀ ਹੈ ਪਰ ਅਹਿਲ ਸਚ ਤੇ ਖੜੋਕੇ ਨੀਤੀ ਕੇਵਲ ਗੁਰੂ ਜੀ ਨੇ ਵਰਤੀ ਹੈ।

ਸਤਿਗੁਰਾਂ ਨੇ ਆਪ ਦੇ ਮਹਾਰਾਜ ਜੀ ਨੂੰ ਦਸਿਆ ਹੈ ਕਿ ਸਾਨੂੰ ਰਾਜ ਦੀ ਭੁੱਖ ਨਹੀਂ, ਪਰਜਾ ਦੁਖੀ ਹੈ, ਬਦੇਸ਼ੀ ਪਾਤਸ਼ਾਹ ਜ਼ਾਲਮ ਹੈ। ਮੰਦਰ ਢਾਹ ਕੇ ਮਸੀਤਾਂ ਬਣਦੀਆਂ ਹਨ, ਕਾਜ਼ੀ ਹਿੰਦੂ ਹਿੰਦੂ ਦਾ ਨਿਆਂ ਪਵੇ ਤਾਂ ਵੱਢੀ ਖਾਂਦਾ ਹੈ ਅਤੇ ਹਿੰਦੂ ਮੁਸਲਮਾਨ ਦੇ ਝੇੜੇ ਵਿਚ ਮੁਸਲਮਾਨ ਦਾ ਪੱਖ ਕਰਦਾ ਹੈ। ਹਿੰਦੂ ਰਾਜੇ ਡੋਲੇ ਲੈ ਕੇ ਤੁਰਕ ਨੂੰ ਮਿਲਦੇ ਹਨ, ਗਿਰਾਉ ਇਸ ਹੱਦ ਤੇ ਅੱਪੜ ਗਿਆ ਹੈ। ਜੇ ਰਾਜੇ ਕੱਠੇ ਹੋਣ ਤੇ ਦੇਸ਼ ਨੂੰ ਗੋਲਿਆਂ ਹੋਣ ਤੋਂ ਛੁਟਕਾਰਾ ਦਿਵਾਉਣ, ਤਾਂ ਕਿਹਾ ਚੰਗਾ ਹੋਵੇ, ਪਰ ਰਾਜੇ ਉਲਟਾ ਤੁਰਕ ਦਾ ਹਥ-ਠੋਕਾ ਬਣ ਕੇ ਆਪਣਿਆਂ ਨੂੰ ਦਬੱਲਦੇ ਹਨ, ਇਸ ਕਰਕੇ ਗੁਰੂ ਜੀ ਦੇ ਨਾਮ ਜਪਣ ਵਾਲੇ ਤੇ ਪਰਉਪਕਾਰੀ ਸਿਖਾਂ ਦਾ ਰੌ ਪਰਜਾ ਦੀ ਸੇਵਾ ਤੇ ਰਾਖੀ ਵਲ ਪਾਇਆ ਹੈ ਕਿ ਏਹ ਉਦਮ ਕਰਕੇ ਪਰਤੰਤ੍ਰਤਾ ਦੂਰ ਕਰ ਦੇਣ, ਉਂਵ ਓਹ ਜੁੱਧ ਨਹੀਂ ਲੋੜਦੇ।

ਰਾਣੀ-ਗੁਰੂ ਜੀ ਬੜੇ ਨੀਤੱਗਜ ਬੀ ਹਨ !

ਸੀਤਾ-ਨੀਤੀਵੇਤਾ ਵੀ ਤੇ ਪਰਮਾਰਥੀ ਵੀ। ਦੇਖੋ ਸਾਡੇ ਅਗੇ ਧਰੇ ਸੁਖਾਂ ਵਿਚ ਮਸਤ ਨਹੀਂ, ਪਰ ਸਾਡਾ ਸਭ ਦਾ ਨਿਸਤਾਰਾ ਕੀਤਾ ਨੇ। ਸਤਿਸੰਗ ਹੁੰਦਾ ਹੈ, ਕੀਰਤਨ ਦੀ ਛਹਿਬਰ ਲਗਦੀ ਹੈ, ਨਾਮ ਦੇ ਗੱਫੇ ਦਾਨ ਹੁੰਦੇ ਹਨ, ਪਰ ਉਧਰ ਪਾਰ ਜਾਕੇ ਹੱਲਾ ਸ਼ੇਰੀਆਂ ਨਾਲ ਨਗਰੀ ਬਚਾ ਲਈਨੇ ਵਹਿਸ਼ੀ ਸਿਪਾਹੀਆਂ ਦੀ ਲੁੱਟ, ਖੋਹ, ਮਾਰ ਤੇ ਬੇਪਤੀਆਂ ਤੋਂ। ਫੇਰ ਰਾਜਿਆਂ ਨੇ ਝੂਠੀ ਖਬਰ ਧੁਮਾ ਦਿੱਤੀ ਸੀ ਕਿ ਸਤਿਗੁਰੂ ਉਹਨਾਂ ਤੋਂ ਭਾਂਜ ਖਾ ਕੇ ਪਾਰ ਭੱਜ ਗਿਆ ਹੈ ਤੇ ਸਾਰੀ ਸੈਨਾਂ ਕਤਲ ਹੋ ਗਈ ਹੈ, ਘਰ ਡੇਰਾ ਲੁਟ ਲਿਆ ਗਿਆ ਹੈ। ਸਤਿਗੁਰ ਜੀ ਦਾ ਸੈਨਾਂ ਲੈ ਕੇ ਪਾਰ ਸ਼ਿਕਾਰ ਕਰਨ ਜਾਣਾ, ਉਹਨਾਂ ਦੇ ਰਾਜ ਵਿਚ ਖੁੱਲ੍ਹੇ ਵਿਚਰਨਾ, ਕੋਈ ਗਿਰਾਂ ਅਗੋਂ ਅਟਕੇ ਯਾ ਉਸ ਦਾ ਕੋਈ ਹੁੱਦੇਦਾਰ ਕੁਸਕੇ ਤਾਂ ਨਿਵਾ ਦੇਣ ਨਾਲ ਉਹ ਝੂਠੀ ਖਬਰ ਝੂਠੀ ਸਾਬਤ ਹੋ ਗਈ ਹੈ। ਰਾਣੀ ਜੀ ਤੁਸੀਂ ਤਾਂ ਸਿਆਣੇ ਹੋ ਮੇਰੇ ਪਤੀ ਜੀ ਦੱਸਦੇ ਹਨ ਕਿ ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਫੌਜੀ ਪ੍ਰਬੀਨਤਾ ਦਾ ਜੋ ਕਮਾਲ ਦਿਖਾਇਆ ਹੈ ਇਸ ਤੋਂ ਇਹ ਬੀ ਅਨੁਮਾਨ ਹੁੰਦਾ ਹੈ ਕਿ ਸਤਿਗੁਰ ਜੀ ਕੁਛ ਚਿਰ ਨੂੰ ਆਨੰਦਪੁਰ ਚਲੇ ਜਾਣਗੇ, ਪਰ ਸਿੱਧੇ ਜਾਣ ਕਿ ਕਿਸੇ ਹੋਰ ਤਰਕੀਬ ਨਾਲ ਜਾਣ ਕਿ ਕੋਈ ਜਗਤ ਉਧਾਰ ਦਾ ਕੰਮ ਹੋਰ ਕਰਨਾ ਹੈਨੇ ? ਪਤਾ ਨਹੀ, ਪਰ ਜਾਣਗੇ।

ਰਾਣੀ-ਫੇਰ ਅਸੀਂ ਕੀਹ ਕਰਾਂਗੇ ? ਸਾਡਾ ਤਾਂ ਉਹਨਾਂ ਨਾਲ ਮੋਹ ਪੈ ਗਿਆ ਹੈ।

ਸੀਤਾ-ਇਹ ਮੋਹ ਨਹੀਂ, ਇਹ ਪ੍ਰੇਮ ਹੈ ਤੇ ਪ੍ਰੇਮ ਪਿਆਰੇ ਦੀ ਰਜ਼ਾ ਵਿਚ ਖਿੜਦਾ ਹੈ। ਵਿਛੋੜਾ ਪਵੇ ਵਿਰਾਗ ਵਿਚ ਜਾਂਦਾ ਹੈ, ਬਿਰਹਾ ਕਰਦਾ ਹੈ, ਪਰ ਫੇਰ ਸ਼ੁਕਰ ਵਿਚ ਜੀਉਂਦਾ ਹੈ। ਸਾਡਾ ਮੇਲ ਮੋਹ ਦਾ ਨਹੀਂ ਜੋ ਟੁੱਟਦਾ ਤੇ ਟੋਟਾ ਦੇਂਦਾ ਹੈ, ਵਿਛੁੜਦਾ ਤੇ ਹਾਵੇ ਕਰਦਾ ਹੈ, ਅਸਾਂ ਮੇਲ ਵੇਲੇ ਉਮਗਣਾ ਹੈ, ਬਿਰਹੋਂ ਵੇਲੇ ਦ੍ਰਵਣਾ ਹੈ, ਸ਼ੁਕਰ ਵਿਚ ਰਸ ਭਿੱਜਣਾ ਹੈ ਤੇ ਨਾਮ ਦੀ ਤਾਰ ਨਾਲ ਚਰਨਾਂ ਤੋਂ ਨਹੀਂ ਵਿਛੁੜਨਾ, ਪਰ ਨਹੀਂ ਵਿਛੁੜਨਾ। ਪਰ ਇਹ ਉਹਨਾਂ ਦੀ ਹੀ ਮਿਹਰ ਨਾਲ।

੮.

**ਬਿਸਾਲੀ** ਦਾ ਰਾਇ ਤੇ ਉਸ ਦੀ ਰਾਣੀ ਇਕ ਦਿਨ ਬੈਠੇ ਗੱਲਾਂ ਕਰ ਰਹੇ ਸਨ :

ਰਾਣੀ-ਮਹਾਰਾਜ ! ਅਜ ਤੀਸਰਾ ਦਿਨ ਹੈ, ਸਾਡੇ ਸਾਹਿਬ ਜੀ ਸ਼ਿਕਾਰ ਗਏ ਮੁੜੇ ਨਹੀਂ, ਕੁਛ ਪਤਾ ਹੈ ਕਿਥੇ ਭਾਗ ਲਾ ਰਹੇ ਹਨ ? ਹਿਕੇ ਸਾਂਈਂ ਨਾ ਕਰੇ, ਕਿਸੇ ਔਕੜ ਵਿਚ ਤਾਂ ਨਹੀਂ ਰੁੱਧੇ ਖੜੇ ?

ਰਾਇ-ਆਸ ਤਾਂ ਨਹੀਂ ਪੈਂਦੀ ਕਿ ਕਿਸੇ ਦੇ ਅੜਿੱਕੇ ਆ ਜਾਣ, ਨਾਲ ਉਹਨਾਂ ਦੇ ਚੋਣਵੇਂ ਸੂਰਮੇ ਹਨ ਤੇ ਹਨ ਬੀ ਉਰਾਰ ਹੀ ਪਾਰ ਨਹੀਂ ਗਏ। ਜਿਸ ਦਿਨ ਟੁਰੇ ਹਨ, ਬਿਭੌਰ ਵਲ ਰੁਖ਼ ਸੀ, ਸੋ ਤੌਖਲੇ ਦੀ ਗੱਲ ਕੋਈ ਨਹੀਂ। ਕਲ ਆਦਮੀ ਘੱਲਿਆ ਹੈ, ਅੱਜ ਹੀ ਸਵੇਰ ਤਾਈਂ ਸੁੱਧ ਆ ਜਾਏਗੀ। ਸਾਂਈਂ ਮਿਹਰ ਕਰੇ ਤਾਂ ਆਪ ਹੀ ਅਜ ਆ ਜਾਣ।

ਰਾਣੀ-ਵਾਹਿਗੁਰੂ ਜੀ ਮਿਹਰ ਕਰਨ, ਸਾਡਾ ਤਾਂ ਜੀਵਨ ਆਧਾਰ ਹਨ, ਮੈਨੂੰ ਤੁਹਾਨੂੰ ਖਿੱਚ ਬਹੁਤ ਪੈਂਦੀ

ਹੈ। ਸੀਤਾ ਦਾ ਹਾਲ ਅਜਬ ਹੈ, ਦ੍ਰਵਦੀ ਸਾਥੋਂ ਕਿਤੇ ਵੱਧ ਹੈ, ਖਿੱਚ ਬੀ ਕਹਿਰਾਂ ਦੀ ਸੂ, ਪਰ ਧੀਰਜ ਤੇ ਸ਼ੁਕਰ ਭੀ ਅਸਚਰਜ ਹੈ। ਆਖਦੀ ਸੀ ਇਹ ਰਬੀ ਰੌ ਹੈਨ, ਸਤਿਗੁਰ ਜੀ, ਆਸ ਨਹੀਂ ਕਿ ਸਦਾ ਸਾਡੀ ਨਗਰੀ ਰਹਿਣ, ਆਪਣੇ ਕਾਰਜਾਂ ਨੂੰ ਆਪ ਜਾਣਦੇ ਹਨ ਤੇ ਕਰਦੇ ਹਨ, ਹਵਾ ਵਾਂਙੂ ਕਦੇ ਉੱਤਰ ਤੇ ਕਦੇ ਦੱਖਣ, ਕਦੇ ਪੂਰੇ ਤੇ ਕਦੇ ਪੱਛਮ ਨੂੰ ਸ੍ਵੈ ਇਛਾ ਅਨੁਸਾਰ ਵਿਚਰਦੇ ਹਨ। ਪਿਆਰ ਅਗੇ ਆਪ ਕੂਲੇ ਦਿਲ ਹੋ ਪੰਘਰਦੇ ਹਨ। ਭਾਗ ਲਾਉਂਦੇ ਹਨ, ਪਰ ਆਪਣੇ ਮਿਥੇ ਕਾਰਜਾਂ ਵਿਚ ਉੱਦਿਤ ਰਹਿੰਦੇ ਹਨ। ਕਿਤੇ ਤਾਰਨਾ ਉਬਾਰਨਾ, ਕਿਤੇ ਰਖਣਾ ਤੇ ਕਿਤੇ ਬਚਾਉਣਾ, ਕਿਤੇ ਦੰਡਣਾ, ਸੁਧਾਰਣਾ, ਕਿਤੇ ਪਿਆਰ, ਕਿਤੇ ਮਿਹਰ, ਕਿਤੇ ਭੈ ਕਿਤੇ ਵੈਰਾਗ ਨਾਲ ਸੋਧਣਾ, ਅਨੇਕ ਕੌਤਕ ਉਸ ਸਰਦਾਰਾਂ ਦੇ ਸਰਦਾਰ ਵਿਚ ਹਨ। ਅਗਲੇ ਦਿਨ ਸੀਤਾ ਉਹਨਾਂ ਨੂੰ ਆਖਦੀ ਸੀ: 'ਛੈਲਾਂ[1] ਦੇ ਸਰਦਾਰ'। ਮੈਂ ਕਿਹਾ : 'ਇਹ ਕੀ ਕਿਹਾ ਜੇ ? ਤੇ ਕਹਿਣ ਲੱਗੀ : "ਸਾਰੇ ਅਵਤਾਰ ਤੇ ਭਗਤ ਸਾਂਈਂ ਦੇ ਛੈਲ ਹਨ, ਇਹ ਉਹਨਾਂ ਸਭਨਾਂ ਦੇ ਸਰਦਾਰ ਹਨ।"

ਰਾਇ-ਸੀਤਾ ਕਿ ਜਿਸ ਨੂੰ ਸੰਗਤ ਸੱਤ ਤਿਲੀ ਮਾਈ ਸੱਦਦੀ ਹੈ, ਬੜੇ ਸੁੱਛ ਦਿਲ ਵਾਲੀ ਹੈ। ਕਪਟ ਵਲ ਛਲ ਨਹੀਂ ਜਾਣਦੀ, ਸਿੱਧੀ ਮਾਦੀ ਪਰ ਅਕਲ ਐਸੀ ਰਖਦੀ ਹੈ ਕਿ ਸਾਡੇ ਪਰਧਾਨ ਜੀ ਆਪਣੀ ਨੀਤੀ ਦੇ ਵੱਲ ਫੇਰ ਭੁੱਲ ਜਾਂਦੇ ਹਨ। ਸੀਤਾ ਦੀ ਅਕਲ ਮਾਨੋਂ ਆਤਮਾ ਦੀ ਬੁੱਧੀ ਹੈ ਜੋ ਆਪੇ ਵਿਚ ਟਿਕਦੀ ਤੇ ਆਪੇ ਦੇ ਚਾਨਣੇ ਵਿਚ ਰਹਿੰਦੀ ਹੈ, ਪਰ ਵਜ਼ੀਰ ਦੀ, ਵਾਕਬੀ ਤੇ ਦੂਰ ਬੀਨੀ ਨੂੰ ਬੀ ਉਹ ਦੇਖਦੀ ਤੇ ਸੁਣਦੀ ਰਹਿੰਦੀ ਹੈ; ਇਸ ਕਰਕੇ ਸੋਨੇ ਵਿਚ ਸੁਗੰਧੀ ਪੈ ਗਈ ਹੈ। ਪਰ ਸੀਤਾ ਦਾ ਨਿਰਛਲ ਪ੍ਰੇਮ ਤੇ ਸਾਦਾ ਪ੍ਰੇਮ ਤੇ ਸਰਬ ਨੂੰ ਸਤਿਗੁਰ ਦੇ ਪ੍ਰੇਮ ਵਿਚ ਵੇਖ ਕੇ ਖਿੜਨ ਵਾਲਾ ਜਗਤ-ਪ੍ਰੇਮ ਬੜੀ ਅਮੋਲਕ ਦਾਤ ਹੈ, ਜਿਸ ਪਰ ਕ੍ਰਿਪਾਲ ਜੀ ਬੀ ਬੜੇ ਰੀਝੇ ਹਨ।

ਰਾਣੀ-ਡਾਢੀ ਮਿੱਠੀ ਹੈ, ਕਿਸੇ ਨਾਲ ਦੁਖਦੀ ਨਹੀਂ। ਈਰਖਾ, ਰਾਜਾ ਜੀ ! ਤ੍ਰੀਮਤ ਦੇ ਦਿਲ ਤੇ ਇਉਂ ਹੈ ਜਿਵੇਂ ਜਲ ਤੇ ਕਾਈ ਸਦਾ ਪਈ ਰਹਿੰਦੀ ਏ, ਪਰ ਸੀਤਾ ਨੇ ਇਹ ਕਾਈ ਵੀ ਦੂਰ ਕਰ ਲਈ ਹੈ। ਸਭ ਨੂੰ ਦੇਖਕੇ ਖਿੜਦੀ ਹੈ, ਜਿੰਨੇ ਦਾਤਾ ਜੀ ਦੇ ਪ੍ਰੇਮੀ ਤੱਕਦੀ ਹੈ, ਉੱਨਾ ਉਮਾਹੁੰਦੀ ਹੈ ਤੇ ਉਹਨਾਂ ਦੇ ਸਦਕੇ ਜਾਂਦੀ ਹੈ। ਸੀਤਾ ਆਖਦੀ ਹੈ, ਇਨ੍ਹਾਂ ਦੇ ਪ੍ਰੇਮ ਕਰਕੇ ਉਹਨਾਂ ਵਿਚ ਦਾਤੇ ਦੀ ਖੁਸ਼ਬੋ ਰਚੀ ਪਈ ਹੈ, ਸਾਰੇ ਉਸੇ ਸਦਾ ਖਿੜੇ ਸਦਾ ਮੁਸ਼ਕਦੇ ਗੁਲਾਬ ਦੀ ਸੁਗੰਧੀ ਦੀ ਲਪਟ ਮਾਰਦੇ ਹਨ, ਪਰ ਰਾਜਾ ਜੀ ! ਫੇਰ ਅਨਿੰਨ ਭਗਤ ਜੇ ਸਤਿਗੁਰਾਂ ਦੀ; ਮਜਾਲ ਹੈ ਉਹਨਾਂ ਦੇ ਲਵੇ ਕਿਸੇ ਨੂੰ ਲਾਵੇ।

ਰਾਇ-ਠੀਕ ਹੈ ਪ੍ਰਿਯੇ ! ਪਰਧਾਨ ਜੀ ਮੈਨੂੰ ਕਈ ਵੇਰੀ ਉਦਾਸੀ ਨਾਲ ਦੱਸਦੇ ਸਨ ਕਿ ਮੈਂ ਆਪਣੀ ਨਾਰਿ ਨੂੰ ਗੋਲੀ ਵਾਂਙੂ ਸਮਝੀ ਰਖਿਆ ਸੀ ਤੇ ਉਹ ਮਹਾਨ ਵਿਸ਼ਾਲ ਚਿੱਤ ਵਾਲੀ ਦੇਵੀ ਸੀ। ਹੁਣ ਮੈਂ ਉਸ ਦੀ ਕਦਰ ਪਾਈ ਹੈ, ਸ਼ੁਕਰ ਹੈ। ਮੈਨੂੰ ਤਾਂ ਇਹ ਤੱਕਕੇ ਖੁਸ਼ੀ ਹੁੰਦੀ ਹੈ ਕਿ ਵਜ਼ੀਰ ਜੀ ਦੇ ਅੰਦਰਲੇ ਦੇ ਵਲ ਨਿਕਲੇ ਹਨ। ਦਾਤਾ ਜੀ ਆਖਦੇ ਸਨ, 'ਅੰਦਰਲੇ ਵਲ ਵਲੇਵੇਂ ਪਿਆਰ ਦੀ ਖਿੰਚ ਨਾਲ ਹੀ ਨਿਕਲਦੇ ਹਨ।'

ਗੋਲੀ ਆਈ ਇਕ ਬਾਹਰੋਂ-

ਗੋਲੀ(ਦਰਵਾਜ਼ਾ ਖੜਕਾਕੇ)-ਸਵਾਣੀ ਜੀਉ ! ਮੈਂ ਲੰਘ ਆਵਾਂ ?

ਰਾਣੀ-ਆ ਜਾਓ।

ਗੋਲੀ(ਆ ਕੇ)-ਮਹਾਰਾਜ ! ਪ੍ਰਤਾਪ ਸਵਾਏ, ਬਿਭੌਰ ਤੋਂ ਸਵਾਰ ਆਇਆ ਹੈ ਗੁਰੂ ਕਾ ਸਿੰਘ, ਆਖਦਾ ਹੈ ਰਾਇ ਜੀ ਵਾਸਤੇ ਸੰਦੇਸਾ ਲਿਆਇਆ ਹਾਂ ਦਾਤਾ ਜੀ ਦਾ।

ਰਾਇ ਉਠ ਕੇ ਮਰਦਾਨੇ ਕਮਰੇ ਚਲਾ ਗਿਆ ਤੇ ਉਥੇ ਸਵਾਰ ਨੂੰ ਬੁਲਾਇਆ।

ਸਵਾਰ-ਜੀਉ ਮਹਾਰਾਜ ! ਸਦਾ ਮਿਹਰ ਹੇਠ ਵਸੋ ਮਾਲਕ ਦੀ, ਨਾਮ ਚਿਤ ਆਵੇ; ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ।

ਰਾਇ-ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ। ਆਓ ਖਾਲਸਾ ਜੀਉ ! ਸੁਣਾਓ ਕੀ ਹੁਕਮ ਲਿਆਏ ਹੋ ?

ਸਿੰਘ-ਸਚੇ ਪਾਤਸ਼ਾਹ ਸ਼ਿਕਾਰ ਵਿਚ ਸਨ ਕਿ ਬਿਭੌਰ

1. ਸੁੰਦਰ।

ਦੇ ਰਾਉ ਜੀ ਵੀ ਬਨਾਂ ਵਿਚ ਆਏ ਹੋਏ ਸੀ, ਉਥੇ ਰਾਉ ਜੀ ਤੇ ਵਜ਼ੀਰ ਆਦਿਕ ਆ ਮਿਲੇ। ਰਾਇ ਦਾ ਪ੍ਰੇਮ ਸਤਿਗੁਰਾਂ ਨੂੰ ਉਥੇ ਲੈ ਗਿਆ। ਬਿਨਾਂ ਪ੍ਰੇਮ ਕਿਤੇ ਨਾ ਬੱਝਣ ਵਾਲੇ, ਸਦਾ ਖੁਲ੍ਹਾਂ ਦੇ ਸਾਂਈਂ ਮਿਹਰਾਂ ਦੇ ਮਾਲਕ ਉਥੇ ਟਿਕ ਗਏ ਹਨ ਤੇ ਸੰਦੇਸ਼ਾ ਘੱਲਿਆ ਨੇ ਕਿ ਅਸੀਂ ਹੁਣ ਇਥੇ ਵਿਚਰਾਂਗੇ। ਤੁਸਾਂ: ਨੂੰ ਬਹੁਤ ਖੁਸ਼ੀ ਕੀਤੀ ਨੇ ਤੇ 'ਨਾਮ ਚਿਤ ਆਵੇ' ਦੀ ਅਸੀਸ ਬਖਸ਼ੀ ਨੇ। ਹੁਣ ਮੈਨੂੰ ਆਗਜਾ ਹੋਵੇ ਤਾਂ ਦਲ ਨੂੰ ਸੁਨੇਹਾ ਦਿਆਂ ਕਿ ਉਹ ਚਾਲੇ ਪੈ ਕੇ ਬਿਭੌਰ ਅੱਪੜ ਜਾਵੇ।

ਸੁਣਦੇ ਸਾਰ ਰਾਇ ਜੀ ਦੇ ਨੈਣ ਬੰਦ ਹੋ ਗਏ ਦੋ ਤ੍ਰੈ ਟੇਪੇ ਬੰਦ ਅੱਖਾਂ ਵਿਚੋਂ ਕਿਰੇ; ਬੁੱਲ੍ਹ ਫੜਕੇ ਚਿਹਰੇ ਤੇ ਸੁਫੈਦੀ ਆਕੇ ਲੰਘੀ, ਫਿਰ ਬੁਲ੍ਹ ਘੁਟੀਜੇ, ਦੰਦਾਂ ਵਿਚ ਹੇਠਲਾ ਬੁੱਲ੍ਹ ਦਬੀਜਿਆ, ਭਰਵੱਟਿਆਂ ਵਿਚ ਘੁੱਟ ਆਈ, ਫੇਰ ਨੈਣ ਖੁੱਲ੍ਹੇ ਤੇ ਬੋਲੇ :

ਸਿੰਘ ਜੀ ! ਗੋਲੀ ਕਾਹਦੀ ਜੋ ਬੋਲੀ ? ਮਾਲਕਾਂ ਦੀ ਮੌਜ ਤੇ ਸੇਵਕਾਂ ਲਈ ਰਜ਼ਾ ! ਪਰ ਮੰਨਣੀ ਔਖੀ....।

ਭਲਾ ਸਿੰਘ ਜੀ ! ਤੁਸੀਂ ਮੈਨੂੰ ਰਾਇ ਸਮਝ ਕੇ ਨਾ, ਪਰ ਮਹਾਰਾਜ ਦਾ ਸੇਵਕ ਜਾਣਕੇ ਦੱਸ ਸਕਦੇ ਹੋ ਕਿ ਕਿਸੇ ਗੱਲੇ ਮੇਰੀ ਕੋਈ ਭੁੱਲ ਤੱਕ ਕੇ ਤਾਂ ਨਹੀਂ ਤਿਆਗ ਗਏ ? ਕੋਈ ਉਕਾਈ, ਕੋਈ ਬਿਅਦਬੀ ਕਿਸੇ ਮੇਰੇ ਅਹਿਲਕਾਰ ਜਾਂ ਪਰਜਾ ਦੇ ਬੰਦੇ ਤੋਂ ਹੋਈ ਹੋਵੇ ਜੋ ਕੋਮਲ ਚਿਤ ਮੇਰੇ ਮਹਾਰਾਜ ਜੀ ਨੂੰ ਇਥੋਂ ਲੈ ਟੁਰੀ ਹੋਵੇ।

ਸਿੰਘ-ਮਹਾਰਾਜ ! ਰਾਜ ਸਵਾਏ ਹੋਣ, ਮੈਂ ਤਾਂ ਦਰਬਾਨ ਹਾਂ, ਮੈਨੂੰ ਕੀਹ ਪਤਾ ? ਪਰ ਜਦ ਕਦੇ ਕੁਛ ਸੁਣਿਆਂ, ਜਾਂ ਅਜ ਹੁਕਮ ਮਿਲਣ ਵੇਲੇ ਤੱਕਿਆ ਹੈ, ਆਪ ਪਰ ਖੁਸ਼ੀਆਂ ਹੀ ਖੁਸ਼ੀਆਂ ਹਨ ਗੁਰੂ ਘਰ ਦਾ ਬਿਰਦ ਹੈ-ਭਗਤ ਵੱਛਲ। ਰਾਉ ਤੇ ਰਾਣੀ ਬਿਭੌਰ ਵਾਲੇ, ਜਾਪਦਾ ਹੈ ਚਿਰਾਂ ਦੇ ਪ੍ਰੇਮੀ ਹਨ; ਉਨ੍ਹਾਂ ਦੀ ਮੁਰਾਦ ਪੂਰੀ ਕਰਨ ਲਈ ਉਥੇ ਟਿਕੇ ਹਨ, ਤੁਸਾਂ ਤੇ ਖੁਸ਼ੇ ਹਨ ਸਤਿਗੁਰਾਂ ਦੇ।

ਇਉਂ ਕਹਿਕੇ ਸਿੰਘ ਜੀ ਵਿਦਾ ਹੋਏ, ਲਸ਼ਕਰ ਨੂੰ ਸਤਿਗੁਰਾਂ ਦਾ ਹੁਕਮ ਜਾ ਦਿੱਤਾ। ਰਾਇ ਨੇ ਉਧਰ ਜਾ ਰਾਣੀ ਨੂੰ ਗੱਲ ਸੁਣਾਈ।

ਰਾਣੀ-ਵਾਹਿਗੁਰੂ ! ਦਾਤਾ !!...ਰਾਇ ਜੀ ! ਮੈਂ ਸ਼ੁਕਰ ਕਰਦੀ ਪਈ ਹਾਂ, ਪਰ ਕਲੇਜੇ ਨੂੰ ਧੂਹ ਤੇ ਡੋਬ ਜਿਹਾ ਪੈਂਦਾ ਹੈ ?

ਰਾਇ-ਇਹੋ ਬਿਰਹਾ ਹੈ ਨਾ। ਏਹੋ ਪ੍ਰੇਮ ਹੈ। ਸਤਿਗੁਰਾਂ ਦੀ ਮਿਹਰ ਨਾਲ ਦਿਲ ਵਿਚ ਪੈ ਗਏ ਪ੍ਰੇਮ ਨਕਸ਼ ਵਿਚ ਵਿਛੋੜੇ ਦੀ ਲੀਕ ਆ ਕੇ ਧੂਹ ਮਾਰਦੀ ਹੈ।

ਇਸ ਤਰ੍ਹਾਂ ਦੀਆਂ ਗੱਲਾਂ ਵਿਚ ਸਨ ਕਿ ਸੀਤਾ ਦੰਪਤੀ ਆ ਗਏ।

ਰਾਇ-ਪਰਧਾਨ ! ਉਹੋ ਭਾਵੀ ਵਰਤ ਗਈ ਜੇ !

ਵਜ਼ੀਰ-ਹਾਂ, ਮੈਂ ਸੁਣ ਆਇਆ ਹਾਂ ਕਿ ਸਿਖ ਦਲ ਬਿਭੌਰ ਜਾ ਰਿਹਾ ਹੈ ਤੇ ਮਹਾਰਾਜ ਜੀ ਉਥੇ ਟਿਕ ਗਏ ਹਨ। ਰਾਇ ਜੀ ! ਮੈਂ ਤਾਂ ਕਦੇ ਦਿਲ ਦੀ ਨਰਮੀ ਵੇਖੀ ਨਹੀਂ ਸੀ, ਸਭ ਜਗਤ ਨੂੰ ਝੂਠਾ ਮਤਲਬੀ ਸਮਝਕੇ ਆਪਣਾ ਮਤਲਬ ਉੱਚਾ ਰਖਣਾ ਨੀਤੀ ਦਾ ਗੁਰ ਸਮਝਦਾ ਸਾਂ। ਪਰ ਹਾਇ, ਹੁਣ ਸਚ ਤੇ ਪ੍ਰੇਮ ਦਾ ਜਾਣੂ ਹੋ ਜਾਣ ਕਰ ਕੇ ਪ੍ਰੀਤਮ ਜੀ ਦੇ ਵਿਛੋੜੇ ਦੀ ਗੱਲ ਸੁਣ ਕੇ ਮੇਰਾ ਮਨ ਕੰਬਿਆ ਤੇ ਮੈਂ ਪਤਾ ਨਹੀਂ ਕਿੰਨਾ ਕੁ ਹੋਰ ਦੁਖੀ ਹੁੰਦਾ, ਪਰ ਸੀਤਾ ਜੀ ਨੇ ਧੀਰਜ ਦਿੱਤਾ ਹੈ।

ਸੀਤਾ(ਨੈਣ ਭਰ ਕੇ)-ਮੇਰਾ ਕਲੇਜਾ ਬੀ ਤਾਂ ਖੁੱਸਿਆ ਹੈ, ਅੰਦਰ ਗੜੇ ਗੜੇ ਜੇਡੀ ਹੰਝ ਪੈਂਦੀ ਹੈ। ਪਰ ਤੱਕੋ ਨਾ, ਉਹ ਕੋਈ ਸਾਡੇ ਨਿੱਕੇ ਜਿਹੇ ਸਾਕ ਤੇ ਮਿੱਤਰ ਤਾਂ ਨਹੀਂ ਜਿਨ੍ਹਾਂ ਨਾਲ ਮੋਹ ਪਾਇਆ ਹੈ ? ਉਹ ਸਦਾ ਜਾਗਤੀ ਜੋਤ ਸਾਡੇ ਦਾਤੇ ਹਨ। ਜੀਉਂਦੇ ਮੋਏ ਅਸੀਂ ਕਿਸੇ ਹਾਲ ਹੋਈਏ ਉਹ ਕਦੇ ਨਾ ਵਿੱਛੜਨ ਵਾਲੇ ਹਨ। ਹਾਂ ਮੰਦਾ ਹੋਇਆ ਕਿ ਉਹ ਵਿੱਛੁੜੇ, ਪਰ ਸ਼ੁਕਰ ਹੈ ਕਿ ਸਾਡੇ ਗ੍ਰਿਹ ਆਏ ਸਨ, ਸ਼ੁਕਰ ਹੈ ਕਿ ਪੱਥਰਾਂ ਅੱਗੇ ਰਗੜੀਨ ਵਾਲਾ ਮੱਥਾ ਜੀਉਂਦੇ ਚਰਨਾਂ ਨਾਲ ਲਗ ਲਗ ਕੇ ਠਰਿਆ ਹੈ; ਸ਼ੁਕਰ ਹੈ ਕਿ ਪਿਆਰਾਂ ਵਾਲਾ ਪਵਿੱਤ੍ਰ ਹੱਥ ਸਾਡੇ ਸਿਰਾਂ ਤੇ ਲੱਗਾ ਹੈ। ਆਸਾ ਦੀ ਵਾਰ ਕਹਿੰਦੀ ਏ-

ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ॥

(ਆਸਾ: ਵਾ:-੧੮)

ਅਸੀਂ ਸਾਫ਼ ਹੋਏ, ਸਾਨੂੰ ਨਾਮ ਦੀ ਦਾਤ ਮਿਲੀ, ਨਾਮ ਵਿਚ ਰਸ ਪਿਆ, ਆਪਾ ਰਸ ਮਗਨ ਹੋਇਆ, ਸ਼ੁਕਰ ਹੈ! ਸ਼ੁਕਰ ਹੈ!! ਸ਼ੁਕਰ ਹੈ!!! ਮੋਹ ਮੁਹਾਬਿਆਂ ਵਾਲੇ

ਵਿਛੁੜਦੇ ਹਨ ਤਾਂ ਅਸੀਂ ਸੱਖਣੇ ਹੋ ਜਾਂਦੇ ਹਾਂ। ਸਾਡਾ ਦਾਤਾ ਸਾਨੂੰ ਨਾਮ ਰਸ ਨਾਲ ਭਰ ਗਿਆ ਹੈ, ਇਹ ਰਸ ਅੰਦਰ ਬਹਿ ਗਿਆ ਹੈ। ਨਾਮ ਨਾ ਵਿਛੁੜਿਆ, ਰਸ ਨਾ ਵਿਛੁੜਿਆ ਤਾਂ ਕੋਈ ਨਹੀਂ ਵਿਛੁੜਿਆ! ਸਾਡਾ ਦਾਤਾ ! ਸ਼ੁਕਰ ਹੈ ਕਿ ਸਾਡੇ ਅੰਦਰੇ ਹੈ ! ਸ਼ੁਕਰ ਹੈ ! ਸ਼ੁਕਰ ਹੈ !!

ਕਹਿ ਕਹਿ ਕੇ ਸੀਤਾ ਰੋਈ, ਹੋਰ ਰੋਈ ਪਰ ਕਰ ਸ਼ੁਕਰ ਰਹੀ ਹੈ, ਬਨ੍ਹ ਬੰਨ੍ਹਾ ਧੀਰਜ ਰਹੀ ਹੈ। ਪਿਆਰ ਦੀ ਝਰਨਾਟ ਸ਼ੁਕਰ ਨਾਲ ਮਿਲ ਕੇ ਠੰਢ ਬੀ ਪਾ ਰਹੀ ਹੈ ਤੇ ਵੈਰਾਗ ਬੀ ਛੁਡਾ ਰਹੀ ਹੈ।

ਸੀਤਾ-ਹਾਂ, ਮਹਾਰਾਜ ਜੀ ! ਪਰਜਾ ਪਾਲਕ ਜੀ ! ਮਿਹਰ ਦੇ ਮੇਘ ਨੇ ਕਈ ਥਲ ਤਾਰਨੇ ਹਨ, ਸਾਨੂੰ ਤਾਰਿਆ ਸੂ, ਅਸੀਂ ਖਿੜੀਏ ਕਿ ਸਾਡੇ ਵਰਗੇ ਹੋਰ ਮਾਰੂ ਥਲਿਆਂ ਨੂੰ ਤਾਰਨ ਗਿਆ ਹੈ ! ਸਦਾ ਜੀਉ ! ਸਦਾ ਜੀਓ ! ਸਾਡੇ ਸਿਰਾਂ ਦੇ ਦਾਤਾ ਜੀਓ।

ਚਾਰੇ ਰਾਜਸੀ ਦਿਲ ਇਸ ਵੇਲੇ ਸ਼ੁਕਰ ਤੇ ਪਿਆਰ ਦੇ ਬਿਰਹੋਂ ਨਾਲ ਕਿਸੇ ਅਸਚਰਜ ਰਸ ਵਿਚ ਭਿੰਨੇ ਸਨ। ਵਾਹ ਮੇਰੇ ਸੁਹਣਿਆਂ ਦੇ ਸਰਵਰਾ! ਇਕ ਹੱਥ ਤੇਰੇ ਤੇਗ ਹੈ ਮੂਰਖਾਂ ਦੀ ਕੁੱਮਤ ਨੂੰ ਛਾਂਗਣ ਵਾਸਤੇ ਇਕ ਹੱਥ ਤੇਰੇ ਪ੍ਰੇਮ ਦੀ ਸੁਰਾਹੀ ਹੈ ਜੋ ਭਰ ਭਰ ਜਾਮ ਪਿਲਾ ਰਹੀ ਹੈ ਸੁਮਤੀਆਂ ਨੂੰ। ਰਾਜ ਮਦ ਨਾਲ, ਪਰਜਾ ਦੇ ਧਨ ਨਾਲ, ਹਕੂਮਤ ਤੇ ਪਦਾਰਥ ਨਾਲ ਪੱਥਰ ਮਨਾਂ ਨੂੰ ਕਿਸ ਰੰਗ ਰੰਗ ਸੁੱਟਿਆ ਹਈ। ਤਿਆਗੀਆਂ ਨੂੰ ਤਾਂ ਇਹ ਰਸ ਮਿਲੇ, ਤੂੰ ਧੰਨ ਹੈਂ ਜਿਸਨੇ ਰਾਜ-ਦਿਲਾਂ ਵਿਚ ਫਕੀਰੀ ਦਾ ਰੰਗ ਲਾ ਕੇ ਪ੍ਰੇਮ ਦੇ ਨਸ਼ੇ ਚਾੜ੍ਹ ਦਿੱਤੇ ਹਨ ! ਵਾਹ ਵਾਹ ਦਾਤਾ !

ਰਾਤ ਕਿਹਾ ਵਿਚ ਖਿੜੀ ਚਾਂਦਨੀ, ਗੁਰਮੁਖ ਰੰਗ ਰੰਗੀਲੇ:-
ਦੇਖ ਅਰਸ਼ ਵਿਚ ਰਾਜ ਰਹੇ ਓ, ਛੈਲ ਮਲੂਕ ਹਠੀਲੇ।
ਇਕ ਹੱਥ ਤੇਗ ਦੁਈ ਵਿਚ ਪਜਾਲਾ ਪਿਰਮ ਰਸਾਂ ਦਾ ਭਰਿਆ,
ਸੁਹਣਿਆ ਦੇ ਸੁਲਤਾਨ ਬਖਸ਼ ਰਹੇ, ਸਾਕੀ ਬਣੇ ਛਬੀਲੇ।

ਕੁਛ ਚਿਰ ਪ੍ਰੇਮ ਦੇ ਰੰਗ ਵਿਚ ਚੁੱਪ ਰਹਿਕੇ ਰਾਇ ਬੋਲਿਆ :-

ਫਿਰ ਹੁਣ ਕਿਵੇਂ ਕਰੀਏ ?

ਪਰਧਾਨ-ਪਹਿਲੀ ਚੰਗੀ ਗੱਲ ਤਾਂ ਇਹ ਹੈ ਕਿ ਮੈਨੂੰ ਆਗਿਆ ਦਿਓ ਕਿ ਮੈਂ ਵਿਦਾ ਹੋ ਰਹੇ ਸਿੱਖ ਦਲ ਪਾਸ ਜਾਵਾਂ, ਬਖ਼ਸ਼ੀ ਜੀ ਨੂੰ ਨਾਲ ਲੈ ਕੇ ਤੇ ਆਖਾਂ ਕਿ ਵਿਦੈਗੀ ਲਈ ਜਿਸ ਸਾਮਾਨ, ਜਿਸ ਸ਼ੈ ਤੇ ਜਿਤਨੇ ਪਦਾਰਥ ਇਸ ਨੂੰ ਹੁਕਮ ਕਰੋ ਸਭ ਪੂਰਨ ਕਰੇਗਾ। ਕੋਈ ਮੇਰੇ ਯਾ ਰਾਇ ਜੀਓ ਗੋਚਰੀ ਸੇਵਾ ਹੋਵੇ ਤਾਂ ਉਹ ਬੀ ਦੱਸੋ। ਦੂਜਾ ਕੰਮ ਇਹ ਹੈ ਕਿ ਮੈਂ ਬਿਭੌਰ ਜਾਵਾਂ ਤੇ ਸ੍ਰੀ ਜੀ ਵਲੋਂ ਬਿਨੈਂ ਕਰਾਂ ਕਿ ਆਪ ਡੇਰਾ ਬਿਸਾਲੀ ਹੀ ਬਣਾਓ, ਬਿਭੌਰ ਕੁਛ ਦਿਨ ਰਹਿ ਕੇ ਮੁੜ ਬਿਸਾਲੀ ਆ ਜਾਓ ਤੇ ਸਾਡੇ ਸਿਰਾਂ ਤੇ ਸਦਾ ਸੁਭਾਇਮਾਨ ਰਹੋ।

ਰਾਇ-ਨੀਤੀ ਦੀਆਂ ਦੁਇ ਗੱਲਾਂ ਠੀਕ ਹਨ! ਪਹਿਲੀ ਤਾਂ ਤੁਸੀਂ ਕਰੋ ਹੁਣ ਜਾ ਕੇ, ਪਰ ਦੂਸਰੀ ਵਿਚਾਰ ਗੋਚਰੀ ਹੈ। ਸਾਡਾ ਰਾਜਸੀ ਯਾ ਭਾਈ ਚਾਰਕ ਮੇਲ ਸਤਿਗੁਰ ਨਾਲ ਨਹੀਂ, ਅਸਾਂ ਸਤਿਸੰਗ ਕੀਤਾ ਹੈ, ਅਸੀਂ ਕ੍ਰਿਪਾ ਪਾਤਰ ਹੋਏ ਹਾਂ ਮਿਹਰ ਦੇ, ਕਿਉਂ ਸਤੱਤਿਲੀ ਮਾਈ ਜੀ! ਸਤਿ ਪੁਰਖ ਦਾ ਸੰਗ ਹੀ ਹੈ ਨਾ ਸਤਿਸੰਗ ? ਉਨ੍ਹਾਂ ਦੀ ਮਿਹਰ ਨੇ ਸਾਨੂੰ ਦਿਤਾ ਹੈ ਨਾਮ, ਨਾਮ ਰਸ-ਨਾਮ ਮਹਾਂ ਰਸ, ਹਾਂ -

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ
ਮਹਾਰਸੁ ਪੀਓ॥ ਬਿਨੁ ਰਸ ਚਾਖੇ ਬੁਡਿ ਗਈ
ਸਗਲੀ ਸੁਖੀ ਨ ਹੋਵਤ ਜੀਉ॥ (ਬਿਲਾ: ਮ: ੫)

ਸਾਡੇ ਦਿਲ ਨੂੰ ਉਨ੍ਹਾਂ ਜੀਉਂਦਾ ਕੀਤਾ ਹੈ ਅਪਣੇ ਪਜਾਰ ਨਾਲ, ਪ੍ਰੇਮ ਨਾਲ। ਕਿਉਂ ਸੀਤਾ ਜੀਉ ! ਠੀਕ ਹੈ ਕਿ ਨਾਮ ਪ੍ਰੇਮ ਹੈ ਪ੍ਰੇਮ ਨਾਮ ਹੈ ? ਠੀਕ ਹੈ ਨਾ, ਸਾਂਈਂ ਦੀ ਯਾਦ, ਸਾਂਈਂ ਵਿਚ ਖਿਆਲ ਕਿ ਲਗੀ ਰਹੇ ਸੁਰਤਿ, ਇਹੋ ਹੈ ਨਾ ਪ੍ਰੇਮ ਰੱਬ ਜੀ ਦਾ ਇਹੋ ਹੈ ਬਿਹੰਗਮ ਰਾਹ? ਹੁਣ ਦੱਸੋ ਇਸ ਦਾਤੇ ਨਾਲ ਦਿਲ ਕਚਕੌਲ ਕਰਕੇ, ਜਿਸ ਦਾਤੇ ਦੀ ਤਸਵੀਰ ਉਸ ਕਚਕੌਲ ਵਿਚ ਭਰ ਪਿਰਮ ਰਸ ਵਿਚ ਦਮਕਾਂ ਮਾਰ ਰਹੀ ਹੈ, ਉਸ ਪਾਸ ਬੇਨਤੀ ਕਰਨ ਉਹ ਦਿਲ ਜਾਵੇ ਕਿ ਉਸ ਵਲੋਂ ਉਸ ਦਾ ਮੰਤ੍ਰੀ ਜਾਵੇ? ਦਸੋ ਲੱਗੀਆਂ ਦੀ ਸਾਰ ਵਾਲਿਓ!

ਸੀਤਾ-ਹੇ ਪਰਜਾ ਪਾਲਕ ! ਉਹ ਸੁਹਣੇ ਅਕਸਾਂ ਵਾਲਾ ਦਿਲ ਜਾਵੇ ਆਪ ਤੇ ਉਸ ਦੇ ਕਦਮਾਂ ਵਿਚ ਨਾਲ ਜਾਣ ਹੋਰ ਉਹੋ ਜਿਹੇ ਸੇਵਕ ਦਿਲ, ਜਿਨ੍ਹਾਂ ਨੇ ਆਪੇ ਨੂੰ ਭਰਿਆ ਹੈ ਉਸੇ ਅੰਮ੍ਰਿਤ ਨਾਲ।

ਵਜ਼ੀਰ(ਤੱਕ ਕੇ)-ਸੀਤਾ! ਵਾਹ ਵਾਹ

ਤਿਥੈ ਸੀਤੋ ਸੀਤਾ ਮਹਿਮਾ ਮਾਹਿ।।

ਉੱਸੇ ਸੀਤੋ ਸੀਤਾ, ਉੱਸੇ ਰੱਬੀ ਸੌਂਦਰਯ ਦਾ ਅਕਸ ਤੂਹੋਂ ਤਾਂ ਨਹੀਂ ਕਿਤੇ ਸੀਤਾ!

ਵਜ਼ੀਰ-ਹਾਂ ਰਾਜਨ! ਠੀਕ ਸਲਾਹ ਹੈ।

ਇਹ ਸਲਾਹ ਹੋਕੇ ਖਾਲਸਾ ਦਲ ਦੇ ਨਾਲ ਹੀ ਚੱਲਣ ਦੀ ਰਾਇ ਪੱਕੀ ਹੋਈ। ਸੋ ਰਾਇ ਤੇ ਵਜ਼ੀਰ, ਕੁਝ ਜੁਆਨ ਆਪਣੇ ਨਾਲ ਲੈਕੇ ਸਿਖ ਵਹੀਰ ਨਾਲ ਚੱਲ ਪਏ ਤੇ ਬਿਭੌਰ ਔਪੜੇ। ਸਤਿਗੁਰ ਦੇ ਦਰਬਾਰ ਹਾਜ਼ਰ ਹੋਏ। ਰਾਇ ਨੇ ਚਰਨਾਂ ਤੇ ਸੀਸ ਧਰਿਆ, ਸਤਿਗੁਰ ਨੇ ਪਿਆਰ ਦੀ ਥੱਰ੍ਹਾਟ ਛੇੜ ਦੇਣ ਵਾਲਾ ਥਾਪੜਾ ਦਿੱਤਾ, ਫਿਰ ਵਜ਼ੀਰ ਨੇ ਸੀਸ ਚਰਨਾਂ ਤੇ ਧਰਿਆ; ਸਤਿਗੁਰ ਮੁਸਕ੍ਰਾਏ ਤੇ ਥਾਪੜਾ ਦਿੱਤਾ। ਫਿਰ ਗੁਰੂ ਜੀ ਰਾਇ ਵਲ ਤੱਕੇ :-

ਆਨਦ ਕੁਸਲ ਹੈ ?

ਰਾਇ-ਮਿਹਰ ਹੈ, ਦਾਤਾ ਜੀਉ ! ਆਪ ਨੇ ਕੁਸ਼ਲ ਖਖਸ਼ੀ ਹੈ :-

ਖੇਮ ਕੁਸਲ ਸਹਜ ਆਨੰਦ॥
ਸਾਧ ਸੰਗ ਭਜੁ ਪਰਮਾਨੰਦ॥ (ਸੁਖਮਨੀ)

ਪਰ ਮਾਲਕ ਜੀਉ ! ਅਸੀਂ ਅਜੇ ਨਿਆਣੇ ਹਾਂ, ਮਿਹਰ ਦਾ ਹੱਥ ਹੋਰ ਸਿਰ ਤੇ ਰੱਖੀ ਰਖੋ।

ਗੁਰੂ ਜੀ-ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
ਸਾਵਧਾਨ ਏਕਾਗਰ ਚੀਤ॥ (ਸੁਖਮਨੀ)

ਰਾਜਨ ! ਧਰਮ ਦਾ ਰਾਮ ਕਰੋ, ਰਾਜ ਸੇਵਾ ਹੈ ਪਰਜਾ ਦੀ, ਪਰਮੇਸ਼ੁਰ ਦੇ ਭੈ ਵਿਚ ਕਰੋ, ਆਪਣੀ ਮਤਿ ਉਸ ਦੀ ਰਖਵਾਲੀ ਵਿਚ ਦਿਓ ਤੇ ਮਤਿ ਰਖਵਾਲੀ ਵਿਚ ਤਾਂ ਦਿੱਤੀ ਜਾਂਦੀ ਹੈ ਜੇ ਸਿਮਰਣ ਵਿਚ ਆਓ! ਸਿਮਰਣ ਸਾਂਈਂ ਦੇ ਦਰ ਝੋਲੀ ਅੱਡਣੀ ਹੈ, ਸਿਮਰਣ ਸਾਂਈਂ ਵਲ ਖਿੱਚ ਹੈ, ਸਿਮਰਣ ਲਿਵ ਹੈ; ਸਿਮਰਣ ਹਜ਼ੂਰੀ ਵਾਸ ਹੈ, ਸਿਮਰਣ ਸਾਂਈਂ ਦਾ ਮੇਲ ਹੈ। ਸਿਮਰਣ ਦੀ ਖੇਪ ਲੱਦੋ ਤੇ ਜਨਮ ਜਿੱਤ ਲਓ।

ਰਾਇ-ਸੱਚ ਹੈ ਜੋ ਕਰਾਸੋ ਹੋਸੀ, ਪਰ ਮਾਲਿਕ ਜੀਉ ! ਤੁਸਾਂ ਦਾ ਵਿਛੋੜਾ ਝੱਲ ਨਹੀਂ ਹੁੰਦਾ।

ਗੁਰੂ ਜੀ-ਵਿਛੋੜੇ ਵਿਚ ਜੋ ਖਿੱਚ ਵੱਜਦੀ ਹੈ ਉਹੀ ਸੁੱਤੇ ਹੋਏ ਮਨ ਨੂੰ ਜਗਾਉਂਦੀ ਹੈ ਉਹੋ ਅਰਸ਼ਾਂ ਤੋਂ ਰਸ ਪ੍ਰਾਪਤ ਕਰਾਉਂਦੀ ਹੈ। ਖਿੱਚ ਜਿੰਦ ਹੈ। ਅਸੀਂ ਤੁਸਾਂ ਦੇ ਪਾਸ ਹਾਂ। ਨਾਮ ਵਿਚ ਜੀਵੇ ਕਿਸੇ ਇਕ ਤਾਰ ਵਿਚ ਪਰੋਏ ਜਾਂਦੇ ਹਨ, ਇਕ ਤਾਰ ਪਰੁਤੇ ਹੋਏ ਸਦਾ ਮਿਲੇ ਹਨ, ਕਦੇ ਵਿਛੁੜਦੇ ਨਹੀਂ।

ਰਾਇ-ਮਹਾਰਾਜ! ਦਾਸ ਤੋਂ ਕੋਈ ਅਵੱਗਯਾ ਹੋਈ ਹੋਵੇ; ਕੋਈ ਭੁੱਲ, ਕਿਸੇ ਦਾਸ ਤੇ ਸੇਵਕ ਤੋਂ ਕੋਈ ਉਕਾਈ ਹੋਈ ਹੋਵੇ, ਤਾਂ ਖਿਮਾਂ ਕਰੋ ਤੇ ਮੁੜ ਬਿਸਾਲੀ ਚਲੋ। ਸਾਡੇ ਨੈਣ ਆਪ ਨੂੰ ਪਛਾਣਦੇ ਨਹੀਂ, ਕਈ ਵੇਰ ਮਨੁੱਖ ਨਾਟ ਦੇ ਭੁਲੇਵੇ ਵਿਚ ਰਹਿ ਜਾਂਦੇ ਹਨ, ਭੁੱਲ ਬਖਸ਼ੋ ਤੇ ਮਿਹਰ ਕਰੋ ਬਿਸਾਲੀ ਨੂੰ ਡੇਰਾ ਬਣਾਓ[1]।

ਗੁਰੂ ਜੀ-ਰਾਇ ਜੀ ! ਕੋਈ ਭੁੱਲ, ਉਕਾਈ ਤੁਸਾਡੀ ਤੁਸਾਡੇ ਅਹਿਲਕਾਰਾਂ ਤੇ ਪਰਜਾ ਦੀ ਨਹੀਂ, ਸਭ ਨੇ ਪ੍ਰੇਮ ਕੀਤਾ ਹੈ। ਤੁਸੀਂ ਬੜਾ ਭਾਵ ਤੇ ਪ੍ਰੇਮ ਧਾਰਿਆ ਤੇ ਪ੍ਰੇਮ ਦੀ ਸੇਵਾ ਕੀਤੀ ਹੈ, ਅਸੀਂ ਸਭ ਤਰ੍ਹਾਂ ਖੁਸ਼ ਹਾਂ। ਇਥੋਂ ਦੇ ਰਾਉ ਜੀ ਬੀ ਪ੍ਰੇਮ ਵਿਚ ਸਨ, ਸ਼ਿਕਾਰ ਵਿਚ ਮਿਲ ਗਏ ਸਨ; ਉਨ੍ਹਾਂ ਦੇ ਭਾਵ ਨੇ ਸਾਨੂੰ ਲੈ ਆਂਦਾ ਤੇ ਬੰਨ੍ਹ ਬਹਾਲਿਆ ਹੈ। ਰਾਇ ਜੀ ! ਹੁਕਮ ਦੀ ਤਾਰ ਵਿਚ ਵਿਚਰਦੇ ਹਾਂ, ਸਾਂਈਂ ਜੀਉ ਜੀ ਦਾ ਕੋਈ ਰੰਗ ਹੈ ਜੋ ਇੱਥੇ ਲੈ ਆਇਆ ਹੈ। ਮਾਲਕ ਪਾਲਕ ਅਕਾਲ ਪੁਰਖ ਦੇ ਕੰਮ ਹੁਕਮ ਵਿਚ ਸਾਰਨੇ ਹਨ। ਸੋ ਪ੍ਰੇਮ ਨੇ ਖਿੱਚਿਆ ਹੈ, ਹੁਕਮ ਨੇ ਪ੍ਰੇਰਿਆ ਹੈ, ਐਥੇ ਟਿਕ ਗਏ ਹਾਂ ਹਾਲੇ। ਤੁਸੀਂ ਹੁਣ ਸੁਖ ਨਾਲ ਬਿਮਾਲੀ ਵੱਸੋ, ਕੋਈ ਭਰਮ ਨਾ ਕਰੋ ਕਿ ਅਸੀਂ ਕਿਸੇ ਕਾਰਨ ਉਦਾਸ ਹੋਕੇ ਆਏ ਹਾਂ। ਤੁਸਾਂ ਪਰ ਬਹੁਤ ਖੁਸ਼ੀ ਹੈ ਨਾਮ ਜਪੋ, ਸਤਿਸੰਗ ਕਰੋ। ਆਸਾ ਦੀ ਵਾਰ ਦਾ ਦੀਵਾਨ ਸਜੇ, ਸੀਤਾ ਵਰਗੀਆਂ ਗੁਰਮੁਖ ਵਯਕਤੀਆਂ ਦਾ ਸਤਿਕਾਰ ਰਹੇ, ਤੁਸੀਂ ਆਪ ਸਤਿਸੰਗ ਦੀ ਓਟ ਉਦਾਲੇ ਰਖੋ। ਰਾਜ ਤੁਸੀਂ ਸੁਖ ਨਾਲ ਭੋਗੋਗੇ। ਆਸ ਨਹੀਂ ਕੋਈ ਖੇਚਲ ਆਵੇ, ਆਵੇ ਤਾਂ ਖਾਲਸੇ ਨੂੰ ਖ਼ਬਰ ਕਰੋ :-

ਸੁਖ ਸੌਂ ਭੋਗਹੁ ਰਾਜ ਸਮਾਜਾ। ਕਰਹੁ ਤਿਹਾਵਲ
ਅਰਹਿ ਜੁ ਕਾਜਾ। ਕਰਿ ਅਰਦਾਸ ਧਰਹੁ
ਮਮ ਧਯਾਨਾ। ਹੋਹਿ ਮਨੋਰਥ ਪੂਰ ਮਹਾਨਾ॥ ੨॥
ਸ਼ੱਤ੍ਰੂ ਜ਼ੋਰ ਜਿ ਤੁਮ ਪਰ ਕਰੈ। ਹੋਤ ਸਹਾਇ
ਖਾਲਸਾ ਚਰੈ॥ ਕਰ ਦੀਜਹਿ ਸੁਧ, ਸੁਨਤਿਹੁੰ

---

1. ਬਿਮਾਲੀ ਵਾਲੇ ਰਾਜੇ ਨੇ ਬਿਭੌਰ ਪਹੁੰਚ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਮੈਥੋਂ ਜੇ ਕੋਈ ਭੁੱਲ ਹੋਈ ਹੋਵੇ ਤਾਂ ਖਖ਼ਸ਼ ਦਿਓ, ਅਜੇ ਤਕ ਤਾਂ ਆਪ ਦਾ ਦਰਸ਼ਨ ਕਰ ਕੇ ਸਾਡੇ ਨੈਣ ਬੀ ਨਹੀਂ ਰੱਜੇ। ਸੇਵਾ ਕਰ ਕੇ ਤਾਂ ਕਿੱਥੋਂ ਤ੍ਰਿਪਤ ਹੋਣਾ ਸੀ। (ਤਵਾ : ਖਾਲਸਾ)

ਪੁਨਾ-ਹਾਥ ਬੰਦ ਕਰ ਬਿਨੈ ਬਖਾਨੀ:-ਮਹਾਰਾਜ ਤੁਮਰੀ ਰਜਧਾਨੀ। ਨਹੀਂ ਬਿਸਾਲੀ ਮੈਂ ਕਿਮ ਰਹੇ। ਮੋ ਮਹਿ ਦੋਸ਼ ਕਿ ਰਾਵਰ ਲਹੇ ? ਦਰਸ਼ਨ ਕਰਤ ਨ ਮੈਂ ਤ੍ਰਿਪਤਾਯੋ। ਸੇਵ ਕਰਨ ਤੇ ਮਨ ਨ ਹਟਾਯੋ। ਕਿਸ ਕਾਰਨ ਤੇ ਇਤ ਥਿਰ ਰਹੇ ? (ਸੂ: ਪ੍ਰ:)

ਧਾਵੈ। ਅਨਿਕ ਰਿਪੁਨਿ ਦੋ ਹਾਥ ਬਚਾਵੈ॥ ੨੯॥

ਇਹ ਅਸੀਸ, ਵਰ ਬਚਨ ਸੁਣ ਕੇ ਰਾਇ ਦੇ ਨੈਣ ਭਰ ਆਏ, ਚਰਨਾਂ ਨੂੰ ਲਿਪਟ ਗਿਆ, ਧੰਨ ! ਧੰਨ ! ! ਧੰਨ!!! ਦੀ ਧੁਨਿ ਮੂੰਹ ਤੋਂ ਨਿਕਲੀ ਜੋ ਸਾਰੇ ਹਰਿ ਰੰਗ ਦਾ ਰੰਗ ਬੰਨ੍ਹ ਗਈ। ਸਤਿਗੁਰਾਂ ਥਾਪੜਾ ਦਿੱਤਾ ਪਾਵਨ ਹੱਥਾਂ ਨਾਲ, ਉਸ ਨਿਵੇਂ ਸਿਰ ਵਿਚ ਸਰੂਰ ਭਰ ਦਿਤਾ ਤੇ ਦਾਤ ਬਖਸ਼ੀ ਆਪਣੇ ਪ੍ਰੇਮ ਉਮਡੇ ਸੁਹਣੇ ਤੇ ਕੂਲੇ ਦਿਲ ਨਾਲ, ਰਾਜਾ ਸੁਭਾਗਾ ਹੋ ਗਿਆ।

ਫੇਰ ਵਜ਼ੀਰ ਨੇ ਮੱਥਾ ਟਕਿਆ। ਸਤਿਗੁਰ ਨੇ ਅਸ਼ੀਰਬਾਦ ਦਿਤੀ ਤੇ ਆਖਿਆ: "ਘਰ ਦਾ ਸਤਿਸੰਗ ਬੜੀ ਮਿਹਰ ਹੈ, ਇਸਤ੍ਰੀ ਪੁਰਖ ਹੋ, ਨਾਰ ਤੇ ਭਰਤਾ ਹੋ, ਪਰ ਹੁਣ ਦੁਹਾਂ ਦਾ ਇਕ ਦੂਜੇ ਨੂੰ ਸਤਿਸੰਗ ਹੈ। ਸੱਤ ਤਿਲੀ ਸੁਭਾਗਣ ਨੂੰ ਤੇ ਰਾਣੀ ਜੀ ਨੂੰ ਸਾਡੀ ਖੁਸ਼ੀ ਕਰਨੀ, ਸਾਰੇ ਸਤਿਸੰਗ ਨੂੰ ਖੁਸ਼ੀ ਦੇਣੀ, ਵਸਦੇ ਰਹੋ !"

ਅਵਿੱਛੁੜਦੇ ਦਿਲ ਨਾਲ ਸ਼ਰੀਰਾਂ ਨੂੰ ਵਿਛੋੜਦੇ ਮੁੜ ਮੁੜ ਨੀਉਂਦੇ, ਰਾਇ ਤੇ ਵਜ਼ੀਰ ਟੁਰੇ। ਸਭ ਖਾਲਸੇ ਨੂੰ ਫਤਹ ਗਜਾਈ। ਖਾਲਸੇ ਨੇ ਰਾਇ ਦੇ ਪਿਆਰ ਤੇ ਸੇਵਾ ਦੇ ਚਾਉ ਵਿਚ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ। ਦੋਏ ਟੁਰਕੇ ਆਪਣੀ ਨਗਰੀ ਆ ਗਏ ਤੇ ਤਾਰਨਹਾਰ ਮਾਲਕ ਜੀ ਬਿਭੌਰ ਨੂੰ ਭਾਗ ਲਾਉਣ ਲਈ ਉਥੇ ਟਿਕ ਗਏ।

ਸੂਚਨਾ-ਬਿਸਾਲੀ ਕਟਾਰ ਧਾਰ ਦੇ ਉਸ ਢਲਾਨ ਵੱਲ ਹੈ ਜੋ ਸਤਲੁਜ ਵੱਲ ਨੂੰ ਹੈ। ਕੀਰਤਪੁਰ ਸਾਹਿਬ ਦੇ ਪੱਤਣ ਤੋਂ ਦਰਿਆਓਂ ਪਾਰ ਲਗਪਗ ੫ ਕੁ ਮੀਲ ਤੇ ਪੱਛੋਂ ਤੇ ਉਤਰਦੇ ਰੁਖ ਨੂੰ ਬਿਸਾਲੀ ਹੈ। ਬਿਸਾਲੀ ਦੇ ਉਸ ਵੇਲੇ ਦੇ ਰਾਇ ਜੀ ਦੇ ਨਾਮ ਦੀ ਖੋਜ ਕਰਨ ਤੇ ਪੁਰਾਤਨ ਮਿਸਲਾਂ ਤੋਂ ਨਾਉਂ ਰਾਇ ਸਲਾਹੀ ਚੰਦ ਲੱਭਾ ਹੈ। ਤਵਾਰੀਖ ਨੇ ਨਾਮ ਧਰਮਪਾਲ ਦਿੱਤਾ ਹੈ ਜੋ ਰਾਇ ਜੀ ਦੇ ਬਹੁਤ ਧਰਮੀ ਹੋਣ ਕਰਕੇ ਉਹਨਾਂ ਦੀ ਅੱਲ ਪੈ ਗਈ ਸੀ। ਰਾਇ ਸਲਾਹੀ ਚੰਦ ਤੋਂ ਲੈ ਕੇ ਹੁਣ ਤਕ ਦੇ ਰਾਇ ਤੋਂ ਪਹਿਲੇ ਰਾਇ ਤਕਦੇ ਸਾਰੇ ਬਿਸਾਲੀ ਦੇ ਰਾਇ ਕੇਸਾਧਾਰੀ ਹੁੰਦੇ ਆਏ ਹਨ। ਅੰਮ੍ਰਿਤ ਨਾ ਧਾਰਨ ਕਰਕੇ ਨਾਉਂ ਸਿੰਘ ਨਹੀਂ ਹੋਏ। ਗੁਰੂ ਜੀ ਨੇ ਰਾਇ ਸਲਾਹੀ ਚੰਦ ਨੂੰ ਇਕ ਸ੍ਰੀ ਸਾਹਿਬ, ਕੜਾ, ਇਕ ਪੋਥੀ, ਬਚਿੱਤ੍ਰ ਸਿੰਘ ਵਾਲਾ ਬਰਛਾ ਬਖਸ਼ੇ ਸਨ, ਜਿਨ੍ਹਾਂ ਵਿਚੋਂ ਬਰਛਾ ਤਾਂ ਪਿਛਲੇ ਰਾਇ ਜੀ ਨੇ ਆਨੰਦਪੁਰ ਸਾਹਿਬ ਭੇਜ ਦਿਤਾ ਹੈ ਤੇ ਬਾਕੀ ਸਨਮਾਨ ਨਾਲ ਆਪਣੇ ਗ੍ਰਿਹ ਰਖੇ ਹੋਏ ਹਨ। ਜੰਗਲ ਵਿਚ ਜਿਥੇ ਸਤਿਗੁਰੂ ਜੀ ਜਾ ਕੇ ਧਿਆਨ ਮਗਨ ਹੁੰਦੇ ਸਨ ਹੁਣ ਤਕ ਥੜਾ ਸਾਹਿਬ ਹੈ। ਰਾਇ ਸਾਹਿਬ ਮਹੀਨੇ ਵਿਚ ਇਕ ਵਾਰ ਕੜਾਹ ਪ੍ਰਸ਼ਾਦ ਲੈ ਕੇ ਹਾਜ਼ਰ ਹੁੰਦੇ ਹਨ। ਟਿੱਕਾ ਰਾਮ ਨਰਾਇਣ ਸਿੰਘ ਜੀ ਦੱਸਿਆ ਕਰਦੇ ਸਨ ਕਿ ਮਹਿਲ ਦੇ ਅੰਦਰ ਜਿਥੇ ਮਹਾਰਾਜ ਜੀ ਟਿਕੇ ਸਨ ਗੁਰਦੁਆਰਾ ਹੈ ਤੇ ਅਦਬ ਕਾਇਮ ਹੈ, ਪਰ ਅਕਾਲੀ ਜ਼ੋਰ ਦਾ ਭੈ ਇਧਰ ਬੀ ਉਦਾਸੀ ਦੇ ਗਿਆ ਹੈ।

ਰਵਾਇਤ ਹੈ ਪਰ ਇਤਹਾਸਾਂ ਵਿਚ ਨਹੀਂ ਲਿਖਿਆ ਕਿ ਵਜ਼ੀਰ ਖ਼ਾਂ ਸੂਬਾ ਸਰਹਿੰਦ ਦਾ ਜਾਸੂਸ ਬਿਸਾਲੀ ਰਾਇ ਪਾਸ ਆਇਆ ਸੀ ਕਿ ਗੁਰੂ ਜੀ ਨੂੰ ਚੁਪ ਕੀਤੇ ਸਾਡੇ ਹਵਾਲੇ ਕਰ ਦਿਓ, ਪਰ ਰਾਇ ਨੇ ਉਸ ਨੂੰ ਕੁਛ ਥਹੁ ਨਹੀਂ ਪੈਣ ਦਿੱਤਾ ਤੇ ਉਹ ਮੁੜ ਗਿਆ। ਗਾਲਬਨ ਜੇ ਕੋਈ ਐਸਾ ਆਦਮੀ ਆਇਆ ਹੈ ਤਾਂ ਗੁਰੂ ਸਾਹਿਬ ਦੇ ਬਿਭੌਰ ਚਲੇ ਜਾਣ ਮਗਰੋਂ, ਜੋ ਆਪਣੀ ਤਸੱਲੀ ਕਰਕੇ ਟੁਰ ਗਿਆ ਹੋਊ ਕਿ ਉਹ ਏਥੇ ਨਹੀਂ ਹਨ। ਸਤਿਗੁਰੂ ਜੀ ਬਿਸਾਲੀ ਤੋਂ ਚਲਕੇ ਬਿਭੌਰ ਗਏ ਸਨ, ਉਥੋਂ ਦੇ ਕੌਤਕ ਇਸ ਅਗਲੇ ਪ੍ਰਸੰਗ ਵਿਚ ਹਨ :-

# ੫੫. ਰਾਉ ਬਿਭੌਰ[1]।

੧.

ਰਾਤ ਕਿੰਨੀ ਹੀ ਲੰਘ ਗਈ, ਰਾਉ ਜੀ ਘਰ ਨਹੀਂ ਆਏ। ਰਾਣੀ ਬੇਸੁੱਧ ਪਈ ਹੈ, ਗੋਲੀਆਂ ਬਾਂਦੀਆਂ ਵੀਣੀ ਫੜੀ ਬੈਠੀਆਂ ਹਨ, ਵੈਦ ਜੀ ਪਾਸ ਹਨ, ਦਵਾਈ ਦੇ ਰਹੇ ਹਨ, ਪਰ ਹੋਸ਼ ਨੇ ਪਰਤਾ ਨਹੀਂ ਖਾਧਾ। ਰਾਉ ਵਲ ਆਦਮੀ ਤੇ ਆਦਮੀ ਜਾ ਰਿਹਾ ਹੈ ਪਰ ਉਹ ਆਏ ਨਹੀਂ।

ਸਵਾ ਪਹਿਰ ਰਾਤ ਲੰਘ ਗਈ ਤਾਂ ਰਾਉ ਉਦੈ ਸੈਨ ਮਹਿਲੀਂ ਆਏ। ਅਗੋ ਰਾਣੀ ਦੀ ਇਹ ਦਸ਼ਾ ਵੇਖ ਕੇ ਬੜੇ ਘਬਰਾਏ। ਵੈਦ ਨੂੰ ਪੁਛਿਆ, ਉਸ ਦੱਸਿਆ "ਕੋਈ ਡਾਢਾ ਸਦਮਾਂ ਹੋਇਆ ਹੈ; ਜਿਸ ਦੀ ਚੋਟ ਦਾ ਇਹ ਅਸਰ ਹੈ। ਨਾਜ਼ਕ ਵੇਲਾ ਬੀਤ ਚੁਕਾ ਹੈ; ਹੁਣ ਤਬੀਅਤ ਵਾਪਸ ਆ ਰਹੀ ਹੈ, ਨਬਜ਼ ਠੀਕ ਹੈ; ਸ੍ਵਾਸ ਠੀਕ ਚਲ ਰਹੇ ਹਨ, ਹੋਸ਼ ਪਰਤਣ ਵਾਲੀ ਹੈ, ਹੁਣ ਖਤਰਾ ਨਹੀਂ।" ਫੇਰ ਰਾਇ ਨੇ ਗੋਲੀ ਤੋਂ ਕਾਰਨ ਪੁੱਛਿਆ, ਗੋਲੀ ਬੋਲੀ :-

ਮਹਾਰਾਜ ਜੀ ! ਚੰਗੇ ਭਲੇ ਬੈਠੇ ਗੱਲਾਂ ਕਰਦੇ ਰਹੇ। ਪਾਰ ਜੋ ਜੰਗ ਮਚਿਆ ਹੈ, ਉਸ ਦੇ ਹਾਲ ਪੁਛਦੇ ਸੁਣਦੇ ਰਹੇ। ਜਦੋਂ ਕਿਸੇ ਨੇ ਇਹ ਖ਼ਬਰ ਦੱਸੀ ਕਿ ਪਹਾੜੀਆਂ ਦੀ ਜਿੱਤ ਹੋ ਗਈ ਹੈ ਤੇ ਗੁਰੂ ਜੀ ਘੇਰੇ

1. ਇਹ ਪ੍ਰਸੰਗ ਟਰੈਕਟ ਦੀ ਸੂਰਤ ਵਿਖੇ ਸੰ: ਗੁ: ਨਾ: ਸਾ: ੪੫੩ (੧੯੨੨ ਈ:) ਦੇ ਗੁਰਪੁਰਬ ਸਪਤਮੀ ਪਰ ਪ੍ਰਕਾਸ਼ਿਆ ਸੀ।

ਵਿਚ ਘਿਰਕੇ ਘਾਇਲ ਹੋ ਦੇਹ ਤਿਆਗ ਗਏ, ਤਦੋਂ ਐਧਰ ਉਧਰ ਤੱਕਕੇ, ਚੁਪ ਜੇਹੇ ਹੋ ਗਏ, ਅੱਖਾਂ ਨਹੀਂ ਝਮਕੀਆਂ ਤੇ ਫੇਰ ਧੜ ਕਰਦੇ ਢਹਿ ਪਏ। ਉਸ ਵੇਲੇ ਤੋਂ ਹੋਸ਼ ਨਹੀਂ ਪਰਤੀ। ਵੈਦ ਜੀ ਸਾਰਾ ਜ਼ੋਰ ਲਾ ਥੱਕੇ ਹਨ, ਉਹੋ ਹਾਲ ਹੈ।

ਰਾਉ ਸਮਝ ਗਿਆ ਕਿ ਰਾਣੀ ਦੇ ਅੰਦਰ ਡੂੰਘੀਆਂ ਤਰਬਾਂ ਨੂੰ ਸੱਟ ਵੱਜੀ ਹੈ, ਜਿਸ ਇਹ ਅਸਰ ਪਾਇਆ ਹੈ। ਥੋੜਾ ਚਿਰ ਸੋਚਕੇ ਰਾਉ ਨੇ ਵੈਦ ਤੇ ਗੋਲੀਆਂ ਨੂੰ ਥੋੜੇ ਚਿਰ ਲਈ ਬਾਹਰ ਟੋਰਿਆ ਤੇ ਆਪ ਰਾਣੀ ਦਾ ਹੱਥ ਹੱਥਾਂ ਵਿਚ ਲੈਕੇ ਪਿਆਰ ਨਾਲ ਮਲਿਆ ਤੇ ਨਰਮ ਨਰਮ ਘੁੱਟਿਆ ਤੇ ਕੰਨਾਂ ਨਾਲ ਮੂੰਹ ਲਾਕੇ ਸਹਿਜੇ ਸਹਿਜੇ ਕਹਿਣਾ ਸ਼ੁਰੂ ਕੀਤਾ : "ਪ੍ਰਿਯਾਵਰ[1] ! ਗੁਰੂ ਜੀ ਰਾਜ਼ੀ ਖੁਸ਼ੀ ਬਿਸਾਲੀ ਆ ਗਏ ਹਨ!" ਇਹ ਗੱਲ ਕੋਈ ਘੜੀ ਪੱਕੀ ਆਪ ਉਸ ਦੇ ਕੰਨ ਵਿਚ ਦੁਹਰਾਈ ਗਏ ਕਿ ਅਚਾਨਕ ਅੱਖ ਖੁੱਲ ਗਈ। ਇਹ ਦੇਖਕੇ ਰਾਇ ਨੇ ਸਹਿਜ ਨਾਲ ਸਿਰ ਤੇ ਹੱਥ ਫੇਰਿਆ ਤੇ ਆਖਿਆ :- "ਗੁਰੂ ਜੀ ਰਾਜ਼ੀ ਖੁਸ਼ੀ ਬਿਸਾਲੀ ਆ ਪਹੁੰਚੇ ਹਨ।"

ਰਾਣੀ-ਹੈਂ, ਕੀ (ਚੁੱਪ ਹੋ ਕੇ ਫਿਰ ਸਹਿਜੇ) ਕੀ ਆਖਿਆ ਨੇ ?

ਰਾਉ-ਗੁਰੂ ਜੀ ਰਾਜ਼ੀ ਖੁਸ਼ੀ ਹਨ, ਬਿਸਾਲੀ ਆ ਗਏ ਹਨ।

ਰਾਣੀ-ਹੈਂ ! ਬਿਸਾਲੀ ਆ ਗਏ ਨੇ ! ਕੀ ?

ਰਾਉ-ਗੁਰੂ ਜੀ ਰਾਜ਼ੀ ਖੁਸ਼ੀ ਹਨ।

ਰਾਣੀ-ਹੈਂ ! ਸੱਚ ਰਾਜ਼ੀ ਖੁਸ਼ੀ ?

ਨਿੱਕੋ ਦੀ ਜੀਭ ਸਾੜ ਦਿਓ !...ਸੱਚ ?

ਰਾਉ-ਸੱਚ ਰਾਜ਼ੀ ਖੁਸ਼ੀ ਹਨ।

ਰਾਣੀ-ਮੇਰੀ ਸਹੁੰ, ਸੱਚ ਦੱਸੋ ?

ਰਾਉ-ਸੱਚ ਹੈ, ਸੱਚ ਹੈ, ਉਹ ਤਾਂ ਦੁਸ਼ਮਨਾਂ ਨੂੰ ਮਾਰ ਪਛਾੜ ਦਰਯਾ ਟੱਪ ਬਿਸਾਲੀ ਆ ਗਏ ਹਨ।

ਰਾਣੀ-ਕਿੱਥੇ ?

ਰਾਉ-ਬਿਸਾਲੀ ਦੇ ਰਾਜ ਵਿਚ ਪਰਵਾਰ ਤੇ ਲਸ਼ਕਰ ਸਣੇ ਆ ਗਏ ਹਨ।

ਰਾਣੀ-ਤੇ ਵੈਰੀ ?

ਰਾਉ-ਪਾਰ ਅਪਣਾ ਸਿਰ ਧੁਣ ਰਹੇ ਹਨ, ਜਿੱਤ ਨਾ ਸੱਕਣ ਉੱਤੇ ਪਿੱਟ ਰਹੇ ਹਨ। ਨਵਾਬ ਸਰਹਿੰਦ ਨੂੰ ਮੁੜ ਗਿਆ ਹੈ।

ਰਾਣੀ ਦੀਆਂ ਅੱਖਾਂ ਮਿਟ ਗਈਆਂ, ਹੁਣ ਬੇਹੋਸ਼ ਨਹੀਂ ਹੋਈ, ਕਿਸੇ ਸ਼ੁਕਰ ਤੇ ਸੁਆਦ ਵਿਚ ਗੁੰਮ ਹੋਕੇ ਅੱਖਾਂ ਵਿਚੋਂ ਪਾਣੀ ਕਿਰਿਆ। ਜਿਉਂ ਜਿਉਂ ਹੰਝੂ ਕਿਰੇ ਸੁਰਤ ਤਕੜੀ ਹੋਈ, ਸਿਰ ਸਾਫ ਹੋ ਗਿਆ ਤੇ ਤਾਕਤ ਬਣ ਆਈ, ਪਰ ਅਜੇ ਹਿੱਲਜੁੱਲ ਨਹੀਂ ਹੁੰਦਾ।

੨.

ਦੋ ਇਕ ਦਿਨ ਰਾਣੀ ਪਲੰਘ ਪਰ ਰਹੀ, ਤਾਕਤ ਕੁਛ ਘੱਟ ਸੀ, ਪਰ ਉਂਞ ਵੱਲ ਸੀ, ਕੇਵਲ ਨਾਤਾਕਤੀ ਆਪਣਾ ਅਸਰ ਨਹੀਂ ਛੋੜਦੀ ਸੀ, ਤੀਏ ਦਿਨ ਤਾਕਤ ਨੇ ਚੰਗਾ ਮੋੜਾ ਖਾਧਾ।

ਸ਼ਾਮਾਂ ਦਾ ਵੇਲਾ ਹੈ, ਤਾਰੇ ਡਲ੍ਹਕ ਉਠੇ ਹਨ, ਨੀਲਾ ਨੀਲਾ ਆਕਾਸ਼ ਕੁਛ ਕਣੀਆਂ ਬਸਾ ਕੇ ਨਿਰਮਲ ਹੋਇਆ ਲਸ ਰਿਹਾ ਹੈ। ਹਵਾ ਹਾਰੇ ਪਲੰਘ ਡੱਠਾ ਹੈ, ਰਾਉ ਪਾਸ ਬੈਠਾ ਹੈ। ਗੋਲੀ ਬਾਂਦੀ ਪਾਸ ਕੋਈ ਨਹੀਂ, ਸਹਿਜੇ ਸਹਿਜੇ ਕੋਈ ਮਰਮਾਂ ਦੀਆਂ ਗੱਲਾਂ ਜਾਰੀ ਹਨ :-

ਰਾਣੀ-ਸਾਂਈਂ ਜੀਉ ! ਕਦ ਤੱਕ ਇਹ ਚੁੱਪ ? ਕਦ ਦਰਸ਼ਨ ਹੋਣਗੇ ?

ਰਾਉ-ਜਦ ਕਰਮ! ਹਾਂ, ਦੱਸੋ ਤਾਂ ਸਹੀ ਤੁਸਾਂ ਨੂੰ ਕਿਵੇਂ ਸੱਟ ਲੱਗੀ ਸੀ ?

ਰਾਣੀ-ਹਾਇ ! ਯਾਦ ਕੀਤਿਆਂ ਫੇਰ ਉਹੋ ਪੀੜ ਪੈਂਦੀ ਹੈ। ਸਾਂਈਂ ! ਉਹ ਘੜੀ ਸਿਰ ਦੇ ਵੈਰੀ ਨੂੰ ਵੀ ਨਾ ਦਿੱਸੇ।

ਰਾਉ-ਜੇ ਦੁੱਖ ਹੁੰਦਾ ਹੈ ਤਾਂ ਨਾ ਦੱਸੋ।

ਰਾਣੀ-ਨਹੀਂ, ਜੀਉ ਦੱਸਦੀ ਹਾਂ, ਨਿੱਕੋ ਬਾਹਰੋਂ ਭੱਜੀ ਭੱਜੀ ਆਈ ਤੇ ਕਹਿਣ ਲੱਗੀ :- "ਪਾਪੀਆਂ ਦਾ ਜ਼ੋਰ ਚੱਲ ਗਿਆ, ਗੁਰੂ ਜੀ ਘਾਇਲ ਹੋਕੇ..." ਬੱਸ ਕੀ ਕਹਾਂ ? ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਤੇ ਹੋਸ਼ ਗੁੰਮ ਹੋ ਗਈ, ਕਾਲਾ ਅੰਧਕਾਰ ਹੋਕੇ ਜਗਤ ਦਿੱਸਿਆ ਤੇ ਮੈਂ ਵਿਚ ਇਕੱਲੀ ਡਰ ਨਾਲ ਮੂਰਛਾ ਖਾ ਗਈ।

ਰਾਉ-ਨਿੱਕੋ ਬੜੀ ਮੂਰਖ ਹੈ, ਉਹ ਤਾਂ ਮਹਾਂਬਲੀ ਹਨ। ਅਸਲ ਵਿਚ ਉਨ੍ਹਾਂ ਦਾ ਇਕ ਸੈਨਾਪਤੀ ਸਾਹਿਬ ਚੰਦ ਉਸ ਦਿਨ ਮਾਰਿਆ ਗਿਆ ਸੀ ਤੇ ਉਸ ਮਹਾਂ ਸੂਰਮੇ ਦਾ ਘੋਰ ਸੰਗ੍ਰਾਮ ਰਚਕੇ ਸੂਰਮਗਤੀ ਦੀ ਅਉਧੀ

---

1. ਰਾਜਾ ਜੀ ਇੰਞ ਬੁਲਾਇਆ ਕਰਦੇ ਸਨ ਤੇ ਏਹੋ ਫੇਰ ਨਾਉਂ ਪੱਕ ਗਿਆ 'ਪ੍ਰਿਯਾਵਰ'।

ਕਰਕੇ ਸ਼ਹੀਦੀ ਪਾਉਣਾ ਇਹ ਖ਼ਬਰ ਧੁਮਾ ਗਿਆ ਸੀ ਕਿ ਉਹ ਗੁਰੂ ਜੀ ਆਪ ਸਨ। ਉਹ ਪਹਿਲੀ ਉਡਦੀ ਬੇਥਵ੍ਹੀ ਖ਼ਬਰ ਨਿੱਕੋ ਨੇ ਲਿਆ ਤੁਹਾਡੇ ਕੰਨੀਂ ਪਾਈ। ਦੁੱਖ ਹੋਇਆ, ਪਰ ਸ਼ੁਕਰ ਹੈ ਕਿ ਖ਼ਬਰ ਝੂਠੀ ਨਿਕਲੀ ਤੇ ਅਸਲ ਗੱਲ ਉਸ ਦੇ ਉਲਟ ਨਿਕਲੀ, ਜੋ ਉਹ ਵਾਲਵਾਲ ਬਚਕੇ ਉਰਾਰ ਆ ਗਏ ਹਨ।

ਘੋਰ ਸੰਗ੍ਰਾਮ ਕਰ ਕੇ ਦਰਿਆ ਟੱਪ ਜਾਣਾ ਸੈਨਾਂ ਸਣੇ ਤੇ ਮੁਰਦਿਆਂ ਤੱਕ ਨੂੰ ਸੰਭਾਲ ਕੇ ਨਾਲ ਲੈ ਆਉਣਾ ਇਹ ਇਕ ਫਤਹ ਸੀ, ਜਿਸ ਨਾਲ ਮੂਰਖਾਂ ਦੇ ਦਿਲ ਤੋੜ ਦਿੱਤੇ ਤੇ ਵਜ਼ੀਰ ਖਾਂ ਸਿਰ ਧੁਣਦਾ ਮੁੜ ਗਿਆ ਹੈ ਤੇ ਰਾਜੇ ਸਾਰੇ ਪਏ ਖ਼ਾਲੀ ਖਜ਼ਾਨੇ ਤੇ ਮੁਕਾਲਕਾਂ ਵੇਖ ਕੇ ਪਿੱਟਦੇ ਹਨ। ਉਂਵ ਜਗਤ ਨੂੰ ਪਏ ਦੱਸਦੇ ਹਨ ਕਿ ਅਸਾਂ ਗੁਰੂ ਜੀ ਨੂੰ ਦਰਿਆਓਂ ਪਾਰ ਭਜਾ ਦਿੱਤਾ ਹੈ।

ਗੁਰੂ ਜੀ ਰਾਇ ਬਿਸਾਲੀ ਪਾਸ ਟਿਕ ਰਹੇ ਹਨ। ਉਥੇ ਸਾਰੇ ਜੋਧੇ ਆਰਾਮ ਪਾ ਰਹੇ ਹਨ। ਆਪ ਸ਼ਿਕਾਰ ਚੜ੍ਹਦੇ ਹਨ, ਦਰਿਆ ਟੱਪ ਜਾਂਦੇ ਹਨ ਤੇ ਬਿਲਾਸ ਪੁਰੀਏ ਦੇ ਰਾਜ ਵਿਚ ਬੀ ਨਿਰਭੈ ਵਿਚਰ ਆਉਂਦੇ ਹਨ, ਪਰ ਉਸ ਦੀ ਕੋਈ ਪੇਸ਼ ਨਹੀਂ ਜਾਂਦੀ।

ਰਾਣੀ-ਕਦੋਂ ਚੱਲੋਗੇ ? ...ਕਦੋਂ ਸੱਦੋਗੇ?

ਰਾਉ-ਜਦੋਂ ਸੱਦਣਗੇ; ਜਦੋਂ ਆਉਣਗੇ !

ਰਾਣੀ-ਹੁਣ ਤਾਂ ਪੰਘਰ ਪਵੋ, ਹੁਣ ਤਾਂ ਆਪਣੇ ਤੇ ਮੇਰੇ ਤੇ ਤਰਸ ਖਾਓ। ਪਿਆਰ ਕੀਹ ਤੇ ਚੁੱਪ ਦੀ ਘੁੱਟ ਕੀਹ ?

ਰਾਉ-ਆਪਣੇ ਤੇ ਪਿਆਰਿਆਂ ਤੇ ਕੌਣ ਤਰਸ ਨਹੀਂ ਕਰਦਾ, ਪਰ ਦੈਵਗਤੀ ਪ੍ਰਬਲ ਹੈ। ਪਿਆਰ ਤੇ ਚੁੱਪ ਇਹੋ ਸੁਆਦ ਹੈ। ਪਿਆਰ ਤੇ ਰੌਲਾ, ਪਿਆਰ ਤੇ ਪੁਕਾਰ ਇਹ ਤਾਂ ਪਿਆਰ ਦਾ ਵ੍ਯਪਾਰ ਹੈ।

ਇੰਨੇ ਨੂੰ ਨਿੱਕੋ ਪਟਿੱਕੋ ਫੇਰ ਆ ਗਈ, ਪਰ ਅੱਜ ਹੱਸਦੀ ਹੱਸਦੀ ਆਈ ਹੈ, "ਜੀ ! ਮੈਂ ਸੁਹਣੀ ਸੋ ਲਿਆਈ ਹਾਂ।"

ਰਾਣੀ-ਕੋਈ ਪੱਕੀ ਗੱਲ ਹੋਵੇ ਤਾਂ ਦੱਸੀਂ, ਐਵੇਂ ਲਾਰੇ ਲਾ ਲਾ ਨਾ ਖਪਾਵੀਂ।

ਨਿੱਕੋ-ਜੀ ਪੱਕੀ ਗੱਲ ਹੈ। ਸਤਿਗੁਰ ਜੀ ਨੇ ਬਿਸਾਲੀ ਡੇਰੇ ਲਾ ਦਿੱਤੇ ਹਨ, ਸੰਗਤਾਂ ਉਥੇ ਹੀ ਆਉਣ ਜਾਣ ਲੱਗ ਪਈਆਂ ਹਨ, ਪਰ ਲਾਗਲਾਗ ਦੀਆਂ; ਖ਼ਿਆਲ ਪੈਂਦਾ ਹੈ ਕਿ ਸ਼ਾਇਦ ਇਥੇ ਹੀ ਰਹਿ ਪੈਣ, ਪਾਰ ਨਾ ਹੀ ਜਾਵਣ, ਨੇੜੇ ਆ ਗਏ !

ਰਾਣੀ-ਸੋਇ ਤਾਂ ਸੁਹਣੀ ਹੈ, ਪਰ ਹੈ ਕੱਚੀ, ਕੋਈ ਵਧੇਰੇ ਸੁਹਣੀ ਗੱਲ ਦੱਸ ?

ਨਿੱਕੋ-ਦਾਸਾਂ ! ਜ਼ਰੂਰ ! ਜੀਉ, ਮੈਂ ਸਦਕੇ ! ਆਪ ਸ਼ਿਕਾਰ ਚੜ੍ਹਦੇ ਹਨ ਤਾਂ ਦੂਰ ਦੂਰ ਨਿਕਲ ਜਾਂਦੇ ਹਨ। ਕੱਲ ਸਾਡੇ ਰਾਜ ਵਿਚ ਬੀ ਚਰਨ ਪਾ ਗਏ, ਰੰਗ ਲਾ ਗਏ ਹਨ।

ਇਹ ਸੁਣਕੇ ਰਾਣੀ ਦੇ ਨੈਣ ਭਰ ਆਏ, ਪਰ ਰਾਉ ਦੇ ਨੈਣ ਬੰਦ ਹੋ ਗਏ।

ੜ.

ਜਦੋਂ ਸਤਿਗੁਰ ਜੀ ਨੇ ਨਾਹਨ ਦੇ ਰਾਜ ਵਿਚ ਪਾਉਂਟਾ ਵਸਾਇਆ ਤੇ ਜਮਨਾ ਤਟ ਖੇਲ ਰਚਾਏ ਸਨ, ਤਦੋਂ ਰਾਜੇ ਨਾਹਨ ਨੂੰ ਤਾਰਿਆ ਸੀ। ਉਸ ਨੇ ਹੀ ਅਪਣੀ ਰਾਜਧਾਨੀ ਵਿਚ ਕੁਝ ਚਿਰ ਰਖਿਆ ਸੀ, ਸੇਵਾ ਤੇ ਭਾਉ ਭਗਤੀ ਕੀਤੀ ਸੀ; ਇਹ ਰਾਣੀ ਤਦੋਂ ਇਕ ਮੁਟਿਆਰ ਕੰਨਯਾ ਸੀ ਤੇ ਨਾਹਨ ਦੇ ਰਾਜ ਘਰਾਣੇ ਦੀ ਇਕ ਪੁੱਤ੍ਰੀ ਸੀ। ਗੁਰੂ ਜੀ ਫੇਰ ਪਾਉਂਟੇ ਚਲੇ ਗਏ। ਫੇਰ ਸਮਾਂ ਪਾਕੇ ਆਨੰਦਪੁਰ ਟੁਰ ਗਏ। ਇਸ ਬੀਬੀ ਦੇ ਵਿਆਹ ਦਾ ਪ੍ਰਬੰਧ ਮਾਪੇ ਕਰਨ ਲੱਗੇ। ਗੁਰਬਾਣੀ ਦਾ ਪਿਆਰ ਬੀਬੀ ਦੇ ਅੰਦਰ ਪੈ ਚੁਕਾ ਸੀ, ਪਾਠ ਦੀ ਨੇਮਣ ਤੇ ਪ੍ਰੇਮਣ ਸੀ, ਸਤਿਗੁਰ ਜੀ ਦੇ ਇਲਾਹੀ ਦਰਸ਼ਨ ਨਾਲ ਜੀਉ ਉਠੀ ਹੋਈ ਸੀ। ਹਾਂ, ਉਨ੍ਹਾਂ ਦੀ ਕਦਰ ਤੇ ਪ੍ਰਤੀਤੀ ਨਾਲ ਸੁਰਜੀਤ ਹੋਈ ਹੋਈ ਸੀ। ਜਦੋਂ ਮਾਪੇ ਵਰ ਢੂੰਡਣ ਲੱਗੇ ਤਾਂ ਕਾਕੀ ਚੰਗੀ ਸਿਆਣੀ ਉਮਰ ਦੀ ਸੀ। ਇਸ ਨੇ ਦੇਸ਼ ਚਾਲ ਦਾ ਭੈ ਛੋੜ ਮਾਂ ਨੂੰ ਕਹਿ ਦਿੱਤਾ ਸੀ ਕਿ : "ਕਿਸੇ ਐਸੇ ਘਰਾਣੇ ਮੈਨੂੰ ਨਹੀਂ ਟੋਰਨਾ ਕਿ ਜਿੱਥੇ ਗੁਰੂ ਜੀ ਦਾ ਵਿਰੋਧ ਵਸਦਾ ਹੋਵੇ। ਸਾਰੇ ਲਗ ਪਗ ਪਹਾੜੀ ਰਾਜੇ ਉਨ੍ਹਾਂ ਨਾਲ ਈਰਖਾ ਰੱਖਦੇ ਹਨ। ਜਿਵੇਂ ਸਾਡਾ ਨਾਹਨ ਦਾ ਘਰਾਣਾ ਪਿਆਰ ਰੱਖਦਾ ਹੈ, ਐਸੇ ਕਿਸੇ ਪਿਆਰ ਵਾਲੇ ਥਾਂਵੇਂ ਮੈਨੂੰ ਟੋਰਨਾ"। ਮਾਂਵਾਂ ਦੇ ਦਿਲ ਜਿੰਨੇ ਧੀਆਂ ਲਈ ਨਰਮ ਹੋਇਆ ਕਰਦੇ ਹਨ, ਉਹ ਨਰਮੀ ਕੋਮਲਤਾ ਦਾ ਕਮਾਲ ਹੁੰਦਾ ਹੈ। ਸਤਲੁਜ ਉਰਾਰ ਪਾਰ ਜਮਨਾ ਤੋਂ ਲੈ ਰਾਵੀ ਤੱਕ ਪਰਿਵਾਰ ਨੇ ਟੋਲ ਕੀਤੀ, ਯਾ ਤਾਂ ਵੈਰ ਬਿਨਾਂ ਰਾਜ ਘਰ ਨਾ ਲੱਭੇ ਜੇ ਲੱਭੇ ਤਾਂ ਓਥੇ ਯੋਗ ਵਰ ਨਾ ਲੱਭੇ। ਬੜੀ ਖੋਜ

ਭਾਲ ਮਗਰੋਂ ਬਿਭੌਰ ਦੇ ਰਾਉ ਘਰ ਦਾ ਟਿੱਕਾ ਜੀ ਲੱਭਾ। ਇਥੋਂ ਦਾ ਇਹ ਪਤਾ ਤਾਂ ਲੱਗ ਗਿਆ ਕਿ ਰਾਉ ਕਦੇ ਸਤਿਗੁਰਾਂ ਨਾਲ ਲੜਿਆ ਨਹੀਂ; ਪਰ ਟਿੱਕੇ ਦੇ ਸੁਭਾਉ ਦਾ ਪਤਾ ਨਾ ਲੱਗੇ ਕਿ ਕਿਹੋ ਜਿਹਾ ਹੈ, ਸਤਿਗੁਰਾਂ ਦੇ ਪਿਆਰ ਵਾਲਾ ਹੈ ਕਿ ਵੈਰ ਵਾਲਾ? ਜਤਨਾਂ ਮਗਰੋਂ ਇਸੇ ਨਿੱਕੇ ਤੋਂ ਮਾਂ ਨੂੰ ਪਤਾ ਲੱਗਾ ਕਿ ਟਿੱਕਾ ਇਕ ਚੁੱਪ ਰਹਿਣ ਵਾਲਾ ਲੜਕਾ ਹੈ, ਜਿਸ ਦੇ ਅੰਦਰ ਦਾ ਥਹੁ ਨਹੀਂ, ਪਰ ਜਦ ਕਦੇ ਕੋਈ ਜੰਗ ਛਿੜਦਾ ਹੈ ਤੇ ਬਿਭੌਰ ਦੇ ਦਰਬਾਰ ਗਲ ਛਿੜਦੀ ਹੈ ਤਾਂ ਟਿੱਕਾ ਕਰਵਟ ਦੇ ਕੇ ਕਹਿ ਦਿੰਦਾ ਹੈ, ਛੋਟੇ ਰਾਜਿਆਂ ਦੇ ਵਿਰੋਧੀ ਪੱਖ, ਕਿਉਂ ਇਨ੍ਹਾਂ ਨਾਲ ਰਲਿਆ ਜਾਵੇ ? ਮੂਰਖ ਹਨ। ਟਿੱਕੇ ਦਾ ਇਹ ਰੁਖ਼ ਰਾਜੇ ਨੂੰ ਖੀ ਬਚਾਈ ਰਖਦਾ ਹੈ। ਬਿਭੌਰ ਦੇ ਟਿੱਕੇ ਦੇ ਰੁਖ਼ ਦਾ ਇਹ ਪਤਾ ਲੱਗ ਜਾਣ ਤੇ ਮਾਂ ਨੇ ਧੀ ਦਾ ਸਾਕ ਪਾ ਦਿੱਤਾ ਤੇ ਚੌਂਪਾਂ ਨਾਲ ਵਿਆਹ ਹੋ ਗਿਆ।

ਜਾਂ ਕਾਕੀ ਨਾਹਨ ਤੋਂ ਬਿਭੌਰ ਆਈ ਤਾਂ ਉਸਨੇ ਸਹੁਰੇ ਘਰ ਨੂੰ ਗੁਰੂ ਵੈਰ ਤੋਂ ਖਾਲੀ ਪਾਇਆ। ਜੇ ਕਦੇ ਸੁਣਿਆਂ ਤਾਂ ਇਹ ਕਿ ਵੱਡੇ ਰਾਉ ਜੀ ਗੁਰੂ ਜੀ ਦੇ ਪੱਖ ਦੀ ਗੱਲ ਕਰਦੇ ਹਨ। ਹੁਣ ਉਸਨੂੰ ਚਾਉ ਚੜ੍ਹੇ ਕਿ ਕਿਵੇਂ ਪਤੀ ਨੂੰ ਪ੍ਰੇਮੀ ਬਣਾਵਾਂ। ਬਾਣੀ ਦੀ ਨੇਮਣ ਤੇ ਸੁਖਮਨੀ ਸਾਹਿਬ ਦੀ ਖਾਸ ਪ੍ਰੇਮਣ ਪਾਠ ਕਰਿਆ ਕਰੇ, ਪਤੀ ਸੁਣਿਆਂ ਕਰੇ, ਪਰ ਕੁਛ ਕਿਹਾ ਨਾ ਕਰੇ। ਇਹ ਬਹੁਤ ਵੇਰੀ ਗੁਰੂ ਜੀ ਦਾ ਜਸ ਕਰੇ, ਬਾਣੀ ਦੀ ਮਹਿਮਾ ਆਖੇ, ਆਪਣੀ ਨਾਮ ਪ੍ਰਾਪਤੀ ਦੀ ਅਭਿਲਾਖ ਦੱਸੇ; ਟਿੱਕਾ ਸੁਣੇ, ਪਰ ਜਵਾਬ ਲੱਗਦੇ ਚਾਰੇ ਕਦੇ ਕੁਛ ਨਾ ਦੇਵੇ, ਜੇ ਕਦੇ ਦੇਵੇ ਤਾਂ ਆਖੇ-ਲਰੋ ਫਲ ਅਣਬੋਲੇ ਵਧਦੇ ਹਨ।

ਸਮਾਂ ਥੋੜ੍ਹਾ ਹੋਰ ਲੰਘਿਆ ਤਾਂ ਟਿੱਕਾ ਜੀ ਰਾਉ ਹੋ ਗਏ, ਹੁਣ ਇਹ ਰਾਣੀ ਹੋ ਗਈ। ਖੁੱਲ੍ਹ ਤੇ ਵਸੀਕਾਰ ਵਧ ਗਏ, ਟਿੱਕੇ ਨੇ ਰਾਉ ਹੋ ਕੇ ਦੂਸਰਾ ਵਿਆਹ ਨਹੀਂ ਕੀਤਾ, ਹੋਰ ਵਿਆਹ ਹੋਣ ਦੀ ਥਾਂਵੇਂ ਰਾਜੇ ਦਾ ਪਿਆਰ ਸਗੋਂ ਪ੍ਰਿਯਾਵਰ ਨਾਲ ਹੀ ਹੋਰ ਵਧ ਗਿਆ। ਪ੍ਰਿਯਾਵਰ ਦੇ ਹੁਕਮ ਹਾਸਲ ਵਧ ਗਏ, ਪਰ ਨਾ ਵਧੀ ਤਾਂ ਇਕ ਗੱਲ ਜੋ ਪਤੀ ਇਸ ਦੇ ਵਾਂਙੂ ਬਾਣੀ ਤੇ ਗੁਰਚਰਨਾਂ ਦਾ ਪ੍ਰੇਮੀ ਹੋਇਆ ਨਾ ਦਿੱਸੇ। ਉਵ ਰਾਣੀ ਅਚਰਜ ਗੱਲ ਵੇਖੇ ਕਿ ਕਿਸੇ ਜੁੱਧ ਵਿਚ ਬਿਭੌਰ ਰਾਜਿਆਂ ਨਾਲ ਨਾ ਜਾ ਰਲੇ, ਕੋਈ ਗੱਲ ਸਿੱਖਾਂ ਵਿਰੁੱਧ ਕਿ ਗੁਰੂ ਵਿਰੁੱਧ ਰਾਜ ਭਰ ਵਿਚ ਨਾ ਹੋਵੇ; ਕਿਤੇ ਰਾਇ ਨੂੰ ਕੋਈ ਸੂਹ ਪਵੇ ਤਾਂ ਉਸ ਦੀ ਦਰੁਸਤੀ ਤੱਤਕਾਲ ਹੋ ਜਾਵੇ, ਪਰ ਗੁਰੂ ਜੱਸ ਕਿ ਗੁਰੂ ਨਾਮ; ਗੁਰਬਾਣੀ ਦਾ ਪਾਠ ਕਿ ਸੁਣਨ ਦਾ ਉੱਦਮ ਰਾਇ ਵਿਚ ਨਾ ਵੇਖ ਰਾਣੀ ਕਿਹਾ ਕਰੇ: "ਹੇ ਬਿਧਨਾਂ! ਮੇਰੇ ਲੇਖ ਲਿਖਦਿਆਂ, ਦੁਖਾਂ ਤੋਂ ਸਾਫ ਰਖਦਿਆਂ ਜਦ ਮੇਰੀ ਦਿਲੀ ਮੁਰਾਦ ਦੀ ਲਕੀਰ ਦਾ ਵੇਲਾ ਆਉਂਦਾ ਸੀ ਤਾਂ ਤੂੰ ਥਾਂ ਖ਼ਾਲੀ ਛੱਡ ਜਾਂਦੀ ਸੈਂ ? ਪਰ ਅੱਛਾ ! ਏਥੇ ਮੇਰਾ ਗੁਰਬਾਣੀ ਦਾ ਪਿਆਰ ਆਪ ਲੀਕ ਵਾਹੇਗਾ ਤੇ ਆਪ ਸੁਹਣੀ ਕਰਕੇ ਵਾਹੇਗਾ।" ਜਿੰਨੇ ਜ਼ੋਰ ਰਾਣੀ ਵਿਚ ਸਨ ਤੇ ਜਿੰਨੀ ਹਿੰਮਤ ਕੋਈ ਪਤਿਬ੍ਰਤਾ ਕਰ ਸਕਦੀ ਹੈ ਰਾਣੀ ਨੇ ਕੀਤੀ, ਪਰ ਕੋਈ ਸਿਰੇ ਚੜ੍ਹਦੀ ਨਾ ਦਿੱਸੇ। ਹਾਂ, ਰਾਣੀ ਨੂੰ ਭਰਮ ਰਹਿੰਦਾ ਸੀ ਕਿ ਕੋਈ ਲੁਕਵੀਂ ਗੱਲ ਹੈ ਜ਼ਰੂਰ।

ਇਕ ਦਿਨ ਰਾਤ ਦੋ ਪਹਿਰ ਬੀਤਦੀ ਤਕ ਰਾਉ ਰਾਣੀ ਗੱਲੀਂ ਲਗੇ ਰਹੇ, ਪਿਆਰ ਤੇ ਸਤਿਕਾਰ ਦੇ ਪ੍ਰਸੰਗ ਟੁਰੇ। ਰਾਣੀ ਨੇ ਗੁਰੂ ਜਸ ਸੁਣਾਇਆ, ਫੁਨਿਹਾ ਦਾ ਪਾਠ ਸੁਣਾਇਆ, ਰਾਇ ਸੁਣਿਆਂ, ਪਰ ਆਖਿਆ ਕੁਝ ਨਾਂ, ਫੇਰ ਸੌਂ ਗਏ। ਕੋਈ ਦੋ ਕੁ ਵਜੇ ਨਾਲ ਰਾਉ ਮਲਕੜੇ ਉਠਿਆ, ਪਲ ਭਰ ਰਾਣੀ ਦੇ ਮੰਜੇ ਸਿਰਹਾਣੇ ਖੜਾ ਤੱਕਦਾ ਰਿਹਾ। ਨਿਹਚੇ ਹੋ ਗਿਆ ਕਿ ਘੂਕ ਸੁੱਤੀ ਪਈ ਹੈ। ਹੁਣ ਰਾਉ ਮਲਕੜੇ ਤਿਲਕ ਗਿਆ, ਪਰ ਅੱਜ ਰਾਣੀ ਵਿਚੋਂ ਜਾਗਦੀ ਸੀ। ਰਾਉ ਦੇ ਇਸ ਤਰ੍ਹਾਂ ਖਿਸਕਣ ਪਰ ਅਚਰਜ ਹੋ ਉਠੀ ਤੇ ਦਬੇ ਪੈਰ ਮਗਰੇ ਗਈ। ਰਾਉ ਨੇ ਅੰਦਰੋਂ ਅੰਦਰ ਇਕ ਕਮਰੇ ਵਿਚ ਜਾ ਕੇ ਇਕ ਚਾਬੀ ਕੱਢੀ, ਉਹ ਇਕ ਲੰਮੀ ਤਾਕੀ[1] ਨੂੰ ਲਾਈ, ਬੂਹੇ ਖੁਲ੍ਹੇ ਤਾਂ ਅੰਦਰ ਪੌੜੀਆਂ ਸਨ, ਇਨ੍ਹਾਂ ਥਾਣੀਂ ਹੇਠਾਂ ਉੱਤਰ ਗਿਆ ਤੇ ਬੂਹਾ ਬੰਦ ਹੋ ਗਿਆ, ਜਦ ਥੋੜੀ ਰਾਤ ਰਹਿ ਗਈ ਤਾਂ ਉਸ ਅਲਮਾਰੀ ਵਿਚੋਂ ਆਹਟ ਹੋਈ, ਰਾਣੀ, ਜੋ ਲੁਕ ਕੇ ਉਡੀਕ ਕਰ ਰਹੀ ਸੀ, ਤਾੜ ਗਈ ਕਿ ਮੁੜ ਕੇ ਆ ਰਹੇ ਹਨ, ਸੋ ਛੇਤੀ ਛੇਤੀ ਆਪਣੇ ਮੰਜੇ ਤੇ ਜਾ ਲੇਟੀ, ਰਾਉ ਨੇ ਆਕੇ ਰਾਣੀ ਉਸੇ ਤਰ੍ਹਾਂ ਸੁੱਤੀ ਪਈ ਤੱਕੀ ਤੇ ਅਪ ਬੀ ਸੌਂ ਗਿਆ।

ਹੁਣ ਰਾਣੀ ਦੇ ਜਾਗਣ ਦਾ ਵੇਲਾ ਸੀ, ਉਸ

---

1. ਜਿਵੇਂ ਅਜ ਕਲ ਅਲਮਾਰੀ ਹੁੰਦੀ ਹੈ।

ਨੇਉੱਠਕੇ ਇਸ਼ਨਾਨ ਕੀਤਾ ਤੇ ਪਾਠ ਵਿਚ ਲਗ ਗਈ ਤੇ ਭੋਗ ਪਾਇਆ। ਦਿਨ ਚੜ੍ਹ ਆਇਆ, ਰਾਣੀ ਨੇ ਰੋਜ਼ ਵਾਂਗ ਰਾਉ ਨੂੰ ਜਗਾਇਆ, ਇਸ਼ਨਾਨ ਕਰਾਇਆ, ਕਪੜੇ ਪਹਿਰਾਏ ਤੇ ਕੁਛ ਖਿਲਾਕੇ ਦਰਬਾਰ ਟੋਰਿਆ।

ਤ੍ਰੀਮਤਾਂ ਨੂੰ ਹੈਰਾਨੀ ਛੇਤੀ ਚੰਬੜ ਜਾਇਆ ਕਰਦੀ ਹੈ। ਏਡੀ ਚੰਗੀ ਰਾਣੀ ਨੂੰ ਬੀ ਹੈਰਾਨੀ ਲਗ ਰਹੀ ਹੈ ਕਿ ਅਲਮਾਰੀ ਦੇ ਰਸਤੇ ਕੀ ਹੁੰਦਾ ਹੈ ? ਅੱਜ ਭਾਵੀ ਹੋਰ ਵਰਤੀ ਕਿ ਰਾਉ ਜੀ ਕੁੰਜੀਆਂ ਭੁੱਲ ਗਏ। ਸੋ ਰਾਉ ਜੀ ਦੇ ਜਾਣ ਮਗਰੋਂ ਸਮਾਂ ਤਾੜ ਕੇ ਰਾਣੀ ਉਥੇ ਪੁੱਜੀ। ਉਸ ਅਲਮਾਰੀ ਜੇਹੀ ਤਾਕੀ ਨੂੰ ਖੋਹਲਿਆ ਕਮਰੇ ਦਾ ਬੂਹਾ ਅੰਦਰੋਂ ਮਾਰ ਲਿਆ, ਪਰ ਅਲਮਾਰੀ ਦਾ ਬੂਹਾ ਖੁੱਲ੍ਹਾ ਛੱਡਕੇ ਹੇਠਾਂ ਉਤਰ ਗਈ। ਅੱਗੇ ਇਕ ਹੋਰ ਬੂਹਾ ਸੀ, ਪਰ ਉਹ ਢੋਇਆ ਹੀ ਹੋਇਆ ਸੀ, ਇਸ ਨੂੰ ਖੋਹਲ ਕੇ ਅੰਦਰ ਗਈ ਤਾਂ ਇਕ ਛੋਟਾ ਜਿਹਾ ਕਮਰਾ ਸੀ ਕਾਲੀਨ ਵਿਛਿਆ ਹੋਇਆ ਸੀ, ਤਖਤਪੋਸ਼ ਡੱਠਾ ਹੋਇਆ ਸੀ, ਉਤੇ ਮੰਜੀ ਸਾਹਿਬ ਤੇ ਚੌਰ ਸੀ, ਇਕ ਪਾਸੇ ਖੁਰਾ ਸੀ ਜਿਸ ਤੇ ਚੌਕੀ ਤੇ ਜਲ ਦਾ ਗੜਵਾ ਸੀ। ਹੁਣ ਕਮਰੇ ਨੂੰ ਟੋਲਦਿਆਂ ਰਾਣੀ ਨੂੰ ਇਕ ਹੋਰ ਲੰਮੀ ਤਾਕੀ ਦਿੱਸੀ। ਇਹ ਖੁਹਲੀਓਸ ਤਾਂ ਅੰਦਰ ਪਲੰਘੀਰੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਆਰਾਮ ਵਿਚ ਬਿਰਾਜਮਾਨ ਸੀ। ਇਹ ਪਿਆਰੇ ਦਰਸ਼ਨ ਦੇਖ ਕੇ ਰਾਣੀ ਦਾ ਸਿਰ ਝੁਕ ਗਿਆ ਪਰ ਫੇਰ ਡਾਢੇ ਪਿਆਰ ਤੇ ਬਿਹਬਲਤਾ ਦੇ ਗੁੱਸੇ ਜੇਹੇ ਵਿਚ ਉੱਚੀ ਬੋਲ ਉਠੀ : "ਹਾਇ ਬਿਧਨਾਂ, ਤੇਰੇ ਛਲ ! ਮੈਨੂੰ ਐਡਾ ਗੁਰੂ ਪ੍ਰੇਮੀ ਪਤੀ ਦੇ ਕੇ ਫਿਰ ਕਿਉਂ ਤੜਫਨੀਆਂ ਵਿਚ ਰਖਿਆ ! ਮੇਰੀ ਮੁਰਾਦ ਬੁੱਕਲ ਵਿਚ ਦੇਕੇ, ਮੇਰੇ ਸੀਨੇ ਨਾਲ ਲਾ ਕੇ ਵਿਯੋਗ ਵਰਤਾਈ ਰਖਿਆ ! ਇਹ ਅਨੋਖਾ ਚਾਲਾ ਤੈਂ ਮੇਰੇ ਨਾਲ ਕਿਉਂ ਵਰਤਿਆ ? (ਸਿਰ ਹਿਲਾਕੇ) ਵਾਹਵਾ ਸ਼ੁਕਰ ! ਮੇਰਾ ਇਹ ਨਿਕਾਰਾ ਸਰੀਰ ਗੁਰੂ ਕੇ ਪਿਆਰੇ ਦੀ ਸੇਵਾ ਵਿਚ ਸਫਲ ਹੋਇਆ ਹੈ। ਮੈਂ ਬੰਦੀ ਨੂੰ ਸਿਖ ਸਿਰਤਾਜ ਮਿਲਿਆ ਹੈ। ਉਹ ਜਾਣੇ ਮੈਨੂੰ ਪਤਾ ਨਹੀਂ ਸੀ ਤਾਂ ਕੀ ਹੋਇਆ। ਬਿਧਨਾਂ ਬਿਦਰਦ ਹੈ, ਕਿਸੇ ਦੀ ਝੋਲੀ ਮੁਰਾਦ ਪਾਉਂਦੀ ਨਹੀਂ, ਪਾਵੇ ਤਾਂ ਨੈਣਾਂ ਅਗੇ ਪਰਦਾ ਤਾਣ ਦਿੰਦੀ ਹੈ। ਸ਼ੁਕਰ ਹੈ, ਅੱਜ ਕਿਸੇ ਮਿਹਰ ਨੇ ਉਹ ਪਰਦਾ ਯਾ ਮੇਰੇ ਛੌੜ ਕੱਟ ਘੱਤੇ ਹਨ।"

ਰਾਣੀ ਨੇ ਹੁਣ ਬੜੇ ਪ੍ਰੇਮ ਤੇ ਅਦਬ ਨਾਲ ਪ੍ਰਕਾਸ਼ ਕੀਤਾ; ਰੋ ਰੋ ਕੇ ਤੇ ਸ਼ੁਕਰ ਨਾਲ ਗਦ ਗਦ ਹੋ ਕੇ ਪਾਠ ਕੀਤਾ। ਸਦਕੇ ਵਾਰੀ ਗਈ, ਰੁਮਾਲ ਪਾਇਆ, ਕਮਰੇ ਨੂੰ ਸਿਰ ਦੇ ਦੁਪੱਟੇ ਨਾਲ ਮਲਕੜੇ ਪੂੰਝਿਆ ਤੇ ਸਿਰ ਤੇ ਉਹੋ ਦੁਪੱਟਾ ਲੈਕੇ, ਰੋ ਕੇ ਕਿਹਾ :-

ਗੁਰਸਿਖਾਂ ਕੀ ਹਰਿ ਧੂੜਿ ਦੇਹਿ
ਹਮ ਪਾਪੀ ਭੀ ਗਤਿ ਪਾਹਿ॥ (ਸ:ਵਾ:ਤੇ.ਵ ਮ:੪)

ਕ੍ਰਿਪਾਨ ਚਾਈ, ਦੇਖੀ ਤੇ ਫੇਰ ਧਰ ਦਿਤੀ, ਫੇਰ ਗੁਰੂ ਬਾਬੇ ਨੂੰ ਮੱਥਾ ਟੇਕਿਆ, ਸ਼ੁਕਰ ਵਿਚ ਭਰੀ, ਹੋਈ, ਅਰਦਾਸ ਕੀਤੀ ਤੇ ਸੁਆਦ ਭਰੀ ਹੀ ਪਿਛੇ ਪਰਤ ਪਈ। ਬਾਬਾ ਜੀ ਦਾ ਅਸਵਾਰਾ ਕਰਨਾ ਉਸੇ ਰਸ ਮਗਨਤਾ ਵਿਚ ਭੁੱਲ ਗਈ। ਪੌੜੀਆਂ ਚੜ੍ਹ ਆਈ ਤੇ ਬੂਹਾ ਮੀਟਿਆ, ਕੁੰਜੀ ਫੇਰੀ ਤੇ ਆਪਣੇ ਕਮਰੇ ਵਿਚ ਆ ਗਈ।

੪.

ਰਾਤ ਪਈ ਰਾਉ ਜੀ ਅਜ ਦਿਨੇ ਬਹੁਤ ਕੰਮ ਕਰਕੇ ਥੱਕੇ ਹੋਏ ਸਵੀਂ ਸਾਂਝੀਂ ਸੌਂ ਗਏ। ਰਾਤ ਦੇ ਦੋ ਪਹਿਰ ਤੇ ਕੁਛ ਘੜੀਆਂ ਲੰਘ ਜਾਣ ਮਗਰੋਂ ਜਦੋਂ ਘੜਿਆਲੀ ਦੀ ਟੰਕਾਰ ਰਾਉ ਦੇ ਟੀਚੇ ਦੀ ਵੱਜੀ ਤਾਂ ਰਾਉ ਉੱਠਿਆ, ਰਾਣੀ ਨੂੰ ਸੁੱਤੀ ਪਈ ਵੇਖ ਕੇ ਟੁਰ ਗਿਆ। ਰਾਣੀ ਵਿਚੋਂ ਜਾਗਦੀ ਸੀ, ਮਗਰੇ ਉੱਠੀ ਤੇ ਮਗਰੇ ਗਈ। ਰਾਉ ਜੀ ਉਸੇ ਤਰ੍ਹਾਂ ਅਲਮਾਰੀ ਖੋਹਲ, ਮੋਮ ਬੱਤੀ ਜਗਾ, ਅੰਦਰੋਂ ਬੂਹੇ ਮਾਰ ਹੇਠਾਂ ਉਤਰ ਗਏ। ਅੱਗੇ ਜਾਕੇ ਕੀ ਦੇਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਰਿਹਾ ਹੈ। ਇਕ ਵਾਰੀ ਹੈਰਾਨੀ ਤੇ ਅਸਚਰਜਤਾ ਛਾ ਗਈ, ਇੰਨੀ ਕਿ ਛਿਨ ਲਈ ਮੱਥਾ ਟੇਕਣਾ ਭੀ ਭੁੱਲ ਗਏ। ਫਿਰ ਖਿਆਲ ਨੇ ਮੋੜਾ ਖਾਧਾ ਕਿ ਮਤੇਂ ਮੈਂ ਹੀ ਕਲ ਅਸਵਾਰਾ ਕਰਨਾ ਭੁੱਲ ਗਿਆ ਹਾਂ। ਇਹ ਖਿਆਲ ਆਉਂਦੇ ਹੀ ਅਫਸੋਸ ਆਇਆ ਤੇ ਨਿੰਮ੍ਰੀ ਭੂਤ ਹੋਕੇ ਗੋਡੇ ਟੇਕੇ, ਫਿਰ ਮੱਥਾ ਟੇਕਿ ਕੇ ਰੋ ਪਿਆ "ਹਾਇ ਰਾਜ ਮਦ ! ਇਸ ਦਰਬਾਰ ਬੀ ਮੈਥੋਂ ਬੇ-ਪਰਵਾਹੀਆਂ ਹੁੰਦੀਆਂ ਹਨ, ਕਿਉਂ ਮੈਂ ਇਕ ਪਜਾਰ ਵਾਲੇ ਆਦਮੀ ਦੀ ਤਰ੍ਹਾਂ ਇਕ ਦਾਸਾ-ਭਾਵ ਵਾਲੇ ਗੁਲਾਮ ਦੀ ਤਰ੍ਹਾਂ ਇਥੇ ਖ਼ਬਰਦਾਰ ਤੇ ਸਾਵਧਾਨ ਨਹੀਂ ਰਹਿੰਦਾ।"

ਇਸ ਤਰ੍ਹਾਂ ਦਾ ਹਾਉਕਾ ਲੈ ਕੇ ਰਾਉ ਦਾ ਖਿਆਲ ਫਿਰ ਪਰਤਿਆ: "ਅੱਛਾ, ਵਾਹ ਵਾਹ ! ਹੁਕਮ, ਮੈਨੂੰ ਗੁਰੂ ਅੰਤਰਜਾਮੀ ਬਖਸ਼ੇ।" ਫੇਰ ਪਾਣੀ ਲਿਆ, ਪੰਜ ਇਸ਼ਨਾਨਾ ਕੀਤਾ ਤੇ ਇਕ ਨੁੱਕਰੇ ਬੈਠ ਗਿਆ। ਕਿੰਨਾ ਚਿਰ ਚੁੱਪ ਬੈਠਾ ਰਿਹਾ, ਮਾਨੋਂ ਧਿਆਨ ਕਿਤੇ ਜੋੜਕੇ ਬੈਠਾ ਹੈ। ਪਰ ਫੇਰ ਘਬਰਾ ਪਿਆ ਤੇ ਮਨ ਕਿਤੇ ਜੁੜਨ ਦੀ ਥਾਂ ਏਸੇ ਵਹਿਮ ਵਿਚ ਪੈ ਗਿਆ। ਪੱਕੀ ਤਰ੍ਹਾਂ ਯਾਦ ਆ ਗਿਆ ਕਿ ਨਹੀਂ, ਮੈਂ ਤਾਂ ਮਹਾਰਾਜ ਦਾ ਅਸਵਾਰਾ ਕਰਕੇ ਗਿਆ ਸੀ। ਹੁਣ ਇਕ ਵਹਿਸ਼ਤ ਛਾਈ ਕਿ ਹੈਂ ! ਮੇਰਾ ਭੇਦ ਕਿਸ ਤਰ੍ਹਾਂ ਖੁਲ੍ਹ ਗਿਆ ? ਉਸ ਦੇ ਦਿਲ ਅੰਦਰ ਇਕ ਖਉਲਰ ਪਿਆ, ਉਂਠ ਖੜਾ ਹੋਇਆ। ਕਮਰੇ ਵਿਚ ਇਧਰ ਉਧਰ ਲੱਗਾ ਫਿਰਨ। ਫਿਰਦਿਆਂ ਨਜ਼ਰ ਹੇਠਾਂ ਗਲੀਚੇ ਤੇ ਪਈ, ਕੁਝ ਚਮਕਦਾ ਸੀ, ਨਿਉਂਕੇ ਤੱਕਿਆ ਤਾਂ ਕੋਈ ਕੋਈ ਤਾਰ ਤਿੱਲੇ ਦੀ ਦਿੱਸੀ। ਹੁਣ ਤਲਾਸ਼ ਢੂੰਡ ਦਾ ਸ਼ੌਕ ਹੋਰ ਵਧਿਆ, ਨੀਝ ਲਾ ਲਾ ਕੇ ਲੱਗਾ ਵੇਖਣ ਤਾਂ ਇਕ ਨਿੱਕਾ ਮੋਤੀ ਦਿੱਸਿਆ; ਇਹ ਚਾ ਕੇ ਤੱਕਿਆ 'ਭਗਵਾਨ ! ਹੇ ਭਗਵਾਨ!' ਫੇਰ ਹੋਰ ਤੱਕਿਆ ਤਾਂ ਇਕ ਨਿੱਕੀ ਜਿਹੀ ਲੜੀ ਨਿੱਕੇ ਮੋਤੀਆਂ ਦੀ ਟੁੱਟੀ ਹੋਈ ਦਿੱਸੀ। "ਹਾਂ ਪ੍ਰਿਯਾਵਰ ਜੀ ! ਤੁਸਾਂ ਆਖਰ ਮੇਰਾ ਭੇਤ ਭੰਨ ਲਿਆ, ਪਰ ਭੰਨ ਲਿਆ। ਹੇ ਦਾਤਾ ! ਮੇਰੀ ਇਹ ਚਾਹ, ਕਿ ਮੇਰੇ ਪਿਆਰ ਨੂੰ ਵਾ ਨਾ ਲਗੇ, ਪੂਰੀ ਨਾ ਹੋਈ। ਆਦਮੀ ਜੇ ਬੋਲੇ ਨਾ ਤਾਂ ਇਕ ਬੰਦ ਡੱਬੀ ਹੈ, ਜਿਸ ਦੇ ਵਿਚ ਪਾਈ ਸ਼ੈ ਦਾ ਕੋਈ ਥਹੁ ਨਹੀਂ। ਆਪੇ ਬੋਲੇ, ਖੋਹਲੇ ਤਾਂ ਅੰਦਰ ਦਾ ਪਤਾ ਦੇਵੇ। ਮੈਂ ਬਥੇਰੀ ਚੁੱਪ ਰਖੀ, ਬਥੇਰਾ ਢੱਕਣ ਦੱਬੀ ਰਖਿਆ, ਪਰ ਚੰਚਲ ਪ੍ਰਿਯਾਵਰ ! ਤੂੰ ਮੇਰੇ ਅੰਦਰਲੇ ਭੇਤ ਨੂੰ ਹਵਾ ਲਾ ਹੀ ਲਈ। ਚੰਗਾ ! ਹੈਂ, ਕੋਈ ਹੋਰ ਨਾ ਹੋਵੇ। ਹੋਰ ਕੌਣ ਹੋ ਸਕਦਾ ਹੈ ? ਇਹ ਤਿੱਲੇ ਤਾਰਾਂ ਓਸੇ ਦੇ ਦੁਪੱਟੇ ਦੀਆਂ ਹਨ, ਇਹ ਮੋਤੀ ਦੁਪੱਟੇ ਦੇ ਸਿਰੇ ਦੇ ਪੱਲੂ ਉਤੇ ਮੈਂ ਹੀ ਕਹਿ ਕੇ ਲੁਆਏ ਸੀ, ਮੈਂ ਹੀ ਲਾਹੌਰ ਤੋਂ ਮੰਗਾਏ ਸੀ, ਹਾਂ, ਪਿਆਰੀ ਪਰ ਚੋਰ ਪ੍ਰਿਯਾਵਰ ! ਚੋਰ ਦਾ ਚੇਤਾ ਚੰਗਾ ਨਹੀਂ ਰਹਿੰਦਾ, ਉਸ ਨੂੰ ਆਪਣੀ ਸਲਾਮਤੀ ਪਿਛੇ ਕਾਹਲੀ ਹੁੰਦੀ ਹੈ ਕਿ ਕਿਵੇਂ ਇਸ ਹਾਲਤ ਤੋਂ ਛੇਤੀ ਉਸ ਹਾਲਤ ਵਿਚ ਅੱਪੜਾਂ, ਜਿਸ ਵਿਚ ਕਿ ਮੇਰੀ ਚੋਰੀ ਸਿਰੋਂ ਨਾ ਫੜੀ ਜਾਵੇ, ਇਹ ਕਾਹਲੀ ਉਸ ਦੇ ਚੇਤੇ ਨੂੰ ਮੈਲਿਆਂ ਕਰਦੀ ਹੈ। ਉਹ ਅਧੂਰੇ ਕੰਮ ਛੱਡ ਜਾਂਦਾ ਹੈ ਤੇ ਕਈ ਵੇਰ ਆਪਣੇ ਖੁਰੇ ਤੇ ਨਿਸ਼ਾਨੀ ਛੋੜ ਤੁਰਦਾ ਹੈ : ਜਿਸ ਤੋਂ ਸੂੰਹ ਕੀਤਿਆਂ ਚੋਰ ਫੜਿਆ ਜਾਂਦਾ ਹੈ। ਕਾਹਲੀ ਵਿਚ ਦੁਪੱਟੇ ਦੇ ਢੱਠੇ ਮੋਤੀਆਂ ਵਲੋਂ ਬੇਖਿਆਲ ਟੁਰ ਗਈ ਕਾਹਲੀ ਵਿਚ ਅਸਵਾਰਾ ਕਰਨਾ ਭੁੱਲ ਗਈ।"

ਇਸ ਤਰ੍ਹਾਂ ਮਨੋ ਵਾਦ ਕਰਦੇ ਰਾਜਾ ਜੀ ਫਿਰ ਉੱਪਰ ਗਏ, ਜਾਕੇ ਛੇਤੀ ਨਾਲ ਇਸ਼ਨਾਨ ਕੀਤਾ ਤੇ ਕੱਪੜੇ ਪਾਏ। ਫਿਰ ਆ ਗਏ ਪਾਠ ਕੀਤਾ, ਅਸਵਾਰਾ ਕੀਤਾ, ਫਿਰ ਮੱਥਾ ਟੇਕ ਤੇ ਬੜੀ ਪਿਆਰਾਂ ਵਾਲੀ ਅਰਦਾਸ ਕੀਤੀ : "ਹੇ ਦਾਤਾ ! ਮੇਰਾ ਪਿਆਰ ਨਿਭੇ, ਜੋ ਆਪੇ ਲਾਇਆ ਜੇ ਆਪੇ ਤੋੜ ਚੜ੍ਹਾਓ, ਇਹ ਹੀਰਾ ਕਣੀ ਮੇਰੇ ਦਿਲ ਦੀ ਤਹਿ ਤੋਂ ਬਾਹਰ ਨਾ ਜਾਵੇ। ਅਜ ਮੇਰਾ ਭੇਤ ਖੁੱਲ੍ਹ ਗਿਆ ਹੈ, ਪ੍ਰਿਯਾਵਰ ਦੇ ਮੂੰਹ ਨੂੰ ਜੰਦਰਾ ਦੇਹ ਜੋ ਉਸ ਤੋਂ ਅੱਗੇ ਭੇਤ ਨਾ ਟੁਰੇ। ਹਾਂ ਮੈਨੂੰ ਜੇ ਮਿਹਰ ਹੋਵੇ ਤਾਂ ਦੀਦਾਰ ਬਖਸ਼ੋ, ਪਰ ਹਯਾ ਵਾਲੇ ਪਰਦੇ ਵਿਚ। ਮੇਰਾ ਪਿਆਰ ਇਕ ਨਾ ਦਿੱਸਣ ਵਾਲੀ ਪੀੜ ਹੋਵੇ, ਤੇਰਾ ਦੀਦਾਰ ਇਕ ਗੁਣਕਾਰ ਦਵਾ ਹੋਵੇ। 'ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ' ਕਾਮਨਾ ਪੂਰਨ ਹੋਵੇ।

੫.

**ਰਾਣੀ** ਆਪਣੇ ਕਮਰੇ ਬੈਠੀ ਹੈ, ਨਿੱਕੀ ਨਿੱਕੀ ਹਵਾ ਆ ਰਹੀ ਹੈ, ਰਾਜਾ ਜੀ ਅੱਜ ਦਰਬਾਰ ਤੋਂ ਵਕਤ ਤੋਂ ਪਹਿਲਾਂ ਆ ਗਏ ਹਨ, ਰਾਣੀ ਸੁਖਮਨੀ ਦਾ ਪਾਠ ਕਰ ਰਹੀ ਹੈ: ਆਪ ਆ ਗਏ, ਬਹਿ ਗਏ ਤੇ ਪਾਠ ਸੁਣਦੇ ਰਹੇ। ਭੋਗ ਪੈ ਗਿਆ 'ਉਤਮ ਸਲੋਕ ਸਾਧ ਕੇ ਬਚਨ।। ਅਮੁਲੀਕ ਲਾਲ ਏਹਿ ਰਤਨ'! ਇਹ ਤੁਕ ਬਾਰ ਬਾਰ ਕੰਨਾਂ ਵਿਚ ਗੂੰਜ ਰਹੀ ਹੈ ਤੇ ਇਕ ਸੁਆਦ ਦੇ ਰਹੀ ਹੈ : "ਏਹ ਸਾਧੂ ਦੇ ਬਚਨ ਏਹ ਪਿਆਰ ਦੇ ਵਾਕ ਅਮੋਲਕ ਲਾਲ ਤੇ ਰਤਨ ਹਨ, ਲਾਲ ਤੇ ਰਤਨ ਛਿਪਾ ਕੇ ਰੱਖੀਦੇ ਹਨ। ਹਾਂ, ਪਿਆਰ ਕੀਕੂੰ ਛੱਜਾਂ ਨਾਲ ਛੱਟੀਦਾ ਹੈ ? ਇਹ ਤਾਂ ਰਤਨ ਹੈ।" ਇਉਂ ਸੋਚ ਕੇ ਆਪ ਨੇ ਮੋਤੀਆਂ ਦੀ ਟੁੱਟੀ ਸਰੀ ਤੇ ਵਿਚੋਂ ਨਿਕਲੇ ਮੋਤੀ ਤੇ ਕੱਠੀਆਂ ਕੀਤੀਆਂ ਤਿੱਲੇ ਦੀਆਂ ਤਾਰਾਂ ਰਾਣੀ ਦੇ ਅੱਗੇ ਕਰਕੇ ਕਿਹਾ : "ਜਿਹੜੇ

ਰਤਨਾਂ ਨੂੰ ਐਉਂ ਖਿਲਾਰ ਸੁੱਟਣ, ਓਹ ਕੀਕੂੰ ਪੜ੍ਹ ਜਾਂਦੇ ਹਨ :- "ਅਮੁਲੀਕ ਲਾਲ ਏਹਿ ਰਤਨ ?"

ਰਾਣੀ ਦਾ ਰੰਗ ਪਲਟਿਆ, ਪਰ ਛੇਤੀ ਮੋੜਾ ਖਾ ਗਿਆ, ਹਾਇ ਮੇਰਾ ਭੇਤ ਬੀ ਖੁੱਲ੍ਹ ਗਿਆ। ਰਾਉ ਦੀ ਚੋਰੀ ਰਾਣੀ ਨੇ ਲੱਭ ਕੇ ਖਿਆਲ ਕੀਤਾ ਸੀ ਕਿ ਮੈਂ ਮੱਲ ਮਾਰੀ ਹੈ, ਪਰ ਰਾਓ ਦੇ ਹੱਥ ਮੋਤੀ ਤੇ ਤਾਰਾਂ ਵੇਖਕੇ ਰਾਣੀ ਨੂੰ ਭਾਸ ਆਇਆ ਕਿ ਮੇਰੀ ਚੋਰੀ ਵੀ ਫੜੀ ਗਈ। ਦੋਵੇਂ ਇਕ ਦੂਜੇ ਦੇ ਸਾਹਮਣੇ ਮਾਨੋਂ ਇਕ ਦੂਜੇ ਦੇ ਚੋਰ ਬੈਠੇ ਹਨ, ਪਰ ਸ਼ਰਮ ਦੋਹਾਂ ਨੂੰ ਸ਼ਰਮਿੰਦਿਆਂ ਨਹੀਂ ਕਰ ਰਹੀ, ਕਿਉਂਕਿ ਚੋਰ ਕੋਈ ਵੀ ਨਹੀਂ, ਦੁਇ ਇਕ ਅਸੂਲ ਤੇ ਖੜੇ ਹਨ। ਇਕ ਦੂਜੇ ਦੀ ਨਜ਼ਰ ਆਪੋ ਵਿਚ ਪੈਂਦੀ ਹੈ ਤੇ ਇਕ ਅਚਰਜ ਤਰ੍ਹਾਂ ਦੇ ਭਾਵ ਦਿਲਾਂ ਵਿਚ ਫਿਰਦੇ ਹਨ। ਰਾਣੀ ਪਤੀ ਦਾ ਵਾਕ ਸੁਣਕੇ ਚੁੱਪ ਰਹੀ ਪਰ ਫਿਰ ਬੋਲੀ :"ਲਾਲ ਤੇ ਰਤਨ ਡੱਬਿਆਂ ਵਿਚ ਸਾਂਭੀ ਦੇ ਹਨ, ਪਰ ਕਦੇ ਪ੍ਰਗਟ ਕਰਨ ਲਈ। ਜੇ ਕਦੇ ਬੀ ਪ੍ਰਗਟ ਨਹੀਂ ਹੋਣੇ ਤਾਂ ਖਾਣ ਵਿਚ ਲੁਕੇ ਬੈਠੇ ਤੇ ਡੱਬਿਆਂ ਵਿਚ ਲੁਕਾ ਕੇ ਰੱਖੇ ਇਕੋ ਜਿਹੇ ਹਨ, ਜੌਹਰੀਆਂ ਦੀ ਸਾਂਭ ਤੇ ਖ਼ਰੀਦਾਰਾਂ ਦੀ ਖ਼ਰੀਦ ਫਿਰ ਕਿਸ ਲਈ ?"

ਰਾਉ-ਪਰ ਚੋਰਾਂ ਤੋਂ ਤਾਂ ਡੱਬੇ ਤੇ ਜੰਦਰੇ ਹੀ ਬਚਾਉਂਦੇ ਹਨ ਨਾ ?

ਰਾਣੀ-ਪਰ ਕੁੰਜੀਆਂ ਦੇ ਲੱਛੇ ਭੀ ਤਾਂ ਸਾਧਾਂ ਦੇ ਹੱਥ ਹੀ ਆਉਂਦੇ ਹਨ।

ਰਾਉ-ਕੁੰਜੀਆਂ ਦੀ ਸਾਂਭ ਤੇ ਲੁਕਾ ਰਤਨਾਂ ਤੋਂ ਬੀ ਵਧੇਰੇ ਕਰੀਦੀ ਹੈ।

ਰਾਣੀ-ਕੁੰਜੀ ਬਰਦਾਰ ਆਪਣੇ ਮਾਲਕ ਤੋਂ ਬਿਨਾਂ ਹੋਰ ਕਿਸੇ ਨੂੰ ਕੁੰਜੀ ਦਾ ਭੇਤ ਨਹੀਂ ਦਿਆ ਕਰਦੇ।

ਰਾਉ-ਧੰਨਵਾਦ ਹੈ, ਪਿਆਵਰ ! ਧੂੰ ਨਿਕਲ ਗਿਆਂ ਆਵਾ ਪਿੱਲਾ ਪੈ ਜਾਂਦਾ ਹੈ।

ਰਾਣੀ-ਪਰ ਚੰਗੀਆਂ ਚੀਜ਼ਾਂ ਚਾਨਣੇ ਵਿਚ ਵਸਦੀਆਂ ਹਨ, ਸੂਰਜ ਤੇ ਚੰਦ ਨੂੰ ਬੁਰਕੇ ਤੇ ਘੁੰਡ ਦੀ ਕਦੇ ਲੋੜ ਨਹੀਂ ਪਈ।

ਰਾਉ-ਬੀਜ ਜੇ ਲੁਕਣ ਨ ਤਾਂ ਫੁੱਟਦੇ ਨਹੀਂ, ਬ੍ਰਿਛ ਨਹੀਂ ਬਣਦੇ। ਜੜ੍ਹਾਂ ਜੇ ਪਰਦਿਆਂ ਵਿਚ ਨਾ ਰਹਿਣ ਤਾਂ ਬ੍ਰਿਛ ਬੂਟੇ ਮੁਰਝਾ ਜਾਂਦੇ ਹਨ।

ਰਾਣੀ-ਪਰ ਫਲ ਤਾਂ ਹਨੇਰੇ ਵਿਚ ਨਹੀਂ ਪੱਕਦੇ।

ਰਾਉ-ਪਰ ਉੱਗਣ ਵਾਲਾ ਅੰਗੂਰ ਤਾਂ ਪੱਕੇ ਫਲ ਦੇ ਅੰਦਰ ਬੀ ਛਿਪਕੇ ਬਹਿੰਦਾ ਹੈ।

ਰਾਣੀ(ਫੇਰ ਸੋਚਕੇ)-ਕਦੇ ਚਾਨਣੇ ਨੂੰ ਲੁਕਣ ਦੀ ਲੋੜ ਪੈਂਦੀ ਹੈ ?

ਰਾਉ-ਚਾਨਣਾ ਆਪਣੇ ਤੇਜ ਦੇ ਤ੍ਰਿਖੇਪਨ ਵਿਚ ਲੁਕਦਾ ਹੈ, ਸੂਰਜ ਪਰਦਾ ਨਹੀਂ ਕਰਦਾ, ਪਰ ਕੌਣ ਹੈ ਜੋ ਉਸ ਪਰ ਅੱਖ ਧਰ ਸਕੇ ?

ਰਾਣੀ-ਫੇਰ ਪਿਆਰ ਦਾ ਸੂਰਜ ਗੱਜ ਵੱਜ ਕੇ ਚੜ੍ਹੇ।

ਰਾਉ-ਪਿਆਰ ਦੀ ਕਣੀ ਚਿੰਗਾਰੀ ਵਾਂਙੂ ਹੁੰਦੀ ਹੈ, ਉਹ ਰਤਾ ਛਿਪੀ ਹੀ ਮਘਦੀ ਹੈ, ਹਵਾ ਦੇ ਬੁੱਲ੍ਹੇ ਨਹੀਂ ਝੱਲ ਸਕਦੀ।

ਰਾਣੀ-ਕਦੇ ਚੰਗਿਆੜੀ ਰੂੰ ਦੇ ਡੱਬਿਆਂ ਵਿਚ ਛਿਪੀ ਹੈ ਕਿ ਪ੍ਰੇਮ ਚਿਣੰਗ ਸੀਨਿਆਂ ਵਿਚ ਲੁਕੀ ਹੈ ?

ਰਾਉ-ਪਰ ਕੋਈ ਛੱਜਾਂ ਵਿਚ ਪਾ ਕੇ ਛੱਟਦਾ ਫਿਰਦਾ ਬੀ ਦੇਖਿਆ ਹੈ ?

ਰਾਣੀ-ਇਹ ਤਾਂ ਠੀਕ ਹੈ, ਪਰ ਪਰਵਾਨੇ ਦੀਵੇ ਤੇ ਆਏ, ਕਿਹੜਾ ਘੁੰਡ ਬਣਵਾ ਕੇ ਤੇ ਕਿਸ ਬੁੱਕਲ ਵਿਚ ਲੁਕ ਕੇ ?

ਰਾਉ-ਪਰ ਕਦੇ ਪਰਵਾਨੇ ਆਉਂਦੇ, ਸਦਕੇ ਹੁੰਦੇ, ਤੜਫਦੇ ਮਰਦੇ ਆਵਾਜ਼ ਬੀ ਕੱਢਦੇ ਹਨ ? ਪਿਆਰ ਤੇ ਪਰਦਾ, ਪਿਆਰ ਤੇ ਚੁੱਪ।

ਰਾਣੀ-ਕੀ ਪਿਆਰ ਗੁੰਗਾ ਹੈ ?

ਰਾਉ-ਨਾ, ਹਯਾਦਾਰ ਹੈ, ਸ਼ਰਮ ਵਾਲਾ ਹੈ।

ਰਾਣੀ-ਬੋਲੇ ਤਾਂ ਮਾਰੀਏ, ਦਿਸੀਵੇ ਤਾਂ ਪੀੜੀਏ ?

ਰਾਉ-ਨਾ ! ਬੋਲਣ ਤੇ ਦਿੱਸਣ ਤੋਂ ਬੇਲੋੜ ਹੈ।

ਰਾਣੀ-ਆਵੇ ਦੀ ਅਗ ਵਿਚੋਂ ਵਿਚ ਧੁਖੇ ?

ਰਾਉ-ਨਾ, ਜੀਉਂਦੇ ਸ਼ਰੀਰ ਦੀ ਅਗਨੀ, ਜਿਸ ਨੂੰ ਨਾ ਲਾਟ ਨਾ ਚੰਗਿਆੜੀ, ਨਾ ਧੂੰ ਨਾ ਲੰਬ, ਫੇਰ ਬਲੇ, ਫੇਰ ਮਘੇ, ਫਿਰ ਨਿੱਘਿਆਂ ਰਖੇ। ਜਾਨ ਦੀ ਸਲਾਮਤੀ ਦਾ ਜ਼ਾਮਨ ਹੋਵੇ।

ਰਾਣੀ-ਮੈਂ ਨਹੀਂ ਸਮਝੀ।

ਰਾਉ-ਕਦੇ ਆਪਣੇ ਸ਼ਰੀਰ ਦੀ ਅੱਗ ਬਲਦੀ ਤੱਕੀ ਨੇ ? ਪਰ ਹੈ ਅਤੇ ਬਲਦੀ ਹੈ ਤੇ ਜਾਨ ਦੀ ਰਖਵਾਲੀ ਕਰਦੀ ਹੈ।

ਰਾਣੀ-ਜਦੋਂ ਲੋ ਲੱਗੀ ਹੋਵੇ ਧੁਰੋਂ, ਭਲਾ ਫਿਰ ਅੰਦਰ ਹੋਰ ਬਾਹਰ ਹੋਰ ਕੀਕੂੰ ਨਿਭੇ ?

ਰਾਉ-ਅੰਦਰਲੀ ਲੋ ਅੰਦਰ ਰਹੇ, ਬਾਹਰ ਦੀ ਸੋ ਬਾਹਰ। ਅੰਦਰਲੀ ਲੋ ਬਾਹਰ ਦੇ ਪਰਦੇ ਨਾ ਪਾੜੇ, ਬਾਹਰ ਦੀ ਸੋ ਬਾਹਰ ਦਾ ਸਵਾਰੇ। ਲੋਕਾਂ ਨਾਲ ਮੇਲ ਮੁਲਾਕਾਤਾਂ ਬਾਗ ਬਗੀਚਿਆਂ ਕਿ ਬਜ਼ਾਰਾਂ ਵਿਚ ਪਏ ਹੋਣ; ਪਿਆਰੇ ਦਾ ਮੇਲ ਮਹਿਲਾਂ ਦੇ ਅੰਦਰ।

ਰਾਣੀ-'ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ' ਗੁਰਵਾਕ ਹੈ। (ਮਾਰੂ: ਵ: ਮ-੫)

ਰਾਉ-ਗੌਂਦ ਨਾਲ ਮੱਥੇ ਉਤੇ ਬਿੰਦੀ ਬਣਾ ਕੇ ਤਾਂ ਨਹੀਂ ਲਾ ਲਿਆ, ਗੁੱਝਾ ਲਾਲ ਲੱਧਾ, ਉਹ ਮੁੱਠ ਵਿਚ ਸੰਭਾਲ ਸਾਂਭ ਕੇ ਰੱਖਿਆ, ਪਰ ਉਸ ਦੇ ਪਾਸ ਹੋਣ ਦੀ ਤਾਸੀਰ ਇਹ ਹੈ ਕਿ ਮੱਥੇ ਤੇ ਹੋਣ ਦੇ ਚਿੰਨ੍ਹ ਲੈ ਆਈ, ਤਾਂ ਪ੍ਰਗਟ ਹੋ ਗਿਆ। ਹਾਂ, 'ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ'।। (ਸੋਰਠ-ਭੀਖਨ) ਨਹੀਂ ਛਿਪਾਇਆ ਛਿਪਦਾ ਤਾਂ ਇਹ ਉਸ ਦਾ ਆਪਣਾ ਧਰਮ ਹੈ, ਉਸ ਦਾ ਕੋਈ ਖਾਸਾ ਤੇ ਖਾਸੀਅਤ ਹੈ, ਪਰ ਜਿਸ ਨੇ ਲੱਧਾ ਉਸਦਾ ਕੀ ਧਰਮ ਹੈ ? 'ਅਨੇਕ ਜਤਨ ਕਰ ਹਿਰਦੇ ਰੱਖਣਾ ਤੇ ਛਿਪਾਉਣਾ।'

ਰਾਣੀ-ਹਨ ਗੁਰ ਵਾਕ, ਪਰ ਸੂਰਜ ਕਿਸ ਤੋਂ ਲੁਕੇ, ਪ੍ਰੇਮ ਕਿਸ ਤੋਂ ਘੁੰਡ ਕੱਢੇ, ਰਬ ਕਿਸ ਤੋਂ ਛਿਪੇ ?

ਰਾਉ-'ਕਾਂਇਰੇ ਬਕਬਾਦੁ ਲਾਇਓ।।'
(ਜ਼ਰਾ ਠਹਿਰ ਕੇ) ਹਾਂ,
'ਜਿਨਿ ਹਰਿ ਪਾਇਓ ਤਿਨਹਿ ਛਪਾਇਓ।।'
(ਟੋਡੀ ਨਾਮ)

ਰਾਣੀ-ਫੇਰ ਸਾਡਾ ਕੀ ਹਾਲ? ਦਰਸ਼ਨ ਹੋਏ, ਮਿੱਠੇ ਲੱਗੇ, ਰੱਬੀ ਝਰਨਾਟ ਛਿੜੀ। ਮਾਪੇ ਵਿਆਹ ਸੋਚਣ ਲੱਗੇ, ਸਾਥੋਂ ਝਰਨਾਟ ਨਾ ਛਿਪੀ। ਕੁਲ ਲਾਜ, ਲੋਕ ਲਾਜ ਛੱਡ ਮਾਂ ਨੂੰ ਕਹਿ ਦਿਤਾ; 'ਗੁਰੂ ਮਿੱਠੇ ਲਗਦੇ ਹਨ, ਗੁਰੂ ਨਿੰਦਕ ਦੇ ਘਰ ਨਾ ਦੇਈਂ'। ਜੇ ਮੈਂ ਗੁਰੂ ਪ੍ਰੀਤ ਛਿਪਾਉਂਦੀ, ਤਾਂ ਅਜ ਮੈਂ ਕਿਸੇ ਬੇਮੁਖ ਦੇ ਘਰ ਹੁੰਦੀ। ਮੈਨੂੰ ਹੁਣ ਘਬਰਾ ਪੈਂਦਾ ਹੈ ਕਿ ਅਸੂਲ ਜੇ 'ਛਿਪਾ' ਹੈ ਤਾਂ ਮੈਂ ਅਪਰਾਧਣ ਹਾਂ?

ਰਾਉ-ਅਸੂਲ ਨਾ 'ਛਿਪਾ' ਹੈ, ਨਾ 'ਪ੍ਰਗਟ' ਕਰਨਾ। ਅਸੂਲ ਹੈ ਪ੍ਰੇਮ ਤੇ ਇਸ ਦੀ ਲਗਨ। ਇਸ ਦਾ ਆਪਣਾ ਸੁਆਦ ਹੈ, ਉਸ ਨੂੰ ਮਾਣਨਾਂ ਤੇ ਉਸ ਤੋਂ ਅਗੋਂ ਹੋਰ ਨਾ ਲੱਭਣਾ। ਕਈ ਪ੍ਰਗਟ ਕਰਦੇ ਹਨ, ਓਹ ਪ੍ਰਗਟ ਹੋਣ ਦੀ ਕਦਰ ਦੇ ਭਿਖਾਰੀ ਤੇ ਲੋਕਾਂ ਦੀ ਮਹਿਮਾਂ ਦੇ ਰਸੀਏ ਹਨ। ਕਈ ਲੁਕਾਉਂਦੇ ਹਨ, ਉਹ ਇਸ ਲਈ ਕਿ ਸਾਡਾ ਇਹ ਲੁਕੋ ਪ੍ਰਗਟ ਹੋਵੇ ਤਾਂ ਕਦਰ ਵਧੇਰੇ ਪਵੇ, ਸੋ ਦੋਵੇਂ ਗੱਲਾਂ ਇਕੋ ਜੇਹੀਆਂ। ਪਿਆਰ ਹੋਵੇ, ਇਸਦੀ ਕਦਰ ਹੋਵੇ, ਇਸ ਦੀ ਕੀਮਤ ਦਾ ਪਤਾ ਹੋਵੇ, ਇਸ ਨੂੰ ਛਿਪਾ ਕੇ ਰਖੇ, ਸੁਖੀ ਰਹੇਗਾ। ਇਹ ਮੱਲੋ ਮੱਲੀ ਅਚਾਹੇ ਪ੍ਰਗਟ ਹੋਵੇ, ਬੇਬਸੀ ਹੈ ! ਜਿਨ੍ਹਾਂ ਤੇ ਲੋਕਾਂ ਦੀ ਵਾਹ ਵਾਹ ਅਸਰ ਨਹੀਂ ਕਰਦੀ, ਨੱਚ ਕੇ ਪਿਆਰ ਕਰਨ, ਜਿੰਨਾਂ ਨੂੰ ਨਿੰਦਾ ਘੇਰ ਨਹੀਂ ਪਾਉਂਦੀ, ਜਿਵੇਂ ਚਾਹੁਣ ਕਰਨ, ਪਰ ਮੇਰੇ ਵਰਗੇ ਦਾ ਰਸਤਾ ਛਿਪਾ ਹੈ। ਮੈਨੂੰ ਆਪਣੇ ਲਈ ਇਹੋ ਭਾਸਦਾ ਹੈ ਕਿ ਮੇਰਾ ਪਰਦਾ ਨਾ ਫਟੇ ਮੇਰੀ ਚਿਣਗ ਨਿੱਕੀ ਹੈ, ਹਵਾ ਦੇ ਝੋਕੇ ਤੋਂ ਬਚੇ। ਮੇਰੀ ਪੁਕਾਰ ਮੇਰੇ ਪ੍ਰੀਤਮ ਤਕ ਮੇਰੀ ਜ਼ੁਬਾਨੋਂ ਨਾ ਅੱਪੜੇ। ਮੈਂ ਨਿੱਕਾ ਜਿਹਾ ਪਰਵਾਨਾ ਹਾਂ।

ਰਾਣੀ-ਸੰਸਾਰਿਕ ਕਿ ਪਰਮਾਰਥਿਕ ?

ਰਾਉ-ਮਨ ਦੇ ਸੁਖ ਦੀ, ਕੇਵਲ ਅੰਦਰਲੇ ਦੇ ਸੁਖ ਦੀ। ਮੈਂ ਇਸ ਕਰਕੇ ਲੁਕੋ ਨਹੀਂ ਕਰਦਾ ਕਿ ਪਹਾੜੀ ਰਾਜੇ ਪ੍ਰੀਤਮ ਜੀ ਦੇ ਦੁਸ਼ਮਨ ਹਨ ਤੇ ਉਹ ਮੇਰੇ ਨਾਲ ਰਿੰਜ ਹੋ ਜਾਣਗੇ, ਜਾਂ ਮੈਂ ਜੇ ਖੁੱਲ੍ਹਮ ਖੁੱਲਾ ਪ੍ਰੀਤਮ ਜੀ ਦਾ ਹੋ ਰਿਹਾ ਤਾਂ ਤੁਰਕ ਪਾਤਸ਼ਾਹ ਰਜਾਸਤ ਖੋਹ ਲਏਗਾ। ਜੇ ਮੈਂ ਪ੍ਰਗਟ ਕਰਾਂ ਤਾਂ ਸਿਖ ਮੇਰੇ ਸਹਾਈ ਹੋ ਜਾਣਗੇ ਇਹ ਲਾਭ ਹੈ, ਪਰ ਇਹ ਲਾਭ ਮੈਨੂੰ ਨਹੀਂ ਮੋਂਹਦਾ। ਮੇਰੇ ਪਿਆਰ ਦੀ ਕਣੀ ਨਿੱਕੀ ਹੈ, ਸ਼ੂਮ ਦੇ ਧਨ ਵਾਂਙੂ ਮੈਨੂੰ ਪਿਆਰੀ ਹੈ। ਮਤਾਂ ਇਸ ਨੂੰ ਕੋਈ ਨਜ਼ਰ ਲਗੇ, ਮਤਾਂ ਮੈਥੋਂ ਇਹ ਖਿਸਕੇ, ਮਤਾਂ ਕੋਈ ਖੋਹੇ। ਮੈਂ ਛਿਪਾਉਂਦਾ ਹਾਂ ਕਿ ਇਹ ਸਲਾਮਤ ਰਹੇ। ਹਾਂ ਮੇਰੀ ਪਿਆਰ ਚਿਣੰਗ ਨਿੱਕੀ ਹੈ, ਤ੍ਰਿਖੀ ਵਾਉ ਤੋਂ ਬਚਾਉ ਦੀ ਲੋੜ ਹੈ। ਬੁਲਬੁਲ ਪਿਆਰ ਦੇ ਭਾਵ ਨੂੰ ਗਾਂਉਂ ਗਾਂਉਂ ਕੇ ਜਗਤ ਮੋਂਹਦੀ ਹੈ, ਪਰ ਪਰਵਾਨਾ ਨਿੱਕਾ ਹੈ, ਗਰੀਬ ਚੁਪ ਚਾਪ ਸ਼ਹੀਦ ਹੁੰਦਾ ਹੈ। ਚਕੋਰ ਪਿਆਰ ਨੂੰ ਕੂਹਕਦਾ ਤੇ ਪੈਲਾਂ ਪਾਉਂਦਾ ਹੈ, ਪਰ ਕਮਲ ਚੁੱਪ ਦਿਦਾਰੇ ਵਿਚ ਅੱਖ ਨਹੀਂ ਝਮਕਦਾ। ਪਪੀਹਾ 'ਪ੍ਰਿਉ ਪ੍ਰਿਉ' ਦੀ ਪੁਕਾਰ ਨਾਲ ਬਨ ਨੂੰ ਰਾਗ ਘਰ ਬਣਾ ਦਿੰਦਾ ਹੈ, ਪਰ ਸੁਰਖ਼ਾਬ ਦਾ ਜੋੜਾ ਚੁਪ ਚਾਪ ਆਪੋ ਵਿਚ ਅਵਿੱਛੁੜ ਤੇ

ਨਾ-ਨਿੱਖੜ ਹਾਲ ਰਹਿੰਦਾ ਹੈ। ਇਕ ਨੂੰ ਤੀਰ ਲੱਗੇ ਤਾਂ ਦੂਆ ਨਾਲ ਹੀ ਪ੍ਰਾਣ ਅਰਪਦਾ ਹੈ। ਪ੍ਰੇਮ ਦੇ ਅਨੇਕ ਅੰਗ ਹਨ, ਬਨਾਵਟ ਨਹੀਂ ਤੇ ਪ੍ਰੇਮ ਹੈ, ਉਹ ਚਾਹੇ ਕਿਸੇ ਹਾਲ ਰਹੇ, ਪਰ ਮੇਰੇ ਹਾਲ ਦੇ ਅਨੁਕੂਲ ਤੇ ਮੈਨੂੰ ਸਉਜਣ ਵਾਲੀ ਗੱਲ 'ਛਿਪਾ' ਹੈ।

ਰਾਣੀ-ਮੈਥੋਂ, ਇਸ ਸਿੱਕ ਵਿਚ ਕਿ ਤੁਸੀਂ ਕਿਵੇਂ ਦਾਤਾ ਜੀ ਦੇ ਪਿਆਰ ਵਿਚ ਆਓ, ਭੁੱਲ ਹੋਈ ਕਿ ਆਪ ਜੋ ਰੱਤੇ ਹੋਏ ਸਾਓ ਤੇ ਨਹੀਂ ਚਾਹੁੰਦੇ ਸਾਓ ਕਿ 'ਕੋਈ ਹੋਰ ਆਪ ਦੇ ਪਿਆਰ ਦਾ ਜਾਣੂੰ ਹੋਵੇ' ਮੈਂ ਦਖਲ ਦਿੱਤਾ ਤੇ ਨਾ ਜਾਣਨੇ ਵਾਲੀ ਗੱਲ ਨੂੰ ਜ਼ੋਰ ਦੇਕੇ ਚੋਰੀ ਟੁਰ ਕੇ ਜਾਣਿਆ। ਮੈਂ ਖਿਮਾਂ ਦੀ ਯਾਚਕ ਹਾਂ, ਪਰ ਮੇਰੀ ਕੋਈ ਯਾਚਨਾਂ, ਕੋਈ ਪਛੁਤਾਵਾ, ਕੋਈ ਮਾਫੀ ਦੀ ਮੰਗ ਹੁਣ ਉਹ ਹਾਲਤ ਪੈਦਾ ਨਹੀਂ ਕਰ ਸਕਦੀ ਕਿ ਜੋ ਪਹਿਲਾਂ ਸੀ :- 'ਆਪ ਸਾਓ ਤੇ ਆਪ ਜੀ ਦੇ ਪਿਆਰੇ' ਤੇ 'ਤੀਏ' ਨੂੰ ਸੋ ਤਕ ਨਹੀਂ ਸੀ।

ਰਾਉ-ਫਿਕਰ ਨਾ ਕਰੋ, ਮੈਂ ਰਿੰਜ ਨਹੀਂ, ਮੈਨੂੰ ਨਿਸ਼ਚਾ ਹੈ ਕਿ ਇਸ ਤੋਂ ਅਗੇ ਭੇਤ ਨਹੀਂ ਜਾਏਗਾ ਤੇ ਪਤਾ ਮਰਮੀ ਤੇ ਮਹਿਰਮ ਨੂੰ ਲੱਗਾ ਹੈ, ਕਿਸੇ 'ਨਾ-ਅਹਿਲ' ਨੂੰ ਪਤਾ ਨਹੀਂ ਲੱਗਾ, ਇਹ ਬੀ ਕੋਈ ਰੱਬੀ ਰਜ਼ਾ ਹੈ। ਕੀ ਪਤਾ ਹੈ ਕਿ ਕਿਸੇ ਸੁਖ ਦਾ ਇਹ ਆਗਮ ਹੈ। ਮੇਰੇ ਅੰਦਰ ਬੀ ਅਬੁਝ ਅੱਗ ਚਰਨ ਪਰਸਨ ਦੀ ਹੈ ਤੇ ਉਸ ਨੂੰ ਬੀ ਦਿਲਾਂ ਦੇ ਮਹਿਰਮ ਨੇ ਪੂਰਨਾ ਹੈ, ਇਹ ਕੋਈ ਉਸ ਸੁਭਾਗ ਘੜੀ ਦਾ ਪਹਿਲਾ ਲਿਸ਼ਕਾਰਾ ਹੈ। ਮੈਂ ਬੀ ਤੜਫਨ ਹਾਰ ਹਾਂ ਦੀਦਾਰ ਦਾ, ਕੀ ਪਤਾ ਹੈ ਕਿ ਕੋਈ ਪੂਰਨਤਾ ਦਾ ਪਹਿਲਾ ਬੁੱਲਾ ਆਇਆ ਹੈ। ਆਹ ਮਾਲਕ, ਆਹ ਸਾਹਿਬਾ!

ਇਹ ਕਹਿੰਦਿਆਂ ਰਾਉ ਨੇ ਬੁੱਲ੍ਹ ਘੁੱਟੇ, ਨੈਣ ਮੀਟੇ, ਚਿਹਰਾ ਤੇ ਸਰੀਰ ਕੰਬਿਆ, ਨੈਣਾਂ ਤੋਂ ਤ੍ਰੁੱਪ ਤ੍ਰੁੱਪ ਹੋਣ ਲੱਗੀ, ਨੈਣਾਂ ਵਿਚ ਹੀ ਪੀਤੀ ਗਈ ਤੇ ਮਗਨਤਾ ਛਾ ਗਈ। ਰਾਣੀ ਇਤਨੀ ਤ੍ਰਿਖੀ, ਪਰ ਘੁੱਟਵੀਂ ਖਿੱਚ ਤੋਂ ਅਜਾਣ ਸੀ, ਅੰਦਰੋਂ ਥਰਰਾਈ ਤੇ ਨੈਣ ਭਰ ਲਿਆਈ।

੬.

**ਅਜੀਤ** ਸਿੰਘ[1]-ਇਹ ਬਨ ਬੜਾ ਸੁੰਦਰ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ-ਨਾਲੇ ਵੜਦਿਆਂ ਸਾਰ ਐਉਂ ਲੱਗਾ ਹੈ ਜਿਵੇਂ ਪਰਦੇਸਾਂ ਤੋਂ ਮੁੜ ਆ ਕੇ ਆਪਣੇ ਘਰ ਵੜੀਦਾ ਹੈ।

ਅਜੀਤ ਸਿੰਘ-ਬੜਾ ਰਮਣੀਕ ਤੇ ਪਜਾਰਾ ਲੱਗਾ ਹੈ।

ਗੁਰੂ ਜੀ-ਕੀ ਇਹ ਬਿਸਾਲੀ ਦਾ ਇਲਾਕਾ ਹੀ ਹੈ ?

ਸੋਭਾ ਸਿੰਘ-ਪਾਤਸ਼ਾਹੁ ! ਬਿਸਾਲੀ ਦੀ ਹੱਦ ਤਾਂ ਮੁੱਕ ਚੁੱਕੀ ਹੈ।

ਗੁਰੂ ਜੀ-ਤਦੇ, ਹੱਛਾ ! ਰਾਜ ਬਦਲ ਗਿਆ, ਅਜ ਤਾਂ ਅਸੀਂ ਕਈ ਕੋਹ ਆ ਗਏ ਹਾਂ।

ਸੋਭਾ ਸਿੰਘ-ਜੀ ਹਾਂ। ਹੁਣ ਅਸੀਂ ਬਿਭੌਰ ਦੇ ਇਲਾਕੇ ਵਿਚ ਹਾਂ।

ਗੁਰੂ ਜੀ-ਹੂੰ ਬਿਭੌਰ !

ਅਜੀਤ ਸਿੰਘ-ਸ਼ਿਕਾਰ ਬੀ ਚੰਗਾ ਮਿਲੇਗਾ ?

ਗੁਰੂ ਜੀ(ਮੁਸਕ੍ਰਾ ਕੇ)-ਬਹੁਤ ਚੰਗਾ।

(ਇੰਨੇ ਨੂੰ ਇਕ ਚਿਤਮਿਤਾਲੇ ਮਿਰਗਾਂ ਦੀ ਡਾਰ ਅਗੋਂ ਲੰਘ ਗਈ।)

ਅਜੀਤ ਸਿੰਘ-ਹੈਂ ! ਇਥੇ ਤਾਂ ਸ਼ਿਕਾਰ ਆਪੇ ਪਿਆ ਨਿਸ਼ਾਨੇ ਹੇਠ ਆਉਂਦਾ ਹੈ, ਅਗੋਂ ਭੱਜ ਭੱਜਕੇ ਪਿਆ ਮਿਲਦਾ ਹੈ।

ਗੁਰੂ ਜੀ-ਕੁਛ ਪਿਆਰ ਸੁਗੰਧੀ ਦਾ ਦੇਸ਼ ਹੈ।

ਸੋਭਾ ਸਿੰਘ-ਰਾਵ ਬੜਾ ਚੁਪ ਚਾਪ ਹੈ : ਘੱਟ ਬੋਲਦਾ ਹੈ, ਦੋ ਪਹਿਰ ਆਪ ਬੈਠ ਕੇ ਰਿਆਸਤ ਦਾ ਕੰਮ ਕਰਦਾ ਹੈ। ਦੁਖ ਇਥੇ ਘੱਟ ਹੈ, ਪ੍ਰਜਾ ਸੁਖੀ ਹੈ। ਵਿਆਹ ਬੀ ਇਕੋ ਕੀਤਾ ਸੂ। ਰਾਣੀ ਨਾਲ ਪਿਆਰ ਬੀ ਚੋਖਾ ਹੈਸੁ। ਰਾਣੀ ਗੁਰੂ ਘਰ ਦੀ ਸ਼ਰਧਾਲੂ ਹੈ, ਨਾਹਨ ਦੇ ਰਾਜ ਘਰਾਣੇ ਦੀ ਧੀ ਹੈ, ਬਾਣੀ ਦੀ ਪ੍ਰੇਮਣ ਹੈ, ਦਾਨ ਬੀ ਕਰਦੀ ਹੈ। ਰਾਉ ਪ੍ਰੇਮੀ ਨਹੀਂ, ਨਾ ਦਾਨ ਦਾ ਸ਼ੌਕ, ਨਾ ਸ਼ਿਕਾਰ ਦਾ, ਉਂਞ ਕਦੇ ਕਦੇ ਆ ਜਾਂਦਾ ਹੈ ਸ਼ਿਕਾਰ ਨੂੰ। ਕੁਛ ਅਛੇੜ ਤੇ ਅਡੋਲ ਜਿਹਾ ਆਦਮੀ ਹੈ।

ਗੁਰੂ ਜੀ-ਅਡੋਲ ਪਾਣੀ ਡੂੰਘੇ ਵਗਦੇ ਹਨ, ਡੂੰਘੇ ਪਾਣੀ ਅਡੋਲ ਵਗਦੇ ਹਨ।

ਅਜੀਤ ਸਿੰਘ-ਮਹਾਰਾਜ ! ਅਸੀਂ ਦੂਰ ਨਿਕਲ ਆਏ ਹਾਂ, ਸੰਗ ਸਾਰਾ ਪਿਛੇ ਰਹਿ ਗਿਆ ਹੈ; ਹੁਣ ਮੁੜਨਾ ਚਾਹੀਏ।

ਗੁਰੂ ਜੀ-ਸੋਚ ਤਾਂ ਪਿਛਾਂਹ ਦੀ ਆਉਂਦੀ ਹੈ, ਪਰ ਕਦਮ ਅਗੇਰੇ ਪੈਂਦੇ ਹਨ।

1. ਇਹ ਭਾਈ ਅਜੀਤ ਸਿੰਘ ਜੀ ਜੋਧੇ ਹਨ, ਸਾਹਿਬਜ਼ਾਦੇ ਨਹੀਂ।

ਅਜੀਤ ਸਿੰਘ-ਡੇਰਾ ਲਾ ਦੇਈਏ ਏਥੇ। ਆਪ ਕਮਰ ਕੱਸਾ ਖੋਹਲੋ, ਮੈਂ ਜਾ ਕੇ ਡੇਰੇ ਨੂੰ ਇਥੇ ਲੈ ਆਉਂਦਾ ਹਾਂ।

ਗੁਰੂ ਜੀ-ਪਰ ਦਿਲ ਇਥੇ ਬੀ ਨਹੀਂ ਠਹਿਰਦਾ, ਅੱਗੇ ਹੀ ਅੱਗੇ ਜਾਂਦਾ ਹੈ।

ਸੋਭਾ ਸਿੰਘ-ਚਲੇ ਚੱਲੋ, ਫੇਰ ਮਹਾਰਾਜ ਭੀਮੇਂ ਦੇ ਰਾਜ ਵਿਚ ਅਸੀਂ ਕਦੇ ਅਟਕੇ ਨਹੀਂ ਤੇ ਇਹ ਰਿਆਸਤ ਤਾਂ ਭਲਿਆਂ ਦੀ ਹੈ।

ਗੁਰੂ ਜੀ-ਨਿਰੀ ਭਲਿਆਈ ਕਿ ਪਜਾਰ ਮੁਸ਼ਕ ਵੀ?

ਸੋਭਾ ਸਿੰਘ-ਰਾਣੀ ਗੁਰੂ ਘਰ ਦੀ ਸ਼ਰਧਾਲੂ ਹੈ।

ਗੁਰੂ ਜੀ-ਹਾਂ, ਪਰ ਕੁਛ ਹੋਰ ਬੀ ਹੈ।

ਇਸ ਤਰ੍ਹਾਂ ਗਲ ਕਰਦੇ ਘੋੜੇ ਟੋਰੀ ਗਏ। ਇੰਨੇ ਨੂੰ ਇਕ ਹੋਰ ਸ਼ਿਕਾਰੀ ਜਥਾ ਸਾਹਮਣੇ ਪਾਸਿਓਂ ਆਉਂਦਾ ਦਿੱਸਿਆ। ਥੋੜੀ ਦੇਰ ਨੂੰ ਉਹ ਨੇੜੇ ਆ ਗਿਆ, ਜੱਥੇ ਦਾ ਮੋਹਰੀ ਘੋੜੇ ਤੋਂ ਉਤਰ ਕੇ ਅੱਗੇ ਆਇਆ ਤੇ ਮੱਥਾ ਟੇਕ ਕੇ ਬੋਲਿਆ : 'ਧੰਨ ਭਾਗ ! ਆਪ ਦੇ ਚਰਨ ਇਸ ਰਿਆਸਤ ਵਿਚ ਪਏ।'

ਗੁਰੂ ਜੀ (ਤੀਰ ਨਾਲ ਥਾਪੜਾ ਦਿੱਤਾ)-ਇਸ ਰਿਆਸਤ ਵਿਚ ਆ ਕੇ ਜੀ ਬੜਾ ਰਾਜ਼ੀ ਹੋਇਆ ਹੈ, ਪ੍ਰਭਾਉ ਬੜਾ ਸੁੰਦਰ ਹੈ। ਆਪ ਅਛੇ ਹੋ ?

ਮੋਹਰੀ-ਆਪ ਦੀ ਮਿਹਰ ਹੈ। ਮੈਂ ਰਿਆਸਤ ਦਾ ਵਜ਼ੀਰ ਹਾਂ। ਸਾਡੇ ਮਹਾਂ ਰਾਉ ਬੜੇ ਬੀਬੇ ਹਨ। ਮੈਂ ਕਲ ਮਹਾਰਾਜ ਜੀ ਤੋਂ ਪੁੱਛਿਆ ਸੀ ਕਿ ਆਪ ਸ਼ਿਕਾਰ ਖੇਡਦੇ ਸਾਡੀ ਸਰਹੱਦ ਤੋੜੀ ਕਈ ਵੇਰ ਆ ਜਾਂਦੇ ਹੋ, ਸੋ ਕਦੇ ਅੱਗੇ ਆ ਜਾਓ ਤਾਂ ਅਸਾਂ ਕਿਵੇਂ ਕਰਨਾ ਹੈ ? ਸ੍ਰੀ ਹਜ਼ੂਰ ਆਖਣ ਲੱਗੇ :'ਸਭ ਧਰਤੀ ਰੱਬ ਤੇ ਗੁਰੂ ਜੀ ਦੀ ਹੈ, ਰਾਉ ਰਾਣੇ ਪ੍ਰਬੰਧਕ ਹਨ, ਮਾਲਕ ਨਹੀਂ।' ਦੇਖੋ ਨਾ, ਮਹਾਰਾਜ ਜੀ ! ਸਾਡੇ ਮਹਾਂ ਰਾਉ ਬੜੇ ਗੰਭੀਰ ਹਨ, ਥੋੜਾ ਬੋਲਦੇ ਹਨ, ਇਸ਼ਾਰਾ ਦਿੰਦੇ ਹਨ। ਅਸੀਂ ਉਹਨਾਂ ਦੇ ਰੁਖ਼ ਨੂੰ ਲੱਭਦੇ ਹਾਂ, ਸੋ ਉਨ੍ਹਾਂ ਦੇ ਓਪਰਲੇ ਵਾਕ ਤੋਂ ਦਾਸ ਨੇ ਸਾਰੀ ਰਿਆਸਤ ਵਿਚ ਨੰਬਰਦਾਰਾਂ ਨੂੰ ਹੁਕਮ ਦੇ ਘੱਲਿਆ ਹੈ ਕਿ ਆਪ ਜਦ ਆਓ ਸਤਿਕਾਰ ਕਰਨ ਅਰ ਜਿਸ ਸ਼ੈ ਦੀ ਲੋੜ ਹੋਵੇ ਦੁੱਧ, ਰਸਦ ਪਾਣੀ ਆਪ ਲੈ ਕੇ ਹਾਜ਼ਰ ਹੋਣ। ਜੋ ਆਪ ਮੰਗੋ ਪੈਦਾ ਕਰ ਦੇਣ ਤੇ ਮੈਂ ਹੁਣ ਸ਼ਿਕਾਰ ਵਿਚ ਸਾਂ ਤਾਂ ਆਪ ਦੇ ਚਰਨ ਪਾਉਣ ਦੀ ਸੁਧ ਅੱਪੜੀ, ਇਸ ਲਈ ਕੋਈ ਸੇਵਾ ਪੁੱਛਣ ਲਈ ਹਾਜ਼ਰ ਹੋਇਆ ਹਾਂ।

ਗੁਰੂ ਜੀ-ਮੰਤਰੀ ਜੀ ! ਸਾਨੂੰ ਤਾਂ ਇਉਂ ਭਾਸ ਰਿਹਾ ਹੈ ਕਿ ਆਨੰਦਪੁਰ ਆ ਗਏ ਹਾਂ, ਤੁਸੀਂ ਐਉਂ ਲਗੇ ਹੋ ਜਿਵੇਂ ਆਪਣੇ ਹੋ, ਆਪਣਾ ਘਰ ਹੈ ਆਪਣੀ ਰਿਆਸਤ ਹੈ। ਤੁਸੀਂ ਸੁਖੀ ਰਹੋ, ਰਾਜ ਭਾਗ ਬਣੇ ਰਹਿਣ, ਰਾਉ ਸੁਖੀ ਰਹੇ।

੭.

ਰਾਣੀ-ਮਹਾਰਾਜ ! ਮੈਂ ਸੁਣਿਆਂ ਹੈ, ਸ੍ਰੀ ਜੀ ਸਾਡੇ ਰਾਜ ਨੂੰ ਚਰਨ ਕਮਲਾਂ ਨਾਲ ਪਵਿੱਤ੍ਰ ਕਰ ਗਏ ਹਨ।

ਰਾਉ-ਕਿਸ ਤੋਂ ਸੁਣਿਆਂ ਨੇ ?

ਰਾਣੀ-ਨਿੱਕੋ ਤੋਂ।

ਰਾਉ-ਇਹ ਨਿੱਕੋ ਪਟਿੱਕੋ ਬੜੀ ਪਾੜੇ ਪੱਟਣੀ ਏ। ਅੱਜ ਦੁਪਹਿਰਾਂ ਦੀ ਗੱਲ ਹੈ, ਮੇਰੇ ਪਾਸ ਸਰਕਾਰੀ ਸੋ ਹੁਣ ਅੱਪੜੀ ਹੈ, ਇਹ ਪਹਿਲਾਂ ਹੀ ਕਿੱਥੋਂ ਉਡ ਕੇ ਤੱਕ ਆਈ ?

ਰਾਣੀ-ਹਾਥੀ ਕੰਨ ਰੱਖਦੀ ਹੈ।

ਰਾਉ-ਤਦ ਬੀ ?

ਰਾਣੀ-ਕੋਈ ਗੁਆਲਨ ਆਈ ਹੈ। ਓਹ ਜੋ ਪੋਠੋਹਾਰ ਤੋਂ ਉੱਜੜ ਕੇ ਸਾਡੇ ਰਾਜ ਵਿਚ ਲੋਕੀ ਆ ਵੱਸੇ ਹਨ, ਓਹਨਾਂ ਵਿਚੋਂ ਸੀ। ਉਹ ਆਪਣੇ ਪਿੰਡੋਂ ਨਗਰ ਨੂੰ ਆ ਰਹੀ ਸੀ, ਦੁੱਧ ਦੀ ਮਟਕੀ ਸਿਰ ਤੇ ਸਾਸੁ, ਬਨ ਵਿਚ ਸਤਿਗੁਰਾਂ ਨੂੰ ਤੱਕ ਕੇ ਖੜੀ ਹੋ ਗਈ ਤੇ ਬੋਲੀ: 'ਘੁੱਟ ਦੁੱਧਦਾ ਪੀ ਲਓ।' ਸਤਿਗੁਰਾਂ ਆਖਿਆ:- "ਕਿਉਂ?" ਤਾਂ ਕਹਿਣ ਲੱਗੀ:- "ਮੈਨੂੰ ਪਤਾ ਨਹੀਂ, ਤੁਸਾਂ ਦਾਰ ਤੱਕ ਕੇ ਚਾਉ ਚੜ੍ਹ ਆਇਆ ਹੈ।" ਆਪ ਬੋਲੇ:- "ਕਿਉਂ?" ਬੋਲੀ:- "ਮੈਨੂੰ ਪਤਾ ਨਹੀਂ, ਕਲੇਜਾ ਧੜਕਨਾ ਹੈ, ਅੱਖਾਂ ਫੁਰਕਣੀਆਂ ਹਨ, ਸਿਰ ਮੱਘਦਾ ਹੈ ਤੇ ਉਮੰਗ ਉਠਦੀ ਹੈ, ਆਪ ਦੁੱਧ ਪੀਓ।" ਮਹਾਰਾਜ ਬੋਲੇ: "ਅਸੀਂ ਕਉਣ ਹਾਂ ?" ਕਹਿਣ ਲਗੀ: "ਨਹੀਂ ਜਾਣਦੀ ਤੁਸੀਂ ਕੌਣ ਹੋ, ਆ ਮੁਹਾਰਾ ਚਾਉ ਭਰ ਆਇਆ ਹੈ।" ਸਤਿਗੁਰਾਂ ਕਿਹਾ: "ਮੁੱਲ ਲੈਸੇਂ ?" ਕਹਿਣ ਲੱਗੀ: "ਦੁੱਧ ਵੇਚਿਆ ਤਾਂ ਪੁੱਤ ਵੇਚਿਆ, ਪੁੱਤ ਵੇਚਿਆ ਤਾਂ ਰਿਹਾ ਕੀ?" ਆਪ ਉਸ ਵਲ ਤੱਕ ਕੇ ਬੋਲੇ: "ਬਿਨਾਂ ਮੁੱਲ ਕਿਵੇਂ ਪੀਵੀਏ?" ਬੋਲੀ: "ਅਸਾਂ ਕੰਗਾਲਾਂ ਦਾਰ ਤਕਨੇ ਹੋ ਤੱਕਣੀ ਨਾਲ ਠੰਢ

ਪੈਨੀਏ, ਹੋਰ ਕੇ ਮੁਲ ਮੰਗਾਂ ?'' ਆਪ ਬੋਲੇ : "ਇਵੇਂ ਨਾ ਪੀਨੇ ਆਂ।'' ਇਹ ਸੁਣ ਕੇ ਰੋ ਪਈ, ਨੈਣ ਮਿਟ ਗਏ, ਰੰਗ ਬਦਲ ਗਿਆ। ਫੇਰ ਨੈਣ ਖੁਹਲੇ, ਹਾਉਕਾ ਲਿਆ : "ਖਬਰੇ ਕਿੰਨੇ ਜੁਗਾਂ ਦੀ ਦੁਧ ਲਈ ਪਈ ਮਗਰੇ ਮਗਰ ਫਿਰਨੀ ਆਂ, ਅਸਾਂ ਤੋਂ ਕਿਉਂ ਨਾ ਪੀਨੇ ਓ ?'' ਇਉਂ ਕਹਿੰਦੀ ਬਾਵਰੀ ਜੇਹੀ ਹੋ ਗਈ, ਫੇਰ ਬੋਲੀ : "ਮੁੱਲ ਕਿ ਲਵਾਂ ? ਪੈਸੇ ਲੈਸਾਂ ਅਜ ਕਲ ਮੁੱਕ ਜਾਸਣ। ...ਮੁੱਲ ਹੀ ਦੇ ਕੇ ਪੀਸੋ ? ਪੀਓ, ਪੀਓ ਸਹੀ ਮੁੱਲ ਚਾ ਦਿਓ। ਦਿਓ ਨਾ, ਤੇ ਪੀਓ ਨਾ, ਤੁਸੀਂ ਦਾਤੇ ਜੁ ਹੋਏ, ਦਿਓ ਨਾ, ਪਰ ਜਿੰਨੇ ਵਡੇ ਹੋ ਉੱਨਾਂ ਵੱਡਾ ਮੁੱਲ – ਪੈਸੇ ਤਾਂ ਮੁੱਕ ਜਾਸਣ। ....ਤੁਸਾਂ ਪਾਸ ਵੇਚਾਂ ਤਾਂ ਕੁਛ ਤੁਸਾਂ ਜੇਡਾ ਮੁੱਲ ਪਵੇ। ਹਾਇ ਰਾਮ ! ਰਾਮ ਕਿ ਕ੍ਰਿਸ਼ਨ, ਕ੍ਰਿਸ਼ਨ ਕਿ ਰੱਬ, ਰੱਬ ਹੈ ਕਿ ਉਹ, ਉਹ ਹੈ ਕਿ ਮੈਂ, ਮੈਂ ਹਾਂ ਕਿ ਦੁੱਧ, ਦੁੱਧ ਹੈ ਕਿ ਪੈਸੇ, ਪੈਸੇ ਹਨ ਕਿ ਦਰਸ਼ਨ, ਦਰਸ਼ਨ ਹਨ ਕਿ ਤੂੰ, ਤੂੰ ਹੈਂ ਕਿ ਮੈਂ। ਹੈਂ(ਹੋਰ ਬਾਵਰੇਪਨ ਵਿਚ ਬੋਲੀ) ਹੋ ਆਹ ਚਲਿਆ ਜੇ, ਜੁਲਿਆ ਜੇ ਦੁੱਧ ਖੀਰ ਸਮੁੰਦਰ ਨੂੰ, ਆਪੇ ਰਿੜਕੀਂ, ਆਪ ਪਿਆ ਪੀਵੀਂ, ਅਸੀਂ ਜੁੱਲੇ ਹਾਂ ਚਾਹਨਾਂ ਦੇ ਦੇਸ਼।'' ਇਸ ਤਰ੍ਹਾਂ ਦੇ ਔਲੇ ਮੌਲੇ ਵਾਕ ਕਹਿ ਰਹੀ ਸੀ ਕਿ ਕਲਗੀਧਰ ਜੀ ਦੇ ਚਿਹਰੇ ਨੇ ਰੰਗ ਬਦਲਿਆ, ਭਰਵੱਟਿਆਂ ਵਿਚ ਵੱਟ ਪਿਆ, ਬੁਲ੍ਹ ਦੰਦਾਂ ਵਿਚ ਦਬ ਗਏ, ਨੈਣ ਮੁੰਦ ਗਏ ਤੇ ਪਲ ਮਗਰੋਂ ਛਾਲ ਮਾਰ ਕੇ ਉੱਤਰੇ, ਮਟੁਕੀ ਆਪ ਸਿਰੋਂ ਚਾਈ, ਮੂੰਹ ਲਾ ਲਿਆ ਤੇ ਮੱਘਾ ਸਾਰਾ ਦੁੱਧ ਦਾ ਪੀ ਗਏ। ਜਿਉਂ ਜਿਉਂ ਦੁੱਧ ਪੀਤਾ ਉਸ ਦੀ ਹੋਸ਼ ਫਿਰਦੀ ਗਈ, ਸ਼ੁਕਰ ਸ਼ੁਕਰ ਆਖਣ ਲੱਗ ਗਈ, "ਹੈਂ ! ਮੈਂ ਕੁਥੇ ਸਾਂ ? ਵਾਹਿਗੁਰੂ ! ਕੀ ਹੋਇਆ, ਵਾਹਿਗੁਰੂ ਦਾ ਦੇਸ਼ ਕਿਹੜਾ ਹੋਇਆ ? ਕੌਣ ਰਾਉ ਹੈ ਉਸ ਦੇਸ਼ ਦਾ ? 'ਮਿੰਗੀ' (ਮੈਨੂੰ) ਉਸ ਦੇਸ਼ ਕੌਣ ਲਈ ਗਿਆ ? ਦੇਸ਼ ਦੇ ਰਾਜੇ ਜੋਰੀ ਆਪੇ ਮੇਰੀ ਮਟਕੀ ਚਾ ਖੜੀ, ਸਾਰਾ ਦੁੱਧ ਪੀ ਗਿਆ, ਕੌਣ ਰਾਜਾ ਸੀ ਐਡਾ ਸੁਹਣਾ ਤੇ ਬਲੀ, ਮਿੰਗੀ (ਮੈਨੂੰ) ਫੇਰ ਇਥੇ ਛੋੜੀ ਗਿਆ ? ਹੈਂ, ਇਹ ਮੇਰੇ ਅੰਦਰ ਧੁਨਿ ਕੇ ਪੈ ਗਈ ? ਲੂੰ 'ਵਾਹਿਗੁਰੂ' ਕੇ ਕਰ ਰਹੇ ਹਨ ? ਮੈਂ ਹਲਕੀ ਫੁੱਲ ਕਿਵੇਂ ਹੋ ਗਈ ? ਮੇਰਾ ਭਾਰ ਤੋਲ ਕੁਥੇ ਗਿਆ? 'ਵਾਹਿਗੁਰੂ' ਕਿੰਵ ਹੋ ਰਿਹਾ ਹੈ ? ਸੁਆਦ ਕਿਹਾ ਆ ਰਿਹਾ ਹੈ ? ਹੱਛਾ.....ਹਾਂ ......ਇਹ ਦੁਧੇ ਦਾ ਮੁੱਲ ਹੈ, ਵਾਹਿਗੁਰੂ ਦਾ ਦੇਸ਼ ਸੀ ਉਹ, ਉਸ ਦੇ ਦੇਸ਼ ਇਹੋ ਸਿੱਕਾ ਟੁਰਦਾ ਹੋਸੀ, ਚੰਗਾ ਮੁੱਲ ਘਿੰਨ ਲਿਆ, ਮੈਂ ਮੂਰਖ ਆਖਾਂ ਇਵੇਂ ਪੀਓ ਤੇ ਉਹ ਆਖਣ ਮੁੱਲ ਲਓ। ਮੈਂ ਕੇ ਜਾਣਾਂ ਮੁੱਲ ਪੈਸੇ ਨਹੀਂ, ਮੁਲ ਆਪਾ, ਆਪਾ, ਆਪਾ। ਦੁਹਾਈ ਵੇ ਲੋਕਾ ! ਮੈਂ ਗੋਰਸ ਦਿੱਤਾ ਤੇ ਰਾਮ-ਰਸ ਪਾਇਆ; ਆਓ ਵੇ ਲੋਕੋ ! ਵਪਾਰੀ ਆਇਆ ਨੇ, ਕਰੋ ਵੇ ਸੌਦੇ, ਦਿਓ ਵੇ ਸੌਦੇ, ਦਿਓ ਵੇ ਗੋਰਸ, ਲਓ ਵੇ ਮੁੱਲ, ਹਾਂ ਮੁੱਲ, ਰਾਮ-ਰਸ।''

ਇਉਂ ਰਾਉ ਜੀ ! ਇਹ ਗੁਆਲਨ ਕਿਸੇ ਅਚਰਜ ਹੀ ਹਾਲ ਤੇ ਰਸ ਮਤੀ ਦਸ਼ਾ ਵਿਚ ਨਗਰੀ ਆਈ। ਨਿਕੋ ਦੀ ਇਹ ਜਾਣੂ ਸੀ, ਇਸ ਨੇ ਘਰ ਲੈ ਆਂਦਾ, ਪਿਆਰ ਕੀਤਾ, ਬਿਠਾਇਆ। ਜੋ ਕੁਛ ਸੁਣਿਆਂ ਨਿੱਕੋ ਪੜਛ ਲਿਆਈ। ਇਸ ਗੁਆਲਣ ਦੀ ਹੁਣ ਹੋਸ਼ ਸਾਰੀ ਸਲਾਮਤ ਹੋ ਗਈ ਹੈ ਤੇ ਸਿਰ ਬੀਤੀ ਸਾਰੀ ਆਪੇ ਦੱਸੀ ਸੂ, ਜਿੰਨੀ ਕੁ ਯਾਦ ਸਾਸੂ; ਇਕ ਇਸ ਦੀ ਸਹੇਲੀ ਨਾਲ ਸੀ, ਬਾਕੀ ਸਾਰਾ ਹਾਲ ਉਸ ਨੇ ਦੱਸਿਆ ਹੈ। ਉਹ ਆਖਦੀ ਹੈ ਕਿ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ। ਉਹ ਆਨੰਦ ਪੁਰ ਰਹਿ ਆਈ ਹੋਈ ਹੈ; ਪਰ ਇਸ ਦੁੱਧ ਪਿਲਾਉਣ ਵਾਲੀ ਨੂੰ ਹੁਣ ਤਕ ਪਤਾ ਨਹੀਂ ਸੀ ਕਿ ਏਹ ਕੌਣ ਹਨ। ਪੂਰੀ ਹੋਸ਼ ਆਈ ਤੇ ਪਤਾ ਲੱਗਾ ਸੂ ਕਿ ਉਹ ਦੁੱਧ ਕਲਗੀਧਰ ਜੀ ਨੂੰ ਪਿਲਾ ਆਈ ਹੈ ਤੇ ਵਾਹਿਗੁਰੂ ਨਾਮ ਮੁੱਲ ਲੈ ਆਈ ਹੈ।

ਰਾਉ ਨੇ ਵਾਰਤਾ ਸੁਣੀ। ਰਾਣੀ ਚਿਹਰਾ ਤੱਕਦੀ ਸੀ, ਗਲ ਕਰਦਿਆਂ ਕਿੰਨੀ ਵੇਰ ਰਾਣੀ ਦੇ ਲੂੰ ਕੰਡੇ ਹੋਏ, ਕਿੰਨੀ ਵੇਰ ਰੋਈ, ਪਰ ਰਾਜੇ ਦਾ ਚਿਹਰਾ ਇਕੋ ਜਿਹਾ ਰਿਹਾ, ਕੋਈ ਭਾਵ ਪ੍ਰਤੀਤ ਨਹੀਂ ਦਿੱਤਾ, ਇਕ ਦੋ ਵੇਰ ਰਤਾ ਰਤਾ ਬੁੱਲ੍ਹ ਟੁਕੇ ਤੇ ਰਤਾ ਰਤਾ ਅੱਖਾਂ ਅਨੋਖੇ ਜਿਹੇ ਝਮਕਾਰ ਵਿਚ ਦੀ ਲੰਘ ਗਈਆਂ, ਪਰ ਬੇ-ਮਲੂੰਮੇ।

ਰਾਣੀ ਤੋਂ ਹੁਣ ਨਾ ਰਿਹਾ ਗਿਆ, ਬੇਤਾਬ ਹੋ ਕੇ ਕਿਹਾ : 'ਹੁਣ ਤਾਂ ਮੈਨੂੰ ਪਤਾ ਹੈ ਕਿ ਤੁਸੀਂ ਪਿਆਰ ਵਿਚ ਹੋ, ਐਡੀ ਖੁਸ਼ੀ ਦੀ, ਐਡੀ ਅਚਰਜਤਾ, ਐਡੀ ਸ਼ਕਤੀ ਤੇ ਪਿਆਰ ਦੀ ਗੱਲ ਸੁਣਕੇ ਵੀ

ਤੁਹਾਡੇ ਦਿਲ ਨੂੰ ਕੋਈ ਪਿਆਰ, ਕੋਈ ਖਿੱਚ ਦਾ ਤੁਣੁੱਕਾ ਨਹੀਂ ਵੱਜਾ ?"

ਰਾਉ-ਅੰਦਰ ਦੀ ਦੁਨੀਆਂ ਦੇ ਕਰਤੱਬ ਅੰਦਰ।

ਰਾਣੀ-ਕੋਈ ਓਪਰਾ ਨਹੀਂ ਬੈਠਾ, ਮਹਿਰਮ ਬੈਠੀ ਹਾਂ, ਦਿਲ ਨੂੰ ਖੁੱਲ੍ਹਾ ਛੱਡ ਦੇਂਦੇ ਰਤਾ ਅੰਦਰਲੇ ਭਾਵਾਂ ਦਾ ਰਸ ਬਾਹਰ ਵੀ ਆ ਜਾਂਦਾ।

ਰਾਉ-ਕੋਈ ਬੁਲਬੁਲ ਹੈ, ਕੋਈ ਪਰਵਾਨਾ, ਪਰਵਾਨਾ ਬਲਬੁਲ ਵਾਂਗੂ ਕਿਵ ਉੱਡੇ ?

ਰਾਣੀ-ਪਰ ਤੁਸੀਂ ਤਾਂ ਆਪਣੇ ਮਨ ਨੂੰ ਡੱਕਦੇ ਹੋ ਮੇਰੀ ਜਾਚੇ ?

ਰਾਉ-ਭੂਤ ਡੱਕੇ ਹੀ ਚੰਗੇ, ਖੁਲ੍ਹ ਦਿੱਤੀ ਨਹੀਂ, ਏਹ ਫੇਰ ਸਵਾਰ ਹੋਏ ਨਹੀਂ।

ਰਾਣੀ-ਭੂਤ ਕਿਉਂ? ਪ੍ਰੀਤਕਣੀ ਹੈ, ਚਮਕਣ ਦਿਓ ?

ਰਾਉ-ਜੇ 'ਪ੍ਰੀਤ ਕਣੀ' ਅੰਦਰ ਟੋਵੇ ਤਾਂ ਬਚਾ ਕੇ ਰਖੇ। ਬੋਲੇ ਤਾਂ ਚਮਕ ਘਟਦੀ ਹੈ, ਹਾਵਾਂ ਭਾਵਾਂ ਨਾਲ ਪ੍ਰਗਟ ਕਰੋ ਤਾਂ ਦਮਕ ਟੁਟਦੀ ਹੈ। ਅੰਦਰਲਾ ਪਿਆਰ ਨਾਲ ਘੁਲ ਘੁਲ ਕੇ ਵਗ ਟੁਰੇ, ਪਰ ਨੈਣਾਂ ਨੂੰ, ਮੱਥੇ ਨੂੰ, ਗੱਲ੍ਹਾਂ ਨੂੰ, ਬੁੱਲ੍ਹਾਂ ਨੂੰ, ਰੋਮਾਵਲੀ ਨੂੰ ਖ਼ਬਰ ਨਾ ਹੋਣ ਦੇਵੇ। ਸੁਣਿਆ ਨਹੀਂ, ਦਾਨ ਕਰੇ ਸੱਜਾ ਹੱਥ, ਸਾਰ ਨਾ ਪਵੇ ਖੱਬੇ ਨੂੰ, ਤਿਵੇਂ ਪਿਆਰ ਕਰੇ ਦਿਲ ਤਾਂ ਝਰਨਾਟ ਜਾਵੇ ਪਿਛਲੇ ਪਾਸੇ, ਬਾਹਰਲੇ ਪਾਸੇ, ਇੰਦ੍ਰੀਆਂ ਵੱਲ ਨੂੰ ਕਿਉਂ ਜਾਵੇ ?

ਰਾਣੀ-ਹਾਇ ! ਮੈਂ ਨਿਕਾਰੀ ! ਇੱਡੇ ਜੇਰੇ ! ਪਰ ਤੁਸਾਡਾ ਜੀ ਦਰਸ਼ਨਾਂ ਨੂੰ ਨਹੀਂ ਤੜਫਦਾ ?

ਰਾਉ-ਸਮਝ ਲਓ ? ਮਹਿਰਮ ਹੋ।.... ਹੁਣ ਬੱਸ ਚਾ ਕਰੋ।

ਰਾਣੀ-ਬਿਅਦਈ ਦੀ ਖਿਮਾਂ, ਜੀ ਜੇ ਮੇਰੇ ਵਾਂਙੂ ਤੜਫਦਾ ਹੈ ਤਾਂ ਦਰਸ਼ਨ ਦੀ ਮੁਰਾਦ ਕਿਸ ਤਰ੍ਹਾਂ ਪੁੱਗੂ ? ਚੁੱਪ ਬੈਠਿਆਂ ਕੀ ਬਣੂੰ ?

ਰਾਉ-ਅੱਗੇ ਇਹ ਸ਼ਰੀਰ, ਮਨ, ਆਤਮਾ, ਜਨਮ, ਰਾਜ ਭਾਗ ਤੇ ਤੁਸੀਂ ਪ੍ਰਿਯਾਵਰ, ਬਿਨ ਬੋਲੇ ਮਿਲੇ ਹਨ। ਦਾਤਾ ਬੇਜ਼ੁਬਾਨਾਂ ਦੀਆਂ ਲੋੜਾਂ ਨੂੰ ਬੀ ਜਾਣਦਾ ਹੈ।

ਰਾਣੀ(ਰੋਕੇ)-ਚਲੋ ਬਿਸਾਲੀ ਦਰਸ਼ਨ ਕਰੀਏ।

ਰਾਉ-ਕਦੇ ਬ੍ਰਿਛ, ਬੂਟੇ ਬੂਟੀਆਂ ਮਾਲੀਆਂ ਪਾਸ ਤੁਰਕੇ ਗਏ ਹਨ ? ਮਾਲੀ ਆਪ ਉਨ੍ਹਾਂ ਨੂੰ - ਬੂਟੇ ਬੂਟੇ ਫਿਰ ਕੇ ਪਾਣੀ ਪਾਉਂਦਾ ਹੈ, ਪਾਲਦਾ ਹੈ। ਰਾਣੀਏ ! ਬੂਟੇ ਕਦੇ ਮਾਲੀਆਂ ਦੇ ਮਗਰ ਨਹੀਂ ਭੱਜੇ।

ਰਾਣੀ-ਤਾਂ ਕੋਈ ਸਿਖ, ਜਗਿਆਸੂ, ਰੱਬ ਦਾ ਤਲਾਸ਼ੂ, ਪੀਰਾਂ, ਫਕੀਰਾਂ, ਸੰਤਾਂ ਅਵਤਾਰਾਂ ਪਾਸ ਨਾ ਜਾਇਆ ਕਰੇ ?

ਰਾਉ-ਜਾਣ, ਜ਼ਰੂਰ ਜਾਣ, ਪਰ ਕਦੇ ਭੁੱਲੇ ਹੋਏ ਤੇ ਅਜਾਣ ਬੀ ਜਾਂਦੇ ਹਨ ? ਉਨ੍ਹਾਂ ਨੂੰ ਜਾਣ ਦੀ ਜਾਚ ਨਹੀਂ। ਤਿਵੇਂ ਨਿਮਾਣੇ ਤੇ ਨਿਤਾਣੇ ਬੀ ਨਹੀਂ ਜਾਂਦੇ। ਬੂਟੇ ਮਾਲੀ ਦੇ ਘਰ ਜਾਣੋਂ ਇਸ ਕਰਕੇ ਤਾਂ ਨਹੀਂ ਰੁਕਦੇ ਕਿ ਉਨ੍ਹਾਂ ਨੂੰ ਕੋਈ ਤਾਣ ਹੈ ਤੇ ਨਹੀਂ ਜਾਂਦੇ। ਖਬਰੇ ਜੇ ਪੈਰ ਹੁੰਦੇ ਤਾਂ ਉਹ ਭੱਜੇ ਹੀ ਫਿਰਦੇ। ਮੇਰੇ ਬੀ ਉਹ ਸ਼ੈ ਹੈ ਨਹੀਂ ਜੋ ਟੋਰ ਕੇ ਲੈ ਜਾਇਆ ਕਰਦੀ ਹੈ।

ਰਾਣੀ-ਫੇਰ ਸੱਦ ਹੀ ਘੱਲੀਏ, ਬਿਸਾਲੀ ਵਾਲੇ ਨੇ ਫੇਰ ਉਨ੍ਹਾਂ ਨੂੰ ਸੱਦਿਆ ਹੀ ਹੈ। ਉਹ ਦੀਨ ਦਿਆਲੂ ਹਨ; ਆ ਜਾਣਗੇ।

ਰਾਉ-ਬਿਸਾਲੀ ਵਾਲੇ ਦਾ ਨੇਹੁੰ ਪੱਕਾ ਹੋਊ ਯਾ ਕੋਈ ਸਮੇਂ ਦੀ ਲੋੜ ਇਸ ਪ੍ਰਕਾਰ ਦੀ ਸੀ ਕਿ ਸੱਦ ਲੈਣ ਵਿਚ ਹੀ ਸੇਵਾ ਸੀ ਪ੍ਰੇਮ ਦੀ। ਪਰ ਮੇਰੀ ਜਾਚੇ ਮੇਰੇ ਲਈ ਸੱਦਣਾ ਬਿਅਦਬੀ ਹੈ।

ਰਾਣੀ-ਤਾਂ ਜਿੰਨੇ ਲੋਕ ਆਪਣੇ ਵਡਿਆਂ ਨੂੰ ਘਰੀਂ ਨਿਉਤਾ ਦਿੰਦੇ ਹਨ ਬਿਅਦਬੀ ਕਰਦੇ ਹਨ ?

ਰਾਉ-ਨਹੀਂ ਪ੍ਰਿਯਾ ! ਬੂਟਿਆਂ ਨੂੰ ਜੀਭ ਭੀ ਨਹੀਂ ਨਾ ਕਿ ਮਾਲੀ ਨੂੰ ਆਪਣੇ ਕੋਲ ਸੱਦ ਘੱਲਣ।

'ਮੈਂ ਸੱਦ ਘੱਲਾਂ, ਮੈਂ ਸੱਦ ਘੱਲਾਂ" ਇਹ ਕਹਿੰਦਿਆਂ ਇਉਂ ਜਾਪਿਆ ਕਿ ਰਾਉ ਦੇ ਨੈਣਾਂ ਤੋਂ ਹੰਝੂ ਕਿਰਨ ਲੱਗਾ ਹੈ, ਪਰ ਅੱਖਾਂ ਨੇ ਘੁੱਟਣਾ ਖਾਧੀ ਤੇ ਉਹ ਉਥੇ ਨੈਣਾਂ ਵਿਚ ਹੀ ਪੀਤਾ ਗਿਆ।

ਰਾਣੀ-ਫਿਰ ਕਿੰਵੇਂ ਸਿੱਕ ਪੂਰੀ ਹੋਸੀ ?

ਰਾਉ-ਮਾਲੀ ਬੂਟਿਆਂ ਦੀ 'ਚੁੱਪ ਆਵਾਜ਼' ਦਾ ਜਾਣੂੰ ਹੈ, ਉਨ੍ਹਾਂ ਦੇ ਨਾ ਟੁਰ ਸਕਣ ਦੇ ਨਿਤਾਣਪੁਣੇ ਦਾ ਵਾਕਬ ਹੈ। ਬੂਟਿਆਂ ਦੀ ਲੋੜ ਨੂੰ ਬੂਟਿਆਂ ਤੋਂ ਵੱਧ ਸਮਝਦਾ ਹੈ।

ਰਾਣੀ-ਜੇ ਮਾਲੀ ਨੂੰ ਕੋਈ ਖਬਰ ਕਰ ਦੇਵੇ ਤਾਂ?

ਰਾਉ-ਇਹ ਮਾਲੀ ਮਾਲਾ ਪਰੋਣ ਵਾਲਾ[1] ਨਹੀਂ, ਇਹ ਦਿਲਾਂ ਦਾ ਮਹਿਰਮ, ਦਿਲ ਪ੍ਰੋਣ ਵਾਲਾ

1. ਰਾਉ ਦਾ ਮਤਲਬ ਇਹ ਹੈ ਕਿ ਜੋ ਫੁੱਲਾਂ ਦੀ ਮਾਲਾ ਪਰੋਵੇ ਸੋ ਮਾਲੀ।

ਮਾਲਕ ਹੈ। ਧੁਰੋਂ ਆਇਆ ਤੇ ਅੰਤਰਯਾਮਿਨ ਹੈ।

ਰਾਣੀ-ਤੁਸਾਡਾ ਜੇਰਾ ਬੜਾ ਵੱਡਾ ਹੈ, ਪਰ ਜੇ ਸਾਰਾ ਜਗਤ ਇਸ ਰਾਹੇ ਟੁਰੇ ਤਾਂ ਮਾਲੀ ਦਾ ਭਾਰ ਕਿੰਨਾ ਕੁ ਵਧੇ ?

ਰਾਉ-ਮਾਲੀ ਦੀ ਉਂਗਲੀ ਜਗਤ ਸਾਰੇ ਨੂੰ ਗੋਵਰਧਨ ਵਾਂਙੂ ਚਾ ਲੈਂਦੀ ਏ। ਭਾਰ ਤਾਂ ਉਹ ਹਰਨ ਆਇਆ ਹੈ।....ਸਾਰਾ ਜਗਤ ਮੇਰੇ ਰਸਤੇ ਕਿਉਂ ਟੁਰੇ ? ਮੈਂ ਤਦੇ ਤਾਂ ਚੁੱਪ ਹਾਂ ਕਿ ਜਿਸ ਰਾਹੇ ਮੈਂ ਪਿਆ ਹਾਂ, ਕੋਈ ਨਾ ਪਵੇ।

ਰਾਣੀ-ਸਾਰੇ ਸਿੱਖ ਸੰਗਤ, ਲੋੜਵੰਦ, ਪ੍ਰੇਮੀ, ਨੇਮੀ ਦਰਸ਼ਨਾਂ ਨੂੰ ਆਉਂਦੇ ਹਨ।

ਰਾਉ-ਹਰ ਕੋਈ ਆਪਣੇ ਸੁਭਾਉ ਦਾ ਦਾਸ ਹੈ। ਰੱਬ ਨੇ ਉਹਨਾਂ ਦੇ ਸੁਭਾਉ ਵਿਚ ਟੁਰਕੇ ਜਾਣ ਦੀ ਚਾਹਨਾਂ ਤੇ ਟੁਰਨ ਦਾ ਬਲ ਬਖਸ਼ਿਆ ਹੈ, ਮੈਂ ਜੇਹੋ ਜਿਹਾ ਘੜਿਆ ਗਿਆ ਹਾਂ ਤੇ ਮੇਰਾ ਸੁਭਾਉ ਜਿਸ ਤਰ੍ਹਾਂ ਦਾ ਜਿਵੇਂ ਬਣ ਗਿਆ ਹੈ, ਉਸੇ ਦੇ ਅਨੁਕੂਲ ਤੁਰਨਾ ਹੈ। ਜਗਤ ਨੂੰ, ਜੋ ਜਾਂਦਾ ਹੈ, ਭਾਗਾਂ ਵਾਲਾ ਸਮਝਦਾ ਹਾਂ। ਮੇਰਾ ਸੁਭਾਵ ਮੈਂ ਨਹੀਂ ਆਖਦਾ ਕਿ ਕੋਈ ਨਕਲ ਕਰੇ, ਪਰ ਮੈਂ ਜੋ ਕੁਛ ਹਾਂ ਉਸ ਤੋਂ ਹੋਰਵੇਂ ਨਹੀਂ ਹੋ ਸਕਦਾ। ਪ੍ਰਿਯਾਵਰ ! ਕਿਹਾ ਚੰਗਾ ਹੁੰਦਾ ਕਿ ਤੁਹਾਨੂੰ ਹੈਰਾਨੀ ਮੇਰੇ ਪਰਦੇ ਪਾੜਨ ਤਕ ਨਾ ਲੈ ਜਾਂਦੀ। ਮਨੁੱਖ ਨੂੰ ਬਹੁਤ ਕੁਛ ਜਾਣਨ ਦੀ ਲੋੜ ਹੈ, ਪਰ ਕਦੇ ਕੋਈ ਐਸਾ ਬੀ ਹੈ ਕਿ ਜੋ ਨਾ ਜਾਣਿਆਂ ਚੰਗਾ ਹੁੰਦਾ ਹੈ। ਤੁਸਾਂ ਮੇਰਾ ਨਾ ਜਾਣਨੇ ਯੋਗ ਭੇਤ ਜਾਣ ਕੇ ਮੇਰੇ ਲਈ ਆਪਣੇ ਆਪ ਨੂੰ ਵਧੇਰੇ ਚਿੰਤਾ ਵਿਚ ਪਾਇਆ ਹੈ। ਮੈਂ ਜੋ ਕੁਝ ਦੱਸ ਰਿਹਾ ਹਾਂ, ਦੱਸ ਕੇ ਖੁਸ਼ ਨਹੀਂ ਤੇ ਦੱਸਿਆਂ ਤੁਹਾਨੂੰ ਤਸੱਲੀ ਹੁੰਦੀ ਨਹੀਂ ਤੇ ਮੈਨੂੰ ਦੱਸਣਾ ਇਸ ਕਰਕੇ ਪਿਆ ਕਿ ਤੁਸੀਂ ਭੇਤ ਦੇ ਜਾਣੂ ਹੋਕੇ ਪੁੱਛਦੇ ਹੋ। ਤੁਸਾਡੀ ਮੇਰੀ ਪੀੜ ਇਕ ਹੈ, ਦੁਖ ਸੁਖ ਸਾਂਝਾ ਹੈ, ਪਿਆਰ ਦਾ ਨਾਤਾ ਹੈ, ਕਿੰਞ ਹੁਣ ਨਾ ਦੱਸਾਂ ? ਜੇ ਤੁਸੀਂ ਭੇਤ ਨਾ ਕੱਢਦੇ ਤਾਂ ਤੁਹਾਨੂੰ ਪੁੱਛਣ ਦੀ ਤੇ ਮੈਨੂੰ ਤੁਹਾਡੀ ਤਸੱਲੀ ਮੂਜਬ ਨਾ ਦੱਸ ਸਕਣ ਵਾਲੇ ਉੱਤਰਾਂ ਦੀ ਲੋੜ ਨਾ ਪੈਂਦੀ।

ਪ੍ਰਿਯਾਵਰ-ਤੁਸਾਂ ਨੇ ਅੱਜ ਪਹਿਲਾ ਦਿਨ ਹੈ ਕਿ ਮੈਨੂੰ ਇਹ ਗੱਲ ਆਖੀ ਹੈ ਕਿ ਤੁਸਾਡਾ ਪਿਆਰ ਦਾ ਨਾਤਾ ਹੈ ਦਾਸੀ ਨਾਲ, ਨਹੀਂ ਤਾਂ ਅੱਜ ਤਕ ਮੂੰਹ ਬੰਦ ਰਿਹਾ ਹੈ ਪਰ ਵਰਤੋਂ ਵਿਚ ਤੁਹਾਡਾ ਪਿਆਰ ਅਤਿ ਦਾ ਹੈ। ਮੈਥੋਂ ਭੁੱਲ ਹੋਈ ਪਰ ਪਿਆਰ ਦੀ ਲਹਿਰ ਵਿਚ। ਤੁਸਾਂ ਮਿਹਰ ਕੀਤੀ, ਔਗੁਣ ਨਹੀਂ ਛਾਣਿਆ, ਸਗੋਂ ਆਪਣਾ ਖਿਆਲ ਸਾਰਾ ਸਮਝਾਇਆ ਹੈ। ਜੋ ਕਹਿੰਦੇ ਹੋ ਠੀਕ ਹੈ ਪਰ ਮੈਂ ਨਹੀਂ ਸਮਝ ਸਕੀ ਕਿ ਤੁਸੀਂ ਪਿਆਰ ਛਿਪਾਉਂਦੇ ਕਿਉਂ ਹੋ ?

ਰਾਉ-ਮੈਂ ਛਿਪਾਉਂਦਾ ਨਹੀਂ, ਹਨੇਰੇ ਰਹਿਣ ਵਾਲੀਆਂ ਚੀਜ਼ਾਂ ਹਨੇਰੇ ਹੀ ਠੀਕ ਰਹਿੰਦੀਆਂ ਹਨ, ਇਹ ਮੇਰਾ ਸੁਭਾਵ ਹੈ। ਜੜ੍ਹਾਂ ਹਨੇਰੇ ਤੇ ਬ੍ਰਿਛ ਚਾਨਣੇ ਹੀ ਸ਼ੋਭਦੇ ਹਨ।

ਪ੍ਰਿਯਾਵਰ-ਮੈਨੂੰ ਇੰਨੇ ਵਰਿਹਾਂ ਵਿਚ ਮਸਾਂ ਸੋਝੀ ਆਈ ਹੈ ਕਿ ਤੁਸਾਡੇ ਰੁੱਖੇ ਤੇ ਖੁਰਦਰੇ ਬਾਹਰਲੇ ਦੇ ਅੰਦਰ ਅਤਿ ਪਿਆਰ ਵਾਲਾ, ਅਤਿ ਕੂਲਾ ਤੇ ਦਰਦਾਂ ਭਰਿਆ ਦਿਲ ਹੈ। ਤੁਸੀਂ ਜਿਉਂ ਜਿਉਂ ਪਿਆਰ ਕਰਦੇ ਹੋ ਬਾਹਰੋਂ ਖੁਰਦਰੇ ਲਗਦੇ ਹੋ : ਤੁਸਾਡਾ ਰੁਖੇਵਾਂ ਅੰਦਰਲੇ ਪਸੀਜਨ ਦੀ ਨਿਸ਼ਾਨੀ ਹੁੰਦੀ ਹੈ, ਪਰ ਜਗਤ ਵਿਚ ਕੌਣ ਜਾਣੇ ਤੇ ਤੁਸਾਡਾ ਕੋਈ ਮਿੱਤ੍ਰ ਕਿਵੇਂ ਬਣੇ ? ਜੇ ਬਣੇ ਤਾਂ ਕਿਵੇਂ ਰਹੇ ?

ਰਾਉ-ਇਹ ਮੇਰੇ ਅਭਾਗ ਜਾਣੋਂ, ਮੈਨੂੰ ਮਿਤ੍ਰਾਂ ਦੇ ਟੋਟੇ ਦੀ ਹੀ ਦਾਤ ਮਿਲੀ ਹੋਊ। ਇਹੋ ਸਹੀ, ਇਕਨਾਂ ਵਿਚ ਬਹੁਤਿਆਂ ਨੂੰ ਪਿਆਰ ਕਰਨੇ ਦੀ ਸੱਤਿਆ ਹੁੰਦੀ ਹੈ, ਇਕਨਾਂ ਵਿਚ ਇਕ ਅੱਧ ਨੂੰ ਪਿਆਰ ਕਰਨੇ ਦੀ ਸੱਤਿਆ ਹੁੰਦੀ ਹੈ। ਇਹ ਆਪੋ ਆਪਣੀ ਸਤਿਆ ਹੈ, ਕੋਈ ਗੱਲ ਮਾੜੀ ਕੋਈ ਚੰਗੀ ਨਹੀਂ। ਜਿਹੀ ਅੰਦਰਲੀ ਦਸ਼ਾ ਤੇਹੇ ਅਮਲ। ਮੇਰੇ ਦਿਲ ਤੋਂ ਜ਼ੁਬਾਨ ਤੱਕ ਰਸਤਾ ਤੰਗ ਬਣਿਆ ਹੈ, ਪਿਆਰ ਜਦ ਉਸ ਗਲੀ ਥਾਣੀਂ ਲੰਘਦਾ ਹੈ ਤਾਂ ਫਸ ਫਸ ਜਾਂਦਾ ਹੈ, ਮੈਨੂੰ ਇਹ ਮੁਸ਼ਕਲ ਹੈ। ਮੈਂ ਕਿਸੇ ਸ਼ੋਖੀ ਵਿਚ ਨਹੀਂ ਹਾਂ।

ਪ੍ਰਿਯਾਵਰ-ਹਛਾ, ਸਿਰਤਾਜ ਜੀਓ ! ਜਗਤ ਨਾਲ ਤਾਂ ਜਿਵੇਂ ਵਰਤਿਆ ਉਹ ਤਾਂ ਚਾਰ ਦਿਨ ਦੀ ਗੱਲ ਹੈ, ਪਰ ਜਿਥੇ ਦਿਲ ਦਿੱਤਾ ਉਥੇ ਵੀ ਨਾ ਜਾਣਾ, ਨਾ ਸੱਦਣਾ, ਨਾ ਮਿਲਣਾ, ਨਾ ਪੱਤ੍ਰ ਪਾਉਣਾ, ਨਾ ਸੰਦੇਸ਼ਾ, ਨਾ ਵਾਏ, ਨਾ ਸੋਏ ! ਮੈਂ ਥੋੜ ਦਿਲੀ ਹਾਂ ਪਰ ਮੇਰਾ ਜੀ ਕਾਹਲਾ ਪੈਂਦਾ ਹੈ।

ਰਾਉ-ਜੋ ਮੇਰਾ ਭੇਤ ਜਾਣਿਆਂ ਜੇ ਉਹ ਅਜਾਣਿਆਂ ਕਰ ਦਿਓ, ਤੁਸਾਡੀ ਕਾਹਲ ਹਟ ਜਾਏਗੀ; ਯਾ ਮੈਨੂੰ ਮੇਰੇ ਸੁਭਾ ਉਤੇ ਛੱਡ ਦਿਓ, ਜੋ ਹੋਊ ਦੇਖੀ ਚਲੋ, ਤਾਂ ਤੁਸਾਡੀ ਕਾਹਲ ਘਟ ਜਾਏਗੀ।

ਰਾਣੀ-ਮੇਰੀ ਕਾਹਲ ਤੁਸਾਂ ਦੇ ਪਿਆਰ ਰਸ ਮਾਣਨ ਦੀ ਹੈ। ਕਹਿੰਦੀ ਹਾਂ : ਹੁਣ ਤਾਂ ਘਰ ਆ ਗਏ ਨਾਰਾਇਣ, ਗੰਗਾ ਹਿਮਾਲਿਯਾ ਛੱਡ ਕੇ ਸਾਡੇ ਪੱਧਰੀਂ ਆ ਗਈ, ਸਾਡੇ ਗਿਰਾਂ ਅਗੋਂ ਹੋ ਵਗੀ, ਹੁਣ ਤਾਂ ਟੁੱਭਾ ਲਗ ਜਾਏ। ਤੁਹਾਨੂੰ ਕ੍ਰਿਤਾਰਥ ਹੁੰਦਿਆਂ ਵੇਖ ਕੇ ਮੈਂ ਵੀ ਠਰਾਂ।

ਰਾਉ-ਤੁਸੀਂ ਬਿਸਾਲੀ ਚਲੇ ਜਾਓ, ਇਥੇ ਸੱਦ ਲਵੋ, ਜਿਵੇਂ ਮਨੋ ਕਾਮਨਾ ਪੂਰਨ ਹੋਵੇ ਕਰ ਲਓ ਮੇਰੀ ਰੋਕ ਨਹੀਂ। ਮੇਰੇ ਕੋਲੋਂ ਉਹ ਕੁਛ ਨਾ ਕਰਾਓ ਜੋ ਕੁਛ ਕਿ ਮੇਰੇ ਅੰਦਰ ਨਹੀਂ ਹੈ। ਟੁਰਕੇ ਜਾਣ ਦਾ ਤਾਣ ਨਹੀਂ, ਸੱਦ ਬੁਲਾਉਣ ਦੀ ਹੈਸੀਅਤ ਨਹੀਂ, ਪਿਆਰ ਕਣੀ ਮੇਰੇ ਅੰਦਰ ਹੈ, ਪਰ ਨਿੱਕੀ ਜਿਹੀ, ਉਹ ਬੀ ਬਖਸ਼ਿਸ਼ ਹੈ, ਮੇਰੀ ਨਹੀਂ ਮੈਂ ਉਸ ਨੂੰ ਘੁੱਟ ਘੁੱਟ ਕੇ ਰਖਣਾ ਹੈ ਸ਼ੂਮ ਦੇ ਧਨ ਵਾਂਙੂ ਕਿ ਕਿਤੇ ਕਿਸੇ ਦਿਖਾਵੇ ਵੇਲੇ ਮੇਰੇ ਹੱਥੋਂ ਤਿਲਕ ਨਾ ਜਾਵੇ।

ਰਾਣੀ-ਜੇ ਆਪ ਆਨੰਦਪੁਰ ਚਲੇ ਗਏ ਤਾਂ ਫੇਰ?

ਰਾਉ-ਜੇ ਅਜ ਹੁਣੇ ਮੇਰਾ ਘਟ ਬਿਨਸ ਜਾਏ ਤਾਂ ?

ਰਾਣੀ(ਰੋ ਪਈ)-ਬੱਸ ਕਰੋ ਮੈਂ ਭੁੱਲੀ, (ਹੱਥ ਜੋੜਕੇ) ਕੁਵਾਕ ਨਾ ਮੂੰਹੋਂ ਕੱਢੋ। ਬੱਸ ਕਰੋ।

ਰਾਉ-ਅੱਛਾ, ਮੈਂ ਤੁਸਾਡੀ ਵਲੋਂ ਆਪੇ ਪੁਛਦਾ ਹਾਂ : "ਫੇਰ ਕੀ ਹੋਸੀ ?" ਤੇ ਮੈਂ ਆਪੇ ਉੱਤਰ ਦਿੰਦਾ ਹਾਂ :-

"ਜੇ ਘਟੁ ਜਾਇ ਤ ਭਾਉ ਨਾ ਜਾਸੀ।"

ਪਿਆਰ ਦੀ ਕਣੀ ਅੰਦਰੋਂ ਨਾ ਜਾਵੇ, ਮੈਂ ਸ਼ੂਮ ਦਾ ਇਹੋ ਧਨ ਹੈ, ਜਿਸ ਦੇ ਨਾਲ ਇਹ ਪ੍ਰੇਮ ਕਣੀ ਹੈ ਉਹ ਅੰਤਰਜਾਮੀ ਹੈ, ਲੋਕ ਪ੍ਰਲੋਕ ਦਾ ਮਾਲਕ ਹੈ। ਅੰਤਰ ਜੋ ਬੈਠਾ ਹੈ ਜਾਣਦਾ ਹੈ, ਜੋ ਉਹ ਕਰੇ ਠੀਕ ਹੋਊ।

ਰਾਣੀ-ਤੁਸੀਂ ਇਕ ਰਾਜਨੀਤੀ ਦੀ ਗੱਲ ਬੀ ਸੁਣ ਲਓ। ਕਦੇ ਤੁਸੀਂ ਗੁਰੂ ਜੀ ਦੇ ਵਿਰੁੱਧ ਜੰਗ ਵਿਚ ਸ਼ਰੀਕ ਨਹੀਂ ਹੋਏ, ਇਸ ਕਰਕੇ ਰਾਜੇ ਤੁਸਾਂ ਤੇ ਰਾਜ਼ੀ ਨਹੀਂ। ਉਹ ਸਾਰੇ ਕੀਨਾ-ਖੋਰ ਹਨ, ਜਦ ਤੁਸੀਂ ਅੜਿੱਕੇ ਆਏ ਕਸਰ ਨਹੀਂ ਛੱਡਣਗੇ। ਇਧਰ ਸਿਖਾਂ ਨਾਲ ਨਿਹੁੰ ਨਹੀਂ, ਇਧਰੋਂ ਆੜੇ ਵਕਤ ਮੱਦਦ ਨਹੀਂ ਮਿਲਣੀ। ਕੀਹ ਚੰਗੀ ਗਲ ਨਹੀਂ ਕਿ ਇਧਰ ਪ੍ਰਗਟ ਨੇਹੁੰ ਲਗੇ ਤੇ ਇਕ ਆਸਰਾ ਤਾਂ ਪੱਕਾ ਹੋ ਜਾਵੇ।

ਰਾਉ-ਹੁਣ ਤੁਸੀਂ ਕਿਸੇ ਹੋਰ ਗਲ ਦੇ ਨੇੜੇ ਆ ਗਏ ਹੋ। ਰਾਜਨੀਤੀ ਤੇ ਪਿਆਰ ਦੇ ਗਲਾਂ ਕੱਠੀਆਂ ਨਹੀਂ ਹੋ ਸਕਦੀਆਂ। ਜੇ ਇਸ ਤੁਹਾਡੀ ਵਿਚਾਰ ਨੂੰ ਅਗੇ ਧਰਕੇ ਮਿਲਾਂ ਤਾਂ ਪਿਆਰ ਨਹੀਂ, ਜੇ ਅੰਦਰ ਹੋਵੇ ਬੀ ਤਾਂ ਮੇਰਾ ਮਨ ਕਹਿੰਦਾ ਹੈ ਭੁਲੇਖਾ ਹੈ! ਇਹ ਪ੍ਰੇਮ ਨੂੰ ਭੁਲੇਵੇਂ ਵਿਚ ਪਾਉਣ ਵਾਲੀ ਗੱਲ ਹੈ ਨਾ ਮਿਲਿਆਂ ਪਿਆਰ ਦੀ ਕਣੀ ਨਿਰਮਲ ਦਿੱਸ ਰਹੀ ਹੈ ਪਰ ਮਿਲਿਆਂ ਨੀਤੀ ਦਾ ਹਨੇਰਾ ਨਾਲ ਪੈਂਦਾ ਹੈ। ਹਾਇ ! ਮੇਰੀ ਨਿੱਕੀ ਨਿੱਕੀ, ਨਿੱਕੀ ਨਿੱਕੀ ਪਿਆਰ ਕਣੀ ਨਿਰਮਲ ਰਹੇ। ਕਿਵੇਂ ਨਿਰਮਲ ਰਹੇ? ਇਵੇਂ ਹੀ ਨਿਰਮਲ ਰਹਿ ਸਕਦੀ ਹੈ ਕਿ ਜਿਵੇਂ ਮੈਂ ਪਿਆ ਤੁਰਦਾ ਹਾਂ ! ਬਾਕੀ ਰਿਹਾ ਰਾਜ ਭਾਗ, ਮੈਂ ਨਹੀਂ ਤੇਗ ਮਾਰੀ, ਆਪੇ ਮਿਲਿਆ ਹੈ, ਜਾਏਗਾ ਤਾਂ ਤੇਗ ਮਾਰਾਂਗਾ, ਤੇਗ ਨਾਲ ਰਹਿ ਗਿਆ ਜੀ ਸਦਕੇ, ਤੇਗ ਮਾਰਦਿਆਂ ਟੁਰ ਗਿਆ ਜੀ ਸਦਕੇ; ਨਾ ਛੱਡਣਾ ਹੈ, ਨਾ ਦੇਣਾ ਹੈ, ਜਾਣ ਲਗੇ ਤਾਂ ਨਾ ਜਾਣ ਦੇਣ ਦਾ ਸਾਰਾ ਤਾਣ ਲਾਉਣਾ ਹੈ, ਤਾਣ ਲਾਉਂਦਿਆਂ ਚਲਾ ਜਾਏ ਤਾਂ ਸੀ ਨਹੀਂ ਕਰਨੀ। ਹਾਂ, ਇਕ ਪਿਆਰ ਦੀ ਕਣੀ ਅੰਦਰ ਤੱਕਣੀ ਹੈ ਕਿ ਉਹ ਨਾਂ ਕਿਵੇਂ ਬੀ ਜਾਏ।

ਰਾਣੀ-ਹੁਣ ਬੱਸ ਹੋ ਗਈ। ਮੈਂ ਅੱਜ ਆਪਣੇ ਪਿਆਰੇ ਸਿਰਤਾਜ ਨੂੰ ਬਹੁਤ ਖੇਚਲ ਦਿੱਤੀ ਹੈ, ਤੁਸੀਂ ਚੰਗੇ ਹੋ, ਦਾਨੇ ਹੋ, ਤੇ ਅਸੂਲ ਤੇ ਟਿਕੇ ਹੋਏ ਹੋ। ਮੈਂ ਕਾਹਲੀ ਹਾਂ ਤੇ ਜੇਰਾ ਨਹੀਂ ਰੱਖਦੀ। ਤੁਸੀਂ ਤੁਰੋ ਉਸ ਰਾਹੇ ਜੋ ਤੁਸਾਂ ਨੂੰ ਖੁਸ਼ ਆਉਂਦਾ ਹੈ। ਪ੍ਰੀਤ ਤਾਰ ਨ ਟੁੱਟੇ, ਪ੍ਰੇਮ-ਕਣੀ ਨਾ ਖੁੱਸੇ ਪਿਆਰ-ਲਸ ਨਾ ਮਿਟੇ, ਲਗਨ-ਲਾਟ ਨਾਂ ਬੁਝੇ, ਸੋ ਕਰੋ ਜਿਵੇਂ ਇਹ ਸਲਾਮਤ ਰਹੇ। ਮੈਨੂੰ ਖਿਮਾਂ ਕਰੋ ਕਿ ਆਪ ਦਾ ਭੇਤ ਲੱਭਿਆ ਤੇ ਆਪ ਦਾ ਇੰਨਾ ਧਿਆਨ ਇਸ ਬਹਿਸ ਵਿਚ ਪਾਇਆ।

ਰਾਇ-ਇਉਂ ਬੀ ਧੁਰੋਂ ਹੀ ਹੁਕਮ ਹੋਣ ਹੈ। ਮੈਂ ਇਹੋ ਸਮਝਿਆ ਹੈ, ਤੁਸੀਂ ਬੀ ਇਹੋ ਸਮਝੋ। ਹੁਣ ਸੋਚ ਨਾ ਕਰੋ ਕੋਈ। ਮੈਨੂੰ ਟੁਰਨ ਦਿਓ ਉਸੇ ਰਮਤੇ ਜੋ ਮੈਨੂੰ ਦਿਖਾਯਾ ਹੈ ਦਾਤੇ ਨੇ ਪ੍ਰਿਯਾਵਰ...!

੮.

ਵਜ਼ੀਰ(ਰਾਉ ਦੇ ਨਿਜ ਦੇ ਦੀਵਾਨ ਖਾਨੇ ਵਿਚ)-ਮਹਾਰਾਜ ਰਾਜੇਸ਼੍ਵਰ ਜੀਓ ! ਉਸ ਦਿਨ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਚਾਨਕ ਦਰਸ਼ਨ ਦਿਦਾਰ ਹੋ ਜਾਣ ਦੇ ਹਾਲ ਤੇ ਜੋ ਮੈਂ ਉਸ ਵੇਲੇ ਕੀਤਾ ਆਪ ਨੂੰ ਦੱਸਿਆ ਸੀ। ਉਸ ਤੋਂ ਪਹਿਲੋਂ ਵੀ ਤੇ ਮਗਰੋਂ ਫੇਰ ਰਿਆਸਤ ਵਿਚ ਮੈਂ ਆਗ੍ਯਾ ਘੱਲ ਦਿੱਤੀ ਹੈ ਕਿ ਉਹਨਾਂ ਦਾ ਆਦਰ ਹੋਵੇ, ਜਿਸ ਸ਼ੈ ਦੀ ਲੋੜ ਪਵੇ ਪੈਂਚ ਹਾਜ਼ਰ ਕਰਨ। ਖਬਰਾਂ ਆਉਂਦੀਆਂ ਹਨ ਕਿ ਆਪ ਕਦੇ ਕਦੇ ਸ਼ਿਕਾਰ ਕਰਦੇ ਇਧਰ ਆ ਨਿਕਲਦੇ ਹਨ ਤੇ ਇਹੋ ਜਿਹੇ ਵਾਕ ਕਰਦੇ ਹਨ; 'ਇਥੇ ਆ ਕੇ ਆਨੰਦਪੁਰ ਦੀ ਹਵਾ ਝੁੱਲ ਪੈਂਦੀ ਹੈ।' ਜਾਪਦਾ ਹੈ ਜੋ ਉਹਨਾਂ ਦਾ ਚਿਤ ਇਥੇ ਰਹਿਣ ਨੂੰ ਕਰਦਾ ਹੈ, ਨੀਤੀ ਹੈ ਤੇ ਧਰਮ ਹੈ ਕਿ ਆਦਰ ਨਾਲ ਸੱਦ ਲਈਏ ਤੇ ਰੱਖ ਕੇ ਸੇਵਾ ਕਰੀਏ। ਆਪ ਦੀ ਜਿਵੇਂ ਰਜ਼ਾ ਹੋਵੇ ?

ਰਾਉ-'ਆਨੰਦਪੁਰ ਦੀ ਹਵਾ ਝੁੱਲ ਪੈਂਦੀ ਹੈ'; ਮਾਨੋਂ ਉਹਨਾਂ ਨੂੰ ਆਪਣਾ ਘਰ ਲੱਗਦਾ ਹੈ। ਰੱਬ ਤੇ ਗੁਰੂ ਮਾਲਕ ਜੁ ਹੋਏ, ਘਰ ਲੱਗਦਾ ਹੈ, ਸਭ ਘਰ ਰਬ ਦਾ ਜੁ ਹੋਇਆ।

ਵਜ਼ੀਰ-ਸੱਦ ਲਈਏ ?

ਰਾਉ-ਪਉਣ ਕਿਸੇ ਦੇ ਨਿਉਤੇ ਉਡੀਕਦੀ ਹੈ ? ਮੀਂਹ ਕਿਸੇ ਦਾ ਸੱਦਿਆ ਆਉਂਦਾ ਹੈ ?

ਮੰਤ੍ਰੀ-ਸਤਿ ਹੈ, ਪਰ ਮੈਂ ਮੰਤ੍ਰੀ ਜੁ ਹੋਇਆ, ਜੋ ਗਲ ਰਾਜ ਦੇ ਭਲੇ ਲਈ ਫੁਰੇ ਬਿਨੈ ਕਰਨੀ ਮੇਰਾ ਧਰਮ ਹੈ ਤੇ ਮਾਲਕ ਦੀ ਆਗਯਾ ਲੈ ਕੇ ਆਗਯਾ ਵਿਚ ਟੁਰਨਾ ਹੈ। ਸੱਦਣ ਬਾਬਤ ਸ੍ਰੀ ਜੀਉਂ ਦੀ ਜਿਵੇਂ ਆਗਯਾ ਹੋਵੈ।

ਰਾਉ ਚੁਪ ਹੋ ਗਿਆ ਤੇ ਕੋਈ ਉੱਤਰ ਨਾ ਦਿੱਤਾ। ਮੰਤ੍ਰੀ ਇਸ ਸੁਭਾਉ ਨੂੰ ਜਾਣਦਾ ਸੀ, ਕੁਝ ਚਿਰ ਮਗਰੋਂ ਹੋਰ ਰਾਜਸੀ ਕੰਮ ਕਰਕੇ ਚਲਾ ਗਿਆ। ਉਸ ਦਾ ਸੁਭਾਉ ਸੀ ਕਿ ਘਰ ਜਾਕੇ ਇਕਾਂਤ ਵਿਚ ਬੈਠ ਕੇ ਰਾਉ ਦੇ ਕਦੇ ਕਦੇ ਨਾ-ਸਾਫ ਤੇ ਮੁੰਦਾਵਣੀਆਂ ਵਰਗੇ ਉੱਤਰਾਂ ਦੇ ਅਰਥ ਸੋਚਿਆ ਕਰਦਾ ਸੀ। ਹੁਣ ਘਰ ਜਾ ਕੇ ਅਜ ਦੇ ਕਹੇ ਵਾਕਾਂ ਦੇ ਅਰਥ ਲੱਭਣ ਲੱਗਾ : "ਪੌਣ ਕਿਸੇ ਦੇ ਨਿਉਤੇ ਉਡੀਕਦੀ ਹੈ ? ਮੀਂਹ ਕਿਸੇ ਦਾ ਸੱਦਿਆ ਆਉਂਦਾ ਹੈ ?" ਪੌਣ ਆਪੇ ਆਉਂਦੀ ਹੈ - ਉਹ ਆਪੇ ਆਉਣਗੇ। ਮੀਂਹ ਕਿਸੇ ਦਾ ਸੱਦਿਆਂ ਆਉਂਦਾ ਹੈ, ਸੱਦਿਆਂ ਮੀਂਹ ਨਹੀਂ ਆਉਂਦਾ, ਅਰਥ ਹੋਇਆ ਕਿ ਸੱਦਣਾ ਯੋਗ ਨਹੀਂ, ਉਹ ਬੜੇ ਵੱਡੇ ਹਨ, ਚਾਹੁਣਗੇ ਤਾਂ ਆਪੇ ਆਉਣਗੇ ਇਉਂ ਆਏ ਤਾਂ ਜੀ ਸਦਕੇ। ਇਹ ਅਰਥ ਕੱਢਕੇ ਮੰਤ੍ਰੀ ਨੇ ਇਸ ਤੋਂ ਵਧੇਰੇ ਹੋਰ ਕੁਝ ਨਾ ਕੀਤਾ ਕਿ ਜੇ ਉਹ ਆਪੇ ਰਿਆਸਤ ਵਿਚ ਆਉਣ ਤਾਂ ਉਹਨਾਂ ਦਾ ਸਤਿਕਾਰ ਹੋਵੇ। ਪਰ ਇਹ ਸੋਚ ਕੇ ਕਿ ਮੈਂ ਮੰਤ੍ਰੀ ਹਾਂ, ਮੈਂ ਮਾਲਕ ਦੀ ਖੈਰਖਾਹੀ ਕਰਨੀ ਹੈ ਤੇ ਖੈਰਖਾਹੀ ਇਸ ਗੱਲ ਵਿਚ ਹੈ ਕਿ ਗੁਰੂ ਜੀ ਆਉਣ, ਅਸੀਂ ਆਦਰ ਸਤਿਕਾਰ ਕਰੀਏ, ਪਹਾੜੀ ਰਾਜੇ ਸਮਝਣ ਕਿ ਇਨ੍ਹਾਂ ਦੀ ਧਿਰ ਹੈ। ਕਿਉਂਕਿ ਜੇ ਦੁਵੱਲੀ ਅਟੰਕ ਰਹੀਏ ਤਾਂ ਭੀੜ ਪਈ ਤੇ ਮਦਦ ਕਿਸ ਤੋਂ ਲਈਏ ? ਰਾਜੇ ਦੇ ਸੁਭਾ ਦਾ ਪਤਾ ਨਹੀਂ ਲਗਦਾ, ਉਂਞ ਹੈ ਭਲਾ, ਬੁਰਾ ਕਦੇ ਨਹੀਂ ਕਰਦਾ, ਰੁੱਖਾ ਤੇ ਕੁਛ ਖੁਰਦਰਾ ਹੈ, ਪਰ ਗੁੱਸੇ ਵਾਲਾ ਨਹੀਂ, ਪਰੇ ਪਰੇ ਰਹਿਣਾ ਪਸਿੰਦ ਕਰਦਾ ਹੈ ਪਰ ਹੈ ਸਿਆਣਾ ਤੇ ਨੇਕੀ ਵਾਲਾ। ਚੁੱਪ ਰਹਿੰਦਾ ਹੈ, ਘੱਟ ਬੋਲਦਾ ਹੈ, ਪਰ ਜੋ ਬੋਲਦਾ ਹੈ ਤੁਲਵਾਂ, ਟਿਕਾਣੇ ਦਾ ਅਰ ਠੀਕ, ਫੇਰ ਨਾ ਉਹ ਝੂਠ ਹੁੰਦਾ ਹੈ, ਨਾ ਉਹ ਨੀਤੀ ਵਿਰੁੱਧ ਹੁੰਦਾ ਹੈ। ਪਿਆਰ ਕਿਸੇ ਨਾਲ ਜਾਪਦਾ ਨਹੀਂ, ਪਰ ਦ੍ਵੈਖ ਕਰਦਾ ਵੀ ਘੱਟ ਹੀ ਡਿੱਠਾ ਹੈ। ਰਾਣੀ ਬੜੀ ਚੰਗੀ ਹੈ, ਪਰ ਬਾਂਦੀਆਂ ਦੱਸਦੀਆਂ ਹਨ ਕਿ ਰਾਣੀ ਨਾਲ ਕੋਈ ਖ਼ਾਸ ਪਿਆਰ ਨਹੀ? ਫਿਰ ਅਚਰਜ ਹੈ ਕਿ ਦੂਜਾ ਵਿਆਹ ਨਹੀਂ ਕਰਦਾ, ਕਿਸੇ ਗੋਲੀ ਖਾਂਦੀ ਵੱਲ ਨਹੀਂ ਤੱਕਦਾ, ਕਿਸੇ ਪਾਸੇ ਮੈਲੀ ਅੱਖ ਤੱਕ ਨਹੀਂ ਪਾਉਂਦਾ। ਠਾਕਰ ਦੁਆਰੇ ਕਿ ਸ਼ਿਵਦੁਆਰੇ ਨਹੀਂ ਵੜਦਾ, ਘਰ ਮਰਜੰਗੀ ਬੀ ਨਹੀਂ ਰੱਖੀ ਹੋਈ, ਕਥਾ ਭੀ ਨਹੀਂ ਸੁਣਦਾ। ਤੀਰਥ ਪਰਸਨ ਨਹੀਂ ਗਿਆ, ਗੁਰੂ ਨਹੀਂ ਧਾਰਿਆ, ਪਰ ਆਇਆ ਅਤਿੱਥੀ ਖਾਲੀ ਵੀ ਨਹੀਂ ਜਾਂਦਾ। ਕਿਸੇ ਮੰਦਰ ਦਾ ਰੁਜ਼ੀਨਾ ਵੀ ਬੰਦ ਨਹੀਂ ਕੀਤਾ, ਹਿੰਦੂ ਮੁਸਲਮਾਨ ਫਕੀਰ ਸੁਆਲੀ ਆਵੇ ਤਾਂ ਹਥੋਂ ਕਿਰ ਪੈਂਦਾ ਹੈ, ਪਰ ਬੇਮਲੂਮਾ। ਸਾਧੂ, ਸੰਤ, ਫਕੀਰ ਆਵੇ ਤਾਂ ਉਹਨਾਂ ਦੀ ਸੁਣ ਗਿਣ ਵੀ ਲੈਂਦਾ ਹੈ, ਪਰ ਭਿੱਜਦਾ ਕਿਸੇ ਨਾਲ ਨਹੀਂ। ਮੇਰੇ ਨਾਲ ਓਪਰਾ ਰਹਿੰਦਾ ਹੈ ਪਰ ਮੇਰੀ ਤਰੱਕੀ ਕੀਤੀ ਹੈ : ਮੇਰੇ ਬੱਚੇ ਦੇ ਵਿਆਹ ਦਾ ਸਾਰਾ ਖਰਚ ਦਿੱਤਾ ਹੈ। ਜੇ ਕਹੋ ਰੁਖਾ ਹੈ ਤਾਂ ਨਹੀਂ, ਜੇ

ਕਹੋ ਪਿਆਰ ਵਾਲਾ ਹੈ ਤਾਂ ਥਹੁ ਨਹੀਂ ਪੈਂਦਾ। ਇਕ ਗੱਲ ਪੱਕੀ ਹੈ ਕਿ ਭਲਾ ਹੈ, ਸਮਝ ਵਾਲਾ ਹੈ, ਪਰ ਕਮਗੋ ਹੈ ਤੇ ਨਿਆਸਰਾ ਰਹਿਣ ਵਾਲਾ ਹੈ। ਕਿਸ ਆਹਰੇ ਪਰਚਦਾ ਹੈ ਤੇ ਕਿਥੇ ਜਾ ਕੇ ਖੁੱਲ੍ਹਦਾ ਹੈ ? ਇਹ ਥਹੁ ਨਹੀਂ। ਬਿਧਨਾਂ ਐਸੇ ਸੁਭਾ ਕਦੇ ਕਦੇ ਹੀ ਰਚਦੀ ਹੈ ! ਵਾਹਵਾ, ਮੇਰਾ ਸੁਆਮੀ ਹੈ, ਮੈਂ ਸੁਭਾਗ ਹਾਂ, ਹਾਂ ਮੈਂ ਸਦਾ ਉਸ ਦੇ ਪਾਣੀ ਦੀ ਥਾਂ ਆਪਣਾ ਲਹੂ ਡੋਹਲਣਾ ਹੈ।

੯.

ਇਕ ਦਿਨ ਰਾਜਾ ਜੀ ਕੁਝ ਢਿੱਲੇ ਢਿੱਲੇ ਸਨ, ਮੰਤ੍ਰੀ ਨੇ ਵੈਦ ਦੇ ਸਾਹਮਣੇ ਬਿਨੈ ਕੀਤੀ ਕਿ ਚੰਗਾ ਹੋਵੇ ਕੁਛ ਦਿਨ ਮਹਾਰਾਜ ਸ਼ਿਕਾਰ ਚੱਲਿਆ ਕਰਨ । ਆਖ਼ਰ ਬੀਮਾਰੀ ਤਾਂ ਕੋਈ ਨਹੀਂ, ਤੁਸੀਂ ਦੱਸਦੇ ਹੋ ਕਿ ਐਵੇਂ ਹਵਾ ਕਿ ਸਰਦੀ ਦਾ ਅੰਗ ਹੈ, ਸੋ ਠੀਕ ਹੈ, ਕਈ ਦਿਨ ਬਹੁਤ ਕੰਮ ਹੋਣ ਕਰਕੇ ਹਿੱਲੇ ਜੁੱਲੇ ਨਹੀਂ। ਵੈਦ ਨੇ ਕਿਹਾ, ਬਹੁਤ ਠੀਕ ਹੈ। ਰਾਜਾ ਜੀ ਨੇ ਕਿਹਾ, ਸਤਿ ਬਚਨ, ਵੈਦ ਜੀਉ !

ਅਗਲੇ ਦਿਨ ਮੰਤ੍ਰੀ ਸ਼ਿਕਾਰ ਲੈ ਚੜ੍ਹਿਆ, ਦੋ ਚਾਰ ਦਿਨ ਇਸੇ ਤਰ੍ਹਾਂ ਸ਼ਿਕਾਰ ਦਾ ਰੰਗ ਬੱਝ ਗਿਆ। ਰਾਉ ਜੀ ਦੀ ਤਬੀਅਤ ਬਹੁੰ ਚੰਗੀ ਹੋ ਗਈ ! ਇਕ ਦੋ ਵੇਰੀ ਕੰਨੀਂ ਆਵਾਜ਼ ਪਈ ਕਿ ਗੁਰੂ ਜੀ ਸ਼ਿਕਾਰ ਆਏ ਹੋਏ ਹਨ, ਪਰ ਬਨਾਂ ਵਿਚ ਆਹਮੋ ਸਾਹਮਣੇ ਮੇਲਾ ਕਦੇ ਨਹੀਂ ਹੋਇਆ।

ਇਕ ਦਿਨ ਰਾਉ ਸ਼ਿਕਾਰ ਤੋਂ ਮੁੜ ਕੇ ਘਰ ਆਇਆ। ਪ੍ਰਿਯਾਵਰ ਦੇ ਕਮਰੇ ਵੱਲ ਗਿਆ ਤਾਂ ਅੰਦਰੋਂ ਨਿੱਕੀ ਨਿੱਕੀ ਆਵਾਜ਼ ਸੁਣਾਈ ਦਿੱਤੀ। ਰਾਉ ਹੁਣ ਠਿਠੰਬਰ ਕੇ ਟੁਰਿਆ, ਮਲਕੜੇ ਪੜਦਾ ਚਾ ਕੇ ਅੰਦਰ ਕਦਮ ਪਰਿਆ ਤਾਂ ਪ੍ਰਿਯਾਵਰ ਗਲ ਪੱਲਾ ਪਾਈ ਖੜੀ ਅਰਦਾਸ ਕਰ ਰਹੀ ਸੀ, ਅਰਦਾਸੇ ਦੀ ਆਵਾਜ਼ ਆ ਰਹੀ ਸੀ, ਮਤਲਬ ਸਮਝੇ ਪੈਂਦਾ ਸੀ। ਮਲਕੜੇ ਰਾਉ ਪਿੱਛੇ ਹਟਿਆ ਕਿ ਮਤੇ ਮੈਂ ਕੋਈ ਆਹਟ ਕਰਕੇ ਰਾਣੀ ਦਾ ਧਿਆਨ ਨਾ ਉਕਾ ਬੈਠਾ, ਯਾ ਰਾਣੀ ਮਤੇਂ ਇਹ ਮਗਰੋਂ ਵੇਖਕੇ, ਕਿ ਉਸ ਦੀ ਅਰਦਾਸ ਮੈਂ ਸੁਣ ਲਈ ਹੈ, ਸ਼ਰਮਾਵੇ। ਚੰਗਾ ਹੈ ਕਿ ਪੁਜਾਰੀ ਆਪਣੇ ਪੂਜਜ ਦੇ ਮਿਲਾਪ ਵਿਚ ਇਕਾਂਤ ਰਹੇ। ਉਂਵ ਦਲ੍ਹੀਜਾਂ ਤੋਂ ਬਾਹਰ ਕਦਮ ਰੱਖਦੇ ਸਾਰ ਹੀ ਰਾਣੀ ਦੀ ਆਵਾਜ਼ ਤੇ ਕੰਨੀਂ ਪੈ ਗਏ ਲਫਜਾਂ ਦੇ ਪਿਆਰੇ ਭਾਵ ਦਾ ਅਸਰ ਰਾਉ ਉਤੇ ਹੋ ਗਿਆ ਸੀ। ਰਾਣੀ ਰੋ ਰੋ ਕੇ ਅਰਜ਼ਾਂ ਕਰ ਰਹੀ ਸੀ, ਡਾਢੀ ਜੁੜੀ ਹੋਈ ਖੜੀ ਸੀ। ਆਵਾਜ਼ ਸੱਚੇ ਪਿਆਰ ਤੇ ਮਿੰਨਤ ਦੀ ਸੀ। ਰਾਉ ਦੇ ਦਿਮਾਗ ਤੇ ਐਸਾ ਅਸਰ ਉਸ ਕੋਮਲਤਾ ਦਾ ਪਿਆ ਕਿ ਸਾਰੀ ਵਿਚਾਰ ਜੋ ਫੁਰੀ ਸੀ ਭੁੱਲ ਗਈ, ਸੁਰ ਹੋਇਆ ਸਾਜ਼ ਜਿਵੇਂ ਦੂਸਰੇ ਬੋਲਦੇ ਸਾਜ਼ ਦੀਆਂ ਸੁਰਾਂ ਛਿੜਨ ਨਾਲ ਥੱਰਰਾਟ ਲੈ ਲੈਂਦਾ ਹੈ, ਤਿਵੇਂ ਪਿਆਰ-ਤਾਰ-ਪਰੋਤਾ, ਪਰ ਪਰਦੇ ਲੁਕਿਆ ਰਾਉ ਦਾ ਮਨ ਅਰਦਾਸ ਦੇ ਭਾਵ ਨਾਲ ਪੰਘਰ ਕੇ ਉਸੇ ਰੰਗ ਵਹਿ ਟੁਰਿਆ।

ਬਾਹਰ ਦਲ੍ਹੀਜਾਂ ਨਾਲ ਸਿਰ ਦਾ ਢੋ ਲਾਕੇ ਰਾਉ ਖਲੋ ਗਿਆ, ਆਪਾ ਭੁੱਲ ਗਿਆ ਤੇ ਅਰਦਾਸ ਵਿਚ ਤਦਰੂਪ ਹੋ ਗਿਆ। ਰਾਣੀ ਕਹਿ ਰਹੀ ਸੀ : "ਹੇ ਪਰਮੇਸ਼ੁਰ ਜੀ ! ਮੇਰੇ ਪਤੀ ਤੇ ਮਿਹਰ ਕਰੋ ਕਿੰਨੇ ਚੰਗੇ ਤੇ ਉੱਚੇ ਹਨ, ਕਿੰਨੇ ਪਿਆਰ ਤੇ ਸਿਦਕ ਵਿਚ ਹਨ, ਉਨ੍ਹਾਂ ਨੂੰ ਦੀਦਾਰ ਬਖਸ਼ੋ। ਉਹ ਤਕੜੇ ਹਨ, ਅਪਣੇ ਟਿਕਾਉ ਵਿਚ ਟਿਕੇ ਹਨ, ਭਰੇ ਘੜੇ ਹਨ, ਬੋਲਦੇ ਨਹੀਂ, ਮੈਂ ਨਿਤਾਣੀ ਹਾਂ, ਸੱਖਣੀ ਹਾਂ, ਬੋਲਦੀ ਹਾਂ, ਘਬਰਾਉਂਦੀ ਹਾਂ, ਅਰਜ਼ਾਂ ਕਰਦੀ ਹਾਂ, ਮਿਹਰਾਂ ਕਰੋ, ਦਾਤਾ ਜੀ ਨੂੰ ਸਾਡੀ ਕੁੱਟੀਆ ਭੇਜੋ। ਸਾਨੂੰ ਦਰਸ਼ਨ ਕਰਾਓ। ਨਾ ਮੈਨੂੰ ਤੇ ਨਾ ਪਤੀ ਜੀ ਨੂੰ ਨਾਮ ਪ੍ਰਾਪਤ ਹੋਇਆ ਹੈ, ਅਸੀਂ ਅਜੇ ਉਸ ਤੋਂ - ਜਿਸ ਨੂੰ 'ਨਾਮ ਨਿਵਾਸ' ਲਿਖਿਆ ਹੈ - ਸੱਖਣੇ ਹਾਂ।

ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥
ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥ (ਫੁਨਹੇ: ਮ: ੫-੧੧)

"ਪਤੀ ਜੀ ਤਾਂ ਰਜ਼ਾ ਵਿਚ ਅਹਿੱਲ ਖੜੇ ਹਨ, ਮੈਂ ਪਪੀਹੇ ਵਾਂਙੂ ਪ੍ਰਿਉ ਪ੍ਰਿਉ ਦੀ ਕੂਕ ਨਾਲ ਆਪ ਜੀ ਨੂੰ ਬੇਆਰਾਮ ਕੀਤਾ ਹੈ ਮੇਰੇ ਰੱਬ ਜੀਓ ! ਬਿਅਦਬੀ ਹੈ ਬੋਲਣਾ, ਪਰ ਮੈਂ ਪੰਛੀ ਹਾਂ, ਚਾਹੋ ਦੋ ਹੱਦ ਤ੍ਰੈ ਸੁਰਾਂ ਮੇਰਾ ਰਾਗ ਹੈ, ਪਰ ਬੋਲੇ ਬਿਨਾਂ ਮੈਂ ਰਹਿ ਨਹੀਂ ਸਕਦੀ। ਹੇ ਦਾਤਾ ! ਸੁਣ ਤੇ ਪਸੀਜ। ਪਾਤਸ਼ਾਹ ! ਸੱਤ ਸੁਰਾਂ ਦੇ ਗਿਆਤਾ ਤੇ ੮੪ ਰਾਗਾਂ ਦੇ ਵੇਤਾ, ਸੰਗੀਤ ਵਿਦਜਾ ਦੇ ਸਿਆਣੇ ਤੇ ਜਾਣੂ ਲੋਕ ਪੰਛੀਆਂ ਦੇ ਇਕ ਸੁਰੇ, ਦੋ ਸੁਰੇ, ਤ੍ਰੈ ਸੁਰੇ ਰਾਗ ਸੁਣਕੇ ਪਸੀਜਦੇ ਹਨ। ਆਪ ਸੰਗੀਤ ਰੂਪ ਹੋ, ਸੰਗੀਤ ਦੇ ਸੰਗੀਤ ਹੋ, ਮੇਰੇ ਇਸ

ਪੰਛੀ ਅਲਾਪ ਤੇ ਰੀਝੇ, ਪਿਆਰ ਕਰੋ। ਦਾਤਾ ਜੀ ਰਿਆਸਤ ਵਿਚ ਆਉਂਦੇ ਹਨ-ਪੰਛੀਆਂ, ਮਿਰਗਾਂ ਦੇ ਸ਼ਿਕਾਰ ਕਰਕੇ ਚਲੇ ਜਾਂਦੇ ਹਨ, ਮਿਹਰ ਹੋਵੇ ਕਿ ਸਾਡਾ ਦੁਹਾਂ ਦਾ ਸ਼ਿਕਾਰ ਬੀ ਕਰਨ; ਕੋਈ ਬਾਣ ਚਿੱਲਿਓਂ ਨਿਕਲੇ ਜੋ ਸਾਡੇ ਕਲੇਜੇ ਬੀ ਆ ਵੱਜੇ, ਨੈਣਾਂ ਤੋਂ ਕੋਈ ਤੀਰ ਛੁੱਟਣ ਜੋ ਸਾਡੀਆਂ ਅੱਖੀਆਂ, ਸਿੱਕ ਭਰੀਆਂ ਅੱਖੀਆਂ ਥਾਣੀਂ ਕਾਲਜੇ ਵਿਚ ਲੁਕੇ-ਦਿਲ ਨੂੰ ਚੀਰ ਜਾਣ। ਸਾਡਾ ਇਹ ਮਨੁੱਖਾ ਜਨਮ ਬਚਾਓ, ਸਾਨੂੰ ਨਾਮ ਦਿਓ, ਲਿਵ ਦਿਓ, ਨਾਮ ਦਾ 'ਨਾਮ ਮਹਾਂਰਸ' ਦਿਓ, ਰਸ ਦਿਓ, ਰਸਲੀਨ ਕਰੋ। ਕਰੋ ਮਿਹਰ, ਮੇਲੋ, ਹੇ ਸਤਿਗੁਰ ਦਾਤਾ ! ਕਰੋ ਮਿਹਰ। ਮੇਲ ਲਓ ਹੇ ਅਰਸ਼ਾਂ ਦੇ ਦਾਤੇ ਸੁਆਮੀ ਕਲਗੀਆਂ ਵਾਲੇ ! ਨੈਣ ਤਰਸਦੇ ਹਨ, ਦਿਲ ਸਿੱਕਦਾ ਹੈ, ਹੇ ਸਿੱਕਾਂ ਪੂਰਨ ਵਾਲੇ ! ਸੱਧਰਾਂ ਪੂਰਨ ਕਰੋ।"

ਘੜੀ ਸਵਾ ਘੜੀ ਇਸ ਤਰ੍ਹਾਂ ਦੀ ਜੁੜਵੇਂ ਦਿਲ ਦੀ ਅਰਦਾਸ ਹੋਈ, ਰਾਣੀ ਦਾ ਦੁਪੱਟਾ ਨੈਣ-ਨੀਰ ਨਾਲ ਤਰ ਹੋ ਗਿਆ। ਰਾਉ ਕੰਧ ਨਾਲ ਸਿਰ ਲਾਈ ਭਾਵ ਵਿਚ ਲੀਨ ਖੜਾ ਰਿਹਾ। ਉਹ ਜੋ ਖੁਰਦਰਾ ਤੇ ਰੁੱਖਾ ਜਾਪਦਾ ਸੀ, ਐਨਾਂ ਰਸੀਆ ਤੇ ਵਲਵਲਿਆਂ ਦਾ ਨਰਮ ਤੇ ਚਿੱਤ ਦਾ ਕੋਮਲ ਸੀ ਕਿ ਅਰਦਾਸ ਤੇ ਕੋਮਲਤਾ ਦੀ ਲੈ ਵਿਚ ਗੁੰਮਦਾ ਜਾਂਦਾ ਸੀ। ਖੜੇ ਦਾ ਖੜਾ ਰਹਿ ਗਿਆ, ਕੰਧ ਨਾਲ ਲਗਾ ਕੰਧ ਤੇ ਚਿਤ੍ਰੀ ਮੂਰਤ ਵਾਂਗ। ਰਾਣੀ ਨੇ ਅਰਦਾਸ ਮਗਰੋਂ ਆਪਾ ਸੰਭਾਲਿਆ, ਸ਼ਰੀਰ ਨਿਰਬਲ, ਪਰ ਹਲਕਾ ਫੁੱਲ ਸੀ। ਮੂੰਹ ਪੂੰਝ ਕੇ ਸਹਿਜੇ ਸਹਿਜੇ ਬਾਹਰ ਨੂੰ ਟੁਰੀ, ਦਲ੍ਹੀਜਾਂ ਟੱਪੀ ਤਾਂ ਪਿਆਰੇ, ਪ੍ਰਾਣ ਪਿਆਰੇ ਦੀ ਮੂਰਤੀ ਅਚੱਲ ਹੋਈ ਦੇਖੀ, ਦੇਖਕੇ ਮਨ ਨੂੰ ਅੰਦਰੇ ਅੰਦਰ ਕਹਿੰਦੀ ਹੈ, "ਹੇ ਪਟ ਅੰਦਰ ਤੇ ਬਾਹਰੋਂ ਗੁੱਦੜ ਪਿਆਰੇ ਸਿਰਤਾਜ ! ਤੂੰ ਧੰਨ, ਤੇਰੀ ਕੋਮਲਤਾ ਤੇ ਲਯਤਾ ਧੰਨ ਹੈ ! ਮੈਂ ਅਰਦਾਸ ਕਰਨ ਵਾਲੀ ਮੁੱਕ ਚੁਕੀ, ਤੂੰ ਸੁਣਨ ਵਾਲਾ ਅਜੇ ਤਾਈਂ ਰਸ-ਲੀਨ ਹੈਂ ! ਧੰਨ ਹੋ ! ਧੰਨ ਹੋ !" ਇਸ ਤਰ੍ਹਾਂ ਸੋਚ ਦੂਸਰੇ ਪਾਸੇ ਦਲ੍ਹੀਜਾਂ ਦੇ ਹੱਥ ਜੋੜ ਕੇ ਰਾਣੀ ਖਲੋ ਗਈ। ਕੁਛ ਸੰਸਾ ਉਠਿਆ ਕਿ ਰਾਉ ਜੀ ਗੁੱਸੇ ਨਾ ਹੋਣ ਕਿ ਤੂੰ ਦਰਸ਼ਨਾਂ ਲਈ ਅਰਦਾਸ ਕਿਉਂ ਕੀਤੀ ਹੈ ? ਇਹ ਬੀ ਬਿਅਦਬੀ ਹੈ, ਪਰ ਹੱਛਾ ਆਪੋ ਆਪਣਾ ਤਾਣ ਹੈ।

ਇੰਨੇ ਨੂੰ ਰਾਉ ਜੀ ਨੇ ਸਿਰ ਚਾਇਆ, ਨੈਣ ਖੁਹਲੇ, ਕੰਨਾਂ ਨੇ ਦਸਿਆ ਕਿ ਧੁਨਿ ਬੰਦ ਹੈ, ਨੈਣਾਂ ਦੇ ਦਸਿਆ ਕਿ ਧੁਨਿ ਕਰਨਹਾਰ ਸਾਹਮਣੇ ਹੱਥ ਬੱਧੇ ਖੜੀ ਹੈ। ਸਹਿਜੇ ਜਿਹੇ ਰਾਉ ਜੀ ਨੇ ਕਿਹਾ ਪ੍ਰਿਯਾਵਰ ! ਤੇਰੀ ਅਰਦਾਸ ਬੜੀ ਮਿੱਠੀ, ਦਿਲ ਦੀ, ਤੇ ਡੂੰਘੀ ਥਾਉਂ ਦੀ ਹੈ, ਜਿਸ ਨੇ ਮੈਨੂੰ ਐਨਾਂ ਮੋਹਿਆ ਹੈ ਕਿ ਮੈਨੂੰ ਇਹ ਵੀਚਾਰ ਆ ਕੇ ਵਿਸਰ ਗਈ ਕਿ ਤੈਨੂੰ ਤੇ ਤੇਰੇ ਪਰਮੇਸ਼ਰ ਨੂੰ ਕੱਲਿਆਂ ਰਹਿਣ ਦਿਆਂ ਤੁਹਾਡੀ ਇਕਾਂਤ ਤੇ ਇਕਾਂਤ ਦੀ ਅਰਦਾਸ ਦਾ ਹਿੱਸੇਦਾਰ ਨਾ ਬਣਾਂ, ਪਰ ਹੋ ਗਈ ਅਵੱਗਿਆ ਤੇ ਮੱਲੋ ਮੱਲੀ। ਤੁਸੀਂ ਉਦਾਸ ਤਾਂ ਨਹੀਂ ਹੋਏ ?

ਰਾਣੀ-ਨਹੀਂ ਜੀ ਤੁਸੀਂ ਦੱਸੋ ਮੇਰੀ ਅਰਦਾਸ ਤੁਹਾਡੇ ਸੰਕਲਪ ਮੂਜਬ ਬਿਅਦਬੀ ਤਾਂ ਨਹੀਂ ਸੀ ?

ਰਾਉ-ਨਹੀਂ ਪ੍ਰਿਯਾਵਰ। ਰਾਜੇ ਦੇ ਦਰ ਉਤੇ ਵਾਜੇ ਵਜਦੇ ਹਨ, ਸੰਕੀਰਤਨ ਹੁੰਦਾ ਹੈ; ਢੋਲ ਵਾਲੇ ਢੋਲ, ਤੂਤੀ ਵਾਲਾ ਤੂਤੀ, ਬੀਨ ਵਾਲਾ ਬੀਨ, ਦੱਫ ਵਾਲਾ ਦੱਫ ਵਜਾਉਂਦਾ ਹੈ ਜੋ ਸਾਜ਼ ਰਾਜੇ ਨੇ ਜਿਸ ਨੂੰ ਦਿੱਤਾ ਹੈ, ਉਸ ਨੇ ਉਹੀ ਵਜਾਉਣਾ ਹੈ ਤੇ ਉਹੀ ਪ੍ਰਵਾਣ ਹੈ।

## ੧੦.

(ਬਨ ਹੈ ਤੇ ਸ਼ਿਕਾਰ)

ਠਾਹ ! ਆਹ ਗੋਲੀ ਚੱਲੀ, ਹੀਰਾ ਮਿਰਗ ਕਾਲੇ ਰੰਗ ਦਾ ਬੜੀ ਵੱਡੀ ਡੀਲ ਦਾ ਮਾਰਿਆ ਗਿਆ। ਕਿਸ ਦੀ ਗੋਲੀ ਲੱਗੀ ? ਵਜ਼ੀਰ ਦੀ। ਸਾਰਾ ਜਥਾ ਦੌੜ ਕੇ ਪੁੱਜਾ। ਰਾਜੇ ਨੇ ਡਿੱਠਾ, ਹੱਸ ਕੇ, ਪਰ ਫੇਰ ਤੱਕ ਕੇ ਰਾਜਾ ਬੋਲਿਆ : "ਆਹ ! ਕੈਸਾ ਸਰਦਾਰ ਮਿਰਗ ਹੈ ? ਵਜ਼ੀਰ ! ਤੁਸਾਂ ਮਿਰਗ ਮਾਰਿਆ, ਖੁਸ਼ੀ ਮਨਾਈ, ਅਸਾਂ ਨਿਸ਼ਾਨੇ ਬਾਜ਼ੀ ਦੀ ਵਧਾਈ ਦਿੱਤੀ, ਪਰ ਇਸ ਦੀ ਡਾਰ ਦਾ ਕੀ ਹਾਲ ? ਕਿਸ ਤਰ੍ਹਾਂ ਚਉਕੜੀਆਂ ਭਰਦਾ ਸੀ ? ਹੁਣ ਜਾਣ ਤੋੜ ਰਿਹਾ ਹੈ, ਕੈਸਾ ਛੈਲ ਬਾਂਕਾ ਖੜਾ ਸੀ, ਹੁਣ ਤੜਫਨ ਦੀ ਤਾਣ ਬੀ ਨਹੀਂ ਰਹੀ। ਵਾਹ ਮ੍ਰਿਗ ਰਾਜਾ ! ਆਰਾਮ ਕਰ, ਦੇਹ ਦਾ ਪ੍ਰਣਾਮ ਇਹੀ ਹੈ, ਕਾਰਨ ਚਾਹੋ ਕੋਈ ਬਣੇ। ਦੇਖੋ ਮੰਤ੍ਰੀ ਜੀ ! ਬਾਕੀ ਦੀ ਡਾਰ ਕਿੰਨੀ ਦੂਰ ਨਿਕਲ ਗਈ ਜੇ, ਹੈਂ ! ਭੱਜ ਗਈ ਜੇ। ਸਾਂਈਂ ! ਬਿਪਤ ਪਈ ਤੇ ਕੌਣ ਬੇਲੀ ? ਕੋਈ ਕੋਈ ਮਿਰਗੀ

ਪਿਛੇ ਤੱਕਦੀ ਹੈ, ਵਿਚਾਰੀਆਂ ਵਿਚ ਤਾਣ ਨਹੀਂ, ਪਰ ਪਿਆਰ ਹੈ, ਰਹੇ ਪਿਆਰ ਦੀ ਚਿਣਗ।

"ਬੇਜ਼ੁਬਾਨ ਪਸ਼ੂ ! ਜੀਵਨ ਕਿੰਨਾ ਕੀਮਤੀ ਹੈ; ਪਰ ਕਿੰਨਾਂ ਸਸਤਾ ਜਾਂਦਾ ਹੈ। ਕਿੰਨੇ ਚਿਰ ਵਿਚ ਕੁਦਰਤ ਨੇ ਇਹ ਸੁਹਣੀ ਦੇਹ ਬਣਾਈ ਸੀ, ਤੋੜਨ ਲਗਿਆਂ ਛਿਨਾਂ ਦੀ ਖੇਲ। ਜੀਵਨ ਦੀ ਬਹੁੱਲਤਾ ਕਿੰਨੀ ਹੈ, ਪਰ ਨਿੱਕੀ ਤੋਂ ਨਿੱਕੀ ਜਿੰਦ ਜਾਣਾ ਨਹੀਂ ਮੰਗਦੀ ਤੇ ਜਾਂਦੀ ਹੈ ਤਾਂ ਕਿੰਨਿਆਂ ਨੂੰ ਹਾਵਾ ਲਾ ਜਾਂਦੀ ਹੈ। (ਮਿਰਗ ਵਲ ਤੱਕਕੇ) ਤੜਫਦਾ ਹੈ, ਇਹ ਅੰਤਲੀ ਕਚੀਚੀ ਹੈ ? ਪੀੜ, ਹਾਇ ਪੀੜ ! ਸਾਰੇ ਇਸ ਤੋਂ ਭੱਜਦੇ ਹਨ ਪਰ ਕੌਣ ਇਸ ਤੋਂ ਬਚਦਾ ਹੈ ? ਗੱਲ ਗੱਲ ਤੇ ਪੀੜ, ਫਿਰ ਹਰ ਪੀੜ ਕਿਸੇ ਪੀੜ ਦਾ ਇਲਾਜ ਹੈ। ਪੀੜ ਤੋਂ ਨੱਸਣ ਦੇ ਉਪਰਾਲੇ ਪੀੜਾਂ ਵਾਲੇ। ਪੀੜ ਸਹਿਣਾ ਪੀੜ, ਪੀੜ ਹਟਾਉਣੀ ਪੀੜ। ਪੀੜ ਹੋਵੇ ਤਾਂ ਹੋਸ਼ ਆਵੇ ਤੇ ਬਿਨ ਹੋਸ਼ ਨੂੰ ਪੀੜ ਤੋਂ ਛੁਟੀ। ਹੋਸ਼ ਤੇ ਪੀੜ ਦਾ ਵਿਆਹ। ਪੀੜ ਗੁਰੂ, ਪੀੜ ਉਸਤਾਦ ਪੀੜ ਪਾਵੇ ਰਾਹ। ਜੇ ਆਪੇ ਪੈ ਜਾਏ ਰਾਹ ਤਾਂ ਪੀੜ ਆਵੇ ਕਿਉਂ। ਅਵਿਦਜਾ ਨਹੀਂ ਰਾਹ ਪੈਣ ਦੇਂਦੀ। ਪੀੜ ਹੋਵੇ ਤਾਂ ਗਿਆਨ ਆਵੇ ਕਿ ਇਧਰ ਪੀੜ ਹੈ, ਇਸਦੇ ਉਲਟ ਪਾਸੇ ਨਾ-ਪੀੜ ਯਾ ਆਰਾਮ ਹੋਊ ? ਇਹੋ ਪੀੜ ਲੜੀ ਗਿਆਨ ਦੀ ਪੌੜੀ ਹੈ। ਹੂ !"

ਰਾਉ ਤ੍ਰਬ੍ਰਕ ਗਿਆ, ਰਾਉ ਅੱਜ ਬੋਲ ਪਿਆ, ਮੰਤ੍ਰੀ ਤੇ ਸ਼ਿਕਾਰੀਆਂ ਰਾਉ ਦਾ ਮਨੋ ਸੰਬਾਦ ਸੁਣ ਲਿਆ।

ਰਾਉ ਤੋਂ ਕਦੇ ਉਕਾਈ ਨਹੀਂ ਸੀ ਹੋਈ, ਅੱਜ ਕਿਉਂ ਹੋਈ ? ਰਾਣੀ ਦਾ ਸੰਗ ਦੋਸ਼ ਲੱਗ ਗਿਆ ? ਪਤਾ ਨਹੀਂ, ਪਰ ਵਜ਼ੀਰ ਦਾ ਰੰਗ ਕੁਛ ਫਿੱਕਾ ਪੈ ਰਿਹਾ ਹੈ, ਸੋਚਦਾ ਹੈ ਕਿ ਮਤੇ ਰਾਉ ਜੀ ਖ਼ਫਗੀ ਦੇ ਘਰ ਨਾ ਹੋਣ। ਮ੍ਰਿਗ ਮਰਦਾ ਵੇਖ ਕੇ ਦਇਆ ਵਿਚ ਆ ਗਏ ਹਨ। ਕਦੇ ਨਹੀਂ ਸੀ ਐਨਾਂ ਬੋਲੇ; ਅੱਜ ਤਦੇ ਬੋਲੇ ਹਨ ਜੇ ਦਿਲ ਨੇ ਤਰਸ ਦੇ ਘਰ ਆ ਜ਼ਰਬ ਖਾਧੀ ਹੈ। ਰਾਉ ਨੂੰ ਸ਼ਿਕਾਰ ਲਿਆਉਣਾ ਚੰਗਾ ਨਹੀਂ।

ਇਧਰ ਰਾਉ ਦੀ ਜ਼ੁਬਾਨ ਫੇਰ ਬੇਵੱਸ ਹੋ ਗਈ : "ਇੰਵ ਜੇ ਮੈਨੂੰ ਤੀਰ ਲੱਗੇ, ਗੋਲੀ ਵੱਜੇ, ਤੇ ਮਾਰਨ ਵਾਲਾ ਹੱਸੇ, ਮੈਂ ਮਰਾਂ ਤੇ ਪਰਜਾ ਰੋਵੇ ਤੇ ਸਾਥੀ ਭੱਜ ਜਾਣ। ਹਾਂ ਕੀ ਹੈ ਜ਼ਿੰਦਗੀ ! ਸ਼ਿਕਾਰ ਕਰਦਿਆਂ ਜੇ ਕੋਈ ਸ਼ੇਰ ਆ ਪਵੇ ਤਾਂ ਮੌਤ ਕਿਤੋਂ ਮੁੱਲ ਲੈਣੀ ਹੈ ? ਮੌਤ ! ਮੌਤ ! ਹਾਂ; ਮੌਤ ਦਾ ਡਰ ਕਿਉਂ ? ਜੋ ਸ਼ੈ ਅਟੱਲ ਹੈ, ਆਉਣੀ ਹੈ ਕਿਸੇ ਬਹਾਨੇ ਆਵੇ, ਉਸ ਦਾ ਭੈ ਕਿਉਂ ? ਹੋ ਰਿਹਾ ਹੈ ਜੋ ਕੁਛ ਹੋ ਰਿਹਾ ਹੈ। (ਹੌਲੇ ਜਿਹੇ; ਦੂਸਰਿਆਂ ਤੋਂ ਅਨਸੁਣੇ) ਪਰ ਏਹ ਖਿਆਲ ਸਾਧੂਆਂ ਦੇ ਹਨ, ਮੈਂ ਰਾਜਾ ਹਾਂ, ਸ਼ਿਕਾਰ ਕਰਨੇ ਹਨ। ਜੁੱਧ ਲੜਨੇ ਹਨ, ਕਾਂਪ ਨਹੀਂ ਖਾਣੀ ਕਿਧਰੇ। ਪਰ ਰਾਜਾ ਤੇ ਸਾਧੂ ਆਦਮੀ ਹਨ ਤੇ ਆਦਮੀ ਵਿਚ ਤਰਸ ਬੀ ਹੈ।"

ਹੁਣ ਸੱਚੀ ਮੁਚੀ ਇਕ ਤੀਰ ਆਇਆ, ਸਰਰ ਕਰਦਾ ਕੋਲ ਦੀ ਲੰਘਿਆ ਤੇ ਵੱਜਾ ਆ ਕੇ ਵਿਦਾ ਹੋ ਰਹੇ ਮ੍ਰਿਗ ਵਿਚ। ਇੰਨੇ ਨੂੰ ਨੰਬਰਦਾਰ ਆਇਆ, ਕਹਿਣ ਲੱਗਾ : ਮੰਤ੍ਰੀ ਜੀ ! ਕਲਗੀਧਰ ਜੀ ਮਹਾਰਾਜ ਸ਼ਿਕਾਰ ਆਏ ਹੋਏ ਹਨ ਔਹ ਦੇਖੋ ਜੋ ਤੀਰ ਤੁਸਾਡੇ ਵਿੰਨ੍ਹੇ ਮ੍ਰਿਗ ਵਿਚ ਵੱਜਾ ਹੈ, ਉਹਨਾਂ ਦਾ ਹੈ। ਜਾਕੇ ਤੱਕੋ ਇਸ ਵਿਚ ਦੋ ਢਾਈ ਰੱਤੀ ਸੋਨਾਂ ਹੋਵੇਗਾ। ਇਹ ਉਹਨਾਂ ਦੇ ਤੀਰ ਦੀ ਨਿਸ਼ਾਨੀ ਹੈ। ਆਓ, ਬਹੁਤ ਨੇੜੇ ਹਨ। ਹੁਕਮ ਸੀ ਪਤਾ ਦੇਣਾ।

ਮੰਤ੍ਰੀ(ਰਾਉ ਨੂੰ)-ਆਗਜਾ ਹੋਵੇ ਤਾਂ ਮੈਂ ਦਰਸ਼ਨ ਕਰ ਆਵਾਂ ?

ਰਾਉ-ਹਰ ਦਿਲ ਦਾ ਆਪਣੇ ਰੱਬ ਨਾਲ ਸਿੱਧਾ ਨਾਤਾ ਹੈ, ਇਧਰੋਂ ਰੋਕਣ ਵਾਲਾ ਕਉਣ ?

ਮੰਤ੍ਰੀ-ਆਪ ਬੀ ਚਲਦੇ ਹੋ ? ਕਿ ਮੈਂ ਯਾਚਨਾਂ ਕਰਕੇ ਇਥੇ ਲੈ ਆਵਾਂ ? ਹੁਣ ਇੰਨੇ ਨੇੜੇ ਹੋ ਕੇ ਨਾ ਮਿਲਣਾ ਮੁਨਾਸਬ ਨਹੀਂ।

ਰਾਉ(ਮੁਸਕ੍ਰਾ ਕੇ)-ਰਾਉ ਕਿਸ ਤਰ੍ਹਾਂ ਜਾਵੇ ? ਬ੍ਰਹਮਵੇਤਾ, ਬ੍ਰਹਮ ਰੂਪ ਆਪ ਕਿਸ ਤਰ੍ਹਾਂ ਆਵੇ ? ਹੈਂ ? ਕਿਉਂ ? ਨੀਤੀ ਹੈ ?

ਮੰਤ੍ਰੀ-ਆਪ ਸਿਆਣੇ ਹੋ, ਨੀਤੀ ਹੈ ਚੱਲਣਾ, ਤੇ ਸ਼੍ਰੇਸ਼ਟਾਚਾਰ ਬੀ ਹੈ। ਅਗੋਂ ਆਪ ਦੇ ਵੀਚਾਰ ਉਚੇਰੇ ਹਨ।

ਰਾਉ-ਨਿਤਾਣੇ ਬੀਮਾਰ ਵੈਦ ਪਾਸ ਪੁਜ ਨਹੀਂ ਹੰਗਦੇ।

ਮੰਤ੍ਰੀ-ਮੇਰਾ ਜਾਣਾ ਤਾਂ ਫੇਰ...ਜਿਵੇਂ ਹੁਕਮ ?

ਰਾਉ-ਜਿਵੇਂ ਆਤਮਾ ਦਾ ਸੁਤੇ ਪ੍ਰਕਾਸ਼, ਅਕਲ ਦੀ ਰੌਸ਼ਨੀ, ਸਮਝ ਦਾ ਚਾਨਣ; ਤ੍ਰੈ ਦੀਵੇ ਹਨ। ਜੋ ਜਿਸ ਨੂੰ ਪ੍ਰਾਪਤ ਹੈ ਉਸ ਲਈ ਉਹ ਰਹਿਬਰ।

ਮੰਤ੍ਰੀ (ਵਿਚਾਰ ਕੇ)-ਬੇਅਦਬੀ ਮਾਫ, ਮੈਂ ਫਿਰ ਜਾਂਦਾ ਹਾਂ ....।

ਰਾਉ-ਹਾਂ, ਮੰਤ੍ਰੀ! ਯੋਗ ਇਹੋ ਹੈ ? 'ਯੋਗ ਅਯੋਗ[1]' ਰਾਜ ਵਿਚ ਤੇ 'ਯੋਗ ਸੰਯੋਗ' ਪਰਮਾਰਥ ਵਿਚ। ਵਿਯੋਗ ਅੰਦਰ ਆਵੇ ਤਾਂ ਇਸ ਯੋਗ ਦੀ ਭੁੱਖ ਲਗੇ, ਇਹ ਭੁੱਖ ਲਗੇ ਤਾਂ ਸੰਯੋਗ ਪ੍ਰਾਪਤ ਹੋਵੇ। 'ਯੋਗ ਅਯੋਗ' 'ਯੋਗ ਸੰਯੋਗ' ਵਖਰੇ ਹੀ ਵਿਚਰਦੇ ਹਨ।

ਮੰਤ੍ਰੀ ਨਾ ਸਮਝ ਸਕਿਆ, ਸਿਰ ਨਿਹੁੜਾਕੇ ਟੁਰ ਗਿਆ ਤੇ ਬਨ ਵਿਚ ਦੂਰ ਜਾਕੇ ਸ੍ਰੀ ਗੁਰੂ ਜੀ ਨੂੰ ਜਾ ਮੱਥਾ ਟੇਕਿਆ। ਸ੍ਰੀ ਗੁਰੂ ਜੀ ਬੜੇ ਪਿਆਰ ਨਾਲ ਮਿਲੇ ਬੋਲੇ : "ਮੰਤ੍ਰੀ ! ਤੁਹਾਡੇ ਰਾਜ ਵਿਚ ਖੜਾ ਪਿਆਰ ਹੈ, ਜਿੱਧਰ ਜਾਂਦੇ ਹਾਂ, ਬਾਹਰੋਂ ਤਾਂ ਲੋਕੀ ਖਰ੍ਵੇ ਜਿਹੇ ਦਿੱਸਦੇ ਹਨ, ਜਦ ਕੋਈ ਕੰਮ ਆਖਦੇ ਹਾਂ ਤਾਂ ਅੱਗੋਂ ਕੂਲੇ ਤੇ ਨਰਮ ਭਾਵ ਨਾਲ ਸੱਤ ਬਚਨ ਕਰਕੇ ਕਰਦੇ ਹਨ।"

ਮੰਤ੍ਰੀ-ਆਪ ਜੀ ਦੀ ਕ੍ਰਿਪਾ ਹੈ, ਰਾਉ ਜੀ ਦੇ ਹਿਰਦੇ ਦਾ ਲੋਕਾਂ ਪਰ ਪ੍ਰਭਾਉ ਹੈ ।

ਗੁਰੂ ਜੀ-ਕੁਛ ਤੁਸਾਂ ਵਲੋਂ ਪਰਜਾ ਨੂੰ ਆਗਾਜਾ ਬੀ ਹੈ ?

ਮੰਤ੍ਰੀ-ਯਥਾ ਰਾਜਾ ਤਥਾ ਪਰਜਾ ਤੇ ਮੰਤ੍ਰੀ ਤਾਂ ਹੁਕਮ ਕਮਾਉਣ ਦਾ ਜੰਤ੍ਰੀ ਹੈ। ਰਾਜਾ ਦੀ ਇੱਛਾ ਹੀ ਪਰਜਾ ਵਿਚ ਅਮਲ ਹੈ, ਮੈਂ ਤਾਂ ਬਾਂਸ ਦੀ ਟੋਰੀ-ਸੁਹਣੇ ਗਲੇ ਦੀ ਸੁਰ ਵਾਯੂ ਮੰਡਲ ਨੂੰ ਦੇਣ ਦਾ ਸੇਵਕ ਹਾਂ।

ਗੁਰੂ ਜੀ-ਸ਼ਾਬਾਸ਼, ਮੰਤ੍ਰੀ ! ਅਜ ਅਜੇ ਤਕ ਸਾਨੂੰ ਸ਼ਿਕਾਰ ਨਹੀਂ ਲੱਭਾ, ਅੱਗੇ ਤਾਂ ਅਗੇ ਪਿਛੇ ਪਏ ਸ਼ਿਕਾਰ ਹੀ ਸ਼ਿਕਾਰ ਫਿਰਦੇ ਸਨ, ਅਜ ਕਿਤੇ ਭੱਜ ਗਏ ਹਨ ਸਾਰੇ ਬਨ ਪਸ਼ੂ।

ਮੰਤ੍ਰੀ-ਅੱਜ ਆਪ ਦਾ ਤੀਰ ਇਕ ਦਾਸ ਦੇ ਵਿੰਨ੍ਹੇ ਮਿਰਗ ਨੂੰ ਲੱਗਾ ਹੈ, ਸਾਡਾ ਮਾਰਿਆ ਮਰਦਾ ਤਾਂ ਰੁਲਦਾ ਨਰਕਾਂ ਵਿਚ, ਆਪ ਮੁਕਤੀ ਦਾਤਾ ਦੇ ਕਰ ਕਮਲਾਂ ਦਾ ਸੂਰਨ-ਲੋਹਾ ਉਸ ਦੀ ਦੇਹੀ ਨੂੰ ਛੁਹ ਗਿਆ, ਉਹ ਗਿਆ ਬੈਕੁੰਠ ਧਾਮ ਨੂੰ। ਆਪ ਨੇ ਉਸਦੇ ਪਾਰ ਉਤਾਰਨ ਲਈ ਹੀ ਤਾਂ ਆਪਣਾ ਤੀਰ ਮਾਰਿਆ ਸੀ।

ਗੁਰੂ ਜੀ (ਮੁਸਕ੍ਰਾ ਕੇ) ਭਲਾ ਮੰਤਰੀ ! ਆਦਮੀ ਸ਼ਿਕਾਰਨਾ ਪਾਪ ਹੈ ਕਿ ਪੁੰਨ ? ਮਨੁੱਖ ਦਾ ਸ਼ਿਕਾਰ!

ਮੰਤ੍ਰੀ-ਜੀਵਨ ਦਾਤੇ ਦੇ ਹੱਥੀਂ ਮੌਤ ਬੀ ਜੀਵਨ ਹੈ। ਸੁਭਾਗ ਹੈ ਤਨ ਜਿਸ ਨੂੰ ਆਪ ਦਾ ਤੀਰ ਲੱਗੇ। ਮੈਂ ਕਠੋਰ ਜਿਹਾ ਹਾਂ, ਨੀਤੀ ਵਾਲਾ ਤੇ ਚਾਲਾਂ ਵਾਲਾ ਹਾਂ। ਸੁਗੰਦ ਹੈ ਪਰ ਦਾਤਾ ਜੀ; ਇਸੇ ਤੁਸਾਂ ਦੀ ਸਾਵੀ ਕਮਾਨ ਦੀ ਕਿ ਮੈਂ ਵਡਭਾਗ ਹੋਵਾਂ, ਜੇ ਇਹ ਕਮਾਨ ਮੇਰੇ ਤਨ ਵਿਚ ਇਕ ਤੀਰ ਸਰ ਕਰੇ। ਇਸ ਵੇਲੇ ਇਹੋ ਭਾਉ ਹੈ, ਪਰ ਇਹ ਮੇਰਾ ਨਹੀਂ, ਇਹ ਆਪ ਦੇ ਦਰਸ਼ਨ ਦਾ ਪ੍ਰਤਾਪ ਹੈ।

ਗੁਰੂ ਜੀ-ਇਹ ਦਿਲ ਤਾਂ ਸਾਧਿਆ ਸਾਧੂ ਹੈ।

ਮੰਤ੍ਰੀ-ਨਾ ਜੀਓ ! ਦਿਲ ਤਾਂ ਨੀਤੀਆਂ ਨਾਲ ਅਨੀਤੀਆਂ ਵਿਚ ਰਹਿੰਦਾ ਹੈ, ਪਰ ਅਜ ਤਾਂ ਟੁੰਬ ਹੋਈ ਹੈ ਰਾਉ ਜੀ ਦੀ ਤੇ ਚੁੰਬਕ ਹੋ ਤੁਸੀਂ।

ਗੁਰੂ ਜੀ-ਕਿਵੇਂ ?

ਮੰਤ੍ਰੀ-ਮੈਂ ਇਕ ਮ੍ਰਿਗ ਮਾਰਿਆ ਹੈ, ਰਾਉ ਜੀ ਨੇ ਉਸ ਪਰ ਵੈਰਾਗ ਕੀਤਾ ਹੈ, ਉਸ ਵੈਰਾਗ ਨੇ ਮੈਨੂੰ ਪਿਆਰ ਦੀ ਘੇਰ ਵਿਚ ਲੈ ਆਂਦਾ ਹੈ ! ਆਪ ਦੇ ਦਰਸ਼ਨਾਂ ਨੇ ਨਿਸ਼ਾਨਾ ਢੂੰਡ ਲਿਆ ਹੈ, ਘਾਇਲ ਕਰਕੇ ਮਾਇਲ ਕਰ ਲਿਆ ਨੇ ਆਪੇ।

ਗੁਰੂ ਜੀ ਨੇ ਮੰਤ੍ਰੀ ਨੂੰ ਅਗੇ ਹੋ ਕੇ ਛਾਤੀ ਨਾਲ ਲਾਇਆ ਤੇ ਕਿਹਾ : 'ਵਾਹਿਗੁਰੂ' ! ਮੰਤ੍ਰੀ ! ਇਹ ਖਿਭੋਰ ਹੈ ਕਿ ਭੰਬੋਰ ਹੈ, ਪਿਆਰ ਦੇ ਚੱਕਰ ਚਲ ਰਹੇ ਹਨ। ...ਰਾਉ ਕਿਥੇ ਹੈ ?

ਮੰਤ੍ਰੀ-ਮਰੇ ਮ੍ਰਿਗ ਪਾਸ।

ਗੁਰੂ ਜੀ-ਚਲੋ ਚੱਲੀਏ।

ਮੰਤ੍ਰੀ-ਮੇਰਾ ਸੁਆਮੀ ਹੈ, ਪਰ ਆਪ ਰੱਬੀ ਜੋਤਿ ਹੋ, ਆਪ ਖੇਚਲ ਨਾ ਕਰੋ, ਮੈਂ (ਝਿਜਕ ਕੇ) ਉਹਨਾਂ ਨੂੰ ਲਿਆਵਾਂ ?

ਗੁਰੂ ਜੀ-ਮੰਤ੍ਰੀ ! ਪ੍ਰੇਮ ਨੇਮ ਹੀਨ ਹੈ; ਪ੍ਰੇਮ ਦਾ ਨੇਮ ਪ੍ਰੇਮ ਹੈ। ...ਡੂੰਘੀਆਂ ਅੱਗਾਂ ਪਰਬਤ ਪਾੜਦੀਆਂ ਹਨ। ....ਕਿਉਂ ਬਈ ਮੰਤ੍ਰੀ, ਮਾਪੇ ਬੱਚੇ ਆਪੇ ਪਾਲਦੇ ਹਨ, ਪਾਲਿਆਂ ਹੀ ਪਲਦੇ ਹਨ ਨਾ ?

ਮੰਤ੍ਰੀ-ਸੱਚ ! ਦਾਤਾ ਜੀਉ ਜੀ ਸੱਚ। ਸਿਆਣੇ ਨੂੰ ਆਪਣੇ ਫਿਕਰ ਆਪ ਕਰਨੇ ਲੱਗਦੇ ਹਨ, ਬਾਲਕ ਦੇ ਫਿਕਰ ਮਾਪਿਆਂ ਨੂੰ;

ਗੁਰੂ ਜੀ-ਸੁਰਤ ਜੇ ਬਾਲਕ ਹੋ ਜਾਏ ਫਿਰ ਸਾਂਈਂ ਆਪ ਪਾਲੇ ! "ਓਹੁ ਬਾਲਕ ਵਾਗੀ ਪਾਲੀਐ॥ ਓਹ

1. ਮੁਨਾਸਬ ਨਾ-ਮੁਨਾਸਬ।

ਬਾਲਕ ਵਾਂਗੀ ਪਾਲੀਐ[1]॥"

ਮੰਤ੍ਰੀ-ਆਪ ਦਾ ਬਿਰਦ ਪਤਿਤ ਪਾਵਨ ਹੈ, ਆਪ ਹੀ ਅਵਧ ਤੋਂ ਤੁਰਕੇ ਭੀਲਣੀ ਦੇ ਪਾਸ ਗਏ ਸਾਓ, ਉਹ ਨਹੀਂ ਸੀ ਆਈ। ਆਪ ਹੀ ਦੁਰਯੋਧਨ ਦਾ ਰਾਜ ਮੰਦਰ ਛੱਡ ਬਿਦਰ ਦੇ ਘਰ ਰਾਤ ਰਹਿਣ ਤੇ ਸਾਗ ਖਾਣ ਗਏ ਸਾਓ। ਆਪ ਨੇ ਹੀ ਗੁਰੂ ਨਾਨਕ ਹੋਕੇ, ਇਕ ਭੀਲਣੀ ਨਹੀਂ, ਇਕ ਬਿਦਰ ਨਹੀ, ਪੂਰਬ, ਪੱਛਮ, ਉੱਤਰ, ਦੱਖਣ, ਘਰ ਘਰ ਦਰ ਦਰ ਜਾਕੇ ਕਈ ਬਿਦਰ, ਕਈ ਭੀਲ ਭੀਲਣੀਆਂ ਤਾਰੇ। ਆਪ ਦਾ ਬਿਰਦ ਹੈ ਮਾਲੀਆਂ ਵਾਲਾ, ਆਪਣਿਆਂ ਨੂੰ ਆਪ ਪਾਲਣਾ, 'ਬ੍ਰਹਮ ਬਿਰਦ' ਹੈ ਆਪ ਦਾ-ਰਚਣਹਾਰ, ਪਾਲਣਹਾਰ, ਤਾਰਣਹਾਰ। ਕੀਟੀ ਤੋਂ ਰਾਜਾ ਤਕ ਦਾ ਇਕਸਾਰ ਫਿਕਰ! ਧੰਨ ਹੋ ! ਧੰਨ !!

ਗੁਰੂ ਜੀ-ਜਿਵੇਂ ਤੁਸਾਡੇ ਚਿੱਤ ਨੂੰ ਰੁਚੇ, ਕਹੋ। ਪਰ ਅਸਾਂ ਤਾ ਅਪਣੇ...ਗੁਆਚੇ ਭਾਲਣੇ ਹਨ, ਆਪਣੇ ਕੱਠੇ ਕਰਨੇ ਹਨ, ਨਵੇਂ ਲਾਉਣੇ ਹਨ, ਸਾਂਈਂ ਦਰ ਪੁਚਾਉਣੇ ਹਨ, 'ਲੋਕ ਮੁਖੀ ਪਰਲੋਕ ਸੁਹੇਲੇ'। ਇਹ ਕਹਿਕੇ ਟੁਰ ਪਏ।

ਮੰਤ੍ਰੀ ਰਤਾ ਸਹਿਜੇ ਟੁਰਿਆ, ਪਰ ਬਿਰਦਪਾਲ ਹੁਣ ਕਾਹਲੇ ਹੋਏ। ਫਿਰ ਅੜਕੇ, ਮੰਤ੍ਰੀ ਵਲ ਤੱਕੇ ਤੇ ਮੁਸਕ੍ਰਾ ਕੇ ਬੋਲੇ : "ਰਾਉ ਜੀ ਕਿਸ ਦਿਸ਼ਾ ਹਨ ?" ਮੰਤ੍ਰੀ ਨੇ ਉਸੇ ਦਿਸ਼ਾ ਵਲ ਉਂਗਲ ਕੀਤੀ, (ਦਿਲ ਵਿਚ) ਅੰਤਰਯਾਮੀ ਹਨ।

ਦਿਲਾਂ ਦੇ ਮਹਿਰਮ ਟੁਰ ਪਏ ਇਕੱਲੇ। ਮੰਤ੍ਰੀ ਨਾਲ ਜਾਣੋਂ ਅੜਕਦਾ ਸੀ ਕਿ ਕਿਵੇਂ ਇਕੱਲੇ ਜਾਣ, ਰਾਉ ਨੇ ਕਿਸੇ ਹੋਰਸ ਦੇ ਸਾਹਮਣੇ ਖੁੱਲ੍ਹਣਾ ਨਹੀਂ ਤੇ ਇਹ ਕਰਾਮਾਤੀ ਹਨ, ਕਿਤੇ ਉਹਨਾਂ ਦੀ ਚੁੱਪ ਨੂੰ ਅਦਬ ਦੀ ਕਮੀਂ ਸਮਝ ਕੇ ਰਿੰਜ ਨਾ ਹੋ ਜਾਣ, ਪਰ ਮੰਤ੍ਰੀ ਪਤੀਆ ਵੇਖ ਕੇ ਭੀ, ਆਪ ਦ੍ਰਵ ਕੇ ਭੀ ਅਜੇ ਰੱਬੀ ਰੰਗ ਤੋਂ ਅਜਾਣ ਸੀ, ਜੋ ਵਹਿਮ ਕਰਦਾ ਹੈ ਕਿ ਮਿੱਠਬੋਲੜੇ ਸੱਜਣ ਸੁਆਮੀ ਬੀ ਕਦੇ ਰਿੰਜ ਹੋ ਸਕਦੇ ਹਨ। ਮਹਾਰਾਜ ਗਏ ਇਕੱਲੇ। ਅਗੇ ਕੀ ਦੇਖਦੇ ਹਨ ਕਿ ਸ਼ਿਕਾਰ ਹੋਏ ਕਾਲੇ ਮ੍ਰਿਗ ਤੋਂ ਪਰੇ ਵਾਰ ਰਾਉ ਜੀ ਨੈਣ ਬੰਦ ਕੀਤੇ ਇਕੱਲੇ ਬਨ ਵਿਚ ਬੈਠੇ ਹਨ, ਪਾਸ ਕੋਈ ਨੌਕਰ ਨਹੀਂ, ਸਾਥੀ ਸ਼ਿਕਾਰੀ ਰਾਉ ਨੇ ਟੋਰ ਛੱਡੇ ਹਨ, ਇਕੱਲਾ ਬੈਠਾ ਸੀ। ਅੱਖਾਂ ਬੰਦ ਸਨ, ਪਰ ਦਾਤਾ ਜੀ ਦੀ ਸੂਰਤ, ਜੋ ਇਕ ਵਾਰੀ ਵਣਜਾਰੇ ਦਾ ਭੇਖ ਬਣਾ ਕੇ ਆਨੰਦਪੁਰ ਜਾ ਕੇ ਵੇਖ ਆਇਆ ਸੀ, ਅੰਦਰ ਵਸ ਰਹੀ ਸੀ। ਉਸ ਦੀ 'ਲੁਕੇ ਰਹਿਣ ਦੀ ਚਾਹ' ਇਸ ਹੱਦ ਦੀ ਸੀ ਕਿ ਜਦੋਂ ਦਰਸ਼ਨ ਕਰਨ ਗਿਆ, ਤਦ ਭੀ ਚੁਪਚਾਪ ਤੇ ਬਿਨਾਂ ਲਖਾਏ ਮੂਰਤ ਕਲੇਜੇ ਤੇ ਖਿੱਚਕੇ, ਇਕ ਨਕਸ਼ ਵਾਹਕੇ ਲੈ ਆਇਆ ਸੀ। ਮੁੜ ਉਹ ਸੂਰਤ ਵਿਸਾਰੀ ਨਹੀਂ, ਮੂਰਤ ਦਿਲੋਂ ਉਤਰੀ ਨਹੀਂ, ਪ੍ਰੀਤਿ ਤਾਰ ਟੁੱਟੀ ਨਹੀਂ ਯਾਦ ਦਿਲੋਂ ਹੁੱਟੀ ਨਹੀਂ।

ਜੋ ਕੋਮਲਤਾ, ਜੋ ਦ੍ਰਵਣਤਾ ਰਾਉ ਦੇ ਦਿਲ ਨੇ ਹੀਰੇ ਮ੍ਰਿਗ ਦੇ ਮਰਨ ਵੇਲੇ ਖਾਧੀ ਸੀ ਉਸ ਤੋਂ ਰਾਉ ਰਤਾ ਕੁ ਆਪੇ ਤੋਂ ਬਾਹਰ ਹੋ ਗਿਆ ਸੀ, ਪਰ ਮੁੜ ਅੰਦਰ ਘੁੱਟਿਆ ਤੇ ਆਪਣੀ ਲੁਕੀ ਪ੍ਰੀਤ ਦੇ ਸੰਗੀਤ ਵਿਚ ਗੁੰਮ ਹੋ ਗਿਆ ਸੀ। ਹੋਰ ਨੌਕਰ ਰਾਉ ਨੇ ਮੰਤ੍ਰੀ ਦੇ ਜਾਂਦਿਆਂ ਸਾਰ ਸ਼ਹਿਰ ਨੂੰ ਟੋਰ ਦਿੱਤੇ ਸੇ ਤੇ ਆਪ ਮਗਨ ਹੋ ਬੈਠਾ ਸੀ। ਐਸਾ ਜੁੜਿਆ ਕਿ ਗੁਰੂ ਜੀ ਦੇ, ਹਾਂ, ਆਪਣੇ ਧਿਆਨਿਸ਼ਟ ਜੀ ਦੇ-ਪ੍ਰਤੱਖ ਦਰਸ਼ਨ ਪਾਸ ਆ ਖੜਿਆਂ ਦੀ ਬੀ ਹੋਸ਼ ਨਹੀਂ। ਮਹਾਰਾਜ ਉਸ ਦੇ ਆਤਮ ਰਸ ਵਿਚ ਲੀਨ ਚਿਹਰੇ ਨੂੰ ਦੇਖ ਦੇਖ ਕੇ ਗਦਗਦ ਹੋ ਰਹੇ ਹਨ, ਗਊ ਵਾਂਙੂ ਵੱਛੇ ਨੂੰ ਧਾ ਕੇ ਗਲ ਲਾਇਆ ਚਾਹੁੰਦੇ ਹਨ, ਦ੍ਰਵਦੇ ਹਨ ਤੇ ਪਿਆਰ ਵਿਚ ਘੁਲਦੇ ਹਨ, ਪਰ ਉਹ ਆਪਣੇ ਧਿਆਨ ਦੀ ਮੋਹਣੀ ਮੂਰਤ ਵਿਚ ਮਗਨ ਤੇ ਅਹਿੱਲ ਤੇ ਬੇਖਬਰ ਬੈਠਾ ਹੈ। ਜਿਸ ਦੇ ਪਿਆਰ ਪਰੋਤਾ ਰਾਉ ਬੈਠਾ ਹੈ, ਜਿਸ ਦੇ ਰਸ ਵਿਚ ਲੀਨ ਹੈ, ਇਸ ਵੇਲੇ ਉਸ ਦੇ ਪ੍ਰਤੱਖ ਦਰਸ਼ਨਾਂ ਤੋਂ ਅਸਾਰ ਹੈ। ਹਾਂ, ਉਹ ਆਪਣੇ ਅੰਦਰਲੇ ਦੇਸ਼ ਵਿਚ ਦਰਸ ਪਰਸ ਰਿਹਾ ਹੈ ਤੇ ਬਾਹਰ ਦੇ ਦੇਸ਼ ਵਲੋਂ ਸੁਰਤਿ ਮੁੜੀ ਹੋਈ ਹੈ।

ਸਤਿਗੁਰ ਜੀ ਚੋਜਾਂ ਤੇ ਪਿਆਰਾਂ ਦੀਆਂ ਸਾਰਾਂ ਵਾਲੇ ਉਸ ਦੇ ਇਸ ਰੰਗ ਦੇ ਅਨੂਪਮ ਨਜ਼ਾਰੇ ਨੂੰ ਤੱਕ ਤੱਕ ਕੇ ਪ੍ਰਸੰਨ ਹੋ ਰਹੇ ਹਨ ਤੇ ਪ੍ਰੇਮ ਦੀ ਖਿੱਚ ਨਾਲ ਖਿਚੀਂਦੇ ਜਾ ਰਹੇ ਹਨ, ਪਰ ਹਿਲਾਉਂਦੇ ਨਹੀਂ। ਕੁਛ ਸਮਾਂ ਇਹ ਰੰਗ ਤੱਕ ਕੇ ਆਪ ਖੜੇ ਖੜੇ ਧਿਆਨ ਦੇ ਦੇਸ਼ ਚਲੇ ਗਏ, ਜਿਸ ਦੇਸ਼ ਰਾਜਾ ਉਹਨਾਂ ਦੇ ਜਿਸ ਸਰੂਪ ਵਿਚ ਮਗਨ ਸੀ ਉਸ ਰੂਪ ਵਿਚ ਹੋ ਕੇ ਆਗਜਾ ਕੀਤੀ : "ਨੈਣ ਖੋਹਲੋ।"

1. ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ॥ (ਮਾਰੂ ਮ: ੫ ਅੰਜੁਲੀਆ

ਰਾਉ ਦੇ ਨੈਣ ਖੁੱਲ੍ਹੇ, ਜੋ ਦਰਸ਼ਨ ਬੰਦ ਨੈਣਾਂ ਵਿਚ ਤੱਕ ਰਿਹਾ ਸੀ ਤੇ ਜੋ ਆਖਰੀ ਝੱਲਕਾ ਵਜਾ ਸੀ ਹੁਣ ਪਰਤੱਖ ਦਿੱਸ ਰਿਹਾ ਹੈ, ਬੇਵਸਾ ਹੋ ਚਰਨਾਂ ਨੂੰ ਲਿਪਟ ਗਿਆ। ਨੈਣਾਂ ਦੇ ਬੰਦ ਫੁਹਾਰੇ ਜੋ ਠੋਕ ਠੋਕ ਕੇ ਬੰਦ ਰਖੇ ਹੋਏ ਸੇ, ਪਾਟ ਪਏ, ਵਹਿ ਤੁਰੇ ਤੇ ਲਗੇ ਚਰਨ ਧੋਣ। ਜਦੋਂ ਵਿਛੋੜੇ ਤੇ ਤਾਂਘਾਂ ਦੀ ਇਹ ਜ਼ੁਰਭਾਟਾ ਹੰਭ ਗਈ ਤਦੋਂ ਇਕ ਨਵੇਂ ਸੁਆਦ ਦੇ ਝਲਕੇ ਨੇ ਚਰਨ ਹੋਰ ਘੁਟਵਾਏ। ਹੁਣ ਦਾਤਾ ਜੀ ਨੇ, ਜੋ ਸੁਆਦ ਮਗਨ ਨੈਣ ਮੁੰਦੇ ਖੜੇ ਸਨ, ਨੈਣ ਖੁਹਲੇ: ਬਹਿ ਗਏ, ਸਿਰ ਚਾਇਆ ਗੋਦੀ ਵਿਚ ਰਖਿਆ, ਪਿਆਰ ਦਿੱਤਾ, ਕਿੰਨਾ ਕੁ ? ਜਿੰਨਾਂ ਕੁ ਕਵੀ ਅਤਜੋਕਤੀ ਅਲੰਕਾਰ ਵਿਚ ਬੰਨ੍ਹ ਸਕਣ। ਉਂਵ ਸ੍ਰੀ ਕਲਗੀਧਰ ਚੁਪ ਹਨ, ਸਿਰ ਹੱਥ ਫੇਰਦੇ ਹਨ, ਮੱਥੇ ਤੇ ਪਿਆਰ ਦੇ ਕਰ ਕਮਲ ਲਾਉਂਦੇ ਹਨ, ਸਿਰ ਦੇ ਕਪਾਲ ਮਧ ਸਹਲਾਹਟ ਕਰਦੇ ਹਨ ਪਰ ਮੂੰਹੋਂ ਕੁਝ ਨਹੀਂ ਆਖ ਰਹੇ, ਉਧਰ ਰਾਉ ਦੇ ਲੂੰਆਂ ਵਿਚ ਪੁਲਕਾਵਲੀ ਹੈ, 'ਵਾਹਿਗੁਰੂ' ਦੀ ਧੁਨਿ ਹੈ; ਦਿਲ ਘੁਲ ਮਿਲ ਘੁਲ ਮਿਲ ਪਤਾ ਨਹੀਂ ਕਿਸ ਦ੍ਰਵਣਤਾ ਵਿਚ ਜਾ ਰਿਹਾ ਹੈ ਕਿ-

'ਨਾਮੁ ਮਹਾਂ ਰਸੁ ਪੀਓ'

ਨਾਮ ਮਹਾਂ ਰਸ ਪੀਤਾ ਗਿਆ। ਪ੍ਰੇਮ ਵਾਲੇ ਦਿਲ ਵਿਚ, ਬਾਣੀ ਨਾਲ ਉੱਜਲ ਹੋ ਚੁਕੇ ਮਨ ਵਿਚ, ਸਭ ਮੈਲਾਂ ਤੋਂ ਬੰਦ ਰਖੇ ਮਨ ਵਿਚ, ਇਸ ਵੇਲੇ ਪੰਘਰੇ ਦਿਲ ਵਿਚ ਨਾਮ ਦਾ ਪ੍ਰਵੇਸ਼, ਨਾਮ ਰਸ ਦਾ ਪ੍ਰਵੇਸ਼ ਹੋ ਗਿਆ, ਨਾ ਜੀਭ ਬੋਲੀ, ਨਾ ਕੰਨਾਂ ਸੁਣਿਆਂ। 'ਜੈਸੀ ਭੂਖ ਤੈਸੀ ਕਾ ਪੂਰਕੁ' ਦਾਤਾ ਨੇ ਰਾਉ ਨੂੰ ਨਿਹਾਲ ਕਰ ਦਿੱਤਾ। ਚੁਪ ਦੇਸ਼ ਵਿਚ ਹੀ ਪ੍ਰਵੇਸ਼ ਹੋ ਗਿਆ ਉਪਦੇਸ਼ ਦਾ। ਨਿਹਾਲ ਹੋਏ ਰਾਉ ਨੇ ਹੁਣ ਨੈਣ ਚਾਏ, ਦਰਸ਼ਨ ਡਿੱਠਾ। ਖੀਵਾ ਹੋਇਆ, ਝੂੰਮਿਆ-ਵਾਹਿਗੁਰੂ।

ਹੁਣ ਰਾਉ ਦੀ ਸਦਾ ਚੁਪ ਨੇ ਆਪਣੀ ਮੁਹਰ ਤੋੜੀ ਪਿਆਰ ਦੇ ਇਕ ਹੋਰ ਲਹਿਰੇ ਵਿਚ। ਰਾਉ ਦਾ ਇਸਤ੍ਰੀ ਨਾਲ ਪ੍ਰੇਮ ਨਿਰਾ ਇਸਤ੍ਰੀ ਮਾਤ੍ਰ ਨਹੀਂ ਸੀ, ਉਸ ਦਾ ਉਸ ਨਾਲ ਜੋ ਪ੍ਰੇਮ ਸੀ ਉਹ ਵਾਹਿਗੁਰੂ ਪ੍ਰੇਮ ਦੇ ਚਾਨਣ ਵਿਚ ਸੀ। ਰਾਉ ਦਾ ਮਨੋਰਥ ਪੂਰਨ ਹੋ ਗਿਆ ਹੈ, ਪਰ ਰਾਜਾ ਚਾਹੁੰਦਾ ਹੈ ਕਿ ਰਾਣੀ ਦੀ ਮੁਰਾਦ ਦਰਸ਼ਨਾਂ ਵਾਲੀ ਬੀ ਪੂਰਨ ਹੋਵੇ, ਸੋ ਉਸ ਪਿਆਰ ਨੇ ਆਖਿਆ: 'ਕਹੁ-ਮਹਾਰਾਜਹ ਜੀ ! ਘਰ ਚੱਲੋ, ਜੇ ਇਥੋਂ ਮੁੜ ਗਏ ਤਾਂ ਪ੍ਰਿਯਾਵਰ ਦਰਸ਼ਨ ਤੋਂ ਵਾਂਜੀ ਰਹਿ ਜਾਏਗੀ' ਮਲਕੜੇ ਜਿਹੇ ਹੱਥ ਬੰਨ੍ਹ ਕੇ ਰਾਜਾ ਬੋਲਿਆ: 'ਕ੍ਰਿਪਾ...' ਪਰ ਫੇਰ ਅਝਕ ਗਿਆ।

ਬਿਰਦ ਪਾਲ ਜੀ ਬੋਲ: "ਮਤਿ ਬਚਨ, ਚਲੋ ਅੱਜ ਰਾਤ ਬਿਭੌਰ ਹੀ ਠਹਿਰਾਂਗੇ। ਉੱਠੋ ਚੱਲੀਏ।" ਰਾਉ ਉਠਿਆ, ਦੋਵੇਂ ਟੁਰ ਪਏ ਸ਼ਿਕਾਰ ਪਏ ਰਹਿ ਗਏ, ਘੋੜੇ ਬ੍ਰਿਛਾਂ ਨਾਲ ਬੱਝੇ ਰਹਿ ਗਏ: ਰਹਿ ਗਏ ਮੰਤ੍ਰੀ ਤੇ ਦਾਸ ਇਕ ਪਾਸੇ, ਸਿਖ ਤੇ ਸੇਵਕ ਦੂਏ ਪਾਸੇ ਜਿਥੇ ਸੇ ਉਡੀਕਾਂ ਵਿਚ ਬੈਠੇ ਰਹਿ ਗਏ[1], ਪ੍ਰੇਮ ਦੀ ਕਾਂਗ ਕਿਸੇ ਹੋਰ ਪਾਸੇ ਰੁਖ਼ ਕਰ ਗਈ। ਸੱਜੇ ਸਾਹਿਬ ਆਪ ਖੱਬੇ ਰਾਉ, ਰਾਉ ਦਾ ਹੱਥ ਮਹਾਰਾਜ ਜੀ ਦੇ ਆਪਣੇ ਹੱਥ ਵਿਚ ਪੈਦਲ ਟੁਰ ਕੇ ਬਿਭੌਰ ਅੱਪੜ ਗਏ। ਕੁਦਰਤ ਬੀ ਸਿਆਣੀ ਹੈ, ਮਾਨੋਂ ਜਾਣਦੀ ਹੈ ਕਿ ਰਾਉ ਲੁਕੋ ਦਾ ਆਦਤਗੀਰ ਹੈ। ਬਨ ਵਿਚ ਕੋਈ ਮ੍ਰਿਗ ਮਾਤ੍ਰ ਨਹੀਂ ਮਿਲਿਆ, ਅਸਮਾਨ ਵਿਚ ਪੰਛੀ ਨਹੀਂ ਆਇਆ, ਉੱਚੇ ਅਸਮਾਨਾਂ ਤੇ ਬੱਦਲ ਹੋ ਗਏ ਕਿ ਉਤੋਂ ਕਿਸੇ ਸੂਰਜ ਚੰਨ ਦੀ ਬੀ ਨਜ਼ਰ ਨਾ ਲਗੇ, ਰਾਹ ਖਹਿੜੇ ਕੋਈ ਨਹੀਂ ਟੱਕਰਿਆ। ਨਗਰ ਅਪੜੇ ਤਾਂ ਰਾਤ ਪੈ ਗਈ, ਬਿਨਾਂ ਕਿਸੇ ਦੇ ਧਿਆਨੇ ਸਾਹਿਬ ਤੇ ਦਾਸ ਲੰਘ ਗਏ। ਡਿਉਢੀ ਅੱਪੜ ਕੇ ਪਹਿਰੇਦਾਰ ਨੂੰ ਰਾਉ ਹੁਕਮ ਦੇ ਗਿਆ ਕਿ ਫਲਾਣੇ ਥਾਉਂ ਵਜ਼ੀਰ ਤੇ ਸਿੱਖਾਂ ਨੂੰ ਸੱਦਾ ਘੱਲ ਦਿਓ ਕਿ ਆ ਜਾਣ। ਹੁਣ ਦੁਇ ਅੰਦਰ ਲੰਘ ਗਏ, ਅਗੇ ਅੱਗੇ ਟੁਰਦੇ ਗਏ, ਪ੍ਰਿਯਾਵਰ ਦੇ ਕਮਰੇ ਪਾਸ ਚਲੇ ਗਏ। ਅਗੇ ਕੱਲ੍ਹ ਵਾਲਾ ਹੀ ਨਕਸ਼ਾ ਬੱਝਾ ਪਿਆ ਸੀ। ਪ੍ਰਿਯਾਵਰ ਅਰਦਾਸ ਕਰ ਰਹੀ ਸੀ। ਉਸੇ ਤਰ੍ਹਾਂ ਦੀ ਅਰਦਾਸ ਸੀ ਜਿਸ ਤਰ੍ਹਾਂ ਦੀ ਉਸਨੇ ਕੱਲ੍ਹ ਕੀਤੀ ਸੀ। ਦੋਵੇਂ ਸਾਹਿਬ ਤੇ ਦਾਸ ਬਾਹਰ ਹੀ ਸਹਿਜ ਨਾਲ ਖੜੋ ਗਏ ਪਰ ਪਲ ਮਗਰੋਂ ਮਹਾਰਾਜ ਜੀ ਨੇ ਅੰਦਰ ਇਕ ਕਦਮ ਹੋਰ ਧਰਿਆ ਤੇ ਅਡੋਲ ਖਲੋ ਗਏ। ਨਿਰੋਲ ਆਤਮ ਰੰਗ ਤੇ ਪ੍ਰੇਮ ਵਿਚ ਬਿਹਬਲ ਦੁਲਾਰੀ ਦੀ ਅਰਦਾਸ ਸਤਿਗੁਰ ਨੇ ਸੁਣੀ, ਆਪ ਦੇ ਦੈਵੀ ਨੈਣ ਬੀ ਭਰ ਆਏ ; ਹਾਇ ! ਪ੍ਰੇਮ ਕੀ ਜਾਦੂ ਹੈ ? ਹੇ ਵਾਹਿਗੁਰੂ ! ਇਸ ਸੁਚੇ ਪ੍ਰੇਮ

1. ਪਿੱਛੋਂ ਸਭ ਸਾਮਾਨ ਰਾਜੇ ਦੇ ਸੇਵਕਾਂ ਤੇ ਗੁਰੂ ਕੇ ਸਿੱਖਾਂ ਨੇ ਸੰਭਾਲੇ ਸੇ।

ਰਸ ਲਈ ਹੀ ਤਾਂ ਇਹ ਸੰਸਾਰ ਆਪ ਦਾ ਪ੍ਰਕਾਸ਼ ਹੈ। ਜਦ ਅਰਦਾਸ ਹੋ ਮੁੱਕੀ, ਰਾਣੀ ਨੇ ਨੈਣ ਖੁਹਲੇ। ਕੀ ਦੇਖਦੀ ਹੈ ਕਿ ਅੱਖਾਂ ਦੇ ਅੱਗੇ ਧਿਆਨ ਮੂਰਤੀ ਪ੍ਰਤੱਖ ਖੜੀ ਹੈ। ਪਰ ਉਸ ਨੇ ਜਾਤਾ ਕਿ ਇਹ ਮੇਰੇ ਧਿਆਨ ਦੀ ਮੂਰਤੀ ਦਾ ਹੀ ਝਾਲਝਲਾਵਾ ਹੈ। ਫੇਰ ਨੈਣ ਮੀਟੇ, ਫੇਰ ਖੁਹਲੇ। ਰਾਜਾ ਦਾ ਸੁਭਾਓ ਨਾ ਦਿਖਾਵੇ ਦਾ ਹੈ, ਨਹੀਂ ਵੱਧਦਾ ਅੱਗੇ ਤੇ ਨਹੀਂ ਕਹਿੰਦਾ: 'ਆ ਗਏ ਹਨ।' ਚੁੱਪ, ਅਦਬ ਨਾਲ ਦਲੀਜ਼ਾਂ ਵਿਚ ਸਿਰ ਤਾਕ ਨਾਲ ਲਾਈ ਪਿਆਰ ਵਿਚ ਮਗਨ ਤੇ ਨਾਮ ਰਸ ਵਿਚ ਨਿਮਗਨ ਮੂਰਤ ਵਾਂਙੂ ਖੜਾ ਵੇਖਦਾ ਹੈ, ਉਧਰ ਪ੍ਰਿਯਾਵਰ ਅਸਚਰਜ ਰਸ ਵਿਚ ਹੈ, ਨੈਣ ਖੁਹਲਦੀ ਮੀਟਦੀ, ਮੀਟਦੀ ਖੁਹਲਦੀ ਹੈ। ਦਾਤਾ ਜੀ ਅਨਬੋਲਤ ਪੀੜਾ ਦੇ ਜਾਨਣਹਾਰ ਹਨ, ਆਪ ਹੀ ਬੋਲੇ: "ਬੇਟਾ ਜੀਉ! ਅਸੀਂ ਆ ਗਏ ਹਾਂ, ਤੇਰੇ ਪਤੀ ਨੂੰ ਵਾਹਿਗੁਰੂ ਜੀ ਨੇ ਆਪਣੇ ਪਿਆਰ ਮੰਡਲ ਵਿਚ ਵਸਾ ਲਿਆ ਹੈ, ਆਓ ਤੁਸੀਂ ਵੀ ਵਾਹਿਗੁਰੂ ਦੇ ਦੇਸ਼ ਚੱਲੋ।"

ਪ੍ਰਿਯਾਵਰ-ਤੁਸੀਂ ਹੋ ? (ਧਾ ਕੇ) ਆਪ ਹੋ? ਹੈਂ! ਸੱਚ ਮੁੱਚ ਹੋ, ਆ ਗਏ ਹੋ ? ਨਹੀਂ, ਮੇਰੇ ਨੈਣ ਧਿਆਨ ਨੂੰ ਵੇਖਦੇ ਹਨ ਤੇ ਮੇਰੇ ਕੰਨ ਧਿਆਨ ਮੂਰਤੀ ਦੀ ਬਾਣੀ ਸੁਣਦੇ ਹਨ!

ਗੁਰੂ ਜੀ-ਆਓ, ਪੁੱਤਰ ਜੀ ! ਆ ਗਏ ਹਾਂ !

ਰਾਣੀ ਹੇਠਾਂ ਉਪਰ ਵੇਖਦੀ ਹੈ, ਸੱਜੇ ਖੱਬੇ ਤੱਕਦੀ ਹੈ, ਆਪਣੇ ਹੱਥਾਂ ਦੀਆਂ ਤਲੀਆਂ ਨੈਣਾਂ ਅੱਗੇ ਕਰਕੇ ਵੇਂਹਦੀ ਹੈ, ਫਿਰ ਅੱਗੇ ਵਧਦੀ ਹੈ ਝਿਜਕਦੀ ਹੈ, ਇਸ ਘੁਸਮੁਸੇ ਵਿਚ ਪਤੀ ਦਲ੍ਹੀਜ਼ੇ ਲੱਗਾ ਦਿੱਸ ਪੈਂਦਾ ਹੈ। 'ਹਾਂ ਠੀਕ, ਇਹ ਤਾਂ ਜਾਗ੍ਰਤ ਹੈ, ਹੋਸ਼ ਹੈ, ਆ ਗਏ'! ਹੁਣ ਧਾਈ ਤੇ ਚਰਨਾਂ ਤੇ ਢੱਠੀ, ਪਰ ਫੇਰ ਛੇਤੀ ਨਾਲ ਗੋਡੇ ਟਿਕਵੇਂ ਦਾਉ ਉੱਠੀ ਤੇ ਕੋਮਲਤਾ ਵਿਚ ਬੋਲੀ : "ਦਾਤਾ ਜੀਓ ! ਪਤੀ ਜੀ ਨੂੰ ਮਿਲੇ ਹੋ ?"

ਗੁਰੂ ਜੀਓ-ਮਿਲੇ ਹਾਂ।

ਪ੍ਰਿਯਾਵਰ-ਮੈਂ ਕਾਹਲੀ ਹਾਂ ਸਾਹਿਬ ਜੀਓ ! ਪਹਿਲਾਂ ਫੇਰ ਮਿਲੋ, ਜੀ ਮਿਲੋ ਨਾ, ਮੇਰੇ ਬੇਜ਼ੁਬਾਨ ਮਾਲਕ ਜੀ ਨੂੰ ਗਲੇ ਲਾਓ ਨਾ, ਮੈਂ ਤੱਕਾਂ, ਮੇਰੇ ਨੈਣ ਠਰਨ, ਮੈਂ ਫੇਰ, ਹਾਂ ਫੇਰ ਇਹ ਜੁਗਾਂ ਤੋਂ ਅਰਾਧੇ ਚਰਨ ਕਮਲ ਪਰਸਾਂ। ਦਾਤਾ! ਮਿਹਰ ਕਰ, ਪਹਿਲਾਂ ਮੇਰੇ ਪਿਆਰੇ ਨੂੰ ਗੱਲ ਲਾ। ਮੈਂ ਦੇਖਾਂ ਮੇਰੇ ਨੈਣ ਠਰਨ।

ਇਸ ਪਿਆਰ ਤੇ ਆਪਾ ਨੁਛਾਵਰ ਪ੍ਰੀਤੀ ਨੂੰ ਤੱਕ ਕੇ ਸਾਹਿਬਾਂ ਦੇ ਨੈਣ ਫੇਰ ਭਰ ਆਏ, ਰਾਉ ਨੂੰ ਗਲ ਲਾਇਆ ਤਾਂ ਰਾਣੀ ਨੇ ਡਿੱਠਾ, ਅੱਖਾਂ ਠਰੀਆਂ। ਹੁਣ ਬਿਹਬਲ ਹੋਕੇ ਧੜ ਕਰਦੀ ਚਰਨਾਂ ਤੇ ਡਿੱਗੀ, ਡਿੱਗੀ ਤੇ ਚਰਨਾਂ ਨੂੰ ਚੰਬੜ ਕੇ ਬੇਸੁਧ ਹੋ ਗਈ।

ਹਾਇ ! ਇਨਸਾਨ ਦੇ ਅੰਦਰਲੇ ਦੀ ਭੁੱਖ ਆਪਣੇ ਤੋਂ ਉੱਚੇ ਲਈ, ਹਾਂ ਤੇਰੇ ਲਈ, ਹੇ ਅਦ੍ਰਿਸ਼ਜ ! ਹੇ ਨਾ ਦਿਸਣਹਾਰ ! ਤੇਰੇ ਲਈ, ਪ੍ਰੀਤ, ਇਨਸਾਨ ਦੇ ਅੰਦਰ ਤੇਰੇ ਲਈ ਪ੍ਰੀਤ ਕੀਕੂੰ ਲੁਕੀ ਵਸਦੀ ਹੈ। ਹਾਂ ਇਸ ਲੁਕੀ ਪ੍ਰੀਤ ਕਾਰਨ ਇਨਸਾਨ ਤੇਰੇ ਇਨ੍ਹਾਂ ਦਰਸ਼ਨਾਂ ਨੂੰ ਤੜਫਦਾ ਹੈ ਕਿ ਤੂੰ ਸਾਡੇ ਨੈਣਾਂ ਗੋਚਰੇ ਰੂਪ ਵਿਚ ਪ੍ਰਕਾਸ਼ ਪਾਵੇਂ ਤਾਂ ਸਾਡੀਆਂ ਰੂਪ ਦੇਖਣਹਾਰ ਅੱਖੀਆਂ ਬੀ ਦਰਸ਼ਨ ਕਰਨ ਤੇ ਅੰਦਰ ਤੜਫਣ ਵਾਲੀਆਂ ਸੱਧਰਾਂ ਪੂਰੀਆਂ ਹੋਣ।

ਹਾਂ ਜੀ, ਜ਼ਰਾ ਦਰਸ਼ਨ ਕਰਨੇ, ਰੱਬੀ ਨੂਰ ਕੀਕੂੰ ਖੜਾ ਹੈ ਤੇ ਪਿਆਰ ਦੇ ਸਦਕੜੇ ਹੋਣ ਵਾਲਾ ਰਾਉ ਕੀਕੂੰ ਖਬੇ ਪਾਸੇ ਛਾਤੀ ਨਾਲ ਲੱਗਾ ਅਰਸ਼ੀ ਪਿਆਰ ਵਾਲੀ ਕਲਾਈ ਨਾਲ ਗਲਵੱਕੜੀ ਵਿਚ ਹੈ ਤੇ ਕੀਕੂੰ ਆਤਮ ਰਸ ਵਿਚ ਰੱਤੀ ਪ੍ਰਿਯਾਵਰ ਚਰਨਾਂ ਨੂੰ ਗਲਵੱਕੜੀ ਪਾਈ ਢੱਠੀ ਪਈ ਹੈ ?

ਮਹਾਰਾਜ ਦਾ ਸੱਜਾ ਹੱਥ ਨਿਵਿਆਂ! ਬਾਹੋਂ ਫੜ ਰਾਣੀ ਨੂੰ ਉਠਾਇਆ, ਖੜਾ ਕੀਤਾ, ਸਿਰ ਤੇ ਪਿਆਰ ਦਿੱਤਾ ਤੇ ਆਖਿਆ : ਕਹੁ ਬੇਟਾ ! 'ਵਾਹਿਗੁਰੂ'।

ਵਾਹਿਗੁਰੂ ਕੌਣ ਕਹੇ ? ਜੀਭ ਨੇ ਕਿਹਾ, ਪਰ ਉਹ ਤਾਂ ਇਕੱਲੀ ਜੀਭ ਉਤੇ ਸਮਾਉਂਦਾ ਨਹੀਂ, ਉਸ ਦਾ ਵੇਗ ਅਝੱਲ ਹੈ। ਸਾਰੇ ਲੂੰ ਜੀਭਾਂ ਹੋ ਗਏ, ਉਹ ਅਜੇ ਬੀ ਨਹੀਂ ਸਮਾਉਂਦਾ, ਲੰਘ ਤੁਰਿਆ ਹੇਠਾਂ ਹਿਰਦੇ ਵਿਚ, ਅੰਦਰ ਤੋਂ ਅੰਦਰ ਧੁਰ ਅੰਦਰ[1]। ਹੈਂ, ਰਾਣੀ ਨੂੰ ਹੁਣ ਤਾਣ ਆਈ ਤੇ ਆਖਿਆ 'ਵਾਹਿਗੁਰੂ'।

ਵਣ ਤ੍ਰਿਣ ਵਾਹਿਗੁਰੂ ਹੋ ਦਿੱਸਿਆ, ਆਤਮ ਲਹਿਰਾ ਆਇਆ, ਰਸ ਛਾ ਗਿਆ। ਰਸ-ਆਨੰਦ ਅੰਦਰ ਬਾਹਰ ਛਾ ਗਿਆ। ਰਸ ਮਗਨਤਾ ਆ ਗਈ।

ਰੰਗਿਆ ਗਿਆ ਜੋੜਾ, ਜੋ ਆਪੋ ਵਿਚ ਪਿਆਰ ਕਰਦਾ, 'ਅਨੰਤ' ਨੂੰ ਲੋਚਦਾ ਅਨੰਤ ਦੇ ਚਾਨਣੇ ਵੱਲ

1. ਅੰਮ੍ਰਿਤ ਨਾਮੁ ਰਿਦੈ ਮਹਿ ਦੀਨੋ॥ ,(ਗਉ: ਮ: ੫)

ਟੁਰ ਰਿਹਾ ਸੀ, ਰੰਗਿਆ ਗਿਆ ਰੱਬੀ ਇਲਾਹੀ ਰੰਗ ਵਿਚ ਰਸ ਰੰਗ ਵਾਲਾ ਪਵਿਤ੍ਰ ਜੋੜਾ।

ਹੁਣ ਮਹਾਰਾਜ ਜੀ ਨੂੰ ਚੌਂਕੀ ਤੇ ਬਿਠਾਇਆ, ਚਰਨ ਧੋਤੇ, ਪੂੰਝੇ, ਪੰਜ ਇਸ਼ਨਾਨਾ ਕਰਾਇਆ ਇੰਨੇ ਨੂੰ ਪ੍ਰਸ਼ਾਦਿ ਤਿਆਰ ਹੋ ਕੇ ਆ ਗਿਆ।

ਭਖਜ ਭੋਜ ਲੇਹਜ ਅਰ ਚੋਸਾ। ਕਰ ਪਿਆਰ ਵਡ ਥਾਰ ਪਰੋਸਾ। ਚੌਂਕੀ ਚਾਰੁ ਬਿਸਾਲ ਡਸਾਇ। ਤਾਂ ਪਰ ਸੁਜਨੀ ਬਿਸਦ ਬਿਛਾਇ। ਤਾਂ ਪਰ ਬਿਨਤੀ ਭਾਖਿ ਬਿਠਾਏ। ਦੂਸਰ ਚੌਂਕੀ ਅੱਗ੍ਰ ਟਿਕਾਏ। ਤਿਸ ਪਰ ਥਾਰ ਪਰੋਸਿ ਧਰਜੋ ਹੈ ! ਹਾਥ ਜੋਰਿ ਢਿਗ ਆਪ ਖਰਜੋ ਹੈ॥ ੧੦॥ (ਸੂ: ਪ੍ਰ:)

ਮਹਾਰਾਜ ਜੀ ਨੇ ਪ੍ਰਸ਼ਾਦ ਛਕਿਆ, ਰਾਤ ਸੁਹਣੇ ਸਥਾਨ ਵਿਚ ਆਰਾਮ ਕੀਤਾ। ਪਿਛੋਂ ਡੇਰਾ ਬੀ ਆ ਗਿਆ ਸੀ, ਸਾਰੇ ਸਿੰਘਾਂ ਨੂੰ ਚੰਗੇ ਥਾਂ ਡੇਰਾ ਮਿਲ ਗਿਆ ਸੀ। ਰਸਦ, ਪ੍ਰਸ਼ਾਦ, ਮੰਜੇ ਬਿਸਤਰੇ, ਦਾਣਾ, ਪੱਠੇ ਪਹੁੰਚ ਗਏ ਸੇ। ਅਗਲੇ ਦਿਨ ਏਕਾਂਤ ਬੈਠਿਆਂ ਰਾਉ ਜੀ ਨੇ ਬਿਨੈ ਕੀਤੀ -

"ਖੇਚਲ ਨਾ ਹੋਇ ਤਾਂ ਹੁਣ ਕ੍ਰਿਪਾ ਕਰੋ ਤੇ ਇਥੇ ਹੀ ਠਹਿਰੋ।" ਦਾਤਾ ਜੀਉ ਸੁਣਕੇ ਮੁਸਕ੍ਰਾ ਪਏ ਤੇ ਬੋਲੇ "ਸਤਿ ਬਚਨ।"

ਹੁਣ ਬਿਸਾਲੀ ਤੋਂ ਸਾਰੇ ਸਿਖ, ਪਰਵਾਰ ਸੰਗਤਾਂ ਡੇਰਾ ਬਿਭੌਰ ਆ ਗਿਆ। ਰਾਉ ਦੇ ਅਨੋਖੇ ਪ੍ਰੇਮ ਤੇ ਰਾਣੀ ਦੇ ਅਦੁਤੀ ਪ੍ਰੀਤੀ ਭਾਵ ਕਰ ਕੇ ਸਤਿਗੁਰ ਇੰਨਾਂ ਚਿਰ ਉਥੇ ਰਹੇ ਕਿ ਦੂਰ ਦੂਰ ਦੀਆਂ ਸੰਗਤਾਂ ਬਾ ਉਥੇ ਹੀ ਪੁੱਜਣ ਲਗ ਪਈਆਂ; ਮਾਨੋ ਬਿਭੌਰ ਹੀ ਨਿਵਾਸ ਹੋ ਗਿਆ ਹੈ।

ਆਨੰਦਪੁਰ ਦਾ ਆਨੰਦ ਇੱਥੇ ਸੀ; ਸੁਹਣੀ ਛਾਇਆ, ਫੁੱਲਾਂ ਦਾ ਉਪਬਨ ਤੇ ਨਦੀ ਦਾ ਅਨੂਪਮ ਦਰਸ਼ਨ[1]। ਉੱਚੇ ਨੀਵੇਂ ਥਾਂ ਦੇ ਨਜ਼ਾਰੇ ਮਾਣਦੇ, ਜਗਤ ਨੂੰ ਤਾਰਦੇ, ਸਾਹਿਬ ਜੀ, ਡੇਰ ਤਕ ਉੱਥੇ ਟਿਕੇ ਰਹੇ :-

ਇਸ ਪ੍ਰਕਾਰ ਪ੍ਰਭ ਸੈਰ ਸਰਾਹਾ। ਬਸੇ ਤਹਾਂ ਮਨ ਆਨੰਦ ਪਾਹਾ॥ ੩੫॥ .....ਊਚ ਨੀਚ ਥਲ ਬਿਖਮ ਕਿ ਸਮ ਹੈਂ। ਬਹੁ ਰਮਣੀਕ ਸੁਗਮ ਦੁਰਗਮ ਹੈਂ। ਚਲਤ ਬੇਗ ਤੇ ਨਿਰਮਲ ਵਾ ਹੈ। ਬਿਨਾਂ ਧੂਲ, ਬਨ ਬਹੁ ਅਵਗਾਹੈਂ॥ ੩੭॥ ਕੁਸਮਤਿ ਬਨ ਕੀ ਪ੍ਰਭਾ ਬਿਲੋਕੈਂ। ਸੰਘਨੇ ਅਧਿਕ ਸੁਗੰਧੀ ਰੋਕੈਂ। ਜਹਿਂ ਲਗ ਇੱਛਹਿਂ ਬਿਚਰਤਿ ਆਵੈਂ। ਇਸ ਪ੍ਰਕਾਰ ਨਿਸ ਦਜੋਸ ਬਿਤਾਵੈਂ॥ ੩੮॥ ....ਸੁਨਿ ਸੁਨਿ ਕਰਿ ਸਿਖ ਸੰਗਤ ਸਾਰੀ। ਆਵਹਿ ਦਰਸ਼ਨ ਇੱਛਾ ਧਾਰੀ॥ ੩੯॥ ਪੂਰਬ ਦੱਖਣ ਪਸਚਮ ਕੇਰੇ। ਲੈ ਲੈ ਕਰ ਉਪਹਾਰ ਘਨੇਰੇ। ਪਰੇ ਬਹੀਰ ਚਲੇ ਬਹੁ ਆਵੈਂ। ਗੁਰਬਾਨੀ ਪਠਿ ਗੁਰੂ ਧਿਆਵੈਂ॥ ੪੦॥ ... ... ... ... ਇਸ ਪ੍ਰਕਾਰ ਸਤਿਗੁਰ ਬਿਸਰਾਮੇ। ਅਚਲ ਸਥਾਨ ਸੈਲ ਅਭਿਰਾਮੇ। (ਗੁ: ਪ੍ਰ: ਸੂਰਜ)

ਕੁਛ ਸਮਾਂ ਏਥੇ ਰਹਿ ਕੇ ਸਤਿਗੁਰੂ ਜੀ ਫੇਰ ਆਨੰਦਪੁਰ ਆ ਗਏ।

ਸੂਚਨਾ-ਗੁਰੂ ਜੀ ਕਿੰਨਾਂ ਹੀ ਚਿਰ ਬਿਭੌਰ ਰਹੇ, ਸੰਗਤਾਂ ਉਥੇ ਹੀ ਆਉਣ ਲਗ ਗਈਆਂ। ਪਰ ਫੇਰ ਖਾਲਸਾ ਜੀ ਆਨੰਦਪੁਰ ਦੀ ਤਾਂਘ ਕਰਨ ਲਗੇ, ਸੋ ਗੁਰੂ ਜੀ ਰਾਉ ਰਾਣੀ ਤੋਂ ਵਿਦਾ ਹੋ ਮੁੜ ਆਨੰਦਪੁਰ ਆਏ। ਸ਼ਹਿਰ ਦੇ ਜੋ ਕੋਈ ਨੱਸ ਗਏ ਹੋਏ ਲੋਕ ਸਨ ਸੋ ਬੀ ਮੁੜ ਆਏ। ਨਗਰੀ ਫੇਰ ਵੱਸ ਪਈ। ਉਹੋ ਗਹਿਮਾ ਗਹਿਮ : ਉਹੋ ਸਤਿਸੰਗ ਕੀਰਤਨ ਦੇ ਰੰਗ ਲਗ ਗਏ। ਸਤਿਗੁਰ ਜੀ ਦੇ ਦਰਬਾਰ ਭਾਰੇ ਤਪੱਸ੍ਰੀਆਂ, ਬ੍ਰਤੀਆਂ ਨੇਮਧਾਰੀਆਂ, ਖੁਸ਼ਕ ਨੇਕੀਆਂ ਦੀਆਂ ਸਮਝਾਂ ਵਾਲੇ, ਉਮਰਾਂ ਘਾਲਾਂ ਘਾਲ ਸਾਰੇ ਇਨਸਾਨ ਥਕੇ ਹੁੱਟੇ ਹਾਰੇ ਬੀ ਜੀਵਨ ਰੌ ਦੇ ਪ੍ਰਸੰਗ ਸੁਣ ਸੁਣ ਕੇ ਮੋਏ ਜੀਵੇ ਦੇਖ ਦੇਖ ਆਇਆ ਕਰਦੇ ਸੇ। ਐਸੇ ਮਹਾਂ ਅਧਿਕਾਰੀ ਮਰਜੀਵਿਆਂ ਦੇ ਦਰਸ਼ਨ ਤੇ ਪਾਰ ਉਤਾਰੇ ਦੇ ਕੁਝਕੁ ਦਿਦਾਰੇ ਅਗਲੇ ਪ੍ਰਸੰਗ ਤੋਂ ਹੋ ਜਾਂਦੇ ਹਨ।

## ੫੬. ਬਖਸ਼ਿੰਦ ਮਹਿਰਮ[2]।

(ਹੰਸ ਜੀ ਦਾ ਪ੍ਰਸੰਗ)

੧.

ਪੂਰੇ ਵਲੋਂ ਸੂਰਜ ਨਿਕਲ ਆਇਆ ਹੈ, ਆਸਮਾਨ ਬਿਲਕੁਲ ਸਾਫ ਹੈ, ਹਵਾ ਅਡੋਲ ਹੈ, ਪਰ ਜੇ ਰੁਮਕਾ ਦਿੰਦੀ ਹੈ ਤਾਂ ਪੱਛੋਂ ਦਾ। ਕੇਲਿਆਂ ਦਾ ਇਕ ਬਾਗ ਹੈ, ਜਿਨ੍ਹਾਂ ਦੇ ਪੱਤ੍ਰ ਪੀਲੇ ਹੁਣ ਸੁੱਕੇ ਹੋ ਰਹੇ ਹਨ। ਇਨ੍ਹਾਂ ਪਰ ਸਾਰੀ ਰਾਤ ਤ੍ਰੇਲ ਪੈਂਦੀ ਰਹੀ, ਜੋ ਕੱਕਰ

1. ਨਦੀ ਦੇ ਕਿਨਾਰੇ ਬੈਠ ਕੇ ਜ਼ਿਥੇ ਚੌਪਈ ਉਚਾਰੀ ਸੀ ਉਥੇ ਗੁਰਦੁਆਰਾ ਹੁਣ ਤਕ ਹੈ।
2. ਇਹ ਪ੍ਰਸੰਗ ਸੰ: ਗੁ: ਨਾ: ਸਾ: ੪੪੮(੧੯੧੭ ਈ:) ਦੇ ਗੁਰਪੁਰਬ ਸਪਤਮੀ ਪਰ ਟ੍ਰੈਕਟ ਦੀ ਸੂਰਤ ਵਿਖੇ ਪ੍ਰਕਾਸ਼ਿਆ ਸੀ।

ਮਾਰੀ ਮਾਨੋ ਜੰਮੀ ਰਹੀ ਸੀ, ਹੁਣ ਸੂਰਜ ਦੀ ਨਿੱਘ ਨੇ ਇਸ ਨੂੰ ਪੰਘਾਰਿਆ, ਤ੍ਰੁਪਕੇ ਤ੍ਰੁਪਕੇ ਤ੍ਰੁਪ ਤ੍ਰੁਪ ਕਰਦੇ ਉਪਰਲੇ ਪੱਤਿਆਂ ਤੋਂ ਹੇਠਲਿਆਂ ਪਰ ਹੇਠਲਿਆਂ ਤੋਂ ਉਸਤੋਂ ਹੇਠਲਿਆਂ ਪਰ ਤੇ ਫੇਰ ਧਰਤੀ ਤੇ ਡਿਗਦੇ 'ਕਣਕਟ, ਕਣਕਟ' ਦੀ ਆਵਾਜ਼ ਪੈਦਾ ਕਰ ਰਹੇ ਹਨ; ਇਉਂ ਜਾਪਦਾ ਹੈ ਜੀਕੂੰ ਟਿਕਵਾਂ, ਪਰ ਬਹੁਤ ਵਿਰਲਾ ਮੀਂਹ ਪੈ ਰਿਹਾ ਹੈ।

ਇਸ ਬਾਗ ਦੇ ਕਿਨਾਰੇ ਇਕ ਚਮਨ ਵਿਚਕਾਰ ਇਕ ਥੜਾ ਹੈ, ਜਿਸ ਪਰ ਪਸ਼ਮੀਨੇ ਦੇ ਸ਼ਾਲ ਦੀ ਬੁੱਕਲ ਮਾਰੀ ਇਕ ਮੋਹਿਨੀ ਮੂਰਤ ਪੂਰੇ ਵਲ ਪਿੱਠ ਕਰੀ ਬੈਠੀ ਹੈ। ਅੱਖਾਂ ਬੰਦ ਹਨ, ਸ਼ਰੀਰ ਅਡੋਲ ਹੈ, ਅਚੱਲ ਟਿਕਾਉ ਹੈ, ਚਿਹਰੇ ਪਰ ਲਾਲੀ, ਕੋਮਲਤਾ ਮਿਠਾਸ, ਅੰਤਰ ਮੁਖ ਲੀਨਤਾ ਦਾ ਪ੍ਰਭਾਵ ਦਿਪਤ ਹੈ। ਇਉਂ ਜਾਪਦਾ ਹੈ ਜੀਕੂੰ ਕਿਸੇ ਅਨੰਤ ਪ੍ਰੇਮ ਵਿਚ ਨਿਮਗਨ ਹੈ।

ਅਚਾਨਕ ਆਪਦੇ ਪ੍ਰੇਮ ਅਲਸਾਏ ਨੈਣ ਖੁੱਲ੍ਹਣ ਲੱਗੇ ਸਨ ਕਿ ਅਧ-ਖੁੱਲੇ ਜਿਹੇ ਹੁੰਦੇ ਸਾਰ ਫਿਰ ਮਿਟ ਗਏ, ਫਿਰ ਖੁੱਲ੍ਹੇ ਫਿਰ ਮਿਟੇ। ਨੈਣ ਖੁਲ੍ਹਦੇ ਹਨ ਤਾਂ ਸੂਰਜ ਦੀ ਸੱਜਰੀ ਨਿਕਲੀ ਟਿੱਕੀ ਦੀਆਂ ਧਰਤੀ ਦੀ ਸੇਧ ਵਿਚ ਆ ਰਹੀਆਂ ਕਿਰਨਾਂ ਇਨ੍ਹਾਂ ਸੁਹਣੇ ਨੈਣਾਂ ਵਿਚ ਪੈਕੇ ਇਕ ਸਰੂਰ ਦਿੰਦੀਆਂ ਤੇ ਫੇਰ ਸਰੂਰ ਭਰੇ ਨੈਣਾਂ ਨੂੰ ਬੰਦ ਕਰ ਦਿੰਦੀਆਂ ਹਨ। ਉਸ ਸਰੂਰ ਨੂੰ ਪਾਣ ਲਈ ਨੈਣ ਫੇਰ ਖੁਲ੍ਹਦੇ ਹਨ, ਫੇਰ ਉਸ ਸਰੂਰ ਨੂੰ ਜੀਉਰਣ ਲਈ ਮਿਟ ਜਾਂਦੇ ਹਨ।

ਕੁਛ ਚਿਰ ਇਸ ਤਰ੍ਹਾਂ ਖੁੱਲ੍ਹਣ ਮਿਟਣ ਦੇ ਬਾਦ ਨੈਣ ਸਾਰੇ ਖੁਲ੍ਹ ਗਏ ਹਨ ਤੇ ਇਕ ਨਜ਼ਰ ਭਰਕੇ ਤੱਕੇ। ਫਿਰ ਗਹੁ ਨਾਲ ਤੱਕੇ, ਧਰਤੀ ਆਕਾਸ਼ ਚੁਫੇਰੇ ਨਜ਼ਰ ਦੁੜਾਈ ਤੇ ਬੋਲੇ : "ਅਸਾਡੇ ਸਾਹਮਣੇ ਪੱਛੋਂ ਦੀ ਦਿਸ਼ਾ ਹੈ ਤੇ ਸੂਰਜ ਇਧਰੋਂ ਕੀਕੂੰ ਚੜ੍ਹ ਆਇਆ ਹੈ ?" ਵਜਾਕੁਲਤਾ ਨਾਲ ਪਿੱਠ ਵੱਲ ਤੱਕਿਆ ਤਾਂ ਸੱਚਮੁਚ ਸੂਰਜ ਪਿਛਲੇ ਪਾਸਿਓਂ ਉੱਚਾ ਹੋ ਆਇਆ ਹੈ, ਫਿਰ ਤਾਂ ਖੜੋ ਗਏ, ਦੋਹਾਂ ਸੂਰਜਾਂ ਵੱਲ ਨਜ਼ਰ ਮਾਰੀ, ਹੱਸ ਪਏ ਤੇ ਬੋਲੇ : "ਵਾਹਵਾ ਕਮਾਲ !"

ਅੱਗੇ ਵਧੇ ਪੱਛੋਂ ਦੇ ਸੂਰਜ ਦੇ ਲਾਗੇ ਅੱਪੜੇ, ਕੀ ਵੇਖਦੇ ਹਨ ਕਿ ਇਕ ਆਦਮਕੱਦ ਤੋਂ ਬੀ ਵਡੇਰੀ, ਇਕ ਤਰ੍ਹਾਂ ਦੇ ਕਪੜੇ ਪੁਰ ਰੋਗਨੀ ਤਸਵੀਰ ਸੂਰਜ ਦੀ ਬਣੀ ਹੋਈ ਹੈ, ਜੋ ਐਨ ਚੜ੍ਹਦੇ ਸੂਰਜ ਦੇ ਸਾਹਮਣੇ ਇਸ ਤਰ੍ਹਾਂ ਟਿਕਾਈ ਹੈ ਕਿ ਸੂਰਜ ਦੀ ਸਾਰੀ ਰੌਸ਼ਨੀ ਇਸ ਪਰ ਪੈ ਕੇ ਚਮਕਦੀ ਤੇ ਚੁਫੇਰੇ ਨੂੰ ਤਿਲਕਦੀ ਹੈ। ਰੰਗ ਵਿਚ ਐਸੀ ਚਮਕ ਹੈ ਕਿ ਚੜ੍ਹ ਰਹੇ ਸੂਰਜ ਦੀਆਂ ਕਿਰਨਾਂ ਉਤੇ ਪੈਂਦੀਆਂ ਅਸਲ ਸੂਰਜ ਦੀ ਟਿੱਕੀ ਵਾਂਙੂ ਵਿਚੋਂ ਨਿਕਲਕੇ ਫੈਲਦੀਆਂ ਭਾਸਦੀਆਂ ਹਨ। ਸੂਰਜ ਦੀ ਮੂਰਤ ਦੇ ਮਗਰ ਦੀ ਜ਼ਮੀਨ ਵਿਚ ਐਸੀ ਪ੍ਰਬੀਨਤਾ ਦੀ ਕਲਮ ਫਿਰੀ ਹੈ ਕਿ ਜਿੰਨੇ ਹਿੱਸੇ ਵਿਚ ਆਸਮਾਨ ਦਿਖਾਇਆ ਹੈ, ਆਸਮਾਨ ਨਾਲ ਰੰਗ ਮਿਲ ਗਿਆ ਹੈ। ਜਿਥੇ ਜ਼ਮੀਨ ਦਿਖਾਈ ਹੈ ਜ਼ਮੀਨ ਦੇ ਰੰਗ ਨਾਲ ਰੰਗਤ ਮਿਲ ਗਈ ਹੈ। ਕੋਮਲ ਉਨਰਾਂ ਦੇ ਕਦਰਦਾਨ ਇਹ ਪ੍ਰਬੀਨਤਾ ਵੇਖ ਕੇ ਗਦਗਦ ਹੋ ਰਹੇ ਹਨ ਤੇ ਵਾਹ ਵਾਹ ਕਹਿ ਰਹੇ ਹਨ ਕਿ ਆਪ ਦੀ ਨਜ਼ਰ ਜ਼ਮੀਨ ਉਤੇ ਇਕ ਕਾਗਜ਼ ਪਰ ਪਈ, ਜਿਸ ਤੇ ਲਿਖਿਆ ਸੀ :-

ਸਾਧਨ ਕੋ ਸਿੱਧ 'ਸ਼ਰਣਾਗਤ ਸਮਰ' ਸਿੰਧੁ ਸੁਧਾ ਸਰ ਸੁੰਦਰ ਸਰਸ ਪਦ ਪਾਯੋ ਹੈ। ਕੁਲ ਕੋ ਕਲਿਸ ਕਵਿ ਕਾਮਨਾ ਕੋ ਕਾਮ ਤਰੁ, ਕੋਪ ਕੀਏ ਕਾਲ ਕਵੀਅਨਿ ਗੁਨ ਗਾਯੋ ਹੈ। ਦੇਵਨਿ ਮੈਂ ਦਾਨਵ ਮੈਂ ਮਾਨਵ ਮੁਨਿਨ ਹੂੰ ਮੈਂ ਜਾਂ ਕੋ ਜਸ ਜ਼ਾਹਰ ਜਹਾਨ ਚਲਿ ਆਯੋ ਹੈ। ਤੇਗ ਸਾਚੋ ਦੇਗ ਸਾਚੋ ਸੂਰਮਾ ਸ਼ਰਨ ਸਾਚੋ, ਸਾਚੋ ਪਾਤਸ਼ਾਹ ਗੁਰੂ ਗੋਬਿੰਦ ਕਹਾਯੋ ਹੈ[1]।

ਇਹ ਕਾਗਜ਼ ਪੜ੍ਹਿਆ ਤੇ ਫੇਰ ਮੁਸਕਰਾਏ, ਫੇਰ ਨਜ਼ਰ ਚੁੱਕ ਕੇ ਦੂਰ ਤਕ ਤੱਕਿਆ ਤਾਂ ਕੁਝ ਸਿੰਘ ਦੂਰ ਹੁਕਮ ਦੀ ਉਡੀਕ ਵਿਚ ਖੜੇ ਸਨ। ਆਪ ਨੇ ਸੈਨਤ ਕੀਤੀ ਤਾਂ ਭੱਜੇ ਆਏ। ਆਪ ਨੇ ਪੁੱਛਿਆ "ਇਹ ਕੌਣ ਧਰ ਗਿਆ ਹੈ ?" ਸਭਨਾਂ ਨੇ ਕਿਹਾ : "ਸਚੇ ਪਾਤਸ਼ਾਹ ! ਪਤਾ ਨਹੀਂ ਕੌਣ ਕਿਸ ਵੇਲੇ ਆਇਆ ਤੇ ਰੱਖ ਗਿਆ ਹੈ ?" ਆਪ ਫੇਰ ਮੁਸਕ੍ਰਾਏ ਤੇ ਟੁਰ ਪਏ। ਇਕ ਸਿੱਖ ਇਸੇ ਹੁਕਮ ਦੀ ਉਡੀਕ ਵਿਚ ਖੜਾ ਹੈ ਕਿ ਇਹ ਮੂਰਤ ਚਾਉਣੀ ਹੈ ਕਿ ਨਹੀਂ ? ਆਪ ਨੇ ਪਰਤਕੇ ਡਿੱਠਾ ਤੇ ਕਿਹਾ : "ਚਲੇ ਆਓ, ਪਈ ਰਹਿਣ ਦਿਓ, ਮੂਰਤ ਪਿਆਰੀ ਹੈ, ਕਵਿਤਾ ਨਿਆਰੀ ਹੈ, ਪਰ ਹੱਥ ਖਿਮਾਂਹੀਨ ਹਨ।"

੨.

ਹਾਂ ਜੀ; ਆਪ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ

1. ਦੇਖੋ-ਗੁਰੂ ਗੋਬਿੰਦ ਸਿੰਘ ਜੀ ਦਾ 'ਵਿਦਯਾ ਦਰਬਾਰ'- ਇਸੇ ਪੋਥੀ ਦੇ ਉਤ੍ਰਾਰਧ ਦਾ ਪੰਨਾ ੪੪੨

ਜੀ। ਜੰਗਾਂ ਜੁੱਧਾਂ, ਰਾਜਸੀ, ਰੰਗਾਂ ਵਿਚ ਫਸੇ ਦਿੱਸਦੇ ਮਾਯਾਵੀ ਲੋਕ ਜਾਪਦੇ ਹਨ, ਪਰ ਤੱਕਿਆ ਜੇ ਕਿਤਨੀ ਠੰਢ ਵਿਚ ਅੰਮ੍ਰਿਤ ਵੇਲੇ ਦੇ ਆਸਨ ਜਮਾਏ ਬੈਠੇ ਸਨ? ਕੁਛ ਦਿਨਾਂ ਤੋਂ ਦੀਵਾਨ ਵਿਚੋਂ ਉੱਠ ਕੇ ਇਥੇ ਆ ਬੈਠਦੇ ਹਨ, ਕਦੇ ਭੋਗ ਤੋਂ ਪਹਿਲੇ ਤੇ ਕਦੇ ਪੈਣ ਵੇਲੇ ਅੱਪੜਦੇ ਹਨ। ਅਜ 'ਰੰਗ ਰਤੜੇ ਨਾਰਾਇਣੇ' ਬੈਠੇ ਹੀ ਰਹੇ ਹਨ, ਇੰਨੇ ਕੰਮਾਂ ਵਿਚ ਉਹੀ ਕਲਗੀਆਂ ਵਾਲੇ, ਉਹੀ ਪੂਰਨ ਉਹੀ ਗੁਰਮੁਖ; ਉਹੀ ਰੱਬੀ ਰਸੂਲ, ਉਹੀ ਪੂਰਨ ਅਵਤਾਰ ਉਹੀ ਗੁਰੂ ਹਨ :-

ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮ: ੫)

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ॥ (ਵਾਂ: ਭਾ: ਗੁ: ਦੂਜਾ)

ਜਦੋਂ ਤੇਜ ਪ੍ਰਤਾਪ ਵਿਚ ਲਸਦੇ ਆਪ ਸਿਖਾਂ ਸਣੇ ਟੁਰ ਗਏ, ਮਗਰੋਂ ਦੂਰ ਕੇਲਿਆਂ ਦੀ ਜੜ੍ਹ ਵਿਚੋਂ ਇਕ ਪਤਲੀ, ਪਰ ਲੰਮੀ, ਲਿੱਸੀ ਪਰ ਜਬ੍ਹੇਦਾਰ ਸੂਰਤ ਨਿਕਲੀ, ਮੂਰਤ ਕੋਲ ਆ ਖਲੋਤੀ ਤੇ ਦੂਰ ਤਕ ਚਲੇ ਗਏ ਸਚੇ ਪਾਤਸ਼ਾਹ ਵਲ ਤੱਕਦੀ ਰਹੀ। ਜਦੋਂ ਘੋੜਿਆਂ ਦੀ ਧੂੜ ਬੀ ਗੁੰਮ ਹੋ ਗਈ, ਤਦ ਹਾਹੁਕਾ ਭਰਿਆ : "ਤੇਰੇ ਦਰਬਾਰ ਆਇਆ ਸਾਂ ਕਿ ਪਨਾਹ ਮਿਲੇਗੀ। ਸ਼ਰਨਾਗਤ, ਸ਼ਰਨ ਸੂਰ, ਸ਼ਰਨਪਾਲ ਸੁਣਿਆਂ ਸੈਂ। ਕਲਾ ਕੌਸਲ ਅਰਸ਼ੀ ਉਨਰਾਂ ਦਾ ਕਦਰਦਾਨ ਆਖਦੇ ਸਨ। ਹਾਂ, ਆਇਆ ਸਾਂ, ਆਸਾ ਧਾਰ ਆਇਆ ਸਾਂ, ਨਿਰਾਸ ਵਿਲਾਇਆ ਹਈ ! ਅਹੋ ਕਰਮ ਗਤਿ !"

"ਹੈਂ ! ਕਦਰ ਤਾਂ ਪਾਈ ਸੂ, ਆਖਿਆ ਸੂ 'ਵਾਹਵਾ ਕਮਾਲ' :-

ਗੁਣੀ ਦੀ 'ਵਾਹ ਵਾਹ' ਜੀਵਨ ਦਾਤੀ,<br>ਗੁਣੀ ਦੀ 'ਚੁੱਪ' ਕਲੇਜਾ ਕੱਟ ਕਾਤੀ।<br>ਬੇਸਮਝ ਦੀ ਸਲਾਹੁਤ ਡੈਣ ਬਾਵੇ ਦੀ ਝਾਤੀ।<br>ਮੂਰਖ ਦੀ ਚੁੱਪ ਕੇਵਲ ਚੁੱਪ ਸੁਖ ਦਾਤੀ।

ਗੁਣੱਗਜ ਨੇ ਕਦਰ ਤਾਂ ਪਾਈ, ਪਰ ਮੈਨੂੰ ਲੋੜ ਸ਼ਰਨ ਦੀ ਹੈ ਸ਼ਰਨ ਨਹੀਂ ਸੂ ਦਿੱਤੀ, ਕਿਉਂ ?

"ਮੂਰਤ ਪਿਆਰੀ ਹੈ, ਕਵਿਤਾ ਨਿਆਰੀ ਹੈ, ਪਰ ਹੱਥ ਖਿਮਾਂ ਹੀਨ ਹਨ।"

ਹੱਥ ਖਿਮਾਂ ਹੀਨ ਹਨ ! ਪਰ ਇਸ ਦਾਤੇ ਨੂੰ ਕੌਣ ਸੁਣਾਵੇ ਕਿ ਮੈਂ ਜਤੀ ਹਾਂ, ਸਤੀ ਹਾਂ, ਧਰਮ ਦੀ ਮੂਰਤੀ ਹਾਂ, ਪਾਪ ਰਹਿਤ ਹਾਂ, ਮੋਹ ਲੋਭ ਦਾ ਵਿਜਈ ਹਾਂ, ਚਿਤਰਕਾਰ ਹਾਂ, ਮਾੜਾ ਮੋਟਾ ਕਵੀ ਖੀ ਹਾਂ, ਕੌਣ ਜਾ ਕੇ ਦੱਸੇ ? ਹੈਂ ਜੀ, ਲੋਕੀਂ ਆਖਦੇ ਹਨ ਕਿ ਗੁਰੂ ਅੰਤਰਜਾਮੀ ਹੈ, ਤਦ ਜਾਣਦਾ ਹੋਊ। "ਹਥ ਖਿਮਾਂ ਹੀਨ ਹਨ" ਕੁਛ ਜਾਣ ਕੇ ਹੀ ਕਿਹਾ ਹੋਊ ਨਾ। ਜੇ ਮੈਂ ਖਿਮਾਂ ਹੀਨ ਨਹੀਂ ਤਾਂ ਕਿਵੇਂ ਆਖਿਓਸੁ ? ਮੂਰਤ ਤੋਂ ਹਥਾਂ ਦੀ ਮੁਸ਼ਕ ਲੈ ਲਈਓਸੁ ! ਖਿਮਾਂਹੀਨ ਮੈਂ ਕਿਉਂ ਹੋਵਾਂਗਾ ? ਮਤੇ ਮੈਨੂੰ ਆਪ ਨੂੰ ਹੀ ਆਪਣੇ ਇਸ ਅਵਗੁਣ ਦਾ ਪਤਾ ਨਾ ਹੋਵੇ।

ਹੁਣ ਕੀਹ ਕਰਾਂ ? ਜੇ ਸੈਨਾਪਤਿ ਨੇ ਮੇਰਾ ਜ਼ਿਕਰ ਚਲਾਕੇ ਦਰਸ਼ਨ ਦੇਣ ਲਈ ਕਿਹਾ ਤਾਂ ਨਕ ਵੱਟ ਕੇ ਕਿਹਾ ਨੇ : "ਮਜ਼ਲੂਮ ਨਹੀਂ, ਜ਼ਾਲਮ ਹੈ।" ਅਜ ਕਹਿ ਗਏ ਹਨ ਕਿ :-

"ਹਥ ਖਿਮਾਂ ਹੀਨ ਹਨ।"

ਤ.

ਸੁੰਦਰ ਸੁਹਾਵਣੇ ਬਾਗ਼ ਦੇ ਵਿਚਕਾਰ ਇਕ ਪੱਥਰ ਸ਼ਿਲਾ ਦੇ ਫਰਸ਼ ਵਾਲਾ ਚਬੂਤਰਾ ਹੈ, ਉੱਪਰ ਈਰਾਨੀ ਕਾਲੀਨ ਬਿਛੇ ਹਨ ਸਭਾ ਲਗ ਰਹੀ ਹੈ, ਵਿਚ ਪੰਜਾਹ ਸੱਠ ਕਵੀ ਤੇ ਵਿਦਵਾਨ ਜਨ ਭੀ ਬੈਠੇ ਹਨ, ਆਪੋ ਵਿਚ ਗੱਲਾਂ ਹੋ ਰਹੀਆਂ ਹਨ :-

ਮਰਕੇ ਤਾਂ ਮੁੜ ਕਿਸੇ ਨੇ ਆ ਕੇ ਦੱਸਿਆ ਨਹੀਂ ਤੇ ਜੀਉਂਦਾ ਕੋਈ ਉਥੇ ਜਾ ਨਹੀਂ ਸਕਦਾ, ਫੇਰ ਨਿਸ਼ਚੇ ਕੀਕੂੰ ਹੋਵੇ ਕਿ ਅੱਗੇ ਨਰਕ ਸੁਰਗ ਹੈ ? ਨੰਦ ਲਾਲ[1] ਨੇ ਤਾਂ ਕਰਨੀ ਪਰਧਾਨ; ਸੁਖ, ਦੁਖ, ਜੱਸ, ਅਪੱਜਸ ਇਥੇ ਹੀ ਨਰਕ ਸੁਰਗ ਦੱਸੇ। ਉਦੇ ਰਾਇ ਨੇ ਜੈਸਾ ਬੀਜੇਗਾ ਤੈਸਾ ਫਲ ਖਾਏਗਾ ਕਿਹਾ। ਸੈਨਾਪਤਿ ਪੰਡਿਤ ਕਵੀਸ਼ਰ ਨੇ ਗੁਰੂ ਕੇ ਦਰਸ਼ਨ ਸੇਵਨ, ਸਿਮਰਣ ਤੋਂ ਪਾਰ ਉਤਾਰਾ ਹੋਣਾ ਕਿਹਾ। ਰਾਵਲ ਬੋਲਿਆ ਕਿ ਜੀਵ ਈਸ਼੍ਵਰ ਦੀ ਅੰਸ਼ ਹੈ, ਆਪਣੀ ਅੰਸ਼ ਨੂੰ ਕੋਈ ਦੰਡ ਨਹੀਂ ਦਿੰਦਾ। ਅੱਲੂ ਨੇ ਕਿਹਾ ਕਿ ਦੇਹ ਜੜ੍ਹ ਪੰਜ ਤੱਤ ਦਾ ਪੁਤਲਾ ਹੈ ਤੇ ਅੰਤਹਕਰਣ ਇੰਦ੍ਰੀਆਂ ਦੇ ਸੰਘਾਤ ਦਾ ਨਾਮ ਹੈ, ਰਬ ਵਾਂਙੂ ਆਦਮੀ ਹੈ, ਵੱਖਰਾ ਚੇਤਨ-ਜੀਵ ਕੋਈ ਨਹੀਂ। ਮਧੂ ਨੇ ਮੰਨਿਆਂ ਕਿ ਚੇਤਨ ਜੰਮਦਾ ਮਰਦਾ ਨਹੀਂ, ਆਉਂਦਾ ਜਾਂਦਾ ਨਹੀਂ, ਅਜਰ ਅਖੰਡ ਹੈ, ਲੇਖਾ ਕੌਣ ਕਿਸ ਤੋਂ ਲਵੇ ?

1. ਇਹ ਪ੍ਰਸਿੱਧ ਭਾਈ ਨੰਦ ਲਾਲ ਕਵਿ ਸ਼ਿਰੋਮਣਿ ਜੀ ਨਹੀਂ ਹਨ।

ਚੰਦ ਨੇ ਉਚਾਰਿਆ ਕਿ ਚੰਦ ਚਕੋਰ, ਬਾਲਕ ਮਾਤਾ ਵਾਲੀ ਪ੍ਰੀਤ ਜੀਵ ਈਸ਼੍ਵਰ ਨਾਲ ਰੱਖੇ ਤਦ ਕਲਿਆਣ ਦਾ ਭਾਗੀ ਹੁੰਦਾ ਹੈ। ਬੱਲੂ ਬੋਲਿਆ ਕਿ ਦੁਬਿਧਾ ਦੂਰ ਹੋਵੇ ਤਦ ਸੁਖ ਹੁੰਦਾ ਹੈ, ਲੱਖੇ ਨੇ ਲਖਾਯਾ ਕਿ ਪਾਪ ਪੁੰਨ ਦਾ ਭਾਰ ਲੱਖਾਂ ਮਣਾਂ ਦਾ ਜੀਵ ਦੇ ਸਿਰ ਤੇ ਹੈ, ਜੇ ਦੋਹਾਂ ਨੂੰ ਤਿਆਗੇ ਤਾਂ ਹਲਕਾ ਹੋ ਕੇ ਜੀਵ ਉੱਚਾ ਉਠੇ ਤੇ ਆਨੰਦ ਸੁਖ ਨੂੰ ਮਿਲੇ। ਈਸ਼ਰ ਦਾਸ ਨੇ ਕਿਹਾ, ਜਗਤ ਤਿੰਨ ਕਾਲ ਹੈ ਨਹੀਂ, ਅਸਤੀ, ਭਾਂਤੀ, ਪ੍ਰਿਯ ਰੂਪ ਕਰਕੇ ਪਾਰਬ੍ਰਹਮ ਹੀ ਤ੍ਰਿਕਾਲ ਅਬਾਧ ਹੈ 'ਸੁਪਨਾ ਵੀ' ਜੀਵ ਦੀ ਰਚਨਾ ਵਾਂਙੂ ਜਗਤ ਹੈ। ਧਰਮ ਸਿੰਘ ਨੇ ਆਪਣਾ ਧਰਮ ਹੀ ਕਲਿਆਣਕਾਰੀ ਬੜਾ ਸੁਖ ਦੇਣ ਵਾਲਾ ਦੱਸਿਆ। ਧਿਆਨ ਸਿੰਘ ਨੇ ਤਿਆਗ, ਵੈਰਾਗ ਨੂੰ ਹੀ ਸਾਰੇ ਸੁਖਾਂ ਦਾ ਕਾਰਨ ਕਿਹਾ। ਮਾਲਾ ਸਿੰਘ ਨੇ ਸਤਿਗੁਰੂ ਦੇ ਨਾਮ ਦੀ ਮਾਲਾ ਜਪਣ ਨੂੰ ਪਰਮ-ਤੱਤ ਪ੍ਰਗਟ ਕੀਤਾ। ਆਸਾ ਸਿੰਘ ਨੇ ਅਨਹਦ ਸ਼ਬਦ ਸੁਣਨ ਤੱਕ ਦੇ ਅਭਿਆਸ ਨੂੰ ਹੀ ਸ਼ਾਂਤਿ ਦਾਯਕ ਮੰਨਿਆ। (ਖਾਲਸਾ ਤਵਾਰੀਖ)

ਇਹ ਗੱਲਾਂ ਸਹਿ ਸੁਭਾ ਹੋ ਰਹੀਆਂ ਸਨ ਕਿ ਇੰਨੇ ਨੂੰ ਇਕ ਦੂਤ ਆਇਆ, ਪਾਤੀ ਲਿਆਇਆ ਜੋ ਭਾਈ ਨੰਦ ਲਾਲ ਜੀ ਨੇ ਲੈ ਲੀਤੀ ਤੇ ਹੁਣ ਨਕੀਬ ਦੀ ਆਵਾਜ਼ ਆਈ 'ਮਹਾਰਾਜ ਆਏ!' ਸਭ ਖੜੇ ਹੋ ਗਏ। ਸਭਾ ਦੇ ਵਿਚਕਾਰ ਸੁਨਹਿਰੀ ਪਲੰਘ ਡੱਠਾ ਸੀ, ਉੱਪਰ ਮਖਮਲੀ ਵਿਛਾਉਣਾ ਸੀ, ਮਹਾਰਾਜ ਆਏ ਤੇ ਇਸ ਪਰ ਬਿਰਾਜ ਗਏ :

ਬਸਤ੍ਰ ਸ਼ਸਤ੍ਰ ਕੋ ਪਹਿਰਨ ਕਰਿਕੈ॥
ਸੁੰਦਰ ਅੰਗ ਬਿਭੂਖਨ ਧਰਿਕੈ॥
ਸਭਾ ਬਿਖੈ ਕਲਗੀਧਰ ਆਏ।
ਚਾਮੀਕਰ ਪ੍ਰਯੰਗ ਜਿਸ ਥਾਏ।
(ਗੁ:ਪ੍ਰ:ਸੂ)

ਬਿਰਾਜਦੇ ਹੀ ਸਤਿਗੁਰ ਬੋਲੇ :-

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥ ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥ ਤਿਹੀ ਗੁਣੀ ਸੰਸਾਰ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥ (ਅਨੰਦ-੨੭)

ਕੁਛ ਚਿਰ ਚੁੱਪ ਰਹਿ ਕੇ ਫੇਰ ਗੁਰੂ ਜੀ ਬੋਲੇ :-

"ਭਾਈ! ਸ਼ਾਸਤ੍ਰ ਕੇਵਲ ਕਰਮ, ਉਪਾਸ਼ਨਾ, ਗਿਆਨ, ਅਰਥਾਤ ਜੀਵ, ਪ੍ਰਕ੍ਰਿਤੀ, ਈਸ਼੍ਵਰ ਦੇ ਸਰੂਪ ਦਾ ਤੇ ਸਤੋ, ਰਜੋ ਤਮੋ ਗੁਣੀ ਮਾਇਆ ਦਾ ਅਰ ਤਿੰਨ ਪ੍ਰਕਾਰ ਦੇ ਪੁਰਖਾਂ ਦਾ ਨਿਰਣਾ ਕਰਦਾ ਹੈ, ਚੌਥੇ ਪਦ ਵਿਚ ਵਰਤਣ ਵਾਲੇ ਪੁਰਖ ਦਾ ਅੰਤਰਗਤਿ ਵਰਤਾਵਾ ਕੌਣ ਦੱਸੇ ?

"ਜੋ ਕੇਵਲ ਆਪਣੇ ਅਰ ਆਪਣੇ ਸੰਬੰਧੀਆਂ ਦੇ ਖਾਣ, ਪਾਣ ਪਹਿਰਾਉਣ ਵਾਸਤੇ ਉੱਦਮ ਕਰਨ ਵਾਲੇ ਦੇਹ ਅਧਿਆਸੀ ਹਨ, ਉਹ ਪਾਮਰ ਸੱਦੀਦੇ ਹਨ। ਜੋ ਇਸ ਲੋਕ ਦੇ ਵਿਸ਼ੇ ਭੋਗ ਨੂੰ ਤੁੱਛ ਸਮਝਕੇ ਪ੍ਰਲੋਕ ਦੇ ਦਿੱਬ ਭੋਗ ਸੁਣਕੇ, ਉਹਨਾਂ ਦੇ ਭੋਗਣ ਲਈ ਪੁੰਨ, ਦਾਨ, ਤੀਰਥ, ਬ੍ਰਤ, ਜਪ, ਤਪ ਕਰਦੇ ਹਨ ਓਹ ਵਪਾਰੀ ਕਹਾਂਉਂਦੇ ਹਨ। ਜੋ ਨਿਜ ਸਰੂਪ ਦੀ ਪ੍ਰਾਪਤੀ ਅਰਥ ਮੈਂ ਕੌਣ ਹਾਂ; ਸੰਸਾਰ ਕੀ ਵਸਤੂ ਹੈ ? ਇਹ ਸੋਚਦੇ ਹੋਏ ਅਨਾਤਮਾਂ ਪਰਮਾਤਮਾਂ ਦੇ ਵਿਚਾਰ ਵਿਚ ਲਗੇ ਰਹਿੰਦੇ ਹਨ, ਉਹ ਜਗਿਆਸੂ ਕਹੀਦੇ ਹਨ। ਜੋ ਪੁਰਖ ਕੇਵਲ ਅਕਾਲ ਦੇ ਰੰਗ[1] ਵਿਚ ਰੱਤੇ ਹੋਏ ਹਨ, ਉਹ ਮੁਕਤ ਕਹੀਦੇ ਹਨ। (ਖਾਲਸਾ ਤਵਾਰੀਖ)

ਤਾਂਤੇ-ਆਵਹੁ, ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰਿ ਬਾਣੀ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗ ਜਪਿਹੁ ਸਾਰਿਗ ਪਾਣੀ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥੨੩॥ (ਅਨੰਦ)

"ਇਹ 'ਨਦਰ ਕਰਮ' ਤੇ 'ਗੁਰਬਾਣੀ' ਦਾ ਪ੍ਰਤਾਪ ਹੈ। ਇਹ ਅੰਮ੍ਰਿਤ ਬਾਣੀ ਜਿਨ੍ਹਾਂ ਨੂੰ ਮਿਲੀ ਤੇ ਜਿਨ੍ਹਾਂ ਗਾਵੀ ਉਹ ਸੂਰੇ ਤੇ ਪੂਰੇ ਹੋਏ, ਉਨ੍ਹਾਂ ਦੀ ਲਿਵ ਲੱਗ ਗਈ, ਉਹ ਫੇਰ ਮਾਇਆ ਭ੍ਰਮ ਵਿਚ ਨਹੀਂ ਊਂਘੇ।

ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥ ਕਹੈ ਨਾਨਕੁ ਸੋ ਤਤੁ ਪਾਏ ਜਿਸਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥ (ਅਨੰਦ-੨੭)

"ਲਿਵ-ਅੱਠ ਪਹਿਰ ਮਨ ਦਾ ਲਗਾਉ, ਹਰਛਿਨ ਅੰਦਰਲੇ ਦੀ ਲਗਨ, ਉਸ ਮਾਲਕ ਵਿਚ ਮਨ ਦਾ ਰੁਖ਼। ਹਾਂ ਲਿਵ ਲੱਗੇ ਤਾਂ ਏਥੇ ਬੀ ਸੁਖੀ ਤੇ ਅਗੇ ਬੀ ਸੁਖੀ। 'ਰੰਗ ਰੱਤੜੇ ਹੋਵੋ', 'ਰੰਗ ਰੱਤੜੇ ਰਹੋ।' ਸਦਾ ਚੇਤੇ ਰਖੋ :-

1. ਪ੍ਰੇਮ।

ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ ਕਚੇ ਕੱਚੀ ਆਖਿ ਵਖਾਣੀ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ੨੪॥ (ਅਨੰਦ)

"ਮਾਇਆ ਵਿਚ ਵੱਸੋ, ਵਿਚ ਵੱਸਦੇ ਨਿਰੰਤਰ ਲਗਾਤਾਰ ਇਕ ਰਸ 'ਬੇਅੰਤ' ਵਾਹਿਗੁਰੂ ਵਿਚ ਲੋ ਲਾਈ ਰੱਖੋ :-

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ।" (ਅਨੰਦ)

ਸਭ ਨੇ ਸੀਸ ਨਿਵਾਇਆ, ਸਭ ਦੇ ਚਿਹਰੇ ਖਿੜ ਆਏ। ਪੱਕੀ ਲਿਵ ਵਾਲੇ ਉਮਾਹੇ, ਕੱਚੀ ਵਾਲੇ ਉਛਾਲਾ ਖਾ ਵਧੇ, ਜਗਿਆਸੂ ਹੋਰ ਤ੍ਰਿਖੇ ਹੋ ਟੁਰੇ, ਅਨਲੱਗੇ ਲੱਗ ਪਏ, ਇਸ ਵੇਲੇ ਭਾਈ ਨੰਦ ਲਾਲ ਜੀ ਨੇ ਅੱਗੇ ਆਕੇ ਰੁੱਕਾ ਰੱਖ ਦਿਤਾ।

ਜਿਸ ਨੂੰ ਵਾਚ ਕੇ ਸ੍ਰੀ ਕਲਗੀਧਰ ਜੀ ਨੇ ਨੈਣ ਬੰਦ ਕਰ ਲਏ, ਫੇਰ ਖੁਹਲੇ ਤੇ ਬੋਲੇ :-

ਨਿਹਾਲ ਸਿੱਖਾ ਨਿਹਾਲ[1] !

ਹੁਣ ਕਵੀ ਸੈਨਾਪਤਿ ਜੀ ਉੱਠੇ ਤੇ ਬੋਲੇ:-

ਸ੍ਰੀ ਹਜ਼ੂਰ ਸੱਚੇ ਪਾਤਸ਼ਾਹ ਜੀਉ ! ਬਿਨੈ ਹੈ,

ਮਹਾਰਾਜ ਬੋਲੇ : "ਕਵੀ ਜੀ ! ਨਾ ਜ਼ਿਕਰ ਕਰੋ। ਖੁਸ਼ਕ ਕਰਮਾਂ ਦਾ ਬੰਜਰ ਪਸੰਦ ਨਹੀਂ। ਨੇਕੀ, ਪਵਿੱਤ੍ਰਤਾ, ਧਰਮ, ਧਰਮ ਦੇ ਬ੍ਰਤ ਪਾਲਣੇ ਬੜੇ ਸੁੰਦਰ ਹਨ; ਪਿਆਰੇ ਹਨ, ਪਰ ਬਈ ਇਹ ਮਨੁੱਖੀ ਚੋਲਾ ਹੈ, ਹਰ ਕੋਈ ਭੁਲਣਹਾਰ ਹੈ ਕੌਣ ਹੈ ਜੋ ਨਹੀਂ ਭੁੱਲਦਾ, ਭੁੱਲ ਪਰ ਨਿਰਦਈ ਹੋ ਜਾਣਾ ਇਹ ਪਰਮੇਸ਼ੁਰ ਦੇ ਪਿਆਰ ਮੰਡਲ ਵਿਚ ਥਾਂ ਨਹੀਂ ਰੱਖਦਾ।"

ਤਦੋਂ ਪਾਸੋਂ ਅੱਲੂ ਨੇ ਕਿਹਾ: "ਸਚੇ ਪਾਤਸ਼ਾਹ! ਕੱਲ੍ਹ ਇਕ ਸੂਫੀ ਫਕੀਰ ਦੱਸਦਾ ਸੀ ਕਿ ਕਿਸੇ ਮਤ ਵਿਚ ਪਾਪਾਂ ਦੀ ਮਾਫੀ ਹੈ ਹੀ ਨਹੀਂ ਜਿਹਾ ਕੋਈ ਕਰੇ ਤਿਹਾ ਉਸ ਨਾਲ ਕਰੋ ਤੇ ਕਿਸੇ ਮਤ ਵਿਚ ਲਿਖਿਆ ਹੈ, ਆਪਣੇ ਦੋਸ਼ੀ ਨੂੰ ਇਕ ਵਾਰ ਮਾਫ ਕਰੋ, ਕਿਸੇ ਵਿਚ ਸੱਤ ਵੇਰ ਮਾਫ ਕਰੋ, ਉਹ ਆਖਦਾ ਸੀ ਮੇਰਾ ਮੁਰਸ਼ਿਦ ਕਹਿੰਦਾ ਹੈ ਸੱਤਰ ਵੇਰ ਮਾਫ ਕਰੋ।"

ਸਤਿਗੁਰ ਬੋਲੇ : "ਜੇ ਤੁਸੀਂ ਬਾਬੇ ਨਾਨਕ ਦੇ ਹੋ ਤਾਂ ਜਿੰਨੀ ਵੇਰ ਕੋਈ ਭੁੱਲਕੇ ਸੱਚੇ ਦਿਲੋਂ ਪਛੁਤਾਵੇ, ਉੱਨੀ ਵੇਰ ਮਾਫ ਕਰ ਦਿਆ ਕਰੋ, ਗਿਣਤੀ ਵਿਚ ਨਾ ਵੱਸੋ। ਤੁਸੀਂ ਭੁੱਲਣਹਾਰ ਹੋ, ਤੁਹਾਡਾ ਅਪਰਾਧੀ ਭੁੱਲਣਹਾਰ ਹੈ। ਜੇ ਕੋਈ ਤੁਹਾਡੇ ਅਪਰਾਧ ਦਾ ਲੇਖਾ ਲਵੇ ਤਾਂ ਤੁਸੀਂ ਚਾਹੋਗੇ ਸਾਨੂੰ ਮਾਫ ਕਰੇ, ਜੇ ਭਲਾ ਤੁਸੀਂ ਕਿਸੇ ਦਾ ਲੇਖਾ ਲੈਂਦੇ ਹੋ, ਤਾਂ ਕੀ ਉਸ ਦਾ ਚਿੱਤ ਮਾਫੀ ਨੂੰ ਨਹੀਂ ਕਰਦਾ ? ਫੇਰ ਤੁਸੀਂ ਬੀ ਮਾਫ ਕਰੋ। ਆਪਣੇ ਦੋਸ਼ਾਂ ਨੂੰ ਚਿਤਾਰਕੇ ਦੂਸਰਿਆਂ ਨਾਲ ਨਰਮ ਰਹੋ, ਦੂਸਰਿਆਂ ਦੇ ਔਗੁਣ ਵੇਖਕੇ ਕਠੋਰ ਚਿੱਤ ਤੇ ਹੈਂਕੜ ਵਾਲੇ ਨਾ ਬਣੋਂ। ਪਾਪ ਦਾ ਦੰਡ ਦੇਣਾ ਸੰਸਾਰ ਦੇ ਦੂਸਰੇ ਪ੍ਰਾਣੀਆਂ ਦੇ ਸੁਖ ਲਈ ਗੁਣਕਾਰੀ ਹੈ; ਪਰ ਭਾਈ 'ਮਾਫੀ' ਦਾ ਵੀ ਕੋਈ ਟਿਕਾਣਾ ਹੈ ਤੇ ਉੱਚਾ ਹੈ। ਹਾਂ ਧਰਮ ਦੇ ਮੂਤਰ ਤੇ ਸ਼ਰ੍ਹਾ ਦੇ ਕਾਇਦੇ ਆਖਦੇ ਹਨ : 'ਜੈਸਾ ਕਰੇ ਤੈਸਾ ਭਰੇ'। ਉਂਵ ਬਦੀ ਸਦਾ ਉਲਟਦੀ ਹੈ ਤੇ ਬਦੀ ਕਰਨ ਵਾਲੇ ਦੇ ਹੀ ਗਲ ਚੰਬੜਦੀ ਹੈ। ਹਾਂ, ਦੇਸ਼ ਦਾ ਪ੍ਰਬੰਧ ਤੇ ਭਾਈਚਾਰਾ ਆਪੋ ਆਪਣੀ ਥਾਂ ਸਜ਼ਾ ਬੀ ਦੇਂਦੇ ਹਨ; ਪਰ ਬਈ ਕਿਤੇ 'ਖਿਮਾਂ' ਆਕੇ ਸਜ਼ਾ ਦੀ ਨਿਰਦਯਤਾ ਦੇ ਅੰਗ ਨੂੰ ਕੂਲਿਆਂ ਕਰਦੀ ਹੈ।"

ਅੱਲੂ-ਪਰ ਹਜ਼ੂਰ ਸੱਚੇ ਪਾਤਸ਼ਾਹ ! ਜੇ ਦੰਡ ਨਾ ਦਿਤਾ ਜਾਵੇ ਤਾਂ ਸੰਸਾਰ ਦਾ ਪ੍ਰਬੰਧ ਨਾ ਰਹੇ।

ਗੁਰੂ ਜੀ-ਰਾਜਾ ਆਪਣੇ ਨਿਯਮ ਪਾਲਦਾ ਹੈ ਤੇ ਪਾਲੇਗਾ, ਰਾਜਾ ਤੀਸਰਾ ਤਿਹਾਕ ਤੇ ਨਿਰਪੱਖ ਹੋ ਕੇ ਦੰਡ ਦੇਵੇ। ਖੁਣਸ, ਕੀਨੇ ਕਠੋਰਤਾ ਨਾਲ ਨਹੀਂ, ਜੇ ਖੁਣਸਕੇ ਦੰਡ ਦੇਵੇ ਤਾਂ ਉਹ ਬੀ ਦੇਣਦਾਰ ਹੈ। ਰਾਜਾ ਦਾ ਦੰਡ ਨਿਰਪੱਖ ਤੱਕੜੀ ਦਾ ਤੋਲ ਹੈ, ਪਰ ਓਥੇ ਵੀ ਕਦੇ ਖਿਮਾਂ ਦੀ ਲੋੜ ਪੈ ਜਾਂਦੀ ਹੈ।

ਵਾਹਿਗੁਰੂ ਬਖਸ਼ਿੰਦ ਹੈ ਤੇ ਉਸ ਦੇ ਪਿਆਰੇ ਬਖਸ਼ਿੰਦ ਹਨ। ਬਖਸ਼ਿਸ਼ ਇਲਾਹੀ ਉਛਾਲ ਹੈ, ਬਖ਼ਸ਼ਿਸ਼ ਰਬ--ਪਿਆਰੇ ਦਾ ਉਮਾਹ ਹੈ।

ਸੈਨਾਪਤਿ-ਫੇਰ ਮਹਾਰਾਜ ਜੀ !....

ਗੁਰੂ ਜੀ-ਬਈ ! ਤੂੰ ਜੋ ਗਲ ਕਰਨਾ ਚਾਹੁੰਦਾ ਹੈਂ। ਉਸ ਵਿਚ ਪਰਮ ਕਠੋਰਤਾ ਹੈ, **ਅਸੀਂ ਕਠੋਰ ਨੇਕਾਂ ਦੇ ਨਹੀਂ, ਪਰ ਮ੍ਰਦੇ ਪਾਪੀਆਂ ਦੇ ਬੇਲੀ**

1. ਇਹ ਰੁਕਾ ਜੈ ਸਿੰਘ ਦਾ ਸੀ। ਜੈ ਸਿੰਘ ਸਤਿਗੁਰਾਂ ਦਾ ਭਗਤਿ ਕਵੀ ਸੀ। ਦੇਖੋ ਇਸ ਪੋਥੀ ਦਾ ਪੈਨਾ ੩੯੦।

ਹਾਂ। ਨੀਚਾਂ ਅੰਦਰ ਜੋ ਨੀਚ ਹਨ ਗੁਰੂ ਨਾਨਕ ਉਹਨਾਂ ਦੇ ਸੰਗ ਸਾਥ ਹੈ। ਮਹਾਂ ਧਰਮੀ ਬ੍ਰਤਧਾਰੀ ਨੇਕੀ ਦੇ ਪੁਤਲੇ ਅਭੁੱਲ ਤੇ ਪੁੰਨੀ ਬਣੇ ਬੈਠੇ ਹਨ, ਉਹ ਲੋਕ ਸਾਥੋਂ ਦੂਰ ਹਨ। ਉਹ ਆਪਣੇ ਆਪ ਨੂੰ ਰਾਜ਼ੀ ਜਾਣਦੇ ਹਨ। ਸਾਡੀ ਉਹਨਾਂ ਨੂੰ ਕੀ ਲੋੜ ? ਅਸੀਂ ਤਾਂ ਆਤਮ ਰੋਗੀਆਂ ਦੇ ਵੈਦ ਹਾਂ ਤੇ ਦੁਖੀਆਂ ਦੇ ਬੇਲੀ ਹਾਂ। ਤੁਰਕ ਜ਼ੁਲਮ ਤੇ ਪਾਪ ਕਰਦੇ ਹਨ, ਉਹਨਾਂ ਦਾ ਬੀ ਇਲਾਜ ਕਰ ਰਹੇ ਹਾਂ। ਪਰਜਾ ਦਬੇਲ ਹੋ ਰਹੀ ਹੈ, ਉਸ ਦਾ ਬੀ ਦਾਰੂ ਕਰ ਰਹੇ ਹਾਂ। **ਸਾਡੀ ਤਲਵਾਰ ਪਿਤਾ ਦੀ ਚਪੇੜ ਤੇ ਮਾਂ ਦੀ ਝਿੜਕ ਹੈ ਸਾਡੀ ਬਾਣੀ ਮਾਤਾ ਦਾ ਦੁੱਧ ਹੈ : ਸਾਡੀ ਪ੍ਰੇਰਨਾ ਪਿਤਾ ਦਾ ਥਾਪੜਾ ਹੈ।**

ਸੈਨਾਪਤਿ-ਫਿਰ ਹੇ ਕ੍ਰਿਪਾਲ ਇਕ ਨਜ਼ਰ !

ਸਤਿਗੁਰੂ ਜੀ-ਚਿਖਾ ਬਲ ਰਹੀ ਹੈ। ਨਿਰਅਪਰਾਧ ਜੀਉਂਦੇ ਸੜ ਰਹੇ ਹਨ, ਸੜ ਰਹੇ ਹਨ, ਪਰ ਮਰ ਨਹੀਂ ਰਹੇ। ਹਾਂ ਸੀਖ ਪੁਰੋਤੇ ਕੋਲਿਆਂ ਤੇ ਧਰੇ ਕਬਾਬ ਹੋ ਰਹੇ ਹਨ। ਫੇਰ ਆਪ ਨੂੰ ਕਬਾਬ ਹੁੰਦਾ ਦੇਖ ਬੀ ਰਹੇ ਹਨ। ਐਸੀ ਜਾਰੀ ਨਿਰਦਯਤਾ ਵਿਚ ਨਿਰਦਈ ਦਾ ਯਾਰ ਨਹੀਂ ਬਣਨਾ। ਚਿਖਾ ਬੁਝਾ ਕੇ ਕੋਈ ਆਵੇ ਰੋਵੇ ਤੇ ਖਿਮਾਂ ਮੰਗੇ, ਉਸ ਦੇ ਵਗਦੇ ਜ਼ਖਮਾਂ ਤੇ ਮਲ੍ਹਮ ਧਰਾਂਗਾ, ਉਸ ਦੇ ਫੱਟ ਸੀਵਾਂਗਾ, ਉਸ ਦੇ ਜ਼ੁਲਮ ਨਾਲ ਥੱਕੇ ਹੱਥਾਂ ਨੂੰ ਆਰਾਮ ਦਿਆਂਗਾ, ਉਸ ਦੇ ਰੋਂਦੇ ਨੈਣ ਪੂੰਝਾਂਗਾ। ਹਾਂ, ਹਾਂ, ਮੇਰਾ ਰੱਬ ਬਖਸ਼ਿੰਦ ਹੈ। ਹਾਂ, ਦਯਾ ਸਿੰਘ ! ਉਹ ਬੀਬੀ ਕਿਥੇ ਹੈ ਜੋ ਰਾਤ ਰੋਂਦੀ ਸੁਣਾਈ ਦੇਂਦੀ ਸੀ ?

ਦਯਾ ਸਿੰਘ-ਸਚੇ ਪਾਤਸ਼ਾਹ ! ਉਹ ਇਕ ਸਿੱਖ ਦੀ ਬੇਟੀ ਹੈ ਤੇ ਸਿੱਖ ਦੀ ਇਸਤ੍ਰੀ ਹੈ। ਤੁਰਕਾਂ ਨੇ ਮੱਲੋ ਮੱਲੀ ਤੁਰਕਾਣੀ ਕਰ ਲੀਤੀ ਸੀ। ਉਹ ਜਿਉਂ ਤਿਉਂ ਕਰਕੇ ਉਥੋਂ ਨਿਕਲ ਕੇ ਘਰ ਗਈ। ਘਰ ਦਿਆਂ ਕੱਢ ਦਿੱਤੀ ਤੇ ਆਪ ਦੇ ਦੁਆਰੇ ਸ਼ਰਨ ਆਈ ਹੈ। ਪਰ ਉਸ ਦੇ ਸਾਹੁਰੇ ਚਾਹੁੰਦੇ ਹਨ ਕਿ ਆਪ ਨੂੰ ਖ਼ਬਰ ਨਾ ਮਿਲੇ।

ਹੁਕਮ ਹੋਇਆ : ਜਾਓ, ਕਾਕੀ ਨੂੰ ਲਿਆਓ। ਤਤ ਛਿਨ ਸਿੰਘ ਗਏ ਤੇ ਬੀਬੀ ਨੂੰ ਲਿਆਏ। ਸਤਿਗੁਰ ਨੇ ਆਖਿਆ: ਬੱਚੀ ਕੀ ਵਰਤੀ ? ਬੀਬੀ ਨਿੰਮ੍ਰਤਾ ਨਾਲ ਬੋਲੀ: "ਸਚੇ ਪਾਤਸ਼ਾਹ ! ਤੁਰਕ ਮੱਲੋ ਮੱਲੀ ਬੰਨ੍ਹ ਕੇ ਲੈ ਗਏ, ਉਥੋਂ ਮਰ ਮਰ ਕੇ ਨਿਕਲੀ ਹਾਂ, ਘਰਦਿਆਂ ਨੇ ਤ੍ਰਾਹ ਦਿੱਤੀ ਹਾਂ, ਹੁਣ ਸੰਸਾਰ ਵਿਚ ਕੋਈ ਠਾਹਰ ਨਹੀਂ।" ਤਦੋਂ ਬਖਸ਼ਿੰਦ ਲਬ ਥਰਕੇ, ਬੋਲੇ : "ਤੇਰੀ ਠਾਹਰ ਗੁਰੂ ਨਾਨਕ ਹੈ।" ਉਸੇ ਵੇਲੇ ਅੰਮ੍ਰਿਤ ਤਿਆਰ ਕਰਾਇਆ ਤੇ ਛਕਾਇਆ ਗਿਆ। ਹੁਕਮ ਹੋਇਆ :-

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦ
ਸੁਆਮੀ ਸੰਦਾ॥ (ਬਿਹਾ : ਛੰਤ ਮਹਲਾ ੫)

ਕੁੜੀ ਦੇ ਪਤੀ ਨੂੰ, ਪਰਵਾਰ ਨੂੰ, ਸਰਬ ਸਿੱਖੀ ਨੂੰ, ਹੁਕਮ ਹੋਇਆ, ਜੋ ਭੁੱਲਾ ਭਟਕਿਆ, ਪਾਪੀ ਪੁੰਨੀ ਸ਼ਰਨ ਆਵੇ ਮੇਲ ਲਓ। ਇੰਨੇ ਨੂੰ ਇਕ ਕਾਕੀ ਹੋਰ ਆਈ, ਉਨ੍ਹੇ ਦਸਿਆ : ਪਾਤਸ਼ਾਹ! ਮੇਰਾ ਪਤੀ ਪੰਜ ਪੀਰੀਆ ਤੇ ਐਬੀ ਸੀ ਅਤੇ ਮੈਂ ਸਿੱਖ ਦੀ ਧੀ ਸਾਂ। ਮੈਂ ਆਪਣੇ ਪਤੀ ਦੇ ਸਾਰੇ ਹੁਕਮ ਮੰਨੇ, ਪਰ ਸਿੱਖ ਧਰਮ ਵਿਰੁੱਧ (ਜਿਹਾ ਕੁ ਬਾਣੀ ਨਹੀਂ ਪੜ੍ਹਨੀ) ਨਹੀਂ ਮੰਨੇ। ਪਰ ਮੈਂ ਉਸ ਨੂੰ ਸਿੱਖੀ ਵਿਚ ਪ੍ਰੇਰਦੀ ਰਹੀ। ਹੁਣ ਉਨ੍ਹਾਂ ਨੂੰ ਆਪਣੀ ਆਤਮ ਮੌਤ ਦਿਸ ਪਈ ਤੇ ਨਾਮ ਜਪਦੇ ਹਨ ਤੇ ਗੁਰੂ ਕੀ ਸ਼ਰਨ ਹਨ। ਮੈਂ ਉਨ੍ਹਾਂ ਦੀ ਸੇਵਾ ਕਰਦੀ ਹਾਂ, ਪਰੰਤੂ ਪਹਿਲੇ ਸਮੇਂ ਜੋ ਮੈਂ ਗੁਰ ਆਗਯਾ ਵਿਰੁੱਧ ਗੱਲਾਂ ਵਿਚ ਉਹਨਾਂ ਅੱਗੇ ਨਹੀਂ ਝੁਕੀ ਤੇ ਆਪਣੇ ਹਠ ਤੇ ਪੱਕੀ ਰਹੀ, ਉਹ ਮੇਰੀ ਭੁੱਲ ਬਖਸ਼ੀ ਜਾਵੇ। ਇਸ ਪਰ ਹੁਕਮ ਹੋਇਆ : ਤੂੰ ਆਪਣੇ ਪਤੀ ਨੂੰ ਸੁਮੱਤੇ ਪਾ ਕੇ ਕ੍ਰਿਤਾਰਥ ਕੀਤਾ ਹੈ...। ਤੂੰ ਉਸ ਨੂੰ ਪਰਮੇਸ਼ਰ ਪਰਾਇਣ ਕਰਕੇ ਵਡਭਾਗੀ ਹੋਈਓਂ। ਤੂੰ ਉਸਦਾ ਭਲਾ ਲੋਚਣ ਵਾਲੀ ਪਤਿਬ੍ਰਤਾ ਹੈਂ। ਇਧਰ ਉਸ ਦੇ ਪਤੀ ਨੇ ਖਿਮਾਂ ਮੰਗੀ ਕਿ ਮੈਂ ਇਸ ਨੂੰ ਭਜਨ ਕਰਨੋ, ਪਾਠ ਕਰਨੋ, ਦਾਨ ਦੇਣੋ ਰੋਕਦਾ ਰਿਹਾ ਹਾਂ, ਮੈਂ ਅਪਰਾਧੀ ਹਾਂ, ਸਤਿਗੁਰ ਨੇ ਇਸ ਨੂੰ ਬੀ ਬਖਸ਼ਿਆ, ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। (ਤਵਾਰੀਖ ਖਾਲਸਾ ੫੫੭)

੪.

**ਇਕ** ਅਲੂਚਿਆਂ ਦੇ ਬੂਟਿਆਂ ਦੀ ਝੰਗੀ ਹੈ, ਪਰ ਸਾਰੇ ਅਪੱਤ ਹਨ। ਨਾ ਫੁਲ ਨਾ ਫਲ ਨਾ ਪੱਤਾ ਹੈ। ਡੋਡਰ ਡਾਲੀਆਂ ਦੀ ਉਦਾਸੀ ਹੀ ਉਦਾਸੀ ਛਾ ਰਹੀ ਹੈ। ਇਨ੍ਹਾਂ ਬੂਟਿਆਂ ਵਿਚੋਂ ਪੈ ਰਹੀ ਧੁੱਪ ਵਿਚ ਕਵਿ ਸੈਨਾਪਤਿ ਜੀ ਬੈਠੇ ਚਲ ਰਹੀ ਵਾਰਤਾਲਾਪ ਵਿਚ ਕਹਿ ਰਹੇ ਹਨ :-ਹੰਸ ਜੀ !

ਠੀਕ ਹੈ, ਮੈਂ ਭੀ ਦਰਸ਼ਨ ਵਿਚਾਰੇ ਘੋਖੇ ਸਨ। ਦੇਸ਼ ਦਿਸ਼ਾਂਤਰ ਫਿਰਿਆ ਸਾਂ, ਸਾਧੂ ਤਪੀ ਹਠੀ ਵੇਖੇ ਸਨ ਪਰ ਮੇਰੀ ਦਸ਼ਾ ਕਵੀ ਭਿੱਖੇ ਵਰਗੀ ਹੀ ਸੀ :-

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥ ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥ ਗੁਰ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥੨੦॥ (ਸਵਈਏ ਮ: ੩ ਕੇ)

ਏਥੇ ਹੀ ਆਕੇ ਮੇਰੀ ਘੁੰਡੀ ਖੁਲ੍ਹੀ ਤੇ ਟਿਕਾਉ ਮਿਲਿਆ।

ਹੰਸ-ਮੈਂ ਬੀ ਇਵੇਂ ਹੀ ਏਥੇ ਆਯਾ ਹਾਂ, ਪਰ ਸਮਝ ਨਹੀਂ ਪੈਂਦੀ ਕਿ ਮੈਨੂੰ ਖਿਮਾਂ ਹੀਨ ਕਹਿ ਕੇ ਕਿਉਂ ਪਰੇ ਰੱਖਿਆ ਜਾਂਦਾ ਹੈ। ਮੈਂ ਤੈਨੂੰ ਸੱਚ ਦੱਸਦਾ ਹਾਂ ਕਿ (੧) ਮੈਂ ਪੂਰਨ ਜਤੀ ਹਾਂ, ਪੂਰਨ ਬ੍ਰਹਮਚਾਰੀ ਹਾਂ। ਮਨ, ਬਚ, ਕਾਯਾਂ ਕਰਕੇ ਬਚਦਾ ਰਿਹਾ ਹਾਂ। (੨) ਮੈਂ ਸਤਿਵਾਦੀ ਰਿਹਾ ਹਾਂ, ਕਦੇ ਝੂਠ ਨਾਲ ਮੇਰੀ ਜੀਭ ਨੇ ਸਪਰਸ਼ ਨਹੀਂ ਕੀਤਾ। (੩) ਮੈਂ ਅਚੌਰਯ ਰਿਹਾ ਹਾਂ, ਜਿਸ ਨੂੰ ਸ਼ਾਸਤ੍ਰ ਅਸਤੇਯ ਬੀ ਕਹਿੰਦੇ ਹਨ। ਮੈਂ ਕਦੇ ਕਿਸੇ ਦੇ ਧਨ ਦਾ ਲੋਭ ਨਹੀਂ ਕੀਤਾ। (੪) ਮੈਂ ਅਪਰਿਗ੍ਰਹਿ ਅਰਥਾਤ ਮੋਹ ਦੇ ਪੂਰਨ ਤਯਾਗ ਵਿਚ ਰਿਹਾ ਹਾਂ, ਏਥੋਂ ਤਕ ਮੇਰਾ ਤਯਾਗ ਗਿਆ ਸੀ ਕਿ ਕੁਝ ਚਿਰ ਮੈਂ ਬਸਤ੍ਰ ਭੀ ਨਹੀਂ ਪਹਿਨੇ। (੫) ਅਹਿੰਸਾ[1] ਮੇਰਾ ਪਰਮ ਧਰਮ ਰਿਹਾ ਹੈ, ਸਤਿਗੁਰ ਜੀ ਮੈਨੂੰ ਖਿਮਾਂ ਹੀਨ ਕਹਿੰਦੇ ਹਨ। ਮੈਂ ਅਹਿੰਸਾ ਏਥੋਂ ਤਕ ਨਿਬਾਹੀ ਹੈ ਕਿ ਮੈਂ ਕਦੇ ਜੀਵ ਮਾਤ੍ਰ ਨਹੀਂ ਦੁਖਾਯਾ। ਮੈਂ ਜੀਵਾਂ ਤੇ ਦਯਾ ਵੀ ਪੂਰੀ ਪੂਰੀ ਪਾਲੀ ਹੈ। ਮੱਛਰ ਤੇ ਜੂੰ ਤਕ ਦੀ ਬੀ ਪਾਲਨਾ ਕੀਤੀ ਹੈ। ਮੈਂ ਬੈਠਣ ਉਠਣ ਤੁਰਨ ਖਾਣ ਵਿਚ ਅਤਿ ਦਰਜੇ ਦੀ ਅਹਿੰਸਾ ਦਾ ਖਿਆਲ ਰੱਖਿਆ ਹੈ। ਇਸ ਲਾਲਸਾ ਵਿਚ ਕਿ ਮੇਰੀ ਪੂਰਨ ਅਹਿੰਸਾ ਕਿਵੇਂ ਸਿਰੇ ਚੜ੍ਹੇ ਮੈਂ ਸਭ ਕੁਛ ਖਾਣਾ ਛੱਡਕੇ ਪੱਤਿਆਂ ਤੇ ਆ ਗਿਆ। ਪਰ ਇਕ ਦਿਨ ਪੱਤੇ ਤੇ ਬੀ ਕੁਛ ਅਤਿ ਨੰਨ੍ਹੇ ਜੀਵ ਦਿੱਸ ਪਏ। ਫਿਰ ਮੈਂ ਬ੍ਰਿਛਾਂ ਦੇ ਸੁਕੇ ਟੁੰਡ ਦਾ ਜੋ ਆਟਾ ਜਿਹਾ ਬਣ ਜਾਂਦਾ ਹੈ ਖਾਣ ਤੇ ਰਹਿ ਗਿਆ। ਪਰ ਇਕ ਦਿਨ ਇਸ ਵਿਚ ਵੀ ਜੀਵ ਪਏ ਦੇਖੇ, ਤਦ ਮੈਂ ਇਹ ਬੀ ਛਡਿਆ ਤੇ ਫੇਰ ਸਾਧਾਰਨ ਭੋਜਨ ਤੇ ਆ ਗਿਆ। ਇੰਨੀ ਅਤਿ ਕਰਕੇ ਨਾ-ਕਾਮਯਾਬੀ ਦਾ ਮੂੰਹ ਦੇਖ ਕੇ ਮੇਰੇ ਦਿਲ ਨੇ ਠੱਸਾ ਖਾਧਾ, ਨਿਰਾਸ਼ਤਾ ਛਾਈ ਤੇ ਮੈਂ ਘਬਰਾਕੇ ਮਠ ਛੱਡ ਕੇ ਹੋਰ ਤਲਾਸ਼ ਵਿਚ ਟੁਰ ਪਿਆ ਸਾਂ। ਹੁਣ ਤੂੰ ਸੋਚ ਲੈ, ਜਿਸ ਨੇ ਇਤਨੀ ਅਹਿੰਸਾ ਪਾਲੀ ਹੋਵੇ ਖਿਮਾਂ ਹੀਨ ਕੀਕੂੰ ਹੈ ?

ਸੈਨਾਪਤਿ-ਭਾਈ 'ਦੂਖ ਨ ਦੇਈ ਕਿਸੈ ਜੀਅ' ਤਾਂ ਸਤਿਗੁਰ ਬੀ ਕਹਿੰਦੇ ਹਨ, ਪਰ ਤੁਸੀਂ ਤਾਂ ਉਸ ਅਹਿੰਸਾ ਵਿਚ ਪਏ ਕਿ ਜੋ ਨਾ ਹੋ ਸਕੇ। ਭਲਾ ਜੇ ਗਊ ਦੇ ਜ਼ਖਮ ਵਿਚ ਕ੍ਰਿਮ ਪੈ ਜਾਣ ਤਾਂ, ਜੇ ਇਸ ਪਰ ਦਯਾ ਨਾ ਕਰੇ ਤਾਂ ਅਹਿੰਸਾ 'ਜੀਵ-ਦਯਾ' ਤਕ ਨਾ ਅੱਪੜੀ, ਗਾਂ ਦੁਖੀ ਹੋ ਰਹੀ ਤੇ ਮਰ ਗਈ। ਹਾਲਾਂਕਿ ਉਸ ਦੀ ਜਿੰਦ ਬਚ ਸਕਦੀ ਸੀ ਤੇ ਜੇ ਦਯਾ ਕਰੇ ਤੇ ਬਰੋਜ਼ਾ ਤੇਲ ਆਦਿ ਜ਼ਖਮਾਂ ਪਰ ਪਾ ਕੇ ਕ੍ਰਿਮ ਮਾਰ ਕੇ ਬੀਮਾਰ ਗਾਂ ਨੂੰ ਵੱਲ ਕਰ ਦੇਵੇ ਤਾਂ ਉਹ ਗਾਂ ਤੇ ਦਯਾ ਪਰ ਜ਼ਖਮ ਵਿਚ ਪਏ ਕ੍ਰਿਮਾਂ ਦੀ ਹਿੰਸਾ ਹੋ ਗਈ।

ਹੰਸ-ਠੀਕ ਕਹਿੰਦੇ ਹੋ ਮੈਂ ਤਦੇ ਤਾਂ ਉਦਾਸ ਹੋ ਆਪਣੇ ਮਠ ਤੋਂ ਟੁਰਕੇ ਥਾਂ ਥਾਂ ਫਿਰਦਾ ਏਥੇ ਆਯਾ ਹਾਂ ਪਰ ਮੈਂ ਅਹਿੰਸਾ ਦੀ ਅਵਧੀ ਕੀਤੀ ਹੋਈ ਹੈ, ਖਿਮਾਂ ਹੀਨ ਤਾਂ ਨਹੀਂ ਨਾ। ਮੈਂ ਤੈਨੂੰ ਸੱਚ ਆਖਦਾ ਹਾਂ ਕਿ ਮੈਂ ਏਥੋਂ ਬੀ ਟੁਰ ਜਾਂਦਾ, ਕਿਉਂਕਿ ਏਥੇ ਸਭ ਸਮਾਨ ਰਾਜਸੀ ਹੈ ਪਰ ਮੈਂ ਕਿੰਨੇ ਚਿਰ ਤੋਂ ਏਥੇ ਚੁਪ ਚਾਪ ਰਹਿਕੇ ਦੇਖ ਰਿਹਾ ਹਾਂ ਕਿ (੧) ਆਪ ਅਰ ਆਪਦੇ ਸਿਖ ਸਤਯ ਦੇ ਪਰਮ ਪ੍ਰੇਮੀ ਹਨ, ਪੂਰਨ ਸਤਯਵਾਦੀ ਹਨ। (੨) ਸਾਰੇ ਗ੍ਰਿਸਤੀ ਹਨ, ਪਰ ਫੇਰ ਪਰਤ੍ਰਿਯਾ ਵੱਲ ਕੋਈ ਨਹੀਂ ਤੱਕਦਾ, ਸਾਰੇ ਦੂਸਰੇ ਦੀ ਮਾਂ ਭੈਣ ਇਸਤ੍ਰੀ ਨੂੰ ਸਤਿਕਾਰ ਨਾਲ ਦੇਖਦੇ ਹਨ। (੩) ਫਿਰ ਸਾਰੇ ਅਸੱਤੇਯ ਹਨ, ਕਿਸੇ ਸਿਖ ਨੂੰ ਕਿਸੇ ਸ਼ੈ ਤੇ ਲੋਭ ਕਰਦੇ ਨਹੀਂ ਡਿੱਠਾ। ਤਯਾਗੀ ਵਿਰਕਤ ਨਹੀਂ ਹਨ, ਪਰ ਦਸਾਂ ਨਹੁਵਾਂ ਦੀ ਕਮਾਈ ਦਾ ਕਮਾ ਕੇ ਖਾਂਦੇ ਹਨ ਤੇ ਪਰ-ਦਰਬ ਵਲ ਤੱਕਦੇ ਤੱਕ ਨਹੀਂ। (੪) ਵੈਰਾਗ ਬੀ ਦੇਖਦਾ ਹਾਂ ਪਰ

1. ਇਹ ਪੰਜ ਬਰਤ ਹਨ।

ਅਨੋਖਾ ਜਿਹਾ। ਸਾਰੇ ਗੁਰੂ ਨਾਲ ਤਾਂ ਰਾਗ ਵਿਚ ਹਨ ਪਰ ਫੇਰ ਇਸਤ੍ਰੀ ਪੁਤ੍ਰ ਪਰਵਾਰ ਵਿਚ ਵਸਦੇ ਹੋਏ ਇਨ੍ਹਾਂ ਦੇ ਮੋਹ ਵਿਚ ਖਚਿਤ ਨਹੀਂ ਹਨ। ਕੋਈ ਮਰ ਜਾਏ ਤਾਂ 'ਗੁਰੂ ਦਰ ਗਿਆ' ਕਹਿ ਕੇ, 'ਹੁਕਮ' ਆਖਕੇ ਧੀਰਜ ਧਾਰਦੇ ਹਨ। (੫) ਜਿਸ ਨੂੰ ਸ਼ਾਸਤ੍ਰਾਂ ਵਾਲੇ ਜੈਨੀ ਤੇ ਬੋਧੀ ਅਹਿੰਸਾ ਕਹਿੰਦੇ ਹਨ, ਉਸ ਹੱਦ ਤੱਕ ਇਹਨਾਂ ਵਿਚ ਘੱਟ ਹੈ, ਪਰ ਪਰਾਏ ਦੁਖ ਤੇ ਪਸੀਜਦੇ ਹਨ, ਦੁਖੀਏ ਦੀ ਸੇਵਾ ਪੁੱਜਕੇ ਕਰਦੇ ਹਨ, ਕਿਸੇ ਨੂੰ ਦੁਖਾਉਂਦੇ ਨਹੀਂ। ਪਰਜਾ ਦਾ ਦੁਖ ਦੇਖਕੇ ਜੰਗ ਕਰਦੇ ਹਨ। ਹਿੰਸਾ ਹੁੰਦੀ ਹੈ, ਪਰ ਏਹ ਆਖਦੇ ਹਨ ਕਿ ਅਸੀਂ ਆਪਣੇ ਲੋਭ ਲਈ ਨਹੀਂ ਕਰਦੇ, ਦੁਖੀ ਦੀ ਰੱਖਿਆ ਲਈ ਹਿੰਸਕ ਨੂੰ ਹਿੰਸਾ ਤੋਂ ਵਰਜਦੇ ਹਾਂ, ਜੇ ਉਪਦੇਸ਼ ਨਾਲ ਮੰਨੇ ਤਾਂ, ਜੇ ਪਜਾਰ ਨਾਲ ਮੰਨੇ ਤਾਂ, ਜੇ ਨਾ ਮੰਨੇ ਤਾਂ ਤਲਵਾਰ ਨਾਲ। ਮੈਂ ਦੇਖਦਾ ਹਾਂ ਕਿ ਇਸ ਦਾ ਫਲ ਪਰਜਾ ਦਾ ਸੁਖ ਹੈ। ਚਾਹੇ ਇਹ ਅਹਿੰਸਾ ਮੈਨੂੰ ਅਨੋਖੀ ਲਗਦੀ ਹੈ। ਮੈਂ ਦੇਖਦਾ ਹਾਂ ਕਿ ਜੰਗ ਦੇ ਦੁਖ ਪੀੜਾ ਮੌਤ ਤੋਂ ਏਹ ਅਭੈ ਹਨ, ਅਸੰਗ ਹਨ, ਜਿਵੇਂ ਬੀਤ ਰਾਗ ਹੁੰਦਾ ਹੈ। ਪਰ ਜੰਗ ਹੈ ਤਾਂ ਇਕ ਹਿੰਸਾਮਈ ਕ੍ਰਿਆ ਹੀ। ਪਰ ਮੈਂ ਇਹ ਬੀ ਚੰਗੀ ਤਰ੍ਹਾਂ ਡਿੱਠਾ ਹੈ ਕਿ ਇਨ੍ਹਾਂ ਦੀ ਤਲਵਾਰ ਮਿਆਨ ਵਿਚੋਂ ਕਦੇ ਬਾਹਰ ਨਹੀਂ ਆਉਂਦੀ ਸਿਵਾ ਉਪਕਾਰ ਕਰਨ ਦੇ ਤੇ ਅਨਜਾਜ ਨੂੰ ਰੋਕਣ ਦੇ। ਫਿਰ ਗੁਰੂ ਜੀ ਵਿਚ ਪੂਰਨ ਗਜ਼ਾਨ ਹੈ, ਪੂਰਨ ਕੈਵਲਜ ਵਿਚ ਦਿੱਸਦੇ ਹਨ। ਮੈਂ ਤੱਕ ਚੁਕਾ, ਅਜ਼ਮਾ ਚੁਕਾ ਹਾਂ, ਪਰ ਸਮਝ ਨਹੀਂ ਪੈਂਦੀ ਕਿ ਪੂਰਨ ਬੀਤਰਾਗ ਤੇ ਗਜਾਨੀ ਹੋ ਕੇ ਕਿਵੇਂ ਜਗਤ ਰਖਜਾ ਦੀ ਪਰਵਿਰਤੀ ਗ੍ਰਹਣ ਕਰ ਰੱਖੀ ਹੈ ਤੇ ਜੰਗ ਜਦਲ ਦੀ ਹਿੰਸਾ ਤਕ ਵਿਹਤ ਕਰ ਰੱਖੀ ਹੈ। ਮੈਂ ਅਸਚਰਜ ਹਾਂ ਕਿ ਪਰਵਿਰਤੀ ਵਿਚ ਨਿਰਵਰਤੀ ਕਿਵੇਂ ਨਿਭ ਰਹੀ ਹੈ। ਜਦ ਗਹੁ ਨਾਲ ਪੜਚੋਲ ਕਰੋ ਤਾਂ ਆਪ ਦੀ ਸਾਰੀ ਕ੍ਰਿਯਾ 'ਬੀਤਰਾਗ' ਵਾਲੀ ਹੈ। ਮੈਂ ਚਾਹੁੰਦਾ ਹਾਂ ਕਿ ਮੈਨੂੰ ਬੀ ਸਮਝ ਪਵੇ ਕਿ ਉਹ ਕੀ ਖੇਡ ਹੈ ਜੋ ਏਥੇ ਵਰਤ ਰਹੀ ਹੈ।

ਸੈਨਾਪਤਿ-ਸਜਣ ਜੀ ! ਤੁਸੀਂ ਤੇ ਮੈਂ ਬਾਲ ਸਖਾ ਹਾਂ: ਤੁਸਾਨੂੰ ਚਿਤ੍ਰਕਾਰੀ ਦਾ ਤੇ ਮੈਨੂੰ ਕਾਵਜ ਦਾ ਸ਼ੌਕ ਸੀ। ਤੁਸਾਨੂੰ ਕਿਸੇ ਸਾਧੂਆਂ ਦੇ ਟੋਲੇ ਦਾ ਸੰਗ ਲੈ ਗਿਆ ਉੱਗਰ ਤਪਾਂ, ਹਠਾਂ, ਬ੍ਰਤਾਂ ਤੇ ਸੰਜਮ ਸਾਧਨਾਂ ਵਾਲੇ ਨਿਰਵਿਰਤ ਜੀਵਨ ਵਿਚ। ਮੈਂ ਰਿਹਾ ਕਾਵਜ ਤੇ ਸ਼ਾਸਤ੍ਰ ਦੀ ਘੋਖਨਾ ਵਿਚ, ਪਰ ਪਰਵਵਿਰਤੀ ਵਿਚ। ਤੁਸੀਂ ਦੱਸਦੇ ਹੋ ਕਿ ਤੁਸੀਂ ਸੁਖ ਦੇ ਘਰ ਨਾ ਅੱਪੜੇ ਉਸ ਰਸਤੇ, ਤੇ ਮੈਂ ਨਾ ਅੱਪੜਿਆ ਰਸ ਦੇ ਘਰ ਵਿਦਜਾ ਵਿਗਜਾਨ ਦੇ ਰਸਤੇ।

ਹੰਸ-ਸੁਖ ਦੁਖ ਤਾਂ ਦੋਨੋ ਸ਼ਮਨ ਕਰਨੇ ਹਨ, ਸ਼ਾਂਤਿ ਅਵਸਥਾ ਵਿਚ ਜਾਣਾ ਹੈ, ਪਰ ਹਾਂ ਜਿਸ ਨੂੰ ਮੈਂ ਸ਼ਾਂਤਿ ਕਹਿ ਰਿਹਾ ਹਾਂ, ਉਹੀ ਵਾਂਛਤ ਅਵਸਥਾ ਹੈ, ਇਸ ਲਈ ਵਾਂਛਤ ਨੂੰ ਸੁਖ ਕਹਿ ਲੈਣਾ ਬੀ ਬਣ ਆਉਂਦਾ ਹੈ।

ਸੈਨਾਪਤਿ-ਸਜਣ ਜੀ, ਜੇ ਅਸੀਂ ਐਉਂ ਹਰੇਕ ਪਦ ਨੂੰ ਉਸਦੇ ਆਪਣੇ ਆਪਣੇ ਸ਼ਾਸਤ੍ਰ ਮਤ ਅਨੁਸਾਰ ਲੱਛਣਾਂ ਵਿਚ ਲੈ ਕੇ ਵੀਚਾਰ ਕਰਾਂਗੇ ਤਾਂ ਸਾਡੀ ਵੀਚਾਰ ਸ਼ਾਸਤ੍ਰੀ ਬਹਿਸ ਦੀ ਸ਼ਕਲ ਪਕੜ ਜਾਏਗੀ। ਹਰ ਪਦ ਤੇ ਉਸ ਦੇ ਲੱਛਣਾਂ ਦੇ ਪਰਮਪਰ ਵਿਤ੍ਰੇਕ ਵਿਚ ਪੈ ਕੇ ਮਤ ਮਤਾਂਤ੍ਰਾਂ ਤੇ ਸ਼ਾਸਤ੍ਰਾਂ ਦੇ ਨਿਰਨਿਆਂ ਦੀ ਵੀਚਾਰ ਕਰਦਿਆਂ ਚਰਚਾ ਵਿਚ ਹੀ ਰਹਿ ਜਾਈਦਾ ਹੈ। ਕੋਈ ਸਿੱਧਾਂਤ-ਆਤਮਕ ਗਲ ਕਰੀਏ ਜਿਸ ਨਾਲ ਕਿਸੇ ਟਿਕਾਣੇ ਪਹੁੰਚ ਕੇ ਇਸ ਨਵੇਂ ਆਦਰਸ਼ ਨੂੰ ਸਮਝ ਸਕੀਏ[1]।

ਹੰਸ-ਇਹ ਕੀਕੂੰ ਹੋ ਸਕੇ ?

ਸੈਨਾਪਤਿ-ਜਿਵੇਂ ਜੀਵ, ਪੁਰਖ, ਆਤਮਾ ਇਨ੍ਹਾਂ ਪਦਾਂ ਦੀ ਜੈਨ, ਸਾਂਖ, ਯੋਗ, ਨਜਾਇ ਵੇਦਾਂਤ ਆਦਿ ਦੇ ਵਿਤ੍ਰੇਕੀ ਵਿਚਾਰਾਂ ਵਿਚ ਨਾ ਜਾਈਏ। ਸਰੀਰ ਵਿਚ ਜੋ ਜੀਉਂਦੀ ਸਤਜਾ ਹੈ ਉਸ ਨੂੰ ਚੇਤਨਾ ਯਾ ਆਤਮਾ ਕਹਿ ਲਈਏ। ਸਰੀਰ ਵਿਚ ਜੋ ਅਚੇਤਨ ਹਿੱਸਾ ਹੈ ਉਸ ਨੂੰ ਪੁਦਗਲ, ਪ੍ਰਕ੍ਰਿਤੀ ਕਿ ਮਾਇਆ ਦੇ ਵਿਤ੍ਰੇਕੀ ਮੁਬਾਹਿਸੇ ਵਿਚ ਨਾ ਪਾਈਏ। ਉਸ ਨੂੰ ਜੜ੍ਹ ਜਾਂ ਅਚੇਤਨ ਯਾ ਮਾਦਾ, ਯਾ ਪ੍ਰਕ੍ਰਿਤੀ ਯਾ ਬੰਧਾਇਮਾਨ ਕਰਨ ਵਾਲਾ ਸਾਮਾਨ ਕੁਛ ਕਹਿ ਲਈਏ। ਇਸ ਤਰ੍ਹਾਂ ਸਭਨਾਂ ਦੇ ਸਿੱਧਾਂਤ ਨੂੰ ਲੈ ਲਈਏ। ਕਿ ਉਹ ਜੀਵ ਪੁਰਖ ਆਤਮਾਂ ਨੂੰ ਚੇਤਨਾ ਵਾਲਾ ਮੰਨਦੇ ਹਨ ਤੇ ਇਸ ਨੂੰ 'ਬੰਧ' ਕਰਨੇ ਵਾਲੇ ਸਾਮਾਨ ਤੋਂ ਸੁਤੰਤ੍ਰ ਕਰਨਾ

---

1. ਸਰੈ ਸਰੀਅਤਿ ਕਰਹਿ ਬੀਚਾਰਿ। ਬਿਨੁ ਬੂਝੇ ਕੈਸੇ ਪਾਵਹਿ ਪਾਰੁ॥ (ਵਾ: ਸਿਰੀ ਰਾ: ਮ: ੧)

ਚਾਹੁੰਦੇ ਹਨ।

ਹੰਸ-ਚੰਗਾ ਜਿਥੇ ਕਿਤੇ ਰਲਾ ਪਵੇ ਗਲ ਨਿਖੇੜਵੀਂ ਕਰ ਲਵਾਂਗੇ।

ਸੈਨਾਪਿਤ-ਚੰਗਾ, ਲਓ ਹੁਣ ਸੁਣੋ, ਆਪ ਨੇ ਜੋ ਪੰਜ ਬ੍ਰਤ ਗਿਣੇ ਹਨ, ਅਹਿੰਸਾ, ਸਤਯ, ਅਸਤੇਯ ਬ੍ਰਹਮਚਰਯ, ਅਪਰਿਗ੍ਰਿਹ, ਏਹੋ ਯੋਗ ਦਰਸ਼ਨ ਨੇ 'ਪੰਜ ਯਮ' ਕਹੇ ਹਨ।

ਫ਼ਾਰਸੀ ਵਾਲੇ ਇਹਨਾਂ ਗੁਣਾਂ ਨੂੰ ਇਖ਼ਲਾਕ ਹੇਠ ਲੈ ਲੈਣਗੇ। ਨਾਉਂ ਕੋਈ ਰੱਖ ਲਓ ਇਹ ਠੀਕ ਹੈ ਕਿ ਇਹ 'ਸ਼ੁਭ ਆਚਰਨ' ਹੈਨ। ਇਹ ਉਹ ਗੁਣ ਹੈਨ ਜੋ ਇਨਸਾਨ ਨੇ ਲੱਭੇ ਤੇ ਸੁਖ ਪਾਏ। ਮਨੁਖ ਦਾ ਮਨੁਖ ਨਾਲ ਜੋ ਫਰਜ਼ ਹੈ ਸੋ ਬੀ ਇਨ੍ਹਾਂ ਵਿਚ ਆ ਜਾਂਦਾ ਹੈ, ਹਾਂ ਇਨ੍ਹਾਂ ਤੋਂ ਭਾਈਚਾਰੇ (ਸਮਾਜ) ਨੇ ਸੁਖ ਪਾਏ ਯਾ ਇਉਂ ਕਹੋ ਕਿ 'ਜਨ' ਤੇ 'ਜਨਤਾ' ਨੇ ਸੁਖ ਪਾਏ। ਇਨ੍ਹਾਂ ਗੁਣਾਂ ਨਾਲ ਜੀਵ ਪਸ਼ੂ ਪੁਣੇ ਤੋਂ ਮਨੁੱਖ ਪੁਣੇ ਵਿਚ ਆ ਜਾਂਦਾ ਹੈ ਤੇ ਇਹ ਬਹੁਤ ਕੀਮਤੀ ਹੈ। ਪਰੰਤੂ ਨਿਰਾ ਇਨ੍ਹਾਂ ਤੇ ਹੋਰ ਸ਼ੁਭ ਕਰਮਾਂ ਨੂੰ ਪਰਮ ਪ੍ਰਯੋਜਨ ਸਮਝ ਲੈਣਾ ਅਧੂਰੀ ਪ੍ਰਾਪਤੀ ਹੈ। ਕਿਉਂਕਿ ਇਸੇ ਵਿਚ ਰਹਿ ਗਿਆਂ ਦੂਜਾ ਪੱਖ ਪ੍ਰੋਖੇ ਰਹਿ ਜਾਂਦਾ ਹੈ, ਉਹ ਹੈ ਦੈਵੀ ਜੀਵਨ, ਰੂਹਾਨੀ ਜ਼ਿੰਦਗੀ। ਇਸ ਦੂਸਰੇ ਜੀਵਨ ਦੀ ਗਿਆਤ ਮੈਨੂੰ ਗੁਰ ਸ਼ਰਨ ਵਿਚ ਆ ਕੇ ਆਈ ਸੀ। ਮੈਂ ਧਰਮ ਦੀ ਭਾਲ ਵਿਚ ਇਥੇ ਆਇਆ ਸਾਂ। ਇੱਥੇ ਆ ਕੇ ਮੈਨੂੰ ਸਮਝ ਪਈ ਕਿ ਧਰਮ ਤਾਂ ਇਕ ਇਨਸਾਨੀ ਕਮਾਲ ਹੈ ਤੇ ਏਥ ਉਹ ਬੀ ਪੂਰਨ ਰੂਪ ਵਿਚ ਹੈ, ਪਰ ਏਥੇ ਦੱਸਦੇ ਹਨ ਕਿ ਉਹ ਧਰਮ ਕਾਫੀ ਨਹੀਂ, ਜਿਸ ਦੀ ਨੀਉਂ'ਹਉਂ' ਪਰ ਹੈ।

ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ
ਏਕ ਨਹੀ ਸਰੈ॥ ਜਬ ਮੇਰੀ ਮੇਰੀ ਮਿਟਿ ਜਾਇ॥
ਤਬ ਪ੍ਰਭ ਕਾਜੁ ਸਵਾਰਹਿ ਆਇ॥

(ਭੈ: ਕਬੀਰ ਜੀ)

ਹੰਸ-ਜ਼ਰਾ ਠਹਿਰਨਾ, ਧਰਮ ਦਾ ਅਰਥ ਹੈ ਜੋ ਕੋਈ ਧਾਰਨ ਕਰ ਲਵੇ। ਧਰਮ ਦਾ ਅਰਥ ਹੈ ਜਾਤੀ ਯਾ ਸੁਭਾਵ ਆਦਿ। ਜੈਸੇ ਅੱਖ ਦਾ ਧਰਮ ਹੈ ਦੇਖਣਾ, ਅਗਨੀ ਦਾ ਧਰਮ ਹੈ ਦਾਹ। ਕਰਮ ਕਾਂਡ ਦਾ ਵਿਧਿ ਪੂਰਬਕ ਅਨੁਸ਼ਠਾਨ ਕਰਨਾ ਧਰਮ ਹੈ। ਧਰਮ ਹੈ ਵਰਣਾਸ਼੍ਰਮ ਅਨੁਸਾਰ ਕਰਨੇ ਯੋਗ ਕੰਮ, ਜੈਸੇ ਬ੍ਰਾਹਮਣ ਦਾ ਧਰਮ ਪੜ੍ਹਨਾ ਪੜ੍ਹਾਨਾ ਆਦਿ। ਸ਼ੂਦ੍ਰ ਦਾ ਸੇਵਾ। ਧਰਮ ਨਾਮ ਆਮ ਸਦਾਚਾਰ, ਇਖ਼ਲਾਕ, ਸਤਜ ਕਰਮ ਆਦਿ ਦਾ ਬੀ ਹੈ। ਧਰਮ ਪਦ ਦਾ ਅਰਥ 'ਫਰਜ਼' ਬੀ ਹੈ। ਧਰਮ ਉਨ੍ਹਾਂ ਕਰਮਾਂ ਦੇ ਧਾਰਨ ਨੂੰ ਬੀ ਕਹਿੰਦੇ ਹਨ ਜਿਨ੍ਹਾਂ ਨਾਲ, ਕਲਜਾਨ ਪ੍ਰਾਪਤ ਹੋਵੇ। ਧਰਮ ਦਾ ਅਰਥ ਮਤਿ, ਮਜ਼ਹਬ ਦੀਨ ਬੀ ਹੈ। ਆਪ ਦਾ ਕੀ ਪ੍ਰਯੋਜਨ ਹੈ ਏਥੇ 'ਧਰਮ' ਪਦ ਤੋਂ ?

ਸੈਨਾਪਤਿ-ਮੇਰਾ ਮਤਲਬ ਹੈ ਨੇਕੀ, ਪੁੰਨਜ, ਸ਼ੁਭ ਕਰਮ। ਸੋ ਹੰਸ ਜੀ ! ਇਕ ਦਿਨ ਮੈਂ ਕੀਰਤਨ ਵਿਚ ਇਹ ਤੁਕ ਸੁਣੀ-''ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥''(ਸੂਹੀ:ਮ:੫)

ਮੈਨੂੰ ਸੋਚ ਪੈ ਗਈ ਕਿ ਇਹ 'ਜੀਅ ਦਾਨ' ਕੀ ਚੀਜ਼ ਹੈ ? ਮੈਂ ਤਾਂ ਧਰਮ ਦਾਨ ਲੈਣ ਆਇਆ ਸਾਂ, ਏਥੇ ਮਹਿਮਾ 'ਜੀਅ-ਦਾਨ' ਦੀ ਹੈ। ਫਿਰ ਮੈਂ ਖੋਜ ਕੀਤੀ ਤਾਂ ਪਤਾ ਲੱਗਾ ਕਿ ਗੁਰੂ ਨਾਨਕ ਦੇ ਘਰ ਵਿਚ ਧਰਮ (ਸਦਾਚਾਰ ਆਦਿ) ਤੋਂ ਅੱਗੇ 'ਜੀਅਦਾਨ' ਯਾ ਇਖਲਾਕ ਤੋਂ ਅਗੇ 'ਰੂਹਾਨੀ ਤਾਲੀਮ' ਇਕ ਹੋਰ ਕਮਾਲ ਹੈ। ਤਾਲੀਮ ਹੀ ਨਹੀਂ ਏਹ ਇਕ ਉੱਚ ਜੀਵਨ ਦੀ ਦਾਤ ਹੈ। ਇਸ ਰੂਹਾਨੀ ਜੀਵਨ ਦੀ ਦਾਤ ਦਾ ਨਾਮ 'ਜੀਅ-ਦਾਨ' ਹੈ। ਫਿਰ ਮੈਂ ਆਸਾ ਦੀ ਵਾਰ ਵਿਚ ਇਕ ਤੁਕ ਸੁਣੀ 'ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ'-ਕਿ ਸਤਿਗੁਰ ਐਸਾ ਹੈ ਜੋ ਮਨੁਖ ਤੋਂ ਦੇਵਤਾ ਬਣਾ ਦਿੰਦਾ ਹੈ। ਤਦ ਮੈਨੂੰ ਸਮਝ ਆਈ ਕਿ ਮਨੁਖ ਲਈ ਪਸ਼ੂਪੁਣੇ ਤੋਂ ਨਿਕਲਕੇ ਮਨੁੱਖ ਬਣਨਾ ਕਾਫੀ ਨਹੀਂ, ਜਿਸ ਨੂੰ ਮੈਂ ਧਰਮ ਸਮਝਦਾ ਸਾਂ। ਸਗੋਂ ਮਨੁੱਖ ਨੇ ਤਰੱਕੀ ਕਰ ਕੇ ਦੇਵਤਾ ਬਣਨਾ ਹੈ, ਅਰ ਗੁਰੂ ਸਾਹਿਬਾਂ ਦਾ ਪਰਮ ਪ੍ਰਯੋਜਨ ਇਹ ਹੈ ਕਿ ਆਦਮੀ ਦੇਵਤਾ ਬਣ ਜਾਏ, ਇਸ ਲਈ ਉਹ ਜੀਅ-ਦਾਨ ਦਿੰਦੇ ਹਨ।

ਹੰਸ-'ਦੇਵਤਾ' ਤਾਂ 'ਸਿਧ' ਪੁਰਖ ਤੋਂ ਨੀਵੇਂ ਹੁੰਦੇ ਹਨ।

ਸੈਨਾਪਤ-ਇਥੇ ਪੁਰਾਣਾਂ ਦੇ ਯਾ ਜੈਨ ਆਦਿ ਮਤਾਂ ਵਿਚ ਮੰਨੇ ਦੇਵਤੇ ਤੋਂ ਮੁਰਾਦ ਨਹੀਂ, ਇਥੇ ਦਿਵਜ ਸਰੂਪ, ਪਰਮ ਗਤੀ ਨੂੰ ਪ੍ਰਾਪਤ ਆਤਮਾ ਤੋਂ

ਮੁਰਾਦ ਹੈ।

ਹੰਸ-ਅਸੀਂ ਦੇਵਤਾ ਨੂੰ 'ਸ਼ੁਧ ਆਤਮਾ ਨਿਰਉਪਾਧ ਜੀਵ' ਤੋਂ ਹੇਠਾਂ ਮੰਨਦੇ ਹਾਂ। ਖ਼ੈਰ ਮੈਂ ਸਮਝਿਆ ਤੁਹਾਡਾ ਆਸ਼ਾ। ਪਰ ਮੇਰੀ ਸਮਝ ਵਿਚ ਇਹ ਗੱਲ ਨਹੀਂ ਆਈ ਕਿ ਜਦੋਂ ਜੁ ਮਾੜੇ ਕਰਮਾਂ ਦਾ ਤਜਾਗ ਕੀਤਾ ਤੇ ਸ਼ੁਭ ਧਾਰਨ ਕਰ ਲਏ ਤਾਂ ਮਨੁੱਖ ਜੀਵਨ ਪਵਿੱਤ੍ਰ ਹੋ ਗਿਆ, ਪਾਪ ਐਬ ਦੂਰ ਹੋ ਗਏ। ਜੀਵ-ਆਤਮਾ ਵਿਚ ਜੋ ਅਵਰਨ ਧਸ ਗਿਆ ਸੀ ਨਿਕਲ ਗਿਆ। ਜੀਵ ਨਿਰਮਲ ਹੋ ਗਿਆ। ਗਜਾਨ ਸਰੂਪ ਤਾਂ ਉਹ ਹੈਗਾ ਹੀ ਸੀ। ਸੋ ਆਇਆ ਆਪਣੇ ਅਸਲੇ ਤੇ, ਹੁਣ ਬਾਕੀ ਕੀ ਰਹਿ ਗਿਆ ? ਕੀ ਤੁਹਾਡਾ ਮਤਲਬ ਵੀਚਾਰ ਯਾ ਆਪੇ ਵਿਚ ਜੁੜਨ ਤੋਂ ਹੈ ?

ਸੈਨਾਪਿਤ-ਇਸ ਤੋਂ ਕੁਝ ਵਧੀਕ।

ਹੰਸ-ਉਹ ਕੀ ? ਗਜਾਨ ਕਿ ਯੋਗ ?

ਸੈਨਾਪਤ-ਅਸ਼ਟਾਂਗ ਯੋਗ ਦੇ ਇਕ ਤਾਂ 'ਕਰ ਕੇ ਦੱਸਣ ਵਾਲੇ' ਲੋਕ ਨਹੀਂ ਲੱਭਦੇ। ਦੂਸਰੇ ਇਸ ਨਾਲ ਇਸਦੇ ਲੇਖਕ 'ਆਪਣੇ ਆਪ ਵਿਚ ਟਿਕਾਉ' ਹੋ ਜਾਣਾ ਯਾ 'ਕੈਵਲ' ਹੋ ਜਾਣਾ ਦੱਸਦੇ ਹਨ। ਇਹ 'ਕੈਵਲ' ਇਕ ਤਰ੍ਹਾਂ ਦਾ 'ਕਰਮ' ਤੇ ਉਸ ਦੇ 'ਫਲ' ਤੋਂ ਜੀਵ ਨੂੰ ਸੁਤੰਤ੍ਰਤਾ ਦੀ ਪ੍ਰਾਪਤੀ ਹੈ। ਸੋ ਕਲੇਸ਼ ਤੇ ਕਰਮ ਨਿਵਿਰਤ ਹੋ ਗਏ[1]। ਅਵਰਣ ਦੀ ਮੈਲ ਦੂਰ ਹੋ ਗਈ[2] ਫਿਰ ਪ੍ਰਕ੍ਰਿਤਿ ਪੁਰਖ ਤੋਂ ਅਲੱਗ ਹੋ ਗਈ[3], ਕੈਵਲ ਹੋ ਗਿਆ। ਪੁਰਖ ਆਪਣੇ ਆਪ ਵਿਚ ਅਵਸਥਿਤ[4]। ਜੇ ਸਾਂਖ ਵਲ ਆਓ ਤਾਂ ਤ੍ਰੈ ਤਰ੍ਹਾਂ ਦੇ ਦੁਖਾਂ ਦੀ ਨਵਿਰਤੀ ਕੈਵਲਜ ਹੈ। ਸਾਧਨ ਇਸ ਦਾ ਵਿਵੇਕ ਹੈ[5]; ਪੁਰਖ ਦਾ ਪ੍ਰਕ੍ਰਿਤਿ ਤੋਂ ਆਪ ਨੂੰ ਅਲੱਗ ਸਮਝ ਲੈਣਾ ਕੈਵਲ ਹੋਇਆ। ਜੈਨ ਦਾ ਸਾਰ ਇਹ ਹੈ ਕਿ ਜਦ ਆਤਮਾ ਤੇ ਪੁਦਗਲ (ਪ੍ਰਕ੍ਰਿਤਿ) ਵਿਚ ਭਾਈਵਾਲੀ ਟੁੱਟ ਗਈ ਤਾਂ ਆਤਮਾ ਆਪੇ ਵਿਚ ਆ ਗਿਆ! ਕੈਵਲ ਹੋ ਕੇ ਫੇਰ ਮੁਕਤ ਹੋ ਗਿਆ। ਹੁਣ ਸਮੁਚੀ ਵੀਚਾਰ ਕਰੋ ਕਿ ਇਹ ਜੋ 'ਆਪਾ' ਹੈ, ਚਾਹੇ ਉਹ ਕੁਛ ਹੈ, ਉਸ ਨੂੰ 'ਆਤਮਾ' ਕਹੋ, ਰੂਹ ਕਹੋ, ਜੀਵ ਕਹੋ, ਪੁਰਖ ਕਹੋ, ਕੁਛ ਕਹੋ, ਉਹ ਆਪਾ 'ਸਮਾਧੀ' ਨਾਲ; ਯਾ ਸਾਂਖ (ਵੀਚਾਰ) ਨਾਲ ਯਾ ਗਜਾਨ ਨਾਲ, ਯਾ ਕਰਮ ਸਾਧਨ ਬ੍ਰਤ ਆਦਿ ਅਤਿ ਦੇ ਸੰਜਮਾਂ ਨਾਲ, ਬੰਧਾਇਮਾਨ ਕਰਨ ਵਾਲੇ ਤੋਂ (ਚਾਹੇ ਉਹ ਕੁਛ ਸੀ) ਸੁਤੰਤ੍ਰ ਹੋਇਆ ਹੈ। ਸੋ ਉਹ ਪ੍ਰਕਿਤੀ ਯਾ ਮਾਇਆ ਦਾ ਪੁਦਗਲ, ਯਾ ਹੋਰ ਕਿਸੇ ਆਵਰਣ ਯਾ ਉਪਾਧੀ ਵਿਚ ਬੱਧਾ ਸੀ ਤਾਂ ਹੁਣ ਛੁਟਿਆ ਹੈ ਨਾ। 'ਜਿਸ ਦੀ' ਬਾਬਤ ਕਿਹਾ ਜਾਂਦਾ ਸੀ ਕਿ ਬੰਧਾਇਮਾਨ ਸੀ। 'ਉਹ' ਇਸ ਬੱਝਣ ਤੋਂ ਪਹਿਲੇ ਕਦੇ (ਸੁਤੰਤ੍ਰ=) ਛੁਟਿਆ ਹੋਇਆ ਸੀ। ਕਿਉਂਕਿ ਜਿਸ ਨੂੰ ਤੁਸੀਂ ਬੰਧ ਕਹਿੰਦੇ ਹੋ ਅਰ ਕਿਸੇ ਕਾਰਨ ਕਰਕੇ ਬੱਧਾ ਗਿਆ ਦੱਸਦੇ ਹੋ, ਉਸ ਦੱਸਣ ਵਿਚ ਇਹ ਸੰਭਾਵਨਾ ਹੈ ਕਿ ਉਹ ਕਦੇ (ਸੁਤੰਤ੍ਰ) ਹੁੰਦਾ ਸੀ, ਫੇਰ ਕਦੇ ਬੱਝ ਗਿਆ ਸੀ ਤੇ ਹੁਣ ਦੱਸਦੇ ਹੋ ਕਿਸੇ ਸਾਧਨ ਨਾਲ ਮੁਕਤ ਹੋਇਆ ਹੈ।

ਉਹ ਜੋ ਕਦੇ ਸੁਤੰਤ੍ਰ ਸੀ ਤੇ ਫੇਰ ਕਦੇ ਬੱਝਾ ਸੀ, ਉਹ ਕਿਸ ਕਰਮ ਕਰਕੇ ਬੱਝਾ ਸੀ ? ਕਰਮ ਸਰੀਰ ਬਿਨਾਂ ਹੁੰਦੇ ਨਹੀਂ। ਸੋ ਜਦੋਂ ਪਹਿਲੇ ਪਹਿਲ ਉਹ ਸਰੀਰ ਵਿਚ ਆਇਆ, ਜਾਂ ਪਹਿਲੇ ਪਹਿਲ ਬੱਝਾ ਸੀ ਤਾਂ ਕਰਮ ਕਰਕੇ ਨਹੀਂ ਸੀ ਬੱਝਾ[1]। ਤਾਂ ਤੇ ਕੋਈ ਹੋਰ ਕਾਰਨ ਹੈ ਜਿਸ ਨੇ ਸੁਤੰਤ੍ਰ (ਜੀਵ) ਨੂੰ ਬੱਧਾ ਸੀ। ਬੱਝ ਕੇ ਤਾਂ ਉਹ ਕਰਮ ਜਾਲ ਹੇਠ ਆ ਗਿਆ, ਪਰ ਬੱਝਣ ਤੋਂ ਪਹਿਲੇ ਕਿਸੇ ਹੋਰ ਕਾਰਨ ਨੇ ਉਸ ਨੂੰ ਬੱਧਾ, ਚਾਹੇ ਉਸ ਕਾਰਨ ਨੂੰ ਕੁਝ ਕਹੋ ਪਰ ਉਹ ਕਾਰਨ ਐਸਾ ਸੀ ਜੋ ਸਰੀਰ ਤੋਂ ਸੁਤੰਤ੍ਰ 'ਆਪੇ' ਨੂੰ ਅਰਥਾਤ 'ਜੀਵ' ਨੂੰ ਬੰਨ੍ਹ ਸਕਦਾ ਸੀ; ਠੀਕ ਹੈ ਨਾਂ ?

ਹੰਸ-ਉਹ ਤਾਂ ਐਉਂ ਸੀ ਕਿ ਜਿਵੇਂ ਸੁਰਮੇਦਾਨੀ ਨੂੰ ਸੁਰਮਾਂ ਕਾਲਿਆਂ ਕਰ ਦਿੰਦਾ ਹੈ।

ਸੈਨਾਪਤਿ-ਤੁਸੀਂ ਫੇਰ 'ਇਕ ਮਤ' ਦਾ ਦ੍ਰਿਸ਼ਟਾਂਤ ਲੈ ਲਿਆ ਹੈ। ਮੈਂ ਸਮੁੱਚਾ ਲੈ ਰਿਹਾ ਹਾਂ ਕਿ ਚਾਹੇ ਉਹ ਕਾਰਨ ਕਿਵੇਂ ਸੀ ਤੇ ਕੁਛ ਸੀ ਜਿਸ ਨੇ ਬੰਧਾਇਮਾਨ ਕੀਤਾ ਸੀ।


ਹੰਸ-ਹਾਂ, ਠੀਕ ਹੈ, ਸਮੁੱਚੀ ਗੱਲ ਹੀ ਕਰੋ।

---

1. ਯੋ: ਦ: ੪.੩੦। 2. ਯੋ: ਦ: ੪.੩੧।
3. ਯੋ: ਦ: ੪.੩੪। 4. ਯੋ: ਦ: ੪੧.੩।
5. ਸਾਂ: ਦ: ੩.੨੩। ਰੀਤੇ ਗਜਾਨਾਨੇ ਮੁਕਤਿ।

1. ਜਬ ਕਛੁ ਨਾ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ। (ਸੂਹੀ ਮ: ੫)। ਕਰਮ ਬਧ ਤੁਮ ਜੀਉ ਕਹਤ ਹੋ ਕਰਮਹਿ ਕਿਨਿ ਜੀਉ ਦੀਨੁ ਰੇ।। (ਗੋਂਡ ਕਬੀਰ ਜੀ)

ਸੈਨਾਪਤਿ-ਲਓ ਹੁਣ ਹੋਰ ਵੀਚਾਰ ਕਰੋ, ਇਕ 'ਜੀਵ' ਹੈ, ਜੋ 'ਸਮਾਧੀ' ਨਾਲ ਯਾ ਸਾਂਖ (ਵੀਚਾਰ) ਨਾਲ; ਯਾ ਗ੍ਯਾਨ ਨਾਲ, ਯਾ ਸੰਜਮ ਬ੍ਰਤ, ਯਾ ਹੋਰ ਕਠਨ ਸਾਧਨ ਨਾਲ 'ਕੈਵਲ' ਹੋ ਗਿਆ। ਹੁਣ ਉਹ ਉਸ ਹਾਲਤ ਵਿਚ ਪਹੁੰਚਾ ਹੈ, ਜਿਸ ਵਿਚ ਕਦੇ ਪਹਿਲੇ ਸਨਾਤਨ ਵਿਚ ਹੁੰਦਾ ਸੀ ਅਰਥਾਤ ਪ੍ਰਕ੍ਰਿਤੀ ਯਾ ਮਾਇਆ, ਯਾ ਪੁਦਗਲ ਦੇ ਫੇਰ ਵਿਚ ਫਸਣ ਤੋਂ ਪਹਿਲਾਂ ਉਹ ਜਿਸ ਹਾਲਤ ਵਿਚ ਸੀ। ਹੁਣ ਫੇਰ ਉਹ ਸਾਧਨ ਕਰ ਕੇ ਬੰਧਨ ਰਹਿਤ ਹੋ ਕੇ ਉਸ ਹਾਲਤ ਵਿਚ ਪੁੱਜ ਗਿਆ (ਸੁਤੰਤ੍ਰਤਾ ਵਿਚ) ਅਰਥਾਤ-




ਸੋ ਹੁਣ ਜੋ 'ਮੁਕਤ' ਜਾਂ ਕੈਵਲ ਹੋਇਆ ਹੈ ਆਪਣੇ ਅਸਲੀ ਬੰਧਨਾਂ ਤੋਂ ਸੁਤੰਤ੍ਰ ਰੂਪ ਨੂੰ ਪੁੱਜਾ ਹੈ।

ਹੰਸ-ਠੀਕ ਹੈ।

ਸੈਨਾਪਤਿ-ਹੁਣ ਰਤਾ ਚਿਤ ਠਹਿਰਾ ਕੇ ਸੋਚ ਕਰੋ ਕਿ ਜੀਵ ਉਸ ਅਵਸਥਾ ਵਿਚ ਹੈ ਜਿਸ ਵਿਚੋਂ ਕਦੇ ਉਹ ਬਿਨਾਂ ਕਰਮ ਕੀਤੇ ਬੰਧਨ ਯਾ ਫਾਸ ਵਿਚ ਫਸਿਆ ਸੀ, ਚਾਹੇ ਉਹ ਬੰਧਨ ਅਗ੍ਯਾਨ ਮਾਤਰ ਸੀ ਚਾਹੇ ਸਚਮੁਚ ਸੀ, ਕਿਸੇ ਕਾਰਨ ਕਰ ਕੇ ਜਿਸ ਦਾ ਸਾਨੂੰ ਪਤਾ ਨਹੀਂ, ਯਾ ਜਿਸ ਦਾ ਨਾਮ (ਅਵਿਦ੍ਯਾ ਸਮੀਪਤਾ ਗੁਣਗੁਣੀ ਭਾਵ ਅਵਰਹਨ ਯਾ ਪੁਦਗਲ ਦਾ ਆਤਮਾਂ ਵਿਚ ਰਲਾਉ) ਜੋ ਜੀ ਆਵੇ ਨਾਉਂ ਰੱਖ ਲਵੋ, ਨਾਵਾਂ ਨਾਲ ਗ਼ਰਜ਼ ਨਹੀਂ ਕੋਈ ਕਾਰਨ ਸੀ ਜਿਸ ਨੇ, ਪਤਾ ਨਹੀਂ ਕਿਉਂ, ਜੀਵ ਨੂੰ ਪਹਿਲੀ ਵੇਰ ਵਿਹਰ ਦਿੱਤਾ ਸੀ, ਯਾ 'ਬੰਧ' ਕਰ ਦਿੱਤਾ ਸੀ। ਹੁਣ ਫੇਰ ਜੀਵ ਉਸੇ ਤਰ੍ਹਾਂ ਦਾ ਸੁਤੰਤਰ ਹੈ, ਪਰ ਉਸੇ ਤਰ੍ਹਾਂ ਓਹੋ ਕਾਰਨ ਉਸ ਨੂੰ ਫੇਰ ਫਸਾ ਸਕਦਾ ਹੈ, ਜਿਸ ਕਾਰਨ ਨੇ ਕਦੇ ਉਸ ਨੂੰ ਅੱਗੇ ਬੰਨ੍ਹ ਲਿਆ ਸੀ।

ਹੰਸ (ਘਬਰਾਕੇ)-ਹੈ ਤਾਂ ਠੀਕ, ਪਰ ਬਈ ਜੀਵ ਦਾ ਇਸ ਨੂੰ ਬੰਧ ਕਰਾ ਲੈਣ ਵਾਲੀ ਵਸਤੂ ਦਾ (ਨਾਉਂ ਕੁਛ ਰਖੋ) ਹੋਰ ਫੇਰ ਪਰੰਪਰਾ ਤੋਂ ਹੈ, ਨਾ ਇਸ ਦਾ ਆਦਿ ਹੈ ਨਾ ਅੰਤ ਹੈ।

ਸੈਨਾਪਤਿ-ਭਲਾ ਜੇ ਇਉਂ ਹੈ, ਤਾਂ ਜਿਸ ਚੀਜ਼ ਦਾ ਆਦਿ ਨਹੀਂ ਉਸ ਦਾ ਅੰਤ ਹੋ ਨਹੀਂ ਸਕਦਾ। ਜੇ ਇਹ ਦਸ਼ਾ ਪਰੰਪਰਾ ਤੋਂ ਹੈ ਤਾਂ ਅਗੋਂ ਨੂੰ ਸਦਾ ਰਹੇਗੀ, 'ਕੈਵੱਲ' ਦਸ਼ਾ ਆਊ ਹੀ ਕੀਕੂੰ ? ਫੇਰ ਜੇ ਕਦੇ ਬੱਝਦੇ ਕਦੇ ਛੁੱਟਦੇ ਤਾਂ ਏਹ ਗੇੜ ਪਰੰਪਰਾ ਤੋਂ ਹੈ, ਤਾਂ ਇਸੇ ਵਿਚ ਸਾਡਾ ਦੁਖ ਹੈ, ਅਰਥਾਤ ਅਸੀਂ ਬੰਧ ਮੁਕਤ ਦੇ ਜਾਲ ਵਿਚ ਸਦਾ ਟੱਕਰਾਂ ਮਾਰਦੇ ਆਏ ਤੇ ਸਦਾ ਮਾਰਾਂਗੇ। ਕੈਵੱਲ ਹੋ ਕੇ ਲੱਭਾ ਕੀ ? ਟਿੰਡਾਂ ਦੇ ਗੇੜ ਵਾਂਗ ਕਦੇ ਹੇਠ ਤੇ ਖਾਲੀ ਕਦੇ ਭਰੇ ਤੇ ਉਪਰ।

ਹੰਸ (ਘਬਰਾ ਕੇ)-ਨਹੀਂ, ਕੈਵੱਲ ਹੋ ਕੇ ਮੁਕਤੀ ਹੈ, ਫੇਰ ਬੰਧਨ ਨਹੀਂ।

ਸੈਨਾਪਤਿ-ਤਦ ਫੇਰ ਜੀਵ ਆਤਮਾ ਆਪਣੇ ਅਸਲੇ ਵਿਚ ਸੁਤੰਤਰ ਸ਼ੁਧ ਚੇਤਨਾ ਰੂਪ ਨਹੀਂ ਸੀ, ਕਿਉਂਕਿ ਉਸ ਦਸ਼ਾ ਨੂੰ ਉਹ ਕੇਵਲ ਉਪਾਧੀਆਂ ਜਾਂ ਬੰਧਨ ਕਰਨ ਵਾਲੇ ਕਾਰਣਾਂ ਤੋਂ ਸੁਤੰਤ੍ਰ ਹੋ ਜਾਣ ਨਾਲ-ਕੀਕੂੰ ਪ੍ਰਾਪਤ ਹੋ ਸਕਦਾ ਹੈ, ਜੋ ਦਸ਼ਾ ਕਿ ਉਸ ਦੀ ਆਪਣੀ ਅਸਲੀ ਅਰ ਸੁਭਾਵਿਕ ਦਸ਼ਾ ਨਹੀਂ ਹੈਸੀ ? ਉਸ ਦਾ ਨਾਮ 'ਕੈਵੱਲ' ਯਾ ਸਰੂਪ ਵਿਚ ਇਸਥਿਤੀ ਕੀਕੂੰ ਹੋ ਸਕਦਾ ਹੈ ?

ਚੰਦ੍ਰਮਾਂ ਦਾ ਚਾਨਣਾ ਹੈ, ਬੱਦਲ ਜਾਂ ਗ੍ਰਹਣ ਦਾ ਪਰਛਾਵਾਂ ਉਸ ਨੂੰ ਹਨੇਰੇ ਰੰਗ ਦਾ ਕਰ ਦਿਖਾਲਦਾ ਹੈ। ਜਦ ਬੱਦਲ ਪਾਟਦੇ ਹਨ ਯਾ ਗ੍ਰਹਣ ਦੂਰ ਹੁੰਦਾ ਹੈ, ਉਹ ਅੱਗੇ ਵਰਗਾ ਚਿੱਟਾ ਹੋ ਲਸਦਾ ਹੈ। ਜੇ ਕਦੇ ਚੰਦ੍ਰਮਾਂ ਦਾ ਪਹਿਲਾ ਰੂਪ ਚਾਨਣਾ ਨਾ ਹੁੰਦਾ ਤਾਂ ਗ੍ਰਹਣ ਮਗਰੋਂ ਯਾ ਪਰਛਾਵੇਂ ਦੇ ਦੂਰ ਹੋਯਾਂ ਕੀਕੂੰ ਚਾਨਣ ਰੂਪ ਹੋ ਜਾਂਦਾ।

ਹੰਸ-ਠੀਕ ਹੈ, ਪਰ ਜੇ ਇਉਂ ਕਹੀਏ ਕਿ ਜੀਵ ਕਦੇ ਜੀਵ ਸੀ ਹੀ ਨਹੀਂ, ਇਕ ਚਿਦਾਨੰਦ ਸਾਰੇ ਪਰੀਪੂਰਨ ਹੈ, ਉਸ ਵਿਚ ਭ੍ਰਮ ਨੇ ਜੀਵ ਤੇ ਬੰਧ ਮੋਖ ਦਾ ਖਿਆਲ ਪਾਇਆ ਸੀ, ਜਦ ਇਹ ਕਟ ਗਿਆ ਤਦ ਜੋ ਕੈਵਲ ਰਹਿ ਗਿਆ ਉਹ ਜੀਵਾਤਮਾਂ ਨਹੀਂ, 'ਆਤਮਾ' ਹੈ।

ਸੈਨਾਪਤਿ-ਫੇਰ ਬੀ ਉਹੋ ਗੱਲ, ਕਦੇ ਏਹ ਭ੍ਰਮ ਉਸ ਵਿਚ, ਜਿਸ ਨੂੰ ਤੁਸੀਂ ਚਿਦਾਨੰਦ ਕਹਿੰਦੇ ਹੋ, ਨਹੀਂ ਸੀ, ਕਦੇ ਆਇਆ, ਕਦੇ ਹਟ ਗਿਆ।

ਇਸ ਤੋਂ ਨੀਤਜਾ ਨਿਕਲਿਆ ਕਿ ਕਦੇ ਫੇਰ ਪੈਣ ਦੀ ਸੰਭਾਵਨਾ ਹੈ, ਫੇਰ ਪੈ ਸਕਦਾ ਹੈ, ਜੀਕੂ ਅੱਗੇ ਕਦੇ ਓਸ ਵਿਚ ਆ ਪਿਆ ਸੀ। ਚੰਦ੍ਰਮਾਂ ਤਾਂ ਸਦਾ ਚੰਦ੍ਰਮਾਂ ਹੈ, ਪਰ ਬੱਦਲਾਂ ਨੇ ਨਾ ਉਸਨੂੰ ਬੱਧਾ ਨਾ ਮੋਖ ਕੀਤਾ, ਪਰ ਬੱਦਲਾਂ ਦੇ ਆਉਣ ਨੇ ਜਿਸ ਤਰ੍ਹਾਂ ਦਾ ਹਨੇਰਾ ਬੀ ਪਾਇਆ ਉਹ ਚਾਹੇ ਕਿਸੇ ਤਰ੍ਹਾਂ ਦਾ ਹੈ ਆਛਾਦਨ ਕਰਦਾ ਹੈ ਤੇ ਬੱਦਲਾਂ ਨੂੰ ਕਿਸੇ ਉਪਾਉ ਨਾਲ ਉੜਾ ਦਿੱਤਿਆਂ ਇਹ ਕੀਕੂੰ ਹੋ ਗਿਆ ਕਿ ਏਹ ਬੱਦਲ ਫੇਰ ਨਹੀਂ ਆ ਸਕਦੇ।

ਨਾਮ 'ਨਿਰਵਾਨ' ਰਖੋ 'ਕੈਵੱਲ' ਰਖੋ; 'ਮੋਖ' ਰਖੋ, 'ਮੁਕਤੀ' ਰਖੋ, ਕੁਛ ਰਖੋ, ਕਾਰਨ ਦਾ ਨਾਮ 'ਅਵਿਦਜਾ' ਰਖੋ 'ਭਰਮ' ਰਖੋ, 'ਮਾਯਾ' ਰਖੋ 'ਪ੍ਰਧਾਨ ਦਾ ਮੇਲ' ਰਖੋ, ਪੁਦਗਲ ਰਖੋ, ਪੁੱਦਗਲ ਦਾ ਇਸ ਪ੍ਰਕਾਰ ਦਾ ਪ੍ਰਕਾਸ਼ ਰਖੋ, ਜਿਵੇਂ ਸੁਰਮੇਂਦਾਨੀ ਵਿਚ ਪਿਆ ਸੁਰਮਾ ਸੁਰਮੇਦਾਨੀ ਨੂੰ ਕਾਲਿਆਂ ਕਰ ਦੇਂਦਾ ਹੈ: ਗਲ ਉਥੇ ਦੀ ਉਥੇ ਹੈ, ਜੋ ਇਸ ਦ੍ਰਿਸ਼ਟਾਂਤ ਵਿਚ ਕਹੀ ਹੈ।

ਹੰਸ-ਹੈ ਤਾਂ ਠੀਕ, ਪਰ ਮੈਨੂੰ ਤੁਹਾਡਾ ਆਸ਼ਾ ਸਾਫ ਨਹੀਂ ਹੋਇਆ। ਮੈਂ ਕਹਿੰਦਾ ਹਾਂ ਜੋ ਸਾਧਨ ਕਰਕੇ ਕੈਵਲ ਹੋ ਗਿਆ, ਉਹ ਫੇਰ ਕਿਉਂ ਫਸੇ ? ਜਦ ਇਸਤ੍ਰੀ ਦੇ ਗੁਪਤ ਪਾਪ ਦਾ ਪਤੀ ਨੂੰ ਪਤਾ ਲਗ ਗਿਆ, ਫੇਰ ਪਤੀ ਉਸ ਦੇ ਪਿਆਰ ਵਿਚ ਨਹੀਂ ਫਸੇਗਾ।

ਸੈਨਾਪਤਿ-ਮੈਂ ਕਹਿੰਦਾ ਹਾਂ ਜੇ ਉਹ ਬੰਧਨ ਤੋਂ (ਉਪਾਧੀ ਤੋਂ, ਅਗਿਆਨ ਤੋਂ, ਅਸਾਂਖ ਦਸ਼ਾ ਤੋਂ, ਸੱਚੀ ਮੁਚੀ ਦੇ ਬੰਧਨ ਤੋਂ, ਕੁਛ ਕਹੋ) ਮੁਕਤ ਹੋਇਆ ਹੈ, ਤਾਂ ਸੰਭਾਵਨਾ ਹੈ ਕਿ ਕਦੇ ਪਹਿਲੇ ਮੁਕਤ ਸੀ ਤੇ ਬੰਧਨ ਵਿਚ ਆਇਆ ਸੀ, ਜੀਕੂੰ ਅਗੇ ਮੁਕਤ ਸੀ ਤੇ ਬੰਧਨ ਵਿਚ ਆਇਆ ਸੀ, ਇਸੇ ਤਰ੍ਹਾਂ ਜੋ ਅਵਸਥਾ ਉਸ ਨੇ ਸਾਧਨ ਕਰਕੇ ਹੁਣ ਪ੍ਰਾਪਤ ਕੀਤੀ ਹੈ, ਫਿਰ ਅਗੇ ਵਾਂਗਣ ਬੰਧਨ ਵਿਚ ਪੈ ਸਕਦੀ ਹੈ। ਉਸ ਦੇ ਪੱਲੇ ਕੀ ਪਿਆ ? ਜੇ ਬੰਧਨ ਵਿਚ ਪੈਣਾ ਤੇ ਮੁਕਤ ਹੋਣਾ ਸਦਾ ਤੋਂ ਹੈ, ਇਸ ਦਾ ਆਦਿ ਕਦੇ ਨਹੀਂ ਹੋਇਆ, ਤਦ ਇਸ ਦਾ ਅੰਤ ਬੀ ਨਹੀਂ। ਤਦ ਸਾਫ ਹੈ ਕਿ ਤੁਸਾਂ ਆਪ ਮੰਨ ਲਿਆ ਕਿ ਕੈਵੱਲ ਸਦਾ ਸੁਤੰਤ੍ਰਤਾ ਨਹੀਂ, ਗੇੜ ਵਿਚ ਇਕ ਸਮਾਂ ਹੈ। ਜੇ ਕਹੋ-ਜੋ ਹੁਣ ਕਿਹਾ ਜੇ -ਕਿ ਪਹਿਲਾਂ ਜੀਵ ਨੂੰ ਸੋਝੀ ਨਹੀਂ ਸੀ, ਇਸ ਕਰ ਕੇ ਫਸ ਗਿਆ, ਹੁਣ ਸੋਝੀ ਆਈ ਹੈ, ਤਜਰਬੇਕਾਰ ਹੋ ਗਿਆ ਹੈ, ਹੁਣ ਛੁੱਟ ਕੇ ਫੇਰ ਨਾ ਫਸੇਗਾ, ਤਦ ਤੁਸੀਂ ਜੀਵ ਨੂੰ ਆਦਿ ਵਿਚ ਅਗਿਆਨੀ ਮੰਨ ਲਿਆ ਅਰ ਇਸ ਮੰਨਣ ਵਿਚ ਉਸ ਦੇ ਸਰੂਪ ਦਾ 'ਗਜਾਨਵਾਨ' 'ਸੁਤੰਤਰ', 'ਆਤਮਾ' 'ਬ੍ਰਹਮ ਚੇਤਨ' ਹੋਣਾ, ਖੰਡਨ ਹੋ ਗਿਆ। ਕਿਉਂਕਿ ਗਜਾਨ ਨੇ ਯਾ ਸਾਧਨਾ ਨੇ ਸਦਾ ਚੇਤਨਤਾ ਵਾਲੇ ਜੀਵ ਦੇ ਉਹ ਬੰਧਨ ਕੱਟਣੇ ਹਨ, ਉਹ ਉਪਾਧੀ ਮੇਟਣੀ ਹੈ, ਉਹ ਹਨੇਰਾ ਦੂਰ ਕਰਨਾ ਹੈ ਜਿਸ ਨੇ ਉਸ ਨੂੰ ਆਛਾਦਨ ਕੀਤਾ ਹੈ। ਜੇ ਆਦਿ ਵਿਚ ਅਗਿਆਨੀ ਹੈ ਤਾਂ ਉਸਦਾ ਅਸਲਾ ਅਗਜਾਨ ਹੈ ਤਾਂ ਫਿਰ ਦੱਸੋ ਕਿ ਅਗਜਾਨ ਦਾ ਅਸਲਾ ਕੀਕੂੰ ਬਦਲੇਗਾ ? ਅਗਜਾਨ ਤਾਂ ਉਸ ਦਾ ਸੁਭਾਵ ਯਾ ਸਹਿਜ ਗੁਣ ਹੋ ਜਾਏਗਾ, ਉਪਾਧੀ ਕੀਕੂੰ ਰਹੇਗਾ ?

ਹੰਸ-ਹੈ ਤਾਂ ਠੀਕ ਫਿਰ ਹੈ ਕੀ ?

ਸੈਨਾਪਤਿ-ਮੈਂ ਕੀਹ ਦੱਸਾਂ ? ਮੇਰੀ ਵਿਦਜਾ ਦੇ ਯਾ ਮੇਰੀ ਵੀਚਾਰ ਦੇ ਜਿੰਨੇ ਟਿਕਾਣੇ ਸਨ, ਇਸੇ ਘਰ ਆ ਕੇ ਸਾਰੇ ਹਿੱਲ ਗਏ। ਜੀਕੂੰ ਅਜ ਮੈਂ ਤੇਰੇ ਹਿਲਾਏ ਹਨ, ਤੀਕੂੰ ਭਾਈ ਨੰਦ ਲਾਲ ਜੀ ਨੇ ਮੇਰੇ ਹਿਲਾਏ ਸਨ। ਮੈਨੂੰ ਸਮਝ ਪਈ ਕਿ ਜਿਤਨੇ ਉਪਦੇਸ਼ ਹਨ ਏਹ ਸਭ ਨਿੰਦਣ ਯੋਗ ਨਹੀਂ ਹਨ, ਪਰ ਏਹ ਸਾਰੇ ਯਾ ਤਾਂ ਇਖਲਾਕੀ ਸਬਕ ਹਨ ਯਾ ਫ਼ਿਲਸਫੇ ਅਰਥਾਤ ਦਰਸ਼ਨ ਵਿਦਜਾ ਦੇ ਹਨ ਤੇ ਏਹ ਸਾਰੇ ਫਿਲਸਫੇ ਗਜਾਨ ਯਾ ਇਨ੍ਹਾਂ ਨੂੰ ਵਰਨਣ ਕਰਨ ਦੇ ਢੰਗ ਸਾਡੇ ਮਨ ਦੇ, ਬੁੱਧੀ ਦੇ, ਸੁਭਾਵ ਦੇ ਯਤਨ ਹਨ ਅਸਲੀਅਤ ਨੂੰ ਖੋਜਣ ਸਮਝਣ ਯਾ ਸਮਝਾਉਣ ਦੇ। ਨਿਰਾ ਐਉਂ 'ਯਥਾਰਥ' ਪ੍ਰਾਪਤ ਨਹੀਂ ਹੋ ਰਿਹਾ। ਅਰਥਾਤ ਜੀਕੂੰ ਜਿਸ ਤਰ੍ਹਾਂ ਜਿਥੇ ਦੇਸ਼ ਕਾਲ ਦਸ਼ਾ ਤੋਂ ਪਰੇ ਯਾ ਹੋਰ ਕਿਸੇ ਤਰ੍ਹਾਂ ਦੇ ਹਾਲ ਹਨ, ਉਕਰ ਉਥੇ ਉਸ ਨੂੰ ਅਸੀਂ ਪ੍ਰਾਪਤ ਨਹੀਂ ਹੋਏ। ਯਾ ਐਉਂ ਸਮਝੋ ਕਿ ਅਸੀਂ ਉਸ ਵਿਚ, ਜੋ ਕਦੇ ਬੀ 'ਕਲੇਸ਼, ਕਰਮ, ਅਗਜਾਨ, ਯਾ ਭੁਲੇਖੇ' ਵਿਚ[1] ਨਹੀਂ ਆਇਆ, ਪ੍ਰਾਪਤ ਨਹੀਂ ਹੋਏ। ਉਸ ਟਿਕਾਣੇ ਵਿਚ ਪ੍ਰਾਪਤ ਹੋਇਆਂ ਸੰਭਾਵਨਾ ਹੋ ਸਕਦੀ ਹੈ ਕਿ ਫੇਰ ਅਸੀਂ 'ਫਾਹੀ' ਵਿਚ ਨਾ ਫਸੀਏ।

1. ਯੋਗ ਦਰਸ਼ਨ ੧, ੨੪।

ਉਸ ਤੋਂ ਉਰੇ ਜੋ ਸਾਧਨ ਯਾ ਵੀਚਾਰਾਂ ਹਨ ਉਹ ਸਾਡੇ, ਕਰਮ ਜਾਲ ਤੋਂ ਛੁਟਕਾਰੇ ਦੀ 'ਵਾਕਬੀ ਤੇ ਸਾਧਨ' ਹਨ। ਜੋ ਸਾਨੂੰ ਇਕੱਲੇ ਯਾ ਸੁਤੰਤ੍ਰ ਯਾ (ਕੈਵੱਲ) ਅਰਥਾਤ ਆਪਣੀ ਪਹਿਲੀ ਹਾਲਤ ਵਿਚ ਲੈ ਜਾਂਦੇ ਹਨ ਪਰ ਜਿੱਥੇ ਮਾਨੋ ਫੇਰ ਫਸਣ ਦੀ ਸੰਭਾਵਨਾ ਵਿਚ ਹਾਂ। ਇਹ ਇਕ ਐਸਾ ਟਿਕਾਣਾ ਹੈ; ਜਿਸ ਨੂੰ ਅੱਧ ਵਿਚਕਾਰਲਾ ਟਿਕਾਣਾ ਕਹਿਣਾ ਚਾਹੀਏ। ਅਰਥਾਤ ਇਨਸਾਨੀ ਕਮਾਲ ਦੇ ਅੰਤ ਅਤੇ ਰੂਹਾਨੀ ਕਮਾਲ ਦੇ ਵਿਚਕਾਰ। ਹਾਂ ਇਨਸਾਨੀ ਕਮਾਲ ਦੀ ਚੋਟੀ ਪਰ ਅਤੇ ਦੈਵੀ-ਰੂਹਾਨੀ-ਜੀਵਨ ਦੇ ਆਦ ਵਿਚ, ਮੱਧ ਭਾਗ ਦੇ ਨੁਕਤੇ ਉਤੇ।

ਹੰਸ-ਮੈਂ ਕਹਿੰਦਾ ਹਾਂ ਏਹੋ ਰੂਹਾਨੀ ਜੀਵਨ ਹੈ।

ਸੈਨਾਪਤਿ-ਮੈਂ ਇਹ ਨਹੀਂ ਕਹਿੰਦਾ। ਇਹ ਤਾਂ ਸਪਸ਼ਟ ਹੈ ਕਿ ਇਹ ਜੀਵ ਦੀ ਉਹ ਹਾਲਤ ਹੈ ਜਿਸ ਨੂੰ ਉਪਾਧੀ ਰਹਿਤ ਅਵਸਥਾ ਕਿਹਾ ਜਾ ਸਕੇ, ਯਾ ਬੰਧਨ ਤੋਂ ਸੁਤੰਤ੍ਰ ਅਵਸਥਾ ਯਾ ਕੁਝ ਐਸਾ ਹੀ ਹੋਰ ਕਿਹਾ ਜਾਵੇ। ਜਿਨ੍ਹਾਂ ਕਾਰਨਾਂ ਨੇ ਇਸਨੂੰ ਮਲੀਨ ਯਾ ਦੁਖੀ ਯਾ ਅਗਜਾਨੀ ਕੀਤਾ ਯਾ ਬੰਧਨ ਵਿਚ ਪਾਇਆ ਸੀ, ਉਹਨਾਂ ਦਾ ਦੂਰ ਹੋਣਾ ਹੈ, ਹਾਂ, ਸਥੂਲ ਸੂਖਮ ਵਿਕਾਰਾਂ ਦਾ ਦੂਰ ਹੋਣਾ ਹੈ ਤੇ ਉਸ ਅਵਸਥਾ ਤੇ ਅਪੜਨਾ ਹੈ ਜਿਸ ਤੋਂ ਅਗੇ ਕਦੀ ਵਿਕਾਰੀ ਹੋਇਆ ਸੀ (ਯਾ ਫਸਿਆ ਸੀ ਯਾ ਅਗਯਾਨ ਵਿਚ ਆਇਆ ਸੀ, ਯਾ ਕਲੇਸ਼ ਕਰਮ ਵਿਚ ਪੈ ਗਿਆ ਸੀ)। ਭਾਵੇਂ ਹੁਣ ਸੁਤੰਤਰ ਹੈ ਪਰ ਫੇਰ ਉਸੇ ਤਰ੍ਹਾਂ ਅਗੇ ਵਾਂਗੂੰ ਫਸ ਸਕਦਾ ਹੈ, ਇਹ ਮੈਂ ਆਪਣੇ ਕੋਲੋਂ ਨਹੀਂ ਕਹਿੰਦਾ; ਏਹ ਤਾਂ ਉਨ੍ਹਾਂ ਮਤਾਂ ਦੇ ਬਿਆਨਾਂ ਵਿਚੋਂ ਆਪੇ ਹੀ ਸਿੱਟਾ ਨਿਕਲਦਾ ਹੈ। ਹੁਣ ਲੋੜ ਹੈ ਇਸ ਗੱਲ ਦੀ ਕਿ ਇਹ ਜੀਵ ਕਿਸੇ ਐਸੇ ਇਕਾਣੇ ਅੱਪੜੇ ਕਿ ਜਿਥੋਂ ਫੇਰ ਕਦੇ ਨਾ ਫਸ ਸਕੇ।

ਹੰਸ-ਕੀ ਤੁਸੀਂ ਸਭ ਸ਼ਾਸਤ੍ਰਾਂ, ਦਰਸ਼ਨਾਂ, ਫਿਲਸਫਿਆਂ, ਮਤਾਂ ਆਦਿ ਦੀ ਨਿੰਦਾ ਕਰਦੇ ਹੋ?

ਸੈਨਾਪਤਿ-ਕਦੇ ਨਹੀਂ, ਗੁਰੂ ਘਰ ਦਾ ਮਤ 'ਨਿੰਦਿਆ' ਹੈ ਹੀ ਨਹੀਂ। ਸਭ ਸੰਸਾਰ ਦੇ 'ਮਹਾਨ ਲੋਕ' ਸਾਡੇ ਆਪਣੇ ਸਜਣ ਹਨ, ਸਾਰੇ ਸੰਸਾਰ ਦੇ ਧਰਮ ਪੁਸਤਕ ਤੇ ਦਰਸ਼ਨ ਸਾਡੀ ਜੱਦੀ ਜਾਇਦਾਦ ਹਨ। ਸਾਰੇ ਆਪਣੇ ਆਪਣੇ ਨੁਕਤਾ ਖਿਆਲ ਤੋਂ ਕਿਸੇ ਕਿਸੇ ਗਲ ਨੂੰ ਹੱਲ ਕਰਦੇ ਹਨ। ਮੇਰਾ ਮਤਲਬ ਕੇਵਲ ਇਹ ਹੈ ਕਿ ਜੋ ਕੁਛ ਅਸਾਂ ਉਤੇ ਵਿਚਾਰਿਆ ਹੈ, ਉਹ ਨਿੰਦਨੀਯ ਨਹੀਂ, ਉਸ ਦਾ ਨਾਮ ਹੈ 'ਕਰਮ ਜਾਲ ਤੋਂ ਸਤੰਤ੍ਰ ਹੋਣ ਦੇ ਫਿਲਸਫੇ।'

ਹੰਸ-ਠੀਕ ਹੈ, ਪਰ ਫੇਰ ਬਾਕੀ ਕੀਹ ਲੋੜ ਹੈ ?

ਸੈਨਾਪਤਿ-ਬਾਕੀ ਉਹ ਲੋੜ ਹੈ ਜਿਸ ਦੀ ਅਪੂਰਣਤਾ ਨੇ ਭਿਖੇ ਵਰਗੇ ਕਵੀ ਤੇ ਸ਼ਾਸਤ੍ਰ ਵੇਤਾ ਨੂੰ ਇਕ ਬਰਸ ਦਰ ਦਰ ਰੁਲਾਇਆ। ਜਿਸ ਨੇ ਮੇਰੇ ਦਿਲ ਦੇ ਅੰਦਰਲੇ ਇਕ ਸੱਖਣੇਪਨ ਨੂੰ ਬੜੀ ਭਟਕਣਾ ਦੇ ਬਾਅਦ ਪੂਰਾ ਕੀਤਾ, ਜਿਹੜਾ ਤੁਹਾਨੂੰ ਤਲਾਸ਼ ਵਿਚ ਪਾ ਰਿਹਾ ਹੈ। ਸਜਣ ! ਕੋਈ ਅਪੂਰਣਤਾ ਹੈ, ਕੋਈ ਸੱਖਣਾਪਨ ਹੈ, ਕੋਈ ਅਭਰਵੀਂ ਅਕਾਂਖਯਾ ਹੈ ਜੋ ਸਚੀਆਂ ਮੁਤਲਾਸ਼ੀ ਰੂਹਾਂ ਨੂੰ ਉਹਨਾਂ ਦੀ ਵਿਦਯਾ ਤਲਾਸ਼ ਤੇ ਤਪਾਂ ਹਠਾਂ ਦੇ ਅੰਤ ਤੇ ਆ ਘੇਰਦੀ ਹੈ। ਜਿਨ੍ਹਾਂ ਦੇ ਅੰਦਰ ਲੋਕਾਂ ਵਿਚ ਗੁਣੀ ਪ੍ਰਸਿੱਧ ਹੋਣ ਦੇ ਘਮੰਡ ਦੀ ਟੇਕ ਕਾਫੀ ਨਹੀਂ, ਜਿਨ੍ਹਾਂ ਨੂੰ ਕਿਸੇ ਸੰਸਾਰਕ ਗ਼ਰਜ਼ ਨੇ ਪਰਮਾਰਥ ਵਿਚ ਨਹੀਂ ਪਾਇਆ, ਜੋ ਆਪਣੇ ਕਲਿਆਣ ਨਮਿਤ ਢੂੰਡ ਵਿਚ ਲਗੇ ਹਨ, ਹਾਂ ਸਜਣਾ ! ਉਹ ਆਪਣੀ ਤਲਾਸ਼ ਦੇ ਅੰਤ ਵਿਚ ਦਿਲ ਵਿਚ ਇਕ 'ਸੱਖਣਾ-ਪਨ' ਵੇਖਦੇ ਹਨ, ਉਹਨਾਂ ਨੂੰ ਲੋਕ ਲਾਜ ਨਹੀਂ ਕਿ ਅੰਦਰਲੇ ਪੋਲ ਨੂੰ ਛਿਪਾ ਲੈਣ। ਉਹ ਆਪੇ ਨਾਲ ਸੱਚੇ ਹਨ। ਉਹ ਅੰਦਰ ਦੇਖਦੇ ਹਨ ਕਿ ਵਿਦਵਾਨ ਹੋ ਕੇ, ਦਰਸ਼ਨ ਵਿਦਯਾ (ਫਿਲਸਫਾ) ਪ੍ਰਾਪਤ ਕਰਕੇ ਮਨੋ ਗਿਆਨ ਪਾਕੇ, ਸਭ ਕੁਛ ਮਨ ਨਾਲ ਸਮਝ ਕੇ ਅੰਦਰ ਘਾਪਾ ਹੈ, ਅਸ਼ਾਂਤੀ ਹੈ, ਸੱਖਣਾ ਪਨ ਹੈ, ਕੋਈ ਅਭਰਵੀਂ ਖੁੜ ਹੈ।

ਹੰਸ-ਠੀਕ ਕਿਹਾ ਜੇ, ਪਠਨ ਪਾਠਨ, ਉਗ੍ਰਤਪ, ਸੰਜਮ ਸਾਧਨ, ਬ੍ਰਤ ਧਾਰਨ ਦਾ ਫਲ ਇਹ ਤਾਂ ਜ਼ਰੂਰ ਹੋਇਆ ਹੈ ਕਿ ਮੈਨੂੰ ਬੀ ਅੰਦਰ ਇਕ ਸੱਖਣਾ ਪਨ ਦੀਹਦਾ ਹੈ। ਜਦ ਤਕ ਮੇਰੇ ਅੰਦਰ 'ਮਨ ਦਾ ਮਾਨ' ਰਿਹਾ, ਜਦ ਤਾਂਈਂ ਪੂਜਯ ਹੋਣ ਦਾ ਨਸ਼ਾ ਤੇ ਲੋਕਾਂ ਦੇ ਆਦਰ ਦਾ ਸੁਆਦ ਰਿਹਾ, ਤਦ ਤਾਂਈਂ ਇਸ ਸੁਆਦ ਵਿਚ ਮੈਨੂੰ ਇਹ ਸੱਖਣਾਪਨ ਨਹੀਂ ਦਿੱਸਿਆ। ਪਰ ਜਦੋਂ ਉਗ੍ਰਤਪਾਂ ਤੇ ਤੀਬਰ ਵੈਰਾਗ ਨੇ ਇਹ ਬੀ ਤੋੜ ਦਿੱਤੇ ਤਾਂ ਮੈਂ ਸੱਖਣਾ ਹੋ ਗਿਆ, ਏਹੋ ਸੱਖਣਾਪਨ ਮੈਨੂੰ ਦੁਆਰ ਦੁਆਰ ਭਟਕਾ ਰਿਹਾ ਹੈ। ਇਸ ਕਲਗੀ ਵਾਲੀ ਮੂਰਤੀ ਨੂੰ ਦੇਖਕੇ ਕੁਛ ਘਾਪਾ ਮਿਲਦਾ ਹੈ, ਪਰ

ਪਤਾ ਨਹੀਂ ਲਗਦਾ, ਕਰਾਂ ਕੀ ?

ਸੈਨਾਪਤਿ-ਸ਼ੁਕਰ ਹੈ : ਸਾਡਾ ਅੰਦਰ ਖਾਲੀ ਹੋਇਆ। ਸੋਨਾ, ਚਾਂਦੀ, ਤੀਮੀਂ ਛਡਣਾ ਕਠਨ ਨਹੀਂ, ਮਾਨ ਦਾ ਅੰਦਰੋਂ ਟੁੱਟਣਾ ਖਰਾ ਕਠਨ ਹੈ। ਗੁਣ ਤੇ ਗਜਾਨ ਦਾ ਮਾਨ ਬੜਾ ਚੀੜ੍ਹਾ ਹੁੰਦਾ ਹੈ। ਅਸਲ ਵਿਚ ਇਹ ਮਾਨ, ਇਹ ਅਭਿਮਾਨ, ਇਹ ਝੂਠੀ ਟੇਕ ਦੀਹਦੀ ਨਹੀਂ, ਇਸ ਦੇ ਬੇ-ਮਲੂਮ ਨਸ਼ੇ ਵਿਚ ਬੜੇ ਬੜੇ ਵਿਦਵਾਨ ਤੇ ਗੁਣੀ ਉਮਰਾਂ ਲੰਘਾ ਜਾਂਦੇ ਹਨ[1]। ਮੇਰੀ ਇਹ 'ਮੈ ਕੁਛ ਹਾਂ' ਦੀ ਟੇਕ ਟੁੱਟੀ, ਸਖਣਾਪਨ ਆਇਆ, ਫੇਰ ਮੇਰੇ ਸਖਣੇਪਨ ਦੀ ਟੋਟ ਇਸ ਗੁਰੂ ਘਰ ਵਿਚ ਆਕੇ ਭਰੀ।

ਹੰਸ (ਲੰਮਾ ਸਾਹ ਲੈ ਕੇ)-ਠੀਕ ਹੈ। ਅਚਰਜ ਹੈ ਤੁਸੀਂ ਨਿੰਦਦੇ ਕਿਸੇ ਨੂੰ ਨਹੀਂ, ਪਰ ਫੇਰ ਕਿਸੇ ਹੋਰ ਪਾਸੇ ਲਈ ਜਾਂਦੇ ਹੋ।

ਸੈਨਾਪਤਿ-ਸਾਡੇ ਸਤਿਗੁਰ ਨੇ ਕਿਹਾ ਹੈ:-

'ਛਿਅ ਘਰ ਛਿਅ ਗੁਰ ਛਿਅ ਉਪਦੇਸ॥

'ਗੁਰੁ ਗੁਰੁ ਏਕੋ ਵੇਸ ਅਨੇਕ॥੧॥' ਅਰਥਾਤ ਛੀਏ ਸ਼ਾਸਤ੍ਰ ਅੱਡ ਅੱਡ ਦਾਨਿਆਂ ਦੀ ਰਚਨਾਂ ਹਨ, ਅੱਡ ਅੱਡ ਉਨ੍ਹਾਂ ਦੇ ਉਪਦੇਸ਼ ਹਨ, ਹਰੇਕ ਕਿਸੇ ਨਾ ਕਿਸੇ ਇਕ ਨੁਕਤੇ ਨੂੰ ਹੱਲ ਕਰਦਾ ਹੈ, ਪਰ ਇਨ੍ਹਾਂ ਦਾ ਗੁਰੂ ਮਹਾਂ ਗੁਰੂ ਹੋਰ ਹੈ, ਉਸ ਦਾ ਮਿਲਾਪ ਕੁਛ ਹੋਰ ਸ਼ੈ ਹੈ, ਅਰ ਇਹ ਅਨੇਕਤਾ ਉਸ 'ਇਕ' ਦੇ ਵੇਸ ਹਨ, ਇਸ ਗੁਰਾਂ ਦੇ ਗੁਰੂ ਅਨੰਤ ਨਾਲ ਮੇਲ ਕਰੋ। ਦ੍ਰਿਸ਼ਟਾਂਤ ਰੂਪੀ ਰੁੱਤਾਂ, ਮਾਹ, ਥਿਤਾਂ ਵਾਰ ਵੇਖਕੇ, ਇਨ੍ਹਾਂ ਦੇ ਗੁਰੂ ਸੂਰਜ ਵਲ ਆਓ। ਜੇ ਤੁਸੀਂ ਨਿੱਘ, ਰੌਸ਼ਨੀ, ਦਾਮਨਿਕ ਬਲ ਚਾਹੁੰਦੇ ਹੋ ਤਾਂ ਅਨੇਕ ਵੇਸਾਂ ਵਿਚੋਂ ਟੋਹ ਲਾਕੇ ਵੇਸਾਂ ਦੇ ਗੁਰੂ-'ਰੱਬ' ਸੂਰਜ ਵਲ ਆਓ। ਮੈਂ ਤੁਹਾਨੂੰ ਉਸ 'ਕਰਤੇ ਕੀਰਤਿ ਘਰ' ਵੱਲ ਲਿਜਾ ਰਿਹਾ ਹਾਂ।

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥

ਸੋ ਘਰੁ ਰਾਖੁ ਵਡਾਈ ਤੋਇ॥ (ਆਸਾ ਮ: ੧)

ਸਭ ਸ਼ਾਸਤ੍ਰਾਂ ਫਿਲਾਸਫੀਆਂ ਦੀਆਂ ਬਰੀਕੀਆਂ, ਰੁੱਤਾਂ, ਮਾਹ, ਵਿਸੇ, ਚਸੇ ਹਨ, ਜਿਵੇਂ ਇਨ੍ਹਾਂ ਦਾ ਗਿਣਨਾ, ਗਿਆਨ ਪ੍ਰਾਪਤ ਕਰਨਾ; ਇਸ ਧਰਤੀ ਪਰ 'ਵਾਕਜਾ' ਹੋਈਆਂ ਘਟਨਾਵਾਂ ਦਾ ਗਿਆਨ ਹੈ, ਸੂਰਜ ਦੀ ਆਪਣੀ ਜ਼ਾਤ ਨਾਲ ਕੋਈ ਸਿੱਧਾ ਸਾਡਾ ਸੰਬੰਧ ਹੋ ਜਾਣਾ ਨਹੀਂ; ਸੋ ਜਦੋਂ ਉਸ ਨਾਲ ਸੰਬੰਧ ਹੋਵੇ ਤਦੋਂ 'ਚਾਨਣ, ਨਿੱਘ, ਦਾਮਨਿਕ ਸ਼ਕਤੀ' ਪ੍ਰਾਪਤ ਹੋਵੇ। ਤਿੱਥ ਪੱਤ੍ਰਿਕਾਂ ਤਾਂ ਪੜ੍ਹ ਲਈਆਂ, ਹੁਣ ਧੁੱਪੇ ਬੀ ਆ ਬੈਠੋ। ਇਸ ਧਰਤੀ ਤੇ ਵਸਦਿਆਂ ਸੂਰਜ ਨਾਲ ਮੇਲ ਕਰਨਾ ਕੀ ਹੈ ? ਧੁੱਪ ਨਾਲ ਮੇਲ ਕਰਨਾ। ਤਿਵੇਂ 'ਅਨੰਤ' ਨਾਲ ਮੇਲ ਉਸ ਨਾਲ ਪ੍ਰੇਮ ਵਿਚ ਹੈ। ਸੋ ਹੁਣ ਬਾਬਾ ਜੀ ! ਉਸ ਨਾਲ ਸੱਚ ਮੁੱਚ ਅੰਦਰ ਪ੍ਰਤੀਤ ਦੇਣ ਵਾਲੀ ਲੋ ਲਾਓ ਜੋ ਕਦੇ ਕਰਮ ਜਾਲ ਵਿਚ ਨਹੀਂ ਫਸਿਆ। ਜਿਸਨੂੰ 'ਵਿਸ਼ੇਸ਼ ਪੁਰਖ' ਦੱਸਦੇ ਹਨ, ਜਿਸ ਨੂੰ ਪਾਰਬ੍ਰਹਮ ਪੂਰਨ ਬ੍ਰਹਮ ਭੀ ਕਹਿੰਦੇ ਹਨ, ਜਿਸਨੂੰ ਬਾਬੇ ਗੁਰੂ ਨਾਨਕ ਨੇ 'ਬਿਅੰਤ' ਕਿਹਾ ਹੈ, ਸੱਚ ਕਿਹਾ ਹੈ, ਤੇ ਵਾਹਿਗੁਰੂ ਕਹਿ ਕੇ ਸਲਾਹਿਆ ਹੈ! ਉਸ ਇਕੋ ਨਾਲ ਲਿਵ ਲਾਓ।

ਹੰਸ-ਜਿਸ ਨੂੰ ਤੁਸਾਂ 'ਏਕੋ' ਕਰਕੇ ਕਿਹਾ ਹੈ, ਐਸੇ ਈਸ਼੍ਵਰ, ਬ੍ਰਹਮ ਯਾ ਰੱਬ ਨੂੰ ਮੈਂ ਨਹੀਂ ਮੰਨਦਾ ਰਿਹਾ; ਪਰ ਹਾਂ ਇਹ ਮੈਂ ਮੰਨਦਾ ਰਿਹਾ ਹਾਂ ਕਿ ਮੁਕਤ ਆਤਮਾ ਯਾ ਨਿਰ ਉਪਾਧੀ ਹੋ ਗਏ ਜੀਵ ਨਿਰੋਲ ਚੇਤਨਾ ਰੂਪ ਹੁੰਦੇ ਹਨ, ਉਹ ਅਨੰਤ ਗਜਾਨ, ਅਨੰਤ ਦਰਸ਼ਨ, ਅਨੰਤ ਵੀਰਯ ਤੇ ਅਨੰਤ ਸੁਖ ਵਾਲੇ ਹੁੰਦੇ ਹਨ। ਭਾਵੇਂ ਓਹ ਅਚਾਹ ਤੇ ਬੇ-ਪਰਵਾਹ ਹਨ ਪਰ ਉਹਨਾਂ ਦੀਆਂ ਮੂਰਤੀਆਂ ਬਣਦੀਆਂ ਤੇ ਪੂਜਾ ਹੁੰਦੀਆਂ ਹਨ। ਫੇਰ 'ਸ਼ਾਸਨਾ ਸ਼ਿਸ਼ਠਾਯਾ ਦੇਵਤਾ' ਦੀ ਅਰਾਧਨਾ ਬੀ ਕਿਤੇ ਕਿਤੇ ਹੁੰਦੀ ਹੈ ਜੋ ਪ੍ਰਾਰਥਨਾ ਸੁਣਦੇ ਤੇ ਫਲ ਦੇਂਦੇ ਹਨ ਪਰ ਉਹ ਜੀਵਾਂ ਵਿਚੋਂ ਹੀ ਉਚੇ ਹਏ ਹਨ ਨਾ। ਸਾਂਖ ਨੇ ਬੀ ਇਸ ਪ੍ਰਕਾਰ ਦੇ ਈਸ਼੍ਵਰ ਦੀ ਹਸਤੀ ਮੰਨੀ ਹੈ[1]। ਮੈਨੂੰ ਇਹ ਸਮਝਾਓ ਕਿ ਜੋ ਤੁਸੀਂ ਇਕ ਪਰਮਾਤਮਾ ਮੰਨਦੇ ਹੋ ਓਹ ਜੋ ਜਗਤ ਰਚਦਾ ਹੈ ਤਾਂ ਇਛਾਵਾਨ ਹੈ। ਇਛਾਵਾਨ ਨਿਰਵਿਕਾਰ ਨਿਰਬ੍ਰਿਤ ਕਿਵ ਹੈ ?

ਸੈਨਾਪਤਿ-ਤੁਸੀਂ ਜਦ ਪਰਮਪੁਰਖ ਨੂੰ ਇਛਾਵਾਨ ਕਹਿੰਦੇ ਹੋ ਤਾਂ ਆਪਣੀ ਇੱਛਾ ਨੂੰ ਉਸ ਵਿਚ ਆਰੋਪਨ ਕਰਦੇ ਹੋ। ਪਰ ਅਸਲ ਵਿਚ ਉਹ ਤਾਂ ਦੇਸ਼ ਕਾਲ ਤੋਂ ਪਰੇ ਹੈ, ਉਹ ਸਾਡੀ ਸਮਝ ਦਾ, ਜਗਤ ਦੇ ਪਦਾਰਥਾਂ ਵਾਂਙੂ, ਦ੍ਰਿਸ਼ਟਮਾਨ ਬਣਨ ਤੋਂ ਪਰੇ ਹੈ। ਉਸ ਨੂੰ, ਜੋ ਬਿਅੰਤ ਹੈ, ਇਨਸਾਨ ਦੀ

1. ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ।। (ਸਲੋ: ਕਬੀਰ-੧੫੬)

1. ਈਸ਼੍ਵਰਾਸਿੱਧੇ: ਸਿੱਧਾ। ੩.੫੭

ਬੁਧੀ, ਜੋ ਹੱਦ ਬੰਨੇ ਵਾਲੀ ਹੈ, ਕੀਕੂੰ ਵਰਣਨ ਕਰ ਸਕਦੀ ਹੈ। ਜਿਸ ਨੂੰ ਦ੍ਰਿਸ਼ਟਮਾਨ ਪਦਾਰਥਾਂ ਵਾਂਙੂ ਨਾ ਵੇਖ ਸਕੀਦਾ, ਨਾ ਵਰਣਨ ਕਰ ਸਕੀਦਾ ਹੈ; ਤਾਂ ਤੇ ਉਸਦਾ ਤੇ ਉਸ ਦੇ ਕਰਨਿਆਂ, ਵੀਚਾਰਾਂ, ਇਛਿਆਵਾਂ ਆਦਿ ਦਾ ਕੋਈ ਕੀਕੂੰ ਵਰਣਨ ਕਰ ਸਕਦਾ ਹੈ। ਪਰ ਸੋਚ ਕਰੋ ਕਿ ਇਹ ਤਾਂ ਹੋ ਨਹੀਂ ਸਕਦਾ ਕਿ ਉਹ ਆਪ ਤਾਂ ਹੋਵੇ ਦੇਸ਼ ਕਾਲ ਤੋਂ ਉਪਰ ਤੇ ਉਸਦੇ ਕਰਨੇ ਤੇ ਵੀਚਾਰ ਹੋਣ ਸਾਡੇ ਵਰਗੇ-ਦੇਸ਼ ਕਾਲ ਵਾਲੇ। ਇਹ ਤੁਸੀਂ ਸਮਝ ਸਕਦੇ ਹੋ ਕਿ ਜੋ ਚੇਤਨ ਹੈ ਉਹ ਜੜ੍ਹ ਪਦਾਰਥਾਂ ਵਾਂਙੂ ਅਹਿੱਲ ਪਿਆ ਰਹਿਣ ਵਾਲਾ ਪੱਥਰ ਤੁੱਲ ਬੀ ਨਹੀਂ ਨਾ ਹੋ ਸਕਦਾ! ਚੇਤਨ ਪ੍ਰਕਾਸ਼ ਸਰੂਪ ਹੈ ਤੇ ਉਸ ਵਿਚ ਕੋਈ ਖੇਲ ਜ਼ਰੂਰ ਹੈ ਜਿਸਨੂੰ ਅਸੀਂ ਆਪਣੀ ਬੋਲੀ ਵਿਚ 'ਕਰਨੇ ਤੇ ਵੀਚਾਰ' ਕਹਿ ਲਈਏ, ਪਰ ਉਹ ਕਰਨੇ ਤੇ ਵੀਚਾਰ ਅਦੇਸ਼, ਅਕਾਲ ਤੇ ਉਸ ਵਾਂਙੂ ਸਤਤਸਰੂਪਤਾ ਵਾਲੇ ਹਨ[1], ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਫੁਰਮਾਯਾ: 'ਸਚੇ ਤੇਰੇ ਕਰਣੇ ਸਰਬ ਬੀਚਾਰ' ਤੇ ਇਸ ਭੁੱਲ ਵਿਚੋਂ ਬੀ ਗੁਰੂ ਨਾਨਕ ਦੇਵ ਜੀ ਨੇ ਕੱਢਿਆ ਕਿ ਪਦ ਪਰਮ ਪੁਰਖ ਸਾਡੇ ਖਿਆਲ ਯਾ ਕਥਨੀ ਦਾ ਵਿਸ਼ਾ ਨਹੀਂ ਤਾਂ ਉਸਦੇ 'ਕਰਨੇ ਤੇ ਵੀਚਾਰ' ਆਦਿ, ਜਿਨ੍ਹਾਂ ਨੂੰ ਉਨ੍ਹਾਂ ਨੇ 'ਹੁਕਮ' ਕਿਹਾ ਹੈ, ਉਹ ਕੀਕੂੰ ਸਾਡੀ ਸਮਝ ਦਾ ਵਿਸ਼ਾ ਹੋ ਸਕਦਾ ਹੈ ਤੇ ਉਹ ਵਰਨਣ ਕੀਕੂੰ ਕੀਤਾ ਜਾ ਸਕਦਾ ਹੈ। 'ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ' ਉਹਨਾਂ ਦਾ ਵਾਕ ਹੈ। ਸੋ ਉਸ ਸਰਬ ਚੇਤਨਾ ਰੂਪ, ਸਰਬੱਗਜ; ਦੇਸ਼ ਕਾਲ ਤੋਂ ਪਰੇ ਦੇ ਸਰੂਪ ਤੇ ਉਸ ਦੇ ਆਪਣੇ ਅਦੇਸ਼ ਅਕਾਲ ਮੰਡਲ ਦੇ ਕਰਨੇ, ਵੀਚਾਰਾਂ ਅਰਥਾਤ 'ਹੁਕਮ' ਨੂੰ ਆਪਣੀਆਂ ਦੇਸ਼ ਕਾਲੀ ਇੱਛਾਂ ਤੇ ਦੇਸ਼ ਕਾਲੀ ਕਰਨਿਆਂ ਤੇ ਵੀਚਾਰਾਂ ਦੀ ਤੁੱਲਤਾ ਦੇ ਕੇ ਉਸ ਵਿਚ ਉਹ ਕੁਛ ਨਾ ਆਰੋਪਣ ਕਰੋ ਜੋ ਉਥੇ ਹੈ ਨਹੀਂ। ਉਹ ਸ਼ੁੱਧ ਚੇਤਨ ਹੈ ਪਰ ਉਹ ਚੇਤਨਾ ਕਿਸੇ ਹੱਦਬੰਦੀ ਵਿਚ ਨਹੀਂ, ਨਾ ਤੁਸੀਂ ਉਸ ਅਨੰਤ ਨੂੰ ਕੋਈ ਹੱਦਬੰਦੀ ਦੇ ਸਕਦੇ ਹੋ, ਨਾ ਆਪਣੀ ਦੇਸ਼ ਕਾਲੀ ਵਿਕ੍ਰਤੀ ਉਸ ਨੂੰ ਆਰੋਪਣ ਕਰ ਸਕਦੇ ਹੋ।

ਹੰਸ (ਇਕ ਲੰਮਾ ਠੰਢਾ ਸਾਹ ਲੈ ਕੇ)-ਪਿਆਰੇ ਸੈਨਾਪਤਿ ਕੇਡੀ ਭਾਰੀ ਭੁੱਲ ਵਿਚ ਉਮਰਾ ਬੀਤ ਗਈ। ਹਾਂ ਹੁਣ ਚੇਤਾ ਆ ਗਿਆ ਹੈ ਕਿ ਸਾਂਖ ਨੇ ਬੀ ਪ੍ਰਕ੍ਰਿਤੀ ਤੋਂ ਕੈਵੱਲਜ ਹੋਏ ਈਸ਼੍ਵਰ ਨੂੰ ਮੰਨਿਆਂ ਹੈ ਤੇ ਆਖਿਆ ਹੈ ਕਿ ਉਹ ਸਰਬੱਗਜ ਅਰ ਸਰਬ ਸ਼ਕਤੀਮਾਨ ਹੁੰਦਾ ਹੈ[1]। ਹਾਂ ਉਹੋ, ਜੋ ਪਹਿਲੇ ਸਰਗ ਵਿਚ ਕਾਰਣ ਲੀਨ ਸੀ, ਕਿਸੇ ਮਗਰਲੇ ਸਰਗ ਵਿਚ ਸਰਬੱਗਜ ਤੇ ਸਰਬ ਸ਼ਕਤੀਮਾਨ ਆਦਿ ਪੁਰਖ ਹੋ ਜਾਂਦਾ ਹੈ[2] ਵਾਹ ਵਾਹ ! ਹੁਣ ਤਾਂ ਮੈਨੂੰ ਇਹ ਬੀ ਝਲਕਾ ਵੱਜਾ ਹੈ ਕਿ ਅਸੀਂ ਜੋ ਨਿਰਉਪਾਧੀ ਆਤਮਾਵਾਂ ਅਨੇਕ ਮੰਨਦੇ ਹਾਂ ਤੇ ਉਨ੍ਹਾਂ ਨੂੰ ਅਨੰਤਗਜਾਨ ਵਾਲੇ ਮੰਨਦੇ ਹਾਂ ਤਦ ਉਨ੍ਹਾਂ ਨੂੰ ਅਨੇਕ ਕਿਉਂ ਮੰਨਦੇ ਹਾਂ: ਅਨੇਕਤਾ ਤਾਂ ਕਿਸੇ ਫਰਕ ਕਰਕੇ ਹੁੰਦੀ ਹੈ। ਜੇ ਅਸੀਂ ਉਹਨਾਂ ਨੂੰ ਇਕੋ ਜਿਹੇ ਅਨੰਤ ਗਜਾਨ ਵਾਲੇ ਮੰਨਦੇ ਹਾਂ ਤੇ ਲੱਛਣਾਂ ਵਿਚ ਕੋਈ ਫਰਕ ਨਹੀਂ ਮੰਨਦੇ ਤਾਂ ਅਨੇਕਤਾ ਕਾਹਦੀ? ਅਨੰਤ ਗਜਾਨ, ਅਨੰਤ ਦਰਸ਼ਨ, ਅਨੰਤ ਵੀਰਜ, ਅਨੰਤ ਸੁਖ ਵਾਲੇ ਲੱਛਣ ਅਨੇਕਤਾ ਨੂੰ ਨਹੀਂ ਪਰ ਏਕਤਾ ਨੂੰ ਸੂਚਨ ਕਰਦੇ ਹਨ। ਮੈਂ ਪੜ੍ਹ ਸੁਣਕੇ ਧਜਾਨ ਉੱਚਾ ਕਰਕੇ ਨਾ ਡਿੱਠਾ ਕਿ ਅਨੇਕਤਾ ਤਾਂ ਸਾਰੀ ਏਕਤਾ ਵਲ ਲਿਜਾ ਰਹੀ ਹੈ। ਹੁਣ ਦੱਸੋ ਤੁਸੀਂ ਮੈਨੂੰ ਕਿਧਰ ਲਿਚੱਲਦੇ ਹੋ ?

ਸੈਨਾਪਤਿ-ਪਰਮ ਪੁਰਖ ਦੀ ਸਰਨ[3]। ਜੀਵ ਨੂੰ ਈਸ਼੍ਵਰ ਵਲ, ਪੁਰਖ ਨੂੰ ਪੁਰਖ ਵਿਸ਼ੇਸ਼ ਵੱਲ, ਆਪਣੇ ਜੀਵ ਤਤ ਨੂੰ ਬ੍ਰਹਮ ਤਤ ਵੱਲ, 'ਤੰਤੈ ਕਉ ਪਰਮ ਤੰਤੁ' ਵਲ। ਅਸੀਂ ਜੇ ਸੱਚਮੁਚ ਮੋਖ ਚਾਹੁੰਦੇ ਹਾਂ ਤਾਂ ਪਰਮ ਪੁਰਖ ਦੀ ਸ਼ਰਨ ਪ੍ਰਾਪਤ ਹੋਵੀਏ, ਜਿਥੇ ਕਿ ਫੇਰ ਪ੍ਰਕ੍ਰਿਤੀ ਕਿ ਪੁਦਗਲ, ਮਾਯਾ ਕਿ ਅਗਜਾਨ ਕਿਸੇ ਦਾ ਵਸੀਕਾਰ ਨਹੀਂ ਚਲਦਾ।

"ਛੁਟਹੋ ਕਾਲ ਫਾਸ ਤੇ ਤਬ ਹੀ ਗਹੋ ਸ਼ਰਨ ਜਗਤਾਗਰ।" (ਰਾਮਕਲੀ ਪਾ. ੧੦)

ਹੰਸ-ਤਾਂ ਤੁਸੀਂ ਇਉਂ ਕਹਿ ਰਹੇ ਹੋ ਜੀਕੂੰ ਬਿਅੰਤ ਕੋਈ ਦੇਸ਼ ਕਾਲ ਵਾਲਾ ਪੁਰਖ ਹੈ ਅਰ ਤੁਸੀਂ ਤੇ ਮੈਂ ਉਸ ਵਲ ਦੇਸ਼ ਕਾਲ ਨਾਲ ਵੇੜ੍ਹੀ ਹੋਈ ਧਾਈ ਕਰਨੀ ਹੈ, ਪਰ ਦੇਸ਼ ਕਾਲ ਵਾਲਾ ਨਾ ਅਨੰਤ ਹੋ ਸਕਦਾ

1. ਜਿਵੇਂ ਸਾਗਰ ਵਿਚ ਦਰਿਯਾ ਹਨ ਜੋ ਹਰ ਤਰ੍ਹਾਂ ਉਸੇ ਦਾ ਸਰੂਪ ਹਨ, ਭਿੰਨ ਨਹੀਂ ਹਨ, ਪਰ ਫੇਰ ਹੈਨ ਦਰਯਾ ਬੀ।

1. ਤਹਿ ਸਰ੍ਵ ਵਿਸ ਸਰ੍ਵ ਕਰ੍ਤਾ: (ਸਾਂ: ਦ: ੩:੫੬)
2. ਸਹਿ ਪੂਰ੍ਵ ਸਰ੍ਗੇ ਕਰਣਲੀਨ : ਸਰਗਾਂਤੇ ਸਰ੍ਵ ਵਿਤ ਸਰ੍ਵ ਕਰ੍ਤੇਸ਼੍ਵਰ ਆਦਿ ਪੁਰਖੋ ਭਵਤਿ।
3. ਪ੍ਰਾਨੀ ਪਰਮ ਪੁਰਖ ਪਗ ਲਾਗੋ॥ (ਪਾ: ੧੦)

ਹੈ, ਨਾ ਅਨਾਦਿ ਹੋ ਸਕਦਾ ਹੈ।

ਸੈਨਾਪਤਿ-ਠੀਕ ਹੈ, ਪਰ ਹੰਸ ਜੀ, ਖਿਆਲ ਵਿਚਾਰ ਦੀ ਵਿਤ੍ਰੇਕ ਤੇ ਵਾਲ ਦੀ ਖੱਲ ਉਧੇੜਨ ਵਾਲੀ ਬਾਰੀਕੀ ਵਿਚ ਹੀ ਨਾ ਰਹੀਏ, ਕੁਛ ਹੋਰਵੇਂ ਸੋਚ ਕਰੀਏ। ਦੇਖੋ ਨਾ ਹਰ ਖਿਆਲ ਦਾ ਇਕ ਨਾਉਂ ਧਰ ਦੇਣਾ ਤੇ ਆਖਣਾ ਗਿਆਨ ਹੋ ਗਿਆ ਹੈ ਇਸਨੂੰ ਹੀ ਕਾਫੀ ਜਾਨਣਾ ਠੀਕ ਨਹੀਂ। ਅਸਮਾਨ ਵਿਚ ਲਿਸ਼ਕ ਦਿੱਸੀ, ਉਸ ਦਾ ਨਾਮ ਧਰਿਆ ਬਿਜਲੀ, ਜਦ ਕਿਸੇ ਬਾਲ ਨੇ ਪੁੱਛਿਆ, 'ਬਾਪੂ ! ਇਹ ਕੀ ਹੈ ?' ਤਾ ਆਖਿਆ: 'ਬਿਜਲੀ'। ਬਾਪੂ ਹੁਰੀਂ ਗਿਆਨੀ ਬੀ ਹੋ ਗਏ ਤੇ ਗੁਰੂ ਬੀ ਹੋ ਗਏ ਤੇ ਬੱਚਾ ਸਿਖ ਬੀ ਹੋ ਗਿਆ ਤੇ ਗਿਆਨ ਪ੍ਰਾਪਤ ਬੀ ਹੋ ਗਿਆ, ਇਹੋ ਹੈ ਨਾ ਤੁਸਾਡਾ ਸਾਡਾ ਗਿਆਨ।

ਹੰਸ-ਬਿਜਲੀ ਕਹਿਣ ਨਾਲ ਨਾ ਬਿਜਲੀ ਦਾ ਕਾਰਨ ਪਤਾ ਲੱਗਾ, ਨਾ ਉਸ ਦਾ ਰੂਪ ਪਤਾ ਲੱਗਾ, ਨਾ ਗੁਣ ਸੁਭਾਵ ਲੱਭੇ, ਨਾ ਚਾਨਣਾ ਮਿਲਿਆ, ਨਾ ਸ਼ਕਤੀ ਲੱਝੀ, 'ਨਾ ਉਹ ਕੀ ਹੈ' ਦਾ ਪਤਾ ਲੱਗਾ ਨਾ ਉਹ ਸਾਨੂੰ ਪ੍ਰਾਪਤ ਹੋਈ ਨਾ ਅਸੀਂ ਉਸ ਨੂੰ।

ਸੈਨਾਪਤਿ-ਠੀਕ ਹੈ, ਇਸੇ ਤਰ੍ਹਾਂ ਸਾਨੂੰ ਪਤਾ ਲੱਗਾ ਕਿ ਅਸੀਂ ਦੇਸ਼ ਕਾਲ ਦੇ ਕੈਦੀ ਹਾਂ, ਫੇਰ ਅਸਾਂ ਦੇਸ਼ ਕਾਲ ਤੋਂ ਬਾਹਰ ਕਿਸੇ ਚੈਤੰਨਜ ਹੋਂਦ ਦਾ ਨਾਮ 'ਬ੍ਰਹਮ', 'ਆਤਮਾਂ', 'ਪੁਰਖ', 'ਰੂਹ' 'ਈਸ਼੍ਵਰ' ਯਾ ਅਨੰਤ ਗਜਾਨ ਵਾਲਾ ਸਿਧ ਆਦਿ ਪੁਰਖ, ਜਾਂ ਕੁਛ ਹੋਰ ਨਾਮ ਧਰ ਦਿੱਤਾ ਤੇ ਬੱਸ। ਜੇ ਨਿੱਘ ਦੀ ਲੋੜ ਹੈ ਤਾਂ ਬੰਦ ਕੋਠੇ ਦੇ ਪਾਲੇ ਵਿਚੋਂ ਬਾਹਰ ਨਿਕਲ ਕੇ ਧੁਪੇ ਆ ਬੈਠੀਏ ਤਾਂ ਸੂਰਜ ਨੂੰ ਪ੍ਰਾਪਤ ਹੋਵੀਏ। ਜੇ ਅੰਦਰ ਬੈਠੇ ਹੀ ਸੂਰਜ ਦੇ ਲੱਛਣਾਂ ਤੇ ਝਗੜਦੇ ਰਹੇ, ਵਾਲ ਦੀ ਖੱਲ ਖਿੱਚਦੇ ਰਹੇ ਤਾਂ ਰਹੇ ਪਾਲੇ ਵਿਚ ਹੀ ਠੁਰਕਦੇ।

ਉਹ ਜੋ ਪਰਮ ਪੁਰਖ ਹੈ, ਆਪਣੀ ਕੁਦਰਤ ਵਿਚ ਵਸ ਰਿਹਾ ਹੈ। ਉਹ ਅਨੰਤ ਸੁੰਦਰ ਹੈ, ਕੁਦਰਤ ਵਿਚ ਵਜਾਪਕ ਹੋਣ ਕਰਕੇ ਉਸਦੀ ਅਨੰਤ ਸੁੰਦਰਤਾ ਕੁਦਰਤ ਵਿਚ ਝਲਕੇ ਮਾਰ ਰਹੀ ਹੈ, ਜਿਵੇਂ ਸੂਰਜ ਅਤਿ ਪ੍ਰਕਾਸ਼ ਸਰੂਪ ਹੋਣ ਕਰਕੇ ਕ੍ਰੋੜਾਂ ਕੋਹਾਂ ਤੋਂ ਇਸ ਧਰਤੀ ਉੱਤੇ ਧੁੱਪ ਦੇ ਰੂਪ ਵਿਚ ਆਪਣਾ ਪ੍ਰਕਾਸ਼ ਤੇ ਨਿੱਘ ਆਦਿ ਦੇ ਰਿਹਾ ਹੈ ਤੇ ਜਲਾਲ ਲਾ ਰਿਹਾ ਹੈ। ਸੋ ਪਜਾਰੇ ਜੀ ਕਾਦਰ ਤੇ ਕੁਦਰਤ ਨਾਲ ਰੁੱਸ ਕੇ ਉਦਾਸ, ਦਿਲਗੀਰ ਤੇ ਛੋਟੇ ਦਿਲ ਕਰਨ ਵਾਲੀਆਂ ਸੋਚਾਂ ਵਿਚ ਕਿ ਤਪਾਂ, ਹਠਾਂ ਨਾਲ ਮਰ ਮੁੱਕਣ ਦੀ ਥਾਵੇਂ ਕੁਦਰਤ ਵਿਚ ਵਸਦੀ ਸੁੰਦਰਤਾ ਨੂੰ ਵੀ ਤੱਕੋ। ਹਾਂ ਤੱਕੋ ਹੀ ਨਾ, ਸਗੋਂ ਕੁਦਰਤ ਵਿਚ ਵੱਸਦੀ ਸੁੰਦਰਤਾ ਦੇ ਰਸ ਵਿਚ ਆਓ, ਇਸ ਰਸ ਨਾਲ ਆਪੇ ਵਿਚ ਆਓ, ਆਪੇ ਵਿਚ ਜੁੜਕੇ ਨਿਰਮਲਤਾ ਵਿਚ ਆਓ, ਤਾਂ ਜੋ ਦੇਸ਼ ਕਾਲ ਤੋਂ ਪਰੇ, ਉਸ 'ਅਨਾਦਿ ਅਨੰਤ ਰਸ ਰੂਪ' ਦਾ ਸੱਚਮੁਚ ਝਲਕਾ ਵੱਜੇ, ਤੁਹਾਡੀ ਸੁਰਤ ਵਿਸਮਾਦ ਵਿਚ ਆ ਕੇ ਉਸ ਦਾ 'ਨਾਨਕ ਕਾ ਪਾਤਸਾਹੁ ਦਿਸੈ ਜਾਹਰਾ' ਵਾਲਾ ਪ੍ਰਤੱਖ ਰਸ ਵਾਲਾ ਸੁਆਦ ਤੇ ਗਜਾਨ ਪ੍ਰਾਪਤ ਕਰੇ ਤਾਂ ਜੋ ਉਸ ਨਾਲ ਨਿਰੰਤਰ ਮੇਲ ਜਾਰੀ ਰਹਿਣ ਦਾ ਰੌ ਜਾਰੀ ਹੋ ਪਵੇ। ਜੈਸਾ ਕਿ ਸਤਿਗੁਰ ਨੇ ਫੁਰਮਾਇਆ ਹੈ:

ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥
ਖੋਜਉ ਤਾਕੇ ਚਰਣ ਕਹਹੁ ਕਤ ਪਾਈਐ॥
ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ॥ ੧੩॥ (ਫੁਨਹੇ ਮ: ੫)

ਇਹ ਜੋ ਕਾਇਨਾਤ ਦਿੱਸਦੀ ਹੈ, ਜਿਸ ਵਿਚ ਤੁਸੀਂ ਸੋਚ ਵਾਲੇ ਬੰਦੇ ਹੋ, ਸੋਚੋ ਤੁਸੀਂ ਇਸ ਦਾ ਕੋਈ ਹਿੱਸਾ ਹੋ ਕਿ ਨਹੀਂ ? ਤੁਸੀਂ ਇਸ ਵਿਚ ਵੱਸਦੇ ਹੋ ਕਿ ਨਹੀਂ ? ਇਸ ਤਰ੍ਹਾਂ ਸੋਚੋ ਕਿ ਉਹ 'ਅਨੰਤ' ਦੇਸ਼ ਕਾਲ ਤੋਂ ਪਰੇ ਵਜਾਪਕ ਬੀ ਹੈ ਕਿ ਨਹੀਂ ? ਕੀ ਉਹ ਇਸ ਵਿਚ ਵੱਸਦਾ ਨਹੀਂ ? ਇਹ ਦਿੱਸਦੀ ਅਣਦਿੱਸਦੀ ਕੁਦਰਤ ਉਸ ਤੋਂ ਅੱਡ ਹੈ ਜਾਂ ਉਸ ਦੇ ਵਿਚ ਹੈ ? ਹਾਂ, ਗੁਰੂ ਨਾਨਕ ਜੀ ਕਹਿੰਦੇ ਹਨ ਕਿ ਉਹ ਅਨੰਤ ਹੈ:-

'ਕੁਦਰਤ ਵਸਿਆ' ਅਨੰਤ ਹੈ :-'ਕੁਦਰਤਿ ਕਰਿਕੈ ਵਸਿਆ ਸੋਇ। :' (ਵਾ: ਸ੍ਰੀ ਮ: ੧)
ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥' (ਵਾਰ ਆਸਾ ਮ: ੧)
ਤੇ ਆਖਦੇ ਹਨ: ਮੇਰਾ ਉਸ ਦਾ ਸੰਬੰਧ ਹੈ:
ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ ੧॥ ਰਹਾਓ॥ (ਵਾਰ ਆਸਾ ਮ:੧)

ਅਰਥਾਤ ਉਹ ਜੋ 'ਅਨੰਤ' ਹੈ, ਜਿਸ ਦਾ ਅੰਤ ਲਖ ਨਹੀਂ ਸਕੀਦਾ, ਉਹ ਕੁਦਰਤ ਵਿਚ ਵਸ ਰਿਹਾ

ਹੈ ਤੇ ਮੇਰਾ ਉਸ ਨਾਲ ਸੰਬੰਧ ਹੈ ਉਸ ਤੋਂ ਬਲਿਹਾਰੀ ਹੋਣਾ। ਇਹ ਬਲਿਹਾਰੀ ਹੋਣਾ ਅਸਾਂ ਸੰਬੰਧ ਪੈਦਾ ਕਰਨਾ ਹੈ ਉਸ ਦੇਸ਼ ਕਾਲ ਤੋਂ ਪਰੇ ਪਰ ਫੇਰ ਕੁਦਰਤ ਵਿਚ ਵਸ ਰਹੇ 'ਅਨੰਤ' ਨਾਲ। ਮੈਂ ਤੇ ਤੁਸਾਂ ਪੜ੍ਹਿਆਂ ਨੇ ਹੀ ਨਹੀਂ, ਸਗੋਂ ਬੋਲਦ ਦੇ ਮਗਰ ਹਲ ਵਾਹ ਰਹੇ ਹਾਹਕ ਨੇ ਬੀ ਇਹ ਰੱਬੀ ਟੇਕ ਪਾਕੇ ਇਨਸਾਨੀ ਕੰਮ ਕਰਦਿਆਂ ਇਨਸਾਨੀ ਰੰਗਾਂ ਵਿਚ ਰਹਿੰਦਿਆਂ ਰੱਬੀ ਰਸਾਂ ਵਿਚ ਤੇ ਰੱਬੀ ਟੇਕ ਵਿਚ ਵੱਸਣਾ ਹੈ ਤੇ ਸ਼ਾਸਤ੍ਰ ਵੇਤਾ ਮਨੋਵਿਗਜਾਨੀ ਨੇ ਬੀ ਇਸੇ ਰੰਗ ਵਿਚ ਰਤੜੇ ਹੋ ਕੇ ਜੀ ਉੱਠਣਾ ਹੈ। ਮੇਰਾ ਭਾਵ ਇਹ ਹੈ ਕਿ-

੧. ਸਾਡੇ ਸ਼ੁਭ ਵਰਤਾਉ, ਪਾਪ ਰਹਿਤ ਵਰਤਾਉ, ਸਥੂਲ ਸੂਖਮ ਵਿਕਾਰ ਅਵਸਥਾ ਤੇ ਫਤੇ ਪਾਉਣਾ ਸ਼ੁਭ ਕਰਮ ਹੈ ਤੇ ਇਹ ਇਨਸਾਨੀ ਕਮਾਲ ਹੈ।

੨. ਸਾਡਾ ਅਨੰਤ ਨਾਲ ਰਹਿਣਾ ਅਰਥਾਤ ਵਾਹਿਗੁਰੂ ਨਾਲ ਲਗਾਤਾਰ ਸੰਬੰਧ ਪਾਉਣਾ ਆਤਮ ਜੀਵਨ ਹੈ।

ਹੰਸ-ਠੀਕ ਹੈ।

ਸੈਨਾਪਤਿ-ਇਸ ਲਗਾਤਾਰ ਲਗਨ ਨਾਲ ਤੁਸੀਂ ਸਦਾ 'ਉਸ ਦੀ' ਸ਼ਰਨ ਪ੍ਰਾਪਤ ਹੋਵੋ ਜੋ ਕਦੇ ਬੀ ਕਰਮ ਜਾਲ ਵਿਚ ਨਹੀਂ ਆਇਆ। ਉਸ ਨਾਲ ਲਗੇ ਰਹਿ ਕੇ ਤੁਸੀਂ ਕਦੇ ਕਿਸੇ ਟੋਟ ਵਿਚ ਆਉਣ ਜੋਗੇ ਨਹੀਂ ਰਹੋਗੇ। ਹੁਣ ਤੁਸੀਂ ਉਸ ਨਾਲੋਂ ਲਿਵ-ਟੁੱਟੇ ਹੋ, ਉਸ ਨਾਲ ਲਿਵ ਲਾ ਕੇ ਜੁੜੇ ਹੋਏ ਹੋ ਜਾਓਗੇ। ਜੋ ਸਾਡਾ ਉਸ ਤੋਂ ਲਿਵ ਟੁਟੇ ਹੋਣਾ ਹੈ, ਉਨ੍ਹਾਂ ਸੁਖਾਂ ਤੋਂ ਵਾਂਜੇ ਜਾਣਾ ਹੈ, ਜੋ ਉਸ ਨਾਲ ਲਗੇ ਰਹਿਣ ਵਿਚ ਪ੍ਰਾਪਤ ਹਨ। ਅਰਥਾਤ 'ਸਦਾ ਸੁਖ ਦੀ ਪ੍ਰਾਪਤੀ'। ਹਾਂ ਕਰਮ ਜਾਲ ਮਾਯਾ ਜਾਲ ਕਿ ਪ੍ਰਕ੍ਰਿਤੀ ਜਾਲ ਤੋਂ ਉਪਰ ਅਨੰਤ ਸੁਖ ਵਿਚ ਸਦਾ ਦਾ ਵਾਸ। ਸਾਡਾ ਮਨ ਨਿਰੀ ਵੀਚਾਰ ਨਾਲ ਦੇਸ਼ ਕਾਲ[1] ਤੋਂ ਨਹੀਂ ਨਿਕਲ ਸਕਦਾ, ਸਾਡੀ ਸਾਰੀ ਵੀਚਾਰ ਆਪ ਦੇਸ਼ ਕਾਲ ਵਿਚ ਹੈ। ਸਾਡਾ ਅੰਦਰਲਾ ਸੋਚਾਂ, ਵਿਚਾਰਾਂ, ਖਿਆਲਾਂ ਨੂੰ ਨਾ ਪਿਆ ਖੋਤਰੇ ਪਰ ਇਨ੍ਹਾਂ ਤੋਂ ਉਚੇਰਾ ਹੋ (ਸੁਪਨੈ ਊਭੀ ਭਈ ਵਾਂਙੂ) ਸਚ ਮੁਖ ਉੱਚਾ ਹੋ ਸਦਾ 'ਅਨੰਤ' ਨਾਲ ਲੱਗੇ ਤੇ ਫੇਰ ਲੱਗਾ ਰਹੇ। ਖਿਆਲ ਖੁਤਰੀਵੇ ਨਾ ਪਰ ਖਿਆਲ ਅਨੰਤ ਵਿਚ ਸਮਾਵੇ, ਉਸ ਦੇ ਲਗਾਉ ਵਿਚ ਲੱਗ ਕੇ ਰਸਲੀਨ ਹੋਵੇ, ਸੱਚ ਮੁੱਚ ਹੋਵੇ। ਰਸ, ਤਜਰਬੇ ਵਿਚ ਆਉਣ ਵਾਲਾ ਰਸ ਹੋਵੇ।

ਹੰਸ-ਹੋਰ ਖੋਹਲੋ ਕੁਛ।

ਸੈਨਾਪਤਿ-ਦਾਤ ਸਤਿਗੁਰ ਦੇ ਹੱਥ ਹੈ। ਜਦੋਂ ਉਨ੍ਹਾਂ ਦੀ ਮਿਹਰ ਨਾਲ ਤੁਹਾਡੀ ਲਿਵ ਲਗੇਗੀ, ਤਾਂ ਐਉਂ ਦਿਸੇਗੀ ਜੀਕੂੰ ਤੁਹਾਨੂੰ ਅੰਦਰੋਂ ਪਤਾ ਹੈ ਕਿ ਤੁਸੀਂ ਨਜ਼ਰ ਰਖਦੇ ਹੋ ਅਰ ਨਜ਼ਰ ਨਾਲ ਵੇਖਦੇ ਹੋ, ਚਾਹੇ ਨਜ਼ਰ ਨੂੰ ਤੁਸੀਂ ਨਹੀਂ ਦੇਖ ਸਕਦੇ। ਨਜ਼ਰ ਤੁਹਾਡੇ ਅਗੇ ਕਦੇ ਦਿੱਸਣ ਵਾਲੀ ਹੋ ਕੇ ਨਹੀਂ ਆਉਂਦੀ, ਪਰ ਤੁਸੀਂ ਜਾਣਦੇ ਹੋ ਕਿ ਅਸੀਂ ਨਜ਼ਰ ਵਾਲੇ ਹਾਂ। ਇਹ ਗਿਆਨ 'ਗਿਆਨ' ਹੈ। ਸਮਝਦੇ ਹੋ ਨਾ ?

ਹੰਸ-ਇਹ ਠੀਕ ਹੈ ਪਰ ਜ਼ਰਾ ਦੁਹਰਾਓ ਨਾ ਸਾਰੀ ਗੱਲ, ਜੋ ਇਕ ਵਿਤ੍ਰੇਕੀ ਨਜ਼ਰ ਪੈ ਜਾਏ।

ਸੈਨਾਪਤਿ-ਹਾਂ, ਮੈਂ ਸਾਰੀ ਗੱਲ ਦੁਹਰਾਉਂਦਾ ਹਾਂ:-

(੧) ਸਾਨੂੰ ਜਦ ਪਤਾ ਲੱਗ ਗਿਆ ਕਿ ਅਸੀਂ ਅਕਲ ਵਾਲੇ ਹਾਂ, ਪਸ਼ੂ ਨਹੀਂ ਤੇ ਸਾਨੂੰ ਆਪਣੇ ਧਰਮ (ਇਨਸਾਨੀ ਫਰਜ਼ਾਂ) ਦਾ ਗਿਆਨ ਹੋ ਗਿਆ ਤੇ ਉਸ ਪੁਰ ਤੁਰਨ ਲੱਗ ਪਏ ਤਦੋਂ ਅਸੀਂ ਸ਼ੁਭ ਕਰਮੀ ਹੋ ਗਏ।

(੨) ਜਦ ਸਾਨੂੰ ਪਤਾ ਲੱਗਾ ਕਿ ਸਾਡਾ ਆਪਾ, ਜੋ ਸਾਡੇ ਅੰਦਰ ਹੈ, ਇਹ ਦ੍ਰਿਸ਼ਟਮਾਨ ਨਹੀਂ, ਸਗੋਂ ਇਸ ਤੋਂ ਕਿਸੇ ਸ਼ਕਲ ਵਿਚ ਵੱਖਰਾ ਹੈ ਤਾਂ ਅਸੀਂ ਵਿਚਾਰਵਾਨ ਹੋ ਗਏ।

(੩) ਜਦੋਂ ਸਾਨੂੰ ਪਤਾ ਲੱਗਾ ਕਿ ਅਸੀਂ ਸਰੀਰ (ਦੇਸ਼ ਕਾਲ ਨਮਿੱਤ ਵਸਤੂ ਆਦਿ ਨਾਲ) ਬੱਧੇ ਪਏ ਹਾਂ, ਤੇ ਫਿਰ ਕੀਰਤਨ ਨਾਲ ਯਾ ਕੁਦਰਤ ਵਿਚੋਂ ਕੋਈ ਅਕਹਿ ਸੁੰਦਰਤਾ ਆਈ ਤੇ ਉਸ ਝਲਕਾ ਮਾਰਿਆ ਤਾਂ ਅਸੀਂ ਅੱਖ ਦੇ ਪਲਕਾਰ ਮਾਤ੍ਰ ਉੱਚੇ ਹੋ ਕੇ ਆਪੇ ਵਿਚ ਰਸਲੀਨ ਹੋ ਗਏ; ਤਦੋਂ ਸੋਝੀ ਆਈ

---

1. ਜੀਵ ਬ੍ਰਹਮ ਦੀ ਏਕਤਾ ਕਹਿਣ ਤੋਂ ਜੋ ਗਜਾਨ ਸਾਡੇ ਅੰਦਰ ਆਉਂਦਾ ਹੈ ਉਹ ਦੇਸ਼ ਕਾਲ ਵਾਲਾ ਹੈ। 'ਏਕਤਾ' ਦੇ ਖ਼ਿਆਲ ਨੂੰ ਅਸੀਂ ਦੇਸ਼ ਤੋਂ ਜੁਦਾ ਨਹੀਂ ਕਰ ਸਕਦੇ 'ਹੈ' ਜਾਂ 'ਹੋਵੇਗੀ' ਪਦਾਂ ਤੋਂ ਅਸੀਂ ਮਗ਼ਜ਼ ਵਿਚੋਂ 'ਕਾਲ' ਦਾ ਖਿਆਲ ਕੱਢ ਨਹੀਂ ਸਕਦੇ। ਬ੍ਰਹਮ ਤੇ ਜੀਵ ਤੋਂ ਅਸੀਂ ਦੋ ਦੀ ਗਿਣਤੀ, ਉਨ੍ਹਾਂ ਦੀ ਸਮੀਪਤਾ ਯਾ ਦੂਰੀ ਦਾ ਦੇਸ਼ ਵਾਲਾ ਖਿਆਲ ਰੱਦ ਨਹੀਂ ਕਰ ਸਕਦੇ।

ਕਿ ਮਨ ਬੁਧੀ ਆਦਿ ਤੋਂ ਅੱਗੇ ਕੁਛ ਹੋਰ ਬੀ ਹੈ। ਇਹ ਤਾਂ ਤਜਰਬੇ ਦੀ ਗੱਲ ਹੈ ਕਿ ਕਦੇ ਕਿਸੇ ਕਮਾਲ ਦੇ ਰਸਦਾਯਕ ਕੀਰਤਨ ਨਾਲ ਯਾ ਅਤਿ ਦੀ ਸੁੰਦਰਤਾ ਦੇ ਝਲਕੇ ਨਾਲ ਇਕ ਝੂਟਾ ਲੀਨਤਾ ਦਾ ਆ ਜਾਂਦਾ ਹੈ। ਤਦੋਂ ਮਨ ਤੇ ਬੁਧਿ ਮਾਨੋ ਲੀਨ ਹੋ ਜਾਂਦੇ ਹਨ।

ਹੰਸ-ਹੈਂ.........ਲੀਨ ! ਸੁੰਦਰਤਾ ਕੀਹ ?

ਸੈਨਾਪਤਿ-ਚਿਤ੍ਰਕਾਰ ਹੋ ਕੇ ਪੁੱਛਦੇ ਹੋ ਕਿ ਸੁੰਦਰਤਾ ਕੀਹ। ਇਹੋ ਸੁੰਦਰਤਾ ਜੋ ਮੋਹ ਲੈਂਦੀ ਸੀ, ਇਹੋ ਸੁਤੰਤ੍ਰ ਕਰਨ ਵਾਲੀ ਵੀ ਸੀ !

ਹੰਸ-ਕੀਕੂੰ ?

ਸੈਨਾਪਤਿ-ਜਦੋਂ ਕੋਈ ਅਤਜੰਤ ਸੁੰਦਰਤਾ ਅਚਾਨਕ ਝਲਕਾ ਮਾਰਦੀ ਹੈ ਤਾਂ ਪਹਿਲਾ ਅਸਰ ਇਕ ਤਰ੍ਹਾਂ ਦੀ ਲੀਨਤਾ ਹੀ ਹੁੰਦਾ ਹੈ। ਉਸ ਛਿਨ ਮਨ ਬੁਧਿ ਮਾਨੋ ਖੜੋ ਜਾਂਦੇ ਹਨ। ਮੇਰਾ ਮਤਲਬ ਹੈ ਕਿ ਉਸ ਛਿਨ ਜਾਣਨਾ, ਸੋਚਣਾ, ਪ੍ਰਤੀਤ ਕਰਨਾ, ਤ੍ਰੈਏ ਕੰਮ ਨਹੀਂ ਹੋ ਰਹੇ ਹੁੰਦੇ। ਅਸਲ ਵਿਚ ਉਹ ਛਿਨ ਹੁੰਦੀ ਹੈ, ਜਦੋਂ ਆਪਾ ਦ੍ਰਿਸ਼ਟਮਾਨ ਤੋਂ ਉੱਚਾ ਹੋ ਅਨੰਤ ਨਾਲ ਛੁਹ ਲੈਂਦਾ ਹੈ। ਇਹ ਛਿਨ ਬੜੀ ਛੋਟੀ ਹੁੰਦੀ ਹੈ। ਝੱਟ ਹੀ ਹੋਸ਼ ਪਰਤਦੀ ਹੈ, ਮਨ ਬੁਧਿ ਸਾਵਧਾਨ ਹੁੰਦੇ ਹਨ ਤੇ ਪਹਿਲੀ ਆਵਾਜ਼ ਨਿਕਲਦੀ ਹੈ : ਕੈਸਾ ਅਸਚਰਜ ਸੀ ਕੈਸਾ ਸੁਆਦ ਸੀ। ਵਾਹ ! ਵਾਹ ! ਆਦਿ।

ਇਸ ਛਿਨ ਨੂੰ 'ਵਿਸਮਾਦ'[1] ਕਹੀਦਾ ਹੈ। ਇਹ ਛਿਨ ਆਪੇ ਨੂੰ ਅੰਤ ਤੋਂ ਚੁੱਕ ਕੇ ਅਨੰਤ ਵਿਚ ਟੁਭਕੀ ਲੁਆ ਲਿਆਉਂਦੀ ਹੈ।

ਹੰਸ-ਪਰ ਸੁੰਦਰਤਾ ਨੂੰ ਵੇਖ ਕੇ ਤਾਂ ਜੀਵ ਲਪਟਦਾ ਹੈ ਤੇ ਉਸੇ ਵਿਚ ਫਸਕੇ ਗਲਦਾ ਰਹਿੰਦਾ ਹੈ।

ਸੈਨਾਪਤਿ-ਜਦੋਂ ਅਚਾਨਕ ਝਲਕਾ ਵੱਜਦਾ ਹੈ ਤਾਂ ਤ੍ਰਿਸ਼ਨਾਂ ਦੇ ਸੰਦ-ਮਨ ਆਦਿ-ਖੜੋ ਜਾਂਦੇ ਹਨ, ਤਾਂ 'ਆਪਾ' ਵਿਸਮਾਦੀ ਧੱਕੇ ਨਾਲ ਅਨੰਤ ਵਿਚ ਜਾਂਦਾ ਹੈ, ਪਰ ਜਦ ਹੋਸ਼ ਪਰਤਦੀ ਹੈ ਤਾਂ ਉਸ ਸ਼ੈ ਨੂੰ, ਜਿਸ ਤੋਂ ਸੁੰਦਰਤਾ ਪ੍ਰਕਾਸ਼ੀ ਸੀ, ਲੈਣ ਤੇ ਭੋਗਣ ਮਾਣਨ ਦੀ ਤ੍ਰਿਸ਼ਨਾਂ ਵਿਚ ਪੈਂਦਾ ਹੈ ਤਾਂ ਬੰਧਾਇਮਾਨ ਹੁੰਦਾ ਹੈ। ਸੋ ਸੁੰਦਰਤਾ ਤੋਂ ਲੀਨਤਾ ਦਾ ਉਛਾਲ ਲੈ ਕੇ ਉੱਚਾ ਹੋਣਾ ਹੈ, ਇਸ ਦੀ ਪ੍ਰਾਪਤੀ ਤੇ ਇਸ ਦੇ ਕਬਜ਼ੇ ਜਮਾਉਣ, ਤ੍ਰੋੜਨ ਮਰੋੜਨ, (ਦੀ ਤ੍ਰਿਸ਼ਨਾ) ਵਿਚ ਨਹੀਂ ਪੈਣਾ।

ਹੰਸ-ਇਹ ਤਾਂ ਫੇਰ ਅਕਸਮਾਤ ਆਪੇ ਆ ਵਾਪਰਣ ਵਾਲੀ ਘਟਨਾ ਵਸੋਂ ਬਾਹਰੀ ਰਹੀ। ਤਪ ਹਠ ਤਾਂ ਵੱਸ ਦੀ ਖੇਡ ਹਨ। ਵਿਸਮਾਦ ਕੀਕੂੰ ਵੱਸ ਵਿਚ ਆਵੇ।

ਸੈਨਾਪਤਿ-ਅਕਸਮਾਤੀ ਝਲਕੇ ਤੋਂ ਸੋਝੀ ਪੈ ਗਈ ਕਿ ਅਸੀਂ ਜੋ ਆਪ ਨੂੰ ਦੇਸ਼ ਕਾਲ ਵਿਚ ਦ੍ਰਿਸ਼ਟਮਾਨ ਹੋਏ ਹੋਏ ਉਸ ਨਾਲ ਤਦਰੂਪ ਸਮਝ ਰਹੇ ਸਾਂ, ਠੀਕ ਨਹੀਂ, ਅਦੇਸ਼ ਅਕਾਲ ਅਵਸਥਾ ਸਾਡੇ ਤਜਰਬੇ ਵਿਚ ਆ ਗਈ ਹੈ। ਹੁਣ ਉਸ ਦੀ ਪ੍ਰਾਪਤੀ ਲਈ ਰਸਤਾ ਹੈ, ਉਮ ਅਨੰਤ ਤੇ ਵਿਸ਼੍ਵਾਸ਼; ਉਸ ਦੀ ਸਿਫਤ ਸਲਾਹ ਦਾ ਭਾਵ ਅੰਦਰ ਧਾਰਨਾ, ਕੀਰਤਨ ਕਰਨਾ, ਉਸ ਦੇ ਸਿਮਰਣ ਵਿਚ ਬ੍ਰਿਤੀ ਦਾ ਪ੍ਰਵਾਹ ਰਖਣਾ। ਇਉਂ ਲਿਵ ਲਗਦੀ ਹੈ, ਲਿਵ ਅਨੰਤ ਵਿਚ ਲੈ ਜਾਂਦੀ ਹੈ।

ਹੰਸ-ਪਰ ਪ੍ਰਵਿਰਤੀ ਵਿਚ ਬੈਠਿਆਂ ਦੁਖਾਂ ਸੁਖਾਂ ਲੋੜਾਂ ਨੇ ਤ੍ਰਿਸ਼ਨਾਂ ਨੂੰ ਵੇਗ ਵਿਚ ਲਿਆਉਣਾ ਹੋਇਆ, ਫੇਰ ਖਲਾਸੀ ਕਿਵੇਂ ? ਤਜਾਗ ਮਾਰਗ ਹੀ ਸਿੱਖਣਾ ਪਊ।

ਸੈਨਾਪਤਿ-ਮਾਨੁਖ ਦਾ ਸੁਭਾਵ 'ਗ੍ਰਹਣ' ਦਾ ਹੈ, 'ਤਜਾਗ' ਇਸ ਦੇ ਸੁਭਾਵ ਵਿਰੁੱਧ ਹੈ। ਸੁਭਾਵ ਵਿਰੁੱਧ ਕਰੜੇ ਕਰੜੇ ਪ੍ਰਯਤਨ ਕਰਨੇ ਸਰੀਰ ਤੇ ਮਨ ਨੂੰ ਸੋਗੀ ਤੇ ਕਈ ਵੇਰ ਰੋਗੀ ਕਰ ਦੇਂਦੇ ਹੈਨ। ਇਸ ਵਾਸਤੇ ਸਤਿਗੁਰ ਉਹ ਮਾਰਗ ਦੱਸਦੇ ਹਨ ਜਿਸ ਨਾਲ ਸਰੀਰ ਤੇ ਮਨ ਅਰੋਗ ਰਹਿਣ ਤੇ ਸੁਭਾਵ ਬੀ ਬਦਲ ਜਾਵੇ। ਉਹ ਮਾਰਗ ਹੈ ਲਿਵ ਦਾ। ਫਿਰ ਆਪ ਦਾ ਆਸ਼ਯ ਹੈ ਕਿ ਲਿਵ ਵਾਲੇ ਮਹਾਂ ਪੁਰਖ ਭਾਈਚਾਰੇ ਵਿਚ ਵੱਸਣ ਤੇ ਨਾਲੋ ਨਾਲ ਜਗਤ ਉਧਾਰ ਬੀ ਹੋਵੇ। ਉਸ ਦੀ ਤਰਕੀਬ ਹੈ ਸੁਭਾਵ ਤੇ ਰੁਚੀਆਂ ਨੂੰ 'ਮਾਰਨਾ ਨਾ' ਪਰ 'ਊਰਧ ਗਾਮੀਂ ਕਰਨਾ।' ਆਪ ਫੁਰਮਾਉਂਦੇ ਹਨ 'ਪੰਜੇ ਬਧੇ ਮਹਾ ਬਲੀ ਕਰ ਸਚਾ ਢੋਆ'। ਮਹਾਂਬਲੀਆਂ ਨੂੰ ਕਤਲ ਨਾ ਕਰੋ, ਇਨ੍ਹਾਂ ਨੂੰ ਬੰਨ੍ਹ ਲਓ; ਅਰਥਾਤ ਕਿਸੇ ਹੱਦ ਵਿਚ ਲੈ ਆਓ ਤੇ ਸੁਗਾਤ ਦੀ ਤਰ੍ਹਾਂ ਇਕ ਤੁਹਫਾ ਬਣਾ ਲਓ। ਭਾਵ ਊਰਧਗਾਮੀ ਕਰ ਲਓ।

1. ਵਿਸਮਾਦ ਦੇ ਵਿਸ਼ੇਸ਼ ਵੇਰਵੇ ਲਈ ਪੜ੍ਹੋ 'ਮੇਰਾ ਦੁੱਧ' ਸ੍ਰੀ ਗੁਰੂ ਨਾਨਕ ਚਮਤਕਾਰ' ਪੂਰਬਾਰਧ-ਪੰਨਾ ੯੬

ਦ੍ਰਿਸ਼ਟਾਂਤ ਲਈ 'ਮੋਹ' ਨੂੰ ਲਉ-ਇਹ ਆਪਣੀਆਂ ਗ਼ਰਜ਼ਾਂ ਲਈ ਧਾਰੀਦਾ ਹੈ ਤੇ ਯੋਗ ਅਯੋਗ ਤਰ੍ਹਾਂ ਵਰਤੀਦਾ ਹੈ, ਪਰ ਜੇ ਤੁਸੀਂ ਪਰਮ ਪੁਰਖ ਨਾਲ ਮੋਹ ਪਾ ਲਓ ਤਾਂ ਉਹ ਤੁਹਾਨੂੰ ਉੱਚਿਆਂ ਕਰੇਗਾ। ਨਾਸ਼ਮਾਨ ਪਦਾਰਥਾਂ ਤੇ ਨਾਸ਼ਮਾਨ ਸੰਬੰਧੀਆਂ ਦੇ ਮੋਹ ਤੋਂ ਉੱਚਾ ਲੈ ਜਾਏਗਾ। ਪਦਾਰਥ ਤੇ ਪਜਾਰੇ ਨਾਸ਼ ਹੁੰਦੇ ਹਨ ਤਾਂ ਦੁਖ ਹੁੰਦਾ ਹੈ, ਉਹ ਅਵਿਨਾਸ਼ੀ ਹੈ:-'ਨਾ ਓਹੁ ਮਰੈ ਨਾ ਹੋਵੈ ਸੋਗੁ।।' (ਆ:ਮ:੧) ਸੋ ਪਰਮ ਪੁਰਖ ਨਾਲ ਪਜਾਰ ਕਰਦਿਆਂ ਸਾਨੂੰ ਜਗਤ ਵਿਚ ਤ੍ਰਿਸ਼ਨਾਂ ਰਹਿਤ ਮੋਹ ਦੀ ਜਾਚ ਆ ਜਾਵੇਗੀ। ਜਦ ਪਰਮ ਪੁਰਖ ਦੇ ਮੋਹ ਵਿਚ ਰਹਿਕੇ ਤੁਸੀਂ ਜੀਵਾਂ ਨੂੰ ਸੁਖ ਦਿਓਗੇ ਤਾਂ ਇਹ ਮੋਹ ਕੀਕੂੰ ਕਹਾਏਗਾ ! ਏਹ ਪ੍ਰੇਮ ਹੋਵੇਗਾ ਤੇ ਇਸ ਵਿਚ ਸੁਤੇ ਤਜਾਗ ਹੋਵੇਗਾ ਬਿਨਾਂ ਆਪੇ ਨੂੰ ਕੋਹੇ ਦੇ।

ਇਸੀ ਤਰ੍ਹਾਂ 'ਲੋਭ' ਪਦਾਰਥਾਂ ਦਾ ਨਾ ਧਾਰੋ-ਯਥਾ ਲਾਭ ਸੁਖੀ ਹੋਵੇ, ਉਦਮ ਕਰੋ, ਕਮਾ ਕੇ ਖਾਓ। ਪਰ ਲੋਭ ਧਾਰੋ ਪਰਮ ਪੁਰਖ ਦੀ ਪ੍ਰਾਪਤੀ ਦਾ, ਲੋਭ ਧਾਰੋ ਸ਼ੁਭ ਗੁਣਾਂ ਦਾ, ਪਦਾਰਥ ਨਸ਼ਟ ਹੋ ਜਾਂਦੇ ਹਨ, ਛਡਣੇ ਪੈਂਦੇ ਹਨ, ਪਰ ਸ਼ੁਭ ਗੁਣ ਆਪੇ ਦੇ ਨਾਲ ਜਾਂਦੇ ਹਨ, ਸੁਖੀ ਕਰਦੇ ਤੇ ਸੁਖ ਦੇਂਦੇ ਹਨ।

ਇਸ ਤਰ੍ਹਾਂ ਵਿਦਜਾ ਪਾਓ, ਉਤਮ ਗ੍ਰੰਥ ਪੜ੍ਹੋ, ਕੋਮਲ ਉਨਰਾਂ ਦੇ ਕੰਮਾਂ ਵਿਚ ਆਪ ਨੂੰ ਲਾਓ, ਅਤੇ ਵਗਦੇ ਪਾਣੀਆਂ, ਬੋਲਦੇ ਪੰਛੀਆਂ, ਖਿੜੇ ਫੁੱਲਾਂ, ਚਮਕਦੇ ਤਾਰਿਆਂ ਤੋਂ ਸਿਫਤ ਸਲਾਹ ਦਾ ਰੰਗ ਲਓ ਤੇ ਪਰਮ ਪੁਰਖ ਦੇ ਪਜਾਰ ਵਿਚ ਆਓ। ਦੇਖੋ ਇਸ ਤਰ੍ਹਾਂ ਕਾਮ ਆਪੇ ਵਸ ਹੋ ਜਾਂਦਾ ਹੈ। ਇਸ ਦੀ ਸਾਰੀ ਸਤਜਾ ਅੰਦਰ ਉੱਚੇ ਖਯਾਲਾਂ ਵਿਚ ਖਰਚ ਹੁੰਦੀ ਹੈ ਤੇ ਇਹ ਮਹਾਂ ਬਲੀ ਵੱਸ ਵਿਚ ਹੋ ਕੇ ਟੁਰਦਾ ਹੈ ਤੇ ਉੱਚੇ ਮੰਡਲਾਂ ਵਿਚ ਖਯਾਲ ਨੂੰ ਉਡਾਰੀਆਂ ਦੇਂਦਾ ਹੈ।

ਕ੍ਰੋਧ ਕਰੋ ਪਾਪਾਂ ਉਤੇ। ਹਾਂ ਨੀਵੀਆਂ ਰੁਚੀਆਂ ਦੇ ਬੱਲ ਪਾਉਣ ਵੇਲੇ ਉਨ੍ਹਾਂ ਉਤੇ ਕ੍ਰੋਧ ਕਰੋ ਕਿ ਹੈਂ ਮੈ ਉੱਤਮ ਆਤਮ ਵਸਤੂ ਹੋ ਕੇ ਉੱਚਾ ਹੋ ਕੇ ਨੀਵੀਂ ਰੁਚੀ ਵਿਚ ਜਾਵਾਂ ! ਇਹ ਮੇਰਾ ਧਰਮ ਨਹੀਂ। ਇਸ ਤਰ੍ਹਾਂ ਹੰਕਾਰ ਕਰੋ ਕਿ ਮੇਰਾ ਨੇਹੁੰ ਪਰਮ ਪੁਰਖ ਨਾਲ ਹੈ, ਮੈਂ ਕਦੇ ਨੀਵੇਂ ਕਰਮ ਕਰਨ ਲਈ ਆਪ ਨੂੰ ਨੀਵਾਂ ਨਹੀਂ ਕਰ ਸਕਦਾ। ਇਉਂ ਆਪਣੀਆਂ ਸਰੀਰਕ ਤੇ ਮਾਨਸਕ ਤਾਕਤਾਂ ਉਤੇ, ਜੋ ਇਨਸਾਨ ਦੇ ਉਤੇ ਵਗਦੀਆਂ ਹਨ, ਇਨਸਾਨ ਦਾ ਵਸੀਕਾਰ ਹੋ ਜਾਏਗਾ ਤੇ ਹੰਸ ਜੀ ! ਐਉਂ ਬਿਨਾਂ ਆਪਾ ਕੋਹੇ ਦੇ ਮਨੁੱਖ ਉਹਨਾਂ ਦਾ ਠਾਕੁਰ ਹੋ ਜਾਏਗਾ ਤੇ ਓਹ ਦਾਸ ਹੋ ਤੁਰਨਗੀਆਂ। ਐਉਂ ਬੰਦਾ ਪੰਜਾਂ ਨੂੰ ਊਰਧਗਾਮੀ ਕਰ ਲਏਗਾ। ਗੁਰਬਾਣੀ ਵਿਚ ਐਉਂ ਆਖਿਆ ਹੈ :-

ਆਏ ਪ੍ਰਭ ਪਹਿ ਅੰਚਰਿ ਲਾਗਿ॥ ਕਰਹੁ ਤਪਾਵਸੁ ਪ੍ਰਭ ਸਰਬਾਗਿ॥ ੭॥ ਪ੍ਰਭ ਹਸਿ ਬੋਲੇ ਕੀਏ ਨਿਆਂਏਂ॥ ਸਗਲ ਦੂਤ ਮੇਰੀ ਸੇਵਾ ਲਾਏ॥ ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ॥ ਕਹੁ ਨਾਨਕ ਗੁਰਿ ਕੀਆ ਨਿਬੇਰਾ॥ (ਪ੍ਰਭਾਤੀ ਮਹਲਾ ੫ ਅਸ:-੧)

ਭਾਵ ਸਮਝਦੇ ਹੀ ਹੋ ਕਿ ਅਸਾਂ ਨੇ ਅਰਦਾਸ ਕੀਤੀ ਕਿ ਹੇ ਪ੍ਰਭੂ ਇਹ ਪੰਚ ਦੂਤ ਬੜਾ ਦੁਖੁ ਦੇਂਦੇ ਹਨ। ਪ੍ਰਭੂ ਨੇ ਏਹ ਦੂਤ ਮੇਰੀ ਸੇਵਾ ਵਿਚ ਲਾ ਦਿਤੇ ਤੇ ਫੈਸਲਾ ਇਹ ਦਿੱਤਾ ਕਿ ਤੂੰ ਇਸ ਸਰੀਰ ਦਾ ਮਾਲਕ ਹੈਂ, ਏਹ ਸਾਰੇ ਦਾਸ ਹਨ। ਇਸੇ ਸ਼ਬਦ ਵਿਚ ਦੱਸਿਆ ਹੈ ਕਿ ਗੁਰੂ ਨੇ ਸਾਨੂੰ ਕਿਵੇਂ ਇਨ੍ਹਾਂ ਤੋਂ ਬਚਾਇਆ ? ਉੱਤਰ ਦਿੱਤਾ ਹੈ:-

'ਹਮ ਗੁਰਿ ਰਾਖਿ ਲੀਏ ਲਿਵ ਲਾਏ॥'

ਪਰਮ ਪੁਰਖ ਵਿਚ ਲਿਵ ਲੁਆ ਕੇ ਸਾਨੂੰ ਸਤਿਗੁਰ ਨੇ ਬਚਾ ਲਿਆ॥ ਲਿਵ ਕਿਸ ਵਿਚ ਲੁਆਈ ? ਏਕੁ ਹਮਾਰਾ ਅੰਤਰਜਾਮੀ॥ ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ॥

ਇਸ ਏਕੋ ਵਿਚ ਲਿਵ ਲੁਆਈ ਕੀਕੂੰ ?

ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ॥

(ਬਿਭਾਸ: ਪ੍ਰਭਾ: ਮ: ੫-ਅਸ਼:-੧)

ਪਰਮ ਪੁਰਖ ਦੇ ਨਾਮ ਅੰਮ੍ਰਿਤ ਵਿਚ ਮਨ ਦੀ ਤ੍ਰਿਪਤੀ ਹੋਣ ਨਾਲ।

ਹੰਸ (ਲੰਮਾ ਸਾਹ ਲੈ ਕੇ)-ਬਹੁਤ ਉੱਤਮ ਹੈ। ਮਨ ਸੋਗਾਂ ਤੇ ਉਦਾਸੀਆਂ ਵਿਚ ਖੀ ਨਾ ਰਿਹਾ। ਵਿਚੇ ਬੀ ਰਿਹਾ, ਪਾਰ ਗਿਰਾਮੀ ਖੀ ਹੋ ਗਿਆ, (ਸਿਰ ਹਿਲਾਕੇ) ਪਰ ਗ੍ਰਿਹਸਤ ਵਿਚ ਕਠਨਤਾ ਹੈ ਜ਼ਰੂਰ, ਸਜਣ ਜੀਓ !

ਸੈਨਾਪਤਿ-ਹੈ, ਪਰ ਹੰਸ ਜੀ ! ਜਿਨ੍ਹਾਂ ਬਾਹਾਂ ਨੇ ਅਖਾੜੇ ਵਿਚ ਜਾ ਕੇ ਦੂਸਰੀਆਂ ਬਾਹਾਂ ਦੀ ਰੋਕ ਨਹੀਂ ਖਾਧੀ, ਪਹਿਲਵਾਨ ਨਹੀਂ ਹੋਈਆਂ। ਗ੍ਰਿਹਸਤ ਦੀਆਂ ਰੋਕਾਂ ਤੇ ਟੋਕਾਂ ਦੇ ਮੁਕਾਬਲੇ ਕੀਤੇ ਤੇ ਪ੍ਰਯਤਨ ਹੋਏ

ਤਾਂ ਆਤਮ ਬਲ ਭਰਦੇ ਹਨ। ਇਕੱਲੇ ਬਨਾਂ ਵਿਚ ਜਾ ਬੈਠਿਆਂ ਢਿੱਲ ਵਾਪਰਦੀ ਹੈ, ਵਿਚੇ ਰਹਿ ਕੇ ਪ੍ਰਯਤਨ ਕੀਤਿਆਂ ਬਲ ਵਧਦਾ ਏ।

ਹੰਸ-ਇਹ ਤਾਂ ਰਹੀ ਵੀਚਾਰ, ਹੁਣ ਦੱਸੋ ਸਾਧਨ ਪੱਖ ਦੀ ਗੱਲ, ਮੂਲ ਸਾਧਨ ਕੀ ਹੈ ?

ਸੈਨਾਪਤਿ-ਆਦਿ ਪਾਤਸ਼ਾਹੀ ਜੀ ਦਾ ਵਾਕ ਹੈ "ਗੁਰਾ ਇਕ ਦੇਹਿ ਬੁਝਾਈ।। ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।।"

ਅਰਥਾਤ-ਇਕ ਦਾਤਾ ਹੈ ਜੋ ਸਭ ਜੀਵਾਂ ਦਾ ਪਾਲਕ ਹੈ, ਓਹ ਮੈਨੂੰ ਨਾ ਭੁੱਲੇ, ਹੇ ਗੁਰੋ ! ਇਹ ਗੱਲ ਮੇਰੀ ਬੁੱਧੀ ਮੇਰੇ ਯਕੀਨ ਵਿਚ ਬਿਠਾ ਦਿਓ।

ਦਸਵੇਂ ਪਾਤਿਸ਼ਾਹ ਦਾ ਵਾਕ ਹੈ:-

ਬਿਨ ਹਰਿ ਨਾਮ ਨ ਬਾਚਨ ਪੈਹੈ।।

ਪੁਨਾ:-'ਸੰਗ੍ਰਹਿ ਕਰਹੁ ਸਦਾ ਸਿਮਰਨ ਕਉ।।'

ਪਰਮ ਪੁਰਖ ਨੂੰ ਸਿਮਰਣ ਕਰਨਾ ਉਸਦੀ ਸਿਫਤ ਸਲਾਹ ਵਿਚ ਰਹਿਣਾ, ਉਸ ਦਾ ਕੀਰਤਨ ਸੁਣਨਾ, ਕਰਨਾ। ਇਸ ਤਰ੍ਹਾਂ ਇਕ ਲਗਾਤਾਰੀ ਰੌ ਦੀ ਤਰ੍ਹਾਂ ਪਰਮ ਪੁਰਖ ਦੀ ਯਾਦ ਅੰਦਰ ਜਾਰੀ ਹੋ ਜਾਂਦੀ ਹੈ। ਵਿੱਥ ਨਹੀਂ ਪੈਂਦੀ ਉਸ ਨਾਲ। ਹਰ ਵੇਲੇ ਇਕ ਰੁਖ਼ ਅੰਦਰ ਬਣਿਆਂ ਰਹਿੰਦਾ ਹੈ ਉਪਰ ਨੂੰ ਉਚਿਆਈ ਦੇ ਭਾਵ ਵਾਲਾ, ਪਰਮ ਪੁਰਖ ਦੇ ਆਸਰੇ ਭਰੋਸੇ ਵਾਲਾ; 'ਆਦੇਸੁ ਤਿਸੈ ਆਦੇਸੁ।। ਆਦਿ ਅਨੀਲ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ' ਦੇ ਸੁਆਦ ਬੱਝਦੇ ਰਹਿੰਦੇ ਹਨ।

ਇਉਂ ਹਰ ਵੇਲੇ ਇਕ ਪ੍ਰਕਾਰ ਦੀ ਅਕਹਿ ਰੌ ਅਣਡਿੱਠੇ ਵਿਚੋਂ ਸਾਡੇ ਵਿਚ ਆਉਂਦੀ ਹੈ। ਸਾਡੀ ਵਲੋਂ ਹਰ ਵੇਲੇ ਇਕ ਡੋਰ ਜਿਹੀ, ਤਾਰ ਜਿਹੀ ਅਣਡਿੱਠੇ ਵਲ ਲੱਗੀ ਰਹਿੰਦੀ ਹੈ। ਪਰਸਪਰ ਇਉਂ ਰਟਿੰਦਾ ਹੈ ਕਿ ਕੋਈ ਰਸ ਭਰੀ ਤੇ ਬਲ ਭਰੀ ਤਾਕਤ ਅਸਾਂ ਵਿਚ ਆ ਰਹੀ ਹੈ, ਜੋ ਸਾਨੂੰ ਸੁਤੰਤਰ, ਬਲਵਾਨ ਤੇ ਰਸ ਵਿਚ ਰੱਖਦੀ ਹੈ। ਇਹ ਦਸ਼ਾ ਢਹਿੰਦੀਆਂ ਕਲਾਂ ਨਹੀਂ, ਉਦਾਸੀ ਨਹੀਂ, ਦਿਲਗੀਰੀ, ਯਾ ਵੈਰਾਗ ਮਾਤ੍ਰ ਨਹੀਂ ਹੁੰਦੀ;

ਹੰਸ-ਹੈਂ ! ਵੈਰਾਗ ਮਾਤ੍ਰ ਨਹੀਂ ਹੁੰਦੀ ?

ਸੈਨਾਪਤਿ-ਨਹੀਂ; ਮੇਰੀ ਜਾਚੇ ਵੈਰਾਗ ਬੀ ਕਿਸੇ ਰੋਗ ਲਈ ਇਕ ਦਾਰੂ ਹੈ, ਜੀਕੂੰ ਸੰਖੀਆ ਕਿਸੇ ਤਪ ਨੂੰ ਤੋੜਦਾ ਹੈ, ਪਰ ਆਪ ਅੰਮ੍ਰਿਤ ਨਹੀਂ। ਤਿਵੇਂ ਵੈਰਾਗ ਆਦਿ ਬੀ ਦਾਰੂ ਹਨ ਜੋ ਭੁਲੇਵੇ ਦੀ ਵਿਹੁ ਯਾ ਕਰਮਾਂ ਦੀ ਕਾਲਕ ਨੂੰ ਦੂਰ ਕਰਦੇ ਹਨ, ਪਰ ਲਿਵ ਅੰਮ੍ਰਿਤ ਹੈ, ਉਹ ਅਰੋਗਤਾ ਹੈ, ਉਹ ਰੂਹਾਨੀ ਜੀਵਨ ਹੈ।

ਹੰਸ-ਕਿਆ ਇਸ ਦਸ਼ਾ ਵਿਚ ਮੁੜ 'ਗ੍ਰਹਿਣ' ਦੀ ਦਸ਼ਾ ਫੇਰ ਨਹੀਂ ਪੈ ਜਾਂਦੀ ? ਤੁਸੀ ਜਾਣਦੇ ਹੋ ਕਿ ਗ੍ਰਹਿਣ ਸਭ ਗਿਰਾਉ ਹੁੰਦਾ ਹੈ ?

ਸੈਨਾਪਤਿ-ਠੀਕ ਹੈ, ਇਹ ਅਵਸਥਾ ਗ੍ਰਹਣ ਦੀ ਹੈ, ਪਰ ਗ੍ਰਹਣ ਮਾਯਾ ਦਾ, ਅਨਾਤਮ ਦਾ, ਪ੍ਰਕ੍ਰਿਤੀ ਕਿ ਪੁਦਗਲ ਦਾ ਨਹੀਂ। ਜੋ ਪੁਰਖ ਅੱਠ ਪਹਿਰ ਇਸ ਤਰੱਦਦ ਵਿਚ ਰਹਿੰਦਾ ਹੈ ਕਿ ਮੇਰਾ ਲਗਾਉ ਸਾਈਂ ਰੁਖ਼ੀਆ ਰਹੇ, ਉਸ ਦੇ ਅੰਦਰ ਕੋਈ ਦ੍ਰਿਸ਼ਟਮਾਨੀ 'ਪਕੜ' ਥਾਂ ਨਹੀਂ ਪਕੜ ਸਕਦੀ, ਇਹ ਲਗਨ ਉਸ ਨੂੰ ਦ੍ਰਿਸ਼ਟਮਾਨ ਤੋਂ ਉੱਚਾ ਰੱਖਦੀ ਹੈ ਤੇ ਦ੍ਰਿਸ਼ਟਾ ਵਿਚ ਜੋੜੀ ਰੱਖਦੀ ਹੈ। ਰੁਖ਼ ਰੱਖਣ ਵਾਲਾ ਦਿਲ, ਜੀ ਹਾਂ ਉਹ ਸਾਡਾ ਅੰਦਰਲਾ ਜੋ ਬੇਅੰਤ ਵੱਲ, ਅਨੰਤ ਵੱਲ, ਹਰ ਛਿਨ ਲਗਾਉ ਰੱਖਦਾ ਹੈ, ਉੱਚਾ ਹੁੰਦਾ ਹੈ[1], ਉਸ ਨੂੰ ਗ੍ਰਹਣ ਤਿਆਗ ਦੋਵੇਂ ਨੀਵੇਂ ਹੁੰਦੇ ਹਨ। ਜੇ ਉਹ ਕਦੇ ਭੁੱਲ ਕਰਦਾ ਹੈ ਯਾ ਡਿੱਗਦਾ ਹੈ, ਤਾਂ ਉਸ ਦੇ ਅੰਦਰਲੇ ਨੂੰ ਐਸੀ ਪੀੜ ਹੁੰਦੀ ਹੈ ਕਿ ਜੋ ਆਪਣੇ ਕੇਂਦਰ ਤੇ ਟਿਕੇ ਬਿਨਾਂ, ਅਰਥਾਤ ਲਿਵ ਵਿਚ ਆਏ ਬਿਨਾਂ ਹਟਦੀ ਨਹੀਂ। ਇਸ ਕਰਕੇ ਸਾਧਨ ਕਰਦਾ ਕਰਦਾ ਉਹ ਦਿਨੋ ਦਿਨ ਘੱਟ ਡਿੱਗਦਾ ਹੈ[2] ਤੇ ਉਸ ਦੇ ਅੰਦਰ ਨਾ ਡਿਗਣ ਦਾ ਤਰਲਾ ਵਧਦਾ ਜਾਂਦਾ ਹੈ।

ਇਸ ਲਿਵ ਦੀ ਦਾਤ ਦੇ ਆਇਆਂ ਜੋ ਦਿਲ ਦੀ ਹਾਲਾਤ ਹੁੰਦੀ ਹੈ :

'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥'

ਪੁਨਾ :-"ਜਿਸੁ ਰਸੁ ਆਇਆ ਸੋਈ ਜਾਨੈ॥ ਪੇਖਿ ਪੇਖਿ ਮਨ ਮਹਿ ਹੈਰਾਨੈ॥" ਇਸ ਦਾ ਜੋ ਫਲ ਹੈ ਉਹ ਉਸ ਬੇਅੰਤ ਦੀ ਪ੍ਰਾਪਤੀ ਹੈ :-

ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥ (ਰਾਮ ਅਨੰਦ-੨੯)

---

1.ਕਿਆ ਲੀਜੈ ਕਿਆ ਤਜੀਐ ਬਉਰੇ ਜੋ ਦੀਸੈ ਸੋ ਛਾਰੁ॥ (ਸਾਰੰਗ:ਮ:੪)
2. "ਜਿਮਨੋ ਵਿਸਰੈ ਮੇਰਾ ਰਾਮ ਸਨੇਹੀ ਤਿਸੁ ਲਾਖ ਬੇਦਨ ਜਣੁ ਆਈ॥" (ਸੋਰ: ਮ: ੫) "ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲ ਲਾਇ॥" (ਧਨਾ: ਮ: ੧)। "ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ।।" (ਸਲੋਕ ਕਬੀਰ।-੭੬)

ਹੰਸ-ਸੱਚ ਕਿਹਾ ਨੇ। ਮੈਂ ਜੋ ਐਵੇਂ ਟਿਕਣ ਦੇ ਜ਼ੋਰ ਲਾਏ ਸਿਰੇ ਨਾ ਚੜ੍ਹੇ। ਆਪੇ ਨੂੰ ਵੱਖਰਾ ਵੱਖਰਾ ਕਰਦਾ ਹਾਂ, ਪਰ ਹੁੰਦਾ ਨਹੀਂ। ਸੰਕਲਪ ਦ੍ਵਾਰਾ ਸੂਖਮ ਤੋਂ ਸੂਖਮ ਹੋ ਹੋ ਕੇ ਖਹਿੜਾ ਨਹੀਂ ਛੁੱਟਦਾ। ਹੁਣ ਤੁਸਾਂ ਦੇ ਕਹਿਣ ਤੋਂ ਭਾਸਦਾ ਹੈ ਕਿ ਜੇਕਰ 'ਆਦਿ ਅਨੀਲ ਅਨੰਤ' ਦੀ ਟੇਕ ਹੋਵੇ ਤੇ ਅੰਦਰਲੇ ਦਾ ਧਯਾਨ ਉਸ ਨਾਲ ਲਿਵਧਾਰੀ ਰਹੇ ਤਾਂ ਜੀਵ ਸਰਬ ਅਨਾਤਮ ਤੋਂ ਸੁਤੇ ਹੀ ਉੱਚਾ ਰਹੇਗਾ। ਗਲ ਦਿਲ ਲਗਦੀ ਹੈ। ਤਦੇ ਤੁਸਾਡੇ ਵਰਗੇ ਬੜੇ ਬੜੇ ਦਾਨੇ ਇਸ ਰਾਜ ਦੁਆਰੇ ਢੱਠੇ ਪਏ ਹਨ।

ਸੈਨਾਪਤਿ-ਪੈਸੇ ਦਾ ਭਾਂਡਾ ਠਕੋਰਕੇ ਲਈਦਾ ਹੈ ਤੇ ਇਹ ਪਰਮਾਰਥ ਦਾ ਸ਼ੌਕ ਤਾਂ ਸਿਰ ਧੜ ਦੀ ਬਾਜ਼ੀ ਹੈ, ਜੇ ਕੁਛ ਲੱਭਦਾ ਨਾ ਤਾਂ ਇੰਨੇ ਦਾਨੇ ਕਦ ਇਥੇ ਡਿਗ੍ਹਦੇ ?

ਹੰਸ-ਤੁਸਾਡੇ ਦਿਲ ਦੀ ਹੁਣ ਕੀ ਦਸ਼ਾ ਹੈ ?

ਸੈਨਾਪਤਿ-ਮੈਂ ਅਜੇ ਕੱਚਾ ਹਾਂ, ਬਹੁਤ ਭੁੱਲਦਾ ਤੇ ਡਿੱਗਦਾ ਹਾਂ, ਪਰ ਉਂਵ ਲਗਾਤਾਰ ਸਿਮਰਨ ਰਹਿੰਦਾ ਹੈ, ਸਾਵਧਾਨਤਾ ਰਹਿੰਦੀ ਹੈ; ਅੰਦਰਲੇ ਦਾ ਰੁਖ਼ ਉੱਚਾ ਵਾਹਿਗੁਰੂ ਵਲ ਬੱਝਾ ਰਹਿੰਦਾ ਹੈ। ਇਕ ਬਲ, ਤਾਕਤ ਅਰ ਪਿਆਰ ਦੀ ਰੌ ਪ੍ਰਤੀਤ ਦਿੰਦੀ ਹੈ। ਆਪਾ ਉੱਚਾ ਉੱਚਾ ਤੇ ਖੇੜੇ ਖੇੜੇ ਵਿਚ ਰਹਿੰਦਾ ਹੈ। ਇਕ 'ਹੈ' ਦਾ ਭਾਵ ਬੱਝਾ ਰਹਿੰਦਾ ਹੈ। ਕੰਮ ਕਾਜ ਦੇ ਡਾਢੇ ਰੁਝੇਵੇਂ ਤੋਂ ਮਗਰੋਂ ਜਦ ਵਿਹਲੇ ਹੋਈਦਾ ਹੈ ਤਾਂ ਇਹ ਰੌ ਫਰਾਟੇ ਮਾਰਕੇ ਤੁਰ ਨਿਕਲਦੀ ਹੈ। ਮਾੜੇ ਕਰਮਾਂ ਤੋਂ ਸੂਗ ਆਉਂਦੀ ਹੈ, ਸੁਤੇ ਹੀ ਸ਼ੁਭ ਕਰਮਾਂ ਵਿਚ ਰੌ ਰਹਿੰਦੀ ਹੈ। ਮੜੱਪਣ ਫੁਰੇ ਤਾਂ ਅੰਦਰਲੀ ਲਿਵ ਤਾਰ ਟੁੱਟਦੀ ਹੈ, ਉਸ ਤੋਂ ਰਸ ਹੀਨਤਾ ਹੁੰਦੀ ਹੈ ਜੋ ਮੜੱਪਣ ਕਰਨ ਨਹੀਂ ਦੇਂਦੀ।

ਹੰਸ-ਇਹ ਪ੍ਰਾਪਤੀ ਸੁਗਮ ਹੈ ਸਾਡੇ ਮਾਰਗਾਂ ਨਾਲੋਂ। ਜ਼ਾਹਰਾ ਰਜੋ ਗੁਣ ਹੈ ਏਥੇ ਪ੍ਰਧਾਨ, ਪਰ ਜੋ ਪ੍ਰਾਪਤੀ ਆਪ ਦੱਸਦੇ ਹੋ ਤੇ ਜੀਵਨ ਨਮੂਨੇ ਮੈਂ ਏਥੇ ਵੇਖੇ ਹਨ, ਓਹ ਸਤੋ ਗੁਣੀ ਸੁਖਾਂ ਦੇ ਹਨ।

ਸੈਨਾਪਤਿ-ਨਹੀਂ, ਇਥੇ ਸਤੋ ਗੁਣ ਪ੍ਰਧਾਨ ਹੈ, ਕੇਵਲ ਸਾਨੂੰ ਸਤੋਗੁਣ ਦੀ ਸੋਝੀ ਨਹੀਂ, ਅਸਾਂ ਨਾਮ ਸੁਣੇ ਹਨ, ਪਰ ਸਾਨੂੰ ਸਤੋਗੁਣ ਵਾਪਰੇ ਨਹੀਂ। ਤੁਸੀਂ ਯਾ ਸ਼ਾਸਤ੍ਰਕਾਰ ਤਿੰਨ ਗੁਣਾਂ ਨੂੰ ਕਿਵੇਂ ਸਮਝਦੇ ਹੋਵੋ, ਜੀਕੂੰ ਮੈਂ ਸਮਝਦਾ ਹਾਂ ਦੱਸਦਾ ਹਾਂ। ਰਜੋ ਗੁਣ ਵੇਲੇ ਤਬੀਅਤ ਕੰਮਾਂ ਕਾਜਾਂ ਵਿਚ, ਉੱਦਮ ਵਿਚ ਰੁੱਝਦੀ ਹੈ ਪਰੰਤੂ ਸਤੋ ਗੁਣ ਵੇਲੇ ਟਿਕਾਉ ਸੁਖ ਤੇ ਆਨੰਦ ਵਿਚ ਜਾਂਦੀ ਹੈ। ਭੇਦ ਅੰਦਰਲਾ ਇਹ ਹੈ ਕਿ ਜਦੋਂ ਵਾਹਿਗੁਰੂ ਨਾਲ ਲਿਵ ਲੱਗੀ ਹੁੰਦੀ ਹੈ, ਸੁਰਤਿ ਦੇ 'ਪੈਰ' ਰਜੋਗੁਣ ਦੀ ਅਟਾਰੀ ਤੇ ਰਹਿੰਦੇ ਹਨ ਤੇ 'ਵਾਸਾ' ਸਤੋਗੁਣ ਵਿਚ ਰਹਿੰਦਾ ਹੈ ਤੇ 'ਉਡਾਰੀ' ਤੁਰੀਆ ਵਿਚ ਵੱਜਦੀ ਹੈ। ਸਤੋਗੁਣ ਦੇ ਤ੍ਰੰਗ ਰੰਗ ਬਦਲਦੇ ਤ੍ਰਿਖੇ ਅਥਵਾ ਨਿੰਮ੍ਹੇ ਹੁੰਦੇ ਰਹਿੰਦੇ ਹਨ, ਪਰ ਰਜੋਗੁਣ ਦੀ ਉਪਰ ਤੋਂ ਪੈਰ ਨਹੀਂ ਉਖੜਦੇ। ਜੋ ਭੁੱਲ ਅਸੀਂ ਕਰਦੇ ਰਹੇ ਹਾਂ ਤੇ ਸੰਸਾਰ ਆਮ ਕਰਦਾ ਹੈ ਉਹ ਇਹ ਹੈ ਕਿ ਅਸੀਂ ਰਜੋਗੁਣ ਨੂੰ ਨਿਰਾ ਵਿਕਾਰੀ ਭਾਵ ਵਿਚ ਲੈਂਦੇ ਹਾਂ ਤੇ ਇਸ ਨੂੰ ਮਾੜਾ ਕਹਿ ਕੇ ਜਿਸ ਟਿਕਾਉ ਵਲ ਜਾਂਦੇ ਹਾਂ ਉਹ ਤਮੋਗੁਣ ਦੇ ਦਰਿੱਦ੍ਰ ਤੇ ਆਲਸ ਵਿਚ ਸਾਨੂੰ ਲੈ ਜਾਂਦਾ ਹੈ ਤੇ ਅਸੀਂ ਉਸ ਤਮੋਗੁਣੀ ਦਲਿੱਦਰ ਨੂੰ ਸਤੋਗੁਣ ਸਮਝਣ ਲੱਗ ਪੈਂਦੇ ਹਾਂ। ਜਿਸ ਨੂੰ ਅਸੀਂ ਇਕਾਗ੍ਰਤਾ ਅਰ ਟਿਕਾਉ ਸਮਝਦੇ ਸਾਂ ਉਹ ਸਤੋਗੁਣੀ ਪ੍ਰਭਾਵ ਨਹੀਂ ਸੀ, ਉਹ ਸਾਰਾ ਰੁਖ਼ 'ਅਨੰਤ ਚੇਤਨ' ਵਲ ਨਹੀਂ ਸੀ, ਉਹ ਤਾਂ ਰਜੋ ਤੋਂ ਹੇਠਾਂ ਤਮੋਂ ਵਿਚ ਵਾਸਾ ਸੀ। ਸਤੋਗੁਣ ਦੇ ਲੱਛਣ ਹਨ, ਹਲਕਾ ਪਨ, ਸੁਥਰਾ ਪਨ, ਨਿਰਮਲਤਾ, ਉੱਚਾ ਪਨ, ਰਸ ਸੁਆਦ। ਮੈਂ ਰਜੋ ਤੋਂ ਭਾਵ ਉਤਸ਼ਾਹ ਬ੍ਰਿਤੀ ਦਾ ਲੈ ਰਿਹਾ ਹਾਂ। ਗ੍ਰਿਹਸਤ ਵਿਚ ਕਠਨ ਕੰਮ ਜੰਗ ਹੈ, ਜੋ ਦੇਸ਼ ਰਖਿਆ ਖਾਤਰ, ਧਰਮ ਰੱਛਿਆ ਖਾਤਰ ਸਤਿਗੁਰ ਦੇ ਦੁਆਰੇ ਆ ਗਿਆ ਹੈ, ਸੋ ਸਤਿਗੁਰ ਉਸ ਕੰਮ ਨੂੰ ਚੜ੍ਹਦੀਆਂ ਕਲਾਂ ਵਿਚ, ਕਿਸੇ ਉਮਾਹ ਵਿਚ ਨਿਬਾਹ ਰਿਹਾ ਹੈ ਤੇ ਉਸ ਕੰਮ ਵਿਚ ਬੀ ਰੂਹਾਨੀ ਜੀਵਨ ਦੇ ਹੁਲਾਰਿਆਂ ਵਿਚ ਰਹਿੰਦਾ ਹੈ ਤੇ ਗ੍ਰਿਹਸਤੀਆਂ ਤੋਂ ਰੂਹਾਨੀ ਜੀਵਨ ਬਸਰ ਕਰਾ ਰਿਹਾ ਹੈ[1]। ਏਹ ਜੋਧੇ ਤਮੋਗੁਣੀ ਨਹੀਂ, ਇਨ੍ਹਾਂ ਦੇ ਪੈਰ ਰਜੋ ਗੁਣ ਤੇ ਟਿਕੇ ਹਨ, ਇਨ੍ਹਾਂ ਦਾ ਸਰੀਰ ਸਤੋਗੁਣ ਵਿਚ ਖੜਾ ਹੈ, ਏਹ ਨਾਮੀ ਲੋਕ ਜੋ ਹੋਏ। ਬੀਰਤਾ ਦਾ ਮੂਲ ਉਤਸ਼ਾਹ ਹੈ, ਉਤਸ਼ਾਹ ਤਮੋ ਗੁਣ ਨਹੀਂ, ਪਰ ਰਜੋ ਗੁਣ ਜੋ ਸਤੋਗੁਣ ਨੂੰ ਜਾ ਛੁਹੰਦਾ ਹੈ; ਏਹ ਨਾਮੀ ਲੋਕ ਹਨ

1. ਜੀਅ ਦਾਨ ਦੇ ਭਗਤੀ ਲਾਇਨਿ ਹਰ ਸਿਉ ਲੈਨਿ ਮਿਲਾਏ॥ (ਸੂਹੀ: ਮ: ੫)

ਜੋ ਤਮੋਗੁਣ ਦੇ ਆਲਸ ਦਲਿੱਦਰ ਵਿਚ ਨਹੀਂ ਜਾਂਦੇ, ਜੋ ਰਜੋ ਤੋਂ ਉੱਚੇ ਹੋ ਕੇ ਸਤੋ ਵਿਚ ਜਾਂਦੇ ਹਨ ਤੇ ਜਦ ਏਹ ਜੁੜਦੇ ਹਨ ਸਾਂਈਂ ਨਾਲ ਤਾਂ ਤੁਰੀਆ ਦੇ ਦੇਸ਼ ਗਏ ਸਮਝੋ। ਇਹ ਆਪਾ ਵਾਰਦੇ ਹਨ ਤੇ ਜਗਤ ਦੇ ਭਲੇ ਲਈ ਪਕੜ ਕੋਈ ਨਹੀਂ ਰਖਦੇ ਸੋ ਬੀਤਰਾਗ ਹੋਏ।

ਹੰਸ-ਠੀਕ ਹੈ, ਮੈਂ ਹੁਣ ਇਹ ਸਾਰਾ ਕੁਛ ਸਮਝਿਆ ਤਾਂ ਹੈ, ਪਰ ਮੇਰੀ ਲਿਵ ਕੀਕੂੰ ਲੱਗੇ ?

ਜਾਣ ਲੀਤਾ ਗਾਂ ਹੈ, ਚਾਰ ਖੁਰ ਹਨ, ਪੂਛ ਹੈ ਲਟਿੰਦੇ ਤੋਂ ਆਈ ਹੈ, ਕਾਲੀ ਕਿ ਧੌਲੀ ਹੈ ਪਰ ਇੰਨੇ ਨਾਲ ਉਸ ਦਾ ਦੁੱਧ ਤਾਂ ਸੰਘੋਂ ਨਹੀਂ ਲਟਿ ਗਿਆ। ਹੁਣ ਦੁੱਧ ਬੀ ਪਿਲਾਓ।

ਸੈਨਾਪਤਿ-ਠੀਕ ਕਿਹਾ ਨੇ, ਸਾਧੂ ਲੋਕ ੨੪ ਘੰਟੇ ਦਿਲ ਤਾਂ ਵਸਾਉਂਦੇ ਹਨ ਸੰਸਾਰ ਦੇ ਖਿਆਲਾਂ ਵਿਚ, ਹਰ ਪਲ ਸੋਚਦੇ ਹਨ ਆਮ ਖਿਆਲਾਂ ਨੂੰ, ਲਗਾਤਾਰ ਫੁਰਦੇ ਹਨ ਫੁਰਨੇ ਪੰਜਾਂ ਦੇ, ਜਾਂ ਅਕਲੀ ਘੋੜ ਦੌੜਾਂ ਦੇ ਸੋ ਮਨ ਤਾਂ ਰਿਹਾ ਸੰਸਾਰੀ ਫੁਰਨੇਦਾਰ ਮਾਇਆ ਵੇੜ੍ਹਿਆ, ਖਿੜਿਆ ਹੋਇਆ ਤੇ ਸੋਚਾਂ ਵਿਚ ਮੈਲਾ। ਕਦੇ ਕਥਾ ਕਰਨ ਵੇਲੇ ਜਾਂ ਬਹਿਸ ਵੇਲੇ ਜਾਂ ਜਗਯਾਸੂਆਂ ਨਾਲ ਗੱਲਾਂ ਕਰਨ ਵੇਲੇ 'ਕੈਵਲ' ਤੇ 'ਕੈਵਲੀਨ' ਕੂਕਣਾਂ, ਗਯਾਨ ਘੋਟਣਾ, 'ਬ੍ਰਹਮ ਬ੍ਰਹਮ ਕੂਕਣਾ' ਜਾਂ ਸਮਾਧੀ ਸਮਾਧੀ ਗਾਉਣਾ ਕੀ ਸਾਰ ਸਕਦਾ ਹੈ? ਅਨੰਤ ਫੁਰਨਿਆਂ ਵਿਚ, ਜੋ ਮਨ ਨੂੰ ਫੁਰ ਰਹੇ ਹਨ, ਕਿਸੇ ਘੜੀ ਕਿਸੇ ਪਲ ਗਿਆਨ ਕਿ ਵੀਚਾਰ ਦੇ ਫੁਰਨੇ ਕਿਸੇ ਗਰਜ਼ ਲਈ ਹਨੇਰੀ ਦੇ ਬੁੱਲੇ ਵਾਂਗ ਆਏ ਤੇ ਉੱਡ ਗਏ। ਇਹ ਦਿਲ ਦੀ ਅਵਸਥਾ ਲਿਵਹੀਨ ਅਵਸਥਾ ਹੈ, ਇਸ ਦਿਲ ਉੱਤੇ ਤ੍ਰਿਸ਼ਨਾ ਦਾ ਰਾਜ ਹੈ, ਇਹ ਦਿਲ ਦੀ ਨਿਮਾਣੀ ਤੇ ਨਾ-ਤਾਕਤ ਦਸ਼ਾ ਹੈ। ਸਤਿਗੁਰ ਜੀ ਦੱਸਦੇ ਹਨ, ਇਹ ਨਿਮਾਣੇ ਹੋ ਜਾਣਾ ਹੈ[1]।

ਜੇ ਦਿਲ ਦਾ ਫੁਰਨਾ ਬ੍ਰਹਮਾਕਾਰ ਹੈ, ਤਾਂ ਸਫਲ ਗਿਆਨੀ ਹੈ, ਜੇ ਅੰਦਰਲੇ ਦਾ ਲਗਾਤਾਰ ਲਗਾਉ ਬਿਅੰਤ ਵਲ ਹੈ ਤਾਂ ਉਸ ਨੂੰ ਜੋਗੀ ਸਮਝ ਲਓ। ਜੇ ਲਗਾਤਾਰ ਹੋਣ ਦੇ ਤਰਲੇ ਵਿਚ ਹੈ, ਤਾਂ ਉਹ ਜੀਵਨ ਵਿਚ ਆ ਰਿਹਾ ਹੈ, ਉਸਨੂੰ ਜੀਅਦਾਨ ਲੱਭਾ ਹੈ; ਉਥੇ ਲਿਵ੍ਵ ਲਗ ਰਹੀ ਹੈ। ਜਿਥੇ ਲਿਵ ਹੈ ਉਥੇ ਤਾਕਤ ਹੈ, ਸੁਖ ਹੈ, ਰਸ ਹੈ, ਹਾਂ ਜੀ, ਉਥੇ ਪਾਪਾਂ ਦਾ ਛੁਟਕਾਰਾ ਹੈ। ਲਿਵ ਵਾਲੇ ਨੇ ਪਰਮ ਪਦ ਪਾਇਆ ਹੈ :

'ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ
ਲਾਗੀ ਤਿਨੀ ਵਿਚੇ ਮਾਇਆ ਪਾਇਆ।'

(ਰਾਮ: ਅਨੰਦ-੨੯)

ਜੋ ਮਨ ਸਭ ਕੁਛ ਸਮਝਦਾ ਹੈ ਪਰ ਅਠ ਪਹਿਰ ਰਹਿੰਦਾ ਸੰਸਾਰੀ ਫੁਰਨੇ ਵਿਚ ਹੈ, ਉਸ ਦਾ ਗਿਆਨ, ਧਿਆਨ, ਭੇਦਤਾ, ਅਭੇਦਤਾ, ਪੁਰਖ, ਪੁਰਖ ਵਿਸ਼ੇਸ਼; ਜੀਵ ਬ੍ਰਹਮ, ਆਤਮਾ ਸ਼ੂਨ ਕਿ ਸਚ, ਜੋ ਕੁਛ ਕਹੋ, ਕੇਵਲ ਨਾਮ ਹਨ, ਜੋ ਉਸਨੇ 'ਅਨਡਿਠੇ ਅਨਜਾਣੇ', ਅਨਸਮਝੇ, ਅਨਲੱਭੇ ਦੇ ਰਖੇ ਹਨ। ਉਹ ਖਾਕੀ ਸੰਸਾਰ ਵਾਂਙੂ ਮਾਇਆ ਵਿਚ ਹੈ, ਅਨਾਤਮ ਪਰਾਇਣ ਹੈ। ਠੀਕ ਹੈ ਕਿ ਨਾ? ਪਰ ਜਿਸ ਦਿਲ ਦੀ ਲਗਨ ਸਾਂਈਂ ਵਲ ਹੈ, ਪਿਆਰ ਦੇ ਵਲਵਲੇ ਉਠਦੇ ਹਨ ਦੂਜੇ ਫੁਰਨੇ ਹੋੜਦਾ ਤੇ ਅੰਦਰਲੇ ਦਾ ਰੁਖ਼ ਸਾਂਈਂ ਵਲ ਨੂੰ ਜਾਰੀ ਰੱਖਦਾ ਹੈ, ਉਹ ਆਤਮ ਮੰਡਲ ਵਲ ਜਾ ਰਿਹਾ ਹੈ, ਉਹ ਰੂਹਾਨੀ ਜੀਵਨ ਵਿਚ ਕਦਮ ਮਾਰ ਰਿਹਾ ਹੈ, ਚਾਹੇ ਸੰਸਾਰ ਵਿਚ ਬੈਠਾ ਹੈ!

ਹੰਸ-ਸਾਫ ਹੋ ਗਿਆ, ਸਮਝ ਵਿਚ ਆ ਗਿਆ। ਸਾਰੀ ਉਮਰ ਗਈ, ਸਦਾਚਾਰ, ਪਵਿੱਤ੍ਰਤਾ ਕਮਾਈ, ਬ੍ਰਤ, ਤਪ ਹਠ ਕਮਾਏ, ਗਯਾਨ ਧਯਾਨ ਬੀ ਸਮਝੇ ਪਰ ਰਸ ਨਾ ਆਇਆ। ਇਸ ਨੇ ਆਪ ਤੋਂ ਉਚੇਰੀ ਲੋ ਨਾ ਲਾਈ, ਉਚੇਰਾ ਹੰਭਲਾ ਨਾ ਮਾਰਿਆ, ਪਰ ਨਾ ਮਾਰਿਆ, ਮੈਂ ਅਪਣੇ ਮਤ ਦਾ ਸੁਆਮੀ ਬਣਿਆਂ, ਬ੍ਰਤ, ਨੇਮ, ਸੰਜਮ ਸਿੱਖੇ, ਸਿਖਾਏ, ਪਰ ਹਰ ਛਿਨ ਮੈਂ ਨਾ ਡਿੱਠਾ ਕਿ ਮਨ ਫੁਰਨੇ ਵਿਚ ਹੀ ਵੱਸ ਰਿਹਾ ਹੈ। ਹਰ ਛਿਨ ਦਾ ਫੁਰਨਾ, ਜੋ ਹਰ ਛਿਨ ਦੀ ਭੁੱਲ ਹੈ, ਅੰਦਰੋਂ ਨਾ ਕੱਢੀ ਤੇ ਫੇਰ ਇਸ ਨੂੰ ਇਕ ਨੁਕਤੇ ਵਲ ਛਿਨ ਛਿਨ ਦਾ ਇਕ ਰੁਖ਼ ਦੇ ਕੇ ਸਦਾ ਦੀ ਲਿਵ ਵਲ ਕਦੇ ਨਾ ਲਾਇਆ। 'ਸੋ' ਤੇ 'ਸੋ ਮੈਂ ਵਿਸਰਿ ਨ ਜਾਈ' ਇਹ ਗੱਲ ਕਦੇ ਨਾ ਸੁੱਝੀ। ਕਿਉਂਕਿ ਪਰਮ ਆਤਮਾ ਦਾ ਖਿਆਲ ਹੀ ਛੱਡ ਦਿਤਾ। ਹੁਣ ਦਿੱਸਿਆ ਹੈ ਪਰਮ ਆਤਮਾ ਵਿਚ ਲਿਵ ਧਾਰਨ ਨਾਲ ਜੀਵ-ਆਤਮਾ ਦੀ ਸੁਖੈਨ ਠੌਰ ਬੱਝਦੀ ਹੈ ਤੇ ਉਸਦੀ ਕਿਰਪਾਲਤਾ ਵਿਚ ਆਉਂਦਾ ਹੈ। ਹੁਣ ਲੁਆ ਦਿਓ ਲਿਵ।

1. ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ (ਅਨੰਦ-੬)

ਸੈਨਾਪਤਿ-ਮੈਂ ਸਤਿਗੁਰ ਅੱਗੇ ਬਿਨੈ ਕਰਨ ਦਾ ਸਾਹਸ ਕੀਤਾ ਹੈ, ਪਰ ਲਿਵ ਦੇ ਮਾਲਕ ਤੇਰੇ ਆਚਰਨ ਤੋਂ ਅਸਰ-ਪਜ਼ੀਰ (ਪ੍ਰਭਾਵ ਪ੍ਰਤੀਤ ਕਰ ਲੈਣ ਵਾਲੇ) ਹੋ ਕੇ ਕਹਿ ਦੇਂਦੇ ਹਨ: "ਨਾ ਬਈ, ਖਿਮਾਂਹੀਨ ਹੈ" ਮੈਂ ਦੱਸ ਕੀ ਕਰਾਂ ? ਤੂੰ ਆਪਣੇ ਜੀਵਨ ਦੀ ਪੜਚੋਲ ਕਰ, ਸ਼ੈਤ ਕੋਈ ਕਹਿਰ ਐਸਾ ਕਰ ਬੈਠਾ ਹੋਵੇਂ ?

ਹੰਸ (ਠੰਢਾ ਸਾਹ ਲੈ ਕੇ)-ਯਾਦ ਨਹੀਂ ਪੈਂਦਾ!

ਸੈਨਾਪਤਿ-ਹੁਣ ਮੈਂ ਚਲਦਾ ਹਾਂ, ਸਮਾਂ ਬਹੁਤ ਲੰਘ ਗਿਆ ਹੈ। ਫੇਰ ਕੱਲ ਸਹੀ, ਕੱਠੇ ਹਜ਼ੂਰੀ ਵਿਚ ਚਲਾਂਗੇ।

੫.

**ਲੌਢਾ** ਪਹਿਰ ਹੈ। ਅੱਜ ਦਰਬਾਰ ਗੁਰੂ ਕੇ ਬਾਗ ਵਿਚ ਲਾਇਆ ਗਿਆ ਹੈ। ਬੜੇ ਖੜੇ ਵਿਦਵਾਨ ਜੁੜ ਬੈਠੇ ਹਨ। ਸੰਗਤਾਂ ਸਜ ਰਹੀਆਂ ਹਨ।

ਸਤਿਗੁਰ ਆਏ, ਸਿੰਘਾਸਨ ਤੇ ਬਿਰਾਜ ਗਏ! ਸਭ ਨੇ ਮੱਥਾ ਟੇਕਿਆ। ਸੰਗਤਾਂ, ਸਿੱਖਾਂ, ਪਿਆਰਿਆਂ ਦੇ ਦਰਸ਼ਨ ਮੇਲੇ ਹੋਏ।

ਏਨੇ ਨੂੰ ਸੰਨਿਆਸੀਆਂ ਦੀ ਜਮਾਤ ਦੇ ਵਡੇ ਨੇ ਉਠ ਕੇ ਅਦਬ ਨਾਲ ਬਿਨੈ ਕੀਤੀ, "ਆਪ ਨੇ ਸੰਨਿਆਸ ਦੀ ਥਾਂ ਰਜੋਗੁਣ ਤੇ ਮਾਯਕ ਪਕੜਾਂ ਸਿਖਾ ਦਿਤੀਆਂ ਹਨ। ਹੇ ਅਵਤਾਰ ਸ਼ਿਰੋਮਣੀ ਜੀ ! ਜਗਤ ਦੀ ਕਲਿਆਣ ਕੀਕੂੰ ਹੋਵੇਗੀ ?"

ਸਤਿਗੁਰ-ਅਸਾਂ ਭਾਈ ਸੁਰਤਿ ਦਾ ਸੰਨਿਆਸ ਸਿਖਾਇਆ ਹੈ[1]।

ਸਾਧੂ-ਮੇਰੀ ਸਮਝ ਵਿਚ ਸੁਰਤਿ ਦਾ ਸੰਨਿਆਸ ਨਹੀਂ ਆਉਂਦਾ ?

ਸਤਿਗੁਰ-ਕਿਉਂਕਿ ਤੁਸਾਂ ਸੰਨਿਆਸ ਨੂੰ ਫਕੀਰੀ[2] ਸਮਝਿਆ ਹੈ। ਸੰਨਿਆਸ ਫਕੀਰੀ ਨਹੀਂ ਵਾਹਿਗੁਰੂ ਦੇ ਪ੍ਰੇਮ ਵਿਚ ਵੱਸਣਾ ਫਕੀਰੀ ਹੈ। ਇਸ ਸੰਸਾਰ ਨਾਲ ਦਿਲ ਦੀ ਪਕੜ ਦੇ ਛੁੱਟਣ ਦਾ ਨਾਮ ਸੰਨਿਆਸ ਹੈ। ਸੰਸਾਰ ਛਡ ਬਹਿਣਾ ਸੰਨਿਆਸ ਨਹੀਂ; ਸੋ ਹੁਣ ਸੋਚੋ ਕਿ ਜੋ ਲਗਾਤਾਰ ਇਲਾਹੀ ਲਗਨ ਵਿਚ ਰਹਿੰਦੇ ਹਨ ਉਨ੍ਹਾਂ ਦਾ ਅੰਦਰਲਾ ਮੋਹ ਤੇ ਪਕੜਾਂ ਵਿਚੋਂ ਸੁਤੇ ਹੀ ਨਿਕਲ ਜਾਂਦਾ ਹੈ, ਉਹ ਪੰਛੀ ਵਾਂਙੂ ਗਗਨ ਉਡਾਰੀਆਂ ਵਿਚ ਉੱਚੇ ਉੱਡਦੇ ਹਨ, ਫੇਰ ਓਹ ਆਪੇ ਸੰਨਿਆਸੀ ਹੋ ਗਏ ਕਿ ਨਾ ?

ਸਾਧੂ-ਸੱਚ ਫੁਰਮਾਇਆ ਨੇ, ਪਰ ਅੰਦਰਲੀ ਲਗਨ ਸਾਂਈਂ ਵਲ ਲਗਣੀ ਇਨ੍ਹਾਂ ਮਾਰਿਆਂ ਖਕਾਰਿਆਂ ਵਿਚ ਹੋ ਨਹੀਂ ਸਕਦੀ।

ਸਤਿਗੁਰੂ-ਹੋ ਨਹੀਂ ਸਕਦੀ ? ਇਹ ਹੋ ਰਹੀ ਹੈ, ਹੁਣ ਵੇਖ ਲਵੋ ਤੇ ਅਗੋਂ ਜ਼ਮਾਨਾ ਵੇਖੇਗਾ। ਮੇਰੇ ਸੰਨਿਆਸੀ ਤਨ, ਮਨ, ਧਨ ਵਾਰਨਗੇ, ਪਰ ਕਿਸ ਅਰਥ ? ਪ੍ਰਜਾ ਤੇ ਧਰਮ ਦੀ ਖਾਤਰ : ਏਹ ਸਾਰੇ ਨਾਮ ਜਪਦੇ ਹਨ। ਇਹ ਨਾਮ ਮਨ ਦੀ ਲਗਨ ਪਰਮ ਪੁਰਖ ਵਲ ਲਾਉਂਦਾ ਹੈ, ਇਹ ਲਗਨ ਕਦੇ ਲਿਵ ਬਣ ਜਾਂਦੀ ਹੈ। ਲਿਵ ਵਾਲੇ ਮਾਇਆ ਵਿਚ ਵਸਦੇ ਜਲ ਵਿਚ ਖੜੇ ਕੰਵਲ ਅਲੇਪ ਹੁੰਦੇ ਹਨ। ਇਨ੍ਹਾਂ ਦੇ ਅੰਦਰ ਮਾਇਆ ਦਾ ਮੋਹ ਨਹੀਂ ਹੈ ਚਾਹੋ ਮਾਇਆ ਵਿਚ ਦਿੱਸਦੇ ਹਨ। ਜਦੋਂ ਲੋੜ ਪਵੇਗੀ ਇਹ ਮਾਇਆ ਨੂੰ ਵਾਰ ਦੇਣਗੇ ਤੇ ਕਲੇਜੇ ਕਾਂਪ ਨਹੀਂ ਖਾਣਗੇ। ਜੇ ਪਕੜਾਂ ਵਿਚ ਹੋਣਗੇ ਤਦ ਸਾਂਈਂ ਪਿਆਰ ਤੋਂ ਹੀਨ ਹੋਣਗੇ। ਪਿਆਰ ਹੀਨ ਨਾ ਮੇਰੇ, ਨਾ ਮੈਂ ਉਹਨਾਂ ਦਾ।

ਸਾਧੂ-ਉਂਵ ਹੀ ਤਿਆਗ ਕਰਾ ਦਿਓ ਜੋ ਸਾਨੂੰ ਭੁਲੇਖਾ ਨਾ ਲੱਗੇ। ਸਭ ਸਾਧੂ ਸੰਪ੍ਰਦਾਵਾਂ ਖੁਸ਼ ਰਹਿਣ ਕਿ ਆਪ ਨੇ ਸੰਨਿਆਸ ਦੀ ਮਰਿਯਾਦਾ ਤੋੜੀ ਨਹੀਂ।

ਸਤਿਗੁਰ-ਭਾਈ ਸੰਤੋ ! ਮਾਇਆ ਨਿਰਬਾਹ ਹੈ। ਤੁਹਾਡਾ ਸੰਨਿਆਸੀ ਹੋਕੇ ਬੀ ਨਿਰਬਾਹ ਮਾਇਆ ਕਰਦੀ ਹੈ, ਸਾਡੇ ਸਿੱਖਾਂ ਦਾ ਗ੍ਰਿਹਸਤੀ ਹੋ ਕੇ ਬੀ ਨਿਰਬਾਹ ਮਾਇਆ ਕਰਦੀ ਹੈ। ਬਾਕੀ ਹੁਣ ਤਿਆਗੀਆਂ ਵਿਚ ਆਲਸ ਆ ਗਿਆ ਹੈ, ਸਿਖਾਂ ਵਿਚ ਉੱਦਮ ਹੈ, ਆਲਸੀ ਤਮੋਗੁਣੀ ਹੈ, ਉੱਦਮੀ ਉਤਸ਼ਾਹ ਵਿਚ ਹੁੰਦਾ ਹੈ। ਨਾਮ ਸਿਮਰਣ ਉੱਦਮ ਦਾ ਕੰਮ ਹੈ। ਇਉਂ ਨਾਮ ਵਾਲਾ ਤੇ ਉੱਦਮੀ ਰਜੋ ਤੋਂ ਉਪਰ ਉਠਦਾ ਤੇ ਸਤੋ ਵਿਚ ਟਿੱਕਦਾ ਹੈ। ਹਾਂ ਜੋ ਉੱਦਮੀ

---

1. ਰੇ ਮਨ ਐਸੋ ਕਰ ਸੰਨਜਾਸਾ॥ ਬਨ ਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥ ਜਤ ਕੀ ਜਟਾ ਜੋਗ ਕੋ ਮੱਜਨ ਨੇਮ ਕੇ ਨਖਨ ਬਢਾਓ॥ ਗਜਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥ ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥ ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥ ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉਂ ਲਿਆਵੈ॥ ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹਿ ਪਾਵੈ॥

(ਰਾਮਕਲੀ, ਪਾਤਸ਼ਾਹੀ ੧੦)

2. ਫਕੀਰੀ ਤੋਂ ਮੁਰਾਦ ਉੱਚ ਅਵਸਥਾ ਹੈ, ਮੰਗਤਾਪਨ ਦੀ ਨਹੀਂ।

ਪੁਰਖ ਵਾਹਿਗੁਰੂ ਜਪੇ, ਸਿਮਰਨ ਵਿਚ ਵਸੇ, ਸਾਵਧਾਨ ਰਹੇ, ਲਿਵ ਵਿਚ ਜੀ ਉਠੇ, ਉਸਦਾ ਮਨ ਸਤੋਗੁਣ ਵਿਚ ਜਾਂਦਾ ਹੈ, ਉਸ ਦੀ ਹਉਮੈ ਦੂਰ ਹੁੰਦੀ ਹੈ, ਉਸ ਦੀਆਂ ਉਡਾਰੀਆਂ ਤੁਰੀਆ ਵਿਚ ਜਾਂਦੀਆਂ ਹਨ। ਉਹ ਪ੍ਰਭੂ ਨੂੰ ਮਿਲਿਆ ਰਹਿੰਦਾ ਹੈ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥੧॥ (ਗੂਜਰੀ ਵਾਰ ਮ: ੫-੧੭)

ਉਹ ਦਿੱਸਦਾ ਗ੍ਰਿਹਸਤੀ ਹੈ; ਪਰ ਉਸਦੇ ਅੰਦਰ ਸੰਨਿਆਸ ਵਰਤਦਾ ਹੈ :-

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ। ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥ ੨੯॥ (ਅਨੰਦੁ)

ਸਾਡੇ ਸਿਖ ਯਾਦ ਵਿਚ ਵੱਸਦੇ ਹਨ, ਹਰੀ ਨੂੰ ਵਿਸਾਰਦੇ ਨਹੀਂ, ਇਸ ਕਰਕੇ ਮਾਇਆ ਦੇ ਹੇਠ ਨਹੀਂ ਲਗਦੇ। ਸਤਿਗੁਰ ਨੇ ਮਾਇਆ ਦਾ ਸਰੂਪ 'ਭੁੱਲ' ਦਸਿਆ ਹੈ ਸੋ ਜੋ ਯਾਦ ਵਿਚ ਹੈ, ਉਹ 'ਭੁੱਲ' ਵਿਚ ਨਹੀਂ, ਜੋ ਭੁੱਲ ਵਿਚ ਨਹੀਂ ਉਹ ਮਾਇਆ ਵਿਚ ਨਹੀਂ। ਅਸਾਂ ਆਪਣੇ ਗ੍ਰਿਹਸਤੀਆਂ ਨੂੰ ਗ੍ਰਿਹਸਤ ਦੇ ਸਾਰੇ ਕਮਾਮਾਂ-ਕਾਰ ਵਿਹਾਰ, ਖੇਤੀ, ਸ਼ਾਹੀ; ਸਿਪਾਹਗੀਰੀ, ਰਾਜਗਿਰੀ, ਮਜ਼ਦੂਰੀ, ਹਰ ਹਾਲ ਵਿਚ ਰੱਬ ਨਾਲ ਲਿਵਧਾਰੀ ਬਣਾਇਆ ਹੈ। ਸਾਂਈਂ ਨਾਲ ਦਿਲ ਦੀ ਲਗਨ ਤੇ ਲਿਵ ਸੱਚਾ ਸੰਨਿਆਸ ਹੈ, ਸਿੱਖੀ ਹੈ ਤੇ ਗਜਾਨ ਹੈ।

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ
ਤੇ ਜਨ ਸੁਘੜ ਸਿਆਣੇ ਰਾਮਰਾਜੇ।।

ਇਸ ਪ੍ਰਕਾਰ ਦੇ ਬਚਨ ਬਿਲਾਸ ਹੋ ਰਹੇ ਸਨ ਕਿ ਸੈਨਾਪਤਿ ਜੀ ਆ ਗਏ ਤੇ ਮੱਥਾ ਟੇਕ ਕੇ ਬੈਠ ਗਏ। ਸੈਨਾਪਤਿ ਜੀ ਕੁਛ ਕਹਿਣਾ ਹੀ ਚਾਹੁੰਦੇ ਸਨ ਕਿ ਸਤਿਗੁਰ ਜੀ ਬੋਲੇ : "ਬਈ ਸੱਜਨਾਂ ! ਖਿਮਾਂ ਹੀਨ ਹੈ, ਪੱਕ ਜਾਣ...."।

ਸੈਨਾਪਤਿ-ਸੱਚ ਫੁਰਮਾਉਂਦੇ ਹੋ।

ਗੁਰੂ ਜੀ-ਸੱਚ ਦਿਖਾਲ ਬੀ ਦੇਈਏ ? ਲੈ ਦੇਖ! ਫਿਰ ਦਇਆ ਸਿੰਘ ਜੀ ਵੱਲ ਤੱਕ ਕੇ ਬੋਲੇ :-

"ਦਇਆ ਸਿੰਘ ! ਘੋੜੇ ਚੜ੍ਹ ਬੈਠੋ, ਪਾਲਕੀ ਨਾਲ ਲੈ ਲਓ, ਪਹਿਲਾਂ ਉਪਰ ਨੂੰ ਫੇਰ ਸੱਜੇ ਰੁਖ ਜਾਓ, ਵੱਡੇ ਚਿਟਾਨਾਂ ਦੀ ਆੜੇ ਇਕ ਗੁਫ਼ਾ ਜਿਹੀ ਹੈ, ਉਥੇ ਇਕ ਤਪੀ ਹੈ, ਉਸ ਨੂੰ ਉਥੋਂ ਲੈ ਆਓ। ਨਿਰਬਲ ਹੈ, ਪਾਲਕੀ ਪਾ ਕੇ ਬੜੀ ਕੋਮਲਤਾ ਨਾਲ ਲਿਆਉਣਾ"।

ਹੁਕਮ ਹੁੰਦੇ ਹੀ ਭਾਈ ਜੀ ਟੁਰ ਗਏ, ਸੰਗਤ ਦੇਖ ਰਹੀ ਹੈ ਕਿ ਹੁਣ ਚੋਜੀ ਸਤਿਗੁਰ ਕੀਹ ਕੌਤਕ ਕਰਦੇ ਹਨ ਕਿ ਆਪ ਨੇ ਸੈਨਾਪਤਿ ਨੂੰ ਕਿਹਾ : "ਲਿਆ ਆਪਣੇ ਮਿੱਤ੍ਰ ਨੂੰ" ਇਹ ਸੁਣਦੇ ਹੀ ਸੰਗਤ ਦੇ ਅਖ਼ੀਰ ਤੋਂ ਬੂਹੇ ਦੀ ਆੜ ਵਿਚ ਖੜੇ 'ਹੰਸ' ਜੀ ਨੂੰ ਸੈਨਾਪਤਿ ਜੀ ਲੈ ਆਏ ਜੋ ਨਮਸਕਾਰ ਕਰਕੇ ਬੈਠ ਗਏ। ਕੁਛ ਸਮਾਂ ਵਾਰਤਾਲਾਪ ਹੁੰਦੀ ਰਹੀ ਫੇਰ ਦਇਆ ਸਿੰਘ ਜੀ ਆ ਗਏ। ਇਕ ਅਤਿ ਲਿੱਸਾ ਪਤਲਾ ਆਦਮੀ ਪਾਲਕੀ ਵਿਚ ਆਯਾ। ਉਸ ਦੀਆਂ ਅੱਖਾਂ ਥੱਲੇ ਲੱਥੀਆਂ ਹੋਈਆਂ ਸਨ, ਗੱਲ੍ਹਾਂ ਵਿਚ ਵੜੀਆਂ ਹੋਈਆਂ ਸਨ, ਸਰੀਰ ਨਿਰਬਲ ਸੀ।

ਸਤਿਗੁਰ ਨੇ ਤਖਤੋਂ ਉਤਰ ਕੇ ਇਸ ਆਦਮੀ ਨੂੰ ਪਾਲਕੀ ਵਿਚੋਂ ਚਾ ਲਿਆ ਤੇ ਗੋਦ ਵਿਚ ਲੈ ਕੇ ਤਖਤ ਤੇ ਬੈਠ ਗਏ। ਹੁਣ ਅਜਿੱਤ ਸੂਰੇ ਸਤਿਗੁਰੂ ਦੇ ਨੈਣਾਂ ਵਿਚ ਤਰ ਆਏ ਹੰਝੂ, ਤੇ ਇਸ ਥੱਕੇ ਪਿੰਜਰ ਨੂੰ ਪਿਆਰ ਦੇ ਕੇ ਕਹਿ ਰਹੇ ਹਨ: "ਤੂੰ ਪਾਪੀ ਨਹੀਂ, ਤੇਰੇ ਪਾਪ ਮੈਂ ਬਖਸ਼ ਦਿਤੇ। ਤੂੰ ਪੁੰਨੀ ਹੈਂ, ਤੂੰ ਪਾਪੀ ਨਹੀਂ, ਤੂੰ ਕੁਦਰਤ ਦਾ ਹੁਕਮ ਮੰਨਿਆਂ ਸੀ, ਕੁਦਰਤ ਦੇ ਕਾਦਰ ਨੇ ਪਾਪ ਨਹੀਂ ਸੀ ਲਾਇਆ, ਹੁਣ ਸਾਵਧਾਨ ਹੋ"। ਇਸ ਤਰ੍ਹਾਂ 'ਕਬੁਧ ਕਰਨ ਤੇ ਲੋਕ ਹਟਾਵਣ' ਆਏ ਦਾਤੇ ਮਿਹਰ ਦਾ ਮੀਂਹ ਵਸਾ ਰਹੇ ਹਨ। ਸੰਨਿਆਸੀ, ਜੋਗੀ, ਉਦਾਸੀ, ਗ੍ਰਿਹਸਤੀ, ਹਠੀ, ਤਪੀ, ਹਰ ਮਤ ਦੇ ਪੰਡਤ ਗੁਣੀ ਗਿਆਨੀ ਤੇ ਆਪਣੇ ਸਿੱਖ ਤੱਕ ਰਹੇ ਹਨ ਕਿ ਚੋਜਾਂ ਵਾਲੇ ਕਿਸ ਮੁਰਦਾ ਜਿਹੀ ਲੋਥ ਨੂੰ ਪਿਆਰ ਕਰ ਰਹੇ ਹਨ।

ਇਸ਼ਾਰਾ ਹੋਇਆ, ਦੁੱਧ ਆਇਆ, ਇਸ ਲੋਥ ਨੂੰ ਆਪ ਦੁੱਧ ਦੇਣ ਲੱਗ ਪਏ। ਹੱਥੀਂ ਚਮਚਾ ਚਮਚਾ ਉਸ ਦੇ ਮੂੰਹ ਵਿਚ ਚੋ ਰਹੇ ਹਨ, ਦਿਲਾਸਾ ਦੇ ਰਹੇ ਤੇ ਪਿਆਰ ਕਰ ਰਹੇ ਹਨ। ਰੰਗ ਬਦਲ ਰਿਹਾ ਹੈ, ਉਸ ਲੋਥ ਦੇ ਚਿਹਰੇ ਤੇ ਖੇੜਾ ਤੇ ਬੁਲ੍ਹਾਂ ਤੇ ਮੁਸਕ੍ਰਾਹਟ ਆ ਰਹੀ ਹੈ, ਖ਼ਬਰੇ ਕਿੰਨੇ ਚਿਰ ਮਗਰੋਂ ਅੱਜ ਇਹ ਬੁਲ੍ਹ ਮੁਸਕ੍ਰਾਏ ਹਨ।

ਵਾਹ "ਮਿਰਤਕ ਕਉ ਜੀਵਾਲਨਹਾਰ॥ ਭੂਖੇ

ਕਉ ਦੇਵਤ ਅਧਾਰ", ਸਤਿਗੁਰ ! ਤੂੰ ਧੰਨ ਹੈਂ, ਨੀਚਾਂ ਦਾ ਸੰਗੀ ਸਾਥੀ ਤੂੰ ਹੈਂ, ਦਰਦ ਰਵਾਨਿਆਂ ਦਾ ਤੂੰ ਮਿੱਤ੍ਰ ਹੈਂ, ਪਾਪੀਆਂ ਦਾ ਬੇਲੀ ਤੂੰ ਹੈਂ, ਨਿਤਾਣਿਆਂ ਦਾ ਤਾਣ ਤੂੰ ਹੈਂ, ਤੇਰੇ ਵਿਚ ਪ੍ਰੇਮ ਅਰ ਮਿਹਰ ਨੇ ਕਮਾਲ ਪਾਇਆ ਹੈ, ਤੇਰੇ ਵਿਚੋਂ ਸੱਚੇ ਧਰਮ ਨੇ ਰੰਗ ਵਿਖਾਇਆ ਹੈ, ਤੇਰੇ ਵਿਚ ਰਬੀ ਗੁਣ ਪ੍ਰਗਟੇ। ਅਭੁੱਲ ਅਰ ਅਰੋਗ ਫਕੀਰੀ ਤੂੰ ਸਿਖਾਈ।

ਜਦੋਂ ਇਸ ਆਦਮੀ ਨੂੰ ਸੱਚੇ ਸਤਿਗੁਰ ਦਾ ਪਿਆਰ ਮਿਲਿਆ ਤਾਂ ਇਸ ਦੇ ਮਨ ਵਿਚ ਉਮਾਹ ਭਰ ਗਿਆ, ਸੱਚੀ ਖੁਸ਼ੀ ਆ ਗਈ, ਖਲ ਫਿਰ ਪਿਆ: ਉੱਠ ਕੇ ਬਹਿ ਗਿਆ ਤੇ ਚਰਨ ਪਕੜ ਕੇ ਰੋ ਪਿਆ : 'ਹੇ ਜੀਨਾ, ਹੇ ਅਰਹੰਤ ! ਹੇ ਬੁੱਧ, ਹੇ ਵਿਸ਼ਨੂੰ, ਤੂੰ ਜੋ ਹੈਂ ਸੋ ਹੈਂ, ਮੇਰਾ ਪਾਰਬ੍ਰਹਮ ਹੈਂ ! ਤੂੰ ਸਾਖਜਾਤ ਬ੍ਰਹਮ ਹੈਂ, ਪਰ ਮੈਂ ਪਾਪੀ ਹਾਂ, ਮੇਰੇ ਨਾਲ ਨਾ ਛੁਹ। ਤੂੰ ਬਖ਼ਸ਼ਿਆ, ਮੈਂ ਬਖ਼ਸ਼ਿਆ ਗਿਆ, ਪਰ 'ਮੈਂ ਪਾਪੀ' ਦੀ ਮੈਲ ਮੇਰੇ ਰਗਰੇਸ਼ੇ, ਮੇਰੇ ਆਤਮਾ ਵਿਚ ਸਮਾ ਰਹੀ ਹੈ।...(ਹੈਰਾਨ ਹੋ ਕੇ) ਹੇ ਨਿਮਾਣੇ ਮਾਣਨਹਾਰ ਭਗਵਾਨ! ਤੂੰ ਭਗਵਾਨ ਹੈਂ! ਕੀ ਮੈਂ ਬਖ਼ਸ਼ਿਆ ਗਿਆ ਹਾਂ ?" ਸਤਿਗੁਰ ਨੇ ਕਿਹਾ :-

"ਹਾਂ, ਪੁੱਤ ਬਖ਼ਸ਼ਿਆ, ਤੂੰ ਬਖ਼ਸ਼ਿਆ, ਤੂੰ ਪਾਪੀ ਨਹੀਂ, ਤੂੰ ਪਾਪੀ ਨਹੀਂ।"

ਇਸ ਤਰ੍ਹਾਂ ਸੁੱਚਾ ਤੇ ਉਚਾ ਪਿਆਰ ਕਰਕੇ ਸਤਿਗੁਰ ਨੇ ਉਸ ਨੂੰ ਸੁਰਜੀਤ-ਤਾਈ ਵਿਚ ਪੂਰਾ ਪੂਰਾ ਲੈ ਆਂਦਾ। ਹੁਣ ਉਹ ਆਪ ਸਹਿਜੇ ਸਹਿਜੇ ਉੱਠ ਕੇ ਹੇਠਾਂ ਉਤਰਿਆ ਤੇ ਅਸ਼ਟਾਂਗ ਡੰਡੌਤ ਕੀਤੀ ਤੇ ਇਕ ਸਤੋਤ੍ਰ ਉਚਰਿਓਸੁ।

ਸਤਿਗੁਰ ਨੇ ਕਿਹਾ : "ਤੂੰ ਸਤਿਸੰਗ ਦੇ ਬੈਕੁੰਠ ਵਿਚ ਹੈਂ। ਉੱਠ, ਸਭ ਰੱਬੀ ਬੰਦਿਆਂ ਨੂੰ ਆਪਣੀ ਵਿਥਿਆ ਸੁਣਾ ਦੇਹ।"

ਤਪੀ (ਨਿੰਮ੍ਹੀ ਆਵਾਜ਼ ਵਿਚ ਬੋਲਿਆ)-"ਮੈਂ ਸੂਰਤ ਸ਼ਹਿਰ ਦਾ ਵਾਸੀ ਹਾਂ, ਮੇਰੀ ਮਾਂ ਤੇ ਉਸ ਦੀ ਗੁਆਂਢਣ ਦੋਵੇਂ ਸਹੇਲੀਆਂ ਸਨ, ਉਹਨਾਂ ਨੇ ਪ੍ਰਣ ਕੀਤਾ ਕਿ ਜੇ ਸਾਡੇ ਘਰ ਪੁਤ੍ਰ ਜੰਮਣ ਤਾਂ ਮਿੱਤਰਤਾਈ ਨਾਲ ਜੋੜੇ ਜਾਣ; ਜੇ ਧੀ ਪੁੱਤ ਜੰਮਣ ਤਾਂ ਵਿਆਹੇ ਜਾਣ। ਸੋ ਆਪਣੀ ਮਾਂ ਦੇ ਘਰ ਮੈਂ ਤੇ ਉਸ ਦੀ ਸਹੇਲੀ ਦੇ ਘਰ ਇਕ ਕੰਨਿਆਂ ਹੋਈ। ਅਸੀਂ ਕੱਠੇ ਖੇਡਦੇ ਤੇ ਪਲਦੇ ਰਹੇ। ਮਾਵਾਂ ਦੇ ਮਿਲਣ ਨਾਲ ਅਸੀਂ ਬੀ ਮਿਲਦੇ ਰਹੇ, ਸੋ ਬਾਲਪਨ ਤੋਂ ਸਾਡਾ ਆਪੋ ਵਿਚ ਪਿਆਰ ਪੈ ਗਿਆ। ਅਸੀਂ ਅਜੇ ੧੦-੧੨ ਬਰਸ ਦੇ ਸਾਂ ਕਿ ਸਾਡੇ ਸ਼ਹਿਰ ਕੋਈ ਸਾਧੂ ਤੇ ਸਾਧਣੀਆਂ ਆਏ। ਮਰਦਾਂ ਤ੍ਰੀਮਤਾਂ ਲਈ ਅੱਡ ਅੱਡ ਮਕਾਨਾਂ ਵਿਚ ਕਥਾ ਹੋਵੇ, ਅਸੀਂ ਸੁਣਨ ਜਾਂਦੇ ਸਾਂ। ਮੇਰੇ ਤੇ ਐਸਾ ਅਸਰ ਹੋਇਆ ਕਿ ਮੈਂ ਉਥੇ ਪ੍ਰਤੱਗਿਆ ਕਰ ਦਿਤੀ ਕਿ ਮੈਂ ਦੁਖ ਰੂਪ ਸੰਸਾਰ ਵਿਚ ਨਹੀਂ ਵੜਾਂਗਾ, ਸਾਧੂ ਹੋ ਜਾਂਵਾਂਗਾ। ਇਹੋ ਅਸਰ ਉਸ ਕੰਨਿਆਂ ਤੇ ਹੋਇਆ; ਉਸ ਨੇ ਬੀ ਤ੍ਰੀਮਤਾਂ ਦੇ ਸਮਾਗਮ ਵਿਚ ਇਹੋ ਪ੍ਰਤੱਗਿਆ ਕਰ ਦਿਤੀ। ਸੋ ਅਸੀਂ ਚੁਮਾਸੇ ਪਿੱਛੇ ਉਸ ਟੋਲੇ ਨਾਲ ਟੋਰੇ ਗਏ, ਤ੍ਰੀਮਤਾਂ ਨਾਲ ਉਹ ਕੰਨਿਆਂ ਤੇ ਮਰਦਾਂ ਨਾਲ ਮੈਂ। ਅਜ ਸਾਨੂੰ ਪਤਾ ਲਗਾ ਕਿ ਹੁਣ ਅਸੀਂ ਆਪੋ ਵਿਚ ਨਹੀਂ ਮਿਲਾਂਗੇ, ਇਹ ਸਾਡੀ ਪ੍ਰਤੱਗਜਾ ਦਾ ਇਕ ਨਿਯਮ ਹੈ। ਖ਼ੈਰ ਅਸੀਂ ਇਕ ਪਹਾੜ ਪਹੁੰਚੇ। ਮਰਦ ਸਾਧੂਆਂ ਦੇ ਮਠ ਵਿਚ ਮੈਂ ਤੇ ਤ੍ਰੀਮਤਾਂ ਦੇ ਮਠ ਵਿਚ ਕੰਨਿਆਂ ਦਾਖਲ ਕੀਤੇ ਗਏ। ਕਈ ਬ੍ਰਤ ਮੈਥੋਂ ਧਾਰਨ ਕਰਵਾਏ ਗਏ। ਫੇਰ ਵਿਦਿਆ ਸ਼ੁਰੂ ਹੋਈ, ਬੜੇ ਬੜੇ ਉਗ੍ਰ ਤਪ, ਸੰਜਮ ਧਾਰਨ ਕੀਤੇ, ਬੜੇ ਖੇਦ ਝੱਲੇ। ਸੱਤ ਉਪਦੇਸ਼ ਇਹ ਰੋਜ਼ ਮਿਲਦਾ ਸੀ ਕਿ ਅਪਕਰਮ ਅਰਥਾਤ ਪਾਪ ਕਰਮ ਨਹੀਂ ਕਰਨਾ, ਆਤਮਾ ਵਿਚ ਵੜੀ ਮੈਲ ਇਸ ਤਰ੍ਹਾਂ ਨਿਕਲੇਗੀ ਤੇ ਸੂਛ ਕਰੇਗੀ। ਗੱਲ ਕੀ ਬ੍ਰਤ ਤੇ ਤਪ ਕਰਦਿਆਂ ਮੇਰੀ ਉਮਰ ਵੀਹ ਵਰ੍ਹੇ ਦੀ ਹੋ ਗਈ।

ਪਰ ਹੁਣ ਕੁਛ ਚਿਰ ਤੋਂ ਮੈਂ ਕੁਛ ਹੋਰ ਹੋ ਗਿਆ ਸਾਂ। ਮੇਰੇ ਵਿਚ ਦੇਖਣਾ, ਸੁਣਨਾ, ਖਾਣਾ, ਸੁੰਘਣਾ ਤਾਂ ਪਹਿਲੋਂ ਸਨ ਪਰ ਹੁਣ ਇਕ ਹੋਰ ਰਸ, ਇਕ ਹੋਰ ਇੱਛਾ ਪ੍ਰਗਟ ਹੋ ਆਈ ਸੀ। ਮੇਰੇ ਸਿੱਖਜਕਾਂ ਨੇ ਦੱਸਿਆ ਕਿ ਇਹ ਕਾਮ ਹੈ ਤੇ ਇਹ ਵੈਰੀ ਹੈ, ਇਸ ਨੂੰ ਮਾਰਨਾ ਪਰਮ ਧਰਮ ਹੈ। ਜੋ ਜੋ ਸਾਧਨ ਉਨ੍ਹਾਂ ਦੱਸੇ ਮੈਂ ਕੀਤੇ। ਚੰਦ੍ਰਾਇਣ ਬ੍ਰਤ ਮੈਂ ਕਈ ਵੇਰ ਕੀਤੇ। ਇਕ ਤੋਲਾ ਬਦਾਮ ਰੋਗਨ ਰੋਜ਼ ਪਰ ਮੈਂ ਕਈ ਕਈ ਦਿਨ ਲੰਘਾਏ।

ਪਰ ਇਸ ਸਾਰੇ ਸੰਜਮ ਵਿਚ ਮੈਨੂੰ ਉਹ ਕੰਨਿਆਂ, ਮੇਰੀ ਬਾਲ ਸਖਾਈ ਭੁੱਲੀ ਨਹੀਂ, ਕਦੇ ਕਦੇ ਯਾਦ ਆਇਆ ਕਰੇ। ਜਦ ਮੈਂ ਇਹ ਗੱਲ ਸਾਧੂਆਂ ਨੂੰ ਦੱਸਾਂ, ਤਦ ਮੈਥੋਂ ਕਠਨ ਤਤਿੱਖਜਾ ਹੋਰ ਕਰਾਈ

ਜਾਏ ਤੇ ਫਾਕੇ ਦਿਤੇ ਜਾਣ। ਇਕ ਵੇਰ ਮੈਂ ਬਨ ਵਿਚ ਪੱਤੇ ਫਲ ਆਦਿ ਲੈਣ ਗਿਆ ਤੇ ਉਹ ਕੰਨਜਾਂ ਵੀ ਉਸ ਬਨ ਉਹੋ ਕੁਛ ਲੈ ਰਹੀ ਸੀ। ਅਚਾਨਕ ਅਸੀਂ ਆਮ੍ਹੋ ਸਾਹਮਣੇ ਹੋਏ, ਆਹਮੋ ਸਾਹਮਣੇ ਕੀ ਹੋਏ ? ਬਿਜਲੀ ਪਈ, ਦੁਵੱਲੀ ਬਝੱਕ ਰਹਿ ਗਏ, ਦੁਵੱਲੀ ਖਿੱਚ ਪਈ, ਬੇ-ਸੋਚੇ, ਬੇ-ਜਾਣੇ, ਬੇ-ਖਿਆਲੇ ਅਸੀਂ ਆਪੋ ਵਿਚ ਗੱਲੀਂ ਲਗ ਪਏ ਤੇ ਆਪਣੇ ਦੁਖ ਸੁਖ ਦਰਦ ਕਹਿੰਦੇ ਸੁਣਦੇ ਰਹੇ। ਕਿਤਨਾ ਕਾਲ ਸਾਨੂੰ ਦੁਖ ਸੁਖ ਲੈਂਦਿਆਂ ਦੇਂਦਿਆਂ ਗੱਲਾਂ ਕਰਦਿਆਂ ਲੰਘ ਗਿਆ, ਇਸ ਤਰ੍ਹਾਂ ਗੱਲ ਕਰਦਿਆਂ ਨੂੰ ਸਾਨੂੰ ਮੱਠ ਦੀ ਸਾਧਣੀ ਨੇ ਹੋਸ਼ ਵਿਚ ਲਿਆਂਦਾ ਜੋ ਸਾਨੂੰ ਪਤਾ ਨਹੀਂ ਕਦ ਦੀ ਆਈ ਤੇ ਤਕਦੀ ਰਹੀ ਸੀ। ਇਸ ਦੀਆਂ ਅੱਖਾਂ ਲਹੂ ਭਰੀਆਂ ਸਨ, ਇਸਦਾ ਕ੍ਰੋਧ ਦਰਯਾ ਦੀ ਕਾਂਗ ਸੀ, ਇਸਦੀ ਡਾਂਟ ਬਿਜਲੀ ਦੀ ਕੜਕ ਸੀ। ਇਸ ਨੇ ਕਿਹਾ ਤੁਸੀਂ ਪਾਪੀ ਹੋ। ਮੈਂ ਚਰਨ ਫੜਕੇ ਕਿਹਾ : ਮੈਨੂੰ ਪਾਪ ਦੀ ਕੋਈ ਖ਼ਬਰ ਨਹੀਂ, ਅਸੀਂ ਬਾਲ ਸਖਾਈ ਕੱਠੇ ਖੇਡਦੇ ਹੁੰਦੇ ਸਾਂ, ਬਰਸਾਂ ਬਾਦ ਮਿਲੇ ਹਾਂ ਤੇ ਬੇਵਸੇ ਮਿਲੇ ਹਾਂ ਤੇ ਪਰਸਪਰ ਗੱਲਾਂ ਬਾਤਾਂ ਕੀਤੀਆਂ ਹਨ। ਹੋਰ ਸਾਨੂੰ ਕੁਛ ਪਤਾ ਨਹੀਂ। ਉਹ ਭਿਖ਼ਸ਼ੂ ਮਾਈ ਕਹਿਣ ਲੱਗੀ: ਤੁਸੀਂ ਹੋਰ ਪਾਪੀ ਹੋ, ਪਾਪ ਕਰਕੇ ਸਿਖ਼ਜਾਦਾਤੀ ਨਾਲ ਝਗੜਦੇ ਹੋ।

ਗੱਲ ਕੀ ਅਸੀਂ ਆਪਣੇ ਮਠ ਗਏ। ਕਾਕੀ ਦਾ ਮੈਨੂੰ ਪਤਾ ਨਹੀਂ ਕੀ ਹਾਲ ਹੋਇਆ, ਪਰ ਜੋ ਮੇਰੇ ਨਾਲ ਹੋਈ ਸੋ ਮੈਂ ਕੀਹ ਦੱਸਾਂ ? ਬੜੇ ਬੜੇ ਕਠਨ ਤਪ ਦਿਤੇ ਗਏ। ਫੇਰ ਸਾਰੇ ਸਾਧੂਆਂ ਦੀ ਸੇਵਾ, ਚੰਦ੍ਰਾਇਣ ਬ੍ਰਤ, ਕਈ ਰਾਤਾਂ ਦੇ ਜਾਗੇ ਆਦਿ ਕਈ ਕੰਮ ਹੋਏ, ਪਰ ਫੇਰ ਬੀ ਮੇਰਾ ਨਾਮ ਪਾਪੀ ਪੈ ਗਿਆ। ਸਾਡੇ ਮੱਠ ਦੇ ਵਡੇ ਹੰਸ ਨਾਮ ਦੇ ਸਾਧੂ ਸਨ, ਜੋ ਪਹਿਲਾਂ ਕਦੇ ਬੜੇ ਕਵੀ ਤੇ ਚਿੱਤ੍ਰਕਾਰ ਹੁੰਦੇ ਸਨ, ਪਰ ਫੇਰ ਸਾਧੂ ਹੋ ਕੇ ਉੱਗ੍ਰ ਤਪ ਕਰਦੇ ਮਠ ਦੇ ਸ਼ਿਰੋਮਣੀ ਹੋ ਗਏ। ਉਨ੍ਹਾਂ ਨੂੰ ਮੈਂ ਕਿਹਾ ਕਿ ਕੋਈ ਉਪਾਉ ਦੱਸੋ ਜੋ ਮੈਂ ਪਾਪੀ ਨਾ ਰਹਾਂ, ਕਿਵੇਂ ਤੁਸੀਂ ਸਾਰੇ ਮੈਨੂੰ ਕਹੋ ਕਿ ਤੂੰ ਹੁਣ ਪਾਪੀ ਨਹੀਂ ਰਿਹਾ? ਇਨ੍ਹਾਂ ਨੂੰ ਪਤਾ ਸੀ ਕਿ ਮੈਂ ਪਾਪ ਤੋਂ ਅਜਾਣ ਹਾਂ। ਅਸਲ ਵਿਚ ਮੈਂ ਇੰਨਾਂ ਹੀ ਪਾਪੀ ਸਾਂ ਕਿ ਇਕ ਕੰਨਿਆਂ ਨੂੰ, ਜਿਸ ਨੂੰ ਮੈਂ ਬਾਲ ਅਵਸਥਾ ਦੀ ਸਹੇਲੀ ਯਾ ਸਾਥਣ ਸਮਝਕੇ ਪਿਆਰ ਕਰਦਾ ਸਾਂ, ਚਿਰਾਂ ਪਿਛੋਂ ਦੇਖ ਕੇ ਪਜਾਰ ਦੇ ਭਾਵ ਵਿਚ ਗਿਆ ਤੇ ਕੁਛ ਦੇਰ ਗੱਲਾਂ ਕਰਦਾ ਰਿਹਾ ਸਾਂ ਤੇ ਗੱਲਾਂ ਹੀ ਕੀਤੀਆਂ, ਹੋਰ ਕੋਈ ਭੁੱਲ ਸਾਥੋਂ ਨਹੀਂ ਸੀ ਹੋਈ। ਹੰਸ ਨੇ ਮੈਨੂੰ ਕਿਹਾ: ਮੈਂ ਜਾਣਦਾ ਹਾਂ ਤੂੰ ਪਾਪ ਕੋਈ ਨਹੀਂ ਕੀਤਾ, ਤੂੰ ਉਸ ਨਾਲ ਇਕ ਪੁਰਾਣੇ ਜਾਣੂੰ ਵਾਂਙੂ ਕੇਵਲ ਗੱਲਾਂ ਬਾਤਾਂ ਕੀਤੀਆਂ ਹਨ ਪਰ ਇਸਤ੍ਰੀ ਨਾਲ ਰੁਚੀ ਨਾਲ ਗੱਲਾਂ ਕਰਨ ਵਿਚ ਬ੍ਰਿਤੀ ਵਿਚ ਨਿਰਮਲਤਾ ਨਹੀਂ ਰਹਿੰਦੀ ਸੋ ਤੇਰਾ ਉਹ ਬ੍ਰਤ ਭੰਗ ਹੋਇਆ ਹੈ। ਮੈਂ ਕਿਹਾ, ਇਹ ਪਾਪ ਕਿਸ ਤਰ੍ਹਾਂ ਮਿਟੇ ? ਕਹਿਣ ਲਗੇ, "ਯਾ ਤਾਂ ਅੱਖਾਂ ਮਰ ਮਿਟਣ ਯਾ ਬਾਰਾਂ ਬਰਸ ਹੋਰ ਤਪ ਕਰ ਤੇ ਬ੍ਰਤ ਰੱਖਦਾ ਰਹੁ।" ਸੋ ਮੈਂ ਸੋਚੀਂ ਪੈਂਦਾ ਗਿਆ। ਪਹਿਲੇ ਜੋਸ਼ ਵਿਚ ਤਾਂ ਮੈਂ ਅੱਖਾਂ ਕੱਢਣ ਨੂੰ ਤਿਆਰ ਹੋ ਗਿਆ, ਪਰ ਫੇਰ ਅੰਦਰਲੇ ਨੇ ਨਾਂ ਮੰਨਿਆ ਤਦੋਂ ਮੈਂ ਬਾਰਾਂ ਬਰਸ ਦੇ ਤਪ ਦੀ ਆਗਜਾ ਲੈ ਕੇ ਚੋਰੀ ਟੁਰ ਆਯਾ। ਮੈਂ ਆਪਣੇ ਮਤ ਦੇ ਬੜੇ ਬੜੇ ਟਿਕਾਣੇ ਗਿਆ, ਬੜੇ ਬੜੇ ਤਪੀਸ਼ਰਾਂ ਨੂੰ ਮਿਲਿਆ ਸਭ ਨੇ ਕਿਹਾ ਕਿ ਤੂੰ ਪਵਿੱਤ੍ਰ ਨਹੀਂ ਰਿਹਾ, ਤੂੰ ਪ੍ਰਣ ਭੰਗ ਕਿਉਂ ਕੀਤਾ, ਤੂੰ ਇਸਤ੍ਰੀ ਨਾਲ ਪਜਾਰ ਭਾਵ ਵਿਚ ਗੱਲਾਂ ਕਿਉਂ ਕੀਤੀਆਂ ? ਸੋ ਮੈਂ ਘੁੰਮਦਾ, ਆਪਣੇ ਤਪ ਦੇ ਗੁਆਚਣ ਪਰ ਰੋਂਦਾ, ਬਨੀਂ ਪਹਾੜੀਂ ਰੁਲਦਾ ਇੱਥੇ ਆਯਾ, ਛੇ ਕੁ ਮਹੀਨੇ ਤੋਂ ਗੁਫ਼ਾ ਵਿਚ ਪਿਆ ਹਾਂ। ਪਹਿਲਾਂ ਮੇਰਾ ਸੰਕਲਪ ਸੀ ਕਿ ਕਿਸੇ ਬ੍ਰਿਛ ਤੇ ਚੜ੍ਹਕੇ ਛਾਲ ਮਾਰ ਕੇ ਇਸ ਦੇਹ ਦਾ ਅੰਤ ਕਰਾਂ, ਕਿਉਂਕਿ ਮੈਨੂੰ ਮੇਰੇ ਇਕ ਮਤ ਦੇ ਨੇ ਦੱਸਿਆ ਸੀ ਕਿ ੧੨ ਬਰਸ ਤਪ ਦੇ ਬਾਦ ਐਸਾ ਕਰ ਲੈਣਾ ਕਲਜਾਣਕਾਰੀ ਹੁੰਦਾ ਹੈ। ਮੇਰੇ ਘਰ ਛੱਡਣ ਤੋਂ ਅਜ ਤਕ ਮੈਂ ਗਿਣਿਆਂ ਤਾਂ ੧੨ ਬਰਸ ਤੋਂ ਵਧੀਕ ਲੰਘ ਚੁਕੇ ਸਨ। ਪਰ ਦਰੱਖਤ ਉਤੇ ਚੜ੍ਹਨ ਦਾ ਬਲ ਨਹੀਂ ਸੀ ਰਿਹਾ, ਪਰ ਸੱਚ ਇਹ ਹੈ ਕਿ ਇੰਨੇ ਨਿਰਬਲ ਤੇ ਦੁਖੀ ਹੋ ਕੇ ਬੀ ਮਰਨੇ ਨੂੰ ਚਿਤ ਨਹੀਂ ਸੀ ਕਰਦਾ। ਅਸਲ ਵਿਚ ਮੈਂ ਏਥੇ ਸ੍ਰੀ ਗੁਰੂ ਜੀ ਦਾ ਜਸ ਸੁਣ ਕੇ ਆਇਆ ਸਾਂ ਪਰ ਸ਼ਰਮ ਕਰਕੇ ਹਾਜ਼ਰ ਨਹੀਂ ਹੋਇਆ ਕਿ ਮੈਂ ਪਾਪੀ ਹਾਂ। ਅੱਜ ਪਤਾ ਨਹੀਂ ਮੇਰੇ ਤੇ ਮਿਹਰ ਕਿਉਂ ਹੋਈ? ਮੈਨੂੰ ਬੁਲਾਕੇ ਆਪਦਾ ਹੁਕਮ ਹੋ ਗਿਆ ਹੈ ਕਿ ਮੈਂ ਪਾਪੀ ਨਹੀਂ, ਮੈਂ ਖੁਸ਼ ਹਾਂ ਪਰ ਅਜੇ ਅੰਗ ਕੰਬਦੇ ਪਏ ਹਨ।

ਸਤਿਗੁਰ ਬੋਲੇ: "ਇਹ ਹੈ ਹੰਸ ਦੀ ਰਚੀ ਹੋਈ ਪ੍ਰਤੱਖ ਮੂਰਤ ! ਕਾਗਜ਼ਾਂ ਕਪੜਿਆਂ ਤੇ ਸੂਰਜ ਦੀ ਨਿਹਮਲ ਮੂਰਤ ਬਣਾਉਂਦਾ ਹੈ, ਪਰ ਸਾਂਈਂ ਦੇ ਰਚੇ ਤਖਤੇ (ਦਿਲਾਂ) ਉਤੇ 'ਪਾਪੀ' ਮੂਰਤ ਰਚਦਾ ਹੈ। ਸੈਨਾਪਤਿ ! ਦੇਖ, ਇਹ ਮੂਰਤ ਖਿਮਾਂ ਨਾਲ ਰਚੀ ਗਈ ਹੈ ? ਕੀੜੇ ਮਕੌੜਿਆਂ ਤੇ ਦਇਆ ਪਾਲੀ, ਅਵਧੀ ਕੀਤੀ, ਪਰ ਇਨਸਾਨ ਕਿਸ ਹਾਲ ਪਹੁੰਚਾਏ, ਤੂੰ ਆਪ ਦੇਖ ਲੈ। ਸੈਨਾਪਤਿ ! ਇਹ ਬੀ ਸਮਝ ਲੈ ਕਿ ਆਦਿ ਆਚਾਰਯਾਂ ਦੇ ਮਨਤਵ ਕਦੇ ਇਸ ਹਦ ਤੱਕ ਦੇ ਨਹੀਂ ਹੁੰਦੇ ਜਿਥੋਂ ਤਕ ਕਿ ਮਗਰਲੇ ਖਿੱਚ ਖਿਚਾ ਕੇ ਲੈ ਜਾਂਦੇ ਹਨ ਤੇ ਸੁਖ ਦੀ ਥਾਂ ਦੁਖ ਵਿਥਾਰ ਦੇਂਦੇ ਹਨ।"

ਇਹ ਸੁਣਦੇ ਹੀ ਹੰਸ ਕੰਬ ਗਿਆ : ਹੈਂ, ਮੇਰੇ ਉਪਦੇਸ਼ ਨੇ ਇਤਨਾ ਕਸ਼ਟ ਪੈਦਾ ਕੀਤਾ ਹੈ ! ਦਿਲ ਦ੍ਰਵਿਆ ਤੇ ਉਸ ਤਪੀ ਦੀ ਪੈਰੀਂ ਆ ਢੱਠਾ, ਕਹਿਣ ਲੱਗਾ: "ਮੈਨੂੰ ਹੁਣ ਸਮਝ ਆਈ ਹੈ, ਮੈਂ 'ਖ਼ਿਮਾਂ ਹੀਨ' ਹਾਂ, ਤੂੰ ਪਾਪੀ ਨਹੀਂ, ਮੈਂ ਪਾਪੀ ਹਾਂ, ਤੂੰ ਮੈਨੂੰ ਬਖਸ਼ ਤੇ ਬਖਸ਼ਵਾ ਦੇਹ। ਮੈਂ ਆਪ ਇਸ ਕੱਚੀ ਕੰਧ ਨੂੰ ਧੋਂਦਾ ਥੱਕ ਲੱਥਾ ਹਾਂ !"

ਉਸ ਨਿਤਾਣੇ ਨੇ ਹੈਰਾਨ ਹੋ ਕੇ ਹੰਸ ਵੱਲ ਡਿੱਠਾ, ਪਹਿਲੇ ਤਾਂ ਕੰਬਿਆ, ਪਰ ਫੇਰ ਸਾਹਿਬਾਂ ਵੱਲ ਤੱਕ ਕੇ ਸ਼ਾਹਸ ਧਾਰ ਕੇ ਬੋਲਿਆ :-

"ਔਹ ਬੈਠੇ ਹਨ ਸ਼ਿਰੋਮਣੀ ਜੀ ਸ਼ਰਨਪਾਲ ਜੀ, ਬਖਸ਼ਿੰਦ ਜੀ ਤੇ ਇਨਸਾਨੀ ਦਿਲਾਂ ਦੇ ਮਹਿਰਮ ਜੀ।"

ਦਰਬਾਰ ਵਿਚ ਇਹ ਅਚਰਜ ਨਜ਼ਾਰਾ ਸੀ, ਸੈਨਾਪਤਿ ਤੇ ਨੰਦ ਲਾਲ ਤੇ ਹੋਰ ਸਾਰੇ ਕਵੀ ਤੇ ਪੰਡਿਤ ਹੈਰਾਨ ਹੋ ਰਹੇ ਸਨ।

ਸਤਿਗੁਰ-ਸੁਣੋਂ ਭਾਈ ਖਾਲਸਾ ! ਸੁੱਚੇ ਹੋਵੋ ਪਰ ਨਿਰੀ ਸੁੱਚ ਦੇ ਜਤਨ ਵਹਿਮਾਂ ਵਿਚ ਲੈ ਜਾਂਦੇ ਹਨ। ਨਾ ਨਿਰੀ ਤੇ ਫੋਕੀ ਸੁੱਚ ਜੀਵਨ ਦਾ ਪ੍ਰਯੋਜਨ ਹੈ।

ਇਸ਼ਾਰਾ ਹੋਇਆ, ਤਦ ਰਾਗੀਆਂ ਨੇ ਇਹ ਸ਼ਬਦ ਗਾਂਵਿਆਂ :-

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥ ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥੨॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥ ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥੪॥ ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥੫॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥੬॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥ ਸੇਜ ਸੋਹਨੀ ਚੰਦਨ ਚੋਆ ਨਰਕ ਘੋਰ ਕਾ ਦੁਆਰਾ॥੭॥ ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥੮॥ ਤੇਰੋ ਸੇਵਕੁ ਇਹ ਰੰਗਿ ਮਾਤਾ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥੧॥੩॥ (ਸੋਰਠ ਅਸ਼ਟ: ਮ: ੫)

ਫਿਰ ਸਤਿਗੁਰ ਬੋਲੇ :-

"ਜਿਨ੍ਹਾਂ ਦਾ ਮਨ ਲਿਵ ਵਿਚ ਜੀਵਿਆ, ਉਹਨਾਂ ਦੇ ਅੰਦਰ ਰੱਬੀ ਰੌ ਆਉਂਦੀ ਹੈ, ਉਹ ਰੌ ਸੱਚੀ ਪਵਿਤ੍ਰਤਾ ਹੈ, ਹੋਰ ਪਵਿੱਤ੍ਰਤਾਈਆਂ ਦੇ ਔਜ ਖਿਆਲ ਮਾਤ੍ਰ ਹਨ। ਪਾਪ ਨਹੀਂ ਕਰਨੇ, ਭਲਿਆਈ ਕਰਨੀ ਹੈ, ਪਵਿਤ੍ਰ ਰਹਿਣਾ ਹੈ, ਪਰ ਕਲਿਆਣ ਸਿਮਰਨ ਵਿਚ ਹੈ...।"

"ਭਾਈ ਹੰਸਾ ! ਜਦੋਂ ਏਹ ਬੱਚੇ ਸਨ, ਬਾਰਾਂ ਬਰਸ ਦੇ ਬੀ ਸਨ ਕਿ ਨਹੀਂ, ਇਨ੍ਹਾਂ ਨੂੰ ਕੀ ਪਤਾ ਸੀ ਕਿ ਸਾਡੇ ਅੰਦਰੋਂ ਇਕ ਹੋਰ ਤਾਕਤ ਪੈਦਾ ਹੋਣੀ ਹੈ, ਜਿਸ ਨੇ ਸਾਨੂੰ ਉੱਕਾ ਹੋਰ ਦਾ ਹੋਰ ਕਰ

ਦੇਣਾ ਹੈ। ਉਸ ਤਾਕਤ ਦੇ ਪੈਦਾ ਹੋਣ ਤੋਂ ਪਹਿਲੇ ਇਹ ਬੱਚਾ ਕੀ ਬ੍ਰਤ ਧਾਰਨ ਕਰ ਸਕਦਾ ਸੀ ? ਦੱਸ ਭਾਈ ! ਜਿਸ ਅੰਦਰਲੀ ਤਾਕਤ ਦਾ ਇਹ ਅਜੇ ਜਾਣੂੰ ਹੀ ਨਹੀਂ ਸੀ, ਉਸ ਬਾਬਤ ਨੇਮ ਕੀਹ ਤੇ ਪ੍ਰਣ ਕੀ ? ਇਸਥੋਂ ਪਹਿਲੋਂ ਦੋਹਾਂ ਬੱਚੀ ਬੱਚੇ ਦੇ ਮਾਪੇ ਪ੍ਰਣ ਕਰ ਚੁਕੇ ਸਨ ਕਿ ਏਹ ਇਸਤ੍ਰੀ ਮਰਦ ਹੋਣਗੇ, ਬਿਵਾਹਿਤ ਹੋਣਗੇ, ਜੇ ਤੁਹਾਡਾ ਬ੍ਰਤ ਕੁਛ ਮੁੱਲ ਰਖਦਾ ਹੈ ਤਾਂ ਸੋਚ ਲਵੋ ਕਿ ਤੁਸਾਂ ਉਹ ਪਹਿਲੋਂ ਹੋ ਚੁਕਾ ਮਰਦ-ਬ੍ਰਤ ਭੰਗ ਕਰਾਇਆ ਤੇ ਖਾਲਾਂ ਦੇ ਬ੍ਰਤ ਨੂੰ ਮਰਦ-ਬ੍ਰਤ ਸਮਝਿਆ। ਜਦੋਂ ਏਹ ਅਜੇ ਮਰਦ ਨਹੀਂ ਸੇ, ਤਦੋਂ ਇਨ੍ਹਾਂ ਦੇ ਬ੍ਰਤ ਨੂੰ ਤੁਸਾਂ ਮਰਦ ਦਾ ਬ੍ਰਤ ਜਾਣਿਆਂ, ਫੇਰ ਕੇਵਲ ਗੱਲਾਂ ਕਰ ਲੈਣ ਉੱਤੇ ਐਸੀ ਕਠਨ ਸਜ਼ਾ ਦਿੱਤੀ ਕਿ ਮਰ ਹੀ ਮਿਟੇ। ਵਾਹ ਪੁੰਨ ਤੇ ਵਾਹ ਧਰਮ ! ਵਾਹ ਬ੍ਰਤ ਤੇ ਵਾਹ ਸੰਜਮ। ਆਦਿ ਅਚਾਰਯਾਂ ਨੂੰ ਤੁਸੀਂ ਸਮਝਿਆ ਹੀ ਨਹੀਂ।

"ਖਾਲਸਾ ਜੀ ! ਗੁਰੂ ਕਾ ਹੁਕਮ ਹੈ-

ਦੂਖੁ ਨ ਦੇਈ ਕਿਸੈ ਜੀਅ ਪਤਿਸਿਉ ਘਰਿ ਜਾਵਉ॥ (ਗਉ: ਵਾਰ: ਮ: ੫)

ਪਰ ਨਾਲ ਹੀ ਹੁਕਮ ਹੈ-

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਸੁਖਮਨੀ)

ਹਾਂ ਜੀ:-ਜਪਿ ਜਨ ਸਦਾ ਸਦਾ ਦਿਨੁ ਰੈਣੀ॥
ਸਭ ਤੇ ਊਚ ਨਿਰਮਲ ਇਹ ਕਰਣੀ॥ (ਸੁਖਮਨੀ)

"ਕੰਮ ਕਰੋ, ਕਿਰਤ ਕਰੋ, ਫਰਜ਼ ਪਾਲੋ, ਪਰ ਉੱਠਦੇ ਬੈਠਦੇ, ਕੰਮ ਕਰਦੇ, ਹਸਦੇ ਖੇਲਦੇ ਅੰਦਰਲੇ ਦੀ ਤਾਰ 'ਬਿਅੰਤ ਬੇਅੰਤ' ਵੱਲ ਲਾਈ ਰਖੋ ਤੇ ਬਾਹਰ ਕੁਦਰਤ ਵਿਚ 'ਕੁਦਰਤ ਵਸਿਆ' ਦੇ ਰੰਗ ਦੇਖ ਕੇ ਰਸ ਵਿਚ ਆਓ, ਸਿਫਤ-ਸਲਾਹ ਵਿਚ ਝੂਮੋ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥" (ਗੂਜ: ਵਾ: ਮ: ੫-੧੬)

ਫੇਰ ਗੁਰੂ ਜੀ ਹੰਸ ਵਲ ਤੱਕ ਕੇ ਬੋਲੇ:-

"ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥ ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥" (ਸੁਖਮਨੀ-੨੪)

ਹੰਸ ਚਰਨੀਂ ਢੱਠਾ-"ਹੇ ਦਾਤਾ ! ਇਹ ਤਪੀ 'ਸਰਨਾ ਬੇਟਾ' ਹੈ, ਇਹ ਪਾਪੀ ਨਹੀਂ, ਪਾਪੀ ਮੈਂ ਹਾਂ। ਮੈਨੂੰ ਅੱਜ ਸਮਝ ਆਈ ਹੈ ਕਿ ਮੈਂ ਇਸ ਤਰ੍ਹਾਂ ਦੇ ਕਈ ਦਿਲ ਪੁੰਨ ਤੇ ਨੇਕੀ ਦੇ ਭੁਲੇਖੇ ਮੁਰਝਾਏ ਤੇ ਸਤਾਏ ਹਨ, ਪਰ ਹੁਣ ਮੈਂ ਦੁਖੀ ਦੀਨ ਸ਼ਰਨ ਆਇਆ ਹਾਂ, ਸ਼ਰਨਾਗਤ ਨੂੰ ਪਾਲ ਲੈ"।

ਸਤਿਗੁਰ ਨੇ 'ਸਰਨਾ ਬੇਟੇ' ਨੂੰ ਦੋ ਸਿੰਘਾਂ ਦੇ ਸਪੁਰਦ ਕੀਤਾ ਕਿ ਉਸ ਦੀ ਸੇਵਾ ਕਰਨ। ਫਿਰ ਹੰਸ ਨੂੰ ਆਗਜਾ ਹੋਈ ਕਿ ਉਸ ਕੰਨਿਆਂ ਨੂੰ ਭਾਲ ਕੇ ਲਿਆਓ, ਜਿਸ ਨਿਰਅਪ੍ਰਾਧ ਨੂੰ ਕੇਵਲ ਆਪਣੇ ਬਾਲਪਣੇ ਦੇ ਹਮਸਾਏ ਨਾਲ ਗੱਲ ਕਰਨ ਬਦਲੇ ਕਸ਼ਟਾਂ ਵਿਚ ਪਾਇਆ ਸੀ।

## ੬.

ਕੁਛ ਸਮਾਂ ਬੀਤ ਗਿਆ ਕਿ ਇਕ ਦਿਨ ਗੁਰੂ ਕਾ ਦੀਵਾਨ ਲੱਗ ਰਿਹਾ ਸੀ ਕਿ 'ਹੰਸ' ਆਪਣੇ ਨਾਲ ਇਕ ਲਿੱਸੀ ਪਤਲੀ ਬੀਬੀ ਨੂੰ ਬਾਂਹ ਤੇ ਹੱਥ ਰਖਾਈ ਦੀਵਾਨ ਵਿਚ ਲੈ ਆਇਆ। ਬਾਂਹ ਤੇ ਹੱਥ ਕਿਉਂ ਹੈ ? ਬੀਬੀ ਨੇਤ੍ਰਹੀਨ ਹੈ, ਜਦੋਂ ਇਸ ਨੂੰ ਆਪਣੇ ਮਠ ਵਿਚ ਦੱਸਿਆ ਗਿਆ ਕਿ ਮਰਦ ਨਾਲ ਮੋਹ ਵਿਚ ਆ ਕੇ ਗੱਲ ਕਰਨੀ ਪਾਪ ਸੀ, ਤੂੰ ਕਿਉਂ ਕੀਤੀ ਹੈ, ਤਦੋਂ ਇਸ ਧਰਮ ਦੀ ਪਿਆਸੀ ਨੇ ਆਪਣੇ ਅਪਰਾਧ ਦੀ ਨਵਿਰਤੀ ਲਈ ਆਪਣੇ ਆਪ ਨੂੰ ਨੇਤ੍ਰਹੀਨ ਕਰ ਲਿਆ ਸੀ। ਸਤਿਗੁਰ ਨੇ ਕਾਕੀ ਦਾ ਸਵਾਗਤ ਕੀਤਾ, ਆਖਿਆ:-

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥
(ਰਾਮ: ਵਾਰ ਮ: ੩-੧੬)

ਸੂਰੇ ਦਾਤੇ ਨੇ ਸਿਰ ਤੇ ਪਿਆਰ ਦਿੱਤਾ, ਆਪਣਾ ਆਦਰਸ਼ ਸਮਝਾਇਆ, ਭਰਮ ਕੱਟੇ ਤੇ ਲੂੰ ਲੂੰ ਵਿਚ ਨਾਮ ਦੀ ਝਰਨਾਟ ਛੇੜੀ, ਸਚੇ ਵਾਹਿਗੁਰੂ ਦੀ ਲਗਨ ਵਿਚ ਪਾ ਦਿੱਤਾ, ਸੱਚੀ ਪਵਿੱਤ੍ਰਤਾ ਦਿੱਤੀ ਤੇ ਆਖਿਆ:-

"ਹਰ ਵੇਲੇ ਚੜ੍ਹਦੇ ਰੰਗ ਵਿਚ ਰਹੋ; ਸਿਮਰਨ ਟੇਕ ਬਣਾਓ, ਦੁੱਖ ਨਾ ਦਿਓ, ਬੁਰਾ ਨਾ ਕਰੋ, ਪਰ ਸੁਰਤਿ ਮਾਲਕ ਵਿਚ ਰੱਖੋ।"

ਹਾਂ, ਅੱਜ ਤਪਾਂ ਹਠਾਂ ਵਿਚ ਮਰ ਮਿਟੀ-ਨੈਣ-ਹੀਨ ਬੀਬੀ ਤੇ ਦਾਤੇ ਨੇ ਮਿਹਰ ਕੀਤੀ, ਉਸ ਦੇ ਅੰਦਰ ਰੌ ਰੁਮਕ ਪਈ ਨਾਮ ਦੀ, ਮਨ ਖੇੜੇ ਵਿਚ ਆ ਗਿਆ।

ਅੱਜ ਹੰਸ ਤੇ ਬੀ ਮਿਹਰ ਹੋ ਗਈ। ਹੰਸ ਤੋਂ ਹੰਸ ਰਾਜ ਤੇ ਹੰਸ ਰਾਜ ਸਿੰਘ ਬਣਾ ਦਿੱਤਾ। ਬੀਬੀ ਨੂੰ ਅੰਮ੍ਰਿਤ ਛਕਾਇਆ, 'ਸਰਨਾ ਬੇਟਾ' ਤਾਂ ਅਗੇ ਹੀ ਸ਼ਰਨ ਸਿੰਘ ਬਣਕੇ ਅਰੋਗ ਤੇ ਨਾਮ ਰਸੀਆ ਹੋ ਰਿਹਾ ਸੀ, ਉਸ ਨੂੰ ਬੁਲਾਇਆ ਤੇ ਕਿਹਾ: "ਜੇ ਬ੍ਰਤ ਪਾਲਣੇ ਹਨ ਤਾਂ ਸੱਚਾ ਧਰਮ ਤੇ ਸੱਚਾ ਪਿਆਰ ਇਹ ਹੈ ਕਿ ਆਪਣੇ ਮਾਤਾ ਪਿਤਾ ਦੇ ਪ੍ਰਣ ਨੂੰ ਪਾਲੋ, ਮਰਦਾਂ ਦੇ ਸੁਖ਼ਨ ਪੂਰੇ ਕਰੋ। ਸੱਚਾ ਪਿਆਰ ਇਹ ਹੈ ਕਿ ਕੁਰੂਪ ਹੋ ਗਈ, ਨੈਣ ਹੀਨ, ਪਿੰਜਰ ਬਣ ਰਹੀ ਨਿਮਾਣੀ ਦੇ ਰਖਜਕ ਤੇ ਸੁਖਦਾਈ ਬਣੋ। ਜਗਤ ਤੋਂ ਨਿਰਭੈ ਹੋ ਜਾਓ, ਬਿਪਤ ਕਾਲ ਦੇ ਮਿੱਤਰ ਬਣਕੇ ਦਿਖਾਓ, ਇਸਦੀ ਬਾਂਹ ਫੜਕੇ ਰੱਬ ਦੇ ਰਸਤੇ ਟੁਰੋ ਤੇ ਟੋਰੋ"। ਉਸ ਨਿਮਾਣੀ ਨੇਤ੍ਰਹੀਨ ਬੀਬੀ ਨਾਲ ਖਿਮਾਂ ਦੇ ਰੂਪ ਸਤਿਗੁਰ ਦੀ ਆਗਜਾ ਨਾਲ ਸ਼ਰਨ ਸਿੰਘ ਦਾ ਵਿਆਹ ਕੀਤਾ ਗਿਆ। ਉਸ ਨਿਮਾਣੀ ਨੂੰ--ਜਿਸ ਨੂੰ ਕੋਈ ਨਾ ਕਬੂਲੇ--ਇਕ ਪਜਾਰ ਵਾਲਾ ਆਸਰਾ ਦਿੱਤਾ ਗਿਆ। ਦੋਵੇਂ ਜਣੇ ਵਾਹਿਗੁਰੂ ਦੇ ਪ੍ਰੇਮੀ ਤੇ ਸਤਿਗੁਰ ਦੇ ਪਿਆਰੇ ਹੋਏ ਸਤਿਗੁਰ ਨੇ ਦੋਹਾਂ ਨੂੰ 'ਗ੍ਰਿਹਸਤ ਨਿਰਬਾਣ' ਦਾ ਮਾਰਗ ਦਾਨ ਕੀਤਾ।

ਵਾਹ 'ਬਖਸ਼ਿੰਦ ਮਹਿਰਮਾ!' ਹੇ ਇਨਸਾਨ ਦੇ ਦਿਲੀ ਨਿਯਮਾਂ ਨੂੰ ਤੇ ਅੰਦਰਲੇ ਅਸਲੇ ਨੂੰ ਸਮਝਣ ਵਾਲੇ ਮਹਿਰਮਾ! ਜਗਤ ਦੀਆਂ ਭੁੱਲਾਂ ਤੂੰਹੋਂ ਆਕੇ ਕੱਢੀਆਂ, ਤੂੰਹੋਂ ਆਦਮੀ ਤੇ ਤੀਵੀਂ ਨੂੰ (ਇਨਸਾਨ ਨੂੰ) ਪਵਿੱਤ੍ਰ ਆਖਿਆ, ਗ੍ਰਿਹਸਤ ਵਿਚੋਂ ਵਿਖ ਤੂੰਹੋਂ ਕੱਢੀ। ਗ੍ਰਿਹਸਤ ਨੂੰ ਤੂੰਹੋਂ ਪਿਆਰ ਕੀਤਾ ਤੇ ਗ੍ਰਿਹਸਤ ਵਿਚ ਰੱਬ ਤੂੰ ਮਿਲਾਇਆ। ਕਿਰਤੀ, ਧਰਮੀ ਤੇ ਰੂਹਾਨੀ ਬੰਦੇ ਤੂੰ ਪੈਦਾ ਕੀਤੇ। ਧਰਮੀ ਉਤਸ਼ਾਹੀ ਬੀਰ, ਮਹਾਂਬਲੀ ਖੁੱਲ੍ਹੇ ਦਿਲ, ਖਿੜੇ ਮੱਥੇ, ਦਿਲੋਂ ਸਾਈਂ ਜੁੜੇ, ਨੈਣੋਂ ਕੁਦਰਤ ਮਿਲੇ, ਰਸਿਕ ਤੇ ਵੈਰਾਗੀ, ਪੂਰੇ ਮਰਦ, ਸੁੱਚੇ ਮਰਦ, ਸੱਚੇ ਮਰਦ ਤੂੰ ਰਚਕੇ ਦਿਖਾਏ, ਤੂੰ **ਇਨ੍ਹਾਂ** ਬੰਦਿਆਂ ਦਾ ਪੰਥ ਸਾਜਿਆ, ਤੂੰ ਧੰਨ ਹੈਂ! ਹਾਂ ਤਿਆਗੀਆਂ, ਅਵ-ਧੂਤਾਂ, ਸੰਨਿਆਸੀਆਂ, ਤਪੀਆਂ, ਬ੍ਰਤੀਆਂ ਨੂੰ ਸੂਝਤ ਤੂੰਹੋਂ ਦਿੱਤੀ। ਤੂੰਹੋਂ ਜੀਉਂਦੇ ਸਾਧਨ ਬਖਸ਼ੇ ਤੇ ਮੁਰਦੇ ਸਾਧਨਾ ਨਾਲ ਮਰ ਰਹੇ ਬੰਦੇ ਜਿਵਾਏ।

--ਪੂਰਬਾਰਧ ਸਮਾਪਤ--